
ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਸਿੱਖ ਹਿਸਟਰੀ

(1469-1988)

ਖ਼ੁਸ਼ਵੰਤ ਸਿੰਘ

ਨਵਯੁਗ

SIKH HISTORY
By Khushwant Singh

Navyug Publishers
K-24, Hauz Khas, New Delhi-110 016

http://navyug.publishers.tripod.com

ISBN 81-7599-146-1

ਪੰਜਾਬੀ ਅਨੁਵਾਦ : ਪਿਆਰਾ ਸਿੰਘ ਐਮ. ਏ.

ਪਹਿਲੀ ਵਾਰ : 2003

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, K-24, ਹੌਜ਼ ਖਾਸ, ਨਵੀਂ ਦਿੱਲੀ-110 016
ਟਾਈਪਸੈਟਿੰਗ ਅਤੇ ਛਾਪਕ : ਜਨਤਕ ਪ੍ਰੈਸ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110 006

ਮੁੱਲ : 350 ਰੁਪਏ

ਤਤਕਰਾ

ਭਾਗ I—ਪੰਜਾਬ ਅਤੇ ਸਿੱਖ ਧਰਮ ਦਾ ਜਨਮ

ਭਾਗ II—ਕਿਸਾਨਾਂ ਦੀ ਜਾਗ੍ਰਤੀ

ਭਾਗ III—ਪੰਜਾਬ ਗਣਤੰਤਰ ਅਤੇ ਸਾਮਰਾਜਵਾਦ


ਭਾਗ IV—ਸਿੱਖ ਰਾਜ ਦਾ ਪਤਨ

ਭਾਗ V—ਪੰਜਾਬ ਵਿਚ ਅੰਗਰੇਜ਼ੀ ਸੱਤਾ ਦਾ ਗਠਨ

ਭਾਗ VI—ਸਮਾਜਕ ਅਤੇ ਧਾਰਮਿਕ ਸੁਧਾਰ

ਭਾਗ VII—ਸਿਆਸੀ ਲਹਿਰਾਂ : ਮਾਰਕਿਸਟ, ਰਾਸ਼ਟਰੀ ਅਤੇ ਸੰਪਰਦਾਇਕ

ਭਾਗ VIII—ਬਟਵਾਰੇ ਦੀ ਸਿਆਸਤ : ਸੁਤੰਤਰਤਾ ਅਤੇ ਸਿੱਖ ਹੋਮਲੈਂਡ ਦੀ ਮੰਗ



HINDU KUSH
KARAKORAM RANGE
R. INDUS
Iskardu
HIMALAYAS
Kabul
Jalalabad
R. KABUL
Shabkadar
Naushera
Jamrud
Khyber Pass
Peshawar
Attock
HAZARA
Haripur
Hasan Abdul
Taxila
Rawalpindi
Baramulla
KASHMIR
Srinagar
Pir Panjal Range
Poonch
Shupaiyan
Pir Panjal Pass
Ghazni
Kohat
Kalabagh
Pindi Gheb
Mirpur
Rajauri
Kishtawar
R. CHENAB
Akhnur
Bhimbar
Rohtas
Jhelum
Bannu
AFGHANISTAN
Salt Range
Rasul
Gujarat
Jammu
Sialkot
Mianwali
Bhera
Khushab
Shahpur
Wazirabad
Ram Nagar
Basohli
Chamba
Nurpur
Pathankot
Kartarpur**
Range
SIND SAGAR DOAB
CHAJ DOAB
Sahiwal
Hafizabad
Gujranwala
Eminabad
Kalanaur
Gurdaspur
Kangra
R. BEAS
Gomal Pass
Dera Ismail Khan
Pindi Bhattian
Sheikhupura
Batala
Qadian
Shivalik Hills
Mandi
Chiniot
Sharakpur
Shahadara
Amritsar
Beas
JULLUNDUR DOAB
Nankana Sahib
Taran Taran
Kartarpur*
Hoshiarpur
Mankera
Lahore
MANJHA
Jandiala
Kapurthala
Bilaspur
Jhang
Goindwal
Dera Fateh Khan
Sobraon
Sultanpur
Jullundur
Anandpur
Simla
Kiratpur
Leiah
RECHNA DOAB
Kasur
Ferozepur
Phillaur
Ludhiana
Ropar
Sulaiman
R. JHELUM
R. RAVI
DOAB
Mamdot
Jagraon
Kasauli
Dera Din Panah
Kamalia
Dipalpur
Faridkot
Whadni
MALWA
Mani Majra
Harappa
Kot Kapura
Sirhind
Nahan
Sirmoor
Pak Pattan
Maler Kotla
Sadhaura
BARI
Multan
Barnala
Nabha
Patiala
Ambala
Dehra Dun
Bhatinda
Sangrur
Mustafabad
Dera Ghazi Khan
Muzaffargarh
Samana
Shahabad
Jagadhari
Shujabad
R. SUTLEJ
Kurukshetra
Khangarh
Thanesar
Bahawalpur
R. GHAGGAR
Kaithal
Bolan Pass
Karnal
Saharanpur
BAHAWALPUR
Sirsa
R. INDUS
Dry bed of the Ghaggar
Panipat
BALUCHISTAN
Jind
Hissar
Hansi
Sonepat
Meerut
Mithankot
R. JUMNA
Rojhan
Rohtak
HARIANA
SINDH
Delhi
Gurgaon
RAJPUTANA
100 Miles
**(Founded by Nanak)
*(Founded by Arjun)
Shikarpur

THE PUNJAB

ਆਪਣੇ ਮਾਪਿਆਂ ਨੂੰ
ਸਰਦਾਰ ਬਹਾਦਰ ਸਰ ਸੋਭਾ ਸਿੰਘ
ਅਤੇ ਸਰਦਾਰਨੀ ਵੀਰਾਂ ਬਾਈ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਦੋ ਸ਼ਬਦ

ਸੰਗੀਤ ਅਤੇ ਸਾਹਿਤ ਦੇ ਸੰਸਾਰ ਅੰਦਰ ਬਹੁਤ ਕੁਝ ਵਚਿੱਤਰ ਵਾਪਰਦਾ ਹੈ। ਸੰਗੀਤ ਦਾ ਆਧਾਰ ਕਵੀ ਬਣਾਉਂਦਾ ਹੈ, ਜੋ ਕਵਿਤਾ ਰਚਦਾ ਹੈ। ਜੇਕਰ ਉਸ ਦੇ ਭਾਗ ਚੰਗੇ ਹਨ ਤਾਂ ਕੋਈ ਸੰਗੀਤਕਾਰ ਉਸ ਲਈ ਉਚਿਤ ਧੁਨ ਭਾਲ ਲੈਂਦਾ ਹੈ, ਅਤੇ ਕੋਈ ਪ੍ਰਸਿੱਧ ਗੀਤਕਾਰ ਜਿਵੇਂ ਕਿ ਮੁਹੰਮਦ ਰਫ਼ੀ ਜਾਂ ਮੰਗੇਸ਼ਕਰ ਭੈਣਾਂ ਵਿਚੋਂ ਇਕ, ਉਸ ਨੂੰ ਗਾਉਂਦਾ ਹੈ। ਇਹ ਹਿੱਟ ਹੋ ਜਾਂਦਾ ਹੈ। ਹਰ ਕੋਈ ਜਾਣ ਲੈਂਦਾ ਹੈ ਕਿ ਕਿਸ ਨੇ ਗਾਇਆ ਹੈ। ਕੁਝ ਇਹ ਵੀ ਜਾਣ ਲੈਂਦੇ ਹੋਣਗੇ ਕਿ ਸ਼ਬਦਾਂ ਨੂੰ ਸੁਰ-ਬੱਧ ਕਿਸ ਨੇ ਕੀਤਾ। ਕੋਈ ਟਾਂਵਾਂ ਹੀ ਹੋਵੇਗਾ ਜਿਸ ਨੂੰ ਇਹ ਪਤਾ ਹੋਵੇ ਕਿ ਗੀਤ ਕਿਸ ਨੇ ਲਿਖਿਆ।

ਸਾਹਿਤਕ ਕਾਰਜ ਦੀ ਗੱਲ ਕੁਝ ਵੱਖਰੀ ਹੈ। ਇਸ ਕਠਿਨ ਕਾਰਜ ਵਿਚ ਕੇਵਲ ਦੋ ਹੀ ਭਾਈਵਾਲ ਹੁੰਦੇ ਹਨ—ਲੇਖਕ ਅਤੇ ਪ੍ਰਕਾਸ਼ਕ। ਸਾਹਿਤਕਾਰ ਰਚਦਾ ਹੈ ਅਤੇ ਪ੍ਰਕਾਸ਼ਕ ਰਚਨਾ ਦੇ ਪ੍ਰਕਾਸ਼ਨ ਅਤੇ ਇਸ ਦੀ ਵਿਕਰੀ ਲਈ ਆਪਣੀ ਰਕਮ ਜੁਟਾਉਂਦਾ ਹੈ। ਜੇਕਰ ਰਚਨਾ ਸਫ਼ਲ ਹੋ ਜਾਵੇ ਤਾਂ ਸਾਹਿਤਕਾਰ ਦਾ ਨਾਮ ਉੱਚਾ ਹੁੰਦਾ ਹੈ ਅਤੇ ਉਹ ਰਾਇਲਟੀ ਵੀ ਪ੍ਰਾਪਤ ਕਰਦਾ ਹੈ। ਪ੍ਰਕਾਸ਼ਕ ਦੇ ਨਾਮ ਸੰਬੰਧੀ ਕੋਈ ਘੱਟ-ਵੱਧ ਹੀ ਧਿਆਨ ਦਿੰਦਾ ਹੈ। ਜੇਕਰ ਰਚਨਾ ਅਸਫ਼ਲ ਰਹਿ ਜਾਵੇ ਤਾਂ ਸਾਹਿਤਕਾਰ ਪੈਸੇ ਤੋਂ ਵਾਂਝਿਆ ਰਹਿ ਜਾਂਦਾ ਹੈ। ਪਰ ਪ੍ਰਕਾਸ਼ਕ ਦਾ ਰੋਲ ਬੁਨਿਆਦੀ ਹੁੰਦਾ ਹੈ ਜੋ ਘੱਟ-ਵੱਧ ਹੀ ਸਲਾਹਿਆ ਜਾਂਦਾ ਹੈ।

ਇਸ ਨਾਲ ਮੇਰਾ ਧਿਆਨ 88 ਵਰ੍ਹਿਆਂ ਦੇ ਪ੍ਰੀਤਮ ਸਿੰਘ ਵਲ ਜਾਂਦਾ ਹੈ ਜੋ ਬੁਨਿਆਦੀ ਹਲਕਿਆਂ ਵਿਚ ਭਾਪਾ ਜੀ—ਵੱਡਾ ਭਰਾ—ਵਜੋਂ ਜਾਣੇ ਜਾਂਦੇ ਹਨ। ਬੀਤੇ ਦਿਨੀਂ ਉਨ੍ਹਾਂ ਨੂੰ ਮੌਤ ਨਾਲ ਜੂਝਣਾ ਪਿਆ। ਆਪਣੀ ਸਾਰੀ ਉਮਰ ਵਿਚ ਉਨ੍ਹਾਂ ਦੀ ਇਹ ਧਾਰਨਾ ਰਹੀ ਹੈ ਕਿ ਸਰੀਰ ਅੰਦਰ ਨਜ਼ਲਾ, ਜ਼ੁਕਾਮ, ਖੰਘ ਜਾਂ ਬੁਖ਼ਾਰ ਕੋਈ ਖ਼ਰਾਬੀ ਕਰੇ ਤਾਂ ਉਸ ਨੂੰ ਭੁੱਖਾ ਮਾਰਨ ਦੀ ਸਜ਼ਾ ਦਿਓ—ਵਰਤ ਰੱਖ ਲਓ। ਕੁਝ ਸਪਤਾਹ ਪਹਿਲਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਕੁਝ ਖ਼ਰਾਬੀ ਹੈ, ਉਨ੍ਹਾਂ ਵਰਤ ਰੱਖ ਲਿਆ। ਪਰ ਅਗਲੇ ਦਿਨ ਵੀ ਮਹਿਸੂਸ ਕੀਤਾ ਕਿ ਅਜੇ ਵੀ ਖ਼ਰਾਬੀ ਹੈ, ਇਸ ਲਈ ਅਗਲੇ ਦਿਨ ਵੀ ਉਨ੍ਹਾਂ ਕੁਝ ਨਾ ਖਾਧਾ। ਤੀਜੇ ਦਿਨ ਵੀ ਕੋਈ ਰਾਹਤ ਨਾ ਮਹਿਸੂਸ ਹੋਈ ਤਾਂ ਉਨ੍ਹਾਂ ਨੇ ਭੁੱਖ ਹੜਤਾਲ ਜਾਰੀ ਰੱਖਣ ਦੀ ਠਾਣ ਲਈ। ਪਰ ਉਨ੍ਹਾਂ ਨੂੰ ਦੌਰਾ ਪਿਆ ਅਤੇ ਹਸਪਤਾਲ ਲਿਜਾਣਾ ਪਿਆ। ਉਨ੍ਹਾਂ ਨੂੰ ਅਧਰੰਗ ਹੋ ਗਿਆ ਅਤੇ ਉਹ ਕੋਮਾ ਵਿਚ ਚਲੇ ਗਏ। ਜਦੋਂ ਹਸਪਤਾਲ ਵਿਚ ਹੋਸ਼ ਆਈ ਤਾਂ ਖ਼ਬਰ ਲੈਣ ਆਏ ਸੱਜਣਾਂ ਨੇ ਪੁੱਛਿਆ ਕਿ ਭਾਪਾ ਜੀ ਕਿਵੇਂ ਮਹਿਸੂਸ ਕਰਦੇ ਹੋ? ਉਨ੍ਹਾਂ ਨੇ ਹੌਲੇ ਜਿਹੇ ਕਿਹਾ 'ਵਧੀਆ'। ਜਦੋਂ ਘਰ ਆ ਗਏ ਤਾਂ ਫਿਰ ਦੌਰਾ ਪਿਆ ਅਤੇ ਮੁੜ ਹਸਪਤਾਲ ਲਿਜਾਏ ਗਏ। ਉਨ੍ਹਾਂ ਦੀ ਵਧੀ ਹੋਈ ਸੀ ਅਤੇ ਅਧਰੰਗ ਵੀ ਕਾਫ਼ੀ ਠੀਕ ਹੋ ਗਿਆ। ਉਹ ਬੋਲਦੇ ਨੇ ਤਾਂ ਸਮਝ ਵੀ ਆਉਂਦੀ ਹੈ। ਕਿਸੇ ਪ੍ਰਕਾਰ ਦੇ ਆਸਰੇ ਬਿਨਾਂ ਚਲ-ਫਿਰ ਲੈਂਦੇ ਹਨ।

ਪੰਜਾਬੀ ਸਾਹਿਤਕ ਸੰਸਾਰ ਨੂੰ ਸੁਖ ਦਾ ਸਾਹ ਆਇਆ। ਪੰਜਾਬੀ ਨਾਵਲਕਾਰ, ਕਵੀ ਅਤੇ ਕਹਾਣੀਕਾਰ ਆਪਣੀ ਪ੍ਰਸਿੱਧੀ ਲਈ ਇਸ ਦ੍ਰਿੜ੍ਹ ਬਜ਼ੁਰਗ ਦੇ ਰਿਣੀ ਹਨ। ਇਨ੍ਹਾਂ

ਵਿਚ ਹੋਰਨਾਂ ਤੋਂ ਇਲਾਵਾ ਸ਼ਾਮਲ ਹਨ—ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਮੋਹਨ ਸਿੰਘ, ਕੇ.ਐਸ. ਦੁੱਗਲ, ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ। ਉਨ੍ਹਾਂ 'ਨਵਯੁਗ ਪਬਲਿਸ਼ਰਜ਼' ਦੀ ਸਥਾਪਨਾ ਕੀਤੀ ਜਦੋਂ ਅਜੇ ਗੁਰਬਖ਼ਸ਼ ਸਿੰਘ ਦੇ ਪ੍ਰੀਤ ਨਗਰ ਵਿਚ ਕੰਮ ਕਰਦੇ ਸਨ ਜੋ ਹੁਣ ਭਾਰਤ-ਪਾਕਿ ਸੀਮਾ 'ਤੇ ਹੈ। ਉਹ ਜਨਵਰੀ 1948 ਵਿਚ ਦਿੱਲੀ ਆ ਗਏ, ਅਤੇ ਪੁਸਤਕਾਂ ਦੇ ਪ੍ਰਕਾਸ਼ਨ ਕਰਨ ਦੇ ਨਾਲ-ਨਾਲ 'ਆਰਸੀ' ਨਾਮ ਦੇ ਮਾਸਿਕ ਪੱਤਰ ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਜਿਹੜਾ ਪੰਜਾਬੀ ਮੈਗਜ਼ੀਨਾਂ ਵਿਚ ਸਿਰਮੌਰ ਹੋ ਗਿਆ ਅਤੇ ਜਿਸ ਦੇ ਪਾਠਕਾਂ ਦਾ ਘੇਰਾ ਵੀ ਵਿਸ਼ਾਲ ਸੀ।

ਭਾਪਾ ਜੀ ਦੀ ਮਿਹਰਬਾਨੀ ਲਈ ਸ਼ੁਕਰਗੁਜ਼ਾਰ ਹੋਣ ਦੇ ਮੇਰੇ ਲਈ ਨਿੱਜੀ ਕਾਰਨ ਹਨ। ਵਰ੍ਹਾ ਪਹਿਲਾਂ ਉਨ੍ਹਾਂ ਮੇਰੀ ਦੋ ਜਿਲਦਾਂ ਵਾਲੀ ਅੰਗਰੇਜ਼ੀ ਰਚਨਾ—ਏ ਹਿਸਟਰੀ ਆਫ਼ ਦੀ ਸਿੱਖਸ—ਜੋ ਪਹਿਲਾਂ ਮਾਸਕ 'ਪੰਜਾਬੀ ਡਾਇਜੈਸਟ' ਵਿਚ ਕਿਸ਼ਤਵਾਰ ਛਪਦੀ ਰਹੀ ਸੀ, ਦਾ ਪੰਜਾਬੀ ਰੂਪ ਪ੍ਰਕਾਸ਼ਿਤ ਕਰਨ ਦਾ ਉੱਦਮ ਆਰੰਭ ਕੀਤਾ ਸੀ। ਉਹ ਨਾ ਰਹਿੰਦੇ ਤਾਂ ਆਪਣੇ ਜੀਵਨ ਦੀ ਵੱਡੀ ਰਚਨਾ ਨੂੰ ਮਾਤ-ਭਾਸ਼ਾ ਵਿਚ ਪ੍ਰਕਾਸ਼ਿਤ ਹੋਇਆ ਦੇਖਣ ਦਾ ਸੁਪਨਾ ਕਦੇ ਪੂਰਾ ਨਾ ਹੁੰਦਾ।

— ਖ਼ੁਸ਼ਵੰਤ ਸਿੰਘ

Translated from the original English language edition entitled History of Sikhs with the permission of the author and Oxford University Press, India, New Delhi.

ACKNOWLEDGEMENT

I would like to express my gratitude to Dr. Percival Spear Selwyn College, Cambridge, Dr. Sir Gokul Chand Narang, Sardar Sardul Singh Caveeshar and Sardar Bahadur Ujjal Singh for reading the manuscript and making valuable suggestions; to Krishna Shungloo for his assistance in translating the hymns published in the appendix; to V.S. Suri, Curator of the Punjab Government Archives, Patiala, for placing unpublished material on Ranjit Singh at my disposal; and above all to Miss Yvonne Le Rougetel, who collaborated with me in the research.

I would also like to place on record my deep sense of gratitude to the Rockefeller Foundation, which made it possible for me to travel extensively and devote myself exclusively to this work for three years, and to the Muslim University, Aligarh, which sponsored the research.


For the revised paperback edition I acknowledge assistance given by Satindra Singh of *The Economic Times* and Rajinder Singh Bhatia, Editor of *Qaumi Ekta*.

I would like to acknowledge my indebtedness to the Woodrow Wilson Center for a three-month grant which enabled me to devote my entire attention to examining the material available in the Library of Congress, to updating these two volumes, and to bringing the story of the Sikhs to the present times. It also provided me with a research assistant, Dr Surjit Kaur, who helped me lay my hands on material on the Sikh community in North America and who arranged interviews for me. To my friend Satendra Singh I owe thanks for scrutinizing my text, checking my facts, and suggesting deletions. Above all, I would like to record my gratitude to my niece, Geetanjali Chanda, who put all the writing through the word-processor, cross-checked references, and corrected and edited the seven chapters. Without her help I would not have been able to complete my assigument in the short time available to me.

KHUSHWANT SINGH

ਸਿੱਖ ਹਿਸਟਰੀ

(1469-1988)




ਖ਼ੁਸ਼ਵੰਤ ਸਿੰਘ

ਭਾਗ—I

ਪੰਜਾਬ ਅਤੇ ਸਿੱਖ ਧਰਮ ਦਾ ਜਨਮ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਕਾਂਡ—1

ਸਿੱਖ ਹੋਮਲੈਂਡ

ਪੰਜਾਬ ਦੀ ਭੂਗੋਲਿਕ ਏਕਤਾ ਅਜਿਹੀ ਹੈ ਜਿਹੜੀ ਹੋਰ ਗੁਆਂਢੀ ਦੇਸ਼ ਅਤੇ ਭਾਰਤ ਦੇ ਬਾਕੀ ਹਿੱਸਿਆਂ ਨਾਲੋਂ ਵਿਲੱਖਣ ਹੈ। ਇਸ ਦਾ ਆਕਾਰ ਵਿਖਮ-ਭੁਜ ਤਿਕੋਣ ਵਾਂਗ ਹੈ ਜੋ ਆਪਣੇ ਤਿੱਖੇ ਕੋਣ 'ਤੇ ਟਿਕੀ ਹੋਈ ਹੈ, ਛੋਟੀ ਭੁਜਾ ਉੱਤਰ ਵੱਨੇ ਹੈ ਜੋ ਹਿਮਾਲੀਆ ਨਾਲ ਬਣੀ ਹੈ ਅਤੇ ਤਿੱਬਤ ਦੀ ਸੁੰਦਰ ਧਰਤੀ ਤੋਂ ਨਿਖੇੜਦੀ ਹੈ, ਪੱਛਮ ਦੀ ਬਾਹੀ ਦੁਆਲੇ ਦਰਿਆ ਸਿੰਧ ਵਹਿੰਦਾ ਹੈ। ਜਿਥੋਂ ਇਹ ਮੈਦਾਨੀ ਇਲਾਕੇ ਵਿਚ ਆਉਂਦਾ ਹੈ ਅਤੇ ਕੋਈ 1.650 ਮੀਲ ਤਕ ਵਹਾਅ ਦੇ ਨਾਲ ਲਗਦਾ ਹੈ, ਜਿਥੇ ਇਹ ਦੂਸਰੇ ਪੰਜ ਦਰਿਆਵਾਂ ਨਾਲ ਮਿਲਦਾ ਹੈ, ਜਿਸ ਨੂੰ ਉਚਿਤ ਰੂਪ ਵਿਚ 'ਪੰਚਨਦ' ਕਿਹਾ ਜਾਂਦਾ ਸੀ, ਸਿੰਧ ਦਰਿਆ ਦੇ ਪੱਛਮ ਵੱਲ ਖੁਰਦਰਾ ਅਤੇ ਸਖ਼ਤ ਹਿੰਦੂਕੁਸ਼ ਅਤੇ ਸੁਲੇਮਾਨ ਦੀਆਂ ਪਹਾੜੀਆਂ ਹਨ। ਇਸ ਵਿਚ ਖ਼ੈਬਰ ਅਤੇ ਬੋਲਾਨ ਜਿਹੇ ਕਈ ਦੱਰੇ ਹਨ ਜੋ ਨਾਲ ਲਗਦੇ ਦੇਸ ਅਫ਼ਗਾਨਿਸਤਾਨ ਅਤੇ ਬਲੋਚਿਸਤਾਨ ਦੇ ਲੋਕਾਂ ਲਈ ਲਾਂਘੇ ਹਨ।

ਪੰਜਾਬ ਦੀ ਤਿਕੋਣ ਦੀ ਪੂਰਬੀ ਬਾਹੀ ਦੀ ਰੂਪ-ਰੇਖਾ ਸਪੱਸ਼ਟ ਨਹੀਂ। ਪਰ ਕਰਨਾਲ ਦੇ ਬਿੰਦੂ ਤੋਂ ਜਿਥੋਂ ਜਮਨਾ ਦੱਖਣ ਵਾਲੇ ਪਾਸੇ ਝੁਕਦੀ ਹੈ, ਤਿੱਖੀ ਲਕੀਰ ਪੰਚਨਦ ਬਣਦੀ ਹੈ ਜਿਸ ਨਾਲ ਇਹ ਰਾਜ ਬਾਕੀ ਭਾਰਤ ਅਤੇ ਸਿੰਧ ਦੇ ਰੇਗਿਸਤਾਨ ਨਾਲੋਂ ਨਿਖੇੜਿਆ ਜਾ ਸਕਦਾ ਹੈ।

ਪੰਜਾਬ ਦੇ ਕੇਂਦਰ ਵਿਚ ਲੂਣ ਦੀ ਚੱਟਾਨ ਹੈ। ਇਸ ਤੋਂ ਬਿਨਾਂ ਬਾਕੀ ਹਿੱਸਾ ਵਿਸ਼ਾਲ ਮੈਦਾਨ ਹੈ, ਜਿਹੜਾ ਉੱਤਰ-ਪੱਛਮ ਦੀਆਂ ਪਹਾੜੀਆਂ ਨਾਲ ਜਾ ਮਿਲਦਾ ਹੈ ਅਤੇ ਦੱਖਣ ਵਿਚ ਰੇਗਿਸਤਾਨ ਨਾਲ ਜਾ ਲਗਦਾ ਹੈ। ਇਸ ਨੀਰਸ ਧਰਤੀ ਦੇ ਪਾਰ ਛੇ ਵੱਡੇ ਦਰਿਆ ਵਹਿੰਦੇ ਹਨ : ਸਿੰਧ, ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ। ਦਰਿਆਵਾਂ ਦੇ ਵਿਚਕਾਰ ਦਾ ਇਲਾਕਾ ਦੋਆਬ ਕਿਹਾ ਜਾਂਦਾ ਹੈ ਅਤੇ ਸਤਲੁਜ ਅਤੇ ਜਮਨਾ ਵਿਚਕਾਰਲੇ ਅੱਧੇ ਹਿੱਸੇ ਵਿਚ ਅਜਿਹੇ ਲੋਕ ਰਹਿੰਦੇ ਹਨ ਜਿਹੜੇ ਪੰਜਾਬੀ ਭਾਸ਼ਾ ਬੋਲਦੇ ਹਨ। ਇਹ ਆਪਣੇ ਆਪ ਨੂੰ ਪੰਜਾਬੀ ਅਖਵਾਉਂਦੇ ਹਨ। ਸਿੱਖਾਂ ਦੀ ਬਹੁ-ਗਿਣਤੀ ਦਾ ਗੜ੍ਹ ਉਨ੍ਹਾਂ ਦੋਆਬਾਂ ਵਿਚ ਹੈ, ਜਿਹੜੇ ਚਨਾਬ ਅਤੇ ਜਮਨਾ ਵਿਚਕਾਰ ਹਨ।

ਨਾਮ : ਪੰਜਾਬ

ਜਦੋਂ ਅਰੀਆ ਲੋਕਾਂ ਨੇ ਭਾਰਤ ਦੀ ਧਰਤੀ 'ਤੇ ਪੈਰ ਧਰਿਆ ਤਾਂ ਪੰਜਾਬ ਵਿਚ ਸੱਤ ਦਰਿਆ ਵਗਦੇ ਸਨ। ਉਨ੍ਹਾਂ ਇਸ ਨੂੰ ਸਪਤ ਸਿੰਧ ਜਾਂ ਸੱਤਾਂ ਦਰਿਆਵਾਂ ਦੀ ਧਰਤੀ ਕਹਿ ਕੇ ਪੁਕਾਰਿਆ। ਫ਼ਾਰਸ ਦੇ ਲੋਕਾਂ ਨੇ ਆਰੀਆ ਲੋਕਾਂ ਕੋਲੋਂ ਇਹੋ ਨਾਮ ਲੈ ਲਿਆ ਅਤੇ ਇਸ ਨੂੰ ਹਫ਼ਤਾ ਹਿੰਦਵਾ ਆਖਣ ਲੱਗੇ। ਕੁਝ ਸਮਾਂ ਬੀਤਿਆ ਤਾਂ ਸੱਤਵਾਂ ਦਰਿਆ ਸਰਸਵਤੀ ਸੁੱਕ ਗਿਆ। ਫਿਰ ਗਿਣਤੀ ਕਰਨ ਲੱਗਿਆਂ ਸਿੰਧ ਦਰਿਆ ਨੂੰ ਛੱਡਣ ਲੱਗ ਪਏ। (ਕਾਰਣ ਇਹ

ਕਿ ਇਹ ਪੱਛਮੀ ਸੀਮਾ ਸੀ, ਇਸ ਸੂਬੇ ਦੀ ਬਾਹੀ ਦੀ)। ਇਸ ਦੇਸ ਦਾ ਪੁਨਰ-ਨਾਮਕਰਣ ਹੋਇਆ ਅਤੇ ਬਾਕੀ ਪੰਜਾਂ ਦਰਿਆਵਾਂ ਦੇ ਆਧਾਰ 'ਤੇ ਇਸ ਨੂੰ ਪੰਜਾਬ, ਭਾਵ ਪੰਜਾਂ ਦਰਿਆਵਾਂ ਦੀ ਧਰਤੀ ਪੁਕਾਰਨ ਲੱਗ ਪਏ।

ਪੌਣ-ਪਾਣੀ ਅਤੇ ਧਰਤੀ

ਪੰਜਾਬ ਦਾ ਪੌਣ-ਪਾਣੀ ਜਾਂ ਰੁੱਤਾਂ ਸੁੰਨ ਕਰਨ ਵਾਲੀ ਠੰਢ ਤੋਂ ਲੈ ਕੇ ਝੁਲਸਣ ਵਾਲੀ ਗਰਮੀ ਦਾ ਹੈ। ਸਰਦੀਆਂ ਵਿਚ ਸਖ਼ਤ ਸਰਦੀ ਅਤੇ ਗਰਮੀਆਂ ਵਿਚ ਸਖ਼ਤ ਗਰਮੀ। ਤਾਪਮਾਨ ਦੀ ਦੋਵੇਂ ਅਤਿ, ਅਤੇ ਦੋ ਮਾਨਸੂਨ ਹੋਣ ਕਰਕੇ ਅਨੇਕਾਂ ਰੁੱਤਾਂ ਹਨ ਅਤੇ ਧਰਤੀ ਵੀ ਆਪਣਾ ਰੂਪ ਬਦਲਦੀ ਰਹਿੰਦੀ ਹੈ।

ਰਵਾਇਤੀ ਤੌਰ ਤੇ ਬਹਾਰ ਦਾ ਮੌਸਮ ਬਸੰਤ ਪੰਚਮੀ ਤੋਂ ਆਰੰਭ ਹੁੰਦਾ ਹੈ ਅਤੇ ਇਹ ਫ਼ਰਵਰੀ ਮਹੀਨੇ ਦੇ ਪਹਿਲੇ ਹਫ਼ਤੇ ਤੋਂ ਚਾਲੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਰਚਿਤ ਬਾਰਾਂ ਮਾਹ ਵਿਚ ਇਸ ਬਾਰੇ ਇਉਂ ਕਿਹਾ ਗਿਆ ਹੈ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥5॥

ਪਿੰਡਾਂ ਦੇ ਖੇਤ ਸਰ੍ਹੋਂ ਦੇ ਪੀਲੇ ਫੁੱਲਾਂ ਨਾਲ ਲੱਦੇ ਜਾਂਦੇ ਹਨ ਜਿਨ੍ਹਾਂ ਵਿਚਕਾਰ ਚੌਰਸ ਗੰਨੇ ਦੇ ਖੇਤਾਂ ਦੀ ਹਰਿਆਲੀ ਹੁੰਦੀ ਹੈ। ਇਨ੍ਹਾਂ ਦੇ ਦੁੰਬ ਕਲਗੀਆਂ ਵਾਂਗ ਲਹਿਰਾਉਂਦੇ ਹਨ। ਜੇਕਰ ਸਰਦੀ ਦੀ ਮਾਨਸੂਨ ਠੀਕ ਲੱਗ ਜਾਵੇ ਤਾਂ ਕਣਕ, ਜੌਂ, ਛੋਲੇ, ਤਿਲਾਂ ਅਤੇ ਤਮਾਖੂ ਜਿਹੀਆਂ ਫ਼ਸਲਾਂ ਨਾਲ ਖੇਤਾਂ ਅੰਦਰ ਹਰਿਆਲੀ ਲਹਿਰਾਉਂਦੀ ਹੈ। ਬਾਰਸ਼ ਦੀ ਘਾਟ ਨੂੰ ਨਹਿਰਾਂ ਦੇ ਪਾਣੀ ਨਾਲ ਪੂਰਾ ਕੀਤਾ ਜਾਂਦਾ ਹੈ। ਜਿਥੇ ਨਹਿਰਾਂ ਦੀ ਅਣਹੋਂਦ ਹੈ, ਉਥੇ ਹਲਟਾਂ ਤੋਂ ਕੰਮ ਲਿਆ ਜਾਂਦਾ ਹੈ ਜਿਨ੍ਹਾਂ ਨਾਲ ਬਲਦ ਜਾਂ ਊਠ ਜੋਤ ਦਿੱਤੇ ਜਾਂਦੇ ਹਨ। ਖੂਹਾਂ ਦੇ ਆਲੇ-ਦੁਆਲੇ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ : ਗਾਜਰਾਂ, ਮੂਲੀਆਂ, ਗੋਭੀ ਅਤੇ ਬੰਦ ਗੋਭੀ ਆਦਿ। ਬੇਰੀਆਂ ਦੀਆਂ ਟਾਹਣੀਆਂ ਬੇਰਾਂ ਨਾਲ ਲੱਦੀਆਂ ਹੋਈਆਂ ਲਿਫ਼ ਜਾਂਦੀਆਂ ਹਨ। ਬਹਾਰ ਦੇ ਦਿਨਾਂ ਵਿਚ ਜਿਹੜੀਆਂ ਅਵਾਜ਼ਾਂ ਪਿੰਡਾਂ ਵਿਚ ਸੁਣਾਈ ਦਿੰਦੀਆਂ ਹਨ, ਉਹ ਹਲਟ ਤੇ ਕੁੱਤੇ ਦੀ, ਤਿੱਤਰਾਂ ਦੀ ਜਾਂ ਫਿਰ ਆਟੇ ਦੀਆਂ ਚੱਕੀਆਂ ਤੇ ਕੂਹ-ਕੂਹ ਦੀ ਅਕਾਉਣੀ ਆਵਾਜ਼ ਹੁੰਦੀ ਹੈ।

ਗੰਨੇ ਦੀ ਫ਼ਸਲ ਕੱਟੀ ਤੇ ਛਾਂਗੀ ਜਾਂਦੀ ਹੈ। ਇਸ ਨੂੰ ਵੇਲਣੇ ਵਿਚ ਪੀੜਿਆ ਜਾਂਦਾ ਹੈ। ਵੱਡੇ-ਵੱਡੇ ਕੜਾਹਿਆਂ ਵਿਚ ਕਾੜ੍ਹਿਆ ਜਾਂਦਾ ਹੈ। ਪਹਿਲੋਂ ਰਾਬ ਬਣਦੀ ਹੈ ਫਿਰ ਉਸ ਦੀਆਂ ਗੁੜ ਦੀਆਂ ਪੇਸੀਆਂ ਬਣਾਈਆਂ ਜਾਂਦੀਆਂ ਹਨ। ਸਰ੍ਹੋਂ ਦੇ ਪੀਲੇ ਖੇਤ ਕੱਟ ਲਏ ਜਾਂਦੇ ਹਨ ਤੇ ਉਨ੍ਹਾਂ ਦੀ ਥਾਂ ਨਵੀਂ ਕਪਾਹ ਦੀ ਫ਼ਸਲ ਬੀਜ ਦਿੱਤੀ ਜਾਂਦੀ ਹੈ। ਪੱਕਦੀ ਕਣਕ ਦੇ ਸੁਨਹਿਰੀ ਸਿੱਟੇ ਝੂਮਦੇ ਹਨ। ਇਉਂ ਮਹਿਸੂਸ ਹੋਣ ਲੱਗ ਜਾਂਦਾ ਹੈ ਕਿ ਬਹਾਰ ਜਾਂ ਬਸੰਤ ਗਈ ਅਤੇ ਗਰਮੀ ਦਾ ਆਰੰਭ ਹੈ।

ਪੇੜਾਂ ਦੇ ਪੱਤੇ ਝੜਨ ਲੱਗ ਜਾਂਦੇ ਹਨ। ਟਾਹਣੀਆਂ ਰੁੰਡ-ਮੁੰਡ ਹੋ ਜਾਂਦੀਆਂ ਹਨ। ਥੋੜ੍ਹੇ

ਸਮੇਂ ਪਿੱਛੋਂ ਕਰੂੰਬਲਾਂ ਫੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਖੇੜਾ ਆ ਜਾਂਦਾ ਹੈ, ਭਾਵੇਂ ਅਜੇ ਧਰਤੀ ਗੇਰੂਰੰਗੇ ਪੱਤਿਆਂ ਨਾਲ ਢੱਕੀ ਹੋਈ ਹੁੰਦੀ ਹੈ। ਕਪਾਹ, ਤੇ ਜੰਗਲ ਦੀ ਮੂੰਗੀਆ ਰੰਗੀ ਚਮਕਦਾਰ ਗੂਹੜੇ ਕਿਰਮਚੀ, ਲਾਲ ਅਤੇ ਸੰਤਰੀ ਰੰਗ ਦੇ ਫੁੱਲਾਂ ਨਾਲ ਸਜ ਜਾਂਦਾ ਹੈ। ਇਥੋਂ ਤਕ ਕਿ ਕੰਡਿਆਲੀ ਕਿੱਕਰ ਵੀ ਪੀਲੇ ਅਤੇ ਨਾਜ਼ੁਕ ਫੁੱਲਾਂ ਨਾਲ ਲੱਦੀ ਜਾਂਦੀ ਹੈ ਅਤੇ ਤਿਲੀਅਰਾਂ ਦੀ ਆਵਾਜ਼ ਬੰਦ ਹੁੰਦੀ ਹੈ। ਇਨ੍ਹਾਂ ਦੀ ਥਾਂ ਅੰਬਾਂ ਦੇ ਪੇੜਾਂ ਉਤੇ ਕੋਇਲ ਕੂਹ-ਕੂਹ ਕਰਦੀ ਹੈ ਅਤੇ ਬੀਂਡੇ ਭੀਂ-ਭੀਂ ਦਾ ਰਾਗ ਅਲਾਪਦੇ ਹਨ।

ਵਾਢੀ ਆਉਂਦੀ ਹੈ। ਕਣਕ ਕੱਟ ਕੇ ਗਰਮ ਲੂਅ ਵਿਚ ਗਹਾਈ ਤੇ ਉਡਾਈ ਸ਼ੁਰੂ ਹੋ ਜਾਂਦੀ ਹੈ। ਗੁਰੂ ਨਾਨਕ ਦੇ ਸ਼ਬਦਾਂ ਵਿਚ :

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
- ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥

ਤਾਪਮਾਨ ਵਧਦਾ ਹੈ ਤੇ ਪਿੰਡਾ ਝੁਲਸਣ ਲਗਦਾ ਹੈ। ਧਰਤੀ 'ਤੇ ਪੇਪੜੀਆਂ ਉਨ ਜਾਂਦੀਆਂ ਹਨ। ਹਨੇਰੀਆਂ ਅਤੇ ਵਾਵਰੋਲੇ ਮਿੱਟੀ-ਘੱਟਾ ਲਿਆਉਂਦੇ ਹਨ। ਇਥੋਂ ਤਕ ਕਿ ਪਿੱਪਲ ਦੇ ਪੱਤੇ ਵੀ ਸੁੱਕ ਜਾਂਦੇ ਹਨ। ਜੇਕਰ ਕਿਤੇ ਕੋਈ ਹਰਾ ਪੱਤਾ ਨਜ਼ਰ ਆਉਂਦਾ ਹੈ ਤਾਂ ਉਹ ਕੰਡੇਦਾਰ ਥੋਹਰ ਜਾਂ ਅੱਕ ਹੁੰਦਾ ਹੈ। ਗਰਮੀ ਦਾ ਹੁੱਸੜ ਜਾਂ ਦੂਰ ਚਮਕਦੀ ਮ੍ਰਿਗ-ਤ੍ਰਿਸ਼ਨਾ ਦੀ ਝਲਖੜ ਨਾਲ ਫੁੱਟਦੀ ਹੈ। ਬਸ ਫਿਰ ਤਾਂ ਹਰ ਚੀਜ਼ ਮਿੱਟੀ-ਘੱਟੇ ਨਾਲ ਢੱਕੀ ਜਾਂਦੀ ਹੈ। ਸੁਸਤੀ ਮਾਰੀਆਂ ਦੁਪਹਿਰਾਂ ਵੇਲੇ ਉੱਚੀ ਸੁਰ ਵਿਚ ਪੀਹੂ-ਪੀਹੂ ਦੀ ਸੁਰ ਕੂ-ਕੂ ਤੋਂ ਆਉਂਦੀ ਹੈ। ਚੰਦ-ਚਾਨਣੀਆਂ ਰਾਤਾਂ ਵਿਚ ਤੀਰ ਦੀ ਨੋਕ ਵਾਂਗ ਕਤਾਰ ਵਿਚ ਉੱਡਦੀਆਂ ਕੂੰਜਾਂ ਉੱਤਰ ਵੱਲ ਹਿਮਾਲੀਆ ਨੂੰ ਹਵਾਂਕਦੀਆਂ ਜਾਂਦੀਆਂ ਹਨ।

ਅਪ੍ਰੈਲ ਤੋਂ ਲੈ ਕੇ ਜੂਨ ਦੇ ਅੰਤ ਤਕ ਤਾਂ ਇਉਂ ਜਾਪਦਾ ਹੈ ਜਿਵੇਂ ਧਰਤੀ ਤੰਦੂਰ ਵਾਂਗ ਮਘ ਰਹੀ ਹੈ। ਫੇਰ ਮੀਂਹ ਪੈਂਦੇ ਹਨ।

ਮਾਨਸੂਨ ਬੜੇ ਜ਼ੋਰ-ਸ਼ੋਰ ਨਾਲ ਆਉਂਦਾ ਹੈ। ਇਸ ਦੇ ਆਉਣ ਤੋਂ ਪਹਿਲੇ ਅੰਬਰ 'ਤੇ ਪੰਛੀ ਮਾਨਸੂਨ ਦਾ ਸੁਨੇਹਾ ਲਿਆਉਂਦੇ ਮੰਡਲਾਉਂਦੇ ਹਨ। ਚਿੱਟਾ ਤੇ ਸਾਫ਼ ਅੰਬਰ ਇਕਦਮ ਕਾਲੀਆਂ ਘਟਾਵਾਂ ਨਾਲ ਘਿਰ ਜਾਂਦਾ ਹੈ। ਬਿਜਲੀ ਚਮਕਦੀ ਹੈ ਅਤੇ ਬੱਦਲ ਗੱਜਦੇ ਹਨ। ਫਿਰ ਮੋਹਲੇਧਾਰ ਮੀਂਹ ਪੈਂਦੇ ਹਨ। ਬੱਦਲ ਗੱਜਦਾ ਗੜ੍ਹਕਦਾ ਹੈ। ਪਹਿਲੀਆਂ ਕਣੀਆਂ ਤਾਂ ਮਿੱਟੀ ਹੀ ਸੋਖ ਲੈਂਦੀ ਹੈ ਅਤੇ ਅਜੀਬ ਕਿਸਮ ਦੀ ਮਹਿਕ ਮਿੱਟੀ 'ਚੋਂ ਉਠਦੀ ਹੈ। ਫਿਰ ਛਹਿਬਰ ਲਗਦੀ ਹੈ ਅਤੇ ਕਈ-ਕਈ ਘੰਟੇ ਝੜੀ ਲੱਗੀ ਰਹਿੰਦੀ ਹੈ। ਅੰਬਰ ਆਮ ਤੌਰ ਤੇ ਬੱਦਲਾਂ ਨਾਲ ਘਿਰਿਆ ਰਹਿੰਦਾ ਹੈ। ਕਦੇ ਬੱਦਲ ਆਉਂਦੇ ਹਨ ਤੇ ਕਦੇ ਤਿੱਖੀ ਧੁੱਪ ਨਿਕਲਦੀ ਹੈ। ਮੀਂਹ-ਧੋਤੇ ਅੰਬਰ 'ਤੇ ਸਤਰੰਗੀ ਪੀਂਘ ਪੈਂਦੀ ਹੈ। ਡੁੱਬਦੇ ਸੂਰਜ ਨਾਲ ਅੰਬਰ ਤੇ ਘੁੰਮਦੇ ਬੱਦਲਾਂ ਦੇ ਅਨੇਕਾਂ ਪ੍ਰਕਾਰ ਦੇ ਰੰਗ ਹੋ ਜਾਂਦੇ ਹਨ। ਦੋ ਮਹੀਨੇ ਦੀ ਲਗਾਤਾਰ ਬਾਰਸ਼ ਧਰਤੀ ਦਲਦਲ ਵਾਂਗ ਹੋ ਜਾਂਦੀ ਹੈ। ਦਰਿਆਵਾਂ ਦੇ ਪਾੜ ਵਧ ਜਾਂਦੇ ਹਨ ਤੇ ਉੱਛਲਦੇ ਹਨ। ਗੰਧਲਾ ਪਾਣੀ ਤੇਜ਼ੀ ਨਾਲ ਵਗਦਾ ਹੈ। ਕਈ ਮਹੀਨੇ ਦੀ ਝੁਲਸਦੀ ਗਰਮੀ ਦਾ ਮੁਕਾਬਲਾ ਕਰਦੇ ਰਹੇ ਪੰਜਾਬੀ ਮਾਨਸੂਨ ਨੂੰ ਬਹੁਤ ਉਡੀਕਦੇ ਤੇ ਪਿਆਰਦੇ ਹਨ। ਇਹ ਪਿਆਰਿਆਂ ਦੇ ਮਿਲਨ ਦੀ ਘੜੀ ਹੈ ਤੇ ਪਰਿਵਾਰਾਂ ਦਾ ਮਿਲਾਪ ਹੁੰਦਾ ਹੈ। ਅਜਿਹੀ ਰੁੱਤ

ਵਿਚ ਗੁਰੂ ਨਾਨਕ ਦੇਵ ਜੀ ਮਸਤੀ ਵਿਚ ਆਉਂਦੇ ਹਨ ;

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥10॥

ਜੀਵਨ ਨਵੇਂ ਰੂਪ ਵਿਚ ਆਰੰਭ ਹੁੰਦਾ ਹੈ। ਨਵੇਂ ਪੱਤੇ ਪੁੰਗਰਦੇ ਹਨ ਅਤੇ ਬੰਜਰ ਧਰਤੀ ਹਰੇ ਮਖ਼ਮਲੀ ਘਾਹ ਨਾਲ ਲਹਿਲਹਾਉਂਦੀ ਹੈ। ਕੋਇਲਾਂ ਦੀ ਆਵਾਜ਼ ਸੁਣਾਈ ਦੇਣੋਂ ਬੰਦ ਹੋ ਜਾਂਦੀ ਹੈ। ਕਿਉਂ ਜੋ ਪਿੱਪਲਾਂ ਤੇ ਅੰਬਾਂ 'ਤੇ ਪਾਈਆਂ ਪੀਂਘਾਂ ਝੂਟਦੀਆਂ ਮੁਟਿਆਰਾਂ ਦਾ ਹਾਸਾ ਅਤੇ ਗੀਤ ਵਾਤਾਵਰਣ ਨੂੰ ਰੰਗਲਾ ਬਣਾਉਂਦਾ ਹੈ।

ਮਾਨਸੂਨ ਜਾਂ ਵਰਖਾ ਰੁੱਤ ਉਡਦੀ-ਉਡਦੀ ਜਾਂਦੀ ਹੈ ਤੇ ਥੋੜ੍ਹੀ-ਥੋੜ੍ਹੀ ਠੰਢ ਉਤਰਨੀ ਸ਼ੁਰੂ ਹੋ ਜਾਂਦੀ ਹੈ। ਮਿੱਟੀ-ਘੱਟਾ ਬੈਠ ਜਾਂਦਾ ਹੈ ਤੇ ਇਕ ਵਾਰ ਫਿਰ ਪਿੰਡਾਂ ਵਿਚ ਹਰਿਆਲੀ ਆਉਣੀ ਆਰੰਭ ਹੋ ਜਾਂਦੀ ਹੈ। ਜੇਕਰ ਵਰਖਾ ਅੱਛੀ ਹੋਈ ਹੋਵੇ—ਨਾ ਹੜ੍ਹਾਂ ਨੇ ਫ਼ਸਲਾਂ ਤਬਾਹ ਕੀਤੀਆਂ ਹੋਣ ਨਾ ਤੇ ਇੰਨੀ ਘੱਟ ਹੋਈ ਹੋਵੇ ਕਿ ਸੋਕਾ ਪੈ ਜਾਵੇ—ਤਾਂ ਬਹੁਤ ਹੀ ਅੱਛਾ ਹੈ। ਫਿਰ ਨਵੀਂ ਫ਼ਸਲ ਚੌਲਾਂ, ਮੱਕੀ ਸਵਾਂਕ, ਨੀਲ ਤੇ ਦਾਲਾਂ ਕਈ ਪ੍ਰਕਾਰ ਦੀਆਂ ਬੀਜੀਆਂ ਜਾਂਦੀਆਂ ਹਨ। ਜੱਟ ਸਿਰ ਤੇ ਮਾਇਆ ਲੱਗੀ ਗੂਹੜੇ ਰੰਗੀ ਪਗੜੀ ਬੰਨ੍ਹਦੇ ਹਨ। ਸਿੱਪ ਦੇ ਬਟਨਾਂ ਵਾਲੀਆਂ ਵਾਸਕਟਾਂ ਪਾਉਂਦੇ ਹਨ। ਗਿੱਟਿਆਂ ਦੁਆਲੇ ਘੁੰਗਰੂ ਬੰਨ੍ਹਦੇ ਹਨ, ਢੋਲ ਵੱਜਦੇ ਹਨ ਤੇ ਭੰਗੜਾ ਪੈਂਦਾ ਹੈ। ਅਕਤੂਬਰ ਵਿਚ ਦੀਵਾਲੀ ਦੇ ਜਸ਼ਨਾਂ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਨਵੰਬਰ ਵਿਚ ਹੀ ਅਨੇਕਾਂ ਤਿਉਹਾਰ ਹੁੰਦੇ ਹਨ।

ਪਰ ਜੱਟ ਦਾ ਕੀ ਹਾਲ—ਜੱਟਾ ਤੇਰੀ ਜੂਨ ਬੁਰੀ, ਹਲ ਵਾਹ ਪੱਠਿਆਂ ਨੂੰ ਜਾਣਾ। ਫੇਰ ਹਲਟ ਚਲਦੇ ਹਨ। ਆਟਾ ਚੱਕੀਆਂ ਚਲਦੀਆਂ ਹਨ। ਕਣਕ ਦਿਆਂ ਖੇਤਾਂ ਵਿਚ ਤਿੱਤਰ ਬੋਲਦੇ ਹਨ। ਰਾਤ ਵੇਲੇ ਅੰਬਰ ਵੱਲ ਤੱਕੋ ਤਾਂ ਕੂੰਜਾਂ ਦੀਆਂ ਡਾਰਾਂ ਫਿਰ ਪੰਜਾਬ ਵੱਲ ਮੁੜ ਰਹੀਆਂ ਹੁੰਦੀਆਂ ਹਨ।

ਇਕ ਵਾਰ ਫੇਰ ਸਰਦੀ ਪਰਤ ਆਈ। ਤਾਰਿਆਂ ਜੜੀਆਂ ਰਾਤਾਂ ਠੰਡੀਆਂ ਤੇ ਸੁੰਨ ਕਰਨ ਵਾਲੀਆਂ ਹਨ। ਦਿਨ ਨੂੰ ਅੰਬਰ ਬਿਲਕੁਲ ਸਾਫ਼ ਰਹਿੰਦਾ ਹੈ ਅਤੇ ਨਿੱਘੀ ਧੁੱਪ ਹੁੰਦੀ ਹੈ। ਸਰ੍ਹੋਂ ਫਿਰ ਫੁੱਲਦੀ ਹੈ। ਜੰਗਲ ਵਿਚ ਭੌਰੇ ਭੀਂ-ਭੀਂ ਕਰਦੇ ਹਨ। ਇਕ ਵਾਰ ਫਿਰ ਜੀਵਨ ਲਹਿਰਾ ਉਠਦਾ ਹੈ।

ਪੰਜਾਬ ਮੁੱਖ ਰੂਪ ਵਿਚ ਪੇਂਡੂ ਰਾਜ ਹੈ। ਬਹੁਤ ਸਾਰੇ ਪਿੰਡ ਕੱਚੀਆਂ ਜਾਂ ਪੱਕੀਆਂ ਇੱਟਾਂ ਦੇ ਬਣੇ ਹੋਏ ਹਨ ਅਤੇ ਇਹ ਪੁਰਾਣੇ ਪਿੰਡਾਂ ਤੇ ਉਸਰੇ ਹੋਏ ਹਨ। ਕੋਈ ਵੇਲਾ ਸੀ ਜਦੋਂ ਸਭ ਦੀ ਕਿਲ੍ਹਾ-ਬੰਦੀ ਹੁੰਦੀ ਸੀ। ਅਜੇ ਵੀ ਕਿਤੇ-ਕਿਤੇ ਰਜਵਾੜਿਆਂ ਦੇ ਕਿਲ੍ਹੇ ਜਾਂ ਹਵੇਲੀਆਂ ਨਜ਼ਰ ਆਉਂਦੀਆਂ ਹਨ। ਜੰਗੀ ਮੈਦਾਨਾਂ ਦੇ ਨਿਸ਼ਾਨਾਂ ਵਾਲੀਆਂ ਵੱਡੀਆਂ-ਵੱਡੀਆਂ ਢਿੱਗਾਂ ਤੋਂ ਦਿਖਾਈ ਦਿੰਦੇ ਹਨ। ਪੰਦਰ੍ਹਵੀਂ ਸਦੀ ਤਕ ਪੰਜਾਬ ਵਿਚ ਦੋ ਹੀ ਸ਼ਹਿਰ ਮਸ਼ਹੂਰ ਸਨ। ਲਾਹੌਰ ਜਿਹੜਾ ਅਨੇਕਾਂ ਸਰਕਾਰਾਂ ਦੀ ਰਾਜਧਾਨੀ ਰਿਹਾ ਸੀ। ਦੱਖਣ ਵਿਚ ਮੁਲਤਾਨ ਸੀ, ਜਿਥੇ ਮੰਡੀ ਸੀ ਤੇ ਹਰ ਕਿਸਮ ਦਾ ਵਪਾਰ ਹੁੰਦਾ ਸੀ, ਜਿਹੜੇ ਦਰਿਆਓਂ ਪਾਰ ਸਿੰਧ ਤੋਂ ਆਉਂਦੇ ਬਲੋਚਿਸਤਾਨ ਅਤੇ ਫ਼ਾਰਸ ਤੋਂ ਕਾਫ਼ਲੇ ਆਉਂਦੇ ਸਨ। ਹੋਰ ਵੀ ਅਨੇਕਾਂ ਸ਼ਹਿਰ ਸਨ। ਰਾਵਲਪਿੰਡੀ, ਜੇਹਲਮ, ਵਜ਼ੀਰਾਬਾਦ, ਗੁਜਰਾਤ, ਸ਼ੇਖੂਪੁਰਾ, ਸੈਦਪੁਰ, ਜਿਸ ਨੂੰ ਹੁਣ

ਏਮਨਾਬਾਦ ਪੁਕਾਰਦੇ ਹਨ। ਪਾਕਪਟਨ, ਕਸੂਰ, ਸਿਆਲਕੋਟ, ਲੁਧਿਆਣਾ, ਸਰਹਿੰਦ, ਜਿਸ ਦੀ ਕਿਸਮਤ ਇਸ ਦੇ ਹਾਕਮਾਂ ਨਾਲ ਉਤਰਾਅ-ਚੜ੍ਹਾਅ ਵੇਖਦੀ ਰਹੀ। ਪਾਕਪਟਨ ਤਾਂ ਧਰਮ ਨਿਜ਼ਾਮ ਦਾ ਕੇਂਦਰ ਸੀ। ਪੰਜਾਬ ਦੇ ਜਿਹੜੇ ਵੱਡੇ-ਵੱਡੇ ਜੰਗਲ ਸਨ, ਉਨ੍ਹਾਂ ਦਾ ਤਾਂ ਨਿਸ਼ਾਨ ਤਕ ਵੀ ਹੁਣ ਨਹੀਂ ਮਿਲਦਾ। 16ਵੀਂ ਸਦੀ ਤਕ ਉੱਤਰ ਵਿਚ ਜੰਗਲ ਹੀ ਜੰਗਲ ਸੀ, ਜਿਥੇ ਗੈਂਡੇ ਜਾਂ ਹਾਥੀਆਂ ਦੀ ਭਰਮਾਰ ਸੀ। ਕੇਂਦਰੀ ਪੰਜਾਬ ਦਾ ਲੱਖੀ ਜੰਗਲ ਮਸ਼ਹੂਰ ਸੀ। ਇਥੇ ਸਿੱਖ ਆਪਣੇ ਆਪ.ਨੂੰ ਤੰਬਾਹੀ ਤੋਂ ਬਚਾਉਣ ਲਈ ਅਤੇ ਹਮਲਾ ਕਰਨ ਲਈ ਓਟ ਲੈਂਦੇ ਸਨ। ਜਲੰਧਰ ਤੇ ਦੁਆਬੇ ਵਿਚ ਵੀ ਭਾਰੀ ਜੰਗਲ ਸੀ। ਲੁਧਿਆਣਾ ਤੋਂ ਕਰਨਾਲ ਤਕ ਪੇੜਾਂ ਦੀ ਲੰਮੀ ਕਤਾਰ ਸੀ। 19ਵੀਂ ਸਦੀ ਦੇ ਅੰਤ ਤਕ ਇਸ ਇਲਾਕੇ ਵਿਚ ਜੰਗਲੀ ਜਾਨਵਰਾਂ ਦੀ ਭਰਮਾਰ ਸੀ। ਬੱਬਰ ਸ਼ੇਰ, ਚੀਤੇ, ਭਾਲੂ, ਗਿੱਦੜ, ਬਘਿਆੜ, ਲੱਕੜਬੱਘੇ ਅਤੇ ਅਨੇਕਾਂ ਪ੍ਰਕਾਰ ਦੇ ਹਿਰਨ ਹੁੰਦੇ ਸਨ। ਵਿਦੇਸ਼ੀ ਫ਼ੌਜਾਂ ਦੇ ਪੈਰਾਂ ਹੇਠ ਲਿਤਾੜੀ ਜਾਂਦੀ ਬਨਾਸਪਤੀ ਤੇ ਜੰਗਲ ਸੁਰੱਖਿਅਤ ਰਹੇ। ਪਰ ਇਸ ਸਦੀ ਅੰਦਰ ਅਤੇ 19ਵੀਂ ਸਦੀ ਅੰਦਰ ਪੇੜ ਕੱਟ ਦਿੱਤੇ ਗਏ। ਸ਼ਿਕਾਰ ਖੇਡ ਕੇ ਜਾਨਵਰ ਮਾਰ ਦਿੱਤੇ ਗਏ। ਬਸ ਰਹਿ ਗਏ ਊਠ ਅਤੇ ਬੱਕਰੀਆਂ ਜਿਨ੍ਹਾਂ ਕੰਡੇਦਾਰ ਝਾੜੀਆਂ ਅਤੇ ਥੋਹਰਾਂ 'ਤੇ ਵੀ ਗੁਜ਼ਰਾਨ ਕਰ ਲੈਣੀ ਹੈ। ਵਰਤਮਾਨ ਸਮੇਂ ਦਾ ਤਾਂ ਇਹੋ ਹੀ ਅਜੂਬਾ ਹੈ।

ਪ੍ਰਾਚੀਨ ਪੰਜਾਬ

ਭਾਰਤੀ ਸੱਭਿਅਤਾ ਦੇ ਕਾਲ ਬਾਰੇ ਭਾਰਤ ਸ਼ਾਸਤਰੀ ਇਕ ਮੱਤ ਨਹੀਂ। ਇਹ ਜ਼ਰੂਰ ਮੰਨਿਆ ਜਾਂਦਾ ਹੈ ਕਿ ਇਹ ਸੰਸਾਰ ਦੀ ਸਭ ਤੋਂ ਪੁਰਾਣੀ ਸੱਭਿਅਤਾ ਹੈ ਅਤੇ ਇਸ ਦਾ ਪੰਘੂੜਾ ਪੰਜਾਬ ਵਿਚ ਸੀ।

ਰਾਵਲਪਿੰਡੀ ਦੇ ਨੇੜੇ ਭਾਲੇ ਤੇ ਬਰਛੀਆਂ ਮਿਲੀਆਂ ਹਨ ਜਿਹੜੀਆਂ ਬਲੌਰੀ ਚੱਟਾਨਾਂ ਤੋਂ ਬਣਾਈਆਂ ਗਈਆਂ ਸਨ। ਇਸ ਤੋਂ ਅਨੁਮਾਨ ਲਗਦਾ ਹੈ ਕਿ ਇਸ ਇਲਾਕੇ ਵਿਚ ਵੱਸੋਂ 300,000 ਤੋਂ 500,000 ਸਾਲਾਂ ਦੇ ਵਿਚਕਾਰ ਤੋਂ ਸੀ। ਸਿੰਧ ਦਰਿਆ ਦੇ ਦੋਹਾਂ ਕੰਢਿਆਂ ਦੇ ਟਿੱਲਿਆਂ ਦੀ ਖੁਦਾਈ ਤੋਂ ਖੇਤੀਬਾੜੀ ਦੇ ਸੰਦ ਮਿਲੇ ਹਨ, ਜਿਹੜੇ ਤਾਂਬੇ ਅਤੇ ਪਿੱਤਲ ਦੇ ਬਣੇ ਹੋਏ ਹਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਤੋਂ 25,000 ਤੋਂ 20.000 ਬੀ.ਸੀ. ਦੇ ਵਿਚਕਾਰ ਸੰਗਠਿਤ ਦਿਹਾਤੀ ਭਾਈਚਾਰਿਆਂ ਦਾ ਵਾਸਾ ਸੀ ਪਰ ਜਦੋਂ ਅਸੀਂ ਦੱਖਣੀ ਪੰਜਾਬ ਦੇ ਮੁਹਿੰਜੋਦਾੜੋ ਅਤੇ ਹੜੱਪਾ ਤੋਂ ਪ੍ਰਾਪਤ ਪੁਰਾਤਤਵੀ ਲੱਭਤਾਂ ਵੱਲ ਧਿਆਨ ਮਾਰਦੇ ਹਾਂ ਤਾਂ ਵਿਸ਼ਵਾਸ ਪੱਕਾ ਹੋ ਜਾਂਦਾ ਹੈ। ਇਨ੍ਹਾਂ ਦੀ ਖੁਦਾਈ 1921 ਵਿਚ ਹੋਈ ਸੀ। ਪ੍ਰਾਪਤ ਹੋਏ ਬੁੱਤਾਂ, ਬਰਤਨਾਂ, ਗਹਿਣਿਆਂ, ਵਸਤਰਾਂ ਅਤੇ ਹੋਰ ਖੰਡਰਾਂ (ਵਿਸ਼ੇਸ਼ ਕਰਕੇ ਸੁੰਦਰ ਬਲਦਾਂ, ਰਿਨੋ ਅਤੇ ਹੋਰ ਪਸ਼ੂਆਂ ਦੇ ਆਕਾਰ ਵਾਲੀਆਂ ਮੁਹਰਾਂ) ਦੀਆਂ ਵਸਤਾਂ ਤੋਂ, ਜਿਹੜੀਆਂ ਸ਼ਹਿਰਾਂ ਵਿਚ ਬਣੀਆਂ ਪੱਕੀਆਂ ਇੱਟਾਂ ਦੀਆਂ ਇਮਾਰਤਾਂ ਵਿਚ ਸਨ, ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਿੰਧ ਵਾਦੀ ਦੇ ਲੋਕਾਂ ਨੇ ਮਹਾਨ ਸੱਭਿਅਤਾ ਪ੍ਰਾਪਤ ਕਰ ਲਈ ਸੀ। ਉਹ ਕਈ-ਕਈ ਮੰਜ਼ਲਾਂ ਵਾਲੇ ਮਕਾਨਾਂ ਵਿਚ ਰਹਿੰਦੇ ਸਨ, ਜਿਨ੍ਹਾਂ ਵਿਚ ਸੰਗਮਰਮਰ ਦੇ ਗੁਸਲਖ਼ਾਨੇ ਸਨ। ਉਨ੍ਹਾਂ ਦੇ ਕਾਰੀਗਰ ਐਸੀਆਂ ਚੀਜ਼ਾਂ ਤਿਆਰ ਕਰਦੇ ਸਨ, ਜਿਹੜੀਆਂ ਵਿਕਣ ਲਈ ਮੈਸੋਪੋਟਾਮੀਆ ਤਕ ਜਾਂਦੀਆਂ ਸਨ। ਉਹ ਧਰਮ ਦੇ ਧਾਰਨੀ ਵੀ ਹੋ ਗਏ ਸਨ ਅਤੇ ਦੇਵੀ ਮਾਤਾ ਅਤੇ ਉਸ ਦੇ ਪੁਰਸ਼-ਸੰਗੀ ਦੀ ਪੂਜਾ ਕਰਦੇ ਸਨ। ਇਨ੍ਹਾਂ ਸ਼ਹਿਰਾਂ ਦੇ ਖੰਡਰਾਂ ਤੋਂ ਪ੍ਰਾਪਤ ਵਸਤਾਂ ਜਾਂ ਚਿੱਤਰ-ਲਿਪੀਆਂ ਤੋਂ ਵੀ ਉਨ੍ਹਾਂ ਦੇ ਸਾਰੇ ਭੇਦ ਨਹੀਂ ਖੁੱਲ੍ਹਦੇ। ਪੁਰਾਤਤਵ-ਵਿਗਿਆਨੀ ਅਤੇ ਇਤਿਹਾਸਕਾਰ ਇਨ੍ਹਾਂ ਵਸਤਾਂ ਦੇ ਬਣਾਉਣ ਵਾਲਿਆਂ

ਦੀ ਪਛਾਣ ਬਾਰੇ ਵਾਦ-ਵਿਵਾਦ ਵਿਚ ਫਸੇ ਹੋਏ ਸਨ। ਆਮ ਦ੍ਰਿਸ਼ਟੀਕੋਣ ਇਹ ਹੈ ਕਿ ਇਹ ਸ਼ਹਿਰ 2500 ਬੀ.ਸੀ. ਅਤੇ 1500 ਬੀ.ਸੀ. ਦੇ ਵਿਚਕਾਰ ਖੁਸ਼ਹਾਲ ਸਨ। ਇਨ੍ਹਾਂ ਦੀ ਬਰਬਾਦੀ ਉਨ੍ਹਾ ਲੋਕਾ ਹੱਥੋਂ ਹੋਈ, ਜਿਹੜੇ ਪੰਦਰਾਂ ਸਦੀਆਂ ਪਹਿਲੋਂ ਪੰਜਾਬ ਅਤੇ ਸਿੰਧ ਵਿਚ ਆਉਣੇ ਆਰੰਭ ਹੋਏ।

ਆਰੀਆ ਲੋਕ ਉਚੇ-ਲੰਮੇ ਅਤੇ ਗੋਰੇ ਰੰਗ ਦੇ ਸਨ। ਇਨ੍ਹਾਂ ਇਥੋਂ ਦੇ ਕਾਲੇ ਰੰਗ ਦੇ ਵਸਨੀਕਾਂ ਨੂੰ ਕੱਢ ਦਿੱਤਾ ਅਤੇ ਉੱਤਰੀ ਭਾਰਤ ਵਿਚ ਆਪਣੇ ਪੈਰ ਜਮਾ ਲਏ। ਨਵੇਂ ਆਏ ਲੋਕ ਟੱਪਰੀਵਾਸ ਚਰਵਾਹੇ ਸਨ ਅਤੇ ਉਨ੍ਹਾਂ ਦਾ ਆਪਣਾ ਹੀ ਧਰਮ ਤੇ ਭਾਸ਼ਾ ਸੀ। ਨਿਵਾਸ ਕਰਨ ਦੀ ਧਰਤੀ 'ਤੇ ਇਨ੍ਹਾਂ ਦੀ ਹੋਰ ਉਨੱਤੀ ਹੋਈ। ਇਹ ਪੰਜਾਬ ਦੀ ਧਰਤੀ ਹੀ ਸੀ, ਜਿਥੇ ਵੇਦਾਂਤਕ ਹਿੰਦੂ ਧਰਮ ਪਨਪਿਆ। ਅਤੇ ਇਥੇ ਹੀ ਸੰਸਕ੍ਰਿਤ ਦੇ ਮਹਾਨ ਗ੍ਰੰਥਾਂ ਦੀ ਰਚਨਾ ਹੋਈ।

ਆਰੀਆ ਤੋਂ ਉਪਰੰਤ ਕਈ ਹੋਰ ਨਸਲਾਂ ਅਤੇ ਕਬੀਲੇ ਆਏ। ਦੇਰੀਅਸ (521-485 ਬੀ.ਸੀ.) ਦੇ ਅਧੀਨ, ਫ਼ਾਰਸ ਦੇ ਲੋਕਾਂ ਨੇ ਉੱਤਰੀ ਪੰਜਾਬ 'ਤੇ ਕਬਜ਼ਾ ਕੀਤਾ ਅਤੇ ਸਦੀਆਂ ਤਕ ਉਸ ਦੇ ਜਾਨਸ਼ੀਨ ਪਿਸ਼ੌਰ, ਟੈਕਸਲਾ ਅਤੇ ਰਾਵਲਪਿੰਡੀ 'ਤੇ ਰਾਜ ਕਰਦੇ ਰਹੇ। 326 ਬੀ.ਸੀ. ਵਿਚ ਯੂਨਾਨ ਦੀਆਂ ਫ਼ੌਜਾਂ ਨੇ ਮਹਾਨ ਸਿਕੰਦਰ ਦੇ ਅਧੀਨ ਸਿੰਧ ਪਾਰ ਕੀਤਾ ਅਤੇ ਜਿੱਤਾਂ ਪ੍ਰਾਪਤ ਕਰਦੇ ਹੋਏ ਬਿਆਸ ਤਕ ਪਹੁੰਚ ਗਏ। ਇਹ ਠੀਕ ਹੈ ਕਿ ਉਨ੍ਹਾਂ ਯੂਨਾਨੀਆਂ ਦੀ ਸੱਤਾ, ਜਿਨ੍ਹਾਂ ਨੂੰ ਸਿਕੰਦਰ ਪਿੱਛੇ ਛੱਡ ਗਿਆ ਸੀ, ਭਾਰਤੀ ਮੌਰੀਆ ਖ਼ਾਨਦਾਨ ਵੱਲੋਂ ਉਸ ਦੀ ਮੌਤ ਦੇ ਛੇਤੀ ਹੀ ਪਿੱਛੋਂ ਖੋਰ ਲੱਗ ਗਈ ਸੀ। ਪਿਸ਼ੌਰ, ਟੈਕਸਲਾ ਅਤੇ ਸ਼ਾਇਦ ਕਈ ਹੋਰ ਸ਼ਹਿਰਾਂ ਵਿਚ ਵੀ ਯੂਨਾਨੀ ਕਲਾਕਾਰਾਂ ਨੇ ਬੁੱਤਕਾਰੀ ਦੇ ਅਜਿਹੇ ਨਮੂਨੇ ਬਣਾਏ ਜਿਹੜੇ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਪ੍ਰਾਪਤ ਨਹੀਂ ਹੁੰਦੇ ਸਨ।

ਮੌਰੀਆ ਖ਼ਾਨਦਾਨ ਦੀ ਤਬਾਹੀ ਬਕਤਰਿਆਨ ਦੇ ਹਮਲਾ ਕਰਨ ਵਾਲਿਆਂ ਦੇ ਹੱਥੋਂ ਹੋਈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੇਨਨਦੇਰ ਨੇ ਕੇਂਦਰੀ ਪੰਜਾਬ ਨੂੰ ਪਾਰ ਕੀਤਾ, ਅਤੇ ਬਿਆਸ ਤਕ ਪੁੱਜਾ। ਬਕਤਰਿਆਨ ਉਪਰੰਤ ਸਿਥੀਅਨ ਖ਼ਾਨਦਾਨ ਆਇਆ। ਜਦੋਂ ਵਿਦੇਸ਼ੀ ਹਮਲਿਆਂ ਦੀ ਧੂੜ ਬਹਿ ਗਈ ਤਾਂ ਭਾਰਤ ਦੇ ਗੁਪਤ ਖ਼ਾਨਦਾਨ ਨੇ ਸਦੀਆਂ ਤੀਕ ਉਨ੍ਹਾਂ ਪਹਾੜੀ ਰਾਜ ਕਾਇਮ ਕੀਤਾ। ਕੁਝ ਸਦੀਆਂ ਤਕ ਉਨ੍ਹਾਂ ਪਹਾੜੀ ਦੱਰਿਆਂ ਦਾ ਰਾਹ ਬੰਦ ਕੀਤਾ ਅਤੇ ਹੋਰ ਹਮਲਵਾਰਾਂ ਨੂੰ ਠੱਲ੍ਹ ਪਾਈ। ਈਸਾ ਸੰਨ 500 ਤੋਂ ਕੇਂਦਰੀ ਏਸ਼ੀਆ ਵੱਲੋਂ ਜ਼ੋਰ ਵਧ ਗਿਆ ਅਤੇ ਇਕ ਵਾਰ ਫਿਰ ਵਿਸ਼ਾਲ ਦੱਰੇ ਖੁੱਲ੍ਹ ਗਏ ਅਤੇ ਮੰਗੋਲ ਤੇ ਹੂਨ ਆ ਘੁਸੇ। ਹੂਨਾਂ ਨੂੰ ਵਰਧਨਾਂ ਨੇ ਕੱਢਿਆ। ਉਸ ਦਾ ਪੁੱਤਰ ਹਰਸ਼ ਅੰਤਿਮ ਭਾਰੀ ਰਾਜਾ ਸੀ, ਜਿਸ ਨੇ ਪੰਜਾਬ 'ਤੇ ਰਾਜ ਕੀਤਾ। ਸੰਨ 647 ਵਿਚ ਹਰਸ਼ ਦੀ ਮੌਤ ਉਪਰੰਤ ਵਰਧਨਾਂ ਦੀ ਹਕੂਮਤ ਖੇਰੂੰ-ਖੇਰੂੰ ਹੋ ਗਈ ਅਤੇ ਹਿੰਦੂ ਕੁਸ਼ ਅਤੇ ਸੁਲੇਮਾਨ ਦੀਆਂ ਪਹਾੜੀਆਂ ਤੋਂ ਪਾਰ ਦੇ ਕਈ ਕਬੀਲੇ ਭਾਰਤ ਵਿਚ ਆਏ। ਨਵੇਂ ਆਉਣ ਵਾਲੇ ਜੇਤੂ ਕਬੀਲੇ ਵੱਖਰੇ-ਵੱਖਰੇ ਸਨ। ਪਰ ਉਨ੍ਹਾਂ ਦਾ ਇਕ ਹੀ ਈਮਾਨ ਸੀ : ਮੁਸਲਮਾਨ।

1001 ਈਸਵੀ ਵਿਚ ਮਹਿਮੂਦ ਗ਼ਜ਼ਨੀ ਨੇ ਹਮਲਾ ਕੀਤਾ। ਇਸ ਤੋਂ ਉਪਰੰਤ ਅਫ਼ਗ਼ਾਨਾਂ ਦਾ ਹੜ੍ਹ ਆਇਆ ਅਤੇ ਹਰ ਲਹਿਰ ਨਾਲ ਹਰ ਦਸਤਾ ਅੱਗੇ ਹੀ ਅੱਗੇ ਭਾਰਤ ਵਿਚ ਵਧਦਾ ਚਲਾ ਗਿਆ। ਗ਼ਜ਼ਨੀਆਂ ਤੋਂ ਪਿੱਛੋਂ ਹੋਰ ਅਫ਼ਗ਼ਾਨ ਕਬੀਲੇ ਆਏ, ਗੌਰੀ, ਤੁਗ਼ਲਕ, ਸੂਰੀ, ਅਤੇ ਲੋਧੀ।

ਅਫ਼ਗ਼ਾਨ ਹਮਲੇ ਦੇ ਦੌਰਾਨ 1398 ਵਿਚ ਮੰਗੋਲ ਦੇ ਤੈਮੂਰ ਦਾ ਭਾਰੀ ਹਮਲਾ ਹੋਇਆ। ਜਿਸ ਦੀ ਮਾਰ ਤੋਂ ਭਾਰਤ ਕਈ ਦਹਾਕਿਆਂ ਤਕ ਸੰਭਲ ਨਾ ਸਕਿਆ। ਕੋਈ

ਸੌ ਸਾਲ ਪਿੱਛੋਂ ਬਾਬਰ, ਜਿਹੜਾ ਤੈਮੂਰ ਦਾ ਉੱਤਰ-ਅਧਿਕਾਰੀ ਸੀ, ਭਾਰਤ ਵਿਚ ਹਕੂਮਤ ਚਲਾਉਣ ਦੇ ਸੁਪਨੇ ਲੈਣ ਲੱਗਾ। ਜਦੋਂ ਲੋਧੀ ਖ਼ਾਨਦਾਨ ਨਿੱਘਰਨ ਲੱਗਾ ਤਾਂ ਉਸ ਦੇ ਹੱਥ ਚੰਗਾ ਮੌਕਾ ਆ ਗਿਆ। ਕੁਝ ਅਸਫਲ ਯਤਨਾਂ ਉਪਰੰਤ ਅਫ਼ਗਾਨ ਬਾਦਸ਼ਾਹ ਨੂੰ ਹਰਾਉਣ ਅਤੇ ਕਤਲ ਕਰਨ ਵਿਚ ਸਫਲ ਹੋ ਗਿਆ। ਪਾਣੀਪਤ ਦੀ 1526 ਦੀ ਲੜਾਈ ਵਿਚ ਇਬਰਾਹੀਮ ਲੋਧੀ ਮਾਰਿਆ ਗਿਆ ਅਤੇ ਮੁਗਲ ਖ਼ਾਨਦਾਨ ਕਾਇਮ ਹੋਇਆ, ਜਿਸ ਨੇ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਸਮੇਂ ਲਈ ਰਾਜ ਕੀਤਾ।

ਪੰਜਾਬ ਦੇ ਲੋਕ

ਹਰ ਹਮਲੇ ਨਾਲ ਪੰਜਾਬ ਦੇ ਨਸਲੀ ਰੂਪ ਵਿਚ ਤਬਦੀਲੀ ਆਈ। ਗੁਰੂ ਨਾਨਕ (ਸੰਨ 1469) ਦੇ ਆਗਮਨ ਤੋਂ ਪਹਿਲਾਂ ਦੀ ਹਾਲਤ ਕੁਝ ਇਸ ਪ੍ਰਕਾਰ ਦੀ ਸੀ :

ਉੱਤਰ-ਪੱਛਮ ਵਿਚ ਸਿੰਧ ਦਰਿਆ ਦੇ ਦੋਹੀਂ ਪਾਸੀਂ ਪਠਾਣ ਤੇ ਬਲੋਚ ਸਨ—ਪਠਾਣ ਚੜ੍ਹਦੇ ਪਾਸੇ ਵੱਲ ਸਨ ਅਤੇ ਬਲੋਚ ਦਰਿਆ ਦੇ ਲਹਿੰਦੇ ਵੱਲ ਸਨ। ਆਪਣੇ ਗੁਆਂਢੀਆਂ (ਗੱਖੜ, ਆਵਾਨ, ਜੰਜੂਆ ਅਤੇ ਹੋਰ ਜਿਹੜੇ ਸਿੰਧ ਅਤੇ ਜੇਹਲਮ ਵਿਚਕਾਰ ਵੱਸ ਗਏ), ਇਹ ਲੋਕ ਕਈ ਲੜਾਕੂ ਕਬੀਲਿਆਂ ਵਿਚ ਵੰਡੇ ਹੋਏ ਸਨ। ਆਪਣੀ-ਆਪਣੀ ਰਵਾਇਤੀ ਜ਼ਿੰਦਗੀ ਦੀ ਸੰਭਾਲ ਵਿਚ ਮਰਨ-ਮਾਰਨ ਲਈ ਤੱਤਪਰ ਸਨ। ਪਰ ਇਕ ਗੱਲ ਸਪੱਸ਼ਟ ਸੀ ਕਿ ਆਪਣੇ ਇਸਲਾਮੀ ਈਮਾਨ ਤੇ ਸਾਰੇ ਇਕਮੁੱਠ ਸਨ। ਦੇਸ਼ ਦੇ ਉੱਤਰੀ ਇਲਾਕੇ ਵਿਚ ਹਿਮਾਲੀਆ ਦੀਆਂ ਪਹਾੜੀਆਂ ਦੀ ਕੜੀ ਵਿਚ ਹਿੰਦੂ ਰਾਜਕੁਮਾਰ ਰਾਜ ਕਰਦੇ ਜਿਹੜੇ ਮੁਸਲਮਾਨਾਂ ਦੇ ਹੱਲਿਆਂ ਵੇਲੇ ਮੈਦਾਨ ਛੱਡ ਗਏ ਸਨ। ਇਸ ਪਹਾੜੀ ਇਲਾਕੇ ਵਿਚ ਪਹਾੜੀ ਨਦੀਆਂ-ਨਾਲੇ ਸਨ ਅਤੇ ਡੂੰਘੀਆਂ ਖੱਡਾਂ ਸਨ। ਜੰਗਲੀ ਪੇੜ-ਪੌਦਿਆਂ ਨਾਲ ਲਾਂਘੇ ਔਖੇ ਸਨ। ਮੁਸਲਮਾਨ ਹਮਲਾ ਕਰਨ ਵਾਲਿਆਂ ਤੋਂ ਹਿਫ਼ਾਜ਼ਤ ਲਈ ਕਿਲ੍ਹੇ ਉਸਾਰੇ ਗਏ। ਇਥੇ ਧੂਫ ਧੁਖਾਈ ਜਾਂਦੀ ਅਤੇ ਅਤੇ ਦੇਵੀ-ਦੇਵਤਿਆਂ ਦੀ ਪੂਜਾ ਹੁੰਦੀ। ਇਸ ਪ੍ਰਕਾਰ ਉਨ੍ਹਾਂ ਵੱਖਰੇ-ਵੱਖਰੇ ਵਰਣ-ਆਸ਼ਰਮ ਵਾਲੇ ਸਮਾਜ ਨੂੰ ਸੁਰੱਖਿਅਤ ਰਖਿਆ ਜਿਸ ਵਿਚ ਬ੍ਰਾਹਮਣ ਤੇ ਖੱਤਰੀ ਛੋਟੀਆਂ ਜਾਤਾਂ ਉਤੇ ਆਪਣਾ ਹੱਕ ਬਣਾਈ ਰਖਦੇ। ਬਾਕੀ ਦੇ ਪੰਜਾਬ ਵਿਚ, ਜਿਹੜਾ ਜਮਨਾ ਅਤੇ ਉਸ ਤੋਂ ਅੱਗੇ ਤਕ ਸੀ, ਜੱਟ ਅਤੇ ਰਾਜਪੂਤ ਕਬੀਲੇ ਸਨ ਜਿਹੜੇ ਖੇਤੀਬਾੜੀ ਕਰਦੇ ਸਨ। ਸ਼ਹਿਰਾਂ ਵਿਚ ਵਣਜ-ਵਪਾਰ ਕਰਨ ਵਾਲੇ ਬਾਣੀਏ, ਮਹਾਜਨ, ਸੂਦ ਅਤੇ ਅਰੋੜੇ ਸਨ। ਸਾਰੇ ਹੀ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਕਾਲੇ ਅਤੇ ਹਬਸ਼ੀਆਂ ਵਰਗੇ ਲੋਕ ਵੱਸਦੇ ਸਨ ਜਿਹੜੇ ਆਦਿਵਾਸੀਆਂ ਵਿਚੋਂ ਸਨ। ਇਹ ਲੋਕ ਨੀਵੀਂ ਜ਼ਾਤ ਦੇ ਖ਼ਿਆਲ ਕੀਤੇ ਜਾਂਦੇ ਸਨ। ਇਨ੍ਹਾਂ ਨੂੰ ਸ਼ੂਦਰ ਕਹਿ ਕੇ ਤ੍ਰਿਸਕਾਰਿਆ ਜਾਂਦਾ ਅਤੇ ਇਨ੍ਹਾਂ ਪਾਸੋਂ ਗੰਦੇ ਕੰਮ ਕਰਵਾਏ ਜਾਂਦੇ। ਇਨ੍ਹਾਂ ਤੋਂ ਇਲਾਵਾ ਟੱਪਰੀਵਾਸ ਸਨ। ਜਿਹੜੇ ਇਕ ਥਾਂ ਤੋਂ ਉਠਦੇ ਅਤੇ ਦੂਜੀ ਥਾਂ ਜਾ ਵੱਸਦੇ ਸਨ। ਇਨ੍ਹਾਂ ਪਾਸ ਗਧਿਆਂ ਦੇ ਕਾਫ਼ਲੇ, ਸ਼ਿਕਾਰੀ ਕੁੱਤੇ ਅਤੇ ਭੇਡਾਂ-ਬੱਕਰੀਆਂ ਦੇ ਇੱਜੜ ਹੁੰਦੇ ਸਨ।

ਪੰਜਾਬ ਦੀ ਰਾਸ਼ਟਰੀਅਤਾ

ਭਾਰਤ ਦੇ ਮੁੱਖ ਦੁਆਰ ਹੋਣ ਦੇ ਨਾਤੇ ਪੰਜਾਬ ਦੇ ਜੰਮੇ ਨੂੰ ਨਿੱਤ ਹਮਲਿਆਂ ਦਾ ਟਾਕਰਾ ਕਰਨਾ ਪਿਆ। ਹਮਲਾ ਕਰਨ ਵਾਲਿਆਂ ਲਈ ਪਹਿਲਾ ਘਰ ਇਹੀ ਹੁੰਦਾ। ਬਹੁਤ ਹੀ ਘੱਟ ਅਜਿਹੇ ਹਮਲਾ ਕਰਨ ਵਾਲੇ ਸਨ, ਜਿਹੜੇ ਆਪਣੀਆਂ ਬੀਵੀਆਂ ਜਾਂ ਪਤਨੀਆਂ ਨੂੰ ਨਾਲ ਲਿਆਉਂਦੇ। ਫ਼ਤਿਹ ਕੀਤੀ ਹੋਈ ਭੂਮੀ 'ਤੇ ਜਦੋਂ ਉਹ ਆਬਾਦ ਹੋ ਜਾਂਦੇ ਤਾਂ ਸਥਾਨਕ

ਇਸਤਰੀਆਂ ਨਾਲ ਰਿਸ਼ਤੇ ਬਣਾ ਲੈਂਦੇ। ਇਸ ਪ੍ਰਕਾਰ ਖ਼ੂਨ ਦੀ ਸਾਂਝ ਬਣਦੀ ਗਈ ਅਤੇ ਕਈ ਵਿਦੇਸ਼ੀ ਬੋਲੀਆਂ—ਅਰਬੀ, ਫ਼ਾਰਸੀ ਅਤੇ ਤੁਰਕੀ ਇਥੇ ਬੋਲੀਆ ਜਾਣ ਲੱਗੀਆਂ। ਇਸੇ ਪ੍ਰਕਾਰ ਹੀ ਆਦਿਵਾਸੀਆਂ ਦਾ ਅਧਿਆਤਮਵਾਦ, ਆਰੀਆਂ, ਤੁਰਕਾਂ ਮੰਗੋਲਾਂ ਫ਼ਾਰਸ ਤੇ ਅਫ਼ਗਾਨਾਂ ਦੇ ਵੇਦਾਂਤ, ਜੈਨੀ ਅਤੇ ਬੁੱਧ ਮੱਤ ਨਾਲ ਅਤੇ ਅਰਬ ਇਸਲਾਮ ਧਰਮ ਨਾਲ ਟਕਰਾਇਆ। ਇਸ ਪ੍ਰਕਾਰ ਖ਼ੂਨ ਦੀ ਸਾਂਝ ਅਤੇ ਭਾਸ਼ਾ ਦੇ ਸੁਮੇਲ ਤੋਂ ਪੰਜਾਬ ਦੇ ਲੋਕ ਅਤੇ ਭਾਸ਼ਾ ਉਤਪੰਨ ਹੋਈ। ਇਕ ਹੋਰ ਆਸ ਨੇ ਜਨਮ ਲਿਆ ਕਿ ਵੱਡੇ-ਵਡੇਰਿਆਂ ਦੇ ਅਨੇਕ ਮੱਤਾਂ ਵਿਚੋਂ ਪੰਜਾਬ ਦੇ ਲੋਕਾਂ ਲਈ ਇਕ ਨਵਾਂ ਮੱਤ ਪੈਦਾ ਹੋਵੇਗਾ।

ਪੰਦਰ੍ਹਵੀਂ ਸਦੀ ਤਕ ਜਿਹੜੀਆਂ ਵੱਖ-ਵੱਖ ਨਸਲਾਂ ਪੰਜਾਬ ਵਿਚ ਵੱਸ ਗਈਆਂ, ਉਨ੍ਹਾਂ ਨੂੰ ਆਪਣੇ ਵਤਨਾਂ ਦੀ ਯਾਦ ਵਿੱਸਰ ਗਈ ਅਤੇ ਜਿਸ ਧਰਤੀ 'ਤੇ ਆ ਕੇ ਉਹ ਵੱਸ ਗਏ ਸਨ, ਉਸ ਨਾਲ ਮੋਹ ਵਧ ਗਿਆ। ਪੰਜਾਬੀ ਚੇਤਨਾ ਦੇ ਉਭਾਰ ਦਾ ਮੁੱਖ ਕਾਰਨ ਇਹ ਸੀ ਕਿ ਵੱਖ-ਵੱਖ ਸ਼ੋਰ-ਸ਼ਰਾਬੇ ਦੀਆਂ ਬੋਲੀਆਂ ਵਿਚੋਂ ਇਕ ਸਾਂਝੀ ਭਾਸ਼ਾ ਦਾ ਵਿਕਾਸ ਹੋਇਆ। ਭਾਵੇਂ ਪੰਜਾਬ ਦੇ ਵਾਸੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਤੌਰ ਤੇ ਤਿੱਖੀ ਤਰ੍ਹਾਂ ਵੰਡੇ ਹੋਏ ਸਨ ਪਰ ਤਾਂ ਵੀ ਅਜਿਹੇ ਯਤਨ ਜਾਰੀ ਸਨ, ਜਿਸ ਸਦਕਾ ਪਰਸਪਰ ਸਾਂਝ ਵਧੇ ਅਤੇ ਲੋਕਾਂ ਅੰਦਰ ਇਕ ਦੂਜੇ ਪ੍ਰਤੀ ਸਦਭਾਵਨਾ ਕਾਇਮ ਹੋਵੇ। ਇਹ ਕਾਰਜ ਗੁਰੂ ਨਾਨਕ ਅਤੇ ਉਨ੍ਹਾਂ ਦੇ ਨੌਂ ਉੱਤਰਾਧਿਕਾਰੀਆਂ ਦੇ ਹਿੱਸੇ ਆਇਆ ਕਿ ਸਹਿਨਸ਼ੀਲਤਾ ਦੀ ਭਾਵਨਾ ਉਭਾਰਨ, ਅਤੇ ਪੰਜਾਬੀ ਰਾਸ਼ਟਰੀਅਤਾ ਦੇ ਰੂਪ ਵਿਚ ਇਸ ਅੰਦਰ ਗੁਣਾਤਮਕ ਅੰਸ਼ ਪੈਦਾ ਕਰਨ।

ਇਹ ਬੜੀ ਮਹੱਤਵਪੂਰਨ ਗੱਲ ਹੈ ਕਿ ਪੰਜਾਬੀ ਰਾਸ਼ਟਰਵਾਦ ਦੀ ਗੱਲ ਸਭ ਤੋਂ ਪਹਿਲੋਂ ਮਾਝੇ ਵਿਚ ਚੱਲੀ। ਇਹ ਪੰਜਾਬ ਦਾ ਹਿਰਦਾ ਸੀ ਅਤੇ ਇਥੋਂ ਦੇ ਲੋਕਾਂ ਦੀਆਂ ਜੜ੍ਹਾਂ ਇਸ ਧਰਤੀ ਵਿਚ ਡੂੰਘੀਆਂ ਸਨ। ਭਾਵੇਂ ਇਸ ਮੁਹਿੰਮ ਦੇ ਚਲਾਉਣ ਵਾਲੇ ਜਾਂ ਮੋਢੀ ਕਿਸਾਨ ਨਹੀਂ ਸਨ ਤਾਂ ਵੀ ਜ਼ਿਮੀਂਦਾਰ ਜੱਟ ਇਸ ਦੀ ਰੀੜ੍ਹ ਦੀ ਹੱਡੀ ਸਨ ਅਤੇ ਕੇਂਦਰੀ ਮੈਦਾਨ ਇਸ ਦਾ ਗੜ੍ਹ ਸਨ।

ਜਾਟ ਸ਼ਬਦ ਦੇ ਨਿਰੁਕਤ ਸੰਬੰਧੀ ਕਈ ਅਨੁਮਾਨ ਹਨ ਜਿਵੇਂ ਕਿ ਨਸਲ ਦੇ ਨਿਕਾਸ ਬਾਰੇ ਹਨ। ਹੁਣ ਇਹ ਆਮ ਧਾਰਨਾ ਬਣ ਗਈ ਹੈ ਕਿ ਜਾਟ ਜਾਂ ਜੱਟ ਜਿਨ੍ਹਾਂ ਭਾਰਤ ਦੇ ਉੱਤਰੀ ਮੈਦਾਨਾਂ ਨੂੰ ਆਪਣਾ ਘਰ ਬਣਾਇਆ, ਉਹ ਆਰੀਆ ਨਸਲ ਵਿਚੋਂ ਸਨ। ਆਪਣੇ ਨਾਲ ਉਹ ਕੁਝ ਸੰਸਥਾਵਾਂ ਲਿਆਏ ਸਨ, ਜਿਸ ਵਿਚ ਸਭ ਤੋਂ ਮਹੱਤਵਪੂਰਣ ਪੰਚਾਇਤਾਂ ਸਨ, ਜਿਹੜੀ ਪੰਜ ਬਜ਼ੁਰਗਾਂ ਦੀ ਚੁਣੀ ਹੋਈ ਜਮਾਤ ਸੀ ਅਤੇ ਸਾਰੇ ਹੀ ਇਸ ਦੀ ਵਫ਼ਾਦਾਰੀ ਦਾ ਦਮ ਭਰਦੇ ਸਨ। ਹਰ ਇਕ ਜੱਟਾਂ ਦਾ ਪਿੰਡ ਛੋਟਾ ਜਿਹਾ ਗਣਰਾਜ ਸੀ, ਜੋ ਇਕੋ ਹੀ ਜਾਤ-ਗੋਤ ਵਿਚੋਂ ਸਨ। ਇਹ ਆਪਣੀ ਬਰਾਦਰੀ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ ਅਤੇ ਆਪਣੇ ਆਪ ਨੂੰ ਉੱਚੀ ਕੁਲ ਦੇ ਮੰਨਦੇ ਸਨ। ਬਾਕੀ ਦੀਆ ਜਾਤਾਂ ਦੇ ਆਦਮੀਆਂ ਨੂੰ ਨੀਵਾਂ ਗਿਣਦੇ ਜਿਹੜੇ ਬੁਣਨਾ, ਤਣਨਾ, ਘੁਮਿਆਰ, ਚਮਾਰ ਜਾਂ ਕੰਮੀ-ਕਮੀਣ ਦੇ ਤੌਰ ਤੇ ਆਪਣੀ ਰੋਟੀ ਕਮਾਉਂਦੇ। ਜੱਟ ਪਿੰਡ ਦੇ ਰਾਜ ਨਾਲ ਸੰਬੰਧ ਇਕ ਖ਼ੁਦਮੁਖ਼ਤਾਰੀ ਵਾਲੇ ਸਨ ਅਤੇ ਉੱਕਾ-ਪੁੱਕਾ ਮਾਲੀਆ ਤਾਰ ਦਿੱਤਾ ਜਾਂਦਾ ਸੀ। ਕੁਝ ਸਰਦਾਰਾਂ ਨੇ ਆਪਣਾ ਅਧਿਕਾਰ ਜਮਾਉਣ ਦਾ ਯਤਨ ਕੀਤਾ ਪਰ ਛੇਤੀ ਹੀ ਸਮਝ ਆ ਗਈ ਕਿ ਕਿਲ੍ਹਾਬੰਦੀ ਹੋ ਰਹੇ ਪਿੰਡਾਂ ਉਪਰ ਫ਼ੌਜੀ ਦਸਤੇ ਭੇਜਣ ਨਾਲ ਕੋਈ ਲਾਭ ਨਹੀਂ ਹੋਵੇਗਾ।

ਜੱਟਾਂ ਦੇ ਆਜ਼ਾਦ ਅਤੇ ਬਰਾਬਰੀ ਦੀ ਸਭਾ ਨੇ ਹਿੰਦੂ ਧਰਮ ਦੇ ਬ੍ਰਾਹਮਣੀ ਰੂਪ ਦੇ ਅਧਿਕਾਰ ਪਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਦੇ ਉਲਟ ਗੰਗਾ ਦੇ ਮੈਦਾਨਾਂ ਦੇ ਬ੍ਰਾਹਮਣਾਂ ਦੇ ਪ੍ਰਤੀ ਇਹ ਦੋਸ਼ ਲਗਾ ਦਿੱਤਾ ਕਿ ਆਰੀਆ ਪੰਜਾਬ ਵਿਚ ਦੋ ਦਿਨ ਤੋਂ

ਵੱਧ ਨਹੀਂ ਰਹਿ ਸਕਦੇ, ਕਿਉਂ ਜੋ ਪੰਜਾਬ ਨੇ ਪੁਜਾਰੀ ਵਰਗ ਦੀ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ। ਹਿੰਦੂਆਂ ਦੀ ਉੱਚੀ ਕੁਲ ਵਾਲਿਆਂ ਵੱਲੋਂ ਜੱਟਾਂ ਦੀ ਬਦਨਾਮੀ ਨੇ ਵੀ ਨਾ ਤਾਂ ਜੱਟਾਂ ਨੂੰ ਆਪਣੀਆਂ ਨਜ਼ਰਾਂ ਵਿਚ ਡੇਗਿਆ ਅਤੇ ਨਾ ਹੀ ਜੱਟਾਂ ਦੇ ਦਿਲਾਂ ਅੰਦਰ ਬ੍ਰਾਹਮਣਾਂ ਤੇ ਖੱਤਰੀਆਂ ਲਈ ਕੋਈ ਉੱਚਾ ਦਰਜਾ ਬਣਿਆ। ਸਗੋਂ ਇਸ ਦੇ ਉਲਟ ਉਸ ਅੰਦਰ ਬ੍ਰਾਹਮਣ ਲਈ ਨੀਵਾਂ ਵਤੀਰਾ ਬਣ ਗਿਆ ਜਿਸ ਨੂੰ ਉਹ ਭਿੱਖਿਆ ਮੰਗਣ ਵਾਲਾ ਜਾਂ ਜੋਤਸ਼ੀ ਸਮਝਦਾ। ਇਸ ਤੋਂ ਖੱਤਰੀ ਕੁਝ ਠੀਕ ਸੀ, ਜਿਹੜਾ ਹੱਕ ਦੀ ਕਮਾਈ ਕਰਦਾ ਅਤੇ ਆਪਣੇ ਲਾਲਚ ਦਾ ਗੁਮਾਨ ਕਰਦਾ ਸੀ। ਜੱਟ ਤਾਂ ਕਾਮਾ ਅਤੇ ਸੂਰਮਾ ਸੀ। ਉਹ ਲੱਕ ਨਾਲ ਤਲਵਾਰ ਲਟਕਾ ਕੇ ਧਰਤੀ ਵਿਚ ਹਲ ਵਾਹੁੰਦਾ ਤੇ ਆਪਣੇ ਦੇਸ਼ ਦੀ ਰੱਖਿਆ ਲਈ ਖੱਤਰੀ ਨਾਲੋਂ ਵੱਧ ਜੰਗ ਲੜਦਾ। ਲੜਾਕੂ ਕਸ਼ੱਤਰੀ ਦੇ ਵਿਪ੍ਰੀਤ ਜੱਟ ਕਦੇ ਆਪਣੇ ਪਿੰਡ ਤੋਂ ਦੌੜਿਆ ਨਹੀਂ, ਜਦੋਂ ਕੋਈ ਹਮਲਾ ਕਰ ਦੇਵੇ। ਇਸ ਕਰਕੇ ਜੱਟ ਨਾਲ ਜੇ ਕਿਸੇ ਧਾੜਵੀ ਨੇ ਹੀਣਤਾ ਦਾ ਵਰਤਾਓ ਕੀਤਾ ਜਾਂ ਉਸ ਦੀ ਧੀ-ਭੈਣ ਦੀ ਬੇਪਤੀ ਕੀਤੀ ਤਾਂ ਜੱਟ ਨੇ ਉਸ ਵੇਲੇ ਬਦਲਾ ਲੈ ਲਿਆ ਜਦੋਂ ਉਹ ਲੁੱਟ-ਮਾਰ ਕਰਕੇ ਭਾਰਤ ਤੋਂ ਪਰਤਦਾ ਤਾਂ ਜੱਟ ਉਸ ਦਾ ਮਾਲ ਖੋਹ ਲੈਂਦਾ। ਪੰਜਾਬੀ ਜੱਟਾਂ ਨੂੰ ਸੰਸਾਰ ਦੀਆਂ ਵਸਤਾਂ ਨਾਲ ਮੋਹ ਘੱਟ ਸੀ ਪਰ ਉਹ ਆਪਣੀ ਜਾਨ ਅਤੇ ਮਾਲ ਭਾਰੀ ਗਿਣਤੀ ਦੇ ਮੁਕਾਬਲੇ ਦਾਓ 'ਤੇ ਲਾ ਦਿੰਦਾ। ਇਸ ਦੇ ਨਾਲ ਹੀ ਉਹ ਆਪਣੇ ਦੇਸ਼ ਦੀ ਰਾਖੀ ਲਈ ਵੀ ਸੁਚੇਤ ਸੀ। ਉਸ ਦੀ ਦੇਸ਼-ਭਗਤੀ ਦੀ ਭਾਵਨਾ ਵਿਦੇਸ਼ੀਆਂ ਲਈ ਉੱਕਾ ਹੀ ਦੁਸ਼ਮਣੀ ਦੀ ਸੀ, ਪਰ ਆਪਣੇ ਦੇਸ਼ਵਾਸੀਆਂ ਲਈ ਦਿਆਲੂ ਤੇ ਕਦੇ-ਕਦੇ ਘ੍ਰਿਣਾ-ਪੂਰਵਕ ਵੀ, ਕਿਉਂ ਜੋ ਉਨ੍ਹਾਂ ਦੀ ਕਿਸਮਤ ਜੱਟ ਦੀ ਸੂਰਮਗਤੀ ਅਤੇ ਧੀਰਜ 'ਤੇ ਨਿਰਭਰ ਕਰਦੀ ਸੀ।

ਕਾਂਡ—2

ਸਿੱਖ ਧਰਮ ਦਾ ਜਨਮ

ਧਰਮ ਦੀ ਹਰ ਨਵੀਂ ਲਹਿਰ ਪਹਿਲੋਂ ਵਿਚਰ ਰਹੇ ਧਰਮਾਂ ਜਾਂ ਮੱਤਾਂ ਤੋਂ ਪੈਦਾ ਹੁੰਦੀ ਹੈ ਅਤੇ ਉਨ੍ਹਾਂ ਤੋਂ ਹੀ ਰੂਪ ਧਾਰਦੀ ਹੈ। ਇਸੇ ਲਈ ਉਨ੍ਹਾਂ ਵਾਂਗ ਹੀ ਜਾਪਦੀ ਹੈ। ਸਿੱਖ ਧਰਮ ਦਾ ਜਨਮ ਵੀ ਹਿੰਦੂ ਧਰਮ ਅਤੇ ਇਸਲਾਮੀ ਮੱਤ ਦੇ ਸੰਜੋਗ ਤੋਂ ਹੋਇਆ ਹੈ, ਜਿਹੜਾ ਲਗਪਗ ਨੌਂ ਸਦੀਆਂ ਪਹਿਲੋਂ ਤੋਂ ਬਣਿਆ ਹੋਇਆ ਸੀ। ਪਰ ਇਕ ਵਾਰ ਜਨਮ ਧਾਰਨ ਉਪਰੰਤ ਇਸ ਦਾ ਆਪਣਾ ਹੀ ਨਵੇਕਲਾ ਰੂਪ ਉਘੜਨ ਲੱਗਾ। ਸਮਾਂ ਲੰਘਣ ਉਪਰੰਤ ਇਸ ਅਜਿਹੇ ਧਰਮ ਦਾ ਰੂਪ ਧਾਰਨ ਕੀਤਾ, ਜਿਹੜਾ ਥੋੜ੍ਹਾ-ਬਹੁਤਾ ਹਿੰਦੂ ਧਰਮ ਨਾਲ ਮਿਲਦਾ-ਜੁਲਦਾ ਸੀ। ਪਰ ਕੁਝ ਨਖ-ਸਿਖ ਐਸੇ ਵੀ ਸਨ ਜਿਹੜੇ ਕਿਸੇ ਨਾਲ ਵੀ ਸਮਾਨਤਾ ਨਹੀਂ ਰੱਖਦੇ ਸਨ। ਬਿਲਕੁਲ ਵੱਖਰੇ ਹੀ ਸਨ। ਸਿੱਖ ਧਰਮ ਦੀ ਪੂਰੀ ਜਾਣਕਾਰੀ ਲਈ ਅਤੇ ਇਸ ਦੀ ਵਿਸ਼ਵ ਦੇ ਧਾਰਮਿਕ ਵਿਚਾਰਾਂ ਵਿਚ ਪਾਏ ਗਏ ਹਿੱਸੇ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਹਿੰਦੂ ਧਰਮ ਦੇ ਮੁੱਢਲੇ ਰੂਪ ਨੂੰ, ਮੁਸਲਮਾਨ ਹਮਲਿਆਂ ਪ੍ਰਤੀ ਇਸ ਦੇ ਪ੍ਰਤੀਕਰਮ ਅਤੇ ਇਸਲਾਮੀ ਮੱਤ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਇਸ ਵੱਲੋਂ ਕੀਤੇ ਗਏ ਕੁਝ ਅਸੂਲਾਂ ਦੇ ਸਮਝੌਤਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ। ਸਾਨੂੰ ਇਹ ਵੀ ਜਾਨਣਾ ਪਵੇਗਾ ਕਿ ਇਸਲਾਮ ਕਿਵੇਂ ਫੈਲਿਆ ਅਤੇ ਆਪਣੇ ਰੇਗਿਸਤਾਨੀ ਇਲਾਕੇ ਤੋਂ ਚਲਦਾ-ਚਲਦਾ ਭਾਰਤ ਵਿਚ ਆ ਕੇ ਕਿਵੇਂ ਪੱਕਾ ਨਿਵਾਸ ਕਰ ਬੈਠਾ। ਇਸ ਨਾਲ ਸਾਨੂੰ ਇਹ ਸਮਝ ਆ ਜਾਵੇਗੀ ਕਿ ਦੋਹਾਂ ਵਿਰੋਧੀ ਧਰਮਾਂ ਨੂੰ ਕਿਵੇਂ ਮਿੱਤਰਤਾ ਦਾ ਹੱਥ ਇਕ ਦੂਜੇ ਪ੍ਰਤੀ ਵਧਾਇਆ ਅਤੇ ਅੱਛੇ ਗੁਆਂਢੀਆਂ ਵਾਂਗ ਅਜਿਹੇ ਅਸੂਲਾਂ ਨੂੰ ਵਿਕਸਿਤ ਕੀਤਾ ਜਿਨ੍ਹਾਂ ਸਦਕਾ ਇਕੱਠੇ ਅਮਨ-ਸ਼ਾਂਤੀ ਦਾ ਜੀਵਨ ਬਿਤਾ ਸਕਣ।

ਪਿਛੋਕੜ : ਹਿੰਦੂ ਧਰਮ

ਹਿੰਦੂ ਧਰਮ ਦੀ ਠੀਕ-ਠੀਕ ਪਰਿਭਾਸ਼ਾ ਕਰਨੀ ਔਖੀ ਹੈ। ਇਸ ਦੇ ਤਿੰਨ ਪੱਖ ਹਨ : ਇਸ ਦੇ ਦੇਵੀ-ਦੇਵਤਿਆਂ ਦੇ ਮੰਦਰ ਅਤੇ ਉਨ੍ਹਾਂ ਨਾਲ ਜੁੜੀਆਂ ਹੋਈਆਂ ਲੋਕ-ਕਥਾਵਾਂ, ਵਰਨ-ਵਿਵਸਥਾ ਜਾਂ ਜ਼ਾਤ-ਪਾਤ ਅਤੇ ਸੰਸਕ੍ਰਿਤ ਗ੍ਰੰਥਾਂ ਦੀ ਕਵਿਤਾ ਅਤੇ ਦਰਸ਼ਨ। ਪਹਿਲੇ ਦੋ ਤਾਂ ਉਸ ਸਿੱਧੇ ਪ੍ਰਭਾਵ ਦਾ ਸਿੱਟਾ ਸਨ ਜਿਹੜਾ ਆਰੀਆ ਲੋਕਾਂ ਦੇ ਆਉਣ ਨਾਲ ਭਾਰਤ ਦੇ ਆਦਿਵਾਸੀਆਂ ਤੇ ਉਨ੍ਹਾਂ ਦੇ ਸਭਿਆਚਾਰ 'ਤੇ ਪਿਆ। ਤੀਸਰਾ ਆਰੀਆ ਲੋਕਾਂ ਦੀ ਵਿਦਵਤਾ ਦਾ ਸਿੱਟਾ ਸੀ ਜਿਸ ਨੂੰ ਇਹ ਲੋਕ ਆਪਣੇ ਪਹਿਲੇ ਘਰ ਤੋਂ ਨਾਲ ਲਿਆਏ ਅਤੇ ਇਸ ਦਾ ਬਹੁਤ ਕੁਝ ਇਥੇ ਆ ਕੇ ਪੈਦਾ ਕੀਤਾ।

ਇਉਂ ਜਾਪਦਾ ਹੈ ਜਦੋਂ ਆਰੀਆ ਲੋਕ ਆਏ ਤਾਂ ਉੱਤਰੀ ਭਾਰਤ ਵਿਚ ਵਸਦੇ ਲੋਕਾਂ ਦਾ ਕੋਈ ਨਿਸ਼ਚਿਤ ਧਰਮ ਨਹੀਂ ਸੀ। ਉਹ ਅਨੇਕ ਪ੍ਰਕਾਰ ਦੇ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ (ਜਿਵੇਂ ਕਿ ਮੋਹਿੰਜੋਦਾੜੋ ਦੇ ਨਰ-ਨਾਰੀ ਦੇਵਤੇ)। ਇਹ ਉਨ੍ਹਾਂ ਹੀ ਚੀਜ਼ਾਂ ਦਾ ਰੂਪ ਸਨ, ਜਿਨ੍ਹਾਂ ਤੋਂ ਉਹ ਬਹੁਤ ਭੈਭੀਤ ਹੁੰਦੇ। ਉਹ ਸੱਪ-ਸਪੋਲੀਏ ਜਾਂ ਪਸ਼ੂਆਂ ਦੇ ਅਕਾਰਾਂ ਅੱਗੇ

ਬਲੀ ਚੜ੍ਹਾਉਂਦੇ ਅਤੇ ਵੱਡੀ ਮਾਤਾ ਜਾਂ ਪਲੇਗ ਦੀ ਮਹਾਂਮਾਰੀ ਟਾਲਣ ਲਈ ਅਰਾਧਨਾ ਕਰਦੇ। ਆਰੀਆ ਲੋਕ ਪ੍ਰਕਿਰਤੀ ਵਿਚ ਸੁੰਦਰਤਾ ਦੇ ਪੁਜਾਰੀ ਸਨ। ਉਹ ਪਵਿੱਤਰ ਆਕਾਸ਼ ਅਤੇ ਚੜ੍ਹਦੇ ਸੂਰਜ, ਬੱਦਲਾਂ ਦੀ ਗਰਜਨ ਅਤੇ ਚਮਕਦੀ ਬਿਜਲੀ ਦੇ ਭਜਨ ਗਾਉਂਦੇ। ਜਦੋਂ ਪੂਰਨਮਾਸ਼ੀ ਦਾ ਚੰਨ ਜੋਬਨ ਵਿਖਾਉਂਦਾ ਤਾਂ ਸੋਮਰਸ ਦਾ ਪਾਨ ਕਰਦੇ। ਅਧਿਆਤਮਵਾਦੀਆਂ ਦੇ ਭੈਭੀਤ ਵਾਲੇ ਵਿਸ਼ਵਾਸ ਅਤੇ ਵਿਸਮਾਦੀ ਰੰਗ ਵਾਲੇ ਪ੍ਰਕਿਰਤੀ ਦੇ ਪ੍ਰੇਮੀਆਂ ਦੀ ਭਰਤੀ ਹਿੰਦੂ ਮੰਦਰਾਂ ਤੇ ਸ਼ਿਵਾਲਿਆਂ ਦੀ ਉਸਾਰੀ ਹੋਈ। ਆਦਿਵਾਸੀਆਂ ਦੇ ਦੇਵੀ-ਦੇਵਤੇ ਜਾਂ ਤਾਂ ਪਿਛੋਕੜ ਵਿਚ ਹੀ ਅਲੋਪ ਹੋ ਗਏ ਜਾਂ ਉਨ੍ਹਾਂ ਨੂੰ ਆਰੀਆ ਚੋਲੇ ਵਿਚ ਪੁਨਰ-ਜੀਵਨ ਪਰਸਪਰ ਸੰਬੰਧਾਂ ਵਿਚ ਵੀ ਕਾਫ਼ੀ ਅਦਲ-ਬਦਲ ਹੋਇਆ। ਅੰਤ ਵਿਚ ਤ੍ਰਿਮੂਰਤੀ ਦਾ ਸੰਕਲਪ ਹੋਇਆ—ਬ੍ਰਹਮਾ ਉਤਪਤੀ ਲਈ, ਵਿਸ਼ਨੂੰ ਪਾਲਣ-ਪੋਸਣ ਲਈ ਅਤੇ ਸ਼ਿਵ ਸੰਹਾਰ ਕਰਨ ਲਈ-। ਇਕ ਈਸ਼ਵਰ ਦੇ ਇਹ ਤਿੰਨ ਰੂਪ ਸਨ। ਇਸ ਪ੍ਰਕਾਰ ਬਹੁਦੇਵ ਪੂਜਾ ਤੋਂ ਇਹ ਖ਼ਿਆਲ ਉਤਪੰਨ ਹੋਇਆ ਕਿ ਉਤਪਤੀ ਪਾਲਣ ਅਤੇ ਸੰਘਾਰ ਕਰਨ ਦੀ ਸ਼ਕਤੀ ਇਕ ਹੀ ਬ੍ਰਹਮ ਵਿਚ ਨਿਵਾਸ ਰੱਖਦੀ ਹੈ।

ਆਰੀਆ ਲੋਕਾਂ ਦੇ ਭਾਰਤ ਵਿਚ ਵੱਸਣ ਨਾਲ ਵਰਨ-ਵਿਵਸਥਾ ਜਾਂ ਜਾਤ-ਪਾਤ ਦਾ ਸਿੱਟਾ ਨਿਕਲਿਆ। ਉਚੇ, ਗੋਰੇ ਅਤੇ ਬਿੱਲੀਆਂ ਅੱਖਾਂ ਵਾਲੇ ਹਮਲਾ ਕਰਨ ਵਾਲਿਆਂ ਨੇ ਇਹ ਢੰਗ-ਤਰੀਕਾ ਆਪਣੀ ਨਸਲ ਦੀ ਸ਼ੁੱਧਤਾ ਕਾਇਮ ਰੱਖਣ ਲਈ ਕੀਤਾ ਸੀ। ਅਤੇ ਚਾਹੁੰਦੇ ਸਨ ਕਿ ਇਥੋਂ ਦੇ ਕਾਲੀ ਚਮੜੀ ਵਾਲੇ ਲੋਕ, ਜਿਨ੍ਹਾਂ ਨਾਲ ਉਹ ਆ ਵੱਸੇ ਸਨ, ਇਨ੍ਹਾਂ ਦੀ ਤਾਬਿਆਦਾਰੀ (ਗ਼ੁਲਾਮੀ) ਕਰਨ। ਲੋਕਾਂ ਦੀ ਆਬਾਦੀ ਨੂੰ ਉਨ੍ਹਾਂ ਚਾਰ ਜਮਾਤਾਂ ਵਿਚ ਵੰਡਿਆ, ਜਿਸ ਤੋਂ ਨਸਲੀ ਸ਼ੁੱਧਤਾ ਦੀ ਝਲਕ ਮਿਲਦੀ ਸੀ। ਹਰ ਇਕ ਲਈ ਵਿਸ਼ੇਸ਼ ਕਿੱਤਾ ਨੀਅਤ ਕੀਤਾ। ਕੁਦਰਤੀ ਤੌਰ ਤੇ ਇਸ ਦੇ ਨਿਰਧਾਰਤ ਕਰਨ ਵਾਲੇ ਸਿਖਰ 'ਤੇ ਸਨ। ਬ੍ਰਾਹਮਣ ਆਪਣੇ ਵਾਸਤੇ ਉਨ੍ਹਾਂ ਪੁਜਾਰੀ ਜਾਂ ਪੰਡਤ ਦਾ ਕੰਮ ਧਾਰਮਿਕ ਗ੍ਰੰਥਾਂ ਦਾ ਪਾਠ ਅਧਿਐਨ ਅਤੇ ਕਥਾ-ਵਾਰਤਾ ਦੀ ਵਿਸ਼ੇਸ਼ ਇਜਾਰੇਦਾਰੀ ਰਾਖਵੀਂ ਕਰ ਲਈ, ਇਨ੍ਹਾਂ ਤੋਂ ਹੇਠਾਂ ਸਨ ਕਸ਼ੱਤਰੀ ਜਾਂ ਬਹਾਦਰ ਲੋਕ, ਜਿਨ੍ਹਾਂ ਦੇ ਜ਼ਿੰਮੇ ਦੇਸ਼ ਦੀ ਰੱਖਿਆ ਸੀ। ਅੱਗੇ ਆਉਂਦੇ ਸਨ ਵੈਸ਼ ਜਾਂ ਵਪਾਰੀ। ਸਭ ਤੋਂ ਹੇਠਲਾ ਦਰਜਾ ਸ਼ੂਦਰਾਂ ਦਾ ਸੀ, ਜਿਹੜੇ ਕੰਮੀ-ਕਮੀਣ ਸਨ। ਜਿਹੜੇ ਸ਼ੁੱਧ ਆਦਿਵਾਸੀ ਸਨ, ਉਨ੍ਹਾਂ ਦਾ ਕੋਈ ਸਮਾਜਿਕ ਦਰਜਾ ਨਹੀਂ ਸੀ। ਉਨ੍ਹਾਂ ਨੂੰ ਜਾਂ ਤਾਂ ਜੰਗਲਾਂ-ਪਹਾੜਾਂ ਵਿਚ ਦੌੜਾ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਅਜਿਹੇ ਕੰਮ ਸੌਂਪੇ ਗਏ ਜਿਹੜੇ ਬਹੁਤ ਹੀ ਗੰਦੇ ਸਨ। ਉਨ੍ਹਾਂ ਨੂੰ ਅਛੂਤ ਬਣਾ ਦਿੱਤਾ ਗਿਆ ਜਿਸ ਦੀ ਛੋਹ ਤੋਂ ਪਾਣੀ ਵੀ ਭਿੱਟ ਜਾਂਦਾ ਸੀ ਤੇ ਫੇਰ ਸ਼ੁੱਧੀ ਦੀ ਲੋੜ ਪੈਂਦੀ। ਇਸ ਪ੍ਰਕਾਰ ਉਸ ਦਾ ਮੁੜ ਉੱਚੀ ਬਰਾਦਰੀ ਵਿਚ ਆਉਣਾ ਰੋਕ ਦਿੱਤਾ ਗਿਆ। ਜਾਤ-ਪਾਤ ਦੀ ਵਿਵਸਥਾ ਨੂੰ ਠੀਕ ਹੀ ਬ੍ਰਾਹਮਣੀ ਹਿੰਦੂ ਧਰਮ ਕਿਹਾ ਗਿਆ ਹੈ ਕਿਉਂਕਿ ਬ੍ਰਾਹਮਣਾਂ ਨੇ ਹੀ ਸਮਾਜਕ ਢਾਂਚੇ ਦਾ ਐਸਾ ਰੂਪ ਘੜਿਆ ਜਿਹੜਾ ਉਨ੍ਹਾਂ ਦੇ ਉਦੇਸ਼ ਦੀ ਪੂਰਤੀ ਕਰਦਾ ਸੀ।

ਪਰ ਸਭ ਤੋਂ ਮਹੱਤਵਪੂਰਨ ਪੱਖ ਹਿੰਦੂ ਧਰਮ ਵਿਚ ਨਾ ਮੰਦਰ ਤੇ ਨਾ ਸ਼ਿਵਾਲੇ ਸਨ ਅਤੇ ਨਾ ਹੀ ਇਸ ਦਾ ਸਮਾਜਕ ਢਾਂਚਾ ਸੀ, ਸਗੋਂ ਵੇਦਾਂ ਦਾ ਗਿਆਨ ਅਤੇ ਕਾਵਿ ਸੀ ਅਤੇ ਉਹ ਟਿੱਪਣੀ ਜਾਂ ਵਿਆਖਿਆ ਸੀ ਜੋ ਇਨ੍ਹਾਂ ਦੀ ਵਿਦਵਾਨ ਅਚਾਰੀਆਂ ਦੁਆਰਾ ਕੀਤੀ ਗਈ ਸੀ। ਦੇਵੀ-ਦੇਵਤਿਆਂ ਦਾ ਮਾਣ-ਪ੍ਰਤਿਸ਼ਠਾ ਘਟਦਾ-ਵਧਦਾ ਰਿਹਾ, ਜਾਤ-ਪਾਤ ਦੀ ਵਿਵਸਥਾ ਦੀ ਆਲੋਚਨਾ ਹੁੰਦੀ ਰਹੀ ਅਤੇ ਇਸ ਨੂੰ ਨਿੰਦਿਆ ਵੀ ਗਿਆ ਪਰ ਪਵਿੱਤਰ ਸ਼ਾਸਤਰਾਂ ਬਾਰੇ ਕਿਸੇ ਕਿੰਤੂ ਨਹੀਂ ਕੀਤਾ ਅਤੇ ਉਲੰਘਣਾ ਵੀ ਨਹੀਂ ਕੀਤੀ। ਵੇਦਾਂ ਦੇ ਭਜਨਾਂ ਨੇ ਆਤਮਿਕ ਸਾਰਥਕਤਾ ਪਰਦਾਨ ਕੀਤੀ, ਉਪਨਿਸ਼ਦਾਂ ਦੇ ਦਾਰਸ਼ਨਿਕ ਪ੍ਰਮਾਣਿਕਤਾ ਅਤੇ ਮਹਾਂ-ਕਾਵਿ ਹਿੰਦੂ

ਜਾਤਾਂ ਲਈ ਵਿਵਹਾਰ ਮਰਿਆਦਾ ਦੇ ਨਿਯਮ ਬਣ ਗਏ। ਇਨ੍ਹਾਂ ਗ੍ਰੰਥਾਂ ਸਦਕਾ ਹਿੰਦੂ ਧਰਮ ਹੋਰ ਧਰਮਾਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰ ਸਕਿਆ, ਜਿਵੇਂ ਕਿ ਜੈਨ, ਬੁੱਧ ਮੱਤ ਅਤੇ ਇਸਲਾਮ।

ਇਹ ਸਪੱਸ਼ਟ ਸੀ ਕਿ ਜਿਸ ਧਰਮ ਅੰਦਰ ਅਨੇਕ ਦੇਵੀ-ਦੇਵਤਿਆਂ ਦਾ ਝਮੇਲਾ ਹੈ ਅਤੇ ਜਿਸ ਅੰਦਰ ਇਕ ਵਰਗ ਦੇ ਬਹੁਤ ਸਾਰੇ ਲੋਕਾਂ ਨੂੰ ਨੀਵੇਂ ਮਨੁੱਖ ਦਾ ਦਰਜਾ ਦਿੱਤਾ ਗਿਆ ਹੋਵੇ, ਉਹ ਬਹੁਤ ਸਮੇਂ ਤਕ ਚੁਣੌਤੀ ਰਹਿਤ ਨਹੀਂ ਰਹਿ ਸਕਦਾ। ਸਭ ਤੋਂ ਪਹਿਲਾਂ ਵਿਰੋਧ ਬ੍ਰਾਹਮਣੀ ਹਿੰਦੂ ਧਰਮ ਬਾਰੇ ਮਹਾਵੀਰ (ਪੰਜਵੀਂ ਸਦੀ ਈਸਾ ਪੂਰਵ) ਵੱਲੋਂ ਅਤੇ ਗੌਤਮ ਬੁੱਧ (567-427 ਈਸਾ ਪੂਰਵ) ਵੱਲੋਂ ਹੋਇਆ। ਮਹਾਤਮਾ ਬੁੱਧ ਦੇ ਕਾਲ-ਵੱਸ ਹੋਣ ਦੇ ਦੋ ਸੌ ਸਾਲ ਦੇ ਅੰਦਰ ਹੀ ਬੁੱਧ ਧਰਮ ਨੇ ਹਿੰਦੂ ਧਰਮ ਨੂੰ ਸਾਰੇ ਉੱਤਰੀ ਭਾਰਤ ਵਿਚੋਂ ਪੈਰੋਂ ਕੱਢ ਦਿੱਤਾ। ਈਸਾ ਦੇ ਪੈਦਾ ਹੋਣ ਸਮੇਂ ਅਤੇ ਉਸ ਤੋਂ ਉਪਰੰਤ ਸੱਤ ਸੌ ਸਾਲ ਤਕ ਭਾਰਤ ਦਾ ਪ੍ਰਬਲ ਧਰਮ ਬੁੱਧ ਹੀ ਸੀ।

ਹਿੰਦੂ ਧਰਮ ਦਾ ਪੁਨਰ-ਜਾਗਰਣ ਦੱਖਣੀ ਭਾਰਤ ਵਿਚ ਨੌਵੀਂ ਸਦੀ ਈਸਾ ਉਪਰੰਤ ਹੋਇਆ। ਸੰਤਾਂ ਦੇ ਦੋ ਗੁੱਟ—ਅਲਵਾਰ ਅਤੇ ਆਦਿਆਰ ਇਸ ਦੇ ਉਦੇਸ਼ ਬਣੇ ਅਤੇ ਉਨ੍ਹਾਂ ਨੇ ਜੈਨ ਮੱਤ ਦੇ ਕਮਜ਼ੋਰ ਪੱਖਾਂ ਉੱਤੇ ਆਕ੍ਰਮਣ ਕੀਤਾ—ਇਨ੍ਹਾਂ ਦੀ ਆਚਰਣ ਨਿਯਮਾਵਲੀ ਵਿਚ ਭਾਵਨਾ ਦੀ ਅਣਹੋਂਦ ਅਲਵਾਰਾਂ ਨੇ ਵਿਸ਼ਨੂੰ ਅਤੇ ਆਦਿਆਰਾਂ ਨੇ ਸ਼ਿਵ ਪ੍ਰਣਾਲੀ ਦੇ ਉਦੇਸ਼ ਨੂੰ ਬੜ੍ਹਾਵਾ ਦਿੱਤਾ। ਪਰ ਦੋਹਾਂ ਨੇ ਆਪਣੇ ਹੀ ਦੇਵਤੇ ਨੂੰ ਇਕ ਪਰਮਾਤਮਾ ਦਾ ਦਰਜਾ ਦਿੱਤਾ। ਉਨ੍ਹਾਂ ਜਾਤ-ਪਾਤ ਦੇ ਬੰਧਨਾਂ ਵਿਚ ਢਿੱਲ ਵੀ ਦਿੱਤੀ। ਨੀਵੀਆਂ ਜਾਤਾਂ ਦੇ ਲੋਕਾਂ ਨੂੰ ਪੂਜਾ ਕਰਨ ਦੀ ਇਜਾਜ਼ਤ ਦਿੱਤੀ ਗਈ। ਉਨ੍ਹਾਂ ਪ੍ਰੇਮ ਅਤੇ ਪਰਮਾਤਮਾ ਦੀ ਉਸਤਤਿ ਲਈ ਦੁਬਾਰਾ ਆਪਣਾ ਸੰਦੇਸ਼ ਪ੍ਰਚਾਰਿਆ। ਲੱਖਾਂ ਹੀ ਲੋਕ ਅਜਿਹੇ ਸਨ, ਜਿਨ੍ਹਾਂ ਨੂੰ ਬੁੱਧ ਅਤੇ ਜੈਨ ਧਰਮ ਦੇ ਉੱਚੇ ਇਖ਼ਲਾਕੀ ਅਸੂਲਾਂ ਦੀ ਸਮਝ ਹੀ ਨਹੀਂ ਆਈ ਅਤੇ ਉਹ ਨਿਸਨੂਰ ਇਕੱਲੇ-ਪਨ ਵਿਚ ਨਿੱਘਰ ਰਹੇ ਸਨ। ਨਵੇਂ ਹਿੰਦੂ ਧਰਮ ਨੂੰ ਅਪਨਾਉਣ ਵਿਚ ਉਹ ਨਿੱਘ ਮਹਿਸੂਸ ਕਰਨ ਲੱਗੇ। ਇਸ ਵਿਚ ਇਕ ਪਰਮਾਤਮਾ ਦੀ ਮਾਨਤਾ ਦੀ ਮਾਨਤਾ ਸੀ, ਮਨੁੱਖਤਾ ਦੀ ਬਰਾਬਰੀ ਸੀ ਅਤੇ ਸੰਗੀਤ ਰੂਪ ਵਿਚ ਭਜਨ-ਕੀਰਤਨ ਰਾਹੀਂ ਪੂਜਾ ਕੀਤੀ ਜਾਂਦੀ ਸੀ। ਲਹਿਰ ਉਲਟ ਗਈ। ਬੁੱਧ ਮੱਤ ਭਾਰਤ ਤੋਂ ਬਾਹਰ ਨਿਕਲ ਗਿਆ ਅਤੇ ਜੈਨ ਮੱਤ ਡੁੱਬ ਗਿਆ। ਜਦੋਂ ਹਿੰਦੂ ਧਰਮ ਮੁੜ ਆਪਣਾ ਅਸਲੀ ਰੂਪ ਧਾਰਨ ਕਰ ਰਿਹਾ ਸੀ ਤਾਂ ਇਸ ਨੂੰ ਇਸਲਾਮ ਦੀ ਚੁਣੌਤੀ ਦਾ ਸਾਮ੍ਹਣਾ ਕਰਨਾ ਪਿਆ। ਜਿਸ ਨੇ ਭਾਰਤ ਦੀ ਧਰਤੀ 'ਤੇ ਹਰਾ ਝੰਡਾ ਆਣ ਗੱਡਿਆ।

ਪਿਛੋਕੜ : ਇਸਲਾਮ ਧਰਮ

ਬਹੁਤ ਪੁਰਾਤਨ ਸਮੇਂ ਤੋਂ ਭਾਰਤ ਅਤੇ ਅਰਬ ਵਿਚਕਾਰ ਵਪਾਰਕ ਸੰਬੰਧ ਤਾਂ ਚਲਦੇ ਆ ਰਹੇ ਸਨ। ਜਦੋਂ ਵੀ ਹਰ ਬਸੰਤ ਵਿਚ ਮਾਨਸੂਨ ਦੇ ਬੱਦਲ ਅਰਬ ਸਾਗਰ ਉਪਰ ਆ ਘਿਰਦੇ ਤਾਂ ਅਰਬ ਲੋਕ ਆਪਣੇ ਸਮੁੰਦਰੀ ਜਹਾਜ਼ਾਂ 'ਤੇ ਖ਼ੁਸ਼ਬੂਦਾਰ ਜੜ੍ਹੀ-ਬੂਟੀਆਂ, ਜਿਹੜੀਆਂ ਰੇਗਿਸਤਾਨ ਵਿਚ ਹੁੰਦੀਆਂ, ਲੱਦ ਲੈਂਦੇ। ਜਦੋਂ ਪੌਣਾਂ ਦਾ ਰੁਖ ਪੂਰਵ ਦਿਸ਼ਾਵਾਂ ਵੱਲ ਹੁੰਦਾ ਤਾਂ ਉਹ ਆਪਣੇ ਬਾਦਬਾਨ ਖੋਲ੍ਹ ਦਿੰਦੇ ਅਤੇ ਸਮੁੰਦਰੀ ਹਵਾ ਨਾਲ ਆਪਣੇ ਜਹਾਜ਼ਾਂ ਨੂੰ ਭਾਰਤ ਵੱਲ ਚੱਲਣ ਦਿੰਦੇ। ਪੱਛਮੀ ਘਾਟ 'ਤੇ ਵਰਖਾ ਹੋਣ ਤੋਂ ਪਹਿਲਾਂ ਅਰਬ ਜਹਾਜ਼ ਭਾਰਤੀ ਬੰਦਰਗਾਹਾਂ 'ਤੇ ਆ ਜਾਂਦੇ ਅਤੇ ਉਨ੍ਹਾਂ ਦਾ ਸਮਾਨ ਵਪਾਰੀ ਸ਼ਹਿਜ਼ਾਦਿਆਂ ਦੇ ਭੰਡਾਰਾਂ ਵਿਚ ਰਖਿਆ ਜਾਂਦਾ। ਪੱਛਮੀ ਘਾਟ ਸਿੰਧ ਦੇ ਮੂੰਹ ਤੋਂ ਲੈ ਕੇ ਕੈਂਬੇ ਖਾੜੀ ਦੇ ਨਾਲ-ਨਾਲ ਅਤੇ

ਪੱਛਮੀ ਘਾਟ ਦੇ ਧੁਰ ਦੱਖਣ ਵਿਚ ਕੰਨਿਆਕੁਮਾਰੀ ਤਕ ਲਗਦਾ, ਸੀ। ਇਥੋਂ ਦੇ ਲੋਕ ਅਰਬ ਤਾਜਰਾਂ ਜਾਂ ਵਪਾਰੀਆਂ ਦੇ ਹਰ ਸਾਲ ਆਉਣ ਬਾਰੇ ਪੂਰੀ ਤਰ੍ਹਾਂ ਜਾਣੂ ਸਨ ਜਿਵੇਂ ਮਾਨਸੂਨ ਦੇ ਬੱਦਲਾਂ ਤੋਂ ਪਹਿਲੋਂ ਹੀ ਪੂਰਬੀ ਅਫਰੀਕਾ ਤੋਂ ਪੰਛੀ ਉੱਡ ਕੇ ਆ ਜਾਂਦੇ ਸਨ। ਮਾਨਸੂਨ ਵਾਂਗ ਇਹ ਦੋਵੇਂ ਵੀ ਪੁਰਾਤਨ ਚਮਤਕਾਰ ਵਾਂਗ ਸੀ। ਅੰਤਰ ਇੰਨਾ ਹੀ ਸੀ ਕਿ ਪੰਛੀ ਤਾਂ ਸਾਰੇ ਹੀ ਕੁਝ ਮਹੀਨੇ ਰਹਿ ਕੇ ਅਫਰੀਕਾ ਨੂੰ ਵਾਪਸ ਉੱਡ ਜਾਂਦੇ, ਪਰ ਸਾਰੇ ਅਰਬ ਵਪਾਰੀ ਵਾਪਸ ਨਹੀਂ ਸਨ ਪਰਤਦੇ। ਕਈਆਂ ਨੇ ਭਾਰਤੀ ਇਸਤਰੀਆਂ ਨਾਲ ਸ਼ਾਦੀ ਕਰ ਲਈ ਅਤੇ ਇਥੇ ਹੀ ਆਬਾਦ ਹੋ ਗਏ।

ਹਜ਼ਰਤ ਮੁਹੰਮਦ (ਸੰਨ 569-632) ਦੇ ਪੈਦਾ ਹੋਣ ਨਾਲ ਬੁੱਤ-ਪੂਜਾ ਅਤੇ ਸੁਖ-ਜਾਨ ਵਾਲੇ ਅਰਬ ਇਕ ਧਰਮ ਵਿਚ ਬੱਝ ਗਏ ਅਤੇ ਬਹਾਦਰ ਕੌਮ ਬਣ ਗਏ। ਉਨ੍ਹਾਂ ਅੰਦਰ ਇਸਲਾਮ ਧਰਮ ਦਾ ਹਰ ਕੋਨੇ ਵਿਚ ਪ੍ਰਚਾਰ ਕਰਨ ਲਈ ਅਥਾਹ ਜੋਸ਼ ਸੀ। ਵਪਾਰੀ ਜਹਾਜ਼ ਹਰ ਸਾਲ ਆਪਣੇ ਨਾਲ ਖਜੂਰਾਂ ਅਤੇ ਖੁਸ਼ਬੂਦਾਰ ਧੂਪ ਲਿਆਉਂਦੇ ਸਨ, ਪਰ ਹੁਣ ਉਹ ਆਪਣੇ ਨਾਲ ਇਕ ਨਵਾਂ ਧਰਮ ਵੀ ਲਿਆਏ। ਭਾਰਤ ਦੇ ਪੱਛਮੀ ਘਾਟ 'ਤੇ ਸੰਨ 636 ਤੋਂ ਅੱਗੇ ਮੁਸਲਮਾਨਾਂ ਦੀ ਕਾਫ਼ੀ ਆਬਾਦੀ ਹੋ ਗਈ, ਵਿਸ਼ੇਸ਼ ਕਰਕੇ ਮਾਲਾਬਾਰ ਦੇ ਇਲਾਕੇ ਵਿਚ। ਦੱਖਣੀ ਭਾਰਤ ਦੇ ਲੋਕਾਂ ਨੂੰ ਨਵੇਂ ਧਰਮ ਨੂੰ ਜੀ-ਆਇਆਂ ਕਿਹਾ। ਮੁਸਲਮਾਨਾਂ ਨੂੰ ਮਸੀਤਾਂ ਉਸਾਰਨ ਦੀ ਖੁੱਲ੍ਹ ਦਿੱਤੀ ਗਈ। ਜਿਹੜੇ ਛੜੇ ਸੀ, ਉਨ੍ਹਾਂ ਨੇ ਸ਼ਾਦੀ ਕਰ ਲਈ। ਜਲਦੀ ਹੀ ਭਾਰਤ-ਅਰਬ ਬਰਾਦਰੀ ਬਣ ਗਈ। ਨੌਵੀਂ ਸਦੀ ਵਿਚ ਮੁਸਲਮਾਨ ਪ੍ਰਚਾਰਕਾਂ ਨੇ ਮਾਲਾਬਾਰ ਦੇ ਬਾਦਸ਼ਾਹ ਨੂੰ ਵੀ ਆਪਣੇ ਧਰਮ ਵਿਚ ਤਬਦੀਲ ਕਰ ਲਿਆ। ਮੁਸਲਮਾਨ ਕੌਮ ਵਧਦੀ ਗਈ ਅਤੇ ਪੂਰਬੀ ਘਾਟ ਦੇ ਤਾਮਿਲ ਖੇਤਰ ਵਿਚ ਫੈਲਦੀ ਗਈ। ਫਿਰ ਇਸਲਾਮ ਧਰਮ ਕੈਂਬੇ ਦੇ ਘਾਟ ਵੱਲ ਵਧਿਆ। ਕਈ ਮੁਸਲਮਾਨਾਂ ਦੀਆਂ ਆਬਾਦੀਆਂ ਕੈਂਬੇ ਦੇ ਘਾਟ 'ਤੇ ਬਣੀਆਂ।

ਇਸਲਾਮ ਦਾ ਸ਼ਾਂਤਮਈ ਪ੍ਰਚਾਰ ਇਕਦਮ ਰੁਕ ਗਿਆ ਜਦੋਂ ਮੁਸਲਮਾਨ ਫ਼ੌਜਾਂ ਨੇ ਭਾਰਤ 'ਤੇ ਹਮਲੇ ਆਰੰਭ ਕਰ ਦਿੱਤੇ। ਸੰਨ 672 ਵਿਚ ਸਤਾਰਾਂ ਸਾਲਾ ਮੁਹੰਮਦ-ਬਿਨ-ਕਾਸਮ ਬਲੋਚਿਸਤਾਨ ਦੇ ਰਾਹ ਸਿੰਧ ਵਿਚ ਦਾਖ਼ਲ ਹੋਇਆ। ਮੁਸਲਮਾਨਾਂ ਨੂੰ ਵਿਦੇਸ਼ੀ ਹਮਲਾ ਕਰਨ ਵਾਲੇ ਸਮਝਿਆ ਗਿਆ। ਕਾਸਿਮ ਦੇ ਹਮਲੇ ਤੋਂ ਪਿੱਛੋਂ ਅਮਨ-ਚੈਨ ਹੋ ਗਿਆ। ਪਰ ਤੂਫ਼ਾਨ ਪੂਰੀ ਤਰ੍ਹਾਂ ਉਦੋਂ ਝੁੱਲਿਆ ਜਦੋਂ ਮਹਿਮੂਦ ਗ਼ਜ਼ਨੀ (ਸੰਨ 971-1030) ਨੇ ਉੱਤਰ ਭਾਰਤ ਵਿਚ ਗੁਜਰਾਤ 'ਤੇ ਹਮਲਾ ਕਰਕੇ ਵਿਰੋਧੀ ਤਬਾਹ ਕਰ ਦਿੱਤੇ ਅਤੇ ਹਿੰਦੂ ਮੰਦਰ ਢਾਅ ਦਿੱਤੇ ਗਏ। ਇਸ ਤੋਂ ਉਪਰੰਤ ਮੁਸਲਮਾਨਾਂ ਦੇ ਹਮਲੇ ਲਗਾਤਾਰ ਹੋਣ ਲੱਗੇ। ਮੁਸਲਮਾਨੀ ਫ਼ੌਜਾਂ ਦੀਆਂ ਲਗਾਤਾਰ ਜਿੱਤਾਂ, ਹਿੰਦੂਆਂ ਦੇ ਕਤਲੇਆਮ ਅਤੇ ਉਨ੍ਹਾਂ ਦੇ ਮੰਦਰਾਂ ਦੀ ਕੀਤੀ ਗਈ ਅਪਵਿੱਤਰਤਾ ਨਾਲ ਵੀ ਬਹੁਤ ਸਾਰੇ ਹਿੰਦੂ ਇਸਲਾਮ ਧਰਮ ਵਿਚ ਨਾ ਲਿਆਂਦੇ ਜਾ ਸਕੇ। ਸਗੋਂ ਇਸ ਦੇ ਉਲਟ ਜਿਵੇਂ ਕਿ ਅਜਿਹੇ ਹਾਲਾਤ ਵਿਚ ਹੁੰਦਾ ਹੈ, ਹਿੰਦੂਆਂ ਅੰਦਰ ਵਿਰੋਧ ਜਾਗਿਆ। ਜਿਹੜੇ ਲੋਕ ਜਬਰਨ ਮੁਸਲਮਾਨ ਬਣਾਏ ਗਏ ਸਨ ਉਨ੍ਹਾਂ ਨੂੰ ਮੁੜ ਸ਼ੁੱਧੀ ਕਰਕੇ ਹਿੰਦੂ ਧਰਮ ਵਿਚ ਸ਼ਾਮਲ ਕੀਤਾ ਗਿਆ। ਇਸਲਾਮ ਧਰਮ ਦੀ ਲੜਾਈ ਮੁਸਲਮਾਨ ਬੁੱਤ-ਸ਼ਿਕਨਾਂ ਨੇ ਨਹੀਂ ਜਿੱਤੀ ਸਗੋਂ ਸ਼ਾਂਤਮਈ ਪ੍ਰਚਾਰਕਾਂ ਨੇ ਫ਼ਤਹਿ ਹਾਸਲ ਕੀਤੀ।

ਹਿੰਦੂ ਧਰਮ ਦਾ ਇਸਲਾਮ ਧਰਮ ਨਾਲ ਸਮਝੌਤਾ : ਭਗਤੀ ਲਹਿਰ

ਹਿੰਦੂ ਜਾਗ੍ਰਤੀ, ਜਿਸ ਦਾ ਆਰੰਭ ਦੱਖਣੀ ਭਾਰਤ ਵਿਚ ਅਲਵਰਾਂ ਅਤੇ ਅਦਿਆਰਾਂ ਨੇ

ਕੀਤਾ ਸੀ, ਅਚਾਨਕ ਇਸਲਾਮ ਧਰਮ ਨਾਲ ਟਕਰਾਉਂਦਾ ਜਾਪਿਆ। ਇਸਲਾਮੀ ਸ਼ਮਸ਼ੀਰ ਦਾ ਮੁਕਾਬਲਾ ਹਿੰਦੂ ਤਲਵਾਰ ਨਾਲ ਕੀਤਾ ਜਾ ਸਕਦਾ ਸੀ, ਪਰ ਕਿਸੇ ਨਾ ਕਿਸੇ ਨੂੰ ਇਸਲਾਮੀ ਤਰਕ ਦਾ ਤੋੜ ਜਾਂ ਜਵਾਬ ਦੇਣਾ ਸੀ, ਇਸ ਦਾ ਉੱਤਰ ਦਾਰਸ਼ਨਿਕ ਵੱਲੋਂ ਆਇਆ ਜਿਸ ਦਾ ਮੁੱਖ ਸਰੋਕਾਰ ਇਸਲਾਮ ਧਰਮ ਨਹੀਂ ਸੀ ਸਗੋਂ ਜੈਨ ਮੱਤ ਅਤੇ ਬੁੱਧ ਮੱਤ ਦੀ ਨਾਸਤਿਕਤਾ ਦਾ ਖੰਡਨ ਕਰਨਾ ਸੀ। ਪਰ ਅਜਿਹਾ ਕਰਦਿਆਂ ਉਨ੍ਹਾਂ ਪੁਨਰ-ਜਾਗ੍ਰਤੀ ਅਤੇ ਸੁਧਾਰ ਦੀ ਅਜਿਹੀ ਲਹਿਰ ਚਲਾਈ ਜਿਸ ਦਾ ਨਵੇਂ ਧਰਮ ਪ੍ਰਤੀ ਹਿੰਦੂ ਧਰਮ ਦੇ ਵਤੀਰੇ ਉੱਪਰ ਨਿਸ਼ਚਿਤ ਅਤੇ ਨਿਰਨਾਇਕ ਪ੍ਰਭਾਵ ਸੀ, ਇਹ ਦਾਰਸ਼ਨਿਕ ਸੀ ਮਾਲਾਬਾਰ ਦੇ ਸ਼ੰਕਾਰਚਾਰੀਆ (ਅੱਠਵੀਂ ਸਦੀ)।

ਸ਼ੰਕਰ ਨੇ ਪ੍ਰੇਰਨਾ ਅਤੇ ਉਤਸ਼ਾਹ ਲਈ ਵੇਦਾਂ ਵੱਲ ਧਿਆਨ ਦੁਆਇਆ। ਉਨ੍ਹਾਂ ਦਾ ਹਿੰਦੂ ਧਰਮ ਕਿਸੇ ਪ੍ਰਕਾਰ ਦਾ ਸਮਝੌਤਾ ਨਾ ਕਰਨ ਵਾਲਾ ਇਕੀਸ਼ਵਰਵਾਦ ਸੀ। ਉਨ੍ਹਾਂ ਮੂਰਤੀ-ਪੂਜਾ ਦਾ ਖੰਡਨ ਕੀਤਾ, ਉਨ੍ਹਾਂ ਦਾ ਬ੍ਰਹਮ ਇਕ, ਅਗਾਧ-ਬੋਧ ਅਤੇ ਸਰਵ-ਵਿਆਪਕ ਸੀ।

O Lord, pardon my three sins.
I have contemplation clothed in from
Thee who art formless.
I have in praise described Thee who art inffable,
And in visting temples I have ignored Thine
Omnipresence.

ਸ਼ੰਕਰ ਅਧਿਆਤਮਵਾਦੀ ਸੀ ਅਤੇ ਉਸ ਭਾਵੇਂ ਹਿੰਦੂ ਧਰਮ ਵਿਚ ਅਜਿਹੇ ਆਗੂ ਅਤੇ ਸਮਰਥਕ ਲਿਆਂਦੇ ਜਿਹੜੇ ਸ਼ਾਸਤਰਾਰਥ ਜਾਂ ਬਹਿਸ ਕਰ ਸਕਦੇ ਸਨ ਪਰ ਉਹ ਅਲਵਾਰਾਂ ਅਤੇ ਆਦਿਆਰਾਂ ਦੀ ਚਲਾਈ ਲੋਕ-ਲਹਿਰ ਨੂੰ ਅੱਗੇ ਨਾ ਤੋਰ ਸਕੇ, ਇਹ ਕਾਰਜ ਰਾਮਾਨੁਜ (ਸੰਨ 1016-1157) ਨੇ ਕੀਤਾ। ਉਹ ਸ਼ੰਕਰਾਚਾਰੀਆ ਦੇ ਧਾਰਮਿਕ ਸਮੱਸਿਆਵਾਂ ਬਾਰੇ ਨਿਰੀ ਤਰਕਸ਼ੀਲ ਪਹੁੰਚ ਨੂੰ ਅਸਵੀਕਾਰ ਕਰਦੇ ਸਨ। ਉਨ੍ਹਾਂ ਨੇ ਭਗਤੀ ਦੇ ਰਾਹ ਦਾ ਪ੍ਰਚਾਰ ਜੋ ਸਦੀਆਂ ਪਹਿਲਾ ਭਾਗਵਤ ਗੀਤਾ ਵਿਚ ਦਰਸਾਇਆ ਗਿਆ ਸੀ, ਅਤੇ ਮੁਕਤੀ ਲਈ ਉੱਤਮ ਸਾਧਨ, ਜੋ ਅਲਵਾਰਾਂ ਅਤੇ ਆਦਿਆਰਾ ਨੇ ਦੱਸਿਆ ਸੀ, ਸੁਰਜੀਤ ਕੀਤਾ, ਰਾਮਾਨੁਜ ਨੇ ਉੱਤਰੀ ਭਾਰਤ ਵਿਚ ਵਿਸ਼ਾਲ ਦੌਰਾ ਕੀਤਾ ਅਤੇ ਕਸ਼ਮੀਰ ਤਕ ਗਏ। ਆਪਣੀ ਸਿੱਖਿਆ ਦੇ ਪ੍ਰਚਾਰ ਲਈ ਉਨ੍ਹਾਂ ਥਾਂ-ਥਾਂ ਆਪਣੇ ਚੇਲੇ ਭਾਰੀ ਗਿਣਤੀ ਵਿਚ ਛੱਡੇ।

ਆਪਣੇ ਮੱਤ ਦੇ ਪ੍ਰਚਾਰ ਲਈ ਭਗਤੀ ਲਹਿਰ ਅਲਵਾਰ ਅਤੇ ਆਦਿਆਰ ਦੇ ਸੰਤਾਂ ਦਾ ਰਿਣੀ ਹੈ। ਜਿਨ੍ਹਾਂ ਵਿਚ ਸ਼ਾਮਲ ਹਨ : ਮਾਧਵ, ਵਿਸ਼ਨੂੰ ਸਵਾਮੀ ਅਤੇ ਹੋਰ, ਪਰ ਸਭ ਤੋਂ ਵੱਧ ਰਾਮਾਨੁਜ ਭਗਤੀ ਲਹਿਰ ਦੇ ਮੁੱਖ ਬਿੰਦੂ ਸਨ : ਪਰਮਾਤਮਾ ਇਕ ਹੈ; ਭਾਵੇਂ ਉਹ ਅਕੱਥ ਹੈ ਪਰ ਕੇਵਲ ਉਹੋ ਹੀ ਸਤਿ ਹੈ ਅਤੇ ਸ਼ੇਸ਼ ਸਭ ਮਾਇਆ ਹੈ। ਪਰਮਾਤਮਾ ਦੀ ਭਗਤੀ ਦਾ ਉੱਤਮ ਰਾਹ ਉਸ ਪ੍ਰਤੀ ਪੂਰਨ ਸਮਰਪਣ ਹੈ, ਉਸ ਤਕ ਪਹੁੰਚਣ ਜਾਂ ਪ੍ਰਾਪਤੀ ਲਈ ਧਿਆਨ ਅਤੇ ਸਮਾਧੀ ਜਾਂ ਮੰਤਰਾਂ ਤੇ ਭਜਨਾਂ ਦਾ ਗਾਇਨ ਹੈ। ਇਸ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ ਹੈ।

ਭਗਤੀ ਮਾਰਗ ਨੂੰ ਉੱਤਰ ਭਾਰਤ ਵਿਚ ਰਾਮਾਨੰਦ ਨੇ ਫੈਲਾਇਆ। ਉਨ੍ਹਾਂ ਨੇ ਛੋਟੀਆਂ ਜਾਤੀਆਂ ਅਤੇ ਮੁਸਲਮਾਨਾਂ ਨੂੰ ਪੂਜਾ ਕਰਨ ਦੀ ਆਗਿਆ ਦਿੱਤੀ ਅਤੇ ਆਪਣੇ ਚੇਲੇ ਜਾਂ ਪੈਰੋਕਾਰ ਬਣਾਇਆ। ਉਨ੍ਹਾਂ ਦਾ ਚੇਲਾ ਭਗਤ ਕਬੀਰ (ਸੰਨ 1440-1518) ਸੀ, ਜਿਸ ਭਗਤੀ ਸੰਦੇਸ਼ ਨੂੰ ਦੂਰ-ਦੂਰ ਤਕ ਫੈਲਾਇਆ। ਹਿੰਦੀ ਦਾ ਇਕ ਦੋਹਾ ਹੈ :

ਭਕਤੀ ਦਰਾਵੜ ਉਪਜੀ ਉੱਤਰ ਰਾਮਾਨੰਦ।
ਪ੍ਰਗਟ ਕੀਓ ਕਬੀਰ ਨੇ ਸਪਤ ਦੀਪ ਨਵਖੰਡ।

ਸਮੁੱਚੇ ਦੇਸ਼ ਵਿਚ ਧਾਰਮਿਕ ਜੋਸ਼ ਕੰਮ ਕਰ ਰਿਹਾ ਸੀ। ਇਕ ਦੂਜੇ ਤੋਂ ਅਣਜਾਣ ਲੋਕ ਵੀ ਸਮੇਂ ਦੇ ਰੁਝਾਨ ਨਾਲ ਖਿੱਚੇ ਹੋਏ ਭਾਰਤ ਦੇ ਦੂਰ-ਦੂਰ ਦੇ ਭਾਗਾਂ ਵਿਚ ਆਪਣੇ-ਆਪਣੇ ਸ਼ਬਦਾਂ ਤੇ ਬੋਲੀਆਂ ਵਿਚ ਇਕ ਭਾਵ ਉਚਾਰ ਰਹੇ ਸਨ। ਬੰਗਾਲ ਵਿਚ ਚੈਤੰਨ ਸੀ। ਉੱਤਰ ਪ੍ਰਦੇਸ਼ ਵਿਚ ਰਾਮਾਨੰਦ ਅਤੇ ਕਬੀਰ। ਰਾਜਸਥਾਨ ਵਿਚ ਮੀਰਾਬਾਈ, ਤੁਕਾਰਾਮ, ਨਾਮਦੇਵ, ਤ੍ਰਿਲੋਚਨ ਅਤੇ ਪਰਮਾਨੰਦ ਮਹਾਰਾਸ਼ਟਰ ਵਿਚ। ਤਿਲੰਗਾਨਾ ਵਿਚ ਵੱਲਭਸਵਾਮੀ। ਸਿੰਧ ਵਿਚ ਸਦਨਾ। ਪੰਦਰ੍ਹਵੀਂ ਸਦੀ ਦੇ ਅੰਤ ਵਿਚ ਕੱਟੜ ਬ੍ਰਾਹਮਣੀ ਹਿੰਦੂ ਧਰਮ ਦੇ ਮੁਕਾਬਲੇ ਭਗਤਾਂ ਦੀ ਸ਼੍ਰੇਣੀ ਦਾ ਪ੍ਰਭਾਵ ਵਧੇਰੇ ਸੀ। ਪਰ ਮਹੱਤਵਪੂਰਨ ਗੱਲ ਇਹ ਸੀ ਕਿ ਬਹੁਤ ਸਾਰੇ ਭਗਤਾਂ ਨੇ ਇਸਲਾਮ ਨਾਲ ਮੇਲ ਲਈ ਸਪੱਸ਼ਟ ਕਦਮ ਚੁੱਕੇ ਸਨ।

ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਮਝ-ਬੂਝ ਅਤੇ ਸਾਂਝ ਪੈਦਾ ਕਰਨ ਵਾਲਾ ਮੁੱਖ ਰੂਪ ਵਿਚ ਭਗਤ ਕਬੀਰ ਸੀ। ਉਹ ਆਪਣੇ ਆਪ ਨੂੰ ਰਾਮ ਅਤੇ ਅੱਲਾਹ ਦਾ ਬਾਲ ਦੱਸਦੇ। ਉਨ੍ਹਾਂ ਫ਼ੁਰਮਾਇਆ ਕਿ ਹਿੰਦੂ ਮੰਦਰ ਜਾਂਦਾ ਹੈ ਅਤੇ ਮੁਸਲਮਾਨ ਮਸਜਿਦ ਵਿਚ ਪਰ ਕਬੀਰ ਉਸ ਸਥਾਨ 'ਤੇ ਜਾਂਦਾ ਹੈ, ਜਿੱਥੇ ਦੋਹਾਂ ਦਾ ਗਿਆਨ ਹੈ...ਭਗਤ ਕਬੀਰ ਨੇ ਦੋਹਾਂ ਦੇ ਕਰਮ-ਕਾਂਡ ਦਾ ਤਿਆਗ ਕਰਕੇ ਉਚੇਰਾ ਰਾਹ ਅਪਣਾਇਆ। ਜੇਕਰ ਤੁਸੀਂ ਕਹਿੰਦੇ ਹੋ ਕਿ ਮੈਂ ਹਿੰਦੂ ਹਾਂ ਤਾਂ ਇਹ ਸੱਚ ਨਹੀਂ। ਨਾ ਹੀ ਮੈਂ ਮੁਸਲਮਾਨ ਹਾਂ। ਮੈਂ ਪੰਜ ਤੱਤਾਂ ਦਾ ਬਣਿਆ ਸਰੀਰ ਹਾਂ ਜਿਸ ਵਿਚ ਅਗਿਆਤ ਪਰਮਾਤਮਾ ਲੀਲ੍ਹਾ ਕਰ ਰਿਹਾ ਹੈ। ਮੱਕਾ ਕਾਸ਼ੀ ਰੂਪ ਹੋ ਗਿਆ ਹੈ ਅਤੇ ਰਾਮ ਹੀ ਰਹੀਮ ਹੋ ਗਿਆ ਹੈ। ਕਬੀਰ ਭਾਵੇਂ ਜਨਮ ਤੋਂ ਮੁਸਲਮਾਨ ਸੀ ਪਰ ਉਸ ਨੂੰ ਹਿੰਦੂ ਵਾਂਗ ਪੂਜਾ ਕਰਨ ਵਿਚ ਕੋਈ ਝਿਜਕ ਨਹੀਂ ਸੀ। ਉਸ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਕੇਵਲ ਇਕ ਹੀ ਹੋ ਸਕਦਾ ਹੈ ਅਤੇ ਉਨ੍ਹਾਂ ਨੇ ਮੂਰਤੀਆਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜੇਕਰ ਪਰਮਾਤਮਾ ਪੱਥਰ ਹੈ, ਤਾਂ ਉਹ ਪਹਾੜ ਦੀ ਪੂਜਾ ਕਰਨਗੇ। ਉਨ੍ਹਾਂ ਦਾ ਇਸ ਗੱਲ ਵਿਚ ਵਿਸ਼ਵਾਸ ਨਹੀਂ ਸੀ ਕਿ ਰੂਹਾਨੀ ਮਾਮਲਿਆਂ ਵਿਚ ਕੇਵਲ ਹਜ਼ਰਤ ਮੁਹੰਮਦ ਹੀ ਗੁਰ-ਪੀਰ ਹਨ। ਪਰ ਦੂਜੇ ਭਗਤਾਂ ਵਾਂਗ ਉਨ੍ਹਾਂ ਦਾ ਵੀ ਵਿਸ਼ਵਾਸ ਸੀ ਕਿ ਹਰ ਇਕ ਨੂੰ ਗੁਰੂ ਧਾਰਨ ਕਰਨਾ ਚਾਹੀਦਾ ਹੈ। ਸਿਫ਼ਤ ਦੇ ਭਜਨ ਗਾਉਣ ਵਿਚ ਉਨ੍ਹਾਂ ਦਾ ਵਿਸ਼ਵਾਸ ਸੀ। ਉਨ੍ਹਾਂ ਨੇ ਮੌਤ ਉਪਰੰਤ ਪੁਨਰ-ਜਨਮ ਦੇ ਹਿੰਦੂ ਸਿਧਾਂਤ ਨੂੰ ਸਵੀਕਾਰ ਕੀਤਾ ਪਰ ਮੁਸਲਮਾਨਾਂ ਦੇ ਦੋਜ਼ਖ਼ ਅਤੇ ਜੰਨਤ (ਨਰਕ-ਸਵਰਗ) ਨੂੰ ਨਹੀਂ। ਮੁਸਲਮਾਨ ਹੋਣ ਦੇ ਨਾਤੇ ਉਨ੍ਹਾਂ ਹਿੰਦੂਆਂ ਦੀ ਜਾਤ-ਪਾਤ ਦੀ ਪ੍ਰਣਾਲੀ ਦੀ ਘੋਰ ਨਿੰਦਾ ਕੀਤੀ ਜੋ ਉਸ ਨੂੰ ਅਛੂਤ ਬਣਾਉਂਦੀ ਸੀ।

ਧਾਰਮਿਕ ਭਾਵਨਾ ਦੇ ਖੇਤਰ ਵਿਚ ਜੋ ਵੱਖ-ਵੱਖ ਭਗਤਾਂ ਨੇ ਪ੍ਰਾਪਤੀ ਕੀਤੀ ਉਸ ਦਾ ਸਾਰ ਇਸ ਪ੍ਰਕਾਰ ਹੈ "ਪਰਮਾਤਮਾ ਇਕ ਹੈ। ਕੇਵਲ ਉਹੋ ਹੀ ਸਤਿ ਹੈ। ਬਾਕੀ ਮਿਥਿਆ ਜਾਂ ਮਾਇਆ ਹੈ। ਪਰਮਾਤਮਾ ਨੂੰ ਕਿਸੇ ਮੂਰਤੀ ਦਾ ਰੂਪ ਨਹੀਂ ਦਿੱਤਾ ਜਾ ਸਕਦਾ। ਕਿਉਂਕਿ ਉਹ ਅਗਾਧ-ਬੋਧ ਅਤੇ ਸਰਬ-ਵਿਆਪਕ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਉੱਤਮ ਮਾਰਗ ਉਸ ਪ੍ਰਤੀ ਪੂਰਨ ਸਮਰਪਣ ਹੈ। ਪਰਮਾਤਮਾ ਦੀ ਇੱਛਾ ਦੇ ਗਿਆਨ ਲਈ ਸਭ ਤੋਂ ਸੁਖੈਨ ਮਾਰਗ ਕਿਸੇ ਗੁਰੂ ਦਾ ਚੇਲਾ ਬਣ ਕੇ ਅਗਵਾਈ ਲੈਣਾ ਹੈ। ਪਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ ਅਤੇ ਕੀਰਤਨ ਰਾਹੀਂ ਉਸ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਦਾ ਹੈ। ਜਨਮ ਤੋਂ ਸਭ ਬਰਾਬਰ ਹਨ, ਇਸ ਲਈ ਜਾਤ-ਪਾਤ ਪ੍ਰਣਾਲੀ ਧੁਰੋਂ ਨਿਰਧਾਰਿਤ ਨਹੀਂ ਕੀਤੀ ਗਈ। ਅਧਿਆਤਮਿਕ ਜੀਵਨ ਲਈ ਤਿਆਗੀ ਵਾਂਗ, ਅੰਨ, ਸੰਗ ਅਤੇ ਕਾਮ ਨੂੰ ਨਕਾਰਨ

ਦੀ ਲੋੜ ਨਹੀਂ। ਆਪਣੇ ਪਰਿਵਾਰ ਅਤੇ ਸਮਾਜ-ਪ੍ਰਤੀ ਆਪਣੇ ਫ਼ਰਜ਼ ਨਿਭਾਉਣ ਵਾਲਾ ਇਕ ਨਾਗਰਿਕ ਵੀ ਰਿਸ਼ੀ-ਮੁਨੀ ਵਾਂਗ ਮੁਕਤੀ ਲਈ ਅੱਛਾ ਅਵਸਰ ਪ੍ਰਾਪਤ ਕਰ ਸਕਦਾ ਹੈ।

ਮੰਦੇ ਭਾਗਾਂ ਨੂੰ ਸਾਰੇ ਭਗਤ ਅਜਿਹੇ ਅਮਲ ਨਾ ਕਰ ਸਕੇ ਜੋ ਉਪਦੇਸ਼ ਦਿੰਦੇ ਸਨ। ਭਾਵੇਂ ਉਹ ਪਰਮਾਤਮਾ ਦੀ ਏਕਤਾ ਜਾਂ ਅਦਵੈਤਵਾਦ ਦੀ ਘੋਸ਼ਣਾ ਕਰਦੇ ਸਨ ਤਾਂ ਵੀ ਉਹ ਵਿਸ਼ਨੂੰ ਜਾਂ ਸ਼ਿਵ ਦੀ ਕਿਸੇ ਨਾ ਕਿਸੇ ਰੂਪ ਨੂੰ ਪੱਥਰ ਦੀ ਮੂਰਤੀ ਵਿਚ ਪੂਜਦੇ, ਭਾਵੇਂ ਉਹ ਪ੍ਰਾਣੀ ਮਾਤਰ ਦੀ ਬਰਾਬਰੀ ਅਤੇ ਏਕਤਾ ਦਾ ਹੋਕਾ ਦਿੰਦੇ ਪਰ ਇਹ ਵੀ ਸੀਮਤ ਰੂਪ ਸੀ। ਛੋਟੀਆਂ ਜਾਤਾਂ ਵਾਲਿਆਂ ਨੂੰ ਆਪਣੇ ਚੇਲੇ ਬਣਾ ਲੈਣਾ ਅਤੇ ਕਦੇ-ਕਦਾਈਂ ਉਨ੍ਹਾਂ ਦੇ ਹੱਥੋਂ ਪ੍ਰਤੀਕ ਮਾਤਰ ਅੰਨ-ਜਲ ਗ੍ਰਹਿਣ ਕਰ ਲੈਣਾ। ਲੋੜ ਇਸ ਗੱਲ ਦੀ ਸੀ ਕਿ ਕੋਈ ਵਿਅਕਤੀ ਭਗਤਾਂ ਦੀ ਸਿੱਖਿਆ ਨੂੰ ਇਕ ਵਿਸ਼ਾਲ ਪ੍ਰਣਾਲੀ ਦਾ ਰੂਪ ਦੇਵੇ ਅਤੇ ਆਪਣੇ ਉਪਦੇਸ਼ਾਂ ਨੂੰ ਅਮਲੀ ਰੂਪ ਦੇਣ ਵਿਚ ਮਿਸਾਲ ਪੇਸ਼ ਕਰੇ।

ਇਸਲਾਮ ਧਰਮ ਦਾ ਹਿੰਦੂ ਧਰਮ ਨਾਲ ਸਮਝੌਤਾ : ਸੂਫ਼ੀ ਫ਼ਕੀਰ

ਇਹ ਦੇਖਿਆ ਗਿਆ ਹੈ ਕਿ ਕਿਵੇਂ ਇਸਲਾਮ ਧਰਮ ਦਾ ਸ਼ਾਂਤਮਈ ਫੈਲਾਓ ਮੁਸਲਿਮ ਫ਼ੌਜਾਂ ਵੱਲੋਂ ਉੱਤਰੀ ਭਾਰਤ ਦੀ ਜਿੱਤ ਨਾਲ ਘਟਿਆ। ਹਿੰਦੂਆਂ ਦੀ ਹਾਰ ਹੋਈ ਅਤੇ ਉਨ੍ਹਾਂ ਦੇ ਬਹੁਤ ਸਾਰੇ ਮੰਦਰ ਢਾਹੇ ਗਏ। ਪਰ ਇਸ ਨਾਲ ਉਨ੍ਹਾਂ ਜੇਤੂਆਂ ਦੇ ਧਰਮ ਨੂੰ ਪਰਵਾਨ ਨਾ ਕੀਤਾ। ਪਰ ਇਨ੍ਹਾਂ ਹਮਲਾ ਕਰਨ ਵਾਲਿਆਂ ਤੋਂ ਬਾਅਦ ਸ਼ਾਂਤ-ਚਿੱਤ ਲੋਕ ਆਏ ਜਿਹੜੇ ਹਜ਼ਰਤ ਮੁਹੰਮਦ ਦੇ ਮਜ਼ਹਬ ਦਾ ਪ੍ਰਚਾਰ ਕਰਨ ਦੇ ਉਦੇਸ਼ ਜਾਂ ਮੰਤਵ ਵਾਲੇ ਸਨ। ਆਪਣੇ ਕਾਰਜ ਲਈ ਪੂਰੀ ਤਿਆਰੀ ਖ਼ਾਤਰ ਉਨ੍ਹਾਂ ਹੋਰ ਭਾਸ਼ਾਵਾਂ, ਸਭਿਆਚਾਰਾਂ, ਧਰਮਾਂ ਅਤੇ ਜੀਵਨ-ਜਾਚ ਦਾ ਅਧਿਐਨ ਕੀਤਾ। ਉਨ੍ਹਾਂ ਈਸਾਈਆਂ, ਬੋਧੀਆਂ ਯੂਨਾਨੀਆਂ ਅਤੇ ਹਿੰਦੂ ਦਰਸ਼ਨ ਦਾ ਅਧਿਐਨ ਕੀਤਾ। ਨਵੇਂ ਗਿਆਨ ਦੇ ਪ੍ਰਕਾਸ਼ ਵਿਚ ਉਨ੍ਹਾਂ ਹਜ਼ਰਤ ਮੁਹੰਮਦ ਦੀ ਸਿੱਖਿਆ ਨੂੰ ਪਰਖਿਆ ਅਤੇ ਉਨ੍ਹਾਂ ਪੱਖਾਂ 'ਤੇ ਬਲ ਦਿੱਤਾ ਜਿਹੜੇ ਉਨ੍ਹਾਂ ਦੇ ਮਿਸ਼ਨ ਅਤੇ ਸੁਭਾਓ ਦੇ ਅਨੁਸਾਰ ਸਨ। ਇਹ ਸੂਫ਼ੀ ਫ਼ਕੀਰਾਂ ਵਜੋਂ ਜਾਣੇ ਜਾਂਦੇ ਸਨ।

ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਕੋਈ ਨਿਸ਼ਚਿਤ ਸੰਪਰਦਾ ਕਾਇਮ ਨਹੀਂ ਕੀਤੀ ਅਤੇ ਨਾ ਹੀ ਕੋਈ ਇਕਸਾਰ ਸਿਧਾਂਤ ਅਪਣਾਇਆ। ਪਰ ਇਨ੍ਹਾਂ ਵਿਚੋਂ ਬਹੁਤ ਸਾਰੇ ਦਾਨਿਆਂ ਅਤੇ ਰੱਬ ਦੇ ਬੰਦਿਆਂ ਵਜੋਂ ਮਸ਼ਹੂਰ ਹੋਏ। ਉਨ੍ਹਾਂ ਦੇ ਪ੍ਰਸੰਸਕਾਂ ਦਾ ਘੇਰਾ ਵਧਦਾ ਗਿਆ ਅਤੇ ਉਹ ਆਪਣੇ ਪੀਰਾਂ-ਫ਼ਕੀਰਾਂ ਦੇ ਨਾਮ ਤੋਂ ਜਾਣੇ ਜਾਣ ਲੱਗੇ।

ਕੁਰਾਨ ਸ਼ਰੀਫ਼ ਅਤੇ ਹਜ਼ਰਤ ਮੁਹੰਮਦ ਦੀਆਂ ਰਵਾਇਤਾਂ ਤੋਂ ਸੂਫ਼ੀਆਂ ਨੂੰ ਜੋ ਚਾਹੀਦਾ ਸੀ, ਉਹ ਪ੍ਰਾਪਤ ਹੋ ਗਿਆ। ਰਵਾਇਤੀ ਮੁਸਲਮਾਨਾਂ ਵਾਂਗ ਉਨ੍ਹਾਂ ਦਾ ਇਕ ਰੱਬ ਵਿਚ ਵਿਸ਼ਵਾਸ ਸੀ, ਜਿਹੜਾ ਕੁਰਾਨ ਦੇ ਕਹੇ ਅਨੁਸਾਰ ਹਾਜ਼ਰ-ਨਾਜ਼ਰ ਸੀ—"ਕਿਸੇ ਦਿਸ਼ਾ ਵੱਲ ਮੁੜੋ ਅੱਲਾਹ ਤੁਹਾਡੇ ਸਾਹਮਣੇ ਹੋਵੇਗਾ। ਹਜ਼ਰਤ ਮੁਹੰਮਦ ਵਾਂਗ ਉਨ੍ਹਾਂ ਵੀ ਗਰੀਬੀ ਧਾਰਨ ਕੀਤੀ। ਉਨ੍ਹਾਂ ਵਾਂਗ ਹੀ ਉਨ੍ਹਾਂ ਰੋਜ਼ੇ ਰੱਖੇ ਅਤੇ ਧਿਆਨ ਕੀਤਾ ਤਾਂ ਜੋ ਅਧਿਆਤਮਕ ਜਾਂ ਅਨੁਭਵ ਉਹੋ ਜਿਹਾ ਪ੍ਰਾਪਤ ਕਰ ਸਕਣ ਜਿਸ ਨਾਲ ਹਜ਼ਰਮ ਮੁਹੰਮਦ ਨੂੰ ਖ਼ੁਦਾ ਦੇ ਨੂਰ ਦਾ ਝਲਕਾਰਾ ਮਿਲਿਆ ਸੀ। ਉਹ ਇਸ ਸਿੱਟੇ 'ਤੇ ਪੁੱਜੇ ਕਿ ਅਧਿਆਤਮਕ ਜਾਂ ਰਹੱਸਵਾਦੀ ਅਨੁਭਵ (ਹਾਲ) ਪ੍ਰਾਪਤ ਕਰਨ ਲਈ ਸੌਖਾ ਮਾਰਗ ਜ਼ਿਕਰ ਰਾਹੀਂ ਹੈ—ਅੱਲਾਹ ਦੇ ਨਾਮ ਦਾ ਇਸ ਪ੍ਰਕਾਰ ਉਚਾਰਨਾ ਕਿ ਦੁਆ-ਗੋ (ਪੂਜਾ ਕਰਨ ਵਾਲਾ) ਦੀ ਆਪਣੀ ਸ਼ਖ਼ਸੀਅਤ ਖ਼ੁਦਾ ਵਿਚ ਮਿਲ ਜਾਵੇ, ਹਿੰਦੂ ਭਗਤਾਂ ਵਾਂਗ, ਸੂਫ਼ੀਆਂ ਦਾ ਵੀ ਇਹ ਵਿਸ਼ਵਾਸ ਸੀ ਕਿ ਕੀਰਤਨ

ਅਤੇ ਨੱਚਣ ਨਾਲ ਉਹੀ ਰੂਹਾਨੀ ਅਵਸਥਾ ਪ੍ਰਾਪਤ ਹੁੰਦੀ ਹੈ ਜਿਸ ਨਾਲ ਖ਼ੁਦੀ ਜਾਂ ਹਉਮੈ ਦੇ ਖ਼ਿਆਲ ਫ਼ਨਾਹ ਹੁੰਦੇ ਹਨ। ਮਨ ਦੀ ਚੰਚਲਤਾ ਦੂਰ ਹੋ ਕੇ ਸ਼ਾਂਤੀ ਮਿਲਦੀ ਹੈ ਅਤੇ ਵਿਅਕਤੀ ਆਪਣੇ ਆਪ ਨੂੰ ਪਰਮਾਤਮਾ ਪ੍ਰਤੀ ਸਮਰਪਣ ਕਰਦਾ ਹੈ।

ਸੂਫ਼ੀ ਮੱਤ ਦਾ ਵਿਲੱਖਣ ਪੱਖ, ਜਿਸ ਨੇ ਲੋਕਾਂ ਨੂੰ ਬਹੁਤ ਹੱਦ ਤਕ ਪ੍ਰਭਾਵਿਤ ਕੀਤਾ, ਉਨ੍ਹਾਂ ਦਾ ਮਾਰਗ ਸੀ ਜਿਹੜਾ ਸੂਫ਼ੀ ਫ਼ਕੀਰਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਅਪਣਾਇਆ ਜਿਵੇਂ ਮੁਸਲਮਾਨ ਜੇਤੂਆਂ ਨੇ ਕਾਫ਼ਰਾਂ (ਅੱਲਾਹ ਨੂੰ ਨਾ ਮੰਨਣ ਵਾਲੇ ਭਾਵ ਗ਼ੈਰ-ਮੁਸਲਮਾਨ) ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦੇ ਧਰਮ-ਅਸਥਾਨਾਂ ਨੂੰ ਤਬਾਹ ਕੀਤਾ, ਉਥੇ ਸੂਫ਼ੀਆਂ ਨੇ ਉਨ੍ਹਾਂ ਨੂੰ ਆਪਣੇ ਘਰ (ਡੇਰੇ) ਵਿਚ ਜੀ-ਆਇਆਂ ਕਿਹਾ ਅਤੇ ਭਰਾਵਾਂ ਵਾਂਗ ਗਲੇ ਲਾਇਆ। ਉਨ੍ਹਾਂ ਦੇ ਵਿਸ਼ਵਾਸ ਦਾ ਮੁੱਖ ਨਿਯਮ/ਅਸੂਲ ਸੀ ਤਲਿਫ਼-ਇ-ਕੁਲਬਾ—ਦਿਲਾਂ ਨੂੰ ਇਕ ਲੜੀ ਵਿਚ ਪਰੋਣਾ, ਉਨ੍ਹਾਂ ਹਿੰਦੂਆਂ ਨੂੰ, ਜਿਨ੍ਹਾਂ ਨੂੰ ਮੁਸਲਮਾਨ ਫ਼ੌਜਾਂ ਨੇ ਡਰਾਇਆ ਸੀ, ਧਮਕਾਇਆ ਸੀ, ਅੱਜ ਅਜਿਹਾ ਮੁਸਲਮਾਨ ਭਾਈਚਾਰਾ ਮਿਲ ਗਿਆ ਜਿਹੜਾ ਉਨ੍ਹਾਂ ਨੂੰ ਮਿੱਤਰ-ਭਾਵ ਦਰਸਾਉਂਦਾ ਸੀ। ਭਾਰੀ ਗਿਣਤੀ ਵਿਚ ਲੋਕਾਂ ਨੂੰ ਆਪਣੇ ਧਰਮ ਜਾਂ ਦੀਨ ਵਿਚ ਲਿਆਉਣ ਲਈ ਸੂਫ਼ੀਆਂ ਨੂੰ ਬਹੁਤ ਕੁਝ ਨਹੀਂ ਕਰਨਾ ਪਿਆ। ਮਜ਼ਹਬ ਤਬਦੀਲ ਕਰਨ ਵਾਲਿਆਂ ਵਿਚ ਭਾਰੀ ਗਿਣਤੀ ਛੋਟੀਆਂ ਜਾਤੀਆਂ ਦੀ ਸੀ ਜਿਨ੍ਹਾਂ ਨੂੰ ਉੱਚੀ ਜਾਤੀ ਦੇ ਹਿੰਦੂਆਂ ਨੇ ਬਰਾਬਰ ਦੇ ਅਧਿਕਾਰ ਨਹੀਂ ਦਿੱਤੇ ਸਨ। ਛੋਟੀਆਂ ਜਾਤੀਆਂ ਦੇ ਲੋਕਾਂ ਨਾਲ ਸੂਫ਼ੀਆਂ ਨੇ ਭਗਤਾਂ ਨਾਲੋਂ ਵੱਧ ਲਾਹਾ ਲਿਆ ਕਿਉਂ ਜੋ ਉਨ੍ਹਾਂ ਵਚਨ ਕੀਤਾ ਉਸ ਅਨੁਸਾਰ ਦਿੱਤਾ। ਇਸਲਾਮ ਧਰਮ ਕਬੂਲ ਕਰਨ ਉਪਰੰਤ ਹਿੰਦੂ ਅਛੂਤ ਕੰਮੀ-ਕਮੀਨ ਨਾ ਰਹੇ। ਉਨ੍ਹਾਂ ਨੂੰ ਸ਼ੇਖ਼, ਮਲਿਕ, ਖ਼ਲੀਫ਼ਾ ਜਾਂ ਮੋਮਿਨ ਜਿਹੇ ਖ਼ਿਤਾਬ ਜਾਂ ਸਨਮਾਨ ਦਿੱਤਾ ਗਿਆ। ਘੱਟ ਤੋਂ ਘੱਟ ਪਹਿਲਾਂ-ਪਹਿਲਾਂ ਸ਼ਾਹੀ ਜਾਂ ਰਈਸੀ ਮੁਸਲਿਮ ਪਰਿਵਾਰਾਂ ਵਿਚ ਉਨ੍ਹਾਂ ਦੀਆਂ ਵਿਆਹ-ਸ਼ਾਦੀਆਂ ਹੋਈਆਂ।

ਪੰਦਰਵੀਂ ਸਦੀ ਦੇ ਅੰਤ ਵਿਚ ਇਕ ਦਰਜਨ ਤੋਂ ਵੱਧ ਸੂਫ਼ੀਆਂ ਦੇ ਡੇਰੇ ਉੱਤਰੀ ਭਾਰਤ ਵਿਚ ਕਾਇਮ ਹੋ ਗਏ। ਇਨ੍ਹਾਂ ਵਿਚੋਂ ਚਾਰ ਤਾਂ ਬਹੁਤ ਮਸ਼ਹੂਰ ਹੋਏ—ਚਿਸ਼ਤੀ, ਕਾਦਿਰੀ, ਸੁਹਰਾਵਰਦੀ ਅਤੇ ਵਰਤਮਾਨ ਨਕਸ਼ਬੰਦੀ।

ਹਿੰਦੂਆਂ ਦੇ ਭਾਰੀ ਗਿਣਤੀ ਵਿਚ ਮੁਸਲਮਾਨ ਬਣ ਜਾਣ ਨਾਲ ਇਸਲਾਮ ਵਿਚ ਬੁਨਿਆਦੀ ਤਬਦੀਲੀ ਹੋਈ ਜਿਵੇਂ ਕਿ ਭਾਰਤ ਵਿਚ ਇਸ 'ਤੇ ਅਮਲ ਹੋਇਆ। ਧਰਮ-ਪਰਿਵਰਤਨ ਕਰਨ ਵਾਲਿਆਂ ਨਵੇਂ ਧਰਮ ਨੂੰ ਇਸ ਪ੍ਰਕਾਰ ਅਪਣਾਇਆ ਜਿਹੜਾ ਉਨ੍ਹਾਂ ਦੀ ਸੋਚ ਦੇ ਅਨੁਕੂਲ ਸੀ ਅਤੇ ਉਨ੍ਹਾਂ ਦੇ ਪਹਿਲੇ ਵਿਹਾਰ ਵਾਲੇ ਜੀਵਨ ਨਾਲ ਮਿਲਦਾ ਸੀ। ਬਹੁਤ ਸਾਰੇ ਮੱਕਾ ਦੇ ਹੱਜ ਨੂੰ ਨਹੀਂ ਜਾ ਸਕਦੇ ਸਨ ਪਰ ਉਹ ਜ਼ਿਆਰਤ (ਯਾਤਰਾ) ਕਰਨ ਜਾਣਾ ਚਾਹੁੰਦੇ ਸਨ। ਉਨ੍ਹਾਂ ਛੋਟੇ ਮੱਕਾ ਰੂਪ ਆਪਣੇ ਸੂਫ਼ੀ ਪੀਰਾਂ ਦੇ ਮਕਬਰੇ ਉਸਾਰ ਲਏ, ਸੂਫ਼ੀਆਂ ਨੂੰ ਗੁਰੂ ਧਾਰ ਲਿਆ। ਕੀਰਤਨ ਦੀ ਥਾਂ ਨਾਅਤਾ-ਇ-ਰਸੂਲ ਅਤੇ ਕੱਵਾਲੀ ਅਪਣਾਈ। ਆਉਣ ਵਾਲੇ ਮੁਸਲਮਾਨਾਂ ਨਾਲੋਂ ਧਰਮ ਤਬਦੀਲ ਕਰਕੇ ਮੁਸਲਮਾਨ ਹੋਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਇਸ ਲਈ ਉਨ੍ਹਾਂ ਨੇ ਵੀ ਆਪਣੇ ਭਾਰਤੀ ਹਮ-ਮਜ਼ਹਬੀਆਂ ਵਾਲੇ ਰਿਵਾਜ ਅਤੇ ਜੀਵਨ-ਮਾਰਗ ਨੂੰ ਅਪਣਾ ਲਿਆ। ਇਸ ਪ੍ਰਕਾਰ ਭਾਰਤ ਦੇ ਮੁਸਲਮਾਨ ਹਿੰਦੂਆਂ ਦੇ ਨੇੜੇ ਹੋ ਗਏ। ਵਸਤਰ, ਅੰਨ/ਖ਼ੁਰਾਕ, ਰਿਵਾਜ, ਰਸਮ, ਬੋਲੀ, ਸੰਗੀਤ ਵਿਚ—ਅਸਲ ਵਿਚ ਪੂਜਾ-ਸਥਾਨ ਇਲਾਵਾ ਬਾਕੀ ਸਭ ਕੁਝ—ਦੋਵੇਂ ਕੌਮਾਂ ਬਰਾਬਰ ਹੋ ਗਈਆਂ। ਉਨ੍ਹਾਂ ਨੂੰ ਅਜਿਹੇ ਵਿਅਕਤੀ ਦੀ ਲੋੜ ਸੀ, ਜਿਹੜਾ ਮੰਦਰ ਅਤੇ ਮਸਜਿਦ ਦੇ ਖੱਪੇ 'ਤੇ ਪੁਲ ਦਾ ਨਿਰਮਾਣ ਕਰੇ।

ਜਿਹੜੇ ਸੂਫ਼ੀ ਫ਼ਕੀਰ ਪੰਜਾਬ ਵਿਚ ਵੱਸੇ ਉਨ੍ਹਾਂ ਵਿਚ ਅਨੇਕ ਮਸ਼ਹੂਰ ਨਾਮ ਹਨ। ਪਹਿਲਿਆਂ ਸਮਿਆਂ ਵਿਚ ਸੀ ਅਲੀ ਮਖ਼ਦੂਮ ਹੱਜਵੀਰੀ (ਵਫ਼ਾਤ ਸੰਨ 1092) ਜਿਹੜਾ ਆਪਣੀ ਮਹਾਨ ਫ਼ਇਆਜ਼ੀ ਭਾਵ ਦਇਆ ਭਾਵਨਾ ਲਈ ਦਾਤਾ ਗੰਜ ਬਖ਼ਸ਼ ਦੇ ਨਾਮ ਨਾਲ ਮਸ਼ਹੂਰ ਹੋਇਆ। ਪੰਜਾਬ ਵਿਚ ਸਭ ਤੋਂ ਵੱਧ ਮਸ਼ਹੂਰ ਸੂਫ਼ੀ ਨਾਮ ਸ਼ੇਖ਼ ਫ਼ਰੀਦ ਸ਼ਕਰਗੰਜ (13ਵੀਂ ਸਦੀ) ਦਾ ਹੈ, ਜਿਹੜਾ ਚਿਸ਼ਤੀ ਗੱਦੀ ਤੋਂ ਸੀ। ਉਨ੍ਹਾਂ ਪਾਕਪਟਨ ਵਿਚ ਨਿਵਾਸ ਕੀਤਾ ਜਿਹੜਾ ਸੂਬੇ ਵਿਚ ਸੂਫ਼ੀ ਮੱਤ ਦਾ ਕੇਂਦਰ ਬਣਿਆ। ਦੂਜਾ ਕੇਂਦਰ ਮੁਲਤਾਨ ਵਿਚ ਸੁਹਰਾਵਰਦੀਆਂ, ਬਹਾਉਦੀਨ ਜ਼ਕਰੀਆ ਅਤੇ ਰੁਕਨਦੀਨ ਜ਼ਕਰੀਆ ਨੇ ਕਾਇਮ ਕੀਤਾ। 15ਵੀਂ ਸਦੀ ਵਿਚ ਸਿੰਧ ਅੰਦਰ ਕਾਦਿਰੀਆ ਕੇਂਦਰ ਕਾਇਮ ਹੋਇਆ।

ਪੰਦ੍ਹਰਵੀਂ ਸਦੀ ਵਿਚ ਪੰਜਾਬ ਦੀ ਧਾਰਮਿਕ ਤੇ ਰਾਜਸੀ ਹਾਲਤ

ਤੈਮੂਰ ਦੇ ਕੀਤੇ ਗਏ ਸੰਨ 1398 ਦੇ ਹਮਲੇ ਨਾਲ ਉੱਤਰੀ ਭਾਰਤ ਵਿਚ ਸੰਗਠਿਤ ਸਰਕਾਰ ਦਾ ਖ਼ਾਤਮਾ ਹੋ ਗਿਆ। ਸਥਾਨਕ ਹਾਕਮਾਂ ਨੇ ਦਿੱਲੀ ਦੇ ਸੁਲਤਾਨ ਦੀ ਫ਼ਰਮਾਬਰਦਾਰੀ ਜਾਂ ਈਨ ਮੰਨਣੀ ਬੰਦ ਕਰ ਦਿੱਤੀ ਅਤੇ ਆਪ ਬਾਦਸ਼ਾਹ ਹੋਣ ਦਾ ਦਾਅਵਾ ਕੀਤਾ। ਇਸ ਤੋਂ ਉਪਰੰਤ ਰਾਜੇ ਅਤੇ ਸੂਬੇਦਾਰਾਂ ਵਿਚ ਨਿੱਤ ਝਗੜਾ ਰਹਿਣ ਲੱਗਾ। ਕਾਨੂੰਨ ਤੋੜਨ ਵਾਲੇ ਅੰਸਰ ਨੇ ਸਿਰ ਚੁੱਕਿਆ ਅਤੇ ਹੁਕਮ ਮੰਨਣਾ ਬੰਦ ਕਰ ਦਿੱਤਾ। ਹਾਕਮ ਜਮਾਤ, ਜਿਹੜੀ ਵਧੇਰੇ ਮੁਸਲਮਾਨ ਸੀ, ਨੇ ਦੇਖਿਆ ਕਿ ਅਧਿਕਾਰ ਖੇਤਰ ਸੌੜਾ ਹੋ ਰਿਹਾ ਹੈ ਅਤੇ ਖ਼ਜ਼ਾਨਾ ਖ਼ਾਲੀ ਹੋ ਰਿਹਾ ਹੈ ਤਾਂ ਉਨ੍ਹਾਂ ਨੇ ਹਿੰਦੂ ਅਮੀਰ ਵਪਾਰੀਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਗ਼ੈਰ-ਕਾਨੂੰਨੀ ਟੈਕਸ ਲਾਏ ਗਏ। ਇਨਸਾਫ਼ ਦੀ ਗੱਲ ਤਾਂ ਦੂਰ ਰਹਿ ਗਈ। ਜੇ ਕਿਸੇ-ਕਿਸੇ ਨੇ ਵਿਰੋਧ ਕੀਤਾ ਤਾਂ ਉਸ ਦੀ ਆਵਾਜ਼ ਬੰਦ ਕਰ ਦਿੱਤੀ ਗਈ। ਕਾਫ਼ਰਾਂ ਨੂੰ ਕਤਲ ਕੀਤਾ ਜਾਣ ਲੱਗਾ। ਧਾਰਮਿਕ ਸਥਾਨ ਢਾਏ ਜਾਣ ਲੱਗੇ। ਇਸ ਪ੍ਰਕਾਰ ਹਿੰਦੂਆਂ ਪ੍ਰਤੀ ਸਹਿਣਸ਼ੀਲਤਾ ਅਤੇ ਧੀਰਜ ਦਾ ਜਿਹੜਾ ਵਾਤਾਵਰਣ ਸੂਫ਼ੀਆਂ ਨੇ ਪੈਦਾ ਕੀਤਾ ਸੀ ਅਤੇ ਹਿੰਦੂ ਭਗਤਾਂ ਨੇ ਇਸਲਾਮ ਧਰਮ ਨੂੰ ਸਮਝਣ ਲਈ ਜਿਸ ਦਇਆਮਈ ਸੂਝ-ਬੂਝ ਦਾ ਪ੍ਰਚਾਰ ਕੀਤਾ ਸੀ ਉਹ ਸਭ ਅੰਜਾਈਂ ਗਿਆ।

ਰਾਜਸੀ ਗੜਬੜ ਨਾਲ ਲੋਕਾਂ ਦੇ ਧਾਰਮਿਕ ਰਸਮਾਂ-ਰਿਵਾਜਾਂ ਉਪਰ ਵੀ ਬਹੁਤ ਅਸਰ ਹੋਇਆ। ਮੁਸਲਮਾਨਾਂ ਲਈ ਕਾਫ਼ਰਾਂ ਦਾ ਮਲੀਆਮੇਟ ਕਰਨਾ ਹੱਕ ਦਾ ਰਾਹ ਸੀ। ਬਾਕੀ ਤਾਂ ਉਸ ਲਈ ਸੁੰਨਤ ਕਰਵਾਉਣੀ ਸੀ ਅਤੇ ਕੁਰਾਨ ਵਿਚ ਮਨ੍ਹਾਂ ਕੀਤਾ ਹੋਇਆ ਗੋਸ਼ਤ ਖਾਣ ਤੋਂ ਪਰਹੇਜ਼ ਕਰਨਾ ਸੀ, ਰਮਜ਼ਾਨ ਦੇ ਮਹੀਨੇ ਰੋਜ਼ੇ ਰੱਖਣੇ ਸਨ। ਬੱਸ ਇਨ੍ਹਾਂ ਨਾਲ ਅੱਛੇ ਮੁਸਲਮਾਨ ਬਣ ਗਏ।

ਹਿੰਦੂ ਦੇਵੀ-ਦੇਵਤਿਆ ਦੀਆਂ ਮੂਰਤੀਆਂ ਪੂਜਦੇ। ਪਾਪਾਂ ਤੋਂ ਮੁਕਤ ਹੋਣ ਲਈ ਤੀਰਥਾਂ ਤੇ ਇਸ਼ਨਾਨ ਕਰਦੇ, ਤਿਲਕ ਲਾਉਂਦੇ ਤੇ ਜੰਞੂ ਪਹਿਨਦੇ। ਸ਼ਾਕਾਹਾਰੀ ਭੋਜਨ ਖਾਂਦੇ ਅਤੇ ਵੱਖਰੇ-ਵੱਖਰੇ ਨਿਰਧਾਰਤ ਚੌਂਕਿਆਂ ਵਿਚ ਰਸੋਈ ਕਰਦੇ, ਜ਼ਾਤ-ਪਾਤ ਦਾ ਚੱਕਰ ਮੁੜ ਚੱਲ ਪਿਆ।

ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਬਾਰੇ ਆਪਣੀ ਬਾਣੀ ਵਿਚ ਕਈ ਥਾਈਂ ਜ਼ਿਕਰ ਕੀਤਾ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸਿ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥

(ਵਾਰ ਮਾਝ ਕੀ)

ਅਤੇ ਫੁਰਮਾਇਆ :

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭਿ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥

(ਤਿਲੰਗ)

ਉਸ ਸਮੇਂ ਲੋਧੀ ਖ਼ਾਨਦਾਨ ਦਾ ਰਾਜ ਸੀ। ਗੁਰੂ ਨਾਨਕ ਦੇਵ ਅਨੁਸਾਰ ਉਸ ਆਪਣਾ ਅਮੀਰ ਵਿਰਸਾ ਜਿਹੜਾ ਹਿੰਦੁਸਤਾਨ ਸੀ, ਲੁਟਾ ਦਿੱਤਾ ਅਤੇ ਇਸ ਨੂੰ ਬਾਬਰ ਦੇ ਮੁਗ਼ਲ ਸਿਪਾਹੀਆਂ ਹੱਥੋਂ ਉਜਾੜਨ ਦਿੱਤਾ ਗਿਆ। ਨਫ਼ਰਤ ਅਤੇ ਝੂਠ ਦਾ ਬੋਲਬਾਲਾ ਹੋ ਗਿਆ ਅਤੇ ਸੂਫ਼ੀਆਂ ਤੇ ਭਗਤਾਂ ਦੀ ਆਵਾਜ਼ ਸੁਣਾਈ ਨਹੀਂ ਦਿੰਦੀ ਸੀ।

ਗੁਰੂ ਨਾਨਕ

ਗੁਰੂ ਨਾਨਕ ਦੇਵ ਦਾ ਪ੍ਰਕਾਸ਼ 15 ਅਪ੍ਰੈਲ, 1469 ਈਸਵੀ ਨੂੰ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਲਿਆਣ ਦਾਸ ਬੇਦੀ ਰਾਇ ਭੋਇ ਦੀ ਤਲਵੰਡੀ ਪਿੰਡ ਵਿਚ ਪਟਵਾਰੀ ਸਨ। ਹੁਣ ਇਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਇਹ ਲਾਹੌਰ (ਪਾਕਿਸਤਾਨ) ਤੋਂ ਲਗਭਗ ਚਾਲ੍ਹੀ ਮੀਲ ਦੇ ਫ਼ਾਸਲੇ 'ਤੇ ਹੈ। ਸੰਭਵ ਹੈ ਕਿ ਆਪਣੀ ਵੱਡੀ ਭੈਣ ਨਾਨਕੀ ਵਾਂਗ ਨਾਨਕ ਦਾ ਜਨਮ ਵੀ ਆਪਣੇ ਨਾਨਕੇ ਮਾਤਾ ਤ੍ਰਿਪਤਾ ਦੇ ਘਰ ਹੀ ਹੋਇਆ ਹੋਵੇ, ਅਤੇ ਉਸੇ ਵਾਂਗ ਹੀ ਨਾਨਕੇ ਨਾਲ ਜੁੜਦਾ ਉਸ ਦਾ ਨਾਮ ਵੀ 'ਨਾਨਕ' ਰੱਖ ਦਿੱਤਾ ਗਿਆ।

ਨਾਨਕ ਬੜੇ ਹੋਣਹਾਰ ਬਾਲਕ ਸਨ। ਅਜੇ ਪੰਜ ਸਾਲ ਦੇ ਹੀ ਸਨ ਕਿ ਉਨ੍ਹਾਂ ਨੇ ਜੀਵਨ ਮਨੋਰਥ ਬਾਰੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਜਦੋਂ ਸੱਤ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਪੰਡਿਤ ਪਾਸ ਭੇਜ ਦਿੱਤਾ ਗਿਆ ਤਾਂ ਜੋ ਅੱਖਰ-ਬੋਧ ਹੋ ਜਾਵੇ ਥੋੜ੍ਹੀ ਗਿਣਤੀ ਸਿੱਖ ਜਾਵੇ। ਦੋ ਸਾਲ ਉਪਰੰਤ ਉਨ੍ਹਾਂ ਨੂੰ ਇਕ ਮੌਲਵੀ ਪਾਸ ਫ਼ਾਰਸੀ ਅਤੇ ਅਰਬੀ ਇਲਮ ਪ੍ਰਾਪਤ ਕਰਨ ਲਈ ਬਿਠਾ ਦਿੱਤਾ ਗਿਆ। ਉਨ੍ਹਾਂ ਦਾ ਪੜ੍ਹਾਈ ਵਿਚ ਉੱਕਾ ਦਿਲ ਨਹੀਂ ਸੀ ਲਗਦਾ। ਜਾਂ ਤਾਂ

ਉਹ ਸਾਧਾਂ ਦੀ ਸੰਗਤ ਦੇ ਚਾਹਵਾਨ ਸਨ ਜਾਂ ਇਕਾਂਤ ਵਿਚ ਰਹਿਣਾ ਪਸੰਦ ਕਰਦੇ ਸੀ। ਆਪਣੇ ਦਿਲ ਦਾ ਭੇਦ ਉਹ ਕਿਸੇ ਨਾਲ ਵੀ ਸਾਂਝਾ ਨਹੀਂ ਕਰਦੇ ਸੀ।

ਜਦੋਂ ਬਾਰਾਂ ਸਾਲ ਦੀ ਆਯੂ ਹੋਈ ਤਾਂ ਉਨ੍ਹਾਂ ਦਾ ਵਿਆਹ ਬੀਬੀ ਸੁਲੱਖਣੀ ਨਾਲ ਕਰ ਦਿੱਤਾ ਗਿਆ ਜਿਹੜੀ ਬਟਾਲੇ ਦੇ ਮੂਲ ਚੰਦ ਚੋਨਾ ਦੀ ਲੜਕੀ ਸੀ। ਪਰ ਵਿਆਹ ਨਾਲ ਵੀ ਉਨ੍ਹਾਂ ਦਾ ਮਨ ਸੰਸਾਰ ਵੱਲ ਨਾ ਮੁੜਿਆ। ਉਨ੍ਹਾਂ ਸੰਸਾਰੀ ਕੰਮ-ਕਾਜ ਕਰਨੇ ਆਰੰਭ ਕਰ ਦਿੱਤੇ ਪਰ ਉਨ੍ਹਾਂ ਦਾ ਮਨ ਉਨ੍ਹਾਂ ਵਿਚ ਨਾ ਹੁੰਦਾ। ਘਰ ਵਿਚ ਵੀ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਸੀ। ਉਨ੍ਹਾਂ ਦੇ ਪਰਿਵਾਰ ਦੀ ਸ਼ਿਕਾਇਤ ਸੀ : "ਸਾਰਾ ਦਿਨ ਇਹ ਸਾਧਾਂ-ਫ਼ਕੀਰਾਂ ਨਾਲ ਘੁੰਮਦਾ-ਫਿਰਦਾ ਰਹਿੰਦਾ ਹੈ।"

ਨਾਨਕ ਦੀ ਆਯੂ ਉਨੀ ਸਾਲ ਦੀ ਸੀ, ਜਦੋਂ ਉਨ੍ਹਾਂ ਦੀ ਪਤਨੀ ਉਨ੍ਹਾਂ ਨਾਲ ਰਹਿਣ ਵਾਸਤੇ ਆਈ। ਕੁਝ ਦੇਰ ਲਈ ਉਨ੍ਹਾਂ ਦਾ ਧਿਆਨ ਖਿੱਚਣ ਵਿਚ ਉਹ ਸਫਲ ਹੋ ਗਈ ਅਤੇ ਉਨ੍ਹਾਂ ਦੇ ਗ੍ਰਹਿ ਦੋ ਪੁੱਤਰਾਂ ਦਾ ਜਨਮ ਹੋਇਆ। ਸ੍ਰੀਚੰਦ 1494 ਵਿਚ ਵਿਚ ਅਤੇ ਲਖਮੀ ਦਾਸ ਤਿੰਨ ਸਾਲ ਉਪਰੰਤ। ਉਨ੍ਹਾਂ ਦੇ ਕੋਈ ਲੜਕੀ ਵੀ ਸ਼ਾਇਦ ਹੋਈ, ਜਿਹੜੀ ਬਾਲ-ਵਰੇਸ ਵਿਚ ਹੀ ਅਕਾਲ ਚਲਾਣਾ ਕਰ ਗਈ। ਨਾਨਕ ਦਾ ਮਨ ਮੁੜ ਰੂਹਾਨੀ ਸਮੱਸਿਆ ਵੱਲ ਪਰਤਿਆ। ਉਹ ਫਿਰ ਸਾਧੂ-ਸੰਤਾਂ, ਪੀਰਾਂ-ਫ਼ਕੀਰਾਂ ਦੀ ਸੰਗਤ ਦੀ ਭਾਲ ਕਰਨ ਲੱਗੇ ਤਾਂ ਜੋ ਸੇਧ ਮਿਲ ਸਕੇ। ਉਨ੍ਹਾਂ ਦੇ ਪਿਤਾ ਨੇ ਕਾਫ਼ੀ ਯਤਨ ਕੀਤਾ ਕਿ ਉਨ੍ਹਾਂ ਦੀ ਰੁਚੀ ਵਪਾਰ ਵੱਲ ਜਾਂ ਪਸ਼ੂਆਂ ਦੇ ਪਾਲਣ ਵਿਚ ਜੁੜੇ। ਪਰ ਕੋਈ ਲਾਭ ਨਾ ਹੋਇਆ। ਉਨ੍ਹਾਂ ਦੀ ਭੈਣ ਨਾਨਕੀ ਉਨ੍ਹਾਂ ਨੂੰ ਆਪਣੇ ਘਰ ਸੁਲਤਾਨ ਪੁਰ ਲੈ ਆਈ। ਆਪਣੇ ਪਤੀ ਦੇ ਅਸਰ-ਰਸੂਖ ਸਦਕਾ ਨਵਾਬ ਦੌਲਤ ਖ਼ਾਂ ਲੋਧੀ ਦੇ ਪਾਸ ਮੋਦੀਖ਼ਾਨੇ ਵਿਚ ਨਾਨਕ ਨੂੰ ਸੇਵਾ 'ਤੇ ਲਾ ਦਿੱਤਾ। ਨਵਾਬ ਦਾ ਦੂਰ ਦਾ ਰਿਸ਼ਤਾ ਦਿੱਲੀ ਦੇ ਸੁਲਤਾਨ ਨਾਲ ਵੀ ਸੀ। ਭਾਵੇਂ ਨਾਨਕ ਨੇ ਇਹ ਨੌਕਰੀ ਆਪਣੇ ਮਨ ਨਾਲ ਨਹੀਂ ਕੀਤੀ ਸੀ ਪਰ ਉਨ੍ਹਾਂ ਆਪਣੀ ਜ਼ਿੰਮੇਵਾਰੀ ਮਿਹਨਤ ਅਤੇ ਦਿਲ ਲਾ ਕੇ ਨਿਭਾਈ। ਇਸ ਪ੍ਰਕਾਰ ਆਪਣੇ ਸੁਆਮੀ ਦਾ ਦਿਲ ਜਿੱਤਿਆ।

ਸੁਲਤਾਨ ਪੁਰ ਵਿਖੇ ਮੁਸਲਮਾਨ ਮਰਾਸੀ ਮਰਦਾਨਾ ਨਾਨਕ ਨਾਲ ਮਿਲ ਗਿਆ ਅਤੇ ਦੋਵੇਂ ਮਿਲ ਕੇ ਸ਼ਹਿਰ ਵਿਚ ਸ਼ਬਦ-ਕੀਰਤਨ ਕਰਨ ਲੱਗ ਪਏ। ਉਨ੍ਹਾਂ ਦੇ ਸੁਲਤਾਨ ਪੁਰ ਵਿਚ ਨਿਵਾਸ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ :

"ਰਾਤ ਵੇਲੇ ਸ਼ਬਦ-ਚੌਂਕੀ ਹੁੰਦੀ...ਜੋ ਵੀ ਆਉਂਦਾ, ਉਸ ਨੂੰ ਅੰਨ-ਪਾਣੀ ਛਕਾਉਂਦੇ... ਅੰਮ੍ਰਿਤ ਵੇਲੇ ਜਾਗਦੇ ਅਤੇ ਇਸ਼ਨਾਨ ਕਰਨ ਲਈ ਵੇਈਂ 'ਤੇ ਜਾਂਦੇ। ਦਿਨ ਚੜ੍ਹਦੇ ਨਾਲ ਉਹ ਦਰਬਾਰ ਵਿਚ ਹੁੰਦੇ ਅਤੇ ਆਪਣੇ ਕੰਮ ਵਿਚ ਜੁਟ ਜਾਂਦੇ।"

ਅੰਮ੍ਰਿਤ ਵੇਲੇ ਵੇਈਂ 'ਤੇ ਇਸ਼ਨਾਨ ਕਰਨ ਲਈ ਜਾਂਦੇ। ਇਕ ਦਿਨ ਉਨ੍ਹਾਂ ਨੂੰ ਆਤਮਕ ਅਨੁਭਵ ਹੋਇਆ। ਜਨਮਸਾਖੀ ਵਿਚ ਇਸ ਨੂੰ ਉਨ੍ਹਾਂ ਦੇ ਪਰਮਾਤਮਾ ਨਾਲ ਮਿਲਾਪ ਵਜੋਂ ਬਿਆਨ ਕੀਤਾ ਗਿਆ ਹੈ। ਉਨ੍ਹਾਂ ਨੂੰ ਅੰਮ੍ਰਿਤ ਦਾ ਪਿਆਲਾ ਛਕਾਇਆ ਗਿਆ ਅਤੇ ਜੀਵਾਂ ਦੇ ਉਧਾਰ ਲਈ ਇਸ ਸੰਸਾਰ ਵਿਚ ਭੇਜਿਆ ਗਿਆ। ਇਸ ਸੰਬੰਧ ਵਿਚ ਜੋ ਜਨਮਸਾਖੀ ਵਿਚ ਲਿਖਿਆ ਗਿਆ ਹੈ, ਉਸ ਦਾ ਭਾਵ ਇਸ ਤਰ੍ਹਾਂ ਦਾ ਹੈ :

"ਨਾਨਕ ਮੈਂ ਤੇਰੇ ਨਾਲ ਹਾਂ। ਤੇਰੇ ਰਾਹੀਂ ਮੇਰਾ ਨਾਮ ਵਿਸ਼ਾਲ ਹੋ ਜਾਵੇਗਾ। ਜਿਹੜਾ ਤੇਰਾ ਪੈਰੋਕਾਰ ਹੋਵੇਗਾ ਉਸ 'ਤੇ ਮੇਰੀ ਮਿਹਰ ਹੋਵੇਗੀ। ਸੰਸਾਰ ਵਿਚ ਜਾਓ ਤੇ ਨਾਮ ਜਪੋ ਅਤੇ ਹੋਰਾਂ ਨੂੰ ਨਾਮ ਜਪਾਓ। ਪਰ ਸੰਸਾਰ ਦੀਆਂ ਲਹਿਰਾਂ ਤੋਂ ਅਲਿਪਤ ਰਹੋ। ਆਪਣਾ ਜੀਵਨ ਸ਼ਬਦ ਤੇ ਨਾਮ ਦੀ ਸਿਫ਼ਤ ਵਿਚ ਬਿਤਾਓ। ਦਾਨ ਇਸ਼ਨਾਨ, ਸੇਵਾ ਅਤੇ ਸਿਮਰਨ

ਨੂੰ ਆਪਣੇ ਜੀਵਨ ਦਾ ਅੰਗ ਬਣਾਓ। ਹੇ ਨਾਨਕ ! ਮੈਂ ਤੈਨੂੰ ਆਪਣਾ ਬਚਨ ਦਿੰਦਾ ਹਾਂ। ਇਸ ਨੂੰ ਆਪਣੇ ਜੀਵਨ ਦਾ ਉਦੇਸ਼ ਬਣਾਓ।"

ਪਰਮਾਤਮਾ ਦੀ ਉਸਤਤਿ ਵਿਚ ਨਾਨਕ ਦੇ ਬੋਲ ਇਸ ਤਰ੍ਹਾਂ ਗੂੰਜੇ :

੧ ਓੰ ਸਤਿਨਾਮ ਕਰਤਾ ਪੁਰਖੁ ॥
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

"ਹੇ ਨਾਨਕ ! ਜਿਸ ਨੂੰ ਵੀ ਤੂੰ ਅਸ਼ੀਰਵਾਦ ਦੇਵੇਂਗਾ ਉਸ ਨੂੰ ਮੇਰਾ ਅਸ਼ੀਰਵਾਦ ਪ੍ਰਾਪਤ ਹੋਵੇਗਾ। ਜਿਸ 'ਤੇ ਤੇਰੀ ਕਿਰਪਾ ਹੋਵੇਗੀ, ਉਸ ਨੂੰ ਮੇਰੀ ਕਿਰਪਾ ਪ੍ਰਾਪਤ ਹੋਵੇਗੀ। ਮੈਂ ਪਰਮਾਤਮਾ ਹਾਂ ਅਤੇ ਰਚਣਹਾਰ। ਤੂੰ ਗੁਰੂ ਹੈਂ ਪਰਮਾਤਮਾ ਦਾ ਮਹਾਨ ਗੁਰੂ।"

ਕਿਹਾ ਜਾਂਦਾ ਹੈ ਕਿ ਨਾਨਕ ਨੂੰ ਇਹ ਆਤਮਕ ਪਦਵੀ ਅਤੇ ਉਪਦੇਸ਼ ਆਪ ਨਿਰੰਕਾਰ ਨੇ ਦਿੱਤਾ।

ਉਹ ਤਿੰਨ ਦਿਨ ਅਤੇ ਤਿੰਨ ਰਾਤਾਂ ਅਲੋਪ ਰਹੇ। ਖ਼ਿਆਲ ਕੀਤਾ ਗਿਆ ਕਿ ਡੁੱਬ ਗਏ। ਪਰ ਉਹ ਚੌਥੇ ਦਿਨ ਪ੍ਰਗਟ ਹੋਏ। ਇਸ ਨਾਟਕੀ ਰੂਪ ਵਿਚ ਪਰਤਣ ਦਾ ਹਵਾਲਾ ਤੇ ਜ਼ਿਕਰ ਜਨਮਸਾਖੀ ਵਿਚ ਹੈ, ਜਿਸ ਦਾ ਭਾਵ ਇਸ ਪ੍ਰਕਾਰ ਹੈ :

ਲੋਕਾਂ ਕਿਹਾ : "ਮਿੱਤਰੋ ! ਇਹ ਤਾਂ ਨਦੀ ਵਿਚ ਡੁੱਬ ਗਿਆ ਸੀ। ਹੁਣ ਇਹ ਕਿੱਥੋਂ ਆ ਗਿਆ ਹੈ ? ਨਾਨਕ ਘਰ ਆਏ ਅਤੇ ਜੋ ਕੁਝ ਵੀ ਪਾਸ ਸੀ ਵੰਡ ਦਿੱਤਾ। ਇਕ ਤੇੜ ਦਾ ਕੱਪੜਾ ਰੱਖ ਕੇ ਬਾਕੀ ਕੁਝ ਵੀ ਤਨ 'ਤੇ ਨਾ ਰਖਿਆ। ਭੀੜ ਇਕੱਠੀ ਹੋਣ ਲੱਗ ਪਈ। ਦੌਲਤ ਖ਼ਾਨ ਵੀ ਆਇਆ ਅਤੇ ਹੈਰਾਨ ਹੋ ਕੇ ਉਸ ਵੀ ਪੁੱਛਿਆ ਕਿ ਨਾਨਕ ਤੈਨੂੰ ਕੀ ਹੋ ਗਿਆ ਏ ? ਪਰ ਨਾਨਕ ਚੁੱਪ ਰਹੇ। ਲੋਕਾਂ ਨੇ ਉੱਤਰ ਦਿੱਤਾ ਕਿ ਇਹ ਨਦੀ ਵਿਚ ਰਿਹਾ ਅਤੇ ਹੁਣ ਇਸ ਦਾ ਮਨ ਇਸ ਦੇ ਵੱਸ ਵਿਚ ਨਹੀਂ। ਖ਼ਾਨ ਨੇ ਕਿਹਾ ਕਿ ਇਹ ਤਾਂ ਬੜੀ ਦੁਖਦਾਈ ਗੱਲ ਹੋਈ ਹੈ। ਅਤੇ ਉਹ ਸ਼ੋਕ ਵਿਚ ਪਰਤ ਗਿਆ ਹੈ।"

ਨਾਨਕ ਉਥੋਂ ਵੀ ਚਲੇ ਗਏ ਅਤੇ ਸੰਤਾਂ-ਫ਼ਕੀਰਾਂ ਦੀ ਮੰਡਲੀ ਵਿਚ ਜੁੜ ਗਏ। ਉਨ੍ਹਾਂ ਨਾਲ ਮਰਦਾਨਾ ਵੀ ਚਲ ਪਏ। ਦੂਜੇ ਦਿਨ ਉਠੇ, ਸਾਵਧਾਨ ਹੋਏ ਅਤੇ ਫ਼ਰਮਾਇਆ : ਨਾ ਕੋ ਹਿੰਦੂ ਨਾ ਮੁਸਲਮਾਨ। ਜਿਥੇ-ਜਿਥੇ ਵੀ ਉਹ ਜਾਂਦੇ ਬਸ ਇਹੋ ਹੀ ਕਹਿੰਦੇ ਜਾਂਦੇ ; "ਨਾ ਕੋਈ ਹਿੰਦੂ ਹੈ ਨਾ ਹੀ ਕੋਈ ਮੁਸਲਮਾਨ।"

ਇਹ ਘਟਨਾ ਉਦੋਂ ਵਾਪਰੀ ਪ੍ਰਤੀਤ ਹੁੰਦੀ ਹੈ ਜਦੋਂ ਨਾਨਕ ਦੀ ਆਯੂ ਤੇਰਾਂ ਸਾਲ ਦੀ ਸੀ ਯਾਨੀ ਸੰਨ 1499 ਵਿਚ। ਉਨ੍ਹਾਂ ਦੇ ਜੀਵਨ ਦਾ ਇਹ ਪਹਿਲਾ ਚਰਣ ਸੀ। ਸਤਿ ਦੀ ਭਾਲ ਸਮਾਪਤ ਹੋਈ। ਉਹ ਇਸ ਦਾ ਪ੍ਰਚਾਰ ਸਾਰੇ ਵਿਸ਼ਵ ਅੰਦਰ ਸਾਰੇ ਲੋਕਾਂ ਨੂੰ ਕਰਨਾ ਚਾਹੁੰਦੇ ਸਨ।

ਅਗਲੇ ਸਾਲਾਂ ਵਿਚ ਗੁਰੂ ਨਾਨਕ ਵੱਲੋਂ ਕੀਤੀਆਂ ਗਈਆਂ ਉਦਾਸੀਆਂ ਦੇ ਵੇਰਵੇ ਬਾਰੇ ਵਾਦ-ਵਿਵਾਦ ਹੈ। ਪਰ ਸਾਰੇ ਹੀ ਇਸ ਗੱਲ 'ਤੇ ਸਹਿਮਤ ਹਨ ਕਿ ਉਨ੍ਹਾਂ ਵਿਸ਼ਾਲ ਪੈਮਾਨੇ 'ਤੇ ਭਾਰਤ ਦੇਸ਼ ਦਾ ਭ੍ਰਮਣ ਕੀਤਾ ਅਤੇ ਵਿਦੇਸ਼ਾਂ ਵਿਚ ਬਗ਼ਦਾਦ ਤਕ ਵੀ ਗਏ। ਜਿਥੇ ਵੀ ਉਨ੍ਹਾਂ ਨੂੰ ਪੈਰੋਕਾਰ ਜਾਂ ਚੇਲੇ ਮਿਲਦੇ ਗਏ ਉਥੇ-ਉਥੇ ਉਨ੍ਹਾਂ ਧਰਮਸ਼ਾਲਾਵਾਂ ਬਣਵਾ ਦਿੱਤੀਆਂ ਜੋ ਧਰਮ ਦਾ ਕੇਂਦਰ ਸਨ। ਜਾਪਦਾ ਹੈ ਕਿ ਪਹਿਲੀ ਉਦਾਸੀ ਪੂਰਬ ਦਿਸ਼ਾ ਵੱਲ ਸੀ, ਜਿਸ

ਵਿਚ ਉਹ ਹਿੰਦੂ ਤੀਰਥਾਂ 'ਤੇ ਗਏ ਜਿਵੇਂ ਕਿ ਮਥੁਰਾ, ਬਨਾਰਸ, ਗਇਆ ਅਤੇ ਉਥੋਂ ਬੰਗਾਲ ਅਤੇ ਅਸਾਮ ਤਕ। ਵਾਪਸੀ ਤੇ ਉਹ ਜਗਨਨਾਥ ਪੁਰੀ ਵੀ ਠਹਿਰੇ।

ਕੁਝ ਸਮਾਂ ਉਨ੍ਹਾਂ ਪੰਜਾਬ ਵਿਚ ਘੁੰਮ-ਫਿਰ ਕੇ ਬਿਤਾਇਆ। ਕਈ ਵਾਰ ਉਹ ਪਾਕਪਟਨ ਗਏ ਜਿਹੜਾ ਸੂਫੀਆਂ ਦਾ ਗੜ੍ਹ ਸੀ। ਉਨ੍ਹਾਂ ਦੀ ਅਗਲੀ ਉਦਾਸੀ ਦੱਖਣ ਵੱਲ ਸੀ ਅਤੇ ਉਹ ਤਾਮਿਲਨਾਡੂ ਹੁੰਦੇ ਹੋਏ ਲੰਕਾ ਵੀ ਪਹੁੰਚੇ। ਕਿਹਾ ਜਾਂਦਾ ਹੈ ਕਿ ਉਹ ਪੱਛਮੀ ਘਾਟ ਦੇ ਨਾਲ-ਨਾਲ ਮਾਲਾਬਾਰ, ਕੋਂਕਨ, ਬੰਬਈ ਅਤੇ ਰਾਜਿਸਥਾਨ ਵਿਚੋਂ ਹੁੰਦੇ ਹੋਏ ਵਾਪਸ ਆਏ। ਤੀਜੀ ਉਦਾਸੀ ਹਿਮਾਲੀਆ ਪਹਾੜ ਵਿਚ ਲੱਦਾਖ ਤਕ ਦੀ ਦੂਰੀ ਦੀ ਸੀ।

ਗੁਰੂ ਜੀ ਦੀ ਆਖਰੀ ਉਦਾਸੀ ਮੱਕੇ ਅਤੇ ਮਦੀਨੇ ਦੀ ਸੀ। ਪੱਛਮ ਵਿਚ ਹੋਰ ਅੱਗੇ ਬਗਦਾਦ ਤਕ ਪਹੁੰਚੇ। ਉਥੇ ਸਥਾਨਕ ਫ਼ਕੀਰਾਂ ਨਾਲ ਕੁਝ ਚਰਚਾ ਵੀ ਹੋਈ।

ਵਾਪਸ ਆਉਂਦਿਆਂ ਉਹ ਸੈਦਪੁਰ ਵਿਚੋਂ ਹੋ ਕੇ ਆਏ। ਇਸ ਸਥਾਨ ਨੂੰ ਬਾਬਰ ਦੀਆਂ ਫ਼ੌਜਾਂ ਨੇ ਤਬਾਹ ਕਰ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਦੇ ਅਨੇਕਾਂ ਸ਼ਹਿਰਾਂ ਵਿਚ ਧਰਮ ਦਾ ਪ੍ਰਚਾਰ ਕੀਤਾ। ਅਖੀਰ ਉਹ ਪਰਿਵਾਰ ਸਹਿਤ ਨਵੀਂ ਆਬਾਦੀ ਵਿਚ ਆ ਵੱਸੇ। ਇਹ ਸਥਾਨ ਰਾਵੀ ਦੇ ਕੰਢੇ 'ਤੇ ਵਸਾਇਆ ਗਿਆ ਸੀ ਅਤੇ ਇਸ ਦਾ ਨਾਮ ਕਰਤਾਰਪੁਰ ਰਖਿਆ ਗਿਆ (ਰਚਣਹਾਰ ਦਾ ਨਿਵਾਸ ਸਥਾਨ)।

ਭਾਵੇਂ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਠੀਕ-ਠੀਕ ਵੇਰਵੇ ਸੰਬੰਧੀ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਪਰ ਜਨਮਸਾਖੀਆਂ ਉਨ੍ਹਾਂ ਘਟਨਾਵਾਂ ਪ੍ਰਤੀ ਇਕਮਤ ਹਨ ਜਿਹੜੀਆਂ ਉਦਾਸੀਆਂ ਸਮੇਂ ਵਾਪਰੀਆਂ। ਜਿਹੜਾ ਚੋਗਾ ਗੁਰੂ ਸਾਹਿਬ ਨੇ ਇਸ ਮੌਕੇ ਪਹਿਨਿਆ, ਉਸ ਬਾਰੇ ਕਾਫ਼ੀ ਵਿਸਥਾਰ ਦਿੱਤਾ ਗਿਆ ਹੈ। ਇਸ ਵਿਚੋਂ ਹਿੰਦੂ ਸੰਤਾਂ ਅਤੇ ਮੁਸਲਮਾਨ ਪੀਰਾਂ-ਫ਼ਕੀਰਾਂ ਦਾ ਸੁਮੇਲ ਝਲਕਦਾ ਸੀ। ਲੋਕ ਲਗਾਤਾਰ ਪੁੱਛਦੇ : "ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ?" ਆਪਣੀਆਂ ਦੋ ਉਦਾਸੀਆਂ ਸਮੇਂ ਉਨ੍ਹਾਂ ਨੇ ਆਪਣੇ ਨਾਲ ਮੁਸਲਮਾਨ ਮਰਦਾਨੇ ਨੂੰ ਰਖਿਆ। ਬਾਕੀਆਂ ਵਿਚ ਹਿੰਦੂ ਸਨ ਜਿਹੜੇ ਅਖੌਤੀ ਛੋਟੀਆਂ ਜਾਤੀਆਂ ਦੇ ਸਨ। ਜਦੋਂ ਮੰਦਰਾਂ ਵਿਚ ਜਾਂਦੇ ਤਾਂ ਸਥਾਨਕ ਪੰਡਤਾਂ ਨਾਲ ਲੰਮੀ ਗੋਸ਼ਟੀ ਕਰਦੇ। ਉਨ੍ਹਾਂ ਕਈ ਦਿਨ ਸ਼ੇਖ ਸਰਫ਼ ਅਤੇ ਇਬਰਾਹੀਮ ਨਾਲ ਵੀ ਬਿਤਾਏ। ਇਨ੍ਹਾਂ ਗੋਸ਼ਟੀਆਂ ਦੇ ਸਾਰ ਨੂੰ ਗੁਰੂ ਜੀ ਨੇ ਸ਼ਬਦਾਂ ਦਾ ਰੂਪ ਵੀ ਦਿੱਤਾ। ਗੁਰੂ ਸਾਹਿਬ ਦੇ ਉਪਦੇਸ਼ ਦੇਣ ਦੇ ਨਿਰਾਲੇ ਢੰਗ ਬਾਰੇ ਇਸ ਘਟਨਾ ਤੋਂ ਪਤਾ ਲਗਦਾ ਹੈ : ਉਹ ਗੰਗਾ ਵਿਚ ਇਸ਼ਨਾਨ ਕਰ ਰਹੇ ਯਾਤਰੂਆਂ ਨੂੰ ਪਿੱਤਰਾਂ ਨੂੰ ਪਾਣੀ ਦੇਣ ਦੇ ਭਰਮ ਤੋਂ ਸੁਚੇਤ ਕਰਨਾ ਚਾਹੁੰਦੇ ਸਨ।

ਇਕ ਦਿਨ ਗੁਰੂ ਜੀ ਹਰਿਦੁਆਰ ਪਧਾਰੇ ਅਤੇ ਨਗਰ ਦੇ ਪੂਰਬੀ ਪਾਸੇ ਵੱਲ ਗਏ। ਉਨ੍ਹਾਂ ਦੇਖਿਆ ਕਿ ਅਨੇਕਾਂ ਲੋਕ ਪਵਿੱਤਰ ਨਦੀ ਵਿਚ ਇਸ਼ਨਾਨ ਕਰ ਰਹੇ ਹਨ ਅਤੇ ਸੂਰਜ ਦੇਵਤਾ ਨੂੰ ਜਲ ਅਰਪਣ ਕਰ ਰਹੇ ਹਨ। ਗੁਰੂ ਜੀ ਪਾਸ ਰੂਹਾਨੀ ਪ੍ਰਕਾਸ਼ ਸੀ। ਜਦੋਂ ਕਿ ਆਮ ਲੋਕ ਆਪਣੀਆਂ ਅੱਖਾਂ ਨਾਲ ਹੀ ਦੇਖਦੇ ਸਨ। ਭਾਵੇਂ ਸੰਸਾਰ ਪਵਿੱਤਰ ਗੰਗਾ ਵਿਚ ਇਸ਼ਨਾਨ ਕਰਨ ਲਈ ਢੁਕਵਾਂ ਸੀ ਪਰ ਗੁਰੂ ਜੀ ਦੀਆਂ ਨਜ਼ਰਾਂ ਵਿਚ ਇਕ ਵੀ ਰੂਹ ਪਵਿੱਤਰ ਨਹੀਂ ਸੀ। ਗੁਰੂ ਜੀ ਵੀ ਗੰਗਾ ਵਿਚ ਟੁੱਭੀ ਲਾਉਣ ਲਈ ਗਏ। ਲੋਕ ਤਾਂ ਚੜ੍ਹਦੇ ਸੂਰਜ ਨੂੰ ਜਲ ਦੇ ਰਹੇ ਸਨ। ਪਰ ਗੁਰੂ ਜੀ ਉਲਟੇ ਪਾਸੇ ਹੀ ਪਾਣੀ ਦੇਣ ਲੱਗ ਪਏ। ਪੁੱਛ ਕੀਤੀ : "ਹੇ ਰੱਬ ਦੇ ਬੰਦੇ ! ਤੁਸੀਂ ਇਸ ਪਾਸੇ ਪਾਣੀ ਕਿਸ ਨੂੰ ਦੇ ਰਹੇ ਹੋ ?" ਗੁਰੂ ਜੀ ਨੇ ਸਗੋਂ ਉਨ੍ਹਾਂ ਨੂੰ ਪੁੱਛਿਆ : "ਤੁਸੀਂ ਪਾਣੀ ਕਿਸ ਨੂੰ ਦੇ ਰਹੇ ਸੀ ?" ਉਨ੍ਹਾਂ ਨੇ ਜੁਆਬ ਦਿੱਤਾ : "ਅਸੀਂ ਤਾਂ ਆਪਣੇ ਪਿੱਤਰਾਂ ਨੂੰ ਪਾਣੀ ਦੇ ਰਹੇ ਸੀ।" ਗੁਰੂ ਜੀ ਨੇ ਪੁੱਛਿਆ, "ਤੁਹਾਡੇ ਪਿੱਤਰ ਕਿਥੇ ਹਨ ?" ਉਨ੍ਹਾਂ ਉੱਤਰ ਦਿੱਤਾ : "ਸਾਡੇ ਪਿੱਤਰਾਂ ਦਾ ਤਾਂ ਦੇਵਤਿਆਂ ਦੀ ਧਰਤੀ ਵਿਚ ਨਿਵਾਸ

ਹੈ।" ਗੁਰੂ ਜੀ ਨੇ ਪੁੱਛਿਆ : "ਭਾਈ, ਇਸ ਧਰਤੀ ਤੋਂ ਦੇਵਤਿਆਂ ਦੀ ਧਰਤੀ ਕਿੰਨੀ ਕੁ ਦੂਰ ਹੈ ?" ਉਨ੍ਹਾਂ ਉੱਤਰ ਦਿੱਤਾ : "ਸਾਢੇ ਉਨੰਜਾ ਕਰੋੜ ਕੋਸ ਦਾ ਫ਼ਾਸਲਾ ਹੈ।" ਗੁਰੂ ਜੀ ਨੇ ਫਿਰ ਪੁੱਛਿਆ : "ਕੀ ਪਾਣੀ ਇੰਨੀ ਦੂਰ ਪਹੁੰਚ ਜਾਵੇਗਾ ?" ਉਨ੍ਹਾਂ ਨੇ ਉੱਤਰ ਦਿੱਤਾ : "ਜੀ, ਸ਼ਾਸਤਰ ਤਾਂ ਇਹੋ ਹੀ ਭਰੋਸਾ ਦਿਵਾਉਂਦੇ ਹਨ।" ਗੁਰੂ ਜੀ ਨੇ ਇਹ ਸੁਣਿਆ ਅਤੇ ਚੁਲੀਆ ਨਾਲ ਪਾਣੀ ਦੇਣ ਦੀ ਥਾਂ ਬੁੱਕ ਭਰ-ਭਰ ਕੇ ਪਾਣੀ ਦੇਣ ਲੱਗੇ। ਲੋਕਾਂ ਫਿਰ ਉਨ੍ਹਾਂ ਨੂੰ ਪੁੱਛਿਆ : "ਭਾਈ, ਤੁਸੀਂ ਇਹ ਪਾਣੀ ਕਿਸ ਨੂੰ ਦੇ ਰਹੇ ਹੋ ?" ਗੁਰੂ ਜੀ ਨੇ ਉੱਤਰ ਦਿੱਤਾ : "ਭਾਈ ਮੇਰਾ ਕਰਤਾਰ ਪੁਰ ਵਿਖੇ ਇਕ ਖੇਤ ਹੈ ਜੋ ਸੁੱਕ ਰਿਹਾ ਹੈ। ਭਾਵੇਂ ਭਾਰੀ ਵਰਖਾ ਹੁੰਦੀ ਰਹੇ ਪਰ ਉਥੇ ਇਕ ਬੂੰਦ ਨਹੀਂ ਠਹਿਰਦੀ। ਇਸੇ ਲਈ ਮੈਂ ਉਧਰ ਪਾਣੀ ਸੁੱਟ ਰਿਹਾ ਹਾਂ।" ਲੋਕਾਂ ਨੇ ਪੁੱਛਿਆ : "ਇਹ ਉਥੇ ਤਕ ਕਿਵੇਂ ਪਹੁੰਚ ਸਕੇਗਾ ?" ਤਾਂ ਅੱਗੋਂ ਗੁਰੂ ਜੀ ਨੇ ਕਿਹਾ : "ਭਾਈ, ਤੁਹਾਡੇ ਪਿੱਤਰ ਤਾਂ ਕਰੋੜਾਂ ਕੋਹਾਂ ਦੂਰ ਹਨ, ਪਰ ਮੇਰਾ ਖੇਤ ਤਾਂ ਨੇੜੇ ਹੀ ਹੈ, ਕੋਈ 250 ਕੋਹ ਹੋਵੇਗਾ। ਇਹ ਪਾਣੀ ਉਥੇ ਤਕ ਕਿਉਂ ਨਹੀਂ ਅੱਪੜੇਗਾ ?" ਜਦੋਂ ਲੋਕਾਂ ਨੇ ਇਹ ਬਚਨ ਸੁਣੇ ਤਾਂ ਉਨ੍ਹਾਂ ਆਪਣੇ-ਆਪਣੇ ਮਨ ਵਿਚ ਆਖਿਆ : "ਇਹ ਆਦਮੀ ਕੋਈ ਕੁਰਾਹੀਆ ਨਹੀਂ ਸਗੋਂ ਮਹਾਤਮਾਂ ਹੈ" ਸਭ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਏ।

ਇਕ ਹੋਰ ਘਟਨਾ ਉਦੋਂ ਵਾਪਰੀ ਜਦੋਂ ਗੁਰੂ ਨਾਨਕ ਦੇਵ ਜੀ ਮੱਕਾ ਸ਼ਰੀਫ਼ ਗਏ। ਉਹ ਇਕ ਮਸੀਤ ਵਿਚ ਗੂੜ੍ਹੀ ਨੀਂਦ ਸੁੱਤੇ ਹੋਏ ਸਨ ਅਤੇ ਉਨ੍ਹਾਂ ਦੇ ਪੈਰ ਕਾਅਬੇ ਵੱਲ ਸਨ। ਖ਼ੁਦਾ ਦੇ ਘਰ ਪ੍ਰਤੀ ਇਸ ਕਰਮ ਨੂੰ ਬਹੁਤ ਹੀ ਅਨਾਦਰ ਸਮਝਿਆ ਜਾਂਦਾ ਹੈ। ਜਦੋਂ ਮੁੱਲਾਂ ਨਮਾਜ ਪੜ੍ਹਨ ਲਈ ਆਏ ਤਾਂ ਉਨ੍ਹਾਂ ਗੁਰੂ ਨਾਨਕ ਨੂੰ ਖ਼ੂਬ ਝੰਜੋੜਿਆ ਅਤੇ ਕੜਕ ਕੇ ਕਿਹਾ : "ਓ ਖ਼ੁਦਾ ਦੇ ਸੇਵਕ ਤੇਰੇ ਪੈਰ ਕਾਅਬਾ ਵੱਲ ਹਨ ਜਿਹੜਾ ਖ਼ੁਦਾ ਦਾ ਘਰ ਹੈ। ਤੂੰ ਇਹ ਗੁਸਤਾਖੀ ਕਿਵੇਂ ਕੀਤੀ ?" ਗੁਰੂ ਨਾਨਕ ਨੇ ਸਹਿਜ ਹੀ ਆਖਿਆ : "ਤਾਂ ਮੇਰੇ ਪੈਰ ਉਸ ਪਾਸੇ ਵੱਲ ਕਰ ਦਿਓ ਜਿਧਰ ਨਾ ਖ਼ੁਦਾ ਹੈ ਤੇ ਨਾ ਹੀ ਕਾਅਬਾ।"

ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ ਗੁਰੂ ਜੀ ਕਰਤਾਰਪੁਰ ਵਿਖੇ ਨਿਵਾਸ ਕਰਦੇ ਰਹੇ, ਜਿਥੇ ਭਾਰੀ ਗਿਣਤੀ ਵਿਚ ਲੋਕ ਉਨ੍ਹਾਂ ਦੇ ਉਪਦੇਸ਼ ਨੂੰ ਸੁਣਨ ਲਈ ਪਧਾਰਦੇ। ਉਹ ਲੋਕਾਂ ਨੂੰ ਨਿੱਤਨੇਮ ਦੀ ਕਰੜੀ ਪਾਲਣਾ ਕਰਨੀ ਸਿਖਾਉਂਦੇ। ਜਿਸ ਨਾਲ ਉਨ੍ਹਾਂ ਦੇ ਨਿੱਤ ਦੇ ਜੀਵਨ ਦਾ ਇਕ ਟੀਚਾ ਘੜਿਆ ਗਿਆ। ਇਨ੍ਹਾਂ ਨੂੰ ਇਸ ਵੇਲੇ ਤਕ ਲੋਕ ਸਿੱਖ ਆਖਣ ਲੱਗ ਪਏ। ਇਹ ਸ਼ਬਦ ਸੰਸਕ੍ਰਿਤ ਦੇ ਸ਼ਿਸ਼ ਜਾਂ ਸ਼ਿਕਸ਼ਾ ਤੋਂ ਜਾਂ ਪਾਲੀ ਦੇ ਸਿੱਖਾਂ ਤੋਂ ਬਣਿਆ ਜਾਪਦਾ ਹੈ। ਲੋਕਾਂ ਨੂੰ ਅੰਮ੍ਰਿਤ ਵੇਲੇ ਦਾ ਜਾਗਣਾ ਦੱਸਿਆ ਗਿਆ। ਉਹ ਠੰਢੇ ਜਲ ਦਾ ਇਸ਼ਨਾਨ ਕਰਕੇ ਧਰਮਸ਼ਾਲਾ ਵਿਚ ਇਕੱਤਰ ਹੋ ਜਾਂਦੇ। ਇਥੇ ਉਹ ਸਵੇਰ ਦੀ ਪੂਜਾ ਕਰਦੇ ਅਤੇ ਸ਼ਬਦ-ਕੀਰਤਨ ਕਰਦੇ। ਇਹ ਸਮਾ ਸੂਰਜ ਨਿਕਲਣ ਤੋਂ ਸਵਾ ਘੰਟਾ ਪਹਿਲੋਂ ਹੁੰਦਾ। ਇਸ ਤੋਂ ਉਪਰੰਤ ਲੋਕ ਆਪਣੇ ਕੰਮ-ਕਾਜ ਵਿਚ ਜੁਟਣ ਲਈ ਸੁਤੰਤਰ ਸਨ। ਰਾਤ ਨੂੰ ਫਿਰ ਸੰਗਤ ਜੁੜਦੀ ਅਤੇ ਉਸੇ ਤਰ੍ਹਾਂ ਹੀ ਪਹਿਲੋਂ ਪਾਠ-ਪੂਜਾ ਹੁੰਦੀ ਅਤੇ ਉਪਰੰਤ ਸ਼ਬਦ-ਚੌਂਕੀ, ਸਤਿਸੰਗ ਉਪਰੰਤ ਲੋਕ ਉਥੇ ਹੀ ਲੰਗਰ ਛਕਦੇ। ਫਿਰ ਅਰਦਾਸ ਹੁੰਦੀ ਅਤੇ ਲੋਕੀਂ ਰਾਤ ਨੂੰ ਸੌਣ ਲਈ ਆਪਣੇ-ਆਪਣੇ ਘਰਾਂ ਨੂੰ ਚਲੇ ਜਾਂਦੇ।

ਹੋਰ ਸ਼ਹਿਰਾਂ ਵਿਚ ਵੱਸਦੇ ਸਿੱਖ ਵੀ ਇਸੇ ਹੀ ਨੇਮ ਨਾਲ ਦੀਵਾਨ ਸਜਾਉਂਦੇ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੇ ਉਤਾਰੇ ਕੀਤੇ ਜਾਂਦੇ ਅਤੇ ਉਨ੍ਹਾਂ ਨੂੰ ਭੇਜੇ ਜਾਂਦੇ। ਹਰ ਧਰਮਸ਼ਾਲਾ ਵਿਚ ਇਕ ਮੁਖੀ ਹੁੰਦਾ ਜਿਹੜਾ ਨਵੇਂ ਬਣੇ ਸਿੱਖਾਂ ਪ੍ਰਤੀ ਉਪਦੇਸ਼ ਕਰਦਾ।

ਜਿਹੜੇ ਸ਼ਰਧਾਲੂ ਕਰਤਾਰਪੁਰ ਵਿਖੇ ਗੁਰੂ ਜੀ ਦੇ ਨੇੜ ਵਿਚ ਆਏ ਉਨ੍ਹਾਂ ਵਿਚ ਇਕ

ਤ੍ਰੇਹਣ ਖੱਤਰੀ ਲਹਿਣਾ ਸੀ। ਗੁਰੂ ਜੀ ਉਸ ਦੀ ਨਿਸ਼ਕਾਮ ਸੇਵਾ ਅਤੇ ਮੁਖੀ ਦੇ ਗੁਣਾਂ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਨਾਨਕ ਦੇਵ ਜੀ ਦਾ ਵੱਡਾ ਸਾਹਿਬਜ਼ਾਦਾ ਸ੍ਰੀਚੰਦ ਸੰਨਿਆਸੀ ਹੋ ਗਿਆ ਅਤੇ ਗੁਰੂ ਸਾਹਿਬ ਸੰਨਿਆਸ ਨੂੰ ਅੱਛਾ ਨਹੀਂ ਸਮਝਦੇ ਸਨ। ਉਸ ਤੋਂ ਛੋਟਾ ਸਾਹਿਬਜ਼ਾਦਾ ਲੱਖਮੀ ਦਾਸ ਵੀ ਹੋਰ ਪਾਸੇ ਹੀ ਹਿਤ ਰਖਦਾ ਸੀ ਅਤੇ ਰੂਹਾਨੀ ਗੱਲਾਂ ਵੱਲ ਉਸ ਦਾ ਧਿਆਨ ਨਹੀਂ ਸੀ। ਸਿੱਟੇ ਵਜੋਂ ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਆਪਣਾ ਮਿਸ਼ਨ ਪੂਰਾ ਕਰਨ ਲਈ ਚੁਣਿਆ, ਅਤੇ ਉਸ ਨੂੰ ਲਹਿਣੇ ਤੋਂ ਅੰਗਦ, ਭਾਵ ਆਪਣਾ ਅੰਗ ਬਣਾ ਲਿਆ।

ਸਤੰਬਰ 22, 1539 ਨੂੰ ਅੰਮ੍ਰਿਤ ਵੇਲੇ ਗੁਰੂ ਨਾਨਕ ਦੇਵ ਜੀ ਪਰਲੋਕ ਸਿਧਾਰ ਗਏ। ਇਸ ਵੇਲੇ ਨੂੰ ਗੁਰੂ ਜੀ ਆਨੰਦਮਈ ਖ਼ਿਆਲ ਕਰਦੇ ਸਨ। ਗੁਰੂ ਜੀ ਦਾ ਅੰਤ ਵੀ ਉਸੇ ਮਾਨਵ ਵਾਂਗ ਹੋਇਆ ਜਿਸ ਅੰਦਰ ਹਿੰਦੂ ਜਾਤੀ ਅਤੇ ਮੁਸਲਿਮ ਕੌਮ ਵਿਚ ਭਾਵੁਕ ਏਕਤਾ ਲਿਆਉਣ ਦੀ ਲਗਨ ਸੀ। ਮੁਸਲਮਾਨਾਂ ਨੇ ਆਖਿਆ : "ਅਸੀਂ ਗੁਰੂ ਜੀ ਨੂੰ ਦਫ਼ਨਾਵਾਂਗੇ।" ਹਿੰਦੂ ਕਹਿੰਦੇ ਸੀ : "ਅਸੀਂ ਸੰਸਕਾਰ ਕਰਾਂਗੇ।" ਗੁਰੂ ਜੀ ਨੇ ਕਿਹਾ ਸੀ : "ਤੁਸੀਂ ਮੇਰੇ ਦੋਵੇਂ ਪਾਸੇ ਫੁੱਲ ਰੱਖ ਦਿਓ। ਹਿੰਦੂ ਸੱਜੇ ਪਾਸੇ ਵੱਲ ਮੁਸਲਮਾਨ ਖੱਬੇ ਪਾਸੇ ਵੱਲ। ਸਵੇਰ ਤਾਈਂ ਜਿਸ ਦੇ ਫੁੱਲ ਤਾਜ਼ਾ ਰਹਿਣ ਉਹ ਕਾਰਜ ਪੂਰਾ ਕਰੇ।" ਉਨ੍ਹਾਂ ਸਭ ਨੂੰ ਅਰਦਾਸ ਕਰਨ ਲਈ ਆਖਿਆ। ਜਦੋਂ ਅਰਦਾਸ ਸਮਾਪਤ ਹੋਈ ਤਾਂ ਬਾਬੇ ਨੇ ਆਪਣੇ ਉਪਰ ਪੂਰੀ ਤਰ੍ਹਾਂ ਚਾਦਰ ਲੈ ਲਈ ਅਤੇ ਸਦਾ ਦੀ ਨੀਂਦ ਸੌਂ ਗਏ। ਜਦੋਂ ਸਵੇਰੇ ਚਾਦਰ ਚੁੱਕੀ ਗਈ ਤਾਂ ਉਥੇ ਕੁਝ ਵੀ ਨਹੀਂ ਸੀ। ਦੋਹਾਂ ਜਾਤੀਆਂ ਵੱਲੋਂ ਰਖੇ ਹੋਏ ਫੁੱਲ ਵੀ ਉਵੇਂ ਹੀ ਤਾਜ਼ੇ ਸਨ। ਹਿੰਦੂਆਂ ਨੇ ਆਪਣੇ ਫੁੱਲ ਇਕੱਠੇ ਕਰ ਲਏ।

ਅੱਜ ਵੀ ਗੁਰੂ ਨਾਨਕ ਦੇਵ ਜੀ ਨੂੰ ਪੰਜਾਬ ਵਿਚ ਧਾਰਮਿਕ ਮਨੁੱਖਾਂ ਦਾ ਸ਼ਹਿਨਸ਼ਾਹ ਕਿਹਾ ਜਾਂਦਾ ਹੈ। ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦਾ ਪੀਰ।

ਬਾਬਾ ਨਾਨਕ ਸ਼ਾਹ ਫ਼ਕੀਰ ॥
ਹਿੰਦੂ ਦਾ ਗੁਰੂ ਮੁਸਲਮਾਨ ਦਾ ਪੀਰ ॥

ਭੁੱਲੀ-ਭਟਕੀ ਲੁਕਾਈ ਨੂੰ ਸਿੱਧੇ ਰਾਹੇ ਪਾਉਂਦਿਆਂ ਚਾਲ੍ਹੀ ਵਰ੍ਹਿਆਂ ਦੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਧਰਮਸ਼ਾਲਾਵਾਂ ਕਾਇਮ ਕੀਤੀਆਂ। ਪੂਰਬ ਵਿਚ ਆਸਾਮ ਤਕ ਅਤੇ ਪੱਛਮ ਵਿਚ ਈਰਾਕ ਤਕ। ਪਰ ਉਨ੍ਹਾਂ ਦੇ ਪਰਲੋਕ ਗਮਨ ਉਪਰੰਤ ਇਹ ਧਰਮ ਦੇ ਕੇਂਦਰ ਬਹੁਤ ਸਮੇਂ ਲਈ ਕਾਇਮ ਨਾ ਰਹੇ। ਗੁਰੂ ਸਾਹਿਬ ਨੇ ਜੋ ਉਪਦੇਸ਼ ਦਿੱਤਾ ਉਹ ਪੰਜਾਬੀ ਵਿਚ ਸੀ, ਇਸ ਲਈ ਪੰਜਾਬ ਵਾਸੀਆਂ ਦੇ ਦਿਲਾਂ 'ਤੇ ਇਸ ਦੀ ਡੂੰਘੀ ਛਾਪ ਸੀ। ਉਨ੍ਹਾਂ ਦੇ ਸ਼ਬਦਾਂ ਦਾ ਕੀਰਤਨ ਪ੍ਰਚੱਲਿਤ ਹੋ ਗਿਆ। ਕਿਹਾ ਨਹੀਂ ਜਾ ਸਕਦਾ ਕਿ ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਉਨ੍ਹਾਂ ਦੇ ਸ਼ਰਧਾਲੂਆਂ ਨੇ ਕੋਈ ਵੱਖਰੀ ਸੰਪਰਦਾ ਬਣਾ ਲਈ ਹੋਵੇ। ਹਾਂ, ਇਹ ਲੋਕ ਹਿੰਦੂ ਅਤੇ ਇਸਲਾਮੀ ਮਜ਼ਹਬ ਨਾਲ ਮਤਭੇਦ ਰਖਦੇ ਸਨ ਅਤੇ ਉਸ ਉਪਦੇਸ਼ ਨੂੰ ਸਵੀਕਾਰ ਕਰਦੇ ਜਿਸ ਬਾਰੇ ਗੁਰੂ ਜੀ ਕਹਿੰਦੇ। ਉਨ੍ਹਾਂ ਦੀ ਸਿੱਖਿਆ ਉਨ੍ਹਾਂ ਹਿੰਦੂਆਂ ਨੂੰ ਪ੍ਰਭਾਵਿਤ ਕਰਦੀ ਸੀ ਜਿਹੜੇ ਰਾਜਸੀ ਤੌਰ ਤੇ ਪਿਸ ਰਹੇ ਸਨ ਅਤੇ ਇਨ੍ਹਾਂ ਵਿਚ ਮੁਸਲਮਾਨ ਕਿਸਾਨ ਵੀ ਸ਼ਾਮਲ ਸਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਤੋਂ ਪਹਿਲਾਂ ਸੂਫ਼ੀਆਂ ਅਤੇ ਭਗਤਾਂ ਨੇ ਸੁਖਾਵਾਂ ਵਾਤਾਵਰਨ ਪੈਦਾ ਕਰ ਦਿੱਤਾ ਸੀ। ਪਰ ਇਹ ਗੁਰੂ ਨਾਨਕ ਦੇਵ ਜੀ ਦੀ ਵਿਲੱਖਣ ਸ਼ਖ਼ਸੀਅਤ ਸੀ ਜਿਸ ਵਿਚ ਸਾਊਪੁਣੇ ਅਤੇ ਸਾਹਸ ਦਾ ਸੁਮੇਲ ਸੀ। ਇਸ ਨੇ ਆਮ ਲੋਕਾਂ ਦਾ ਮਨ ਜਿੱਤ ਲਿਆ। ਉਹ ਰੂੜ੍ਹੀਵਾਦ ਦੇ ਵਿਰੋਧੀ ਸਨ ਅਤੇ ਉਨ੍ਹਾਂ ਰੂੜ੍ਹੀਵਾਦ ਸਮਾਜ ਵਿਚ ਰੂੜ੍ਹੀਵਾਦ-ਵਿਰੋਧੀ ਹੋ ਕੇ ਆਪਣਾ ਜੀਵਨ ਗੁਜ਼ਾਰਿਆ। ਉਹ ਇਹ

ਭਲੀ ਪ੍ਰਕਾਰ ਜਾਣਦੇ ਸਨ ਕਿ ਲੋਕ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਭਲੀ ਪ੍ਰਕਾਰ ਸਮਝ ਲੈਣਗੇ ਜੇਕਰ ਇਸ ਬਾਰੇ ਉਨ੍ਹਾਂ ਨੂੰ ਬਿਨਾਂ ਈਰਖਾ, ਨਿੰਦਿਆ ਜਾ ਤਨਜ਼ ਦੇ ਦੱਸਿਆ ਜਾਵੇ। ਗੁਰੂ ਜੀ ਅੰਦਰ ਅਨੋਖਾ ਵਿਅੰਗਮਈ ਅੰਦਾਜ਼ ਸੀ ਜਿਸ ਨੂੰ ਉਹ ਆਪਣੇ ਆਪ 'ਤੇ ਵੀ ਲਾਗੂ ਕਰਨ ਤੋਂ ਝਿਜਕਦੇ ਨਹੀਂ ਸਨ :

ਪ੍ਰਭਾਤੀ ਮਹਲਾ ੧

ਮਸਟਿ ਕਰਉ ਮੂਰਖੁ ਜਗਿ ਕਹੀਆ ॥
'ਅਧਿਕ ਬਕਉ ਤੇਰੀ ਲਿਵ ਰਹੀਆ ॥
ਭੂਲ ਚੂਕ ਤੇਰੈ ਦਰਬਾਰਿ ॥
ਨਾਮ ਬਿਨਾ ਕੈਸੇ ਆਚਾਰ ॥੧॥
ਐਸੇ ਝੂਠਿ ਮੁਠੇ ਸੰਸਾਰਾ ॥
ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ਰਹਾਉ॥
ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥
ਗੁਰ ਕੈ ਸਬਦੇ ਦਰਿ ਨੀਸਾਣੈ ॥
ਕਾਰਣ ਨਾਮੁ ਅੰਤਰਿ ਗਤਿ ਜਾਣੈ ॥
ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥੨॥
ਮੈ ਮੈਲੌ ਊਜਲੁ ਸਚੁ ਸੋਇ ॥
ਊਤਮੁ ਆਖਿ ਨ ਊਚਾ ਹੋਇ ॥
ਮਨਮੁਖੁ ਖੂਲਿ ਮਹਾ ਬਿਖੁ ਖਾਇ ॥
ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥
ਅੰਧੌ ਬੋਲੌ ਮੁਗਧੁ ਗਵਾਰੁ ॥
ਹੀਣੌ ਨੀਚੁ ਬੁਰੌ ਬੁਰਿਆਰੁ ॥
ਨੀਧਨ ਕੌ ਧਨੁ ਨਾਮੁ ਪਿਆਰੁ ॥
ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥
ਉਸਤਤਿ ਨਿੰਦਾ ਸਬਦੁ ਵੀਚਾਰੁ ॥
ਜੋ ਦੇਵੈ ਤਿਸ ਕਉ ਜੈਕਾਰੁ ॥
ਤੂ ਬਖਸਹਿ ਜਾਤਿ ਪਤਿ ਹੋਇ ॥
ਨਾਨਕੁ ਕਹੈ ਕਹਾਵੈ ਸੋਇ ॥੫॥੧੨॥

(ਆਦਿ ਗ੍ਰੰਥ, ਪੰਨਾ 1330)

ਗੁਰੂ ਜੀ ਅਨੋਖੀ ਪ੍ਰਕਾਰ ਦੇ ਕਵੀ ਸਨ ਜਿਨ੍ਹਾਂ ਦੀ ਬਾਣੀ ਵਿਚ ਸਹਿਜ ਵਿਅੰਗ ਵੀ ਸੀ ਅਤੇ ਖੁੱਲ੍ਹੇ ਤੌਰ ਤੇ ਸਿਫ਼ਤ-ਸਲਾਹ ਵੀ ਸੀ। ਉਨ੍ਹਾਂ ਨੂੰ ਪੰਜਾਬ ਨਾਲ ਪਿਆਰ ਸੀ। ਉਨ੍ਹਾ ਇਸ ਦੀ ਧਰਤੀ ਦੇ ਚਿੱਤਰ ਅੰਕਿਤ ਕੀਤੇ ਜਿਹੇ ਜਿਹੇ ਉਨ੍ਹਾਂ ਤੋਂ ਪਹਿਲਾਂ ਕਿਸੇ ਨੇ ਨਹੀਂ ਬਣਾਏ ਸਨ। ਫ਼ਸਲਾਂ ਦੇ ਪੱਕਣ, ਜੰਗਲ ਵਿਚ ਹਿਰਨਾਂ ਦੀਆਂ ਡਾਰਾਂ ਦੀਆਂ ਚੁੰਗੀਆਂ, ਪਰਛਾਵਿਆਂ ਦੇ ਲੰਮੇਰੇ ਹੋਣ ਵੇਲੇ ਟਿੱਡਿਆਂ ਦੀ ਟੀਂ-ਟੀਂ, ਵਰਖਾ ਰੁੱਤ ਵੇਲੇ ਮੀਂਹ ਦਾ ਵੱਸਣਾ ਆਦਿ ਨੂੰ ਇਕ ਨਿਪੁੰਨ ਕਲਾਕਾਰ ਵਾਂਗ ਸ਼ਬਦਾਂ ਦਾ ਜਾਮਾ ਪਹਿਨਾਇਆ ਹੈ। ਸ਼ਬਦਾਂ ਵਿਚ ਅਹਿਸਾਸ ਅਤੇ ਸੰਗੀਤ ਜਾਪਦਾ ਹੈ। ਗੁਰੂ ਨਾਨਕ ਦੀ ਬਾਣੀ ਨੇ ਉਨ੍ਹਾਂ ਨੂੰ ਆਮ ਲੋਕਾਂ ਵਿਚ ਹਰਮਨ-ਪਿਆਰਾ ਬਣਾ ਦਿੱਤਾ।

ਸਿੱਖ ਧਰਮ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ

ਮਹਾਨ ਪ੍ਰਾਪਤੀਆਂ ਨੂੰ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗਿ ਚਾਨਣੁ ਹੋਆ ॥
ਜਿਉ ਕਰ ਸੂਰਜੁ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ ॥
ਸਿੰਘ ਬੁਕੇ ਮਿਰਗਾਵਲੀ
ਭੰਨੀ ਜਾਇ ਨ ਧੀਰ ਧਰੋਆ ॥
ਜਿਥੇ ਬਾਬਾ ਪੈਰ ਧਰੈ
ਪੂਜਾ ਆਸਣੁ ਥਾਪਣਿ ਸੋਆ ॥
ਸਿਧ ਆਸਣਿ ਸਭਿ ਜਗਤ ਦੇ
ਨਾਨਕ ਆਦਿ ਮਤੇ ਜੇ ਕੋਆ ॥
ਘਰਿ ਘਰਿ ਅੰਦਰਿ ਧਰਮਸਾਲ
ਹੋਵੈ ਕੀਰਤਨੁ ਸਦਾ ਵਿਸੋਆ ॥
ਬਾਬੇ ਤਾਰੇ ਚਾਰਿ ਚਕਿ
ਨਉਖੰਡਿ ਪ੍ਰਿਥਮੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥

(ਵਾਰ 1—ਭਾਈ ਗੁਰਦਾਸ)

ਗੁਰੂ ਨਾਨਕ ਦੀ ਸਿੱਖਿਆ

ਗੁਰੂ ਨਾਨਕ ਨੇ ਨਾ ਕੇਵਲ ਇਕ ਨਵਾਂ ਧਰਮ ਚਲਾਇਆ ਅਤੇ ਇਕ ਨਵੀਂ ਜੀਵਨ-ਜਾਚ ਦੱਸੀ, ਸਗੋਂ ਇਕ ਨਵੀਂ ਕਿਸਾਨ ਲਹਿਰ ਵੀ ਚਲਾਈ ਜਿਸ ਦਾ ਪ੍ਰਭਾਵ ਸਾਰੇ ਦੇਸ਼ 'ਤੇ ਅਨੁਭਵ ਕੀਤਾ ਗਿਆ। ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਤਸਵੀਰ ਦੀ ਝਲਕ ਦੇਖਣ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀ ਸਿੱਖਿਆ ਦੇ ਧਾਰਮਿਕ ਅਤੇ ਧਰਮ ਨਿਰਪੇਖ ਪੱਖਾਂ 'ਤੇ ਇਕ ਝਾਤ ਮਾਰੀਏ।

ਪਹਿਲੋਂ ਉਨ੍ਹਾਂ ਦੇ ਚਲਾਏ ਮਤਿ ਦੇ ਮੁੱਖ ਅੰਗ ਲੈਂਦੇ ਹਾਂ।

ਰੱਬ ਦਾ ਸਿਧਾਂਤ : ਗੁਰੂ ਨਾਨਕ ਪੱਕੇ ਅਦ੍ਵੈਤਵਾਦੀ ਸਨ। ਰੱਬ ਦੀ ਏਕਤਾ ਦੇ ਵਿਰੋਧ ਵਿਚ ਉਨ੍ਹਾਂ ਨੂੰ ਕੋਈ ਸਿਧਾਂਤ ਮਨਜ਼ੂਰ ਨਹੀਂ ਸੀ। ਇਸ ਸੰਬੰਧ ਵਿਚ ਉਹ ਭਗਤਾਂ ਨਾਲ ਵੀ ਮਤਭੇਦ ਰੱਖਦੇ ਸਨ, ਜਿਹੜੇ ਅਦ੍ਵੈਤ ਦੀ ਹਾਮੀ ਭਰਦੇ ਸਨ, ਪਰ ਨਾਲ ਹੀ ਪਰਮਾਤਮਾ ਦੇ ਪੁਨਰ-ਜਨਮ ਅਤੇ ਉਸ ਦੇ ਬਾਰੇ ਹੋਏ ਅਵਤਾਰਾਂ ਵਿਚ ਵੀ ਵਿਸ਼ਵਾਸ ਰੱਖਦੇ ਸਨ। ਗੁਰੂ ਨਾਨਕ ਦੀ ਦਲੀਲ ਸੀ ਕਿ ਜੇਕਰ ਪਰਮਾਤਮਾ ਅਨੰਤ ਹੈ ਤਾਂ ਉਸ ਦਾ ਜੰਮਣ-ਮਰਨ ਜਾਂ ਪੁਨਰ-ਜਨਮ ਕੇਹਾ ? ਇਨਸਾਨੀ ਜਾਮਾ ਵੀ ਉਸ ਦਾ ਨਹੀਂ ਹੋ ਸਕਦਾ ਜਿਹੜਾ ਖੀਣ ਹੁੰਦਾ ਹੈ ਅਤੇ ਬਿਨਸ ਜਾਂਦਾ ਹੈ। ਗੁਰੂ ਨਾਨਕ ਮੂਰਤੀ-ਪੂਜਾ ਦਾ ਵੀ ਖੰਡਨ ਕਰਦੇ ਸਨ ਕਿਉਂ ਜੋ ਸਾਧਾਰਣ ਲੋਕ ਮੂਰਤੀ ਨੂੰ ਪਰਮਾਤਮਾ ਦਾ ਪ੍ਰਤੀਕ ਸਮਝਣ ਦੀ ਥਾਵੇਂ ਪਰਮਾਤਮਾ ਹੀ ਮੰਨਣ ਲੱਗ ਜਾਂਦੇ ਹਨ। ਗੁਰੂ ਨਾਨਕ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਸਤਿ ਹੈ। ਅਸਤਿ ਦੇ ਉਲਟ ਜਾਂ ਮਿਥਿਆ ਦੇ ਉਲਟ, ਇਸ ਪ੍ਰਕਾਰ ਉਨ੍ਹਾਂ ਪਰਮਾਤਮਾ ਨੂੰ ਰੂਹਾਨੀ ਸਿਧਾਂਤ ਬਣਾਇਆ ਸਗੋਂ ਇਸ ਸਿਧਾਂਤ ਦੇ ਆਧਾਰ 'ਤੇ ਸਮਾਜਿਕ ਵਿਹਾਰ ਦੇ ਅਸੂਲ ਵੀ ਰੱਖੇ। ਜੇਕਰ ਪਰਮਾਤਮਾ ਸਤਿ ਹੈ ਤਾਂ ਅਸਤਿ ਬੋਲਣਾ ਪਰਮਾਤਮਾ ਰੂਪ ਨਹੀਂ। ਅਸਤਿ ਵਿਹਾਰ

ਨਾ ਕੇਵਲ ਗੁਆਂਢੀ ਨੂੰ ਹੀ ਅੱਖਰਦਾ ਹੈ ਸਗੋਂ ਇਹ ਧਰਮ ਦੇ ਵੀ ਵਿਰੁੱਧ ਹੈ, ਅਧਰਮ ਹੈ, ਇਕ ਅੱਛਾ ਸਿੱਖ ਕੇਵਲ ਇਹ ਹੀ ਵਿਸ਼ਵਾਸ ਨਾ ਰੱਖੇ ਕਿ ਪਰਮਾਤਮਾ ਇਕ ਹੈ। ਸਰਵ-ਸ਼ਕਤੀਮਾਨ ਹੈ ਅਤੇ ਸਰਵ-ਵਿਆਪੀ ਸਤਿ ਹੈ, ਸਗੋਂ ਅਜਿਹਾ ਵਿਹਾਰ ਕਰੇ ਕਿ ਉਹ ਕਿਸੇ ਨੂੰ ਦੁੱਖ ਨਾ ਪਹੁੰਚਾਵੇ। ਕਿਸੇ ਨੂੰ ਦੁੱਖ ਦੇਣਾ, ਠੱਗੀ ਜਾਂ ਕਿਸੇ ਮਨੁੱਖ ਦੀ ਜਾਇਦਾਦ ਹੜੱਪ ਕਰਨਾ ਬਦਫੈਲੀ ਹੈ। ਇਹ ਸਤਿ ਦੇ ਅਨੁਕੂਲ ਨਹੀਂ ਜੋ ਪਰਮਾਤਮਾ ਹੈ। ਇਸ ਅਸੂਲ ਨੂੰ ਗੁਰੂ ਨਾਨਕ ਨੇ ਅੰਮ੍ਰਿਤ ਵੇਲੇ ਦੀ ਬਾਣੀ 'ਜਪੁਜੀ' ਵਿਚ ਦੱਸਿਆ ਹੈ, ਇਹ ਮੂਲ ਮੰਤਰ ਹੈ ਜੋ ਸਿੱਖ ਧਰਮ ਦਾ ਬੁਨਿਆਦੀ ਵਿਸ਼ਵਾਸ ਹੈ।

ਗੁਰੂ ਨਾਨਕ ਦਾ ਮਤਿ ਸੀ ਕਿ ਪਰਮਾਤਮਾ ਨਿਰੰਕਾਰ ਹੈ ਅਤੇ ਕਥਿਆ ਨਹੀਂ ਜਾ ਸਕਦਾ। ਪਰਮਾਤਮਾ ਦੀ ਜੋ ਵੀ ਵਿਆਖਿਆ ਕੀਤੀ ਗਈ ਹੈ ਉਹ ਉਸ ਨੂੰ ਕਥਣ ਦੀ ਅਸਮਰਥਾ ਦਰਸਾਉਣ ਵਾਲੀ ਹੈ :

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥
ਸਭ ਮਹਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਰਾਗ ਧਨਾਸਰੀ ਮਹਲਾ ੧)

ਕਥਨ ਦੀ ਕਠਿਨਾਈ ਦੇ ਬਾਵਜੂਦ ਗੁਰੂ ਨਾਨਕ ਨੇ ਪਰਮਾਤਮਾ ਨੂੰ ਅਨੇਕ ਨਾਮ ਦਿੱਤੇ। ਉਹ ਸਾਰੀ ਮਨੁੱਖਤਾ ਦਾ ਪਿਤਾ ਹੈ, ਪ੍ਰੀਤਮ ਹੈ ਅਤੇ ਆਪਣੇ ਸ਼ਰਧਾਲੂਆਂ ਦਾ ਖ਼ਸਮ ਹੈ। ਉਸ ਦਾ ਦਾਤਾਰ ਹੈ ਜੋ ਸਭ ਨੂੰ ਦੇਂਦਾ ਹੈ ਤੇ ਮੰਗਦਾ ਕਿਸੇ ਕੋਲੋਂ ਨਹੀਂ। ਗੁਰੂ ਨਾਨਕ ਨੇ ਇਹ ਇਸ ਲਈ ਕਿਹਾ ਕਿ ਪਰਮਾਤਮਾ ਅੱਗੇ ਮਨੁੱਖ ਦੀ ਨਿਰਭਰਤਾ ਦਰਸਾਈ ਜਾਵੇ। ਭਾਵੇਂ ਗੁਰੂ ਨਾਨਕ ਪਰਮਾਤਮਾ ਲਈ ਹਿੰਦੂਆਂ ਅਤੇ ਮੁਸਲਮਾਨਾਂ ਵਾਲੇ ਨਾਮ ਵਰਤੇ, ਜਿਵੇਂ ਗੋਵਿੰਦ, ਹਰੀ, ਮੁਰਾਰੀ ਅਤੇ ਰਹੀਮ, ਪਰ ਜਿਸ ਗੁਣ ਨਾਲ ਉਹ ਪਰਮਾਤਮਾ ਨੂੰ ਆਮ ਤੌਰ ਤੇ ਯਾਦ ਕਰਦੇ, ਉਹ ਸੀ ਕਰਤਾ ਪੁਰਖ ਜਾਂ ਸਤਿਨਾਮ।

ਪਰਮਾਤਮਾ ਨੂੰ ਸਤਿ ਦੇ ਭਾਵਾਤਮਕ ਨਿਯਮ ਨਾਲ ਜੋੜ ਕੇ ਗੁਰੂ ਨਾਨਕ ਉਸ ਕਠਿਨਾਈ ਤੋਂ ਬਚ ਗਏ ਜਿਸ ਵਿਚ ਕੇਵਲ ਪਿਤਾ ਜਾਂ ਕਰਤਾ ਕਹਿਣ ਵਾਲੇ ਉਲਝਦੇ ਸਨ। ਜੇਕਰ ਪਰਮਾਤਮਾ ਨੇ ਜਗਤ ਦੀ ਰਚਨਾ ਕੀਤੀ ਤਾਂ ਪਰਮਾਤਮਾ ਦਾ ਰਚਣਹਾਰਾ ਕੌਣ? ਜੇਕਰ ਉਹ ਪਿਤਾ ਹੈ ਤਾਂ ਉਸ ਦਾ ਪਿਤਾ ਕੌਣ? ਪਰ ਗੁਰੂ ਨਾਨਕ ਦੇ ਢੰਗ ਵਿਚ ਵੀ ਸਮੱਸਿਆ ਸੀ। ਜੇਕਰ ਪਰਮਾਤਮਾ ਸਤਿ ਹੈ ਤਾਂ ਅਸਤਿ ਕੀ ਹੈ? ਗੁਰੂ ਨਾਨਕ ਦਾ ਉੱਤਰ ਸੀ ਕਿ ਜਿਸ ਸਥਿਤੀ ਵਿਚ ਤੁਸੀਂ ਆਪ ਕੋਈ ਨਿਰਣਾ ਨਾ ਕਰ ਸਕੋ ਤਾਂ ਉਸ ਨੂੰ ਗੁਰੂ ਦੀ ਚਰਨੀਂ ਲੱਗ ਕੇ ਸਮਝੋ।

ਗੁਰੂ : ਭਗਤਾਂ ਅਤੇ ਸੂਫੀਆਂ ਨੇ ਰੂਹਾਨੀ ਰਹਿਬਰ ਦੀ ਲੋੜ 'ਤੇ ਬਲ ਦਿੱਤਾ ਹੈ। ਗੁਰੂ ਨਾਨਕ ਇਸ ਤੋਂ ਅੱਗੇ ਗਏ। ਅਤੇ ਆਪਣੇ ਮਤਿ ਵਿਚ ਗੁਰੂ ਨੂੰ ਧੁਰਾ ਬਣਾਇਆ। ਗੁਰੂ ਸਤਿ ਦੇ ਸਿੱਧੇ ਅਤੇ ਸੌਖੇ ਪਥ ਤੋਂ ਮਨੁੱਖਤਾ ਨੂੰ ਥਿੜਕਣ ਤੋਂ ਬਚਾਉਂਦਾ ਹੈ। ਭਵਸਾਗਰ ਤੋਂ ਪਾਰ ਕਰਨ ਵਾਲੇ ਜਹਾਜ਼ ਦਾ ਉਹ ਬੋਹਿਥ ਹੈ, ਮੱਲਾਹ ਹੈ। ਗੁਰੂ ਨਾਨਕ ਨੇ ਸਪੱਸ਼ਟ ਕੀਤਾ ਕਿ ਗੁਰੂ ਨਾਨਕ ਨੇ ਵੀ ਆਪਣੇ ਆਪ ਨੂੰ ਸਿੱਖਿਆਦਾਤਾ ਦੱਸਿਆ ਪਰ ਪੀਰ ਨਹੀਂ। ਆਪਣੀ ਬਾਣੀ ਵਿਚ ਉਨ੍ਹਾਂ ਆਪਣੇ ਆਪ ਨੂੰ ਕੂਕਰ ਜਾਂ ਦਾਸ ਕਿਹਾ ਹੈ।

ਜੀਵਨ ਉਦੇਸ਼ : ਸੰਸਾਰ ਦੀ ਮਾਇਆ ਤੋਂ ਅਲਿਪਤ ਰਹਿਣਾ ਹੈ। ਗੁਰੂ ਨਾਨਕ ਨੇ ਜੰਗਲਾਂ ਵਿਚ ਜਾਣ ਨੂੰ ਜਾਂ ਸਰੀਰ ਨੂੰ ਤਸੀਹੇ ਦੇ ਕੇ ਗਿਆਨ ਪ੍ਰਾਪਤ ਕਰਨ ਦੇ ਰਾਹ ਦੀ ਨਿੰਦਾ ਕੀਤੀ ਹੈ। ਉਨ੍ਹਾਂ ਦਾ ਆਦਰਸ਼ ਸੀ ਕਿ ਗ੍ਰਹਿਸਥ ਵਿਚ ਵਿਚਰਦੇ ਹੋਏ ਜੋਗੀ ਵਾਂਗ ਅਲਿਪਤ ਰਹਿਣਾ ਹੈ :

ਜੋਗੁ ਨਾ ਖਿੰਥਾ ਜੋਗੁ ਨ ਡੰਡੈ
ਜੋਗੁ ਨਾ ਭਰਮ ਚੜ੍ਹਾਈਐ ॥
ਜੋਗੁ ਨਾ ਮੁੰਦੀ ਮੂੰਡਿ ਮੁੰਡਾਇਐ
ਜੋਗੁ ਨਾ ਸਿੰਗੀ ਵਾਈਐ
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗੁ ਜੁਗਤਿ ਇਵ ਪਾਈਐ ॥

(ਸੂਹੀ ਮਹਲਾ ੧)

ਆਪਣੇ ਮਤਿ ਦੇ ਪ੍ਰਚਾਰ ਲਈ ਗੁਰੂ ਜੀ ਪਰਿਵਾਰ ਛੱਡ ਕੇ ਜਾਂਦੇ ਰਹੇ। ਵਾਪਸ ਆ ਕੇ ਉਹ ਆਪਣੇ ਪਰਿਵਾਰ ਅਤੇ ਆਮ ਲੋਕਾਂ ਨਾਲ ਇਕਮਿਕ ਹੋ ਕੇ ਰਹਿੰਦੇ। ਉਨ੍ਹਾਂ ਦਾ ਉਦੇਸ਼ ਗ੍ਰਹਿਸਥ ਮਾਰਗ ਦਾ ਸੀ ਅਤੇ ਉਨ੍ਹਾਂ ਉਦਾਸੀ ਜਾਂ ਸੰਨਿਆਸੀ ਜੀਵਨ ਨੂੰ ਪਰਵਾਨ ਨਹੀਂ ਕੀਤਾ ਜਿਸ ਵਿਚ ਗ੍ਰਹਿਸਥੀਆਂ ਦੇ ਦਰ ਤੋਂ ਭਿੱਖਿਆ ਲੈ ਕੇ ਨਿਰਬਾਹ ਕਰਨਾ ਹੈ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਵਿਅਕਤੀ ਦਾ ਭਲਾ ਸਾਧ ਸੰਗਤ ਵਿਚ ਹੀ ਹੋ ਸਕਦਾ ਹੈ। ਆਪਣੇ ਗੁਆਂਢੀ ਨਾਲ ਉਸ ਦਾ ਵਿਹਾਰ ਸਤਿ ਦਾ ਹੋਣਾ ਚਾਹੀਦਾ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

(ਸਿਰੀ ਰਾਗ ਮਹਲਾ ੧)

ਜਾਤ-ਪਾਤ ਰਹਿਤ ਸਮਾਜ : ਸਮਾਜ ਅੰਦਰੋਂ ਜਾਤ-ਪਾਤ ਦੇ ਉਦੇਸ਼ ਨੂੰ ਸੰਤਾਂ ਤੇ ਭਗਤਾਂ ਨੇ ਪ੍ਰਚਾਰ ਤਕ ਹੀ ਸੀਮਤ ਰਖਿਆ। ਪਰ ਗੁਰੂ ਨਾਨਕ ਨੇ ਇਸ ਬੰਧਨ ਨੂੰ ਤੋੜਨ ਲਈ ਅਮਲੀ ਕਦਮ ਚੁੱਕੇ, ਅਤੇ ਗੁਰੂ ਕਾ ਲੰਗਰ ਚਲਾਇਆ। ਸਭ ਲਈ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਜ਼ਰੂਰੀ ਹੋ ਗਿਆ। ਕੋਈ ਕਿਸੇ ਵੀ ਜਾਤੀ ਦਾ ਹੋਵੇ ਅਤੇ ਕਿੰਨਾ ਹੀ ਉੱਚਾ ਹੋਵੇ। ਗੁਰੂ ਨਾਨਕ ਦੀ ਬਾਣੀ ਅਜਿਹੀਆਂ ਤੁਕਾਂ ਨਾਲ ਭਰੀ ਪਈ ਹੈ, ਜਿਸ ਵਿਚ ਜਾਤ-ਪਾਤ ਦੀਆਂ ਕੁਰੀਤੀਆਂ ਦਾ ਖੰਡਨ ਹੈ। ਖ਼ਾਸ ਕਰ ਪੰਡਤਾਂ ਦੀ ਇਹ ਧਾਰਨਾ ਕਿ ਅਛੂਤ ਦੇ ਪਰਛਾਵੇਂ ਨਾਲ ਰਸੋਈ ਭਿੱਟ ਹੋ ਜਾਂਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ :

ਜੇਕਰ ਸੂਤਕੁ ਮੰਨੀਐ ਸਭ ਮਹਿ ਸੂਤਕੁ ਹੋਇ ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰ ਰਖੀਐ ਸੂਤਕੁ ਪਵੈ ਰਸੋਇ ॥

(ਆਸਾ ਦੀ ਵਾਰ)

ਨਾਮ ਅਤੇ ਸਹਿਜ ਦਾ ਪਥ : ਹਿੰਦੂ ਮਤਿ ਦੇ ਅੰਦਰ ਮੁਕਤੀ ਪ੍ਰਾਪਤ ਕਰਨ ਲਈ ਤਿੰਨ ਰਾਹ ਮੰਨੇ ਗਏ ਹਨ : ਕਰਮ ਮਾਰਗ, ਭਗਤੀ ਮਾਰਗ ਅਤੇ ਗਿਆਨ ਮਾਰਗ। ਗੁਰੂ ਨਾਨਕ ਨੇ ਭਗਤੀ ਮਾਰਗ ਸਵੀਕਾਰ ਕੀਤਾ ਪਰ ਨਾਮ ਦੀ ਮਹਿਮਾ ਦੇ ਆਧਾਰ 'ਤੇ। ਉਨ੍ਹਾਂ ਕਿਹਾ ਕਿ ਨਾਮ ਬਿਨਾਂ ਮੇਰੇ ਪਾਸ ਕੋਈ ਕਰਾਮਾਤ ਨਹੀਂ :

ਭਰੀਐ ਹਥੁ ਪੈਰੁ ਤਨੁ ਦੇਹ ॥

ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ (ਜਪੁਜੀ)

ਗੁਰੂ ਨਾਨਕ ਦਾ ਵਿਸ਼ਵਾਸ ਸੀ ਕਿ ਨਾਮ ਦੇ ਸਿਮਰਨ ਦੁਆਰਾ ਹਉਮੈ ਦੀ ਸਭ ਤੋਂ ਵੱਡੀ ਬੁਰਾਈ ਦੂਰ ਹੋ ਜਾਂਦੀ ਹੈ, ਕਿਉਂਕਿ ਇਸ ਵਿਚ ਮੁਕਤੀ ਦਾ ਬੀਜ ਹੈ ਜਿਸ ਨੂੰ ਨਾਮ ਦੁਆਰਾ ਪ੍ਰਫੁੱਲਤ ਕਰ ਸਕੀਦਾ ਹੈ। ਇਕ ਵਾਰ ਹਉਮੈ ਦੀ ਸ਼ਕਤੀ ਨੂੰ ਅਧੀਨ ਕਰ ਲਿਆ ਤਾਂ ਪੰਚ ਦੂਤ—ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵੀ ਕਾਬੂ ਆ ਜਾਂਦੇ ਹਨ। ਮਨ ਧਾਵਣ ਤੋਂ ਹਟ ਜਾਂਦਾ ਹੈ ਅਤੇ ਵਿਸਮਾਦ ਦੀ ਅਵਸਥਾ ਦਾ ਆਨੰਦ ਮਾਣਦਾ ਹੈ। ਨੌਂ ਦਰਵਾਜ਼ਿਆਂ ਦੀ ਰੋਕ ਦੂਰ ਹੋ ਜਾਂਦੀ ਹੈ ਅਤੇ ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ। ਵਾਹਿਗੁਰੂ ਦਾ ਦਰਸ਼ਨ ਪ੍ਰਾਪਤ ਹੁੰਦਾ ਹੈ ਅਤੇ ਜੋਤਿ ਨਾਲ ਜੋਤਿ ਮਿਲ ਜਾਂਦੀ ਹੈ। ਚੁਰਾਸੀ ਦਾ ਜੰਮਣ-ਮਰਨ ਦਾ ਗੇੜ ਮੁੱਕ ਜਾਂਦਾ ਹੈ ਅਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਗੁਰੂ ਨਾਨਕ ਦਾ ਮਤਿ ਸੀ ਕਿ ਮਨੁੱਖੀ ਇੱਛਾ-ਸ਼ਕਤੀ ਕਿਸਮਤ ਅਤੇ ਪੂਰਵ-ਨਿਸਚਿਤ ਤੇ ਭਾਰੂ ਹੈ। ਉਨ੍ਹਾ ਦਾ ਵਿਸ਼ਵਾਸ ਹੋ ਸੀ ਕਿ ਹਰ ਮਨੁੱਖ ਅੰਦਰ ਨੇਕੀ ਦਾ ਭੰਡਾਰ ਹੈ ਜਿਵੇਂ ਸਿੱਪ ਅੰਦਰ ਮੋਤੀ ਹੁੰਦਾ ਹੈ। ਬਸ ਸਿੱਪ ਦੇ ਖੁੱਲ੍ਹਣ ਦੀ ਦੇਰ ਹੈ ਕਿ ਮੋਤੀ ਦੀ ਦੌਲਤ ਨਾਲ ਉਹ ਮਾਲਾਮਾਲ ਹੋ ਜਾਵੇਗਾ। ਪਰ ਆਮ ਲੋਕ ਆਪਣੇ ਅੰਦਰ ਦੀ ਅੱਛਾਈ ਤੋਂ ਅਣਜਾਣ ਹਨ ਜਿਵੇਂ ਹਿਰਨ ਆਪਣੀ ਨਾਭੀ ਦੀ ਕਸਤੂਰੀ ਤੋਂ ਅਣਜਾਣ ਹੁੰਦਾ ਹੈ। ਉਹ ਬਾਹਰ ਕਸਤੂਰੀ ਨੂੰ ਭਾਲਦਾ ਹੋਇਆ ਸ਼ਿਕਾਰੀ ਦੇ ਜਾਲ ਵਿਚ ਫਸ ਜਾਂਦਾ ਹੈ। ਇਸੇ ਪ੍ਰਕਾਰ ਆਦਮੀ ਵੀ ਮਾਇਆ ਜਾਲ ਵਿਚ ਗਰੱਸਿਆ ਜਾਂਦਾ ਹੈ। ਗੁਰੂ ਦਾ ਕਾਰਜ ਇਹ ਹੈ ਕਿ ਮਨੁੱਖ ਨੂੰ ਉਸ ਦੇ ਅੰਦਰ ਦੇ ਖਜ਼ਾਨੇ ਤੋਂ ਗਿਆਤ ਕਰ ਦੇਵੇ ਅਤੇ ਇਸ ਦੇ ਤਾਲੇ ਨੂੰ ਖੋਲ੍ਹਣ ਵਿਚ ਸਹਾਇਤਾ ਕਰੇ।

ਗੁਰੂ ਨਾਨਕ ਦਾ ਦੱਸਿਆ ਮਾਰਗ ਤਾਂ ਸਹਿਜ ਦਾ ਮਾਰਗ ਹੈ। ਜਿਵੇਂ ਸਹਿਜ ਪਕਾਇਆ ਪਕਵਾਨ ਮਿੱਠਾ ਹੁੰਦਾ ਹੈ। ਇਸੇ ਤਰ੍ਹਾਂ ਹੀ ਸਰੀਰ ਅਤੇ ਮਨ ਦੀ ਸਹਿਜ ਸਾਧਨਾ ਹਰ ਇਕ ਦੇ ਅੰਦਰ ਵਸਦੀ ਨੇਕੀ ਨੂੰ ਪ੍ਰਗਟ ਕਰ ਦਿੰਦੀ ਹੈ, ਹਰ ਇਕ ਵਾਸਤੇ ਇਕੋ ਗੁਰ ਨਹੀਂ ਸਗੋਂ ਹਰ ਮਨੁੱਖ ਨੇ ਆਪਣੇ ਵਿੱਤ ਅਤੇ ਪ੍ਰਵਿਰਤੀ ਅਨੁਸਾਰ ਸਾਧਨਾ ਕਰਨੀ ਹੈ। ਗੁਰੂ ਨਾਨਕ ਦੇ ਮਤਿ ਵਿਚ ਸੰਨਿਆਸ, ਨਾਸਤਕ, ਪ੍ਰਾਸ਼ਚਿਤ ਜਾਂ ਬ੍ਰਹਮਚਰਜ ਆਦਿ ਲਈ ਕੋਈ ਸਥਾਨ ਨਹੀਂ। ਮਨ ਦੀ ਸ੍ਵੈ-ਸਾਧਨਾ ਦੇ ਨਾਲ-ਨਾਲ ਗੁਰੂ ਨਾਨਕ ਨੇ ਕੀਰਤਨ ਦੀ ਮਹਿਮਾ ਵੀ ਦੱਸੀ। ਗੁਰੂ ਨਾਨਕ ਦੇ ਸ਼ਬਦ ਰਾਗਾਂ ਵਿਚ ਉਚਾਰੇ ਹੋਏ ਸਨ। ਜਿਸ ਨਾਲ ਅਰਥ ਵੀ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੇ ਸਨ। ਉਨ੍ਹਾਂ ਆਪਣੇ ਸੇਵਕਾਂ ਨੂੰ ਅੰਮ੍ਰਿਤ ਵੇਲੇ ਉਠ ਕੇ ਤਾਰਿਆਂ ਦੇ ਚਾਨਣ ਵਿਚ ਕੀਰਤਨ ਦਾ ਰਸ ਮਾਨਣ ਦੀ ਪ੍ਰੇਰਨਾ ਦਿੱਤੀ। ਇਸ ਪ੍ਰਕਾਰ ਵਾਹਿਗੁਰੂ ਨਾਲ ਮਿਲਾਪ ਹੁੰਦਾ ਹੈ।

ਗੁਰੂ ਸਾਹਿਬ ਨੇ ਜੋ ਸਿੱਖਿਆ ਦਿੱਤੀ ਉਸ ਵਿਚ ਹੈਰਾਨ ਕਰਨ ਵਾਲੀ ਮੌਲਿਕਤਾ ਨਹੀਂ ਸੀ। ਵੱਖਰੇ-ਵੱਖਰੇ ਭਗਤਾਂ ਅਤੇ ਸੂਫ਼ੀਆਂ ਨੇ ਆਪਣੀਆਂ ਰਚਨਾਵਾਂ ਵਿਚ ਕਿਸੇ ਨਾ ਕਿਸੇ ਪੱਖ 'ਤੇ ਜ਼ੋਰ ਦਿੱਤਾ ਸੀ। ਕੁਰੀਤੀਆਂ ਵਿਰੁੱਧ ਆਵਾਜ਼ ਵੀ ਉਠਾਈ ਸੀ। ਬਹੁਤ ਸਾਰਿਆਂ ਨੇ ਧਰਮਾਂ ਦੀ ਬੁਨਿਆਦੀ ਏਕਤਾ ਦੀ ਵੀ ਗੱਲ ਕੀਤੀ ਸੀ ਅਤੇ ਇਸ ਗੱਲ ਦੀ ਨਿੰਦਾ ਕੀਤੀ ਕਿ ਵੱਖਰੇ-ਵੱਖਰੇ ਕਰਮ-ਕਾਂਡ ਕਾਰਨ ਧਾਰਮਿਕ ਟੱਕਰ ਆ ਗਈ ਸੀ। ਉਨ੍ਹਾਂ ਨੇ ਵੀ

ਪਰਮਾਤਮਾ ਦੀ ਸਿਫ਼ਤ ਗਾਈ ਸੀ ਅਤੇ ਗੁਆਂਢੀ ਨਾਲ ਪਿਆਰ ਕਰਨ ਲਈ ਬਚਨ ਕਹੇ ਸਨ । ਪਰ ਇਕੱਲੇ ਗੁਰੂ ਨਾਨਕ ਨੇ ਇਨ੍ਹਾਂ ਨੂੰ ਇਕ ਰੂਪ ਕੀਤਾ ਅਤੇ ਅਜਿਹੀਆਂ ਸੰਸਥਾਵਾਂ ਕਾਇਮ ਕੀਤੀਆਂ ਜਿਨ੍ਹਾਂ ਸਦਕਾ ਇਹ ਵਧ–ਫੁੱਲ ਸਕਣ । ਉਨ੍ਹਾਂ ਅਜਿਹੀ ਸਾਦਗੀ ਨਾਲ ਆਪਣੇ ਵਿਚਾਰ ਰੱਖੇ ਜਿਨ੍ਹਾਂ ਨੂੰ ਸਰਵ-ਸਾਧਾਰਨ ਵੀ ਸਮਝ ਸਕਦੇ ਹਨ ਅਤੇ ਦਾਨੇ ਵੀ ਗਿਆਨ ਦੀਆਂ ਘੁੰਡੀਆਂ ਸਮਝ ਸਕਦੇ ਹਨ । ਆਪਣੇ ਸੰਦੇਸ਼ ਨੂੰ ਉਨ੍ਹਾਂ ਨੇ ਤਿੰਨ ਹੁਕਮਾਂ ਵਿਚ ਸਪੱਸ਼ਟ ਕਰ ਦਿੱਤਾ : ਕਰਮ ਕਰੋ, ਵੰਡ ਛਕੋ, ਨਾਮ ਜਪੋ, ਇਹੋ ਹੀ ਕਾਰਨ ਹੈ ਕਿ ਹੋਰ ਸੰਤਾਂ, ਭਗਤਾਂ ਦੇ ਨਾਮ ਉਨ੍ਹਾਂ ਦੀਆਂ ਰਚਨਾਵਾਂ ਜਾਂ ਯਾਦਗਾਰਾਂ ਨਾਲ ਜੁੜ ਕੇ ਰਹਿ ਗਏ ਹਨ ਪਰ ਗੁਰੂ ਨਾਨਕ ਦਾ ਪੰਥ ਦਿਨੋ-ਦਿਨ ਵਧਦਾ-ਫੈਲਦਾ ਹੀ ਗਿਆ ।

ਗੁਰੂ ਨਾਨਕ ਦੇ ਸਿੱਖਾਂ ਨੇ ਜਿਹੜੀ ਜੀਵਨ-ਜਾਚ ਅਪਣਾਈ, ਉਹ ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਵੱਖਰੀ ਸੀ । ਗੁਰੂ ਨਾਨਕ ਨੇ ਸਤਿਸੰਗ 'ਤੇ ਜ਼ੋਰ ਦਿੱਤਾ ਸੀ । ਇਸ ਲਈ ਜਿਹੜੇ ਗੁਰੂ ਦੇ ਨਾਮ-ਲੇਵਾ ਹਨ ਉਹੋ ਹੀ ਸਤਿਸੰਗ ਵਿਚ ਸਮਝੇ ਜਾਂਦੇ । ਗੁਰੂ ਸਾਹਿਬ ਦੇ ਵੇਲੇ ਤੋਂ ਹੀ ਜੱਦੀ ਕੌਮਾਂ ਨਾਲੋਂ ਨਿਖੇੜ ਹੋਣਾ ਆਰੰਭ ਹੋ ਗਿਆ । ਸਿੱਖ ਨਾ ਸੰਸਕ੍ਰਿਤ ਦੇ ਸਲੋਕ ਮੂਰਤੀਆਂ ਅੱਗੇ ਉਚਾਰਦੇ ਅਤੇ ਨਾ ਹੀ ਮੱਕੇ ਵੱਲ ਮੂੰਹ ਕਰਕੇ ਕੁਰਾਨ ਸ਼ਰੀਫ਼ ਦੀਆਂ ਅਰਬੀ ਆਇਤਾਂ ਪੜ੍ਹਦੇ । ਆਪਣੀ ਮਾਤ-ਭਾਸ਼ਾ ਵਿਚ ਗੁਰੂ ਨਾਨਕ ਦੇ ਸ਼ਬਦਾਂ ਦਾ ਕੀਰਤਨ ਕਰਨ ਲੱਗੇ । ਲੰਗਰ ਲਈ ਰਸਦ ਇਕੱਠੀ ਕੀਤੀ ਜਾਂਦੀ । ਰਲ ਕੇ ਲੰਗਰ ਪਕਾਇਆ ਜਾਂਦਾ, ਰਲ ਕੇ ਛਕਿਆ ਅਤੇ ਛਕਾਇਆ ਜਾਂਦਾ । ਲੋਕਾਂ ਦੇ ਸਤਿਕਾਰ ਵਿਚ ਨਾ ਹਿੰਦੂਆਂ ਵਾਲੀ ਨਮਸਤੇ ਸੀ ਅਤੇ ਨਾ ਹੀ ਮੁਸਲਮਾਨਾਂ ਵਾਂਗ ਸਲਾਮ ਵਾਲੇਕੁਮ ਸੀ । ਸਗੋਂ ਗੁਰੂ ਦਾ ਸਮਝਾਇਆ 'ਸਤਿ ਕਰਤਾਰ' ਸੀ । ਇਸ ਪ੍ਰਕਾਰ ਇਕ ਕੌਮੀ ਸਾਂਝ ਬਣਦੀ ਜਿਨ੍ਹਾਂ ਅੰਦਰ ਹੁਣ ਆਪਣਾ ਹੀ ਬਹੁਤ ਕੁਝ ਸਾਂਝਾ ਸੀ ।

ਗੁਰੂ ਨਾਨਕ ਦੇ ਧਾਰਮਿਕ ਅਤੇ ਸਮਾਜਿਕ ਉਦੇਸ਼ਾਂ ਨਾਲ ਰਾਜਸੀ ਟੀਚੇ ਵੀ ਮਹੱਤਵ-ਪੂਰਨ ਸਨ । ਇਤਿਹਾਸ ਦੇ ਲਿਖਤੀ ਰੂਪ ਵਿਚ ਉਹ ਪੰਜਾਬ ਦੇ ਪਹਿਲੇ ਹਰਮਨ-ਪਿਆਰੇ ਆਗੂ ਸਨ । ਭਾਵੇਂ ਉਨ੍ਹਾਂ ਦੇ ਆਪਣੇ ਸਿੱਖਾਂ ਦੀ ਗਿਣਤੀ ਘੱਟ ਸੀ ਪਰ ਹੋਰ ਕੌਮਾਂ ਉਨ੍ਹਾਂ ਦੇ ਇਸ ਉਦੇਸ਼ ਨੂੰ ਪੂਰਨ ਸਤਿਕਾਰ ਦਿੰਦੀਆਂ "ਨਾ ਕੋ ਹਿੰਦੂ ਨਾ ਮੁਸਲਮਾਨ, ਅੱਲਾ ਰਾਮ ਕੇ ਪਿੰਡ ਪ੍ਰਾਨ ।" ਇਹੀ ਉਦੇਸ਼ ਸੀ ਜਿਸ ਤੋਂ ਪੰਜਾਬੀ ਚੇਤਨਾ ਅਤੇ ਪੰਜਾਬੀ ਰਾਸ਼ਟਰੀਅਤਾ ਉਭਰੀ ।

ਕਾਂਡ—3

ਸਿੱਖ ਗੁਰਧਾਮ ਦੀ ਉਸਾਰੀ

ਗੁਰੂ ਅੰਗਦ ਸਾਹਿਬ (1504-1552)

ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਲਹਿਣਾ ਸ਼ਰਧਾਲੂ ਹਿੰਦੂ ਸੀ। ਪਹਿਲੀ ਮਿਲਣੀ ਵਿਚ ਗੁਰੂ ਸਾਹਿਬ ਦੇ ਸ਼ਬਦਾਂ ਨੇ ਉਸ ਅੰਦਰ ਖਿੱਚ ਪੈਦਾ ਕੀਤੀ। ਉਸ ਦੇਵੀ ਦੀ ਅਰਾਧਨਾ ਅਤੇ ਆਪਣੇ ਕਾਰੋਬਾਰ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕਰਤਾਰ ਪੁਰ ਵਿਖੇ ਸਿੱਖ ਸੰਗਤ ਦੀ ਸੇਵਾ ਵਿਚ ਜੁਟ ਗਏ। ਦੋ ਵਾਰ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਖਡੂਰ ਸਾਹਿਬ ਪਰਤ ਜਾਣ। ਪਰ ਦੋਵੇਂ ਵਾਰ ਉਹ ਖਡੂਰ ਜਾ ਕੇ ਮੁੜ ਆਏ। ਲਹਿਣੇ ਦੀ ਸ਼ਰਧਾ ਦੇਖ ਕੇ ਗੁਰੂ ਸਾਹਿਬ ਨੂੰ ਭਰੋਸਾ ਹੋ ਗਿਆ ਕਿ ਉਨ੍ਹਾਂ ਦੇ ਸਾਹਿਬਜ਼ਾਦਿਆਂ ਨਾਲੋਂ ਲਹਿਣਾ ਚੰਗਾ ਆਗੂ ਸਿੱਧ ਹੋਵੇਗਾ। ਲਹਿਣੇ ਨੂੰ ਤਰਜੀਹ ਦੇਣ ਦਾ ਇਕ ਕਾਰਨ ਹੋਰ ਵੀ ਸੀ ਕਿ ਉਸ ਦੇ ਆਪਣਿਆਂ ਸ਼ਰਧਾਲੂਆਂ ਦੀ ਗਿਣਤੀ ਕਾਫ਼ੀ ਸੀ ਅਤੇ ਉਹ ਹੌਲੀ-ਹੌਲੀ ਸਿੱਖੀ ਵਿਚ ਪ੍ਰਵੇਸ਼ ਕਰਦੇ ਜਾ ਰਹੇ ਸਨ। ਆਪਣੇ ਸਪੁੱਤਰਾਂ ਦੇ ਵਿਰੋਧ ਨੂੰ ਅਗਾਊਂ ਰੋਕ ਪਾਉਣ ਲਈ ਭਰੀ ਸੰਗਤ ਵਿਚ ਬਚਨ ਕੀਤਾ : "ਤੂੰ ਅੰਗਦ ਹੈਂ, ਮੇਰੇ ਸਰੀਰ ਦਾ ਅੰਗ", ਜੋਤੀ ਜੋਤਿ ਸਮਾਉਣ ਤੋਂ ਕਾਫ਼ੀ ਪਹਿਲਾਂ ਉਨ੍ਹਾਂ ਭਾਈ ਬੁੱਢਾ ਜੀ ਨੂੰ ਸੱਦਾ ਭੇਜਿਆ, ਜਿਨ੍ਹਾਂ ਨੇ ਆ ਕੇ ਗੁਰੂ ਅੰਗਦ ਦੇ ਮੱਥੇ ਕੇਸਰ ਦਾ ਟਿੱਕਾ ਲਾਇਆ ਅਤੇ ਗੁਰ-ਗੱਦੀ 'ਤੇ ਬਿਠਾਇਆ :

ਲਹਣੇ ਧਰਿਓ ਛਤ੍ਰ ਸਿਰਿ,
ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ,
ਆਪੁ ਆਪੈ ਸੇਤੀ ਮਿਕਿਓਨੁ ॥
ਲਹਣੇ ਦੀ ਫੇਰਾਈਐ,
ਨਾਨਕਾ ਦੋਹੀ ਖਟੀਐ ॥
ਜੋਤਿ ਓਹਾ, ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ ॥
ਗੁਰ ਅੰਗਦ ਦੀ ਦੋਹੀ ਫਿਰੀ,
ਸਚੁ ਕਰਤੈ ਬੰਧਿ ਬਹਾਲੀ ॥
ਨਾਨਕੁ ਕਾਇਆ ਪਲਟੁ ਕਰਿ,
ਮਲਿ ਤਖਤੁ ਬੈਠਾ ਸੈ ਡਾਲੀ ॥

(ਸੱਤੇ ਬਲਵੰਡ ਦੀ ਵਾਰ)

ਸ੍ਰੀਚੰਦ ਦੇ ਮਨ ਅੰਦਰ ਕੋਈ ਅਭਿਲਾਖਾ ਨਹੀਂ ਸੀ। ਪਰ ਉਹ ਗੁਰੂ ਨਾਨਕ ਦੇਵ ਦੇ ਵੱਡੇ ਸਪੁੱਤਰ ਸਨ ਅਤੇ ਉਨ੍ਹਾਂ ਦਾ ਆਚਰਨ ਵੀ ਉੱਚ-ਕੋਟੀ ਦਾ ਸੀ, ਇਸ ਲਈ ਬਹੁਤ ਸਾਰੇ

ਇਹ ਮਹਿਸੂਸ ਕਰਦੇ ਸਨ ਕਿ ਗੁਰੂ ਨਾਨਕ ਦੀ ਗੱਦੀ ਦੇ ਇਹੋ ਹੀ ਵਾਰਿਸ ਹੋਣੇ ਚਾਹੀਦੇ ਸਨ। ਉਨ੍ਹਾਂ ਨੂੰ ਅੰਗਦ ਦਾ ਗੱਦੀ 'ਤੇ ਬੈਠਣਾ ਜਰਿਆ ਨਹੀਂ ਅਤੇ ਕਈ ਕਠਿਨਾਈਆਂ ਪੈਦਾ ਕਰਨੀਆਂ ਆਰੰਭ ਕਰ ਦਿੱਤੀਆਂ। ਗੁਰੂ ਅੰਗਦ ਨੇ ਕਰਤਾਰ ਪੁਰ ਛੱਡ ਦਿੱਤਾ ਅਤੇ ਗੁਰੂ ਜੋਤਿ ਦਾ ਪ੍ਰਕਾਸ਼ ਖਡੂਰ ਸਾਹਿਬ ਵਿਖੇ ਜਾ ਕੀਤਾ। ਉਨ੍ਹਾਂ ਦੀ ਪਤਨੀ ਅਤੇ ਬੱਚੇ ਵੀ ਉਥੇ ਹੀ ਰਹਿੰਦੇ ਸਨ।

ਗੁਰੂ ਅੰਗਦ ਸਾਹਿਬ ਤੇਰ੍ਹਾਂ ਵਰ੍ਹੇ 1539 ਤੋਂ 1552 ਈਸਵੀ ਤਕ ਗੁਰੂ-ਗੱਦੀ 'ਤੇ ਬਿਰਾਜਮਾਨ ਰਹੇ। ਬੜੀ ਹੀ ਨਿਮਰਤਾ ਅਤੇ ਸਿਆਣਪ ਨਾਲ ਉਨ੍ਹਾਂ ਉਸ ਖੱਪੇ ਨੂੰ ਪੂਰਿਆ ਜਿਹੜਾ ਸਿੱਖ ਸੰਗਤ ਅਤੇ ਸ੍ਰੀ ਚੰਦ ਦੇ ਸ਼ਰਧਾਲੂਆਂ ਵਿਚਕਾਰ ਪੈ ਗਿਆ ਸੀ। ਸ੍ਰੀ ਚੰਦ ਦੇ ਮੰਨਣ ਵਾਲੇ ਆਪਣੇ ਆਪ ਨੂੰ 'ਉਦਾਸੀ' ਅਖਵਾਏ। ਆਪਣੇ ਧੀਰਜ ਵਾਲੇ ਸੁਭਾਅ ਅਨੁਸਾਰ ਗੁਰੂ ਅੰਗਦ ਸਾਹਿਬ ਨੇ ਉਸ ਮਹਿਲ ਦੀ ਉਸਾਰੀ ਵਿਚ ਇੱਟਾਂ ਲਾਈਆਂ ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ। ਜਿਉਂ-ਜਿਉਂ ਸੰਗਤ ਦੀ ਗਿਣਤੀ ਵਧਦੀ ਗਈ, ਲੰਗਰ ਦਾ ਖ਼ਰਚਾ ਵੀ ਵਧਦਾ ਗਿਆ। ਗੁਰੂ ਅੰਗਦ ਨੇ ਸਿੱਖੀ ਦੇ ਪ੍ਰਚਾਰ ਲਈ ਹੋਰ ਕੇਂਦਰ ਕਾਇਮ ਕੀਤੇ ਅਤੇ ਚੜ੍ਹਾਵੇ ਦੇ ਇਕੱਤਰ ਕਰਨ ਲਈ ਅਤੇ ਲੰਗਰ ਦੇ ਖ਼ਰਚ ਨੂੰ ਪੂਰਾ ਕਰਨ ਲਈ ਬਾਕਾਇਦਾ ਵਿਉਂਤ ਬਣਾਈ। ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਉਤਾਰੇ ਕਰਵਾਏ ਅਤੇ ਉਸ ਦੀ ਇਕ-ਇਕ ਕਾਪੀ ਸਾਰੇ ਕੇਂਦਰਾਂ ਨੂੰ ਭੇਜੀ। ਇਸ ਉਤਾਰੇ ਲਈ ਜੋ ਲਿਪੀ ਵਰਤੀ ਗਈ ਉਸ ਦੀ ਆਪਣੀ ਕੋਈ ਨੁੱਕ-ਵਿਉਂਤ ਨਹੀਂ ਸੀ। ਗੁਰੂ ਅੰਗਦ ਦੇਵ ਨੇ ਉਹ ਪੈਂਤੀ ਅੱਖਰ ਅਪਣਾਏ, ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਤਿਆਰ ਕੀਤਾ ਸੀ। ਇਸ ਲਈ ਪ੍ਰਚੱਲਿਤ ਲਿਪੀਆਂ ਵਿਚੋਂ ਗੁਰੂ ਨਾਨਕ ਸਾਹਿਬ ਨੇ ਵਿਸ਼ੇਸ਼ ਅੱਖਰਾਂ ਦੀ ਚੋਣ ਕੀਤੀ ਸੀ।

ਇਸ ਢੰਗ ਨਾਲ ਬਹੁਤ ਅੱਛੇ ਸਿੱਟੇ ਨਿਕਲੇ, ਗੁਰੂ ਅੰਗਦ ਦੇ ਇਹ ਸੰਗ੍ਰਹਿ ਸਿੱਖਾਂ ਦੀਆਂ ਧਾਰਮਿਕ ਲਿਖਤਾਂ ਲਈ ਕੜੀ ਰੂਪ ਸਾਬਤ ਹੋਏ। ਇਸ ਨਾਲ ਸਿੱਖਾਂ ਨੂੰ ਅਜਿਹੀ ਲਿਖਤੀ ਭਾਸ਼ਾ ਪ੍ਰਾਪਤ ਹੋਈ ਜਿਹੜੀ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਲਿਖਤਾਂ ਨਾਲੋਂ ਵੱਖਰੀ ਸੀ ਅਤੇ ਇਸ ਨਾਲ ਵਿਲੱਖਣ ਕੌਮ ਹੋਣ ਦੇ ਭਾਵ ਲੋਕਾਂ ਅੰਦਰ ਜਾਗੇ।

ਗੁਰੂ ਅੰਗਦ ਦੇਵ ਨੇ ਸਰੀਰਕ ਸ਼ਕਤੀ ਵਧਾਉਣ ਬਾਰੇ ਵੀ ਉਤਸੁਕਤਾ ਵਿਖਾਈ। ਅੰਮ੍ਰਿਤ ਵੇਲੇ ਦੇ ਪਾਠ ਅਤੇ ਕੀਰਤਨ ਉਪਰੰਤ ਲੋਕ ਅਖਾੜੇ ਵਿਚ ਜੁੜਦੇ ਅਤੇ ਕਸਰਤ ਕਰਦੇ ਤੇ ਕਰਤਬ ਦਿਖਾਉਂਦੇ। ਹਰ ਕੇਂਦਰ ਨਾਲ ਅਖਾੜਾ ਜੁੜਿਆ ਹੁੰਦਾ ਸੀ। ਉਨ੍ਹਾਂ ਅਜਿਹੀ ਰਵਾਇਤ ਕਾਇਮ ਕੀਤੀ ਜਿਸ ਨਾਲ ਉਨ੍ਹਾਂ ਦੇ ਉੱਤਰ-ਅਧਿਕਾਰੀਆਂ ਨੂੰ ਆਪਣੀ ਸੰਗਤ ਵਿਚੋਂ ਯੋਗ ਆਦਮੀਆਂ ਦੀ ਫ਼ੌਜ ਤਿਆਰ ਕਰਨ ਲਈ ਅਵਸਰ ਮਿਲ ਗਿਆ।

ਗੁਰੂ ਅੰਗਦ ਦੇਵ ਜੀ ਦੇ ਦੋ ਪੁੱਤਰ ਸਨ, ਪਰ ਉਨ੍ਹਾਂ ਵੀ ਗੁਰੂ ਨਾਨਕ ਸਾਹਿਬ ਵਾਂਗ ਆਪਣੇ ਪੁੱਤਰਾਂ ਨੂੰ ਛੱਡ ਕੇ ਗੁਰ-ਗੱਦੀ ਆਪਣੇ ਸ਼ਰਧਾਲੂ ਅਮਰਦਾਸ ਨੂੰ ਸੌਂਪੀ। ਇਨ੍ਹਾਂ ਨੂੰ ਵੀ ਬਾਬਾ ਬੁੱਢਾ ਜੀ ਪਾਸੋਂ ਤਿਲਕ ਲਗਵਾਇਆ ਗਿਆ।

ਗੁਰੂ ਅਮਰਦਾਸ (1479-1574)

ਅਮਰ ਦਾਸ ਜੀ ਦੇ ਮਾਤਾ-ਪਿਤਾ ਪੱਕੇ ਹਿੰਦੂ ਸਨ ਜਿਨ੍ਹਾਂ ਦਾ ਮਨ ਨਿਰਮਲ ਸੀ ਅਤੇ ਦਇਆਵਾਨ ਹਿਰਦਾ ਸੀ। ਆਪ ਜੀ ਨੇ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਦੇ ਚਲਾਏ ਹੋਏ ਕਾਰਜ ਨੂੰ ਹੋਰ ਅੱਗੇ ਜਾਰੀ ਰਖਿਆ। ਸਿੱਖ ਮਰਿਯਾਦਾ ਵਿਚ ਲੰਗਰ ਨੂੰ ਵਿਸ਼ੇਸ਼ ਥਾਂ ਦਿੱਤੀ। ਉਨ੍ਹਾਂ ਦਾ ਇਹ ਆਦੇਸ਼ ਸੀ ਕਿ ਜਿਸ ਨੇ ਉਨ੍ਹਾਂ ਨੂੰ ਮਿਲਣਾ ਹੋਵੇ ਉਹ ਪਹਿਲਾਂ ਪੰਗਤ

ਵਿਚ ਬੈਠ ਕੇ ਲੰਗਰ ਛਕੇ। ਸਿੱਖੀ ਸੇਵਕੀ ਦਾ ਘੇਰਾ ਵਧਣ ਲੱਗਾ। ਇਥੋਂ ਤਕ ਸੰਗਤ ਦੀ ਗਿਣਤੀ ਵਧੀ ਕਿ ਗੋਇੰਦਵਾਲ ਸਾਹਿਬ ਇਕ ਛੋਟੇ ਜਿਹੇ ਪਿੰਡ ਤੋਂ ਵਧ ਕੇ ਵੱਡਾ ਕਸਬਾ ਬਣ ਗਿਆ। ਆਉਣ ਵਾਲੀ ਸੰਗਤ ਵਿਚ ਅਕਬਰ ਬਾਦਸ਼ਾਹ ਦਾ ਨਾਮ ਵੀ ਆਉਂਦਾ ਹੈ। ਉਹ ਗੋਇੰਦਵਾਲ ਦੀ ਜ਼ਿੰਦਗੀ ਤੋਂ ਅਜਿਹਾ ਪ੍ਰਭਾਵਿਤ ਹੋਇਆ ਕਿ ਉਸ ਗੁਰੂ ਸਾਹਿਬ ਦੀ ਲੜਕੀ ਬੀਬੀ ਭਾਨੀ ਨੂੰ ਕਈ ਪਿੰਡਾਂ ਦਾ ਮਾਮਲਾ ਉਗਰਾਹੁਣ ਦਾ ਕਾਰਜ ਸੌਂਪ ਦਿੱਤਾ। ਇਹ ਉਸ ਦੇ ਵਿਆਹ ਲਈ ਸੁਗਾਤ ਵਜੋਂ ਸੀ। ਗੁਰੂ ਨਾਨਕ ਦੀ ਚਲਾਈ ਇਸ ਲਹਿਰ ਨੂੰ ਸ਼ਾਹੀ ਥਾਪੜਾ ਮਿਲਣ ਨਾਲ ਹੋਰ ਤੇਜ਼ੀ ਮਿਲ ਗਈ।

ਗੁਰੂ ਅਮਰਦਾਸ ਨੇ ਇਹ ਵਿਚਾਰ ਕੀਤੀ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸਿੱਖੀ ਧਾਰਨ ਕਰਦੇ ਜਾ ਰਹੇ ਹਨ। ਇਸ ਲਈ ਉਨ੍ਹਾ ਨੂੰ ਅਗਵਾਈ ਲੈਣ ਵਿਚ ਔਖ ਹੁੰਦੀ ਹੈ। ਉਨ੍ਹਾਂ ਇਸ ਕਾਰਜ ਲਈ ਮੰਜੀਆਂ ਦੀ ਗਿਣਤੀ ਵਧਾ ਕੇ 22 ਕਰ ਦਿੱਤੀ। ਥਾਪੇ ਹੋਏ ਕਾਰਿੰਦੇ 'ਮਸੰਦ' ਨਾਮ ਨਾਲ ਜੁੜ ਗਏ। ਇਹ ਮਸੰਦ ਸਿੱਖ ਸਿਧਾਂਤ, ਪੂਜਾ ਦੇ ਪ੍ਰਬੰਧ ਅਤੇ ਮਾਇਆ ਦੀ ਉਗਰਾਹੀ ਲਈ ਪੂਰੀ ਤਰ੍ਹਾਂ ਨਿਪੁੰਨ ਸਨ। ਗੁਰੂ ਅਮਰਦਾਸ ਨੇ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਦੀ ਬਾਣੀ ਦੇ ਹੋਰ ਉਤਾਰੇ ਕਰਵਾਏ। ਉਨ੍ਹਾਂ ਭਗਤਾਂ ਦੀ ਬਾਣੀ ਦੇ ਉਤਾਰੇ ਵੀ ਕਰਵਾਏ, ਜਿਨ੍ਹਾਂ ਦੀ ਬਾਣੀ ਗੁਰਬਾਣੀ ਦੇ ਆਸ਼ੇ ਨਾਲ ਮੇਲ ਖਾਂਦੀ ਸੀ। ਉਨ੍ਹਾਂ ਆਪਣੀ ਬਾਣੀ ਵੀ ਇਸ ਵਿਚ ਸ਼ਾਮਲ ਕੀਤੀ। ਇਹ ਸੰਗ੍ਰਹਿ ਪੰਜਾਬੀ ਵਿਚ ਹੋਣ ਕਰਕੇ ਆਮ ਲੋਕਾਂ ਅੰਦਰ ਬਹੁਤ ਪ੍ਰਚੱਲਿਤ ਹੋਇਆ ਅਤੇ ਉਹ ਹਿੰਦੂਆਂ ਦੇ ਸੰਸਕ੍ਰਿਤ ਵਿਚ ਲਿਖੇ ਸ਼ਾਸਤਰ ਅਤੇ ਮੁਸਲਮਾਨਾਂ ਦੀਆਂ ਅਰਬੀ ਵਿਚ ਪੁਸਤਕਾਂ ਪੜ੍ਹਨ ਤੋਂ ਆਸਾਨ ਸਨ, ਇਸ ਨਾਲ ਬ੍ਰਾਹਮਣ ਪੁਜਾਰੀਆਂ ਦਾ ਘੇਰਾ ਸੁੰਗੜਨਾ ਸ਼ੁਰੂ ਹੋ ਗਿਆ। ਅਜੇ ਤਕ ਗਿਆਨ ਸੰਬੰਧੀ ਉਨ੍ਹਾਂ ਦਾ ਰਵੱਈਆ ਉੱਕਾ ਹੀ ਏਕਾਧਿਕਾਰ ਵਾਲਾ ਸੀ। ਇਸੇ ਪ੍ਰਕਾਰ ਮੁੱਲਾਂ ਵੀ ਸਮਝਦੇ ਸਨ ਕਿ ਕੁਰਾਨ ਦੇ ਉਹ ਜਿਵੇਂ ਜੀਅ ਚਾਹੇ ਅਰਥ ਕਰ ਸਕਦੇ ਸਨ।

ਗੁਰੂ ਅਮਰ ਦਾਸ ਨੇ ਕਈ ਨਵੀਨ ਪਿਰਤਾਂ ਪਾਈਆਂ। ਜਿਸ ਸਦਕਾ ਕਈ ਗੱਲਾਂ ਵਿਚ ਹਿੰਦੂਆਂ ਨਾਲੋਂ ਨਿੱਖੜ ਗਏ। ਗੋਇੰਦਵਾਲ ਵਿਖੇ ਇਕ ਬਾਉਲੀ ਬਣਵਾਈ ਅਤੇ ਸਿੱਖਾਂ ਦੇ ਇਕੱਤਰ ਹੋਣ ਲਈ ਵੈਸਾਖ ਮਹੀਨੇ ਦੀ ਪਹਿਲੀ ਤਾਰੀਖ਼ ਮੁਕੱਰਰ ਕੀਤੀ। ਜਨਮ ਅਤੇ ਮਰਨ ਦੇ ਕਾਰਜਾਂ ਵਿਚ ਵੀ ਸੰਸਕ੍ਰਿਤ ਸ਼ਲੋਕਾਂ ਦੇ ਉਚਾਰਣ ਦੀ ਥਾਂ ਗੁਰੂਆਂ ਦੇ ਸ਼ਬਦ ਪ੍ਰਚੱਲਿਤ ਕੀਤੇ। ਬਰਾਦਰੀ ਵਿਆਹ ਕਰਨ ਲਈ ਵੀ ਸਹਾਇਤਾ ਦੇਣੀ ਸਵੀਕਾਰ ਕੀਤੀ। ਸਤੀ ਦੀ ਰਸਮ ਦਾ ਸਖ਼ਤ ਵਿਰੋਧ ਕੀਤਾ ਜਿਸ ਅੰਦਰ ਪਤੀਦੇਵ ਦੀ ਸੜਦੀ-ਬਲਦੀ ਚਿਖਾ ਉਪਰ ਜਵਾਨ-ਜਹਾਨ ਪਤਨੀ ਨੇ ਆਪਣੇ ਆਪ ਨੂੰ ਜ਼ਿੰਦਾ ਜਲਾਉਣਾ ਹੁੰਦਾ ਸੀ।

ਇਸ ਪ੍ਰਕਾਰ ਦੇ ਕਾਰਜਾਂ ਨਾਲ ਬ੍ਰਾਹਮਣ ਵਰਗ ਕਰੋਪ ਹੋ ਗਿਆ ਕਿਉਂ ਜੋ ਉਨ੍ਹਾ ਦੇ ਪਿੱਛੇ ਚਲਣ ਵਾਲੇ ਲੋਕਾਂ ਦੀ ਗਿਣਤੀ ਘਟਣ ਲੱਗੀ ਅਤੇ ਉਸੇ ਹਿਸਾਬ ਨਾਲ ਚੜ੍ਹਾਵਾ ਵੀ ਘੱਟ ਹੋਣ ਲੱਗਾ। ਉਹ ਸਿੱਖਾਂ ਵਿਰੁੱਧ ਖੜੇ ਹੋ ਗਏ ਅਤੇ ਜਦੋਂ ਉਨ੍ਹਾ ਨੂੰ ਆਪਣੇ ਸਾਧਨ ਕਾਰਗਰ ਨਾ ਜਾਪੇ ਤਾਂ ਉਨ੍ਹਾਂ ਗੁਰੂ ਅਮਰ ਦਾਸ ਵਿਰੁੱਧ ਬਾਦਸ਼ਾਹ ਅਕਬਰ ਪਾਸ ਜਾ ਸ਼ਿਕਾਇਤ ਕੀਤੀ। ਜਦੋਂ ਬਾਦਸ਼ਾਹ ਅਕਬਰ ਨੇ ਗੁਰੂ ਅਮਰ ਦਾਸ ਵਿਰੁੱਧ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾ ਸਥਾਨਕ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਕਿ ਸਿੱਖਾਂ ਨੂੰ ਤੰਗ ਕਰਨ ਤੇ ਸਿੱਖਾਂ ਵਿਰੁੱਧ ਜ਼ੁਲਮ ਢਾਉਣ। ਇਨ੍ਹਾਂ ਕਾਰਨਾਂ ਕਰਕੇ ਉਹ ਹਥਿਆਰ ਚੁੱਕਣ ਲਈ ਮਜਬੂਰ ਹੋ ਗਏ। ਇਹ ਹਿੰਦੂ ਸਮਾਜਕ ਬੰਧੇਜ ਨਾਲੋਂ ਨਿੱਖੜਨ ਦੀ ਪਹਿਲ ਸੀ।

ਗੁਰੂ ਅਮਰ ਦਾਸ ਬਾਈ ਵਰ੍ਹੇ ਗੱਦੀ 'ਤੇ ਬਿਰਾਜਮਾਨ ਰਹੇ ਅਤੇ ਇਸ ਕਾਲ ਵਿਚ ਉਨ੍ਹਾਂ

ਸਿੱਖ ਗੁਰਧਾਮ ਦੀ ਉਸਾਰੀ ਵਿਚ ਪੱਕਾ ਹਿੱਸਾ ਪਾਇਆ। ਗੁਰੂ ਦੇ ਤੌਰ 'ਤੇ ਉਹ ਬਹੁਤ ਹਰਮਨ ਪਿਆਰੇ ਸਨ। ਕਿਉਂ ਜੋ ਉਨ੍ਹਾਂ ਦੇ ਉਪਦੇਸ਼ ਸਰਲ ਬੋਲੀ ਵਿਚ ਸਨ ਅਤੇ ਸਪੱਸ਼ਟ ਸਨ। ਉਹ ਉਪਦੇਸ਼ ਦਿੰਦੇ ਕਿ ਲੋਕਾਂ ਦੀ ਭਲਾਈ ਕਰੋ ਅਤੇ ਨੇਕ ਸਲਾਹ ਦਿਓ ਤੇ ਨੇਕ ਮਿਸਾਲ ਕਾਇਮ ਕਰੋ। ਮਨੁੱਖਤਾ ਦੀ ਭਲਾਈ ਸਦਾ ਹੀ ਹਿਰਦੇ ਵਿਚ ਰੱਖੋ। ਗੁਰੂ ਅਮਰ ਦਾਸ ਦੇ ਕੀਤੇ ਕਾਰਜ ਦੀ ਸ਼ਲਾਘਾ ਆਦਿ ਗੁਰੂ ਗ੍ਰੰਥ ਸਹਿਬ ਵਿਚ ਇਸ ਪ੍ਰਕਾਰ ਹੈ:

ਘੋੜਾ ਕੀਤੋ ਸਹਜ ਦਾ, ਜਤੁ ਕਾ ਕੀਓ ਪਲਾਣੁ ॥
ਧਣਖੁ ਚੜਾਇਓ ਸਤ ਦਾ, ਜਸ ਹੰਦਾ ਬਾਣੁ ॥
ਕਲਿ ਵਿਚਿ ਧੂ ਅੰਧਾਰੁਸਾ ਚੜਿਆ ਰੈ ਭਾਣੁ ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥

(ਸੱਤੇ ਬਲਵੰਡ ਦੀ ਵਾਰ)

ਗੁਰੂ ਅਮਰ ਦਾਸ ਜੀ ਪਚਾਨਵੇਂ ਵਰ੍ਹੇ ਦੇ ਹੋ ਕੇ ਜੋਤੀ ਜੋਤ ਸਮਾਏ। ਉਨ੍ਹਾਂ ਵੀ ਆਪਣੇ ਕਿਸੇ ਪੁੱਤਰ ਨੂੰ ਗੁਰ-ਗੱਦੀ ਯੋਗ ਨਹੀਂ ਸਮਝਿਆ। ਆਪਣੇ ਦਾਮਾਦ, ਰਾਮ ਦਾਸ ਨੂੰ, ਜਿਹੜੇ ਸੋਢੀ ਖੱਤਰੀ ਵੰਸ ਦੇ ਸਨ ਅਤੇ ਥੋੜ੍ਹੇ ਸਮੇਂ ਤੋਂ ਉਨ੍ਹਾਂ ਨਾਲ ਹੀ ਰਹਿੰਦੇ ਸਨ, ਗੁਰ-ਗੱਦੀ ਸੌਂਪ ਦਿੱਤੀ।

ਗੁਰੂ ਰਾਮ ਦਾਸ (1534-1581)

ਕੌਮ ਦੀ ਵਾਗਡੋਰ ਸੰਭਾਲਣ ਤੋਂ ਪਹਿਲੋਂ ਰਾਮ ਦਾਸ ਜੀ ਨੇ ਆਪਣੇ ਜੀਵਨ ਦੇ ਚਾਲ੍ਹੀ ਸਾਲ ਸੰਗਤ ਦੀ ਸੇਵਾ ਵਿਚ ਬਿਤਾਏ ਸਨ। ਉਨ੍ਹਾਂ ਮਸੰਦਾਂ ਦੇ ਪ੍ਰਬੰਧ ਦੀ ਦੇਖਭਾਲ ਕੀਤੀ ਸੀ ਅਤੇ ਮੁਗ਼ਲ ਦਰਬਾਰ ਵਿਚ ਗੁਰੂ ਅਮਰ ਦਾਸ ਦੀ ਪ੍ਰਤੀਨਿਧਤਾ ਕੀਤੀ। ਜਿਹੜਾ ਸਥਾਨ ਉਨ੍ਹਾਂ ਦੀ ਧਰਮ-ਪਤਨੀ ਬੀਬੀ ਭਾਨੀ ਨੂੰ ਬਾਦਸ਼ਾਹ ਅਕਬਰ ਵੱਲੋਂ ਸੁਗਾਤ ਵਜੋਂ ਮਿਲਿਆ ਸੀ, ਉਥੇ ਉਨ੍ਹਾਂ ਸਰੋਵਰ ਬਣਵਾ ਦਿੱਤਾ। ਜਦੋਂ ਉਹ ਗੁਰੂ ਥਾਪੇ ਗਏ ਤਾਂ ਉਹ ਗੋਇੰਦਵਾਲ ਤੋਂ ਸਰੋਵਰ ਦੇ ਨੇੜੇ ਆ ਵੱਸੇ ਅਤੇ ਇਸ ਦੇ ਆਲੇ-ਦੁਆਲੇ ਉਸਾਰੀ ਆਰੰਭ ਦਿੱਤੀ। ਉਹ ਸ਼ਹਿਰ ਜਿਸ ਨੇ ਸਿੱਖਾਂ ਦੀ ਰਾਜਧਾਨੀ ਬਣਨਾ ਸੀ, ਗੁਰੂ ਕਾ ਚੱਕ, ਚੱਕ ਰਾਮਦਾਸ ਜਾਂ ਰਾਮਦਾਸ ਪੁਰ ਕਰਕੇ ਪੁਕਾਰਿਆ ਜਾਣ ਲੱਗਾ। ਉਨ੍ਹਾਂ ਵਪਾਰੀਆਂ ਨੂੰ ਸੱਦਾ ਦਿੱਤਾ ਕਿ ਇਥੇ ਆ ਕੇ ਕਾਰੋਬਾਰ ਆਰੰਭ ਕਰਨ। ਇਸ ਪ੍ਰਕਾਰ ਜਿਹੜਾ ਮਾਲੀਆ ਵਸੂਲ ਹੁੰਦਾ ਉਸ ਨੂੰ ਭਾਰਤ ਦੇ ਹੋਰ ਇਲਾਕਿਆਂ ਵਿਚ ਸਰਗਰਮੀਆਂ ਵਧਾਉਣ ਲਈ ਵਰਤਦੇ। ਇਸ ਕਾਰਜ ਵਿਚ ਸਭ ਤੋਂ ਵੱਧ ਗੁਣੀ ਭਾਈ ਗੁਰਦਾਸ ਜੀ ਸਨ, ਜਿਨ੍ਹਾਂ ਕੁਝ ਸਮਾਂ ਆਗਰੇ ਵਿਚ ਰਹਿ ਕੇ ਪ੍ਰਚਾਰ ਕੀਤਾ ਸੀ।

ਆਪਣੇ ਪੂਰਵਜ ਵਾਂਗ ਗੁਰੂ ਰਾਮ ਦਾਸ ਜੀ ਨੇ ਵੀ ਸ਼ਬਦ ਉਚਾਰੇ ਅਤੇ ਗੁਰਬਾਣੀ ਸੰਗ੍ਰਹਿ ਵਿਚ ਸ਼ਾਮਲ ਕੀਤੇ।

ਗੁਰੂ ਰਾਮ ਦਾਸ ਦੇ ਤਿੰਨ ਪੁੱਤਰ ਸਨ ਅਤੇ ਉਨ੍ਹਾਂ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਅਰਜਨ ਮੱਲ ਨੂੰ ਇਸ ਯੋਗ ਸਮਝਿਆ ਕਿ ਉਹ ਗੁਰ-ਗੱਦੀ 'ਤੇ ਬਿਰਾਜਮਾਨ ਹੋਵੇ।

ਆਸ ਦੇ ਮੁਤਾਬਿਕ ਸਭ ਤੋਂ ਵੱਡੇ ਪੁੱਤਰ ਪ੍ਰਿਥੀ ਚੰਦ ਨੇ ਇਸ 'ਤੇ ਭਾਰੀ ਰੋਸ ਪ੍ਰਗਟ ਕੀਤਾ। ਪਰ ਜਦੋਂ ਗੁਰੂ ਰਾਮ ਦਾਸ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਅੰਤ ਨੇੜੇ ਆ ਰਿਹਾ ਹੈ ਤਾਂ ਉਨ੍ਹਾਂ ਭਾਈ ਬੁੱਢਾ ਜੀ ਨੂੰ ਬੁਲਾਇਆ ਅਤੇ ਪੰਜਵੇਂ ਗੁਰੂ ਦੇ ਤੌਰ ਤੇ ਅਜਰਨ ਮੱਲ ਨੂੰ ਤਿਲਕ ਕਰਵਾਇਆ। ਗੁਰੂ ਰਾਮ ਦਾਸ ਜੀ ਨੇ ਆਸ਼ਾ ਪ੍ਰਗਟ ਕੀਤੀ ਕਿ ਜਿਵੇਂ ਇਕ ਦੀਵੇ ਤੋਂ ਦੂਜੇ ਦੀਵੇ ਦੀ ਬੱਤੀ ਵਿਚ ਪ੍ਰਕਾਸ਼ ਆ ਜਾਂਦਾ ਹੈ, ਤਿਵੇਂ ਹੀ ਗੁਰ-ਜੋਤ ਉਨ੍ਹਾਂ ਅੰਦਰ

ਹੈ।" ਗੁਰੂ ਜੀ ਨੇ ਪੁੱਛਿਆ : "ਭਾਈ, ਇਸ ਧਰਤੀ ਤੋਂ ਦੇਵਤਿਆਂ ਦੀ ਧਰਤੀ ਕਿੰਨੀ ਕੁ ਦੂਰ ਹੈ ?" ਉਨ੍ਹਾਂ ਉੱਤਰ ਦਿੱਤਾ : "ਸਾਢੇ ਉਣੰਜਾ ਕਰੋੜ ਕੋਸ ਦਾ ਫ਼ਾਸਲਾ ਹੈ।" ਗੁਰੂ ਜੀ ਨੇ ਫਿਰ ਪੁੱਛਿਆ : "ਕੀ ਪਾਣੀ ਇੰਨੀ ਦੂਰ ਪਹੁੰਚ ਜਾਵੇਗਾ ?" ਉਨ੍ਹਾਂ ਨੇ ਉੱਤਰ ਦਿੱਤਾ : "ਜੀ, ਸ਼ਾਸਤਰ ਤਾਂ ਇਹੋ ਹੀ ਭਰੋਸਾ ਦਿਵਾਉਂਦੇ ਹਨ।" ਗੁਰੂ ਜੀ ਨੇ ਇਹ ਸੁਣਿਆ ਅਤੇ ਚੁਲੀਆਂ ਨਾਲ ਪਾਣੀ ਦੇਣ ਦੀ ਥਾਂ ਬੁੱਕ ਭਰ-ਭਰ ਕੇ ਪਾਣੀ ਦੇਣ ਲੱਗੇ। ਲੋਕਾਂ ਫਿਰ ਉਨ੍ਹਾਂ ਨੂੰ ਪੁੱਛਿਆ : "ਭਾਈ, ਤੁਸੀਂ ਇਹ ਪਾਣੀ ਕਿਸ ਨੂੰ ਦੇ ਰਹੇ ਹੋ ?" ਗੁਰੂ ਜੀ ਨੇ ਉੱਤਰ ਦਿੱਤਾ : "ਭਾਈ ਮੇਰਾ ਕਰਤਾਰ ਪੁਰ ਵਿਖੇ ਇਕ ਖੇਤ ਹੈ ਜੋ ਸੁੱਕ ਰਿਹਾ ਹੈ। ਭਾਵੇਂ ਭਾਰੀ ਵਰਖਾ ਹੁੰਦੀ ਰਹੇ ਪਰ ਉਥੇ ਇਕ ਬੂੰਦ ਨਹੀਂ ਨਿਹਿਰਦੀ। ਇਸੇ ਲਈ ਮੈਂ ਉਧਰ ਪਾਣੀ ਸੁੱਟ ਰਿਹਾ ਹਾਂ।" ਲੋਕਾ ਨੇ ਪੁੱਛਿਆ : "ਇਹ ਉਥੇ ਤਕ ਕਿਵੇਂ ਪਹੁੰਚ ਸਕੇਗਾ ?" ਤਾਂ ਅੱਗੋਂ ਗੁਰੂ ਜੀ ਨੇ ਕਿਹਾ : "ਭਾਈ, ਤੁਹਾਡੇ ਪਿੱਤਰ ਤਾਂ ਕਰੋੜਾਂ ਕੋਹਾਂ ਦੂਰ ਹਨ, ਪਰ ਮੇਰਾ ਖੇਤ ਤਾਂ ਨੇੜੇ ਹੀ ਹੈ, ਕੋਈ 250 ਕੋਹ ਹੋਵੇਗਾ। ਇਹ ਪਾਣੀ ਉਥੇ ਤਕ ਕਿਉਂ ਨਹੀਂ ਅੱਪੜੇਗਾ ?" ਜਦੋਂ ਲੋਕਾਂ ਨੇ ਇਹ ਬਚਨ ਸੁਣੇ ਤਾਂ ਉਨ੍ਹਾਂ ਆਪਣੇ-ਆਪਣੇ ਮਨ ਵਿਚ ਆਖਿਆ : "ਇਹ ਆਦਮੀ ਕੋਈ ਕੁਰਾਹੀਆ ਨਹੀਂ ਸਗੋਂ ਮਹਾਤਮਾ ਹੈ" ਸਭ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਏ।

ਇਕ ਹੋਰ ਘਟਨਾ ਉਦੋਂ ਵਾਪਰੀ ਜਦੋਂ ਗੁਰੂ ਨਾਨਕ ਦੇਵ ਜੀ ਮੱਕਾ ਸ਼ਰੀਫ਼ ਗਏ। ਉਹ ਇਕ ਮਸੀਤ ਵਿਚ ਗੂੜ੍ਹੀ ਨੀਂਦ ਸੁੱਤੇ ਹੋਏ ਸਨ ਅਤੇ ਉਨ੍ਹਾਂ ਦੇ ਪੈਰ ਕਾਅਬੇ ਵੱਲ ਸਨ। ਖ਼ੁਦਾ ਦੇ ਘਰ ਪ੍ਰਤੀ ਇਸ ਕਰਮ ਨੂੰ ਬਹੁਤ ਹੀ ਅਨਾਦਰ ਸਮਝਿਆ ਜਾਂਦਾ ਹੈ। ਜਦੋਂ ਮੁੱਲਾਂ ਨਮਾਜ਼ ਪੜ੍ਹਨ ਲਈ ਆਏ ਤਾਂ ਉਨ੍ਹਾਂ ਗੁਰੂ ਨਾਨਕ ਨੂੰ ਖ਼ੂਬ ਝੰਜੋੜਿਆ ਅਤੇ ਕੜਕ ਕੇ ਕਿਹਾ : "ਓ ਖ਼ੁਦਾ ਦੇ ਸੇਵਕ ਤੇਰੇ ਪੈਰ ਕਾਅਬਾ ਵੱਲ ਹਨ ਜਿਹੜਾ ਖ਼ੁਦਾ ਦਾ ਘਰ ਹੈ। ਤੂੰ ਇਹ ਗੁਸਤਾਖ਼ੀ ਕਿਵੇਂ ਕੀਤੀ ?" ਗੁਰੂ ਨਾਨਕ ਨੇ ਸਹਿਜ ਹੀ ਆਖਿਆ : "ਤਾਂ ਮੇਰੇ ਪੈਰ ਉਸ ਪਾਸੇ ਵੱਲ ਕਰ ਦਿਓ ਜਿਧਰ ਨਾ ਖ਼ੁਦਾ ਹੈ ਤੇ ਨਾ ਹੀ ਕਾਅਬਾ।"

ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ ਗੁਰੂ ਜੀ ਕਰਤਾਰਪੁਰ ਵਿਖੇ ਨਿਵਾਸ ਕਰਦੇ ਰਹੇ, ਜਿਥੇ ਭਾਰੀ ਗਿਣਤੀ ਵਿਚ ਲੋਕ ਉਨ੍ਹਾਂ ਦੇ ਉਪਦੇਸ਼ ਨੂੰ ਸੁਣਨ ਲਈ ਪਧਾਰਦੇ। ਉਹ ਲੋਕਾਂ ਨੂੰ ਨਿੱਤਨੇਮ ਦੀ ਕਰੜੀ ਪਾਲਣਾ ਕਰਨੀ ਸਿਖਾਉਂਦੇ। ਜਿਸ ਨਾਲ ਉਨ੍ਹਾਂ ਦੇ ਨਿੱਤ ਦੇ ਜੀਵਨ ਦਾ ਇਕ ਟੀਚਾ ਘੜਿਆ ਗਿਆ। ਇਨ੍ਹਾਂ ਨੂੰ ਇਸ ਵੇਲੇ ਤਕ ਲੋਕ ਸਿੱਖ ਆਖਣ ਲੱਗ ਪਏ। ਇਹ ਸ਼ਬਦ ਸੰਸਕ੍ਰਿਤ ਦੇ ਸ਼ਿਸ਼ ਜਾਂ ਸ਼ਿਕਸ਼ਾ ਤੋਂ ਜਾਂ ਪਾਲੀ ਦੇ ਸਿੱਖਾਂ ਤੋਂ ਬਣਿਆ ਜਾਪਦਾ ਹੈ। ਲੋਕਾਂ ਨੂੰ ਅੰਮ੍ਰਿਤ ਵੇਲੇ ਦਾ ਜਾਗਣਾ ਦੱਸਿਆ ਗਿਆ। ਉਹ ਠੰਢੇ ਜਲ ਦਾ ਇਸ਼ਨਾਨ ਕਰਕੇ ਧਰਮਸ਼ਾਲਾ ਵਿਚ ਇਕੱਤਰ ਹੋ ਜਾਂਦੇ। ਇਥੇ ਉਹ ਸਵੇਰ ਦੀ ਪੂਜਾ ਕਰਦੇ ਅਤੇ ਸ਼ਬਦ-ਕੀਰਤਨ ਕਰਦੇ। ਇਹ ਸਮਾਂ ਸੂਰਜ ਨਿਕਲਣ ਤੋਂ ਸਵਾ ਘੰਟਾ ਪਹਿਲੋਂ ਹੁੰਦਾ। ਇਸ ਤੋਂ ਉਪਰੰਤ ਲੋਕ ਆਪਣੇ ਕੰਮ-ਕਾਜ ਵਿਚ ਜੁਟਣ ਲਈ ਸੁਤੰਤਰ ਸਨ। ਰਾਤ ਨੂੰ ਫਿਰ ਸੰਗਤ ਜੁੜਦੀ ਅਤੇ ਉਸੇ ਤਰ੍ਹਾਂ ਹੀ ਪਹਿਲੋਂ ਪਾਠ-ਪੂਜਾ ਹੁੰਦੀ ਅਤੇ ਉਪਰੰਤ ਸ਼ਬਦ-ਚੌਂਕੀ; ਸਤਿਸੰਗ ਉਪਰੰਤ ਲੋਕ ਉਥੇ ਹੀ ਲੰਗਰ ਛਕਦੇ। ਫਿਰ ਅਰਦਾਸ ਹੁੰਦੀ ਅਤੇ ਲੋਕੀਂ ਰਾਤ ਨੂੰ ਸੌਣ ਲਈ ਆਪਣੇ-ਆਪਣੇ ਘਰਾਂ ਨੂੰ ਚਲੇ ਜਾਂਦੇ।

ਹੋਰ ਸ਼ਹਿਰਾਂ ਵਿਚ ਵੱਸਦੇ ਸਿੱਖ ਵੀ ਇਸੇ ਹੀ ਨੇਮ ਨਾਲ ਦੀਵਾਨ ਸਜਾਉਂਦੇ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੇ ਉਤਾਰੇ ਕੀਤੇ ਜਾਂਦੇ ਅਤੇ ਉਨ੍ਹਾਂ ਨੂੰ ਭੇਜੇ ਜਾਂਦੇ। ਹਰ ਧਰਮਸ਼ਾਲਾ ਵਿਚ ਇਕ ਮੁਖੀ ਹੁੰਦਾ ਜਿਹੜਾ ਨਵੇਂ ਬਣੇ ਸਿੱਖਾਂ ਪ੍ਰਤੀ ਉਪਦੇਸ਼ ਕਰਦਾ।

ਜਿਹੜੇ ਸ਼ਰਧਾਲੂ ਕਰਤਾਰਪੁਰ ਵਿਖੇ ਗੁਰੂ ਜੀ ਦੇ ਨੇੜ ਵਿਚ ਆਏ ਉਨ੍ਹਾਂ ਵਿਚ ਇਕ

ਲਈ ਬਨਾਰਸ ਹੈ ਅਤੇ ਮੁਸਲਮਾਨਾਂ ਲਈ ਮੱਕਾ ਹੈ, ਇਵੇਂ ਹੀ ਸਿੱਖਾਂ ਲਈ ਵੀ ਅੰਮ੍ਰਿਤਸਰ ਤੀਰਥ-ਅਸਥਾਨ ਬਣ ਗਿਆ। ਇਹ ਯਾਤਰਾ ਲਈ ਮੁੱਖ ਅਸਥਾਨ ਦਾ ਰੂਪ ਧਾਰਨ ਕਰ ਗਿਆ।

ਗੁਰੂ ਅਰਜਨ ਦੇਵ ਨੇ ਆਲੇ-ਦੁਆਲੇ ਦੇ ਇਲਾਕੇ ਦਾ ਵੀ ਦੌਰਾ ਕੀਤਾ। ਸੰਨ 1590 ਵਿਚ ਉਨ੍ਹਾਂ ਇਕ ਹੋਰ ਥਾਂ ਸਰੋਵਰ ਦੀ ਪੁਟਾਈ ਕਰਵਾਈ ਜਿਹੜਾ ਅੰਮ੍ਰਿਤਸਰ ਤੋਂ 11 ਮੀਲ (ਕਰੀਬ 17 ਕਿਲੋਮੀਟਰ) ਦੀ ਵਿੱਥ 'ਤੇ ਸੀ। ਇਸ ਅਸਥਾਨ ਨੂੰ ਗੁਰੂ ਜੀ ਨੇ ਤਰਨ ਤਾਰਨ ਦਾ ਅਸ਼ੀਰਵਾਦ ਦਿੱਤਾ। ਇਸ ਦੀ ਮਹਿਮਾ ਰੋਗ ਦੂਰ ਕਰਨ ਦੀ ਹੋ ਗਈ ਅਤੇ ਤਰਨ ਤਾਰਨ ਇਕ ਹੋਰ ਤੀਰਥ ਅਸਥਾਨ ਬਣ ਗਿਆ। ਵਿਸ਼ੇਸ਼ ਕਰਕੇ ਉਨ੍ਹਾਂ ਲਈ ਜਿਹੜੇ ਕੋਹੜ ਦੇ ਰੋਗ ਵਿਚ ਗ੍ਰੱਸੇ ਹੋਏ ਸਨ। ਇਸ ਸਰੋਵਰ ਦੇ ਨਾਲ ਇਕ ਵਿਸ਼ਾਲ ਮੰਦਰ ਅਤੇ ਕੁਸ਼ਟ ਨਿਵਾਰਨ ਹਸਪਤਾਲ ਜਾਂ ਖਿੰਗਲਵਾੜਾ ਉਸਾਰਿਆ ਗਿਆ।

ਤਰਨ ਤਾਰਨ ਤੋਂ ਗੁਰੂ ਅਰਜਨ ਦੇਵ ਜਲੰਧਰ ਦੁਆਬੇ ਗਏ ਅਤੇ ਉਥੇ ਤੀਜਾ ਧਰਮ ਅਸਥਾਨ ਕਰਤਾਰ ਪੁਰ ਵਸਾਇਆ। ਕਰਤਾਰ ਪੁਰ ਤੋਂ ਗੁਰੂ ਜੀ ਲਾਹੌਰ ਗਏ ਅਤੇ ਉਥੋਂ ਬਿਆਸ ਦਰਿਆ ਦੇ ਕੰਢੇ। ਇਸ ਦੇ ਕੰਢੇ ਉਨ੍ਹਾਂ ਆਪਣੇ ਸਾਹਿਬਜ਼ਾਦੇ ਹਰਗੋਬਿੰਦ ਦੇ ਨਾਮ 'ਤੇ ਸ੍ਰੀ ਹਰਗੋਬਿੰਦ ਪੁਰ ਵਸਾਇਆ। ਕੇਂਦਰੀ ਪੰਜਾਬ ਦਾ ਪੰਜ ਸਾਲ ਦੌਰਾ ਕਰਦਿਆਂ ਮਾਝਾ ਦੇਸ਼ ਦੇ ਹਜ਼ਾਰਾਂ ਹੀ ਜੱਟ ਉਨ੍ਹਾਂ ਦੇ ਸਿੱਖ ਬਣ ਗਏ। ਇਹ ਪੰਜਾਬ ਦੇ ਮਿਹਨਤੀ ਕਿਸਾਨ ਸਨ।

1595 ਵਿਚ ਗੁਰੂ ਅਰਜਨ ਜੀ ਵਾਪਸ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਦੇਖਿਆ ਕਿ ਪ੍ਰਿਥੀ ਚੰਦ ਆਪਣੀਆਂ ਆਪ-ਹੁਦਰੀਆਂ ਕਰ ਰਿਹਾ ਹੈ। ਪਵਿੱਤਰ ਲਿਖਤਾਂ ਦੀ ਇਕ ਹੋਰ ਪੋਥੀ ਵੀ ਤਿਆਰ ਕਰਨੀ ਆਰੰਭੀ ਹੋਈ ਹੈ। ਜਿਸ ਵਿਚ ਉਹ ਆਪਣੀ ਰਚਨਾ ਵੀ ਅੰਕਿਤ ਕਰ ਰਿਹਾ ਸੀ। ਗੁਰੂ ਅਰਜਨ ਦੇਵ ਨੇ ਇਹ ਭਾਂਪ ਲਿਆ ਕਿ ਇਸ ਤਰ੍ਹਾਂ ਕੱਚੀ ਬਾਣੀ ਦਾ ਪ੍ਰਸਾਰ ਹੋ ਜਾਵੇਗਾ। ਉਨ੍ਹਾਂ ਹੋਰ ਸਾਰੇ ਹੀ ਕੰਮ ਛੱਡ ਕੇ ਆਪਣੇ ਪੂਰਵਜਾਂ ਦੀ ਬਾਣੀ ਇਕੱਤਰ ਕਰਕੇ ਇਕ ਪ੍ਰਮਾਣੀਕ ਗ੍ਰੰਥ ਤਿਆਰ ਕਰਨ ਦਾ ਬੀੜਾ ਚੁੱਕਿਆ। ਆਪਣੇ ਪਿਤਾ ਜੀ ਦੀ ਬਾਣੀ ਤਾਂ ਉਨ੍ਹਾਂ ਪਾਸ ਹੀ ਸੀ। ਉਨ੍ਹਾਂ ਮੋਹਨ (ਗੁਰੂ ਅਮਰ ਦਾਸ ਜੀ ਦੇ ਸਪੁੱਤਰ) ਨੂੰ ਪਰੇਰਿਆ ਕਿ ਉਹ ਪਹਿਲੇ ਤਿੰਨ ਗੁਰੂਆਂ ਦੀਆਂ ਰਚਨਾਵਾਂ ਉਨ੍ਹਾਂ ਨੂੰ ਦੇ ਦੇਣ। ਦੇਸ-ਪਰਦੇਸ ਵਿਚ ਆਪਣੇ ਸਿੱਖ ਭੇਜੇ ਤਾਂ ਜੋ ਅਜਿਹੀਆਂ ਕਾਪੀਆਂ ਪ੍ਰਾਪਤ ਕਰਨ ਜਿਹੜੀਆਂ ਕਿਸੇ ਨੇ ਬਣਾਈਆਂ ਹੋਈਆਂ ਹੋਣ। ਉਨ੍ਹਾਂ ਹੋਰ ਹਿੰਦੂ ਭਗਤਾਂ ਅਤੇ ਮੁਸਲਮਾਨ ਫ਼ਕੀਰਾਂ ਦੀਆਂ ਲਿਖਤਾਂ ਨੂੰ ਵੀ ਜੀ-ਆਇਆਂ ਕਿਹਾ। ਉਪਰੰਤ ਉਨ੍ਹਾਂ ਆਪਣਾ ਨਿਵਾਸ ਰਾਮਸਰ ਸਰੋਵਰ ਪਾਸ ਬਣਾ ਲਿਆ ਜਿਹੜਾ ਅੰਮ੍ਰਿਤਸਰ ਦੇ ਬਾਜ਼ਾਰ ਦੇ ਰੌਲੇ-ਰੱਪੇ ਤੋਂ ਹਟ ਕੇ ਸੀ। ਸਾਰਾ ਧਿਆਨ ਇਸ ਕਾਰਜ ਵੱਲ ਹੀ ਲਾਇਆ। ਜੋ ਗੁਰੂ ਜੀ ਨੇ ਆਪ ਕੀਤੀ (ਉਨ੍ਹਾਂ ਦੀ ਆਪਣੀ ਭਾਰੀ ਦੇਣ ਹੈ) ਅਤੇ ਲਿਖਾਈ ਦੀ ਸੇਵਾ ਭਾਈ ਗੁਰਦਾਸ ਜੀ ਨੇ ਕੀਤੀ।

ਜਦੋਂ ਗੁਰੂ ਜੀ ਇਸ ਕਾਰਜ ਵਿਚ ਜੁਟੇ ਹੋਏ ਸਨ ਤਾਂ ਅਕਬਰ ਬਾਦਸ਼ਾਹ ਪਾਸ ਇਹ ਸ਼ਿਕਾਇਤ ਪਹੁੰਚੀ ਕਿ ਗੁਰੂ ਅਰਜਨ ਦੇਵ ਜਿਹੜਾ ਗ੍ਰੰਥ ਤਿਆਰ ਕਰ ਰਹੇ ਹਨ ਉਸ ਵਿਚ ਇਸਲਾਮ ਧਰਮ ਦੀ ਨਿੰਦਾ ਹੈ। ਅਕਬਰ ਬਾਦਸ਼ਾਹ ਉੱਤਰ ਵੱਲ ਨੂੰ ਜਾ ਰਿਹਾ ਸੀ। ਜਾਂਦੇ-ਜਾਂਦੇ ਬਾਦਸ਼ਾਹ ਠਹਿਰ ਗਿਆ ਅਤੇ ਉਸ ਗ੍ਰੰਥ ਨੂੰ ਦੇਖਣਾ ਚਾਹਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਪ੍ਰਾਪਤ ਹੱਥ-ਲਿਖਤ ਲੈ ਆਏ ਅਤੇ ਉਸ ਵਿਚੋਂ ਕੁਝ ਅੰਸ਼ ਪੜ੍ਹ ਕੇ ਸੁਣਾਏ। ਅਕਬਰ ਦਾ ਵਹਿਮ ਤੇ ਡਰ ਦੂਰ ਹੋ ਗਿਆ। ਉਸ ਪਵਿੱਤਰ ਪੋਥੀ ਅੱਗੇ ਇਕਵੰਜਾ ਮੋਹਰਾਂ ਦਾ ਮੱਥਾ ਟੇਕਿਆ ਅਤੇ ਦੋਹਾਂ ਸਿੱਖਾਂ ਨੂੰ ਖਿਲਅਤ ਬਖ਼ਸ਼ੀ ਅਤੇ ਇਕ ਚੋਗਾ ਗੁਰੂ

ਜੀ ਲਈ ਵੀ ਭੇਜਿਆ। ਗੁਰੂ ਜੀ ਦੇ ਕਹਿਣ 'ਤੇ ਕਿਸਾਨਾਂ ਦੀ ਹਾਲਤ ਵਿਚ ਸੁਧਾਰ ਲਿਆਉਣ ਲਈ ਜ਼ਿਲ੍ਹੇ ਦਾ ਸਾਲਾਨਾ ਲਗਾਨ ਵੀ ਮੁਆਫ਼ ਕਰ ਦਿੱਤਾ। ਇਹ ਕਿਸਾਨ ਬਾਰਸ਼ਾ ਨਾ ਹੋਣ ਕਰਕੇ ਦੁੱਖ ਝੱਲ ਰਹੇ ਸਨ।

ਅਗਸਤ 1604 ਵਿਚ ਇਹ ਕਾਰਜ ਸੰਪੂਰਨ ਹੋ ਗਿਆ ਅਤੇ ਪਵਿੱਤਰ ਗ੍ਰੰਥ ਸਾਹਿਬ ਦਾ ਰਸਮੀ ਤੌਰ ਤੇ ਅੰਮ੍ਰਿਤਸਰ ਵਿਖੇ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਇਸ ਦੇ ਪਹਿਲੇ ਗ੍ਰੰਥੀ ਥਾਪਿਆ ਗਿਆ।

ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇ ਮਤਿ ਬਾਰੇ ਪੂਰਨ ਝਲਕ ਸੀ। ਗੁਰੂ ਸਾਹਿਬਾਨ ਦੀਆਂ ਰਚਨਾਵਾਂ ਤੋਂ ਇਲਾਵਾ ਇਸ ਵਿਚ ਉੱਤਰੀ ਭਾਰਤ ਦੇ ਸੰਤਾਂ, ਫਕੀਰਾਂ ਦੀਆਂ ਰਚਨਾਵਾਂ ਵੀ ਸ਼ਾਮਲ ਸਨ, ਹਿੰਦੂਆਂ ਦੀਆਂ ਵੀ ਅਤੇ ਮੁਸਲਮਾਨਾਂ ਦੀਆਂ ਵੀ; ਹਰ ਜਾਤੀ ਦੀਆਂ, ਇਥੋਂ ਤਕ ਕਿ ਅਛੂਤਾਂ ਦੀਆਂ ਵੀ। ਇਸ ਦੇ ਸ਼ਬਦਾਂ ਵਿਚ ਉੱਚੇ ਕਾਵਿਕ ਗੁਣ ਸਨ, ਬੋਲੀ ਅਨਪੜ੍ਹ ਕਿਸਾਨਾਂ ਨੂੰ ਵੀ ਸਮਝ ਆਉਂਦੀ ਸੀ। ਇਸ ਦੀ ਇਖ਼ਲਾਕੀ ਸਮਝ ਸਾਦੀ ਅਤੇ ਸਿੱਧੀ ਸੀ। ਆਮ ਸੰਗਤਾਂ ਵਿਚ ਗੁਰੂ ਸਾਹਿਬਾਨ ਦੇ ਮਤਿ ਦਾ ਪ੍ਰਚਾਰ ਕਰਨ ਲਈ ਇਹ ਗ੍ਰੰਥ ਬਹੁਤ ਹੀ ਸਾਰਥਕ ਸਿੱਧ ਹੋਇਆ। ਗ੍ਰੰਥ ਸਾਹਿਬ ਦੇ ਅੰਤ ਵਿਚ ਇਹ ਸ਼ਬਦ ਲਿਖ ਕੇ ਗੁਰੂ ਅਰਜਨ ਦੇਵ ਨੇ ਨਿਮਰਤਾ ਦੇ ਭਾਵ ਪ੍ਰਗਟ ਕੀਤੇ :

ਮੁੰਦਾਵਣੀ ਮਹਲਾ ੫
ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮ ਠਾਕੁਰ ਕਾ ਪਾਇਓ
ਜਿਸਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ ॥੧॥

ਬਾਦਸ਼ਾਹ ਅਕਬਰ ਗੁਰੂ ਜੀ ਦੇ ਕਾਰਜ ਤੋਂ ਬਹੁਤ ਪ੍ਰਸੰਨ ਹੋਇਆ। ਕਿਉਂ ਜੋ ਇਸ ਗ੍ਰੰਥ ਵਿਚ ਉਸ ਦੇ ਵਿਸ਼ਵਾਸ ਦੀ ਗੂੰਜ ਉਤਰਦੀ ਸੀ। ਇਕ ਵਾਰ ਉਹ ਮਿਥ ਕੇ ਗੋਇੰਦਵਾਲ ਰੁਕਿਆ ਤਾਂ ਜੋ ਗੁਰੂ ਜੀ ਦੇ ਬਾਦਸ਼ਾਹ ਵੱਲੋਂ ਕੀਤੀ ਗਈ ਤਾਰੀਫ਼ ਕਾਫ਼ੀ ਮਹੱਤਵਪੂਰਨ ਦੇਣ ਸੀ। ਬਾਦਸ਼ਾਹ ਅਕਬਰ ਦੇ ਪਹਿਲੀ ਵਾਰ ਗੋਇੰਦਵਾਲ ਆਉਣ ਅਤੇ 1606 ਵਿਚ ਉਸ ਦੇ ਚਲਾਣਾ ਕਰ ਜਾਣ ਦੇ ਸੱਤ ਸਾਲਾਂ ਦੇ ਵਕਫ਼ੇ ਵਿਚ ਗੁਰੂ ਜੀ ਦੇ ਸਿੱਖਾਂ ਦੀ ਗਿਣਤੀ ਵਧਦੀ ਗਈ ਅਤੇ ਦੋਹਾਂ ਹੀ ਕਸਬਿਆਂ ਵਿਚ, ਜਿਹੜੇ ਗੁਰੂ ਜੀ ਵੱਲੋਂ ਉਸਾਰੇ ਗਏ, ਵਪਾਰ ਕਾਫ਼ੀ ਵਧ ਗਿਆ। ਗੁਰੂ ਜੀ ਰਾਸ਼ਟਰੀ ਪੱਧਰ ਦੇ ਆਗੂ ਬਣ ਗਏ। ਗੁਰੂ ਜੀ ਨੂੰ ਸੰਗਤਾਂ ਸੱਚਾ 'ਪਾਤਸ਼ਾਹ' ਕਹਿ ਕੇ ਪੁਕਾਰਦੀਆਂ।

ਅਕਬਰ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਰਾਜਨੀਤੀ ਵਿਚ ਅਚਾਨਕ ਮੋੜ ਆਇਆ ਅਤੇ ਹਕੂਮਤ ਦਾ ਰਵੱਈਆ ਸਿੱਖਾਂ ਪ੍ਰਤੀ ਬਦਲ ਗਿਆ। ਜਹਾਂਗੀਰ ਰਾਜ ਸਿੰਘਾਸਣ 'ਤੇ ਬੈਠਾ ਅਤੇ ਉਸ ਨੂੰ ਗੁਰੂ ਅਰਜਨ ਦਾ ਹਰਮਨ-ਪਿਆਰਾ ਹੋਣਾ ਰੜਕਿਆ। ਆਪਣੇ ਰੋਜ਼ਨਾਮਚੇ ਵਿਚ ਉਸ ਦਰਜ ਕੀਤਾ :

ਮਹਾਨ ਪ੍ਰਾਪਤੀਆਂ ਨੂੰ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗਿ ਚਾਨਣੁ ਹੋਆ ॥
ਜਿਉ ਕਰ ਸੂਰਜੁ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ ॥
ਸਿੰਘ ਬੁਕੇ ਮਿਰਗਾਵਲੀ
ਭੰਨੀ ਜਾਇ ਨ ਧੀਰ ਧਰੋਆ ॥
ਜਿਥੇ ਬਾਬਾ ਪੈਰ ਧਰੈ
ਪੂਜਾ ਆਸਣੁ ਥਾਪਣਿ ਸੋਆ ॥
ਸਿਧ ਆਸਣਿ ਸਭਿ ਜਗਤ ਦੇ
ਨਾਨਕ ਆਦਿ ਮਤੇ ਜੇ ਕੋਆ ॥
ਘਰਿ ਘਰਿ ਅੰਦਰਿ ਧਰਮਸਾਲ
ਹੋਵੈ ਕੀਰਤਨੁ ਸਦਾ ਵਿਸੋਆ ॥
ਬਾਬੇ ਤਾਰੇ ਚਾਰਿ ਚਕਿ
ਨਉਖੰਡਿ ਪ੍ਰਿਥਮੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥

(ਵਾਰ 1—ਭਾਈ ਗੁਰਦਾਸ)

ਗੁਰੂ ਨਾਨਕ ਦੀ ਸਿੱਖਿਆ

ਗੁਰੂ ਨਾਨਕ ਨੇ ਨਾ ਕੇਵਲ ਇਕ ਨਵਾਂ ਧਰਮ ਚਲਾਇਆ ਅਤੇ ਇਕ ਨਵੀਂ ਜੀਵਨ-ਜਾਚ ਦੱਸੀ, ਸਗੋਂ ਇਕ ਨਵੀਂ ਕਿਸਾਨ ਲਹਿਰ ਵੀ ਚਲਾਈ ਜਿਸ ਦਾ ਪ੍ਰਭਾਵ ਸਾਰੇ ਦੇਸ 'ਤੇ ਅਨੁਭਵ ਕੀਤਾ ਗਿਆ। ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਤਸਵੀਰ ਦੀ ਝਲਕ ਦੇਖਣ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀ ਸਿੱਖਿਆ ਦੇ ਧਾਰਮਿਕ ਅਤੇ ਧਰਮ ਨਿਰਪੇਖ ਪੱਖਾਂ 'ਤੇ ਇਕ ਝਾਤ ਮਾਰੀਏ।

ਪਹਿਲੋਂ ਉਨ੍ਹਾਂ ਦੇ ਚਲਾਏ ਮਤਿ ਦੇ ਮੁੱਖ ਅੰਗ ਲੈਂਦੇ ਹਾਂ।

ਰੱਬ ਦਾ ਸਿਧਾਂਤ : ਗੁਰੂ ਨਾਨਕ ਪੱਕੇ ਅਦ੍ਵੈਤਵਾਦੀ ਸਨ। ਰੱਬ ਦੀ ਏਕਤਾ ਦੇ ਵਿਰੋਧ ਵਿਚ ਉਨ੍ਹਾਂ ਨੂੰ ਕੋਈ ਸਿਧਾਂਤ ਮਨਜ਼ੂਰ ਨਹੀਂ ਸੀ। ਇਸ ਸੰਬੰਧ ਵਿਚ ਉਹ ਭਗਤਾਂ ਨਾਲ ਵੀ ਮਤਭੇਦ ਰੱਖਦੇ ਸਨ, ਜਿਹੜੇ ਅਦ੍ਵੈਤ ਦੀ ਹਾਮੀ ਭਰਦੇ ਸਨ, ਪਰ ਨਾਲ ਹੀ ਪਰਮਾਤਮਾ ਦੇ ਪੁਨਰ-ਜਨਮ ਅਤੇ ਉਸ ਦੇ ਬਾਰੇ ਹੋਏ ਅਵਤਾਰਾਂ ਵਿਚ ਵੀ ਵਿਸ਼ਵਾਸ ਰੱਖਦੇ ਸਨ। ਗੁਰੂ ਨਾਨਕ ਦੀ ਦਲੀਲ ਸੀ ਕਿ ਜੇਕਰ ਪਰਮਾਤਮਾ ਅਨੰਤ ਹੈ ਤਾਂ ਉਸ ਦਾ ਜੰਮਣ-ਮਰਨ ਜਾਂ ਪੁਨਰ-ਜਨਮ ਕੇਹਾ ? ਇਨਸਾਨੀ ਜਾਮਾ ਵੀ ਉਸ ਦਾ ਨਹੀਂ ਹੋ ਸਕਦਾ ਜਿਹੜਾ ਖੀਣ ਹੁੰਦਾ ਹੈ ਅਤੇ ਬਿਨਸ ਜਾਂਦਾ ਹੈ। ਗੁਰੂ ਨਾਨਕ ਮੂਰਤੀ-ਪੂਜਾ ਦਾ ਵੀ ਖੰਡਨ ਕਰਦੇ ਸਨ ਕਿਉਂ ਜੋ ਸਾਧਾਰਣ ਲੋਕ ਮੂਰਤੀ ਨੂੰ ਪਰਮਾਤਮਾ ਦਾ ਪ੍ਰਤੀਕ ਸਮਝਣ ਦੀ ਥਾਵੇਂ ਪਰਮਾਤਮਾ ਹੀ ਮੰਨਣ ਲੱਗ ਜਾਂਦੇ ਹਨ। ਗੁਰੂ ਨਾਨਕ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਸਤਿ ਹੈ। ਅਸਤਿ ਦੇ ਉਲਟ ਜਾਂ ਮਿਥਿਆ ਦੇ ਉਲਟ, ਇਸ ਪ੍ਰਕਾਰ ਉਨ੍ਹਾਂ ਪਰਮਾਤਮਾ ਨੂੰ ਰੂਹਾਨੀ ਸਿਧਾਂਤ ਬਣਾਇਆ ਸਗੋਂ ਇਸ ਸਿਧਾਂਤ ਦੇ ਆਧਾਰ 'ਤੇ ਸਮਾਜਿਕ ਵਿਹਾਰ ਦੇ ਅਸੂਲ ਵੀ ਰੱਖੇ। ਜੇਕਰ ਪਰਮਾਤਮਾ ਸਤਿ ਹੈ ਤਾਂ ਅਸਤਿ ਬੋਲਣਾ ਪਰਮਾਤਮਾ ਰੂਪ ਨਹੀਂ। ਅਸਤਿ ਵਿਹਾਰ

ਕੂੜੁ ਅਮਾਵਸਿ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥

(ਵਾਰ ਮਾਝ ਕੀ)

ਅਤੇ ਫੁਰਮਾਇਆ :

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗੱਲ ਥੱਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿੰਦਵਾਣੀਆ
ਏਹਿ ਭਿ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥

(ਤਿਲੰਗ)

ਉਸ ਸਮੇਂ ਲੋਧੀ ਖ਼ਾਨਦਾਨ ਦਾ ਰਾਜ ਸੀ। ਗੁਰੂ ਨਾਨਕ ਦੇਵ ਅਨੁਸਾਰ ਉਸ ਆਪਣਾ ਅਮੀਰ ਵਿਰਸਾ ਜਿਹੜਾ ਹਿੰਦੁਸਤਾਨ ਸੀ, ਲੁਟਾ ਦਿੱਤਾ ਅਤੇ ਇਸ ਨੂੰ ਬਾਬਰ ਦੇ ਮੁਗ਼ਲ ਸਿਪਾਹੀਆਂ ਹੱਥੋਂ ਉਜਾੜਨ ਦਿੱਤਾ ਗਿਆ। ਨਫ਼ਰਤ ਅਤੇ ਝੂਠ ਦਾ ਬੋਲਬਾਲਾ ਹੋ ਗਿਆ ਅਤੇ ਸੂਫ਼ੀਆਂ ਤੇ ਭਗਤਾਂ ਦੀ ਆਵਾਜ਼ ਸੁਣਾਈ ਨਹੀਂ ਦਿੰਦੀ ਸੀ।

ਗੁਰੂ ਨਾਨਕ

ਗੁਰੂ ਨਾਨਕ ਦੇਵ ਦਾ ਪ੍ਰਕਾਸ਼ 15 ਅਪ੍ਰੈਲ, 1469 ਈਸਵੀ ਨੂੰ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਲਿਆਣ ਦਾਸ ਬੇਦੀ ਰਾਇ ਭੋਇ ਦੀ ਤਲਵੰਡੀ ਪਿੰਡ ਵਿਚ ਪਟਵਾਰੀ ਸਨ। ਹੁਣ ਇਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਇਹ ਲਾਹੌਰ (ਪਾਕਿਸਤਾਨ) ਤੋਂ ਲਗਭਗ ਚਾਲੀ ਮੀਲ ਦੇ ਫ਼ਾਸਲੇ 'ਤੇ ਹੈ। ਸੰਭਵ ਹੈ ਕਿ ਆਪਣੀ ਵੱਡੀ ਭੈਣ ਨਾਨਕੀ ਵਾਂਗ ਨਾਨਕ ਦਾ ਜਨਮ ਵੀ ਆਪਣੇ ਨਾਨਕੇ ਮਾਤਾ ਤ੍ਰਿਪਤਾ ਦੇ ਘਰ ਹੀ ਹੋਇਆ ਹੋਵੇ, ਅਤੇ ਉਸੇ ਵਾਂਗ ਹੀ ਨਾਨਕੇ ਨਾਲ ਜੁੜਦਾ ਉਸ ਦਾ ਨਾਮ ਵੀ 'ਨਾਨਕ' ਰੱਖ ਦਿੱਤਾ ਗਿਆ।

ਨਾਨਕ ਬੜੇ ਹੋਣਹਾਰ ਬਾਲਕ ਸਨ। ਅਜੇ ਪੰਜ ਸਾਲ ਦੇ ਹੀ ਸਨ ਕਿ ਉਨ੍ਹਾਂ ਨੇ ਜੀਵਨ ਮਨੋਰਥ ਬਾਰੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਜਦੋਂ ਸੱਤ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਪੰਡਿਤ ਪਾਸ ਭੇਜ ਦਿੱਤਾ ਗਿਆ ਤਾਂ ਜੋ ਅੱਖਰ-ਬੋਧ ਹੋ ਜਾਵੇ ਥੋੜ੍ਹੀ ਗਿਣਤੀ ਸਿੱਖ ਜਾਵੇ। ਦੋ ਸਾਲ ਉਪਰੰਤ ਉਨ੍ਹਾਂ ਨੂੰ ਇਕ ਮੌਲਵੀ ਪਾਸ ਫ਼ਾਰਸੀ ਅਤੇ ਅਰਬੀ ਇਲਮ ਪ੍ਰਾਪਤ ਕਰਨ ਲਈ ਬਿਠਾ ਦਿੱਤਾ ਗਿਆ। ਉਨ੍ਹਾਂ ਦਾ ਪੜ੍ਹਾਈ ਵਿਚ ਉੱਕਾ ਦਿਲ ਨਹੀਂ ਸੀ ਲਗਦਾ। ਜਾਂ ਤਾਂ

ਕਾਂਡ—4

ਸ਼ਾਸਤਰ ਤੋਂ ਸ਼ਸਤਰ ਵੱਲ

ਹਰਿਗੋਬਿੰਦ ਸਾਹਿਬ (1595-1644)

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਲੋਕਾਂ ਅੰਦਰ ਭਾਰੀ ਸ਼ੋਕ ਦੀ ਲਹਿਰ ਫੈਲਾ ਦਿੱਤੀ। ਬਾਦਸ਼ਾਹ ਵੱਲੋਂ ਗੁਰੂ ਜੀ ਨੂੰ ਪਕੜਨ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਜ਼ਬਤ ਕਰਨ ਦੇ ਹੁਕਮ ਦੀ ਤਾਮੀਲ ਨਹੀਂ ਕੀਤੀ ਗਈ ਸੀ। ਸਥਾਨਕ ਅਧਿਕਾਰੀਆਂ ਨੂੰ ਤੌਖਲਾ ਸੀ ਕਿ ਗੁਰੂ ਸਾਹਿਬ ਦੀ ਸ਼ਹੀਦੀ ਤੇ ਲੋਕ ਕਾਫ਼ੀ ਸਮੇਂ ਤਕ ਸਬਰ-ਸ਼ੁਕਰ ਰਕਦੇ ਰਹਿਣਗੇ ਪਰ ਨਤੀਜਾ ਇਸ ਦੇ ਉੱਕਾ ਹੀ ਉਲਟ ਸੀ। ਸਮੂਹ ਸਿੱਖ ਗਿਆਰਾਂ ਸਾਲ ਦੀ ਆਯੂ ਦੇ ਹਰਿਗੋਬਿੰਦ ਸਾਹਿਬ ਅਤੇ ਦੋ ਬਜ਼ੁਰਗਾਂ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੁਆਲੇ ਇਕੱਤਰ ਹੋ ਗਏ ਅਤੇ ਇਸ ਸ਼ਹੀਦੀ ਦਾ ਬਦਲਾ ਲੈਣ ਲਈ ਕਾਹਲੇ ਪੈ ਗਏ।

ਹਰਿਗੋਬਿੰਦ ਸਾਹਿਬ ਗੁਰ-ਗੱਦੀ 'ਤੇ ਬਿਰਾਜਮਾਨ ਹੋ ਗਏ ਅਤੇ ਉਨ੍ਹਾਂ ਦੋ ਕਿਰਪਾਨਾਂ ਧਾਰਨ ਕੀਤੀਆਂ। ਇਕ ਆਤਮਕ ਸ਼ਕਤੀ ਦੀ ਪ੍ਰਤੀਕ ਸੀ ਅਤੇ ਦੂਜੀ ਲੋਕ-ਸ਼ਕਤੀ ਦਰਸਾਉਂਦੀ ਸੀ। ਗੁਰੂ ਜੀ ਨੇ ਕਿਹਾ : "ਹੁਣ ਮੇਰੀ ਮਾਲਾ ਇਸ ਕਿਰਪਾਨ ਦਾ ਗਾਤਰਾ ਹੋਵੇਗੀ ਅਤੇ ਮੈਂ ਆਪਣੀ ਦਸਤਾਰ ਵਿਚ ਪਾਤਸ਼ਾਹੀ ਦਾ ਚਿੰਨ੍ਹ ਕਲਗੀ ਰੱਖਾਂਗਾ।" ਉਨ੍ਹਾਂ ਆਪਣੇ ਸਿੱਖਾਂ ਨੂੰ ਆਦੇਸ਼ ਭੇਜੇ ਕਿ ਉਹ ਪੈਸਿਆਂ ਦੀ ਥਾਂ ਸ਼ਸਤਰਾਂ ਅਤੇ ਘੋੜਿਆਂ ਦੀ ਭੇਟ ਨੂੰ ਵਧੇਰੇ ਮਾਣ ਦੇਣਗੇ। ਉਨ੍ਹਾਂ ਸਿਪਾਹੀਆਂ ਦਾ ਦਸਤਾ ਤਿਆਰ ਕੀਤਾ ਅਤੇ ਵਧੇਰੇ ਸਮਾ ਸਰੀਰਕ ਕਸਰਤ ਅਤੇ ਸ਼ਿਕਾਰ ਵਿਚ ਬਿਤਾਉਂਦੇ। ਉਨ੍ਹਾਂ ਇਕ ਗੜ੍ਹੀ (ਛੋਟਾ ਕਿਲ੍ਹਾ) ਲੋਹਗੜ੍ਹ ਉਸਾਰਿਆ, ਲੋਹੇ ਦਾ ਕਿਲ੍ਹਾ। ਹਰਿਮੰਦਰ ਸਾਹਿਬ ਦੇ ਸਾਮ੍ਹਣੇ ਉਨ੍ਹਾਂ ਅਕਾਲ ਤਖ਼ਤ ਦੀ ਉਸਾਰੀ ਕੀਤੀ ਜਿਥੇ ਸ਼ਬਦ-ਕੀਰਤਨ ਦੀ ਥਾਂ ਸੰਗਤ ਨੂੰ ਬੀਰ-ਰਸ ਦੀਆਂ ਵਾਰਾਂ ਅਤੇ ਰਚਨਾਵਾਂ ਵੀ ਸੁਣਾਈਆਂ ਜਾਂਦੀਆਂ। ਇਥੇ ਧਾਰਮਿਕ ਕਥਾ-ਵਾਰਤਾ ਦੇ ਨਾਲ ਫ਼ੌਜੀ ਜੁਗਤਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਜਾਂਦਾ। ਕੁਝ ਸਾਲਾਂ ਤਕ ਸਿੱਖ ਸੰਗਠਨ ਦੀ ਇਸ ਤਬਦੀਲੀ ਨੂੰ ਗੌਲਿਆ ਹੀ ਨਹੀਂ ਗਿਆ। ਪਰ ਜਿਉਂ ਹੀ ਗੁਰੂ ਜੀ ਦੀ ਸਿੱਖੀ ਸੇਵਕੀ ਦੀ ਗਿਣਤੀ ਵਧਦੀ ਗਈ ਤਾਂ ਸਥਾਨਕ ਅਫ਼ਸਰਾਂ ਨੇ ਬਾਦਸ਼ਾਹ ਤਕ ਸ਼ਿਕਾਇਤਾਂ ਪਹੁੰਚਾ ਦਿੱਤੀਆਂ। ਅਜੇ ਗੁਰੂ ਅਰਜਨ ਦੇਵ 'ਤੇ ਲਾਇਆ ਗਿਆ ਜੁਰਮਾਨਾ ਵਸੂਲ ਨਹੀਂ ਕੀਤਾ ਗਿਆ ਸੀ। ਇਸ ਲਈ ਕਾਨੂੰਨੀ ਤੌਰ ਤੇ ਉਨ੍ਹਾਂ ਦੇ ਲੜਕੇ ਵਿਰੁੱਧ ਮੁਕੱਦਮਾ ਹੋ ਸਕਦਾ ਸੀ। ਜਹਾਂਗੀਰ ਨੇ ਹੁਕਮ ਜਾਰੀ ਕੀਤਾ ਕਿ ਗੁਰੂ ਹਰਿਗੋਬਿੰਦ ਨੂੰ ਕੈਦ ਕਰ ਲਿਆ ਜਾਵੇ ਅਤੇ ਉਨ੍ਹਾਂ ਦੀ ਨਿੱਜੀ ਫ਼ੌਜ ਭੰਗ ਕਰ ਦਿੱਤੀ ਜਾਵੇ।

ਗੁਰੂ ਜੀ ਇਕ ਸਾਲ ਤੋਂ ਵੱਧ ਸਮੇਂ ਲਈ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹੇ। ਰਿਹਾਈ ਤੋਂ ਜਲਦੀ ਹੀ ਪਿੱਛੋਂ ਉਨ੍ਹਾਂ ਫ਼ੌਜੀ ਸਰਗਰਮੀਆਂ ਆਰੰਭ ਕਰ ਦਿੱਤੀਆਂ। ਪਰ ਬੜੀ ਸਾਵਧਾਨੀ ਨਾਲ। ਉਹ ਇਕੱਲੇ ਰਹਿ ਗਏ ਸਨ। ਨਵੇਂ ਸਿਰੇ ਤੋਂ ਨਿੱਜੀ ਫ਼ੌਜ ਖੜੀ ਕਰਨ ਲਈ ਉਨ੍ਹਾਂ ਨੂੰ ਭਾੜੇ 'ਤੇ ਪਠਾਣ ਭਰਤੀ ਕਰਨੇ ਪਏ ਅਤੇ ਆਪਣੇ ਸੇਵਕਾਂ ਦੀ ਸਿਖਲਾਈ

ਗੁਰੂ ਸਾਹਿਬਾਨ

ਰਾਮਾ ਸ਼ਿਵ ਰਾਮ=ਬਨਾਰਸੀ

ਕ੍ਰਿਸ਼ਨਾ ਤ੍ਰਿਪਤਾ=ਕਲਿਆਣ ਦਾਸ ਲਾਲੂ

ਨਾਨਕੀ ਨਾਨਕ=ਸੁਲੱਖਣੀ
(1469-1539)

ਸ੍ਰੀ ਚੰਦ (ਉਦਾਸੀ) ਲਖਮੀ ਦਾਸ

ਫੇਰੂ

ਅੰਗਦ=ਖੀਵੀ
(1504-1552)

D S S

ਹੋਰ ਸਖ਼ਤ ਕਰ ਦਿੱਤੀ । ਮੁਹਸਿਨ ਫ਼ਾਨੀ ਲਿਖਦਾ ਹੈ : "ਗੁਰੂ ਪਾਸ ਅਸਤਬਲ ਵਿਚ 800 ਘੋੜੇ ਸਨ, ਤਿੰਨ ਸੌ ਘੋੜਸਵਾਰ ਸਨ । ਅਗਨੀ-ਸ਼ਸਤਰਾਂ ਨਾਲ ਲੈਸ ਸੱਠ ਆਦਮੀ ਉਨ੍ਹਾਂ ਦੀ ਸੇਵਾ ਵਿਚ ਹਰ ਵੇਲੇ ਹਾਜ਼ਰ ਰਹਿੰਦੇ ।"

ਉਨ੍ਹਾਂ ਦੀ ਗਵਾਲੀਅਰ ਕਿਲ੍ਹੇ ਤੋਂ ਰਿਹਾਈ ਅਤੇ ਜਹਾਂਗੀਰ ਦੀ ਸੰਨ 1627 ਵਿਚ ਮੌਤ ਦੇ ਪੰਦਰਾਂ ਸਾਲਾਂ ਦੇ ਦੌਰਾਨ ਹਰਿਗੋਬਿੰਦ ਸਾਹਿਬ ਨੇ ਆਪਣੀ ਕੌਮ ਦੀ ਆਤਮਕ ਅਤੇ ਵਿਵਹਾਰਕ ਹੋਣੀ ਦੇ ਮਾਲਕ ਬਣ ਗਏ । ਉਹ ਪੰਜਾਬ ਦਾ ਦੌਰਾ ਕਰਕੇ ਉੱਤਰ ਪਰਦੇਸ ਵਿਚ ਪੀਲੀਭੀਤ ਤਕ ਗਏ । ਆਪਣੇ ਦੌਰੇ ਦੇ ਰਸਤੇ ਵਿਚ ਉਨ੍ਹਾਂ ਅਨੇਕਾਂ ਮੰਦਰ ਉਸਾਰੇ ਅਤੇ ਧਰਮ ਪ੍ਰਚਾਰਕ ਨਿਯੁਕਤ ਕੀਤੇ, ਜਿਹੜੇ ਪਤਿਤਾਂ ਨੂੰ ਗੁਰੂ ਨਾਨਕ ਦੇ ਸਹਿਜ ਮਾਰਗ ਵਿਚ ਸ਼ਾਮਲ ਕਰਦੇ । ਇੰਜ ਗੁਰੂ ਹਰਿਗੋਬਿੰਦ ਬਹਾਦਰੀ ਦੇ ਮਿਸ਼ਨ ਨੂੰ ਅੱਗੇ ਤੋਰਦੇ ਰਹੇ । ਅੰਮ੍ਰਿਤਸਰ ਨੂੰ ਵਾਪਸ ਆਉਂਦਿਆਂ ਉਨ੍ਹਾਂ ਬਿਲਾਸਪੁਰ ਦੇ ਰਾਜੇ ਪਾਸੋਂ ਤੋਹਫ਼ੇ ਵਜੋਂ ਮਿਲਿਆ ਪਹਾੜੀ ਜ਼ਮੀਨ ਦਾ ਟੁਕੜਾ ਸਵੀਕਾਰ ਕਰ ਲਿਆ । ਇਥੇ ਉਨ੍ਹਾਂ ਨੇ ਇਕਾਂਤ ਸਥਾਨ ਉਸਾਰਿਆ ਜਿਸ ਦਾ ਨਾਮ ਕੀਰਤਪੁਰ ਰੱਖਿਆ, ਭਾਵ ਕੀਰਤੀ ਦਾ ਕੇਂਦਰ ।

ਜਹਾਂਗੀਰ ਦੀ ਮੌਤ ਉਪਰੰਤ ਸ਼ਾਹਜਹਾਨ ਸੰਨ 1627 ਵਿਚ ਤਖ਼ਤ ਉਤੇ ਬੈਠਿਆ । ਇਥੋਂ ਹੀ ਗੁਰੂ ਜੀ ਲਈ ਅਸਲੀ ਦੁੱਖ ਆਰੰਭ ਹੋਏ । ਜਦੋਂ ਸੰਨ 1628 ਵਿਚ ਸ਼ਾਹਜਹਾਨ ਅੰਮ੍ਰਿਤਸਰ ਦੇ ਨੇੜੇ ਸ਼ਿਕਾਰ ਖੇਡ ਰਿਹਾ ਸੀ ਤਾਂ ਉਸ ਦੇ ਆਦਮੀਆਂ ਦਾ ਝਗੜਾ ਗੁਰੂ ਜੀ ਦੇ ਸੇਵਕਾਂ ਨਾਲ ਹੋ ਗਿਆ । ਗੁਰੂ ਹਰਿਗੋਬਿੰਦ ਨੂੰ ਕੈਦ ਕਰਨ ਲਈ ਅਹਿਲਕਾਰ ਅਤੇ ਸਿਪਾਹੀਆਂ ਦਾ ਦਸਤਾ ਭੇਜਿਆ ਗਿਆ । ਉਨ੍ਹਾਂ ਨੇ ਆ ਕੇ ਦੇਖਿਆ ਕਿ ਗੁਰੂ ਜੀ ਦੇ ਘਰ ਉਨ੍ਹਾਂ ਦੀ ਪੁੱਤਰੀ ਦਾ ਵਿਆਹ ਹੋ ਰਿਹਾ ਹੈ ਅਤੇ ਖ਼ੂਬ ਮਿਠਾਈਆਂ ਅਤੇ ਪਕਵਾਨ ਤਿਆਰ ਹੋ ਰਹੇ ਹਨ । ਗੁਰੂ ਜੀ ਤਾਂ ਨਾ ਮਿਲੇ ਪਰ ਉਨ੍ਹਾਂ ਦੀ ਜਾਇਦਾਦ ਖ਼ੂਬ ਲੁੱਟੀ ਅਤੇ ਜਿਹੜੀ ਮਿਠਾਈ ਅਤੇ ਹੋਰ ਪਕਵਾਨ ਤਿਆਰ ਹੋਇਆ ਪਿਆ ਸੀ, ਉਹ ਸ਼ਾਹਜਹਾਨ ਦੇ ਸਿਪਾਹੀ

ਵਿਚ ਉਹ ਹਿੰਦੂ ਤੀਰਥਾਂ 'ਤੇ ਗਏ ਜਿਵੇਂ ਕਿ ਮਥੁਰਾ, ਬਨਾਰਸ, ਗਇਆ ਅਤੇ ਉਥੋਂ ਬੰਗਾਲ ਅਤੇ ਅਸਾਮ ਤਕ। ਵਾਪਸੀ ਤੇ ਉਹ ਜਗਨਨਾਥ ਪੁਰੀ ਵੀ ਠਹਿਰੇ।

ਕੁਝ ਸਮਾ ਉਨ੍ਹਾਂ ਪੰਜਾਬ ਵਿਚ ਘੁੰਮ-ਫਿਰ ਕੇ ਬਿਤਾਇਆ। ਕਈ ਵਾਰ ਉਹ ਪਾਕਪਟਨ ਗਏ ਜਿਹੜਾ ਸੂਫੀਆਂ ਦਾ ਗੜ੍ਹ ਸੀ। ਉਨ੍ਹਾਂ ਦੀ ਅਗਲੀ ਉਦਾਸੀ ਦੱਖਣ ਵੱਲ ਸੀ ਅਤੇ ਉਹ ਤਾਮਿਲਨਾਡੂ ਹੁੰਦੇ ਹੋਏ ਲੰਕਾ ਵੀ ਪਹੁੰਚੇ। ਕਿਹਾ ਜਾਂਦਾ ਹੈ ਕਿ ਉਹ ਪੱਛਮੀ ਘਾਟ ਦੇ ਨਾਲ-ਨਾਲ ਮਾਲਾਬਾਰ, ਕੋਂਕਨ, ਬੰਬਈ ਅਤੇ ਰਾਜਿਸਥਾਨ ਵਿਚੋਂ ਹੁੰਦੇ ਹੋਏ ਵਾਪਸ ਆਏ। ਤੀਜੀ ਉਦਾਸੀ ਹਿਮਾਲੀਆ ਪਹਾੜ ਵਿਚ ਲੱਦਾਖ ਤਕ ਦੀ ਦੂਰੀ ਦੀ ਸੀ।

ਗੁਰੂ ਜੀ ਦੀ ਆਖਰੀ ਉਦਾਸੀ ਮੱਕੇ ਅਤੇ ਮਦੀਨੇ ਦੀ ਸੀ। ਪੱਛਮ ਵਿਚ ਹੋਰ ਅੱਗੇ ਬਗਦਾਦ ਤਕ ਪਹੁੰਚੇ। ਉਥੇ ਸਥਾਨਕ ਫਕੀਰਾਂ ਨਾਲ ਕੁਝ ਚਰਚਾ ਵੀ ਹੋਈ।

ਵਾਪਸ ਆਉਂਦਿਆਂ ਉਹ ਸੈਦਪੁਰ ਵਿਚੋਂ ਹੋ ਕੇ ਆਏ। ਇਸ ਸਥਾਨ ਨੂੰ ਬਾਬਰ ਦੀਆਂ ਫ਼ੌਜਾਂ ਨੇ ਤਬਾਹ ਕਰ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਦੇ ਅਨੇਕਾਂ ਸ਼ਹਿਰਾਂ ਵਿਚ ਧਰਮ ਦਾ ਪ੍ਰਚਾਰ ਕੀਤਾ। ਅਖੀਰ ਉਹ ਪਰਿਵਾਰ ਸਹਿਤ ਨਵੀਂ ਆਬਾਦੀ ਵਿਚ ਆ ਵੱਸੇ। ਇਹ ਸਥਾਨ ਰਾਵੀ ਦੇ ਕੰਢੇ 'ਤੇ ਵਸਾਇਆ ਗਿਆ ਸੀ ਅਤੇ ਇਸ ਦਾ ਨਾਮ ਕਰਤਾਰਪੁਰ ਰਖਿਆ ਗਿਆ (ਰਚਣਹਾਰ ਦਾ ਨਿਵਾਸ ਸਥਾਨ)।

ਭਾਵੇਂ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਠੀਕ-ਠੀਕ ਵੇਰਵੇ ਸੰਬੰਧੀ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਪਰ ਜਨਮਸਾਖੀਆਂ ਉਨ੍ਹਾਂ ਘਟਨਾਵਾਂ ਪ੍ਰਤੀ ਇਕਮਤ ਹਨ ਜਿਹੜੀਆਂ ਉਦਾਸੀਆਂ ਸਮੇਂ ਵਾਪਰੀਆਂ। ਜਿਹੜਾ ਚੋਗਾ ਗੁਰੂ ਸਾਹਿਬ ਨੇ ਇਸ ਮੌਕੇ ਪਹਿਨਿਆ, ਉਸ ਬਾਰੇ ਕਾਫ਼ੀ ਵਿਸਥਾਰ ਦਿੱਤਾ ਗਿਆ ਹੈ। ਇਸ ਵਿਚੋਂ ਹਿੰਦੂ ਸੰਤਾਂ ਅਤੇ ਮੁਸਲਮਾਨ ਪੀਰਾਂ-ਫ਼ਕੀਰਾਂ ਦਾ ਸੁਮੇਲ ਝਲਕਦਾ ਸੀ। ਲੋਕ ਲਗਾਤਾਰ ਪੁੱਛਦੇ : "ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ?" ਆਪਣੀਆਂ ਦੋ ਉਦਾਸੀਆਂ ਸਮੇਂ ਉਨ੍ਹਾਂ ਨੇ ਆਪਣੇ ਨਾਲ ਮੁਸਲਮਾਨ ਮਰਦਾਨੇ ਨੂੰ ਰਖਿਆ। ਬਾਕੀਆਂ ਵਿਚ ਹਿੰਦੂ ਸਨ ਜਿਹੜੇ ਅਖੌਤੀ ਛੋਟੀਆਂ ਜਾਤੀਆਂ ਦੇ ਸਨ। ਜਦੋਂ ਮੰਦਿਰਾਂ ਵਿਚ ਜਾਂਦੇ ਤਾਂ ਸਥਾਨਕ ਪੰਡਤਾਂ ਨਾਲ ਲੰਮੀ ਗੋਸ਼ਟੀ ਕਰਦੇ। ਉਨ੍ਹਾਂ ਕਈ ਦਿਨ ਸ਼ੇਖ ਸਰਫ ਅਤੇ ਇਬਰਾਹੀਮ ਨਾਲ ਵੀ ਬਿਤਾਏ। ਇਨ੍ਹਾਂ ਗੋਸ਼ਟੀਆਂ ਦੇ ਸਾਰ ਨੂੰ ਗੁਰੂ ਜੀ ਨੇ ਸ਼ਬਦਾਂ ਦਾ ਰੂਪ ਵੀ ਦਿੱਤਾ। ਗੁਰੂ ਸਾਹਿਬ ਦੇ ਉਪਦੇਸ਼ ਦੇਣ ਦੇ ਨਿਰਾਲੇ ਢੰਗ ਬਾਰੇ ਇਸ ਘਟਨਾ ਤੋਂ ਪਤਾ ਲਗਦਾ ਹੈ : ਉਹ ਗੰਗਾ ਵਿਚ ਇਸ਼ਨਾਨ ਕਰ ਰਹੇ ਯਾਤਰੂਆਂ ਨੂੰ ਪਿੱਤਰਾਂ ਨੂੰ ਪਾਣੀ ਦੇਣ ਦੇ ਭਰਮ ਤੋਂ ਸੁਚੇਤ ਕਰਨਾ ਚਾਹੁੰਦੇ ਸਨ।

ਇਕ ਦਿਨ ਗੁਰੂ ਜੀ ਹਰਿਦੁਆਰ ਪਧਾਰੇ ਅਤੇ ਨਗਰ ਦੇ ਪੂਰਬੀ ਪਾਸੇ ਵੱਲ ਗਏ। ਉਨ੍ਹਾਂ ਦੇਖਿਆ ਕਿ ਅਨੇਕਾਂ ਲੋਕ ਪਵਿੱਤਰ ਨਦੀ ਵਿਚ ਇਸ਼ਨਾਨ ਕਰ ਰਹੇ ਹਨ ਅਤੇ ਸੂਰਜ ਦੇਵਤਾ ਨੂੰ ਜਲ ਅਰਪਣ ਕਰ ਰਹੇ ਹਨ। ਗੁਰੂ ਜੀ ਪਾਸ ਰੂਹਾਨੀ ਪ੍ਰਕਾਸ਼ ਸੀ। ਜਦੋਂ ਕਿ ਆਮ ਲੋਕ ਆਪਣੀਆਂ ਅੱਖਾਂ ਨਾਲ ਹੀ ਦੇਖਦੇ ਸਨ। ਭਾਵੇਂ ਸੰਸਾਰ ਪਵਿੱਤਰ ਗੰਗਾ ਵਿਚ ਇਸ਼ਨਾਨ ਕਰਨ ਲਈ ਢੁੱਕਦਾ ਸੀ ਪਰ ਗੁਰੂ ਜੀ ਦੀਆਂ ਨਜ਼ਰਾਂ ਵਿਚ ਇਕ ਵੀ ਰੂਹ ਪਵਿੱਤਰ ਨਹੀਂ ਸੀ। ਗੁਰੂ ਜੀ ਵੀ ਗੰਗਾ ਵਿਚ ਟੁੱਬੀ ਲਾਉਣ ਲਈ ਗਏ। ਲੋਕ ਤਾਂ ਚੜ੍ਹਦੇ ਸੂਰਜ ਨੂੰ ਜਲ ਦੇ ਰਹੇ ਸਨ। ਪਰ ਗੁਰੂ ਜੀ ਉਲਟੇ ਪਾਸੇ ਹੀ ਪਾਣੀ ਦੇਣ ਲੱਗ ਪਏ। ਪੁੱਛ ਕੀਤੀ : "ਹੇ ਰੱਬ ਦੇ ਬੰਦੇ ! ਤੁਸੀਂ ਇਸ ਪਾਸੇ ਪਾਣੀ ਕਿਸ ਨੂੰ ਦੇ ਰਹੇ ਹੋ ?" ਗੁਰੂ ਜੀ ਨੇ ਸਗੋਂ ਉਨ੍ਹਾਂ ਨੂੰ ਪੁੱਛਿਆ : "ਤੁਸੀਂ ਪਾਣੀ ਕਿਸ ਨੂੰ ਦੇ ਰਹੇ ਸੀ ?" ਉਨ੍ਹਾਂ ਨੇ ਜੁਆਬ ਦਿੱਤਾ : "ਅਸੀਂ ਤਾਂ ਆਪਣੇ ਪਿੱਤਰਾਂ ਨੂੰ ਪਾਣੀ ਦੇ ਰਹੇ ਸੀ।" ਗੁਰੂ ਜੀ ਨੇ ਪੁੱਛਿਆ, "ਤੁਹਾਡੇ ਪਿੱਤਰ ਕਿਥੇ ਹਨ ?" ਉਨ੍ਹਾਂ ਉੱਤਰ ਦਿੱਤਾ : "ਸਾਡੇ ਪਿੱਤਰਾਂ ਦਾ ਤਾਂ ਦੇਵਤਿਆਂ ਦੀ ਧਰਤੀ ਵਿਚ ਨਿਵਾਸ

ਕਾਂਡ—3

ਸਿੱਖ ਗੁਰਧਾਮ ਦੀ ਉਸਾਰੀ

ਗੁਰੂ ਅੰਗਦ ਸਾਹਿਬ (1504-1552)

ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਲਹਿਣਾ ਸ਼ਰਧਾਲੂ ਹਿੰਦੂ ਸੀ। ਪਹਿਲੀ ਮਿਲਣੀ ਵਿਚ ਗੁਰੂ ਸਾਹਿਬ ਦੇ ਸ਼ਬਦਾਂ ਨੇ ਉਸ ਅੰਦਰ ਖਿੱਚ ਪੈਦਾ ਕੀਤੀ। ਉਸ ਦੇਵੀ ਦੀ ਅਰਾਧਨਾ ਅਤੇ ਆਪਣੇ ਕਾਰੋਬਾਰ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕਰਤਾਰ ਪੁਰ ਵਿਖੇ ਸਿੱਖ ਸੰਗਤ ਦੀ ਸੇਵਾ ਵਿਚ ਜੁਟ ਗਏ। ਦੋ ਵਾਰ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਖਡੂਰ ਸਾਹਿਬ ਪਰਤ ਜਾਣ। ਪਰ ਦੋਵੇਂ ਵਾਰ ਉਹ ਖਡੂਰ ਜਾ ਕੇ ਮੁੜ ਆਏ। ਲਹਿਣੇ ਦੀ ਸ਼ਰਧਾ ਦੇਖ ਕੇ ਗੁਰੂ ਸਾਹਿਬ ਨੂੰ ਭਰੋਸਾ ਹੋ ਗਿਆ ਕਿ ਉਨ੍ਹਾਂ ਦੇ ਸਾਹਿਬਜ਼ਾਦਿਆਂ ਨਾਲੋਂ ਲਹਿਣਾ ਚੰਗਾ ਆਗੂ ਸਿੱਧ ਹੋਵੇਗਾ। ਲਹਿਣੇ ਨੂੰ ਤਰਜੀਹ ਦੇਣ ਦਾ ਇਕ ਕਾਰਨ ਹੋਰ ਵੀ ਸੀ ਕਿ ਉਸ ਦੇ ਆਪਣਿਆਂ ਸ਼ਰਧਾਲੂਆਂ ਦੀ ਗਿਣਤੀ ਕਾਫ਼ੀ ਸੀ ਅਤੇ ਉਹ ਹੌਲੀ-ਹੌਲੀ ਸਿੱਖੀ ਵਿਚ ਪ੍ਰਵੇਸ਼ ਕਰਦੇ ਜਾ ਰਹੇ ਸਨ। ਆਪਣੇ ਸਪੁੱਤਰਾਂ ਦੇ ਵਿਰੋਧ ਨੂੰ ਅਗਾਊਂ ਰੋਕ ਪਾਉਣ ਲਈ ਭਰੀ ਸੰਗਤ ਵਿਚ ਬਚਨ ਕੀਤਾ : "ਤੂੰ ਅੰਗਦ ਹੈਂ, ਮੇਰੇ ਸਰੀਰ ਦਾ ਅੰਗ", ਜੋਤੀ ਜੋਤਿ ਸਮਾਉਣ ਤੋਂ ਕਾਫ਼ੀ ਪਹਿਲਾਂ ਉਨ੍ਹਾਂ ਭਾਈ ਬੁੱਢਾ ਜੀ ਨੂੰ ਸੱਦਾ ਭੇਜਿਆ, ਜਿਨ੍ਹਾਂ ਨੇ ਆ ਕੇ ਗੁਰੂ ਅੰਗਦ ਦੇ ਮੱਥੇ ਕੇਸਰ ਦਾ ਟਿੱਕਾ ਲਾਇਆ ਅਤੇ ਗੁਰ-ਗੱਦੀ 'ਤੇ ਬਿਠਾਇਆ :

ਲਹਣੇ ਧਰਿਓਨੁ ਛਤ੍ਰੁ ਸਿਰਿ,
ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ,
ਆਪੁ ਆਪੈ ਸੇਤੀ ਮਿਕਿਓਨੁ ॥
ਲਹਣੇ ਦੀ ਫੇਰਾਈਐ,
ਨਾਨਕਾ ਦੋਹੀ ਖਟੀਐ ॥
ਜੋਤਿ ਓਹਾ, ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ ॥
ਗੁਰ ਅੰਗਦ ਦੀ ਦੋਹੀ ਫਿਰੀ,
ਸਚੁ ਕਰਤੈ ਬੰਧਿ ਬਹਾਲੀ ॥
ਨਾਨਕੁ ਕਾਇਆ ਪਲਟੁ ਕਰਿ,
ਮਲਿ ਤਖਤੁ ਬੈਠਾ ਸੈ ਡਾਲੀ ॥

(ਸੱਤੇ ਬਲਵੰਡ ਦੀ ਵਾਰ)

ਸ੍ਰੀਚੰਦ ਦੇ ਮਨ ਅੰਦਰ ਕੋਈ ਅਭਿਲਾਖਾ ਨਹੀਂ ਸੀ। ਪਰ ਉਹ ਗੁਰੂ ਨਾਨਕ ਦੇਵ ਦੇ ਵੱਡੇ ਸਪੁੱਤਰ ਸਨ ਅਤੇ ਉਨ੍ਹਾਂ ਦਾ ਆਚਰਨ ਵੀ ਉੱਚ-ਕੋਟੀ ਦਾ ਸੀ, ਇਸ ਲਈ ਬਹੁਤ ਸਾਰੇ

ਸਪੁੱਤਰ ਜੀਉਂਦੇ ਸਨ—ਧੀਰਮੱਲ, ਜਿਸ ਦੀ ਸਿੱਖੀ ਦੇ ਮਾਮਲਿਆਂ ਵਿਚ ਦਿਲਚਸਪੀ ਨਹੀਂ ਸੀ ਅਤੇ ਤੇਗ ਬਹਾਦਰ, ਜਿਹੜੇ ਆਪਣੇ ਆਪ ਦੀ ਮਸਤੀ ਵਿਚ ਰਹਿੰਦੇ ਸਨ। ਐਸੇ ਹਾਲਾਤ ਵਿਚ ਗੁਰੂ ਜੀ ਦਿਨੋ-ਦਿਨ ਵਧ ਰਹੀ ਕੌਮ ਦੀ ਵਾਗਡੋਰ ਸੰਭਾਲਣਾ ਔਖਾ ਲਗਦਾ ਸੀ। ਪਰ ਜਦੋਂ ਵੇਲਾ ਆਇਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਦਿੱਤਾ ਜੀ ਦੇ ਸਪੁੱਤਰ ਹਰਿ ਰਾਏ ਨੂੰ ਇਸ ਯੋਗ ਸਮਝਿਆ ਕਿ ਉਹ ਸੱਤਵੇਂ ਗੁਰੂ ਦੇ ਰੂਪ ਵਿਚ ਗੁਰ-ਗੱਦੀ ਸੰਭਾਲਣ।

ਗੁਰੂ ਹਰਿਗੋਬਿੰਦ ਮਾਰਚ 1644 ਵਿਚ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

ਗੁਰੂ ਹਰਿ ਰਾਏ (1630-1661)

ਸੱਤਵੇਂ ਗੁਰੂ ਦੇ ਰੂਪ ਵਿਚ ਬਿਰਾਜਮਾਨ ਹੋਣ ਦੇ ਇਕ ਸਾਲ ਵਿਚ ਹੀ ਹਰਿ ਰਾਏ ਸਾਹਿਬ ਨੂੰ ਪਰਿਵਾਰ ਅਤੇ ਸਿੱਖਾਂ ਸੇਵਕਾਂ ਸਹਿਤ ਕਰਤਾਰਪੁਰ ਛੱਡਣ 'ਤੇ ਮਜਬੂਰ ਕਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਉਸ ਸਮੇਂ ਇਨ੍ਹਾਂ ਸਸਤਰਧਾਰੀ ਸਿੱਖਾਂ ਦੀ ਗਿਣਤੀ 2,2000 ਸੀ। ਇਨ੍ਹਾਂ ਨੂੰ ਪਹਾੜਾਂ ਵਿਚ ਅੱਗੇ ਜਾ ਕੇ ਵੱਸਣ ਲਈ ਮਜਬੂਰ ਕੀਤਾ ਗਿਆ। ਬਿਲਾਸਪੁਰ ਦੇ ਰਾਜੇ ਨੂੰ ਜਿਸ ਦੀ ਹੱਦ ਵਿਚ ਕੀਰਤਪੁਰ ਆਉਂਦਾ ਸੀ, ਮੁਗ਼ਲ ਸਰਕਾਰ ਪਾਸੋਂ ਖ਼ਤਰਾ ਬਣਿਆ ਰਹਿੰਦਾ ਸੀ। ਗੁਰੂ ਹਰਿ ਰਾਏ ਜਾਣਦੇ ਸਨ ਕਿ ਰਾਜੇ ਵਿਰੁੱਧ ਕੀਤੀ ਗਈ ਕਾਰਵਾਈ ਵਿਚ ਮੁਗ਼ਲ ਗਵਰਨਰ ਸਿੱਖਾਂ ਵਿਰੁੱਧ ਲੜਾਈ ਛੇੜ ਦੇਣਗੇ। ਅਗਲੇ ਤੇਰਾਂ ਵਰ੍ਹੇ ਗੁਰੂ ਹਰਿ ਰਾਏ ਇੱਕਲਵੰਝੇ ਇਕ ਛੋਟੇ ਜਿਹੇ ਪਿੰਡ ਵਿਚ ਰਹੇ ਜਿਹੜਾ ਸਿਰਮੂਰ ਰਿਆਸਤ ਵਿਚ ਸੀ।

ਸਿੱਖਾਂ ਦੀਆਂ ਸਰਗਰਮੀਆਂ ਦੇ ਮੁੱਖ ਕੇਂਦਰਾਂ ਤੋਂ ਭਾਵ ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ, ਖਡੂਰ ਅਤੇ ਕੀਰਤਪੁਰ ਤੋਂ ਗ਼ੈਰ-ਹਾਜ਼ਰ ਰਹਿਣ ਕਾਰਨ, ਗੁਰ-ਗੱਦੀ ਦੇ ਦਾਅਵੇ-ਦਾਰਾਂ ਦੀ ਆਪਸੀ ਦੁਸ਼ਮਣੀ ਅਤੇ ਮਸੰਦਾਂ ਦੀ ਸੰਗਠਨ ਵਿਚ ਆਮ ਗੜਬੜ ਕਾਰਨ, ਕੌਮ ਦੀ ਤਰੱਕੀ ਵਿਚ ਭਾਰੀ ਰੁਕਾਵਟ ਆਈ। ਇਸ ਦੀ ਸੋਧ ਲਈ ਗੁਰੂ ਹਰਿ ਰਾਏ ਨੇ ਇਨ੍ਹਾਂ ਕੇਂਦਰਾਂ 'ਤੇ ਦੌਰਾ ਕਰਨ ਦਾ ਵਿਚਾਰ ਬਣਾਇਆ ਅਤੇ ਧਰਮ ਪ੍ਰਚਾਰਕਾਂ ਦੇ ਮੁੜ ਸੰਗਠਨ ਕਰਨ ਲਈ ਸੋਚਿਆ। ਗੁਰੂ ਸਾਹਿਬ ਦੇ ਸਮੇਂ ਵਿਚ ਬਹੁਤ ਸਾਰੇ ਪੰਜਾਬ ਦੇ ਜ਼ਿਮੀਂਦਾਰ ਘਰਾਣੇ ਸਿੱਖ ਕੌਮ ਦੇ ਨੇੜੇ ਹੁੰਦੇ ਗਏ। ਇਨ੍ਹਾਂ ਵਿਚ ਪਟਿਆਲਾ, ਨਾਭਾ, ਜੀਂਦ ਆਦਿ ਦੇ ਸ਼ਾਹੀ ਪਰਿਵਾਰਾਂ ਦੇ ਵੱਡੇ-ਵਡੇਰੇ ਸ਼ਾਮਲ ਸਨ।

ਸੰਨ 1658 ਦੇ ਅਖ਼ੀਰ ਵਿਚ ਗੁਰੂ ਹਰਿ ਰਾਏ ਵਾਪਸ ਕੀਰਤਪੁਰ ਆਏ। ਉਨ੍ਹਾਂ ਦੀ ਮਿੱਤਰਤਾ ਸ਼ਾਹਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨਾਲ ਹੋ ਗਈ, ਜਿਹੜਾ ਸੂਫ਼ੀ ਵਿਚਾਰ-ਧਾਰਾ ਰੱਖਦਾ ਸੀ ਅਤੇ ਗੁਰੂ ਜੀ ਨਾਲ ਰੂਹਾਨੀਅਤ ਸੰਬੰਧੀ ਵਿਚਾਰ-ਵਟਾਂਦਰਾ ਵੀ ਕਰਦਾ। ਜਦੋਂ ਤਖ਼ਤ ਦੇ ਵਾਰਿਸ ਬਣਨ ਲਈ ਆਪਸੀ ਮਤਭੇਦ ਚੱਲਿਆ ਤਾਂ ਗੁਰੂ ਜੀ ਦਾ ਝੁਕਾਓ ਕੁਦਰਤੀ ਤੌਰ ਤੇ ਦਾਰਾ ਸ਼ਿਕੋਹ ਵੱਲ ਹੀ ਹੋਣਾ ਸੀ, ਔਰੰਗਜ਼ੇਬ ਵੱਲ ਨਹੀਂ। ਪਰ ਦਾਰਾਸ਼ਿਕੋਹ ਨੂੰ ਹਾਰ ਹੋਈ ਅਤੇ ਉਹ ਪੰਜਾਬ ਦੇ ਉੱਤਰੀ ਪਾਸੇ ਵੱਲ ਨੱਸਿਆ। ਗੁਰੂ ਜੀ ਨੇ ਕਿਵੇਂ ਤੇ ਕਿੰਨੀ ਸਹਾਇਤਾ ਦਾਰਾਸ਼ਿਕੋਹ ਨੂੰ ਦਿੱਤੀ, ਇਸ ਸੰਬੰਧੀ ਇਤਿਹਾਸਕ ਵੇਰਵਾ ਸਪੱਸ਼ਟ ਨਹੀਂ ਪਰ ਇਸ ਨਾਲ ਔਰੰਗਜ਼ੇਬ ਨੂੰ ਕਿੰਨਾ ਰੋਹ ਆਇਆ, ਉਹ ਸਪੱਸ਼ਟ ਹੈ। ਤਖ਼ਤ 'ਤੇ ਬੈਠਦਿਆਂ ਹੀ ਔਰੰਗਜ਼ੇਬ ਨੇ ਗੁਰੂ ਹਰਿ ਰਾਏ ਨੂੰ ਸੱਦਾ ਭੇਜਿਆ ਕਿ ਉਹ ਆ ਕੇ ਆਪਣਾ ਵਤੀਰਾ ਸਪੱਸ਼ਟ ਕਰਨ। ਗੁਰੂ ਜੀ ਨੇ ਆਪਣੀ ਪ੍ਰਤੀਨਿਧਤਾ ਕਰਨ ਲਈ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਭੇਜਿਆ, ਜਿਸ ਨੇ ਬਾਦਸ਼ਾਹ ਦਾ ਵਿਸ਼ਵਾਸ ਜਿੱਤਿਆ। ਔਰੰਗਜ਼ੇਬ ਨੇ ਰਾਮ ਰਾਏ ਨੂੰ ਆਪਣੇ ਦਰਬਾਰ ਵਿਚ ਰੱਖਣ ਦਾ ਫ਼ੈਸਲਾ ਕੀਤਾ ਤਾਂ ਜੋ ਹੋਣ ਵਾਲੇ ਅਗਲੇ ਗੁਰੂ ਨੂੰ ਆਪਣੇ

ਦਬਾਅ ਹੇਠ ਰੱਖ ਕੇ ਉਹ ਸਿੱਖ ਕੌਮ ਦੀ ਹੋਣੀ ਆਪਣੇ ਹੱਥ ਰੱਖ ਸਕੇਗਾ। ਮੁਗਲ ਦਰਬਾਰ ਵਿਚ ਰਾਮ ਰਾਏ ਵੱਲੋਂ ਕੀਤੀ ਗਈ ਚਾਪਲੂਸੀ ਕਾਰਨ ਗੁਰੂ ਜੀ ਦਾ ਮਨ ਉਸ ਦੇ ਵਿਰੁੱਧ ਹੋ ਗਿਆ। ਉਨ੍ਹਾਂ ਇਹ ਫ਼ੈਸਲਾ ਕੀਤਾ ਕਿ ਗੁਰ-ਗੱਦੀ ਉਨ੍ਹਾਂ ਦੇ ਛੋਟੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਨੂੰ ਸੌਂਪੀ ਜਾਵੇ। ਰਾਮ ਰਾਏ ਨੇ ਬਹੁਤ ਯਤਨ ਕੀਤਾ ਕਿ ਉਹ ਗੁਰੂ ਜੀ ਦਾ ਵਿਸ਼ਵਾਸ ਪ੍ਰਾਪਤ ਕਰ ਸਕੇ। ਪਰ ਉਹ ਕੁਝ ਸਿੱਖਾਂ ਨੂੰ ਆਪਣੇ ਵੱਲ ਪ੍ਰੇਰਨ ਵਿਚ ਹੀ ਸਫਲ ਹੋ ਸਕਿਆ। ਗੁਰ-ਗੱਦੀ ਪ੍ਰਾਪਤ ਕਰਨ ਲਈ ਔਰੰਗਜ਼ੇਬ ਨੇ ਉਸ ਨੂੰ ਉਕਸਾਇਆ ਅਤੇ ਕੁਝ ਜ਼ਮੀਨ ਵੀ ਦਿੱਤੀ ਜਿਸ ਉਤੇ ਉਹ ਆਪਣਾ ਧਰਮ-ਕੇਂਦਰ ਉਸਾਰ ਲੈਣ। (ਇਹ ਸਥਾਨ ਦੇਹਰਾਦੂਨ ਹੈ ਜਿਥੇ ਰਾਮ ਰਾਏ ਦਾ ਦੇਹੁਰਾ ਅੱਜਕੱਲ੍ਹ ਹੈ) ਪਰ ਗੁਰੂ ਹਰਿ ਰਾਏ ਨੇ ਪੱਕਾ ਨਿਸ਼ਚਾ ਬਣਾ ਲਿਆ ਸੀ ਅਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਉਨ੍ਹਾਂ ਆਪਣੇ ਪੰਜ ਸਾਲ ਦੇ ਛੋਟੇ ਸਪੁੱਤਰ ਹਰਿਕ੍ਰਿਸ਼ਨ ਨੂੰ ਗੁਰ-ਗੱਦੀ ਦੇ ਵਾਰਸ ਹੋਣ ਦਾ ਐਲਾਨ ਕਰ ਦਿੱਤਾ।

ਗੁਰੂ ਹਰਿ ਰਾਏ ਦੇ ਸਤਾਰ੍ਹਾਂ ਵਰ੍ਹੇ ਦੀ ਗੁਰਿਆਈ ਸਮੇਂ ਕੋਈ ਵਿਸ਼ੇਸ਼ ਘਟਨਾ ਨਹੀਂ ਵਾਪਰੀ। ਭਾਵੇਂ ਉਨ੍ਹਾਂ ਨੂੰ ਸੈਨਿਕ ਰਵਾਇਤ ਪ੍ਰਾਪਤ ਹੋਈ ਅਤੇ ਥੋੜ੍ਹੀ ਫ਼ੌਜ ਵੀ, ਪਰ ਉਹ ਸ਼ਾਂਤ-ਚਿੱਤ ਹੀ ਰਹੇ। ਉਨ੍ਹਾਂ ਨੂੰ ਸ਼ਿਕਾਰ ਦਾ ਸ਼ੌਕ ਸੀ ਪਰ ਉਹ ਵੀ ਜੰਗਲੀ ਜਾਨਵਰਾਂ ਦਾ ਤਾਂ ਜੋ ਉਨ੍ਹਾਂ ਨੂੰ ਕੀਰਤਪੁਰ ਵਿਖੇ ਆਪਣੇ ਨਿੱਜੀ ਚਿੜੀਆ ਘਰ ਵਿਚ ਲੈ ਆਉਣ। ਕਿਸੇ ਵੀ ਜਾਨਵਰ ਨੂੰ ਉਹ ਦੁੱਖ ਨਹੀਂ ਦੇਣਾ ਚਾਹੁੰਦੇ ਸਨ। ਉਨ੍ਹਾਂ ਦੀ ਧਾਰਨਾ ਸੀ ਕਿ ਕਿਸੇ ਮੰਦਰ ਜਾਂ ਮਸਜਿਦ ਦੀ ਮੁਰੰਮਤ ਹੋ ਸਕਦੀ ਹੈ ਪਰ ਕਿਸੇ ਟੁੱਟੇ ਦਿਲ ਦਾ ਜੋੜਨਾ ਕਠਿਨ ਹੈ। ਉਹ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਗਏ ਨਿੱਤਨੇਮ ਦਾ ਜੀਵਨ ਬਿਤਾਉਣ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਰਹੇ। ਉਨ੍ਹਾਂ ਦੇ ਸੇਵਕਾਂ ਵਿਚੋਂ ਇਕ ਨੇ ਪੁੱਛਿਆ ਕਿ ਕੀ ਗੁਰਬਾਣੀ ਦੇ ਅਰਥਾਂ ਦੀ ਸੂਝ ਬਿਨਾ ਇਸ ਦਾ ਨਿਰਾ ਪਾਠ ਕਰਨ ਦਾ ਕੋਈ ਲਾਭ ਹੈ ਤਾਂ ਗੁਰੂ ਜੀ ਨੇ ਕਿਹਾ ਕਿ ਜਿਵੇਂ ਕਿਸੇ ਬਰਤਨ ਨਾਲ ਥਿੰਦਾ ਚਿਪਕ ਜਾਂਦਾ ਹੈ, ਇਸੇ ਤਰ੍ਹਾਂ ਹੀ ਹਿਰਦੇ ਨਾਲ ਗੁਰੂ ਦਾ ਸ਼ਬਦ ਵੀ ਜੁੜ ਜਾਂਦਾ ਹੈ ਭਾਵੇਂ ਤੁਸੀਂ ਪੂਰੀ ਤਰ੍ਹਾਂ ਸਮਝ ਸਕੇ ਹੋ ਜਾਂ ਨਹੀਂ। ਇਤਰ ਦੀ ਮਹਿਕ ਉਸ ਸ਼ੀਸ਼ੀ ਵਿਚੋਂ ਆਉਂਦੀ ਹੈ ਭਾਵੇਂ ਉਹ ਟੁੱਟ ਗਈ ਹੋਵੇ, ਜਿਸ ਵਿਚ ਇਤਰ ਪਾਇਆ ਹੋਇਆ ਸੀ।

ਗੁਰੂ ਹਰਿਕ੍ਰਿਸ਼ਨ (1656-1664)

ਗੁਰੂ ਹਰਿਕ੍ਰਿਸ਼ਨ ਦਾ ਗੁਰ-ਗੱਦੀ ਤੇ ਬਿਰਾਜਮਾਨ ਹੋਣਾ ਔਰੰਗਜ਼ੇਬ ਦੇ ਦਿਲ ਨੂੰ ਅੱਛਾ ਨਹੀਂ ਲੱਗਾ। ਕਿਉਂ ਜੋ ਉਹ ਤਾਂ ਇਸ ਮਾਮਲੇ ਵਿਚ ਸਾਲਸ ਦਾ ਕੰਮ ਕਰਨਾ ਚਾਹੁੰਦਾ ਸੀ। ਉਹਨੇ ਬਾਲ-ਗੁਰੂ ਨੂੰ ਦਿੱਲੀ ਸੱਦ ਭੇਜਿਆ। ਤਾਂ ਜੋ ਉਨ੍ਹਾਂ ਦੇ ਅਤੇ ਰਾਮ ਰਾਏ ਦੇ ਗੁਰ-ਗੱਦੀ ਦੇ ਦਾਅਵੇ ਲਈ ਸਾਲਸੀ ਕਰ ਸਕੇ। ਇਹੀ ਸੰਭਵ ਨਹੀਂ ਕਿ ਗੁਰ-ਗੱਦੀ ਲਈ ਦਾਅਵਾ ਕਰਨ ਦਾ ਮਾਮਲਾ ਰਾਮ ਰਾਏ ਨੇ ਆਪ ਚੁੱਕਿਆ ਹੋਵੇ। ਕਿਉਂ ਜੋ ਉਹ ਵੀ ਅਜੇ ਛੋਟੀ ਉਮਰ ਦਾ ਲੜਕਾ ਹੀ ਸੀ। ਉਸ ਨੂੰ ਉਕਸਾਉਣ ਵਾਲੇ ਕੁਝ ਮਸੰਦ ਵੀ ਸਨ, ਜਿਹੜੇ ਔਰੰਗਜ਼ੇਬ ਵਾਂਗ ਹੀ ਇਹ ਸੋਚਦੇ ਸਨ ਕਿ ਗੁਰੂ ਉਨ੍ਹਾਂ ਦੇ ਹੱਥ ਦੀ ਕਠਪੁਤਲੀ ਹੋਵੇ। ਗੁਰੂ ਹਰਿਕ੍ਰਿਸ਼ਨ ਦਿੱਲੀ ਆਏ ਅਤੇ ਉਨ੍ਹਾਂ ਨੂੰ ਰਾਇਸੀਨਾ ਦੇ ਇਲਾਕੇ ਵਿਚ ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰਾਇਆ ਗਿਆ।

ਆਪਣਾ ਫ਼ੈਸਲਾ ਸੁਣਾਉਣ ਦੀ ਔਰੰਗਜ਼ੇਬ ਨੂੰ ਕਾਹਲ ਨਹੀਂ ਸੀ। ਵੈਸੇ ਸਿੱਖਾਂ ਵੱਲੋਂ ਵੀ ਉਸ ਦੇ ਫ਼ੈਸਲੇ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਣਾ ਸੀ। ਉਹ ਤਾਂ ਇਸ ਗੱਲ 'ਤੇ

ਸਿੱਖ ਗੁਰਧਾਮ ਦੀ ਉਸਾਰੀ ਵਿਚ ਪੱਕਾ ਹਿੱਸਾ ਪਾਇਆ। ਗੁਰੂ ਦੇ ਤੌਰ 'ਤੇ ਉਹ ਬਹੁਤ ਹਰਮਨ ਪਿਆਰੇ ਸਨ। ਕਿਉਂ ਜੋ ਉਨ੍ਹਾਂ ਦੇ ਉਪਦੇਸ਼ ਸਰਲ ਬੋਲੀ ਵਿਚ ਸਨ ਅਤੇ ਸਪੱਸ਼ਟ ਸਨ। ਉਹ ਉਪਦੇਸ਼ ਦਿੰਦੇ ਕਿ ਲੋਕਾਂ ਦੀ ਭਲਾਈ ਕਰੋ ਅਤੇ ਨੇਕ ਸਲਾਹ ਦਿਓ ਤੇ ਨੇਕ ਮਿਸਾਲ ਕਾਇਮ ਕਰੋ। ਮਨੁੱਖਤਾ ਦੀ ਭਲਾਈ ਸਦਾ ਹੀ ਹਿਰਦੇ ਵਿਚ ਰੱਖੋ। ਗੁਰੂ ਅਮਰ ਦਾਸ ਦੇ ਕੀਤੇ ਕਾਰਜ ਦੀ ਸਲਾਘਾ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਹੈ :

ਘੋੜਾ ਕੀਤੋ ਸਹਜ ਦਾ, ਜਤੁ ਕੀਓ ਪਲਾਣੁ ॥
ਧਣਖੁ ਚੜਾਇਓ ਸਤ ਦਾ, ਜਸ ਹੰਦਾ ਬਾਣੁ ॥
ਕਲਿ ਵਿਚਿ ਧੂ ਅੰਧਾਰੁਸਾ ਚੜਿਆ ਰੈ ਭਾਣੁ ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥

(ਸੱਤੇ ਬਲਵੰਡ ਦੀ ਵਾਰ)

ਗੁਰੂ ਅਮਰ ਦਾਸ ਜੀ ਪਚਾਨਵੇਂ ਵਰ੍ਹੇ ਦੇ ਹੋ ਕੇ ਜੋਤੀ ਜੋਤ ਸਮਾਏ। ਉਨ੍ਹਾਂ ਵੀ ਆਪਣੇ ਕਿਸੇ ਪੁੱਤਰ ਨੂੰ ਗੁਰ-ਗੱਦੀ ਯੋਗ ਨਹੀਂ ਸਮਝਿਆ। ਆਪਣੇ ਦਾਮਾਦ, ਰਾਮ ਦਾਸ ਨੂੰ, ਜਿਹੜੇ ਸੋਢੀ ਖੱਤਰੀ ਵੰਸ਼ ਦੇ ਸਨ ਅਤੇ ਥੋੜ੍ਹੇ ਸਮੇਂ ਤੋਂ ਉਨ੍ਹਾਂ ਨਾਲ ਹੀ ਰਹਿੰਦੇ ਸਨ, ਗੁਰ-ਗੱਦੀ ਸੌਂਪ ਦਿੱਤੀ।

ਗੁਰੂ ਰਾਮ ਦਾਸ (1534-1581)

ਕੌਮ ਦੀ ਵਾਗਡੋਰ ਸੰਭਾਲਣ ਤੋਂ ਪਹਿਲੋਂ ਰਾਮ ਦਾਸ ਜੀ ਨੇ ਆਪਣੇ ਜੀਵਨ ਦੇ ਚਾਲੀ ਸਾਲ ਸੰਗਤ ਦੀ ਸੇਵਾ ਵਿਚ ਬਿਤਾਏ ਸਨ। ਉਨ੍ਹਾਂ ਮਸੰਦਾਂ ਦੇ ਪ੍ਰਬੰਧ ਦੀ ਦੇਖਭਾਲ ਕੀਤੀ ਸੀ ਅਤੇ ਮੁਗ਼ਲ ਦਰਬਾਰ ਵਿਚ ਗੁਰੂ ਅਮਰ ਦਾਸ ਦੀ ਪ੍ਰਤੀਨਿਧਤਾ ਕੀਤੀ। ਜਿਹੜਾ ਸਥਾਨ ਉਨ੍ਹਾਂ ਦੀ ਧਰਮ-ਪਤਨੀ ਬੀਬੀ ਭਾਨੀ ਨੂੰ ਬਾਦਸ਼ਾਹ ਅਕਬਰ ਵੱਲੋਂ ਸੁਗਾਤ ਵਜੋਂ ਮਿਲਿਆ ਸੀ, ਉਥੇ ਉਨ੍ਹਾਂ ਸਰੋਵਰ ਬਣਵਾ ਦਿੱਤਾ। ਜਦੋਂ ਉਹ ਗੁਰੂ ਥਾਪੇ ਗਏ ਤਾਂ ਉਹ ਗੋਇੰਦਵਾਲ ਤੋਂ ਸਰੋਵਰ ਦੇ ਨੇੜੇ ਆ ਵੱਸੇ ਅਤੇ ਇਸ ਦੇ ਆਲੇ-ਦੁਆਲੇ ਉਸਾਰੀ ਆਰੰਭ ਦਿੱਤੀ। ਉਹ ਸ਼ਹਿਰ ਜਿਸ ਨੇ ਸਿੱਖਾਂ ਦੀ ਰਾਜਧਾਨੀ ਬਣਨਾ ਸੀ, ਗੁਰੂ ਕਾ ਚੱਕ, ਚੱਕ ਰਾਮਦਾਸ ਜਾਂ ਰਾਮਦਾਸ ਪੁਰ ਕਰਕੇ ਪੁਕਾਰਿਆ ਜਾਣ ਲੱਗਾ। ਉਨ੍ਹਾਂ ਵਪਾਰੀਆਂ ਨੂੰ ਸੱਦਾ ਦਿੱਤਾ ਕਿ ਇਥੇ ਆ ਕੇ ਕਾਰੋਬਾਰ ਆਰੰਭ ਕਰਨ। ਇਸ ਪ੍ਰਕਾਰ ਜਿਹੜਾ ਮਾਲੀਆ ਵਸੂਲ ਹੁੰਦਾ ਉਸ ਨੂੰ ਭਾਰਤ ਦੇ ਹੋਰ ਇਲਾਕਿਆਂ ਵਿਚ ਸਰਗਰਮੀਆਂ ਵਧਾਉਣ ਲਈ ਵਰਤਦੇ। ਇਸ ਕਾਰਜ ਵਿਚ ਸਭ ਤੋਂ ਵੱਧ ਗੁਣੀ ਭਾਈ ਗੁਰਦਾਸ ਜੀ ਸਨ, ਜਿਨ੍ਹਾਂ ਕੁਝ ਸਮਾਂ ਆਗਰੇ ਵਿਚ ਰਹਿ ਕੇ ਪ੍ਰਚਾਰ ਕੀਤਾ ਸੀ।

ਆਪਣੇ ਪੂਰਵਜ ਵਾਂਗ ਗੁਰੂ ਰਾਮ ਦਾਸ ਜੀ ਨੇ ਵੀ ਸ਼ਬਦ ਉਚਾਰੇ ਅਤੇ ਗੁਰਬਾਣੀ ਸੰਗ੍ਰਹਿ ਵਿਚ ਸ਼ਾਮਲ ਕੀਤੇ।

ਗੁਰੂ ਰਾਮ ਦਾਸ ਦੇ ਤਿੰਨ ਪੁੱਤਰ ਸਨ ਅਤੇ ਉਨ੍ਹਾਂ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਅਰਜਨ ਮੱਲ ਨੂੰ ਇਸ ਯੋਗ ਸਮਝਿਆ ਕਿ ਉਹ ਗੁਰ-ਗੱਦੀ 'ਤੇ ਬਿਰਾਜਮਾਨ ਹੋਵੇ।

ਆਸ ਦੇ ਮੁਤਾਬਿਕ ਸਭ ਤੋਂ ਵੱਡੇ ਪੁੱਤਰ ਪ੍ਰਿਥੀ ਚੰਦ ਨੇ ਇਸ 'ਤੇ ਭਾਰੀ ਰੋਸ ਪ੍ਰਗਟ ਕੀਤਾ। ਪਰ ਜਦੋਂ ਗੁਰੂ ਰਾਮ ਦਾਸ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਅੰਤ ਨੇੜੇ ਆ ਰਿਹਾ ਹੈ ਤਾਂ ਉਨ੍ਹਾ ਭਾਈ ਬੁੱਢਾ ਜੀ ਨੂੰ ਬੁਲਾਇਆ ਅਤੇ ਪੰਜਵੇਂ ਗੁਰੂ ਦੇ ਤੌਰ ਤੇ ਅਜਰਨ ਮੱਲ ਨੂੰ ਤਿਲਕ ਕਰਵਾਇਆ। ਗੁਰੂ ਰਾਮ ਦਾਸ ਜੀ ਨੇ ਆਸ਼ਾ ਪ੍ਰਗਟ ਕੀਤੀ ਕਿ ਜਿਵੇਂ ਇਕ ਦੀਵੇ ਤੋਂ ਦੂਜੇ ਦੀਵੇ ਦੀ ਬੱਤੀ ਵਿਚ ਪ੍ਰਕਾਸ਼ ਆ ਜਾਂਦਾ ਹੈ, ਤਿਵੇਂ ਹੀ ਗੁਰ-ਜੋਤ ਉਨ੍ਹਾ ਅੰਦਰ

ਨਾ ਕੇਵਲ ਗੁਆਢੀ ਨੂੰ ਹੀ ਅੱਖਰਦਾ ਹੈ ਸਗੋਂ ਇਹ ਧਰਮ ਦੇ ਵੀ ਵਿਰੁੱਧ ਹੈ, ਅਧਰਮ ਹੈ, ਇਕ ਅੱਛਾ ਸਿੱਖ ਕੇਵਲ ਇਹ ਹੀ ਵਿਸ਼ਵਾਸ ਨਾ ਰੱਖੇ ਕਿ ਪਰਮਾਤਮਾ ਇਕ ਹੈ। ਸਰਵ-ਸ਼ਕਤੀਮਾਨ ਹੈ ਅਤੇ ਸਰਵ-ਵਿਆਪੀ ਸਤਿ ਹੈ, ਸਗੋਂ ਅਜਿਹਾ ਵਿਹਾਰ ਕਰੇ ਕਿ ਉਹ ਕਿਸੇ ਨੂੰ ਦੁੱਖ ਨਾ ਪਹੁੰਚਾਵੇ। ਕਿਸੇ ਨੂੰ ਦੁੱਖ ਦੇਣਾ, ਠੱਗੀ ਜਾਂ ਕਿਸੇ ਮਨੁੱਖ ਦੀ ਜਾਇਦਾਦ ਹੜੱਪ ਕਰਨਾ ਬਦਫੈਲੀ ਹੈ। ਇਹ ਸਤਿ ਦੇ ਅਨੁਕੂਲ ਨਹੀਂ ਜੋ ਪਰਮਾਤਮਾ ਹੈ। ਇਸ ਅਸੂਲ ਨੂੰ ਗੁਰੂ ਨਾਨਕ ਨੇ ਅੰਮ੍ਰਿਤ ਵੇਲੇ ਦੀ ਬਾਣੀ 'ਜਪੁਜੀ' ਵਿਚ ਦੱਸਿਆ ਹੈ, ਇਹ ਮੂਲ ਮੰਤਰ ਹੈ ਜੋ ਸਿੱਖ ਧਰਮ ਦਾ ਬੁਨਿਆਦੀ ਵਿਸ਼ਵਾਸ ਹੈ।

ਗੁਰੂ ਨਾਨਕ ਦਾ ਮਤਿ ਸੀ ਕਿ ਪਰਮਾਤਮਾ ਨਿਰੰਕਾਰ ਹੈ ਅਤੇ ਕਥਿਆ ਨਹੀਂ ਜਾ ਸਕਦਾ। ਪਰਮਾਤਮਾ ਦੀ ਜੋ ਵੀ ਵਿਆਖਿਆ ਕੀਤੀ ਗਈ ਹੈ ਉਹ ਉਸ ਨੂੰ ਕਥਣ ਦੀ ਅਸਮਰਥਾ ਦਰਸਾਉਣ ਵਾਲੀ ਹੈ :

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥
ਸਭ ਮਹਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਰਾਗ ਧਨਾਸਰੀ ਮਹਲਾ ੧)

ਕਥਨ ਦੀ ਕਠਿਨਾਈ ਦੇ ਬਾਵਜੂਦ ਗੁਰੂ ਨਾਨਕ ਨੇ ਪਰਮਾਤਮਾ ਨੂੰ ਅਨੇਕ ਨਾਮ ਦਿੱਤੇ। ਉਹ ਸਾਰੀ ਮਨੁੱਖਤਾ ਦਾ ਪਿਤਾ ਹੈ; ਪ੍ਰੀਤਮ ਹੈ ਅਤੇ ਆਪਣੇ ਸ਼ਰਧਾਲੂਆਂ ਦਾ ਖਸਮ ਹੈ। ਉਸ ਦਾ ਦਾਤਾਰ ਹੈ ਜੋ ਸਭ ਨੂੰ ਦੇਂਦਾ ਹੈ ਤੇ ਮੰਗਦਾ ਕਿਸੇ ਕੋਲੋਂ ਨਹੀਂ। ਗੁਰੂ ਨਾਨਕ ਨੇ ਇਹ ਇਸ ਲਈ ਕਿਹਾ ਕਿ ਪਰਮਾਤਮਾ ਅੱਗੇ ਮਨੁੱਖ ਦੀ ਨਿਰਭਰਤਾ ਦਰਸਾਈ ਜਾਵੇ। ਭਾਵੇਂ ਗੁਰੂ ਨਾਨਕ ਪਰਮਾਤਮਾ ਲਈ ਹਿੰਦੂਆਂ ਅਤੇ ਮੁਸਲਮਾਨਾਂ ਵਾਲੇ ਨਾਮ ਵਰਤੇ, ਜਿਵੇਂ ਗੋਵਿੰਦ, ਹਰੀ, ਮੁਰਾਰੀ ਅਤੇ ਰਹੀਮ, ਪਰ ਜਿਸ ਗੁਣ ਨਾਲ ਉਹ ਪਰਮਾਤਮਾ ਨੂੰ ਆਮ ਤੌਰ ਤੇ ਯਾਦ ਕਰਦੇ, ਉਹ ਸੀ ਕਰਤਾ ਪੁਰਖ ਜਾਂ ਸਤਿਨਾਮ।

ਪਰਮਾਤਮਾ ਨੂੰ ਸਤਿ ਦੇ ਭਾਵਾਤਮਕ ਨਿਯਮ ਨਾਲ ਜੋੜ ਕੇ ਗੁਰੂ ਨਾਨਕ ਉਸ ਕਠਿਨਾਈ ਤੋਂ ਬਚ ਗਏ ਜਿਸ ਵਿਚ ਕੇਵਲ ਪਿਤਾ ਜਾਂ ਕਰਤਾ ਕਹਿਣ ਵਾਲੇ ਉਲਝਦੇ ਸਨ। ਜੇਕਰ ਪਰਮਾਤਮਾ ਨੇ ਜਗਤ ਦੀ ਰਚਨਾ ਕੀਤੀ ਤਾਂ ਪਰਮਾਤਮਾ ਦਾ ਰਚਣਹਾਰਾ ਕੌਣ ? ਜੇਕਰ ਉਹ ਪਿਤਾ ਹੈ ਤਾਂ ਉਸ ਦਾ ਪਿਤਾ ਕੌਣ ? ਪਰ ਗੁਰੂ ਨਾਨਕ ਦੇ ਢੰਗ ਵਿਚ ਵੀ ਸਮੱਸਿਆ ਸੀ। ਜੇਕਰ ਪਰਮਾਤਮਾ ਸਤਿ ਹੈ ਤਾਂ ਅਸਤਿ ਕੀ ਹੈ ? ਗੁਰੂ ਨਾਨਕ ਦਾ ਉੱਤਰ ਸੀ ਕਿ ਜਿਸ ਸਥਿਤੀ ਵਿਚ ਤੁਸੀਂ ਆਪ ਕੋਈ ਨਿਰਣਾ ਨਾ ਕਰ ਸਕੋ ਤਾਂ ਉਸ ਨੂੰ ਗੁਰੂ ਦੀ ਚਰਨੀਂ ਲੱਗ ਕੇ ਸਮਝੋ।

ਗੁਰੂ : ਭਗਤਾਂ ਅਤੇ ਸੂਫੀਆਂ ਨੇ ਰੂਹਾਨੀ ਰਹਿਬਰ ਦੀ ਲੋੜ 'ਤੇ ਬਲ ਦਿੱਤਾ ਹੈ। ਗੁਰੂ ਨਾਨਕ ਇਸ ਤੋਂ ਅੱਗੇ ਗਏ। ਅਤੇ ਆਪਣੇ ਮਤਿ ਵਿਚ ਗੁਰੂ ਨੂੰ ਧੁਰਾ ਬਣਾਇਆ। ਗੁਰੂ ਸਤਿ ਦੇ ਸਿੱਧੇ ਅਤੇ ਸੌਖੇ ਪਥ ਤੋਂ ਮਨੁੱਖਤਾ ਨੂੰ ਥਿੜਕਣ ਤੋਂ ਬਚਾਉਂਦਾ ਹੈ। ਭਵਸਾਗਰ ਤੋਂ ਪਾਰ ਕਰਨ ਵਾਲੇ ਜਹਾਜ਼ ਦਾ ਉਹ ਬੋਹਿਥ ਹੈ, ਮੱਲਾਹ ਹੈ। ਗੁਰੂ ਨਾਨਕ ਨੇ ਸਪੱਸ਼ਟ ਕੀਤਾ ਕਿ ਗੁਰੂ ਨਾਨਕ ਨੇ ਵੀ ਆਪਣੇ ਆਪ ਨੂੰ ਸਿੱਖਿਆਦਾਤਾ ਦੱਸਿਆ ਪਰ ਪੀਰ ਨਹੀਂ। ਆਪਣੀ ਬਾਣੀ ਵਿਚ ਉਨ੍ਹਾਂ ਆਪਣੇ ਆਪ ਨੂੰ ਕੂਕਰ ਜਾਂ ਦਾਸ ਕਿਹਾ ਹੈ।

ਸਾਧਨਿ ਹੇਤਿ ਇਤਿ ਜਿਨਿ ਕਰੀ ॥
ਸੀਸ ਦੀਆ ਪਰ ਸੀ ਨਾ ਉਚਰੀ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥

ਕਾਂਡ—5

ਸ਼ਾਂਤਮਈ ਸਿੱਖ ਤੋਂ ਖਾੜਕੂ ਖਾਲਸਾ

ਗੁਰੂ ਗੋਬਿੰਦ ਸਾਹਿਬ (1666-1708)

ਗੁਰੂ ਨਾਨਕ ਦੇਵ ਦੇ ਸਮੇਂ ਦੇ ਸ਼ਾਂਤਮਈ ਸਿੱਖ ਦਾ ਰੂਪ ਗੁਰੂ ਗੋਬਿੰਦ ਸਿੰਘ ਦੇ ਕਾਲ ਅੰਦਰ ਸੂਰਬੀਰ ਖਾਲਸੇ ਦਾ ਰੂਪ ਧਾਰ ਗਿਆ।

ਗੋਬਿੰਦ ਰਾਇ ਦੀ ਆਯੂ ਕੇਵਲ ਨੌਂ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੇ ਪਿਤਾ ਦਾ ਧੜ ਨਾਲੋਂ ਵੱਖ ਕੀਤਾ ਹੋਇਆ ਸੀਸ ਅਨੰਦਪੁਰ ਸਾਹਿਬ ਵਿਖੇ ਸਸਕਾਰ ਵਾਸਤੇ ਲਿਆਂਦਾ ਗਿਆ। ਬਾਲ-ਮਨ ਨੂੰ ਇਸ ਘਟਨਾ ਦਾ ਬਹੁਤ ਧੱਕਾ ਵੱਜਾ ਅਤੇ ਜੋ ਸਦਮਾ ਪਰਿਵਾਰ ਦੇ ਮੈਂਬਰਾਂ ਨੂੰ ਹੋਇਆ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕੌਮ ਦੇ ਆਗੂ ਇਸ ਗੱਲ ਤੋਂ ਚਿੰਤਤ ਸਨ ਕਿ ਗੋਬਿੰਦ ਦੀ ਸੁਰੱਖਿਆ ਕਿਵੇਂ ਕੀਤੀ ਜਾਵੇ? ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ ਕਿ ਬਾਲਕ ਗੋਬਿੰਦ ਨੂੰ ਬੰਦੀ ਬਣਾ ਜਾਮਨੀ ਦੇ ਤੌਰ ਤੇ ਦਿੱਲੀ ਲਿਜਾਇਆ ਜਾਵੇ। ਕਿਸੇ ਵੀ ਭੈੜੀ ਦਸ਼ਾ ਨੂੰ ਟਾਲਣ ਲਈ ਬਾਲ-ਗੁਰੂ ਅਤੇ ਉਨ੍ਹਾਂ ਦੀ ਸਿੱਖੀ ਸੇਵਕੀ ਨੂੰ ਅਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਬਦਲ ਦਿੱਤਾ ਗਿਆ। ਗੋਬਿੰਦ ਰਾਇ ਨੇ ਆਪਣੇ ਬਚਪਨ ਦੇ ਬਹੁਤੇ ਸਾਲ ਜਮਨਾ ਦਰਿਆ ਕੰਢੇ ਕਾਇਮ ਕੀਤੇ ਹੋਏ ਇਸ ਛੋਟੇ ਜਿਹੇ ਪਿੰਡ ਵਿਚ ਬਿਤਾਏ। ਇਥੇ ਉਨ੍ਹਾਂ ਨੂੰ ਸੰਸਕ੍ਰਿਤ ਅਤੇ ਫ਼ਾਰਸੀ ਪੜ੍ਹਾਈ ਗਈ। ਇਸ ਤੋਂ ਪਹਿਲਾਂ ਪਟਨਾ ਵਿਖੇ ਉਹ ਹਿੰਦੀ ਅਤੇ ਪੰਜਾਬੀ ਦੀ ਪੜ੍ਹਾਈ ਪ੍ਰਾਪਤ ਕਰ ਚੁੱਕੇ ਸਨ। ਉਨ੍ਹਾਂ ਘੋੜਸਵਾਰੀ ਅਤੇ ਸ਼ਿਕਾਰ ਖੇਡਣ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਤੀਰ-ਅੰਦਾਜ਼ੀ ਵੀ ਸਿੱਖੀ। ਉਨ੍ਹਾਂ ਦਾ ਬਹੁਤ ਸਾਰਾ ਸਮਾਂ ਸ਼ਿਕਾਰ ਖੇਡਣ ਵਿਚ ਹੀ ਬੀਤਦਾ ਸੀ।

ਸਨਾਤਨੀ ਵਿਦਿਆ ਅਤੇ ਪਹਾੜੀ ਏਕਾਂਤ ਨੇ ਗੁਰੂ ਜੀ ਦੇ ਅੰਦਰ ਦਾ ਕਵੀ ਜਾਗ੍ਰਤ ਕਰ ਦਿੱਤਾ। ਉਨ੍ਹਾਂ ਚਾਰੋਂ ਹੀ ਭਾਸ਼ਾ ਵਿਚ ਕਵਿਤਾ ਲਿਖਣੀ ਆਰੰਭ ਕਰ ਦਿੱਤੀ। ਕਈ ਵਾਰ ਤਾਂ ਇਕ ਕਵਿਤਾ ਵਿਚ ਹੀ ਚਾਰੋਂ ਭਾਸ਼ਾਵਾਂ ਦਾ ਪ੍ਰਯੋਗ ਕਰ ਲੈਂਦੇ ਸਨ। ਉਨ੍ਹਾਂ ਹਿੰਦੂ ਮਿਥਿਹਾਸ ਦੀਆਂ ਕਥਾਵਾਂ ਆਪਣੇ ਸ਼ਬਦਾਂ ਵਿਚ ਲਿਖੀਆਂ। ਗੁਰੂ ਜੀ ਨੂੰ ਚੰਡੀ ਦਾ ਕਾਰਨਾਮਾ ਬਹੁਤ ਪਸੰਦ ਸੀ। ਉਹ ਚੰਬੇਲੀ ਦੀ ਮਹਿਕ ਨਾਲ ਲੱਦੀ ਪੌਣ, ਤਾਰਿਆਂ ਜੜੀ ਰਾਤ ਵਿਚ ਪ੍ਰੇਮੀਆਂ ਦੇ ਇਕਰਾਰ ਦੀ ਤਰਜਮਾਨੀ ਜਮਨਾ ਰਾਹੀਂ ਕਰਦੇ। ਜਿਹੜੀ ਕਾਲੇ ਪਹਾੜਾਂ ਵਿਚ ਚਿੱਟੇ ਧਾਰੇ ਦੀ ਤਰਲਤਾ ਵਾਂਗ ਵਹਿੰਦੀ ਸੀ।

ਵਿਦਿਆ-ਪ੍ਰਾਪਤੀ, ਸ਼ਿਕਾਰ ਅਤੇ ਕਵਿਤਾ ਤੋਂ ਇਲਾਵਾ ਜ਼ਿੰਦਗੀ ਦੇ ਕਈ ਪੱਖ ਗੰਭੀਰ ਅਧਿਐਨ ਦੀ ਮੰਗ ਕਰਦੇ ਸਨ। ਇਹ ਸਨ ਕੌਮ ਦੇ ਆਗੂ ਦੇ ਰੂਪ ਵਿਚ ਜ਼ਿੰਮੇਵਾਰੀ ਨਿਭਾਉਣੀ। ਉਨ੍ਹਾਂ ਸਿੱਖਿਆ ਕਿ ਕਿਵੇਂ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਤੋਂ ਉਪਰੰਤ ਚਾਰ ਗੁਰੂ ਸਾਹਿਬਾਨ ਨੇ ਸ਼ਾਂਤੀ ਦਾ ਮਿਸ਼ਨ ਚਲਾਇਆ। ਉਨ੍ਹਾਂ ਨੂੰ ਗੁਰੂ ਅਰਜਨ ਦੇਵ ਦੀ ਸ਼ਹਾਦਤ ਬਾਰੇ ਦੱਸਿਆ ਗਿਆ। ਉਨ੍ਹਾਂ ਨੂੰ ਇਹ ਵੀ ਜਾਣਕਾਰੀ ਹੋਈ ਕਿ ਕਿਵੇਂ ਗੁਰੂ

ਪਰਮਾਤਮਾ ਦੀ ਸਿਫਤ ਗਾਈ ਸੀ ਅਤੇ ਗੁਆਂਢੀ ਨਾਲ ਪਿਆਰ ਕਰਨ ਲਈ ਬਚਨ ਕਹੇ ਸਨ। ਪਰ ਇਕੱਲੇ ਗੁਰੂ ਨਾਨਕ ਨੇ ਇਨ੍ਹਾਂ ਨੂੰ ਇਕ ਰੂਪ ਕੀਤਾ ਅਤੇ ਅਜਿਹੀਆਂ ਸੰਸਥਾਵਾਂ ਕਾਇਮ ਕੀਤੀਆਂ ਜਿਨ੍ਹਾਂ ਸਦਕਾ ਇਹ ਵਧ-ਫੁੱਲ ਸਕਣ। ਉਨ੍ਹਾਂ ਅਜਿਹੀ ਸਾਦਗੀ ਨਾਲ ਆਪਣੇ ਵਿਚਾਰ ਰੱਖੇ ਜਿਨ੍ਹਾਂ ਨੂੰ ਸਰਵ-ਸਾਧਾਰਨ ਵੀ ਸਮਝ ਸਕਦੇ ਹਨ ਅਤੇ ਦਾਨੇ ਵੀ ਗਿਆਨ ਦੀਆਂ ਘੁੰਡੀਆਂ ਸਮਝ ਸਕਦੇ ਹਨ। ਆਪਣੇ ਸੰਦੇਸ਼ ਨੂੰ ਉਨ੍ਹਾਂ ਨੇ ਤਿੰਨ ਹੁਕਮਾਂ ਵਿਚ ਸਪੱਸ਼ਟ ਕਰ ਦਿੱਤਾ : ਕਰਮ ਕਰੋ, ਵੰਡ ਛਕੋ, ਨਾਮ ਜਪੋ, ਇਹੋ ਹੀ ਕਾਰਨ ਹੈ ਕਿ ਹੋਰ ਸੰਤਾਂ, ਭਗਤਾਂ ਦੇ ਨਾਮ ਉਨ੍ਹਾਂ ਦੀਆਂ ਰਚਨਾਵਾਂ ਜਾਂ ਯਾਦਗਾਰਾਂ ਨਾਲ ਜੁੜ ਕੇ ਰਹਿ ਗਏ ਹਨ ਪਰ ਗੁਰੂ ਨਾਨਕ ਦਾ ਪੰਥ ਦਿਨੋ-ਦਿਨ ਵਧਦਾ-ਫੈਲਦਾ ਹੀ ਗਿਆ।

ਗੁਰੂ ਨਾਨਕ ਦੇ ਸਿੱਖਾਂ ਨੇ ਜਿਹੜੀ ਜੀਵਨ-ਜਾਚ ਅਪਣਾਈ, ਉਹ ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਵੱਖਰੀ ਸੀ। ਗੁਰੂ ਨਾਨਕ ਨੇ ਸਤਿਸੰਗ 'ਤੇ ਜ਼ੋਰ ਦਿੱਤਾ ਸੀ। ਇਸ ਲਈ ਜਿਹੜੇ ਗੁਰੂ ਦੇ ਨਾਮ-ਲੇਵਾ ਹਨ ਉਹੋ ਹੀ ਸਤਿਸੰਗ ਵਿਚ ਸਮਝੇ ਜਾਂਦੇ। ਗੁਰੂ ਸਾਹਿਬ ਦੇ ਵੇਲੇ ਤੋਂ ਹੀ ਜੱਦੀ ਕੌਮਾਂ ਨਾਲੋਂ ਨਿਖੇੜ ਹੋਣਾ ਆਰੰਭ ਹੋ ਗਿਆ। ਸਿੱਖ ਨਾ ਸੰਸਕ੍ਰਿਤ ਦੇ ਸ਼ਲੋਕ ਮੂਰਤੀਆਂ ਅੱਗੇ ਉਚਾਰਦੇ ਅਤੇ ਨਾ ਹੀ ਮੱਕੇ ਵੱਲ ਮੂੰਹ ਕਰਕੇ ਕੁਰਾਨ ਸ਼ਰੀਫ ਦੀਆਂ ਅਰਬੀ ਆਇਤਾਂ ਪੜ੍ਹਦੇ। ਆਪਣੀ ਮਾਤ-ਭਾਸ਼ਾ ਵਿਚ ਗੁਰੂ ਨਾਨਕ ਦੇ ਸ਼ਬਦਾਂ ਦਾ ਕੀਰਤਨ ਕਰਨ ਲੱਗੇ। ਲੰਗਰ ਲਈ ਰਸਦ ਇਕੱਠੀ ਕੀਤੀ ਜਾਂਦੀ। ਰਲ ਕੇ ਲੰਗਰ ਪਕਾਇਆ ਜਾਂਦਾ, ਰਲ ਕੇ ਛਕਿਆ ਅਤੇ ਛਕਾਇਆ ਜਾਂਦਾ। ਲੋਕਾਂ ਦੇ ਸਤਿਕਾਰ ਵਿਚ ਨਾ ਹਿੰਦੂਆਂ ਵਾਲੀ ਨਮਸਤੇ ਸੀ ਅਤੇ ਨਾ ਹੀ ਮੁਸਲਮਾਨਾਂ ਵਾਂਗ ਸਲਾਮ ਵਾਲੇਕੁਮ ਸੀ। ਸਗੋਂ ਗੁਰੂ ਦਾ ਸਮਝਾਇਆ 'ਸਤਿ ਕਰਤਾਰ' ਸੀ। ਇਸ ਪ੍ਰਕਾਰ ਇਕ ਕੌਮੀ ਸਾਂਝ ਬਣਦੀ ਜਿਨ੍ਹਾਂ ਅੰਦਰ ਹੁਣ ਆਪਣਾ ਹੀ ਬਹੁਤ ਕੁਝ ਸਾਂਝਾ ਸੀ।

ਗੁਰੂ ਨਾਨਕ ਦੇ ਧਾਰਮਿਕ ਅਤੇ ਸਮਾਜਿਕ ਉਦੇਸ਼ਾਂ ਨਾਲ ਰਾਜਸੀ ਟੀਚੇ ਵੀ ਮਹੱਤਵ-ਪੂਰਨ ਸਨ। ਇਤਿਹਾਸ ਦੇ ਲਿਖਤੀ ਰੂਪ ਵਿਚ ਉਹ ਪੰਜਾਬ ਦੇ ਪਹਿਲੇ ਹਰਮਨ-ਪਿਆਰੇ ਆਗੂ ਸਨ। ਭਾਵੇਂ ਉਨ੍ਹਾਂ ਦੇ ਆਪਣੇ ਸਿੱਖਾਂ ਦੀ ਗਿਣਤੀ ਘੱਟ ਸੀ ਪਰ ਹੋਰ ਕੌਮਾਂ ਉਨ੍ਹਾਂ ਦੇ ਇਸ ਉਦੇਸ਼ ਨੂੰ ਪੂਰਨ ਸਤਿਕਾਰ ਦਿੰਦੀਆਂ "ਨਾ ਕੋ ਹਿੰਦੂ ਨਾ ਮੁਸਲਮਾਨ, ਅੱਲਾ ਰਾਮ ਕੇ ਪਿੰਡ ਪ੍ਰਾਨ।" ਇਹੀ ਉਦੇਸ਼ ਸੀ ਜਿਸ ਤੋਂ ਪੰਜਾਬੀ ਚੇਤਨਾ ਅਤੇ ਪੰਜਾਬੀ ਰਾਸ਼ਟਰੀਅਤਾ ਉਤਰੀ।

ਇਲਾਕੇ ਵਿਚ ਅਨੰਦਪੁਰ ਸੀ, ਵਿਰੋਧ ਆਰੰਭ ਕਰ ਦਿੱਤਾ ਅਤੇ ਉਹ ਆਪਣੀ ਫ਼ੌਜ ਨੂੰ ਸੰਗਠਿਤ ਕਰਨ ਲੱਗ ਪਿਆ। ਉਸ ਨੇ ਗੁਆਂਢੀ ਪਹਾੜੀ ਰਾਜਿਆਂ ਨੂੰ ਜ਼ੋਰ ਦਿੱਤਾ ਕਿ ਉਹ ਗੁਰੂ ਜੀ ਨੂੰ ਆਪਣੇ ਇਲਾਕੇ ਵਿਚੋਂ ਕੱਢ ਦੇਣ। ਉਹ ਨਹੀਂ ਚਾਹੁੰਦੇ ਸਨ ਕਿ ਆਮ ਲੋਕਾਂ ਵਿਚ ਉਨ੍ਹਾਂ ਦਾ ਪ੍ਰਚਾਰ ਵਧੇ। ਸਗੋਂ ਇਸ ਤੋਂ ਵੀ ਵੱਧ ਖ਼ਤਰਾ ਸੀ ਆਪਣੇ ਭਰਾਵਾਂ ਵੱਲੋਂ ਹੁਕਮ ਦੀ ਉਲੰਘਣਾ ਦਾ। ਛੋਟੀਆਂ ਜਾਤੀਆਂ ਦੇ ਲੋਕ ਸਿੱਖ ਬਣਦੇ ਜਾ ਰਹੇ ਸਨ। ਜਿਨ੍ਹਾਂ ਵਿਚ ਜਾਤ-ਪਾਤ ਨਹੀਂ ਸੀ। ਜਦੋਂ ਡਰਾਵਿਆਂ ਦਾ ਅਸਰ ਗੁਰੂ ਜੀ ਤੇ ਨਾ ਹੋਇਆ ਅਤੇ ਗੱਦੀਓਂ ਨਾ ਉਤਾਰੇ ਜਾ ਸਕੇ ਤਾਂ ਉਨ੍ਹਾਂ ਗੁਰੂ ਜੀ ਨੂੰ ਦੇਸ-ਨਿਕਾਲਾ ਦੇ ਦਿੱਤਾ। ਇਸ ਲਈ ਸ਼ਕਤੀ ਵੀ ਵਰਤੀ ਗਈ। ਪਹਾੜੀ ਰਾਜਿਆਂ ਨੇ ਗੁਰੂ ਜੀ ਦੀ ਫ਼ੌਜ ਵਿਚੋਂ ਭਾੜੇ ਦੇ ਪਠਾਣ ਸਿਪਾਹੀ ਆਪਣੇ ਵੱਲ ਖਿੱਚ ਲਏ। ਪਹਾੜੀ ਰਾਜਿਆਂ ਦੇ ਸਮੂਹ ਨਾਲ ਟਾਕਰਾ ਪਾਉਂਟਾ ਸਾਹਿਬ ਤੋਂ 6 ਮੀਲ ਦੂਰ ਭੰਗਾਣੀ ਵਿਖੇ ਹੋਇਆ। ਫ਼ੌਜ ਦੇ ਭਗੌੜੇ ਹੋ ਜਾਣ ਦੇ ਬਾਵਜੂਦ ਅਤੇ ਰਾਜਪੂਤਾਂ ਤੇ ਪਠਾਣਾਂ ਦੀ ਗਿਣਤੀ ਕਈ ਗੁਣਾਂ ਵੱਧ ਹੁੰਦੇ ਹੋਏ ਵੀ ਸਿੱਖ ਜਿੱਤ ਪ੍ਰਾਪਤ ਕਰ ਗਏ। ਇਨ੍ਹਾਂ ਵਿਚ ਬਹੁਤ ਸਾਰੇ ਉਹ ਹਿੰਦੂ ਸਨ ਜਿਹੜੇ ਕਾਰੋਬਾਰੀ ਜਾਤੀਆਂ ਦੇ ਸਨ।

ਭੰਗਾਣੀ ਦਾ ਯੁੱਧ 1686 ਵਿਚ ਹੋਇਆ। ਇਥੇ ਪਹਿਲੀ ਵਾਰ ਗੋਬਿੰਦ ਰਾਏ ਨੇ ਲੋਹਾ ਖੜਕਾਇਆ।

ਭੰਗਾਣੀ ਦੇ ਯੁੱਧ ਵਿਚ ਸਫ਼ਲਤਾ ਪ੍ਰਾਪਤ ਕਰਨ ਨਾਲ ਗੋਬਿੰਦ ਰਾਏ ਅੰਦਰ ਵਿਸ਼ਵਾਸ ਜਾਗਿਆ ਅਤੇ ਉਹ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਪਰਤ ਆਏ। ਇਹ ਉਨ੍ਹਾਂ ਦਾ ਜੱਦੀ ਪਿੰਡ ਸੀ। ਜਗੀਰਦਾਰ ਹਾਕਮ ਬਿਲਾਸਪੁਰ ਭੀਮ ਚੰਦ ਦਾ ਵਤੀਰਾ ਵੀ ਬਦਲ ਗਿਆ। ਉਹ ਹੁਣ ਚਾਹੁੰਦਾ ਸੀ ਕਿ ਕੋਈ ਪਹਾੜੀ ਰਾਜਿਆਂ ਨੂੰ ਮੁੜ ਸੰਗਠਿਤ ਕਰੇ ਤਾਂ ਜੋ ਮੁਗ਼ਲ ਸੂਬੇਦਾਰ ਦਾ ਮੁਕਾਬਲਾ ਕੀਤਾ ਜਾ ਸਕੇ। ਮੁਗ਼ਲ ਸੂਬੇਦਾਰ ਮਾਮਲੇ ਦੀ ਬਕਾਇਆ ਰਕਮ ਵਸੂਲ ਕਰਨ ਲਈ ਨਿਕਲਿਆ ਸੀ।

ਗੁਰੂ ਜੀ ਨੇ ਦੂਜੀ ਲੜਾਈ ਨਾਦੌਣ ਵਿਖੇ 1687 ਈਸਵੀ ਵਿਚ ਲੜੀ। ਅਨੰਦਪੁਰ ਵਿਚ ਵਾਪਸੀ ਦੇ ਕੁਝ ਮਹੀਨਿਆਂ ਅੰਦਰ ਹੀ, ਪਹਿਲੀ ਝੜਪ ਵਿਚ ਰਾਜਿਆਂ ਦੇ ਸਮੂਹ ਨੂੰ, ਜਿਸ ਦੀ ਅਗਵਾਈ ਗੋਬਿੰਦ ਰਾਏ ਕਰ ਰਹੇ ਸਨ, ਸਫ਼ਲਤਾ ਪ੍ਰਾਪਤ ਹੋਈ। ਭਾਵੇਂ ਜਿੱਤ ਹੋ ਗਈ ਸੀ ਤਾਂ ਵੀ ਉਹ ਮੁਗ਼ਲ ਕਮਾਂਡਰ ਨਾਲ ਸੁਲਾਹ ਕਰਨਾ ਚਾਹੁੰਦੇ ਸਨ ਤਾਂ ਜੋ ਉਨ੍ਹਾਂ ਦੇ ਵਿਰੁੱਧ ਅੱਗੋਂ ਕੋਈ ਹੋਰ ਫ਼ੌਜ ਨਾ ਭੇਜੀ ਜਾਵੇ। ਪਰ ਗੋਬਿੰਦ ਰਾਏ ਨੇ ਅਜਿਹੀ ਗੱਲ-ਬਾਤ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਨਾਦੌਣ ਵਿਖੇ ਅੱਠ ਦਿਨ ਬਿਤਾਉਣ ਤੋਂ ਉਪਰੰਤ ਉਹ ਵਾਪਸ ਅਨੰਦਪੁਰ ਸਾਹਿਬ ਆ ਗਏ।

ਮੁਗ਼ਲ ਬਾਦਸ਼ਾਹ ਨੇ ਇਹ ਸਮਝੌਤਾ ਸਵੀਕਾਰ ਨਾ ਕੀਤਾ ਕਿਉਂ ਜੋ ਇਸ ਵਿਚ ਉਸ ਦੀ ਸੱਤਾ ਦੇ ਉਲੰਘਣ ਨੂੰ ਬਖ਼ਸ਼ਿਆ ਗਿਆ ਸੀ। ਉਸ ਆਪਣੇ ਲੜਕੇ ਮੋਅਜ਼ਮ (ਉਪਰੰਤ ਬਹਾਦਰ ਸ਼ਾਹ) ਅਤੇ ਜਨਰਲ ਮਿਰਜ਼ਾ ਬੇਗ ਨੂੰ ਪੰਜਾਬ ਭੇਜਿਆ। ਜਨਰਲ ਪਹਾੜੀ ਇਲਾਕੇ ਵੱਲ ਗਿਆ ਅਤੇ ਜਲਦੀ ਹੀ ਉਸ ਨੇ ਪਹਾੜੀ ਰਾਜਿਆਂ ਨੂੰ ਆਪਣੇ ਅਧੀਨ ਕਰ ਲਿਆ। ਇਉਂ ਪ੍ਰਤੀਤ ਹੁੰਦਾ ਹੈ ਕਿ ਮਿਰਜ਼ਾ ਬੇਗ ਨੂੰ ਗੁਪਤ ਹਿਦਾਇਤਾਂ ਸਨ ਕਿ ਗੁਰੂ ਜੀ ਨੂੰ ਨਾ ਛੇੜੇ। ਗੋਬਿੰਦ ਰਾਏ ਨੇ 12 ਸਾਲ ਬਿਨਾਂ ਸਤਾਏ ਹੋਏ ਬਿਤਾਏ। ਇਸ ਸਮੇਂ ਵਿਚ ਉਨ੍ਹਾਂ ਆਪਣੀ ਅਪਾਰ ਸ਼ਕਤੀ ਨੂੰ ਕੌਮ ਦੇ ਸੰਗਠਨ ਵਿਚ ਲਾਇਆ।

ਪਹਿਲਾ ਕੰਮ ਗੁਰੂ ਜੀ ਨੇ ਇਹ ਕੀਤਾ ਕਿ ਅਨੰਦਪੁਰ ਦੇ ਕੇਂਦਰ ਦੀ ਕਿਲ੍ਹਾਬੰਦੀ ਕੀਤੀ। ਉਨ੍ਹਾਂ ਗੁਆਂਢ ਲਗਦੀ ਜ਼ਮੀਨ ਖ਼ਰੀਦ ਲਈ ਅਤੇ ਛੋਟੇ-ਛੋਟੇ ਕਿਲ੍ਹੇ ਉਸਾਰੇ—ਅਨੰਦਗੜ੍ਹ,

ਕੇਸਗੜ੍ਹ, ਲੋਹਗੜ੍ਹ ਅਤੇ ਫਤਹਿਗੜ੍ਹ। ਭਾਵੇਂ ਇਹ ਪਹਾੜੀ ਇਲਾਕੇ ਜਮਨਾ ਅਤੇ ਸਤਲੁਜ ਦੇ ਵਿਚਕਾਰ ਰਾਜਪੂਤ ਰਾਜਿਆਂ ਦੇ ਅਧਿਕਾਰ ਵਿਚ ਸਨ। ਜਿਥੇ ਇਹ ਕਿਲ੍ਹੇ ਉਸਾਰੇ ਗਏ ਸਨ, ਪਰ ਉਨ੍ਹਾਂ ਨਾਲੋਂ ਵੱਧ ਗੁਰੂ ਜੀ ਸ਼ਕਤੀਸ਼ਾਲੀ ਹੋ ਗਏ।

ਅਨੰਦਪੁਰ ਵਿਚ ਬਿਤਾਏ ਗਏ 12 ਸਾਲ ਭਰਪੂਰ ਬੌਧਿਕ ਸਰਗਰਮੀਆਂ ਦੇ ਸਨ। ਗੋਬਿੰਦ ਰਾਏ ਨੇ ਆਪਣੇ ਸਿੱਖਾਂ ਵਿਚੋਂ ਪੰਜ ਵਿਦਵਾਨ ਚੁਣ ਕੇ ਬਨਾਰਸ ਭੇਜੇ ਤਾਂ ਜੋ ਉਥੋਂ ਸੰਸਕ੍ਰਿਤ ਅਤੇ ਹਿੰਦੂ ਧਰਮ-ਸ਼ਾਸਤਰਾਂ ਦਾ ਅਧਿਐਨ ਕਰਕੇ ਆਉਣ। ਇਸ ਪ੍ਰਕਾਰ ਉਹ ਗੁਰੂ ਜੀ ਦੀਆਂ ਰਚਨਾਵਾਂ ਦੀ ਅੱਛੀ ਵਿਆਖਿਆ ਕਰ ਸਕਣਗੇ। ਕਿਉਂ ਜੋ ਉਨ੍ਹਾਂ ਵਿਚ ਹਿੰਦੂ ਮਿਥਿਹਾਸ ਅਤੇ ਦਰਸ਼ਨ ਦੇ ਬਹੁਤ ਸੰਕੇਤ ਸਨ। ਇਨ੍ਹਾਂ ਪੰਜਾਂ ਸਿੱਖਾਂ ਨੇ ਸਿੱਖ ਸੰਪਰਦਾ ਚਲਾਈ ਅਤੇ ਇਹ ਨਿਰਮਲੇ ਕਰਕੇ ਜਾਣੇ ਜਾਂਦੇ ਹਨ।

ਉੱਤਰੀ ਭਾਰਤ ਦੇ ਬਹੁਤ ਸਾਰੇ ਕਵੀ ਵੀ ਗੁਰੂ ਜੀ ਦੀ ਸ਼ਰਨ ਵਿਚ ਆਏ ਅਤੇ 52 ਕਵੀ ਤਾਂ ਗੁਰੂ ਜੀ ਦੇ ਦਰਬਾਰ ਵਿਚ ਰਹਿੰਦੇ ਸਨ। ਗੁਰੂ ਜੀ ਆਪ ਮਹਾਨ ਕਵੀ ਸਨ ਅਤੇ ਵਧੇਰੇ ਬੀਰ-ਰਸ ਦੀ ਕਵਿਤਾ ਉਚਾਰਦੇ। ਇਸ ਨਾਲ ਬੀਰ-ਰਸ ਦੀ ਕਵਿਤਾ ਰਚਣ ਦੀ ਪਿਰਤ ਪਈ। ਸਿੱਖ ਉਨ੍ਹਾਂ ਜੋਧਿਆਂ ਦੀ ਗਾਥਾ ਸੁਣਦੇ ਜਿਨ੍ਹਾਂ ਸ਼ਸਤਰਾਂ ਨਾਲ ਜ਼ੁਲਮ ਨੂੰ ਚੁਣੌਤੀ ਦਿੱਤੀ। ਅਨੰਦਪੁਰ ਸਾਹਿਬ ਦੇ ਦਰਬਾਰ ਵਿਖੇ ਜੰਗ ਦਾ ਮਾਹੌਲ ਬਣ ਗਿਆ।

ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਪਰਿਵਾਰ ਦਾ ਪਾਲਣ-ਪੋਸਣ ਕੀਤਾ ਅਤੇ ਰਚਨਾ ਵੀ ਕੀਤੀ। ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਪੈਦਾ ਹੋਏ—ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ। ਇਥੇ ਹੀ ਉਨ੍ਹਾਂ ਗੁਰੂ ਨਾਨਕ ਦੇਵ ਦੀ ਚਲਾਈ ਹੋਈ ਲਹਿਰ ਵਿਚ ਬੇਇਨਸਾਫ਼ੀ ਅਤੇ ਗਿਰਾਵਟ ਬਾਰੇ ਵੀ ਚਿੰਤਨ ਕੀਤਾ। ਉਨ੍ਹਾਂ ਇਸ ਦੇ ਦੋ ਕਾਰਨ ਪ੍ਰਤੀਤ ਕੀਤੇ : ਗੁਰ-ਗੱਦੀ ਲਈ ਝਗੜਾ ਅਤੇ ਮਸੰਦਾਂ ਦੀ ਸੰਸਥਾ।

ਗੁਰੂ ਨਾਨਕ ਦੇਵ ਦੀ ਸਿੱਖਿਆ ਵਿਚ ਗੁਰੂ ਦੀ ਰੂਹਾਨੀ ਸਰਪ੍ਰਸਤੀ ਦਾ ਵਿਸ਼ਵਾਸ ਇਕ ਅਨਿੱਖੜਵਾਂ ਅੰਗ ਹੈ। ਪਰ ਗੁਰੂ ਗੋਬਿੰਦ ਨੇ ਇਹ ਮਹਿਸੂਸ ਕੀਤਾ ਕਿ ਜ਼ਿੰਦਾ ਗੁਰੂ ਦੀ ਲੋੜ ਹਟਾਈ ਜਾ ਸਕਦੀ ਹੈ ਜੇਕਰ ਉਹ ਅਜਿਹੀ ਸੰਸਥਾ ਕਾਇਮ ਕਰ ਸਕਣ ਜਿਹੜੀ ਉਸੇ ਕਾਰਜ ਨੂੰ ਅੱਗੇ ਤੋਰੇ। ਪ੍ਰਿਥੀ ਚੰਦ, ਧੀਰਮੱਲ, ਮੇਹਰਵਾਨ ਅਤੇ ਰਾਮ ਰਾਏ ਦੀਆਂ ਮਿਸਾਲਾਂ ਉਨ੍ਹਾਂ ਦੇ ਸਾਹਮਣੇ ਸਨ ਜਿਨ੍ਹਾਂ ਨੇ ਗੁਰ-ਗੱਦੀ ਲਈ ਝਗੜਾ ਖੜਾ ਕੀਤਾ ਸੀ ਅਤੇ ਆਪ ਗੁਰੂ ਬਣੇ ਬੈਠੇ ਸਨ। ਇਨ੍ਹਾਂ ਦੇ ਆਧਾਰ 'ਤੇ ਹੀ ਗੁਰੂ ਜੀ ਨੇ ਆਪਣੇ ਮਨ ਨਾਲ ਫ਼ੈਸਲਾ ਕੀਤਾ। ਭਾਵੇਂ ਉਨ੍ਹਾਂ ਦੇ ਆਪਣੇ ਚਾਰ ਪੁੱਤਰ ਸਨ ਪਰ ਉਨ੍ਹਾਂ ਇਹ ਅਨੁਭਵ ਕੀਤਾ ਕਿ ਨਿੱਜੀ ਗੁਰੂ ਦੀ ਥਾਵੇਂ ਜੇਕਰ ਕੋਈ ਸਥਾਈ ਅਤੇ ਅਟੁੱਟ ਹੱਲ ਗੁਰ-ਗੱਦੀ ਦਾ ਬਣੇ ਤਾਂ ਅੱਛਾ ਹੈ। ਉਸ ਸਮੇਂ ਗ੍ਰੰਥ ਸਾਹਿਬ ਹੈ ਸੀ। ਇਹ ਪੋਥੀ ਰੂਹਾਨੀ ਅਗਵਾਈ ਲੈਣ ਵਾਲਿਆਂ ਵਾਸਤੇ ਬਹੁਤ ਉੱਤਮ ਮੰਨੀ ਜਾਂਦੀ ਸੀ। ਰੂਹਾਨੀ ਮਸਲਿਆਂ ਤੋਂ ਇਲਾਵਾ ਮਸਲਿਆਂ ਦੇ ਹੱਲ ਲਈ ਪੰਚਾਇਤ ਦਾ ਤਰੀਕਾ ਸੀ ਜਿਸ ਤੋਂ ਸਾਰੇ ਪੰਜਾਬੀ ਜਾਣੂ ਸਨ। ਲੋੜ ਇਸ ਗੱਲ ਦੀ ਸੀ ਕਿ ਪੰਚਾਇਤ ਦੇ ਆਧਾਰ ਨੂੰ ਸਮੇਂ ਦੀ ਅਵੱਸ਼ਕਤਾ ਅਨੁਸਾਰ ਢਾਲ ਲਿਆ ਜਾਵੇ। ਇਨ੍ਹਾਂ ਦੋਹਾਂ ਵਿਚਕਾਰ ਭਾਵ ਗ੍ਰੰਥ ਅਤੇ ਕੌਮ ਦੇ ਚੁਣੇ ਹੋਏ ਪ੍ਰਤੀਨਿਧਾਂ (ਪੰਥ), ਰੂਹਾਨੀ ਅਤੇ ਰਾਜਸੀ ਕਾਰਜ ਕੀਤੇ ਜਾ ਸਕਦੇ ਹਨ। ਗ੍ਰੰਥ ਰੂਹਾਨੀ ਗੁਰੂ ਦਾ ਕੰਮ ਕਰ ਸਕਦਾ ਹੈ ਅਤੇ ਪੰਥ ਆਪ ਧਰਮ-ਨਿਰਪੇਖ ਗੁਰੂ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਇਕ ਰਹੱਸਮਈ ਹਸਤੀ ਦਾ ਰੂਪ ਧਾਰਦਾ ਹੈ : ਗੁਰੂ ਗ੍ਰੰਥ ਪੰਥ।

ਇਨ੍ਹਾਂ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ 'ਮਸੰਦ' ਦੀ ਸੰਸਥਾ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਗਿਆ ਜਿਨ੍ਹਾਂ ਕਰਕੇ ਕੌਮ ਅੰਦਰ ਗਿਰਾਵਟ ਆ ਰਹੀ ਸੀ। ਕਈ ਮਸੰਦ

ਆਪਣੇ-ਆਪਣੇ ਜ਼ਿਲ੍ਹੇ ਵਿਚ ਗੁਰੂ ਬਣ ਬੈਠੇ ਸਨ। ਆਪਣੀ ਗੱਦੀ ਲਈ ਆਪ ਹੀ ਅਗਲਾ ਗੁਰੂ ਚੁਣ ਲੈਂਦੇ ਸਨ। ਸਿੱਖੀ ਦਾ ਪ੍ਰਚਾਰ ਕਰਨ ਦੀ ਥਾਂ ਇਕੱਤਰ ਕੀਤੀ ਮਾਇਆ ਗੁਰੂ ਤਕ ਪਹੁੰਚਾਉਣ ਦੀ ਥਾਂ ਬਹੁਤ ਸਾਰੇ ਸ਼ਾਹੂਕਾਰਾਂ ਜਾਂ 'ਭੇਟਾਂ' ਆਸਰੇ ਹੋਰ ਵਪਾਰ ਚਲਾਉਂਦੇ।

ਗ਼ਰੀਬ ਕਿਸਾਨਾਂ ਪਾਸੋਂ ਉਗਰਾਹੀ ਕਰਦੇ। ਗੋਬਿੰਦ ਰਾਏ ਨੇ ਇਹ ਵੀ ਵਿਚਾਰ ਕੀਤਾ ਕਿ ਮਸੰਦ ਦੀ ਸੰਸਥਾ ਖ਼ਤਮ ਕਰਨ ਨਾਲ ਕੁਝ ਸਮੇਂ ਲਈ ਕੇਂਦਰੀ ਸਥਾਨ ਪਾਸ ਮਾਇਆ ਦੀ ਘਾਟ ਹੋ ਜਾਵੇਗੀ। ਕਿਉਂ ਜੋ ਹੋਰ ਕਿਸੇ ਪਾਸਿਓਂ ਮਾਇਆ ਇਕੱਤਰ ਨਹੀਂ ਹੁੰਦੀ ਸੀ। ਪਰ ਇਹ ਖ਼ਤਰਾ ਸਹੇੜਨਾ ਅੰਤ ਲਾਭਦਾਇਕ ਸਿੱਧ ਹੋਵੇਗਾ। ਉਹ ਢਿੱਲੇ-ਮੱਠੇ ਸਾਧਨਾਂ ਵਿਚ ਵਿਸ਼ਵਾਸ ਨਹੀਂ ਕਰਦੇ ਸਨ ਕਿ ਕੋਈ ਥੋੜ੍ਹਾ-ਬਹੁਤ ਸੁਧਾਰ ਕਰ ਲਿਆ। ਜਾਂ ਈਮਾਨਦਾਰ ਅਤੇ ਬੇਈਮਾਨ ਵਿਚਕਾਰ ਚੋਣ ਕਰ ਲਈ। ਇਕ ਵਾਰ ਹੀ ਕਲਮ ਚਲਾਉਣ। ਨਾਲ ਉਨ੍ਹਾਂ ਸਾਰੇ ਮਸੰਦਾਂ ਨੂੰ ਤਨਖ਼ਾਹੀਏ ਘੋਸ਼ਿਤ ਕਰ ਦਿੱਤਾ।

ਜੋ ਕੁਝ ਖ਼ਤਮ ਕੀਤਾ ਸੀ, ਉਸ ਦੇ ਬਦਲੇ ਵਿਚ ਲੋਕਾਂ ਨੂੰ ਕੋਈ ਗੁਣਾਤਮਿਕ ਵਸਤੂ ਦੇਣਾ ਗੋਬਿੰਦ ਰਾਏ ਲਈ ਜ਼ਰੂਰੀ ਸੀ। ਬੀਰ-ਰਸ ਦਾ ਵਾਤਾਵਰਣ ਤਾਂ ਪਹਿਲੋਂ ਹੀ ਪੈਦਾ ਹੋ ਚੁੱਕਾ ਸੀ ਅਤੇ ਫ਼ੌਜੀ ਅਮਲ ਲਈ ਸਭ ਤਿਆਰ ਸਨ। ਅਜੇ ਪਿਤਾ ਦੇ ਕਤਲ ਦਾ ਬਦਲਾ ਨਹੀਂ ਲਿਆ ਗਿਆ ਸੀ ਅਤੇ ਧਾਰਮਿਕ ਘੱਟ-ਗਿਣਤੀ ਦਾ ਕਤਲ ਉਸੇ ਤਰ੍ਹਾਂ ਹੀ ਚੱਲ ਰਿਹਾ ਸੀ। ਅਗਲਾ ਕ਼ਦਮ ਕੌਤਕ ਰੂਪ ਹੋਣਾ ਜ਼ਰੂਰੀ ਸੀ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਜੀਵਨ ਦੇ ਉਦੇਸ਼ ਬਾਰੇ 'ਬਚਿੱਤਰ ਨਾਟਕ' ਵਿਚ ਪੂਰੀ ਤਰ੍ਹਾਂ ਲਿਖ ਦਿੱਤਾ ਸੀ। ਹੁਣ ਉਨ੍ਹਾਂ ਨੇ ਇਸ ਬਾਰੇ ਐਲਾਨ ਕਰਨ ਅਤੇ ਉਦੇਸ਼ ਨੂੰ ਅਮਲੀ ਰੂਪ ਦੇਣ ਦਾ ਫ਼ੈਸਲਾ ਕੀਤਾ। ਸੰਨ 1699 ਦੇ ਆਰੰਭ ਵਿਚ ਹੀ ਉਨ੍ਹਾਂ ਆਪਣੇ ਸੇਵਕਾਂ ਨੂੰ ਸੱਦਾ ਘਲਾਇਆ ਕਿ ਵਿਸ਼ੇਸ਼ ਉੱਦਮ ਕਰਕੇ ਉਹ ਅਨੰਦਪੁਰ ਵਿਖੇ ਵੈਸਾਖੀ ਦੇ ਸਮਾਗਮ 'ਤੇ ਪੁੱਜਣ। ਉਨ੍ਹਾਂ ਵਿਸ਼ੇਸ਼ ਤੌਰ ਤੇ ਇਹ ਸੰਦੇਸ਼ਾ ਭਿਜਵਾਇਆ ਕਿ ਆਉਣ ਵਾਲੇ ਸਿੱਖ ਆਪਣੇ ਕੇਸ ਅਤੇ ਦਾੜ੍ਹੀਆਂ ਦੀ ਹਜਾਮਤ ਨਾ ਕਰਵਾਉਣ। 'ਸੂਰਜ ਪ੍ਰਕਾਸ਼' ਦੇ ਕਰਤਾ ਅਨੁਸਾਰ : "ਸਿਖ ਕੇਸਾਂ ਸਹਿਤ ਪਹੁੰਚਣ। ਇਕ ਵਾਰ ਜਿਹੜਾ ਸਿੱਖ ਬਣ ਗਿਆ ਉਸ ਨੂੰ ਕਦੇ ਹਜਾਮਤ ਨਹੀਂ ਕਰਾਉਣੀ ਚਾਹੀਦੀ। ਉਸ ਨੂੰ ਤਮਾਖੂ ਨਹੀਂ ਪੀਣਾ ਚਾਹੀਦਾ ਅਤੇ ਖੰਡੇ ਦਾ ਅੰਮ੍ਰਿਤਪਾਨ ਕਰਨਾ ਚਾਹੀਦਾ ਹੈ।"

ਦੱਸਿਆ ਜਾਂਦਾ ਹੈ ਕਿ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਹੋਇਆ ਅਤੇ ਸੰਗਤਾਂ ਦੂਰੋਂ-ਦੂਰੋਂ ਆਈਆਂ। ਸਵੇਰ ਦੇ ਦੀਵਾਨ ਵਿਚ ਕੀਰਤਨ ਤੋਂ ਉਪਰੰਤ ਗੁਰੂ ਜੀ ਉਠੇ। ਉਨ੍ਹਾਂ ਦੇ ਹੱਥ ਵਿਚ ਤਲਵਾਰ ਸੀ। ਤਲਵਾਰ ਨੂੰ ਉਨ੍ਹਾਂ ਮਿਆਨ ਵਿਚੋਂ ਬਾਹਰ ਕੱਢਿਆ। ਗੁਰੂ ਜੀ ਨੇ ਮੰਗ ਕੀਤੀ ਕਿ ਪੰਜ ਸਿੱਖ ਨਿੱਤਰਨ ਜਿਹੜੇ ਸੀਸ ਦੇਣ ਲਈ ਤਿਆਰ ਹੋਣ। ਸੰਗਤਾਂ ਸੋਚ ਵਿਚ ਡੁੱਬ ਗਈਆਂ। ਇਕ ਸਿੱਖ ਉਠਿਆ ਅਤੇ ਉਸ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਉਸ ਸਿੱਖ ਨੂੰ ਗੁਰੂ ਜੀ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਪਿੱਛੋਂ ਗੁਰੂ ਜੀ ਬਾਹਰ ਆਏ ਤਾਂ ਉਨ੍ਹਾਂ ਦੇ ਹੱਥ ਵਿਚ ਲਹੂ ਦੀ ਲਿੱਬੜੀ ਤਲਵਾਰ ਸੀ। ਉਨ੍ਹਾਂ ਇਕ ਹੋਰ ਸਿੱਖ ਦੀ ਮੰਗ ਕੀਤੀ। ਇਸ ਪ੍ਰਕਾਰ ਉਨ੍ਹਾਂ ਪੰਜਾਂ ਸਿੱਖਾਂ ਨੂੰ ਜਿਨ੍ਹਾਂ ਸੀਸ ਭੇਂਟ ਕੀਤੇ, ਤੰਬੂ ਅੰਦਰ ਕੁਰਬਾਨੀ ਵਾਸਤੇ ਲੈ ਗਏ। ਉਪਰੰਤ ਗੁਰੂ ਜੀ ਇਨ੍ਹਾਂ ਪੰਜਾਂ ਸਿੱਖਾਂ ਨੂੰ ਨਾਲ ਲੈ ਕੇ ਤੰਬੂ ਤੋਂ ਬਾਹਰ ਆਏ (ਤੰਬੂ ਵਿਚ ਉਨ੍ਹਾਂ ਬੱਕਰੇ ਝਟਕਾਏ ਸਨ)। ਗੁਰੂ ਜੀ ਨੇ ਐਲਾਨ ਕੀਤਾ ਕਿ ਇਹ ਮੇਰੇ ਪੰਜ ਪਿਆਰੇ ਹਨ। ਇਹ ਨਵੀਂ ਕੌਮ ਦੀ ਕੜੀ ਹੋਣਗੇ। ਇਹ ਕੌਮ 'ਖਾਲਸਾ' ਹੋਵੇਗੀ। ਪੰਜਾਂ ਦੀ ਗਿਣਤੀ ਪੰਚਾਂ ਵਾਂਗ ਮਹੱਤਵਪੂਰਨ ਹੈ। ਇਸ ਪ੍ਰਥਾਇ ਗੁਰੂ ਜੀ ਦੇ ਇਹ ਬਚਨ ਦੱਸੇ ਜਾਂਦੇ ਹਨ :

ਪੰਚੋਂ ਮੇਂ ਨਿੱਤ ਬਰਨਤ ਹੂੰ।
ਪੰਚ ਮਿਲਨ ਸੇ ਪੀਰਨ ਪੀਰ।

ਨਵੇਂ ਢੰਗ ਨਾਲ ਇਨ੍ਹਾਂ ਪੰਜਾਂ ਨੂੰ ਪਾਹੁਲ ਦਿੱਤੀ ਗਈ। ਪਵਿੱਤਰ ਜਲ ਲਿਆ ਗਿਆ। ਉਸ ਵਿਚ ਪਤਾਸੇ ਰਲਾਏ ਗਏ। ਫਿਰ ਉਸ ਵਿਚ ਖੰਡਾ ਫੇਰਿਆ ਗਿਆ ਅਤੇ ਨਾਲੋ-ਨਾਲ ਪੰਜਾਂ ਬਾਣੀਆਂ ਦਾ ਪਾਠ ਵੀ ਕੀਤਾ ਗਿਆ। ਇਹ ਪੰਜ ਸਿੱਖ ਪਹਿਲੋਂ ਵੱਖ-ਵੱਖ ਬਰਾਦਰੀਆਂ ਵਿਚੋਂ ਸਨ (ਇਕ ਬ੍ਰਾਹਮਣ, ਇਕ ਖੱਤਰੀ, ਅਤੇ ਬਾਕੀ ਤਿੰਨ ਅਖੌਤੀ ਨੀਵੀਆ ਜਾਤਾ ਵਿਚੋਂ ਸਨ)। ਉਨ੍ਹਾਂ ਨੂੰ ਇਕੋ ਬਾਟੇ ਵਿਚੋਂ ਵਾਰੀ-ਵਾਰੀ ਅੰਮ੍ਰਿਤ ਪਿਲਾਇਆ ਗਿਆ। ਇਸ ਦਾ ਭਾਵ ਇਹ ਸੀ ਕਿ ਉਨ੍ਹਾਂ ਨੂੰ ਜਾਤ-ਪਾਤ ਰਹਿਤ ਭਾਈਚਾਰੇ ਵਿਚ ਲੈ ਆਂਦਾ ਗਿਆ ਹੈ, ਜਿਸ ਦਾ ਨਾਮ 'ਖਾਲਸਾ' ਰਖਿਆ ਗਿਆ। ਉਨ੍ਹਾਂ ਦੇ ਹਿੰਦੂ ਨਾਮ ਤਬਦੀਲ ਕੀਤੇ ਗਏ ਅਤੇ ਇਕ ਪਰਿਵਾਰ ਦਾ ਨਾਮ 'ਸਿੰਘ' ਉਨ੍ਹਾਂ ਨਾਲ ਜੋੜਿਆ ਗਿਆ। ਉਨ੍ਹਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਹੋਵੇਗਾ (ਅੰਮ੍ਰਿਤਪਾਨ ਕਰਕੇ ਗੁਰੂ ਜੀ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਏ)। ਉਨ੍ਹਾਂ ਦੀ ਮਾਤਾ, ਮਾਤਾ ਸਾਹਿਬ ਦੇਵਾਂ ਹੋ ਗਈ। (ਇਹ ਗੁਰੂ ਜੀ ਦੇ ਤੀਜੇ ਮਹਿਲ ਸਨ। ਇਨ੍ਹਾਂ ਦੇ ਕੋਈ ਸੰਤਾਨ ਨਹੀਂ ਸੀ। ਗੁਰੂ ਜੀ ਨੇ ਇਨ੍ਹਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ)। ਇਨ੍ਹਾਂ ਦਾ ਜਨਮ ਅਸਥਾਨ ਅਨੰਦਪੁਰ ਸਾਹਿਬ ਹੋ ਗਿਆ। ਅੰਮ੍ਰਿਤਪਾਨ ਕਰਨਾ ਪੁਨਰ-ਜਨਮ ਤੁੱਲ ਹੋ ਗਿਆ। ਜਿਸ ਸਦਕਾ ਉਨ੍ਹਾ ਦਾ ਪਿਛਲਾ ਕਿੱਤਾ (ਕਿਰਤ) ਨਾਸ ਹੋਇਆ (ਉਹ ਸਿਪਾਹੀ ਬਣ ਗਏ)। ਪਰਵਿਾਰਕ ਬੰਧਨ ਤੋਂ ਮੁਕਤ ਹੋ ਗਏ(ਕੁਲ ਨਾਸ) ਅਤੇ ਗੁਰੂ ਗੋਬਿੰਦ ਸਿੰਘ ਦੀ ਸੰਤਾਨ ਹੋ ਗਏ। ਪਹਿਲੇ ਮਤਿ ਨੂੰ ਤਿਲਾਂਜਲੀ ਦੇ ਦਿੱਤੀ ਗਈ ਅਤੇ ਉਹ ਖਾਲਸਾ ਧਰਮ ਵਿਚ ਜੁੜ ਗਏ। ਸਾਰੇ ਕਰਮ-ਕਾਂਡ ਦੇ ਬੰਧਨਾ ਤੋਂ ਮੁਕਤ ਹੋ ਗਏ (ਕਰਮ ਨਾਸ) ਅਤੇ ਸਿੰਘ ਰਹਿਤ ਮਰਿਯਾਦਾ ਦੇ ਧਾਰਨੀ ਹੋ ਗਏ।

ਖਾਲਸੇ ਲਈ ਪੰਜ ਨਿਸ਼ਾਨ ਨਿਰਧਾਰਤ ਕੀਤੇ ਗਏ। ਉਨ੍ਹਾਂ ਆਪਣੇ ਦਾੜ੍ਹੀ-ਕੇਸ ਸਾਬਤ ਰੂਪ ਵਿਚ ਰੱਖਣੇ ਸਨ; ਇਕ ਕੰਘਾ ਕੇਸਾ ਦੀ ਸੰਭਾਲ ਲਈ ਰੱਖਣਾ ਸੀ; ਗੋਡਿਆਂ ਤੀਕਰ ਕੱਛਾ ਪਹਿਨਣਾ ਸੀ; ਜਿਹੜਾ ਉਸ ਸਮੇਂ ਸਿਪਾਹੀਆਂ ਦੀ ਵਰਦੀ ਸੀ; ਉਨ੍ਹਾਂ ਦੀ ਸੱਜੀ ਕਲਾਈ ਤੇ ਲੋਹੇ,ਦਾ ਕੜਾ ਹੋਣਾ ਚਾਹੀਦਾ ਸੀ ਅਤੇ ਕਿਰਪਾਨ ਨਾਲ ਸਦਾ ਹੀ ਸਜੇ ਹੋਏ ਹੋਣੇ ਚਾਹੀਦੇ ਸਨ। ਇਨ੍ਹਾਂ ਪੰਜ ਕਕਾਰਾਂ ਤੋਂ ਇਲਾਵਾ ਨਵੇਂ ਸਿੰਘ ਸਜੇ ਆਦਮੀਆਂ ਨੇ ਰਹਿਤ ਦੇ ਚਾਰ ਮੁੱਖ ਨਿਯਮ ਗ੍ਰਹਿਣ ਕਰਨੇ ਸਨ। ਸਰੀਰ ਦੇ ਕਿਸੇ ਵੀ ਹਿੱਸੇ ਦੇ ਰੋਮ ਦੀ ਬੇਅਦਬੀ ਨਹੀਂ ਕਰਨੀ, ਕੱਟਣਾ ਨਹੀਂ। ਤਮਾਖੂ ਨਹੀਂ ਪੀਣਾ ਜਾ ਖਾਣਾ, ਜਾਂ ਨਸ਼ੇ ਦੀ ਵਰਤੋਂ ਨਹੀਂ ਕਰਨੀ, ਕੁੱਠਾ (ਹਲਾਲ) ਨਹੀਂ ਖਾਣਾ, ਜਿਸ ਦੀ ਵਰਤੋਂ ਮੁਸਲਮਾਨ ਕਰਦੇ ਸਨ, ਕੇਵਲ ਝਟਕਾ ਹੀ ਵਰਤਣਾ ਸੀ, ਕਿਸੇ ਮੁਸਲਮਾਨ ਇਸਤਰੀ ਦਾ ਸਤ ਭੰਗ ਨਹੀਂ ਕਰਨਾ। ਉਸ ਵੇਲੇ ਸਿੱਖਾ ਦੀ ਮੁਸਲਮਾਨਾਂ ਨਾਲ ਲੜਾਈ ਚਲ ਰਹੀ ਸੀ। ਪਰ ਅੱਗੋਂ ਏਕਾ ਨਾਰੀ ਜਤੀ ਦਾ ਨਿਯਮ ਧਾਰਨ ਕੀਤਾ ਗਿਆ। ਜਦੋਂ ਅੰਮ੍ਰਿਤਪਾਨ ਕਰਨ ਦੀ ਮਰਿਯਾਦਾ ਪੂਰੀ ਹੋ ਗਈ ਤਾਂ ਗੁਰੂ ਜੀ ਨੇ ਨਵੇਂ ਸਜੇ ਸਿੰਘਾ ਲਈ ਜੈਕਾਰਾ ਬੁਲਾਇਆ :

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪੰਜਾ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਗੋਬਿੰਦ ਰਾਏ ਨੇ ਉਨ੍ਹਾਂ ਪਾਸੋਂ ਹੀ ਅੰਮ੍ਰਿਤ ਦੀ ਦਾਤ ਦੀ ਯਾਚਨਾ ਕੀਤੀ। ਗੁਰੂ ਉਨ੍ਹਾਂ ਤੋਂ ਉੱਚਾ ਨਹੀਂ ਸੀ। ਉਨ੍ਹਾਂ ਨੇ ਆਪਣੀ ਹਸਤੀ ਖਾਲਸੇ ਵਿਚ ਮਿਲਾ ਦਿੱਤੀ ਸੀ, ਖਾਲਸਾ ਮੇਰੋ ਰੂਪ ਹੈ ਖਾਸ। ਇਸ ਸੰਬੰਧ ਵਿਚ ਭਾਈ

ਗੁਰਦਾਸ ਦੀ ਤੁਕ ਬੜੀ ਢੁੱਕਵੀਂ ਹੈ :

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਕਿਹਾ ਜਾਂਦਾ ਹੈ ਇਕੱਤਰ ਹੋਈ ਸਾਧ-ਸੰਗਤ ਨੂੰ ਗੁਰੂ ਗੋਬਿੰਦ ਸਿੰਘ ਨੇ ਕਾਫ਼ੀ ਲੰਬਾ ਵਿਖਿਆਨ ਕੀਤਾ : "ਮੇਰੀ ਇੱਛਾ ਹੈ ਕਿ ਸਭ ਇਕ ਧਰਮ ਅਤੇ ਇਕ ਪੰਥ ਦੇ ਧਾਰਨੀ ਹੋ ਜਾਓ ਅਤੇ ਮਜ਼ਹਬਾਂ ਦੇ ਬਖੇੜੇ ਦੂਰ ਕਰ ਦਿਓ। ਹਿੰਦੂ ਜਾਤੀਆਂ ਲਈ ਜੋ ਸ਼ਾਸਤਰਾਂ ਵਿਚ ਵੱਖਰਾ-ਵੱਖਰਾ ਵਿਧਾਨ ਹੈ, ਉਸ ਨੂੰ ਤਿਲਾਂਜਲੀ ਦੇ ਕੇ ਇਕ ਦੂਜੇ ਨਾਲ ਵਰਤੋਂ-ਵਿਹਾਰ ਕਰੋ। ਕੋਈ ਵੀ ਆਪਣੇ ਆਪ ਨੂੰ ਦੂਜੇ ਤੋਂ ਉੱਚਾ ਨਾ ਸਮਝੇ। ਬਸ ਗੁਰੂ ਨਾਨਕ ਅਤੇ ਉਸ ਦੀ ਜੋਤਿ ਜੋ ਅਗਲੇ ਗੁਰੂਆਂ ਵਿਚ ਪ੍ਰਕਾਸਮਾਨ ਹੋਈ, ਉਸ 'ਤੇ ਹੀ ਵਿਸ਼ਵਾਸ ਰੱਖੋ। ਚੌਹਾਂ ਜਾਤੀਆਂ ਦੇ ਲੋਕ ਇਕੱਠੇ ਹੋ ਕੇ ਅੰਮ੍ਰਿਤਪਾਨ ਕਰਨ। ਇਕੋ ਬਾਟੇ ਵਿਚੋਂ ਛਕਣ ਅਤੇ ਇਕ ਦੂਜੇ ਵਿਰੁੱਧ ਹੀਣ-ਭਾਵਨਾ ਨਾ ਰੱਖਣ।" ਅਜਿਹੀ ਰੀਪੋਰਟ ਫ਼ਾਰਸੀ ਦੇ ਇਤਿਹਾਸਕਾਰ ਗੁਲਾਮ ਮੁਹੀਉਦੀਨ ਨੇ ਮੁਗ਼ਲ ਦਰਬਾਰ ਵਿਚ ਭੇਜੀ ਸੀ।

ਮੁਗ਼ਲ ਦਰਬਾਰ ਦਾ ਖ਼ਬਰ ਦੇਣ ਵਾਲਾ ਜਿਹੜਾ ਉਸ ਸਮੇਂ ਹਾਜ਼ਰ ਸੀ, ਇਉਂ ਵੀ ਲਿਖਦਾ ਹੈ, "ਜਦੋਂ ਗੁਰੂ ਨੇ ਇਸ ਤਰ੍ਹਾਂ ਸੰਗਤ ਨੂੰ ਸੰਬੋਧਨ ਕੀਤਾ ਤਾਂ ਬਹੁਤ ਸਾਰੇ ਬ੍ਰਾਹਮਣ ਅਤੇ ਖੱਤਰੀ ਉਠ ਕੇ ਕਹਿਣ ਲੱਗੇ ਕਿ ਅਸੀਂ ਗੁਰੂ ਨਾਨਕ ਅਤੇ ਹੋਰ ਗੁਰੂਆਂ ਦਾ ਮਤਿ ਧਾਰਣ ਕੀਤਾ ਸੀ। ਕੁਝ ਹੋਰ ਕਹਿਣ ਲੱਗੇ ਕਿ ਅਸੀਂ ਉਸ ਮਤਿ ਦੇ ਪੈਰੋਕਾਰ ਨਹੀਂ ਬਣ ਸਕਦੇ ਜਿਹੜਾ ਵੇਦਾਂ-ਸ਼ਾਸਤਰਾਂ ਦੇ ਵਿਪ੍ਰੀਤ ਹੋਵੇ। ਇਕ ਛੋਕਰੇ ਦੇ ਕਹਿਣ 'ਤੇ ਅਸੀਂ ਉਸ ਪੁਰਾਤਨ ਗਿਆਨ ਨੂੰ ਤਿਲਾਂਜਲੀ ਦੇ ਦੇਈਏ ਜਿਹੜੀ ਸਾਨੂੰ ਪੂਰਵਜਾਂ ਤੋਂ ਪ੍ਰਾਪਤ ਹੋਈ ਹੈ। ਕੋਈ 20 ਹਜ਼ਾਰ ਦੇ ਕਰੀਬ ਆਦਮੀ ਉਠ ਕੇ ਖਲੋ ਗਏ ਅਤੇ ਬੇਨਤੀ ਕੀਤੀ ਕਿ ਉਹ ਗੁਰੂ ਦੇ ਹੁਕਮ ਦੀ ਪਾਲਣਾ ਕਰਨਗੇ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਦੈਵੀ ਮਿਸ਼ਨ ਵਿਚ ਯਕੀਨ ਰੱਖਦੇ ਹਨ।"

ਸਭ ਤੋਂ ਮੁੱਖ ਸੀ ਕੇਸ ਰੱਖਣੇ ਅਤੇ ਦਾਹੜੀ ਰੱਖਣੀ। ਅਜਿਹਾ ਰਿਸ਼ੀਆਂ-ਮੁਨੀਆਂ ਦੇ ਵੇਲੇ ਤੋਂ ਹੁੰਦਾ ਆ ਰਿਹਾ ਸੀ। (ਇਸ ਹੁਕਮ ਨਾਲ ਸਿੱਖਾਂ ਅੰਦਰ ਕੋਈ ਹੈਰਾਨੀ ਦੀ ਭਾਵਨਾ ਨਹੀਂ ਆਈ ਕਿਉਂ ਜੋ ਉਨ੍ਹਾਂ ਵਾਸਤੇ ਇਹ ਨਵੀਂ ਗੱਲ ਨਹੀਂ ਸੀ)। ਗੁਰੂ ਗੋਬਿੰਦ ਸਿੰਘ ਸੰਤ-ਸਿਪਾਹੀਆਂ ਦੀ ਅਜਿਹੀ ਫ਼ੌਜ ਸਾਜਣਾ ਚਾਹੁੰਦੇ ਸਨ ਜਿਹੜੀ ਧਰਮ ਦੀ ਖ਼ਾਤਰ ਲੋੜ ਪੈਣ 'ਤੇ ਸ਼ਸਤਰ ਦੀ ਵਰਤੋਂ ਕਰ ਸਕੇ। ਬਾਕੀ ਦੇ ਨਿਸ਼ਾਨ ਇਸ ਦੇ ਪੂਰਕ ਸਨ ਅਤੇ ਫ਼ੌਜ ਜੀਵਨ ਲਈ ਜ਼ਰੂਰੀ ਸਨ।

ਨਵੀਂ ਰਹਿਤ ਤੋਂ ਇਲਾਵਾ ਮਹੱਤਵਪੂਰਨ ਸਵਾਲ ਇਹ ਸੀ ਕਿ ਗੁਰੂ ਗੋਬਿੰਦ ਗੁਰੂ ਨਾਨਕ ਦੇ ਮਤਿ ਵਿਚ ਕੋਈ ਤਬਦੀਲੀ ਲਿਆਉਣਾ ਚਾਹੁੰਦੇ ਸਨ। ਹਾਂ ਵੀ ਅਤੇ ਨਾਹ ਵੀ। ਜਿਹੜੇ ਮੁੱਖ ਵਿਸ਼ਵਾਸ ਸਨ, ਉਨ੍ਹਾਂ ਵਿਚ ਕੋਈ ਤਬਦੀਲੀ ਗੁਰੂ ਗੋਬਿੰਦ ਸਿੰਘ ਨੇ ਨਹੀਂ ਲਿਆਂਦੀ। ਉਨ੍ਹਾਂ ਦਾ ਮਤਿ ਵੀ ਗੁਰੂ ਨਾਨਕ ਦਾ ਹੀ ਸੀ। ਇਕ ਅਕਾਲ ਪੁਰਖ ਦੀ ਓਟ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ 'ਜਾਪੁ ਸਾਹਿਬ' ਵਿਚ ਇਸ ਤਰ੍ਹਾਂ ਬਿਆਨ ਕੀਤਾ :

ਚੱਕ੍ਰ ਚਿਹਨ ਅਰੁ ਬਰਨ ਜਾਤਿ
ਅਰ ਪਾਤਿ ਨਹਿ ਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ
ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭ ਭਉ ਪ੍ਰਕਾਸ

ਅਮਿਤੋਜ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ
ਸਾਹਾਣਿ ਗਣਿਜੈ ॥
ਤ੍ਰਿਭਵਨ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਨ ਤ੍ਰਿਣ ਕਹਤ ॥
ਕਵਨ ਕਰਮ ਨਾਮ ਬਰਨਤ ਸੁਮਤ ॥

ਉਨ੍ਹਾਂ ਮੂਰਤੀ-ਪੂਜਾ ਦਾ ਖੰਡਨ ਕੀਤਾ ਅਤੇ ਗੁਰਿਆਈ ਪੱਕੇ ਤੌਰ ਤੇ ਗੁਰੂ ਗ੍ਰੰਥ ਨੂੰ ਸਾਹਿਬ ਸੌਂਪ ਦਿੱਤੀ ਅਤੇ ਖਾਲਸਾ ਪੰਥ ਨੂੰ ਨਿਰੰਤਰਤਾ ਪਰਦਾਨ ਕੀਤੀ। ਉਹ ਸਭ ਰਵਾਇਤਾਂ ਦੇ ਗਿਆਤਾ ਸਨ। ਉਹ ਵਿਸ਼ੇਸ਼ ਤੌਰ ਤੇ ਸੁਚੇਤ ਸਨ ਕਿ ਉਸ ਦੇ ਪੈਰੋਕਾਰ ਉਸ ਨੂੰ ਹੀ ਆਤਮਕ ਆਗੂ ਮੰਨਣਗੇ। 'ਬਚਿਤਰ ਨਾਟਕ' ਵਿਚ ਉਨ੍ਹਾਂ ਇਸ ਪ੍ਰਕਾਰ ਸਪੱਸ਼ਟ ਕੀਤਾ ;

ਜੋ ਹਮ ਕੋ ਪ੍ਰਮੇਸਰ ਉਚਰਿ ਹੈ ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥
ਮੋ ਕੋ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨਾ ਰੰਚ ਪਛਾਨੋ ॥
ਮੈਂ ਹੋਂ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ ॥

ਗੁਰੂ ਨਾਨਕ ਵਾਂਗ ਗੁਰੂ ਗੋਬਿੰਦ ਸਿੰਘ ਦਾ ਵੀ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਰਬ ਰੋਗਾਂ ਦਾ ਔਖਧ ਨਾਮ ਹੀ ਹੈ। ਅਰਦਾਸ ਹੈ। ਉਨ੍ਹਾਂ ਪੂਜਾ ਵਿਚ ਕੋਈ ਤਬਦੀਲੀ ਨਹੀਂ ਕੀਤੀ। ਸ਼ਾਸਤਰ ਆਦਿ ਗ੍ਰੰਥ ਹੀ ਰਿਹਾ। ਆਪਣੀ ਰਚਨਾ ਨੂੰ ਇਸ ਦੇ ਬਰਾਬਰ ਨਹੀਂ ਰਖਿਆ। ਉਸ ਸੰਨਿਆਸ ਨੂੰ ਪਰਵਾਨ ਨਹੀਂ ਕੀਤਾ ਅਤੇ ਜਾਤੀ ਦੇ ਭੇਦਾਂ ਦੀ ਨਿੰਦਾ ਕੀਤੀ। ਉਨ੍ਹਾਂ ਦਾ ਮਾਟੋ ਸੀ :

ਕੋਈ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ॥
ਕੋਈ ਬ੍ਰਹਮਚਾਰੀ ਕੋਈ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਗੁਰੂ ਨਾਨਕ ਵਾਂਗ ਉਨ੍ਹਾਂ ਦਾ ਵੀ ਵਿਸ਼ਵਾਸ ਸੀ ਕਿ ਇਸ ਜੀਵਨ ਦੇ ਸਫ਼ਰ ਦਾ ਅੰਤ ਉਸ ਜੋਤਿ ਵਿਚ ਲੀਨ ਹੋ ਜਾਣਾ ਹੈ। 'ਅਕਾਲ ਉਸਤਤ' ਵਿਚ ਆਪ ਫੁਰਮਾਉਂਦੇ ਹਨ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੋਇ ਕੈ ਫਿਰ
ਆਗ ਮੈਂ ਮਿਲਾਹਿਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,

ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿਗੇ ॥

ਬਸ ਜਿਹੜੀ ਤਬਦੀਲੀ ਧਰਮ ਵਿਚ ਗੁਰੂ ਗੋਬਿੰਦ ਸਿੰਘ ਨੇ ਲਿਆਂਦੀ ਉਹ ਸਿੱਕੇ ਦਾ ਦੂਸਰਾ ਪਾਸਾ ਦਿਖਾਣ ਦੀ ਸੀ। ਗੁਰੂ ਨਾਨਕ ਨੇ ਨੇਕੀ ਦਾ ਪ੍ਰਚਾਰ ਕੀਤਾ ਸੀ ਤਾਂ ਗੁਰੂ ਗੋਬਿੰਦ ਸਿੰਘ ਨੇ ਬਦੀ ਨੂੰ ਨੰਗਿਆ ਕੀਤਾ। ਇਕ ਨੇ ਪੜੋਸੀ ਦੇ ਪਿਆਰ ਦਾ ਪ੍ਰਚਾਰ ਕੀਤਾ ਤਾਂ ਦੂਜੇ ਨੇ ਅਵੱਗਿਆ ਕਰਨ ਵਾਲੇ ਨੂੰ ਦੰਡ ਦੇਣ ਦੀ ਗੱਲ ਕੀਤੀ। ਗੁਰੂ ਨਾਨਕ ਦਾ ਰੱਬ ਸੰਤਾਂ ਨੂੰ ਪਿਆਰ ਕਰਦਾ ਸੀ ਤਾਂ ਗੁਰੂ ਗੋਬਿੰਦ ਸਿੰਘ ਦਾ ਅਕਾਲ ਪੁਰਖ ਉਸ ਦੇ ਸ਼ੱਤਰੂਆਂ ਦਾ ਸੰਘਾਰ ਕਰਦਾ ਸੀ।

ਇਹ ਕਹਿਣਾ ਅਕਾਰਥ ਹੋਵੇਗਾ ਕਿ ਇਸ ਦਾ ਪ੍ਰਭਾਵ ਨਿਰਾ ਧਾਰਮਿਕ ਰੂਪ ਵਿਚ ਸੀ। ਇਸ ਦੇ ਸਿੱਟੇ ਤਾਂ ਥੋੜ੍ਹੇ ਮਹੀਨਿਆਂ ਵਿਚ ਹੀ ਉਭਰ ਕੇ ਅੱਗੇ ਆਏ। ਅੰਮ੍ਰਿਤਪਾਨ ਕਰਵਾਉਣ ਦੇ ਸਮਾਗਮਾਂ ਵਿਚ ਅਮਨ ਅਤੇ ਸ਼ਾਂਤੀ ਰੱਖਣ ਵਾਲੇ ਲੋਕ ਫ਼ੌਜੀ ਭਾਈਚਾਰੇ ਵਿਚ ਤਬਦੀਲ ਹੁੰਦੇ ਗਏ। ਅਨੰਦਪੁਰ ਸਾਹਿਬ ਦੀਆ ਪਹਾੜੀਆਂ ਨਗਾਰੇ ਦੀ ਚੋਟ ਅਤੇ ਜੈਕਾਰਿਆਂ ਨਾਲ ਗੂੰਜ ਉਠੀਆ। ਗੁਰੂ ਗੋਬਿੰਦ ਸਿੰਘ ਨੇ ਹੁਕਮ ਕੀਤਾ ਕਿ ਹਿੰਦੂਆਂ ਦੇ ਤਿਉਹਾਰ ਹੋਲੀ ਤੋਂ ਦੂਜੇ ਦਿਨ ਹੋਲਾ ਮਹੱਲਾ ਮਨਾਉਣਗੇ ਜਿਸ ਵਿਚ ਸਿੱਖ ਜਥੇਬੰਦੀਆਂ ਆਪੋ ਵਿਚ ਬਨਾਉਟੀ ਲੜਾਈਆਂ ਲੜਨਗੀਆਂ।

ਇਸ ਦੇ ਨਾਲ ਹੀ ਸਿੱਖ ਕੌਮ ਦੇ ਦ੍ਰਿਸ਼ਟੀਕੋਣ ਵਿਚ ਵੀ ਅੰਤਰ ਆ ਗਿਆ। ਹੁਣ ਤਕ ਅਗਵਾਈ ਸ਼ਹਿਰੀ ਖ਼ੱਤਰੀਆਂ ਦੇ ਹੱਥ ਸੀ, ਜਿਹੜੇ ਸ਼ਸਤਰਾਂ ਦੇ ਧਾਰਨੀ ਨਹੀਂ ਸਨ ਅਤੇ ਇਨ੍ਹਾਂ ਵਿਚੋਂ ਹੀ ਮਸੰਦ ਲਏ ਗਏ ਸਨ। ਉਹ ਗੁਰੂ ਨਾਨਕ ਦਾ ਜਾਤ-ਪਾਤ ਤੋਂ ਰਹਿਤ ਭਾਈਚਾਰਾ ਉਪਰੇ ਤੌਰ ਤੇ ਮੰਨਦੇ ਸਨ ਪਰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਣ ਵਿਚ ਝਿਜਕ ਮਹਿਸੂਸ ਕਰਦੇ ਸਨ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤਪਾਨ ਕਰਨ ਦੀ ਮਰਿਆਦਾ ਵਿਚ ਰਖਿਆ ਸੀ। ਉਨ੍ਹਾਂ ਵਿਚੋਂ ਥੋੜ੍ਹੇ ਨਵੀਂ ਮਰਿਆਦਾ ਦੇ ਧਾਰਨੀ ਹੋਏ। ਉਹ ਸਿੱਖ ਹੀ ਰਹੇ ਅਤੇ ਸਿੰਘ ਨਾ ਸਜੇ ਉਨ੍ਹਾਂ ਨੂੰ 'ਸਹਿਜਧਾਰੀ' ਕਿਹਾ ਜਾਂਦਾ। ਇਹ ਕੇਸਾਧਾਰੀ ਸਿੰਘਾਂ ਨਾਲੋਂ ਵੱਖਰੇ ਰਹੇ। ਪਰ ਜਿਹੜੇ ਲੋਕਾਂ ਨੇ ਧਰਮ ਤਬਦੀਲ ਕੀਤਾ ਉਨ੍ਹਾਂ ਵਿਚ ਵਾਹੀ-ਹਾਹੀ ਕਰਨ ਵਾਲੇ ਜੱਟ ਸਨ ਜਿਹੜੇ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿਚੋਂ ਸਨ। ਜਾਤੀ-ਪ੍ਰਣਾਲੀ ਵਿਚ ਇਨ੍ਹਾਂ ਨੂੰ ਨੀਵਾਂ ਦਰਜਾ ਦਿੱਤਾ ਜਾਂਦਾ ਸੀ। ਇਨ੍ਹਾਂ ਨੇ ਖੱਤਰੀਆਂ ਹੱਥੋਂ ਅਗਵਾਈ ਆਪਣੇ ਹੱਥ ਵਿਚ ਲੈ ਲਈ। ਸਿੱਖ ਧਰਮ ਵਿਚ ਜੁਝਾਰੂ ਰੰਗ ਆਉਣ ਨਾਲ ਪੰਜਾਬ ਵਿਚ ਜੱਟਾਂ ਦੀ ਤਾਕਤ ਵਧ ਗਈ।

ਸਿੱਖ ਇਤਿਹਾਸਕਾਰ ਇਹ ਮੰਨਦੇ ਹਨ ਕਿ ਅਨੰਦਪੁਰ ਸਾਹਿਬ ਵਿਖੇ ਵੀਹ ਹਜ਼ਾਰ ਲੋਕਾਂ ਦੇ ਅੰਮ੍ਰਿਤਪਾਨ ਕਰਨ ਉਪਰੰਤ ਉੱਤਰੀ ਭਾਰਤ ਵਿਚ ਅੰਮ੍ਰਿਤ ਛਕਣ ਦੀ ਲਹਿਰ ਤੇਜ਼ ਹੋ ਗਈ। ਪੰਜਾਬ ਦੇ ਮਾੜਕੂ ਕਿਸਾਨਾਂ ਵਿਚ ਗੁਰੂ ਜੀ ਨੇ ਨਵਾਂ ਜੋਸ਼ ਭਰ ਦਿੱਤਾ ਤੇ ਕਿਹਾ ਕਿ ਹੱਥ ਵਿਚ ਰੂਹਾਨੀ ਗਿਆਨ ਦਾ ਝਾੜੂ ਲੈ ਕੇ ਅਧੀਨਗੀ ਦੀ ਗੰਦਗੀ ਬੁਹਾਰ ਦਿਓ। ਗੁਰੂ ਗੋਬਿੰਦ ਸਿੰਘ ਨੇ ਬਾਜ਼ਾਂ ਨਾਲ ਚਿੜੀਆਂ ਲੜਾ ਦਿੱਤੀਆਂ ਅਤੇ ਸਵਾ ਲੱਖ ਦਾ ਮੁਕਾਬਲਾ ਇਕ ਕੋਲੋਂ ਕਰਵਾ ਦਿੱਤਾ। ਕੁਝ ਹੀ ਮਹੀਨਿਆਂ ਅੰਦਰ ਨਵੀਂ ਕੌਮ ਅੱਗੇ ਆਉਂਦੀ ਗਈ। ਦਾੜ੍ਹੀ-ਕੇਸਾਂ ਵਾਲੀ ਅਤੇ ਸਜਾਈਆਂ ਹੋਈਆਂ ਦਸਤਾਰਾਂ ਵਾਲੀ, ਜਿਸ ਦੀ ਭਾਵਨਾ ਸੀ ਕਿ ਨਵੀਂ ਹੀ ਲੋਕ ਭਲੇ ਦੀ ਜਥੇਬੰਦੀ ਉਸਾਰੀ ਜਾਵੇਗੀ—ਉਨ੍ਹਾਂ ਦਾ ਜੈਕਾਰਾ ਸੀ :

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ ॥
ਖੁਆਰ ਹੋਏ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ ॥

ਪਹਾੜੀ ਰਾਜੇ ਇਹ ਜਰ ਨਾ ਸਕੇ ਕਿ ਇਕ ਬਹਾਦਰ ਕੌਮ ਉਨ੍ਹਾਂ ਦੇ ਵਿਚਕਾਰ ਵਧੇ-ਫੁੱਲੇ। ਵਿਸ਼ੇਸ਼ ਕਰਕੇ ਬਿਲਾਸਪੁਰ ਦੇ ਰਾਜੇ ਅੰਦਰ ਵਧੇਰੇ ਡਰ ਪੈਦਾ ਹੋ ਗਿਆ। ਉਨ੍ਹਾਂ ਇਹ ਵਿਚਾਰ ਕੀਤਾ ਕਿ ਜੇਕਰ ਹੁਣ ਇਸ ਦੀ ਰੋਕ ਲਈ ਕੋਈ ਕਦਮ ਨਾ ਚੁੱਕਿਆ ਗਿਆ ਤਾਂ ਮੁਗ਼ਲ ਹਕੂਮਤ ਦੀ ਕਰੋਪੀ ਉਨ੍ਹਾਂ 'ਤੇ ਟੁੱਟ ਪਵੇਗੀ।

ਬਿਲਾਸਪੁਰ ਦੇ ਰਾਜੇ ਨੇ ਆਪਣੇ ਅਮੀਰਾਂ-ਵਜ਼ੀਰਾਂ ਨਾਲ ਸਲਾਹ-ਮਸ਼ਵਰਾ ਕੀਤਾ। ਉਨ੍ਹਾਂ ਇਹ ਸਵੀਕਾਰ ਕਰ ਲਿਆ ਕਿ ਗੁਰੂ ਜੀ ਨੂੰ ਪਹਾੜੀ ਰਾਜ 'ਚੋਂ ਕੱਢ ਦਿੱਤਾ ਜਾਵੇ। ਪਹਿਲੋਂ ਉਨ੍ਹਾਂ ਗੁਰੂ ਜੀ ਨੂੰ ਉਕਸਾਉਣ ਦੇ ਯਤਨ ਕੀਤੇ। ਜਿਸ ਜ਼ਮੀਨ 'ਤੇ ਗੁਰੂ ਜੀ ਰਹਿੰਦੇ ਸਨ ਉਸ ਦਾ ਕਿਰਾਇਆ ਬਿਲਾਸਪੁਰ ਵੱਲੋਂ ਮੰਗਿਆ ਗਿਆ। ਗੁਰੂ ਜੀ ਨੇ ਜਵਾਬ ਦਿੱਤਾ ਕਿ ਇਹ ਜ਼ਮੀਨ ਉਨ੍ਹਾਂ ਦੇ ਪਿਤਾ ਜੀ ਨੇ ਖ਼ਰੀਦੀ ਸੀ, ਇਸ ਲਈ ਕਿਰਾਏ ਦਾ ਸਵਾਲ ਹੀ ਨਹੀਂ ਉਠਦਾ। ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ ਅੰਨ-ਦਾਣਾ ਅੰਦਰ ਜਾਣਾ ਬੰਦ ਕਰ ਦਿੱਤਾ। ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ, ਜਿਹੜਾ ਅਜੇ ਚੌਦਾਂ ਸਾਲ ਦਾ ਹੀ ਸੀ, ਦੀ ਅਗਵਾਈ ਹੇਠ ਇਹ ਘੇਰਾ ਕਈ ਵਾਰ ਤੋੜਿਆ ਗਿਆ। ਪਰ ਬਾਕਾਇਦਾ ਤੌਰ 'ਤੇ ਰਸਦ ਲਿਆਉਣ ਦੀ ਕਠਿਨਾਈ ਹੀ ਰਹੀ। ਇਸ ਲਈ ਗੁਰੂ ਜੀ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਦੇ ਨੇੜੇ ਇਕ ਪਿੰਡ ਨਿਰਮੂਹ ਵਿਚ ਆ ਗਏ। ਬਿਲਾਸਪੁਰ ਦੇ ਰਾਜੇ ਨੇ ਉਨ੍ਹਾਂ ਦੀਆਂ ਫ਼ੌਜਾਂ ਨਾਲ ਟੱਕਰ ਲਈ ਪਰ ਹਾਰ ਖਾਧੀ।

ਪਹਾੜੀ ਰਾਜਿਆਂ ਨੇ ਇਹ ਦੇਖ ਲਿਆ ਸੀ ਕਿ ਗੁਰੂ ਜੀ ਬਹੁਤ ਸ਼ਕਤੀਸ਼ਾਲੀ ਹਨ। ਇਸ ਲਈ ਉਨ੍ਹਾਂ ਬਾਦਸ਼ਾਹ ਪਾਸ ਸਹਾਇਤਾ ਲਈ ਬੇਨਤੀ ਕੀਤੀ। ਪਹਾੜੀ ਫ਼ੌਜਾਂ ਨਾਲ ਸਰਹੰਦ ਅਤੇ ਲਾਹੌਰ ਤੋਂ ਮੁਗ਼ਲ ਫ਼ੌਜਾਂ ਆ ਮਿਲੀਆਂ ਅਤੇ ਨਿਰੋਮਹ ਵਿਖੇ ਗੁਰੂ ਜੀ ਨੂੰ ਘੇਰ ਲਿਆ ਗਿਆ। ਖ਼ਾਲਸੇ ਨੇ ਉਨ੍ਹਾਂ ਨੂੰ ਰੋਕ ਪਾਈ ਅਤੇ ਚੌਵੀ ਘੰਟੇ ਦੀ ਭਾਰੀ ਲੜਾਈ ਉਪਰੰਤ ਘੇਰਾ ਤੋੜ ਦਿੱਤਾ ਗਿਆ। ਮੁਗ਼ਲਾਂ ਵੱਲੋਂ ਇਨ੍ਹਾਂ ਨੂੰ ਫਸਾਉਣ ਦੇ ਯਤਨ ਵੀ ਅਸਫਲ ਕੀਤੇ ਗਏ। ਗੁਰੂ ਜੀ ਬਸਾਲੀ ਵਿਖੇ ਆ ਟਿਕੇ। ਬਿਲਾਸਪੁਰ ਦੇ ਰਾਜਾ ਨੇ ਇਕ ਵਾਰ ਮੁੜ ਯਤਨ ਕੀਤਾ ਕਿ ਉਨ੍ਹਾਂ ਦੀਆਂ ਫ਼ੌਜਾਂ ਨੂੰ ਖ਼ਤਮ ਕਰ ਦੇਵੇ ਪਰ ਬੁਰੀ ਤਰ੍ਹਾਂ ਮਾਰ ਖਾਧੀ। ਉਸ ਗੁਰੂ ਜੀ ਨਾਲ ਸਮਝੌਤਾ ਕਰ ਲਿਆ ਅਤੇ ਖ਼ਾਲਸਾ ਮੁੜ ਅਨੰਦਪੁਰ ਸਾਹਿਬ ਆ ਗਿਆ।

ਗੁਰੂ ਗੋਬਿੰਦ ਸਿੰਘ ਆਉਣ ਵਾਲੇ ਭਾਰੀ ਖ਼ਤਰੇ ਤੋਂ ਜਾਣੂ ਸਨ ਅਤੇ ਉਨ੍ਹਾਂ ਤਿਆਰੀ ਕਰਨੀ ਆਰੰਭ ਕਰ ਦਿੱਤੀ। ਉਸ ਵੇਲੇ ਤਕ ਅਨੰਦਪੁਰ ਨਾਮ ਵਜੋਂ ਹੀ ਕਿਲ੍ਹਾ ਸੀ ਅਤੇ ਪਹਾੜੀ ਢਲਵਾਨ ਦੇ ਨਾਲ ਕੁਝ ਬੁਰਜੀਆਂ ਸਨ। ਉਨ੍ਹਾਂ ਭਾਰੀ ਦੀਵਾਰ ਦੇ ਦੁਆਲੇ ਉਸਾਰੀ ਕੀਤੀ ਅਤੇ ਹਥਿਆਰ ਜਮ੍ਹਾਂ ਕਰ ਲਏ।

ਜਿਸ ਗੜਬੜ ਦੀ ਉਨ੍ਹਾਂ ਨੂੰ ਆਸ ਸੀ ਉਸ ਦੇ ਆਉਣ ਵਿਚ ਕੋਈ ਦੇਰ ਨਹੀਂ ਲੱਗੀ। ਪਹਾੜੀ ਰਾਜਿਆਂ ਨੇ ਮੁੜ ਬਾਦਸ਼ਾਹ ਪਾਸ ਬੇਨਤੀ ਕੀਤੀ ਕਿ ਗੁਰੂ ਜੀ ਦੀ ਤਾਕਤ ਦਿਨੋ-ਦਿਨ ਵਧਦੀ ਹੀ ਜਾ ਰਹੀ ਹੈ। ਔਰੰਗਜ਼ੇਬ ਨੇ ਸਰਹੰਦ ਅਤੇ ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਦਿੱਤਾ ਕਿ ਖ਼ਾਲਸੇ ਨੂੰ ਖ਼ਤਮ ਕਰਨ ਲਈ ਰਾਜਿਆਂ ਦੀ ਮਦਦ ਕੀਤੀ ਜਾਵੇ। ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀ ਸਾਂਝੀ ਫ਼ੌਜ ਨੇ ਮੁੜ ਘੇਰਾ ਘੱਤ ਦਿੱਤਾ। ਅਨੰਦਪੁਰ ਦਾ ਰਸਦ-ਪਾਣੀ ਖ਼ਤਮ ਹੋ ਗਿਆ ਅਤੇ ਘੇਰੇ ਨੂੰ ਤੋੜਨ ਦੇ ਯਤਨ ਸਫਲ ਨਾ ਹੋ ਸਕੇ। ਸਿੱਖ ਬਹਾਦਰੀ ਨਾਲ ਡਟੇ ਰਹੇ ਅਤੇ ਅੰਤ ਦੋਵੇਂ ਧਿਰਾਂ ਲੜਦੀਆਂ-ਲੜਦੀਆਂ ਥੱਕ ਗਈਆਂ। ਮੁਗ਼ਲਾਂ ਨੇ ਪੇਸ਼ਕਸ਼ ਕੀਤੀ ਕਿ ਜੇਕਰ ਗੁਰੂ ਜੀ ਅਨੰਦਪੁਰ ਛੱਡ ਜਾਣ ਤਾਂ ਉਹ ਕੋਈ ਕਾਰਵਾਈ ਨਹੀਂ ਕਰਨਗੇ। ਗੁਰੂ ਜੀ ਨੇ ਭੰਡਾਰ ਨਸ਼ਟ ਕਰ ਦਿੱਤੇ ਅਤੇ ਪਰਿਵਾਰ ਸਹਿਤ ਥੋੜ੍ਹੇ ਸਿਪਾਹੀ ਲੈ

ਕੇ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰ ਦਿੱਤਾ। ਅਜੇ ਉਹ ਦੂਰ ਨਹੀਂ ਗਏ ਸਨ ਕਿ ਵਾਅਦੇ ਤੋੜ ਕੇ ਸ਼ਾਹੀ ਫ਼ੌਜ ਅਤੇ ਪਹਾੜੀ ਰਾਜਿਆਂ ਦੀ ਫ਼ੌਜ ਉਨ੍ਹਾਂ ਦਾ ਪਿੱਛਾ ਕਰਨ ਲੱਗੀ। ਗੁਰੂ ਜੀ ਨੇ ਆਪਣੀ ਮਾਤਾ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਬ੍ਰਾਹਮਣ ਨੌਕਰ ਦੇ ਸਪੁਰਦ ਕੀਤਾ ਅਤੇ ਆਪ ਦੱਖਣ ਵੱਲ ਨਿਕਲ ਗਏ। ਜਥੇਦਾਰ ਉਦੇ ਸਿੰਘ ਦੀ ਅਗਵਾਈ ਹੇਠ ਕੁਝ ਸਿੰਘ ਪਿੱਛੇ ਰਹੇ ਅਤੇ ਫ਼ੌਜਾਂ ਨਾਲ ਜੂਝਦੇ ਰਹੇ ਜਦੋਂ ਤਾਈਂ ਆਖ਼ਰੀ ਸਿੰਘ ਸ਼ਹੀਦ ਨਹੀਂ ਹੋ ਗਿਆ। ਇਸ ਪ੍ਰਕਾਰ ਜਿਹੜਾ ਸਮਾਂ ਮਿਲਿਆ ਉਸ ਦੌਰਾਨ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਚਮਕੌਰ ਪਹੁੰਚ ਗਏ। ਇਥੇ ਉਨ੍ਹਾਂ ਨੇ ਇਕ ਗੜ੍ਹੀ ਦੀ ਉਸਾਰੀ ਕੀਤੀ ਅਤੇ ਇਹ ਫ਼ੈਸਲਾ ਕੀਤਾ ਕਿ ਇਥੇ ਆਖ਼ਰੀ ਲੜਾਈ ਲੜੀ ਜਾਵੇ।

ਬਹਾਦਰ ਜਥੇ ਨੇ ਦੁਸ਼ਮਣ ਨੂੰ ਠੱਲ੍ਹ ਪਾਈ ਰੱਖੀ। ਕੁਝ ਘੰਟਿਆਂ ਪਿੱਛੋਂ ਚੰਦ ਸਿੱਖ ਬਾਹਰ ਨਿਕਲਦੇ ਅਤੇ ਘੇਰਾ ਪਾਉਣ ਵਾਲਿਆਂ ਨਾਲ ਲੜਦੇ ਰਹਿੰਦੇ ਜਦੋਂ ਤਕ ਸ਼ਹੀਦ ਨਾ ਹੋ ਜਾਂਦੇ। ਚਮਕੌਰ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਾਮਲ ਸਨ। ਇਕ ਸਿੰਘ ਦਾ ਚਿਹਰਾ ਗੁਰੂ ਜੀ ਨਾਲ ਮਿਲਦਾ ਸੀ। ਉਸ ਗੁਰੂ ਜੀ ਦੇ ਵਸਤਰ ਪਹਿਨੇ ਅਤੇ ਮੋਰਚੇ ਦੇ ਬਾਹਰ ਆ ਕੇ ਬਾਕੀ ਜਥੇ ਵਾਂਗ ਲੜਾਈ ਕਰਨ ਲੱਗਾ। ਘੇਰਾ ਪਾਉਣ ਵਾਲਿਆਂ ਸਮਝਿਆ ਕਿ ਉਨ੍ਹਾਂ ਸ਼ਿਕਾਰ ਮਾਰ ਲਿਆ ਹੈ ਅਤੇ ਜਸ਼ਨ ਮਨਾਉਣ ਲੱਗੇ। ਇਸ ਮੌਕੇ ਤੇ ਗੁਰੂ ਜੀ ਉਥੋਂ ਬਚਾਅ ਕਰਕੇ ਨਿਕਲ ਗਏ।

ਗੁਰੂ ਜੀ ਦੀ ਜਾਨ ਦੋ ਪਠਾਣਾਂ ਨੇ ਬਚਾਈ ਜਿਹੜੇ ਪਹਿਲੋਂ ਹੀ ਉਨ੍ਹਾਂ ਦੇ ਮੁਰੀਦ ਸਨ। ਮਾਛੀਵਾੜਾ ਵਿਖੇ ਸ਼ਾਹੀ ਫ਼ੌਜਾਂ ਨੇ ਮੁੜ ਘੇਰਾ ਪਾਇਆ। ਪਰ ਇਨ੍ਹਾਂ ਪਠਾਣਾਂ ਨੇ ਗੁਰੂ ਜੀ ਨੂੰ ਪਾਲਕੀ ਵਿਚ ਬਿਠਾ ਲਿਆ ਅਤੇ ਮੁਗ਼ਲ ਪਹਿਰੇਦਾਰਾਂ ਅੱਗੋਂ ਇਹ ਕਹਿ ਕੇ ਲੰਘ ਗਏ ਕਿ ਉਹ ਆਪਣੇ ਪੀਰ ਦੀ ਸਵਾਰੀ ਲਿਜਾ ਰਹੇ ਹਨ। ਜਿਥੋਂ ਤਕ ਗੁਰੂ ਜੀ ਦਾ ਸੰਬੰਧ ਸੀ ਉਨ੍ਹਾਂ ਦਾ ਪਿੱਛਾ ਕਰਨਾ ਬੰਦ ਹੋ ਗਿਆ। ਉਹ ਜਟਪੁਰਾ ਪਿੰਡ ਵਿਖੇ ਪਹੁੰਚ ਗਏ। ਭਾਵੇਂ ਥੱਕੇ ਹੋਏ ਸਨ ਪਰ ਚੜ੍ਹਦੀ ਕਲਾ ਵਿਚ ਸਨ। ਉਨ੍ਹਾਂ ਔਰੰਗਜ਼ੇਬ ਨੂੰ ਚਿਤਾਵਨੀ ਦਿੱਤੀ ਕਿ ਉਹ ਸ਼ਾਹੀ ਫ਼ੌਜਾਂ ਦੇ ਘੋੜਿਆਂ ਦੇ ਪੌੜਾਂ ਹੇਠ ਅੱਗ ਵਰਸਾ ਦੇਣਗੇ ਅਤੇ ਪੰਜਾਬ ਵਿਚੋਂ ਪਾਣੀ ਦਾ ਘੁੱਟ ਨਹੀਂ ਭਰਨ ਦੇਣਗੇ।

ਜਟਪੁਰਾ ਵਿਖੇ ਹੀ ਉਨ੍ਹਾਂ ਨੂੰ ਇਹ ਖ਼ਬਰ ਮਿਲੀ ਕਿ ਦੋਵੇਂ ਛੋਟੇ ਸਾਹਿਬਜ਼ਾਦੇ—ਨੌਂ ਸਾਲ ਦੇ ਜ਼ੋਰਾਵਰ ਸਿੰਘ ਅਤੇ ਸੱਤ ਸਾਲ ਦੇ ਫਤਹਿ ਸਿੰਘ ਸ਼ਹੀਦ ਹੋ ਚੁੱਕੇ ਹਨ। ਨਾਲ ਹੀ ਉਨ੍ਹਾਂ ਦੇ ਮਾਤਾ ਜੀ ਵੀ ਇਸ ਸਦਮੇ ਦੀ ਸੱਟ ਨਾਲ ਅਕਾਲ ਚਲਾਣਾ ਕਰ ਗਏ ਹਨ। ਗੁਰੂ ਗੋਬਿੰਦ ਸਿੰਘ ਨੇ ਇਹ ਸਮਾਚਾਰ ਬੜੀ ਧੀਰਜ ਨਾਲ ਸੁਣਿਆ। ਉਨ੍ਹਾਂ ਸਰਕਾਰ ਨੂੰ ਲਿਖਿਆ ਕਿ ਚੰਦ-ਇਕ ਚਿੰਗਾੜੀਆਂ ਬੁਝਾਉਣ ਦਾ ਕੀ ਲਾਭ ਹੈ ਜਦੋਂ ਕਿ ਤੁਸੀਂ ਭਾਰੀ ਭਾਂਬੜ ਬਾਲ ਰਹੇ ਹੋ।

ਸਾਹਿਬਜ਼ਾਦੇ ਅਤੇ ਸਿੰਘਾਂ ਦੀਆਂ ਸ਼ਹੀਦੀਆਂ ਦੀ ਖ਼ਬਰ ਪਿੰਡ-ਪਿੰਡ ਫ਼ੈਲ ਗਈ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਕੋਟਕਪੂਰਾ ਵਿਖੇ ਹੀ ਗੁਰੂ ਜੀ ਦੇ ਪਾਸ ਆਏ ਅਤੇ ਬੇਨਤੀ ਕੀਤੀ ਕਿ ਇਸ ਜ਼ੁਲਮ ਦਾ ਬਦਲਾ ਜ਼ਰੂਰ ਲੈਣਾ ਚਾਹੀਦਾ ਹੈ। ਕੋਟਕਪੂਰੇ ਹੀ ਖ਼ਬਰ ਮਿਲੀ ਕਿ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਧਾਵਾ ਬੋਲ ਰਹੀਆਂ ਹਨ। ਗੁਰੂ ਜੀ ਪਾਸ ਕਾਫ਼ੀ ਸਿੰਘ ਸਨ ਜਿਹੜੇ ਮੁਕਾਬਲਾ ਕਰ ਸਕਦੇ ਸਨ। ਖਿਦਰਾਣਾ ਦੇ ਪਿੰਡ ਤੇ ਉਨ੍ਹਾਂ ਪਿੱਛਾ ਕਰਨ ਵਾਲਿਆਂ ਨੂੰ ਪਛਾੜਿਆ ਅਤੇ ਖਦੇੜ ਦਿੱਤਾ। ਇਸ ਪਿੰਡ ਦਾ ਨਾਮ ਮੁਕਤਸਰ ਰਖਿਆ ਗਿਆ।

ਗੁਰੂ ਜੀ ਮੁਕਤਸਰ ਦੇ ਇਲਾਕੇ ਵਿਚ ਕੋਈ ਇਕ ਸਾਲ ਤਕ ਰਹੇ। ਇਹ ਰੁਕਣਾ

ਬਹੁਤ ਫਲਦਾਇਕ ਸਿੱਧ ਹੋਇਆ ਕਿਉਂ ਜੋ ਮਾਲਵੇ ਵਿਚ ਹਜ਼ਾਰਾਂ ਹੀ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਅਤੇ ਸਿੱਖ ਸਜ ਗਏ। ਇਨ੍ਹਾਂ ਵਿਚ ਪਟਿਆਲਾ, ਨਾਭਾ ਅਤੇ ਜੀਂਦ ਦੇ ਵੱਡੇ-ਵਡੇਰੇ ਸਨ ਜਿਨ੍ਹਾਂ ਦੇ ਪਰਿਵਾਰ ਪਹਿਲੋਂ ਹੀ ਸਿੱਖ ਬਣ ਗਏ ਸਨ। ਕੁਝ ਸਮੇਂ ਲਈ ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ ਵਿਖੇ ਸੁਸਤਾਏ—ਹੁਣ ਇਸ ਦਾ ਨਾਮ ਦਮਦਮਾ ਸਾਹਿਬ ਹੈ। ਇਥੇ ਉਨ੍ਹਾਂ ਭਾਈ ਮਨੀ ਸਿੰਘ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਸਚਿਤ ਰੂਪ ਦੀ ਬੀੜ ਦਾ ਉਤਾਰਾ ਕੀਤਾ। ਆਪਣੀਆਂ ਰਚਨਾਵਾਂ ਵੀ ਇਕੱਤਰ ਕੀਤੀਆਂ। ਇਨ੍ਹਾਂ ਨੂੰ ਭਾਈ ਮਨੀ ਸਿੰਘ ਨੇ ਇਕ ਥਾਂ ਕਰਕੇ ਇਸ ਦਾ ਨਾਮ 'ਦਸਮ ਪਾਤਸ਼ਾਹ ਦਾ ਗ੍ਰੰਥ' ਜਾਂ 'ਦਸਮ ਗ੍ਰੰਥ' ਰਖਿਆ ਜਿਹੜਾ 'ਆਦਿ ਗ੍ਰੰਥ' ਤੋਂ ਵੱਖਰਾ ਸੀ। ਇਥੇ ਬਾਣੀ ਅਤੇ ਸਾਹਿਤ ਦਾ ਪਰਵਾਹ ਅਜਿਹਾ ਚਲਦਾ ਰਿਹਾ ਕਿ ਇਸ ਅਸਥਾਨ ਨੂੰ 'ਗੁਰੂ ਕੀ ਕਾਸ਼ੀ' ਕਰਕੇ ਕਿਹਾ ਜਾਂਦਾ ਹੈ।

ਦਮਦਮਾ ਸਾਹਿਬ ਤੋਂ ਗੁਰੂ ਜੀ ਨੇ ਬਾਦਸ਼ਾਹ ਨੂੰ ਪੱਤਰ ਲਿਖਿਆ ਜਿਸ ਵਿਚ ਉਸ ਦੇ ਅਹਿਲਕਾਰਾਂ ਦੇ ਵਿਸ਼ਵਾਸਘਾਤ ਦੀ ਗੱਲ ਕੀਤੀ। ਇਸ ਵਿਚ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਵੱਲੋਂ ਢਾਏ ਗਏ ਜ਼ੁਲਮ ਦਾ ਵਿਸ਼ੇਸ਼ ਹਵਾਲਾ ਸੀ। ਗੁਰੂ ਗੋਬਿੰਦ ਸਿੰਘ ਦਾ ਏਲਚੀ ਇਹ ਪੱਤਰ ਲੈ ਕੇ ਦੱਖਣ ਗਿਆ ਅਤੇ ਬਾਦਸ਼ਾਹ ਨੂੰ ਪੱਤਰ ਦੇਣ ਵਿਚ ਸਫ਼ਲ ਹੋ ਗਿਆ। ਸਪੱਸ਼ਟ ਤੌਰ ਤੇ ਔਰੰਗਜ਼ੇਬ ਇਸ ਪੱਤਰ ਤੋਂ ਪ੍ਰਭਾਵਿਤ ਹੋਇਆ ਅਤੇ ਆਦੇਸ਼ ਜਾਰੀ ਕੀਤੇ ਕਿ ਗੁਰੂ ਜੀ ਨੂੰ ਤੰਗ ਨਾ ਕੀਤਾ ਜਾਵੇ। ਪਰ ਜਾਂ ਤਾਂ ਔਰੰਗਜ਼ੇਬ ਚਾਹੁੰਦਾ ਹੀ ਨਹੀਂ ਸੀ ਕਿ ਵਜ਼ੀਰ ਖ਼ਾਨ ਨੂੰ ਸਜ਼ਾ ਦੇਵੇ ਜਾਂ ਇਸ ਕਾਬਿਲ ਨਹੀਂ ਸੀ। ਗੁਰੂ ਗੋਬਿੰਦ ਸਿੰਘ ਆਪ ਔਰੰਗਜ਼ੇਬ ਨੂੰ ਮਿਲਣ ਲਈ ਦਮਦਮਾ ਸਾਹਿਬ ਤੋਂ ਚੱਲ ਪਏ। ਅਜੇ ਰਾਜਪੂਤਾਨਾ ਹੀ ਪੁੱਜੇ ਸੀ ਕਿ ਉਨ੍ਹਾਂ ਨੂੰ ਸਮਾਚਾਰ ਮਿਲਿਆ ਕਿ ਔਰੰਗਜ਼ੇਬ ਮਾਰਚ 2, 1707 ਨੂੰ ਫ਼ੌਤ ਹੋ ਗਿਆ ਹੈ।

ਔਰੰਗਜ਼ੇਬ ਦੇ ਪੁੱਤਰਾਂ ਵਿਚ ਗੱਦੀ ਦੇ ਵਾਰਿਸ ਹੋਣ ਦਾ ਝਗੜਾ ਚੱਲ ਪਿਆ। ਜਦੋਂ ਗੁਰੂ ਜੀ ਦੀ ਲੜਾਈ ਪਹਾੜੀ ਰਾਜਿਆਂ ਨਾਲ ਚੱਲ ਰਹੀ ਸੀ ਤਾਂ ਬਹਾਦਰ ਸ਼ਾਹ ਨੇ ਗੁਰੂ ਜੀ ਪ੍ਰਤੀ ਸਦਭਾਵਨਾ ਪ੍ਰਗਟ ਕੀਤੀ ਸੀ। ਗੁਰੂ ਜੀ ਨੇ ਸੋਚਿਆ ਕਿ ਹੁਣ ਸਮਾਂ ਹੈ ਜਦੋਂ ਸ਼ਹਿਜ਼ਾਦੇ ਨੂੰ ਸਹਾਇਤਾ ਮਿਲਣੀ ਚਾਹੀਦੀ ਹੈ। ਉਨ੍ਹਾਂ ਜੂਨ 8, 1707 ਨੂੰ ਸਿੱਖ ਘੋੜਸਵਾਰਾਂ ਦਾ ਇਕ ਜਥਾ ਜਾਜਊ ਵਿਖੇ ਭੇਜਿਆ। ਜਦੋਂ ਬਹਾਦਰ ਸ਼ਾਹ ਪੱਕੀ ਤਰ੍ਹਾਂ ਗੱਦੀ 'ਤੇ ਬੈਠ ਗਿਆ ਤਾਂ ਗੁਰੂ ਜੀ ਆਗਰੇ ਆਏ ਅਤੇ ਰਸਮੀ ਤੌਰ ਤੇ ਬਹਾਦਰ ਸ਼ਾਹ ਨੂੰ ਮਿਲਣ ਲਈ ਪਹੁੰਚੇ। ਬਾਦਸ਼ਾਹ ਨੇ ਉਨ੍ਹਾਂ ਦਾ ਸਤਿਕਾਰ ਕਰਦਿਆਂ ਜਵਾਹਰਾਤ ਨਾਲ ਜੜਿਆ ਪਟਕਾ ਪੇਸ਼ ਕੀਤਾ ਅਤੇ 60 ਹਜ਼ਾਰ ਮੁੱਲ ਦੇ ਤੋਹਫ਼ੇ ਭੇਟ ਕੀਤੇ। ਗੁਰੂ ਗੋਬਿੰਦ ਸਿੰਘ ਆਗਰੇ ਵਿਖੇ ਚਾਰ ਮਹੀਨੇ ਠਹਿਰੇ। ਪਰ ਬਾਦਸ਼ਾਹ ਨੇ ਗੁਰੂ ਜੀ ਵੱਲੋਂ ਵਜ਼ੀਰ ਖ਼ਾਨ ਤੇ ਕੋਈ ਕਾਰਵਾਈ ਨਾ ਕੀਤੀ। ਉਹ ਰਾਜਪੂਤਾਨੇ ਲਈ ਚੱਲ ਪਏ। ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਘੋੜਿਆਂ 'ਤੇ ਸਵਾਰ ਸਿਪਾਹੀ ਸ਼ਾਹੀ ਫ਼ੌਜਾਂ ਨਾਲ ਤੁਰ ਪਏ। ਪਰ ਕਿਸੇ ਲੜਾਈ ਵਿਚ ਭਾਗ ਨਾ ਲਿਆ।

ਬਹਾਦਰ ਸ਼ਾਹ ਦੱਖਣ ਵੱਲ ਆਪਣੇ ਭਰਾ ਕਾਮਬਖ਼ਸ਼ ਦੀ ਬਗ਼ਾਵਤ ਦਬਾਉਣ ਲਈ ਚਲੇ ਗਿਆ। ਗੁਰੂ ਗੋਬਿੰਦ ਅਤੇ ਉਨ੍ਹਾਂ ਦੇ ਜਥੇ ਵੀ ਦੱਖਣ ਵੱਲ ਚਲ ਪਏ। ਉਹ ਸਤੰਬਰ 1707 ਵਿਚ ਗੋਦਾਵਰੀ ਦੇ ਕੰਢੇ ਇਕ ਛੋਟੇ ਜਿਹੇ ਪਿੰਡ ਨਾਂਦੇੜ ਵਿਖੇ ਪਹੁੰਚ ਗਏ ਅਤੇ ਉਥੇ ਹੀ ਡੇਰਾ ਕੀਤਾ।

ਸਾਰੇ ਰਸਤੇ ਵਿਚ ਆਪਣੇ ਸਿੰਘਾਂ ਅਤੇ ਉਨ੍ਹਾਂ ਲੋਕਾਂ ਨੂੰ ਜਿਹੜੇ ਉਨ੍ਹਾਂ ਦੇ ਦੀਵਾਨ ਵਿਚ ਹਾਜ਼ਰ ਹੁੰਦੇ, ਗੁਰੂ ਜੀ ਸਿੱਖਿਆ ਦਿੰਦੇ। ਉਨ੍ਹਾਂ ਦੇ ਸੇਵਾਦਾਰਾਂ ਨੂੰ ਹੁਕਮ ਸੀ ਕਿ ਕਿਸੇ ਦੀ

ਰੋਕ-ਟੋਕ ਨਾ ਕਰਨ। ਇਕ ਸ਼ਾਮ ਦੋ ਪਠਾਣ ਉਨ੍ਹਾਂ ਦੇ ਤੰਬੂ ਵਿਚ ਦਾਖ਼ਲ ਹੋਏ। ਉਨ੍ਹਾਂ ਇਕੱਲਿਆਂ ਦੇਖ ਕੇ ਗੁਰੂ ਜੀ ਦੇ ਢਿੱਡ ਵਿਚ ਛੁਰਾ ਖੋਭ ਦਿੱਤਾ। ਉਨ੍ਹਾਂ ਦੇ ਕਤਲ ਕਰਨ ਦੇ ਮਕਸਦ ਬਾਰੇ ਪਤਾ ਨਾ ਲੱਗ ਸਕਿਆ। ਕਿਉਂ ਜੋ ਇਨ੍ਹਾਂ ਕਾਤਲਾਂ ਨੂੰ ਉਸੇ ਵੇਲੇ ਹੀ ਪਾਰ ਬੁਲਾ ਦਿੱਤਾ ਗਿਆ। ਗੁਰੂ ਜੀ ਦੇ ਜ਼ਖ਼ਮ ਨੂੰ ਟਾਂਕੇ ਲਾ ਦਿੱਤੇ ਗਏ ਅਤੇ ਇਹ ਆਸ ਸੀ ਕਿ ਜ਼ਖ਼ਮ ਜਲਦੀ ਭਰ ਜਾਵੇਗਾ। ਪਰ ਕੁਝ ਦਿਨਾਂ ਪਿੱਛੋਂ ਇਹ ਟਾਂਕੇ ਖੁੱਲ੍ਹ ਗਏ ਜਿਸ ਤੋਂ ਗੁਰੂ ਜੀ ਨੇ ਅੰਦਾਜ਼ਾ ਲਾ ਲਿਆ ਕਿ ਅੰਤ ਨੇੜੇ ਹੀ ਹੈ। ਉਨ੍ਹਾਂ ਸਿੰਘਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਬਚਨ ਕੀਤਾਂ ਕਿ ਉਨ੍ਹਾਂ ਦੇ ਨਾਲ ਹੀ ਸ਼ਖ਼ਸੀ ਗੁਰੂ ਦੀ ਪ੍ਰਥਾ ਖ਼ਤਮ ਹੁੰਦੀ ਹੈ। ਇਸ ਲਈ ਹੁਣ ਆਦਿ ਗ੍ਰੰਥ ਨੂੰ ਹੀ ਦਸਾਂ ਗੁਰੂਆਂ ਦੀ ਦੇਹ ਦਾ ਪ੍ਰਤੀਕ ਸਮਝਣ ਅਤੇ ਇਹੋ ਹੀ ਤੁਹਾਡੀ ਅਗਵਾਈ ਕਰੇਗਾ। ਗੁਰੂ ਜੀ ਅਕਤੂਬਰ 7, 1708 ਦੀ ਅੱਧੀ ਰਾਤ ਤੋਂ ਥੋੜ੍ਹਾ ਹੀ ਪਿੱਛੋਂ ਪਰਲੋਕ ਸਿਧਾਰ ਗਏ।

ਗੁਰੂ ਗੋਬਿੰਦ ਸਿੰਘ ਪੰਜਾਬੀਆਂ ਦੇ ਆਦਰਸ਼ਕ ਪੁਰਸ਼ ਸਨ। ਉਹ ਬੜੇ ਹੀ ਸੁੰਦਰ ਪੁਰਸ਼ ਸਨ, ਜਿਨ੍ਹਾਂ ਦੀ ਘੋੜਸਵਾਰੀ, ਤੀਰ-ਅੰਦਾਜ਼ੀ ਅਤੇ ਤਲਵਾਰ ਚਲਾਉਣ ਦਾ ਕਮਾਲ ਲੋਕਾਂ ਵਿਚ ਪਿਆਰ ਜਗਾਉਣ ਲਈ ਕਾਫ਼ੀ ਸੀ। ਉਨ੍ਹਾਂ ਦੀ ਦੈਵੀ ਸ਼ਕਤੀ ਅਤੇ ਬਹਾਦਰੀ ਦੇ ਕਾਰਨਾਮਿਆਂ ਦੀ ਗਾਥਾ ਵਧਦੀ ਹੀ ਗਈ ਅਤੇ ਉਹ ਆਪਣੇ ਜੀਵਨ-ਕਾਲ ਵਿਚ ਹੀ ਇਕ ਪ੍ਰਸਿੱਧੀ ਵਾਲੇ ਪੁਰਸ਼ ਬਣ ਗਏ। ਉਨ੍ਹਾਂ ਦੇ ਤੀਰਾਂ ਦੀ ਨੋਕ ਨੂੰ ਸੋਨਾ ਲੱਗਿਆ ਹੁੰਦਾ ਸੀ। ਤਾਂ ਜੋ ਮਰਨ ਵਾਲੇ ਦੇ ਪਰਿਵਾਰ ਦੇ ਲੋਕਾਂ ਦਾ ਨਿਰਬਾਹ ਹੋ ਸਕੇ। ਉਨ੍ਹਾਂ ਦੇ ਤੀਰ ਦੀ ਮਾਰ ਉਥੇ ਤਕ ਜਾਂਦੀ ਸੀ, ਜਿਥੇ ਤਕ ਨਜ਼ਰ ਜਾਂਦੀ ਸੀ। ਪੰਜਾਬੀ ਅੱਜ ਵੀ ਇਹ ਅਨੁਭਵ ਕਰਦੇ ਹਨ ਕਿ ਨੀਲੇ 'ਤੇ ਸਵਾਰ ਹੋ ਕੇ ਗੁਰੂ ਜੀ ਉਨ੍ਹਾਂ ਦੀ ਅਗਵਾਈ ਕਰਦੇ ਹਨ। ਗੁਰੂ ਜੀ ਦੇ ਇਕ ਹੱਥ ਬਾਜ਼ ਸੁਹਾਂਦਾ ਸੀ ਤੇ ਦੂਜੇ ਹੱਥ ਵਿਚ ਕਿਰਪਾਨ ਸੋਭਦੀ ਸੀ। ਗੁਰੂ ਜੀ ਨੂੰ ਨੀਲੇ ਦਾ ਸਵਾਰ, ਚਿੱਟਿਆਂ ਬਾਜ਼ਾਂ ਵਾਲਾ ਅਤੇ ਕਲਗੀਆਂ ਵਾਲਾ ਕਹਿ ਕੇ ਪੁਕਾਰਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਦੀ ਮੂਰਤ ਸਿੰਘਾਂ ਦੇ ਦਿਲ ਵਿਚ ਹੁੰਦੀ ਸੀ ਅਤੇ ਉਨ੍ਹਾਂ ਦੇ ਬਚਨ ਸਿੰਘਾਂ ਦੀ ਜੀਭ 'ਤੇ ਹੁੰਦੇ ਸਨ। ਜਿਹੜੇ ਆਲਮ ਸਨ ਉਨ੍ਹਾਂ ਲਈ ਪਾਉਂਟਾ ਸਾਹਿਬ ਦੇ ਪਹਿਲੇ ਦਿਨਾਂ ਦੀ ਸਭ-ਰਸ ਕਵਿਤਾ ਸੀ; ਜਿਹੜੇ ਨਿਰਾਸ਼ ਸਨ, ਉਨ੍ਹਾਂ ਲਈ ਉਤਸ਼ਾਹ ਅਤੇ ਧਰਮ ਲਈ ਆਸਥਾ ਸੀ; ਜਿਹੜੇ ਅਸਫਲ ਸਨ ਉਨ੍ਹਾਂ ਲਈ ਜ਼ਫ਼ਰਨਾਮਾ ਦੀ ਬਾਣੀ ਸੀ। ਜਿਸ ਦੀ ਹਰ ਇਕ ਸਤਰ ਵਿਚ ਵਿਦਰੋਹ ਹੈ; ਜਿਹੜੇ ਧਰਮ ਯੁੱਧ ਵਿਚ ਭਾਗ ਲੈਣ ਵਾਲੇ ਸਨ, ਉਨ੍ਹਾਂ ਵਾਸਤੇ ਬੀਰ-ਰਸ ਦੀਆਂ ਵਾਰਾਂ ਸਨ। ਜਿਨ੍ਹਾਂ ਵਿਚ ਜੋਸ਼ ਉਭਾਰਨ ਵਾਲੀ ਗਾਥਾ ਸੀ ਤੇ ਨਗਾਰੇ ਦੀ ਚੋਟ ਵਾਲੀ ਧੁਨੀ। ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਜੋ ਕੁਝ ਵੀ ਉਹ ਲਿਖਦੇ, ਬੋਲਦੇ ਜਾਂ ਕਰਦੇ ਉਸ ਵਿਚ ਚੜ੍ਹਦੀ ਕਲਾ ਦਾ ਪ੍ਰਭਾਵ ਹੁੰਦਾ। ਇਹ ਦ੍ਰਿੜ੍ਹਤਾ ਵੀ ਸੀ ਕਿ ਜੇ ਕਿਸੇ ਨੇ ਆਪਣੇ ਉਦੇਸ਼ ਦੀ ਪੂਰਤੀ ਵਿਚ ਜਾਨ ਵਾਰ ਦਿੱਤੀ ਤਾਂ ਉਸ ਦੀ ਕੁਰਬਾਨੀ ਸਫਲਤਾ ਦੀ ਨਿਸ਼ਾਨੀ ਹੈ :

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ
ਅਰੁ ਸਿੱਖ ਹੋਂ ਅਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ

ਅਤਿ ਹੀ ਰਣ ਮੈਂ ਤਬ ਜੂਝ ਮਰੋਂ ॥

(ਗੁਰੂ ਗੋਬਿੰਦ ਸਿੰਘ)

ਗੁਰੂ ਨਾਨਕ ਦੇ ਸਿੱਖ ਧਰਮ ਦੇ ਐਲਾਨ ਅਤੇ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਣ ਦੇ ਸੌ ਸਾਲ ਦੇ ਸਮੇਂ ਨੂੰ ਬਰਾਬਰ-ਬਰਾਬਰ ਦੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਸੌ ਸਾਲ ਅੰਦਰ ਪੰਜ ਗੁਰੂ ਸ਼ਾਹਿਬਾਨ ਨੇ ਨਵੇਂ ਸਮਾਜਕ ਢਾਂਚੇ ਦੇ ਉਦੇਸ਼ ਅਤੇ ਆਦੇਸ਼ ਪੰਜਾਬ ਲਈ ਨਿਰਧਾਰਤ ਕੀਤੇ। ਧਰਮ ਅਜਿਹਾ ਸੀ ਜਿਹੜਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਨੂੰ ਹੀ ਪਰਵਾਣ ਸੀ। ਇਸ ਵਿਚ ਇਕ ਪਰਮਾਤਮਾ ਦੀ ਭਗਤੀ ਸੀ, ਕਿਸੇ ਦੇਵੀ-ਦੇਵਤੇ ਦੀ ਮੂਰਤੀ-ਪੂਜਾ ਦਾ ਦਖ਼ਲ ਨਹੀਂ ਸੀ ਅਤੇ ਫੋਕੇ ਕਰਮ-ਕਾਂਡ ਲਈ ਕੋਈ ਥਾਂ ਨਹੀਂ ਸੀ। ਸਮਾਜਕ ਢਾਂਚੇ ਅੰਦਰ ਸਾਰੇ ਹੀ ਆ ਜਾਂਦੇ ਸਨ। ਕਿਸੇ ਪ੍ਰਕਾਰ ਦਾ ਜਮਾਤੀ ਵਿਤਕਰਾ ਨਹੀਂ ਸੀ। ਪਰ ਸਾਰੇ ਸਮਾਜਕ ਇਕੱਠ ਸਾਂਝੇ ਹੁੰਦੇ ਸਨ। ਗੁਰੂ ਘਰ ਦੇ ਦਰਵਾਜ਼ੇ ਚੌਹਾਂ ਵਰਣਾਂ ਲਈ ਖੁੱਲ੍ਹੇ ਸਨ। ਗੁਰੂ ਕੇ ਲੰਗਰ ਵਿਚ ਇਕ ਹੀ ਪੰਗਤ ਵਿਚ ਬੈਠ ਕੇ ਬ੍ਰਾਹਮਣ ਅਤੇ ਸ਼ੂਦਰ ਭੋਜਨ ਛਕਦੇ ਸਨ। ਇਸ ਨਵੇਂ ਢਾਂਚੇ ਵਿਚ ਇਸ਼ਟ ਗੁਰੂ ਗ੍ਰੰਥ ਸਾਹਿਬ ਸੀ। ਪ੍ਰਤੀਕ ਹਰਿਮੰਦਰ ਸਾਹਿਬ ਸੀ, ਜਿਸ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ ਅਤੇ ਉਸਾਰੀ ਵਿਚ ਹਿੰਦੂਆਂ ਅਤੇ ਸਿੱਖਾਂ ਨੇ ਰਲ ਕੇ ਹਿੱਸਾ ਪਾਇਆ ਸੀ।


ਕਿਸੇ ਪ੍ਰਕਾਰ ਦੀ ਹੈਰਾਨੀ ਦੀ ਗੱਲ ਨਹੀਂ ਕਿ ਪਹਿਲੇ ਪੰਜਾਂ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਧਰਮ ਨੂੰ ਆਮ ਲੋਕ ਜਲਦੀ ਹੀ ਪਰਵਾਨ ਕਰ ਲੈਂਦੇ ਸਨ। ਉਹ ਇਸ ਕਾਰਣ ਇਸ ਵੱਲ ਖਿੱਚੇ ਆਉਂਦੇ ਕਿਉਂ ਜੋ ਇਹ ਚੋਣਵਾਂ ਸੀ, ਸਾਦਾ ਸੀ ਅਤੇ ਉਨ੍ਹਾਂ ਲੋਕਾਂ ਵੱਲੋਂ ਨਿਰਧਾਰਤ ਕੀਤਾ ਗਿਆ ਸੀ ਜਿਨ੍ਹਾਂ ਅੰਦਰ ਹਲੀਮੀ ਅਤੇ ਗਰੀਬੀ ਸੀ ਤੇ ਰੱਬ ਦੇ ਭਾਗੀਦਾਰ ਹੋਣ ਦਾ ਕੋਈ ਦਾਹਵਾ ਨਹੀਂ ਕਰਦੇ ਸਨ। ਨਾ ਹੀ ਆਪਣੀ ਵਾਣੀ ਨੂੰ ਇਲਹਾਮੀ ਦੱਸਦੇ ਸਨ। ਜੋ ਕੁਝ ਵੀ ਉਨ੍ਹਾਂ ਲਿਖਿਆ ਜਾਂ ਉਚਾਰਿਆ ਉਸ ਦੀ ਜਾਣੀ-ਪਛਾਣੀ ਧੁਨ ਲੋਕਾਂ ਦੇ ਕੰਨਾਂ ਵਿਚ ਗੂੰਜਦੀ ਸੀ। ਹਿੰਦੂ ਇਸ ਵਿਚ ਵੇਦਾਂ ਦਾ ਸਾਰ ਪ੍ਰਤੀਤ ਕਰਦੇ ਕਿਉਂ ਜੋ ਉਹ ਸੰਸਕ੍ਰਿਤ ਨਹੀਂ ਜਾਣਦੇ ਸਨ। ਉਹ ਬੋਲੀ ਬ੍ਰਾਹਮਣਾਂ ਦੇ ਏਕਾ-ਧਿਕਾਰ ਵਿਚ ਸੀ। ਮੁਸਲਮਾਨਾਂ ਨੂੰ ਸੂਫ਼ੀਆਂ ਦਾ ਕਲਾਮ ਇਸ ਵਿਚੋਂ ਉਪਲਬੱਧ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਨੂੰ ਹੀ ਅਜਿਹੀ ਭਾਸ਼ਾ ਵਿਚ ਉਪਦੇਸ਼ ਮਿਲਿਆ ਜਿਸ ਨੂੰ ਉਹ ਸਮਝਦੇ ਸਨ। ਇਹ ਠੀਕ ਹੈ ਕਿ ਇਸ ਕਾਰਨ ਹੀ ਸਿੱਖ ਧਰਮ ਦਾ ਪ੍ਰਚਾਰ ਉਨ੍ਹਾਂ ਵਿਚ ਨਾ ਹੋ ਸਕਿਆ, ਜਿਹੜੇ ਪੰਜਾਬੀ ਨਹੀਂ ਜਾਣਦੇ ਸਨ, ਪਰ ਪੰਜਾਬੀਆਂ ਵਿਚ ਇਸ ਦੀ ਅਪੀਲ ਬਹੁਤ ਜ਼ਿਆਦਾ ਸੀ। ਇਸ ਵਿਚ ਰਾਸ਼ਟਰੀ ਧਰਮ ਦੇ ਅੰਸ਼ ਮੌਜੂਦ ਸਨ ਅਤੇ ਸਮੇਂ ਨਾਲ ਇਹ ਵਿਲੱਖਣ ਸੰਪਰਦਾ ਬਣ ਗਿਆ ਜਿਸ ਦਾ ਰਾਜਸੀ ਮੰਤਵ ਸੀ ਅਤੇ ਇਹ ਸਾਰੇ ਹੀ ਪੰਜਾਬੀਆਂ ਦੀ ਪ੍ਰਸੰਸਾ ਖੱਟਦਾ ਰਿਹਾ।

ਦੂਜੇ ਅੱਧ ਦੇ ਸੌ ਸਾਲਾਂ ਵਿਚ ਅਜਿਹੀ ਰਵਾਇਤ ਦੀ ਉਨੱਤੀ ਹੋਈ ਜਿਸ ਨੇ ਇਸ ਸਮਾਜਕ ਢਾਂਚੇ ਦੀ ਪੂਰਤੀ ਕੀਤੀ। ਛੇਵੇਂ ਗੁਰੂ ਸਾਹਿਬ ਦੀ ਪਹਿਲ ਸੀ ਕਿ ਉਨ੍ਹਾਂ ਹਥਿਆਰਾਂ ਲਈ ਅਪੀਲ ਕੀਤੀ; ਦਸਵੇਂ ਗੁਰੂ ਨੇ ਫ਼ੌਜ ਨੂੰ ਸਥਾਈ ਰੂਪ ਦਿੱਤਾ। ਇਸ ਲਹਿਰ ਸ਼ਹੀਦ ਵੀ ਸਨ ਤੇ ਨਾਇਕ ਵੀ; ਗੁਰੂ ਅਰਜਨ, ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਚਾਰੇ ਹੀ ਸਾਹਿਬਜ਼ਾਦੇ ਮਹਾਨ ਸ਼ਹੀਦ ਸਨ; ਗੁਰੂ ਹਰਿਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਸੂਰਮਗਤੀ ਦੇ ਚੱਕਰ ਵਾਲੇ ਸਨ। ਇਸ ਲਹਿਰ ਅੰਦਰ ਅੰਦਰਲੀ ਕੇਂਦਰੀ ਸੱਤਾ ਲੱਖਾਂ ਹੀ ਅੰਮ੍ਰਿਤਧਾਰੀ ਸਿੰਘ ਸਨ। ਅਤੇ ਨਾਲ ਹੀ ਸਹਿਜਧਾਰੀ ਸਿੱਖਾਂ ਦਾ ਘੇਰਾ ਵੀ ਬਹੁਤ ਵਿਸ਼ਾਲ ਸੀ।

ਇਸ ਲਹਿਰ ਨੂੰ ਭਾਰੀ ਪੰਜਾਬੀ ਬਹੁ-ਗਿਣਤੀ ਹਿੰਦੂਆਂ ਦਾ ਸਮਰਥਨ ਪ੍ਰਾਪਤ ਸੀ। ਭਾਰੀ ਗਿਣਤੀ ਵਿਚ ਉਹ ਇਸ ਵਿਚ ਆ ਮਿਲੇ। ਇਕ ਸਮੇਂ ਤਾਂ ਇਉਂ ਪ੍ਰਤੀਤ ਹੋਇਆ ਕਿ ਇਸਲਾਮ ਜ਼ੁਲਮ ਦੇ ਵਿਰੁੱਧ ਹਿੰਦੂ ਮੁਕਾਬਲੇ 'ਤੇ ਖਲੋ ਗਏ ਹਨ। ਅਜਿਹੀ ਹਾਲਤ ਉਸ ਵੇਲੇ ਵਿਸ਼ੇਸ਼ ਤੌਰ ਤੇ ਸੀ ਜਦੋਂ ਗੁਰੂ ਗੋਬਿੰਦ ਸਿੰਘ ਸੱਚਖੰਡ ਪਿਆਨਾ ਕਰ ਗਏ ਅਤੇ ਮੁਸਲਮਾਨ ਹਾਕਮਾਂ ਨੂੰ ਇਹ ਮੌਕਾ ਮਿਲ ਗਿਆ ਕਿ ਮੁਸਲਮਾਨਾਂ ਦੇ ਧਾਰਮਿਕ ਜਜ਼ਬਾਤ ਨੂੰ ਭੜਕਾ ਕੇ ਰੱਖਣ ਅਤੇ ਕੁਝ ਸਮੇਂ ਲਈ ਉਨ੍ਹਾਂ ਪੰਜਾਬੀ ਰਾਸ਼ਟਰਵਾਦ ਦੀ ਉਭਰਦੀ ਲਹਿਰ ਨੂੰ ਰੋਕਣ ਵਿਚ ਸਫਲਤਾ ਪ੍ਰਾਪਤ ਹੋਈ।

ਸਿੱਖ ਹਿਸਟਰੀ

(1469-1988)




ਖ਼ੁਸ਼ਵੰਤ ਸਿੰਘ

ਭਾਗ—II

ਕਿਸਾਨਾਂ ਦੀ ਜਾਗ੍ਰਤੀ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਕਾਂਡ—6

ਬੰਦਾ ਬਹਾਦਰ ਦਾ ਉੱਥਾਨ ਤੇ ਪਤਨ

ਬੰਦਾ ਬਹਾਦਰ : ਮਾਲਵਾ ਕਿਸਾਨਾਂ ਦੀ ਜਾਗ੍ਰਤੀ

ਗੁਰੂ ਗੋਬਿੰਦ ਸਿੰਘ ਨੇ ਕਈ ਮਹੀਨਿਆਂ ਤਕ ਬਹਾਦਰ ਸ਼ਾਹ ਨੂੰ ਪ੍ਰੇਰਨ ਦਾ ਯਤਨ ਕੀਤਾ ਸੀ ਕਿ ਵਜ਼ੀਰ ਖ਼ਾਨ ਵਿਰੁੱਧ ਕਾਰਵਾਈ ਕਰੇ। ਅੰਤ ਵਿਚ ਉਹ ਇਸ ਸਿੱਟੇ 'ਤੇ ਪੁੱਜੇ ਕਿ ਮੁਗਲ ਹਾਕਮਾਂ ਪਾਸੋਂ ਨਿਆਂ ਦੀ ਆਸ ਰੱਖਣੀ ਫ਼ਜ਼ੂਲ ਹੈ। ਉਹ ਸਹਿਨਸ਼ਾਹ ਨਾਲ ਵਿਚਾਰ-ਵਟਾਂਦਰਾ ਕਰਦੇ ਰਹੇ, ਪਰ ਨਾਲ ਹੀ ਇਹ ਫ਼ੈਸਲਾ ਵੀ ਕੀਤਾ ਕਿ ਆਪਣੇ ਕਿਸੇ ਸਿੱਖ ਨੂੰ ਪੰਜਾਬ ਭੇਜਣ ਤਾਂ ਜੋ ਕਿਸਾਨਾਂ ਨੂੰ ਪ੍ਰੇਰਿਆ ਜਾਵੇ, ਜੇਕਰ ਗੱਲ-ਬਾਤ ਕਿਸੇ ਸਿਰੇ ਨਾ ਲੱਗੀ। ਭਾਵੇਂ ਉਨ੍ਹਾਂ ਨਾਲ ਅਨੇਕਾਂ ਹੀ ਅਜਿਹੇ ਸਿੱਖ ਸਨ ਜਿਨ੍ਹਾਂ ਤੇ ਗੁਰੂ ਜੀ ਨੂੰ ਪੂਰਾ ਵਿਸ਼ਵਾਸ ਸੀ ਪਰ ਉਨ੍ਹਾਂ ਦੀ ਪਾਰਖੂ ਅੱਖ ਨੇ ਇਕ ਅਜਿਹੇ ਅਜਨਬੀ ਦੀ ਚੋਣ ਕੀਤੀ ਜਿਹੜਾ ਗੁਰੂ ਜੀ ਦੇ ਸੰਪਰਕ ਵਿਚ ਕੁਝ ਹਫ਼ਤੇ ਪਹਿਲੋਂ ਹੀ ਆਇਆ ਸੀ। ਇਹ ਇਕ ਬੈਰਾਗੀ ਸੀ, ਜਿਸ ਦਾ ਨਾਮ ਲਛਮਣ ਦਾਸ ਸੀ। ਇਸ ਦਾ ਜਨਮ ਰਾਜੌਰੀ (ਪੁਣਛ) ਵਿਖੇ ਰਾਜਪੂਤ ਪਰਿਵਾਰ ਵਿਚ 1670 ਵਿਚ ਹੋਇਆ ਸੀ। ਜਦੋਂ ਇਹ ਬੈਰਾਗੀਆਂ ਦੀ ਮੰਡਲੀ ਨਾਲ ਜੁੜਿਆ ਤਾਂ ਇਸ ਦਾ ਨਾਮ ਮਾਧੋ ਦਾਸ ਰਖਿਆ ਗਿਆ ਸੀ। ਉਸ ਦੱਖਣ ਵਿਚ ਅਨੇਕਾਂ ਹੀ ਹਿੰਦੂ ਮਠਾਂ ਦੀ ਯਾਤਰਾ ਕੀਤੀ ਅਤੇ ਢੇਰ ਸਮਾਂ ਕੇਂਦਰੀ ਭਾਰਤ ਵਿਚ ਬਿਤਾਇਆ। ਉਸ ਆਪਣਾ ਡੇਰਾ ਨਾਂਦੇੜ ਵਿਚ ਜਮਾਇਆ ਹੋਇਆ ਸੀ। ਲਗਭਗ ਪੰਦਰਾਂ ਸਾਲ ਪਿੱਛੋਂ ਉਸ ਦਾ ਸਾਮ੍ਹਣਾ ਗੁਰੂ ਗੋਬਿੰਦ ਸਿੰਘ ਨਾਲ ਹੋਇਆ ਸੀ। ਇਸ ਦਾ ਡੇਰਾ ਗੋਦਾਵਰੀ ਦੇ ਕੰਢੇ ਸੀ।

ਉੱਤਰੀ ਭਾਰਤ ਦਾ ਹੋਣ ਕਰਕੇ ਇਹ ਗੁਰੂ ਜੀ ਦੇ ਮਿਸ਼ਨ ਨੂੰ ਭਲੀ ਪ੍ਰਕਾਰ ਸਮਝਦਾ ਸੀ ਅਤੇ ਉਨ੍ਹਾਂ ਨਾਲ ਪੂਰੀ ਹਮਦਰਦੀ ਰਖਦਾ ਸੀ।

ਗੁਰੂ ਜੀ ਨੇ ਇਸ ਬੈਰਾਗੀ ਦੀਆ ਅੱਖਾਂ ਵਿਚ ਧਾਰਮਿਕ ਦ੍ਰਿੜ੍ਹਤਾ ਦੀ ਝਲਕ ਦੇਖੀ ਅਤੇ ਉਸ ਦੇ ਬੈਰਾਗੀ ਚੋਲੇ ਵਿਚ ਭਖਦੀ ਦੈਵੀ ਚਿੰਗਾਰੀ ਦਾ ਅਨੁਭਵ ਕੀਤਾ ਜਿਸ ਨੂੰ ਹਵਾ ਦੇਣ ਨਾਲ ਇਕ ਭਾਂਬੜ ਦੇ ਬਲਣ ਦਾ ਅਵਸਰ ਸੀ। ਉਨ੍ਹਾਂ ਮਾਧੋ ਦਾਸ ਨੂੰ ਬੁਲਾਇਆ ਅਤੇ ਉਸ ਨੂੰ ਇਹ ਉਦੇਸ਼ ਪੂਰਾ ਕਰਨ ਲਈ ਕਿਹਾ ਕਿ ਉਨ੍ਹਾ ਆਦਮੀਆ ਪਾਸੋਂ ਬਦਲਾ ਲਏ ਜਿਨ੍ਹਾਂ ਸਿੱਖਾਂ ਨੂੰ ਅਤੇ ਉਸ ਦੇ ਸਾਹਿਬਜ਼ਾਦਿਆਂ ਨੂੰ ਕਤਲ-ਕੀਤਾ ਸੀ। ਗੁਰੂ ਜੀ ਨੇ ਉਸ ਨੂੰ ਨਵਾਂ ਨਾਂ ਦਿੱਤਾ—'ਬੰਦਾ', ਜਿਸ ਤੋਂ ਉਸ ਦੇ ਅਤੇ ਗੁਰੂ ਜੀ ਦੇ ਸੰਬੰਧ ਉੱਘੜਦੇ ਸਨ। ਗੁਰੂ ਜੀ ਨੇ ਉਸ ਨੂੰ ਪੰਜ ਤੀਰਾਂ ਦੀ ਬਖ਼ਸ਼ਿਸ਼ ਕੀਤੀ, ਆਪਣਾ ਨਿਸ਼ਾਨ ਬਖ਼ਸ਼ਿਆ ਅਤੇ ਨਾਲ ਹੀ ਰਣਜੀਤ ਨਗਾਰਾ। ਆਪਣੇ ਸਿੱਖਾਂ ਦੇ ਨਾਮ ਹੁਕਮਨਾਮਾ ਵੀ ਜਾਰੀ ਕੀਤਾ ਕਿ ਬੰਦੇ ਦੀ ਸੇਵਾ ਲਈ ਆਪਣੇ ਆਪ ਨੂੰ ਅਰਪਣ ਕਰਨ।

ਕੁਝ ਥੋੜ੍ਹੇ ਟੋਲੇ ਨੂੰ ਨਾਲ ਲੈ ਕੇ ਬੰਦਾ ਦੱਖਣ ਤੋਂ ਚਲ ਪਿਆ ਅਤੇ ਉੱਤਰ ਵੱਲ ਆਇਆ। ਦਿੱਲੀ ਦੇ ਨੇੜੇ ਪਹੁੰਚ ਕੇ ਉਸ ਨੂੰ ਪਤਾ ਲੱਗਾ ਕਿ ਬਹਾਦਰ ਸ਼ਾਹ ਅਜੇ ਵੀ

ਦੱਖਣ ਵਿਚ ਆਪਣੇ ਭਰਾ ਨਾਲ ਉਲਝਿਆ ਹੋਇਆ ਹੈ ਅਤੇ ਰਾਜਪੂਤ ਖੁੱਲ੍ਹੀ ਬਗ਼ਾਵਤ ਤੇ ਉਤਰ ਆਏ ਹਨ। ਬੰਦੇ ਨੂੰ ਇਹ ਵੀ ਗਿਆਤ ਹੋਇਆ ਕਿ ਗੁਰੂ ਜੀ ਤੇ ਘਾਤਕ ਹਮਲਾ ਹੋਇਆ ਹੈ। ਇਸ ਤੋਂ ਪਹਿਲਾ ਕਿ ਕਾਤਲ ਦਾ ਖੰਜਰ ਆਪਣੇ ਸਿੱਟੇ ਪੈਦਾ ਕਰਦਾ, ਰਾਜਧਾਨੀ ਤੋਂ ਪੰਦਰਾਂ ਮੀਲ ਦੀ ਵਿੱਥ 'ਤੇ ਇਕ ਪਿੰਡ ਵਿਚ ਉਸ ਗੁਰੂ ਜੀ ਦਾ ਝੰਡਾ ਗੱਡ ਦਿੱਤਾ ਜਿਸ ਵਿਚ ਸਿੱਖਾਂ ਨੂੰ ਉਸ ਦੀ ਸੇਵਾ ਵਿਚ ਜੁੜਨ ਦਾ ਆਦੇਸ਼ ਸੀ।

ਭਾਵੇਂ ਗੁਰੂ ਜੀ ਨੇ ਉਸ ਦੀਆਂ ਸਰਗਰਮੀਆਂ ਲਈ ਸੀਮਾ ਨਿਸ਼ਚਿਤ ਕੀਤੀ ਸੀ ਅਤੇ ਉਸ ਨੂੰ ਦੰਡਾਤਮਕ ਮੁਹਿੰਮ ਦਾ ਸਿਪਾਹਸਾਲਾਰ ਬਣਾ ਕੇ ਭੇਜਿਆ ਸੀ, ਪਰ ਬੰਦਾ ਤਾਂ ਆਪਣੇ ਅਧਿਕਾਰਾਂ ਦਾ ਘੇਰਾ ਵਧਾ ਕੇ ਅਧਿਆਤਮਕ ਗੱਦੀ ਦਾ ਵਾਰਸ ਬਣ ਬੈਠਾ ਸੀ। ਲੋਕਾਂ ਦੀ ਵਹੀਰ ਉਸ ਦੇ ਡੇਰੇ ਆਉਣ ਲੱਗੀ। ਹਥਿਆਰ ਲੈ ਕੇ ਲੋਕ ਉਸ ਦੇ ਝੰਡੇ ਹੇਠ ਆਉਂਦੇ ਗਏ। ਆਪਣੇ ਪਰਿਵਾਰਾਂ ਲਈ ਅਸ਼ੀਰਵਾਦ ਪ੍ਰਾਪਤ ਕਰਨ ਲਈ ਇਸਤਰੀਆਂ ਦੀ ਭੀੜ ਲੱਗ ਜਾਂਦੀ। ਉਸ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਅਤੇ ਅਸ਼ੀਰਵਾਦ ਅਤੇ ਅਸੀਸਾਂ ਨਾਲ ਝੋਲੀਆਂ ਭਰਨ ਲੱਗਾ। ਉਹ ਬੈਰਾਗੀ ਸੀ ਅਤੇ ਸੰਸਾਰੀ ਵਸਤੂਆਂ ਨਾਲ ਉਸ ਦਾ ਕੋਈ ਲਗਾਓ ਨਹੀਂ ਸੀ। ਜੋ ਵੀ ਪੂਜਾ ਦਾ ਚੜ੍ਹਾਵਾ ਆਉਂਦਾ ਉਹ ਲੋਕਾਂ ਵਿਚ ਵੰਡ ਦਿੰਦਾ। ਜਿਉਂ-ਜਿਉਂ ਉਸ ਦੀ ਕ੍ਰਿਪਾਲਤਾ ਅਤੇ ਦਿਆਲਤਾ ਦੀਆਂ ਕਹਾਣੀਆਂ ਲੋਕਾਂ ਤਕ ਪਹੁੰਚਦੀਆਂ ਹੋਰ-ਹੋਰ ਮਾਇਆ ਅਤੇ ਆਦਮੀ ਉਸ ਪਾਸ ਆਉਂਦੇ ਰਹੇ। ਭਰਵੇਂ ਹੁੰਗਾਰੇ ਦੇ ਪ੍ਰਾਪਤ ਹੋਣ ਤੇ ਉਸ ਉਹ ਆਦੇਸ਼ ਜਾਰੀ ਕੀਤੇ ਕਿ "ਜਿਸ ਕਿਸੇ ਨੂੰ ਚੋਰ-ਡਾਕੂ ਜਾਂ ਰਾਹਗੀਰ ਜਾਂ ਲੁਟੇਰਿਆਂ ਤੋਂ ਖ਼ਤਰਾ ਹੋਵੇ, ਜਾਂ ਕਿਸੇ ਨੂੰ ਨਿਆਂ ਨਾ ਮਿਲਿਆ ਹੋਵੇ ਅਤੇ ਤਸੀਹੇ ਦਿੱਤੇ ਗਏ ਹੋਣ, ਉਹ ਉਨ੍ਹਾਂ ਦੀ ਪੂਰੀ-ਪੂਰੀ ਹਿਫ਼ਾਜ਼ਤ ਕਰੇਗਾ।" ਹਾਲਾਤ ਤਾਂ ਪਹਿਲੋਂ ਹੀ ਕਾਫ਼ੀ ਭੜਕੇ ਹੋਏ ਸਨ, ਬਸ ਇਹ ਐਲਾਨ ਇਕ ਚਿੰਗਾਰੀ ਸਿੱਧ ਹੋਇਆ। ਮਾਲਵਾ ਦੇ ਕਿਸਾਨ ਜ਼ਿਮੀਂਦਾਰਾਂ ਅਤੇ ਸਥਾਨਕ ਅਧਿਕਾਰੀਆਂ ਦੇ ਵਿਰੁੱਧ ਹੋ ਗਏ। ਲੋਕਾਂ ਦੇ ਭਰੇ-ਪੀਤੇ ਦਿਲਾਂ ਦੇ ਸਮੁੰਦਰ ਦੇ ਮੋਘੇ, ਬੰਦੇ ਨੇ ਖੋਲ੍ਹ ਦਿੱਤੇ ਅਤੇ ਨਫ਼ਰਤ ਅਤੇ ਅਹਿੰਸਾ ਦੀਆਂ ਲਹਿਰਾਂ ਉਠ ਪਈਆਂ। ਇਸ ਪ੍ਰਕਾਰ ਨਫ਼ਰਤ ਅਤੇ ਅਹਿੰਸਾ ਦੀਆਂ ਲਹਿਰਾਂ ਦੀ ਸਿਖਰ 'ਤੇ ਉਹ ਚੜ੍ਹ ਗਿਆ। ਉਸ ਅਜਿਹੇ ਭਿਆਨਕ ਹਾਲਾਤ ਨੂੰ ਕੋਈ ਦਿਸ਼ਾ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਕਿਉਂ ਜੋ ਉਹ ਜਾਣਦਾ ਸੀ ਕਿ ਜਿਹੜੇ ਸ਼ੇਰ ਦੀ ਸਵਾਰੀ ਕਰਦੇ ਹਨ, ਉਨ੍ਹਾਂ ਲਈ ਹੇਠਾਂ ਉਤਰਨਾ ਅਸੰਭਵ ਹੋ ਜਾਂਦਾ ਹੈ।

ਬੰਦਾ ਦਿੱਲੀ ਦੇ ਗੁਆਂਢੋਂ ਤੁਰ ਪਿਆ ਅਤੇ ਜਰਨੈਲੀ ਸੜਕ ਤੇ ਉੱਤਰ ਦਿਸ਼ਾ ਵੱਲ ਤੁਰ ਪਿਆ। ਉਹ ਸੋਨੀਪਤ ਵਿਚ ਦਾਖ਼ਲ ਹੋਇਆ। ਉਸ ਸਰਕਾਰੀ ਖ਼ਜ਼ਾਨਾ ਅਤੇ ਦੌਲਤ-ਮੰਦ ਲੋਕਾਂ ਨੂੰ ਲੁੱਟਿਆ ਅਤੇ ਜੋ ਕੁਝ ਵੀ ਹੱਥ ਲੱਗਾ, ਉਹ ਸਭ ਆਪਣੇ ਆਦਮੀਆਂ ਵਿਚ ਵੰਡ ਦਿੱਤਾ। ਉਸ ਇਕ ਦਸਤਾ ਕੈਥਲ ਭੇਜਿਆ ਅਤੇ ਦੂਜੇ ਨੂੰ ਸਮਾਣਾ ਵੱਲ ਲੈ ਕੇ ਤੁਰ ਪਿਆ।

ਕੈਥਲ ਵਿਚ ਖ਼ਾਸ ਵਿਰੋਧ ਨਹੀਂ ਹੋਇਆ ਅਤੇ ਉਹ ਲੁੱਟ-ਮਾਰ ਤੋਂ ਬਚ ਗਿਆ। ਪਰ ਸਮਾਣਾ ਦੀ ਕਿਸਮਤ ਵਿਚ ਦੁਰਦਸ਼ਾ ਸੀ। ਇਹ ਅਮੀਰ ਸ਼ਹਿਰ ਸੀ ਅਤੇ ਇਥੇ ਸ਼ਾਨਦਾਰ ਇਮਾਰਤਾਂ ਅਤੇ ਮਸਜਿਦਾਂ ਸਨ। ਇਸੇ ਹੀ ਸਥਾਨ ਤੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਸਨ। ਇਥੇ ਹੀ ਗੁਰੂ ਗੋਬਿੰਦ ਸਿੰਘ ਦੇ ਦੋ ਸਾਹਿਬਜ਼ਾਦੇ ਸ਼ਹੀਦ ਕਰਨ ਵਾਲੇ ਹੋਏ। ਬੰਦਾ ਬਹਾਦਰ ਦੇ ਆਦਮੀਆਂ ਨੇ ਸਹਿਜੇ ਹੀ ਮੁਕਾਬਲਾ ਕਰਨ ਵਾਲਿਆਂ ਨੂੰ ਜਿੱਤ ਲਿਆ। ਹਮਲਾ ਕਰਨ ਵਾਲਿਆਂ ਤੋਂ ਕਿਸੇ ਕਿਸਮ ਦੀ ਦਇਆ ਦੀ ਆਸ ਨਹੀਂ ਸੀ। ਤਿੰਨ ਦਿਨ ਤਕ ਭਾਰੀ ਲੜਾਈ ਹੁੰਦੀ ਰਹੀ ਅਤੇ ਬਾਕੀ ਜੋ ਬਚਿਆ ਉਹ ਖੰਡਰ ਸਨ ਜਿਨ੍ਹਾਂ ਵਿਚੋਂ

ਅੱਗ ਦੀਆਂ ਲਾਟਾਂ ਨਿਕਲਦੀਆਂ ਸਨ ਅਤੇ ਧੂੰਆਂ ਉਠ ਰਿਹਾ ਸੀ। ਮਹੱਲਿਆ ਵਿਚ ਹਜ਼ਾਰਾਂ ਹੀ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਸਿੱਖ ਜਥੇਬੰਦੀ ਦੀ ਪਹਿਲੀ ਜਿੱਤ ਸਮਾਣਾ ਸੀ।

ਸਮਾਣਾ ਦੀ ਤਬਾਹੀ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਦਿਲ ਵਿਚ ਹੁਣ ਕਿਸੇ ਸ਼ੱਕ ਦੀ ਗੁੰਜਾਇਸ਼ ਨਾ ਰਹਿਣ ਦਿੱਤੀ ਕਿ ਬੰਦਾ ਬਹਾਦਰ ਦਾ ਅਸਲੀ ਉਦੇਸ਼ ਕੀ ਹੈ ? ਕੇਂਦਰੀ ਜ਼ਿਲ੍ਹਿਆਂ ਦੇ ਹਥਿਆਰਬੰਦ ਕਿਸਾਨ ਸਰਹਿੰਦ ਵੱਲ ਵਹੀਰਾਂ ਘੱਤ ਰਹੇ ਸਨ। ਵਜ਼ੀਰ ਖ਼ਾਨ ਨੇ ਬਹਾਦਰ ਸ਼ਾਹ ਨੂੰ ਸੰਦੇਸ਼ ਭੇਜਿਆ ਕਿ ਜਲਦੀ ਮਦਦ ਭੇਜੇ ਅਤੇ ਆਪ ਉਸ ਇਹ ਯਤਨ ਕੀਤਾ ਕਿ ਮਝੈਲਾਂ ਨੂੰ ਸਤਲੁਜ ਦਰਿਆ ਪਾਰ ਕਰਕੇ ਮਾਲਵੇ ਦੇ ਕਿਸਾਨਾਂ ਨਾਲ ਮਿਲਣ ਤੋਂ ਰੋਕ ਪਾਵੇ। ਮਲੇਰਕੋਟਲੇ ਤੋਂ ਅਫ਼ਗਾਨਾਂ ਦੀ ਫ਼ੌਜ ਭੇਜੀ ਗਈ ਤਾਂ ਜੋ ਮਝੈਲਾਂ ਨੂੰ ਦਰਿਆ ਦੇ ਉਸ ਪਾਰ ਰੋਕ ਰੱਖਣ। ਸਾਰੇ ਬੇੜੇ ਰੋਕ ਕੇ ਉਥੇ ਕਾਫ਼ੀ ਫ਼ੌਜ ਤੈਨਾਤ ਕਰ ਦਿੱਤੀ ਗਈ।

ਫਤਹਿ ਦੇ ਝੰਡੇ ਲਹਿਰਾਉਂਦਾ ਬੰਦਾ ਮਾਲਵਾ ਦੇ ਕੇਂਦਰ ਤੋਂ ਲੰਘਦਾ ਗਿਆ। ਉਸ ਘੁੜਾਮ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ ਅਤੇ ਸਢੌਰਾ ਲੁੱਟਿਆ ਅਤੇ ਸਰਹਿੰਦ ਤਕ ਆ ਪੁੱਜਿਆ। ਸਿੱਖਾਂ ਦੇ ਮਨਾਂ ਅੰਦਰ ਸਰਹਿੰਦ ਰੜਕਦੀ ਸੀ ਕਿਉਂ ਜੋ ਇਥੇ ਹੀ ਗੁਰੂ ਦੇ ਦੋ ਸਾਹਿਬਜ਼ਾਦੇ ਸ਼ਹੀਦ ਹੋਏ ਸਨ ਅਤੇ ਇਹੋ ਹੀ ਕਾਤਲ ਵਜ਼ੀਰ ਖ਼ਾਨ ਅਤੇ ਸੁੱਚਾ ਨੰਦ ਦਾ ਘਰ ਸੀ।

ਬੰਦੇ ਦੀ ਚੜ੍ਹਤ ਤੋਂ ਸਤਲੁਜ ਪਹੁੰਚੇ ਅਫ਼ਗਾਨ ਘਬਰਾ ਗਏ। ਉਨ੍ਹਾਂ ਨੂੰ ਆਪਣੇ ਪਿੱਛੇ ਦਾ ਫ਼ਿਕਰ ਪੈ ਗਿਆ। ਇਸ ਲਈ ਉਨ੍ਹਾਂ ਕੁਝ ਫ਼ੌਜ ਬੰਦੇ ਨੂੰ ਰੋਕ ਪਾਉਣ ਲਈ ਭੇਜ ਦਿੱਤੀ। ਮਝੈਲਾਂ ਨੇ ਇਸ ਅਵਸਰ ਦਾ ਲਾਭ ਉਠਾਇਆ ਅਤੇ ਰੋਪੜ ਦੇ ਨੇੜਿਓਂ ਦਰਿਆ ਪਾਰ ਕਰ ਗਏ। ਅਫ਼ਗਾਨਾਂ ਨੇ ਸਮਾਂ ਪ੍ਰਾਪਤ ਕਰਨ ਲਈ ਡਟ ਕੇ ਮੁਕਾਬਲਾ ਕੀਤਾ, ਅਤੇ ਇਸ ਤੋਂ ਪਹਿਲਾ ਕਿ ਮਾਲਵਾ ਦੇ ਦਰੜਨ ਵਾਲੇ ਜਬਾੜੇ ਉਨ੍ਹਾਂ ਨੂੰ ਮੁਕਾ ਦਿੰਦੇ, ਉਹ ਪਿੱਛੇ ਹਟ ਗਏ। ਬੰਦਾ ਰੋਪੜ ਤੋਂ ਆਉਂਦੇ ਮਝੈਲਾਂ ਨੂੰ ਅੱਗੋਂ ਦੀ ਹੋ ਕੇ ਮਿਲਿਆ।

ਸਰਦੀਆਂ ਦੀ ਰੁੱਤ ਤਾਂ ਸਿਖਲਾਈ ਅਤੇ ਹਥਿਆਰ ਇਕੱਠੇ ਕਰਨ ਵਿਚ ਬਿਤਾਈ ਗਈ। ਬੰਦੇ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਭੂਮੀ-ਹੀਨ ਲੋਕਾਂ ਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ ਅਤੇ ਲੁੱਟ ਦਾ ਮਾਲ ਸਭ ਵਿਚ ਵੰਡਿਆ ਜਾਵੇਗਾ। ਇਸ ਲਈ ਰੰਗਰੂਟਾਂ ਦੀ ਘਾਟ ਨਹੀਂ ਸੀ। ਪਰ ਉਹ ਤੋਪਾਂ ਅਤੇ ਬੰਦੂਕਾਂ ਭਾਰੀ ਮਾਤਰਾ ਵਿਚ ਪ੍ਰਾਪਤ ਨਾ ਕਰ ਸਕਿਆ। ਪਰ ਬਸੰਤ ਆਉਂਦੇ ਹੀ ਉਸ ਆਪਣੇ ਆਪ ਨੂੰ ਇੰਨਾ ਸ਼ਕਤੀਸ਼ਾਲੀ ਅਨੁਭਵ ਕੀਤਾ ਕਿ ਮੁਗ਼ਲਾਂ ਨਾਲ ਲੋਹੇ ਨਾਲ ਲੋਹਾ ਖੜਕਾ ਸਕੇ। ਅਤੇ ਉਸ ਸਰਹਿੰਦ ਉਤੇ ਭਾਰੀ ਹਮਲਾ ਕਰ ਦਿੱਤਾ।

ਉਪਰੋਂ ਵਜ਼ੀਰ ਖ਼ਾਨ ਵੀ ਚੂੜੀਆਂ ਪਾ ਕੇ ਨਹੀਂ ਬੈਠਾ ਸੀ। ਉਸ ਮੁਸਲਮਾਨ ਜ਼ਿਮੀਂਦਾਰਾਂ ਨੂੰ ਇਹ ਯਕੀਨ ਕਰਵਾਇਆ ਕਿ ਜੇਕਰ ਜਿੱਤ ਬੰਦੇ ਦੀ ਹੋਈ ਤਾਂ ਉਹ ਤਬਾਹ ਹੋ ਜਾਣਗੇ। ਇਸ ਲਈ ਮੁੱਲਾਂ-ਮੌਲਾਣਿਆਂ ਨੂੰ ਪ੍ਰੇਰਿਆ ਕਿ ਕਾਫ਼ਰਾਂ ਵਿਰੁੱਧ ਜੰਗ ਲੜਨ ਲਈ ਲੋਕਾਂ ਨੂੰ ਜਹਾਦ ਲਈ ਉਕਸਾਉਣ।

ਵਜ਼ੀਰ ਖ਼ਾਨ ਦੀ ਫ਼ੌਜ ਬੰਦੇ ਦੇ ਕਿਸਾਨਾਂ ਦੀ ਫ਼ੌਜ ਨੂੰ ਸ਼ਹਿਰ ਤੋਂ ਦਸ ਮੀਲ ਬਾਹਰ ਹੀ ਟੱਕਰੀ ਅਤੇ ਇਕਦਮ ਹਮਲਾ ਕਰਨ ਲਈ ਕਿਹਾ। ਕਿਸਾਨਾਂ ਨੇ ਤੋਪਾਂ ਦੇ ਗੋਲੇ ਦਾਗੇ ਅਤੇ ਦੁਸ਼ਮਣ ਨਾਲ ਦਸਤਪੰਜਾ ਹੋ ਗਏ। ਹੱਥੋ-ਹੱਥ ਦੀ ਲੜਾਈ ਵਿਚ ਉਨ੍ਹਾਂ ਦੀ ਭਾਰੀ ਗਿਣਤੀ ਸ਼ਤਰੂ 'ਤੇ ਭਾਰੂ ਹੋ ਗਈ। ਵਜ਼ੀਰ ਖ਼ਾਨ ਮਾਰਿਆ ਗਿਆ ਅਤੇ ਉਸ ਦੇ ਫ਼ੌਜੀਆਂ ਦਾ ਮਨੋਬਲ ਗਿਰ ਗਿਆ। ਇਹ ਜੰਗ ਮੁਗ਼ਲਾਂ ਅਤੇ ਗਾਜ਼ੀਆਂ ਦੇ ਸਫ਼ਾਏ ਦੀ ਸੀ। ਇਸ

ਬਾਰੇ ਖ਼ਫ਼ੀ ਖ਼ਾਨ ਲਿਖਦਾ ਹੈ : "ਇਸਲਾਮੀ ਫ਼ੌਜ ਦਾ ਕੋਈ ਵੀ ਆਦਮੀ ਇਸ ਤੋਂ ਵੱਧ ਨਾ ਬਚਿਆ ਕਿ ਉਸ ਦਾ ਸਾਹ ਚਲਦਾ ਸੀ ਅਤੇ ਉਸ ਦੇ ਸਰੀਰ ਤੇ ਕਪੜੇ ਸਨ। ਘੋੜਸਵਾਰ ਅਤੇ ਪੈਦਲ ਫ਼ੌਜ ਕਾਫ਼ਰਾ ਦੀਆ ਤਲਵਾਰਾਂ ਦੀ ਨਜ਼ਰ ਹੋ ਗਏ, ਜਿਨ੍ਹਾਂ ਪਿੱਛੋਂ ਉਹ ਸਰਹਿੰਦ ਤਕ ਚਲਦੇ ਗਏ।"

ਦੋ ਦਿਨ ਉਪਰੰਤ ਬੰਦੇ ਨੇ ਸਰਹਿੰਦ 'ਤੇ ਧਾਵਾ ਬੋਲ ਦਿੱਤਾ। ਉਹ ਸ਼ਹਿਰ ਵਿਚ ਮਈ 24, 1710 ਨੂੰ ਦਾਖ਼ਲ ਹੋਇਆ। ਵਜ਼ੀਰ ਖ਼ਾਨ ਤਾਂ ਮਾਰਿਆ ਗਿਆ ਸੀ ਪਰ ਸੁੱਚਾ ਨੰਦ ਜਿਸ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਸੀ, ਜਿਉਂਦਾ ਹੀ ਫੜ ਲਿਆ। ਇਸ ਜ਼ੁਲਮ ਬਾਰੇ ਨਫ਼ਰਤ ਦੇ ਇਲਾਵਾ ਕਿਸਾਨਾਂ ਨੂੰ ਆਪਣਾ ਰੋਸ ਵੀ ਸੀ। ਉਸ ਵੇਲੇ ਦਾ ਇਕ ਰੋਜ਼ਨਾਮਚਾ ਲਿਖਣ ਵਾਲਾ ਇਹ ਲਿਖਦਾ ਹੈ : "ਇਰਦ-ਗਿਰਦ ਦੇ ਲੋਕਾਂ ਪਾਸੋਂ ਮੈਂ ਸੁਣਿਆ ਹੈ ਕਿ ਮਰਹੂਮ ਖ਼ਾਨ ਦੀ ਹਕੂਮਤ ਦੇ ਦੌਰਾਨ ਅਜਿਹਾ ਕੋਈ ਜ਼ੁਲਮ ਨਹੀਂ ਸੀ ਜਿਹੜਾ ਉਸ ਗ਼ਰੀਬਾਂ 'ਤੇ ਨਾ ਢਾਇਆ ਹੋਵੇ। ਅਜਿਹਾ ਕੋਈ ਬੀਜ ਨਹੀਂ ਸੀ, ਜਿਸ ਦੇ ਉਹ ਫਲ ਖਾ ਰਿਹਾ ਸੀ। ਜਿਹੜਾ ਉਸ ਆਪ ਆਪਣੇ ਲਈ ਨਾ ਬੀਜਿਆ ਹੋਵੇ।"

ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਬਸ ਕੁਝ ਖ਼ਾਨਕਾਹਾਂ ਹੀ ਬਚੀਆਂ। ਵਜ਼ੀਰ ਖ਼ਾਨ ਦੇ ਮਹਿਲਾਂ ਵਿਚੋਂ ਅਤੇ ਸੁੱਚਾ ਨੰਦ ਦੇ ਖ਼ਜ਼ਾਨੇ ਵਿਚੋਂ ਜੇਤੂਆਂ ਨੂੰ ਕਾਫ਼ੀ ਮਾਲ ਹੱਥ ਲੱਗਾ।

ਬੰਦਾ ਇਸ ਵੇਲੇ ਜਮਨਾ ਤੋਂ ਸਰਹਿੰਦ ਤਕ ਦਾ ਮਾਲਕ ਬਣ ਚੁੱਕਾ ਸੀ ਜਿਸ ਦੀ ਸਾਲਾਨਾ ਮਾਲੀਏ ਦੀ ਆਮਦਨੀ 36 ਲੱਖ ਰੁਪਏ ਸੀ। ਉਸ ਦਾ ਸਿਤਾਰਾ ਚੜ੍ਹਦੀਆਂ ਕਲਾਂ 'ਤੇ ਸੀ। ਵਿਸ਼ਵਾਸ ਸਦਕਾ, ਡਰ ਕਾਰਨ ਜਾਂ ਲਾਭ ਹਿਤ (ਜਾਂ ਤਿੰਨ ਦੇ ਮੇਲ ਕਾਰਨ) ਬਹੁਤ ਸਾਰੇ ਹਿੰਦੂ ਸਿੱਖੀ ਧਾਰਨ ਕਰਦੇ ਗਏ। ਪਰ ਬੰਦਾ ਇਨ੍ਹਾਂ ਨਵੇਂ-ਨਵੇਂ ਸਿੱਖ ਬਣੇ ਲੋਕਾਂ 'ਤੇ ਪੂਰਾ ਇਤਬਾਰ ਨਹੀਂ ਕਰਦਾ ਸੀ। ਹਿਮਾਲੀਆ ਵਿਚ ਸੁਰੱਖਿਅਤ ਸਥਾਨ ਮੁਖ਼ਲਿਸ ਗੜ੍ਹ ਨੂੰ ਉਸ ਆਪਣਾ ਮੁਖਿਆਲਾ ਬਣਾਇਆ। ਇਸ ਪ੍ਰਕਾਰ ਬੰਦਾ ਬੈਰਾਗੀ ਜਿਹੜਾ ਸਿਪਾਹ-ਸਾਲਾਰ ਸੀ, ਬੰਦਾ ਬਹਾਦਰ ਬਣ ਗਿਆ ਅਤੇ 'ਬੰਦਾ ਪਾਤਸ਼ਾਹ' ਹੋ ਬੈਠਾ। ਉਸ ਨਵਾਂ ਸੰਮਤ ਸਰਹਿੰਦ ਦੀ ਜਿੱਤ ਤੋਂ ਚਲਾਇਆ। ਉਸ ਆਪਣੇ ਰਾਜ ਦੇ ਸਿੱਕੇ ਚਾਲੂ ਕੀਤੇ ਜਿਨ੍ਹਾਂ ਉਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਸਨ। ਜਿਹੜੀ ਮੋਹਰ ਉਸ ਬਣਾਈ, ਉਸ 'ਤੇ ਨਾ ਕੇਵਲ ਗੁਰੂ ਸਾਹਿਬ ਦੇ ਨਾਮ ਸਨ ਸਗੋਂ ਦੋ ਹੋਰ ਚੀਜ਼ਾਂ ਵੀ ਉਕਰੀਆ ਜਿਨ੍ਹਾਂ ਲਈ ਉਸ ਦਾ ਵਧੇਰੇ ਯੋਗਦਾਨ ਸੀ 'ਦੇਗ' ਜਿਹੜੀ ਖ਼ਾਲਸੇ ਦੇ ਲੰਗਰ ਲਈ ਸੀ ਅਤੇ 'ਤੇਗ' ਜੋ ਖ਼ਾਲਸੇ ਦਾ ਸ਼ਸਤਰ ਸੀ।

ਮੁਖ਼ਲਿਸ ਗੜ੍ਹ ਵਿਖੇ ਹੀ ਬੰਦੇ ਨੂੰ ਇਹ ਸਮਾਚਾਰ ਮਿਲਿਆ ਕਿ ਸ਼ਹਿਨਸ਼ਾਹ ਦੱਖਣ ਵਿਚ ਆਪਣੇ ਭਰਾ ਨੂੰ ਤਾਬੇ ਕਰਕੇ ਰਾਜਸਥਾਨ ਈਨ ਮੰਨਵਾਉਣ ਲਈ ਤੁਰ ਪਿਆ ਹੈ ਅਤੇ ਮੌਨਸੂਨ ਤੋਂ ਪਹਿਲੋਂ ਦਿੱਲੀ ਨਹੀਂ ਪਹੁੰਚੇਗਾ। ਇਸ ਲਈ ਬੰਦਾ ਨੇ ਇਹ ਵਿਚਾਰ ਕੀਤੀ ਕਿ ਇਸ ਅਵਸਰ ਨੂੰ ਮੁਗ਼ਲਾਂ ਦੇ ਹੋਰ ਠਿਕਾਣੇ ਤਬਾਹ ਕਰਨ ਵੱਲ ਲਾਇਆ ਜਾਵੇ ਜਿਹੜੇ ਉੱਤਰੀ ਭਾਰਤ ਵਿਚ ਸਨ।

ਗਰਮੀਆ ਦੇ ਦਿਨਾਂ ਵਿਚ ਜਦੋਂ ਜਮਨਾ ਦਾ ਪਾਣੀ ਲਗਭਗ ਸੁੱਕਿਆ ਹੋਇਆ ਸੀ, ਬੰਦੇ ਨੇ ਜਮਨਾ ਪਾਰ ਕੀਤੀ ਅਤੇ ਸਹਾਰਨਪੁਰ ਪਹੁੰਚ ਗਿਆ। ਉਸ ਦੇ ਪਹੁੰਚਣ ਸਾਰ ਹੀ ਗੁੱਜਰਾਂ ਨੂੰ ਨਵਾਬਾਂ ਅਤੇ ਜ਼ਿਮੀਂਦਾਰਾਂ ਵਿਰੁੱਧ ਬਗ਼ਾਵਤ ਕਰਨ ਦਾ ਮੌਕਾ ਮਿਲ ਗਿਆ। ਕਿਉਂ ਜੋ ਇਨ੍ਹਾਂ ਨੂੰ ਕਈ ਦਹਾਕਿਆਂ ਤੋਂ ਦਬਾਇਆ ਜਾ ਰਿਹਾ ਸੀ। ਉਨ੍ਹਾਂ ਆਪਣੇ ਆਪ

ਨੂੰ 'ਨਾਨਕ ਪ੍ਰਸਤ' ਘੋਸ਼ਿਤ ਕਰ ਦਿੱਤਾ ਅਤੇ ਪੰਜਾਬ ਤੋਂ ਆਏ ਆਪਣੇ ਸਾਥੀਆਂ ਨਾਲ ਮਿਲ ਗਏ। ਸਥਾਨਕ ਫ਼ੌਜਦਾਰ ਅਤੇ ਹੋਰ ਵੀ ਜਿਹੜੇ ਦੂਰ ਹੋ ਸਕਦੇ ਸਨ, ਦੌੜ ਕੇ ਦਿੱਲੀ ਆ ਵੜੇ। ਜਿਹੜੇ ਬਾਕੀ ਬਚੇ ਉਨ੍ਹਾਂ ਵਿਚ ਬਹੁਤ ਸਾਰੇ ਇੱਜ਼ਤਦਾਰ ਖ਼ਾਨਦਾਨਾਂ ਵਾਲੇ ਸਨ ਉਹ ਖ਼ੂਬ ਬਹਾਦਰੀ ਨਾਲ ਲੜੇ ਅਤੇ ਅੰਤ ਸ਼ਹੀਦ ਹੋ ਗਏ।

ਸਹਾਰਨਪੁਰ ਨੂੰ ਖ਼ੂਬ ਲੁੱਟਿਆ ਗਿਆ ਅਤੇ ਇਸ ਤੋਂ ਉਪਰੰਤ ਬੇਹ ਅਤੇ ਅੰਬੇਟਾ ਦੀ ਵਾਰੀ ਆ ਗਈ। ਜਦੋਂ ਮੌਨਸੂਨ ਸ਼ੁਰੂ ਹੋਈ ਤਾਂ ਗੁੱਜਰਾਂ ਨੇ ਨਨੌਤਾ 'ਤੇ ਕਬਜ਼ਾ ਕਰਕੇ ਉਸ ਨੂੰ ਢਾਹ-ਢੇਰੀ ਕਰ ਦਿੱਤਾ।

ਜਮਨਾ-ਗੰਗਾ ਦੇ ਦੁਆਬੇ ਵਿਚ ਡਰ ਦੀ ਲਹਿਰ ਫੈਲ ਗਈ। ਅਮੀਰ ਲੋਕ ਅਵਧ ਵੱਲ ਦੌੜ ਗਏ ਜਾਂ ਉੱਤਰ ਵੱਲ ਪਹਾੜਾਂ 'ਤੇ ਚਲੇ ਗਏ। ਘੋੜੇ ਤੇ ਸਵਾਰ ਇਕ ਸਿੱਖ ਰਿਸਾਲਦਾਰ ਦਾ ਦਰਸ਼ਨ ਹੀ ਕਾਫ਼ੀ ਸੀ, ਜਿਹੜਾ ਸਾਰੇ ਪਿੰਡ ਵਿਚ ਦਹਿਸ਼ਤ ਫੈਲਾ ਸਕਦਾ ਸੀ।

ਪੂਰਬ ਦਿਸ਼ਾ ਵੱਲ ਬੰਦਾ ਬਹਾਦਰ ਦਾ ਧਾਵਾ ਮਾਨਸੂਨ ਕਾਰਨ ਰੁਕ ਗਿਆ ਅਤੇ ਜਲਾਲਬਾਦ ਵਿਖੇ ਟੱਕਰ ਵੀ ਹੋਈ। ਉਸ ਨੂੰ ਜਲੰਧਰ ਦੁਆਬੇ ਤੋਂ ਬੇਨਤੀ ਵੀ ਪ੍ਰਾਪਤ ਹੋਈ ਕਿ ਮੁਗ਼ਲ ਫ਼ੌਜਦਾਰ ਦੀਆਂ ਵਧੀਕੀਆਂ ਤੋਂ ਲੋਕਾਂ ਦੀ ਜਾਨ ਛੁਡਾਵੇ। ਉਸ ਜਲਾਲਬਾਦ ਦਾ ਘੇਰਾ ਚੁੱਕ ਦਿੱਤਾ ਅਤੇ ਮੁੜ ਜਮਨਾ ਪਾਰ ਕੀਤੀ, ਤਾਂ ਜੋ ਮਾਨਸੂਨ ਰੋਕ ਨਾ ਪਾ ਸਕੇ।

ਬੰਦੇ ਦੇ ਪੰਜਾਬ ਪਰਤ ਆਉਣ ਦੀ ਖ਼ਬਰ ਨਾਲ ਮਾਲਵੇ ਦੇ ਕਿਸਾਨਾਂ ਅੰਦਰ ਖ਼ੁਸ਼ੀ ਦੀ ਲਹਿਰ ਫੈਲ ਗਈ। ਪਹਿਲਾ ਸ਼ਿਕਾਰ ਰਾਹੋਂ ਦਾ ਫ਼ੌਜਦਾਰ ਹੋਇਆ। ਸਿੱਖਾਂ ਅੰਦਰ ਇਕ ਨਵੀਂ ਜੁਗਤ ਆ ਗਈ ਸੀ ਧਾਈ ਫੱਟ। ਇਸ ਅਨੁਸਾਰ ਪਹਿਲਾਂ ਮਾਰੋ, ਫੇਰ ਪਿੱਛੇ ਹਟੋ ਅਤੇ ਫੇਰ ਮਾਰੋ। ਉਨ੍ਹਾਂ ਜਲੰਧਰ ਅਤੇ ਹੁਸ਼ਿਆਰਪੁਰ ਉਤੇ ਕਬਜ਼ਾ ਕਰ ਲਿਆ। 1710 ਦੀ ਬਰਸਾਤ ਤਕ ਉਨ੍ਹਾਂ ਜਲੰਧਰ ਦਾ ਸਾਰਾ ਦੁਆਬਾ ਜਿੱਤ ਲਿਆ।

ਦੂਜਾ ਗੇੜ : ਪੱਧਰ ਤੋਂ ਪਹਾੜੀ ਵੱਲ

ਬਗ਼ਾਵਤ ਦਾ ਝੰਡਾ ਬੰਦਾ ਬਹਾਦਰ ਰਾਹੀਂ ਸਤਲੁਜ ਤੋਂ ਪਾਰ ਸਾਰੇ ਮਾਝਾ ਦੇਸ਼ ਵਿਚ ਝੁੱਲ ਗਿਆ ਸੀ। ਕਿਸਾਨਾਂ ਦੀ ਫ਼ੌਜ ਅੰਮ੍ਰਿਤਸਰ ਤੋਂ ਚੱਲੀ ਅਤੇ ਪਹਾੜਾਂ ਨੂੰ ਉੱਤਰ ਵੱਲ ਚੱਲ ਪਈ। ਕਲਾਨੌਰ, ਬਟਾਲਾ ਅਤੇ ਪਠਾਨਕੋਟ 'ਤੇ ਝੰਡਾ ਗੱਡਿਆ। ਅੱਗੋਂ ਸਤਲੁਜ ਅਤੇ ਰਾਵੀ ਦੇ ਵਿਚਕਾਰਲੇ ਹਿੱਸੇ ਲੰਘ ਗਏ। ਪੰਜਾਬ ਇਕ ਸਾਗਰ ਵਾਂਗ ਠਾਠਾਂ ਮਾਰਨ ਲੱਗਾ। ਜਿਸ ਵਿਚ ਆਜ਼ਾਦ ਕਿਸਾਨਾਂ ਦਾ ਸਮੂਹ ਲਹਿਰਾਉਂਦਾ ਸੀ। ਇਸ ਵਿਚਕਾਰ ਮੁਗ਼ਲ ਅਧਿਕਾਰ ਦੇ ਦੋ ਛੋਟੇ ਦ੍ਵੀਪ ਨਜ਼ਰ ਆਉਂਦੇ ਸਨ, ਰਾਜਧਾਨੀ ਲਾਹੌਰ ਸ਼ਹਿਰ ਅਤੇ ਅਫ਼ਗ਼ਾਨਾਂ ਦਾ ਕਸਬਾ ਕਸੂਰ।

ਮੁਗ਼ਲ ਅਮੀਰਾਂ ਵਜ਼ੀਰਾਂ ਨੇ ਯਤਨ ਕੀਤਾ ਕਿ ਇਸ ਅੰਦੋਲਨ ਨੂੰ ਕੁਚਲ ਦਿੱਤਾ ਜਾਏ ਅਤੇ ਇਸ ਕੰਮ ਲਈ ਉਨ੍ਹਾ ਮੁਸਲਮਾਨ ਕਿਸਾਨਾਂ ਦੇ ਜਜ਼ਬਾਤ ਉਭਾਰੇ। ਕੁਝ ਸਮੇਂ ਲਈ ਇਹ ਨਵੀਂ ਨੀਤੀ ਫਲ ਲਿਆਈ ਕਿਉਂ ਜੋ ਨਵੇਂ-ਨਵੇਂ ਬਣੇ ਗ਼ਾਜ਼ੀ, ਸਿੱਖਾਂ ਨੂੰ ਮੁਗ਼ਲਾਂ ਤੋਂ ਲਾਹੌਰ ਤੋਂ ਥੋੜ੍ਹਾ ਦੂਰ ਰੱਖਣ ਵਿਚ ਸਫਲ ਹੋ ਗਏ। ਜਾਗੀਰਦਾਰਾਂ ਦੇ ਭੜਕਾਏ ਹੋਏ ਧਾਰਮਿਕ ਜਜ਼ਬਾਤ ਕੁਝ ਠੰਡੇ ਹੋਏ ਅਤੇ ਉਹ ਘਰਾਂ ਨੂੰ ਪਰਤ ਆਏ। ਸਿੱਖ ਅੱਗੇ ਵਧੇ ਅਤੇ ਸ਼ਿਲਵਾਲ ਦੇ ਪਿੰਡ ਲਾਗੇ ਉਨ੍ਹਾਂ ਫ਼ੌਜਾਂ ਨੂੰ ਪਛਾੜਿਆ ਅਤੇ ਲਾਹੌਰ ਦੇ ਆਲੇ-ਦੁਆਲੇ ਦੇ ਇਲਾਕੇ 'ਤੇ ਛਾ ਗਏ।

ਜਮਨਾ ਤੋਂ ਰਾਵੀ ਤਕ ਅਤੇ ਉਸ ਤੋਂ ਅੱਗੇ ਜੇਕਰ ਕਿਸੇ ਦੀ ਪੁੱਛ ਸੀ ਤਾਂ ਉਹ ਬੰਦਾ

ਬਹਾਦਰ ਦੀ ਸੀ। ਜਿਹੜੀ ਤਾਕਤ ਲੋਕਾਂ ਦਾ ਸਤਿਕਾਰ ਜਿੱਤ ਰਹੀ ਸੀ ਉਹ ਕਿਸਾਨ ਫ਼ੌਜ ਹੀ ਸੀ। ਇਨ੍ਹਾਂ ਭਾਗਾ ਭਰੇ ਦਿਨਾਂ ਵਿਚ ਜੇਕਰ ਬੰਦਾ ਥੋੜ੍ਹਾ ਹੋਰ ਉੱਦਮ ਕਰਦਾ ਤਾਂ ਉਹ ਦਿੱਲੀ ਦੇ ਤਖ਼ਤ 'ਤੇ ਬੈਠ ਸਕਦਾ ਸੀ, ਲਾਹੌਰ 'ਤੇ ਕਬਜ਼ਾ ਹੋ ਸਕਦਾ ਸੀ ਅਤੇ ਭਾਰਤ ਦੇ ਇਤਿਹਾਸ ਦਾ ਸਾਰਾ ਰੰਗ ਬਦਲ ਸਕਦਾ ਸੀ। ਉਹ ਬਹਾਦਰ ਸੀ ਪਰ ਫ਼ੈਸਲੇ ਦੀ ਘਾਟ ਨੇ ਉਸ ਦੇ ਸੁਪਨੇ ਮਲੀਆਮੇਟ ਕਰ ਦਿੱਤੇ। ਇਸ ਸਮੇਂ ਵਿਚ ਬਹਾਦਰ ਸ਼ਾਹ ਨੇ ਰਾਜਪੂਤਾਂ ਨੂੰ ਈਨ ਮਨਵਾਉਣ ਦੀ ਯੋਜਨਾ ਨੂੰ ਤਿਲਾਂਜਲੀ ਦਿੱਤੀ ਅਤੇ ਬਿਨਾਂ ਦਿੱਲੀ ਠਹਿਰਨ ਦੇ ਸਿੱਧਾ ਉੱਤਰੀ ਪੰਜਾਬ ਵੱਲ ਵਧਿਆ।

ਬਾਦਸ਼ਾਹ ਨੇ ਦਿੱਲੀ, ਉੱਤਰ ਪ੍ਰਦੇਸ਼ ਅਤੇ ਅਵਧ ਦੀ ਸਾਰੀ ਫ਼ੌਜ ਇਕੱਠੀ ਕਰ ਲਈ ਅਤੇ ਸਿੱਖਾਂ ਵਿਰੁੱਧ ਜਹਾਦ ਜਾਰੀ ਕਰ ਦਿੱਤਾ। ਉਸ ਬੁੰਦੇਲੇ ਰਾਜਪੂਤਾਂ ਨੂੰ ਵੀ ਇਸ ਲੜਾਈ ਵਿਚ ਹਿੱਸਾ ਪਾਉਣ ਲਈ ਪ੍ਰੇਰਿਆ। ਉਸ ਦੇ ਨਾਲ ਉਸ ਦੇ ਚਾਰ ਪੁੱਤਰ ਸਨ ਅਤੇ ਮੁਗ਼ਲ ਫ਼ੌਜ ਦੇ ਆਹਲਾ ਸਿਪਾਹੀ। ਇਸ ਮੋਰਚੇ ਦੀ ਕਮਾਨ ਫ਼ਿਰੋਜ਼ ਖ਼ਾਨ ਨੂੰ ਸੌਂਪੀ ਗਈ।

ਫ਼ਿਰੋਜ਼ ਖ਼ਾਨ ਨੇ ਇਕਦਮ ਹੱਲਾ ਬੋਲ ਦਿੱਤਾ ਅਤੇ ਕਿਸਾਨ ਫ਼ੌਜ ਨੂੰ ਅਮੀਨ ਗੜ੍ਹ ਦੇ ਨੇੜੇ ਹਾਰ ਦਿੱਤੀ। ਇਕ ਮਹੀਨੇ ਦੇ ਅੰਦਰ ਹੀ ਸ਼ਾਹੀ ਫ਼ੌਜਾਂ ਨੇ ਥਾਨੇਸਰ, ਕਰਨਾਲ ਅਤੇ ਸ਼ਾਹਬਾਦ 'ਤੇ ਮੁੜ ਕਬਜ਼ਾ ਕਰ ਲਿਆ। 1710 ਵਿਚ ਮਾਲਵੇ ਦੇ ਇਲਾਕੇ ਵਿਚ ਮੁਗ਼ਲ ਰਾਜ ਮੁੜ ਕਾਇਮ ਹੋ ਗਿਆ।

ਬੰਦਾ ਪਹਾੜਾਂ ਤੇ ਬਣੀ ਗੜ੍ਹੀ ਵੱਲ ਪਿੱਛੇ ਹਟਿਆ। ਮੁਗ਼ਲ, ਮਿਓ, ਪਠਾਣ, ਅਫ਼ਗਾਨ ਅਤੇ ਰਾਜਪੂਤ ਉਸ ਦਾ ਪਿੱਛਾ ਕਰਦੇ ਗਏ। ਪਿੱਛੇ ਹਟਦੀ ਕਿਸਾਨ ਫ਼ੌਜ ਜਦੋਂ ਪਹਾੜੀਆਂ ਦੀ ਓਟ ਵਿਚ ਪਹੁੰਚੀ ਤਾਂ ਉਨ੍ਹਾਂ ਆਪਣਾ ਪਿੱਛਾ ਕਰਦੀ ਮੁਗ਼ਲ ਫ਼ੌਜ 'ਤੇ ਹੱਲਾ ਬੋਲ ਕੇ ਉਨ੍ਹਾਂ ਨੂੰ ਪਛਾੜ ਦਿੱਤਾ। ਬੰਦੇ ਦੇ ਨਾਮ ਤੋਂ ਲੋਕ ਕੰਬਦੇ ਸਨ। ਉਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਗੋਲੀ ਦਾ ਰੁਖ਼ ਮੋੜਨ ਦੀ ਸ਼ਕਤੀ ਰਖਦਾ ਹੈ ਅਤੇ ਉਸ ਪਾਸ ਅਜਿਹੀ ਕਰਾਮਾਤ ਸੀ ਕਿ ਕੋਈ ਤਲਵਾਰ ਜਾਂ ਭਾਲਾ ਉਸ ਦੇ ਆਦਮੀਆਂ ਨੂੰ ਜ਼ਖ਼ਮੀ ਨਹੀਂ ਕਰ ਸਕਦਾ ਸੀ।

ਆਖ਼ਿਰ ਸ਼ਾਹੀ ਫ਼ੌਜਾਂ ਨੇ ਮੁਖ਼ਲਿਸ ਗੜ੍ਹ ਦੀ ਗੜ੍ਹੀ ਦੁਆਲੇ ਘੇਰਾ ਪਾ ਲਿਆ। ਪਰ ਇਕ ਰਾਤ ਬੰਦੇ ਨੇ ਆਪਣੇ ਨਾਲ ਥੋੜ੍ਹੇ ਜਿਹੇ ਆਦਮੀ ਲਏ ਅਤੇ ਸ਼ਾਹੀ ਫ਼ੌਜਾਂ ਦਾ ਘੇਰਾ ਕੱਟ ਕੇ ਬਾਹਰ ਨਿਕਲ ਆਇਆ।

ਅਗਲੀ ਸਵੇਰ (ਦਸੰਬਰ 11, 1710) ਸ਼ਾਹੀ ਫ਼ੌਜਾਂ ਗੜ੍ਹੀ 'ਤੇ ਟੁੱਟ ਪਈਆਂ ਅਤੇ ਬਾਕੀ ਰਹਿ ਗਏ ਥੋੜ੍ਹੇ ਜਿਹੇ ਆਦਮੀਆ ਨੂੰ ਪਕੜ ਲਿਆ। ਉਨ੍ਹਾਂ ਵਿਚੋਂ ਇਕ ਗੁਲਾਬ ਸਿੰਘ ਸੀ, ਜਿਹੜਾ ਬੰਦੇ ਨਾਲ ਮਿਲਦਾ-ਜੁਲਦਾ ਸੀ ਅਤੇ ਉਸ ਦੀ ਪੁਸ਼ਾਕ ਵੀ ਉਸ ਵਰਗੀ ਹੀ ਸੀ। ਮੁਗ਼ਲ ਫ਼ੌਜਾਂ ਖ਼ੁਸ਼ੀ ਮਨਾ ਰਹੀਆਂ ਸਨ ਕਿ ਬੰਦਾ ਬਹਾਦਰ ਪਕੜ ਲਿਆ ਗਿਆ ਹੈ, ਪਰ ਉਕਾਬ ਤਾਂ ਪਹਿਲੋਂ ਹੀ ਉਡਾਰੀ ਮਾਰ ਗਿਆ ਸੀ।

ਬਹਾਦਰ ਸ਼ਾਹ ਨੇ ਆਪਣਾ ਗ਼ੁੱਸਾ ਉਨ੍ਹਾਂ ਚੰਦ ਕੈਦੀਆਂ ਉਪਰ ਕੱਢਿਆ ਅਤੇ ਨਾਹਨ ਦੇ ਰਾਜੇ ਨੂੰ ਸਜ਼ਾ ਦਿੱਤੀ ਜਿਸ ਦੇ ਇਲਾਕੇ ਵਿਚੋਂ ਬੰਦਾ ਬਚ ਕੇ ਨਿਕਲ ਗਿਆ ਸੀ। ਰਾਜੇ ਅਤੇ ਸੂਰਮੇ ਗੁਲਾਬ ਸਿੰਘ ਨੂੰ ਲੋਹੇ ਦੇ ਪਿੰਜਰਿਆਂ ਵਿਚ ਕੈਦ ਕਰ ਦਿੱਤਾ ਗਿਆ ਅਤੇ ਦਿੱਲੀ ਭੇਜ ਦਿੱਤਾ। ਬਾਕੀ ਬੰਦੀ ਅਤੇ ਹੋਰ ਤੀਹ ਆਦਮੀ ਜਿਹੜੇ ਨਾਹਨ ਦੇ ਰਾਜੇ ਲਈ ਮਿੰਨਤ ਕਰਨ ਗਏ ਸਨ, ਜੱਲਾਦ ਨੂੰ ਸੌਂਪ ਦਿੱਤੇ ਗਏ।

ਮੁਖ਼ਲਿਸ ਗੜ੍ਹ ਦੇ ਕਿਲ੍ਹੇ ਤੋਂ ਬਚ ਕੇ ਨਿਕਲਣ ਉਪਰੰਤ ਬੰਦੇ ਨੇ ਹੁਕਮਨਾਮਾ ਜਾਰੀ ਕੀਤਾ ਕਿ ਲੋਕ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਅੱਗੇ ਆਉਣ ਅਤੇ ਉਸ ਨੂੰ ਸ਼ਿਵਾਲਿਕ ਦੀਆ ਪਹਾੜੀਆ ਵਿਚ ਕੀਰਤਪੁਰ ਵਿਖੇ ਆ ਕੇ ਮਿਲਣ। ਪੱਧਰੇ ਇਲਾਕੇ ਵਿਚ ਆਉਣ ਤੋਂ ਪਹਿਲਾਂ

ਉਸ ਪਹਾੜੀ ਇਲਾਕੇ ਵਿਚ ਕਬਜ਼ਾ ਜਮਾਉਣ ਦਾ ਫੈਸਲਾ ਕੀਤਾ। ਉਸ ਦਾ ਪਹਿਲਾ ਸ਼ਿਕਾਰ ਸੀ ਬਿਲਾਸਪੁਰ ਦਾ ਰਾਜਾ ਭੀਮ ਚੰਦ, ਜਿਸ ਉਸ ਦੇ ਗੁਰੂ 'ਤੇ ਜ਼ੁਲਮ ਢਾਏ ਸਨ।

ਬੁੱਢੇ ਹੋ ਰਹੇ ਭੀਮ ਚੰਦ ਵਿਚ ਦਮ ਨਹੀਂ ਸੀ ਕਿ ਅਣਥੱਕ ਬੰਦੇ ਨਾਲ ਬਹੁਤੀ ਦੇਰ ਤਕ ਲੜ ਸਕਦਾ। ਬਿਲਾਸਪੁਰ 'ਤੇ ਕਬਜ਼ਾ ਕਰ ਲਿਆ ਗਿਆ ਅਤੇ ਮੰਡੀ, ਕੁੱਲੂ ਅਤੇ ਚੰਬਾ ਨੇ ਆਪ ਹੀ ਈਨ ਮੰਨ ਲਈ।

1711 ਦੀ ਬਸੰਤ ਰੁੱਤ ਵਿਚ ਬੰਦਾ ਮੁੜ ਪੱਧਰੇ ਇਲਾਕੇ ਵਿਚ ਆ ਗਿਆ।

ਜੂਨ 1711 ਦੇ ਪਹਿਲੇ ਦਿਨਾਂ ਵਿਚ ਜੰਮੂ ਦੇ ਨੇੜੇ ਬਹਿਰਾਮਪੁਰ ਵਿਖੇ ਟਾਕਰਾ ਹੋ ਗਿਆ ਅਤੇ ਮੁਗਲ ਫ਼ੌਜ ਦਾ ਬੰਦੇ ਨੇ ਬੁਰਾ ਹਾਲ ਕਰ ਦਿੱਤਾ। ਬੰਦੇ ਨੇ ਬਹਿਰਾਮਪੁਰ ਅਤੇ ਰਾਏ ਪੁਰ 'ਤੇ ਕਬਜ਼ਾ ਕਰ ਲਿਆ ਅਤੇ ਉਸ ਤੋਂ ਉਪਰੰਤ ਬਟਾਲਾ ਵੀ ਹੱਥ ਹੇਠ ਲੈ ਲਿਆ। ਬਾਦਸ਼ਾਹ ਮੁੜ ਬੰਦਾ ਬਹਾਦਰ ਦੀਆਂ ਫੌਜਾਂ ਪਿੱਛੇ ਆਇਆ। ਪਰ ਬੰਦਾ ਮੁੜ ਪਹਾੜਾਂ 'ਤੇ ਚਲੇ ਗਿਆ। ਬਹਾਦਰ ਸ਼ਾਹ ਸ਼ਰਮਿੰਦਾ ਹੋ ਗਿਆ ਅਤੇ ਇਕ ਵਾਰ ਫਿਰ ਉਸ ਆਪਣਾ ਗੁੱਸਾ ਨਿਰਦੋਸ਼ ਆਦਮੀਆਂ ਅਤੇ ਔਰਤਾਂ ਉਤੇ ਜ਼ੁਲਮ ਕਰਕੇ ਠੰਡਾ ਕੀਤਾ। ਉਸ ਸਿੱਖਾਂ ਦਾ ਕਤਲੇ-ਆਮ ਕਰਨ ਦੇ ਹੁਕਮ ਜਾਰੀ ਕੀਤੇ।

ਬਾਦਸ਼ਾਹ ਅਗਸਤ 1711 ਨੂੰ ਲਾਹੌਰ ਪੁੱਜਾ। ਪੰਜ ਮਹੀਨੇ ਤਕ ਉਸ ਦੇ ਦਰਬਾਰੀ ਮੁਗਲ ਫੌਜਾਂ ਵੱਲੋਂ ਬੰਦੇ ਬਹਾਦਰ ਦੇ ਨਾਲ ਹੋਈਆਂ ਝੜਪਾਂ ਦੀਆਂ ਕਹਾਣੀਆਂ ਸੁਣਾਉਂਦੇ ਰਹੇ। ਪਰ ਜਿਉਂ-ਜਿਉਂ ਦਿਨ ਬੀਤਦੇ ਬੰਦਾ ਉਵੇਂ ਹੀ ਆਜ਼ਾਦ, ਉਸੇ ਤਰ੍ਹਾਂ ਬਾਗੀ ਰਿਹਾ। ਬਾਦਸ਼ਾਹ ਨੂੰ ਬੜੀ ਨਮੋਸ਼ੀ ਹੋਈ। ਆਖ਼ਿਰ ਫ਼ਰਵਰੀ 28, 1712 ਨੂੰ ਉਹ ਫੌਤ ਹੋ ਗਿਆ।

ਬਾਦਸ਼ਾਹ ਦੇ ਪੁੱਤਰਾਂ ਵਿਚ ਗੱਦੀ ਦਾ ਵਾਰਿਸ ਬਨਣ ਲਈ ਝਗੜਾ ਛਿੜ ਗਿਆ। ਪਰ ਬੰਦੇ ਲਈ ਇਹ ਸੁਨਹਿਰਾ ਅਵਸਰ ਸੀ, ਜਿਸ ਦਾ ਉਸ ਨੇ ਪੂਰਾ ਲਾਭ ਉਠਾਇਆ। ਉਹ ਪਹਾੜਾਂ ਤੋਂ ਹੇਠਾਂ ਆਇਆ ਅਤੇ ਸਢੌਰੇ ਤੇ ਮੁੜ ਕਬਜ਼ਾ ਕਰ ਲਿਆ। ਉਸ ਹੁਕਮ ਵੀ ਜਾਰੀ ਕੀਤੇ।

ਤੀਸਰਾ ਗੇੜ :

ਗੁਰਦਾਸ ਪੁਰ ਨੰਗਲ ਵਿਖੇ ਬੰਦਾ ਬਹਾਦਰ ਦਾ ਅੰਤਿਮ ਪੜਾਓ ਉਸ ਦਾ ਫੜਿਆ ਜਾਣਾ ਅਤੇ ਹੱਤਿਆ

ਤਖ਼ਤ 'ਤੇ ਬੈਠਣ ਦੀ ਜੰਗ ਵਿਚ ਜਹਾਂਦਾਰ ਖ਼ਾਨ ਨੂੰ ਸਫਲਤਾ ਮਿਲੀ ਅਤੇ ਆਪਣੇ ਭਰਾਵਾਂ ਨਾਲ ਨਿਪਟ ਕੇ ਉਸ ਆਪਣਾ ਧਿਆਨ ਮੁੜ ਪੰਜਾਬ ਦੀ ਬਗ਼ਾਵਤ ਵੱਲ ਮੋੜਿਆ। ਮੁਗਲ ਫੌਜਾਂ ਨੇ ਮੁੜ ਸਢੌਰਾ ਅਤੇ ਮੁਖ਼ਲਿਸ ਗੜ੍ਹ ਨੂੰ ਘੇਰਾ ਪਾ ਲਿਆ, ਜਿਹੜਾ ਅੱਠ ਮਹੀਨੇ ਤਕ ਚਲਦਾ ਰਿਹਾ। 1712 ਦੇ ਅੰਤ ਵਿਚ ਇਧਰੋਂ ਧਿਆਨ ਉਸ ਵੇਲੇ ਹਟਿਆ ਜਦੋਂ ਜਹਾਂਦਾਰ ਖ਼ਾਨ ਦੇ ਭਤੀਜੇ ਫ਼ਰੋਖਸੀਅਰ ਨੇ ਬਗ਼ਾਵਤ ਕਰ ਦਿੱਤੀ। ਬੰਦਾ ਪਹਾੜਾਂ ਤੋਂ ਮੈਦਾਨਾਂ ਵੱਲ ਨਾ ਆ ਸਕਿਆ। ਜਦੋਂ ਫ਼ਰੋਖਸੀਅਰ ਬਾਦਸ਼ਾਹ ਬਣਿਆ ਤਾਂ ਉਸ ਆਪਣੇ ਦੋ ਅਫ਼ਸਰ, ਅਬਦੁਸ ਸੱਮਦ ਖ਼ਾਨ ਅਤੇ ਜ਼ਕਰੀਆ ਖ਼ਾਨ, ਭੇਜੇ, ਜਿਨ੍ਹਾਂ ਨੂੰ ਖ਼ਾਸ ਹਿਦਾਇਤ ਸੀ ਕਿ ਬੰਦੇ ਦਾ ਤੁਖ਼ਮ ਨਾ ਰਹਿਣ ਦਿੱਤਾ ਜਾਵੇ।

ਅਬਦੁਸ ਸੱਮਦ ਖ਼ਾਂ ਦੀਆਂ ਫੌਜਾਂ ਨੇ ਬੰਦਾ ਬਹਾਦਰ ਨੂੰ ਸਢੌਰਾ ਅਤੇ ਮੁਖ਼ਲਿਸ ਗੜ੍ਹ ਤੋਂ ਦੌੜਾ ਦਿੱਤਾ ਅਤੇ ਉਸ ਨੂੰ ਹਿਮਾਲੀਆ ਵਿਚ ਹੋਰ ਅੱਗੇ ਹਟਣ ਲਈ ਮਜਬੂਰ ਕਰ ਦਿੱਤਾ। ਕਿਸਾਨਾਂ ਦੀ ਬਗ਼ਾਵਤ ਠੰਡੀ ਹੋ ਗਈ ਮਹਿਸੂਸ ਕੀਤੀ ਗਈ। ਅਬਦੁਸ ਸੱਮਦ ਖ਼ਾਂ ਅਤੇ ਉਸ ਦਾ ਪੁੱਤਰ ਦਿੱਲੀ ਵਾਪਸ ਬੁਲਾਏ ਗਏ। ਉਨ੍ਹਾਂ ਨੂੰ ਇੱਜ਼ਤ ਬਖ਼ਸ਼ੀ ਗਈ। ਉਨ੍ਹਾਂ ਨੂੰ

ਹੁਕਮ ਜਾਰੀ ਕੀਤਾ ਗਿਆ ਕਿ ਆਪਣੀ ਤਾਕਤ ਨੂੰ ਹੁਣ ਰਾਜਸਥਾਨ ਨੂੰ ਮੁੜ ਫਤਹਿ ਕਰਨ 'ਤੇ ਲਾਓ।

ਬੰਦਾ ਪੰਜਾਬ ਦੇ ਸੀਨ ਤੋਂ ਇਕ ਸਾਲ ਲਈ ਅਲੋਪ ਹੋ ਗਿਆ। ਉਸ ਇਕ ਛੋਟੇ ਜਿਹੇ ਪਿੰਡ ਵਿਚ ਡੇਰਾ ਲਾ ਲਿਆ ਜਿਹੜਾ ਜੰਮੂ ਤੋਂ ਕੁਝ ਮੀਲ ਦੂਰ ਸੀ। ਉਸ ਦਾ ਨਾਮ ਵੀ ਡੇਰਾ ਬਾਬਾ ਬੰਦਾ ਸਿੰਘ ਹੋ ਗਿਆ ਅਤੇ ਉਹ ਉਥੇ ਕਾਫੀ ਸਮਾਂ ਆਪਣੇ ਪਰਿਵਾਰ ਅਤੇ ਬੱਚਿਆਂ ਨਾਲ ਟਿਕਿਆ ਰਿਹਾ। ਤਾਂ ਵੀ ਕਿਸਾਨ ਨੇਤਾ ਮੈਦਾਨੀ ਇਲਾਕਿਆਂ ਵਿਚ ਸਰਗਰਮ ਸਨ। ਇਸ ਲਈ ਅਬਦੁਸ ਸੱਮਦ ਖ਼ਾਂ ਅਤੇ ਉਸ ਦਾ ਪੁੱਤਰ ਪੰਜਾਬ ਪਰਤੇ ਤਾਂ ਜੋ ਸਿੱਖਾਂ ਨੂੰ ਸਬਕ ਸਿਖਾ ਸਕਣ। ਰੋਪੜ ਉਤੇ ਸੱਤ ਹਜ਼ਾਰ ਕਿਸਾਨਾਂ ਨੇ ਧਾਵਾ ਬੋਲ ਦਿੱਤਾ। ਭਾਵੇਂ ਉਸ ਹੱਲੇ ਨੂੰ ਕੁਚਲ ਦਿੱਤਾ ਗਿਆ ਪਰ ਇਹ ਸਪੱਸ਼ਟ ਸੀ ਕਿ ਲੋਕਾਂ ਅੰਦਰ ਜੋਸ਼ ਹੈ। ਫ਼ਰਵਰੀ 1715 ਵਿਚ ਬੰਦਾ ਪਹਾੜਾਂ ਤੋਂ ਹੇਠਾਂ ਉਤਰ ਆਇਆ ਤਾਂ ਜੋ ਮੁਗਲ ਫ਼ੌਜ ਨਾਲ ਲੋਹਾ ਖੜਕਾ ਸਕੇ।

ਅਬਦੁਸ ਸੱਮਦ ਖ਼ਾਂ ਨੇ ਮੁਗਲਾਂ, ਪਠਾਣਾਂ, ਬੁੰਦੇਲੇ ਰਾਜਪੂਤਾਂ ਅਤੇ ਕਟੋਚ ਅਤੇ ਜਸਰੋਤਾ ਦੇ ਰਾਜਪੂਤਾਂ ਦੀ ਫ਼ੌਜ ਖੜ੍ਹੀ ਕੀਤੀ ਅਤੇ ਉੱਤਰ ਵੱਲ ਵਧਿਆ ਤਾਂ ਜੋ ਬੰਦਾ ਬਹਾਦਰ ਨਾਲ ਟਾਕਰਾ ਕਰ ਸਕੇ।

ਬਟਾਲਾ ਦੇ ਨੇੜੇ ਇਕ ਪਿੰਡ ਵਿਚ ਬੰਦਾ ਬਹਾਦਰ ਨੇ ਪੈਰ ਜਮਾਏ। ਪਰ ਅਜੇ ਉਹ ਮੋਰਚੇ ਅਤੇ ਰੱਖਿਆ ਦਾ ਬੰਦੋਬਸਤ ਨਹੀਂ ਸੀ ਕਰ ਸਕਿਆ ਕਿ ਸ਼ਾਹੀ ਫ਼ੌਜਾਂ ਉਨ੍ਹਾਂ 'ਤੇ ਟੁੱਟ ਪਈਆਂ। ਤੋਪਾਂ ਦੇ ਗੋਲਿਆਂ ਨੇ ਬੰਦਾ ਬਹਾਦਰ ਨੂੰ ਪੱਧਰੇ ਆਉਣ ਲਈ ਮਜਬੂਰ ਕੀਤਾ। ਬੰਦਾ ਬਹਾਦਰ ਮੈਦਾਨ ਵਿਚ ਆ ਡਟਿਆ ਅਤੇ ਅਬਦੁਸ ਸੱਮਦ ਖ਼ਾਨ ਇਹ ਦੇਖ ਕੇ ਹੈਰਾਨ ਸੀ ਕਿ ਉਸ ਦੀ ਵਧੀਆ ਸ਼ਾਹੀ ਫ਼ੌਜ ਭਾਂਜ ਖਾ ਰਹੀ ਸੀ। ਅਜੇ ਸ਼ਾਹੀ ਫ਼ੌਜ ਉਸ ਦੇ ਤੀਖਣ ਹਮਲੇ ਹੱਥੋਂ ਹੈਰਾਨ ਹੀ ਸੀ ਕਿ ਜੰਗ ਦਾ ਪਾਸਾ ਉਨ੍ਹਾਂ ਦੇ ਹੱਕ ਵਿਚ ਪਲਟ ਗਿਆ ਪਰ ਉਹ ਕੋਈ ਸਫ਼ਲ ਸਿੱਟਾ ਨਾ ਕੱਢ ਸਕੇ। ਬੰਦਾ ਉੱਤਰ ਵੱਲ ਨਿਕਲ ਗਿਆ। ਪਹਾੜਾਂ ਵਿਚ ਨਿਕਲਣ ਦੀ ਥਾਂ ਉਹ ਗੁਰਦਾਸਪੁਰ ਦੇ ਨੇੜੇ ਫਿਰ ਨਿਕਲ ਆਇਆ ਤਾਂ ਜੋ ਸ਼ਾਹੀ ਫ਼ੌਜ ਨਾਲ ਮੁੜ ਟੱਕਰ ਹੋ ਸਕੇ। ਉਸ ਨਹਿਰ ਕੱਟ ਕੇ ਹੜ੍ਹ ਵਗਾ ਦਿੱਤਾ ਤਾਂ ਜੋ ਸ਼ਾਹੀ ਫ਼ੌਜ ਇਥੋਂ ਅੱਗੇ ਨਾ ਵਧ ਸਕੇ। ਪਰ ਇਸ ਦਾ ਅਸਰ ਦੋਹਰਾ ਹੋਇਆ। ਸ਼ਾਹੀ ਫ਼ੌਜ ਅੱਗੇ ਨਾ ਵਧ ਸਕੀ ਅਤੇ ਉਨ੍ਹਾਂ ਨੂੰ ਰਸਦ ਨਾ ਪਹੁੰਚ ਸਕੀ। ਅਬਦੁਸ ਸੱਮਦ ਖ਼ਾਂ ਨੇ ਘੇਰਾ ਪਾਈ ਰਖਿਆ ਤਾਂ ਜੋ ਉਹ ਭੁੱਖੇ ਮਰ ਜਾਣ।

ਘੇਰਾ ਜਾਰੀ ਰਿਹਾ। ਬੰਦਾ ਬਹਾਦਰ ਦੇ ਸਿਪਾਹੀ ਲੁਕ-ਛਿਪ ਕੇ ਥੋੜ੍ਹਾ ਰਸਦ-ਪਾਣੀ ਲੈ ਆਉਂਦੇ। ਮੁਗਲ ਫ਼ੌਜ ਸਿੱਖਾਂ ਦੀ ਰੱਖਿਆ ਲਈ ਬਹਾਦਰੀ ਦਾ ਇਮਤਿਹਾਨ ਲੈ ਰਹੀ ਸੀ। ਇਸ ਘੇਰੇ ਬਾਰੇ ਅੱਖੀਂ ਡਿੱਠਾ ਇਕ ਹਵਾਲਾ ਇਸ ਪ੍ਰਕਾਰ ਹੈ : "ਇਨ੍ਹਾਂ ਬਹਾਦਰ ਅਤੇ ਸੂਰਮੇ ਸਿੱਖਾਂ ਦੇ ਕੰਮ ਬਹੁਤ ਸ਼ਾਨਦਾਰ ਸਨ। ਕਾਲੇ ਮੂੰਹ ਵਾਲੇ ਇਹ ਕਾਫ਼ਰ 40-50 ਆਪਣੇ ਘੇਰੇ 'ਚੋਂ ਬਾਹਰ ਆਉਂਦੇ ਤਾਂ ਜੋ ਘੋੜਿਆਂ ਲਈ ਘਾਹ-ਪੱਠਾ ਲੈ ਜਾਣ। ਜਦੋਂ ਮੁਗਲ ਫ਼ੌਜ ਇਨ੍ਹਾਂ ਨੂੰ ਰੋਕਣ ਲਈ ਜਾਂਦੀ ਤਾਂ ਇਹ ਤੀਰਾਂ, ਭਾਲਿਆਂ ਅਤੇ ਤਲਵਾਰਾਂ ਨਾਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਅਤੇ ਆਪ ਹਰਨ ਹੋ ਜਾਂਦੇ। ਸਿੱਖਾਂ ਦਾ ਅਜਿਹਾ ਦਹਿਲ ਸੀ। ਸਿੱਖਾਂ ਦੇ ਮੁਖੀ ਤੋਂ ਡਰਦੇ ਸਿਪਾਹਸਾਲਾਰ ਦੁਆਵਾਂ ਕਰਦੇ ਕਿ ਬੰਦਾ ਕਿਸੇ ਤਰ੍ਹਾਂ ਇਹ ਥਾਂ ਛੱਡ ਕੇ ਦੌੜ ਜਾਵੇ।"

ਦਿੱਲੀ ਤੋਂ ਹੋਰ ਮਦਦ ਬੁਲਾਈ ਗਈ ਅਤੇ ਘੇਰਾ ਹੋਰ ਤੰਗ ਕੀਤਾ ਗਿਆ। ਅਬਦੁਸ ਸੱਮਦ ਖ਼ਾਨ ਨੇ ਦੀਵਾਰ ਉਸਾਰ ਦਿੱਤੀ ਤਾਂ ਜੋ ਇਨ੍ਹਾਂ ਪਾਸੋਂ ਬਾਹਰ ਨਾ ਨਿਕਲ ਹੋਵੇ। ਉਸ

ਦੀਆਂ ਕਰਾਮਾਤਾਂ ਤੋਂ ਡਰਦਿਆਂ ਕਿਲ੍ਹੇ ਦੇ ਬਾਹਰ ਫਿਰਦੇ ਸਭ ਬਿੱਲੀਆਂ-ਕੁੱਤੇ ਵੀ ਮਾਰ ਦਿੱਤੇ ਮਤਾ ਬੰਦਾ ਬਹਾਦਰ ਕੁਝ ਵੀ ਰੂਪ ਧਾਰਨ ਕਰਕੇ ਖਿਸਕ ਨਾ ਜਾਵੇ।

ਬੰਦੇ ਦੇ ਸਿੱਖਾਂ ਪਾਸ ਰਾਸ਼ਨ-ਪਾਣੀ ਮੁੱਕ ਗਿਆ। ਉਨ੍ਹਾਂ ਘੋੜੇ, ਖੱਚਰਾਂ ਅਤੇ ਬਲਦਾਂ ਦਾ ਮਾਸ ਖਾ ਕੇ ਗੁਜ਼ਾਰਾ ਕੀਤਾ। ਇਸ ਬਿਖੜੇ ਸਮੇਂ ਬੰਦਾ ਬਹਾਦਰ ਨੇ ਇਕ ਮੁਖੀ ਬਿਨੋਦ ਸਿੰਘ ਨੂੰ ਕਿਹਾ ਕਿ ਗੁਰੂ ਤੇ ਵਿਸ਼ਵਾਸ ਕਰਕੇ ਮੀਂਹ ਦੇ ਮੌਸਮ ਦੀ ਉਡੀਕ ਕੀਤੀ ਜਾਵੇ ਤਾਂ ਜੋ ਮੁਗ਼ਲ ਫ਼ੌਜ ਘੇਰਾ ਛੱਡ ਜਾਵੇ। ਪਰ ਬਿਨੋਦ ਸਿੰਘ ਆਕੀ ਹੋ ਗਿਆ ਅਤੇ ਇਕ ਹਨੇਰੀ ਰਾਤ ਨੂੰ ਆਪਣੇ ਨਾਲ ਥੋੜ੍ਹੇ ਸਿੱਖ ਲੈ ਕੇ ਮੁਗ਼ਲ ਫ਼ੌਜ ਦਾ ਘੇਰਾ ਚੀਰਦਾ ਹੋਇਆ ਪਹਾੜੀ 'ਤੇ ਜਾ ਚੜ੍ਹਿਆ।

ਬੰਦਾ ਡਟਿਆ ਰਿਹਾ। ਅੱਠ ਮਹੀਨੇ ਦੀ ਭੁੱਖ ਨਾਲ ਇਕ ਆਦਮੀ ਵਿਚ ਵੀ ਹਿੰਮਤ ਨਾ ਰਹੀ ਕਿ ਉਹ ਤਲਵਾਰ ਜਾਂ ਭਾਲਾ ਚੁੱਕ ਸਕੇ। ਉਸ ਅਬਦੁਸ ਸੱਮਦ ਖ਼ਾਨ ਦੀ ਬੇਨਤੀ ਪਰਵਾਨ ਕਰ ਲਈ ਅਤੇ ਅਖ਼ੀਰ ਦਸੰਬਰ 17, 1715 ਨੂੰ ਉਸ ਹਥਿਆਰ ਸੁੱਟ ਦਿੱਤੇ।

ਅਬਦੁਸ ਸੱਮਦ ਖ਼ਾਨ ਨੇ ਠੀਕ ਹੀ ਦਰਸਾਇਆ ਕਿ ਹਾਰੀ ਹੋਈ ਫ਼ੌਜ ਲਈ ਉਹ ਕਿਹੋ ਜਿਹੀ ਸਿਫ਼ਾਰਸ਼ ਕਰਨੀ ਚਾਹੁੰਦਾ ਸੀ। ਉਸ ਦੋ ਸੌ ਆਦਮੀ ਕਤਲ ਕਰਕੇ ਮੈਦਾਨ ਲਹੂ ਨਾਲ ਰੰਗ ਦਿੱਤਾ। ਬੰਦਾ ਬਹਾਦਰ, ਉਸ ਦੇ ਪਰਿਵਾਰ ਅਤੇ ਬਾਕੀ ਦੇ ਸਿਪਾਹੀਆਂ ਨੂੰ ਨਾਲ ਲੈ ਕੇ ਪਹਿਲੋਂ ਲਾਹੌਰ ਗਏ ਅਤੇ ਉਥੋਂ ਦਿੱਲੀ ਭੇਜੇ ਗਏ।

ਬੰਦਾ ਬਹਾਦਰ ਦੇ ਹੱਥਕੜੀ ਲਾਈ ਗਈ ਅਤੇ ਉਸ ਦੇ ਸੱਜੇ-ਖੱਬੇ ਸਿਪਾਹੀ ਸਨ। ਉਸ ਦੇ ਗਲ ਵਿਚ ਲੋਹੇ ਦਾ ਕੜਾ ਪਾਇਆ ਹੋਇਆ ਸੀ। ਉਸ ਨੂੰ ਅਤੇ ਉਸ ਦੇ ਪਹਿਰੇਦਾਰਾਂ ਨੂੰ ਲੋਹੇ ਦੇ ਪਿੰਜਰਿਆਂ ਵਿਚ ਬੰਦ ਕੀਤਾ ਹੋਇਆ ਸੀ। ਜਿਹੜੇ ਹੋਰ ਕੈਦੀ ਸਨ, ਉਨ੍ਹਾਂ ਨੂੰ ਵੀ ਹੱਥ-ਕੜੀਆਂ ਅਤੇ ਬੇੜੀਆਂ ਪਹਿਨਾਈਆਂ ਹੋਈਆਂ ਸਨ। ਉਨ੍ਹਾਂ ਦੇ ਸੱਜੇ-ਖੱਬੇ ਮੁਗ਼ਲ ਸਿਪਾਹੀਆਂ ਦੀਆਂ ਕਤਾਰਾਂ ਸਨ। ਜ਼ਕਰੀਆ ਖ਼ਾਨ ਨਾਲ-ਨਾਲ ਚਲ ਰਿਹਾ ਸੀ। ਅਤੇ ਦਿੱਲੀ ਜਾਂਦਿਆਂ ਜਿਹੜਾ ਵੀ ਸਿੱਖ ਰਸਤੇ ਵਿਚ ਮਿਲਿਆ ਉਸ ਨੂੰ ਵੀ ਪਕੜਦੇ ਗਏ। ਇਹ ਕਾਫ਼ਲਾ ਸਰਹਿੰਦ ਵਿਚੋਂ ਲੰਘਦਾ ਫ਼ਰਵਰੀ 1716 ਨੂੰ ਦਿੱਲੀ ਪੁੱਜਾ। ਕੈਦੀਆਂ ਦਾ ਬਾਜ਼ਾਰਾਂ ਵਿਚ ਜਲੂਸ ਕੱਢਿਆ ਗਿਆ। ਬੰਦੇ ਦੇ ਗਲ ਸੁਨਹਿਰੀ ਚੋਗਾ ਪਾਇਆ ਗਿਆ ਜਿਸ ਨਾਲ ਉਸ ਦੇ ਸ਼ਾਹੀ ਜਲਾਲ ਪ੍ਰਾਪਤ ਕਰਨ ਦੇ ਖ਼ਿਆਲ ਦਾ ਮਖ਼ੌਲ ਉਡਾਇਆ ਗਿਆ ਸੀ। ਇਸ ਜਲੂਸ ਦੇ ਨਾਲ ਸਿਪਾਹੀ ਚਲ ਰਹੇ ਸਨ ਜਿਨ੍ਹਾਂ ਦੇ ਹੱਥਾਂ ਵਿਚ ਨੇਜ਼ੇ ਸਨ ਅਤੇ ਉਨ੍ਹਾਂ ਉਤੇ ਸਿੱਖਾਂ ਦੇ ਸਿਰ ਟੰਗੇ ਹੋਏ ਸਨ। ਲਗਭਗ ਦੋ ਹਜ਼ਾਰ ਹੋਣਗੇ। ਇਕ ਅੱਖੀਂ ਦੇਖਣ ਵਾਲਾ ਉਸ ਦ੍ਰਿਸ਼ ਬਾਰੇ ਲਿਖਦਾ ਹੈ : "ਉਹ ਬਦਕਿਸਮਤ ਸਿੱਖ ਜਿਨ੍ਹਾਂ ਨਾਲ ਇਹ ਅੱਤ ਦਾ ਜ਼ੁਲਮ ਕੀਤਾ ਗਿਆ ਸੀ, ਬੜੇ ਸਬਰ ਨਾਲ ਖ਼ੁਸ਼ੀ-ਖ਼ੁਸ਼ੀ ਜਾ ਰਹੇ ਸਨ। ਕਿਸੇ ਦੇ ਵੀ ਚਿਹਰੇ ਉਪਰ ਉਦਾਸੀ ਜਾਂ ਨਿਮੋਝੂਣਤਾ ਦੇ ਨਿਸ਼ਾਨ ਚਿਹਰਿਆਂ 'ਤੇ ਨਹੀਂ ਸਨ। ਸੱਚ ਤਾਂ ਇਹ ਹੈ ਕਿ ਜਦੋਂ ਉਹ ਊਠਾਂ 'ਤੇ ਚੜ੍ਹੇ ਲੰਘ ਰਹੇ ਸਨ ਤਾਂ ਉਹ ਪ੍ਰਸੰਨ-ਚਿੱਤ ਕੀਰਤਨ ਕਰਦੇ ਜਾ ਰਹੇ ਸਨ। ਆਪਣੇ ਗ੍ਰੰਥ ਦੀ ਬਾਣੀ ਪੜ੍ਹਦੇ ਜਾ ਰਹੇ ਸਨ। ਬਾਜ਼ਾਰ ਵਿਚ ਜੇਕਰ ਕੋਈ ਮਿਹਣਾ ਮਾਰਦਾ ਕਿ ਤੁਹਾਡੀ ਇਹ ਹਾਲਾਤ ਤੁਹਾਡੀਆਂ ਹੀ ਵਧੀਕੀਆਂ ਕਾਰਨ ਹੋਈ ਹੈ ਤਾਂ ਉਹ ਕਹਿੰਦੇ ਕਿ ਕਰਤਾਰ ਦਾ ਭਾਣਾ ਸੀ। ਜੋ ਵੀ ਵਾਪਰਿਆ ਹੈ ਉਸ ਦੀ ਇੱਛਾ ਨਾਲ ਹੀ ਹੋਇਆ ਹੈ।" ਜੇਕਰ ਕਿਸੇ ਆਖਿਆ, ਕਿ "ਤੁਸੀਂ ਕਤਲ ਕੀਤੇ ਜਾਓਗੇ" ਤਾਂ ਉਹ ਗਰਜਦੇ ਕਿ "ਸਾਨੂੰ ਕਤਲ ਕਰ ਦਿਓ, ਅਸੀਂ ਮੌਤ ਤੋਂ ਕਦ ਡਰਦੇ ਹਾਂ।"

ਕਤਲ-ਏ-ਆਮ ਮਾਰਚ 5, 1716 ਆਰੰਭ ਹੋਈ ਅਤੇ ਇਕ ਹਫ਼ਤਾ ਚਲਦੀ ਰਹੀ।

ਹਜ਼ਾਰਾਂ ਹੀ ਸ਼ਹਿਰੀਆਂ ਨੇ ਇਹ ਖ਼ੂਨੀ ਦ੍ਰਿਸ਼ ਵੇਖਿਆ। ਉਸ ਸਮੇਂ ਮੁਗ਼ਲ ਦਰਬਾਰ ਵਿਚ ਦੋ ਅੰਗਰੇਜ਼ ਵੀ ਸਨ। ਉਨ੍ਹਾਂ ਜਿਹੜਾ ਪੱਤਰ ਮਾਰਚ 10, 1716 ਨੂੰ ਲਿਖਿਆ ਉਸ ਵਿਚ ਇਸ ਪ੍ਰਕਾਰ ਦੱਸਿਆ ਗਿਆ ਸੀ :

"ਜਿਹੜਾ ਬਾਗ਼ੀ ਗੁਰੂ ਹੁਣ ਤਕ ਲਾਹੌਰ ਦੇ ਸੂਬੇ ਨੂੰ ਤੰਗ ਕਰ ਰਿਹਾ ਸੀ। ਆਖ਼ਿਰ ਪਕੜਿਆ ਗਿਆ। ਉਸ ਦਾ ਪਰਿਵਾਰ ਵੀ ਨਾਲ ਸੀ। ਅਬਦੁਸ ਸੱਮਦ ਖ਼ਾਂ ਨੇ ਪਕੜਿਆ ਜਿਹੜਾ ਉਥੋਂ ਦਾ ਸੂਬੇਦਾਰ ਹੈ। ਕੁਝ ਦਿਨ ਪਹਿਲਾਂ ਉਹ ਸ਼ਹਿਰ ਅੰਦਰ ਦਾਖ਼ਲ ਹੋਏ ਸਨ ਅਤੇ ਉਨ੍ਹਾਂ ਦੇ ਹੱਥਕੜੀਆਂ ਲੱਗੀਆਂ ਹੋਈਆਂ ਸਨ। ਉਨ੍ਹਾਂ ਨਾਲ ਬਚੇ ਹੋਏ ਸੱਤ ਸੌ ਅੱਸੀ ਆਦਮੀ ਸਨ ਜਿਨ੍ਹਾਂ ਨੂੰ ਇਕੱਲੇ-ਇਕੱਲੇ ਊਠ 'ਤੇ ਬਿਠਾਇਆ ਗਿਆ ਸੀ। ਹੋਰ ਦੋ ਹਜ਼ਾਰ ਸਿਰ ਸਨ ਜਿਨ੍ਹਾਂ ਨੂੰ ਨੇਜ਼ਿਆਂ 'ਤੇ ਟੰਗਿਆ ਹੋਇਆ ਸੀ। ਇਹ ਉਹ ਸਨ ਜਿਹੜੇ ਲੜਾਈ ਵਿਚ ਮਾਰੇ ਗਏ ਸਨ। ਬੰਦਾ ਬਹਾਦਰ ਨੂੰ ਬਾਦਸ਼ਾਹ ਅੱਗੇ ਪੇਸ਼ ਕੀਤਾ ਗਿਆ। ਅਤੇ ਫੇਰ ਜੇਲ੍ਹ ਵਿਚ ਬੰਦ ਕੀਤਾ ਗਿਆ। ਉਸ ਆਪਣੀ ਜ਼ਿੰਦਗੀ ਵਧਾਈ ਹੋਈ ਸੀ ਤਾਂ ਜੋ ਦੇਸ਼ ਦੇ ਵੱਖ-ਵੱਖ ਕੋਨਿਆਂ ਵਿਚ ਸਾਂਭੇ ਹੋਏ ਖ਼ਜ਼ਾਨੇ ਦਾ ਪਤਾ ਲੱਗੇ ਜਿਹੜਾ ਉਸ ਦੇ ਸਾਥੀਆਂ ਵਿਚ ਉਸ ਦੇ ਕਤਲ ਤੋਂ ਪਿੱਛੋਂ ਵੰਡਣਾ ਸੀ। ਬਾਕੀ ਹਰ ਦਿਨ ਹੋਰ ਸੌ ਸਿੱਖ ਕਤਲ ਕਰਨੇ ਸਨ। ਪਰ ਇਹ ਕਮਾਲ ਦੀ ਗੱਲ ਹੈ ਕਿ ਇਕ ਨੇ ਵੀ ਨਵੇਂ ਧਾਰੇ ਧਰਮ ਨੂੰ ਤਿਲਾਂਜਲੀ ਨਹੀਂ ਦਿੱਤੀ।"

ਤਿੰਨ ਮਹੀਨੇ ਲਈ ਬੰਦਾ ਬਹਾਦਰ ਨੂੰ ਅਨੇਕਾਂ ਤਸੀਹੇ ਲਗਾਤਾਰ ਦਿੱਤੇ ਗਏ। ਖ਼ਿਆਲ ਇਹ ਸੀ ਕਿ ਉਹ ਦੱਸੇਗਾ ਕਿ ਉਸ ਕਿੰਨੀ ਦੌਲਤ ਇਕੱਠੀ ਕੀਤੀ ਹੈ। ਅੰਤ ਜੂਨ 19, 1716 ਨੂੰ ਉਸ ਦੇ ਚਾਰ ਸਾਲ ਦੇ ਪੁੱਤਰ ਅਤੇ ਉਸ ਦੇ ਸਿੱਖ ਕੈਦੀਆਂ ਦਾ ਫੇਰ ਦਿੱਲੀ ਦੇ ਬਾਜ਼ਾਰਾਂ ਵਿਚ ਜਲੂਸ ਕੱਢਿਆ ਗਿਆ ਅਤੇ ਬਹਾਦਰ ਸ਼ਾਹ ਦੇ ਮਜ਼ਾਰ 'ਤੇ ਲੈ ਗਏ ਜਿਹੜਾ ਸ਼ਹਿਰ ਤੋਂ ਗਿਆਰਾਂ ਮੀਲ ਦੂਰ ਮਹਿਰੌਲੀ ਵਿਖੇ ਸੀ।

ਕਤਲ ਕਰਨ ਤੋਂ ਪਹਿਲੋਂ ਬੰਦੇ ਨੂੰ ਪੇਸ਼ਕਸ਼ ਕੀਤੀ ਗਈ ਕਿ ਉਸ ਨੂੰ ਮੁਆਫ਼ ਕੀਤਾ ਜਾ ਸਕਦਾ ਹੈ ਜੇਕਰ ਉਹ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲਵੇ। ਜਦੋਂ ਉਸ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਤਾਂ ਉਸ ਦੇ ਪੁੱਤਰ ਅਜੈ ਸਿੰਘ ਨੂੰ ਉਸ ਦੀਆਂ ਅੱਖਾਂ ਦੇ ਸਾਮ੍ਹਣੇ ਟੋਟੇ-ਟੋਟੇ ਕਰ ਦਿੱਤਾ ਗਿਆ। ਇਕ ਮੁਗ਼ਲ ਅਮੀਰ ਨੇ ਬੰਦਾ ਬਹਾਦਰ ਨੂੰ ਆਖਿਆ : "ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਦੇ ਚਿਹਰੇ 'ਤੇ ਅਜਿਹਾ ਜਲਾਲ ਹੋਵੇ, ਉਹ ਕਿਵੇਂ ਅਜਿਹੀ ਦਹਿਸ਼ਤ ਲਈ ਮੁਜਰਿਮ ਹੋ ਸਕਦਾ ਹੈ?" ਬੰਦਾ ਬਹਾਦਰ ਨੇ ਜਵਾਬ ਦਿੱਤਾ : "ਇਸ ਦਾ ਜਵਾਬ ਮੈਂ ਦਿੰਦਾ ਹਾਂ। ਜਦੋਂ ਆਦਮੀ ਇੰਨਾ ਭ੍ਰਿਸ਼ਟ ਹੋ ਜਾਂਦਾ ਹੈ ਕਿ ਉਹ ਨੇਕੀ ਅਤੇ ਸਦਾਕਤ ਦਾ ਰਾਹ ਛੱਡ ਦਿੰਦਾ ਹੈ ਤਾਂ ਅਕਾਲ ਪੁਰਖ ਮੇਰੇ ਜਿਹੇ ਬੰਦੇ ਨੂੰ ਭੇਜਦਾ ਹੈ ਕਿ ਗਿਰੀ ਹੋਈ ਕੌਮ ਦਾ ਸੁਧਾਰ ਕਰੇ। ਪਰ ਜਦੋਂ ਸਜ਼ਾ ਪੂਰੀ ਹੋ ਜਾਂਦੀ ਹੈ ਤਾਂ ਰੱਬ ਤੇਰੇ ਜਿਹੇ ਪੈਦਾ ਕਰਦਾ ਹੈ ਕਿ ਉਸ ਨੂੰ ਸਜ਼ਾ ਮਿਲੇ।"

ਬੰਦਾ ਬਹਾਦਰ ਦਾ ਅੰਤ ਇਸ ਪ੍ਰਕਾਰ ਹੋਇਆ। ਉਹ ਆਦਮੀ ਜਿਸ ਸੰਸਾਰ ਤਿਆਗਣ ਅਤੇ ਅਮਨ ਵਿਚ ਰਹਿਣ ਦਾ ਸੰਕਲਪ ਕੀਤਾ ਸੀ। ਫੇਰ ਉਸ ਸੰਨਿਆਸ ਅਤੇ ਅਹਿੰਸਾ ਦੇ ਮਾਰਗ ਨੂੰ ਵੀ ਤਿਆਗ ਦਿੱਤਾ ਤਾਂ ਜੋ ਕਿਸਾਨਾਂ ਦੀ ਜਮਾਤ ਅੰਦਰ ਜਾਗ੍ਰਤੀ ਲਿਆਵੇ ਅਤੇ ਹਥਿਆਰਬੰਦ ਕਰੇ। ਉਹ ਆਦਮੀ ਜਿਸ ਸ਼ਕਤੀਸ਼ਾਲੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਉਸ ਨੂੰ ਆਪਣਾ ਅਧਿਕਾਰ ਮੁੜ ਕਾਇਮ ਨਹੀਂ ਕਰਨ ਦਿੱਤਾ।

ਭਾਵੇਂ ਬੰਦਾ ਬਹਾਦਰ ਦੀ ਸਫ਼ਲਤਾ ਥੋੜ੍ਹੇ ਸਮੇਂ ਲਈ ਸੀ। ਪਰ ਇਸ ਨੇ ਇਹ ਸਾਬਤ ਕਰ ਦਿੱਤਾ ਕਿ ਕਿਸਾਨੀ ਸਮਾਜ ਹਕੂਮਤ ਹੱਥੋਂ ਬਹੁਤ ਤੰਗ ਸੀ। ਕੇਵਲ ਸੱਤਾਂ ਸਾਲਾਂ ਦੇ

ਤੂਫਾਨੀ ਸਮੇਂ ਅੰਦਰ-ਬੰਦਾ ਬਹਾਦਰ ਨੇ ਜ਼ਮੀਨ ਦੀ ਮਾਲਕੀ ਦਾ ਢਾਂਚਾ ਬਦਲ ਦਿੱਤਾ। ਰਾਜ ਦੇ ਦੱਖਣੀ ਹਿੱਸੇ ਦੇ ਵੱਡੇ ਮੁਸਲਮਾਨ ਜ਼ਿਮੀਂਦਾਰਾਂ ਦੀਆਂ ਮਾਲਵਾ ਅਤੇ ਜਲੰਧਰ ਦੇ ਇਲਾਕੇ ਦੀਆਂ ਜ਼ਮੀਨਾਂ ਖ਼ਤਮ ਕਰ ਦਿੱਤੀਆਂ। ਪਹਿਲੋਂ ਵੱਡੀਆਂ ਜਾਇਦਾਦਾਂ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਗਿਆ; ਛੋਟੇ-ਛੋਟੇ ਕਿਸਾਨਾਂ ਲਈ। ਜਦੋਂ ਸਿੱਖਾਂ ਦਾ ਰਾਜ ਹੋਇਆ ਤਾਂ ਇਨ੍ਹਾਂ ਜ਼ਮੀਨਾਂ ਨੂੰ ਮੁੜ ਇਕੱਤਰ ਕਰਕੇ ਸਿੱਖ ਸਰਦਾਰਾਂ ਦੇ ਕਬਜ਼ੇ ਵਿਚ ਦਿੱਤਾ ਗਿਆ।

ਮੁਗਲ ਅਮੀਰਾਂ ਵਜ਼ੀਰਾਂ ਦੀਆਂ ਜਾਇਦਾਦਾਂ ਦੀ ਤਬਾਹੀ ਨੇ ਅਤੇ ਵੱਡੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਖੁੱਸਣ ਤੇ ਮੁਸਲਮਾਨਾਂ ਦੀ ਕਾਫ਼ੀ ਗਿਣਤੀ ਦੀ ਹਮਦਰਦੀ ਉਸ ਲਈ ਖ਼ਤਮ ਹੋ ਗਈ। ਅਜੇ ਤਾਂ ਅਮੀਰ ਲੋਕਾਂ ਅੰਦਰ ਹੀ ਇਸਲਾਮੀ ਪ੍ਰਚਾਰ ਦੀ ਭਾਵਨਾ ਸੀ ਅਤੇ ਸ਼ੇਖ਼ ਸਰਹਿੰਦੀ ਇਸ ਪਾਸੇ ਪ੍ਰਚਾਰ ਕਰ ਰਿਹਾ ਸੀ। ਪਰ ਬੰਦਾ ਬਹਾਦਰ ਦੀ ਤਬਾਹੀ ਨੇ ਮੁਸਲਮਾਨ ਕਿਸਾਨਾਂ ਦੇ ਦਿਲ ਵੀ ਪੱਥਰ ਦੇ ਕਰ ਦਿੱਤੇ। ਉਹ ਵੀ ਸਿੱਖਾਂ ਦੇ ਉਤਨੇ ਹੀ ਵਿਰੋਧੀ ਹੋ ਗਏ ਜਿਵੇਂ ਕਿ ਉਨ੍ਹਾਂ ਦੀ ਸਰਕਾਰ ਸੀ।

ਮੁਸਲਮਾਨ ਬੰਦਾ ਬਹਾਦਰ ਨੂੰ ਨਫ਼ਰਤ ਨਾਲ ਦੇਖਣ ਲੱਗੇ। 'ਸਿਆਰ' ਦਾ ਲਿਖਾਰੀ ਉਸ ਦਾ ਬਿਆਨ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ :

"ਉਹ ਨਿਰਦਈ ਸੀ, ਕੁਦਰਤ ਨੇ ਉਸ ਨੂੰ ਬੁੱਚੜ ਬਣਾਇਆ ਸੀ। ਉਹ ਇਕ ਰਾਖ਼ਸ਼ਸ਼ ਸੀ।" ਕਾਫ਼ੀ ਸਮਾਂ ਲੰਘਿਆਂ ਤਾਂ ਮੁਸਲਮਾਨ ਧਰਮ ਦੇ ਆਮ ਆਦਮੀ ਹਿੰਦੂਆਂ ਅਤੇ ਸਿੱਖਾਂ ਨਾਲ ਆਣ ਜੁੜੇ ਤਾਂ ਜੋ ਵੱਧ ਤੋਂ ਵੱਧ ਦੇਸ਼-ਰੱਖਿਆ ਕੀਤੀ ਜਾ ਸਕੇ ਅਤੇ ਕੋਈ ਸਾਮਰਾਜੀ ਤਾਕਤ ਜਾਂ ਵਿਦੇਸ਼ੀ ਹਮਲਾਵਰ ਇਸ ਧਰਤੀ 'ਤੇ ਪੈਰ ਨਾ ਰੱਖ ਸਕੇ।

ਕਾਂਡ—7

ਸਿੱਖਾਂ ਦੀ ਹੱਤਿਆ ਅਤੇ ਖਾਲਸਾ ਫ਼ੌਜ ਦਾ ਪੁਨਰ-ਗਠਨ

ਮੁਗ਼ਲ ਹਕੂਮਤ ਅਨੇਕਾਂ ਕਾਰਨਾ ਕਰਕੇ ਖੇਰੂੰ-ਖੇਰੂੰ ਹੋਈ। ਇਨ੍ਹਾਂ ਵਿਚੋਂ ਪ੍ਰਮੁੱਖ ਸਨ, ਮਰਹੱਟਿਆਂ ਅਤੇ ਸਿੱਖਾਂ ਦੀ ਚੜ੍ਹਤ। ਜੋ ਕੁਝ ਸ਼ਿਵਾ ਜੀ ਨੇ ਕੇਂਦਰੀ ਭਾਰਤ ਵਿਚ ਕੀਤਾ, ਬੰਦਾ ਬਹਾਦਰ ਨੇ, ਭਾਵੇਂ ਕੁਝ ਦੇਰ ਪਿੱਛੋਂ, ਪਰ ਬੜੀ ਖ਼ੂਬੀ ਨਾਲ ਪੰਜਾਬ ਵਿਚ ਪ੍ਰਾਪਤ ਕੀਤਾ। ਉਨ੍ਹਾਂ ਦੀ ਸਫ਼ਲਤਾ ਨਾਲ ਰੋਹੇਲਿਆਂ, ਰਾਜਪੂਤਾਂ ਅਤੇ ਜਾਟਾਂ ਦੇ ਹੌਸਲੇ ਬੁਲੰਦ ਹੋਏ। ਇਸ ਨਾਲ ਬੰਗਾਲ, ਉੱਤਰ ਪ੍ਰਦੇਸ਼ ਅਤੇ ਦੱਖਣ ਵਿਚ ਸਤਰਾਪਾਂ ਦੇ ਹੌਸਲੇ ਵੀ ਵਧੇ ਅਤੇ ਉਨ੍ਹਾਂ ਆਪਣੇ ਪੱਧਰ ਨੂੰ ਵਾਇਸਰਾਏ ਦੇ ਪਦ ਤੋਂ ਰਾਜੇ-ਪਦ ਤਕ ਚੁੱਕਿਆ।

ਪੰਜਾਬ ਵਿਚ ਗਵਰਨਰ ਅਬਦੁਸ ਸੱਮਦ ਖ਼ਾਂ ਉਤਨੀ ਦੇਰ ਬਾਦਸ਼ਾਹ ਦੀ ਚਾਪਲੂਸੀ ਕਰਦਾ ਰਿਹਾ, ਜਿੰਨੀ ਦੇਰ ਉਸ ਨੂੰ ਮੁਆਫ਼ਿਕ ਸੀ। ਪਰ ਉਸ ਦੇ ਅਤੇ ਸ਼ਾਹੀ ਹਕੂਮਤ ਦੇ ਹਿਤ ਵਿਚ ਸੀ ਕਿ ਸਿੱਖਾਂ ਨੂੰ ਦਬਾਵੇ ਜਿਹੜੇ ਕਿਸਾਨੀ ਵਿਦਰੋਹ ਦੇ ਆਗੂ ਬਣ ਗਏ ਸਨ। ਸਿੱਟੇ ਵਜੋਂ ਬੰਦਾ ਬਹਾਦਰ ਅਤੇ ਉਸ ਦੇ ਸੱਤ ਸੌ ਆਦਮੀਆਂ ਦੇ ਕਤਲ ਉਪਰੰਤ ਪੰਜਾਬ ਵਿਚ ਵੀ ਫ਼ੌਜੀ ਕਾਰਵਾਈ ਤੇਜ਼ ਕਰ ਦਿੱਤੀ ਗਈ। ਅੰਮ੍ਰਿਤਸਰ ਵਿਚ ਫ਼ੌਜੀ ਅੱਡਾ ਕਾਇਮ ਕੀਤਾ ਗਿਆ ਅਤੇ ਬਾਦਸ਼ਾਹ ਵੱਲੋਂ ਹੁਕਮ ਜਾਰੀ ਕੀਤਾ ਗਿਆ ਕਿ ਜਿਥੇ ਵੀ ਖਾਲਸਾ ਹੈ, ਉਸ ਨੂੰ ਫੜਿਆ ਜਾਵੇ ਅਤੇ ਜੇਕਰ ਉਹ ਟਾਕਰਾ ਕਰੇ ਤਾਂ ਉਸ ਦੀ ਹੱਤਿਆ ਕਰ ਦਿੱਤੀ ਜਾਵੇ। ਖਾਲਸੇ ਦੀ ਪਛਾਣ ਪਗੜੀ ਹੇਠ ਕੇਸਾਂ ਅਤੇ ਖੁੱਲ੍ਹੀ ਦਾੜ੍ਹੀ ਕਾਰਨ ਬਹੁਤ ਸੌਖੀ ਸੀ, ਇਸ ਲਈ ਉਨ੍ਹਾਂ ਪਾਸ ਦੋ ਹੀ ਰਾਹ ਸਨ ਕਿ ਆਪਣੇ ਬਾਹਰੀ ਧਾਰਮਿਕ ਚਿੰਨ੍ਹ ਛੱਡਣ ਜਾਂ ਮੁਗ਼ਲ ਫ਼ੌਜੀਆਂ ਦੇ ਰਾਹ ਤੋਂ ਪਾਸੇ ਹੋ ਜਾਣ। ਬਹੁਤ ਸਾਰੇ ਡਰ ਦੇ ਮਾਰੇ ਸਹਿਜਧਾਰੀ ਹੋ ਗਏ ਅਤੇ ਜਿਹੜੇ ਖਾਲਸਾ ਧਰਮ ਵਿਚ ਪ੍ਰਪੱਕ ਸਨ ਉਹ ਆਪਣੀਆਂ ਜ਼ਮੀਨਾਂ ਅਤੇ ਬਾਲ-ਬੱਚੇ ਆਪਣੇ ਨਿਕਟ ਸੰਬੰਧੀਆਂ ਨੂੰ ਸੌਂਪ ਕੇ ਸੰਘਣੇ ਜੰਗਲਾਂ ਅਤੇ ਉੱਚੇ ਪਹਾੜਾਂ 'ਤੇ ਚਲੇ ਗਏ। ਆਪਣੇ ਜੀਵਨ ਨਿਰਬਾਹ ਲਈ ਉਨ੍ਹਾਂ ਲਈ ਇਕੋ ਰਾਹ ਸੀ ਕਿ ਸ਼ਾਹੀ ਖ਼ਜ਼ਾਨੇ ਅਤੇ ਅਮੀਰਾਂ ਦੇ ਘਰਾਂ ਨੂੰ ਲੁੱਟਣ। ਇਸ ਦਬਾਓ ਦੀ ਨੀਤੀ ਦਾ ਸਿੱਟਾ ਇਹ ਹੋਇਆ ਕਿ ਬਹੁਤ ਸਾਰੇ ਕਿਸਾਨ ਆਪਣੀ ਭੂਮੀ ਤੋਂ ਵੱਖ ਹੋ ਗਏ ਅਤੇ ਫ਼ੌਜ ਵਿਚ ਨੌਕਰ ਹੋ ਗਏ। ਇਸ ਪ੍ਰਕਾਰ ਸਿੱਖਾਂ ਪਾਸ ਤਿਆਰ-ਬਰ-ਤਿਆਰ ਫ਼ੌਜ ਹੋ ਗਈ ਅਤੇ ਉਨ੍ਹਾਂ ਦਾ ਸੰਬੰਧ ਆਪਣੀਆਂ ਜ਼ਮੀਨਾਂ ਨਾਲ ਵੀ ਬਣਿਆ ਰਿਹਾ। ਇਸ ਨਾਲ ਆਰਥਿਕ ਉਤਸ਼ਾਹ ਵੀ ਪ੍ਰਾਪਤ ਹੋਇਆ ਅਤੇ ਸਿੱਖਾਂ ਦੀ ਚੜ੍ਹਤ ਬਣੀ—ਭੂਮੀ-ਰਹਿਤ ਨਿਸੰਗ ਆਦਮੀਆਂ ਦਾ ਪ੍ਰਤੀਕਰਮ, ਧਾਰਮਿਕ ਜੋਸ਼ ਅਤੇ ਫ਼ੌਜੀ ਧਾਰਨਾ।

ਸਿੱਖਾਂ ਵਿਚ ਕੋਈ ਸ਼ਖ਼ਸੀ ਆਗੂ ਨਾ ਹੋਣ ਕਰਕੇ ਉਨ੍ਹਾਂ ਪੰਥ ਨਾਲ ਸੰਬੰਧਤ ਮਾਮਲਿਆਂ ਬਾਰੇ ਇਕ ਰਵਾਇਤ ਚਾਲੂ ਕੀਤੀ ਕਿ ਅੰਮ੍ਰਿਤਸਰ ਵਿਖੇ ਵੈਸਾਖੀ ਅਤੇ ਦੀਵਾਲੀ ਦੇ ਅਵਸਰ 'ਤੇ ਜੁੜਦੇ ਇਕੱਠ ਨੂੰ 'ਸਰਬੱਤ ਖਾਲਸਾ' ਅਤੇ ਫ਼ੈਸਲੇ ਨੂੰ 'ਗੁਰਮਤਾ' ਦਾ ਨਾਮ ਦਿੱਤਾ ਗਿਆ। ਸਰਬੱਤ ਖਾਲਸਾ ਨੇ ਜਥੇਦਾਰ ਥਾਪੇ ਅਤੇ ਪ੍ਰਤੀਨਿਧ ਜਾਂ ਡੇਲੀਗੇਟ ਚੁਣੇ ਜਿਹੜੇ ਸਿੱਖਾਂ ਵੱਲੋਂ ਗੱਲ-ਬਾਤ ਕਰਨ।

ਬੰਦਾ ਬਹਾਦਰ ਦੀ ਹੱਤਿਆ ਉਪਰੰਤ ਸਿੱਖਾਂ ਬਾਰੇ ਕੋਈ ਸਮਾਚਾਰ ਨਹੀਂ ਸੀ। ਗਤੀ-ਵਿਧੀ ਦਾ ਕੇਂਦਰ ਪੰਜਾਬ ਤੋਂ ਦਿੱਲੀ ਬਦਲ ਗਿਆ ਜਿਥੇ ਗੁਰੂ ਗੋਬਿੰਦ ਸਿੰਘ ਦੇ ਦੋਵੇਂ ਮਹਿਲ (ਪਤਨੀਆਂ) ਮਾਤਾ ਸੁੰਦਰੀ ਅਤੇ ਸਾਹਿਬ ਦੇਵਾਂ ਦਾ ਨਿਵਾਸ ਸੀ। ਭਾਈ ਮਨੀ ਸਿੰਘ ਜੀ ਉਨ੍ਹਾਂ ਦੀ ਸੇਵਾ-ਸੰਭਾਲ ਕਰ ਰਹੇ ਸਨ ਅਤੇ ਜਿਹੜੇ ਜਥੇ ਸਰਧਾ ਭੇਟ ਕਰਨ ਆਉਂਦੇ, ਉਨ੍ਹਾਂ ਨੂੰ ਲੋੜੀਂਦਾ ਮਸ਼ਵਰਾ ਦਿੱਤਾ ਜਾਂਦਾ। ਸਹਿਜਧਾਰੀ ਸਿੱਖ ਵਪਾਰ ਵਿਚ ਜੁਟ ਗਏ। ਜਿਹੜਾ ਖਾਲਸਾ ਮੈਦਾਨਾਂ ਵਿਚ ਰਿਹਾ, ਉਹ ਦੋ ਭਾਗਾਂ ਵਿਚ ਵੰਡਿਆ ਗਿਆ। ਜਿਹੜੇ ਬੰਦਾ ਬਹਾਦਰ ਨੂੰ ਗੁਰੂ-ਰੂਪ ਬਣਾਉਣਾ ਚਾਹੁੰਦੇ ਸਨ ਉਹ 'ਬੰਦਈ' ਕਹਾਏ ਅਤੇ ਜਿਹੜੇ ਆਪਣੀਆਂ ਯਾਦਾਂ ਨੂੰ ਸੁਰਜੀਤ ਕਰਦੇ ਹੋਏ ਉਸ ਦੇ ਹਾਮੀ ਨਹੀਂ ਸਨ ਉਹ 'ਤੱਤ ਖਾਲਸਾ'। ਛੋਟੇ-ਛੋਟੇ ਮਾਮਲਿਆਂ ਵਿਚ ਇਨ੍ਹਾਂ ਦਾ ਵਿਰੋਧ ਉਭਰ ਆਉਂਦਾ। ਜਿਵੇਂ ਨਿਰਾਸ਼ ਲੋਕਾਂ ਦੀ ਹਾਲਤ ਹੁੰਦੀ ਹੈ। ਇਹ ਝਗੜੇ ਮਹੱਤਵਪੂਰਣ ਹੋ ਨਿੱਬੜਦੇ। ਪਹਿਲਾਂ ਹਲਕੀ ਖਹਿਬਾਜ਼ੀ ਹੁੰਦੀ ਅਤੇ ਉਪਰੰਤ ਹਰਿਮੰਦਰ ਸਾਹਿਬ ਅੰਮ੍ਰਿਤਸਰ 'ਤੇ ਕਬਜ਼ਾ ਜਮਾਉਣ ਲਈ ਖੁੱਲ੍ਹ ਕੇ ਲੜਾਈ-ਝਗੜਾ ਹੁੰਦਾ। (ਸਰਕਾਰ ਨੇ ਉਸ ਵੇਲੇ ਹਰਿਮੰਦਰ ਸਾਹਿਬ ਵਿਚ ਜਾਣ ਲਈ ਢਿੱਲ ਦੇ ਦਿੱਤੀ ਸੀ)। ਜਦੋਂ ਹਾਲਾਤ ਗੰਭੀਰ ਹੋ ਗਏ ਤਾਂ ਮੁਖੀ ਆਗੂਆਂ ਨੇ ਮਾਮਲਾ ਮਾਤਾ ਸੁੰਦਰੀ ਅੱਗੇ ਹਸਤਖੇਪ ਕਰਨ ਲਈ ਪੇਸ਼ ਕਰ ਦਿੱਤਾ। ਉਨ੍ਹਾਂ ਨੇ ਸੰਨ 1721 ਵਿਚ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਸੰਭਾਲ ਲਈ ਭੇਜ ਦਿੱਤਾ। ਬੰਦਈਆਂ ਨੇ ਆਪਣਾ ਦਾਅਵਾ ਛੱਡ ਦਿੱਤਾ ਅਤੇ ਤੱਤ ਖਾਲਸਾ ਵਿਚ ਮਿਲ ਗਏ।

ਜਦੋਂ ਅੰਦਰੂਨੀ ਵਿਤਕਰੇ ਨਿਪਟ ਗਏ ਤਾਂ ਸਰਬੱਤ ਖਾਲਸਾ ਅਸਲੀ ਸ਼ਕਤੀ ਬਣ ਗਿਆ। ਇਸ ਦੀਆਂ ਹਦਾਇਤਾਂ ਅਧੀਨ ਪ੍ਰਤੀਬੱਧਤਾ ਦੇ ਛੋਟੇ-ਛੋਟੇ ਜਥੇ ਜਥੇਦਾਰਾਂ ਨੇ ਬਣਾ ਦਿੱਤੇ ਅਤੇ ਆਪਣੇ ਪਹਾੜਾਂ ਲਾਗੇ ਦੇ ਪਿੰਡ ਅਤੇ ਜੰਗਲ ਦੀਆਂ ਛਿਪਣ-ਥਾਵਾਂ ਆਪਣੇ ਅਧੀਨ ਕਰ ਲਈਆਂ। ਇਨ੍ਹਾਂ ਜਥਿਆਂ ਦੀ ਸਾਂਝੀ ਸ਼ਕਤੀ ਨੇ ਜ਼ਕਰੀਆ ਖ਼ਾਨ ਨੂੰ, ਜਿਹੜਾ ਆਪਣੇ ਪਿਤਾ ਦੇ ਮੁਲਤਾਨ ਵਿਚ ਤਬਦੀਲ ਹੋਣ ਨਾਲ ਲਾਹੌਰ ਦਾ ਗਵਰਨਰ ਬਣ ਗਿਆ ਸੀ, ਸਿੱਖਾਂ ਨਾਲ ਸਮਝੌਤਾ ਕਰਨ ਲਈ ਕਾਫ਼ੀ ਹੱਦ ਤਕ ਪ੍ਰੇਰਿਆ। ਸੰਨ 1733 ਦੀ ਵੈਸਾਖੀ ਦੇ ਸਰਬੱਤ ਖਾਲਸਾ ਦੇ ਦੀਵਾਨ ਵਿਚ ਉਸ ਦਾ ਏਲਚੀ ਆਇਆ ਅਤੇ ਦਿਆਲਪੁਰ, ਕੰਗਣਵਾਲ ਅਤੇ ਝਬਾਲ ਦਾ ਇਲਾਕਾ ਜਗੀਰ ਵਜੋਂ ਦੇਣ ਦੀ ਪੇਸ਼ਕਸ਼ ਕੀਤੀ, ਜਿਸ ਦੀ ਆਮਦਨ ਇਕ ਲੱਖ ਰੁਪਏ ਦੇ ਲਗਪਗ ਸੀ। ਕੁਝ ਝਿਜਕ ਉਪਰੰਤ ਇਹ ਪੇਸ਼ਕਸ਼ ਸਵੀਕਾਰ ਕਰ ਲਈ ਗਈ ਅਤੇ ਸਰਦਾਰ ਕਪੂਰ ਸਿੰਘ ਫ਼ੈਜ਼ਲਪੁਰੀਏ ਨੂੰ ਇਸ ਦਾ ਜਗੀਰਦਾਰ ਨਾਮਜ਼ਦ ਕੀਤਾ ਅਤੇ ਉਸ ਨੂੰ ਨਵਾਬ ਦੀ ਉਪਾਧੀ ਦਿੱਤੀ ਗਈ। ਇਸ ਪ੍ਰਕਾਰ ਨਵਾਬ ਕਪੂਰ ਸਿੰਘ ਨੂੰ ਸਰਬੱਤ ਖਾਲਸਾ ਅਤੇ ਸੂਬੇ ਦੀ ਸਰਕਾਰ ਵੱਲੋਂ ਮਾਨਤਾ ਦਿੱਤੀ ਗਈ। ਉਨ੍ਹਾਂ ਦਾ ਨੇੜੇ ਦਾ ਸਾਥੀ ਸੀ ਜੱਸਾ ਸਿੰਘ ਆਹਲੂਵਾਲੀਆ। ਇਹ ਦੋਵੇਂ ਆਦਮੀ ਦੇਸ਼ ਅੰਦਰ ਸਿੱਖ ਸ਼ਕਤੀ ਦੇ ਉਸਰੱਈਏ ਬਣੇ।

ਸਰਦਾਰ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਜ਼ਕਰੀਆ ਖ਼ਾਨ ਦੇ ਨਰਮ ਵਤੀਰੇ ਦਾ ਪੂਰਾ ਲਾਭ ਉਠਾਇਆ। ਛਿਪੀਆਂ ਥਾਵਾਂ ਤੋਂ ਖਾਲਸੇ ਨੂੰ ਬਾਹਰ ਬੁਲਾ ਲਿਆ ਗਿਆ। ਹਰਿਮੰਦਰ ਦੇ ਸਾਹਮਣੇ ਅਕਾਲ ਤਖ਼ਤ ਵਿਖੇ ਸਜੇ ਸਰਬੱਤ ਖਾਲਸਾ ਦੇ ਦੀਵਾਨ ਵਿਚ ਜਥਿਆਂ ਦਾ ਪੁਨਰਗਠਨ ਕੀਤਾ ਗਿਆ। ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਲਈ ਪੂਰੀ ਖੁੱਲ੍ਹ ਦਿੱਤੀ ਗਈ। ਪਰ ਜਦੋਂ ਕੌਮ ਦੇ ਭਵਿੱਖ ਲਈ ਕੋਈ ਭੀੜ ਹੋਵੇ ਤਾਂ ਉਨ੍ਹਾਂ ਨੂੰ ਆਪਣੀਆਂ ਇਕਾਈਆਂ ਦਲ ਖਾਲਸਾ ਵਿਚ ਮਿਲਾਉਣੀਆਂ ਹੋਣਗੀਆਂ, ਜੋ ਖਾਲਸੇ ਦੀ ਫ਼ੌਜ ਸੀ। ਅੰਮ੍ਰਿਤਸਰ ਵਿਖੇ ਕੇਂਦਰੀ ਫ਼ੌਜ ਦਾ ਟਿਕਾਣਾ ਕਾਇਮ ਕੀਤਾ ਗਿਆ। ਇਸ ਦੇ ਦੋ

ਡਿਵੀਜ਼ਨ ਸਨ, ਬੁੱਢਾ ਦਲ ਅਤੇ ਤਰੁਨਾ ਦਲ। ਪਹਿਲੇ ਦੇ ਮੁਖੀ ਨਵਾਬ ਕਪੂਰ ਸਿੰਘ ਸਨ। ਦੂਜਾ ਵਧੇਰੇ ਸਰਗਰਮ ਅਤੇ ਭਾਰੀ ਗਿਣਤੀ ਵਾਲਾ ਸੀ, ਇਸ ਲਈ ਕੁਝ ਜਥੇਦਾਰ ਥਾਪੇ ਗਏ ਅਤੇ ਉਨ੍ਹਾ ਲਈ ਟਿਕਾਣੇ ਵੀ ਵੱਖਰੇ ਸਨ।

ਜਿਵੇਂ ਜ਼ਕਰੀਆ ਖ਼ਾਂ ਨੂੰ ਆਸ ਸੀ, ਸਿੱਖਾਂ ਨੂੰ ਪਰਚਾਉਣ ਵਿਚ ਜਗੀਰ ਸਫ਼ਲ ਨਾ ਹੋਈ। ਤਰੁਨਾ ਦਲ ਬਾਰੀ ਦੁਆਬ ਨੂੰ ਟੱਪ ਕੇ ਹਰਿਆਣਾ ਵਿਚ ਚਲੇ ਗਿਆ ਅਤੇ ਜ਼ਬਰ-ਦਸਤੀ ਮਾਲੀਆ ਵਸੂਲ ਕਰਨਾ ਆਰੰਭ ਕਰ ਦਿੱਤਾ, ਜੋ ਹਕੂਮਤ ਨੂੰ ਮਿਲਣਾ ਚਾਹੀਦਾ ਸੀ। ਜਗੀਰ ਜ਼ਬਤ ਕਰ ਲਈ ਗਈ ਅਤੇ ਜ਼ਕਰੀਆ ਖ਼ਾਂ ਦੇ ਮੰਤਰੀ ਲਖਪਤ ਰਾਏ ਨੇ ਬੁੱਢਾ ਦਲ ਨੂੰ ਅੰਮ੍ਰਿਤਸਰ 'ਚੋਂ ਕੱਢ ਕੇ ਬਾਰੀ ਦੁਆਬ ਵੱਲ ਤੋਰ ਦਿੱਤਾ ਅਤੇ ਉਥੋਂ ਸਤਲੁਜ ਦੇ ਪਾਰ, ਪਟਿਆਲਾ ਦੇ ਰਾਜੇ ਆਲਾ ਸਿੰਘ ਨੇ ਆਪਣੀਆਂ ਫ਼ੌਜਾਂ ਬੁੱਢਾ ਦਲ ਵਿਚ ਮਿਲਾ ਦਿੱਤੀਆਂ। ਅਤੇ ਜਿਉਂ ਹੀ ਲਖਪਤ ਰਾਏ ਨੇ ਲਾਹੌਰ ਪਰਤਣ ਲਈ ਪਿੱਠ ਮੋੜੀ, ਉਨ੍ਹਾਂ ਨੇ ਮਾਲਵਾ ਦੇ ਕੁਝ ਭਾਗ ਉਪਰ ਕਬਜ਼ਾ ਕਰ ਲਿਆ। ਲਖਪਤ ਰਾਏ ਨੇ ਵੇਲੇ ਦੀ ਉਡੀਕ ਕੀਤੀ ਅਤੇ ਜਦੋਂ ਬੁੱਢਾ ਦਲ ਨੇ ਮੁੜ ਸਤਲੁਜ ਪਾਰ ਕੀਤਾ ਤਾਂ ਅੰਮ੍ਰਿਤਸਰ ਨੂੰ ਜਾਣ ਵੇਲੇ ਉਹ ਰੋਕ ਲਈ ਪਹੁੰਚ ਗਿਆ। ਅੱਗੋਂ ਜਿਹੜੀ ਲੜਾਈ ਹੋਈ, ਉਸ ਵਿਚ ਲਾਹੌਰ ਦੀ ਫ਼ੌਜ ਦੇ ਬਹੁਤ ਸਾਰੇ ਫ਼ੌਜੀ ਅਫ਼ਸਰ ਮਾਰੇ ਗਏ ਅਤੇ ਇਨ੍ਹਾਂ ਦੇ ਨਾਲ ਹੀ ਲਖਪਤ ਰਾਏ ਦਾ ਭਤੀਜਾ ਵੀ ਕਤਲ ਕਰ ਦਿੱਤਾ ਗਿਆ। ਜ਼ਕਰੀਆ ਖ਼ਾਨ ਨੇ ਆਪ ਰਣਭੂਮੀ ਵਿਚ ਭਾਗ ਲਿਆ, ਖੇਤਰ ਵਿਚ ਮੁੜ ਆਪਣਾ ਅਧਿਕਾਰ ਬਹਾਲ ਕੀਤਾ ਅਤੇ ਮਜ਼ਬੂਤ ਕੀਤਾ। ਅੱਗੋਂ ਲਗਪਗ ਦੋ ਸਾਲ ਲਈ ਇਸ ਨੂੰ ਸਖ਼ਤੀ ਨਾਲ ਚਲਾਇਆ।

ਸੰਨ 1758 ਦੀ ਪਤਝੜ ਰੁੱਤ ਵਿਚ ਬਜ਼ੁਰਗ ਹੋ ਚੁੱਕੇ ਭਾਈ ਮਨੀ ਸਿੰਘ, ਜੋ ਹਰਿਮੰਦਰ ਸਾਹਿਬ ਦੇ ਪ੍ਰਬੰਧਕ ਸਨ, ਨੇ ਦੀਵਾਲੀ ਦਾ ਤਿਉਹਾਰ ਅੰਮ੍ਰਿਤਸਰ ਵਿਖੇ ਮਨਾਉਣ ਦੀ ਇਜਾਜ਼ਤ ਮੰਗੀ। ਉਨ੍ਹਾਂ ਨੂੰ ਇਸ ਕਾਰਜ ਲਈ ਲਾਇਸੈਂਸ ਇਸ ਸ਼ਰਤ 'ਤੇ ਦਿੱਤਾ ਗਿਆ ਕਿ ਉਹ ਤਿਉਹਾਰ ਦੇ ਤੁਰੰਤ ਪਿੱਛੋਂ ਪੰਜ ਹਜ਼ਾਰ ਰੁਪਏ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਉਣਗੇ। ਭਾਈ ਮਨੀ ਸਿੰਘ ਦਾ ਖ਼ਿਆਲ ਸੀ ਕਿ ਇਹ ਰਕਮ ਸੰਗਤਾਂ ਦੇ ਚੜ੍ਹਾਵੇ ਨਾਲ ਪੂਰੀ ਹੋ ਜਾਵੇਗੀ। ਦੀਵਾਲੀ ਤੋਂ ਕੁਝ ਦਿਨ ਪਹਿਲਾਂ, ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਵੱਲ ਭਾਰੀ ਫ਼ੌਜ ਭੇਜੀ ਜਿਸ ਦਾ ਦੰਭਪੂਰਵਕ ਉਦੇਸ਼ ਸੀ ਕਿ ਅਮਨ-ਕਾਨੂੰਨ ਬਣਾਈ ਰਖਿਆ ਜਾਵੇ। ਇਸ ਨਾਲ ਸੰਗਤਾਂ ਅੰਦਰ ਸਹਿਮ ਛਾ ਗਿਆ ਅਤੇ ਭਾਈ ਮਨੀ ਸਿੰਘ ਲੋੜੀਂਦੀ ਫ਼ੀਸ ਤਾਰਨ ਤੋਂ ਅਸਮਰਥ ਹੋ ਗਏ। ਉਨ੍ਹਾਂ ਨੂੰ ਫੜ ਕੇ ਲਾਹੌਰ ਲਿਆਂਦਾ ਗਿਆ ਅਤੇ ਮੌਤ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਨੇ ਇਸਲਾਮ ਧਰਮ ਕਬੂਲਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਜਾਨ ਦੀ ਪਰਵਾਹ ਨਾ ਕੀਤੀ। ਭਾਈ ਮਨੀ ਸਿੰਘ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਗਿਆ।

ਧਾਰਮਿਕ ਅਤੇ ਸਤਿਕਾਰ ਵਾਲੇ ਬਜ਼ੁਰਗ ਗੁੰਥੀ ਦੀ ਹੱਤਿਆ ਨੇ ਸਿੱਖਾਂ ਅੰਦਰ ਭਾਰੀ ਰੋਸ ਪੈਦਾ ਕੀਤਾ। ਇਸ ਤੋਂ ਪਹਿਲਾਂ ਕਿ ਬਦਲਾ ਲਿਆ ਜਾਂਦਾ, ਹਾਲਾਤ ਨੇ ਅਚਾਨਕ ਨਾਟਕੀ ਰੰਗ ਫੜਿਆ। ਸਮਾਚਾਰ ਪ੍ਰਾਪਤ ਹੋਇਆ ਕਿ ਉੱਤਰ-ਪੱਛਮ ਵੱਲੋਂ ਈਰਾਨ ਨੇ ਧਾਵਾ ਬੋਲ ਦਿੱਤਾ ਹੈ।

ਈਰਾਨੀ ਹਮਲਾ (ਸੰਨ 1738-1739)

ਸਾਰੇ ਵਿਰੋਧੀਆਂ ਨੂੰ ਲਿਤਾੜਦਾ ਹੋਇਆ ਈਰਾਨੀ ਨਾਦਰਸ਼ਾਹ ਉੱਤਰੀ ਪੰਜਾਬ 'ਤੇ ਹਾਵੀ ਹੋ ਗਿਆ। ਜ਼ਕਰੀਆ ਖ਼ਾਂ ਦੀ ਬੇਨਤੀ ਕਾਰਨ ਖ਼ਾਲਸਾ ਪਹਾੜੀਆਂ 'ਤੇ ਚਲੇ ਗਿਆ।

ਈਰਾਨੀਆਂ ਨੇ ਸ਼ਾਹੀ ਫ਼ੌਜਾਂ ਨੂੰ ਕਰਨਾਲ ਵਿਖੇ ਹਾਰ ਦਿੱਤੀ ਅਤੇ ਅੱਗੇ ਦਿੱਲੀ ਵੱਲ ਵਧਦੇ ਗਏ। ਰਾਜਧਾਨੀ ਵਿਚ ਲੁੱਟ ਮਚਾਈ ਗਈ ਅਤੇ ਵੱਸੋਂ ਦੀ ਹੱਤਿਆ ਕੀਤੀ ਗਈ। 1739 ਦੀ ਗਰਮੀ ਦੀ ਰੁੱਤ ਵਿਚ ਨਾਦਰਸ਼ਾਹ ਨੇ ਆਪਣੇ ਘਰ ਵੱਲ ਮੋੜੇ ਪਾਏ। ਉਸ ਦੇ ਲੁੱਟੇ ਹੋਏ ਮਾਲ ਵਿਚ ਬਹੁਤ ਕੁਝ ਸ਼ਾਮਲ ਸੀ—ਹੀਰੇ-ਜਵਾਹਰਾਤ ਜੜਿਆ ਮੋਰ ਸਿੰਘਾਸਣ, ਮਸ਼ਹੂਰ ਕੋਹਿਨੂਰ ਹੀਰਾ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਦਾਸ (ਗੁਲਾਮ)। ਮੈਦਾਨੀ ਇਲਾਕੇ ਦੀ ਗਰਮੀ ਤੋਂ ਬਚਾਓ ਅਤੇ ਨਵੇਂ ਚਰਾਂਦਾਂ ਦੀ ਭਾਲ ਵਿਚ ਹਿਮਾਲੀਆ ਦੇ ਕੰਢੇ ਦਾ ਰਾਹ ਚੁਣਿਆ। ਖਾਲਸਾ ਉਸ ਸਥਾਨ 'ਤੇ ਪਹਿਲਾਂ ਹੀ ਹਾਜ਼ਰ ਸੀ ਅਤੇ ਉਹ ਰਾਹਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੂੰ ਨਾਦਰਸ਼ਾਹ ਦੀ ਭਾਰੀ ਲੁੱਟ ਅਤੇ ਫ਼ੌਜ ਸੁਖਾਲਾ ਸ਼ਿਕਾਰ ਜਾਪਿਆ। ਉਨ੍ਹਾਂ ਨੇ ਹਮਲਾ ਕਰਨ ਵਾਲੇ ਦਾ ਲੁੱਟ ਦਾ ਮਾਲ ਲੁੱਟਣਾ-ਖੋਹਣਾ ਸ਼ੁਰੂ ਕਰ ਦਿੱਤਾ ਜਦੋਂ ਉਹ ਪੰਜਾਬ ਵਿਚ ਦਾਖਲ ਹੋਇਆ। ਸਿੰਧ ਤਕ ਉਹ ਸਾਰੇ ਰਾਹ ਲੁੱਟਦੇ ਚਲੇ ਗਏ। ਪਰ ਉਨ੍ਹਾਂ ਨਾਦਰਸ਼ਾਹ ਨਾਲ ਸਾਹਮਣੀ ਟੱਕਰ ਨਹੀਂ ਲਈ। ਜਿਉਂ ਹੀ ਹਨੇਰਾ ਪੱਸਰਦਾ ਸਿੱਖ ਟੋਲੇ ਉਨ੍ਹਾਂ ਦੇ ਟਿਕਾਣਿਆਂ ਉਤੇ ਟੁੱਟ ਪੈਂਦੇ। ਲਾਹੌਰ ਤੋਂ ਲੰਘਦਿਆਂ ਨਾਦਰਸ਼ਾਹ ਨੇ ਜ਼ਕਰੀਆ ਖ਼ਾਨ ਪਾਸੋਂ, ਕਿਹਾ ਜਾਂਦਾ ਹੈ, ਪੁੱਛ ਕੀਤੀ ਕਿ ਇਹ ਦਾੜ੍ਹੀ ਲੁਟੇਰੇ ਕੌਣ ਹਨ, ਜਿਨ੍ਹਾਂ ਨੇ ਉਸਦੀਆਂ ਫ਼ੌਜਾਂ ਉਪਰ ਹਮਲਾ ਕਰਨ ਦੀ ਗੁਸਤਾਖ਼ੀ ਕੀਤੀ ਹੈ। ਗਵਰਨਰ ਨੇ ਉੱਤਰ ਦਿੱਤਾ, "ਇਹ ਫ਼ਕੀਰ ਹਨ, ਜਿਹੜੇ ਸਾਲ ਵਿਚ ਦੋ ਵਾਰੀ ਆਪਣੇ ਗੁਰੂ ਦੇ ਸਰੋਵਰ 'ਤੇ ਆਉਂਦੇ ਹਨ ਅਤੇ ਇਸ਼ਨਾਨ ਕਰਨ ਉਪਰੰਤ ਅਲੋਪ ਹੋ ਜਾਂਦੇ ਹਨ।" ਸ਼ਾਹ ਨੇ ਪੁੱਛ ਕੀਤੀ, "ਇਹ ਕਿਥੇ ਰਹਿੰਦੇ ਹਨ ?" "ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦੇ ਘਰ ਹਨ।" ਕਿਹਾ ਜਾਂਦਾ ਹੈ ਕਿ ਨਾਦਰਸ਼ਾਹ ਨੇ ਭਵਿੱਖਬਾਣੀ ਕੀਤੀ : "ਸੰਭਲ ਜਾਓ ! ਉਹ ਦਿਨ ਬਹੁਤੀ ਦੂਰ ਨਹੀਂ ਜਦੋਂ ਇਹ ਵਿਦਰੋਹੀ ਤੁਹਾਡੇ ਦੇਸ਼ 'ਤੇ ਕਬਜ਼ਾ ਕਰ ਲੈਣਗੇ।"

ਹਮਲਿਆਂ ਵਿਚਕਾਰ ਵਕਫ਼ਾ (ਸੰਨ 1739-1747)

ਨਾਦਰਸ਼ਾਹ ਦੇ ਭਾਰਤ ਵਿਚ ਪੰਜ ਮਹੀਨੇ ਠਹਿਰਨ ਨਾਲ ਪੰਜਾਬ ਦੇ ਪ੍ਰਸ਼ਾਸਨ ਵਿਚ ਬਹੁਤ ਗੜਬੜ ਹੋ ਗਈ। ਵਿਦੇਸ਼ੀਆਂ ਅੱਗੇ ਨੱਚ-ਨੱਚ ਕੇ ਉਸ ਆਪਣਾ ਪਦ ਬਚਾਇਆ। ਵਿਦੇਸ਼ੀਆਂ ਨਾਲ ਕੋਈ ਸੰਬੰਧ ਨਾ ਰੱਖਣ ਵਾਲੇ ਲੋਕ ਕੇਵਲ ਸਿੱਖ ਹੀ ਸਨ। ਭਾਰਤੀ ਬੰਦੀਆਂ ਨੂੰ ਨਾਦਰਸ਼ਾਹ ਪਾਸੋਂ ਮੁਕਤ ਕਰਵਾਉਣ ਨਾਲ ਉਨ੍ਹਾਂ ਦੀ ਪ੍ਰਤਿਸ਼ਠਾ ਫੈਲੀ ਅਤੇ ਉਨ੍ਹਾਂ ਨੂੰ ਲੁਟੇਰੇ ਨਾ ਆਖਿਆ ਗਿਆ। ਉਹ ਸੁਤੰਤਰਤਾ ਸੰਗ੍ਰਾਮੀਏ ਕਰਕੇ ਮਸ਼ਹੂਰ ਹੋਏ। ਆਮ ਲੋਕਾਂ ਅੰਦਰ ਉਨ੍ਹਾਂ ਦਾ ਮਾਣ-ਸਤਿਕਾਰ ਵਧਿਆ। ਇਸ ਵਿਸ਼ਵਾਸ ਨਾਲ ਕਿ ਕਿਸਾਨ ਉਨ੍ਹਾਂ ਦੇ ਪਿੱਛੇ ਹਨ, ਉਹ ਮੈਦਾਨਾਂ ਵਿਚ ਪਰਤ ਆਏ। ਉਨ੍ਹਾਂ ਨੇ ਡੱਲੇਵਾਲ ਵਿਚ ਰਾਵੀ ਦੇ ਕੰਢੇ ਕੱਚਾ ਕਿਲ੍ਹਾ ਉਸਾਰਿਆ ਅਤੇ ਅੰਮ੍ਰਿਤਸਰ ਦੀ ਯਾਤਰਾ ਮੁੜ ਅਪਣਾਈ। ਇਕ ਸਮਕਾਲੀ ਮੁਸਲਮਾਨ ਲਿਖਾਰੀ ਅਨੁਸਾਰ : "ਸਿੱਖ ਘੋੜਸਵਾਰ ਆਪਣੇ ਮਨਭਾਉਂਦੇ ਗੁਰਧਾਮ ਵੱਲ ਜਾਂਦੇ ਵੇਖੇ ਗਏ। ਕਈ ਵਾਰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਜਾਂ ਉਨ੍ਹਾਂ ਨੂੰ ਬੰਦੀ ਬਣਾ ਲਿਆ ਜਾਂਦਾ। ਪਰ ਉਹ ਬਚਣ ਦੀ ਥਾਂ ਸ਼ਹੀਦੀ ਦਾ ਤਾਜ ਪਹਿਨਣ ਲਈ ਤੱਤਪਰ ਰਹਿੰਦੇ।... ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅੰਮ੍ਰਿਤਸਰ ਨੂੰ ਜਾਂਦਾ ਹੋਇਆ ਕੋਈ ਸਿੱਖ ਫੜਿਆ ਗਿਆ ਹੋਵੇ ਅਤੇ ਉਸ ਆਪਣੇ ਧਰਮ ਨੂੰ ਤਿਲਾਂਜਲੀ ਦਿੱਤੀ ਹੋਵੇ।"

ਜ਼ਕਰੀਆ ਖ਼ਾਨ, ਜਿਹੜਾ ਵਿਦੇਸ਼ੀਆਂ ਅੱਗੇ ਝੁਕ ਗਿਆ ਸੀ, ਨੇ ਸਿੱਖਾਂ ਪ੍ਰਤੀ ਸਖ਼ਤ ਰੁਖ਼ ਅਪਣਾਇਆ। ਉਸ ਡੱਲੇਵਾਲ ਦੇ ਕਿਲ੍ਹੇ ਨੂੰ ਉਡਾ ਦਿੱਤਾ ਅਤੇ ਪਿੰਡ ਦੇ ਅਧਿਕਾਰੀਆਂ ਨੂੰ

ਆਦੇਸ਼ ਦਿੱਤਾ ਕਿ ਸਿੱਖਾਂ ਨੂੰ ਘੇਰ ਕੇ ਉਸ ਦੇ ਹਵਾਲੇ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਕਤਲ ਕੀਤਾ ਜਾ ਸਕੇ। ਸਿਰਾਂ ਦਾ ਮੁੱਲ ਰੱਖ ਕੇ ਉਸ ਇਸ ਕਾਰਜ ਨੂੰ ਲਾਹੇਵੰਦਾ ਬਣਾਇਆ : ਇਕ ਸਿੱਖ ਦੇ ਕੇਸ ਕਤਲ ਕਰਨ ਲਈ ਇਕ ਕੰਬਲ; ਕਿਸੇ ਸਿੱਖ ਦਾ ਅਤਾ-ਪਤਾ ਦੱਸਣ ਲਈ ਦਸ ਰੁਪਏ; ਇਕ ਸਿੱਖ ਦੀ ਖੋਪੜੀ ਲਿਆਉਣ ਵਾਲੇ ਨੂੰ ਪੰਜਾਹ ਰੁਪਏ; ਸਿੱਖਾਂ ਦੇ ਘਰਾਂ ਨੂੰ ਲੁੱਟਣਾ ਕਾਨੂੰਨੀ ਕਰਾਰ ਦਿੱਤਾ ਗਿਆ, ਸਿੱਖਾਂ ਬਾਰੇ ਜਾਣਕਾਰੀ ਜਾਂ ਆਉਣ-ਜਾਣ ਬਾਰੇ ਨਾ ਦੱਸਣ ਵਾਲੇ ਨੂੰ ਸਖਤ ਸਜ਼ਾ ਦਿੱਤੀ ਜਾਂਦੀ। ਜ਼ਕਰੀਆ ਖ਼ਾਂ ਦੀ ਪੁਲਿਸ ਪਿੰਡਾਂ-ਥਾਵਾਂ 'ਤੇ ਗਈ ਅਤੇ ਸੈਂਕੜੇ ਸਿੱਖਾਂ ਨੂੰ ਹੱਥਕੜੀਆਂ ਨਾਲ ਲੈ ਕੇ ਆਏ। ਲਾਹੌਰ ਦੇ ਨਖਾਸ, ਘੋੜਾ ਮੰਡੀ, ਦੇ ਸਥਾਨ 'ਤੇ ਉਨ੍ਹਾਂ ਨੂੰ ਖੁੱਲ੍ਹੇਆਮ ਕਤਲ ਕੀਤਾ ਗਿਆ। ਉਸ ਅਸਥਾਨ ਦਾ ਨਾਮ ਹੁਣ ਗੁਰਦੁਆਰਾ 'ਸ਼ਹੀਦ ਗੰਜ' ਹੈ। ਪਰ ਇਨ੍ਹਾਂ ਹੱਤਿਆਵਾਂ ਦਾ ਅਸਰ ਉਲਟਾ ਹੋਇਆ। ਕਿਸਾਨਾਂ ਦੀ ਖਾਲਸੇ ਪ੍ਰਤੀ ਹਮਦਰਦੀ ਸੀ ਅਤੇ ਉਹ ਭਗੌੜਿਆਂ ਨੂੰ ਸ਼ਰਨ ਦੇ ਕੇ ਪ੍ਰਸ਼ਾਸਨ ਦਾ ਕਾਰਜ ਰੋਕਦੇ ਅਤੇ ਬਹੁਤ ਸਾਰੇ ਤਾਂ ਖਾਲਸੇ ਨਾਲ ਮਿਲ ਕੇ ਸਰਕਾਰੀ ਸਿਪਾਹੀਆਂ ਵਿਰੁੱਧ ਘਾਤ ਲਾਉਂਦੇ। ਬਸ ਇਕੋ ਇਕ ਜੰਡਿਆਲੇ ਦਾ ਨਿਰੰਜਨ ਨਿਆਸ ਸੀ, ਜਿਹੜਾ ਪ੍ਰਸ਼ਾਸਨ ਨਾਲ ਗਠਜੋੜ ਰੱਖਦਾ ਸੀ।

ਜ਼ਕਰੀਆ ਖ਼ਾਨ ਦੀ ਸਖਤੀ ਸਮੇਂ ਖਾਲਸੇ ਨੇ ਬਹੁਤ ਕਸ਼ਟ ਅਤੇ ਕਠਿਨਾਈਆਂ ਝੱਲੀਆਂ, ਪਰ ਉਹ ਪਹਿਲਾਂ ਵਾਂਗ ਵਿਦਰੋਹ ਕਰਦੇ ਰਹੇ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਨੇ ਉਨ੍ਹਾਂ ਨੂੰ ਤਸੀਹੇ ਜਰਨ ਦਾ ਬਲ ਦਿੱਤਾ।

ਜੁਲਾਈ ਪਹਿਲੀ1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦਾ ਬੇਟਾ ਯਾਹੀਆ ਖ਼ਾਨ, ਜਿਹੜਾ ਦਿੱਲੀ ਦੇ ਮੁਖੀ ਵਜ਼ੀਰ ਦਾ ਦਾਮਾਦ ਵੀ ਸੀ, ਸੌਖ ਨਾਲ ਹੀ ਲਾਹੌਰ ਦਾ ਗਵਰਨਰ ਨਿਯੁਕਤ ਹੋ ਗਿਆ। ਉਸ ਦਾ ਛੋਟਾ ਭਰਾ, ਸ਼ਾਹ ਨਵਾਜ਼, ਮੁਲਤਾਨ ਦਾ ਗਵਰਨਰ ਥਾਪਿਆ ਗਿਆ। ਪਰ ਜਿਥੋਂ ਤਕ ਸਿੱਖਾਂ ਦਾ ਸੰਬੰਧ ਸੀ, ਸਰਕਾਰੀ ਸਲੂਕ ਜਾਂ ਵਤੀਰੇ ਵਿਚ ਕੋਈ ਤਬਦੀਲੀ ਨਾ ਆਈ। ਤਾਂ ਵੀ ਹੁਣ ਉਹ ਭਾਰੀ ਗਿਣਤੀ ਵਿਚ ਸਨ ਅਤੇ ਉਨ੍ਹਾਂ ਨੇ ਆਪਣੇ ਬਲ ਦੇ ਪੁਨਰ-ਗਠਨ ਦਾ ਨਿਰਣਾ ਲਿਆ।

ਸੰਨ 1745 ਤਕ ਇਕ ਦਰਜਨ ਜਾਂ ਇਸ ਤੋਂ ਵੱਧ ਘੋੜਸਵਾਰ (ਧਾੜਵੀ) ਸੁਤੰਤਰ ਰੂਪ ਵਿਚ ਇਕ ਜਥੇਦਾਰ ਦੇ ਅਧੀਨ ਸਨ। ਇਸ ਸਾਲ ਦੀਵਾਲੀ (ਅਕਤੂਬਰ 14) ਦੇ ਅਵਸਰ 'ਤੇ ਸਰਬੱਤ ਖਾਲਸਾ ਨੇ ਫ਼ੈਸਲਾ ਕੀਤਾ ਕਿ ਛੋਟੇ ਜਥਿਆਂ ਨੂੰ ਮਿਲਾ ਕੇ ਰਿਸਾਲੇ ਦੀਆਂ ਪੰਝੀ ਟੁਕੜੀਆਂ ਬਣਾਈਆਂ ਜਾਣ ਅਤੇ ਨਵਾਬ ਕਪੂਰ ਸਿੰਘ ਨੂੰ ਫ਼ੌਜ ਕਮਾਂਡਰ ਬਣਾ ਦਿੱਤਾ ਗਿਆ। ਕੁਝ ਇਕਾਈਆਂ (ਰਜਮੈਂਟਾਂ) ਦੇ ਜਥੇਦਾਰਾਂ ਨੇ, ਜਿਵੇਂ ਕਿ ਹਰੀ ਸਿੰਘ ਭੰਗੀ, ਸ਼ੁਕਰਚੱਕ ਦੇ ਨੌਧ ਸਿੰਘ, ਜੱਸਾ ਸਿੰਘ ਆਹਲੂਵਾਲੀਆ ਨੇ ਅਤੇ ਜੈ ਸਿੰਘ ਕਨ੍ਹੱਈਆ ਨੇ ਮੁਗ਼ਲਾਂ ਅਤੇ ਵਿਦੇਸ਼ੀ ਹਾਕਮਾਂ ਤੋਂ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਨਿਰਣਾਇਕ ਯੋਗਦਾਨ ਪਾਇਆ।

ਜਦੋਂ ਪੁਨਰਗਠਨ ਅਸਰਦਾਇਕ ਹੋ ਗਿਆ ਤਾਂ ਸਿੱਖ ਆਗੂਆਂ ਨੇ ਕਿਸਾਨਾਂ ਨੂੰ ਉਕਸਾਇਆ ਕਿ ਉਹ ਸਰਕਾਰ ਨੂੰ ਮਾਲੀਆ ਨਾ ਦੇਣ। ਸਿੱਖ ਜਥੇ ਅਤੇ ਸਰਕਾਰੀ ਸਿਪਾਹੀਆਂ ਵਿਚਕਾਰ ਹੋਈ ਝੜਪ ਵਿਚ ਲਖਪਤ ਰਾਏ ਦੇ ਭਰਾ ਦੀ ਮੌਤ ਹੋ ਗਈ। ਵਜ਼ੀਰ ਨੇ ਆਪਣੇ ਭਰਾ ਦਾ ਪੂਰਾ ਬਦਲਾ ਲਿਆ। ਲਾਹੌਰ ਵਿਚ ਰਹਿੰਦੇ ਸਿੱਖਾਂ ਨੂੰ ਘੇਰ ਕੇ ਸ਼ਹੀਦ ਗੰਜ ਵਿਖੇ ਕਤਲ ਕੀਤਾ ਗਿਆ, ਗੁਰੂ ਗ੍ਰੰਥ ਸਾਹਿਬ ਦੀਆਂ ਜੋ ਬੀੜਾਂ ਮਿਲੀਆਂ ਉਹ ਅਗਨੀ ਭੇਂਟ ਕਰ ਦਿੱਤੀਆਂ। ਅੰਮ੍ਰਿਤਸਰ ਦੇ ਸਰੋਵਰ ਨੂੰ ਅਪਵਿੱਤਰ ਕੀਤਾ ਗਿਆ, ਲਾਹੌਰ ਦੇ ਉੱਤਰ ਵੱਲ ਰਾਵੀ ਦੇ ਕੰਢੇ ਸਿੱਖਾਂ ਦੇ ਇਕ ਟਿਕਾਣੇ ਵੱਲ ਲਖਪਤ ਰਾਏ ਅਤੇ ਯਾਹੀਆ ਖ਼ਾਂ ਵਧੇ।

ਸਿੱਖ ਹੋਰ ਉੱਤਰ ਵੱਲ ਚੱਲੇ ਤਾਂ ਉਨ੍ਹਾਂ ਦਾ ਰਾਹ ਪਹਾੜੀ ਫ਼ੌਜਾਂ ਨੇ ਰੋਕਿਆ ਹੋਇਆ ਸੀ। ਕੁਝ ਲੜਦੇ-ਲੜਦੇ ਰਾਹ ਤਿਆਰ ਕਰਕੇ ਪਹਾੜੀਆਂ 'ਤੇ ਚੜ੍ਹ ਗਏ। ਕੁਝ ਨੇ ਪਿੱਛੇ ਮੁੜ ਕੇ ਬਾਰੀ ਦੋਆਬ ਨੂੰ ਲੰਘ ਕੇ ਉਨ੍ਹਾਂ ਸਿੱਖ ਦਸਤਿਆਂ ਨਲ ਮਿਲਣ ਦੀ ਕੋਸ਼ਿਸ਼ ਕੀਤੀ ਜਿਹੜੇ ਉਨ੍ਹਾਂ ਦੀ ਸਹਾਇਤਾ ਲਈ ਆ ਰਹੇ ਸਨ। ਗਵਰਨਰ ਦੀਆਂ ਫ਼ੌਜਾਂ ਨੇ ਸਿੱਖਾਂ ਨੂੰ ਭਾਰੀ ਸਜ਼ਾ ਦਿੱਤੀ; ਸੱਤ ਹਜ਼ਾਰ ਦੇ ਲਗਭਗ ਸ਼ਹੀਦ ਕਰ ਦਿੱਤੇ ਗਏ ਅਤੇ ਤਿੰਨ ਹਜ਼ਾਰ ਦੇ ਨੇੜੇ ਬੰਦੀ ਬਣਾ ਕੇ ਲਾਹੌਰ ਲਿਆ ਕੇ ਸ਼ਹੀਦ ਗੰਜ ਵਿਖੇ ਕਤਲ ਕਰ ਦਿੱਤੇ ਗਏ। ਸਿੱਖ ਇਤਿਹਾਸ ਵਿਚ ਜੂਨ 1746 ਦੀ ਤਬਾਹੀ ਨੂੰ 'ਘੱਲੂਘਾਰਾ' ਕਿਹਾ ਜਾਂਦਾ ਹੈ।

ਘੱਲੂਘਾਰਾ ਉਪਰੰਤ ਸਿੱਖਾਂ ਨੂੰ ਪੰਜ ਮਹੀਨੇ ਸੁਖ ਦਾ ਸਾਹ ਆਇਆ। ਯਾਹੀਆ ਖ਼ਾਨ ਵਿਰੁੱਧ ਸ਼ਾਹਨਵਾਜ਼ ਨੇ ਵਿਦਰੋਹ ਕਰ ਦਿੱਤਾ। ਸੰਨ 1746-47 ਦੇ ਸਰਦੀਆਂ ਦੇ ਮਹੀਨਿਆਂ ਵਿਚ ਖ਼ਾਨਾਜੰਗੀ ਹੁੰਦੀ ਰਹੀ। ਮਾਰਚ 1747 ਵਿਚ ਸ਼ਾਹਨਵਾਜ਼ ਆਪਣੇ ਬਲ ਨਾਲ ਲਾਹੌਰ ਪਹੁੰਚਿਆ ਅਤੇ ਆਪਣੇ ਭਰਾ ਨੂੰ ਕੈਦ ਕਰਕੇ ਆਪਣੇ ਆਪ ਨੂੰ ਪੰਜਾਬ ਦੇ ਗਵਰਨਰ ਹੋਣ ਦਾ ਐਲਾਨ ਕਰ ਦਿੱਤਾ। ਸਿੱਖਾਂ ਦਾ ਦਿਲ ਜਿੱਤਣ ਲਈ ਉਸ ਲਖਪਤ ਰਾਏ ਨੂੰ ਕੈਦ ਕਰ ਲਿਆ ਅਤੇ ਸਹਿਜਧਾਰੀ ਕੌੜਾ ਮੱਲ ਨੂੰ ਵਜ਼ੀਰ ਥਾਪ ਦਿੱਤਾ। ਇਸ ਸਮੇਂ ਜਿਹੜਾ ਹੋਰ ਵਿਅਕਤੀ ਅੱਗੇ ਆਇਆ, ਉਹ ਸੀ ਅਦੀਨਾ ਬੇਗ ਖ਼ਾਨ ਜਿਸ ਨੂੰ ਜ਼ਕਰੀਆ ਖ਼ਾਨ ਨੇ ਪਹਿਲਾਂ (ਸੰਨ 1739) ਜਲੰਧਰ-ਦੁਆਬ ਦਾ ਗਵਰਨਰ ਨਿਯੁਕਤ ਕੀਤਾ ਸੀ।

ਸ਼ਾਹਨਵਾਜ਼ ਲੰਮੇ ਸਮੇਂ ਲਾਹੌਰ ਦਾ ਗਵਰਨਰ ਨਾ ਰਿਹਾ। ਯਾਹੀਆ ਖ਼ਾਂ ਜੇਲ੍ਹ ਵਿਚੋਂ ਬਚ ਨਿਕਲਿਆ ਅਤੇ ਉਸ ਨੇ ਆਪਣੇ ਸਹੁਰੇ, ਵਜ਼ੀਰ ਕਮਰ-ਉਦ-ਦੀਨ ਪਾਸ ਬੇਨਤੀ ਕੀਤੀ ਕਿ ਪੰਜਾਬ ਵਿਚ ਮੁੜ ਸੱਤਾ ਗ੍ਰਹਿਣ ਕਰਨ ਲਈ ਉਸ ਦੀ ਸਹਾਇਤਾ ਕੀਤੀ ਜਾਵੇ। ਅਦੀਨਾ ਬੇਗ ਦੇ ਮਸ਼ਵਰੇ ਨਾਲ, ਸ਼ਾਹਨਵਾਜ਼ ਨੇ ਨਾਦਰਸ਼ਾਹ ਤੋਂ ਉਪਰੰਤ ਅਫ਼ਗਾਨਿਸਤਾਨ ਦੇ ਬਣੇ ਹਾਕਮ, ਅਹਿਮਦ ਸ਼ਾਹ ਅਬਦਾਲੀ ਨੂੰ ਸੱਦਾ ਦਿੱਤਾ ਕਿ ਉਹ ਦੇਸ਼ ਉਪਰ ਹਮਲਾ ਕਰੇ।

ਜਦੋਂ ਕਿ ਜ਼ਕਰੀਆ ਖ਼ਾਨ ਦੇ ਬੇਟੇ ਆਪੋ ਵਿਚ ਲੜ ਰਹੇ ਸਨ, ਤਾਂ ਸਿੱਖਾਂ ਨੇ ਚੁੱਪਚਾਪ ਆਪਣੀ ਸ਼ਕਤੀ ਬਹਾਲ ਕੀਤੀ। ਮਾਰਚ 30, 1747 ਦੀ ਵੈਸਾਖੀ ਦੇ ਅਵਸਰ 'ਤੇ ਸਰਬੱਤ ਖ਼ਾਲਸਾ ਦੇ ਦੀਵਾਨ ਦੇ ਉਪਰੰਤ ਅੰਮ੍ਰਿਤਸਰ ਦੇ ਬਾਹਰ ਰਾਮ ਰੌਣੀ ਦੇ ਨਾਮ ਦਾ ਕੱਚਾ ਕਿਲ੍ਹਾ, ਇਸ ਸ਼ਹਿਰ ਦੇ ਬਾਨੀ, ਗੁਰੂ ਰਾਮ ਦਾਸ ਦੀ ਯਾਦ ਵਿਚ ਉਸਾਰਿਆ।

ਅਹਿਮਦ ਸ਼ਾਹ ਅਬਦਾਲੀ ਅਤੇ ਸਿੱਖ

ਪਹਿਲਾ ਅਫ਼ਗਾਨ ਹਮਲਾ (ਸੰਨ 1747-1748)
ਮਿਸਲਾਂ ਦਾ ਗਠਨ

ਅਫ਼ਗਾਨਿਸਤਾਨ ਦੇ ਨਵੇਂ ਹਾਕਮ, ਅਹਿਮਦ ਸ਼ਾਹ ਅਬਦਾਲੀ ਨੇ ਫ਼ਾਰਸ ਦੇ ਨਾਦਰਸ਼ਾਹ, ਜਿਹੜਾ ਜੂਨ 1747 ਵਿਚ ਕਤਲ ਕਰ ਦਿੱਤਾ ਗਿਆ ਸੀ, ਦੇ ਉਸ ਦੇ ਜਾਨਸ਼ੀਨ ਦੇ ਤੌਰ 'ਤੇ ਭਾਰਤ ਨੂੰ ਫ਼ਤਹਿ ਕਰਨਾ ਆਪਣਾ ਹੱਕ ਸਮਝਿਆ। ਸ਼ਾਹਨਵਾਜ਼ ਦੇ ਸੱਦੇ ਨੇ ਉਸ ਨੂੰ ਮਦਦ ਦੀ ਆਸ ਬੰਨ੍ਹਾਈ। ਦਸੰਬਰ 1747 ਦੇ ਅੱਧ ਵਿਚ ਉਹ ਥੋੜ੍ਹੀ (18,000 ਜਵਾਨ) ਪਰ ਬਹੁਤ ਸ਼ਕਤੀਸ਼ਾਲੀ ਅਫ਼ਗਾਨਾਂ ਅਤੇ ਪਠਾਣਾਂ ਦੇ ਕਬੀਲਿਆਂ ਦੀ ਫ਼ੌਜ ਲੈ ਕੇ ਉਹ ਮੁਖੀ ਦੇ ਤੌਰ 'ਤੇ ਪਿਸ਼ੌਰ ਤੋਂ ਚੱਲਿਆ। 20 ਦਿਨਾਂ ਵਿਚ ਉਹ ਲਾਹੌਰ ਪਹੁੰਚ ਗਿਆ। ਸ਼ਾਹਨਵਾਜ਼ ਨੂੰ ਨਿੰਦਿਆ ਗਿਆ ਕਿ ਉਸ ਅੰਦਰ ਦੇਸ਼-ਪਿਆਰ ਦੀ ਘਾਟ ਹੈ ਜਿਸ ਕਰਕੇ ਉਸ ਨੇ ਆਪਣਾ ਇਰਾਦਾ ਬਦਲ ਲਿਆ। ਉਸ ਵੱਲੋਂ ਆਖ਼ਰ ਦੇ ਸਮੇਂ ਰੋਕ ਪਾਉਣ ਦੀ ਕੋਸ਼ਿਸ਼ ਵੱਲ ਅਫ਼ਗਾਨਾਂ ਨੇ ਧਿਆਨ ਨਾ ਦਿੱਤਾ ਅਤੇ ਉਹ ਜਨਵਰੀ 12, 1748 ਨੂੰ ਲਾਹੌਰ ਦੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਆਲੇ-ਦੁਆਲੇ ਦੀਆਂ ਬਸਤੀਆਂ ਵਿਚ ਬਹੁਤ ਲੁੱਟ-ਮਾਰ ਕੀਤੀ ਅਤੇ ਬਾਕੀ ਸ਼ਹਿਰ ਉਪਰ ਕੋਈ ਕਾਰਵਾਈ ਨਾ ਕਰਨ ਦੇ ਬਦਲੇ ਭਾਰੀ ਖ਼ਿਰਾਜ ਪ੍ਰਾਪਤ ਕੀਤਾ। ਲਾਹੌਰ ਵਿਖੇ ਇਕ ਮਹੀਨਾ ਠਹਿਰ ਕੇ ਅਬਦਾਲੀ ਨੇ ਦਿੱਲੀ ਵੱਲ ਚਾਲੇ ਪਾਏ।

ਹਮਲਾ ਕਰਨ ਵਾਲਿਆਂ ਨਾਲ ਟੱਕਰ ਲੈਣ ਲਈ ਵਜ਼ੀਰ ਕਮਰ-ਉਦ-ਦੀਨ 60,000 ਜਵਾਨਾਂ ਦੀ ਫ਼ੌਜ ਲੈ ਕੇ ਅੱਗੇ ਆਇਆ। ਮਾਰਚ 11, 1748 ਨੂੰ ਸਰਹਿੰਦ ਦੇ ਨੇੜੇ ਮਾਨੂਪੁਰ ਵਿਖੇ ਦੋਹਾਂ ਫ਼ੌਜਾਂ ਵਿਚ ਲੜਾਈ ਹੋਈ। ਭਾਵੇਂ ਵਜ਼ੀਰ ਕਮਰ-ਉਦ-ਦੀਨ ਮਾਰਿਆ ਗਿਆ ਪਰ ਉਸ ਦੇ ਪੁੱਤਰ ਮੰਨੂ ਨੇ ਮੁਗ਼ਲ ਫ਼ੌਜ ਦੀ ਕਮਾਨ ਸੰਭਾਲੀ ਅਤੇ ਅਫ਼ਗਾਨਾਂ ਨੂੰ ਪਿੱਛੇ ਹਟਣ 'ਤੇ ਮਜਬੂਰ ਕਰ ਦਿੱਤਾ।

ਸਿੱਖਾਂ ਵਾਸਤੇ ਇਹ ਸੁਨਹਿਰੀ ਅਵਸਰ ਸੀ। 25 ਟੁਕੜੀਆਂ ਨੇ ਆਪਣੇ ਆਪ ਨੂੰ ਲੁੱਟ-ਮਾਰ ਕਰਨ ਵਾਲੇ 60 ਤੋਂ ਵੱਧ ਟੋਲਿਆਂ ਵਿਚ ਵੰਡ ਲਿਆ ਅਤੇ ਪਿੱਛੇ ਹਟ ਰਹੇ ਅਫ਼ਗਾਨਾਂ ਦਾ ਪਿੱਛਾ ਸਿੰਧ ਦਰਿਆ ਤਕ ਕੀਤਾ। ਉਨ੍ਹਾਂ ਦਾ ਭੰਡਾਰ ਅਤੇ ਘੋੜੇ ਲੁੱਟ ਲਏ। ਉਸ ਵੇਲੇ ਜੱਸਾ ਸਿੰਘ ਆਹਲੂਵਾਲੀਆ ਉਸ ਖੱਪੇ ਨੂੰ ਭਰਨ ਲਈ ਅੱਗੇ ਆਇਆ ਜਿਹੜਾ ਕੇਂਦਰੀ ਪੰਜਾਬ ਵਿਚ ਮੁਗ਼ਲ ਅਤੇ ਅਫ਼ਗਾਨਾਂ ਦੀ ਟੱਕਰ ਨਾਲ ਪੈਦਾ ਹੋਇਆ ਸੀ। ਉਸ ਹੁਸ਼ਿਆਰਪੁਰ ਵਿਖੇ ਅਦੀਨਾ ਬੇਗ ਖ਼ਾਨ ਨੂੰ ਜਿੱਤ ਕੇ ਅੰਮ੍ਰਿਤਸਰ ਦਾ ਰੁਖ ਕੀਤਾ ਅਤੇ ਵੈਸਾਖੀ ਦਾ ਮੇਲਾ ਮਨਾਉਣ ਲਈ ਵੇਲੇ ਸਿਰ ਪਹੁੰਚ ਗਿਆ।

ਸਰਬੱਤ ਖ਼ਾਲਸਾ ਦੇ ਦੀਵਾਨ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਦੋਹਾਂ ਸੁਤੰਤਰ ਜਥਿਆਂ ਨੂੰ ਮਿਲਾ ਕੇ ਇਕ ਫ਼ੌਜ ਦਾ ਗਠਨ ਕਰ ਲਿਆ ਜਾਵੇ। ਦਲ ਖ਼ਾਲਸਾ, ਜੱਸਾ ਸਿੰਘ

ਨੇ ਹੌਲੀ-ਹੌਲੀ ਬੁੱਢੇ ਹੋ ਚੁੱਕੇ ਕਪੂਰ ਸਿੰਘ ਪਾਸੋਂ ਲੀਡਰੀ ਸੰਭਾਲ ਲਈ ਸੀ ਅਤੇ ਉਹ ਆਪਣੇ ਆਪ ਨੂੰ ਸਿੱਖਾਂ ਦਾ ਪਾਦਸ਼ਾਹ ਅਖਵਾਉਣ ਲੱਗ ਪਿਆ ਸੀ। ਦਲ ਨੂੰ ਗਿਆਰਾਂ ਮਿਸਲਾਂ ਵਿਚ ਵੰਡਿਆ ਗਿਆ :

1. ਆਹਲੂਵਾਲੀਆ, ਜੱਸਾ ਸਿੰਘ ਆਹਲੂਵਾਲੀਆ ਅਧੀਨ, ਜਿਹੜਾ ਸਾਰੀਆਂ ਮਿਸਲਾਂ ਦਾ ਸੁਪਰੀਮ ਕਮਾਂਡਰ ਵੀ ਸੀ।
2. ਫ਼ੈਜ਼ਲਪੁਰੀਆ ਜਾਂ ਸਿੰਘਪੁਰੀਆ, ਨਵਾਬ ਕਪੂਰ ਸਿੰਘ ਦੇ ਅਧੀਨ।
3. ਸੁਕਰਚੱਕੀਆ, ਗੁਜਰਾਂਵਾਲਾ ਦੇ ਨੇੜੇ ਸੁਕਰਚੱਕੀਆ ਪਿੰਡ ਦੇ ਨੌਧ ਸਿੰਘ ਦੇ ਅਧੀਨ। (ਨੌਧ ਸਿੰਘ ਚੜ੍ਹਤ ਸਿੰਘ ਸੁਕਰਚੱਕੀਆ ਦਾ ਪਿਤਾ ਸੀ, ਜਿਸ ਦਾ ਪੋਤਰਾ ਰਣਜੀਤ ਸਿੰਘ ਪੰਜਾਬ ਦਾ ਪਹਿਲਾ ਮਹਾਰਾਜਾ ਬਣਿਆ)।
4. ਨਿਸ਼ਾਨਵਾਲੀਆ, ਦਸੌਂਧਾ ਸਿੰਘ ਦੇ ਅਧੀਨ, ਦਲ ਖ਼ਾਲਸਾ ਦਾ ਨਿਸ਼ਾਨ ਵਾਲਾ।
5. ਭੰਗੀ, ਪੰਜਵੜ ਪਿੰਡ ਦੇ ਹਰੀ ਸਿੰਘ ਦੇ ਅਧੀਨ। ਭੂਮਾ ਸਿੰਘ ਦੇ ਭੰਗ ਦਾ ਅਮਲੀ ਹੋਣ ਕਰਕੇ ਭੰਗੀ ਨਾਮ ਆਇਆ। ਹਰੀ ਸਿੰਘ ਤੋਂ ਪਹਿਲਾਂ ਉਹ ਮਿਸਲ ਦਾ ਜਥੇਦਾਰ ਸੀ।
6. ਕਨ੍ਹੱਈਆ, ਕਾਹਨ ਸਿੰਘ ਦੇ ਜੈ ਸਿੰਘ ਦੇ ਅਧੀਨ।
7. ਨਕੱਈ, ਲਾਹੌਰ ਦੇ ਨੇੜੇ ਇਕ ਇਲਾਕੇ ਨੂੰ ਨੱਕਾ ਕਿਹਾ ਜਾਂਦਾ ਸੀ, ਉਸ ਦੇ ਵਿਚ ਬਹਿੜਵਾਲ ਪਿੰਡ ਦੇ ਹੀਰਾ ਸਿੰਘ ਅਧੀਨ।
8. ਡੱਲੇਵਾਲੀਆ, ਡੱਲੇਵਾਲ ਪਿੰਡ ਦੇ ਗੁਲਾਬ ਸਿੰਘ ਅਧੀਨ।
9. ਸ਼ਹੀਦ, ਦੀਪ ਸਿੰਘ ਦੇ ਅਧੀਨ। ਸ਼ਹੀਦ ਨਾਮ ਜਥੇਦਾਰ ਦੇ ਅਕਾਲ ਚਲਾਣੇ ਉਪਰੰਤ ਹੋਇਆ।
10. ਕਰੋੜਸਿੰਘੀਆ, ਪੈਜਗੜ੍ਹ ਦੇ ਕਰੋੜ ਸਿੰਘ ਦੇ ਅਧੀਨ।
11. ਰਾਮਗੜ੍ਹੀਆ, ਨੰਦ ਸਿੰਘ ਦੇ ਅਧੀਨ।

ਫੂਲਕੀਆ, ਪਟਿਆਲਾ ਦੇ ਆਲਾ ਸਿੰਘ ਦੇ ਅਧੀਨ ਬਾਰ੍ਹਵੀਂ ਮਿਸਲ ਸੀ, ਪਰ ਇਹ ਦਲ ਖ਼ਾਲਸਾ ਦਾ ਭਾਗ ਨਹੀਂ ਸੀ। ਅਤੇ ਕਦੇ-ਕਦੇ ਕੌਮ ਦੇ ਹਿੱਤਾਂ ਦੇ ਵਿਰੁੱਧ ਕਾਰਜ ਕਰ ਜਾਂਦੀ।

ਹਰ ਸਿੱਖ ਸੁਤੰਤਰ ਸੀ ਕਿ ਉਹ ਜਿਸ ਵੀ ਮਿਸਲ ਵਿਚ ਚਾਹੇ ਭਰਤੀ ਹੋ ਸਕਦਾ ਸੀ ਅਤੇ ਹਰ ਮਿਸਲ ਨੂੰ ਸੁਤੰਤਰਤਾ ਸੀ ਕਿ ਆਪਣੇ ਅਧੀਨ ਇਲਾਕੇ ਵਿਚ ਜਿਵੇਂ ਚਾਹੇ ਉਸੇ ਪ੍ਰਕਾਰ ਅਮਲ ਕਰੇ। ਜਿਹੜੇ ਮੁੱਦੇ ਸਮੁੱਚੀ ਕੌਮ ਨਾਲ ਸੰਬੰਧਤ ਹੋਣ ਉਨ੍ਹਾਂ ਵਾਸਤੇ ਮੁੱਖ ਆਗੂ ਜੱਸਾ ਸਿੰਘ ਆਹਲੂਵਾਲੀਆ ਪਾਸੋਂ ਆਦੇਸ਼ ਪ੍ਰਾਪਤ ਕਰੇ। ਮਿਸਲਾਂ ਦੇ ਬਲ ਵਿਚ ਤਬਦੀਲੀ ਹੁੰਦੀ ਰਹਿੰਦੀ। ਅਨੁਮਾਨ ਕੀਤਾ ਜਾਂਦਾ ਕਿ ਦਲ ਖ਼ਾਲਸਾ ਦਾ ਕੁਲ ਬਲ ਜੋ ਰਣ-ਭੂਮੀ ਵਿਚ ਇਕ ਵੇਲੇ ਭੇਜਿਆ ਜਾ ਸਕਦਾ ਸੀ ਉਹ ਸੱਤਰ ਹਜ਼ਾਰ ਘੋੜਸਵਾਰਾਂ ਅਤੇ ਪੈਦਲ ਫ਼ੌਜ ਦਾ ਸੀ।

ਮਿਸਲ ਪ੍ਰਣਾਲੀ ਵੇਲੇ ਦੇ ਅਨੁਕੂਲ ਸੀ ਅਤੇ ਇਸ ਨੇ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਅਧੀਨ ਬਹੁਤ ਅੱਛਾ ਕਾਰਜ ਨਿਭਾਇਆ। ਇਸ ਸਦਕਾ ਅਮਲ ਦੀ ਸੁਤੰਤਰਤਾ ਅਤੇ ਇਕਹਿਰੀ ਕਮਾਨ ਦੇ ਬੰਧੇਜ ਵਿਚ ਜੋੜ ਬਣਿਆ। ਇਸ ਨਾਲ ਅਤਿ ਸੁਤੰਤਰ ਖ਼ਾਲਸਾ ਸੈਨਾ ਦੀ ਸੱਤਾ ਨੂੰ ਇਕ ਦਿਸ਼ਾ-ਗਤੀ ਮਿਲੀ ਤਾਂ ਜੋ ਉਹ ਉਸ ਉਦੇਸ਼ (ਕਾਜ਼) ਵਿਚ ਪੂਰੀ-ਪੂਰੀ ਸੇਵਾ ਜੁਟਾਵੇ ਜੋ ਉਸ ਲਈ ਪਿਆਰਾ ਸੀ—ਪੰਜਾਬ ਵਿਚੋਂ ਵਿਦੇਸ਼ੀਆਂ ਨੂੰ ਬਾਹਰ ਕੱਢਣਾ ਅਤੇ ਸਿੱਖ ਰਾਜ ਦੀ ਸਥਾਪਤੀ ਲਈ ਗੁਰੂ ਗੋਬਿੰਦ ਦੀ ਭਵਿੱਖ-ਬਾਣੀ ਨੂੰ

ਸੰਪੂਰਨ ਕਰਨਾ।

ਜਿਸ ਵੇਲੇ ਤਕ ਅਬਦਾਲੀ ਦੇ ਸਿਪਾਹੀਆਂ ਨੂੰ ਪੰਜਾਬ ਵਿਚੋਂ ਕੱਢਿਆ ਗਿਆ, ਤਿੰਨ ਦੁਆਬਿਆਂ ਵਿਚ ਮਿਸਲਾਂ ਫੈਲ ਚੁੱਕੀਆਂ ਸਨ : ਚਨਾਬ ਅਤੇ ਰਾਵੀ ਵਿਚਕਾਰ, ਰਾਵੀ ਅਤੇ ਬਿਆਸ ਵਿਚਕਾਰ, ਅਤੇ ਬਿਆਸ ਅਤੇ ਸਤਲੁਜ ਵਿਚਕਾਰ, ਅੰਮ੍ਰਿਤਸਰ ਵਿਚ ਉਨ੍ਹਾਂ ਦੇ ਪੈਰ ਪੱਕੇ ਜੰਮੇ ਹੋਏ ਸਨ ਅਤੇ ਰਾਮ ਰੌਣੀ ਦਾ ਕੱਚਾ ਕਿਲ੍ਹਾ ਸ਼ਹਿਰ ਦੀ ਰੱਖਿਆ ਕਰਦਾ ਸੀ।

ਅਪਰੈਲ 1748 ਵਿਚ ਮੀਰ ਮੰਨੂ ਦੀ ਪੁਸ਼ਟੀ ਪੰਜਾਬ ਦੇ ਗਵਰਨਰ ਵਜੋਂ ਹੋ ਗਈ। ਪਰ ਉਹ ਪੰਜਾਬ 'ਤੇ ਅਸਰਦਾਇਕ ਕੰਟਰੋਲ ਨਾ ਕਰ ਸਕਿਆ। ਅਜੇ ਵੀ ਮੁਲਤਾਨ ਅਫ਼ਗਾਨਾਂ ਦੇ ਅਧੀਨ ਸੀ; ਜੰਮੂ ਦੇ ਰਾਜੇ ਨੇ ਮੁਗ਼ਲਾਂ ਦਾ ਜੂਲਾ ਲਾਹ ਸੁੱਟਿਆ ਸੀ ਅਤੇ ਸੁਤੰਤਰ ਡੋਗਰਾ ਰਿਆਸਤ ਦਾ ਐਲਾਨ ਕਰ ਦਿੱਤਾ ਸੀ।

ਮੰਨੂ ਏਨਾ ਬਲਵਾਨ ਨਹੀਂ ਸੀ ਕਿ ਇਕੋ ਵੇਲੇ ਤਿੰਨਾਂ ਨਾਲ ਲੜ ਸਕਦਾ। ਉਸ ਲਈ ਸਭ ਤੋਂ ਵੱਡੀ ਥੁੜ ਇਹ ਸੀ ਕਿ ਉਸ ਨੂੰ ਦਿੱਲੀ ਦਰਬਾਰ ਵੱਲੋਂ ਕੋਈ ਆਸਰਾ ਨਹੀਂ ਸੀ। ਉਥੋਂ ਦਾ ਨਵਾਂ ਵਜ਼ੀਰ, ਸਫ਼ਦਰ ਜੰਗ ਪੂਰਾ ਜ਼ੋਰ ਲਾ ਰਿਹਾ ਸੀ ਕਿ ਤੁਰਾਨੀਆਂ ਦੀ ਵਧਦੀ ਤਾਕਤ ਨੂੰ ਠੇਸ ਪਹੁੰਚਾਵੇ ਜਿਨ੍ਹਾਂ ਦਾ ਨੇਤਾ ਮੀਰ ਮੰਨੂ ਸੀ।

ਮੀਰ ਮੰਨੂ ਨੇ ਅਦੀਨਾ ਬੇਗ ਖ਼ਾਨ ਨੂੰ ਹਦਾਇਤ ਕੀਤੀ ਕਿ ਸਿੱਖ ਆਗੂਆਂ ਨੂੰ ਕੁਚਲੇ। ਉਸ ਵੇਲੇ ਕੌੜਾ ਮੱਲ ਨੇ ਤੁਰਾਨੀਆਂ ਦੀ ਫ਼ੌਜ ਅਤੇ ਸਿੱਖਾਂ ਦੇ ਪੈਸੇ ਨਾਲ ਲੜਨ ਵਾਲੀਆਂ ਫ਼ੌਜਾਂ ਸਦਕਾ ਅਫ਼ਗਾਨਾਂ ਨੂੰ ਮੁਲਤਾਨ ਵਿਚੋਂ ਕੱਢਿਆ।

ਅਦੀਨਾ ਬੇਗ ਖ਼ਾਨ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਜਿੱਤ ਕੇ ਅੰਮ੍ਰਿਤਸਰ ਦਾ ਰੁਖ਼ ਕੀਤਾ ਜਿਥੇ ਸਿੱਖ ਦੀਵਾਲੀ ਮਨਾਉਣ ਲਈ ਇਕੱਠੇ ਹੋ ਚੁੱਕੇ ਸਨ। ਮੀਰ ਮੰਨੂ ਅਤੇ ਕੌੜਾ ਮੱਲ ਲਾਹੌਰ ਤੋਂ ਆਏ ਅਤੇ ਅਦੀਨਾ ਬੇਗ ਨਾਲ ਮਿਲ ਕੇ ਰਾਮ ਰੌਣੀ ਦੇ ਦੁਆਲੇ ਘੇਰਾ ਪਾ ਲਿਆ।

ਦੋ ਮਹੀਨਿਆਂ ਦੀ ਉਘੜ-ਦੁੱਗੜ ਲੜਾਈ ਉਪਰੰਤ ਮੀਰ ਮੰਨੂ ਨੇ ਪੇਸ਼ਕਸ਼ ਕੀਤੀ ਕਿ ਜੇਕਰ ਸਿੱਖ ਅਮਨ-ਸ਼ਾਂਤੀ ਨਾਲ ਰਹਿਣਾ ਪਰਵਾਨ ਕਰ ਲੈਣ ਤਾਂ ਉਹ ਘੇਰਾ ਹਟਾ ਲਏਗਾ ਅਤੇ ਜਗੀਰ ਵੀ ਭੇਟ ਕਰੇਗਾ। ਜੱਸਾ ਸਿੰਘ ਆਹਲੂਵਾਲੀਆ ਨੇ ਇਹ ਪੇਸ਼ਕਸ਼ ਸਵੀਕਾਰ ਕਰ ਲਈ ਜੋ ਪੱਟੀ ਦੇ ਮਾਲੀਏ ਦਾ ਚੌਥਾ ਭਾਗ ਸੀ, ਸਿੱਖਾਂ ਨਾਲ ਉਸ ਦੇ ਅਜਿਹੇ ਵਤੀਰੇ ਦਾ ਅਸਲ ਮਨੋਰਥ ਇਹ ਸੀ ਕਿ ਉਸ ਨੂੰ ਖ਼ਬਰ ਮਿਲੀ ਸੀ ਕਿ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉਪਰ ਹਮਲਾ ਕਰਨ ਲਈ ਮੁੜ ਫ਼ੌਜ ਇਕੱਠੀ ਕਰ ਲਈ ਹੈ।

ਦੂਜਾ ਅਫ਼ਗਾਨ ਹਮਲਾ (ਸੰਨ 1748-1749)
ਸਿੱਖਾਂ ਦੀ ਕੌੜਾ ਮੱਲ ਨਾਲ ਸਾਂਝ

ਦਸੰਬਰ 1748 ਵਿਚ, ਅਬਦਾਲੀ ਪਿਸ਼ੌਰ ਤੋਂ ਲਾਹੌਰ ਵੱਲ ਵਧਿਆ। ਮੰਨੂ ਨੇ ਦਿੱਲੀ ਪਾਸੋਂ ਸਹਾਇਤਾ ਲਈ ਤਰਲੇ ਕੀਤੇ। ਪਰ ਵਜ਼ੀਰ ਸਫ਼ਦਰ ਜੰਗ ਤਾਂ ਵਿਦੇਸ਼ੀਆਂ ਨੂੰ ਠੱਲ੍ਹ ਪਾਉਣ ਦੀ ਥਾਂ ਮੰਨੂ ਨੂੰ ਰਾਹ 'ਚੋਂ ਕੱਢਣਾ ਚਾਹੁੰਦਾ ਸੀ, ਨਿਰਾਸ਼ ਅਤੇ ਲਾਚਾਰ ਮੰਨੂ ਨੇ, ਜੋ ਫ਼ੌਜ ਉਸ ਪਾਸ ਸੀ, ਉਸ ਨਾਲ ਹੀ ਅਫ਼ਗਾਨਾਂ ਦਾ ਮੁਕਾਬਲਾ ਕੀਤਾ। ਮੰਨੂ ਨੇ ਚਨਾਬ ਦੇ ਕੰਢੇ ਵਜ਼ੀਰਾਬਾਦ ਤੋਂ ਪੂਰਬ ਵੱਲ ਚਾਰ ਮੀਲ ਦੀ ਦੂਰੀ 'ਤੇ ਹਮਲਾ ਕਰ ਰਹੀ ਫ਼ੌਜ ਨੂੰ ਰੋਕਿਆ। ਅਬਦਾਲੀ ਉਸ ਆਦਮੀ ਨਾਲ ਟੱਕਰ ਲੈਣ ਤੋਂ ਝਿਜਕਿਆ, ਜਿਸ ਨੂੰ ਨੌਂ ਮਹੀਨੇ ਪਹਿਲਾਂ ਉਸ ਨੇ ਜਿੱਤਿਆ ਸੀ। ਫਿਰ ਉਸ ਨੂੰ ਸੋਝੀ ਆਈ ਕਿ ਜੇਕਰ ਸਰਦੀ ਦੇ ਦਿਨ ਲੰਘਾ

ਦਿੱਤੇ ਗਏ ਤਾਂ ਉਸ ਦੇ ਪਹਾੜੀ ਜਵਾਨ ਗਰਮੀ ਨਹੀਂ ਸਹਾਰ ਸਕਣਗੇ। ਮੰਨੂ ਨਾਲ ਨਿਪਟਣ ਲਈ, ਉਸ ਥੋੜ੍ਹੀ ਫ਼ੌਜ ਆਪਣੇ ਨਾਲ ਰੱਖ ਲਈ ਅਤੇ ਜਰਨੈਲ ਜਹਾਨ ਖ਼ਾਨ ਅਧੀਨ ਇਕ ਟੁਕੜੀ ਮੀਰ ਮੰਨੂ ਦੀਆਂ ਫ਼ੌਜਾਂ ਨੂੰ ਇਕ ਪਾਸੇ ਛੱਡ ਕੇ ਲਾਹੌਰ ਵੱਲ ਵਧੀ।

ਉਧਰ ਸਿੱਖਾਂ ਨੂੰ ਇਹ ਸੂਚਨਾ ਮਿਲ ਗਈ ਕਿ ਚਨਾਬ ਕੰਢੇ ਮੀਰ ਮੰਨੂ ਅਬਦਾਲੀ ਨਾਲ ਲੜ ਰਿਹਾ ਹੈ ਅਤੇ ਉਸ ਦਾ ਨਾਇਬ ਜਹਾਨ ਖ਼ਾਨ ਨੂੰ ਰੋਕਣ ਲਈ ਸ਼ਹਿਰ ਨੂੰ ਬਿਨਾਂ ਕਿਸੇ ਸੁਰੱਖਿਆ ਵਿਵਸਥਾ ਦੇ ਛੱਡ ਗਿਆ ਹੈ। ਉਹ ਲਾਹੌਰ 'ਤੇ ਟੁੱਟ ਪਏ ਅਤੇ ਕੁਝ ਘੰਟਿਆਂ ਲਈ ਰਾਜਧਾਨੀ ਨਵਾਬ ਕਪੂਰ ਸਿੰਘ ਦੇ ਰਹਿਮ 'ਤੇ ਸੀ। ਉਸ ਨੇ ਸ਼ਹਿਰ ਉਸ ਵੇਲੇ ਖ਼ਾਲੀ ਕੀਤਾ ਜਦੋਂ ਉਸ ਸੁਣਿਆ ਕਿ ਗਵਰਨਰ ਪਰਤ ਆਇਆ ਹੈ।

ਦੋਹਾਂ ਪਾਰਟੀਆਂ ਦੇ ਸਮਝੌਤਾ ਕਰਨ ਨਾਲ ਚਨਾਬ ਦਾ ਮਸਲਾ ਨਿਪਟ ਗਿਆ। ਲਾਹੌਰ ਵਿਚ ਜਹਾਨ ਖ਼ਾਨ ਅਸਫਲ ਰਹਿਣ ਪਿੱਛੋਂ ਇਹ ਚਾਹੁੰਦਾ ਸੀ ਕਿ ਉਹ ਦੇਸ਼ ਨੂੰ ਪਰਤ ਜਾਵੇ ਅਤੇ ਜੋ ਕੁਝ ਹੱਥ ਆਉਂਦਾ ਹੈ, ਉਹ ਲੁੱਟ ਕੇ ਲੈ ਜਾਵੇ। ਮੰਨੂ ਨੂੰ ਦਿੱਲੀ ਵੱਲੋਂ ਕੋਈ ਸਹਾਇਤਾ ਪ੍ਰਾਪਤ ਨਹੀਂ ਹੋਈ ਸੀ। ਉਸ ਫ਼ੈਸਲਾ ਕੀਤਾ ਕਿ ਉਹ ਦੋਸਤੀ ਦੀ ਕੜੀ ਤੋੜੇ ਅਤੇ ਅਬਦਾਲੀ ਨਾਲ ਗੰਢ ਪਾ ਕੇ ਉਸ ਅੱਗ ਨੂੰ ਠੰਢਾ ਕਰੇ ਜਿਹੜੀ ਅਜੇ ਭਾਂਬੜ ਨਹੀਂ ਬਣੀ ਸੀ। ਸਿੰਧ ਦੇ ਪੱਛੋਂ ਦਾ ਸਾਰਾ ਇਲਾਕਾ ਅਫ਼ਗਾਨਾਂ ਨੂੰ ਦਿੱਤਾ ਗਿਆ (ਜਿਵੇਂ ਫ਼ਾਰਸ ਦੇ ਨਾਦਿਰ ਸ਼ਾਹ ਨੂੰ ਸੌਂਪਿਆ ਗਿਆ ਸੀ) ਨਾਲ ਹੀ ਪੰਜਾਬ, ਸਿਆਲਕੋਟ, ਔਰੰਗਾਬਾਦ ਗੁਜਰਾਤ ਦੇ ਚਾਰ ਜ਼ਿਲ੍ਹਿਆਂ ਦਾ ਮਾਲੀਆ ਜੋ ਚੌਦਾਂ ਲੱਖ ਰੁਪਏ ਸਾਲ ਦਾ ਬਣਦਾ ਸੀ। ਸੰਖੇਪ ਵਿਚ ਮੀਰ ਮੰਨੂ ਅਫ਼ਗਾਨ ਦੇ ਬਾਦਸ਼ਾਹ ਅਤੇ ਮੁਗ਼ਲ ਸ਼ਹਿਨਸ਼ਾਹ ਦਾ ਜਗੀਰਦਾਰ ਬਣ ਗਿਆ।

ਮੀਰ ਮੰਨੂ ਲਾਹੌਰ ਵਾਪਸ ਆ ਗਿਆ ਅਤੇ ਉਸ ਦ੍ਰਿੜ੍ਹ ਕੀਤਾ ਕਿ ਉਹ ਸਿੱਖਾਂ ਨੂੰ ਸਬਕ ਸਿਖਾਏਗਾ ਕਿ ਉਸ ਦੀ ਗ਼ੈਰ-ਹਾਜ਼ਰੀ ਵਿਚ ਰਾਜਧਾਨੀ ਵਿਚ ਦਾਖ਼ਲ ਹੋਣ ਦੀ ਉਨ੍ਹਾਂ ਹਿੰਮਤ ਕਿਵੇਂ ਕੀਤੀ। ਉਨ੍ਹਾਂ ਦੀ ਜਗੀਰ ਜ਼ਬਤ ਕਰ ਲਈ ਗਈ। ਉਸ ਦੂਰ ਤਕ ਮਾਰ ਕਰਨ ਵਾਲੇ ਫ਼ੌਜੀ ਦਸਤੇ ਸਿੱਖਾਂ ਨੂੰ ਕਤਲ ਕਰਨ ਵਾਸਤੇ ਭੇਜੇ।

ਇਹ ਮੁਹਿੰਮ ਬਹੁਤ ਦੇਰ ਤਕ ਨਾ ਚੱਲ ਸਕੀ। ਵਜ਼ੀਰ ਸਫ਼ਦਰ ਜੰਗ ਮੀਰ ਮੰਨੂ ਲਈ ਨਿੱਤ ਨਵੀਆਂ ਕਠਿਨਾਈਆਂ ਪੈਦਾ ਕਰਦਾ। ਜੁਲਾਈ 1750 ਵਿਚ ਉਸ ਨਾਸਿਰ ਖ਼ਾਨ ਨੂੰ ਰਿਸ਼ਵਤ ਦਿੱਤੀ, ਜਿਹੜਾ ਮੀਰ ਮੰਨੂ ਦਾ ਭਰੋਸੇਯੋਗ ਨੌਕਰ ਸੀ ਅਤੇ ਅਬਦਾਲੀ ਨੂੰ ਦਿੱਤੇ ਹੋਏ ਚਾਰ ਜ਼ਿਲ੍ਹਿਆਂ ਦਾ ਪ੍ਰਬੰਧ ਦੇਖਦਾ ਸੀ। ਤਾਂ ਜੋ ਉਹ ਆਕਾ ਵਿਰੁੱਧ ਬਾਗ਼ੀ ਹੋ ਜਾਵੇ। ਵਜ਼ੀਰ ਨੇ ਵਚਨ ਦਿੱਤਾ ਕਿ ਉਸ ਨੂੰ ਮੀਰ ਮੰਨੂ ਦੀ ਥਾਂ ਲਾਹੌਰ ਦੀ ਸੂਬੇਦਾਰੀ ਬਖ਼ਸ਼ੀ ਜਾਵੇਗੀ। ਮੰਨੂ ਨੇ ਨਾਸ਼ੁਕਰੇ ਨਾਸਿਰ ਖ਼ਾਨ ਨੂੰ ਸਿਆਲਕੋਟ ਵਿਖੇ ਹਰਾਇਆ ਅਤੇ ਦਿੱਲੀ ਨੂੰ ਤੋਰ ਦਿੱਤਾ ਤਾਂ ਜੋ ਉਹ ਸਫ਼ਦਰ ਜੰਗ ਪਾਸੋਂ ਇਵਜ਼ਾਨੇ ਦੀ ਮੰਗ ਕਰੇ। ਵਜ਼ੀਰ ਪਾਸ ਕੁਝ ਹੋਰ ਵੀ ਤੀਰ ਸਨ। ਨਾਸਿਰ ਖ਼ਾਨ ਦੀ ਬਗ਼ਾਵਤ ਅਸਫਲ ਰਹਿਣ ਤੋਂ ਛੇਤੀ ਹੀ ਪਿੱਛੋਂ ਉਸ ਨੇ ਸ਼ਾਹ ਨਵਾਜ਼ ਖ਼ਾਨ ਨੂੰ ਮੁਲਤਾਨ ਦਾ ਗਵਰਨਰ ਮੁਕੱਰਰ ਕਰ ਦਿੱਤਾ। ਨਾਲ ਹੀ ਸ਼ਾਹਨਵਾਜ਼ ਨੂੰ ਇਹ ਸਮਝਾ ਦਿੱਤਾ ਕਿ ਜੇਕਰ ਉਹ ਮੀਰ ਮੰਨੂ ਨੂੰ ਸੱਤਾ ਤੋਂ ਹਟਾ ਸਕਿਆ ਤਾਂ ਉਹ ਲਾਹੌਰ ਨੂੰ ਆਪਣੇ ਰਾਜ ਅਧੀਨ ਕਰ ਸਕਦਾ ਹੈ। ਸ਼ਾਹਨਵਾਜ਼ ਵਜ਼ੀਰ ਦੇ ਜਾਲ ਵਿਚ ਫਸ ਗਿਆ। ਜਿਉਂ ਹੀ ਉਸ ਮੁਲਤਾਨ ਦੀ ਸੱਤਾ ਸੰਭਾਲੀ, ਉਸ ਲਾਹੌਰ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ।

ਇਕ ਕੌੜਾ ਮੱਲ ਹੀ ਸੀ ਜਿਸ 'ਤੇ ਮੀਰ ਮੰਨੂ ਭਰੋਸਾ ਕਰ ਸਕਦਾ ਸੀ। ਕੌੜਾ ਮੱਲ ਨੇ ਵੀ ਇਹ ਗੱਲ ਨਾ ਲੁਕਾਈ ਕਿ ਉਹ ਗੁਰੂ ਨਾਨਕ ਦੇ ਮੱਤ ਨਾਲ ਜੁੜਿਆ ਹੋਇਆ ਸੀ।

ਦੀਵਾਨ ਦੀ ਸਲਾਹ ਅਨੁਸਾਰ ਸਿਰਲੱਥ ਦਸਤੇ ਪਿੱਛੇ ਹਟਾ ਲਏ ਗਏ। ਸਿੱਖਾਂ ਨੂੰ ਇਜਾਜ਼ਤ ਦਿੱਤੀ ਗਈ ਕਿ ਉਹ ਰਾਮ ਰੌਣੀ ਨੂੰ ਆਪਣੇ ਅਧੀਨ ਰੱਖਣ। ਉਨ੍ਹਾਂ ਨੂੰ ਸ਼ਾਹਨਵਾਜ਼ ਵਿਰੁੱਧ ਚੱਲ ਰਹੀ ਮੁਹਿੰਮ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ।

ਕੌੜਾ ਮੱਲ ਨੂੰ ਅਨੇਕ ਪਾਸੇ ਅਗਵਾਈ ਕਰਨੀ ਪਈ ਜਿਨ੍ਹਾਂ ਵਿਚ ਮੁਗਲ, ਪੰਜਾਬੀ ਮੁਸਲਮਾਨ, ਅਫ਼ਗਾਨ ਅਤੇ ਸਿੱਖ ਸ਼ਾਮਲ ਸਨ, ਜਿਨ੍ਹਾਂ ਦੀ ਅਗਵਾਈ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਕਰ ਰਿਹਾ ਸੀ।

ਸ਼ੁਕਰਗੁਜ਼ਾਰ ਮੀਰ ਮੰਨੂ ਨੇ ਕੌੜਾ ਮੱਲ ਨੂੰ 'ਮਹਾਰਾਜਾ ਬਹਾਦਰ' ਦਾ ਖ਼ਿਤਾਬ ਦਿੱਤਾ ਅਤੇ ਉਸ ਨੂੰ ਮੁਲਤਾਨ ਦਾ ਗਵਰਨਰ ਥਾਪ ਦਿੱਤਾ। ਦੀਵਾਨ ਕੌੜਾ ਮੱਲ ਨੇ ਮਹਿਸੂਸ ਕੀਤਾ ਕਿ ਇਹ ਮਾਣ-ਵਡਿਆਈ ਉਸ ਨੂੰ ਸਿੱਖਾਂ ਨਾਲ ਬਣੀ ਸਾਂਝ ਤੋਂ ਪ੍ਰਾਪਤ ਹੋਈ ਹੈ। ਇਸ ਲਈ ਉਸ ਮਿਸਲਦਾਰਾਂ ਨੂੰ ਅਨੇਕਾਂ ਬਖ਼ਸ਼ਿਸ਼ਾਂ ਕੀਤੀਆਂ। ਉਸ ਆਪਣੀ ਸੇਵਾ ਵਿਚ ਅਨੇਕਾਂ ਸਿੱਖਾਂ ਨੂੰ ਰਹਿਣ ਦਿੱਤਾ ਅਤੇ ਹਰਿਮੰਦਰ ਲਈ ਬਾਰਾਂ ਪਿੰਡਾਂ ਦਾ ਮਾਲੀਆ ਲੁਆਇਆ।

ਸੰਨ 1749 ਤੋਂ 1750 ਦੇ ਵਰ੍ਹਿਆਂ ਦੇ ਵਿਚ ਬਹੁਤ ਸਾਰੇ ਕਿਸਾਨ ਸਿੱਖ ਕੌਮ ਵਿਚ ਸ਼ਾਮਲ ਹੋ ਗਏ।

ਤੀਜਾ ਅਫ਼ਗਾਨ ਹਮਲਾ (ਸੰਨ 1751-1752) ਸਿੱਖਾਂ ਦੀ ਹਿਫ਼ਾਜ਼ਤ ਅਧੀਨ ਪੰਜਾਬ

ਸੰਨ 1748 ਦੀ ਪਤਝੜ ਤਕ ਪੰਜਾਬ ਵਿਚ ਆਮ ਅਫ਼ਵਾਹ ਸੀ ਕਿ ਅਫ਼ਗਾਨ ਹਮਲਾ ਮੁੜ ਹੋਵੇਗਾ। ਅਬਦਾਲੀ ਨੂੰ ਸੌਂਪੇ ਹੋਰ ਚਾਰ ਜ਼ਿਲ੍ਹਿਆਂ ਦਾ ਮਾਮਲਾ ਦੇਣ ਤੋਂ ਮੀਰ ਮੰਨੂ ਅਸਫਲ ਰਿਹਾ। ਨਵੰਬਰ ਦੇ ਅੱਧ ਤੀਕ ਜਰਨੈਲ ਜਹਾਨ ਖ਼ਾਨ ਦੀ ਅਗਵਾਈ ਵਿਚ ਅੱਧੀ ਅ.. ਗਾਨ ਫ਼ੌਜ ਦੇ ਚਾਰ ਦਸਤੇ ਸਿੰਧ ਦਰਿਆ ਪਾਰ ਕਰ ਗਏ; ਅਬਦਾਲੀ ਪਿੱਛੇ-ਪਿੱਛੇ ਸੀ।

ਮੀਰ ਮੰਨੂ ਨੇ ਹਮਲਾ ਕਰਨ ਵਾਲਿਆਂ ਨਾਲ ਸੌਦਾ ਕਰਨ ਦੀ ਕੋਸ਼ਿਸ਼ ਕੀਤੀ ਕਿ ਬਕਾਇਆ ਰਾਸ਼ੀ ਦਾ ਕੁਝ ਹਿੱਸਾ ਤਾਰ ਦੇਵੇਗਾ। ਇਸ ਤਰ੍ਹਾਂ ਅਫ਼ਗਾਨਾਂ ਨੇ ਨੌਂ ਲੱਖ ਰੁਪਿਆ ਲੈ ਲਿਆ ਅਤੇ ਪੰਜਾਬ ਵੱਲ ਵਧਦੇ ਗਏ। ਮੰਨੂ ਜਾਣਦਾ ਸੀ ਕਿ ਦਿੱਲੀ ਸਰਕਾਰ ਪਾਸੋਂ ਕਿਸੇ ਸਹਾਇਤਾ ਦੀ ਆਸ ਰੱਖਣੀ ਅਕਾਰਥ ਹੈ। ਉਸ ਨੇ ਮੁਲਤਾਨ ਤੋਂ ਕੌੜਾ ਮੱਲ, ਜਲੰਧਰ ਤੋਂ ਅਦੀਨਾ ਬੇਗ ਖ਼ਾਂ ਨੂੰ ਬੁਲਾਇਆ ਅਤੇ ਅਫ਼ਗਾਨਾਂ ਨਾਲ ਲੜਨ ਲਈ ਤਿਆਰੀਆਂ ਕਰਨ ਲੱਗਾ।

ਮੀਰ ਮੰਨੂ ਨੇ ਪੰਜਾਬੀਆਂ ਦੀ ਬਹੁਤ ਸਾਰੀ ਫ਼ੌਜ ਇਕੱਠੀ ਕੀਤੀ। ਸਭ ਤੋਂ ਵੱਡੀ ਟੁਕੜੀ ਸਿੱਖਾਂ ਦੀ ਸੀ, ਜਿਨ੍ਹਾਂ ਦੀ ਗਿਣਤੀ ਵੀਹ ਹਜ਼ਾਰ ਤੋਂ ਵੱਧ ਸੀ। ਦਸੰਬਰ 1751 ਵਿਚ ਉਸ ਰਾਵੀ ਦਰਿਆ ਪਾਰ ਕੀਤਾ, ਤਾਂ ਜੋ ਜਹਾਨ ਖ਼ਾਨ ਦੀ ਅਗਵਾਈ ਵਿਚ ਆ ਰਹੇ ਅਫ਼ਗਾਨਾਂ ਨੂੰ ਰੋਕ ਸਕੇ। ਜਹਾਨ ਖ਼ਾਨ ਨਾਲ ਮਿਲਣ ਦੀ ਥਾਂ ਅਬਦਾਲੀ ਨੇ ਵਲ-ਵਲੇਵੇਂ ਵਾਲਾ ਰਾਹ ਅਪਣਾਇਆ ਅਤੇ ਉੱਤਰ-ਪੂਰਬ ਵੱਲੋਂ ਲਾਹੌਰ ਦੇ ਨੇੜੇ ਆ ਗਿਆ। ਮੰਨੂ ਨੇ ਛੇਤੀ ਨਾਲ ਪੈਰ ਪਿੱਛੇ ਹਟਾਏ ਅਤੇ ਸ਼ਹਿਰ ਦੀ ਦੀਵਾਰ ਦੇ ਨਾਲ-ਨਾਲ ਮੋਰਚੇ ਲਾ ਲਏ। ਪਰ ਇਹ ਚਾਲ ਬਹੁਤ ਮਹਿੰਗੀ ਪਈ। ਅਫ਼ਗਾਨਾਂ ਨੂੰ ਰਸਦ ਲਈ ਸਾਰਾ ਦਿਹਾਤ ਪਿਆ ਸੀ। ਪਰ ਮੰਨੂ ਪਾਸ ਉਹੀ ਖਾਣਾ-ਦਾਣਾ ਸੀ ਜਿਹੜਾ ਆਮ ਤੌਰ ਤੇ ਅਮਨ ਵੇਲੇ ਦੇ ਨਿਰਬਾਹ ਲਈ ਸ਼ਹਿਰ ਦੇ ਅੰਦਰ ਭੰਡਾਰ ਕੀਤਾ ਜਾਂਦਾ ਸੀ। ਛੇ ਸਪਤਾਹ ਉਪਰੰਤ ਸਾਰਾ ਅਨਾਜ ਅਤੇ ਚਾਰਾ

ਖ਼ਤਮ ਹੋ ਗਿਆ। ਅਤੇ ਤਿੰਨ ਦਿਨ ਸ਼ਹਿਰ ਦੇ ਅੰਦਰ ਕੋਈ ਦੀਵਾ-ਬੱਤੀ ਨਾ ਕੀਤੀ ਗਈ। ਮੀਰ ਮੰਨੂ ਨੇ ਆਪਣੇ ਸਲਾਹਕਾਰਾਂ ਨਾਲ ਮਸ਼ਵਰਾ ਕੀਤਾ। ਕੌੜਾ ਮੱਲ ਨੇ ਸਬਰ ਰੱਖਣ ਦੀ ਸਲਾਹ ਦਿੱਤੀ। ਉਸ ਦੀ ਦਲੀਲ ਸੀ ਕਿ ਅਫ਼ਗਾਨਾਂ ਦਾ ਵੀ ਰਾਸ਼ਨ ਖ਼ਤਮ ਹੋ ਚੁੱਕਿਆ ਹੈ ਅਤੇ ਉਹ ਕਾਲ ਲਈ ਰਾਖਵੇਂ ਰਾਸ਼ਨ ਨਾਲ ਗੁਜ਼ਾਰਾ ਕਰ ਰਹੇ ਹਨ। ਨਾਲ ਹੀ ਮਾਰਚ ਦਾ ਮਹੀਨਾ ਚੱਲ ਰਿਹਾ ਹੈ ਅਤੇ ਥੋੜ੍ਹੇ ਦਿਨਾਂ ਵਿਚ ਹੀ ਦੁਸ਼ਮਣ ਲਈ ਬਹੁਤ ਗਰਮੀ ਹੋ ਜਾਵੇਗੀ, ਕਿਉਂਕਿ ਉਨ੍ਹਾਂ ਦੇ ਤੰਬੂ ਪੱਧਰੇ ਮੈਦਾਨਾਂ ਵਿਚ ਸਨ। ਅਦੀਨਾ ਬੇਗ ਦੀ ਰਾਏ ਸੀ ਕਿ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ। ਮੰਨੂ ਨੇ ਅਦੀਨਾ ਬੇਗ ਦੀ ਸਲਾਹ ਸਵੀਕਾਰ ਕਰ ਲਈ ਅਤੇ ਪੰਜ ਮਾਰਚ ਨੂੰ ਲੜਾਈ ਆਰੰਭ ਕਰ ਦਿੱਤੀ। ਲੜਾਈ ਦੇ ਦੂਜੇ ਦਿਨ ਕੌੜਾ ਮੱਲ ਮਾਰਿਆ ਗਿਆ। ਅਦੀਨਾ ਬੇਗ ਚੁੱਪਚਾਪ ਮੈਦਾਨ 'ਚੋਂ ਨੱਸ ਗਿਆ। ਮੀਰ ਮੰਨੂ ਜਿੰਨੀ ਵਾਹ ਲਗਦੀ ਸੀ, ਲੜਦਾ ਰਿਹਾ ਪਰ ਉਸ ਹਥਿਆਰ ਰੱਖ ਦਿੱਤੇ।

ਅਫ਼ਗਾਨਾਂ ਨੇ ਮੰਨੂ ਪਾਸੋਂ ਤੀਹ ਲੱਖ ਰੁਪਏ ਨਕਦ ਰਾਸ਼ੀ ਹਰਜਾਨੇ ਵਜੋਂ ਵਸੂਲ ਕੀਤੇ। ਸੰਧੀ ਦੀਆਂ ਸ਼ਰਤਾਂ ਅਨੁਸਾਰ, ਜਿਸ ਦੀ ਪੁਸ਼ਟੀ ਮੁਗ਼ਲ ਬਾਦਸ਼ਾਹ ਨੇ ਅਪ੍ਰੈਲ 13, 1752 ਨੂੰ ਕੀਤੀ। ਲਾਹੌਰ ਅਤੇ ਮੁਲਤਾਨ ਅਬਦਾਲੀ ਨੂੰ ਸੌਂਪੇ ਗਏ। ਇਸ ਪ੍ਰਕਾਰ ਪੰਜਾਬ ਮੁਗ਼ਲਾਂ ਦੇ ਘੇਰੇ 'ਚੋਂ ਨਿਕਲ ਕੇ ਅਫ਼ਗਾਨਾਂ ਦੇ ਖੇਤਰ ਵਿਚ ਆ ਗਿਆ। ਭਾਰਤ ਤੋਂ ਜਾਣ ਤੋਂ ਪਹਿਲਾਂ ਅਬਦਾਲੀ ਨੇ ਕਸ਼ਮੀਰ ਦੀ ਰਿਆਸਤ ਜਿੱਤ ਲਈ ਅਤੇ ਉਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ।

ਸਦੋਜ਼ਈਆਂ ਦਾ ਸ਼ਾਹੀ ਪਰਿਵਾਰ

ਅਹਿਮਦ ਸ਼ਾਹ ਅਬਦਾਲੀ
1747-1772

ਤੈਮੂਰ ਸ਼ਾਹ
1772-1793

ਪਹਿਲੀ ਪਤਨੀ
ਸ਼ਾਹ ਜ਼ਮਾਨ 1793-1800
ਸ਼ਾਹ ਸ਼ੁਜਾਹ 1803-1809, 1839-1842

ਦੂਜੀ ਪਤਨੀ
ਸ਼ਾਹ ਮੁਹੰਮਦ 1800-1803, 1809-1818

ਕੌੜਾ ਮੱਲ ਦੇ ਅਕਾਲ ਚਲਾਣੇ ਨਾਲ ਜਿਹੜਾ ਜੋੜ ਮੀਰ ਮੰਨੂ ਅਤੇ ਸਿੱਖ ਮਿਸਲਦਾਰਾਂ ਵਿਚਕਾਰ ਸੀ, ਉਹ ਟੁੱਟ ਗਿਆ। ਅਫ਼ਗਾਨਾਂ ਅਤੇ ਮੁਗ਼ਲਾਂ ਵਿਚ ਹੋ ਰਹੇ ਝਗੜੇ ਦਾ ਉਨ੍ਹਾਂ ਲਾਹਾ ਲੈ ਲਿਆ ਅਤੇ ਬਾਰੀ ਦੁਆਬ, ਜਲੰਧਰ ਦੁਆਬ ਅਤੇ ਸਤਲੁਜ ਦਰਿਆ ਤੋਂ ਪਾਰ ਜੀਂਦ ਅਤੇ ਥਾਨੇਸਰ ਤਕ ਫੈਲ ਗਏ। ਜਦੋਂ ਉਨ੍ਹਾਂ ਨੂੰ ਠੱਲ੍ਹ ਪਾਈ ਗਈ ਤਾਂ ਉਹ ਦਿੱਲੀ ਤੋਂ ਪੰਜਾਹ ਮੀਲ ਦੇ ਅੰਦਰ-ਅੰਦਰ ਸਨ। ਚੜ੍ਹਤ ਸਿੰਘ ਦੇ ਅਧੀਨ ਸ਼ੁਕਰਚੱਕੀਏ ਜਿਹਲਮ ਦਰਿਆ ਪਾਰ ਕਰ ਗਏ ਅਤੇ ਉਨ੍ਹਾਂ ਇਲਾਕੇ ਦੇ ਮੁਸਲਮਾਨ ਕਬੀਲਿਆਂ ਨੂੰ ਕਾਬੂ ਕਰ ਲਿਆ, ਜਿਨ੍ਹਾਂ ਵਿਚ ਗੱਖੜ ਵੀ ਸ਼ਾਮਲ ਸਨ।

ਮੀਰ ਮੰਨੂ ਜਦੋਂ ਅਫ਼ਗਾਨਾਂ ਦੀ ਮਾਰ ਤੋਂ ਸੰਭਲਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਹਕੂਮਤ ਦਾ ਬਹੁਤ ਸਾਰਾ ਭਾਗ ਸਿੱਖਾਂ ਦੇ ਕਬਜ਼ੇ ਵਿਚ ਸੀ। ਅਦੀਨਾ ਬੇਗ ਹੋਰ

ਵੀ ਚਿੰਤਤ ਸੀ ਕਿਉਂਕਿ ਉਸ ਦੇ ਇਲਾਕਿਆਂ ਉਪਰ ਸਿੱਖਾਂ ਦੇ ਹੱਲੇ ਅਤੇ ਛਾਪੇ ਵਧੇਰੇ ਸਨ। ਮਾਰਚ 1753 ਦੇ ਹੋਲਾ ਮਹੱਲਾ ਦੇ ਪਰਵ 'ਤੇ ਅਦੀਨਾ ਬੇਗ ਨੇ ਸਿੱਖ ਯਾਤਰੂਆਂ ਉਪਰ ਅਨੰਦਪੁਰ ਸਾਹਿਬ ਵਿਖੇ ਹੱਲਾ ਕਰ ਦਿੱਤਾ। ਵੱਡੀ ਗਿਣਤੀ ਵਿਚ ਸਿੱਖ ਕਤਲ ਕਰ ਦਿੱਤੇ। ਸਿੱਖਾਂ ਨੇ ਜਲੰਧਰ ਅਤੇ ਬਾਰੀ ਦੁਆਬ ਦੇ ਪਿੰਡਾਂ ਨੂੰ ਲੁੱਟ ਕੇ ਬਦਲਾ ਲਿਆ। ਜਿੰਨੀ ਕਾਹਲੀ ਨਾਲ ਅਦੀਨਾ ਬੇਗ ਨੇ ਹਮਲਾ ਕੀਤਾ ਸੀ ਓਨੀ ਹੀ ਛੇਤੀ ਉਸ ਸਮਝੌਤਾ ਵੀ ਕਰ ਲਿਆ। ਆਪਣੇ ਇਲਾਕੇ ਦਾ ਕੁਝ ਮਾਲੀਆ ਉਸ ਸਿੱਖਾਂ ਨੂੰ ਦਿੱਤਾ ਅਤੇ ਜੱਸਾ ਸਿੰਘ ਰਾਮਗੜ੍ਹੀਆ ਸਹਿਤ ਬਹੁਤ ਸਾਰੇ ਸਿੱਖਾਂ ਨੂੰ ਆਪਣੀ ਫ਼ੌਜ ਵਿਚ ਮੁਲਾਜ਼ਿਮ ਰੱਖ ਲਿਆ।

ਹੁਣ ਮੀਰ ਮੰਨੂ ਦੀ ਵਾਰੀ ਸੀ ਕਿ ਉਹ ਮੈਦਾਨ ਵਿਚ ਨਿੱਤਰੇ। ਉਹ ਬਟਾਲਾ ਵੱਲ ਵਧਿਆ ਅਤੇ ਅੰਮ੍ਰਿਤਸਰ ਵਿਖੇ ਰਾਮਰੌਣੀ ਨੂੰ ਘੇਰਿਆ। ਉਸ ਕਿਲ੍ਹੇ ਨੂੰ ਉਡਾ ਦਿੱਤਾ ਅਤੇ ਨੌਂ ਸੌ ਸਿੱਖਾਂ ਦੀ ਸਾਰੀ ਫ਼ੌਜ ਕਤਲ ਕਰ ਦਿੱਤੀ।

ਸੂਬੇ ਦੇ ਵੱਖ-ਵੱਖ ਭਾਗਾਂ ਵਿਚ ਸਿੱਖਾਂ ਦੇ ਟੋਲਿਆਂ ਅਤੇ ਮੰਨੂ ਦੇ ਗਸ਼ਤ ਲਾਉਂਦੇ ਦਸਤਿਆਂ ਵਿਚਕਾਰ ਝੜਪਾਂ ਹੁੰਦੀਆਂ ਰਹੀਆਂ। ਥਾਂ-ਥਾਂ 'ਤੇ ਫੈਲੇ ਹੋਏ ਅਜਿਹੇ ਦੁਸ਼ਮਣ ਲਈ ਮੰਨੂ ਇਸ ਤੋਂ ਵੱਧ ਹੋਰ ਕੀ ਕਰ ਸਕਦਾ ਸੀ, ਅਤੇ ਉਨ੍ਹਾਂ ਨੂੰ ਕਿਸਾਨੀ ਭਾਈਚਾਰੇ ਦੀ ਹਮਦਰਦੀ ਹਾਸਲ ਸੀ। ਉਸ ਦੇ ਸਿਪਾਹੀ ਸਿੱਖਾਂ ਦੀ ਭਾਲ ਵਿਚ ਪਿੰਡ-ਪਿੰਡ ਘੁੰਮਦੇ। ਹਿਸ਼ਟ-ਪੁਸ਼ਟ ਸਰੀਰਾਂ ਵਾਲਿਆਂ ਨੂੰ ਲੜਾਈ ਵਿਚ ਮਾਰ ਦਿੱਤਾ ਜਾਂਦਾ, ਅਸੈਨਿਕ, ਜਿਨ੍ਹਾਂ ਵਿਚ ਇਸਤਰੀਆ ਅਤੇ ਬੱਚੇ ਵੀ ਸ਼ਾਮਲ ਸਨ, ਬੇੜੀਆਂ ਪਾ ਕੇ ਲਾਹੌਰ ਲਿਆਂਦੇ ਜਾਂਦੇ ਅਤੇ ਘੋੜਾ ਮੰਡੀ ਵਿਖੇ ਉਨ੍ਹਾਂ ਦੇ ਸੀਸ ਕਤਲ ਕਰ ਦਿੱਤੇ ਜਾਂਦੇ। ਅਜਿਹੀਆਂ ਲੜਾਈਆਂ ਅਤੇ ਤਸੀਹੇ ਮੀਰ ਮੰਨੂ ਦੀ ਮੌਤ ਤਕ ਚਲਦੇ ਰਹੇ। ਉਹ ਨਵੰਬਰ 1753 ਵਿਚ ਮਾਰਿਆ ਗਿਆ। ਉਸ ਵੇਲੇ ਦਾ ਆਮ ਅਖਾਣ ਇਹ ਸੀ :

ਮੰਨੂ ਸਾਡੀ ਦਾਤਰੀ
ਅਸੀਂ ਮੰਨੂ ਦੇ ਸੋਇ।
ਜਿਉਂ ਜਿਉਂ ਮੰਨੂ ਵੱਢਦਾ
ਅਸੀਂ ਦੂਣੇ ਚੌਣੇ ਹੋਏ।

ਮੰਨੂ ਦੀ ਮੌਤ ਤੋਂ ਉਪਰੰਤ ਪੰਜਾਬ ਦਾ ਪ੍ਰਸ਼ਾਸਨ ਨਿੱਘਰ ਗਿਆ। ਉਹ ਦੇਸ਼ ਜਿਸ ਲਈ ਮੁਗਲ ਅਤੇ ਪਠਾਣ ਆਪੋ ਵਿਚ ਲੜਦੇ ਰਹੇ ਸਨ, ਅੱਜ ਦੋਹਾਂ ਵੱਲੋਂ ਅਣਗੌਲਿਆ ਹੋ ਗਿਆ। ਮੁਗਲ ਬਾਦਸ਼ਾਹ ਨੇ ਸਭ ਤੋਂ ਪਹਿਲਾਂ ਆਪਣੇ ਤਿੰਨ ਸਾਲਾ ਬੇਟੇ ਨੂੰ ਲਾਹੌਰ ਦਾ ਗਵਰਨਰ ਥਾਪਿਆ। ਉਸ ਦਾ ਨਾਇਬ ਮੀਰ ਮੰਨੂ ਦਾ ਬਾਲ ਬਣਾਇਆ ਗਿਆ। ਮੰਨੂ ਦਾ ਭਾਈ, ਇੰਤਜ਼ਾਮ-ਉਦ-ਦੌਲਾ, ਜਿਹੜਾ ਦਿੱਲੀ ਦਾ ਵਜ਼ੀਰ ਬਣ ਗਿਆ ਸੀ, ਉਹ ਇਕ ਪ੍ਰਕਾਰ ਦਾ ਗਾਰਡੀਅਨ-ਗਵਰਨਰ ਹੋ ਗਿਆ। ਪਰ ਤਾਂ ਵੀ ਪ੍ਰਭਾਵੀ ਸੱਤਾ ਸਥਾਨਕ ਅਧਿਕਾਰੀਆਂ ਹੱਥ ਸੀ ਅਤੇ ਅਦੀਨਾ ਬੇਗ ਖ਼ਾਨ ਉਨ੍ਹਾਂ ਵਿਚੋਂ ਇਕ ਸੀ। ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਦੇ ਮਾਮਲਿਆਂ ਅਤੇ ਸਮੱਸਿਆਵਾਂ ਵਿਚ ਏਨਾ ਉਲਝਿਆ ਹੋਇਆ ਸੀ ਕਿ ਉਹ ਪੰਜਾਬ ਬਾਰੇ ਵਧੇਰੇ ਧਿਆਨ ਨਾ ਦੇ ਸਕਿਆ ਅਤੇ ਉਸ ਮੰਨੂ ਦੇ ਬੇਟੇ ਦੀ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ। ਉਸ ਦੀ ਦਿਲਚਸਪੀ ਇਹੋ ਸੀ ਕਿ ਖ਼ਿਰਾਜ ਜਾਂ ਕਰ ਬਾਕਾਇਦਗੀ ਨਾਲ ਪ੍ਰਾਪਤ ਹੁੰਦਾ ਰਹੇ।

ਅਜਿਹੀ ਹਾਸੋਹੀਣੀ ਸਥਿਤੀ ਛੇ ਮਹੀਨੇ ਉਪਰੰਤ ਖ਼ਤਮ ਹੋ ਗਈ ਜਦੋਂ ਮੀਰ ਮੰਨੂ ਦਾ ਪੁੱਤਰ ਮਈ 1754 ਵਿਚ ਮਰ ਗਿਆ। ਮੀਰ ਮੰਨੂ ਦੀ ਵਿਧਵਾ ਮੁਗਲਾਨੀ ਬੇਗਮ ਨੇ ਨਵੇਂ

ਸ਼ਹਿਨਸ਼ਾਹ ਆਲਮਗੀਰ-2 ਦੇ ਨਾਮਜ਼ਦ ਕੀਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਪਰ ਉਸ ਦੀ ਸੱਤਾ ਲਾਹੌਰ ਅੱਤੇ ਆਲੇ-ਦੁਆਲੇ ਦੇ ਇਲਾਕੇ ਤਕ ਹੀ ਸੀਮਤ ਸੀ। ਇਨ੍ਹਾਂ ਸ਼ਹਿਰਾਂ ਦੀ ਰੋਜ਼-ਰੋਜ਼ ਦੀ ਪ੍ਰਸ਼ਾਸਨਿਕ ਸੱਤਾ ਵੀ ਦਰਬਾਰੀ ਹੀਜੜਿਆਂ ਹੱਥ ਸੀ। ਮੁਗ਼ਲਾਨੀ ਬੇਗ਼ਮ ਆਪਣੇ ਆਸ਼ਕਾਂ ਨਾਲ ਰੰਗਰਲੀਆਂ ਮਨਾਉਣ ਲਈ ਆਜ਼ਾਦ ਸੀ। ਜੋਸ਼ੀਲੇ ਪੰਜਾਬੀ ਇਹ ਕਦੋਂ ਬਰਦਾਸ਼ਤ ਕਰ ਸਕਦੇ ਸਨ ਕਿ ਉਨ੍ਹਾ ਉਪਰ ਕੋਈ ਬੱਚਾ, ਹੀਜੜਾ ਜਾਂ ਆਸ਼ਕ-ਮਿਜ਼ਾਜ ਹੁਕਮ ਚਲਾਉਣ। ਪੰਜਾਬ ਦੇ ਟੁਕੜੇ-ਟੁਕੜੇ ਹੋ ਗਏ। ਮੁਲਤਾਨ ਅਤੇ ਗੁਜਰਾਤ, ਸਿਆਲਕੋਟ, ਪਸਰੂਰ ਅਤੇ ਔਰੰਗਾਬਾਦ ਦੇ ਚਾਰ ਜ਼ਿਲ੍ਹੇ ਅਬਦਾਲੀ ਨਾਲ ਮਿਲ ਗਏ ਅਤੇ ਅਫ਼ਗਾਨਾਂ ਨੂੰ ਮਾਲੀਆ ਦਿੰਦੇ ਰਹੇ। ਜਲੰਧਰ ਅਤੇ ਸਰਹੰਦ ਨੂੰ ਅਦੀਨਾ ਬੇਗ਼ ਖ਼ਾਨ ਨੇ ਸੰਭਾਲਿਆ। ਵੱਖਰੇ-ਵੱਖਰੇ ਕਬੀਲਿਆਂ ਨੇ ਅਰਧ-ਮੁਖ਼ਤਾਰ ਛੋਟੀਆਂ-ਛੋਟੀਆਂ ਰਿਆਸਤਾਂ ਕਾਇਮ ਕਰ ਲਈਆਂ ਅਤੇ ਆਪਣੀ ਫ਼ੌਜ ਰੱਖ ਲਈ ਅਤੇ ਛੋਟੇ ਕਿਲ੍ਹੇ (ਗੜ੍ਹੀਆਂ) ਉਸਾਰ ਲਏ।"

ਸੂਬੇ ਵਿਚ ਸਭ ਤੋਂ ਵੱਧ ਦਲ ਖਾਲਸਾ ਸ਼ਕਤੀਸ਼ਾਲੀ ਸੀ, ਜਿਸ ਦਾ ਕੇਂਦਰ ਅੰਮ੍ਰਿਤਸਰ ਸੀ। ਮੀਰ ਮੰਨੂ ਦੀ ਮੌਤ ਉਪਰੰਤ ਦਲ ਦੇ ਟੋਲਿਆਂ ਨੇ ਸ਼ਹਿਰਾਂ ਅਤੇ ਪਿੰਡਾਂ ਵਿਚ ਲੁੱਟ-ਮਾਰ ਕੀਤੀ ਅਤੇ ਲਾਹੌਰ ਦੇ ਉਪ-ਨਗਰਾਂ ਨੂੰ ਵੀ ਲੁੱਟਿਆ। ਸੰਨ 1754-1755 ਦੀਆਂ ਸਰਦੀਆਂ ਵਿਚ ਸਿੱਖ ਘੋੜਸਵਾਰ ਅੰਬਾਲਾ ਅਤੇ ਸਰਹੰਦ 'ਤੇ ਕਬਜ਼ਾ ਕਰਕੇ ਹਰਿਆਣਾ ਨੂੰ ਲੰਘਦੇ ਹੋਏ ਜੈਪੁਰ ਦੇ ਰਾਜੇ ਦੇ ਇਲਾਕੇ ਤਕ ਪਹੁੰਚ ਗਏ।

ਸਿੱਖਾਂ ਨੇ ਸਮਝ ਲਿਆ ਕਿ ਪੰਜਾਬ ਵਿਚ ਕੋਈ ਸਰਕਾਰ ਨਹੀਂ ਸੀ ਅਤੇ ਨਾ ਹੀ ਲੋਕਾਂ ਦੀ ਜਾਨ ਅਤੇ ਜਾਇਦਾਦ ਦੀ ਕੋਈ ਸੁਰੱਖਿਆ ਸੀ। ਉਨ੍ਹਾਂ ਦੇਸ਼ ਦੇ ਹਾਕਮ ਬਣਨ ਦਾ ਪਹਿਲਾ ਕਦਮ ਚੁੱਕਿਆ। ਲੋਕਾਂ ਨੂੰ ਪਹਿਲਾਂ ਵਾਂਗ ਲੁੱਟਣ ਦੀ ਥਾਂ ਉਨ੍ਹਾਂ ਦੀ ਰਾਖੀ ਵਜੋਂ ਹਰ ਵਾਢੀ ਉਪਰੰਤ ਉਸ ਦਾ ਪੰਜਵਾਂ ਭਾਗ ਲੈਣਾ ਆਰੰਭ ਕੀਤਾ। ਸਿੱਖਾਂ ਦੀ ਅਜਿਹੀ ਸੱਤਾ ਸੀ, ਜਿਹੜੀ ਆਪਣੀ ਜ਼ਿੰਮੇਵਾਰੀ ਨਿਭਾ ਸਕਦੀ ਸੀ। ਇਸ ਲਈ ਪੰਜਾਬ ਦੇ ਬਹੁਤ ਸਾਰੇ ਭਾਗ ਨੇ ਉਨ੍ਹਾਂ ਦੀ ਹਿਫ਼ਾਜ਼ਤ ਜਾਂ ਰਾਖੀ ਪਰਵਾਣ ਕਰ ਲਈ। ਅਮਲੀ ਤੌਰ 'ਤੇ ਦੇਸ ਵਿਚ ਸਿੱਖਾਂ ਦੀ ਸਰਕਾਰ ਕਾਰਜ ਕਰਨ ਲੱਗੀ।

ਸਿੱਖਾਂ ਦੇ ਫ਼ੌਜੀ ਪ੍ਰਬੰਧ ਦਾ ਕੇਂਦਰ ਅੰਮ੍ਰਿਤਸਰ ਹੀ ਰਿਹਾ, ਜਿਥੇ ਨਿਸ਼ਾਨਵਾਲੀਏ, ਡੱਲੇਵਾਲੀਏ ਅਤੇ ਹੋਰ ਅਣ-ਸੰਬੰਧਤ ਇਕਾਈਆਂ ਨੂੰ ਰਾਖਵਾਂ ਬਲ ਬਣਾਇਆ ਹੋਇਆ ਸੀ। ਮਿਸਲਾਂ ਖ਼ੁਦਮੁਖ਼ਤਾਰ ਬਣੀਆਂ ਰਹੀਆਂ। ਉਨ੍ਹਾਂ ਨੂੰ ਸੁਤੰਤਰਤਾ ਸੀ ਕਿ ਆਪਣੀ ਚੋਣ ਦੇ ਕਿਸੇ ਇਲਾਕੇ ਵਿਚ ਵੀ ਉਹ ਰਾਖੀ ਵਧਾ ਸਕਦੀਆਂ ਸਨ। ਭੰਗੀਆਂ ਅਤੇ ਸੁਕਰਚੱਕੀਆਂ ਨੇ ਰੇਚਨਾ ਅਤੇ ਚੱਜ ਦੁਆਬੇ ਸਾਂਭ ਲਏ; ਕਨ੍ਹੱਈਏ, ਸਿੰਘਪੁਰੀਏ ਅਤੇ ਆਹਲੂਵਾਲੀਏ ਨੇ ਸਤਲੁਜ ਦੇ ਦੋਹਾਂ ਪਾਸਿਆਂ ਦੇ ਇਲਾਕੇ ਲੈ ਲਏ।

ਲਾਹੌਰ ਵਿਖੇ ਸੱਤਾ ਅਤੇ ਆਸ਼ਕੀ ਦੀਆਂ ਸਾਜ਼ਸ਼ਾਂ ਜਾਰੀ ਰਹੀਆਂ। ਮੁਗ਼ਲਾਨੀ ਬੇਗ਼ਮ ਅਤੇ ਉਹਦੇ ਹੀਜੜਿਆਂ ਨੂੰ ਹਟਾਉਣ ਦੀਆਂ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪਰ ਉਹ ਆਪਣੇ ਵਿਰੋਧੀਆਂ ਉਪਰ ਭਾਰੂ ਰਹੀ। ਸਗੋਂ ਚਾਲਬਾਜ਼ ਅਦੀਨਾ ਬੇਗ਼ ਦੀ ਇਕ ਵੀ ਨਾ ਚੱਲਣ ਦਿੱਤੀ ਅਤੇ ਅਫ਼ਗ਼ਾਨਾਂ ਦੀ ਸਹਾਇਤਾ ਨਾਲ ਉਸ ਦੇ ਨਾਇਬ ਨੂੰ ਕੱਢ ਮਾਰਿਆ। ਅੰਤ ਮਾਰਚ 1756 ਵਿਚ ਵਜ਼ੀਰ ਦੇ ਹੁਕਮ ਅਨੁਸਾਰ ਮੁਗ਼ਲਾਨੀ ਬੇਗ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦਿੱਲੀ ਭੇਜ ਦਿੱਤਾ ਗਿਆ। ਲਾਹੌਰ ਦਾ ਜ਼ਿਲ੍ਹਾ ਅਦੀਨਾ ਬੇਗ਼ ਖ਼ਾਨ ਨੂੰ ਸੌਂਪਿਆ ਗਿਆ।

ਭਾਵੇਂ ਮੁਗ਼ਲਾਨੀ ਬੇਗ਼ਮ ਨੂੰ ਹਿਰਾਸਤ ਵਿਚ ਰਖਿਆ ਗਿਆ ਸੀ ਪਰ ਉਸ ਕਿਸੇ ਨਾ

ਕਿਸੇ ਤਰ੍ਹਾਂ ਅਬਦਾਲੀ ਨੂੰ ਸੰਦੇਸ਼ਾ ਭੇਜ ਦਿੱਤਾ ਕਿ ਉਹ ਭਾਰਤ ਨੂੰ ਮੁੜ ਫ਼ਤਹਿ ਕਰੇ। ਉਸ ਨੇ ਇਹ ਵੀ ਵਚਨ ਦਿੱਤਾ ਕਿ ਆਪਣੇ ਅਮੀਰ ਰਿਸ਼ਤੇਦਾਰਾਂ ਨੂੰ ਲੁੱਟਣ ਵਿਚ ਵੀ ਉਹ ਉਸ ਦੀ ਸਹਾਇਤਾ ਕਰੇਗੀ। ਉਸ ਲਿਖਿਆ ਸੀ : "ਮੈਂ ਜਾਣਦੀ ਹਾਂ ਕਿ ਮੇਰੇ ਮਰਹੂਮ ਸਹੁਰਾ ਸਾਹਿਬ ਦੇ ਮਹਿਲ ਵਿਚ ਕਰੋੜਾਂ ਰੁਪਿਆਂ ਦੀਆਂ ਵਸਤਾਂ ਅਤੇ ਨਕਦੀ ਦੱਬੀ ਪਈ ਹੈ...ਜੇਕਰ ਤੂੰ ਇਸ ਵਾਰ ਭਾਰਤ ਉਪਰ ਹਮਲਾ ਕਰੇਂ ਤਾਂ ਹਕੂਮਤ ਅਤੇ ਸਾਰੀ ਦੌਲਤ ਤੇਰੇ ਹੱਥ ਲੱਗੇਗੀ।"

ਅਫ਼ਗਾਨਾਂ ਨੂੰ ਸੱਦਾ ਦੇਣ ਵਿਚ ਮੁਗ਼ਲਾਨੀ ਬੇਗ਼ਮ ਹੀ ਨਹੀਂ ਸੀ, ਸਗੋਂ ਸੁਤੰਤਰ ਰੂਪ ਵਿਚ ਮੁਗ਼ਲ ਸ਼ਹਿਨਸ਼ਾਹ ਅਤੇ ਰੋਹੇਲਾ ਆਗੂ, ਨਜੀਬ-ਉਦ-ਦੌਲਾ ਨੇ ਵੀ ਅਬਦਾਲੀ ਨੂੰ ਭਾਰਤ ਆਉਣ ਲਈ ਪੱਤਰ ਲਿਖ ਕੇ ਜ਼ੋਰ ਦਿੱਤਾ।

ਚੌਥਾ ਅਫ਼ਗਾਨ ਹਮਲਾ (ਸੰਨ 1756-57)

ਪੰਜਾਬ ਅੰਦਰ ਮਰਹੱਟੇ

ਨਵਬੰਰ 1756 ਵਿਚ ਅਹਿਮਦਸ਼ਾਹ ਅਬਦਾਲੀ ਨੇ ਸਿੰਧ ਪਾਰ ਕਰਕੇ ਚੌਥੀ ਵਾਰ ਹਮਲਾ ਕੀਤਾ। ਸਿੱਖਾਂ ਨੇ ਇਨ੍ਹਾਂ ਦਾ ਰਸਤਾ ਨਹੀਂ ਰੋਕਿਆ ਅਤੇ ਅਦੀਨਾ ਬੇਗ ਖ਼ਾਂ ਜਾਨ ਬਚਾਉਣ ਲਈ ਬਚਾਓ ਵਾਲੀ ਥਾਂ ਚਲਾ ਗਿਆ। ਲਾਹੌਰ ਅਤੇ ਸਰਹੰਦ ਤਕ ਪਿੰਡਾਂ ਵਿਚ ਕੋਈ ਆਦਮੀ ਨਾ ਰਿਹਾ। ਅਫ਼ਗਾਨੀ ਜਨਵਰੀ 28, 1757 ਨੂੰ ਦਿੱਲੀ ਪਹੁੰਚ ਕੇ ਲੁੱਟਮਾਰ ਅਤੇ ਔਰਤਾਂ ਦੀ ਇੱਜ਼ਤ ਲੁੱਟਦੇ ਰਹੇ। ਇਹ ਦੌਰ ਕਾਫ਼ੀ ਦੇਰ ਤਕ ਜਾਰੀ ਰਿਹਾ। ਜਦੋਂ ਗਰਮੀ ਵਧ ਗਈ ਅਤੇ ਹੈਜ਼ਾ ਫੈਲ ਗਿਆ ਤਾਂ ਜੀਉਣਾ ਭਾਰੀ ਹੋ ਗਿਆ।

ਲੁੱਟਮਾਰ ਦਾ ਮਾਲ ਲੈ ਕੇ ਅਫ਼ਗਾਨ ਦਿੱਲੀ ਤੋਂ ਆਪਣੇ ਵਤਨ ਵੱਲ ਚੱਲ ਪਏ। ਇਕ ਸਮਕਾਲੀ ਲਿਖਦਾ ਹੈ ਕਿ ਲੁੱਟ ਦਾ ਮਾਲ 28 ਹਜ਼ਾਰ ਹਾਥੀਆਂ, ਊਠਾਂ, ਘੋੜਿਆਂ, ਖੱਚਰਾਂ, ਬਲਦਾਂ ਅਤੇ ਗੱਡੀਆਂ ਤੇ ਲੱਦਿਆ ਹੋਇਆ ਸੀ। ਉਸ ਦੇ ਘੋੜਸਵਾਰ ਪੈਦਲ ਚਲ ਰਹੇ ਸਨ ਤੇ ਮਾਲ ਘੋੜਿਆਂ ਉਪਰ ਲੱਦਿਆ ਹੋਇਆ ਸੀ।

ਹੁਣ ਸਮਾਂ ਆਇਆ ਕਿ ਸਿੱਖ ਆਪਣੀ ਕਾਰਗੁਜ਼ਾਰੀ ਕਰਨ। ਮਰਾਠਾ ਸਮਾਚਾਰ ਪੱਤਰ ਅਨੁਸਾਰ ਆਲਾ ਸਿੰਘ ਦੀ ਅਗਵਾਈ ਹੇਠ ਅੱਧਾ ਮਾਲ ਅੰਬਾਲਾ ਅਤੇ ਪਟਿਆਲੇ ਵਿਚਕਾਰ ਸਨਾਵਰ ਨੇੜੇ ਲੁੱਟਿਆ ਗਿਆ। ਮਲੇਰਕੋਟਲਾ ਵਿਖੇ ਦੁਬਾਰਾ ਲੁੱਟਮਾਰ ਕੀਤੀ ਗਈ।

ਪੰਜਾਬ ਦਾ ਰਾਜ ਆਪਣੇ ਪੁੱਤਰ ਤੈਮੂਰ ਨੂੰ ਸੌਂਪ ਕੇ ਜਦੋਂ ਅਬਦਾਲੀ ਚੱਲਿਆ ਤਾਂ ਚੜ੍ਹਤ ਸਿੰਘ ਸ਼ੁਕਰਚੱਕੀਆ ਉਸ ਨੂੰ ਸਿੰਧ ਤਕ ਤੰਗ ਕਰਦਾ ਰਿਹਾ।

ਸ਼ਹਿਜ਼ਾਦਾ ਤੈਮੂਰ ਦੇ ਅਫ਼ਗਾਨਾਂ ਅਤੇ ਸਿੱਖਾਂ ਵਿਚ ਠਨ ਕੇ ਰਹਿਣੀ ਸੀ। ਦੀਪ ਸਿੰਘ ਮਿਸਲਾਂ ਦੇ ਸਰਦਾਰ ਸਨ ਅਤੇ ਉਨ੍ਹਾਂ ਦੇ ਜ਼ਿੰਮੇ ਹਰਿਮੰਦਰ ਦੀ ਸੰਭਾਲ ਸੀ। ਉਹ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰ ਰਹੇ ਸਨ। ਇਹ ਕੰਮ ਛੱਡ ਕੇ ਉਹ ਚੱਲ ਪਏ। ਅੰਮ੍ਰਿਤਸਰ ਤੋਂ 10 ਮੀਲ ਪਿੱਛੇ ਤਰਨ ਤਾਰਨ ਤੇ ਰੁਕੇ ਤਾਂ ਉਨ੍ਹਾਂ ਨਾਲ ਪੰਜ ਹਜ਼ਾਰ ਸਿੱਖ ਮਿਲ ਗਏ। ਦੀਪ ਸਿੰਘ ਸ਼ਹੀਦ ਹੋ ਗਏ ਅਤੇ ਕਈ ਸਿੰਘ ਮਾਰੇ ਗਏ। ਹਰਿਮੰਦਰ ਸਾਹਿਬ ਫਿਰ ਲੁੱਟਿਆ ਗਿਆ ਅਤੇ ਕਰਤਾਰਪੁਰ ਦਾ ਗੁਰਦੁਆਰਾ ਢਾਇਆ ਗਿਆ।

ਦੀਪ ਸਿੰਘ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਜੱਸਾ ਸਿੰਘ ਆਹਲੂਵਾਲੀਆ ਨੇ ਕਮਰਕੱਸੇ ਕੀਤੇ। ਅਦੀਨਾ ਬੇਗ ਖ਼ਾਂ ਵੀ ਨਾਲ ਮਿਲ ਗਿਆ। ਤੈਮੂਰ ਦੀ ਫ਼ੌਜ ਨਾਲ ਮੁਠ-ਭੇੜ ਹੋਈ। ਲੁੱਟਮਾਰ ਹੁੰਦੀ ਰਹੀ। ਅਮਨ-ਕਾਨੂੰਨ ਦੀ ਵਿਵਸਥਾ ਖ਼ਤਮ ਹੋ ਗਈ। ਅਦੀਨਾ ਬੇਗ ਖ਼ਾਂ ਸਿੱਖਾਂ ਦੀ ਤਾਕਤ ਦੇਖ ਕੇ ਘਬਰਾ ਗਿਆ ਅਤੇ ਉਸ ਮਰਹੱਟਿਆਂ ਨੂੰ ਬੁਲਾਵਾ

ਭੇਜਿਆ ਅਤੇ ਸਿੱਖਾਂ ਨੂੰ ਵੀ ਕਿਹਾ ਕਿ ਅਫ਼ਗਾਨਾਂ ਵਿਰੁੱਧ ਮਰਹੱਟਿਆਂ ਦੀ ਮਦਦ ਕਰਨ।

ਮਾਰਚ 1758 ਵਿਚ ਮਰਾਠਾ ਜਰਨੈਲ ਰਘੂਨਾਥ ਰਾਓ ਪੰਜਾਬ ਵਿਚ ਦਾਖਲ ਹੋਇਆ ਅਤੇ ਉਸ ਨਾਲ ਦੋ ਲੱਖ ਫ਼ੌਜੀ ਸੀ। ਇਧਰੋਂ ਮਿਸਲਾਂ ਨੇ ਵੀ ਸਹਾਇਤਾ ਕੀਤੀ। ਸਰਹੰਦ ਦੀ ਖ਼ੂਬ ਲੁੱਟ-ਹੋਈ। ਰਘੂਨਾਥ ਰਾਓ ਅਪ੍ਰੈਲ 1758 ਵਿਚ ਲਾਹੌਰ ਆਇਆ ਤੇ ਅਦੀਨਾ ਬੇਗ ਖ਼ਾਂ ਨੇ ਸ਼ਾਲੀਮਾਰ ਬਾਗ ਵਿਚ ਉਸ ਨੂੰ ਜੀ-ਆਇਆਂ ਕਿਹਾ। ਜਸ਼ਨ ਮਨਾਇਆ ਤੇ ਸਾਰੇ ਸ਼ਹਿਰ ਵਿਚ ਰੌਸ਼ਨੀ ਹੋਈ। ਪਰ ਅਦੀਨਾ ਬੇਗ ਖ਼ਾਂ ਚਾਲਾਕੀ ਕਰਦਾ ਰਿਹਾ। ਸਿੱਖ ਵੀ ਉਸ ਨੂੰ ਖ਼ੂਬ ਸਮਝਦੇ ਸਨ। ਪੰਜਾਬ ਉਤੇ ਸਿੱਖਾਂ ਦਾ ਹੱਕ ਹੋ ਗਿਆ।

ਜਦੋਂ ਅਦੀਨਾ ਬੇਗ ਖ਼ਾਂ ਦੀ ਮੌਤ ਹੋਈ ਤਾਂ ਦੀਵਾਲੀ ਦੇ ਅਵਸਰ ਤੇ ਸਰਬੱਤ ਖਾਲਸਾ ਨੇ ਹਾਲਾਤ ਦਾ ਜਾਇਜ਼ਾ ਲਿਆ। ਮੁਗ਼ਲ, ਅਫ਼ਗਾਨ, ਮਰਾਠੇ ਅਤੇ ਅਦੀਨਾ ਬੇਗ ਨੂੰ ਨਾਮਜ਼ਦ ਕੀਤਾ। ਸਿੱਖ ਵੀ ਪੰਜਾਬ 'ਤੇ ਆਪਣਾ ਹੱਕ ਜਮਾਉਂਦੇ ਸਨ। ਸਿੱਖਾਂ ਅੱਗੇ ਸਵਾਲ ਸੀ ਕਿ ਜੇਕਰ ਉਹ ਲਾਹੌਰ ਦੀ ਗੱਦੀ 'ਤੇ ਬੈਠੇ ਤਾਂ ਕੀ ਦੁਸ਼ਮਣਾਂ ਦਾ ਪੂਰੀ ਤਰ੍ਹਾਂ ਮੁਕਾਬਲਾ ਕਰ ਸਕਣਗੇ?

ਮਾਰਚ 1759 ਵਿਚ ਮਰਹੱਟੇ ਫਿਰ ਪੰਜਾਬ ਵਿਚ ਦਾਖਲ ਹੋਏ। ਸਿੱਖਾਂ ਨੇ ਮਾਲਵਾ ਲੰਘਣ ਦਿੱਤਾ। ਅੱਗੋਂ ਸਿੱਖਾਂ ਅਤੇ ਮਰਹੱਟਿਆਂ ਦੀ ਸਾਂਝੀ ਫ਼ੌਜ ਨੇ ਅਫ਼ਗਾਨ ਫ਼ੌਜ ਨੂੰ ਹਾਰ ਦਿੱਤੀ।

ਪੰਜਵਾਂ ਅਫ਼ਗਾਨ ਹਮਲਾ (1759)
ਪਾਣੀਪਤ ਦੀ ਲੜਾਈ 1761, ਅਤੇ ਸਿੱਖ ਲਾਹੌਰ ਵਿਚ

1759 ਦੀ ਪਤਝੜ ਵਿਚ ਅਹਿਮਦਸ਼ਾਹ ਅਬਦਾਲੀ ਨੇ 60 ਹਜ਼ਾਰ ਅਫ਼ਗਾਨ ਅਤੇ ਪਠਾਣ ਨਾਲ ਲੈ ਕੇ ਹਮਲਾ ਕੀਤਾ। ਉਹ ਮਰਹੱਟਿਆਂ ਤੋਂ ਬਦਲਾ ਲੈਣਾ ਚਾਹੁੰਦਾ ਸੀ ਕਿਉਂ ਜੋ ਉਸ ਦੇ ਮੁਕੱਰਰ ਕੀਤੇ ਹੋਏ ਰੋਹੇਲਾ ਮੁਖੀ ਨਜੀਬ-ਉਦ-ਦੌਲਾ ਨੂੰ ਦਿੱਲੀ ਤੋਂ ਕੱਢ ਦਿੱਤਾ ਗਿਆ ਸੀ। ਦੇਸ਼ ਦੇ ਮੁਸਲਮਾਨ ਹਾਕਮਾਂ ਨੇ ਹਿੰਦੂ ਸੈਨਿਕ ਸ਼ਕਤੀ ਦੇ ਡਰ ਕਾਰਣ ਉਸ ਦੀ ਸਹਾਇਤਾ ਦੀ ਮੰਗ ਕੀਤੀ। ਅਬਦਾਲੀ ਲਾਹੌਰ ਆਇਆ ਅਤੇ ਉਸ ਦੇ 20 ਹਜ਼ਾਰ ਸਿਪਾਹੀ ਮਾਰੇ ਗਏ। ਜਹਾਨ ਖ਼ਾਂ ਵੀ ਜ਼ਖ਼ਮੀ ਹੋ ਗਿਆ। ਮਰਹੱਟਾ ਜਰਨੈਲ ਸਾਬਾਜੀ ਨੱਸ ਗਿਆ। ਸਿੱਖਾਂ ਨੇ ਅਬਦਾਲੀ ਨੂੰ ਦਿੱਲੀ ਜਾਣ ਦਿੱਤਾ। ਅਬਦਾਲੀ ਦੇ ਝੰਡੇ ਹੇਠ ਅਵਧ, ਰੋਹੇਲਾ ਤੇ ਉੱਤਰੀ ਭਾਰਤ ਦੇ ਮੁਸਲਮਾਨ ਆਉਂਦੇ ਗਏ।

1760 ਦੀ ਦੀਵਾਲੀ ਦੇ ਅਵਸਰ ਤੇ ਸਰਬੱਤ ਖਾਲਸਾ ਨੇ ਫ਼ੈਸਲਾ ਕੀਤਾ ਕਿ ਰਾਜਧਾਨੀ 'ਤੇ ਕਬਜ਼ਾ ਕੀਤਾ ਜਾਵੇ। ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖ ਸਿਪਾਹੀਆਂ ਦੀ ਅਗਵਾਈ ਕੀਤੀ। ਉਸ ਦੇ ਨਾਲ ਭੰਗੀਆਂ, ਕਨ੍ਹੱਈਆ, ਸ਼ੁਕਰਚੱਕੀਆ ਮਿਸਲ ਦੇ ਸਰਦਾਰ ਸਨ। ਲਾਹੌਰ ਦੇ ਦੁਆਲੇ ਕਬਜ਼ਾ ਸਿੱਖਾਂ ਦਾ ਹੋ ਗਿਆ। ਪਰ ਲਾਹੌਰ ਦੇ ਕਬਜ਼ੇ ਬਾਰੇ ਅਫ਼ਗਾਨਾਂ ਤੇ ਮਰਹੱਟਿਆਂ ਦੀ ਟੱਕਰ ਕਾਰਨ ਕੋਈ ਫ਼ੈਸਲਾ ਨਾ ਹੋ ਸਕਿਆ। ਸਿੱਖ 30,000 ਰੁਪਏ ਅਫ਼ਗਾਨਾਂ ਪਾਸੋਂ ਲੈ ਕੇ ਪਿੱਛੇ ਹਟ ਗਏ।

ਅਫ਼ਗਾਨਾਂ ਤੇ ਮਰਹੱਟਿਆਂ ਦੀ ਜੰਮ ਕੇ ਲੜਾਈ ਹੋਈ, ਪਰ ਕਿਹਾ ਜਾਂਦਾ ਹੈ ਕਿ ਅਸਲ ਜਿੱਤ ਸਿੱਖਾਂ ਨੇ ਪ੍ਰਾਪਤ ਕੀਤੀ। ਮਰਹੱਟਿਆਂ ਨੂੰ ਸਹਾਇਤਾ ਦੇਣ ਲਈ ਅਫ਼ਗਾਨਾਂ ਨੇ ਪਟਿਆਲੇ ਦੇ ਆਲਾ ਸਿੰਘ ਨਾਲ ਖਹਿ ਲਈ। ਪਰ ਉਹ ਜੱਸਾ ਸਿੰਘ ਆਹਲੂਵਾਲੀਆ ਦੀ ਸ਼ਰਨ ਲੈ ਕੇ ਬਚ ਗਿਆ।

ਜਦੋਂ ਮਾਰਚ 1761 ਵਿਚ ਅਬਦਾਲੀ ਵਤਨ ਜਾ ਰਿਹਾ ਸੀ ਤਾਂ ਸਿੱਖਾਂ ਨੇ ਧਾਵਾ ਬੋਲ

ਕੇ ਉਸ ਦੀ ਲੁੱਟ ਦਾ ਮਾਲ ਅਤੇ ਦੋ ਹਜ਼ਾਰ ਹਿੰਦੂ ਔਰਤਾਂ ਨੂੰ ਬਚਾਇਆ। ਇਨ੍ਹਾਂ ਨੂੰ ਲੈ ਕੇ ਉਹ ਅਫ਼ਗਾਨ ਹਰਮ ਵਿਚ ਮਿਲਾਉਣਾ ਚਾਹੁੰਦਾ ਸੀ। ਅਬਦਾਲੀ ਦੇ ਜਾਣ ਪਿੱਛੋਂ ਸਿੱਖਾਂ ਦੀ ਲੜਾਈ ਨੂਰਦੀਨ ਬਾਮਜ਼ਈ ਨਾਲ ਵੀ ਹੋਈ ਅਤੇ ਇਸ ਵਿਚ ਚੜ੍ਹਤ ਸਿੰਘ ਸੁਕਰਚੱਕੀਆ ਨੇ ਅਫ਼ਗਾਨਾਂ ਨੂੰ ਅਮਨ ਨਾਲ ਨਿਕਲ ਜਾਣ ਲਈ ਮਜਬੂਰ ਕਰ ਦਿੱਤਾ।

ਓਬੈਦ ਖ਼ਾਂ ਚੜ੍ਹਤ ਸਿੰਘ ਦਾ ਕੰਡਾ ਖਿੱਚਣਾ ਚਾਹੁੰਦਾ ਸੀ। ਉਸ ਨੇ ਗੁੱਜਰਾਂਵਾਲੇ ਦੇ ਕਿਲ੍ਹੇ ਨੂੰ ਢਾਉਣਾ ਚਾਹਿਆ। ਪਰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ, ਜੈ ਸਿੰਘ ਕਨ੍ਹੱਈਆ ਅਤੇ ਹੋਰ ਸਰਦਾਰਾਂ ਦੇ ਇਕੱਠੇ ਹੋਣ ਨਾਲ ਓਬੈਦ ਖ਼ਾਨ ਨੇ ਮੁਸ਼ਕਲ ਨਾਲ ਜਾਨ ਬਚਾਈ।

ਹੁਣ ਲਾਹੌਰ ਤਕ ਰਾਹ ਸਾਫ਼ ਸੀ।

1761 ਦੀ ਦੀਵਾਲੀ ਸਰਬੱਤ ਖ਼ਾਲਸਾ ਨੇ ਧੂਮਧਾਮ ਨਾਲ ਮਨਾਈ। ਇਕ ਵਾਰ ਮੁੜ ਲਾਹੌਰ ਤੇ ਕਬਜ਼ਾ ਕਰਨ ਲਈ ਮਤਾ ਪਾਸ ਕੀਤਾ ਗਿਆ। ਲਾਹੌਰ ਦੇ ਦਰਵਾਜ਼ੇ ਸਿੱਖਾਂ ਦੇ ਸੁਆਗਤ ਲਈ ਖੁੱਲ੍ਹ ਗਏ। ਜੱਸਾ ਸਿੰਘ ਨੂੰ ਅਸਲੀ ਰੂਪ ਵਿਚ 'ਸੁਲਤਾਨ-ਉਲ-ਕੌਮ' ਥਾਪਿਆ ਗਿਆ। ਲਾਹੌਰ ਦੇ ਕਬਜ਼ੇ ਨੂੰ ਮਨਾਉਣ ਲਈ ਨਵਾਂ ਸਿੱਕਾ ਜਾਰੀ ਕੀਤਾ ਗਿਆ। ਇਸ ਉਪਰ ਉਹੋ ਕੁਝ ਉੱਕਰਿਆ ਗਿਆ ਜਿਹੜਾ 51 ਵਰ੍ਹੇ ਪਹਿਲਾਂ ਬੰਦਾ ਬਹਾਦਰ ਨੇ ਉੱਕਰਿਆ ਸੀ। ਹੌਲੀ-ਹੌਲੀ ਉਹ ਪੰਜਾਬ ਤੋਂ ਅਫ਼ਗਾਨਾਂ ਨੂੰ ਕੱਢਣ ਵਿਚ ਲੱਗ ਗਏ।

ਅਜੇ ਕੁਝ ਕਾਰਜ ਨੇਪਰੇ ਚੜ੍ਹ ਹੀ ਰਿਹਾ ਸੀ ਕਿ ਇਹ ਖ਼ਬਰ ਆਈ ਕਿ ਅਬਦਾਲੀ ਫਿਰ ਆ ਰਿਹਾ ਹੈ ਅਤੇ ਇਸ ਵਾਰ ਖ਼ਾਸ ਤੌਰ ਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ।

ਛੇਵਾਂ ਅਫ਼ਗਾਨ ਹਮਲਾ, 1762
ਵੱਡਾ ਘੱਲੂਘਾਰਾ

ਲਾਹੌਰ ਸ਼ਹਿਰ ਦਾ ਕਿਲ੍ਹਾ ਅਫ਼ਗਾਨਾਂ ਦੇ ਹੱਥ ਸੀ, ਇਸ ਲਈ ਅਫ਼ਗਾਨਾਂ ਦੇ ਗੜ੍ਹ ਅਤੇ ਉੱਤਰ-ਪੱਛਮ ਤੋਂ ਆ ਰਹੇ ਅਫ਼ਗਾਨਾਂ ਤੋਂ ਬਚਾਓ ਲਈ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਖ਼ਾਲੀ ਕਰ ਦਿੱਤਾ। ਸਿਪਾਹੀਆਂ ਨੂੰ ਆਦੇਸ਼ ਦਿੱਤੇ ਗਏ ਕਿ ਔਰਤਾਂ ਅਤੇ ਬੱਚਿਆਂ ਨੂੰ ਸੁਰੱਖਿਅਤ ਸਥਾਨਾਂ ਤੇ ਛੱਡ ਕੇ ਆਪ ਡਿਊਟੀ ਲਈ ਆ ਜਾਣ।

ਅਬਦਾਲੀ ਲਾਹੌਰ ਵਿਚ ਮੁੜ ਦਾਖ਼ਲ ਹੋਇਆ ਅਤੇ ਦੱਖਣ ਵੱਲ ਜਾਂਦੇ ਸਿੱਖਾਂ ਦਾ ਉਸ ਪਿੱਛਾ ਕੀਤਾ। 30 ਹਜ਼ਾਰ ਸਿੱਖ ਲੜਾਕੂ ਨਹੀਂ ਸਨ : ਬੁੱਢੇ, ਇਸਤਰੀਆਂ ਅਤੇ ਬੱਚੇ। ਸਿੱਖ ਘੋੜਸਵਾਰ ਹੱਲਾ ਕਰਕੇ ਨੱਸ ਜਾਣ ਵਾਲਾ ਦਾਅ ਨਾ ਕਰ ਸਕੇ ਸਗੋਂ ਜੰਮ ਕੇ ਲੜਾਈ ਕਰਨੀ ਪਈ। ਇਸਤਰੀਆ ਅਤੇ ਬੱਚਿਆਂ ਨੂੰ ਦਰਮਿਆਨ ਵਿਚ ਰੱਖ ਕੇ ਦੁਆਲੇ ਜੀਵੰਤ ਕਿਲ੍ਹਾ ਬਣਾਇਆ ਗਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਆਲਾ ਸਿੰਘ ਉਨ੍ਹਾਂ ਦੀ ਮਦਦ ਲਈ ਪਹੁੰਚੇਗਾ। ਪਰ ਉਹ ਨਾ ਪਹੁੰਚਿਆ। ਅਫ਼ਗਾਨਾਂ ਨੇ ਸਾਰੇ ਸਿੱਖ ਬੇਰਹਿਮੀ ਨਾਲ ਕਤਲ ਕਰ ਦਿੱਤੇ। ਫ਼ਰਵਰੀ 5, 1762 ਦੇ ਇਸ ਸਾਕੇ ਨੂੰ ਸਿੱਖਾਂ ਅੰਦਰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਅਬਦਾਲੀ ਲਾਹੌਰ ਪਰਤਿਆ ਤਾਂ 50 ਗੱਡੇ ਸਿੱਖਾਂ ਦੇ ਸਿਰਾਂ ਨਾਲ ਲੱਦੇ ਹੋਏ ਸਨ ਅਤੇ ਸੈਂਕੜੇ ਸਿੱਖ ਬੇੜੀਆਂ ਵਿਚ ਜਕੜੇ ਹੋਏ। ਹਰਿਮੰਦਰ ਸਾਹਿਬ ਇਕ ਵਾਰ ਫਿਰ ਬਾਰੂਦ ਨਾਲ ਉਡਾਇਆ ਗਿਆ ਅਤੇ ਸਰੋਵਰ ਗਊਆਂ ਦੇ ਪਿੰਜਰਾਂ ਨਾਲ ਭਰ ਦਿੱਤਾ ਗਿਆ। ਅਬਦਾਲੀ ਲਾਹੌਰ ਟਿਕਿਆ ਰਿਹਾ ਅਤੇ ਉਸ ਮਰਹੱਟਿਆਂ ਨਾਲ ਸੁਲਾਹ ਕੀਤੀ। ਸ਼ਾਹ ਆਲਮ ਨੂੰ ਦਿੱਲੀ ਦਾ ਸ਼ਹਿਨਸ਼ਾਹ ਪੱਕਾ ਕੀਤਾ। ਜੰਮੂ ਦੇ ਰਾਜੇ ਨੂੰ ਕਸ਼ਮੀਰ ਜਿੱਤਣ ਵਿਚ ਸਹਾਇਤਾ

ਕੀਤੀ। ਪਰ ਸਿੱਖਾਂ ਨਾਲ ਉਸ ਦਾ ਵੈਰ ਹੀ ਰਿਹਾ। ਅਜੇ ਅਬਦਾਲੀ ਲਾਹੌਰ ਹੀ ਸੀ ਕਿ ਉਨ੍ਹਾਂ ਸਰਹੰਦ ਦੇ ਫੌਜਦਾਰ ਨੂੰ ਹਰਾਇਆ। ਸਿੱਖ ਘੋੜਸਵਾਰਾਂ ਨੇ ਦਿੱਲੀ ਅਤੇ ਲਾਹੌਰ ਵਿਚ ਸੰਚਾਰ-ਵਿਵਸਥਾ ਔਖੀ ਕਰ ਦਿੱਤੀ।

ਘੱਲੂਘਾਰੇ ਦੀ ਦੁਰਘਟਨਾ ਦੇ ਬਾਵਜੂਦ ਭਾਰੀ ਸੰਖਿਆ ਵਿਚ ਸਿੱਖ ਦੀਵਾਲੀ ਦੇ ਅਵਸਰ 'ਤੇ ਅੰਮ੍ਰਿਤਸਰ ਇਕੱਠੇ ਹੋਏ। ਅਬਦਾਲੀ ਨੇ ਏਲਚੀ ਭੇਜਿਆ ਪਰ ਸਿੱਖਾਂ ਨੇ ਉਸ ਦੀ ਬੇਇੱਜ਼ਤੀ ਕਰ ਦਿੱਤੀ। ਫਲਸਰੂਪ ਅੰਮ੍ਰਿਤਸਰ ਦੀ ਲੜਾਈ ਬੜੇ ਭਿਆਨਕ ਰੂਪ ਵਿਚ ਹੋਈ। ਸਿੱਖ ਲੱਖੀ ਜੰਗਲ ਵੱਲ ਤੇਜ਼ੀ ਨਾਲ ਚਲੇ ਗਏ ਅਤੇ ਅਬਦਾਲੀ ਲਾਹੌਰ ਦੀ ਦੀਵਾਰ ਪਿੱਛੇ ਸੁਰੱਖਿਅਤ।

ਅਫ਼ਗਾਨਿਸਤਾਨ ਵਿਚ ਗੜਬੜ ਹੋਈ ਤਾਂ ਅਬਦਾਲੀ ਨੂੰ ਪੰਜਾਬ ਛੱਡਣਾ ਪਿਆ। ਸਭ ਬੰਦੋਬਸਤ ਕਰਕੇ ਉਸ ਦਸੰਬਰ 12, 1762 ਨੂੰ ਲਾਹੌਰ ਛੱਡ ਦਿੱਤਾ। ਪਰ ਬੰਦੋਬਸਤ ਨਿਰਾ ਕਾਗ਼ਜ਼ੀ ਹੀ ਰਿਹਾ।

1763 ਦੀ ਬਸੰਤ ਤਕ ਅਬਦਾਲੀ ਦੇ ਨਾਮਜ਼ਦ ਲੋਕ ਆਪਣੇ ਟਿਕਾਣਿਆਂ ਵਿਚ ਸੀਮਤ ਸਨ। ਹਰੀ ਸਿੰਘ ਭੰਗੀ ਨੇ ਕਸੂਰ ਦੇ ਇਲਾਕੇ 'ਤੇ ਕਬਜ਼ਾ ਕੀਤਾ। ਜਲੰਧਰ ਦੁਆਬਾ ਜੱਸਾ ਸਿੰਘ ਆਹਲੂਵਾਲੀਆ ਨੇ ਮੁੜ ਜਿੱਤ ਲਿਆ। ਨਵੰਬਰ 1763 ਵਿਚ ਚੜ੍ਹਤ ਸਿੰਘ ਸ਼ੁਕਰਚੱਕੀਆ ਅਤੇ ਭੰਗੀਆਂ ਨੇ ਜਰਨੈਲ ਜਹਾਨ ਖ਼ਾਂ ਨੂੰ ਸਿਆਲਕੋਟ ਵਿਖੇ ਹਾਰ ਦਿੱਤੀ। ਮਲੇਰਕੋਟਲੇ ਦਾ ਭੀਖਣ ਖ਼ਾਂ, ਆਹਲੂਵਾਲੀਆਂ ਹੱਥੋਂ ਕਤਲ ਹੋ ਗਿਆ। ਜਨਵਰੀ 1764 ਵਿਚ ਸਰਹੰਦ 'ਤੇ ਗ਼ੁੱਸਾ ਨਿਕਲਿਆ ਤੇ ਇਥੇ ਗੁਰੂ ਗੋਬਿੰਦ ਸਿੰਘ ਦੇ ਨੀਂਹਾਂ ਵਿਚ ਚਿਣੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦੁਆਰਾ ਉਸਾਰਿਆ ਗਿਆ ਤੇ ਉਸ ਦਾ ਨਾਮ ਫਤਹਿਗੜ੍ਹ ਸਾਹਿਬ ਰਖਿਆ। ਸਰਹੰਦ 'ਤੇ ਕਾਬਜ਼ ਹੋ ਕੇ ਉਨ੍ਹਾਂ ਲਾਹੌਰ ਦੇ ਕਾਬਲੀ ਮੱਲ ਤੋਂ ਵੀ ਸ਼ਰਤਾਂ ਮਨਵਾਈਆਂ। ਹੁਣ ਉਨ੍ਹਾਂ ਦੇ ਰਾਹ ਵਿਚ ਕੋਈ ਰੋਕ ਨਾ ਰਹੀ। ਸਿੰਧ ਤੋਂ ਜਮਨਾ ਤਕ ਤੇ ਕਿਤੇ-ਕਿਤੇ ਗੰਗਾ ਤਕ ਅਤੇ ਹਿਮਾਲੀਆ ਤੋਂ ਮੁਲਤਾਨ ਦੇ ਸਿਰੇ ਤਕ ਸਿੱਖਾਂ ਦਾ ਹੀ ਬੋਲਬਾਲਾ ਸੀ। ਪਰ ਇਸ ਤੋਂ ਪਹਿਲਾਂ ਕਿ ਸਿੱਖ ਇਸ ਪੁਨਰ-ਫਤਹਿ ਦੇ ਜਸ਼ਨ ਦੀਵਾਲੀ ਦੇ ਮੇਲੇ ਤੇ ਮਨਾ ਸਕਦੇ, ਅਬਦਾਲੀ ਮੁੜ ਹਮਲੇ ਲਈ ਤਿਆਰ ਹੋ ਗਿਆ।

ਸੱਤਵਾਂ ਅਫ਼ਗਾਨ ਹਮਲਾ, 1764

ਲਾਹੌਰ ਮੁੜ ਸਿੱਖ ਕਬਜ਼ੇ ਵਿਚ, ਲੜਾਈ ਦਿੱਲੀ ਤੋਂ ਪਾਰ

ਅਕਤੂਬਰ 1764 ਵਿਚ 18 ਹਜ਼ਾਰ ਅਫ਼ਗਾਨ ਸਿੰਧ ਪਾਰ ਕਰ ਗਏ ਅਤੇ ਏਮਨਾਬਾਦ ਵਿਖੇ 12 ਹਜ਼ਾਰ ਬਲੋਚੀ ਹੋਰ ਉਨ੍ਹਾਂ ਨਾਲ ਮਿਲ ਗਏ। ਇਹ ਫ਼ੌਜ ਲਾਹੌਰ ਵੱਲ ਵਧੀ ਜਿਥੇ ਕਾਬਲੀ ਮੱਲ ਨੇ ਉਨ੍ਹਾਂ ਦਾ ਸੁਆਗਤ ਕੀਤਾ।

ਸਿੱਖਾਂ ਨੂੰ ਆਪਣੇ ਪੁਰਾਣੇ ਢੰਗ-ਤਰੀਕੇ ਅਪਨਾਉਣੇ ਪਏ। ਨੂਰ ਮੁਹੰਮਦ ਲਿਖਦਾ ਹੈ ਕਿ ਉਹ ਚੋਰੀ-ਛੁਪੇ ਆਉਂਦੇ ਅਤੇ ਬਘਿਆੜਾਂ ਵਾਂਗ ਅਫ਼ਗਾਨਾਂ ਅਤੇ ਬਲੋਚਾਂ 'ਤੇ ਟੁੱਟ ਪੈਂਦੇ। ਇਹ ਹਾਲਤ ਮਹੀਨਾ ਭਰ ਚਲਦੀ ਰਹੀ। ਅਬਦਾਲੀ ਅੰਮ੍ਰਿਤਸਰ ਵੱਲ ਵਧਿਆ। ਦੋ ਸਾਲ ਪਹਿਲਾਂ ਡੇਢ ਮੀਲ ਸਫ਼ਰ ਦੋ ਦਿਨਾਂ ਵਿਚ ਕੀਤਾ ਸੀ ਪਰ ਹੁਣ ਪੈਂਤੀ ਮੀਲ ਚਾਰ ਦਿਨਾਂ ਵਿਚ ਪੂਰਾ ਹੋ ਸਕਿਆ। ਸੁੰਨੀਆਂ ਗਲੀਆਂ ਰਾਹੀਂ ਉਹ ਹਰਿਮੰਦਰ ਸਾਹਿਬ ਵੱਲ ਵਧੇ। ਪਰ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਉਥੇ 30 ਹਜ਼ਾਰ ਸਿੱਖ ਤਿਆਰ-ਬਰ-ਤਿਆਰ ਖੜ੍ਹੇ ਸਨ ਤਾਂ ਜੋ ਗੁਰੂ ਤੋਂ ਜਾਨ ਕੁਰਬਾਨ ਕਰ ਸਕਣ। ਇਨ੍ਹਾਂ ਦੀ ਅਗਵਾਈ ਖੇਮਕਰਨ ਦਾ ਗੁਰਬਖ਼ਸ਼ ਸਿੰਘ ਕਰ ਰਿਹਾ ਸੀ। ਇਹ ਸਭ ਸ਼ਹੀਦਾਂ ਨਾਲ ਰਲ ਗਏ।

ਤੀਜੀ ਵਾਰ ਹਰਿਮੰਦਰ ਸਾਹਿਬ ਨੂੰ ਉਡਾਇਆ ਗਿਆ ਅਤੇ ਸਰੋਵਰ ਮਰੀਆਂ ਗਊਆਂ ਨਾਲ ਪੂਰਿਆ ਗਿਆ।

ਅੰਮ੍ਰਿਤਸਰ ਵਿਚ ਕੋਈ ਲੁੱਟ ਦਾ ਮਾਲ ਨਾ ਮਿਲਿਆ ਅਤੇ ਤੀਹ ਸਿੱਖ ਸ਼ਹੀਦ ਹੋ ਗਏ। ਅਬਦਾਲੀ ਨੇ ਬਟਾਲੇ ਵੱਲ ਮੂੰਹ ਕੀਤਾ ਅਤੇ ਅੰਨ੍ਹੇਵਾਹ ਸਿੱਖਾਂ ਤੇ ਗ਼ੈਰ-ਸਿੱਖਾਂ ਦੇ ਆਹੂ ਲਾਹੁੰਦਾ ਗਿਆ। ਲੋਕੀਂ ਜਾਨਾਂ ਬਚਾਉਣ ਲਈ ਜਿਧਰ ਆਸਰਾ ਮਿਲਿਆ, ਨੱਠ ਗਏ। ਧਾੜਵੀਆਂ ਹੱਥ ਜੋ ਵੀ ਸੂਈ-ਸਿਲਾਈ ਆਈ, ਸਭ ਲੁੱਟ ਲਿਆ। ਅਫ਼ਗਾਨਾਂ ਦੇ ਇਸ ਹੱਲੇ ਬਾਰੇ ਕਹਾਵਤ ਚਲਦੀ ਹੈ:

ਖਾਧਾ ਪੀਤਾ ਲਾਹੇ ਦਾ
ਬਾਕੀ ਅਹਿਮਦ ਸ਼ਾਹੇ ਦਾ।

ਇਸ ਤਰ੍ਹਾਂ ਲੁੱਟਮਾਰ ਕਰਦਾ ਅਹਿਮਦ ਸ਼ਾਹ ਅਬਦਾਲੀ ਜਲੰਧਰ ਦੁਆਬਾ ਲੰਘ ਕੇ ਪਿੰਜੌਰ, ਤੇ ਉਥੋਂ ਕੁੰਜਪੁਰੇ ਫਰਵਰੀ 1765 ਨੂੰ ਪਹੁੰਚ ਗਿਆ। ਨਸੀਰ ਖ਼ਾਂ ਬਲੋਚ ਨੇ ਸਲਾਹ ਦਿੱਤੀ ਕਿ ਸਿੱਖਾਂ ਨੂੰ ਇਨ੍ਹਾਂ ਦੇ ਸਾਥੀਆਂ ਪਾਸੋਂ ਮਰਵਾਓ। ਸਿੱਟੇ ਵਜੋਂ ਪਟਿਆਲੇ ਦੇ ਆਲਾ ਸਿੰਘ ਨੂੰ ਰਾਜੇ ਦਾ ਖ਼ਿਤਾਬ, ਨਗਾਰਾ ਅਤੇ ਝੰਡਾ ਦਿੱਤਾ ਗਿਆ। ਆਲਾ ਸਿੰਘ ਨੇ ਅਫ਼ਗਾਨਾਂ ਨੂੰ ਸਾਢੇ ਤਿੰਨ ਲੱਖ ਰੁਪਏ ਸਲਾਨਾ ਦੇਣੇ ਸਵੀਕਾਰ ਕੀਤੇ।

ਅਬਦਾਲੀ ਵਾਪਸ ਤੁਰਿਆ ਤਾਂ ਸਤਲੁਜ ਟੱਪਿਆ ਹੀ ਸੀ ਕਿ ਸਿੱਖਾਂ ਨੇ ਫਿਰ ਹਮਲਾ ਕਰ ਦਿੱਤਾ। ਸਿੱਖ ਜੱਥੇ ਮਾਰੋ-ਮਾਰ ਕਰਦੇ ਤੇ ਦੌੜ ਜਾਂਦੇ। ਜੰਗ ਦੇ ਮੈਦਾਨ ਤੋਂ ਨੱਸਦੇ ਨਾ ਸਗੋਂ ਇਹ ਜੰਗੀ ਜੁਗਤ ਸੀ।

ਅਬਦਾਲੀ ਦੇ ਜਾਣ ਤੋਂ ਥੋੜ੍ਹੇ ਦਿਨਾਂ ਪਿੱਛੋਂ ਵਸਾਖੀ ਲਈ ਅਪ੍ਰੈਲ 10, 1765 ਤੇ ਮੁੜ ਸਰਬੱਤ ਖਾਲਸਾ ਜੁੜਿਆ। ਸਰੋਵਰ ਸਾਫ਼ ਕੀਤਾ ਗਿਆ। ਹਰਿਮੰਦਰ ਮੁੜ ਉਸਾਰਿਆ ਗਿਆ। ਮਰਯਾਦਾ ਆਰੰਭ ਹੋਈ। ਅਬਦਾਲੀ ਦਾ ਸੂਬੇਦਾਰ ਜੰਮੂ ਗਿਆ ਹੋਇਆ ਸੀ। ਇਸ ਲਈ ਇਸ ਅਵਸਰ ਦਾ ਲਾਭ ਲਿਆ ਗਿਆ ਕਿ ਲਾਹੌਰ 'ਤੇ ਮੁੜ ਕਬਜ਼ਾ ਹੋ ਸਕੇ।

ਅਪ੍ਰੈਲ 10, 1765 ਨੂੰ ਗੁੱਜਰ ਸਿੰਘ ਅਤੇ ਲਹਿਣਾ ਸਿੰਘ ਭੰਗੀ ਰਾਜਧਾਨੀ ਵਿਚ ਦਾਖ਼ਲ ਹੋਏ। ਸੋਭਾ ਸਿੰਘ ਕਨ੍ਹੱਈਆ ਵੀ ਆ ਮਿਲਿਆ। ਇਲਾਕੇ ਦੇ ਹਿੱਸੇ ਸੰਭਾਲ ਲਏ ਗਏ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਮ 'ਤੇ ਚਾਂਦੀ ਦਾ ਸਿੱਕਾ ਜਾਰੀ ਕਰ ਦਿੱਤਾ ਗਿਆ।

ਲਹਿਣਾ ਸਿੰਘ ਦੇ ਹਿੱਸੇ ਮਹੱਤਵਪੂਰਨ ਹਿੱਸਾ ਆਇਆ। ਉਹ ਮੁਸਲਮਾਨਾਂ ਤੇ ਮੁੱਲਾਂ-ਮੌਲਾਣਿਆਂ ਦਾ ਦਿਲ ਜਿੱਤਣ ਵਿਚ ਸਫਲ ਹੋ ਗਿਆ। ਸਿੱਖਾਂ ਨੂੰ ਕਾਫ਼ਰ ਸਮਝਣ ਦੀ ਥਾਂ ਪੰਜਾਬੀ ਸਮਝਣ ਲੱਗੇ ਅਤੇ ਅਫ਼ਗਾਨਾਂ ਨੂੰ ਵਿਦੇਸ਼ੀ।

ਦਿੱਲੀ ਦੇ ਉੱਤਰ ਵੱਲ ਲੁੱਟਮਾਰ ਕਰਦੇ ਨਜੀਬ-ਉਦ-ਦੌਲਾ ਦੀਆਂ ਫ਼ੌਜਾਂ ਨਾਲ ਝੜਪਾਂ ਲੈਂਦੇ ਤੇ ਰੋਹੇਲਿਆਂ ਨਾਲ ਹੱਥ ਕਰਦੇ ਸਿੱਖ ਭਰਤਪੁਰ ਦੇ ਜਾਟਾਂ ਨਾਲ ਮਿਲ ਗਏ। ਮਾਰਚ 1766 ਵਿਚ ਸਿੱਖਾਂ ਅਤੇ ਜਾਟਾਂ ਨੇ ਮਿਲ ਕੇ ਮਰਹੱਟਿਆਂ ਨੂੰ ਹਾਰ ਦਿੱਤੀ। ਜਾਟਾਂ ਨੇ ਧੌਲਪੁਰ ਤੇ ਕਬਜ਼ਾ ਕਰ ਲਿਆ। ਮੱਧ ਪ੍ਰਦੇਸ਼ ਤੋਂ ਮੁੜਦਿਆਂ ਜਦੋਂ ਸਿੱਖ ਦਿੱਲੀ ਵੱਲ ਵਧਣ ਲੱਗੇ ਤਾਂ ਰੋਹੇਲਿਆਂ ਤੇ ਸ਼ਾਹੀ ਫ਼ੌਜਾਂ ਨੇ ਸਿੱਖਾਂ ਨਾਲ ਤਕੜੇ ਹੱਥ ਕੀਤੇ, ਅਤੇ ਸਭ ਕੁਝ ਲੁੱਟ-ਪੁੱਟ ਲਿਆ।

ਭੰਗੀ ਸਰਦਾਰਾਂ ਝੰਡਾ ਸਿੰਘ ਅਤੇ ਗੰਡਾ ਸਿੰਘ ਦੀ ਅਗਵਾਈ ਹੇਠ ਸਿੱਖ ਦੱਖਣ ਵੱਲ ਰਾਜ ਵਧਾ ਰਹੇ ਸਨ। 1766 ਦੀ ਪਤਝੜ ਵਿਚ ਪਾਕਪਟਨ ਜਿੱਤ ਲਿਆ ਅਤੇ

ਮੁਲਤਾਨ ਵੱਲ ਵਧੇ। ਪਰ ਇਹ ਮੋਰਚਾ ਛੱਡਣਾ ਪਿਆ। ਕਿਉਂ ਜੋ ਅਬਦਾਲੀ ਮੁੜ ਪੰਜਾਬ ਆ ਗਿਆ ਸੀ ਅਤੇ ਅਫ਼ਗਾਨਾਂ ਵਿਰੁੱਧ ਸਾਰੀਆਂ ਮਿਸਲਾਂ ਦਾ ਇਕਮੁੱਠ ਹੋਣਾ ਜ਼ਰੂਰੀ ਸੀ।

ਅੱਠਵਾਂ ਅਫ਼ਗਾਨ ਹਮਲਾ, 1766

ਨਵੰਬਰ 1766 ਵਿਚ ਅਬਦਾਲੀ ਨੇ ਪੰਜਾਬ 'ਤੇ ਅੱਠਵੀਂ ਵਾਰ ਹਮਲਾ ਕੀਤਾ। ਉਸ ਦਾ ਉਦੇਸ਼ ਸਿੱਖਾਂ ਨੂੰ ਖ਼ਤਮ ਕਰਨਾ ਸੀ। ਸਿਆਲਕੋਟ ਤੋਂ ਹੁੰਦਾ ਹੋਇਆ ਅਬਦਾਲੀ ਦਸੰਬਰ 1766 ਨੂੰ ਲਾਹੌਰ ਪਹੁੰਚ ਗਿਆ। ਸਿੱਖਾਂ ਵਲੋਂ ਅੱਛੇ ਸਲੂਕ ਦੇ ਹੋਣ ਕਰਕੇ ਉਨ੍ਹਾਂ ਮੁਸਲਮਾਨਾਂ ਨੇ ਬੇਨਤੀ ਕੀਤੀ ਕਿ ਲਹਿਣਾ ਸਿੰਘ ਨੂੰ ਲਾਹੌਰ ਦੀ ਸੂਬੇਦਾਰੀ ਸੌਂਪੀ ਜਾਵੇ। ਇਕ ਤਸ਼ਤਰੀ ਵਿਚ ਅਫ਼ਗਾਨਿਸਤਾਨ ਦੇ ਸੁੱਕੇ ਮੇਵੇ ਭੇਜੇ। ਮੋੜ ਵਜੋਂ ਛੋਲਿਆਂ ਦੀ ਮੁੱਠ ਭੇਜੀ ਗਈ ਤੇ ਇਹ ਸੰਦੇਸ਼ ਦਿੱਤਾ ਗਿਆ ਕਿ ਗ਼ਰੀਬਾਂ ਲਈ ਇਹ ਅੰਨ ਹੈ, ਮੇਵੇ ਤਾਂ ਸ਼ਾਹਾਂ ਲਈ ਹਨ। ਪਰ ਲਹਿਣਾ ਸਿੰਘ ਨੇ ਇਹ ਪੇਸ਼ਕਸ਼ ਸਵੀਕਾਰ ਨਾ ਕੀਤੀ। ਅਬਦਾਲੀ ਹੈਰਾਨ ਸੀ ਕਿ ਇਹ ਕਿਹੋ ਜਿਹੇ ਲੋਕ ਹਨ, ਜੋ ਸੂਬੇਦਾਰੀ ਠੁਕਰਾਉਂਦੇ ਹਨ। ਦੋਸਤੀ ਕਰਦੇ ਨਹੀਂ, ਜੰਮ ਕੇ ਲੜਦੇ ਨਹੀਂ। ਜਦੋਂ ਉਸ ਨੇ ਸਿੱਖਾਂ ਦਾ ਪਿੱਛਾ ਸਰਹੰਦ ਵੱਲ ਕੀਤਾ ਤਾਂ ਲਾਹੌਰ ਨੇੜੇ ਉਸ ਦਾ ਸਾਮਾਨ ਲੁੱਟ ਲਿਆ। ਅਬਦਾਲੀ ਨੂੰ ਲਾਹੌਰ ਬਚਾਉਣ ਲਈ ਵਾਪਸ ਮੁੜਨਾ ਪਿਆ।

ਜਨਵਰੀ 1767 ਵਿਚ ਅਬਦਾਲੀ ਦਾ ਜਰਨੈਲ ਜਹਾਨ ਖ਼ਾਂ ਅੰਮ੍ਰਿਤਸਰ ਵੱਲ ਵਧਿਆ। ਸਰੋਵਰ ਸਾਫ਼ ਕਰਨ ਤੇ ਹਰਿਮੰਦਰ ਉਸਾਰਨ ਨਾਲ ਸਿੱਖਾਂ ਦੇ ਹੌਸਲੇ ਵਧ ਚੁੱਕੇ ਸਨ। ਸਾਰੀਆਂ ਮਿਸਲਾਂ ਨੇ ਮਿਲ ਕੇ ਜਹਾਨ ਖ਼ਾਂ ਦੇ ਪੰਜ ਹਜ਼ਾਰ ਸਿਪਾਹੀ ਮਾਰ ਦਿੱਤੇ ਤੇ ਪਿੱਛੋਂ ਅਬਦਾਲੀ ਉਸ ਦੀ ਮਦਦ ਲਈ ਆ ਪੁੱਜਾ।

ਅਬਦਾਲੀ ਨੇ ਅੰਮ੍ਰਿਤਸਰ ਤੇ ਕਬਜ਼ਾ ਕੀਤਾ ਪਰ ਹਰਿਮੰਦਰ ਨੂੰ ਨਹੀਂ ਛੇੜਿਆ। ਉਸ ਨੂੰ ਦੱਸਿਆ ਗਿਆ ਕਿ ਗੁਰਧਾਮ ਦੀ ਬੇਅਦਬੀ ਨਾਲ ਸਿੱਖਾਂ ਵਿਚ ਰੋਹ ਵਧਦਾ ਹੈ। ਅਬਦਾਲੀ ਜਲੰਧਰ ਦੋਆਬੇ ਵੱਲ ਵਧਿਆ। ਪੇਂਡੂ ਲੋਕ ਅਫ਼ਗਾਨਾਂ ਦੇ ਵਿਰੁੱਧ ਸਨ। ਇਕ ਸਮਕਾਲੀ ਅਨੁਸਾਰ ਸਿੱਖ ਰਾਤ ਨੂੰ ਆਉਂਦੇ, ਖਾ-ਪੀ ਕੇ ਆਰਾਮ ਕਰ, ਸਵੇਰੇ ਤੁਰ ਜਾਂਦੇ ਤੇ ਸ਼ਾਹੀ ਫ਼ੌਜਾਂ ਲਈ ਮੁਸੀਬਤ ਖੜ੍ਹੀ ਕਰ ਦਿੰਦੇ।

ਅਬਦਾਲੀ ਸਤਲੁਜ ਲੰਘ ਮਾਲਵਾ ਪਹੁੰਚਿਆ। ਉਥੇ ਨਜੀਬ-ਉਦ-ਦੌਲਾ ਤੇ ਪਟਿਆਲੇ ਦਾ ਅਮਰ ਸਿੰਘ ਆ ਮਿਲਿਆ। ਅਮਰ ਸਿੰਘ ਨੂੰ ਉਸ ਸਰਹੰਦ ਦਾ ਜ਼ਿਲ੍ਹਾ ਸੌਂਪਿਆ ਅਤੇ ਰਾਜਾ-ਏ-ਰਾਜਗਾਨ ਦਾ ਸ਼ਾਹੀ ਖ਼ਿਤਾਬ ਦਿੱਤਾ। ਨਜੀਬ-ਉਦ-ਦੌਲਾ ਨੂੰ ਰਾਜ ਦੀ ਜ਼ਿੰਮੇਵਾਰੀ ਦੇ ਕੇ ਅਬਦਾਲੀ ਅਜੇ ਸਿੰਧ ਪਾਰ ਹੀ ਕਰ ਰਿਹਾ ਸੀ ਕਿ ਤਿੰਨਾਂ ਸਰਦਾਰਾਂ ਨੇ ਮੁੜ ਲਾਹੌਰ 'ਤੇ ਕਬਜ਼ਾ ਕਰ ਲਿਆ। ਅਫ਼ਗਾਨ ਹਾਕਮ ਹੁਣ ਸ਼ਹਿਰੀਆਂ ਦੀ ਮਦਦ ਨਹੀਂ ਲੈ ਸਕਦਾ ਸੀ। ਮੁਸਲਮਾਨਾਂ ਨੇ ਵੀ ਸਿੱਖਾਂ ਦਾ ਪੱਖ ਪੂਰਿਆ ਅਤੇ ਦਰਖ਼ਾਸਤ ਕੀਤੀ ਕਿ ਰਾਜਧਾਨੀ ਲਹਿਣਾ ਸਿੰਘ ਨੂੰ ਸੌਂਪ ਦਿਓ।

1767 ਦੇ ਅੰਤ ਤਕ ਸਾਰੇ ਪੰਜਾਬ 'ਤੇ ਸਿੱਖਾਂ ਦਾ ਕਬਜ਼ਾ ਸੀ। ਫ਼ਸਲਾਂ ਉੱਗਦੀਆਂ, ਮਾਮਲੇ ਉਗਰਾਹੇ ਜਾਂਦੇ। ਅੱਜ ਵੀ ਉਨ੍ਹਾਂ ਇਲਾਕਿਆਂ ਨੂੰ ਜੋਧ ਸਿੰਘ ਦੀ ਪੱਟੀ ਜਾਂ ਦੀਵਾਨ ਸਿੰਘ ਜਾਂ ਹਿੰਮਤ ਸਿੰਘ ਦੀ ਪੱਟੀ ਕਿਹਾ ਜਾਂਦਾ ਹੈ। ਉਗਰਾਹੀ ਵਿੱਤ ਮੁਤਾਬਕ ਦੋ ਤੋਂ ਪੰਜ ਰੁਪਏ ਫ਼ੀ ਆਦਮੀ ਹੁੰਦੀ ਸੀ। ਉਗਰਾਹੀ ਨਾ ਦੇਣ ਵਾਲੇ ਨੂੰ ਸਖ਼ਤੀ ਸਹਾਰਨੀ ਪੈਂਦੀ ਸੀ।

ਨੌਵਾਂ ਅਫ਼ਗਾਨ ਹਮਲਾ, 1769

ਪੰਜਾਬ ਨੂੰ ਫ਼ਤਹਿ ਕਰਨ ਲਈ ਅਬਦਾਲੀ ਨੇ ਆਖ਼ਰੀ ਹਮਲਾ 1769 ਵਿਚ ਕੀਤਾ। ਪਰ ਹੁਣ ਉਹ ਚੱਲਿਆ ਹੋਇਆ ਕਾਰਤੂਸ ਰਹਿ ਗਿਆ ਤੇ ਜਿਹਲਮ ਤੋਂ ਅੱਗੇ ਨਾ ਲੰਘ ਸਕਿਆ। ਬੀਮਾਰ ਅਤੇ ਟੁੱਟਿਆ ਹੋਇਆ ਉਹ ਕੰਧਾਰ ਵਾਪਸ ਆ ਗਿਆ। ਅਕਤੂਬਰ 23, 1772 ਨੂੰ ਉਸ ਦਾ ਦੇਹਾਂਤ ਹੋ ਗਿਆ। ਉਸ ਦੀ ਕਬਰ ਤੇ ਇਹ ਕੁਤਬਾ ਲਿਖਿਆ ਹੈ : "ਉਸਦੀਆਂ ਜਿੱਤਾਂ ਨਾਲ ਦੁਸ਼ਮਣਾਂ ਦੇ ਕੰਨ ਬੋਲੇ ਹੋ ਜਾਂਦੇ।" ਸਿੱਖ ਹੀ ਉਸ ਦੇ ਸ਼ੱਤਰੂ ਸਨ ਪਰ ਉਹ ਇਸ ਕੰਨ ਤੋਂ ਸੁਣਦੇ ਤੇ ਦੂਜੇ ਰਾਹੀਂ ਬਾਹਰ ਕੱਢ ਛੱਡਦੇ।

ਅਬਦਾਲੀ ਸਿੱਖਾਂ ਦਾ ਜਾਨੀ ਦੁਸ਼ਮਣ ਸੀ। ਪਰ ਉਹ ਇਕ ਤਰ੍ਹਾਂ ਨਾਲ ਖ਼ੈਰਖਾਹ ਵੀ ਸੀ। ਉਸ ਦੇ ਲਗਾਤਾਰ ਹਮਲਿਆਂ ਨਾਲ ਪੰਜਾਬ ਵਿਚ ਮੁਗ਼ਲ ਰਾਜ ਹਿੱਲ ਗਿਆ ਅਤੇ ਪਾਣੀਪੱਤ ਵਿਖੇ ਉਸ ਮਰਹੱਟਿਆਂ ਨੂੰ ਕਰਾਰੀ ਸੱਟ ਮਾਰੀ। ਇਸ ਤਰ੍ਹਾਂ ਪੰਜਾਬ ਵਿਚ ਉਸ ਤਾਕਤ ਦਾ ਖੱਪਾ ਪੈਦਾ ਕੀਤਾ, ਜਿਸ ਨੂੰ ਸਿੱਖਾਂ ਨੇ ਪੂਰਾ ਕੀਤਾ।

ਸਿੱਖ ਆਪਣੇ ਨਾਲੋਂ ਭਾਰੀ ਗਿਣਤੀ ਦੀ ਫ਼ੌਜ ਨਾਲ ਟੱਕਰ ਲੈ ਲੈਂਦੇ। ਜਦੋਂ ਜੰਗ ਦਾ ਰੁਖ਼ ਉਨ੍ਹਾਂ ਦੇ ਖ਼ਿਲਾਫ਼ ਹੋ ਜਾਂਦਾ ਤਾਂ ਇਕਦਮ ਅਲੋਪ ਹੋ ਜਾਂਦੇ। ਸਿੱਖਾਂ ਨਾਲ ਲੜਨਾ ਤਾਂ ਇਕ ਤਰ੍ਹਾਂ ਦਾ ਪੌਣ ਨੂੰ ਜਾਲ ਵਿਚ ਬੰਨ੍ਹਣਾ ਸੀ। ਸਿੱਖਾਂ ਦੀ ਇਹ ਜੁਗਤ ਇਸ ਕਾਰਨ ਸਫਲ ਹੋ ਸਕੀ ਕਿਉਂਜੇ ਲੋਕ ਉਨ੍ਹਾਂ ਦਾ ਸਾਥ ਦਿੰਦੇ ਸਨ। ਪਿੰਡਾਂ ਦੇ ਕਿਸਾਨ ਉਨ੍ਹਾਂ ਨੂੰ ਰੋਟੀ ਖੁਆਉਂਦੇ, ਫੱਟਾਂ ਤੇ ਮਲ੍ਹਮ-ਪੱਟੀ ਕਰਦੇ ਅਤੇ ਨੱਸ ਕੇ ਆਇਆਂ ਨੂੰ ਆਸਰਾ ਦਿੰਦੇ। ਸਿੱਖ ਚੰਗੇ ਭਾਗਾਂ ਵਾਲੇ ਸਨ ਕਿ ਉਨ੍ਹਾਂ ਨੂੰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ, ਚੜ੍ਹਤ ਸਿੰਘ ਸੂਰਮੇ ਆਗੂ ਮਿਲੇ ਸਨ। ਮੁਕਾਬਲੇ ਤੇ ਅਬਦਾਲੀ ਦਾ ਬੇਟਾ ਅਤੇ ਜਰਨੈਲ ਸਾਧਾਰਨ ਯੋਗਤਾ ਦੇ ਮਾਲਕ ਸਨ। ਨਾਲ ਹੀ ਇਹ ਵੀ ਗੱਲ ਸੀ ਕਿ ਅਬਦਾਲੀ ਨੂੰ ਜਿੱਤਾਂ ਦਾ ਲਾਭ ਲੈਣ ਦਾ ਅਵਸਰ ਨਹੀਂ ਮਿਲਿਆ ਕਿਉਂ ਜੋ ਉਸ ਨੂੰ ਘਰ ਵਿਚ ਹੁੰਦੀ ਬਗ਼ਾਵਤ ਜਾਂ ਗੜਬੜ ਮਿਟਾਉਣ ਲਈ ਵਾਪਸ ਜਾਣਾ ਪੈਂਦਾ ਸੀ। ਸਿੱਟੇ ਵਜੋਂ ਜੋ ਕੁਝ ਫ਼ੌਜੀ ਤਾਕਤ ਨਾਲ ਜਿੱਤਦਾ ਉਹ ਉਸ ਦੇ ਅਹਿਲਕਾਰ ਸਰਦਾਰਾਂ ਹੱਥੋਂ ਖੁੱਸ ਜਾਂਦਾ।

ਅਬਦਾਲੀ ਨੇ ਹੋਰਨਾਂ ਨਾਲੋਂ ਵੱਧ ਸਿੱਖਾਂ ਦਾ ਖ਼ੂਨ ਡੋਲ੍ਹਿਆ। ਪਰ ਉਹ ਇਕ ਗੱਲ ਸਿੱਖ ਗਿਆ ਕਿ ਕੋਈ ਵੀ ਕੌਮ ਓਨੀ ਦੇਰ ਤਕ ਸ਼ਕਤੀਸ਼ਾਲੀ ਨਹੀਂ ਹੋ ਸਕਦੀ ਜਦੋਂ ਤਕ ਉਹ ਖ਼ੂਨ ਨਹੀਂ ਵਹਾਅ ਸਕਦੀ।

ਕਾਂਡ—9

ਸਿੰਧ ਤੋਂ ਗੰਗਾ ਤਕ

ਅਫ਼ਗਾਨ ਹਮਲੇ ਉਪਰੰਤ

ਅਹਿਮਦ ਸ਼ਾਹ ਅਬਦਾਲੀ ਦੀ ਮੌਤ ਨਾਲ ਪੰਜਾਬ ਅੰਦਰ ਅਜੀਬ ਹਾਲਤ ਪੈਦਾ ਹੋ ਗਈ। ਅਬਦਾਲੀ ਦਾ ਪੁੱਤਰ ਅਤੇ ਤਖ਼ਤ ਦਾ ਵਾਰਿਸ, ਤੈਮੂਰ ਤਾਂ ਇੰਨਾ ਕੁਝ ਕਰ ਸਕਿਆ ਕਿ ਆਪਣੇ ਪਿਤਾ ਵੱਲੋਂ ਫ਼ਤਹਿ ਕੀਤੇ ਸਿੰਧ ਦੇ ਪੱਛਮ ਦੇ ਇਲਾਕੇ ਅਤੇ ਉਨ੍ਹਾਂ ਨਾਲ ਲਗਦੇ ਕਸ਼ਮੀਰ, ਬਹਾਵਲਪੁਰ, ਮੁਲਤਾਨ (ਇਹ ਭੰਗੀਆਂ ਕੋਲੋਂ 1780 ਵਿਚ ਜਿੱਤਿਆ ਸੀ) ਅਤੇ ਸਿੰਧ ਨੂੰ ਸੰਭਾਲੇ। ਪੂਰਬੀ ਪਾਸੇ ਹਾਲਤ ਕਾਫ਼ੀ ਹੱਦ ਤਕ ਡਾਵਾਂਡੋਲ ਰਹੀ। ਮੁਗ਼ਲ ਬਾਦਸ਼ਾਹ ਅੰਗਰੇਜ਼ਾਂ ਦੇ ਦਬਾਓ ਹੇਠ ਅਲਾਹਾਬਾਦ ਵਿਖੇ ਰਹਿ ਰਿਹਾ ਸੀ। ਅਵਧ ਦੇ ਨਵਾਬ ਵਜ਼ੀਰ ਉਪਰ ਵੀ ਹਿਫ਼ਾਜ਼ਤੀ ਹੱਥ ਰਖਿਆ ਹੋਇਆ ਸੀ। ਅਜੇ ਅੰਗਰੇਜ਼ਾਂ ਦਾ ਦਿਲ ਗੰਗਾ ਤੋਂ ਅੱਗੇ ਜਾਣ ਦਾ ਨਹੀਂ ਸੀ। ਬਾਦਸ਼ਾਹ ਦੀ ਗ਼ੈਰ-ਹਾਜ਼ਰੀ ਵਿਚ ਦਿੱਲੀ ਦਾ ਪ੍ਰਬੰਧ ਨਜੀਬ-ਉਦ-ਦੌਲਾ ਕਰ ਰਿਹਾ ਸੀ। ਅਜਿਹੀ ਹਾਲਤ ਉਦੋਂ ਤਕ ਰਹੀ ਜਦੋਂ ਤਕ ਦਿੱਲੀ ਉਪਰ ਮਰਹੱਟਿਆਂ ਦਾ ਕਬਜ਼ਾ ਨਹੀਂ ਹੋ ਗਿਆ। ਭਾਵੇਂ ਪਾਣੀਪਤ ਦੇ ਖੇਤਰ ਵਿਚ ਉਨ੍ਹਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ, ਪਰ ਅੱਠ ਸਾਲਾਂ ਅੰਦਰ ਉਨ੍ਹਾਂ ਇੰਨੀ ਤਾਕਤ ਬਣਾ ਲਈ ਸੀ ਕਿ ਉਹ ਕਿਸੇ ਵੀ ਵਿਰੋਧੀ ਦਾ ਮੁਕਾਬਲਾ ਕਰ ਸਕਣ। 1769 ਵਿਚ ਮਾਧਵ ਰਾਓ ਪੇਸ਼ਵਾ ਨੇ ਮੁਗ਼ਲ ਬਾਦਸ਼ਾਹ ਅਤੇ ਉਸ ਦੇ ਨਾਇਬ ਨਜੀਬ-ਉਦ-ਦੌਲਾ ਨਾਲ ਗੱਲ-ਬਾਤ ਸ਼ੁਰੂ ਕੀਤੀ। ਤਿੰਨ ਸਾਲ ਉਪਰੰਤ (ਜਿਸ ਸਾਲ ਅਬਦਾਲੀ ਦੀ ਮੌਤ ਹੋਈ, ਮਾਧਵ ਜੀ ਸਿੰਧੀਆ ਨੇ ਸ਼ਾਹ ਆਲਮ-2 ਨੂੰ ਮੁੜ ਦਿੱਲੀ ਵਿਖੇ ਲਾਲ ਕਿਲ੍ਹੇ ਦੇ ਤਖ਼ਤ 'ਤੇ ਬਿਠਾ ਦਿੱਤਾ ਜਿਹੜਾ ਉਸ ਦੇ ਵਡੇਰਿਆਂ ਦਾ ਸੀ। ਰਾਜਧਾਨੀ ਅੰਦਰ ਕੁਝ ਅਮਨ-ਅਮਾਨ ਬਹਾਲ ਹੋਇਆ।

ਇਕ ਪਾਸੇ ਮੁਗ਼ਲ ਨਿੱਸਲ ਤੇ ਖ਼ਾਮੋਸ਼ ਸਨ ਅਤੇ ਦੂਜੇ ਪਾਸੇ ਮਰਹੱਟੇ ਦਿੱਲੀ ਉਤੇ ਆਪਣਾ ਕਬਜ਼ਾ ਜਮਾਈ ਰੱਖਣਾ ਚਾਹੁੰਦੇ ਸਨ। ਇਕ ਪ੍ਰਕਾਰ ਸਿੰਧ ਤੋਂ ਜਮਨਾ ਤਕ ਦਾ ਇਲਾਕਾ ਸਿੱਖਾਂ ਗੋਚਰੇ ਰਹਿ ਗਿਆ। ਉਨ੍ਹਾਂ ਤੁਰੰਤ ਇਹ ਇਲਾਕਾ ਆਪਸ ਵਿਚ ਵੰਡਣਾ ਆਰੰਭ ਕਰ ਦਿੱਤਾ। ਘੋੜਸਵਾਰ ਹਰ ਪਾਸੇ ਦੌੜਨ ਲੱਗੇ ਅਤੇ ਪਿੰਡਾਂ ਦੇ ਪਿੰਡ ਕਬਜ਼ੇ ਹੇਠ ਲਿਆਉਣ ਲੱਗੇ। ਆਪਣੀ ਮਲਕੀਅਤ ਜਤਾਉਣ ਲਈ ਉਹ ਕੋਈ ਨਿਸ਼ਾਨੀ ਦਸਤਾਰ ਜਾਂ ਜੋੜੇ ਦੇ ਰੂਪ ਵਿਚ ਛੱਡ ਜਾਂਦੇ। ਬਾਹਰ ਦਾ ਡਰ ਉੱਡਣ ਨਾਲ ਅਤੇ ਵੰਡਣ ਲਈ ਭੂਮੀ ਕਾਫ਼ੀ ਹੋਣ ਕਾਰਨ ਮਿਸਲਾਂ ਦੇ ਸੰਗਠਨ ਵਿਚ ਤ੍ਰੇੜਾਂ ਆਉਂਦੀਆਂ ਗਈਆਂ। ਜੇਕਰ ਕੋਈ ਮਿਸਲਾਂ ਦੀ ਸਰਦਾਰੀ ਮੰਗਦਾ ਸੀ ਤਾਂ ਕੇਵਲ ਇਸ ਲਈ ਕਿ ਆਪਣੀ ਜਾਇਦਾਦ ਦੀ ਹਿਫ਼ਾਜ਼ਤ ਕਰ ਸਕੇ ਅਤੇ ਉਸ ਵਿਚ ਵਾਧਾ ਕਰ ਸਕੇ। ਜਦੋਂ ਵਿਦੇਸ਼ੀ ਤਾਕਤਾਂ ਦੀ ਨਿਰਧਾਰਤ ਸੀਮਾ ਅੰਦਰ ਰਹਿ ਗਏ ਤਾਂ ਆਪੋ ਵਿਚ ਟਕਰਾਉਣ ਲੱਗੇ। ਸਰਬੱਤ ਖ਼ਾਲਸਾ ਕਈ ਫੁੱਟਾਂ ਦਾ ਸ਼ਿਕਾਰ ਹੋ ਗਿਆ। ਇਸ ਤਰ੍ਹਾਂ ਸਿੱਖਾਂ ਦੀ ਆਪੋ ਵਿਚਲੀ ਫੁੱਟ ਕਾਰਨ ਮਰਹੱਟਿਆਂ, ਅਫ਼ਗਾਨਾਂ ਅਤੇ ਅੰਗਰੇਜ਼ਾਂ ਨਾਲ ਟੱਕਰ ਲੈ ਸਕੇ।

ਸਪੱਸ਼ਟ ਰੂਪ ਵਿਚ ਹਾਲਾਤ ਨੂੰ ਸਮਝਣ ਲਈ ਮਿਸਲਾਂ ਵੱਲੋਂ ਘੇਰਾ ਵਧਾਉਣ ਤੇ ਪੈਰ ਜਮਾਉਣ ਦੇ ਕਾਰਜ ਵੱਲ ਧਿਆਨ ਦੇਣਾ ਜ਼ਰੂਰੀ ਹੈ। ਸਤਲੁਜ ਪਾਰ ਮਾਝਾ ਅਤੇ ਜਲੰਧਰ ਦੇ ਦੁਆਬੇ ਅੰਦਰ ਅਤੇ ਸਤਲੁਜ ਤੋਂ ਇਸ ਪਾਰ ਮਾਲਵਾ ਖੇਤਰ ਵਿਚ ਕਿਹੋ ਜਿਹੀਆ ਸਰਗਰਮੀਆਂ ਸਨ।

ਮਾਝੇ ਅਤੇ ਜਲੰਧਰ ਦੁਆਬੇ ਵਿਚ ਮਿਸਲਾਂ ਦੀ ਚੜ੍ਹਤ

ਜਿਉਂ ਹੀ ਅੰਤਲੀ ਵਾਰ ਅਬਦਾਲੀ ਨੇ ਸਿੰਧ ਮੁੜ ਪਾਰ ਕੀਤਾ, ਮਿਸਲਾਂ ਨੇ ਪੰਜਾਬ ਨੂੰ ਫਿਰ ਆਪਣੇ ਹੱਥ ਲੈਣ ਦੇ ਉੱਦਮ ਜਾਰੀ ਕਰ ਦਿੱਤੇ। ਜੱਸਾ ਸਿੰਘ ਆਹਲੂਵਾਲੀਆ ਨੇ ਸਤਲੁਜ ਦੇ ਨਾਲ-ਨਾਲ ਆਪਣੀ ਤਾਕਤ ਵਧਾਈ ਅਤੇ ਸੁਲਤਾਨਪੁਰ ਅਤੇ ਕਪੂਰਥਲਾ 'ਤੇ ਕਬਜ਼ਾ ਕਰ ਲਿਆ। ਰਾਮਗੜ੍ਹੀਆ ਅਤੇ ਕਨ੍ਹਈਆ ਮਿਸਲਾ ਨੇ ਉੱਤਰ ਵੱਲ ਪੈਰ ਵਧਾਏ। ਰਾਮਗੜ੍ਹੀਆ ਨੇ ਤਾਂ ਕਾਂਗੜਾ, ਨੂਰਪੁਰ, ਚੰਬਾ, ਬਸੌਲੀ ਅਤੇ ਮੰਡੀ ਤੋਂ ਮਾਲੀਆ ਵਸੂਲ ਕਰਨਾ ਸ਼ੁਰੂ ਕੀਤਾ। ਇਸ ਦੇ ਨਾਲ ਕਨ੍ਹਈਆ ਮਿਸਲ ਨੇ ਕਾਂਗੜਾ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਜੰਮੂ ਦੀ ਡੋਗਰਾ ਰਿਆਸਤ ਸਭ ਮਿਸਲਾਂ ਲਈ ਝਗੜੇ ਦਾ ਕਾਰਨ ਬਣ ਗਈ। ਭੰਗੀ ਪਹਿਲੇ ਸਨ ਜਿਨ੍ਹਾਂ ਡੋਗਰਿਆਂ 'ਤੇ ਕਰ ਲਾਇਆ। ਭੰਗੀਆਂ ਦੀ ਰੀਸ ਕਰਨ ਲੱਗੇ ਕਨ੍ਹਈਏ ਅਤੇ ਸ਼ੁਕਰਚੱਕੀਏ ਆਪੋ ਵਿਚ ਹੀ ਲੜ ਪਏ। ਨੱਕਾਈਆਂ, ਸ਼ੁਕਰਚੱਕੀਆਂ ਅਤੇ ਭੰਗੀਆਂ ਨੇ ਆਪਣੀ ਤਾਕਤ ਉਨ੍ਹਾਂ ਮੁਸਲਮਾਨ ਰਿਆਸਤਾਂ 'ਤੇ ਜਮਾਉਣੀ ਸ਼ੁਰੂ ਕੀਤੀ ਜਿਹੜੇ ਅਫ਼ਗਾਨਾਂ ਦਾ ਦਮ ਭਰਦੇ ਸਨ। ਨੱਕਾਈਆਂ ਨੇ ਆਪਣੀ ਤਾਕਤ ਰਾਵੀ ਦੇ ਦੱਖਣੀ ਹਿੱਸੇ ਤੋਂ ਹੜੱਪਾ ਅਤੇ ਉਸ ਤੋਂ ਅੱਗੇ ਵਧਾ ਲਈ। ਸ਼ੁਕਰਚੱਕੀਏ ਗੁਜਰਾਂਵਾਲਾ ਦੇ ਹਰ ਪਾਸੇ ਵਧਦੇ ਗਏ। ਜਿਸ ਮਿਸਲ ਨੇ ਪੱਛਮੀ ਪੰਜਾਬ ਵਿਚ ਮਹਾਨਤਾ ਪ੍ਰਾਪਤ ਕੀਤੀ, ਉਹ ਹਰੀ ਸਿੰਘ (ਮੌਤ 1765), ਉਸ ਦੇ ਪੁੱਤਰਾਂ ਝੰਡਾ ਸਿੰਘ ਅਤੇ ਗੰਡਾ ਸਿੰਘ ਅਤੇ ਉਨ੍ਹਾਂ ਦੇ ਅਨੇਕਾਂ ਸਾਕ-ਸੰਬੰਧੀਆਂ ਦੇ ਅਧੀਨ ਭੰਗੀਆਂ ਦੀ ਸੀ। ਭੰਗੀਆਂ ਨੇ ਪੰਜਾਬ ਦੇ ਦੋ ਮੁੱਖ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ ਸੀ : ਲਾਹੌਰ ਅਤੇ ਅੰਮ੍ਰਿਤਸਰ। ਉਨ੍ਹਾਂ ਆਹਲੂਵਾਲੀਆਂ ਸਹਿਤ, ਕਸੂਰ ਦੇ ਪਠਾਣਾਂ ਨੂੰ ਹਰਾਇਆ ਅਤੇ ਉਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ। 1772 ਈਸਵੀ ਵਿਚ ਭੰਗੀਆਂ ਨੇ ਮੁਲਤਾਨ 'ਤੇ ਕਬਜ਼ਾ ਕਰ ਲਿਆ ਅਤੇ ਅੱਠ ਸਾਲ ਤਕ ਇਨ੍ਹਾਂ ਪਾਸ ਰਿਹਾ ਤੇ ਉਸ ਤੋਂ ਉਪਰੰਤ ਅਫ਼ਗਾਨਾਂ ਨੇ ਮੁੜ ਕਬਜ਼ਾ ਕਰ ਲਿਆ। ਝੰਡਾ ਸਿੰਘ ਨੇ ਬਲੋਚ ਕਬੀਲੇ ਨੂੰ ਜੇਹਲਮ ਅਤੇ ਸਿੰਧ ਦੇ ਦਰਮਿਆਨ ਦਬਾਇਆ, ਮਨਕੇਰਾ 'ਤੇ ਕਰ ਲਾਇਆ ਅਤੇ ਸਿੰਧ ਪਾਰ ਕਰਕੇ ਕਾਲਾ ਬਾਗ 'ਤੇ ਕਬਜ਼ਾ ਕਰ ਲਿਆ। ਤਕਰੀਬਨ ਇਸੇ ਸਮੇਂ ਵਿਚ ਗੁੱਜਰ ਸਿੰਘ ਭੰਗੀ ਨੇ ਉੱਤਰ ਪਾਸੇ ਦੇ ਮੁਸਲਮਾਨ ਕਬੀਲਿਆਂ ਨੂੰ ਹਰਾਇਆ : ਗੱਖੜ, ਜੰਜੂਆ, ਅਵਾਨਸ, ਖੱਟੜ ਅਤੇ ਹੋਰ। ਉਸ ਦਾ ਨਾਇਬ ਉਸ ਤੋਂ ਵੀ ਅੱਗੇ ਲੰਘ ਗਿਆ। ਉਸ ਨੇ ਆਪਣਾ ਮੁਖਿਆਲਾ ਰਾਵਲਪਿੰਡੀ ਵਿਖੇ ਬਣਾਇਆ ਅਤੇ ਫਿਰ ਪਿੰਡੀ ਘੇਪ, ਫਤਹਿ ਜੰਗ ਅਤੇ ਅਟਕ 'ਤੇ ਕਬਜ਼ਾ ਕਰ ਲਿਆ।

ਮਾਲਵਾ ਮਿਸਲਾਂ ਦਾ ਪਸਾਰ

ਜਦੋਂ ਇਹ ਵਿਸ਼ਵਾਸ ਹੋ ਗਿਆ ਕਿ ਅੰਦਰੂਨੀ ਇਲਾਕਾ ਪੂਰੀ ਤਰ੍ਹਾਂ ਸੁਰੱਖਿਅਤ ਹੈ ਤਾਂ ਮਲਵਈ ਪੂਰਬ ਵੱਲ ਵਧਣ ਲੱਗੇ ਅਤੇ ਜਮਨਾ ਅਤੇ ਗੰਗਾ ਵਿਚਕਾਰ ਰਹਿ ਰਹੇ ਲੋਕਾਂ ਲਈ ਦਹਿਸ਼ਤ ਪੈਦਾ ਕਰਨ ਲੱਗੇ। ਗੰਗਾ ਤੋਂ ਪਾਰ ਅਵਧ ਦੇ ਨਵਾਬ ਅਤੇ ਉਸ ਦੇ ਖ਼ੈਰਖਾਹ

ਅੰਗਰੇਜ਼ਾਂ ਨਾਲ ਟੱਕਰ ਲੈਣ ਲੱਗੇ। ਜਮਨਾ ਦੇ ਨਾਲ ਅਤੇ ਜਮਨਾ ਦੇ ਪਾਰ ਝੜਪਾਂ ਕਰਨ ਨਾਲ ਇਨ੍ਹਾਂ ਦੀਆਂ ਟੱਕਰਾਂ ਜਾਟਾਂ, ਰੋਹੇਲਿਆਂ, ਮੁਗਲਾਂ, ਮਰਹੱਟਿਆਂ, ਰਾਜਪੂਤਾਂ ਅਤੇ ਅੰਗਰੇਜ਼ਾਂ ਨਾਲ ਹੋਈਆਂ।

ਜਮਨਾ ਪਾਰ

ਜਨਵਰੀ 1770 ਵਿਚ ਵੀਹ ਹਜ਼ਾਰ ਤੋਂ ਉਪਰ ਘੋੜਸਵਾਰ ਲੈ ਕੇ ਸਿੱਖ ਫ਼ੌਜ ਨੇ ਪਾਣੀਪਤ 'ਤੇ ਹਮਲਾ ਕਰ ਦਿੱਤਾ ਅਤੇ ਬਿਨਾਂ ਫ਼ੈਸਲੇ ਦੀ ਲੜਾਈ ਦੇ ਨਜੀਬ-ਉਦ-ਦੌਲਾ ਦੇ ਪੁੱਤਰ ਜ਼ਬੀਤਾ ਖ਼ਾਨ ਨਾਲ ਟੱਕਰ ਲਈ। ਜਮਨਾ ਪਾਰ ਕੀਤੀ ਅਤੇ ਅਲੀਗੜ੍ਹ ਵਿਖੇ ਡੇਰੇ ਲਾ ਲਏ। ਪਰ ਜਦੋਂ ਜਾਟਾਂ ਅਤੇ ਮਰਹੱਟਿਆਂ ਦੀ ਸ਼ਕਤੀਸ਼ਾਲੀ ਤਾਕਤ ਅੱਗੇ ਆਈ ਤਾਂ ਉਹ ਪਿੱਛੇ ਹਟ ਗਏ। ਪਰ ਉਸ ਤੋਂ ਉਪਰੰਤ ਪਾਣੀਪਤ, ਸੋਨੀਪਤ ਅਤੇ ਕਰਨਾਲ ਦੇ ਆਲੇ-ਦੁਆਲੇ ਦੇ ਪਿੰਡ ਲੁੱਟ ਲਏ।

ਦੋ ਸਾਲ ਪਿੱਛੋਂ ਮਲਵਈਆਂ ਦੀ ਟੱਕਰ ਮਰਹੱਟਿਆਂ ਨਾਲ ਹੋਈ, ਜਿਹੜੇ ਸਰਹੰਦ ਉਤੇ ਚੜ੍ਹ ਆਏ ਸਨ। ਉਨ੍ਹਾਂ ਨੇ ਮਰਹੱਟਿਆਂ ਨੂੰ ਮਾਲਵਾ ਤੋਂ ਖਦੇੜ ਦਿੱਤਾ ਅਤੇ ਸਫਲਤਾ ਪ੍ਰਾਪਤ ਕਰ ਗਏ। 1773-74 ਦੀਆਂ ਸਰਦੀਆਂ ਵਿਚ ਉਨ੍ਹਾਂ ਜਮਨਾ ਅਤੇ ਗੰਗਾ ਦੇ ਵਿਚਕਾਰ ਦੇ ਪਿੰਡਾਂ ਤੇ ਸ਼ਹਿਰਾਂ 'ਤੇ ਕਰ ਲਾਇਆ। ਅੱਗੋਂ ਹਰ ਸਾਲ ਧਾਵੀ ਕਰਦੇ ਅਤੇ ਇਧਰ ਵੀ ਫੇਰਾ ਮਾਰਦੇ। ਫਰੈਂਕਲਿਨ ਇਨ੍ਹਾਂ ਦੇ ਢੰਗ-ਤਰੀਕੇ ਬਾਰੇ ਲਿਖਦਾ ਹੈ :

"ਜਦੋਂ ਗੁਆਂਢੀ ਰਾਜ 'ਤੇ ਹਮਲਾ ਕਰਨ ਦਾ ਇਰਾਦਾ ਬਣਾਉਂਦੇ ਤਾਂ ਇਹ ਸਰਹੱਦ 'ਤੇ ਥੋੜ੍ਹੀ ਜਿਹੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਅਤੇ ਪਹਿਲੋਂ ਰਾਖੀ ਜਾਂ ਕਰ ਦੀ ਵਸੂਲੀ ਲਈ ਕਹਿੰਦੇ। ਜੇਕਰ ਪ੍ਰਾਪਤੀ ਹੋ ਜਾਂਦੀ ਤਾਂ ਅਮਨ-ਚੈਨ ਨਾਲ ਮੁੜ ਜਾਂਦੇ। ਜੇਕਰ ਕੋਈ ਇਨਕਾਰ ਕਰ ਦਿੰਦਾ ਤਾਂ ਇਹ ਸੀਕ (ਸਿੱਖ) ਲੜਾਈ ਕਰਦੇ ਅਤੇ ਫਿਰ ਅੱਗੇ ਵਧਦੇ ਤਬਾਹੀ ਮਚਾਉਂਦੇ ਜਾਂਦੇ ਸਨ। ਆਪਣੇ ਨਾਲ ਦਾਸ ਬਣਾ ਕੇ ਲੋਕਾਂ ਨੂੰ ਤੇ ਕਾਫ਼ੀ ਮਾਤਰਾ ਵਿਚ ਪਸ਼ੂ ਲੈ ਜਾਂਦੇ ਸਨ।"

ਸਿਖ-ਰੋਹੇਲਾ ਸਮਝੌਤਾ

ਦਸੰਬਰ 1773 ਵਿਚ ਸਿੱਖਾਂ ਨੇ ਜ਼ਬੀਤਾ ਖ਼ਾਨ ਰੋਹੇਲਾ ਦਾ ਇਲਾਕਾ ਜਿੱਤ ਲਿਆ ਜਿਸ ਵਿਚ ਨਨੌਤਾ ਅਤੇ ਜਲਾਲਾਬਾਦ ਦਾ ਸ਼ਹਿਰ ਵੀ ਸ਼ਾਮਲ ਸੀ। ਇਕ ਮਹੀਨੇ ਪਿੱਛੋਂ ਸਿੱਖਾਂ ਨੇ ਦਿੱਲੀ ਦੀਆਂ ਬਸਤੀਆਂ ਨੂੰ ਲੁੱਟ ਲਿਆ। ਮੁਗਲ ਦਰਬਾਰ ਵਿਚ ਹੈਰਾਨੀ ਛਾਈ ਹੋਈ ਸੀ। ਰਾਜਧਾਨੀ ਵਿਚ ਸਭ ਤੋਂ ਯੋਗ ਆਦਮੀ ਨਜਫ਼ ਖ਼ਾਨ ਸੀ। ਪਰ ਉਸ ਦੀ ਯੋਜਨਾ 'ਤੇ ਅਬਦੁਲ ਅਹਿਮਦ ਪਾਣੀ ਫੇਰ ਦਿੰਦਾ ਸੀ। ਉਸ ਦੀ ਗੱਲ ਬਾਦਸ਼ਾਹ ਮੰਨਦਾ ਸੀ। ਨਜਫ਼ ਖ਼ਾਨ ਈਰਾਨ ਦਾ ਸ਼ੀਆ ਸੀ ਅਤੇ ਅਬਦੁਲ ਅਹਿਮਦ ਖ਼ਾਨ ਕਸ਼ਮੀਰ ਦਾ ਸੁੰਨੀ ਸੀ। ਉਸ ਨਸਲੀ ਵਿਤਕਰੇ ਨੂੰ ਆਪਣੇ ਹਿਤ ਲਈ ਵਰਤਿਆ। ਨਜਫ਼ ਖ਼ਾਨ ਸਿੱਖਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਚਾਹੁੰਦਾ। ਇਸ ਲਈ ਉਹ ਰੋਹੇਲਿਆਂ ਵੱਲ ਦੋਸਤੀ ਦਾ ਹੱਥ ਵਧਾਉਣਾ ਚਾਹੁੰਦਾ ਸੀ। ਅਬਦੁਲ ਅਹਿਮਦ ਖ਼ਾਨ ਦਾ ਹਿਤ ਇੰਨਾ ਹੀ ਸੀ ਕਿ ਈਰਾਨੀਆਂ ਦੀ ਤਾਕਤ ਵਧ ਨਾ ਜਾਵੇ ਅਤੇ ਇਸ ਲਈ ਸਿੱਖਾਂ ਹੱਥੋਂ ਨਜਫ਼ ਖ਼ਾਨ ਦੀ ਹਾਰ ਉਸ ਨੂੰ ਬੁਰੀ ਨਹੀਂ ਲਗਦੀ ਸੀ। ਇਸ ਅੰਤਰ ਕਾਰਨ ਸਿੱਖਾਂ ਨੂੰ ਉਹ ਆਪਣੇ ਵੱਲ ਕਰਨਾ ਚਾਹੁੰਦਾ ਸੀ ਅਤੇ ਇਸ ਲਈ ਉਸ ਨੇ ਸਿੱਖਾਂ ਨੂੰ ਨੌਕਰੀਆਂ ਦਿੱਤੀਆਂ। ਜਦੋਂ ਇਹ ਗੱਲ ਨਾ ਬਣ ਸਕੀ ਤਾਂ ਅਬਦੁਲ ਅਹਿਮਦ ਖ਼ਾਨ ਨੇ ਵਾਲਟਰ ਰੇਨਹਾਰਟ, ਜਿਹੜਾ ਸਰਧਾਨਾ ਦੀ ਬੇਗਮ ਸਮਰੂ ਦਾ

ਜਰਮਨ ਚਹੇਤਾ ਸੀ, ਦੀ ਸਹਾਇਤਾ ਲਈ। ਮਲਵਈਆ ਰੇਨਹਾਰਟ ਨੂੰ ਦਬਾ ਲਿਆ ਅਤੇ ਦਿੱਲੀ ਦੇ ਆਲੇ-ਦੁਆਲੇ ਨੂੰ ਲੁੱਟਣ ਲਈ ਮੁੜ ਪਏ।

ਅਗਲੀ ਲੜਾਈ ਦੇ ਦੌਰ ਵਿਚ ਸਿੱਖਾਂ ਵਿਰੁੱਧ ਨਜਫ਼ ਖ਼ਾਨ ਲੜਿਆ। ਅਮਰ ਸਿੰਘ ਪਟਿਆਲਾ ਅਤੇ ਜੀਂਦ ਦੇ ਗਜਪਤ ਸਿੰਘ ਦੀ ਸਾਂਝੀ ਫ਼ੌਜ ਨੇ ਪਾਨੀਪਤ ਦੇ ਸੂਬੇਦਾਰ ਮੁੱਲਾ ਰਹੀਮ ਖ਼ਾਨ ਨੂੰ ਮਾਰ ਦਿੱਤਾ। ਅੱਗੋਂ ਇਲਾਕੇ ਦੀ ਵੰਡ ਬਾਰੇ ਸਮਝੌਤਾ ਹੋਇਆ, ਜਿਹੜਾ ਕੁਝ ਦੇਰ ਪਿੱਛੋਂ ਦੋਹਾਂ ਨੇ ਟਾਲ ਦਿੱਤਾ।

ਮਲਵਈਆਂ ਨੇ ਆਪਣਾ ਧਿਆਨ ਰੋਹੇਲਿਆਂ ਵੱਲ ਕੀਤਾ। 1775 ਈਸਵੀ ਦੀ ਬਸੰਤ ਰੁੱਤ ਵਿਚ ਰਾਏ ਸਿੰਘ ਭੰਗੀ, ਬਘੇਲ ਸਿੰਘ ਕਰੋੜਸਿੰਘੀਆ, ਤਾਰਾ ਸਿੰਘ ਘੇਬਾ, ਆਪਣੇ ਘੋੜਸਵਾਰਾਂ ਸਮੇਤ ਜਮਨਾ ਨਦੀ ਪਾਰ ਕਰ ਗਏ ਅਤੇ ਜ਼ਬੀਤਾ ਖ਼ਾਨ ਦੇ ਇਲਾਕੇ 'ਤੇ ਕਬਜ਼ਾ ਕਰਦੇ ਹੋਏ ਅੱਗੇ ਵਧ ਗਏ। ਰੋਹੇਲਿਆਂ ਨੂੰ ਮੁਗ਼ਲ ਦਰਬਾਰ, ਅਵਧ ਅਤੇ ਅੰਗਰੇਜ਼ਾਂ ਪਾਸੋਂ ਕਿਸੇ ਪ੍ਰਕਾਰ ਦੀ ਸਹਾਇਤਾ ਦੀ ਆਸ ਨਹੀਂ ਸੀ। ਮਾਯੂਸ ਹੋ ਕੇ ਉਸ ਸਮਝੌਤਾ ਕਰ ਲਿਆ ਅਤੇ ਕਾਫ਼ੀ ਇਲਾਕਾ ਮਿਸਲਦਾਰਾਂ ਨੂੰ ਦੇ ਦਿੱਤਾ। ਮਿਸਲਦਾਰਾਂ ਅਤੇ ਰੋਹੇਲਿਆਂ ਨੇ ਮਿਲ ਕੇ ਵਰਤਮਾਨ ਨਵੀਂ ਦਿੱਲੀ ਦੇ ਇਲਾਕੇ ਦੇ ਪਿੰਡਾਂ ਨੂੰ ਲੁੱਟਿਆ। 1776 ਵਿਚ ਇਨ੍ਹਾਂ ਇਕੱਠੇ ਹੋ ਕੇ ਮੁਜ਼ੱਫਰਗੜ੍ਹ ਦੇ ਨੇੜੇ ਸ਼ਾਹੀ ਫ਼ੌਜਾਂ ਨੂੰ ਹਾਰ ਦਿੱਤੀ। ਹੁਣ ਸਾਰਾ ਜਮਨਾ-ਗੰਗਾ ਦਾ ਦੁਆਬਾ ਇਨ੍ਹਾਂ ਦੇ ਹੱਥ 'ਚ ਸੀ। ਦੁਆਬੇ 'ਤੇ ਕਬਜ਼ਾ ਪੱਕਾ ਕਰਕੇ ਉਹ ਦਿੱਲੀ ਦਰਵਾਜ਼ੇ 'ਤੇ ਪਹੁੰਚ ਗਏ। ਬਾਦਸ਼ਾਹ ਬਾਗ਼ੀ ਜ਼ਬੀਤਾ ਖ਼ਾਨ ਦੇ ਸੁਆਗਤ ਲਈ ਰਾਜ਼ੀ ਹੋ ਗਿਆ ਅਤੇ ਉਸ ਦੀ ਵਧੀਕੀ ਵੀ ਦਰ-ਗੁਜ਼ਰ ਕਰ ਦਿੱਤੀ।

ਨਜਫ਼ ਖ਼ਾਨ ਵਿਰੁੱਧ ਸਿੱਖ—ਰੋਹੇਲਿਆਂ ਦੀ ਹਾਰ

ਭਾੜੇ 'ਤੇ ਲੜਨ ਵਾਲੇ ਮਾਲਵੇ ਦੇ ਸਿੱਖਾਂ ਦੀ ਮੰਗ ਵਧ ਗਈ। ਅਵਧ ਦੇ ਨਵਾਬ, ਮੁਗ਼ਲਾਂ ਅਤੇ ਰੋਹੇਲਿਆਂ ਨੂੰ ਖੁੱਲ੍ਹੀਆਂ ਸ਼ਰਤਾਂ 'ਤੇ ਨੌਕਰੀਆਂ ਦਿੱਤੀਆਂ ਪਰ ਮਲਵਈਆਂ ਦੀ ਦੋਸਤੀ ਜ਼ਬੀਤਾ ਖ਼ਾਨ ਨਾਲ ਸੀ, ਇਸ ਲਈ ਇਹ ਨੌਕਰੀਆਂ ਠੁਕਰਾਈਆਂ ਗਈਆਂ। ਇਸ ਦੌਰਾਨ ਨਜਫ਼ ਖ਼ਾਨ ਮਰਹੱਟਿਆਂ ਵੱਲ ਝੁਕ ਗਿਆ ਅਤੇ 1776-77 ਵਿਚ ਘੁੰਮਦੇ-ਫਿਰਦੇ ਸਿੱਖਾਂ ਅਤੇ ਰੋਹੇਲਿਆਂ ਦੇ ਟੋਲਿਆਂ ਵਿਚਕਾਰ ਟੱਕਰ ਹੋਈ। 1777 ਦੀ ਬਰਸਾਤ ਵਿਚ ਨਜਫ਼ ਖ਼ਾਨ ਰੋਹੇਲਿਆਂ ਤੋਂ ਸਿੱਖਾਂ ਨੂੰ ਵੱਖ ਕਰਨ ਵਿਚ ਸਫ਼ਲ ਹੋ ਗਿਆ। ਜ਼ਬੀਤਾ ਖ਼ਾਨ ਹੁਣ ਸਿੱਖਾਂ ਦੇ ਰਹਿਮ 'ਤੇ ਸੀ। ਕਿਹਾ ਜਾਂਦਾ ਹੈ ਕਿ ਉਹ 'ਅੱਧਾ ਸਿੱਖ ਤੇ ਅੱਧਾ ਰੋਹੇਲਾ' ਬਣ ਗਿਆ।

ਨਜਫ਼ ਖ਼ਾਨ ਨੇ ਇਹ ਦੇਖ ਲਿਆ ਕਿ ਉਹ ਅਤੇ ਮਰਹੱਟੇ ਸਿੱਖਾਂ ਨਾਲ ਲੜਨ ਲਈ ਤਾਕਤਵਰ ਨਹੀਂ ਸਨ। ਇਰਾਨੀ ਚਾਲਾਕੀ ਖੇਡ ਗਿਆ। ਉਸ ਜ਼ਬੀਤਾ ਖ਼ਾਨ ਨੂੰ ਅਪੀਲ ਕੀਤੀ ਕਿ ਉਹ ਮੁੜ ਇਸਲਾਮ ਧਰਮ ਵਿਚ ਦਾਖ਼ਲ ਹੋ ਜਾਵੇ। ਉਸ ਸਿੱਖਾਂ ਦੀ ਵੀ ਚਾਪਲੂਸੀ ਕੀਤੀ ਕਿ ਉਹੋ ਹੀ ਸ਼ਾਹੀ ਹਕੂਮਤ ਦੇ ਰਾਖੇ ਹਨ। ਇਸ ਤਰ੍ਹਾਂ ਮਲਵਈਆਂ ਵਿਚਕਾਰ ਫੁੱਟ ਦੇ ਬੀਜ ਬੀਜ ਦਿੱਤੇ। ਜ਼ਬੀਤਾ ਖ਼ਾਨ ਨੇ ਸਿੱਖਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਮੁਗ਼ਲ ਕੈਂਪ ਵਿਚ ਆ ਰਲਿਆ। ਹੋਰ ਰਿਸ਼ਤਾ ਪੱਕਾ ਕਰਨ ਲਈ ਉਸ ਆਪਣੀ ਲੜਕੀ ਦਾ ਰਿਸ਼ਤਾ ਨਜਫ਼ ਖ਼ਾਨ ਨੂੰ ਦੇ ਦਿੱਤਾ। ਇਸ ਤਰ੍ਹਾਂ ਮੁਗ਼ਲ ਆਪਣੇ ਆਪ ਨੂੰ ਮਲਵਈਆਂ ਦੀ ਫੁੱਟ ਕਾਰਨ ਸ਼ਕਤੀਸ਼ਾਲੀ ਸਮਝਦੇ।

1779 ਦੀ ਪਤਝੜ ਵਿਚ ਭਾਰੀ ਮੁਗ਼ਲ ਫ਼ੌਜ ਸ਼ਹਿਜ਼ਾਦਾ ਫ਼ਰਖੁੰਦਾ ਬਖ਼ਤ ਅਬਦੁਲ ਅਹਿਮਦ ਖ਼ਾਨ ਦੀ ਕਮਾਨ ਹੇਠ ਦਿੱਲੀ ਤੋਂ ਨਿਕਲੀ। ਬੂੜੀਏ ਦੇ ਰਾਏ ਸਿੰਘ, ਥਾਨੇਸਰ ਦੇ

ਬਘੇਲ ਸਿੰਘ ਅਤੇ ਜੀਂਦ ਦੇ ਤਾਰਾ ਸਿੰਘ ਸ਼ਾਹੀ ਫ਼ੌਜਾਂ ਨਾਲ ਮਿਲ ਗਏ ਅਤੇ ਪਟਿਆਲੇ ਦੁਆਲੇ ਘੇਰਾ ਪਾ ਲਿਆ। ਅਮਰ ਸਿੰਘ ਅਤੇ ਤਾਰਾ ਸਿੰਘ ਘੇਬਾ ਨੇ, ਜਿਹੜੇ ਸਹਾਇਤਾ ਲਈ ਆਏ ਸਨ, ਆਪਣੀਆਂ ਫ਼ੌਜਾਂ ਸ਼ਹਿਰ ਦੀ ਦੀਵਾਰ ਪਿੱਛੇ ਰੋਕ ਲਈਆਂ ਅਤੇ ਸਹਾਇਤਾ ਲਈ ਮਝੈਲਾਂ ਨੂੰ ਅਪੀਲ ਕੀਤੀ। ਉਨ੍ਹਾਂ ਦੀ ਰਾਹਤ ਲਈ ਜੱਸਾ ਸਿੰਘ ਆਹਲੂਵਾਲੀਆ ਆਇਆ। ਜਦੋਂ ਦਲ ਖਾਲਸਾ ਦੀ ਚੜ੍ਹਤ ਸੁਣੀ ਤਾਂ ਸਿੱਖ ਸ਼ਾਹੀ ਫ਼ੌਜਾਂ ਨੂੰ ਛੱਡਣ ਲੱਗੇ। ਮੁਗ਼ਲ ਫ਼ੌਜ ਨੂੰ ਭਾਜੜ ਪੈ ਗਈ ਤੇ ਦਿੱਲੀ ਮੁੜਨ ਦਾ ਫ਼ੈਸਲਾ ਕੀਤਾ ਗਿਆ। ਫਰੈਂਕਲਿਨ ਅਨੁਸਾਰ ਪਿੱਛੇ ਮੁੜਨਾ ਬੜੀ ਸ਼ਰਮ ਵਾਲੀ ਗੱਲ ਸੀ ਅਤੇ ਪਾਣੀਪਤ ਤੋਂ ਚਾਰ ਦਿਨਾਂ ਦਾ ਸਫ਼ਰ ਕਰਦਿਆਂ ਉਨ੍ਹਾਂ ਦੇ ਉਪਕਰਣ ਅਤੇ ਆਦਮੀ ਖ਼ਤਮ ਹੋ ਗਏ।

ਸਿੱਖਾਂ ਲਈ ਦਿੱਲੀ ਤਕ ਰਾਹ ਸਾਫ਼ ਸੀ। ਸਗੋਂ ਰੈੱਡ ਕਾਰਪੇਟ ਦਾ ਸੁਆਗਤ ਸੀ। ਬੱਸ ਇੰਨੀ ਹੀ ਗੱਲ ਸੀ ਕਿ ਇਕ ਸਰਦਾਰ ਘੋੜਸਵਾਰਾਂ ਦੀ ਅਗਵਾਈ ਕਰਦਾ ਸ਼ਾਹੀ ਸ਼ਹਿਰ ਪਹੁੰਚ ਜਾਂਦਾ, ਬਾਦਸ਼ਾਹ ਨੂੰ ਆਪਣੇ ਅਧੀਨ ਕਰਦਾ ਅਤੇ ਇਕ ਹੀ ਵਾਰ ਨਾਲ ਹਿੰਦੁਸਤਾਨ ਦੀ ਮੁੱਖ ਤਾਕਤ ਬਣ ਜਾਂਦੇ। ਪਰ ਮਲਵਈ ਸਰਦਾਰਾਂ ਵਿਚੋਂ ਕਿਸੇ ਦੀ ਵੀ ਅਜਿਹੀ ਹਿੰਮਤ ਨਹੀਂ ਸੀ। ਉਹ ਤਾਂ ਲੁੱਟ-ਖਸੁੱਟ ਜੋਗੇ ਹੀ ਸਨ। ਉਹ ਦਿੱਲੀ ਨੂੰ ਇਕ ਪਾਸੇ ਛੱਡ ਕੇ ਜਮਨਾ ਪਾਰ ਕਰਕੇ ਜਮਨਾ-ਗੰਗਾ ਦੁਆਬੇ ਵਿਚ ਲੁੱਟ-ਮਾਰ ਕਰਨ ਲੱਗੇ। ਨਜਫ਼ ਖ਼ਾਨ ਨੇ ਮੁੜ ਮੁਗ਼ਲ ਫ਼ੌਜ ਸੰਗਠਿਤ ਕੀਤੀ ਅਤੇ ਸਿੱਖਾਂ ਦਾ ਪਿੱਛਾ ਕੀਤਾ।

ਮਿਰਜ਼ਾ ਸ਼ਫ਼ੀ ਨੇ ਨਫ਼ਰਤ ਭਰੇ ਜ਼ਬੀਤਾ ਖ਼ਾਨ ਨੂੰ ਸਿੱਖਾਂ ਵਿਚ ਫੁੱਟ ਦੇ ਬੀਜ ਬੀਜਣ ਲਈ ਪਰੇਰਿਆ ਅਤੇ ਸਫ਼ਲ ਹੋ ਗਿਆ। ਰੋਹੇਲੇ ਇਸ ਕੰਮ ਵਿਚ ਸਫ਼ਲ ਹੋਏ। ਮਿਰਜ਼ਾ ਨੇ ਜੀਂਦ ਦੇ ਗਜਪਤ ਸਿੰਘ ਨੂੰ ਪਕੜ ਲਿਆ। ਇੰਜ ਉਹ ਲੜਦਾ ਹੋਇਆ ਸਿੱਖਾਂ ਦੇ ਘਰ ਤਕ ਪਹੁੰਚ ਗਿਆ। ਮੁਗ਼ਲਾਂ ਅਤੇ ਰੋਹੇਲਿਆਂ ਨੇ ਬੂੜੀਆਂ, ਮੁਸਤਫ਼ਾਬਾਦ ਅਤੇ ਸਢੌਰਾ 'ਤੇ ਕਬਜ਼ਾ ਕੀਤਾ। ਇਨ੍ਹਾਂ ਨੂੰ ਰੋਕ ਪਾਉਣ ਲਈ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਲ ਖਾਲਸਾ ਸੀ। ਜੰਮ ਕੇ ਲੜਾਈ ਕਰਨ ਤੋਂ ਦੋਵੇਂ ਕਤਰਾਉਂਦੇ ਰਹੇ। ਪਰ ਸਿੱਖ ਅੱਗੇ ਵਧ ਕੇ ਉਸ ਦੇ ਫ਼ਤਹਿ ਕੀਤੇ ਹੋਏ ਇਲਾਕੇ ਨੂੰ ਮੁੜ ਕਬਜ਼ੇ ਵਿਚ ਲੈਂਦੇ ਗਏ।

ਮਿਰਜ਼ਾ ਸ਼ਫ਼ੀ ਲਈ ਮਾਲਵੇ ਦੀ ਮੁਹਿੰਮ ਮਹਿੰਗੀ ਪਈ। ਮੁਗ਼ਲ ਸਰਕਾਰ ਵੱਲੋਂ ਜ਼ਬੀਤਾ ਖ਼ਾਨ ਨੂੰ ਸਿੱਖਾਂ ਨਾਲ ਸੁਲਾਹ ਕਰਨ ਲਈ ਕਿਹਾ ਗਿਆ। ਮਿਸਲਦਾਰਾਂ ਦੀਆਂ ਜਗੀਰਾਂ ਪੱਕੀਆਂ ਕੀਤੀਆਂ ਗਈਆਂ। ਪਾਣੀਪਤ ਅਤੇ ਦਿੱਲੀ ਦੇ ਵਿਚਕਾਰ ਦਾ ਇਲਾਕਾ ਸਿੱਖਾਂ ਨੂੰ ਸੌਂਪਿਆ ਗਿਆ। ਉਨ੍ਹਾਂ ਨੂੰ ਸ਼ਾਹੀ ਫ਼ੌਜ ਵਿਚ ਨੌਕਰੀ ਕਰਨ ਲਈ ਬੁਲਾਵਾ ਦਿੱਤਾ ਗਿਆ।

ਦਿੱਲੀ ਦੇ ਆਸ-ਪਾਸ

ਨਜ਼ਫ਼ ਖ਼ਾਨ ਦੀ ਮੌਤ ਅਪ੍ਰੈਲ 1782 ਵਿਚ ਹੋਈ। ਗੱਦੀ ਪ੍ਰਾਪਤ ਕਰਨ ਲਈ ਜਿਹੜੀ ਨੱਸ-ਭੱਜ ਉਸ ਵੇਲੇ ਹੋਈ, ਉਸ ਨਾਲ ਹਿੰਦੁਸਤਾਨ ਦੀ ਪ੍ਰਭੁਸੱਤਾ ਪ੍ਰਾਪਤ ਕਰਨ ਦਾ ਅਵਸਰ ਇਕ ਵਾਰ ਮੁੜ ਸਿੱਖਾਂ ਦੇ ਹੱਥ ਆਇਆ। ਪਰ ਇਹ ਅਵਸਰ ਵੀ ਹੱਥਾਂ ਵਿਚ ਆਉਣ ਦੀ ਥਾਂ ਉਂਗਲੀਆਂ ਦੀਆਂ ਵਿੱਥਾਂ ਵਿਚੋਂ ਕਿਰ ਗਿਆ। ਉਹ ਰਾਜਧਾਨੀ ਦੇ ਗੁਆਂਢ ਮੁੜ ਨਿਕਲੇ ਅਤੇ ਇਸ ਤੇ ਕਬਜ਼ਾ ਕਰਨ ਦੀ ਥਾਂ ਕਈ ਥਾਵਾਂ ਤੋਂ ਗੰਗਾ ਦਰਿਆ ਪਾਰ ਕਰ ਗਏ। ਫੋਰੈਸਟਰ ਲਿਖਦਾ ਹੈ : "ਮੈਂ ਉਸ ਸਮੇਂ ਰੋਹੇਲਖੰਡ ਵਿਚ ਸੀ। ਉਥੋਂ ਦੇ ਵਸਨੀਕਾਂ ਵਿਚ ਫੈਲੇ ਹੋਏ ਸਹਿਮ ਅਤੇ ਆਮ ਤੌਖ਼ਲੇ ਦਾ ਮੈਂ ਸਾਖੀ ਰਿਹਾ ਹਾਂ। ਲੋਕ ਖੁੱਲ੍ਹੀਆਂ ਥਾਵਾਂ ਛੱਡ ਕੇ ਜੰਗਲਾਂ ਵਿਚ ਦੌੜ ਗਏ ਜਾਂ ਉਨ੍ਹਾਂ ਥਾਵਾਂ 'ਤੇ ਚਲੇ ਗਏ ਜਿਥੇ ਸ਼ਾਹੀ ਘੋੜਸਵਾਰ ਪਹੁੰਚ

ਨਹੀਂ ਸਕਦੇ ਸਨ।"

ਇਹ ਲਿਖਾਰੀ ਉਸ ਮਾਣ-ਸਤਿਕਾਰ ਦਾ ਜ਼ਿਕਰ ਵੀ ਕਰਦਾ ਹੈ ਜਿਹੜਾ ਮਾਲੀਆ ਉਗਰਾਹੁਣ ਵਾਲੇ ਸਿੱਖਾਂ ਨੂੰ ਮਿਲਦਾ। "ਉਨ੍ਹਾਂ ਵਾਸਤੇ ਪਲੰਘ ਵਿਛਾਏ ਜਾਂਦੇ ਅਤੇ ਘੋੜਿਆਂ ਲਈ ਹਰੇ ਪੱਠੇ ਪਾਏ ਜਾਂਦੇ। ਉਨ੍ਹਾਂ ਸਾਹਮਣੇ ਖ਼ਲੀਫ਼ੇ ਵੀ ਜ਼ਮੀਨ 'ਤੇ ਬੈਠਣਾ ਪਰਵਾਨ ਕਰਦੇ। ਹਰ ਪ੍ਰਕਾਰ ਦੀ ਸੇਵਾ ਕਰਨ ਵਿਚ ਆਪਣਾ ਧੰਨਭਾਗ ਸਮਝਦੇ।" ਇਸ ਵੇਰਵੇ ਤੋਂ ਅੰਦਾਜ਼ਾ ਲਗਦਾ ਹੈ ਕਿ ਹਾਕਮਾਂ ਅਤੇ ਗ਼ੈਰ-ਹਾਕਮਾਂ ਦੇ ਵਤੀਰੇ ਵਿਚ ਕੀ ਅੰਤਰ ਸੀ ?

ਮਾਰਚ 1783 ਵਿਚ, ਬਘੇਲ ਸਿੰਘ ਸਰਦਾਰ ਨੇ ਦਿੱਲੀ ਦੇ ਉਪਨਗਰ ਵਿਚ ਤੰਬੂ ਗੱਡ ਦਿੱਤੇ ਅਤੇ ਉਨ੍ਹਾਂ ਥਾਵਾਂ ਤੇ ਯਾਦਗਾਰਾਂ ਉਸਾਰਨੀਆਂ ਆਰੰਭ ਕੀਤੀਆ ਜਿਥੇ-ਜਿਥੇ ਗੁਰੂ ਸਾਹਿਬਾਨ ਨੇ ਚਰਨ ਪਾਏ ਸਨ। ਇਕ ਗੁਰਦੁਆਰਾ ਉਸ ਥਾਂ ਉਸਾਰਿਆ ਗਿਆ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ ਤੇ ਇਥੇ ਸ਼ਹਿਰ ਦੀ ਸਭ ਤੋਂ ਵੱਧ ਗਹਿਮਾ-ਗਹਿਮੀ ਸੀ (ਵਰਤਮਾਨ ਗੁਰਦੁਆਰਾ ਸੀਸ ਗੰਜ, ਚਾਂਦਨੀ ਚੌਂਕ); ਇਕ ਉਸ ਥਾਂ 'ਤੇ ਜਿਥੇ ਗੁਰੂ ਸਾਹਿਬ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ (ਵਰਤਮਾਨ ਗੁਰਦੁਆਰਾ ਰਕਾਬ ਗੰਜ); ਤੀਜਾ ਉਹ ਸਥਾਨ ਸੀ ਜਿਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਪਧਾਰੇ ਸਨ (ਵਰਤਮਾਨ ਗੁਰਦੁਆਰਾ ਬੰਗਲਾ ਸਾਹਿਬ) ਅਤੇ ਚੌਥਾ ਸਥਾਨ ਸੀ, ਜਿਥੇ ਬਾਲ-ਗੁਰੂ ਹਰਿਕ੍ਰਿਸ਼ਨ ਅਤੇ ਗੁਰੂ ਗੋਬਿੰਦ ਸਾਹਿਬ ਦੇ ਮਹਿਲਾਂ ਦਾ ਸਸਕਾਰ ਕੀਤਾ ਗਿਆ ਸੀ (ਵਰਤਮਾਨ ਗੁਰਦੁਆਰਾ ਬਾਲਾ ਸਾਹਿਬ)।

ਅੰਗਰੇਜ਼ਾਂ ਨੇ ਸਿੱਖਾਂ ਨਾਲ ਡਿਪਲੋਮੈਟਿਕ ਸੰਬੰਧ ਕਾਇਮ ਕੀਤੇ। ਉਨ੍ਹਾਂ ਦਾ ਮਕਸਦ ਇਹ ਸੀ ਕਿ ਉਨ੍ਹਾਂ ਦੇ ਪਿਛਲੇ ਨਵਾਬ ਅਵਧ ਦਾ ਇਲਾਕਾ ਸੁਰੱਖਿਅਤ ਰਹੇ ਅਤੇ ਉਹ ਸਿੱਖ ਸਰਦਾਰਾਂ ਪਾਸੋਂ ਇਹ ਭਰੋਸਾ ਚਾਹੁੰਦੇ ਸਨ ਕਿ ਉਹ ਨਵਾਬ ਦੀ ਸਰਹੱਦ ਵਿਚ ਦਾਖ਼ਲ ਨਹੀਂ ਹੋਣਗੇ। ਉਨ੍ਹਾਂ ਗੰਗਾ ਦੇ ਕੰਢੇ ਸਾਰੇ ਪੱਤਣਾਂ 'ਤੇ ਚੌਕੀਆਂ ਬਣਾ ਦਿੱਤੀਆਂ।

1783 ਦੀਆਂ ਗਰਮੀਆਂ ਵਿਚ ਜਮਨਾ ਪਾਰ ਦਾ ਸਿੱਖਾਂ ਦਾ ਧਾਵਾ ਇਕ ਪ੍ਰਕਾਰ ਦੇ ਨਿਕਾਸ ਦਾ ਰੂਪ ਧਾਰਨ ਕਰ ਗਿਆ। ਦੋ ਫ਼ਸਲਾਂ ਘੱਟ ਹੋਣ ਉਪਰੰਤ ਮਾਨਸੂਨ ਵੀ ਉੱਕਾ ਹੀ ਹਾਰ ਦੇ ਗਈ ਅਤੇ ਦੱਖਣੀ ਪੰਜਾਬ ਤੋਂ ਦਿੱਲੀ ਤਕ ਅਕਾਲ ਦੀ ਹਾਲਤ ਪੈਦਾ ਹੋ ਗਈ। ਸਿੱਖ ਘੋੜਸਵਾਰ ਆਪਣੇ ਨਾਲ ਪਰਿਵਾਰ ਲੈ ਆਏ ਅਤੇ ਦੇਹਾਤਾਂ ਵਿਚ ਅੰਨ ਲਈ ਨੱਸ-ਭੱਜ ਕਰਦੇ ਰਹੇ। ਅਕਾਲ ਅਤੇ ਹੈਜ਼ੇ ਦੀ ਮਹਾਂ-ਮਾਰੀ ਕਾਰਨ ਅਣਗਿਣਤ ਜਾਨਾਂ ਤਬਾਹ ਹੋ ਗਈਆਂ।

ਇਨ੍ਹਾਂ ਸਾਲਾਂ ਦੇ ਅਕਾਲ ਨੇ ਸਿੱਖ ਧਾੜਵੀਆਂ ਨੂੰ ਹੋਰ ਹਾਬੜਾ ਲਗਾ ਦਿੱਤਾ। ਜਨਵਰੀ 1784 ਵਿਚ ਜੱਸਾ ਸਿੰਘ ਰਾਮਗੜ੍ਹੀਆ ਅਤੇ ਕਰਮ ਸਿੰਘ ਜਮਨਾ ਦਾ ਪੱਤਣ ਲੰਘ ਗਏ ਅਤੇ ਦੋ ਦਰਿਆਵਾਂ ਵਿਚਕਾਰ ਜਿਹੜੇ ਪਿੰਡ ਜਾਂ ਕਸਬੇ ਸਨ, ਉਨ੍ਹਾਂ ਤੋਂ ਰਾਖੀ ਇਕੱਤਰ ਕਰਨ ਲੱਗੇ। ਇਨ੍ਹਾਂ ਸਰਦਾਰਾਂ ਨੇ ਜੰਗ ਦੇ ਮੈਦਾਨ ਵਿਚ ਬਹਾਦਰੀ ਦਰਸਾਈ। ਪਰ ਰਾਜਸੀ ਖੇਤਰ ਵਿਚ ਇਹ ਨਕਾਰਾ ਸਾਬਤ ਹੋਏ। ਜਦੋਂ ਬਾਦਸ਼ਾਹ ਨੇ ਪੇਸ਼ਕਸ਼ ਕੀਤੀ ਤਾਂ ਇਹ ਸ਼ਾਹੀ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਲੈਣ ਤੋਂ ਘਾਬਰ ਗਏ। ਇਸ ਅਵਸਰ 'ਤੇ ਅੰਗਰੇਜ਼ਾਂ ਅਤੇ ਮਰਹੱਟਿਆਂ ਤੋਂ ਮਦਦ ਦੀ ਯਾਚਨਾ ਕੀਤੀ ਗਈ। ਭਾਰਤ ਆਏ ਅੰਗਰੇਜ਼ਾਂ ਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਲੰਦਨ ਵਿਚ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰ ਇਸ ਦੀ ਮਨਜ਼ੂਰੀ ਦੇਣਗੇ। ਗਵਰਨਰ ਜਨਰਲ, ਵਾਰਨ ਹੇਸਟਿੰਗਜ਼ ਕੇਵਲ ਇਹ ਕਰ ਸਕਦਾ ਸੀ ਕਿ ਸਿੱਖਾਂ ਅਤੇ ਮਰਹੱਟਿਆਂ ਨੂੰ ਇਕ ਵਿੱਥ 'ਤੇ ਰੱਖਣ ਅਤੇ ਆਪਣੀ ਸਰਕਾਰ ਨੂੰ ਕਿਸੇ ਪ੍ਰਕਾਰ

ਨਾਲ ਵਚਨ-ਬੱਧ ਨਾ ਕਰਨ। ਉਸ ਲਿਖਿਆ, "ਯਕੀਨੀ ਤੌਰ ਤੇ ਇਹ ਕੰਪਨੀ ਜਾਂ ਵਜ਼ੀਰ ਦੀ ਸਰਕਾਰ ਦੇ ਹਿਤ ਵਿਚ ਨਹੀਂ ਕਿ ਸਿੱਖ ਸਰਦਾਰ ਕਿਸੇ ਪ੍ਰਕਾਰ ਦੀ ਦੋਸਤੀ ਵਾਲੇ ਸੰਬੰਧ ਮਰਹੱਟਿਆਂ ਨਾਲ ਰੱਖਣ। ਇਸ ਦੇ ਉਲਟ ਉਨ੍ਹਾਂ ਦਾ ਵੱਖ-ਵੱਖ ਰਹਿਣਾ ਉਚਿਤ ਹੈ। ਜੇਕਰ ਸਿੱਖਾਂ ਨੂੰ ਕੋਈ ਵਿਸ਼ਵਾਸ ਦੇਣ ਦੀ ਲੋੜ ਹੈ ਕਿ ਅਸੀਂ ਅਜਿਹੇ ਮਾਮਲਿਆਂ ਜਾਂ ਝਗੜਿਆਂ ਵਿਚ ਦਖਲ ਨਹੀਂ ਦੇਵਾਂਗੇ ਤਾਂ ਅਜਿਹਾ ਵਿਸ਼ਵਾਸ ਉਨ੍ਹਾਂ ਨੂੰ ਪਹੁੰਚਾਇਆ ਜਾਵੇ।"

1784 ਦੇ ਸਿਆਲ ਤਕ ਸ਼ਾਹ ਆਲਮ-2 ਨੇ ਇਹ ਸਿੱਟਾ ਕੱਢਿਆ ਕਿ ਸਰਕਾਰ ਆਪਣੇ ਹੱਥ ਲੈਣ ਲਈ ਅੰਗਰੇਜ਼ ਤਿਆਰ ਨਹੀਂ ਸਨ। ਉਸ ਮਰਹੱਟਿਆਂ ਤੋਂ ਆਸ ਰੱਖੀ ਜਿਹੜੇ ਉਸ ਨੂੰ ਵਾਪਸ ਰਾਜਧਾਨੀ ਵਿਚ ਲਿਆਏ ਸਨ। ਦਸੰਬਰ ਵਿਚ ਉਸ ਮਾਧਾ ਜੀ ਸਿੰਧੀਆ ਨੂੰ 'ਵਕੀਲ-ਏ-ਮੁਤਲਕ' ਦਾ ਖ਼ਿਤਾਬ ਦਿੱਤਾ ਅਤੇ ਬੇਨਤੀ ਕੀਤੀ ਕਿ ਜੋ ਕੁਝ ਵੀ ਹਕੂਮਤ ਦਾ ਬਾਕੀ ਬਚਿਆ ਹੈ, ਉਸ ਨੂੰ ਸੰਭਾਲਣ।

ਬਘੇਲ ਸਿੰਘ ਅਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਜਮਨਾ ਪਾਰ ਕੀਤੀ। ਇਹ ਧਾਵਾ ਪਹਿਲੇ ਨਾਲੋਂ ਗੰਭੀਰ ਸੀ ਕਿਉਂ ਜੋ ਸਿੱਖਾਂ ਦੇ ਪਿੱਛੇ ਗੁੱਜਰਾਂ ਦੇ ਟੋਲੇ ਉਹ ਕੁਝ ਲੁੱਟਣ ਲੱਗੇ ਜਿਹੜਾ ਹਾਬੜੇ ਹੋਏ ਸਿੱਖਾਂ ਹੱਥੋਂ ਬਚਿਆ ਸੀ। ਦੁਆਬੇ ਨੂੰ ਲੁੱਟ ਕੇ ਸਿੱਖਾਂ ਨੇ ਗੰਗਾ ਤੋਂ ਪਾਰ ਦੇ ਇਲਾਕੇ 'ਤੇ ਅੱਖ ਰੱਖੀ। ਜ਼ਬੀਤਾ ਖ਼ਾਨ ਦੇ ਜਾਨਸ਼ੀਨ ਪੁੱਤਰ ਗੁਲਾਬ ਕਾਦਰ, ਅੰਗਰੇਜ਼ ਅਤੇ ਅਵਧ ਦੇ ਨਵਾਬ ਵਜ਼ੀਰ ਅਤੇ ਉਨ੍ਹਾਂ ਦੀ ਫ਼ੌਜ ਦਰਿਆ ਦੀ ਰਾਖੀ ਕਰਨ ਲੱਗੇ ਤਾਂ ਕਿ ਸਿੱਖ ਇਸ ਨੂੰ ਪਾਰ ਨਾ ਕਰ ਸਕਣ।

ਮਾਧਾਜੀ ਸਿੰਧੀਆ ਨੇ ਆਪਣੀਆਂ ਫ਼ੌਜਾਂ ਨੂੰ ਧਾੜਵੀਆਂ ਨੂੰ ਕੱਢਣ ਲਈ ਤੈਨਾਤ ਕੀਤਾ। ਇਕ-ਅੱਧ ਝੜਪ ਵਿਚ ਹੀ ਉਸ ਇਹ ਮਹਿਸੂਸ ਕਰ ਲਿਆ ਕਿ ਸਿੱਖਾਂ ਨਾਲ ਟੱਕਰ ਲੈਣ ਨਾਲੋਂ ਉਨ੍ਹਾਂ ਨਾਲ ਗੱਲ-ਬਾਤ ਕਰਨੀ ਵਧੇਰੇ ਲਾਹੇਵੰਦ ਹੋਵੇਗੀ। ਦਿੱਲੀ ਦੇ ਮਰਹੱਟੇ ਏਜੰਟ ਨੇ ਸਪੱਸ਼ਟ ਰੂਪ ਵਿਚ ਰੀਪੋਰਟ ਕੀਤੀ : "ਸ਼ਹਿਨਸ਼ਾਹ ਦਾ ਰਾਜ ਅੰਦਰੂਨੀ ਹਿੱਸੇ 'ਤੇ ਹੈ ਅਤੇ ਬਾਹਰ ਸਿੱਖ ਸਰਦਾਰ ਮੁਖੀ ਹਨ।" ਮਰਹੱਟਿਆਂ ਵੱਲੋਂ ਸਿੱਖ ਮੁਖੀਆਂ ਨਾਲ ਗੱਲ-ਬਾਤ ਛੇੜੀ ਗਈ ਅਤੇ ਮਾਰਚ 1785 ਵਿਚ ਇਕ ਆਰਜ਼ੀ ਸੰਧੀ ਦੀਆਂ ਸ਼ਰਤਾਂ ਮੰਨ ਲਈਆਂ ਗਈਆਂ।

ਸਿੱਖਾਂ ਨੂੰ ਮਰਹੱਟਿਆਂ 'ਤੇ ਵਿਸ਼ਵਾਸ ਨਹੀਂ ਸੀ ਅਤੇ ਮਰਹੱਟਿਆਂ ਨੂੰ ਸਿੱਖਾਂ ਦਾ ਯਕੀਨ ਨਹੀਂ ਸੀ। ਉਧਰ ਅੰਗਰੇਜ਼ ਸਿੱਖ ਸਰਦਾਰਾਂ ਨੂੰ ਉਕਸਾਉਣ ਵਿਚ ਲੱਗੇ ਹੋਏ ਸਨ ਕਿ ਉਹ ਮਰਹੱਟਿਆਂ ਨਾਲੋਂ ਸੰਬੰਧ ਤੋੜ ਲੈਣ। ਸਿੱਖ ਸਰਦਾਰਾਂ ਨੇ ਇਹ ਸਮਝਿਆ ਕਿ ਅੰਗਰੇਜ਼ ਉਨ੍ਹਾਂ ਨਾਲ ਅੱਛੇ ਸੰਬੰਧ ਰੱਖਣਾ ਚਾਹੁੰਦੇ ਹਨ ਅਤੇ ਸਾਂਝ ਦੀ ਤਜਵੀਜ਼ ਪੇਸ਼ ਕੀਤੀ। ਗਵਰਨਰ ਜਨਰਲ ਨੇ ਇਹ ਲਿਖਿਆ ਕਿ "ਅਸੀਂ ਉਨ੍ਹਾਂ ਦੇ ਅੱਗੇ ਵਧਣ 'ਤੇ ਰੋਕ ਨਹੀਂ ਲਾਵਾਂਗੇ ਜਦੋਂ ਤਕ ਮਾਧਾਜੀ ਸਿੰਧੀਆ ਦੀ ਨੀਅਤ ਅਤੇ ਵਿਹਾਰ ਦੀ ਪੂਰੀ ਜਾਣਕਾਰੀ ਨਹੀਂ ਮਿਲ ਜਾਂਦੀ।"

ਸਿੱਖ ਸਰਦਾਰਾਂ ਦਾ ਸਬਰ ਅੰਗਰੇਜ਼ਾਂ ਤੋਂ ਭਰ ਗਿਆ ਅਤੇ ਉਨ੍ਹਾਂ ਮਾਧਾਜੀ ਸਿੰਧੀਆ ਨਾਲ ਸੰਧੀ ਮਈ 9, 1785 ਨੂੰ ਕਰ ਲਈ। ਉਨ੍ਹਾਂ ਮਰਹੱਟਿਆਂ ਨੂੰ ਪੰਜ ਹਜ਼ਾਰ ਘੋੜਸਵਾਰ ਦੇਣੇ ਪ੍ਰਵਾਨ ਕਰ ਲਏ। ਉਨ੍ਹਾਂ 10 ਲੱਖ ਦੀ ਜਗੀਰ ਬਦਲੇ 'ਰਾਖੀ' ਵਸੂਲ ਕਰਨੀ ਬੰਦ ਕਰ ਦਿੱਤੀ। ਨਿਰਧਾਰਤ ਘੋੜਸਵਾਰ ਫ਼ੌਜ ਮਰਹੱਟਿਆਂ ਦੇ ਕੈਂਪ ਵਿਚ ਦਾਖ਼ਲ ਹੋ ਗਈ। ਪਰ ਛੇਤੀ ਹੀ ਮਰਹੱਟਿਆਂ ਨੂੰ ਸ਼ੱਕ ਹੋ ਗਿਆ ਕਿ ਉਹ ਜਾਸੂਸੀ ਕਰ ਰਹੇ ਹਨ। ਇਕ ਮਰਾਠਾ ਰਿਪੋਰਟ ਵਿਚ ਕਿਹਾ ਗਿਆ ਕਿ "ਸਿੱਖ ਕਪਟੀ ਹਨ। ਸਾਡੇ ਕੈਂਪ ਵਿਚ ਦੋ ਮਹੀਨੇ

ਰਹਿ ਕੇ ਇਨ੍ਹਾਂ ਨੇ ਸਾਡੇ ਸਾਰੇ ਭੇਤ ਲੈ ਲਏ ਹਨ ਕਿ ਸਾਡੀ ਫ਼ੌਜੀ ਸ਼ਕਤੀ ਕਿੰਨੀ ਹੈ?" ਸ਼ੱਕ ਦੇ ਵਾਤਾਵਰਨ ਨੇ ਸੰਧੀ ਨੂੰ ਨਕਾਰਾ ਬਣਾ ਦਿੱਤਾ ਅਤੇ ਕੁਝ ਹੀ ਮਹੀਨਿਆਂ ਵਿਚ ਦੋਵੇਂ ਧਿਰਾਂ ਉਸ ਬਾਰੇ ਭੁੱਲ-ਭੁਲਾ ਗਈਆਂ।

ਦਸੰਬਰ 1785 ਵਿਚ ਪਟਿਆਲੇ ਦੇ ਰਾਜੇ ਅਤੇ ਸਿੰਘਪੁਰੀਆ ਦੇ ਵਿਚਕਾਰ ਝਗੜੇ ਦੇ ਨਿਪਟਾਰੇ ਲਈ ਮਰਹੱਟਾ ਫ਼ੌਜ ਮਾਲਵੇ ਵਿਚ ਦਾਖਲ ਹੋ ਗਈ। ਜਦੋਂ ਮਰਹੱਟਿਆਂ ਦੀ ਫ਼ੌਜ ਪਟਿਆਲੇ ਵਿਚ ਸੀ ਤਾਂ ਸਿੱਖ ਘੋੜਸਵਾਰ ਜਮਨਾ ਪਾਰ ਤੋਂ 'ਰਾਖੀ' ਵਸੂਲ ਕਰ ਰਹੇ ਸਨ। ਇਹੀ ਕਿਰਿਆ ਅਗਲੇ ਸਾਲ ਵੀ ਦੁਹਰਾਈ ਗਈ ਜਦੋਂ ਥਾਨੇਸਰ ਦੇ ਭੰਗਾ ਸਿੰਘ ਸਰਦਾਰ ਨੇ, ਜਿਹੜਾ ਮਾਲਵੇ ਦਾ ਮੰਨਿਆ ਹੋਇਆ ਬਦਨਾਮ ਆਦਮੀ ਸੀ, ਅਨੇਕਾਂ ਕਸਬਿਆਂ ਤੋਂ ਖਰਾਜ ਵਸੂਲ ਕਰਨ ਲੱਗਾ, ਜਿਨ੍ਹਾਂ ਵਿਚ ਮੇਰਠ ਅਤੇ ਹਾਪੁੜ ਵੀ ਸ਼ਾਮਲ ਸਨ। 1787 ਦੀ ਬਰਸਾਤ ਰੁੱਤ ਵਿਚ ਸਰਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਸਿੱਖਾਂ ਦਾ ਇਕ ਜਥਾ ਗ਼ੁਲਾਮ ਕਾਦਰ ਰੋਹਿਲਾ ਨਾਲ ਮਿਲ ਗਿਆ ਅਤੇ ਦਿੱਲੀ ਅਤੇ ਆਗਰੇ ਵਿਚਕਾਰ ਸ਼ਾਹੀ ਇਲਾਕੇ ਵਿਚ ਲੁੱਟਮਾਰ ਕਰਦੇ ਰਹੇ। ਸਿੱਖਾਂ ਦੀ ਸਹਾਇਤਾ ਸਦਕਾ ਗ਼ੁਲਾਮ ਕਾਦਰ ਸ਼ਾਹੀ ਸ਼ਹਿਰ ਵਿਚ ਦਾਖਲ ਹੋਇਆ ਅਤੇ ਦਹਿਸ਼ਤ ਫੈਲਾਈ ਜਿਸ ਦਾ ਅੰਤ ਬਾਦਸ਼ਾਹ, ਸ਼ਾਹ ਆਲਮ ਨੂੰ ਅਗਸਤ 10, 1788 ਨੂੰ ਅੰਨ੍ਹਾ ਕਰਨ ਵਿਚ ਹੋਇਆ।

ਜਮਨਾ-ਗੰਗਾ ਦੁਆਬੇ ਤੇ ਕਬਜ਼ਾ ਕਰਨ ਲਈ ਜਦੋਜਹਿਦ ਛੇ ਸਾਲ ਚਲਦੀ ਰਹੀ। ਕਈ ਵਾਰ ਸਿੱਖਾਂ ਨੇ ਗੰਗਾ ਪਾਰ ਕੀਤੀ ਅਤੇ ਅੰਗਰੇਜ਼ ਚੌਕੀਆਂ 'ਤੇ ਝੜਪਾਂ ਹੋਈਆਂ। ਜਨਵਰੀ 1771 ਵਿਚ ਥਾਨੇਸਰ ਦੇ ਭੰਗਾ ਸਿੰਘ ਨੇ ਅੰਗਰੇਜ਼ ਅਫ਼ਸਰ ਲੈਫ਼ਟੀਨੈਂਟ ਕਰਨਲ ਸਟੂਅਰਟ ਨੂੰ ਪਕੜ ਲਿਆ ਅਤੇ ਉਸ ਦੀ ਸਰਕਾਰ ਪਾਸੋਂ 60 ਹਜ਼ਾਰ ਰੁਪਏ ਚੜ੍ਹਾਵੇ ਵਜੋਂ ਵਸੂਲ ਕਰ ਲਏ। ਮਾਧਾਜੀ ਸਿੰਧੀਆ ਦੀ ਮੌਤ ਫ਼ਰਵਰੀ 1794 ਵਿਚ ਹੋਣ ਨਾਲ ਸਿੱਖਾਂ ਦੀਆ ਧਾੜਾਂ ਪਹਿਲਾਂ ਨਾਲੋਂ ਬਹੁਤ ਵਧ ਗਈਆਂ। ਪੂਰਬ ਵੱਲ ਸਿੱਖਾਂ ਦਾ ਵਿਸਤਾਰ ਬਹੁਤ ਵਧ ਗਿਆ। ਇਹ ਗੱਲ 1795 ਦੀ ਹੈ। ਇਸ ਤੋਂ ਉਪਰੰਤ ਮਰਹੱਟਿਆਂ ਨੇ ਨਾ ਕੇਵਲ ਸਿੱਖਾਂ ਦਾ ਅੱਗੇ ਵਧਣਾ ਰੋਕਿਆ ਸਗੋਂ ਉਨ੍ਹਾਂ ਨੂੰ ਮਾਲਵੇ ਤਕ ਪਿੱਛੇ ਵੀ ਕਰ ਦਿੱਤਾ। ਉੱਤਰ ਵਿਚ ਮਰਹੱਟਾ ਫ਼ੌਜ ਦੀ ਕਮਾਨ ਕਰਨ ਵਾਲੇ ਜਰਨੈਲ ਪੈਰਨ ਨੇ ਮਲਵਈਆਂ ਪਾਸੋਂ ਆਪਣੀਆਂ ਸ਼ਰਤਾਂ ਮੰਨਵਾਈਆਂ। ਮਲਵਈਆਂ ਵਿਚ ਅਜਿਹੀ ਫੁੱਟ ਪਈ ਕਿ ਅੰਗਰੇਜ਼ ਜਾਰਜ ਥਾਮਸ ਨੂੰ, ਜਿਹਨੇ ਹਾਂਸੀ ਵਿਖੇ ਆਪਣੀ ਹਕੂਮਤ ਕਾਇਮ ਕਰ ਲਈ ਸੀ, ਸਿੱਖਾਂ ਨੂੰ ਉਸ ਨੂੰ ਕੱਢਣਾ ਔਖਾ ਹੋ ਗਿਆ। ਪੈਰਨ ਅਤੇ ਜਾਰਜ ਥਾਮਸ ਦੀ ਸਫਲਤਾ ਨੇ ਇਹ ਦਰਸਾਇਆ ਕਿ ਸਤਿਲੁਜ ਤੋਂ ਉਰਾਰ ਦੇ ਸਿੱਖ ਕਿੰਨੇ ਨਿਪੁੰਸਕ ਹੋ ਚੁੱਕੇ ਹਨ।

ਮਿਸਲਾਂ ਵਿਚ ਫੁੱਟ

ਮਾਝੇ ਅਤੇ ਮਾਲਵੇ ਵਿਚ ਮਿਸਲਾਂ ਅੰਦਰ ਫੁੱਟ ਪੈਣ ਦਾ ਇਹ ਹੀ ਕਾਰਨ ਸੀ ਕਿ ਬਾਹਰੀ ਦਬਾਓ ਢਿੱਲਾ ਪੈ ਗਿਆ ਸੀ ਅਤੇ ਉਨ੍ਹਾਂ ਅੰਦਰ ਲੁੱਟ-ਮਾਰ ਲਈ ਪਿਆਰ ਸੀ।

ਉੱਤਰ ਦੇ ਪਹਾੜੀ ਇਲਾਕਿਆਂ ਵੱਲ ਅਬਦਾਲੀ ਦਾ ਧਿਆਨ ਨਹੀਂ ਗਿਆ। ਵਪਾਰੀਆਂ ਨੇ ਆਪਣੇ ਭੰਡਾਰ ਮੈਦਾਨਾਂ ਤੋਂ ਪਹਾੜਾਂ ਵੱਲ ਬਦਲ ਲਏ ਅਤੇ ਇਸ ਤਰ੍ਹਾਂ ਕਾਰਵਾਂ ਹਿਮਾਲੀਆ ਦੀ ਤਲਹੱਟੀ ਤੋਂ ਲੰਘਣ ਲੱਗੇ। ਪਹਾੜੀ ਰਾਜਾਂ ਵਿਚੋਂ ਸਭ ਤੋਂ ਅਮੀਰ ਜੰਮੂ ਸੀ। ਜੰਮੂ ਦੀ ਅਮੀਰੀ ਨੇ ਹੀ ਮਾਝੇ ਦੇ ਸਿੱਖ ਸਰਦਾਰਾਂ ਨੂੰ ਖ਼ਰਾਬ ਕੀਤਾ।

1774 ਵਿਚ ਜੰਮੂ ਦੇ ਰਾਜੇ ਰਣਜੀਤ ਦੇਵ ਅਤੇ ਉਸ ਦੇ ਬੇਟੇ ਬ੍ਰਜ ਰਾਜਦੇਵ ਵਿਚਕਾਰ ਗੱਲ ਵਧ ਗਈ। ਸ਼ੁਕਰਚੱਕੀਏ ਸਰਦਾਰ ਬੇਟੇ ਦੀ ਹਮਾਇਤ ਕਰਦੇ ਅਤੇ ਭੰਗੀ ਉਸ ਦੇ

ਪਿਤਾ ਦਾ ਪੱਖ ਪੂਰਦੇ। ਜਿਹੜੀਆਂ ਝੜਪਾਂ ਹੋਈਆਂ ਉਨ੍ਹਾਂ ਵਿਚ ਚੜ੍ਹਤ ਸਿੰਘ ਸੁਕਰਚੱਕੀਆ ਮਾਰਿਆ ਗਿਆ। ਝੰਡਾ ਸਿੰਘ ਭੰਗੀ ਉਸ ਕਾਤਲ ਹੱਥੋਂ ਮਾਰਿਆ ਗਿਆ ਜਿਸ ਨੂੰ ਜੈ ਸਿੰਘ ਕਨ੍ਹਈਏ ਨੇ ਪੈਸੇ ਦਿੱਤੇ ਸਨ।

1775 ਵਿਚ ਭੰਗੀਆਂ ਅਤੇ ਰਾਮਗੜ੍ਹੀਆਂ ਦੀ ਲੜਾਈ ਕਨ੍ਹਈਆਂ, ਸੁਕਰਚੱਕੀਆਂ ਅਤੇ ਆਹਲੂਵਾਲੀਆਂ ਦੇ ਸਾਂਝੇ ਦਲ ਵਿਚਕਾਰ ਹੋਈ ਪਰ ਦਸ ਦਿਨ ਦੀ ਲੜਾਈ ਪਿੱਛੋਂ ਵੀ ਸਿੱਟਾ ਕੁਝ ਨਹੀਂ ਸੀ। ਪਹਿਲੋਂ ਰਾਮਗੜ੍ਹੀਆ ਨੂੰ ਆਹਲੂਵਾਲੀਆ ਹੱਥੋਂ ਫੱਟ ਵੱਜੇ। ਇਕ ਸਾਲ ਉਪਰੰਤ ਆਹਲੂਵਾਲੀਆਂ ਨੂੰ ਕੈਦ ਕਰਕੇ ਰਾਮਗੜ੍ਹੀਆਂ ਨੇ ਬਦਲਾ ਲੈ ਲਿਆ ਅਤੇ ਫੇਰ ਦਰਿਆਦਿਲੀ ਵਿਖਾ ਕੇ ਰਿਹਾਅ ਵੀ ਕਰ ਦਿੱਤਾ। ਦਲ ਖਾਲਸਾ ਦੇ ਇਕ ਸਮੇਂ ਦੇ ਕਮਾਂਡਰ ਨੇ ਮਾਝੇ ਵਿਚੋਂ ਰਾਮਗੜ੍ਹੀਆਂ ਨੂੰ ਕੱਢਣ ਲਈ ਜੈ ਸਿੰਘ ਕਨ੍ਹਈਏ ਦੀ ਮਦਦ ਲਈ। ਉਹ ਹਿਸਾਰ ਵਿਚ ਦਾਖਲ ਹੋ ਗਏ ਅਤੇ ਮਾਲਵੇ ਦੀ ਰਾਜਨੀਤੀ ਵਿਚ ਹਿੰਸਕ ਦਖ਼ਲ ਦੇਣ ਲੱਗੇ।

1782 ਵਿਚ ਮਤੈਲ ਫਿਰ ਜੰਮੂ ਦੀ ਖ਼ਾਤਰ ਲੜ ਪਏ। ਬ੍ਰਜ ਰਾਜਦੇਵ ਨੇ, ਜਿਹੜਾ ਆਪਣੇ ਬਾਪ ਦੀ ਗੱਦੀ 'ਤੇ ਬੈਠਾ ਸੀ, ਆਪਣੇ ਭਤੀਜੇ ਨੂੰ ਮਰਵਾ ਦਿੱਤਾ। ਕਨ੍ਹਈਆ ਮਿਸਲ ਬ੍ਰਜ ਰਾਜਦੇਵ ਦੀ ਹਮਾਇਤ ਕਰਦੀ ਸੀ; ਭੰਗੀਆਂ ਦੀ ਮਦਦ ਵਿਰੋਧੀ ਧੜੇ ਨੂੰ ਸੀ। ਉਪਰੰਤ ਦੋਵੇਂ ਮਿਸਲਾਂ ਨੇ ਇਕੱਠ ਕਰ ਲਿਆ ਅਤੇ ਬ੍ਰਜ ਰਾਜਦੇਵ ਨੂੰ ਲੁੱਟਿਆ। ਜੰਮੂ ਦੇ ਰਾਜੇ ਨੇ ਮਹਾਂ ਸਿੰਘ ਸ਼ੁਕਰਚੱਕੀਏ ਤੋਂ ਮਦਦ ਲਈ ਬੇਨਤੀ ਕੀਤੀ। ਮਹਾਂ ਸਿੰਘ ਨੇ ਪਹਿਲੋਂ ਬ੍ਰਜ ਰਾਜਦੇਵ ਦੀ ਸਹਾਇਤਾ ਕੀਤੀ, ਫੇਰ ਸ਼ਹਿਰ ਨੂੰ ਲੁੱਟ ਕੇ ਆਪਣੀ ਮਦਦ ਕੀਤੀ। ਇਸ ਨਾਲ ਕਨ੍ਹਈਆ ਜੈ ਸਿੰਘ ਰੋਹ ਵਿਚ ਆ ਗਿਆ ਸੀ। ਮਿਸਲਾਂ ਨੇ ਹੋਰ ਤਰ੍ਹਾਂ ਵੀ ਆਪਣਾ ਗਠਜੋੜ ਬਣਾ ਲਿਆ ਸੀ। ਸ਼ੁਕਰਚੱਕੀਆਂ ਨੇ ਰਾਮਗੜ੍ਹੀਆਂ ਨੂੰ ਵਾਪਸ ਮਾਝੇ ਬੁਲਾ ਲਿਆ ਅਤੇ ਕਟੋਚ ਦੇ ਰਾਜਪੂਤਾਂ ਸਮੇਤ ਕਨ੍ਹੱਈਆਂ ਨਾਲ ਲੜਾਈ ਕੀਤੀ ਅਤੇ ਉਨ੍ਹਾਂ ਨੂੰ ਹਾਰ ਦਿੱਤੀ।

ਕਦੇ ਇਕ ਅਤੇ ਕਦੇ ਦੂਜੇ ਨਾਲ ਗਠਜੋੜ ਕਰਨ ਦੀ ਮਿਸਲਾਂ ਦੀ ਗੰਦੀ ਬਾਣ ਚਲਦੀ ਰਹੀ। ਸਭ ਤੋਂ ਵੱਧ ਚਲਾਕ ਮਹਾਂ ਸਿੰਘ ਸ਼ੁਕਰਚੱਕੀਆ ਸੀ। ਜੰਮੂ ਦੀ ਲੁੱਟ ਨਾਲ ਉਸ ਆਪਣੇ ਪਰਿਵਾਰ ਨੂੰ ਖ਼ੁਸ਼ਹਾਲ ਬਣਾ ਲਿਆ ਸੀ। ਆਪਣੇ ਫੁਰਤੀਲੇਪਨ ਅਤੇ ਸੱਜੀ ਬਾਂਹ ਦੀ ਤਾਕਤ ਸਦਕਾ ਉਸ ਸੁਕਰਚੱਕੀਆ ਘਰ ਨੂੰ ਮਿਸਲਾਂ ਵਿਚ ਦੂਜੀ ਵੱਡੀ ਤਾਕਤ ਬਣਾ ਲਿਆ ਸੀ। ਭੰਗੀਆਂ ਨੂੰ ਖ਼ਤਮ ਕਰਨ ਲਈ ਉਹ ਜਾ ਰਿਹਾ ਸੀ ਤਾਂ ਉਸ ਦੇ ਫ਼ਤਹਿ ਪ੍ਰਾਪਤ ਕਰਨ ਵਾਲੇ ਜੀਵਨ ਦੀ ਡੋਰ ਅਚਾਨਕ 1792 ਵਿਚ ਹੋਈ ਮੌਤ ਨਾਲ ਕੱਟੀ ਗਈ।

ਖਾਲਸਾ ਪੰਥ ਦੇ ਸਾਜਣ ਤੋਂ ਅਗਲੀ ਸਦੀ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਲਾਹੇ ਵਾਲੇ ਪਾਸੇ ਵਿਲੱਖਣ ਅੰਕ ਹੋਵੇਗਾ। ਪੰਜਾਬੀਅਤ ਦੀ ਰੂਹ ਦਾ ਸੁਰਜੀਤ ਹੋਣਾ ਜਿਸ ਨੂੰ ਬੰਦੇ ਨੇ ਮਲੀਆਮੇਟ ਕੀਤਾ ਸੀ। ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਭੰਗੀ ਸਰਦਾਰਾਂ ਨੇ ਕੇਵਲ ਖਾਲਸਾ ਸਾਂਝੀ ਦੌਲਤ (ਖਾਲਸਾ ਕਾਮਨਵੈਲਥ) ਦੀ ਉਸਾਰੀ ਹੀ ਨਹੀਂ ਕੀਤੀ ਸਗੋਂ ਮੁਸਲਮਾਨ ਕਿਸਾਨਾਂ ਦਾ ਦਿਲ ਤੇ ਵਿਸ਼ਵਾਸ ਵੀ ਜਿੱਤਿਆ। ਇਸ ਲਾਹੇ ਨੂੰ ਸਿੱਖ ਨੇਤਾ ਅਤੇ ਫ਼ਾਰਸ ਅਤੇ ਅਫ਼ਗਾਨਾਂ ਦੇ ਸਿੱਖਾਂ ਦੇ ਸਹਿਮ ਤੇ ਉਨ੍ਹਾਂ ਦੇ ਮੁਗ਼ਲ ਭਾਈਵਾਲਾਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਔਖੇ ਦਿਹਾੜਿਆਂ ਵਿਚ ਸਿੱਖਾਂ ਨੇ ਧਾੜਵੀਆਂ ਨੂੰ ਠੱਲ੍ਹ ਪਾਈ (ਸ਼ਾਇਦ ਅਚੇਤ) ਅਤੇ ਇਹ ਭਾਵਨਾ ਦਿੱਤੀ ਕਿ ਪੰਜਾਬ ਦੀ ਹੋਣੀ ਤਾਂ ਸੁਧਰ ਸਕਦੀ ਹੈ ਜੇਕਰ ਇਸ ਦੇ ਹਾਕਮ ਪੰਜਾਬੀ ਹੋਣ ਅਤੇ ਕਾਬੁਲ ਜਾਂ ਮੁਗ਼ਲ ਰਾਜ ਦਾ ਹਿੱਸਾ ਨਾ ਰਹੇ।

ਲੇਖੇ-ਜੋਖੇ ਦੇ ਘਾਟੇ ਵਾਲੇ ਪਾਸੇ ਰਸਾਤਲ ਸੀ ਜਿਸ ਵਿਚ ਆਜ਼ਾਦੀ ਲਈ ਜੂਝਣ ਵਾਲੀਆਂ ਮਿਸਲਾਂ ਡਿੱਗ ਪਈਆਂ । ਉਹ ਡਾਕੂ-ਲੁਟੇਰੇ ਅਤੇ ਅਰਾਜਕਤਾ ਫੈਲਾਉਣ ਵਾਲੇ ਹੋ ਗਏ ਅਤੇ ਆਪੇ ਵਿਚ ਲੜਨ ਲੱਗੇ ।


ਇਹ ਸਪੱਸ਼ਟ ਸੀ ਕਿ ਮਿਸਲਾਂ ਦੇ ਵੀ ਆਪਣੇ ਦਿਨ ਸਨ । ਪਰ ਜੇਕਰ ਪੰਜਾਬ ਨੇ ਆਜ਼ਾਦ ਰਹਿਣਾ ਸੀ ਤਾਂ ਜ਼ਰੂਰੀ ਸੀ ਕਿ ਇਹ ਇਕ ਆਦਮੀ ਦੇ ਅਧੀਨ ਹੋ ਜਾਵੇ ਜਿਸ ਵਿਚ ਮਿਸਲਾਂ ਨੂੰ ਖ਼ਤਮ ਕਰਨ ਦੀ ਤਾਕਤ ਹੋਵੇ ਅਤੇ ਅਜਿਹੀ ਦ੍ਰਿਸ਼ਟੀ ਰੱਖਦਾ ਹੋਵੇ ਅਤੇ ਅਜਿਹਾ ਰਾਜ ਬਣਾਵੇ ਜਿਸ ਨੂੰ ਸਾਰੇ ਪੰਜਾਬੀ, ਮੁਸਲਮਾਨ, ਹਿੰਦੂ ਅਤੇ ਸਿੱਖ ਆਪਣਾ ਕਹਿ ਸਕਣ । ਇਹ ਵਿਸ਼ਲੇਸ਼ਣ ਇਕ ਅੰਗਰੇਜ਼ ਸੈਲਾਨੀ ਫ਼ਾਰੈਸਟਰ ਦਾ ਹੈ, ਜਿਸ 1783 ਵਿਚ ਇਸ ਪ੍ਰਕਾਰ ਲਿਖਿਆ : "ਅਸੀਂ ਦੇਖਾਂਗੇ ਕਿ ਕੋਈ ਉਤਸ਼ਾਹੀ ਮੁਖੀ ਆਪਣੀ ਪ੍ਰਤਿਭਾ ਅਤੇ ਸਫਲਤਾ ਆਪਣੇ ਸਾਥੀਆਂ ਦੀ ਤਾਕਤ ਸਹਿਤ ਆਪਣੀ ਕਾਮਨਵੈਲਥ ਦੇ ਖੰਡਰਾਂ ਵਿਚ ਸਟੈਂਡਰਡ ਬਾਦਸ਼ਾਹਤ ਕਾਇਮ ਕਰੇਗਾ ।" ਜਦੋਂ ਇਹ ਭਵਿੱਖਬਾਣੀ ਕੀਤੀ ਜਾ ਰਹੀ ਸੀ ਤਾਂ ਰਣਜੀਤ ਸਿੰਘ ਕੇਵਲ ਤਿੰਨ ਵਰ੍ਹਿਆਂ ਦਾ ਸੀ ।

ਭਾਗ—III

ਪੰਜਾਬ ਗਣਤੰਤਰ ਅਤੇ ਸਾਮਰਾਜਵਾਦ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਕਾਂਡ—10

ਸ਼ੁਕਰਚੱਕੀਆ ਮਿਸਲ ਦੀ ਚੜ੍ਹਤ


ਰਣਜੀਤ ਸਿੰਘ ਦੇ ਵੱਡ-ਵਡੇਰੇ

ਜਿਸ ਆਦਮੀ ਨੇ, ਲੜਦੀਆਂ-ਝਗੜਦੀਆਂ ਮਿਸਲਾਂ ਨੂੰ ਸਮਾਪਤ ਕੀਤਾ, ਸਾਂਝਾ ਰਾਜ ਕਾਇਮ ਕਰਨ ਲਈ ਖੇਤਰੀ ਰਾਸ਼ਟਰਵਾਦ ਦੀ ਸੁਚੇਤ ਭਾਵਨਾ ਜਗਾਈ ਅਤੇ ਪੰਜਾਬੀਆਂ ਦੀ ਅਥਾਹ ਸ਼ਕਤੀ ਨੂੰ ਇਕੱਤਰ ਕੀਤਾ ਤਾਂ ਜੋ ਗੁਆਚੀ ਦੇਸ਼ਾਂ ਨੂੰ ਫ਼ਤਹਿ ਕਰ ਸਕੇ, ਉਹ ਰਣਜੀਤ ਸਿੰਘ ਸ਼ੁਕਰਚੱਕੀਆ ਸੀ। ਉਸ ਦਾ ਜਨਮ ਨਵੰਬਰ 13, 1780 ਈਸਵੀ ਨੂੰ ਹੋਇਆ।


ਸ਼ੁਕਰਚੱਕੀਆ ਮਿਸਲ ਦੀ ਬੁਨਿਆਦ ਇਕ ਬੁਧ ਸਿੰਘ ਨੇ ਰੱਖੀ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤਪਾਨ ਕੀਤਾ ਸੀ। ਬੁਧ ਸਿੰਘ ਦਾ ਦਿਹਾਂਤ 1708 ਵਿਚ ਹੋ ਗਿਆ। ਉਹ ਵਿਰਸੇ ਵਿਚ ਆਪਣੇ ਪੁੱਤਰਾਂ ਲਈ ਕੁਝ ਆਪਣੇ ਨਗਰ ਅਤੇ ਕਈ ਗੁਆਂਢ ਵਿਚ ਛੱਡ ਗਿਆ, ਜਿਨ੍ਹਾਂ ਪਾਸੋਂ ਹਿਫਾਜ਼ਤੀ ਕਰ ਵਸੂਲ ਕੀਤਾ ਜਾਂਦਾ ਸੀ। ਨੌਧ ਸਿੰਘ ਨੇ ਆਪਣੇ ਨਗਰ ਦੀ ਕਿਲ੍ਹਾਬੰਦੀ ਕੀਤੀ, ਸ਼ੁਕਰਚੱਕ (ਇਸੇ ਲਈ ਸ਼ੁਕਰਚੱਕੀਆ ਅਖਵਾਏ)। ਨਵਾਬ ਕਪੂਰ ਸਿੰਘ ਦੀ ਫ਼ੌਜ ਵਿਚ ਭਰਤੀ ਹੋਇਆ। ਅਬਦਾਲੀ ਵਿਰੁੱਧ ਕਈ ਲੜਾਈਆਂ ਵਿਚ ਵੀ ਭਾਗ ਲਿਆ। ਜਦੋਂ ਅਫ਼ਗਾਨੀ ਪਿੱਛੇ ਹਟ ਗਏ ਤਾਂ ਸ਼ੁਕਰਚੱਕੀਆਂ ਅਤੇ ਸਿੰਘਪੁਰੀਆਂ ਨੇ ਰਾਵੀ ਅਤੇ ਜੇਹਲਮ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਕ ਝਗੜੇ ਵਿਚ ਨੌਧ ਸਿੰਘ 1752 ਵਿਚ ਅਕਾਲ ਚਲਾਣਾ ਕਰ ਗਿਆ। ਨੌਧ ਸਿੰਘ ਦੇ ਚਾਰ ਪੁੱਤਰਾਂ ਵਿਚੋਂ ਚੜ੍ਹਤ ਸਿੰਘ ਨੇ ਆਪਣਾ ਮੁਖਿਆਲਾ ਗੁਜਰਾਂਵਾਲਾ ਵਿਖੇ ਤਬਦੀਲ ਕਰ ਲਿਆ। ਇਸ ਸਥਾਨ ਦੀ ਉਸ ਕਿਲ੍ਹਾਬੰਦੀ ਕੀਤੀ ਅਤੇ ਲਾਹੌਰ ਦੇ ਅਫ਼ਗ਼ਾਨ ਸੂਬੇਦਾਰ ਵਿਰੁੱਧ ਇਸ ਦੀ ਸਫ਼ਲਤਾ ਸਹਿਤ ਰਾਖੀ ਕੀਤੀ। ਅਬਦਾਲੀ ਨੇ ਇਹ ਕਿਲ੍ਹਾਬੰਦੀ ਢਹਿ-ਢੇਰੀ ਕਰ ਦਿੱਤੀ। ਪਰ ਅਫ਼ਗਾਨਾਂ ਦੇ ਪਿੱਛੇ ਹਟਣ ਤੇ ਸ਼ੁਕਰਚੱਕੀਆਂ ਨੇ ਇਹ ਗੜ੍ਹੀ ਮੁੜ ਉਸਾਰ ਲਈ ਅਤੇ ਆਪਣੇ ਇਲਾਕੇ ਮੁੜ ਕਬਜ਼ੇ ਵਿਚ ਕਰ ਲਏ। ਚੜ੍ਹਤ ਸਿੰਘ ਦਾ ਆਖ਼ਰੀ ਹੱਲਾ ਜੰਮੂ ਦੇ ਰਾਜੇ ਦੇ ਇਲਾਕੇ ਉੱਤੇ ਸੀ। ਉਥੇ ਚੜ੍ਹਤ ਸਿੰਘ ਹੱਥ ਵਿਚ ਤੋੜੇਦਾਰ ਬੰਦੂਕ ਦੇ ਫਟ ਜਾਣ ਕਾਰਨ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ।

ਚੜ੍ਹਤ ਸਿੰਘ ਦੇ ਸਪੁੱਤਰ ਮਹਾਂ ਸਿੰਘ ਨੇ ਆਪਣੇ ਪਿਤਾ ਦੀ ਬਹਾਦਰੀ ਅਤੇ ਅਕਾਂਖਿਆਵਾਂ ਦਾ ਵਿਰਸਾ ਸੰਭਾਲਿਆ। ਉਸ ਜੀਂਦ ਦੇ ਗਜਪਤ ਸਿੰਘ ਦੀ ਸਪੁੱਤਰੀ ਨਾਲ ਵਿਆਹ ਕਰਕੇ ਸਿੱਖਾਂ ਵਿਚ ਆਪਣੀ ਪੋਜ਼ੀਸ਼ਨ ਮਜ਼ਬੂਤ ਕਰ ਲਈ। ਉਸ ਗੁਜਰਾਂਵਾਲਾ ਦੇ ਉੱਤਰ ਅਤੇ ਉੱਤਰ-ਪੱਛਮ 'ਤੇ ਕਬਜ਼ਾ ਕਰ ਲਿਆ ਅਤੇ ਮੁਸਲਮਾਨਾਂ ਦੇ ਕਬੀਲਿਆਂ ਤੋਂ ਕਰ ਵਸੂਲ ਕਰਨਾ ਆਰੰਭ ਕਰ ਦਿੱਤਾ।

ਥੋੜ੍ਹੇ ਹੀ ਸਮੇਂ ਵਿਚ ਮਹਾਂ ਸਿੰਘ ਨੇ ਆਪਣੀ ਮਿਸਲ ਨੂੰ ਜਿਹੜੀ ਕਿਸੇ ਗਿਣਤੀ ਵਿਚ



NORTHERN INDIA AT THE BIRTH OF RANJIT SINGH, 1780



ਨਹੀਂ ਸੀ, ਸੰਘ ਦੀ ਮੁਖੀ ਬਣਾ ਲਿਆ। ਇਸ ਨਾਲ ਸ਼ਕਤੀਸ਼ਾਲੀ ਕਨ੍ਹੱਈਆ ਮਿਸਲ ਅੰਦਰ ਈਰਖਾ ਪੈਦਾ ਹੋ ਗਈ। ਦੋਵੇਂ ਮਿਸਲਾਂ ਜੰਮੂ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਲੜਦੀਆਂ ਰਹੀਆਂ। ਅਜਿਹੀਆਂ ਝੜਪਾਂ ਵਿਚ ਇਕ ਅਜਿਹੀ ਸੀ, ਜਿਸ ਵਿਚ ਕਨ੍ਹਈਆ ਮਿਸਲ ਦੇ ਮੁਖੀ ਜੈ ਸਿੰਘ ਦਾ ਸਪੁੱਤਰ ਗੁਰਬਖਸ਼ ਸਿੰਘ ਮਾਰਿਆ ਗਿਆ। ਇਸ ਨਾਲ ਜੈ ਸਿੰਘ ਦਾ ਮਾਣ-ਤਾਣ ਟੁੱਟ ਗਿਆ। ਉਸ ਆਪਣੇ ਪੁੱਤਰ ਦੀ ਇਕਲੌਤੀ ਸਪੁੱਤਰੀ ਮਹਿਤਾਬ ਕੌਰ ਦਾ ਵਿਆਹ ਮਹਾਂ ਸਿੰਘ ਦੇ ਸਪੁੱਤਰ ਰਣਜੀਤ ਸਿੰਘ ਨਾਲ ਕਰਨਾ ਪਰਵਾਨ ਕਰ ਲਿਆ। ਉਸ ਸਮੇਂ ਰਣਜੀਤ ਸਿੰਘ ਪੰਜਾਂ ਸਾਲਾਂ ਦਾ ਸੀ। ਛੇਤੀ ਹੀ ਪਿੱਛੋਂ ਜੈ ਸਿੰਘ ਵੀ ਅਕਾਲ ਚਲਾਣਾ ਕਰ ਗਿਆ। ਇਸ ਤਰ੍ਹਾਂ ਸਾਰੀ ਕਨ੍ਹੱਈਆ ਮਿਸਲ ਉਸ ਦੀ ਨੂੰਹ ਸਦਾ ਕੌਰ ਦੇ ਹਿੱਸੇ ਆਈ ਜਿਹੜੀ ਮਹਿਤਾਬ ਕੌਰ ਦੀ ਮਾਂ ਸੀ।

ਮਹਾਂ ਸਿੰਘ ਦਾ ਅਕਾਲ ਚਲਾਣਾ 1792 ਵਿਚ ਹੋਇਆ। ਆਪਣੇ ਵੱਡੇ-ਵਡੇਰਿਆਂ ਪਾਸੋਂ ਜਿਹੜੀ ਵਿਰਾਸਤ ਰਣਜੀਤ ਸਿੰਘ ਨੇ ਪ੍ਰਾਪਤ ਕੀਤੀ, ਉਹ ਸੀ ਪੰਜਾਬ ਦੇ ਧੁਰ ਕੇਂਦਰ ਵਿਚ ਇਕ ਜ਼ਿਲ੍ਹਾ ਅਤੇ ਅਕਾਂਖਿਆਵਾਂ ਜਿਨ੍ਹਾਂ ਦੀ ਕੋਈ ਹੱਦ ਨਹੀਂ ਸੀ।

ਰਣਜੀਤ ਸਿੰਘ ਬਾਰ੍ਹਾਂ ਵਰ੍ਹਿਆਂ ਦਾ ਸੀ ਜਦੋਂ ਉਸ ਦੇ ਪਿਤਾ ਦਾ ਅਕਾਲ ਚਲਾਣਾ ਹੋਇਆ। ਉਸ ਨੂੰ ਬੜੀ ਮਾਤਾ ਦੀ ਭਿਆਨਕ ਬੀਮਾਰੀ ਹੋਈ ਸੀ। ਜਿਸ ਨਾਲ ਉਸ ਦੀ ਖੱਬੀ ਅੱਖ ਦੀ ਨਜ਼ਰ ਜਾਂਦੀ ਰਹੀ ਅਤੇ ਮੂੰਹ 'ਤੇ ਦਾਗ਼ ਹੀ ਦਾਗ਼ ਹੋ ਗਏ। ਉਸ ਨੂੰ ਕੋਈ ਵਿਦਿਆ ਪ੍ਰਾਪਤ ਨਹੀਂ ਹੋਈ। ਜੋ ਕੁਝ ਉਸ ਨੇ ਸਿੱਖਿਆ ਉਸ ਜੀਵਨ ਤੋਂ ਹੀ ਸਿੱਖਿਆ ਸੀ। ਉਸ ਦੀ ਪਹਿਲੀ ਜ਼ਿੰਦਗੀ ਵੀ ਅਜਿਹੀ ਸੀ ਕਿ ਜੱਟਾਂ-ਜ਼ਿਮੀਂਦਾਰਾਂ ਦੇ ਮੁੰਡਿਆਂ ਨਾਲ ਘੁੰਮਦਾ ਰਿਹਾ ਜਾਂ ਉਨ੍ਹਾਂ ਦਾ ਮੁਖੀ ਬਣਿਆ ਰਹਿੰਦਾ। ਉਹ ਸ਼ਿਕਾਰ ਦਾ ਆਦੀ ਹੋ ਗਿਆ ਅਤੇ ਘੋੜਿਆਂ ਦਾ ਸ਼ੌਕ ਹੱਦ ਤੋਂ ਵੱਧ ਗਿਆ। ਉਹ ਸ਼ਰਾਬ ਪੀਣ ਦਾ ਵੀ ਕਾਫ਼ੀ ਆਦੀ ਹੋ ਗਿਆ ਅਤੇ ਜੀਵਨ ਦੀਆਂ ਵਧੀਆ ਵਸਤਾਂ ਦਾ ਆਨੰਦ ਮਾਣਿਆ। ਜਦੋਂ ਉਹ ਪੰਦਰਾਂ ਵਰ੍ਹਿਆਂ ਦਾ ਹੋਇਆ ਤਾਂ ਉਸ ਦੇ ਜੀਵਨ ਵਿਚ ਅਚਾਨਕ ਤਬਦੀਲੀ ਆਈ। ਉਸ ਵੇਲੇ ਉਹ ਸੁਕਰਚੱਕੀਆ ਜਗੀਰ ਦਾ ਮਾਲਕ ਬਣ ਗਿਆ ਅਤੇ ਉਸ ਦਾ ਵਿਆਹ ਹੋ ਗਿਆ। ਵਿਆਹ ਹੋਣ ਨਾਲ ਉਹ ਆਪਣੀ ਸੱਸ ਸਦਾ ਕੌਰ ਦੇ ਪ੍ਰਭਾਵ ਹੇਠ ਆ ਗਿਆ, ਜਿਹੜੀ

ਕਨ੍ਹਈਆ ਮਿਸਲ ਦੀ ਮੁਖੀ ਸੀ। ਉਸ ਇਕ ਕੰਮ ਕੀਤਾ ਕਿ ਆਪਣੀ ਸਾਰੀ ਸ਼ਕਤੀ ਪੰਜਾਬ ਅੰਦਰ ਏਕਤਾ ਲਿਆਉਣ ਵਿਚ ਲਾ ਦਿੱਤੀ।

1798 ਵਿਚ ਪੰਜਾਬ

1798 ਵਿਚ ਪੰਜਾਬ ਦਾ ਨਕਸ਼ਾ ਇਕ ਪ੍ਰਕਾਰ ਦੀ ਚਿੱਤਰ-ਪਹੇਲੀ ਸੀ ਜਿਸ ਵਿਚ ਮਿਸਲਾਂ ਦਾ ਇਲਾਕਾ ਸੀ, ਕਸੂਰ ਦਾ ਜ਼ਿਲ੍ਹਾ ਸੀ ਜਿਸ ਤੇ ਪਠਾਣ ਪਰਿਵਾਰ ਦਾ ਰਾਜ ਸੀ ਅਤੇ ਧੁਰ ਦੱਖਣ ਵਿਚ ਇਕ ਸਾਹਸੀ ਅੰਗਰੇਜ਼, ਜਾਰਜ ਥਾਮਸ ਨੇ ਆਪਣਾ ਰਾਜ ਕਾਇਮ ਕਰ ਲਿਆ ਸੀ।

ਵਰ੍ਹਿਆਂ-ਬੱਧੀ ਮਿਸਲਾਂ ਆਪਸ ਵਿਚ ਘਾਤਕ ਲੜਾਈਆਂ ਵਿਚ ਫਸੀਆਂ ਰਹੀਆਂ। ਸਿੱਟੇ ਵਜੋਂ ਉਹ ਰਾਜਸੀ ਨਿਪੁੰਸਕਤਾ ਦਾ ਸ਼ਿਕਾਰ ਸਨ। ਜਿਹੜੀਆਂ ਮਿਸਲਾਂ ਆਮ ਗਿਰਾਵਟ ਤੋਂ ਬਚੀਆਂ ਸਨ ਉਹ ਸਨ—ਕਨ੍ਹਈਆ, ਨਕੱਈ, ਆਹਲੂਵਾਲੀਆ ਅਤੇ ਭੰਗੀ। ਰਣਜੀਤ ਸਿੰਘ ਵਿਆਹ ਉਪਰੰਤ ਕਨ੍ਹਈਆ ਜਗੀਰ ਦਾ ਵੀ ਵਾਰਸ ਹੋ ਚੁੱਕਿਆ ਸੀ। ਉਸ ਦੂਜਾ ਵਿਆਹ ਨਕੱਈ ਸ਼ਹਿਜ਼ਾਦੀ ਨਾਲ ਕਰਨ ਦਾ ਪ੍ਰਬੰਧ ਕਰ ਲਿਆ। ਉਸ ਇਹ ਵੀ ਫੈਸਲਾ ਕੀਤਾ ਕਿ ਫਤਹਿ ਸਿੰਘ ਆਹਲੂਵਾਲੀਆ ਨਾਲ ਮਿੱਤਰਤਾ ਗੰਢ ਲਵੇ (ਜੱਸਾ ਸਿੰਘ ਆਹਲੂਵਾਲੀਏ ਦੇ ਗ੍ਰਹਿ ਕੋਈ ਔਲਾਦ ਨਹੀਂ ਸੀ। ਇਸ ਲਈ ਭਾਗ ਸਿੰਘ ਵਾਰਸ ਬਣਿਆ। ਫਤਹਿ ਸਿੰਘ ਦਾ ਜਨਮ 1784 ਵਿਚ ਹੋਇਆ ਸੀ ਅਤੇ ਉਹ ਆਹਲੂਵਾਲੀਆ ਧਨ-ਦੌਲਤ ਅਤੇ ਇਲਾਕੇ ਦਾ ਮਾਲਕ 1801 ਵਿਚ ਬਣਿਆ। ਉਹ ਰਣਜੀਤ ਸਿੰਘ ਦੀ ਸੇਵਾ ਵਿਚ ਰਿਹਾ ਅਤੇ ਆਯੂਪ੍ਰਯੰਤ ਸੇਵਾ ਕਰਦਾ 1836 ਵਿਚ ਚੜ੍ਹਾਈ ਕਰ ਗਿਆ।) ਸਭ ਤੋਂ ਵੱਧ ਸ਼ਕਤੀਸ਼ਾਲੀ ਮਿਸਲ ਭੰਗੀਆਂ ਦੀ ਸੀ। ਇਸ ਭਾਈਚਾਰੇ ਅਧੀਨ ਲਾਹੌਰ, ਅੰਮ੍ਰਿਤਸਰ, ਗੁਜਰਾਤ ਅਤੇ ਪੱਛਮੀ ਪੰਜਾਬ ਦਾ ਬਹੁਤ ਸਾਰਾ ਹਿੱਸਾ ਸੀ। ਰਣਜੀਤ ਸਿੰਘ ਨੇ ਇਹ ਫੈਸਲਾ ਕੀਤਾ ਕਿ ਭੰਗੀਆਂ ਨੂੰ ਖੇਰੂੰ-ਖੇਰੂੰ ਕੀਤਾ ਜਾਵੇ ਅਤੇ ਦੂਜੇ ਮਿਸਲਦਾਰਾਂ ਨੂੰ ਉਸ ਦੀ ਸਰਦਾਰੀ ਅਤੇ ਈਨ ਮੰਨਣ ਲਈ ਜ਼ੋਰ ਦਿੱਤਾ ਜਾਵੇ।

ਮਿਸਲਾਂ ਅੰਦਰ ਧੜੇਬਾਜ਼ੀ ਦੀ ਪੁਰਾਣੀ ਬੀਮਾਰੀ ਸੀ। ਕਸੂਰ ਦੇ ਪਠਾਣਾਂ ਅਤੇ ਜਾਰਜ ਥਾਮਸ ਦੀ ਵਫ਼ਾਦਾਰੀ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਸੀ। ਇਨ੍ਹਾਂ ਕਾਰਨਾਂ ਕਰਕੇ ਪੰਜਾਬ ਸ਼ਿਕਾਰ ਹੋਣ ਯੋਗ ਹੋ ਗਿਆ ਸੀ। ਖ਼ਾਸ ਕਰਕੇ ਉੱਤਰ ਵੱਲੋਂ ਕਿਉਂ ਜੋ ਬਹੁਤ ਸਾਰੇ ਉੱਤਰੀ ਪੰਜਾਬ ਦੇ ਇਲਾਕੇ ਨੂੰ ਉਹ ਆਪਣੀ ਹਕੂਮਤ ਦਾ ਹਿੱਸਾ ਖ਼ਿਆਲ ਕਰਦੇ ਸਨ। ਅਬਦਾਲੀ ਦੇ ਇਸ ਵਤੀਰੇ ਦਾ ਸਿੱਖਾਂ ਵੱਲੋਂ ਮੂੰਹ-ਤੋੜ ਜੁਆਬ ਦਿੱਤਾ ਗਿਆ ਸੀ। ਉਸ ਦੇ ਪੁੱਤਰ ਤੇ ਵਾਰਿਸ ਤੈਮੂਰ ਨੇ ਆਪਣੇ ਪਿਤਾ ਦੇ ਦਾਅਵਿਆਂ ਨੂੰ ਜਾਰੀ ਰੱਖਿਆ। ਪਰ ਉਹ ਏਨਾ ਕੁਝ ਹੀ ਕਰ ਸਕਿਆ ਕਿ ਕਸ਼ਮੀਰ 'ਤੇ ਕਬਜ਼ਾ ਕਰੀ ਰੱਖੇ ਅਤੇ ਮੁਲਤਾਨ ਵਿਚੋਂ ਭੰਗੀਆਂ ਨੂੰ ਕੱਢ ਸਕੇ। ਤੈਮੂਰ ਦੇ ਪੁੱਤਰਾਂ ਵਿਚ ਅਕਾਂਖਿਆਵਾਂ ਦੀ ਘਾਟ ਨਹੀਂ ਸੀ। ਜਿਉਂ ਹੀ ਸ਼ਾਹਜ਼ਮਾਨ ਨੇ ਆਪਣੇ ਪਿਤਾ ਦੀ ਗੱਦੀ ਸੰਭਾਲੀ, ਨਾਲ ਹੀ ਉਸ ਆਪਣੇ ਇਰਾਦੇ ਦਾ ਵੀ ਐਲਾਨ ਕੀਤਾ ਕਿ ਉਹ ਮੁੜ ਭਾਰਤ ਵਿਚ ਅਫ਼ਗਾਨਾਂ ਦੀ ਹਕੂਮਤ ਕਰਨਾ ਚਾਹੁੰਦਾ ਹੈ।

ਭਾਰਤ ਨੂੰ ਫਤਹਿ ਕਰਨ ਦੀ ਪਹਿਲੀ ਕੋਸ਼ਿਸ਼ ਵਿਚ ਸ਼ਾਹ ਜ਼ਮਾਨ ਹਸਨ ਅਬਦਾਲ ਦੇ ਨੇੜੇ ਪਹੁੰਚ ਗਿਆ। ਪਰ ਉਸ ਨੂੰ ਵਾਪਸ ਪਰਤਣਾ ਪਿਆ ਕਿਉਂ ਜੋ ਉਸ ਆਪਣੇ ਭਰਾ ਦੀ ਬਗ਼ਾਵਤ ਨੂੰ ਦਬਾਉਣਾ ਸੀ। ਦੋ ਸਾਲ ਪਿੱਛੋਂ ਉਸ ਫਿਰ ਪੰਜਾਬ 'ਤੇ ਹਮਲਾ ਕਰ ਦਿੱਤਾ। ਹਸਨ ਅਬਦਾਲ 'ਤੇ ਮੁੜ ਕਬਜ਼ਾ ਕਰਨ ਤੋਂ ਇਲਾਵਾ ਉਸ ਸ਼ੁਕਰਚੱਕੀਆ

ਪਾਸੋਂ ਰੋਹਤਾਸ ਵੀ ਜਿੱਤ ਲਿਆ। ਇਸ ਪ੍ਰਕਾਰ ਰਣਜੀਤ ਸਿੰਘ ਪਹਿਲਾ ਸਿੱਖ ਸਰਦਾਰ ਸੀ, ਜਿਸ ਨੂੰ ਉਸ ਦੇ ਹੱਥ ਦੇਖਣੇ ਪਏ। ਇਕ ਵਾਰ ਫੇਰ ਸ਼ਾਹ ਜ਼ਮਾਨ ਨੂੰ ਆਪਣੇ ਦੇਸ ਵਾਪਸ ਪਰਤਣਾ ਪਿਆ।

ਸਹਿਜਾਦਿਆਂ ਵਿਚ ਜੇ ਕੋਈ ਜ਼ਮਾਨ ਦੇ ਭਰੋਸੇ ਦਾ ਸੀ ਤਾਂ ਉਹ ਸੀ ਕਾਂਗੜੇ ਦਾ ਸੰਸਾਰ ਚੰਦ। ਸੰਸਾਰ ਚੰਦ ਸਿੱਖ ਸਰਦਾਰਾਂ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਚੁੱਕਿਆ ਸੀ ਅਤੇ ਉਸ ਨੇ ਇਹ ਵੀ ਦੇਖ ਲਿਆ ਸੀ ਕਿ ਉਨ੍ਹਾਂ ਦੀ ਫੁੱਟ ਨੇ ਉਨ੍ਹਾਂ ਨੂੰ ਸੌਖੇ ਹੀ ਸ਼ਿਕਾਰ ਬਣਾ ਦਿੱਤਾ ਸੀ।

ਹੋਰ ਵੀ ਤਿੰਨ ਤਾਕਤਾਂ ਸਨ, ਜਿਨ੍ਹਾਂ ਦੀ ਅੱਖ ਪੰਜਾਬ 'ਤੇ ਸੀ।

ਹੁਣ ਤਕ ਗੋਰਖਿਆਂ ਨੂੰ ਬਹਾਦਰਾਂ ਦੀ ਨਸਲ ਸਮਝਿਆ ਜਾਂਦਾ ਸੀ। ਉਹ ਅਮਰ ਸਿੰਘ ਥਾਪਾ ਦੀ ਅਗਵਾਈ ਹੇਠ ਪੂਰਬੀ ਇਲਾਕਿਆਂ ਵਿਚ ਭਿਆਨਕ ਸ਼ਕਤੀ ਬਣ ਗਏ ਸਨ। ਉਹ ਪਹਾੜੀਆਂ ਦੀ ਧਾਰਾ ਦੇ ਨਾਲ ਵਧਦੇ-ਵਧਦੇ ਕਾਂਗੜੇ ਦੇ ਸੰਸਾਰ ਚੰਦ ਦੇ ਇਲਾਕੇ ਦੇ ਨੇੜੇ ਆਉਂਦੇ ਗਏ। ਗੋਰਖਿਆਂ ਅਤੇ ਰਾਜਪੂਤਾਂ ਸਾਹਮਣੇ ਇਕ ਚੋਣ ਸੀ ਕਿ ਜਾਂ ਤਾਂ ਆਪੋ ਵਿਚ ਲੜਦੇ-ਮਰਦੇ ਰਹਿਣ ਤੇ ਜਾਂ ਇਕੱਠੇ ਹੋ ਕੇ ਪੰਜਾਬ ਨੂੰ ਕਬਜ਼ੇ ਵਿਚ ਲੈ ਲੈਣ ਤੇ ਲਾਭ ਨੂੰ ਆਪੋ ਵਿਚ ਵੰਡ ਲੈਣ।

ਮਿਸਲਾਂ ਦੀ ਮੰਦੀ ਹਾਲਤ ਨੇ ਦੂਜੀ ਸੰਭਾਵਨਾ ਨੂੰ ਲਾਭਦਾਇਕ ਦਰਸਾਇਆ।

ਮਰਹੱਟਿਆਂ ਜਿਹੜੀ ਨਮੋਸ਼ੀ ਪਾਣੀਪਤ ਦੀ ਲੜਾਈ ਵਿਚ ਝੱਲੀ ਸੀ, ਉਸ ਤੋਂ ਉਹ ਸਾਵਧਾਨ ਹੋ ਗਏ ਸਨ। ਉਨ੍ਹਾਂ ਆਗਰੇ 'ਤੇ ਕਬਜ਼ਾ ਕਰ ਲਿਆ ਸੀ ਤੇ ਦਿੱਲੀ ਵਿਚ ਬਾਦਸ਼ਾਹ ਨੂੰ ਆਪਣਾ ਹੱਥਠੋਕਾ ਬਣਾ ਲਿਆ ਅਤੇ ਦੱਖਣੀ ਪੰਜਾਬ ਵਿਚ ਮੁੜ ਦਾਖ਼ਲ ਹੋ ਗਏ। ਉਨ੍ਹਾਂ ਦੀਆਂ ਫ਼ੌਜਾਂ ਦੀ ਸਿਖਲਾਈ ਯੂਰਪੀਨਾਂ ਨੇ ਕਰਵਾਈ ਹੋਈ ਸੀ, ਇਸ ਲਈ ਉਹ ਸਿੱਖਾਂ ਨਾਲੋਂ ਅੱਛੇ ਜ਼ਾਬਤੇ ਵਿਚ ਸਨ। ਉੱਤਰ ਵਿਚ ਉਨ੍ਹਾਂ ਪਾਸ ਫ਼ਰਾਂਸੀਸੀ ਜਰਨੈਲ ਡੀ-ਬੋਇਨੇ, ਪੈਰਿਨ ਅਤੇ ਬੋਰਕੁਇਮ ਸਨ ਜਿਹੜੇ ਉਨ੍ਹਾਂ ਦੀਆਂ ਜਿੱਤਾਂ ਦੀ ਅਗਵਾਈ ਕਰਦੇ ਰਹੇ।

ਅੰਗਰੇਜ਼ ਘੱਟ ਵਿਲੱਖਣ ਸਨ ਪਰ ਸੱਤਾ ਦੇ ਤੌਰ ਤੇ ਉਹ ਮਰਹੱਟਿਆ ਨਾਲੋਂ ਵੱਧ ਭਿਆਨਕ ਸਨ। ਸਪੱਸ਼ਟ ਤੌਰ ਤੇ ਇਸ ਇਲਾਕੇ ਵਿਚ ਉਨ੍ਹਾਂ ਦਾ ਹਿਤ ਨਵਾਬ ਵਜ਼ੀਰ, ਅਵਧ ਦੀ ਸੁਰੱਖਿਆ ਕਰਨਾ ਸੀ। ਉਸ ਦਾ ਇਲਾਕਾ ਗੰਗਾ ਤਕ ਫੈਲਿਆ ਹੋਇਆ ਸੀ। ਤਾਂ ਵੀ ਸਮੁੱਚੇ ਭਾਰਤ ਨੂੰ ਫ਼ਤਹਿ ਕਰਨ ਦੀ ਕਲਪਨਾ ਨੇ ਇਸ ਦੇਸ਼ ਦੇ ਅੰਗਰੇਜ਼ਾਂ ਨੂੰ ਵੀ ਟੁੰਬਿਆ। ਉਹ ਵੀ ਆਪਣੀ ਸਰਹੱਦ ਵਧਾਉਣ ਦੇ ਅਵਸਰ ਨੂੰ ਕਦੇ ਵੀ ਹੱਥੋਂ ਨਾ ਜਾਣ ਦਿੰਦੇ।

ਉਨ੍ਹਾਂ ਦੇ ਏਜੰਟ ਸਾਰੇ ਭਾਰਤ, ਫ਼ਾਰਸ ਅਤੇ ਅਫ਼ਗਾਨਿਸਤਾਨ ਵਿਚ ਫੈਲੇ ਹੋਏ ਸਨ ਅਤੇ ਉਨ੍ਹਾਂ ਨੂੰ ਪੂਰੀ ਜਾਣਕਾਰੀ ਮਿਲਦੀ ਰਹਿੰਦੀ ਸੀ ਕਿ ਕਿਥੇ ਕੀ ਹੋ ਰਿਹਾ ਹੈ? ਹੋਰਨਾਂ ਨਾਲੋਂ ਵੱਧ ਇਸ ਗੱਲ ਨੂੰ ਅੰਗਰੇਜ਼ ਜਾਣਦੇ ਸਨ ਕਿ ਸ਼ਾਹ ਜ਼ਮਾਨ ਦੇ ਹਮਲੇ ਨਾਲ ਉਨ੍ਹਾਂ ਦੇ ਇਲਾਕੇ ਖ਼ਤਰੇ ਅਧੀਨ ਹੋ ਸਕਦੇ ਹਨ। ਉਨ੍ਹਾਂ ਇਹ ਵੀ ਭਾਂਪ ਲਿਆ ਸੀ ਅਫ਼ਗਾਨਾ ਦੇ ਹਮਲੇ ਦੀ ਅਸਰਦਾਇਕ ਰੋਕ ਜੇਕਰ ਕੋਈ ਕਰ ਸਕਦਾ ਹੈ ਤਾਂ ਉਹ ਨਾ ਮਰਹੱਟੇ ਸਨ, ਨਾ ਹੀ ਰਾਜਪੂਤ ਅਤੇ ਨਾ ਹੀ ਗੋਰਖੇ, ਪਰ ਸਿੱਖ ਹੀ ਸਨ। ਉਹ ਇਹ ਵੀ ਅੱਛੀ ਤਰ੍ਹਾਂ ਜਾਣਦੇ ਸਨ ਕਿ ਸਿੱਖ ਫ਼ੌਜਾਂ ਨੂੰ ਜੇ ਕੋਈ ਚੰਗੀ ਤਰ੍ਹਾਂ ਵਰਤਣ ਵਾਲਾ ਇਕ ਆਦਮੀ ਹੈ ਤਾਂ ਉਹ ਹੈ ਸ਼ੁਕਰਚੱਕੀਆ ਸਰਦਾਰ ਰਣਜੀਤ ਸਿੰਘ। ਉਸ ਵਿਚ ਪੰਜਾਬ ਨੂੰ ਇਕ ਕਰਨ ਦੀ ਸਮਰੱਥਾ ਵੀ ਹੈ।

ਸ਼ਾਹ ਜ਼ਮਾਨ ਦਾ ਪੰਜਾਬ 'ਤੇ ਹਮਲਾ

ਪਤਝੜ ਦੀ ਰੁੱਤ ਸੀ। ਸਮਾਂ 1796 ਈਸਵੀ ਦਾ ਸੀ। ਸ਼ਾਹ ਜ਼ਮਾਨ ਨੇ ਸਿੰਧ ਦਰਿਆ ਪਾਰ ਕੀਤਾ। ਤੀਜੀ ਵਾਰ ਉਸ ਦਾ ਇਰਾਦਾ ਦਿੱਲੀ ਤਕ ਵਧਣ ਦਾ ਸੀ। ਉਸ ਪਾਸ ਪੂਰੀ ਤਰ੍ਹਾਂ ਲੈਸ ਹੋਈ ਤੀਹ ਹਜ਼ਾਰ ਸਿਪਾਹੀਆਂ ਦੀ ਫ਼ੌਜ ਸੀ। ਉਸ ਨੂੰ ਇਹ ਵੀ ਪੂਰਨ ਵਿਸ਼ਵਾਸ ਸੀ ਕਿ ਕਈ ਪੱਖਾਂ ਤੋਂ ਸਹਿਯੋਗ ਵੀ ਮਿਲ ਜਾਵੇਗਾ। ਵਿਸ਼ੇਸ਼ ਕਰਕੇ ਕਸੂਰ ਦੇ ਨਿਜ਼ਾਮ-ਉਦ-ਦੀਨ ਖ਼ਾਂ ਪਾਸੋਂ, ਜਿਹੜਾ ਇਹ ਆਸ ਲਾਈ ਬੈਠਾ ਸੀ ਕਿ ਉਸ ਨੂੰ ਲਾਹੌਰ ਦੀ ਸੂਬੇਦਾਰੀ ਮਿਲ ਜਾਵੇਗੀ। ਇਵੇਂ ਹੀ ਪਟਿਆਲੇ ਦਾ ਸਾਹਿਬ ਸਿੰਘ ਵੀ ਉਮੀਦ ਰੱਖਦਾ ਸੀ, ਜਿਹੜਾ ਇਸ ਗੱਲ ਵਿਚ ਖ਼ੁਸ਼ ਸੀ ਕਿ ਹਰ ਆਏ ਹਮਲਾਵਰ ਨਾਲ ਵਫ਼ਾਦਾਰੀ ਜਤਲਾ ਕੇ ਪਰਿਵਾਰਕ ਪਰੰਪਰਾ ਬਣਾਈ ਰੱਖੀ ਜਾਵੇ। ਰੋਹੇਲੇ, ਅਵਧ ਦਾ ਵਜ਼ੀਰ ਅਤੇ ਮੈਸੂਰ ਦਾ ਟੀਪੂ ਸੁਲਤਾਨ ਵੀ ਇਹ ਵਚਨ ਦੇ ਰਿਹਾ ਸੀ ਕਿ ਉਹ ਅਫ਼ਗਾਨਾਂ ਵੱਲ ਹੋਣਗੇ, ਜੇਕਰ ਉਨ੍ਹਾਂ ਭਾਰਤ 'ਤੇ ਹਮਲਾ ਕੀਤਾ। ਜਿਹੜਾ ਜਵਾਬ ਜ਼ਮਾਨ ਨੇ ਸਹਿਯੋਗ ਤੇ ਸਾਥ ਦੇਣ ਵਾਲੇ ਭਾਰਤੀ ਮੁਸਲਮਾਨਾਂ ਨੂੰ ਦਿੱਤਾ, ਉਸ ਤੋਂ ਇਹ ਸਪੱਸ਼ਟ ਹੁੰਦਾ ਸੀ ਕਿ ਸਿੱਖਾਂ ਅਤੇ ਮਰਹੱਟਿਆਂ ਪ੍ਰਤੀ ਉਸ ਦਾ ਕੀ ਰਵੱਈਆ ਸੀ। ਉਸ ਲਿਖਿਆ : "ਅਸੀਂ ਫ਼ਤਹਿ ਦੇ ਡੰਕੇ ਵਜਾਉਂਦੇ ਆਪਣੀ ਫ਼ੌਜ ਲੈ ਕੇ ਜਲਦੀ ਹੀ ਆਵਾਂਗੇ ਅਤੇ ਇਨ੍ਹਾਂ ਕਾਫ਼ਰਾਂ ਅਤੇ ਅਨੇਕ ਦੇਵੀ-ਦੇਵਤਿਆਂ ਨੂੰ ਪੂਜਣ ਵਾਲਿਆਂ ਨਾਲ ਜੰਗ ਕਰਕੇ ਉਨ੍ਹਾਂ ਇਲਾਕਿਆਂ ਨੂੰ ਇਨ੍ਹਾਂ ਬੇਸ਼ਰਮ ਕਬੀਲਿਆਂ ਤੋਂ ਮੁਕਤ ਕਰਾਵਾਂਗੇ।"

ਜਿਉਂ ਹੀ ਇਹ ਖ਼ਬਰ ਫੈਲੀ, ਸਿੱਖ ਸਰਦਾਰਾਂ ਨੇ ਆਪਣੇ ਪਰਿਵਾਰ ਪਹਾੜਾਂ 'ਤੇ ਭੇਜ ਦਿੱਤੇ ਅਤੇ ਆਪ ਅੰਮ੍ਰਿਤਸਰ ਦੇ ਅੱਗੇ ਇਕੱਠੇ ਹੋ ਗਏ। ਦੋ ਆਦਮੀ ਜਿਨ੍ਹਾਂ ਦਾ ਇਲਾਕਾ ਅਫ਼ਗਾਨਾਂ ਦੇ ਲਾਹੌਰ ਜਾਣ ਦੇ ਰਾਹ ਵਿਚ ਆਉਂਦਾ ਸੀ, ਉਹ ਸਨ ਸਾਹਿਬ ਸਿੰਘ ਭੰਗੀ ਅਤੇ ਰਣਜੀਤ ਸਿੰਘ। ਸਾਹਿਬ ਸਿੰਘ ਨੇ ਹਮਲਾਵਰ ਨਾਲ ਟੱਕਰ ਲੈਣ ਦਾ ਨਿਮਾਣਾ ਜਿਹਾ ਯਤਨ ਕੀਤਾ ਪਰ ਜਲਦੀ ਹੀ ਦਿਲ ਛੱਡ ਬੈਠਾ ਅਤੇ ਪੂਰਬ ਦੇ ਪਾਸੇ ਨੱਸ ਗਿਆ। ਰਣਜੀਤ ਸਿੰਘ ਮਸਾਂ ਹੀ ਦਸ ਹਜ਼ਾਰ ਘੋੜਸਵਾਰ ਇਕੱਠੇ ਕਰ ਸਕਿਆ ਅਤੇ ਉਹ ਵੀ ਜ਼ਾਬਤੇ ਵਾਲੇ ਨਹੀਂ ਸਨ। ਉਹ ਵੀ ਆਪਣਾ ਜ਼ਿਲ੍ਹਾ ਛੱਡ ਕੇ ਜਲਦੀ ਨਾਲ ਅੰਮ੍ਰਿਤਸਰ ਪਹੁੰਚ ਗਿਆ।

ਸਰਦਾਰਾਂ ਦੀ ਬਹੁ-ਗਿਣਤੀ ਜਿਹੜੀ ਅੰਮ੍ਰਿਤਸਰ ਵਿਖੇ ਇਕੱਤਰ ਹੋਈ, ਇਹ ਧਾਰਨਾ ਰੱਖਦੀ ਸੀ ਕਿ ਇਸ ਤੋਂ ਅੱਛਾ ਹੋਰ ਕੋਈ ਰਾਹ ਨਹੀਂ ਕਿ ਉਹ ਪਹਾੜਾਂ 'ਤੇ ਚੜ੍ਹ ਜਾਣ। ਉਨ੍ਹਾਂ ਨੂੰ ਇਹ ਮੌਕਾ ਦਿੱਤਾ ਜਾਵੇ ਕਿ ਖ਼ਾਲੀ ਕੀਤੇ ਹੋਏ ਸ਼ਹਿਰਾਂ ਅਤੇ ਕਸਬਿਆਂ ਨੂੰ ਚੰਗੀ ਤਰ੍ਹਾਂ ਲੁੱਟ ਲੈਣ। ਜਦੋਂ ਉਹ ਲੁੱਟ ਦਾ ਮਾਲ ਲੈ ਕੇ ਆਪਣੇ ਦੇਸ਼ ਪਰਤਣ ਲੱਗਣ ਤਾਂ ਧਾਵਾ ਬੋਲ ਦਿੱਤਾ ਜਾਵੇ। ਰਣਜੀਤ ਸਿੰਘ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਮੈਦਾਨਾਂ ਵਿਚ ਟਿਕੇ ਰਹੋ ਅਤੇ ਉਨ੍ਹਾਂ ਲੋਕਾਂ ਦੀ ਰਾਖੀ ਕਰੋ ਜਿਨ੍ਹਾਂ ਪਾਸੋਂ ਸਾਲਾਂ-ਬੱਧੀ ਰਾਖੀ ਕਰ ਵਸੂਲ ਕਰਦੇ ਰਹੇ ਹੋ। ਉਸ ਦੀ ਬਹਾਦਰੀ ਨੇ ਪਾਸਾ ਪਲਟ ਦਿੱਤਾ। ਬਹੁਤ ਸਾਰੇ ਸਰਦਾਰ ਉਸ ਦੀ ਸਹਾਇਤਾ ਲਈ ਤਿਆਰ ਹੋ ਗਏ। ਉਸ ਸਿੱਖ ਫ਼ੌਜ ਦੀ ਕਮਾਨ ਸੰਭਾਲੀ, ਲਾਹੌਰ ਦੇ ਦਿਹਾਤੀ ਇਲਾਕੇ ਵਿਚੋਂ ਅਫ਼ਗਾਨਾਂ ਨੂੰ ਖਦੇੜ ਦਿੱਤਾ ਅਤੇ ਸ਼ਹਿਰ ਦੁਆਲੇ ਘੇਰਾ ਪਾ ਲਿਆ। ਹਰ ਰਾਤ ਉਹ ਵੱਖ-ਵੱਖ ਆਬਾਦੀਆਂ 'ਤੇ ਹਮਲੇ ਦਾ ਪ੍ਰਬੰਧ ਕਰਦਾ ਰਿਹਾ ਅਤੇ ਇਸ ਪ੍ਰਕਾਰ ਅਫ਼ਗਾਨਾਂ ਨੂੰ ਆਪਣੀ ਰੱਖਿਆ ਲਈ ਲਾਈ ਰਖਿਆ।

ਜਨਵਰੀ 1797 ਵਿਚ ਜ਼ਮਾਨ ਨੂੰ ਖ਼ੁਫ਼ੀਆ ਖ਼ਬਰ ਮਿਲੀ ਕਿ ਉਸ ਦਾ ਭਰਾ ਮਹਿਮੂਦ

ਮੁੜ ਤਖ਼ਤ ਹਥਿਆ ਰਿਹਾ ਹੈ। ਉਹ ਆਪਣੇ ਆਹਲਾ ਅਫ਼ਸਰ ਸ਼ਾਹਨਚੀ ਖ਼ਾਨ ਨੂੰ ਬਾਰ੍ਹਾਂ ਹਜ਼ਾਰ ਅਫ਼ਗਾਨ ਸਿਪਾਹੀ ਪੰਜਾਬ ਵਿਚ ਦੇ ਕੇ ਆਪ ਕਾਬਲ ਦੇ ਰਾਹ ਪੈ ਗਿਆ। ਸਿੱਖਾਂ ਨੇ ਪੈਰ-ਪੈਰ ਉਤੇ ਉਹਦਾ ਪਿੱਛਾ ਕੀਤਾ ਅਤੇ ਜੇਹਲਮ ਤਕ ਉਸ ਨੂੰ ਤੰਗ ਕਰਦੇ ਰਹੇ। ਸ਼ਾਹਨਚੀ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਪਿੱਛੇ ਰਹਿ ਗਏ ਸਿੱਖਾਂ ਨੂੰ ਪਛਾੜ ਦੇਵੇ। ਪਰ ਉਸ ਨੂੰ ਰਾਮਨਗਰ ਵਿਖੇ ਬੁਰੀ ਤਰ੍ਹਾਂ ਪਛਾੜਿਆ ਗਿਆ। ਰਣਜੀਤ ਸਿੰਘ ਨੇ ਸ਼ਾਹਨਚੀ ਦੀਆਂ ਫ਼ੌਜਾਂ ਦੇ ਗੁਜਰਾਤ ਵੱਲ ਨੱਸਦਿਆਂ ਦੇ ਆਹੂ ਲਾਹੇ। ਇਸ ਬਹਾਦਰੀ ਸਦਕਾ ਉਹ ਇਕ ਮਾਮੂਲੀ ਸਿੱਖ ਸਰਦਾਰ ਤੋਂ ਪੰਜਾਬ ਦਾ ਨਾਇਕ ਬਣ ਗਿਆ।

ਜ਼ਮਾਨ ਦੇ ਦਿਲ 'ਤੇ ਇਸ ਹਾਰ ਦੀ ਨਮੋਸ਼ੀ ਦਾ ਡੂੰਘਾ ਅਸਰ ਸੀ। ਜਿਉਂ ਹੀ ਘਰੇਲੂ ਸਮੱਸਿਆ ਤੋਂ ਨਜਾਤ ਹਾਸਲ ਕੀਤੀ ਉਸ ਮੁੜ ਪੰਜਾਬ ਵੱਲ ਕਦਮ ਵਧਾਏ। ਉਸਦੀਆਂ ਫ਼ੌਜਾਂ ਦੀ ਕਮਾਨ ਸ਼ਾਹਨਚੀ ਖ਼ਾਂ ਦਾ ਲੜਕਾ ਕਰ ਰਿਹਾ ਸੀ। ਜਿਸ ਦੇ ਦਿਲ ਅੰਦਰ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦਾ ਅਥਾਹ ਜੋਸ਼ ਸੀ। ਆਪਣੇ ਦੇਸ਼ਵਾਸੀਆਂ ਨੂੰ ਫ਼ੌਜ ਵਿਚ ਭਰਤੀ ਹੋਣ ਲਈ ਉਸ ਇਹ ਲਾਲਚ ਦਿੱਤਾ ਕਿ ਉਨ੍ਹਾਂ ਨੂੰ ਭਾਰਤੀ ਘਰਾਂ ਨੂੰ ਲੁੱਟਣ-ਪੁੱਟਣ ਦੀ ਪੂਰੀ ਖੁੱਲ੍ਹ ਹੋਵੇਗੀ।

ਸਿੱਖ ਸਰਦਾਰ ਪੂਰੀ ਤਰ੍ਹਾਂ ਲੜੇ ਨਹੀਂ, ਸਗੋਂ ਪਹਾੜਾਂ ਵੱਲ ਨੱਸ ਗਏ। ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਕੁਝ ਹੀ ਸੇਵਾਦਾਰ ਅਤੇ ਪਹਿਰੇਦਾਰ ਰਾਖੀ ਲਈ ਰਹਿ ਗਏ। ਰਣਜੀਤ ਸਿੰਘ ਅਤੇ ਸਾਹਿਬ ਸਿੰਘ ਭੰਗੀ ਵੀ ਆਪਣੀ ਪੂੰਜੀ ਤੇ ਮਾਲ-ਮਤਾ ਛੱਡ ਕੇ ਅੰਮ੍ਰਿਤਸਰ ਆ ਗਏ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਅਫ਼ਗਾਨਾਂ ਨੇ ਗੁਜਰਾਤ 'ਤੇ ਕਬਜ਼ਾ ਕਰ ਲਿਆ ਅਤੇ ਉਥੋਂ ਦੇ ਨਿਵਾਸੀਆਂ ਦਾ ਕਤਲੇ-ਆਮ ਕਰ ਦਿੱਤਾ। ਹਿੰਦੂ ਅਤੇ ਸਿੱਖ ਤਾਂ ਪਹਿਲਾਂ ਹੀ ਘਰ ਛੱਡ ਕੇ ਚਲੇ ਗਏ ਸਨ। ਹੁਣ ਇਸ ਹਮਲੇ ਦਾ ਸ਼ਿਕਾਰ ਪੰਜਾਬੀ ਮੁਸਲਮਾਨ ਹੀ ਹੋਇਆ। ਗੁਜਰਾਂਵਾਲਾ ਵੀ ਲੁੱਟਿਆ-ਪੁੱਟਿਆ ਗਿਆ।

ਅੰਮ੍ਰਿਤਸਰ ਵਿਚ ਹੋਏ ਇਕੱਠ ਵਿਚ ਬਹੁ-ਗਿਣਤੀ ਇਸ ਹੱਕ ਵਿਚ ਸੀ ਕਿ ਪਹਾੜਾਂ ਤੇ ਚਲੇ ਜਾਣਾ ਚਾਹੀਦਾ ਹੈ। ਪਰ ਇਕ ਵਾਰ ਫੇਰ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਆਪਣੀ ਗੱਲ-ਬਾਤ ਨਾਲ ਪਰੇਰਿਆ ਅਤੇ ਉਨ੍ਹਾਂ ਨੇ ਟਿਕੇ ਰਹਿਣਾ ਸਵੀਕਾਰ ਕਰ ਲਿਆ। ਉਨ੍ਹਾਂ ਕਿਹਾ : "ਫ਼ਤਹਿ ਵਾਹਿਗੁਰੂ ਦੀ ਦਾਤ ਹੈ। ਅਸੀਂ ਇਕ ਵਾਰ ਫੇਰ ਉਹਦੀ (ਸ਼ਾਹ ਦੀ) ਵਿਰੋਧਤਾ ਕਰੀਏ।" ਰਣਜੀਤ ਸਿੰਘ ਮੁੜ ਆਗੂ ਚੁਣਿਆ ਗਿਆ। ਵੈਸੇ ਇਨ੍ਹਾਂ ਦੋਹਾਂ ਹੱਲਿਆਂ ਵਿਚ ਰਣਜੀਤ ਸਿੰਘ ਨੂੰ ਅਫ਼ਗਾਨਾਂ ਨਾਲ ਮੁਕਾਬਲਾ ਕਰਨ ਦੀ ਪਰੇਰਨਾ ਦੇਣ ਵਾਲੀ ਉਸ ਦੀ ਸੱਸ, ਸਦਾ ਕੌਰ ਸੀ। ਦੂਜੇ ਅਵਸਰ 'ਤੇ ਰਣਜੀਤ ਸਿੰਘ ਦੇ ਚਾਚੇ, ਦਲ ਸਿੰਘ ਨੇ ਸਿੱਖਾਂ ਨੂੰ ਇਹ ਯਕੀਨ ਦਿਵਾਇਆ ਸੀ ਕਿ ਅਫ਼ਗਾਨੀ ਸਿਪਾਹੀਆਂ ਵਿਚ ਦਮ ਨਹੀਂ ਅਤੇ ਉਸ ਨੇ ਸ਼ਾਹ ਦਾ ਮਾਲ-ਅਸਬਾਬ ਬੜੀ ਸੌਖ ਨਾਲ ਲੁੱਟ ਲਿਆ ਸੀ।

ਸ਼ਾਹ ਜ਼ਮਾਨ ਨੇ ਜੰਮੂ ਦੇ ਰਾਜੇ ਸੰਸਾਰ ਚੰਦ ਨੂੰ ਹੁਕਮ ਭੇਜਿਆ ਕਿ ਉਹ ਸਿੱਖ ਔਰਤਾਂ ਅਤੇ ਬੱਚਿਆਂ ਨੂੰ ਜਿਨ੍ਹਾਂ ਨੂੰ ਪਹਾੜੀਆਂ 'ਤੇ ਭੇਜਿਆ ਗਿਆ ਹੈ, ਪਨਾਹ ਨਾ ਦੇਵੇ, ਕਿਉਂਕਿ ਉਹ ਸਿੱਖਾਂ ਦਾ ਖੁਰਾਖੋਜ ਮਿਟਾਉਣਾ ਚਾਹੁੰਦਾ ਹੈ। ਹਮਲਾਵਰਾਂ ਹੱਥੋਂ ਜਿਨ੍ਹਾਂ ਲੋਕਾਂ ਨੇ ਜ਼ੁਲਮ ਅਤੇ ਤਸੀਹੇ ਸਹੇ, ਉਹ ਸਾਰੇ ਪੰਜਾਬੀ ਮੁਸਲਮਾਨ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਫ਼ਗਾਨ ਉਨ੍ਹਾਂ ਦੇ ਮਜ਼ਹਬ ਵਿਚੋਂ ਹਨ। ਇਸ ਲਈ ਉਹ ਆਪਣੇ ਘਰਾਂ ਵਿਚ ਟਿਕੇ ਰਹੇ ਸਨ। ਅਫ਼ਗਾਨ ਫ਼ੌਜਾਂ ਨੂੰ ਜੋ ਵੀ ਰਸਦ-ਪਾਣੀ ਚਾਹੀਦਾ ਸੀ, ਉਨ੍ਹਾਂ ਉਹ ਸਭ ਮੁਸਲਮਾਨ ਕਿਸਾਨਾਂ ਪਾਸੋਂ ਵਸੂਲ ਕੀਤਾ। ਨਿਜ਼ਾਮੁਦੀਨ ਖ਼ਾਨ ਨੇ ਸਿੱਖਾਂ ਦੇ ਵਿਰੁੱਧ ਹਮਲਾ ਰਾਵੀ ਦੇ ਪਾਰ ਸ਼ਾਹਦਰਾ ਵਿਖੇ ਕੀਤਾ। ਇਥੇ ਪਠਾਣਾਂ ਦੀ ਬੁਰੀ ਤਰ੍ਹਾਂ ਗਤ

ਬਣਾਈ ਗਈ। ਜਦੋਂ ਤਾਈਂ ਉਨ੍ਹਾਂ ਵਾਸਤੇ ਬੇੜੀਆਂ ਰਾਹੀਂ ਕੁਮਕ ਪਹੁੰਚੀ ਸਿੱਖ ਪੱਤਰਾ ਵਾਚ ਚੁੱਕੇ ਸਨ। ਪਠਾਣਾਂ ਅਤੇ ਅਫ਼ਗਾਨਾਂ ਨੇ ਆਪਣੇ ਸ਼ਹੀਦ ਹੋਏ ਸਾਥੀਆਂ ਦਾ ਗੁੱਸਾ ਸਥਾਨਕ ਆਬਾਦੀ 'ਤੇ ਕੱਢਿਆ ਜਿਹੜੇ ਨਿਹੱਥੇ ਸਨ। ਸ਼ਾਹਦਰੇ ਦੀ ਆਬਾਦੀ ਤਾਂ ਨਿਰੋਲ ਮੁਸਲਮਾਨਾਂ ਦੀ ਸੀ।

ਨਵੰਬਰ 27, 1798 ਨੂੰ ਸ਼ਾਹ ਲਾਹੌਰ ਵਿਚ ਦਾਖ਼ਲ ਹੋਇਆ। ਉਹਨੇ ਕੋਸ਼ਿਸ਼ ਕੀਤੀ ਕਿ ਪੰਜਾਬ ਨੂੰ ਮੁਸਲਮਾਨਾਂ, ਹਿੰਦੂਆਂ ਅਤੇ ਮਲਵਈਆਂ ਨੂੰ ਮਾਝੇ ਦੇ ਸਿੱਖਾਂ ਨਾਲੋਂ ਨਿਖੇੜ ਦੇਵੇ। ਇਸ ਖੇਡ ਲਈ ਜ਼ਮਾਨ ਨੂੰ ਲੋੜੀਂਦੇ ਮੋਹਰੇ ਵੀ ਮਿਲ ਗਏ। ਕਸੂਰ ਦੇ ਨਿਜ਼ਾਮ-ਉਦ-ਦੀਨ ਖ਼ਾਨ ਨੇ ਮੁਸਲਮਾਨਾਂ ਦੀ ਵਫ਼ਾਦਾਰੀ ਦਾ ਦਮ ਭਰਿਆ। ਕਾਂਗੜੇ ਦੇ ਸੰਸਾਰ ਚੰਦ ਨੇ ਹਿੰਦੂਆਂ ਦੇ ਸਾਥ ਦਾ ਵਿਸ਼ਵਾਸ ਦਿਵਾਇਆ, ਪਟਿਆਲੇ ਦੇ ਸਾਹਿਬ ਸਿੰਘ ਨੇ ਵਚਨ ਦਿੱਤਾ ਕਿ ਮਾਲਵੇ ਦੇ ਸਿੱਖ ਅਫ਼ਗਾਨਾਂ ਦਾ ਪੱਖ ਪੂਰਨਗੇ। ਜਿਨ੍ਹਾਂ ਲੋਕਾਂ ਦੀ ਕੋਈ ਗਿਣਤੀ ਸੀ ਉਹ ਕੇਵਲ ਮਾਝੇ ਦੇ ਸਿੱਖ ਸਨ, ਜਿਨ੍ਹਾਂ ਦੀ ਅਗਵਾਈ ਅਠਾਰਾਂ ਸਾਲ ਦਾ ਰਣਜੀਤ ਸਿੰਘ ਕਰ ਰਿਹਾ ਸੀ।

ਅਫ਼ਗਾਨ ਫ਼ੌਜ ਦਾ ਇਕ ਦਸਤਾ ਅੰਮ੍ਰਿਤਸਰ ਵੱਲ ਭੇਜਿਆ ਗਿਆ। ਰਣਜੀਤ ਸਿੰਘ ਨੇ ਪੰਜ ਮੀਲ ਦੀ ਦੂਰੀ 'ਤੇ ਇਨ੍ਹਾਂ ਨੂੰ ਰੋਕ ਪਾਈ। ਤਿੰਨ ਘੰਟੇ ਦੀ ਘਮਾਸਾਨ ਲੜਾਈ ਉਪਰੰਤ ਅਫ਼ਗਾਨ ਪਿੱਛੇ ਹਟਣ ਲਈ ਮਜਬੂਰ ਹੋ ਗਏ। ਉਸ ਅਫ਼ਗਾਨਾਂ ਦਾ ਪਿੱਛਾ ਲਾਹੌਰ ਦੀਆਂ ਦੀਵਾਰਾਂ ਤਕ ਕੀਤਾ। ਉਸ ਇਹ ਵੀ ਆਦੇਸ਼ ਦਿੱਤਾ ਕਿ ਖੜ੍ਹੀਆਂ ਫ਼ਸਲਾਂ ਜਲਾ ਦਿੱਤੀਆਂ ਜਾਣ ਤਾਂ ਜੋ ਸ਼ਹਿਰ ਵਾਲਿਆਂ ਨੂੰ ਖ਼ੁਰਾਕ ਨਾ ਪਹੁੰਚ ਸਕੇ।

ਜਿਉਂ-ਜਿਉਂ ਦਿਨ ਲੰਘਦੇ ਗਏ ਜ਼ਮਾਨ ਨੂੰ ਇਹ ਸਮਝ ਆਉਣ ਲੱਗੀ ਕਿ ਸਿੱਖਾਂ ਦੀ ਲਾਈ ਗਈ ਨਾਕਾਬੰਦੀ ਨੂੰ ਤੋੜ ਕੇ ਦਿੱਲੀ ਵੱਲ ਕੂਚ ਕਰ ਸਕਣਾ ਸੰਭਵ ਨਹੀਂ ਸੀ। ਉਹਨੇ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਜਹਾਦ ਦੀ ਗੱਲ ਛੱਡ ਦਿੱਤੀ। ਉਸ ਆਪਣਾ ਏਲਚੀ ਅੰਮ੍ਰਿਤਸਰ ਭੇਜਿਆ ਤਾਂ ਜੋ ਸਰਦਾਰਾਂ ਨਾਲ ਗੱਲ-ਬਾਤ ਕਰ ਸਕੇ। ਉਸ ਇਹ ਵੀ ਯਕੀਨ ਦਿਵਾਇਆ ਕਿ ਸਿੱਖਾਂ ਦੀ ਜਾਨ-ਮਾਲ ਦੀ ਹਿਫ਼ਾਜ਼ਤ ਕੀਤੀ ਜਾਵੇਗੀ ਅਤੇ ਜ਼ਰਾ ਜਿੰਨਾ ਵੀ ਨੁਕਸਾਨ ਨਹੀਂ ਹੋਵੇਗਾ। ਉਸ ਅਜਿਹੇ ਸਾਥ ਵਾਸਤੇ ਸਿੱਖਾਂ ਪਾਸੋਂ ਪੁੱਛਿਆ ਕਿ ਕੀ ਕੀਮਤ ਲੈਣਗੇ ? ਉਹਨੇ ਸਿੱਖਾਂ ਦੇ ਮੁਖੀਆਂ ਵਿਚ ਪਾੜ ਪਾਉਣ ਦੇ ਯਤਨ ਵੀ ਕੀਤੇ ਜਿਸ ਲਈ ਆਪੋ ਵਿਚ ਦੇ ਹਸਦ ਤੋਂ ਲਾਭ ਉਠਾਇਆ ਜਾ ਸਕੇ। ਨਕਦੀ ਅਤੇ ਜਗੀਰ ਦੇ ਲਾਲਚ ਦਿੱਤੇ ਗਏ। ਉਸ ਦੀ ਇਹ ਚਾਲ ਸਫ਼ਲ ਵੀ ਹੋਈ ਅਤੇ ਕਈ ਸਰਦਾਰਾਂ ਨੇ ਆਪਣੇ ਏਲਚੀ ਲਾਹੌਰ ਭੇਜੇ। ਸ਼ਾਹ ਨੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ। "ਮੈਂ ਇਹ ਦੇਸ਼ ਤੁਹਾਨੂੰ ਸੌਂਪਦਾ ਹਾਂ, ਕੋਈ ਲਗਾਨ ਨਹੀਂ ਲਵਾਂਗਾ। ਬੜੇ ਇਤਮੀਨਾਨ ਨਾਲ ਵਾਹੋ, ਬੀਜੋ ਅਤੇ ਵਾਢੀ ਕਰੋ", ਜ਼ਮਾਨ ਨੇ ਸ਼ਾਹੀ ਸ਼ਾਨ ਨਾਲ ਫ਼ੁਰਮਾਇਆ। ਰਣਜੀਤ ਸਿੰਘ ਨੇ ਵੀ ਆਪਣਾ ਏਲਚੀ ਅਫ਼ਗਾਨ ਦਰਬਾਰ ਵਿਚ ਭੇਜਿਆ ਤਾਂ ਜੋ ਲਾਹੌਰ ਦੀ ਸੂਬੇਦਾਰੀ ਦੀ ਗੱਲ ਕੀਤੀ ਜਾਵੇ ਜਿਸ ਨਾਲ ਹੋਰ ਸਰਦਾਰਾਂ ਦੀਆਂ ਚਾਲਾਂ ਨਕਾਰਾ ਹੋਣ। ਸਾਹਿਬ ਸਿੰਘ ਬੇਦੀ ਦਾ ਬਹੁਤ ਸਤਿਕਾਰ ਸੀ। ਉਹ ਗੁਰੂ ਨਾਨਕ ਦੇਵ ਦੀ ਬੇਦੀ ਕੁਲ ਵਿਚੋਂ ਸਨ। ਉਸ ਜ਼ਮਾਨੇ ਦੇ ਰਾਜਦੂਤ ਨੂੰ ਸਰਦਾਰਾਂ ਵੱਲੋਂ ਸੰਬੋਧਨ ਕੀਤਾ ਗਿਆ : "ਅਸੀਂ ਤਲਵਾਰ ਦੇ ਜ਼ੋਰ ਨਾਲ ਦੇਸ਼ ਲਿਆ ਹੈ ਅਤੇ ਤਲਵਾਰ ਦੇ ਜ਼ੋਰ ਨਾਲ ਇਸ ਦੀ ਰਾਖੀ ਕਰਾਂਗੇ।" ਇਨ੍ਹਾਂ ਖ਼ਬਰਾਂ ਨੂੰ ਨਕਲ ਕਰਨ ਵਾਲੇ ਨੇ ਉਸੇ ਦਿਨ ਲਿਖਿਆ : ਸ਼ਾਹ ਦੇ ਤੰਬੂ ਵਿਚ ਹਰ ਵੇਲੇ ਸਹਿਮ ਬਣਿਆ ਰਹਿੰਦਾ ਹੈ ਕਿ ਸਿੱਖ ਰਾਤ ਵੇਲੇ ਲਾਹੌਰ ਆਉਂਦੇ ਹਨ ਅਤੇ ਤੋਪਾਂ ਦੀਆਂ ਮਿਸਾਲਾਂ ਬਾਲਦੇ

ਹਨ। ਕੋਈ ਉਨ੍ਹਾਂ ਵਿਰੁੱਧ ਚੂੰ ਨਹੀਂ ਕਰਦਾ।"

ਇਉਂ ਸ਼ਾਹ ਜ਼ਮਾਨ ਲਾਹੌਰ ਨਾ ਟੱਪ ਸਕਿਆ। ਉਸ ਦਾ ਭਰਾ ਫੇਰ ਗੜਬੜ ਕਰ ਰਿਹਾ ਸੀ। ਉਸ ਦੇ ਸਿਪਾਹੀ ਜਿਨ੍ਹਾਂ ਨੂੰ ਕਈ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ ਸਨ, ਇਸ ਗੱਲ ਲਈ ਤਰਲੋ-ਮੱਛੀ ਹੋ ਰਹੇ ਸਨ ਕਿ ਜਾਂ ਤਾਂ ਸ਼ਹਿਰ ਨੂੰ ਲੁੱਟਣ ਦੀ ਖੁੱਲ੍ਹ ਦਿੱਤੀ ਜਾਵੇ ਜਾਂ ਘਰਾਂ ਨੂੰ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਅਖ਼ੀਰ ਸ਼ਾਹ ਹਿੰਦ ਨੂੰ ਫ਼ਤਹਿ ਕਰਨ ਦੇ ਮਨਸੂਬੇ ਨੂੰ ਤਿਲਾਂਜਲੀ ਦੇ ਕੇ ਅਫ਼ਗਾਨਿਸਤਾਨ ਨੂੰ ਵਾਪਸ ਪਰਤ ਗਿਆ।

ਕਾਂਡ—11

ਪੰਜਾਬ ਦਾ ਮਹਾਰਾਜਾ

ਲਾਹੌਰ ਵੱਲ ਸੇਧ

ਜਿਉਂ ਹੀ ਇਹ ਖ਼ਬਰ ਸਿੱਖ ਸਰਦਾਰਾਂ ਤਕ ਪਹੁੰਚੀ ਕਿ ਸ਼ਾਹ ਜ਼ਮਾਨ ਅਫ਼ਗਾਨਿਸਤਾਨ ਵੱਲ ਕੂਚ ਕਰ ਗਿਆ ਹੈ ਤਾਂ ਉਹ ਆਪਣੇ ਤੰਬੂ ਛੱਡ ਕੇ ਜਗੀਰਾਂ ਮੱਲਣ ਲਈ ਉਤਾਵਲੇ ਹੋ ਗਏ। ਰਣਜੀਤ ਸਿੰਘ ਨੇ ਅਫ਼ਗਾਨਾਂ ਦਾ ਪਿੱਛਾ ਕਰਦਿਆਂ ਗੁਜਰਾਂਵਾਲਾ 'ਤੇ ਮੁੜ ਕਬਜ਼ਾ ਕਰ ਲਿਆ। ਉਹ ਅਫ਼ਗਾਨਾਂ ਨਾਲ ਅਟਕ ਤਕ ਲੜਦਾ ਗਿਆ।

ਭਾਰਤ ਦੇ ਲੋਕਾਂ ਨੇ ਪਛਾਣਿਆ ਕਿ ਪੰਜਾਬ ਦੇ ਗਗਨ ਉਤੇ ਇਕ ਤਾਰਾ ਚਮਕਿਆ ਹੈ। ਮੁਗ਼ਲ ਦਰਬਾਰ ਵਿਚ ਜਿਹੜਾ ਅੰਗਰੇਜ਼ ਰੈਜ਼ੀਡੈਂਟ ਕੋਲਿਨਸ ਸੀ, ਉਹ ਲਿਖਦਾ ਹੈ, "ਇਸ ਵੇਲੇ ਸਾਰੇ ਹਿੰਦੁਸਤਾਨ ਵਿਚ ਇਸ ਸਰਦਾਰ ਨੂੰ ਸਿੱਖ ਕੌਮ ਦਾ ਰਾਖਾ ਸਮਝਿਆ ਜਾਂਦਾ ਹੈ। ਇਹ ਧਾਰਨਾ ਆਮ ਸੀ ਕਿ ਇਹ ਰਣਜੀਤ ਸਿੰਘ ਦੇ ਉੱਚੇ ਵਤੀਰੇ ਦਾ ਸਿੱਟਾ ਸੀ ਕਿ ਪੰਜਾਬ ਬੰਜਰ ਧਰਤੀ ਬਣਨ ਤੋਂ ਬਚ ਗਿਆ ਕਿਉਂ ਜੋ ਜਿਧਰ ਦੀ ਇਹ ਉੱਤਰੀ ਲੁਟੇਰੇ (ਅਫ਼ਗਾਨਾਂ ਵੱਲ ਇਸ਼ਾਰਾ) ਲੰਘ ਗਏ ਉਧਰ ਮੁੜ ਘਾਹ ਦਾ ਤੀਲ੍ਹਾ ਨਹੀਂ ਉੱਗਦਾ ਸੀ। ਉਨ੍ਹਾਂ ਦੇ ਘੋੜਿਆਂ ਦੇ ਪੌੜਾਂ ਦਾ ਇਹ ਅਸਰ ਸੀ।"

ਜਿਸ ਸਮੇਂ ਰਣਜੀਤ ਸਿੰਘ ਅਫ਼ਗਾਨਾਂ ਦਾ ਪਿੱਛਾ ਕਰ ਰਿਹਾ ਸੀ, ਉਸ ਵੇਲੇ ਤਿੰਨ ਸਰਦਾਰਾਂ ਚੇਤ ਸਿੰਘ, ਸਾਹਿਬ ਸਿੰਘ ਅਤੇ ਮੋਹਰ ਸਿੰਘ ਨੇ ਮੁੜ ਲਾਹੌਰ 'ਤੇ ਕਬਜ਼ਾ ਜਮਾ ਲਿਆ। ਰਣਜੀਤ ਸਿੰਘ ਦਾ ਸਰਕਾਰੀ ਜੀਵਨੀਕਾਰ ਸੋਹਨ ਲਾਲ ਲਿਖਦਾ ਹੈ, "ਲਾਹੌਰ ਦੇ ਲੋਕ ਡਾਢੇ ਦੁਖੀ ਸਨ। ਉਨ੍ਹਾਂ ਦੇ ਹਾੜ੍ਹੇ ਅੰਬਰ ਤਕ ਜਾਂਦੇ ਸਨ।" ਕੁਝ ਸਿਰਕੱਢ ਸਰਦਾਰਾਂ ਨੇ ਰਣਜੀਤ ਸਿੰਘ ਨੂੰ ਇਕ ਗੁਪਤ ਪੱਤਰ ਭੇਜਿਆ ਕਿ ਉਹ ਆ ਕੇ ਲਾਹੌਰ ਸ਼ਹਿਰ 'ਤੇ ਕਬਜ਼ਾ ਕਰ ਲਵੇ।

ਰਣਜੀਤ ਸਿੰਘ ਨੇ ਇਹ ਪੇਸ਼ਕਸ਼ ਸਵੀਕਾਰ ਕਰ ਲਈ। ਉਸ ਦੀ ਫ਼ੌਜ ਅਤੇ ਉਸ ਦੀ ਧਰਮ ਮਾਤਾ, ਸਦਾ ਕੌਰ ਦੀ ਫ਼ੌਜ ਨੇ ਮਿਲ ਕੇ ਉਸ ਰਾਤ ਸ਼ਹਿਰ ਨੂੰ ਘੇਰਾ ਪਾ ਲਿਆ ਜਦੋਂ ਸ਼ਹਿਰ ਵਾਸੀ ਸ਼ੀਆ ਮੁਸਲਮਾਨਾਂ ਦੇ ਮੁਹੱਰਮ ਤਿਉਹਾਰ ਦਾ ਆਨੰਦ ਮਾਣ ਰਹੇ ਸਨ। ਇਸ ਤੋਂ ਪਹਿਲਾਂ ਕਿ ਉਹ ਤਿੰਨੇ ਸਰਦਾਰ ਆਪਣੀ ਰੱਖਿਆ ਦਾ ਪ੍ਰਬੰਧ ਅਗਲੀ ਸਵੇਰ ਕਰ ਸਕਦੇ, ਮੁਹਾਸਰੇ ਦੀ ਕਾਰਵਾਈ ਆਰੰਭ ਹੋ ਗਈ। ਸ਼ਹਿਰ ਦੀ ਫ਼ਸੀਲ ਵਿਚ ਇਕ ਥਾਂ ਪਾੜ ਪਾਇਆ ਗਿਆ ਤਾਂ ਅੱਗੋਂ ਸ਼ਹਿਰ ਲਈ ਦਰਵਾਜ਼ੇ ਖੋਲ੍ਹ ਦਿੱਤੇ ਗਏ। ਇਸ ਰਾਜਧਾਨੀ ਵਿਚ ਦਾਖ਼ਲ ਹੁੰਦਿਆਂ ਹੀ ਰਣਜੀਤ ਸਿੰਘ ਨੇ ਪਹਿਲਾ ਕੰਮ ਇਹ ਕੀਤਾ ਕਿ ਬਾਦਸ਼ਾਹੀ ਮਸੀਤ ਤੇ ਆਪਣੀ ਅਕੀਦਤ ਪੇਸ਼ ਕੀਤੀ। ਉਥੋਂ ਵਜ਼ੀਰ ਖ਼ਾਨ ਦੀ ਮਸੀਤ 'ਤੇ ਗਿਆ ਜਿਥੇ ਅਧਿਕ ਲੋਕ ਜਾਇਆ ਕਰਦੇ ਸਨ। ਜੁਲਾਈ 7, 1799 ਨੂੰ ਕਿਲ੍ਹੇ ਦੇ ਵੱਡੇ ਦਰਵਾਜ਼ੇ ਖੋਲ੍ਹ ਦਿੱਤੇ ਗਏ ਅਤੇ ਅਠਾਰਾਂ ਸਾਲ ਦਾ ਗਭਰੂ ਜੇਤੂ ਅੰਦਰ ਦਾਖ਼ਲ ਹੋਇਆ। ਉਸ ਨੂੰ ਸ਼ਾਹੀ ਤੋਪਾਂ ਚਲਾ ਕੇ ਸਲਾਮੀ ਦਿੱਤੀ ਗਈ।

ਸ਼ਾਹ ਜ਼ਮਾਨ ਅਜੇ ਵੀ ਸੁਪਨੇ ਲੈ ਰਿਹਾ ਸੀ ਕਿ ਉਹ ਹਿੰਦੁਸਤਾਨ ਵਿਚ ਆਪਣੀ ਹਕੂਮਤ ਕਾਇਮ ਕਰੇਗਾ। ਉਸ ਰਣਜੀਤ ਸਿੰਘ ਵੱਲ ਦੋਸਤੀ ਦਾ ਹੱਥ ਵਧਾਇਆ ਅਤੇ ਕਈ ਸੁਗਾਤਾਂ ਭੇਜੀਆਂ ਜਿਨ੍ਹਾਂ ਵਿਚ ਵਧੀਆ ਘੋੜੇ ਅਤੇ ਕੀਮਤੀ ਪੁਸ਼ਾਕਾਂ ਸ਼ਾਮਲ ਸਨ। ਰਣਜੀਤ ਸਿੰਘ ਨੇ ਅਫ਼ਗਾਨਾਂ ਵੱਲੋਂ ਵਧਾਏ ਗਏ ਦੋਸਤੀ ਦੇ ਹੱਥ ਦਾ ਸੁਆਗਤ ਕੀਤਾ। ਉਸ ਸ਼ਾਹ ਜ਼ਮਾਨ ਨੂੰ ਉਹ ਤੋਪਾਂ ਭੇਜੀਆਂ ਜਿਹੜੀਆਂ ਉਹ ਕਾਹਲੀ ਨਾਲ ਭੱਜ ਕੇ ਜਾਂਦਾ ਹੋਇਆ ਪੰਜਾਬ ਦੇ ਦਰਿਆਵਾਂ ਵਿਚ ਗੁੰਮ ਕਰ ਆਇਆ ਸੀ।

ਲਾਹੌਰ 'ਤੇ ਕਬਜ਼ਾ ਹੋ ਜਾਣ ਨਾਲ ਭੰਗੀ, ਰਾਮਗੜ੍ਹੀਏ ਅਤੇ ਹੋਰ ਸਰਦਾਰ ਇਕੱਠੇ ਹੋ ਗਏ। ਉਹ ਨਹੀਂ ਸਨ ਚਾਹੁੰਦੇ ਕਿ ਰਣਜੀਤ ਸਿੰਘ ਦੀ ਅਜਿਹੀ ਸਫਲਤਾ ਹੋਵੇ। ਉਹ ਰਲ ਕੇ ਰਣਜੀਤ ਸਿੰਘ ਦੇ ਵਿਰੋਧੀ ਬਣ ਗਏ। ਉਹ ਸਾਰੇ ਅੰਮ੍ਰਿਤਸਰ ਵਿਖੇ ਇਕੱਠੇ ਹੋ ਗਏ ਅਤੇ ਨਿਜ਼ਾਮੁਦੀਨ ਖ਼ਾਨ ਦੀ ਸ਼ਹਿ ਨਾਲ ਆਪਣੀਆਂ ਫ਼ੌਜਾਂ ਲੈ ਕੇ ਲਾਹੌਰ ਵੱਲ ਵਧੇ। ਰਣਜੀਤ ਸਿੰਘ ਉਨ੍ਹਾਂ ਨੂੰ ਲਾਹੌਰ ਤੋਂ ਦਸ ਮੀਲ ਦੂਰ ਭਸੀਨ ਨਾਮੀ ਪਿੰਡ 'ਚ ਜਾ ਟੱਕਰਿਆ। ਫ਼ੌਜਾਂ ਦੀ ਟੱਕਰ ਦੋ ਮਹੀਨੇ ਤਕ ਚਲਦੀ ਰਹੀ। ਗੁਲਾਬ ਸਿੰਘ ਭੰਗੀ ਤਾਂ ਸ਼ਰਾਬ ਦੇ ਅਸਰ ਨਾਲ ਮਰ ਗਿਆ ਅਤੇ ਬਾਕੀ ਦੇ ਵੀ ਆਪੋ ਆਪਣੇ ਘਰਾਂ ਵੱਲ ਖਿਸਕ ਗਏ।

ਭਸੀਨ ਵਿਖੇ ਪ੍ਰਾਪਤ ਹੋਈ 'ਜਿੱਤ' ਸਦਕਾ ਰਣਜੀਤ ਸਿੰਘ ਮੁੱਖ ਸਰਦਾਰ ਬਣ ਗਿਆ ਅਤੇ ਲੋਕ ਉਸ ਦੁਆਲੇ ਜੁੜਦੇ ਗਏ। ਉਸ ਕਿਲ੍ਹੇ ਵਿਚ ਹੀ ਗੱਦੀ ਬਣਾ ਲਈ ਅਤੇ ਮੁਸੰਮਨ ਬੁਰਜ ਵਿਖੇ ਦਰਬਾਰ ਸਜਣ ਲੱਗਾ। ਅਜਿਹਾ ਅਮਲ ਮੁਗ਼ਲਾਂ ਅਤੇ ਉਨ੍ਹਾਂ ਦੇ ਸੂਬੇਦਾਰਾਂ ਸਮੇਂ ਹੋਇਆ ਕਰਦਾ ਸੀ। ਉਸ ਦਰਬਾਰ ਵਿਚ ਨਵੇਂ-ਨਵੇਂ ਮਾਹਿਰ ਲੋਕ ਰੱਖੇ ਅਤੇ ਆਪਣੇ ਅਧੀਨ ਇਲਾਕੇ ਦੇ ਮਾਲੀਆ ਅਤੇ ਨਿਆਂ-ਪ੍ਰਣਾਲੀ ਦੇ ਪ੍ਰਬੰਧ ਵਿਚ ਤਬਦੀਲੀ ਲਿਆਂਦੀ। ਉਸ ਦੀ ਸੇਵਾ ਵਿਚ ਪਹਿਲੇ ਆਉਣ ਵਾਲੇ ਤਿੰਨ ਬੁਖ਼ਾਰੀ ਭਾਈ ਸਨ ਜਿਨ੍ਹਾਂ ਵਿਚ ਸਭ ਤੋਂ ਵੱਡਾ ਅਜ਼ੀਜ਼ੁਦੀਨ ਸੀ ਜਿਹੜਾ 1780 ਵਿਚ ਹਕੀਮ ਗ਼ੁਲਾਮ ਮੁਹੱਈਉਦੀਨ ਦੇ ਗ੍ਰਹਿ ਵਿਖੇ ਪੈਦਾ ਹੋਇਆ ਸੀ। ਦੂਜੇ ਦੋ ਭਰਾ ਸਨ : ਇਮਾਮੁਦੀਨ ਅਤੇ ਨੂਰਦੀਨ। ਅਜ਼ੀਜ਼ੁਦੀਨ ਤਾਂ ਮਹਾਰਾਜੇ ਦਾ ਗੂੜ੍ਹਾ ਦੋਸਤ ਅਤੇ ਸਲਾਹਕਾਰ ਬਣ ਗਿਆ ਅਤੇ ਅੱਗੋਂ ਉਹ ਵਿਦੇਸ਼ ਮੰਤਰੀ ਦੇ ਅਹੁਦੇ 'ਤੇ ਥਾਪਿਆ ਗਿਆ। ਫ਼ਤਹਿ ਸਿੰਘ ਆਹਲੂਵਾਲੀਏ ਨੇ ਵੀ ਰਣਜੀਤ ਸਿੰਘ ਦੇ ਚੜ੍ਹਦੇ ਸਿਤਾਰੇ ਦਾ ਲਾਭ ਉਠਾਇਆ। ਉਹ ਫ਼ੌਜੀ ਮਾਮਲਿਆਂ ਦਾ ਮੁੱਖ ਸਰਦਾਰ ਥਾਪਿਆ ਗਿਆ।

ਲਾਹੌਰ ਦੇ ਮਾਮਲੇ ਸਿੱਧੇ ਕਰਕੇ ਰਣਜੀਤ ਸਿੰਘ ਨੇ ਜੰਮੂ ਦੇ ਰਾਜੇ ਵਿਰੁੱਧ ਚੜ੍ਹਾਈ ਕੀਤੀ ਜਿਸ ਨੇ ਅਫ਼ਗਾਨਾਂ ਦੀ ਸਹਾਇਤਾ ਕਰਨ ਦਾ ਵਚਨ ਦਿੱਤਾ ਸੀ। ਪਹਾੜਾਂ ਤੇ ਚੜ੍ਹਾਈ ਕਰਦਿਆਂ ਉਸ ਵੈਰੋਵਾਲ, ਨਾਰੋਵਾਲ ਅਤੇ ਜੱਸੋਵਾਲ 'ਤੇ ਕਬਜ਼ਾ ਕਰ ਲਿਆ ਅਤੇ ਛੋਟੀ-ਛੋਟੀ ਕਦਮ ਵਧਾਉਂਦਿਆਂ ਜੰਮੂ ਦੇ ਚਾਰ ਮੀਲ ਦੇ ਫ਼ਾਸਲੇ 'ਤੇ ਪਹੁੰਚ ਗਿਆ। ਰਾਜੇ ਨੇ ਈਨ ਮੰਨ ਲਈ ਅਤੇ ਹਰਜਾਨਾ ਭਰਿਆ। ਜੰਮੂ ਤੋਂ ਵਿਹਲੇ ਹੋ ਕੇ ਰਣਜੀਤ ਸਿੰਘ ਨੇ ਗੁਜਰਾਤ ਵੱਲ ਧਿਆਨ ਦਿੱਤਾ। ਪਰ ਸਾਹਿਬ ਸਿੰਘ ਬੇਦੀ ਦੇ ਦਖ਼ਲ ਦੇਣ ਤੇ ਇਹ ਮੁਹਾਸਰਾ ਰੋਕ ਦਿੱਤਾ ਗਿਆ। ਇਸ ਘਟਨਾ ਬਾਰੇ ਸੋਹਣ ਲਾਲ ਲਿਖਦਾ ਹੈ, "ਰਣਜੀਤ ਸਿੰਘ ਨੇ ਕਮਰ ਨਾਲੋਂ ਤਲਵਾਰ ਲਾਹੀ ਅਤੇ ਧਰਤੀ ਉਤੇ ਬਾਬਾ ਸਾਹਿਬ ਸਿੰਘ ਬੇਦੀ ਅੱਗੇ ਰੱਖ ਦਿੱਤੀ। ਬਾਕੀ ਸਰਦਾਰਾਂ ਨੇ ਵੀ ਇਵੇਂ ਹੀ ਕੀਤਾ। ਇਕ ਘੰਟੇ ਲਈ ਚੁੱਪ ਵਰਤੀ ਰਹੀ। ਉਪਰੰਤ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਨੂੰ ਤਲਵਾਰ ਪਹਿਨਾਈ ਅਤੇ ਅਸ਼ੀਰਵਾਦ ਦਿੱਤਾ ਕਿ ਤੇਰੇ ਸਾਰੇ ਵਿਰੋਧੀ ਖ਼ਤਮ ਹੋ ਜਾਣਗੇ ਅਤੇ ਸਾਰੇ

ਦੇਸ਼ ਵਿਚ ਤੇਰਾ ਰਾਜ ਹੋਵੇਗਾ। ਪਰ ਰਣਜੀਤ ਸਿੰਘ ਨੇ ਅਕਾਲ ਗੜ੍ਹ ਦੇ ਸਰਦਾਰ ਦੀ ਜਗੀਰ ਜ਼ਬਤ ਕਰ ਲਈ ਕਿਉਂ ਜੋ ਉਹ ਗੁਜਰਾਤ ਦੇ ਭੰਗੀ ਸਰਦਾਰ ਦੀ ਸਹਾਇਤਾ ਲਈ ਗਿਆ ਸੀ।

ਸ਼ਾਹ ਜ਼ਮਾਨ ਤੇ ਅੰਗਰੇਜ਼ਾਂ ਵੱਲੋਂ ਪੇਸ਼ਕਸ਼

ਜਦੋਂ ਰਣਜੀਤ ਸਿੰਘ ਲਾਹੌਰ ਪਰਤਿਆ ਤਾਂ ਉਸ ਦੇਖਿਆ ਕਿ ਸ਼ਾਹ ਜ਼ਮਾਨ ਦਾ ਏਲਚੀ ਉਸ ਦੀ ਉਡੀਕ ਕਰ ਰਹੇ ਹਨ। ਉਸ ਨੂੰ ਇਹ ਵੀ ਪਤਾ ਲੱਗਾ ਕਿ ਭੰਗੀ ਸਰਦਾਰ ਜਿਹੜੇ ਰਣਜੀਤ ਸਿੰਘ ਦੇ ਵਿਰੋਧੀ ਸਨ, ਉਹ ਵੀ ਸ਼ਾਹ ਜ਼ਮਾਨ ਨਾਲ ਪੱਤਰ-ਵਿਹਾਰ ਕਰ ਰਹੇ ਸਨ ਅਤੇ ਸਹਾਇਤਾ ਲਈ ਵਚਨ ਦੇ ਰਹੇ ਸਨ। ਰਣਜੀਤ ਸਿੰਘ ਨੇ ਸ਼ਾਹ ਦੀਆਂ ਸੁਗਾਤਾਂ ਸਵੀਕਾਰ ਕਰ ਲਈਆਂ ਅਤੇ ਆਪਣੇ ਪਾਸੋਂ ਵੱਡਮੁੱਲੀਆਂ ਸੁਗਾਤਾਂ ਦੇ ਕੇ ਆਏ ਰਾਜਦੂਤਾਂ ਨੂੰ ਵਿਦਾ ਕੀਤਾ। ਇਸ ਵਤੀਰੇ ਦਾ ਸਿੱਟਾ ਉਹੋ ਨਿਕਲਿਆ ਜਿਸ ਦੀ ਰਣਜੀਤ ਸਿੰਘ ਨੂੰ ਆਸ ਸੀ। ਪਰ ਉਸ ਦੇ ਵਿਰੋਧੀਆਂ ਦਾ ਜ਼ਮਾਨ ਨਾਲ ਅਜਿਹਾ ਗੁਪਤ ਸਾਜ਼-ਬਾਜ਼ ਅੱਛਾ ਨਾ ਲੱਗਾ। ਉਹ ਤਾਂ ਰਣਜੀਤ ਸਿੰਘ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਸਨ। ਅੰਗਰੇਜ਼ਾਂ ਨੂੰ ਵਿਸ਼ੇਸ਼ ਕਰਕੇ ਇਹ ਬੁਰਾ ਲੱਗਾ। ਅਪ੍ਰੈਲ 1800 ਵਿਚ ਗਵਰਨਰ ਜਨਰਲ ਨੇ ਇਹ ਫ਼ੈਸਲਾ ਕੀਤਾ ਕਿ ਰਣਜੀਤ ਸਿੰਘ ਉਪਰੋਂ ਸ਼ਾਹ ਜ਼ਮਾਨ ਦੇ ਪ੍ਰਭਾਵ ਨੂੰ ਖ਼ਤਮ ਕੀਤਾ ਜਾਵੇ। ਉਸ ਇਹ ਹਦਾਇਤਾਂ ਜਾਰੀ ਕੀਤੀਆਂ ਕਿ ਰਣਜੀਤ ਸਿੰਘ ਦੇ ਦਰਬਾਰ ਵਿਚ ਇਕ ਯੋਗ ਏਲਚੀ ਭੇਜਿਆ ਜਾਵੇ ਜਿਹੜਾ ਸ਼ਾਹ ਜ਼ਮਾਨ ਦੀ ਦੋਸਤੀ ਤੋਂ ਉਪਜਣ ਵਾਲੇ ਖ਼ਤਰੇ ਤੋਂ ਰਣਜੀਤ ਸਿੰਘ ਨੂੰ ਸਾਵਧਾਨ ਕਰੇ।

ਅੰਗਰੇਜ਼ਾਂ ਨੇ ਅਫ਼ਗਾਨਾਂ ਵਿਰੁੱਧ ਸਿੱਖਾਂ ਨੂੰ ਸਾਵਧਾਨ ਕਰਨ ਲਈ ਮੀਰ ਯੂਸਫ਼ ਅਲੀ ਨੂੰ ਭੇਜਿਆ। ਮੀਰ ਨੇ ਪਹਿਲਾਂ ਮਾਲਵਾ ਦੇ ਸਰਦਾਰਾਂ ਨਾਲ ਭੇਂਟ ਕੀਤੀ ਅਤੇ ਫਿਰ ਸਰਦਾਰਨੀ ਸਦਾ ਕੌਰ ਤੇ ਰਣਜੀਤ ਸਿੰਘ ਨੂੰ ਮਿਲਿਆ। ਪਰ ਇਸ ਪਾਸ ਕੋਈ ਠੋਸ ਸੁਝਾਅ ਨਹੀਂ ਸੀ ਅਤੇ ਉਧਰ ਸ਼ਾਹ ਜ਼ਮਾਨ ਭਾਰੀ ਸੰਖਿਆ ਵਿਚ ਫ਼ੌਜ ਇਕੱਠੀ ਕਰਕੇ ਭਾਰਤ ਉਤੇ ਹਮਲਾ ਕਰਨ ਦੀ ਸੋਚ ਰਿਹਾ ਸੀ। ਇਸ ਲਈ ਸਿੱਖਾਂ ਨੇ ਅੰਗਰੇਜ਼ਾਂ ਦੀ ਪੇਸ਼ਕਸ਼ ਨੂੰ ਸ਼ਨਕੀ ਸਮਝਿਆ। ਚੰਗੀ ਕਿਸਮਤ ਨੂੰ ਕਾਬੁਲ ਵਿਚ ਸ਼ਹਿਰੀ ਖ਼ਾਨਾਜੰਗੀ ਛਿੜ ਪਈ ਅਤੇ ਫ਼ਾਰਸੀਆਂ ਦੀ ਅਫ਼ਗਾਨ ਦੀਆਂ ਪੱਛਮੀ ਸਰਹੱਦਾਂ ਦੀ ਚੜ੍ਹਾਈ ਠੱਪੀ ਗਈ। ਇਸ ਕਾਰਨ ਸ਼ਾਹ ਜ਼ਮਾਨ ਭਾਰਤ 'ਤੇ ਹਮਲਾ ਨਾ ਕਰ ਸਕਿਆ। ਪੰਜਾਬ ਨੇ ਸੁਖ ਦਾ ਸਾਹ ਲਿਆ ਅਤੇ ਰਣਜੀਤ ਸਿੰਘ ਨੇ ਇਹ ਫ਼ੈਸਲਾ ਕੀਤਾ ਕਿ ਭਵਿੱਖ ਦੇ ਹਮਲਿਆਂ ਦੀ ਰੋਕ ਲਈ ਉਹ ਸਾਵਧਾਨੀ ਵਰਤੇਗਾ।

ਪੰਜਾਬ ਦਾ ਮਹਾਰਾਜਾ

ਰਸਮੀ ਮਹਾਰਾਜਾ ਦਾ ਖ਼ਿਤਾਬ ਸਵੀਕਾਰ ਕਰਨ ਤੋਂ ਰਣਜੀਤ ਸਿੰਘ ਹਿਚਕਿਚਾਉਂਦਾ ਸੀ। ਉਹ ਅਜਿਹਾ ਕੰਮ ਨਹੀਂ ਕਰਨਾ ਚਾਹੁੰਦਾ ਸੀ ਕਿ ਬਾਕੀ ਦੇ ਸਰਦਾਰਾਂ ਨੂੰ ਉਸ ਦੇ ਵਿਰੁੱਧ ਕੋਈ ਸ਼ਿਕਾਇਤ ਦਾ ਮੌਕਾ ਮਿਲੇ। ਹੌਲੀ-ਹੌਲੀ ਉਸ ਇਹ ਸਿੱਟਾ ਕੱਢਿਆ ਕਿ ਅਸਲੀ ਤੱਥ ਦੀ ਪਛਾਣ ਅਤੇ ਕਾਨੂੰਨੀ ਖ਼ਿਤਾਬ ਜਗੀਰਦਾਰੀ ਵਿਰੋਧਤਾ ਤੇ ਭਾਰੂ ਰਹੇਗਾ। ਇਹ ਗੱਲ ਲੋਕਾਂ ਨੂੰ ਚੰਗੀ ਲੱਗੇਗੀ ਕਿਉਂ ਜੋ ਉਨ੍ਹਾਂ ਦੀ ਆਪਣੀ ਸਰਕਾਰ ਬਣਿਆਂ ਕਾਫ਼ੀ ਸਮਾਂ ਹੋ ਗਿਆ। ਇਸ ਨਾਲ ਹੋਰ ਪੰਜਾਬੀ ਜਿਹੜੇ ਅਜੇ ਨਵੇਂ ਰਾਜ ਦੇ ਸ਼ਹਿਰੀ ਨਹੀਂ ਬਣੇ ਸਨ ਉਹ ਬੋਲੀ ਦੀ ਲਾਜ਼ਮੀ ਲੋੜ ਅਤੇ ਸਾਂਝੇ ਜੀਵਨ ਰਾਹ ਨੂੰ ਅਪਣਾ ਕੇ ਦੇਸ਼ ਦੀ ਹੋਣੀ ਨਾਲ ਮਿਲ ਜਾਣਗੇ। ਗੁਆਂਢੀ ਰਾਜ ਵੀ ਜਿਹੜੇ ਪੰਜਾਬ ਨੂੰ ਕੈਰੀ ਅੱਖ ਨਾਲ ਦੇਖਦੇ ਸਨ, ਉਹ ਵੀ ਇਸ

ਗੱਲ ਦੇ ਆਦੀ ਹੋ ਜਾਣਗੇ ਕਿ ਪੰਜਾਬ ਦੇ ਲੋਕ ਇਕ ਹਨ ਅਤੇ ਉਨ੍ਹਾਂ ਦਾ ਹਾਕਮ ਰਣਜੀਤ ਸਿੰਘ ਹੈ। ਵੈਸਾਖੀ ਵਾਲੇ ਦਿਹਾੜੇ (ਅਪ੍ਰੈਲ 12, 1801) ਨੂੰ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਦੇ ਮੱਥੇ 'ਤੇ ਕੇਸਰ ਦਾ ਟਿੱਕਾ ਕੀਤਾ ਅਤੇ ਉਸ ਨੂੰ ਪੰਜਾਬ ਦਾ ਮਹਾਰਾਜਾ ਘੋਸ਼ਿਤ ਕੀਤਾ। ਕਿਲ੍ਹੇ ਤੋਂ ਤੋਪਾਂ ਦੀ ਸ਼ਾਹੀ ਸਲਾਮੀ ਦਿੱਤੀ ਗਈ। ਦੁਪਹਿਰੋਂ ਬਾਅਦ ਜਵਾਨ ਮਹਾਰਾਜਾ ਹਾਥੀ 'ਤੇ ਸਵਾਰ ਹੋ ਕੇ ਨਿਕਲਿਆ ਅਤੇ ਖ਼ੁਸ਼ੀਆਂ ਮਨਾਉਂਦੀ ਹੋਈ ਆਪਣੀ ਰਿਆਇਆ ਨੂੰ ਚਾਂਦੀ ਅਤੇ ਸੋਨੇ ਦੇ ਸਿੱਕਿਆਂ ਨਾਲ ਮਾਲਾਮਾਲ ਕਰਦਾ ਚਲਦਾ ਗਿਆ। ਰਾਤ ਵੇਲੇ ਸ਼ਹਿਰ ਵਿਚ ਦੀਪਮਾਲਾ ਹੋਈ।

ਰਣਜੀਤ ਸਿੰਘ ਦੀ ਰਾਜਸੀ ਪ੍ਰਬੁੱਧਤਾ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਜਿਹੜਾ ਸਮਝੌਤਾ ਉਸ ਮਹਾਰਾਜਾ ਬਣਨ ਉਪਰੰਤ ਇਕ ਕਿਸਾਨ ਆਗੂ ਰਹਿਣ ਵਿਚ ਕੀਤਾ। ਭਾਵੇਂ ਉਸ ਨੂੰ ਪੰਜਾਬ ਦਾ ਮਹਾਰਾਜਾ ਬਣਾ ਦਿੱਤਾ ਗਿਆ ਸੀ ਪਰ ਉਸ ਆਪਣੀ ਪਗੜੀ ਵਿਚ ਸ਼ਾਹੀ ਕਲਗੀ ਲਾਉਣ ਤੋਂ ਇਨਕਾਰ ਕੀਤਾ। ਉਹ ਤਖ਼ਤ 'ਤੇ ਵੀ ਨਹੀਂ ਬੈਠਿਆ ਸਗੋਂ ਪਹਿਲਾਂ ਵਾਂਗ ਲੱਤ 'ਤੇ ਲੱਤ ਚੜ੍ਹਾ ਕੇ ਆਪਣੀ ਕੁਰਸੀ 'ਤੇ ਬਿਰਾਜਮਾਨ ਹੁੰਦਾ ਜਿਹੜੀ ਇਸ਼ਨਾਨ-ਟੱਬ ਵਰਗੀ ਬਣੀ ਹੋਈ ਸੀ। ਕਈ ਵਾਰ ਤਾਂ ਗਲੀਚੇ ਤੇ ਬਿਰਾਜਮਾਨ ਹੋ ਕੇ ਹੀ ਆਉਣ ਵਾਲਿਆਂ ਨਾਲ ਮਿਲਿਆ ਜਾਂਦਾ। ਨਵੇਂ ਸਿੱਕੇ ਢਾਲੇ ਗਏ ਪਰ ਇਨ੍ਹਾਂ ਉਪਰ ਉਸ ਦੀ ਮੂਰਤ ਦੀ ਥਾਂ ਗੁਰੂ ਨਾਨਕ ਦਾ ਚਿੱਤਰ ਸੀ ਅਤੇ ਇਨ੍ਹਾਂ ਨੂੰ 'ਨਾਨਕ ਸ਼ਾਹੀ' ਸਿੱਕੇ ਕਿਹਾ ਜਾਂਦਾ ਸੀ। ਸਰਕਾਰੀ ਮੋਹਰ 'ਤੇ ਵੀ ਉਸ ਦਾ ਹਵਾਲਾ ਨਹੀਂ ਸੀ। ਸਰਕਾਰ ਵੀ ਨਿੱਜੀ ਰੂਪ ਦੀ ਨਹੀਂ ਸੀ। ਸਗੋਂ ਇਹ ਲੋਕਾਂ ਲਈ ਲੋਕਾਂ ਦੀ ਬਣਾਈ ਹੋਈ 'ਸਰਕਾਰ ਖਾਲਸਾ' ਸੀ। ਇਨ੍ਹਾਂ ਕਾਰਨਾਂ ਕਰਕੇ ਦਰਬਾਰ ਦਾ ਨਾਮ ਵੀ 'ਦਰਬਾਰ ਖਾਲਸਾ' ਸੀ। ਦਰਬਾਰ ਵਿਚ ਆਮ ਤੌਰ ਤੇ ਕਈ ਵਿਸ਼ੇਸ਼ਣ ਵਰਤੇ ਜਾਂਦੇ ਸਨ ਪਰ ਉਹ ਸਾਦੇ ਰੂਪ ਵਿਚ 'ਸਿੰਘ ਸਾਹਿਬ' ਅਖਵਾਉਣਾ ਅੱਛਾ ਸਮਝਦਾ ਸੀ। ਇਹ ਰਿਵਾਜ ਪਹਿਲੇ ਹਾਕਮਾਂ ਨਾਲੋਂ ਵੱਖਰੇ ਸਨ ਜਿਨ੍ਹਾਂ ਰਾਹੀਂ ਹਾਕਮ ਨੂੰ ਲੋਕਾਂ ਤੋਂ ਦੂਰ ਰਖਿਆ ਜਾਂਦਾ ਸੀ। ਰਣਜੀਤ ਸਿੰਘ ਇਹ ਨਹੀਂ ਚਾਹੁੰਦਾ ਸੀ ਸਗੋਂ ਉਹ ਤਾਂ ਆਮ ਸੰਪਰਕ ਬਣਾਈ ਰੱਖਣਾ ਚਾਹੁੰਦਾ ਸੀ।

'ਪੰਜਾਬ ਦਾ ਮਹਾਰਾਜਾ' ਦਾ ਖ਼ਿਤਾਬ ਪ੍ਰਾਪਤ ਕਰਨ ਨਾਲ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਰਣਜੀਤ ਸਿੰਘ ਦੀ ਪ੍ਰਭੁਸੱਤਾ ਕੇਵਲ ਸਿੱਖਾਂ ਉਪਰ ਹੀ ਨਾ ਰਹੀ (ਸਰਕਾਰ ਦਾ ਨਾਮ 'ਸਰਕਾਰ ਖਾਲਸਾ ਜੀ' ਹੋਣ ਨਾਤੇ) ਸਗੋਂ ਪੰਜਾਬ ਦੀਆਂ ਭੂਗੋਲਿਕ ਹੱਦਾਂ 'ਤੇ ਵੀ ਉਸ ਦਾ ਰਾਜ ਫੈਲ ਗਿਆ। ਇਸ ਖ਼ਿਤਾਬ ਨਾਲ ਰਣਜੀਤ ਸਿੰਘ ਨੂੰ ਇਹ ਕਾਨੂੰਨੀ ਹੱਕ ਮਿਲ ਗਿਆ ਸੀ ਕਿ ਉਹ ਇਲਾਕੇ ਜਿਹੜੇ ਕਦੇ ਲਾਹੌਰ ਨੂੰ ਮਾਲੀਆ ਦਿੰਦੇ ਸਨ ਜੰਮੂ, ਕਸ਼ਮੀਰ, ਰਾਜਪੂਤ ਪਹਾੜੀ ਰਾਜ, ਮੁਲਤਾਨ, ਬਹਾਵਲਪੁਰ, ਡੇਰਾ ਇਸਮਾਈਲ ਖ਼ਾਨ, ਡੇਰਾ ਗ਼ਾਜ਼ੀ ਖ਼ਾਨ, ਮਨਕੇਰਾ ਅਤੇ ਹੋਰ, ਉਹ ਹੁਣ ਲਾਹੌਰ ਦਰਬਾਰ ਦੀ ਅਧੀਨਗੀ ਪਰਵਾਨ ਕਰਨ ਲੱਗੇ।

ਰਣਜੀਤ ਸਿੰਘ ਦਾ ਇਹ ਖ਼ਿਤਾਬ ਨਾ ਹੀ ਮੁਗ਼ਲਾਂ ਅਤੇ ਨਾ ਹੀ ਅਫ਼ਗਾਨਾਂ ਪਾਸੋਂ ਲਿਆ ਗਿਆ ਸੀ। ਇਹ ਤਾਂ ਬਖ਼ਸ਼ਿਸ਼ ਅਧਿਆਤਮਕ ਰੂਪ 'ਪੰਥ ਖਾਲਸਾ ਜੀ' ਦੀ ਸੀ। ਇਸ ਲਈ ਸਾਲਾਂ-ਬੱਧੀ ਚਲੀ ਆ ਰਹੀ ਮਰਯਾਦਾ ਦੇ ਭਾਰ ਅਧੀਨ ਸੀ ਕਿ ਸਿੱਖਾਂ ਦਾ ਰਾਜ ਵੀ ਇਕ ਦਿਨ ਆਇਗਾ (ਰਾਜ ਕਰੇਗਾ ਖਾਲਸਾ) ਅਤੇ ਸ਼ਾਇਦ ਇਹ ਮਾਣ ਗੁਰੂਆਂ ਵੱਲੋਂ ਹੀ ਪ੍ਰਾਪਤ ਹੋਇਆ ਹੈ। ਇਸ ਵਿਸ਼ਵਾਸ ਨਾਲ ਰਣਜੀਤ ਸਿੰਘ ਲੋਕਾਂ ਦੀ ਸ਼ਕਤੀ ਨੂੰ ਇਕੱਤਰ ਕਰ ਸਕਿਆ ਅਤੇ ਆਪਣੀ ਨਿਰੋਲ ਜ਼ਮੀਰ ਆਸਰੇ ਉਸ ਅੱਗੋਂ ਫ਼ਤਹਿ ਕਰਨ ਅਤੇ ਇਲਾਕਿਆਂ ਨੂੰ ਆਪਣੇ ਨਾਲ ਮਿਲਾਉਣ ਦਾ ਜਤਨ ਆਰੰਭ ਕੀਤਾ।

ਤਾਜਪੋਸ਼ੀ ਦੇ ਤੁਰੰਤ ਪਿੱਛੋਂ ਰਣਜੀਤ ਸਿੰਘ ਨੇ ਸ਼ਹਿਰ ਦੀਆਂ ਦੀਵਾਰਾਂ ਅਤੇ ਦੁਆਰਾਂ ਦੀ ਮੁਰੰਮਤ ਕਰਵਾਈ ਕਿਉਂ ਜੋ ਅਨੇਕਾਂ ਮੁਹਾਸਰਿਆਂ ਕਾਰਨ ਇਨ੍ਹਾਂ ਨੂੰ ਕਾਫ਼ੀ ਨੁਕਸਾਨ ਪੁੱਜਾ ਸੀ। ਅਪਰਾਧ ਦੀ ਰੋਕ-ਥਾਮ ਲਈ ਸਾਰੀਆਂ ਹੀ ਲੋੜਵੰਦ ਥਾਵਾਂ 'ਤੇ ਪਹਿਰਾ ਲਾਇਆ ਅਤੇ ਚੌਕੀਆਂ ਬਣਵਾਈਆਂ। ਭੰਗੀਆਂ ਦੀ ਅਰਾਜਕਤਾ ਵਿਚ ਅਪਰਾਧ ਕਾਫ਼ੀ ਵਧ ਗਿਆ ਸੀ। ਸ਼ਹਿਰ ਨੂੰ ਵਾਰਡਾਂ ਵਿਚ ਵੰਡਿਆ ਗਿਆ ਅਤੇ ਹਰ ਇਕ ਵਾਰਡ ਲਈ ਇਕ ਚੌਧਰੀ ਕਾਇਮ ਕੀਤਾ। ਆਪਣੇ ਜ਼ਿਲ੍ਹੇ ਅੰਦਰ ਅਮਨ ਤੇ ਕਾਨੂੰਨ ਦੀ ਵਿਵਸਥਾ ਰੱਖਣ ਦੀ ਉਸ ਦੀ ਜ਼ਿੰਮੇਵਾਰੀ ਸੀ। ਲੋੜ ਪੈਣ ਤੇ ਉਹ ਪੁਲਿਸ ਦੀ ਸਹਾਇਤਾ ਵੀ ਪ੍ਰਾਪਤ ਕਰ ਸਕਦਾ ਸੀ। ਉਸ ਸ਼ਹਿਰ ਵਿਚ ਨਿਆਂ-ਪ੍ਰਣਾਲੀ ਦੀ ਵੀ ਸੋਧ ਕੀਤੀ। ਆਬਾਦੀ ਦਾ ਬਹੁਤਾ ਹਿੱਸਾ ਮੁਸਲਮਾਨ ਹੋਣ ਕਾਰਨ ਉਨ੍ਹਾਂ ਲਈ ਕਾਜ਼ੀਆਂ ਦੇ ਅਧੀਨ ਵੱਖਰੀਆਂ ਕਚਹਿਰੀਆਂ ਕਾਇਮ ਕੀਤੀਆਂ ਗਈਆਂ। ਇਨ੍ਹਾਂ ਉੱਤੇ ਸ਼ਰ੍ਹਾ ਦਾ ਕਾਨੂੰਨ ਲਾਗੂ ਹੁੰਦਾ ਸੀ। ਪਰ ਜਿਹੜੇ ਮੁਸਲਮਾਨ ਸਿੱਖ ਅਤੇ ਹਿੰਦੂ ਭਰਾਵਾਂ ਵਾਂਗ ਆਪਣੀ ਬਰਦਾਰੀ ਜਾਂ ਜ਼ਿਲ੍ਹੇ ਦੇ ਕਾਨੂੰਨ ਦੇ ਪ੍ਰਬੰਧ ਹੇਠ ਰਹਿਣਾ ਚਾਹੁੰਦੇ ਸਨ, ਉਨ੍ਹਾਂ ਵਾਸਤੇ ਰਾਜ ਵੱਲੋਂ ਕਾਇਮ ਹੋਈ ਨਿਆਂ-ਪ੍ਰਣਾਲੀ ਸੀ। ਰਣਜੀਤ ਸਿੰਘ ਨੇ ਲੋਕਾਂ ਦੇ ਇਲਾਜ ਲਈ ਥਾਂ-ਥਾਂ ਸ਼ਫ਼ਾਖ਼ਾਨੇ (ਡਿਸਪੈਂਸਰੀਆਂ) ਵੀ ਬਣਵਾਈਆਂ। ਇਨ੍ਹਾਂ ਵਿਚ ਯੂਨਾਨੀ ਪੱਧਤੀ ਦਾ ਇਲਾਜ ਮੁਫ਼ਤ ਸੀ। ਫ਼ਕੀਰ ਅਜ਼ੀਜ਼-ਉਦ-ਦੀਨ ਦੇ ਛੋਟੇ ਭਾਈ ਹਕੀਮ ਨੂਰ-ਉਦ-ਦੀਨ ਨੂੰ ਮੁੱਖ-ਮੈਡੀਕਲ ਅਫ਼ਸਰ ਨਿਯੁਕਤ ਕੀਤਾ ਗਿਆ।

ਜਿਹੜਾ ਪ੍ਰਬੰਧ ਮੁਗ਼ਲਾਂ ਦੇ ਸਮੇਂ ਤੋਂ ਮਾਲੀਏ ਅਤੇ ਹਾਲੇ ਦੇ ਪ੍ਰਬੰਧ ਚਲਦਾ ਆ ਰਿਹਾ ਸੀ। ਉਸ ਵਿਚ ਰਣਜੀਤ ਸਿੰਘ ਨੇ ਕੋਈ ਤਬਦੀਲੀ ਨਹੀਂ ਕੀਤੀ। ਹਰ ਇਕ ਪਿੰਡ ਵਿਚ ਇਕ ਮੁਕੱਦਮ ਸੀ, ਜਿਹੜਾ ਮਾਲੀਆ ਉਗਰਾਹੁੰਦਾ ਸੀ। ਕੁਝ ਪਿੰਡਾਂ ਦਾ ਸਮੂਹ ਜਾਂ ਤਾਲੁਕਾ ਇਕ ਚੌਧਰੀ ਦੇ ਅਧੀਨ ਹੁੰਦਾ ਸੀ। ਇਨ੍ਹਾਂ ਤੋਂ ਇਲਾਵਾ ਇਕ ਕਾਨੂੰਗੋ ਸੀ, ਜਿਹੜਾ ਸਰਕਾਰੀ ਖ਼ਜ਼ਾਨੇ ਦਾ ਹਿਸਾਬ-ਕਿਤਾਬ ਰੱਖਦਾ ਸੀ। ਆਪਣੇ ਇਲਾਕੇ ਵਿਚ ਮਾਲ ਅਫ਼ਸਰ ਆਪਣੇ ਅਧੀਨ ਜ਼ਮੀਨ ਦੇ ਮਾਲਕ ਹੁੰਦੇ ਸਨ ਅਤੇ ਉਨ੍ਹਾਂ ਨੂੰ ਮਾਲੀਏ ਵਿਚ ਰਿਆਇਤ ਦਿੱਤੀ ਜਾਂਦੀ ਸੀ।

ਧਰਤੀ ਵਾਹੁਣ ਵਾਲਿਆਂ ਪਾਸੋਂ 'ਹਾਲਾ' ਸਿੱਧਾ ਵਸੂਲ ਕੀਤਾ ਜਾਂਦਾ ਸੀ। ਵਸੂਲੀ ਦੀ ਰਕਮ ਅਤੇ ਅਦਾਇਗੀ ਦੇ ਢੰਗ-ਤਰੀਕੇ ਵੱਖਰੇ-ਵੱਖਰੇ ਸਨ। ਪਰ ਇਸ ਗੱਲ ਦਾ ਧਿਆਨ ਰਖਿਆ ਜਾਂਦਾ ਸੀ ਕਿ ਸਥਾਈ ਜਾਂ ਅਸਥਾਈ ਦਰ ਜਿਵੇਂ ਕਿ ਘਾਹ ਪਹੁੰਚਾਉਣਾ, ਜੋ ਮਲਬੇ ਅਧੀਨ ਸੀ ਅਤੇ ਜਗੀਰਦਾਰੀ ਦੇਣ, ਕਿਸੇ ਵਿਆਹ ਵਿਚ ਦਿੱਤੀ ਸੁਗਾਤ ਦੇ ਰੂਪ ਵਿਚ ਜਾਂ ਸਥਾਨਕ ਰਾਜੇ ਜਾਂ ਸ਼ਾਹੀ ਪਰਿਵਾਰ ਨੂੰ ਵਿਆਹ ਜਾਂ ਤਿਉਹਾਰ ਤੇ ਦਿੱਤੀ ਗਈ ਰਕਮ ਪੈਦਾਵਾਰ ਦੀ ਅੱਧੀ ਕੀਮਤ ਤੋਂ ਵੱਧ ਨਾ ਹੋਵੇ। ਪੈਦਾਵਾਰ ਦਾ ਅਨੁਮਾਨ ਖੜ੍ਹੀ ਫ਼ਸਲ ਜਾਂ ਵਾਢੀ ਕਰਨ ਉਪਰੰਤ ਗਿਣਿਆ-ਮਿਣਿਆ ਜਾਂਦਾ ਸੀ। ਜੇ ਮਾਲੀਆ ਨਕਦ ਤਾਰਿਆ ਜਾਂਦਾ ਤਾਂ ਉਸ ਦੀ ਦਰ ਅੱਧੀ ਪੈਦਾਵਾਰ ਦੇ ਹਿਸਾਬ 'ਤੇ ਗਿਣੀ ਜਾਂਦੀ। ਵਸੂਲੀ ਦੀ ਦਰ ਲੋਟੂ ਨਹੀਂ ਸੀ ਸਗੋਂ ਇਸ ਹਿਸਾਬ ਤੇ ਲਾਈ ਜਾਂਦੀ ਕਿ ਕਿਸਾਨ ਖ਼ੁਸ਼ਹਾਲ ਹੋ ਸਕਣ।

ਜਿਵੇਂ ਭੂਮੀ ਦਾ ਹੱਕ ਪੱਕਾ ਸੀ ਇਸੇ ਤਰ੍ਹਾਂ ਹੀ ਖੂਹਾਂ ਦੀ ਮਲਕੀਅਤ ਵੀ ਪੱਕੀ ਸੀ। ਅਸਲ ਵਿਚ ਧਰਤੀ ਦੀ ਮਾਲਕੀ ਖੂਹ 'ਤੇ ਉਖਣੀ ਹੋਈ ਵਾਰਤਾ ਤੋਂ ਲਾਈ ਜਾਂਦੀ ਸੀ ਜਿਹੜੀ ਕਈ ਵਾਰ ਅੰਦਰਵਾਰ ਹੁੰਦੀ ਸੀ ਤਾਂ ਜੋ ਮਿਟ ਨਾ ਜਾਵੇ। ਖੂਹ ਪੁੱਟਣ ਦਾ ਹੱਕ ਕੇਵਲ ਉਸੇ ਨੂੰ ਸੀ ਜਿਹੜਾ ਅਸਲੀ ਹਲ ਵਾਹੁੰਦਾ ਹੋਵੇ। ਜਿਹੜਾ ਮਾਲਕ ਧਰਤੀ ਦੀ ਵਾਹੀ-ਗਾਹੀ ਨਹੀਂ ਕਰਦਾ ਸੀ ਜਾਂ ਆਪਣੇ ਨੌਕਰਾਂ ਰਾਹੀਂ ਨਹੀਂ ਕਰਵਾਉਂਦਾ ਸੀ, ਉਸ ਦਾ ਖ਼ਿਤਾਬ ਨਾ-ਮਾਤਰ ਸੀ। ਇਹੋ ਹੀ ਹਾਲ ਜਗੀਰਦਾਰ ਦਾ ਸੀ। ਮਾਲੀਏ ਲਈ ਉਸ ਦਾ ਹੱਕ ਉਸ ਨੂੰ

ਇਹ ਖੁੱਲ੍ਹ ਨਹੀਂ ਦਿੰਦਾ ਸੀ ਕਿ ਉਹ ਉਸ ਧਰਤੀ ਉੱਤੇ ਵੀ ਮਾਲਕੀ ਜਤਾਵੇ ਜਿਸ ਤੋਂ ਉਹ ਮਾਲੀਆ ਉਗਰਾਹੁੰਦਾ ਸੀ।

ਇਹ ਪ੍ਰਬੰਧ ਕਈ ਸਦੀਆਂ ਤੋਂ ਇਸੇ ਤਰ੍ਹਾਂ ਚਲਦਾ ਆ ਰਿਹਾ ਸੀ ਅਤੇ ਰਣਜੀਤ ਸਿੰਘ ਨੇ ਵੀ ਇਸ ਨੂੰ ਤਬਦੀਲ ਕਰਨਾ ਮੁਨਾਸਿਬ ਨਹੀਂ ਸਮਝਿਆ।

ਥੋੜ੍ਹੇ ਹੀ ਸਮੇਂ ਵਿਚ ਰਣਜੀਤ ਸਿੰਘ ਨੇ ਲਾਹੌਰ ਅਤੇ ਪੰਜਾਬ ਦੇ ਲੋਕਾਂ ਨੂੰ ਇਹ ਵਿਸਵਾਸ ਦਿਵਾ ਦਿੱਤਾ ਕਿ ਉਹ ਪੰਜਾਬੀਆਂ ਦੀ ਹਕੂਮਤ ਕਾਇਮ ਕਰਨਾ ਚਾਹੁੰਦਾ ਹੈ। ਸਗੋਂ ਉਹ ਪੰਜਾਬੀਆਂ ਦੀ ਐਸੀ ਹਕੂਮਤ ਸਥਾਪਤ ਕਰਨਾ ਚਾਹੁੰਦਾ ਹੈ ਜਿਸ ਵਿਚ ਹਿੰਦੂ-ਸਿੱਖ ਅਤੇ ਮੁਸਲਮਾਨ ਕਾਨੂੰਨ ਦੀਆਂ ਨਜ਼ਰਾਂ ਵਿਚ ਬਰਾਬਰ ਹੋਣ ਅਤੇ ਉਨ੍ਹਾਂ ਦੇ ਹੱਕ ਅਤੇ ਡਿਊਟੀਆਂ ਵੀ ਇਕੋ ਜਿਹੀਆਂ ਹੋਣ। ਉਹ ਹਰ ਬਰਾਦਰੀ ਦੀਆਂ ਸੰਸਥਾਵਾਂ ਦੇ ਧਾਰਮਿਕ ਜਸ਼ਨਾਂ ਅਤੇ ਸਮਾਰੋਹਾਂ ਵਿਚ ਭਾਗ ਲੈਂਦਾ ਸੀ।

ਦੁਸਹਿਰੇ ਦੇ ਅਵਸਰ ਤੇ ਉਹ ਰਾਜਪੂਤਾਂ ਵਾਂਗ ਹਥਿਆਰਾਂ ਦੀ ਪੂਜਾ ਕਰਦਾ ਸੀ ਅਤੇ ਰਾਮ ਅਤੇ ਰਾਵਣ ਦੇ ਯੁੱਧ ਦੀ ਯਾਦ ਤਾਜ਼ਾ ਕਰਨ ਲਈ ਆਪਣੀ ਫ਼ੌਜ ਦੀ ਝੂਠੀ-ਮੂਠੀ ਦੀ ਲੜਾਈ ਕਰਵਾਉਂਦਾ ਸੀ। ਦੀਵਾਲੀ ਦੇ ਅਵਸਰ 'ਤੇ ਹਰ ਘਰ ਅਤੇ ਸ਼ਾਹੀ ਮਹਿਲਾਂ ਤੇ ਦੀਪਮਾਲਾ ਕੀਤੀ ਜਾਂਦੀ ਸੀ। ਹੋਲੀ ਦੇ ਤਿਉਹਾਰ ਤੇ ਉਹ ਭੀੜ ਵਿਚ ਚਲਾ ਜਾਂਦਾ ਅਤੇ ਹੋਲੀ ਦੇ ਰੰਗਦਾਰ ਜਲ ਅਤੇ ਪਾਊਡਰ ਨਾਲ ਖ਼ੂਬ ਖ਼ੁਸ਼ੀ ਮਨਾਉਂਦਾ। ਕਈ ਵਾਰ ਤਾਂ ਅਜਿਹਾ ਜੋ ਇਕ ਬਾਦਸ਼ਾਹ ਨੂੰ ਸੋਭਾ ਵੀ ਨਾ ਦਿੰਦਾ। ਬਸੰਤ ਦੇ ਦਿਹਾੜੇ ਉਹ ਮੁਸਲਮਾਨ ਪੀਰ ਅਤੇ ਫ਼ਕੀਰ ਮਾਧੋ ਲਾਲ ਅਤੇ ਹੁਸੈਨ ਦੀ ਕਬਰ 'ਤੇ ਜਾ ਕੇ ਅਕੀਦਤ ਦੇ ਫੁੱਲ ਪੇਸ਼ ਕਰਦਾ। ਮੱਸਿਆ ਅਤੇ ਵੈਸਾਖੀ ਦੇ ਦਿਹਾੜਿਆਂ ਤੇ ਉਹ ਆਪਣੇ ਧਰਮ ਦੇ ਸਾਥੀਆਂ ਨਾਲ ਅੰਮ੍ਰਿਤਸਰ ਅਤੇ ਤਰਨ ਤਾਰਨ ਇਸ਼ਨਾਨ ਕਰਨ ਜਾਂਦਾ।

ਕਸੂਰ ਦੇ ਪਠਾਣਾਂ ਅਤੇ ਕਾਂਗੜਾ ਦੇ ਰਾਜਪੂਤਾਂ ਵਿਰੁੱਧ ਲੜਾਈ

ਸਭ ਤੋਂ ਪਹਿਲਾਂ ਤਾਂ ਉਨ੍ਹਾਂ ਦੋਵਾਂ ਨਾਲ ਨਜਿੱਠਿਆ ਗਿਆ ਜਿਹੜੇ ਅਫ਼ਗਾਨਾਂ ਦੇ ਹਿਮਾਇਤੀ ਸਨ। ਨਿਜ਼ਾਮ-ਉਦ-ਦੀਨ ਖ਼ਾਨ ਅਤੇ ਸੰਸਾਰ ਚੰਦ। ਫਤਹਿ ਸਿੰਘ ਕਲਿਆਣਵਾਲਾ ਨੇ ਕਸੂਰ ਵਿਖੇ ਪਠਾਣਾਂ ਵੱਲੋਂ ਵਿਛਾਈ ਰੋਕ ਨੂੰ ਤੋੜਿਆ। ਲਾਹੌਰ 'ਤੇ ਕਬਜ਼ਾ ਕਰਨ ਵੇਲੇ ਵੀ ਫਤਹਿ ਸਿੰਘ ਨੇ ਰਣਜੀਤ ਸਿੰਘ ਦਾ ਸਾਥ ਦਿੱਤਾ ਸੀ। ਉਸ ਨਿਜ਼ਾਮ-ਉਦ-ਦੀਨ ਖ਼ਾਨ ਨੂੰ ਮਜਬੂਰ ਕਰ ਦਿੱਤਾ ਕਿ ਉਹ ਭਾਰੀ ਹਰਜਾਨਾ ਭਰੇ ਅਤੇ ਰਣਜੀਤ ਸਿੰਘ ਦੀ ਸਰਦਾਰੀ ਨੂੰ ਕਬੂਲ ਕਰੇ।

ਸੰਸਾਰ ਚੰਦ ਨੇ ਵੀ ਸਦਾ ਕੌਰ ਦੀ ਜਗੀਰ ਦੇ ਕੁਝ ਪਿੰਡਾਂ 'ਤੇ ਕਬਜ਼ਾ ਕਰਕੇ ਝਗੜਾ ਖੜ੍ਹਾ ਕੀਤਾ। ਰਣਜੀਤ ਸਿੰਘ ਬਟਾਲੇ ਵੱਲ ਗਿਆ ਅਤੇ ਕਈ ਇਲਾਕੇ ਕਬਜ਼ੇ ਵਿਚ ਕਰ ਲਏ ਅਤੇ ਨਾਲ ਹੀ ਕਾਂਗੜੇ ਦਾ ਇਲਾਕਾ ਵੀ ਥੋੜ੍ਹਾ ਜਿਹਾ ਆਪਣੇ ਨਾਲ ਮਿਲਾ ਲਿਆ ਜਿਸ ਵਿਚ ਨੂਰਪੁਰ ਅਤੇ ਨੌਸ਼ਹਿਰਾ ਸ਼ਾਮਲ ਸਨ। ਲਾਹੌਰ ਨੂੰ ਪਰਤਦਿਆਂ ਰਣਜੀਤ ਸਿੰਘ ਤਰਨ ਤਾਰਨ ਵਿਖੇ ਠਹਿਰਿਆ। ਉਥੇ ਫਤਹਿ ਸਿੰਘ ਆਹਲੂਵਾਲੀਆ ਨਾਲ ਪੱਗਾਂ ਵਟਾ ਕੇ ਉਹ ਦੋਵੇਂ ਭਰਾ-ਭਰਾ ਬਣ ਗਏ। ਧਰਮ ਦੇ ਭਾਈ। ਉਥੇ ਹੀ ਉਨ੍ਹਾਂ ਇਕ ਸਮਝੌਤੇ ਉੱਤੇ ਦਸਤਖ਼ਤ ਕੀਤੇ ਕਿ ਉਨ੍ਹਾਂ ਦੇ ਦੋਸਤ ਅਤੇ ਦੁਸ਼ਮਣ ਇਕ ਹੋਣਗੇ। ਨਾਲ ਹੀ ਇਹ ਵੀ ਪਰਵਾਨ ਕੀਤਾ ਕੀਤਾ ਗਿਆ ਕਿ ਜਿਹੜਾ ਇਲਾਕਾ ਸਾਂਝੇ ਉੱਦਮ ਨਾਲ ਜਿੱਤਿਆ ਜਾਵੇਗਾ ਉਸ ਵਿਚ ਘੱਟੋ-ਘੱਟ ਇਕ ਜ਼ਿਲ੍ਹੇ ਉਪਰ ਪ੍ਰਸ਼ਾਸਨ

ਚਲਾਉਣ ਲਈ ਰਣਜੀਤ ਸਿੰਘ ਫਤਹਿ ਸਿੰਘ ਨੂੰ ਦੇਵੇਗਾ। ਇਨ੍ਹਾਂ ਦੀ ਸਾਂਝ ਨਾਲ ਪੰਜਾਬ ਹੋਰ ਸ਼ਕਤੀਸ਼ਾਲੀ ਹੋ ਗਿਆ।

ਜਿਨ੍ਹਾਂ ਸਰਦਾਰਾਂ ਪਾਸੋਂ ਇਲਾਕੇ ਜਿੱਤੇ ਗਏ ਸਨ ਉਨ੍ਹਾਂ ਨਾਲ ਵੀ ਇਨਸਾਨਾਂ ਵਾਲਾ ਵਤੀਰਾ ਰਖਿਆ ਗਿਆ। ਭਾਵੇਂ ਉਨ੍ਹਾਂ ਦੇ ਕਿਲ੍ਹਿਆਂ ਅਤੇ ਤੋਪਾਂ ਤੇ ਕਬਜ਼ਾ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਦੇ ਸਿਪਾਹੀਆਂ ਨੂੰ ਰਾਜ ਦੀ ਫ਼ੌਜ ਵਿਚ ਮਿਲਾ ਲਿਆ ਗਿਆ ਸੀ। ਉਨ੍ਹਾਂ ਦੇ ਪਰਿਵਾਰਾਂ ਦੇ ਨਿਰਬਾਹ ਲਈ ਜਗੀਰਾਂ ਲਾਈਆਂ ਗਈਆਂ ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਫ਼ੌਜ ਵਿਚ ਨੌਕਰੀਆਂ ਦਿੱਤੀਆਂ ਗਈਆਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਦਿਲੀ ਭਾਵਨਾ ਪੰਜਾਬ ਦੀ ਏਕਤਾ ਦੀ ਸੀ ਨਾ ਕਿ ਨਿੱਜੀ ਸੁਆਰਥ ਦੀ। ਕਿਉਂ ਜੋ ਕਬਜ਼ੇ ਵਿਚ ਆਏ ਇਲਾਕੇ ਕਿਸੇ ਵਫ਼ਾਦਾਰ ਨਾਗਰਿਕ ਨੂੰ ਸੌਂਪ ਦਿੱਤੇ ਜਾਂਦੇ ਸਨ ਅਤੇ ਉਸ ਲਈ ਰਾਜ ਸਰਕਾਰ ਲਈ ਫ਼ੌਜੀ ਭੇਜਣੇ ਜ਼ਰੂਰੀ ਹੁੰਦੇ ਸਨ। ਫ਼ੌਜ ਦੀ ਸਾਂਭ-ਸੰਭਾਲ ਕਰਨ ਲਈ ਹੁੰਦੇ ਖ਼ਰਚੇ ਕਾਰਨ ਜਗੀਰਾਂ ਤੋਂ ਕੋਈ ਖ਼ਾਸ ਲਾਭ ਨਹੀਂ ਹੁੰਦਾ ਸੀ।

ਰਣਜੀਤ ਸਿੰਘ ਅਤੇ ਫਤਹਿ ਸਿੰਘ ਆਹਲੂਵਾਲੀਆ ਉੱਤਰ-ਪੱਛਮ ਵੱਲ ਵਧੇ ਅਤੇ ਉਨ੍ਹਾਂ ਪਿੰਡੀ ਭੱਟੀਆਂ, ਪੋਠੋਹਾਰ ਅਤੇ ਮੁਸਲਮਾਨ ਮੁਖੀਆਂ ਪਾਸੋਂ ਚਿਨਿਓਟ ਲੈ ਲਿਆ। ਲਾਹੌਰ ਤੋਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਦਾ ਲਾਭ ਉਠਾ ਕੇ ਕਸੂਰ ਦੇ ਨਿਜ਼ਾਮ-ਉਦ-ਦੀਨ ਨੇ ਰਾਜਧਾਨੀ ਦੇ ਨੇੜੇ ਦੇ ਕੁਝ ਇਲਾਕੇ 'ਤੇ ਕਬਜ਼ਾ ਕਰ ਲਿਆ। ਮਹਾਰਾਜਾ ਸਾਹਿਬ ਜਲਦੀ ਨਾਲ ਦੱਖਣ ਵੱਲ ਵਧਿਆ ਅਤੇ ਲਾਹੌਰ ਆ ਕੇ ਸਾਹ ਲੈਣ ਦੀ ਥਾਂ ਕਸੂਰ ਆ ਪੁੱਜਾ। ਕਸੂਰ ਦੇ ਕਿਲ੍ਹੇ ਉਤੇ ਤੋਪਾਂ ਦੀ ਭਾਰੀ ਗੋਲਾਬਾਰੀ ਕੀਤੀ ਗਈ। ਅੰਤ ਨਿਜ਼ਾਮ-ਉਦ-ਦੀਨ ਨੇ ਹਾਰ ਮੰਨ ਲਈ। ਪਰ ਰਣਜੀਤ ਸਿੰਘ ਨੇ ਉਸ ਨੂੰ ਮੁਆਫ਼ ਕਰ ਦਿੱਤਾ ਅਤੇ ਉਸ ਨੂੰ ਆਪਣੀ ਜਗੀਰ ਦੀ ਸੰਭਾਲ ਕਰਨ ਦੀ ਖੁੱਲ੍ਹ ਦੇ ਦਿੱਤੀ।

ਮੁਸਲਮਾਨ ਸਰਦਾਰਾਂ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਵਤੀਰਾ ਹਿੰਦੂਆਂ ਤੇ ਸਿੱਖਾਂ ਦੇ ਮੁਕਾਬਲੇ ਥੋੜ੍ਹਾ ਨਰਮ ਸੀ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਭਾਵੇਂ ਨਿਜ਼ਾਮ-ਉਦ-ਦੀਨ ਨੂੰ ਇਕ ਤੋਂ ਵੱਧ ਵਾਰ ਹਰਾਇਆ ਪਰ ਉਸ ਨਾਲ ਵਤੀਰਾ ਨਰਮ ਹੀ ਰਿਹਾ। ਦੂਸਰੀ ਮਿਸਾਲ ਮੁਲਤਾਨ ਦੇ ਨਵਾਬ ਪਰਿਵਾਰ ਨਾਲ ਦਰਸਾਏ ਵਤੀਰੇ ਦੀ ਹੈ।

ਜਦੋਂ ਤਾਈਂ ਅਬਦਾਲੀ ਨੇ ਕਬਜ਼ਾ ਨਹੀਂ ਕੀਤਾ ਸੀ, ਮੁਲਤਾਨ ਦਾ ਜ਼ਿਲ੍ਹਾ ਪੰਜਾਬ ਨਾਲ ਸੀ। ਇਸ 'ਤੇ ਮੁੜ ਕਬਜ਼ਾ ਭੰਗੀਆਂ ਨੇ ਕੀਤਾ ਸੀ ਪਰ ਇਥੋਂ ਦੇ ਲੋਕਾਂ ਦੇ ਕਲਿਆਣ ਪ੍ਰਤੀ ਉਲਟੇ ਵਤੀਰੇ ਨੇ ਸਿੱਖਾਂ ਵਿਰੁੱਧ ਨਫ਼ਰਤ ਦਾ ਜਜ਼ਬਾ ਪੈਦਾ ਕੀਤਾ ਤੇ ਉਹ ਪੰਜਾਬ ਰਾਜ ਤੋਂ ਦੂਰ ਹੀ ਰਹਿਣਾ ਚਾਹੁੰਦੇ ਸਨ ਜਿਹੜਾ ਸਿੱਖਾਂ ਦੀ ਅਗਵਾਈ ਵਿਚ ਕਾਇਮ ਹੋ ਰਿਹਾ ਸੀ। ਮੁਜ਼ੱਫ਼ਰ ਖ਼ਾਨ ਦੇ ਪਰਿਵਾਰ ਨੇ ਭੰਗੀਆਂ ਨੂੰ ਬਾਹਰ ਕੱਢ ਦਿੱਤਾ। ਮੁਲਤਾਨੀਆਂ ਦੇ ਵਿਰੋਧ ਅਤੇ ਆਪਣੇ ਪਾਸ ਪੂਰੀ ਫ਼ੌਜ ਨਾ ਹੁੰਦੇ ਹੋਏ ਵੀ, ਜਿਸ ਨਾਲ ਸ਼ਕਤੀਸ਼ਾਲੀ ਕਿਲ੍ਹੇ ਨੂੰ ਤੋੜਿਆ ਜਾ ਸਕੇ ਜਾਂ ਮੁਸਲਮਾਨਾਂ ਦੀ ਇਕੱਠੀ ਤਾਕਤ ਦਾ ਸਾਹਮਣਾ ਕੀਤਾ ਜਾਵੇ, ਰਣਜੀਤ ਸਿੰਘ ਨੇ ਇਹ ਧਾਰਨਾ ਪ੍ਰਗਟਾਈ ਕਿ ਉਹ ਮੁਲਤਾਨ ਨੂੰ ਮੁੜ ਪੰਜਾਬ ਵਿਚ ਰਲਾਉਣਾ ਚਾਹੁੰਦਾ ਹੈ। ਨਵਾਬ ਮੁਜ਼ੱਫ਼ਰ ਖ਼ਾਨ ਦੇ ਭਰਤੀ ਕੀਤੇ ਕਿਸਾਨਾਂ ਨੂੰ ਰਣਜੀਤ ਸਿੰਘ ਨੇ ਖਦੇੜ ਦਿੱਤਾ ਅਤੇ ਸ਼ਹਿਰ ਉਤੇ ਕਬਜ਼ਾ ਕਰ ਲਿਆ। ਭਾਵੇਂ ਭਾਰੀ ਕਿਲ੍ਹਾ ਕੇਂਦਰ ਵਿਚ ਉਸੇ ਤਰ੍ਹਾਂ ਸੁਰੱਖਿਅਤ ਸੀ ਅਤੇ ਉਸ ਉਤੇ ਕਬਜ਼ਾ ਨਹੀਂ ਸੀ ਹੋ ਸਕਿਆ। ਪਰ ਮੁਜ਼ੱਫ਼ਰ ਖ਼ਾਨ ਨੇ ਈਨ ਮੰਨ ਲਈ ਅਤੇ ਕਾਫ਼ੀ ਹਰਜਾਨਾ ਵੀ ਭਰਿਆ। ਉਸ ਇਹ ਵੀ ਸਵੀਕਾਰ ਕਰ ਲਿਆ ਕਿ ਆਪਣੇ ਮਾਲੀਏ ਦਾ ਹਿੱਸਾ ਉਹ ਕਾਬੁਲ ਭੇਜਣ ਦੀ ਥਾਂ ਲਾਹੌਰ ਨੂੰ ਦੇਵੇਗਾ।

ਅੰਮ੍ਰਿਤਸਰ 'ਤੇ ਕਬਜ਼ਾ

ਮੁਲਤਾਨ ਉਪਰੰਤ ਅੰਮ੍ਰਿਤਸਰ ਦੀ ਵਾਰੀ ਆਈ। ਅੰਮ੍ਰਿਤਸਰ ਦਾ ਸ਼ਹਿਰ ਕੋਈ ਵੱਡਾ ਨਹੀਂ ਸੀ ਪਰ ਵਪਾਰਕ ਤੌਰ ਤੇ ਇਸ ਦੀ ਮਹੱਤਤਾ ਬਹੁਤ ਸੀ। ਇਹ ਉੱਤਰੀ ਭਾਰਤ ਦੀ ਵੱਡੀ ਮੰਡੀ ਸੀ, ਜਿਥੇ ਕੇਂਦਰੀ ਏਸ਼ੀਆ ਤੋਂ ਵਸਤਾਂ ਨਾਲ ਲੱਦੇ ਹੋਏ ਕਾਫਲੇ ਆਉਂਦੇ ਅਤੇ ਭਾਰਤੀ ਵਸਤਾਂ ਨਾਲ ਵਟਾਂਦਰਾ ਕਰਦੇ। ਇਸ ਦੇ ਤੰਗ ਬਾਜ਼ਾਰਾ ਦੀਆ ਦੁਕਾਨਾਂ ਤੋਂ ਹਰ ਇਕ ਵਸਤੂ ਮਿਲ ਜਾਂਦੀ ਸੀ। ਮਲਮਲ, ਰੇਸ਼ਮ, ਅਚਾਰ, ਮਸਾਲੇ, ਚਾਹ, ਕਾਫ਼ੀ, ਚਮੜੇ ਦੀਆਂ ਖੱਲਾਂ; ਮਸ਼ਾਲਾ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਹਥਿਆਰ। ਵਪਾਰੀ ਲੋਕ ਬਹੁਤ ਅਮੀਰ ਸਨ। ਇਸ ਲਈ ਸੁਨਿਆਰਾਂ ਤੇ ਜੌਹਰੀਆਂ ਦੀਆਂ ਦੁਕਾਨਾਂ ਵੀ ਕਾਫ਼ੀ ਹੋ ਗਈਆਂ ਤੇ ਸੋਨੇ-ਚਾਂਦੀ ਦੇ ਗਹਿਣੇ ਘੜੇ ਜਾਣ ਲੱਗੇ। ਅਮੀਰੀ ਤੋਂ ਇਲਾਵਾ ਅੰਮ੍ਰਿਤਸਰ ਪ੍ਰਤੀ ਸਿੱਖਾਂ ਦੀ ਭਾਵਨਾ ਬਹੁਤ ਸੀ। ਜਿਹੜਾ ਵੀ ਖਾਲਸੇ ਦਾ ਆਗੂ ਬਣਨਾ ਚਾਹੁੰਦਾ ਅਤੇ ਪੰਜਾਬ ਦਾ ਮਹਾਰਾਜਾ ਬਣਨਾ ਚਾਹੁੰਦਾ ਉਸ ਲਈ ਅੰਮ੍ਰਿਤਸਰ 'ਤੇ ਕਬਜ਼ਾ ਕਰਨਾ ਜ਼ਰੂਰੀ ਹੁੰਦਾ।

ਅੰਮ੍ਰਿਤਸਰ ਲਗਭਗ ਬਾਰਾਂ ਪਰਿਵਾਰਾਂ ਵਿਚ ਵੰਡਿਆ ਹੋਇਆ ਸੀ ਅਤੇ ਸ਼ਹਿਰ ਦੇ ਵੱਖ-ਵੱਖ ਹਿੱਸੇ ਉਨ੍ਹਾਂ ਦੇ ਕਬਜ਼ੇ ਵਿਚ ਸਨ। ਇਨ੍ਹਾਂ ਪਰਿਵਾਰਾਂ ਨੇ ਆਪਣੇ-ਆਪਣੇ ਇਲਾਕੇ ਵਿਚ ਗੜ੍ਹੀਆਂ ਉਸਾਰੀਆਂ ਹੋਈਆਂ ਸਨ ਅਤੇ ਇਨ੍ਹਾਂ ਨੇ ਮਾਮਲਾ ਉਗਰਾਹੁਣ ਲਈ ਹਥਿਆਰਬੰਦ ਅਮਲਾ ਰਖਿਆ ਹੋਇਆ ਸੀ। ਸ਼ਹਿਰ ਦੇ ਪਤਵੰਤੇ ਰਣਜੀਤ ਸਿੰਘ ਪਾਸ ਅਰਜ਼ ਗੁਜ਼ਾਰਨ ਗਏ ਕਿ ਉਹ ਸ਼ਹਿਰ ਨੂੰ ਆਪਣੇ ਅਧੀਨ ਕਰ ਲਵੇ। ਰਣਜੀਤ ਸਿੰਘ ਨੂੰ ਥੋੜ੍ਹੀ ਹੀ ਪ੍ਰੇਰਨਾ ਦੀ ਲੋੜ ਸੀ। ਉਸ ਨੂੰ ਇਕੋ ਹੀ ਪਰਿਵਾਰ ਪਾਸੋਂ ਰੋਕ ਦੀ ਆਸ ਸੀ। ਉਹ ਸੀ ਭੰਗੀ ਸਰਦਾਰ ਦੀ ਵਿਧਵਾ। ਆਪ ਸਰਦਾਰ ਤਿੰਨ ਸਾਲ ਪਹਿਲਾਂ ਭਸੀਨ ਵਿਖੇ ਸ਼ਰਾਬ ਪੀ ਕੇ ਮਰ ਗਿਆ ਸੀ। ਇਸ ਵਿਧਵਾ ਨੂੰ ਰਾਮਗੜ੍ਹੀਆਂ ਦੀ ਹਮਾਇਤ ਸੀ। ਅਤੇ ਉਸ ਗੋਬਿੰਦਗੜ੍ਹ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ।

ਰਣਜੀਤ ਸਿੰਘ ਨੇ ਥੋੜ੍ਹਾ-ਥੋੜ੍ਹਾ ਕਰਕੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਉਸ ਇਕ ਤੋਂ ਬਾਅਦ ਇਕ ਸਰਦਾਰ ਨੂੰ ਆਪਣੇ ਤਾਬੇ ਕਰ ਲਿਆ। ਭੰਗੀ ਵਿਧਵਾ ਦੀ ਹਮਾਇਤ ਲਈ ਰਾਮਗੜ੍ਹੀਏ ਨਾ ਆਏ। ਉਸ ਵਿਧਵਾ ਨੇ ਆਪ ਅਤੇ ਆਪਣੇ ਪੁੱਤਰ ਲਈ ਪੈਨਸ਼ਨ ਲੈਣ ਦੇ ਬਦਲੇ ਕਿਲ੍ਹੇ ਦਾ ਕਬਜ਼ਾ ਛੱਡ ਦਿੱਤਾ।

ਗੋਬਿੰਦਗੜ੍ਹ ਦਾ ਕਬਜ਼ਾ ਬਹੁਤ ਅਮੁੱਲਾ ਸੀ। ਇਸ ਨਾਲ ਰਣਜੀਤ ਸਿੰਘ ਦੇ ਕਬਜ਼ੇ ਵਿਚ ਪੰਜ ਵੱਡੀਆਂ ਤੋਪਾਂ ਵੀ ਆ ਗਈਆਂ। ਜਿਸ ਵਿਚ ਜ਼ਮਜ਼ਮ ਦੀ ਭਾਰੀ ਤੋਪ ਵੀ ਸ਼ਾਮਲ ਸੀ। ਇਹ ਤੋਪ ਤਾਂਬੇ ਅਤੇ ਪਿੱਤਲ ਤੋਂ ਅਹਿਮਦਸ਼ਾਹ ਦੇ ਆਦੇਸ਼ 'ਤੇ ਢਾਲੀ ਗਈ ਸੀ। ਇਥੇ ਉਸ ਦੀ ਫ਼ੌਜ ਦਾ ਨਾਮੀ ਸਿਪਾਹੀ ਅਕਾਲੀ ਫੂਲਾ ਸਿੰਘ ਵੀ ਆ ਗਿਆ, ਜਿਸ ਦਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕਾਫ਼ੀ ਚਰਚਾ ਰਿਹਾ ਤੇ ਉਹ ਮਾਰਚ 1823 ਵਿਚ ਨੌਸ਼ਹਿਰੇ ਦੀ ਲੜਾਈ ਵਿਚ ਮਾਰਿਆ ਗਿਆ ਸੀ। ਫੂਲਾ ਸਿੰਘ ਉਸ ਸਮੇਂ ਅੰਮ੍ਰਿਤਸਰ ਸ਼ਹਿਰ ਵਿਚ ਹੀ ਸੀ ਅਤੇ ਉਸ ਨੇ ਸ਼ਹਿਰ 'ਤੇ ਕਬਜ਼ਾ ਕਰਨ ਵਿਚ ਕਾਫ਼ੀ ਸਹਾਇਤਾ ਕੀਤੀ ਸੀ।

ਅੰਮ੍ਰਿਤਸਰ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਸ਼ਾਨਦਾਰ ਸੁਆਗਤ ਹੋਇਆ। ਉਹ ਹਾਥੀ 'ਤੇ ਸਵਾਰ ਹੋ ਕੇ ਗਲੀਆਂ-ਬਜ਼ਾਰਾਂ ਵਿਚੋਂ ਨਿਕਲਿਆ ਤਾਂ ਇਕੱਠੀ ਹੋਈ ਭੀੜ ਵੱਲ ਪੈਸਿਆਂ ਦੀ ਵਰਖਾ ਕਰਦਾ ਗਿਆ। ਉਸ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਮੰਦਰ ਦੀ ਉਸਾਰੀ ਲਈ ਉਸ ਕਾਫ਼ੀ ਮਾਇਆ ਦਿੱਤੀ

ਤਾਂ ਜੋ ਇਹ ਸੰਗਮਰਮਰ ਨਾਲ ਉਸਾਰਿਆ ਜਾਵੇ ਅਤੇ ਇਸ ਦੇ ਗੁੰਬਦ ਅਤੇ ਦੀਵਾਰਾਂ ਦੇ ਹਿੱਸੇ 'ਤੇ ਸੋਨੇ ਦਾ ਪੱਤਰਾ ਚੜ੍ਹਾਇਆ ਜਾਵੇ।

ਫ਼ੌਜ ਦਾ ਆਧੁਨਿਕੀਕਰਣ

ਅੰਮ੍ਰਿਤਸਰ 'ਤੇ ਕਬਜ਼ਾ ਹੋ ਜਾਣ ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਹੋਰ ਚਮਕ ਗਿਆ। ਭਾਰਤ ਦੇ ਕੋਨੇ-ਕੋਨੇ ਤੋਂ ਲੋਕ ਉਸ ਦੇ ਝੰਡੇ ਹੇਠ ਆਉਣ ਲੱਗੇ। ਇਨ੍ਹਾਂ ਵਿਚ ਈਸਟ ਇੰਡੀਆ ਕੰਪਨੀ ਛੱਡ ਕੇ ਆਉਣ ਵਾਲੇ ਸਿਪਾਹੀ ਵੀ ਸਨ। ਉਨ੍ਹਾ ਦੀ ਪਰੇਡ ਮਹਾਰਾਜਾ ਸਾਹਿਬ ਦੇ ਅੱਗੇ ਹੋਈ। ਪਹਿਲੀ ਵਾਰ ਮਹਾਰਾਜਾ ਸਾਹਿਬ ਨੇ ਦੇਖਿਆ ਕਿ ਕਿਵੇਂ ਸਿਪਾਹੀ ਕਦਮ ਮਿਲਾ ਕੇ ਚਲਦੇ ਹਨ ਅਤੇ ਆਦੇਸ਼ ਦੀ ਸਾਧਾਰਨ ਪਾਲਨਾ ਕਰਦੇ ਹੋਏ ਜੰਗੀ ਦਲਬੰਦੀ ਕਰਦੇ ਹਨ। ਉਸ ਇਹ ਵੀ ਪਛਾਣ ਕਰ ਲਈ ਕਿ ਵੱਡੀਆਂ ਅਤੇ ਪੂਰੀ ਤਰ੍ਹਾਂ ਲੈਸ ਹੋਈਆਂ ਫ਼ੌਜਾਂ ਦਾ ਮੁਕਾਬਲਾ ਕਰ ਸਕਣ ਵਿਚ ਅੰਗਰੇਜ਼ਾਂ ਦਾ ਇਕ ਹੀ ਭੇਦ ਹੈ ਕਿ ਉਨ੍ਹਾਂ ਅੰਦਰ ਜ਼ਾਬਤਾ ਜਾਂ ਬੰਧੇਜ ਹੈ। ਕੰਪਨੀ ਦੇ ਭਗੌੜਿਆਂ ਨੂੰ ਡਰਿੱਲ ਕਰਵਾਉਣ ਲਈ ਫ਼ੌਜ ਵਿਚ ਰਖਿਆ। ਕੁਝ ਪੰਜਾਬੀ ਜਵਾਨਾਂ ਨੂੰ ਸਰਹੱਦ ਤੋਂ ਪਾਰ ਕੰਪਨੀ ਦੀ ਫ਼ੌਜ ਵਿਚ ਭਰਤੀ ਹੋਣ ਲਈ ਭੇਜਿਆ ਤਾਂ ਜੋ ਉਹ ਅੰਗਰੇਜ਼ਾਂ ਪਾਸੋਂ ਉਹ ਕੁਝ ਸਿੱਖ ਸਕਣ ਜੋ ਕੁਝ ਉਹ ਸਿਖਾਉਂਦੇ ਹਨ। ਹੁਣ ਤਕ ਸਿੱਖ ਫ਼ੌਜ ਵਿਚ ਪ੍ਰਮੁੱਖਤਾ ਘੋੜਸਵਾਰਾਂ ਦੀ ਸੀ, ਜਿਨ੍ਹਾਂ ਪਾਸ ਭਾਲੇ, ਨੇਜੇ ਅਤੇ ਤਲਵਾਰਾਂ ਸਨ। ਸਿੱਖਾਂ ਨੂੰ ਪੈਦਲ ਸਿਪਾਹੀਆਂ ਨਾਲ ਨਫ਼ਰਤ ਸੀ ਅਤੇ ਉਹ ਡਰਿੱਲ ਦੇ ਵੀ ਹੱਕ ਵਿਚ ਨਹੀਂ ਸਨ। ਕਦਮ-ਬ-ਕਦਮ ਚਾਲ ਨੂੰ ਉਹ ਲੱਲੂਆਂ ਦਾ ਨਾਚ ਕਹਿੰਦੇ ਸਨ। ਪਰ ਰਣਜੀਤ ਸਿੰਘ ਨੇ ਅਜਿਹੀਆਂ ਟਿੱਪਣੀਆਂ ਦੀ ਪਰਵਾਹ ਨਾ ਕੀਤੀ ਅਤੇ ਪੰਜਾਬੀ ਮੁਸਲਮਾਨਾਂ, ਹਿੰਦੁਸਤਾਨੀ ਭਗੌੜਿਆਂ ਅਤੇ ਗੋਰਖਿਆਂ ਸਿਪਾਹੀਆਂ ਦੀ ਇਨਫੈਂਟਰੀ ਬਟਾਲੀਅਨ ਖੜ੍ਹੀ ਕੀਤੀ। ਇਨ੍ਹਾਂ ਸਿਪਾਹੀਆਂ ਨੂੰ ਦੇਖ ਕੇ ਸਿੱਖਾਂ ਦੇ ਦਿਲਾਂ ਵਿਚ ਵੀ ਇਨਫੈਂਟਰੀ ਲਈ ਉਤਸਾਹ ਜਾਗ ਪਿਆ।

ਆਧੁਨਿਕ ਜੰਗ ਵਿਚ ਮਹਾਰਾਜਾ ਸਾਹਿਬ ਨੇ ਤੋਪਖ਼ਾਨੇ ਦੀ ਮਹੱਤਤਾ ਵੀ ਸਮਝੀ। ਉਸ ਦੇ ਤੋਪਚੀ ਮੁਸਲਮਾਨ ਸਨ। ਇਨ੍ਹਾਂ ਵਿਚੋਂ ਗੌਸ ਮੁਹੰਮਦ ਖ਼ਾਨ (ਮੀਆਂ ਗੌਸ) ਅਤੇ ਉਪਰੰਤ ਸ਼ੇਖ਼ ਇਲਾਹੀ ਬਖ਼ਸ਼ ਉੱਚੇ ਪਦਾਂ 'ਤੇ ਪਹੁੰਚੇ। ਸਿੱਖਾਂ ਨੂੰ ਵੀ ਤੋਪਖ਼ਾਨੇ ਦੀ ਸੇਵਾ ਵਿਚ ਆਉਣ ਦਾ ਚਾਅ ਸੀ। ਤੋਪ ਅਤੇ ਤੋਪ ਦੇ ਗੋਲੇ ਦੇ ਖੋਲ ਢਾਲਣੇ, ਬਾਰੂਦ ਨੂੰ ਮਿਲਾਉਣਾ। ਇਸ ਤਰ੍ਹਾਂ ਉਹ ਵੀ ਭਾਰਤ ਦੇ ਮਾਹਿਰ ਤੋਪਚੀ ਬਣ ਗਏ।

ਮਹਾਰਾਜਾ ਸਾਹਿਬ ਆਪਣੇ ਨਵੇਂ ਰੰਗਰੂਟਾਂ ਵਿਚ ਨਿੱਜੀ ਦਿਲਚਸਪੀ ਲੈਂਦੇ ਸਨ। ਦਿਨ ਦਾ ਬਹੁਤ ਸਾਰਾ ਹਿੱਸਾ ਉਨ੍ਹਾਂ ਦੀ ਡਰਿੱਲ ਅਤੇ ਤੋਪ ਦੇ ਨਿਸ਼ਾਨਿਆਂ ਨੂੰ ਵੇਖਣ ਵਿਚ ਬਿਤਾਉਂਦੇ ਸਨ। ਨੌਂ ਮਹੀਨੇ ਦੀ ਸਖ਼ਤ ਸਿਖਲਾਈ ਉਪਰੰਤ ਨਵੀਂ ਫ਼ੌਜ ਤਿਆਰ ਸੀ। ਇਸ ਟੁਕੜੀ ਨੇ ਦੁਸਹਿਰੇ ਦੇ ਉਤਸਵ ਵਿਚ ਭਾਗ ਲਿਆ।

ਦੁਸਹਿਰੇ ਉਪਰੰਤ ਮੋਰਚਿਆਂ ਦਾ ਮੌਸਮ ਆਰੰਭ ਹੋ ਗਿਆ। ਸੂਬੇ ਅੰਦਰ ਆਜ਼ਾਦ ਰਿਆਸਤਾਂ ਵੱਲ ਏਲਚੀ ਭੇਜੇ ਗਏ ਤਾਂ ਜੋ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਉਹ ਦਰਬਾਰ ਦੀ ਵਫ਼ਾਦਾਰੀ ਦਾ ਐਲਾਨ ਕਰਦੇ ਹਨ। ਇਸ ਸੱਦੇ ਨੂੰ ਨਫ਼ਰਤ ਨਾਲ ਵੇਖਣ ਵਾਲਾ ਝੰਗ ਦਾ ਅਹਿਮਦ ਖ਼ਾਨ ਸਿਆਲ ਸੀ, ਜਿਹੜਾ ਬਹੁਤ ਅੱਛੇ ਘੋੜੇ ਪਾਲਦਾ ਸੀ। ਨਵੇਂ ਸਿੱਖੇ ਹੋਏ ਸਿਪਾਹੀਆਂ ਲਈ ਝੰਗ 'ਤੇ ਕਬਜ਼ਾ ਕਰਨਾ ਕੋਈ ਔਖਾ ਨਹੀਂ ਸੀ। ਅਹਿਮਦ ਖ਼ਾਨ ਨੂੰ ਮੁੜ ਝੰਗ ਦੀ ਗੱਦੀ 'ਤੇ ਬਿਠਾ ਦਿੱਤਾ ਗਿਆ ਪਰ ਲਾਹੌਰ ਦੇ ਮਾਤਹਿਤ ਦੇ ਰੂਪ ਵਿਚ। ਝੰਗ ਦੇ ਨੇੜੇ ਉੱਚ ਦੇ ਜ਼ਿਮੀਂਦਾਰਾਂ ਵੀ ਸਿਆਲਾਂ ਵਾਂਗ ਲਾਹੌਰ ਦਰਬਾਰ ਦੀ ਮਾਤਹਿਤੀ ਕਬੂਲ

ਕਰ ਲਈ।

ਅੰਮ੍ਰਿਤਸਰ ਵਿਖੇ ਉੱਤਰ-ਪੱਛਮ ਦੇ ਮੋਰਚੇ ਦੇ ਤਜਰਬੇ ਦਾ ਸਰਵੇਖਣ ਕੀਤਾ ਗਿਆ। ਗੋਬਿੰਦਗੜ੍ਹ ਕਿਲ੍ਹੇ ਦੇ ਦਰਬਾਰ ਵਿਚ ਮਹਾਰਾਜਾ ਸਾਹਿਬ ਨੇ ਫ਼ੌਜ ਦੇ ਪੁਨਰਗਠਨ ਦੇ ਫ਼ੈਸਲੇ ਦਾ ਐਲਾਨ ਕੀਤਾ। ਫ਼ੌਜ ਨੂੰ ਤਿੰਨ ਭਾਗਾ ਵਿਚ ਵੰਡਿਆ ਗਿਆ। ਇਕ ਭਾਗ ਵਿਚ 13 ਹਜ਼ਾਰ ਜਵਾਨ ਸਨ। ਇਹ ਸਿੱਧੇ ਮਹਾਰਾਜਾ ਸਾਹਿਬ ਦੇ ਅਧੀਨ ਸਨ ਅਤੇ ਹਰ ਸਮੇਂ ਅਮਲ ਲਈ ਤਿਆਰ ਰਹਿੰਦੇ ਸਨ। ਇਸ ਵਿਚ ਘੋੜਸਵਾਰ, ਪੈਦਲ ਅਤੇ ਤੋਪਖਾਨਾ ਵੀ ਸ਼ਾਮਲ ਸੀ। ਘੋੜਸਵਾਰ ਸਾਰੇ ਸਿੱਖ ਸਨ ਅਤੇ ਇਨ੍ਹਾਂ ਦੇ ਜਰਨੈਲ ਵੀ ਚੋਣਵੇਂ ਸਨ। ਹਰੀ ਸਿੰਘ ਨਲਵਾ, ਹੁਕਮ ਸਿੰਘ ਚਿਮਨੀ ਅਤੇ ਦੇਸਾ ਸਿੰਘ ਮਜੀਠੀਆ। ਪੈਦਲ ਜਾਂ ਇਨਫ਼ੈਂਟਰੀ ਵਿਚ ਮੁਸਲਮਾਨ ਅਤੇ ਹਿੰਦੂ ਰਲਵੇਂ ਸਨ ਅਤੇ ਕੋਈ-ਕੋਈ ਸਿੱਖ ਵੀ ਸ਼ਾਮਲ ਸੀ। ਤੋਪਖ਼ਾਨੇ ਵਿਚ ਤਾਂ ਜ਼ਿਆਦਾ ਕਰਕੇ ਮੁਸਲਮਾਨ ਹੀ ਸਨ ਅਤੇ ਇਹ ਮੀਆਂ ਗੌਂਸ ਦੇ ਅਧੀਨ ਸਨ। ਦੂਜੇ ਭਾਗ ਵਿਚ ਦਸ ਹਜ਼ਾਰ ਜਵਾਨ ਸਨ। ਇਸ ਵਿਚ ਉਹੀ ਫ਼ੌਜੀ ਸਨ ਜਿਹੜੇ ਜਗੀਰਦਾਰਾ ਤੋਂ ਸੇਵਾ ਲਈ ਲਏ ਜਾਂਦੇ ਸਨ। ਥੋੜ੍ਹੇ ਸਮੇਂ ਦੇ ਨੋਟਿਸ ਤੇ ਹੀ ਇਹ ਫ਼ੌਜੀ ਪੂਰੀ ਤਰ੍ਹਾਂ ਲੈਸ ਹੋ ਕੇ ਭੇਜੇ ਜਾਂਦੇ ਸਨ। ਤੀਜੇ ਭਾਗ ਵਿਚ ਮਿਸਲਾਂ ਦੀ ਫ਼ੌਜ ਸ਼ਾਮਲ ਸੀ ਜਿਵੇਂ ਕਨ੍ਹੱਈਆ, ਨਕੱਈ ਅਤੇ ਕੁਝ ਹੋਰ ਜਿਹੜੇ ਦਰਬਾਰ ਦੇ ਸਾਥੀ ਸਨ। ਇਸ ਪ੍ਰਕਾਰ ਦਰਬਾਰ ਵਿਚ ਕੁਲ ਫ਼ੌਜ ਇਕੱਤੀ ਹਜ਼ਾਰ ਦੇ ਨੇੜੇ ਸੀ।

ਪੁਨਰਗਠਨ ਨਾਲ ਸਮੁੱਚੀ ਤਸਵੀਰ ਉੱਘੜ ਆਈ ਅਤੇ ਜੰਗ ਦੇ ਮੈਦਾਨ ਵਿਚ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਵੀ ਪਤਾ ਲੱਗ ਗਿਆ। ਇਸ ਤੋਂ ਉਪਰੰਤ ਰਣਜੀਤ ਸਿੰਘ ਨੇ ਮਾਰਚ ਦੀ ਮੁਹਾਰਤ, ਮੋੜ-ਘੋੜ, ਨਿਸ਼ਾਨੇਬਾਜ਼ੀ ਆਦਿ ਦੇ ਉਚੇ ਮਾਪ-ਦੰਡ ਨਿਸ਼ਚਿਤ ਕੀਤੇ। ਆਪਣੇ ਦਿਨ ਦੇ ਤਿੰਨ-ਚਾਰ ਘੰਟੇ ਉਹ ਫ਼ੌਜ ਵਿਚ ਬਿਤਾਉਂਦੇ ਅਤੇ ਕੋਈ ਦਿਨ ਖ਼ਾਲੀ ਨਹੀਂ ਸੀ ਜਾਂਦਾ ਜਦੋਂ ਉਸ ਕਿਸੇ ਘੋੜਸਵਾਰ ਜਾਂ ਤੋਪਚੀ ਨੂੰ ਇਨਾਮ ਨਾਲ ਨਾ ਨਿਵਾਜਿਆ ਹੋਵੇ। ਆਮ ਤੌਰ ਤੇ ਲੜਾਈ ਵੇਲੇ ਵੀ ਫ਼ੌਜ ਨਾਲ ਹੀ ਜਾਂਦੇ ਅਤੇ ਬਹਾਦਰੀ ਲਈ ਜਗੀਰਾਂ ਅਤੇ ਪੈਨਸ਼ਨਾਂ ਨਾਲ ਹੋਰ ਇਨਾਮ ਵੀ ਦਿੰਦੇ।

ਕਾਂਡ—12
ਮਾਲਵਾ ਦੇ ਰਾਜੇ

ਅੰਗਰੇਜ਼ਾਂ ਨਾਲ ਪਹਿਲੀ ਸੰਧੀ, ਜਨਵਰੀ, 1806

ਰਣਜੀਤ ਸਿੰਘ ਦੇ ਮਹਾਰਾਜਾ ਸਾਹਿਬ ਦਾ ਖ਼ਿਤਾਬ ਪਰਵਾਨ ਕਰਨ ਦੇ ਪੰਜ ਸਾਲਾਂ ਦਰਮਿਆਨ ਹੀ ਪੂਰਬੀ ਸੀਮਾ ਤੇ ਸਥਿਤੀ ਬਦਲ ਗਈ।

ਸੰਨ 1800 ਈਸਵੀ ਵਿਚ ਜਿਹੜੀਆਂ ਸ਼ਕਤੀਆਂ ਗਿਣਤੀ ਵਿਚ ਆਉਂਦੀਆ ਸਨ, ਉਹ ਸਨ ਕਠਪੁਤਲੀ ਮੁਗ਼ਲ ਬਾਦਸ਼ਾਹ ਅਤੇ ਦਿੱਲੀ ਤੋਂ ਬਾਹਰ ਅੰਗਰੇਜ਼। 1802 ਵਿਚ ਸਿੰਧੀਆਂ ਦੇ ਫ਼ਰਾਂਸੀਸੀ ਜਰਨੈਲ ਪੈਰਨ ਨੇ ਥਾਮਸ ਨੂੰ ਖ਼ਤਮ ਕਰ ਦਿੱਤਾ। ਪੂਰਬੀ ਪੰਜਾਬ ਵਿਚ ਪੈਰਨ ਇਕ ਸ਼ਕਤੀਸ਼ਾਲੀ ਸ਼ਖ਼ਸ ਬਣ ਗਿਆ। ਉਹ ਆਪਣੀ ਹਕੂਮਤ ਦੇ ਸੁਪਨੇ ਲੈਣ ਲੱਗਾ। ਉਸ ਮਾਲਵੇ ਦੇ ਦਰਿਆ ਦਿਲ ਜਗੀਰਦਾਰਾਂ ਦਾ ਲਾਭ ਉਠਾਇਆ ਜਿਨ੍ਹਾਂ ਥਾਮਸ ਤੋਂ ਪੱਲਾ ਛੁਡਾਉਣ ਵਿਚ ਸਹਾਇਤਾ ਕੀਤੀ ਅਤੇ ਕਈਆਂ ਨੇ ਪੱਗਾਂ ਵੀ ਵਟਾਈਆਂ। ਉਸ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰਨਾ ਦਿੱਤੀ ਕਿ ਉਹ ਅੰਗਰੇਜ਼ ਏਲਚੀ ਨਾਲ ਕੋਈ ਸਰੋਕਾਰ ਨਾ ਰੱਖੇ, ਜਿਹੜਾ ਉਸ ਸਮੇਂ ਪੰਜਾਬ ਵਿਚ ਹੀ ਸੀ।

ਫ਼ਰਾਂਸ ਦਾ ਇਹ ਆਦਮੀ ਪੰਜਾਬ ਵਿਚ ਪੈਰਨਸਤਾਨ ਕਾਇਮ ਕਰਨ ਦੇ ਸੁਪਨੇ ਲੈ ਰਿਹਾ ਸੀ। ਪਰ ਅੰਗਰੇਜ਼ਾਂ ਨੇ ਉਸ ਦੇ ਸਭ ਸੁਪਨੇ ਖੇਰੂੰ-ਖੇਰੂੰ ਕਰ ਦਿੱਤੇ। ਕਿਉਂ ਜੋ ਉਨ੍ਹਾਂ ਕਈ ਜੰਗਾਂ ਦੀਆਂ ਕਈ ਕੜੀਆਂ ਵਿਚ ਸਿੰਧੀਆਂ ਦੀ ਫ਼ੌਜ ਨੂੰ ਹਾਰ ਦਿੱਤੀ ਸੀ। ਇਸ ਤਰ੍ਹਾਂ ਉਹ ਦਿੱਲੀ, ਆਗਰਾ ਅਤੇ ਮੁਗ਼ਲ ਬਾਦਸ਼ਾਹ ਦੇ ਮਾਲਕ ਬਣ ਗਏ। ਜਦੋਂ ਸਿੰਧੀਆਂ ਦਾ ਸੂਰਜ ਅਸਤ ਹੋ ਗਿਆ ਤਾਂ ਭਾਰਤੀ ਦ੍ਰਿਸ਼ ਵਿਚੋਂ ਪੈਰਨ ਦਾ ਨਾਂ-ਨਿਸ਼ਾਨ ਮਿਟ ਗਿਆ। ਇਸ ਤਰ੍ਹਾਂ ਅੰਗਰੇਜ਼ ਪੰਜਾਬ ਦੇ ਇਕ ਕਦਮ ਹੋਰ ਨੇੜੇ ਹੋ ਗਏ। ਵਿਚਕਾਰ ਕੋਈ ਅੜਚਣ ਸੀ ਤਾਂ ਮਰਾਠਾ ਮੁਖੀ ਹੋਲਕਰ ਅਤੇ ਮਾਲਵੇ ਦੇ ਸਿੱਖ ਸਰਦਾਰ।

ਇਕ ਸਾਲ ਪਿੱਛੋਂ ਅੰਗਰੇਜ਼ਾਂ ਦੀ ਹੋਲਕਰ ਨਾਲ ਟੱਕਰ ਹੋ ਗਈ। ਭਾਵੇਂ ਪਹਿਲਾਂ ਥੋੜ੍ਹਾ ਪਿੱਛੇ ਹਟਣਾ ਪਿਆ। ਪਰ ਆਖ਼ਰ ਲਾਰਡ ਲੇਕ, ਹੋਲਕਰ ਅਤੇ ਉਸ ਦੇ ਰੋਹੇਲੇ ਸਾਥੀ ਅਮੀਰ ਖ਼ਾਨ 'ਤੇ ਭਾਰੂ ਹੋ ਗਏ। ਮਰਾਠੇ ਅਤੇ ਰੋਹੇਲੇ ਉਥੋਂ ਕਾਇਰਾਂ ਵਾਂਗ ਨੱਸਦੇ ਹੋਏ ਮਾਲਵਾ ਟੱਪ ਗਏ ਅਤੇ ਸਤਲੁਜ ਪਾਰ ਕਰ ਗਏ। ਉਨ੍ਹਾਂ ਨੇ ਅਫ਼ਗਾਨਾਂ ਨੂੰ ਪੱਤਰ ਭੇਜਿਆ ਕਿ ਭਾਰਤ ਉਤੇ ਮੁੜ ਹਮਲਾ ਕੀਤਾ ਜਾਵੇ। ਲੇਕ ਬਿਆਸ 'ਤੇ ਰੁਕਿਆ ਅਤੇ ਉਹਨੇ ਦਰਬਾਰ ਪਾਸ ਬੇਨਤੀ ਕੀਤੀ ਕਿ ਹੋਲਕਰ ਅਤੇ ਅਮੀਰ ਖ਼ਾਨ ਨੂੰ ਪੰਜਾਬ ਤੋਂ ਬਹਾਰ ਦੇਸ਼-ਨਿਕਾਲਾ ਦੇ ਦੇਵੇ।

ਮਹਾਰਾਜਾ ਰਣਜੀਤ ਸਿੰਘ ਉਸ ਸਮੇਂ ਮੁਲਤਾਨ ਦੇ ਗੁਆਂਢ ਸੀ ਜਦੋਂ ਉਸ ਨੂੰ ਪਤਾ ਲੱਗਿਆ ਕਿ ਮਰਾਠਾ ਅਤੇ ਰੋਹੇਲਾ ਫ਼ੌਜਾਂ ਪੰਜਾਬ ਅੰਦਰ ਦਾਖ਼ਲ ਹੋ ਗਈਆਂ ਹਨ। ਉਸ ਆਪਣੇ ਮੁਖੀ ਸਰਦਾਰਾਂ ਨੂੰ ਸੰਦੇਸ਼ ਭੇਜਿਆ ਅਤੇ ਅੱਗੋਂ ਮਿਲਣ ਲਈ ਅੰਮ੍ਰਿਤਸਰ ਪਹੁੰਚ ਗਿਆ। ਹੋਲਕਰ ਨੇ ਧਾਰਮਿਕ ਅਤੇ ਦੇਸ਼ਭਗਤੀ ਦੇ ਜਜ਼ਬਾਤ ਆਪਣੇ ਮੇਜ਼ਬਾਨ ਪ੍ਰਤੀ

ਪ੍ਰਗਟਾਏ। ਉਸ ਹਰਿਮੰਦਰ ਸਾਹਿਬ ਅੱਗੇ ਖੁੱਲ੍ਹੇ ਦਿਲ ਨਾਲ ਚੜ੍ਹਾਵਾ ਦਿੱਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਖੁਸ਼ਾਮਦ ਇਹ ਕਹਿ ਕੇ ਕੀਤੀ ਕਿ ਹੁਣ ਕੇਵਲ ਉਹੋ ਹੀ ਹਿੰਦੂਆਂ ਦਾ ਰਖਵਾਲਾ ਹੈ। ਚੰਗੀ ਕਿਸਮਤ ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਹੋਲਕਰ ਦੀ ਅਫ਼ਗ਼ਾਨਾਂ ਨਾਲ ਚਿੱਠੀ-ਪੱਤਰ ਦਾ ਪਤਾ ਸੀ। ਦੂਜੇ ਪਾਸੇ ਅੰਗਰੇਜ਼ ਸਨ ਜਿਨ੍ਹਾਂ ਨੇ ਹੋਲਕਰ ਦਾ ਪਿੱਛਾ ਕਰਨ ਦਾ ਡਰਾਵਾ ਦਿੱਤਾ ਜੇਕਰ ਉਹਨੂੰ ਪੰਜਾਬ ਵਿਚੋਂ ਬਾਹਰ ਨਾ ਕੱਢਿਆ ਗਿਆ। ਲਾਰਡ ਲੇਕ ਦੇ ਵਤੀਰੇ ਨੇ ਕਿਸੇ ਦੇ ਵੀ ਮਨ ਵਿਚ ਕੋਈ ਸ਼ੱਕ ਨਾ ਰਹਿਣ ਦਿੱਤਾ ਕਿ ਅੰਗਰੇਜ਼ ਦੀ ਮੰਗ ਮਹਿਜ਼ ਖ਼ਤਰਨਾਕ ਸੀ।

ਇਹ ਜਾਪਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਇਹ ਦ੍ਰਿੜ੍ਹ ਕੀਤਾ ਕਿ ਫ਼ੌਜੀ ਤੌਰ ਤੇ ਅੰਗਰੇਜ਼ ਸ਼ਕਤੀਸ਼ਾਲੀ ਹਨ। ਫੇਰ ਉਸ ਮਨ ਬਣਾਇਆ ਕਿ ਅੰਗਰੇਜ਼ਾਂ ਵਿਰੁੱਧ ਮਰਾਠਿਆਂ ਨਾਲ ਮਿਲ ਕੇ ਲੜਾਈ ਕਰਨੀ ਉਚਿਤ ਨਹੀਂ ਹੋਵੇਗੀ। ਉਸ ਇਹ ਫ਼ੈਸਲਾ ਕੀਤਾ ਕਿ ਅੰਗਰੇਜ਼ਾਂ ਨਾਲ ਸੰਧੀ ਕੀਤੀ ਜਾਵੇ। ਉਪਰੰਤ ਉਹ ਅੰਗਰੇਜ਼ਾਂ ਅਤੇ ਮਰਾਠਿਆਂ ਵਿਚਕਾਰ ਚੱਲ ਰਹੇ ਝਗੜੇ ਨੂੰ ਮਿਟਾਉਣ ਲਈ ਸਾਲਸੀ ਬਣ ਜਾਵੇ।

ਜਨਵਰੀ 1, 1806 ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਫਤਹਿ ਸਿੰਘ ਆਹਲੂਵਾਲੀਆ ਨੇ ਦੋਸਤੀ ਅਤੇ ਸਦਭਾਵਨਾ ਦੀ ਸੰਧੀ ਤੇ ਹਸਤਾਖਰ ਕੀਤੇ ਜਿਹੜੀ ਈਸਟ ਇੰਡੀਆ ਕੰਪਨੀ ਨਾਲ ਕੀਤੀ ਗਈ। ਇਸ ਵਿਚ ਸ਼ਰਤ ਸੀ ਕਿ "ਜਸਵੰਤ ਰਾਓ ਹੋਲਕਰ ਨੂੰ ਤੁਰੰਤ ਅੰਮ੍ਰਿਤਸਰ ਤੋਂ 30 ਕੋਹ ਦੇ ਫ਼ਾਸਲੇ 'ਤੇ ਲਿਜਾਇਆ ਜਾਵੇ।" ਇਸ ਦੇ ਮੋੜ ਵਿਚ ਕੰਪਨੀ ਨੇ ਬਿਆਸ ਤੋਂ ਡੇਰਾ ਚੁੱਕਣ ਦਾ ਵਚਨ ਦਿੱਤਾ। ਕੰਪਨੀ ਨੇ ਇਹ ਵੀ ਵਚਨ ਦਿੱਤਾ ਕਿ "ਜਦੋਂ ਤਕ ਇਹ (ਸਰਦਾਰ ਰਣਜੀਤ ਸਿੰਘ ਅਤੇ ਫਤਹਿ ਸਿੰਘ) ਉਨ੍ਹਾਂ (ਅੰਗਰੇਜ਼ਾਂ) ਦੇ ਦੁਸ਼ਮਣਾਂ ਨਾਲ ਕੋਈ ਦੋਸਤੀ ਜਾਂ ਸਰੋਕਾਰ ਨਹੀਂ ਰੱਖਣਗੇ ਜਾਂ ਆਪ ਸਰਕਾਰ ਦੇ ਵਿਰੁੱਧ ਕੋਈ ਹਮਲਾ ਨਹੀਂ ਕਰਨਗੇ, ਅੰਗਰੇਜ਼ ਫ਼ੌਜ ਇਨ੍ਹਾਂ ਸਰਦਾਰਾਂ ਦੇ ਇਲਾਕੇ ਵਿਚ ਦਾਖ਼ਲ ਨਹੀਂ ਹੋਵੇਗੀ ਅਤੇ ਨਾ ਹੀ ਅੰਗਰੇਜ਼ ਸਰਕਾਰ ਵੱਲੋਂ ਅਜਿਹਾ ਕੋਈ ਮਨਸੂਬਾ ਬਣਾਇਆ ਜਾਵੇਗਾ ਕਿ ਜਾਇਦਾਦ ਜਾਂ ਸੰਪਤੀ ਲਈ ਜਾਵੇਗੀ ਜਾਂ ਜ਼ਬਤ ਕੀਤੀ ਜਾਵੇਗੀ।"

ਇਸ ਦੌਰਾਨ ਲਾਰਡ ਵੈਲਜ਼ਲੀ ਜਿਹੜਾ ਮਰਹੱਟਿਆਂ ਵਿਰੁੱਧ ਲੜਾਈ ਦੀ ਨੀਤੀ ਅਪਣਾ ਰਿਹਾ ਸੀ, ਬਦਲੀ ਕਰ ਦਿੱਤਾ ਗਿਆ ਅਤੇ ਉਸ ਦੀ ਥਾਂ ਲਾਰਡ ਕਾਰਨਵਾਲਿਸ ਆ ਗਿਆ। ਲਾਰਡ ਕਾਰਨਵਾਲਿਸ ਨੂੰ ਇਹ ਆਦੇਸ਼ ਦਿੱਤੇ ਗਏ ਕਿ ਨਾ ਤਾਂ ਅੱਗੋਂ ਕੋਈ ਲੜਾਈ ਕੀਤੀ ਜਾਵੇਗੀ ਅਤੇ ਨਾ ਹੀ ਹੋਰ ਇਲਾਕੇ ਰਾਜ ਵਿਚ ਮਿਲਾਏ ਜਾਣਗੇ। ਸਿੱਟੇ ਦੇ ਤੌਰ ਤੇ ਹੋਲਕਰ ਨੂੰ ਸਤਲੁਜ ਪਾਰ ਕਰਨ ਦੀ ਖੁੱਲ੍ਹ ਦਿੱਤੀ ਗਈ ਅਤੇ ਉਸ ਆਪਣੀ ਸੰਪਤੀ ਸੰਭਾਲੀ। ਇਸ ਪ੍ਰਕਾਰ ਪੰਜਾਬ ਦੀ ਪੂਰਬੀ ਸੀਮਾ 'ਤੇ ਅੰਗਰੇਜ਼ ਅਸਲੀ ਸੱਤਾ ਬਣ ਗਏ ਅਤੇ ਉਨ੍ਹਾਂ ਵਿਚਕਾਰ ਲਾਹੌਰ ਦਰਬਾਰ ਤਕ ਕੇਵਲ ਮਾਲਵੇ ਦੇ ਸਰਦਾਰਾਂ ਦਾ ਗਠਜੋੜ ਸੀ।

ਮਾਲਵੇ ਵਿਚ ਸਾਲਸੀ

ਜਿਉਂ ਹੀ ਪੰਜਾਬ ਵਿਚ ਅੰਗਰੇਜ਼ਾਂ-ਮਰਹੱਟਿਆਂ ਦੀ ਟੱਕਰ ਖ਼ਤਮ ਹੋਈ, ਮਾਲਵੇ ਦੇ ਸਰਦਾਰ ਆਪੋ ਵਿਚ ਹੀ ਖਹਿ ਪਏ ਅਤੇ ਹੌਲੀ-ਹੌਲੀ ਛੋਟੇ-ਮੋਟੇ ਝਗੜੇ ਵੱਡੀ ਟੱਕਰ ਦਾ ਰੂਪ ਧਾਰਨ ਕਰ ਗਏ। ਝਗੜੇ ਦੀ ਜੜ੍ਹ ਸੀ ਨਾਭਾ-ਪਟਿਆਲਾ ਦੀ ਸੀਮਾ 'ਤੇ ਵੱਸਦੇ ਪਿੰਡ ਦਾਲਾਦੀ ਦੀ ਮਲਕੀਅਤ ਬਾਰੇ। ਇਸ ਝਗੜੇ ਵਿਚ ਪਟਿਆਲਾ ਦੇ ਏਜੰਟ ਦੀ ਜਾਨ ਜਾਂਦੀ ਰਹੀ। ਥਾਨੇਸਰ ਅਤੇ ਕੈਥਲ ਦੇ ਸਰਦਾਰਾਂ ਨੇ ਪਟਿਆਲੇ ਦਾ ਪੱਖ ਪੂਰਿਆ, ਪਰ ਜੀਂਦ ਦੇ

ਭਾਗ ਸਿੰਘ ਦਾ ਝੁਕਾਓ ਨਾਭੇ ਵੱਲ ਸੀ। ਇਕ ਝੜਪ ਵਿਚ ਥਾਨੇਸਰ ਦਾ ਸਰਦਾਰ ਮਾਰਿਆ ਗਿਆ। ਪਟਿਆਲਾ ਨੇ ਆਪਣੇ ਹਿਮਾਇਤੀ ਦੀ ਮੌਤ ਦਾ ਬਦਲਾ ਲਿਆ ਅਤੇ ਨਾਭੇ ਦੀਆਂ ਫ਼ੌਜਾਂ ਨੂੰ ਭਾਰੀ ਹਾਰ ਦਿੱਤੀ। ਪਰ ਇਹ ਜਿੱਤ ਕਿਸੇ ਫ਼ੈਸਲੇ ਜੋਗੀ ਨਹੀਂ ਸੀ ਅਤੇ ਡਰ ਸੀ ਕਿ ਇਹ ਸਾਰੇ ਮਾਲਵੇ ਨੂੰ ਅੱਗ ਵਿਚ ਨਾ ਲਪੇਟ ਲਵੇ। ਦੋਵੇਂ ਧਿਰਾਂ ਸਾਲਸੀ ਲਈ ਮਹਾਰਾਜਾ ਰਣਜੀਤ ਸਿੰਘ ਪਾਸ ਪਹੁੰਚੀਆਂ।

ਦੁਸਹਿਰੇ ਦੇ ਅਵਸਰ ਤੇ ਫ਼ੌਜਾਂ ਦੇ ਇਕੱਠ ਸਮੇਂ ਮਹਾਰਾਜਾ ਸਾਹਿਬ ਨੇ ਵੀਹ ਹਜ਼ਾਰ ਜਵਾਨ ਨਾਲ ਲਏ ਅਤੇ ਸਿੰਘਪੁਰੀਆਂ, ਕਰਤਾਰਪੁਰ ਦੇ ਸੋਢੀਆਂ ਅਤੇ ਡੱਲੇਵਾਲੀਆਂ ਅਤੇ ਫਿਲੌਰ, ਲੁਧਿਆਣਾ ਅਤੇ ਜਗਰਾਓਂ ਦੇ ਖੁਸ਼ਹਾਲ ਕਸਬਿਆਂ ਵਿਚੋਂ ਲੰਘਿਆ। ਹਰ ਥਾਂ ਸਰਦਾਰ ਆਪਣੇ ਆਪ ਮਹਾਰਾਜਾ ਪਾਸ ਆਉਂਦੇ ਗਏ ਅਤੇ ਆਪਣੇ ਆਪ ਨਕਦ ਕਰ, ਤੋਪਾਂ, ਘੋੜੇ ਅਤੇ ਹਾਥੀ ਭੇਂਟ ਕਰਦੇ ਰਹੇ।

ਮਹਾਰਾਜਾ ਸਾਹਿਬ ਪਟਿਆਲੇ ਪੁੱਜੇ ਜਿਥੇ ਮਾਲਵੇ ਦੇ ਸਰਦਾਰ ਉਡੀਕ ਕਰ ਰਹੇ ਸਨ। ਬਸ ਗ਼ੈਰ-ਹਾਜ਼ਰ ਸੀ ਤਾਂ ਪਟਿਆਲੇ ਦਾ ਸਾਹਿਬ ਸਿੰਘ। ਮੁੜ ਵਿਚਾਰ ਕਰਨ 'ਤੇ ਉਸ ਸਮਝਿਆ ਕਿ ਰਣਜੀਤ ਸਿੰਘ ਨੂੰ ਸਾਲਸੀ ਬਣਾਉਣ ਵਿਚ ਕੋਈ ਅਕਲ ਨਹੀਂ। ਇਸ ਲਈ ਉਹ ਤਾਂ ਆਪਣੇ ਕਿਲ੍ਹੇ ਵਿਚ ਹੀ ਡੱਕਿਆ ਰਿਹਾ।

ਜਦੋਂ ਤੋਪਾਂ ਦੇ ਗੋਲੇ ਚੱਲੇ ਤਾਂ ਉਸ ਨੂੰ ਆਪਣੀ ਡਿਊਟੀ ਯਾਦ ਆਈ। ਮੇਜ਼ਬਾਨ ਦੇ ਤੌਰ ਤੇ ਉਸ ਆਪਣੇ ਮਹਿਮਾਨ ਨੂੰ ਜੀ-ਆਇਆਂ ਕਿਹਾ। ਇਸ ਤੋਂ ਉਪਰੰਤ ਮਹਾਰਾਜਾ ਸਾਹਿਬ ਦੀ ਖ਼ਾਤਰਦਾਰੀ ਕੀਤੀ ਗਈ ਅਤੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਉਹ ਸਾਰੇ, ਭਾਵ ਮਾਲਵਾ ਸਰਦਾਰ, ਮਹਾਰਾਜਾ ਸਾਹਿਬ ਨੂੰ ਆਪਣਾ ਮੁਖੀ ਸਮਝਦੇ ਹਨ।

ਮਹਾਰਾਜਾ ਰਣਜੀਤ ਸਿੰਘ ਨੇ ਪਿੰਡ ਦਾਲਾਦੀ ਵਿਖੇ ਹੋਈ ਹੱਤਿਆ ਸੰਬੰਧੀ ਨਾਭੇ ਨੂੰ ਮੁਕਤ ਕਰ ਦਿੱਤਾ। ਪਟਿਆਲਾ ਦੇ ਹੋਏ ਨੁਕਸਾਨ ਨੂੰ ਜਗੀਰ ਦੇ ਕੇ ਪੂਰਾ ਕੀਤਾ ਗਿਆ। ਜੀਂਦ ਦੇ ਭਾਗ ਸਿੰਘ ਨੂੰ ਲੁਧਿਆਣਾ ਸੌਂਪਿਆ ਗਿਆ।

ਕਾਂਗੜਾ, ਕਸੂਰ ਅਤੇ ਮੁਲਤਾਨ

ਲਾਹੌਰ ਨੂੰ ਪਰਤਦਿਆਂ ਮਹਾਰਾਜਾ ਸਾਹਿਬ ਪਾਸ ਸੰਸਾਰ ਚੰਦ ਦਾ ਏਲਚੀ ਪੁੱਜਾ ਅਤੇ ਉਸ ਗੋਰਖਿਆਂ ਵਿਰੁੱਧ ਸਹਾਇਤਾ ਮੰਗੀ, ਜਿਨ੍ਹਾਂ ਜਮਨਾ ਅਤੇ ਸਤਲੁਜ ਦੇ ਵਿਚਕਾਰ ਦੇ ਪਹਾੜੀ ਇਲਾਕੇ ਤੇ ਕਬਜ਼ਾ ਕਰ ਲਿਆ ਸੀ ਅਤੇ ਕਾਂਗੜੇ ਦੇ ਕਿਲ੍ਹੇ ਵਿਚ ਜਮ੍ਹਾਂ ਹੋ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਸੰਸਾਰ ਚੰਦ ਨਾਲ ਕੋਈ ਪਿਆਰ ਨਹੀਂ ਸੀ ਪਰ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਜੇਕਰ ਗੋਰਖੇ ਕਾਂਗੜੇ ਵਿਚ ਕਾਮਯਾਬ ਹੋ ਗਏ ਤਾਂ ਉਹ ਪੰਜਾਬ ਵਿਚ ਵੀ ਗੜਬੜ ਪੈਦਾ ਕਰਨਗੇ। ਉਨ੍ਹਾਂ ਗੋਰਖਾ ਕਮਾਂਡਰ ਅਮਰ ਸਿੰਘ ਥਾਪਾ ਦੀਆਂ ਵਿਰੋਧੀ ਕੋਸ਼ਿਸ਼ਾਂ ਬਾਰੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਇਹ ਵੀ ਆਦੇਸ਼ ਦਿੱਤਾ ਕਿ ਕਾਂਗੜੇ ਤੋਂ ਆਪਣੀਆਂ ਫ਼ੌਜਾਂ ਹਟਾ ਲਵੇ।

ਗੋਰਖਿਆਂ ਵੱਲੋਂ ਕਈ ਸਪਤਾਹ ਤਕ ਲੜਾਈ ਕਰਨ ਨਾਲ ਉਨ੍ਹਾਂ ਉਤੇ ਗਰਮੀ ਦਾ ਬੁਰਾ ਅਸਰ ਹੋਇਆ ਸੀ ਅਤੇ ਉਹ ਹੈਜ਼ੇ ਦੀ ਲਪੇਟ ਵਿਚ ਆਏ ਹੋਏ ਸਨ ਜਿਹੜਾ ਫ਼ੌਜ ਅੰਦਰ ਫੈਲ ਗਿਆ ਸੀ। ਥੱਕੇ ਹੋਏ ਅਤੇ ਬੀਮਾਰੀ ਦੇ ਮਾਰੇ ਹੋਏ ਉਹ ਪੰਜਾਬੀ ਫ਼ੌਜ ਦਾ ਮੁਕਾਬਲਾ ਕਰਨ ਤੋਂ ਅਸਮਰਥ ਸਨ। ਉਹ ਮੰਡੀ ਤਕ ਪਿੱਛੇ ਹਟ ਗਏ ਪਰ ਮਹਾਰਾਜਾ ਰਣਜੀਤ ਸਿੰਘ ਵਿਰੁੱਧ ਬਦਲਾ ਲੈਣ ਲਈ ਸਹੁੰ ਖਾਧੀ। ਸੰਸਾਰ ਚੰਦ ਜਵਾਲਾਮੁਖੀ ਆਇਆ ਜਿਥੇ ਮਹਾਰਾਜਾ ਸਾਹਿਬ ਕੈਂਪ ਲਾਈ ਬੈਠੇ ਸਨ। ਉਸ ਮਹਾਰਾਜਾ ਸਾਹਿਬ ਨੂੰ ਘੋੜੇ ਅਤੇ

ਨਕਦੀ ਕਰ ਵਜੋਂ ਭੇਂਟ ਕੀਤੇ।

ਮਹਾਰਾਜਾ ਸਾਹਿਬ ਜਦੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਕਸੂਰ ਦੇ ਪਠਾਣ ਖਲਬਲੀ ਮਚਾ ਰਹੇ ਹਨ। ਭਾਵੇਂ ਨਿਜ਼ਾਮ-ਉਦ-ਦੀਨ ਖ਼ਾਨ ਦੀ ਮੌਤ ਹੋ ਚੁੱਕੀ ਸੀ, ਪਰ ਉਸ ਦੀ ਥਾਂ ਕੁਤਬ-ਉਦ-ਦੀਨ ਖ਼ਾਨ ਨੇ ਲੈ ਲਈ ਹੈ ਅਤੇ ਉਸ ਆਜ਼ਾਦ ਹੋਣ ਦਾ ਐਲਾਨ ਕਰ ਦਿੱਤਾ ਹੈ। ਉਸ ਬਹੁਤ ਸਾਰੇ 'ਗ਼ਾਜ਼ੀ' ਭਰਤੀ ਕਰ ਲਏ ਹਨ। ਕਿਲ੍ਹਾਬੰਦੀ ਕਰਕੇ ਰਸਦ-ਪਾਣੀ ਵੀ ਜਮ੍ਹਾਂ ਕਰ ਲਿਆ ਹੈ, ਜਿਹੜਾ ਕਾਫ਼ੀ ਸਮਾਂ ਕੱਢ ਸਕੇ ਜੇਕਰ ਨਾਕਾਬੰਦੀ ਹੋ ਗਈ। ਮੁਲਤਾਨ ਦਾ ਮੁਜ਼ੱਫ਼ਰ ਖ਼ਾਨ ਉਸ ਨੂੰ ਭੜਕਾ ਰਿਹਾ ਸੀ ਅਤੇ ਕੁਤਬ-ਉਦ-ਦੀਨ ਨੂੰ ਹੌਸਲਾ ਦੇਣ ਲਈ ਥੋੜ੍ਹੀ ਫ਼ੌਜ ਵੀ ਭੇਜ ਦਿੱਤੀ। ਪਠਾਣਾਂ ਨੂੰ ਸੋਧਣ ਲਈ ਮਹਾਰਾਜਾ ਰਣਜੀਤ ਸਿੰਘ ਫ਼ਕੀਰ ਅਜ਼ੀਜ਼ੁਦੀਨ ਨੂੰ ਕਸੂਰ ਭੇਜਿਆ। ਕੁਤਬ-ਉਦ-ਦੀਨ ਨੇ ਅਜ਼ੀਜ਼ੁਦੀਨ ਨੂੰ ਟਾਲ ਦਿੱਤਾ ਕਿ ਫ਼ਕੀਰ ਨੇ ਕਾਫ਼ਰ ਦਾ ਲੂਣ ਖਾਧਾ ਹੈ। ਇਸ ਲਈ ਉਸ ਦੀ ਗੱਲ ਵੱਲ ਧਿਆਨ ਦੇਣ ਦੀ ਲੋੜ ਨਹੀਂ।

ਫ਼ਰਵਰੀ 1807 ਵਿਚ 'ਗ਼ਾਜ਼ੀਆਂ' ਅਤੇ 'ਨਿਹੰਗਾਂ' ਵਿਚਕਾਰ ਯੁੱਧ ਛਿੜ ਪਿਆ। ਨਿਹੰਗਾਂ ਨੇ ਗ਼ਾਜ਼ੀਆਂ ਨੂੰ ਮੁੜ ਕਿਲ੍ਹੇ ਅੰਦਰ ਧੱਕ ਦਿੱਤਾ। ਲਾਹੌਰ ਦੀਆਂ ਤੋਪਾਂ ਨੇ ਕਿਲ੍ਹੇ ਦੀਆਂ ਦੀਵਾਰਾਂ 'ਤੇ ਮਹੀਨਾ ਭਰ ਗੋਲੇ ਵਰ੍ਹਾਏ ਪਰ ਕੋਈ ਅਸਰ ਨਾ ਹੋਇਆ। ਅਖ਼ੀਰ ਇਕ ਸੁਰੰਗ ਲਾ ਕੇ ਪਾੜ ਬਣਾਇਆ ਗਿਆ ਅਤੇ ਹਮਲਾ ਕਰ ਦਿੱਤਾ ਗਿਆ। ਕੁਤਬ-ਉਦ-ਦੀਨ ਨੂੰ ਜਿਉਂਦੇ ਨੂੰ ਹੀ ਪਕੜ ਲਿਆ ਗਿਆ ਅਤੇ ਮਹਾਰਾਜਾ ਸਾਹਿਬ ਦੇ ਹਜ਼ੂਰ ਪੇਸ਼ ਕੀਤਾ ਗਿਆ। ਮਹਾਰਾਜਾ ਸਾਹਿਬ ਨੇ ਪਠਾਣ ਦੇ ਕਾਫ਼ਰ ਵਿਰੁੱਧ ਹਮਲੇ ਨੂੰ ਮੁਆਫ਼ ਕਰ ਦਿੱਤਾ ਅਤੇ ਭਾਰੀ ਜਗੀਰ ਦੇ ਕੇ ਸਤਲੁਜ ਤੋਂ ਪਾਰ ਮਮਦੋਟ ਭੇਜ ਦਿੱਤਾ। ਕਸੂਰ ਜਿਹੜਾ ਕਿ ਲਾਹੌਰ ਦੇ ਨੇੜੇ ਸੀ, ਪਠਾਣ ਦੇ ਹਾਕਮ ਪਰਿਵਾਰ ਪਾਸੋਂ ਲੈ ਲਿਆ ਗਿਆ। ਇਸ ਦਾ ਪ੍ਰਬੰਧ ਨਿਹਾਲ ਸਿੰਘ ਅਟਾਰੀ ਵਾਲੇ ਨੂੰ ਸੌਂਪ ਦਿੱਤਾ ਗਿਆ।

ਭਾਵੇਂ ਗਰਮੀ ਜ਼ੋਰਾਂ 'ਤੇ ਆ ਰਹੀ ਸੀ, ਪਰ ਮਹਾਰਾਜਾ ਨਹੀਂ ਸੀ ਚਾਹੁੰਦਾ ਕਿ ਮੁਲਤਾਨ ਦਾ ਮੁਜ਼ੱਫ਼ਰ ਖ਼ਾਨ ਬਿਨਾਂ ਦੰਡ ਭੁਗਤੇ ਰਹਿ ਜਾਵੇ। ਅਖ਼ੀਰ ਉਸ ਵੀ ਤਾਂ ਕਸੂਰੀਆਂ ਨੂੰ ਦਰਬਾਰ ਦੇ ਵਿਰੁੱਧ ਭੜਕਾਇਆ ਸੀ। ਦਰਬਾਰ ਦੀਆਂ ਫ਼ੌਜਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਲਿਆ ਅਤੇ ਮੁਜ਼ੱਫ਼ਰ ਖ਼ਾਨ ਦੀ ਗੱਦੀ 'ਤੇ ਹਮਲਾ ਕਰਨ ਹੀ ਵਾਲੇ ਸਨ ਕਿ ਮੁਜ਼ੱਫ਼ਰ ਖ਼ਾਨ ਨੇ ਸੱਤਰ ਹਜ਼ਾਰ ਰੁਪਏ ਦਾ ਹਰਜਾਨਾ ਭਰ ਕੇ ਸਮਝੌਤਾ ਕਰ ਲਿਆ।

ਮਾਲਵੇ ਦਾ ਦੂਜਾ ਦੌਰਾ

ਮੁਲਤਾਨ ਤੋਂ ਵਾਪਸ ਆਉਣ ਤੇ ਮਹਾਰਾਜਾ ਸਾਹਿਬ ਨੂੰ ਦੂਜੀ ਵਾਰ ਪਟਿਆਲੇ ਦੇ ਦੌਰੇ ਲਈ ਸੱਦਾ-ਪੱਤਰ ਮਿਲਿਆ। ਇਹ ਸੱਦਾ-ਪੱਤਰ ਸਾਹਿਬ ਸਿੰਘ ਦੀ ਪਤਨੀ ਆਸ ਕੌਰ ਵੱਲੋਂ ਸੀ, ਜਿਸ ਮਹਾਰਾਜਾ ਸਾਹਿਬ ਦੀ ਸਦਭਾਵਨਾ ਦੀ ਯਾਚਨਾ ਕੀਤੀ ਸੀ ਕਿ ਆ ਕੇ ਉਸ ਦੇ ਪਤੀ ਦੇ ਝਗੜੇ ਨੂੰ ਨਿਪਟਾਵੇ ਜਿਹੜਾ ਉਸ ਦੇ ਪੁੱਤਰ ਨੂੰ ਗੱਦੀ ਦਾ ਵਾਰਸ ਬਣਾਉਣ ਬਾਰੇ ਸੀ। ਰਣਜੀਤ ਸਿੰਘ ਕਾਫ਼ੀ ਫ਼ੌਜ ਲੈ ਕੇ ਪਟਿਆਲੇ ਪਹੁੰਚੇ। ਸਤਲੁਜ ਦੇ ਉਰਾਰ ਦੇ ਸਰਦਾਰਾਂ ਨੇ ਉਸ ਦੀ ਸਿਕਦਾਰੀ ਪਰਵਾਨ ਕਰ ਲਈ ਅਤੇ ਨਕਦ ਕਰ ਭਰਨ ਦੇ ਨਾਲ ਕੀਮਤੀ ਤੋਹਫ਼ੇ ਵੀ ਦਿੱਤੇ। ਉਨ੍ਹਾਂ ਦਾ ਫ਼ੈਸਲਾ ਬਹੁਤ ਅੱਛਾ ਸਮਝੌਤਾ ਸੀ। ਉਸ ਦੇ ਪੁੱਤਰ ਕਰਮ ਸਿੰਘ ਨੂੰ 50,000 ਰੁਪਏ ਹਰ ਸਾਲ ਜਗੀਰ ਵਜੋਂ ਮਿਲਦੇ ਰਹਿਣਗੇ ਅਤੇ ਸਾਹਿਬ ਸਿੰਘ ਜਿੰਨੀ ਦੇਰ ਤਕ ਜੀਉਂਦਾ ਰਹੇ ਰਾਜ ਕਰਦਾ ਰਹੇਗਾ। ਦੋਹਾਂ ਧਿਰਾਂ ਨੇ ਇਹ ਫ਼ੈਸਲਾ ਪਰਵਾਨ ਕਰ ਲਿਆ ਅਤੇ ਸਾਲਸੀ ਦੀ ਫ਼ੀਸ ਵੀ ਪੂਰੀ ਕਰ ਦਿੱਤੀ। ਰਾਜੇ ਨੇ ਤਾਂ 70 ਹਜ਼ਾਰ ਦੇ ਕੀਮਤੀ ਹੀਰੇ-

ਜਵਾਹਰਾਤ ਭੇਂਟ ਕੀਤੇ ਅਤੇ ਮਹਾਰਾਣੀ ਨੇ ਪਿੱਤਲ ਦੀ ਇਕ ਤੋਪ।

ਪਟਿਆਲੇ ਤੋਂ ਵਾਪਸ ਆਉਂਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਨਾਰਾਇਣਗੜ੍ਹ ਉੱਤੇ ਧਾਵਾ ਬੋਲਣ ਦਾ ਆਦੇਸ਼ ਦਿੱਤਾ। ਉਥੇ ਸਿਰਮੂਰ ਦੇ ਰਾਜੇ ਨੇ ਦਰਬਾਰ ਨੂੰ ਸਵੀਕਾਰ ਕਰਨਾ ਬੰਦ ਕਰ ਦਿੱਤਾ ਸੀ। ਭਾਰੀ ਜਾਨੀ ਨੁਕਸਾਨ ਉਠਾ ਕੇ ਨਾਰਾਇਣਗੜ੍ਹ ਤੇ ਕਬਜ਼ਾ ਕਰ ਲਿਆ ਗਿਆ। ਇਥੇ ਮਰਨ ਵਾਲਿਆਂ ਵਿਚ ਫਤਹਿ ਸਿੰਘ ਕਲਿਆਣ ਵਾਲਾ ਵੀ ਸ਼ਾਮਲ ਸੀ।

ਵਾਦਨੀ, ਮੋਰਿੰਡਾ, ਜ਼ੀਰਾ ਅਤੇ ਫ਼ੀਰੋਜ਼ਪੁਰ ਤੇ ਹੋਰ ਸ਼ਹਿਰਾਂ ਵਿਚੋਂ ਲੰਘਦਿਆਂ ਘਰ ਪਰਤਿਆ। ਰਾਹ ਵਿਚ ਉਸ ਨੂੰ ਦੂਸਰੇ ਸਾਥੀ ਤਾਰਾ ਸਿੰਘ ਘੇਬਾ ਦੀ ਮੌਤ ਦਾ ਪਤਾ ਲੱਗਾ ਜਿਹੜਾ ਡੱਲੇਵਾਲੀਆ ਮਿਸਲ ਦਾ ਮੁਖੀ ਸੀ। ਉਹ ਉਨ੍ਹੀਂ ਪੈਰੀਂ ਹੀ ਸੋਕ ਪ੍ਰਗਟ ਕਰਨ ਲਈ ਮੁੜੇ। ਮਰਨ ਵਾਲੇ ਦੀ ਵਿਧਵਾ ਅਤੇ ਉਸ ਦੇ ਪਰਿਵਾਰ ਲਈ ਪੈਨਸ਼ਨ ਲਾਈ। ਜਿਹੜੀਆਂ ਜਗੀਰਾਂ ਸਾਲ ਦੇ ਸੱਤ ਲੱਖ ਦੇ ਮਾਲੀਏ ਤੋਂ ਵੱਧ ਦੀਆਂ ਸਨ—ਰਾਹੋਂ, ਨਕੋਦਰ ਅਤੇ ਨੌਸ਼ਹਿਰਾ ਤਕ ਜਾਂਦੀਆ ਸਨ, ਉਹ ਦਰਬਾਰ ਨਾਲ ਮਿਲਾ ਲਈਆਂ ਗਈਆਂ। ਡੱਲੇਵਾਲੀਆ ਦੀ ਜਗੀਰ ਦੀ ਸੰਭਾਲ ਦੀਵਾਨ ਮੁਹਕਮ ਚੰਦ ਨੂੰ ਸੌਂਪੀ ਗਈ ਜਿਸ ਥੋੜ੍ਹੇ ਮਹੀਨੇ ਹੋਏ ਦਰਬਾਰ ਵਿਚ ਸੇਵਾ ਕਰਨੀ ਆਰੰਭ ਕਰ ਦਿੱਤੀ ਸੀ।

ਮੁਹਕਮ ਚੰਦ ਨੇ ਪਹਿਲਾ ਕੰਮ ਇਹ ਕੀਤਾ ਕਿ ਪਠਾਨਕੋਟ ਦੀ ਸ਼ਕਤੀ ਘਟਾਈ। ਜਿਥੇ ਪੰਜਾਬ ਅੰਦਰ ਸ਼ਕਤੀਸ਼ਾਲੀ ਕਿਲ੍ਹਾ ਸੀ। ਮੁਹਕਮ ਚੰਦ ਨੇ ਪਠਾਨਕੋਟ 'ਤੇ ਕਬਜ਼ਾ ਕਰਕੇ ਜਸਰੋਟਾ, ਚੰਬਾ ਅਤੇ ਬਸੋਲੀ ਵੱਲ ਕਦਮ ਵਧਾਏ ਅਤੇ ਰਾਜੇ ਨੂੰ ਮਜਬੂਰ ਕੀਤਾ ਕਿ ਉਹ ਮਹਾਰਾਜਾ ਸਾਹਿਬ ਦੀ ਪ੍ਰਭੁਸੱਤਾ ਨੂੰ ਮਨਜ਼ੂਰ ਕਰੇ।

ਪਹਾੜੀਆਂ ਵਿਚ ਲੜਾਈਆ ਸਮਾਪਤ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਸ਼ਹਿਜ਼ਾਦਿਆਂ ਅਤੇ ਪੰਜਾਬ ਦੇ ਜਗੀਰਦਾਰਾ ਦੇ ਨਾਂ ਸੱਦਾ-ਪੱਤਰ ਭੇਜੇ ਕਿ ਸਭ ਦਰਬਾਰ ਦੀ ਹਾਜਰੀ ਭਰਨ ਅਤੇ ਉਨ੍ਹਾ ਹੱਥੋਂ ਸਿਰੋਪਾ ਪ੍ਰਾਪਤ ਕਰਨ। ਜਦੋਂ ਦਰਬਾਰ ਸਮਾਪਤ ਹੋਇਆ ਤਾਂ ਮਹਾਰਾਜਾ ਸਾਹਿਬ ਨੇ ਉਨ੍ਹਾਂ ਸਰਦਾਰਾਂ ਵਿਰੁੱਧ ਕਾਰਵਾਈ ਕੀਤੀ ਜਿਹੜੇ ਦਰਬਾਰ ਵਿਚ ਹਾਜ਼ਰ ਨਹੀਂ ਹੋਏ ਸਨ। ਤੀਹ ਦਿਨ ਦੀ ਨਾਕਾਬੰਦੀ ਜਾਂ ਮੁਹਾਸਰਾ ਕਰਕੇ ਸਿਆਲਕੋਟ 'ਤੇ ਕਬਜ਼ਾ ਕਰ ਲਿਆ ਗਿਆ। ਗੁਜਰਾਤ ਦੇ ਭੰਗੀ ਸਰਦਾਰ ਨਾਲ ਥੋੜ੍ਹੀ ਲੜਾਈ ਹੋਈ ਅਤੇ ਉਸ ਵੀ ਈਨ ਮੰਨ ਲਈ। ਇਸ ਦੇ ਨਾਲ ਹੀ ਅਖਨੂਰ ਦਾ ਰਾਜਾ ਜਿਹੜਾ ਸਿਆਲਕੋਟ ਦੇ ਨੇੜੇ ਸੀ ਅਤੇ ਕਨ੍ਹਈਆ ਸਰਦਾਰ ਜਿਸ ਦੀ ਲੜਕੀ ਦੀ ਮੰਗਣੀ ਮਹਾਰਾਜਾ ਸਾਹਿਬ ਦੇ ਸ਼ਹਿਜ਼ਾਦੇ ਖੜਕ ਸਿੰਘ ਨਾਲ ਹੋ ਚੁੱਕੀ ਸੀ, ਵੀ ਈਨ ਮੰਨਣ ਲਈ ਤਿਆਰ ਹੋ ਗਏ ਅਤੇ ਉਨ੍ਹਾਂ ਕਰ ਵੀ ਭਰਿਆ। ਇਸ ਵਰ੍ਹੇ ਦੀ ਅੰਤਮ ਜਿੱਤ ਸ਼ੇਖੂਪੁਰਾ ਦੇ ਕਿਲ੍ਹੇ ਦੀ ਸੀ, ਜਿਹੜਾ ਲਾਹੌਰ ਦੀ ਰਾਜਧਾਨੀ ਤੋਂ ਵੀਹ ਮੀਲ ਦੀ ਦੂਰੀ 'ਤੇ ਸੀ ਅਤੇ ਪੰਜਾਬ ਅੰਦਰ ਸਭ ਤੋਂ ਸ਼ਕਤੀਸ਼ਾਲੀ ਕਿਲ੍ਹਿਆਂ ਵਿਚੋਂ ਇਕ ਸੀ।


1808 ਵਿਚ ਦਰਬਾਰ ਨੇ ਦੋ ਵਿਅਕਤੀਆਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਿਹੜੇ ਆਖ਼ਿਰ ਮਹਾਨ ਵਿਲੱਖਣ ਅਫ਼ਸਰ ਬਣ ਗਏ। ਇਨ੍ਹਾਂ ਵਿਚੋਂ ਇਕ ਕੁੱਬਾ ਸੀ, ਭਵਾਨੀ ਦਾਸ, ਜਿਹੜਾ ਸ਼ਾਹ ਜ਼ਮਾਨ ਦੀ ਹਕੂਮਤ ਵਿਚ ਅਕਾਊਂਟੈਂਟ ਸੀ। ਰਣਜੀਤ ਸਿੰਘ ਦੇ ਖ਼ਜ਼ਾਨੇ ਦਾ ਹਿਸਾਬ-ਕਿਤਾਬ ਅਤੇ ਸੰਭਾਲ ਇਕ ਬੈਂਕ ਹਾਊਸ ਵਿਚ ਕੀਤਾ ਜਾਦਾ ਸੀ। ਸਰਕਾਰੀ ਖ਼ਜ਼ਾਨੇ ਦਾ ਹਿਸਾਬ-ਕਿਤਾਬ ਸੰਗਠਿਤ ਕਰਨ ਲਈ ਭਵਾਨੀ ਦਾਸ ਨੇ ਵੱਡੇ-ਵੱਡੇ ਸ਼ਹਿਰਾਂ ਵਿਚ ਰਾਜ ਕੋਸ਼ ਖੋਲ੍ਹ ਕੇ ਕੀਤਾ। ਇਨ੍ਹਾ ਦਾ ਬਾਕਾਇਦਾ ਹਿਸਾਬ-ਕਿਤਾਬ ਰਖਿਆ ਜਾਂਦਾ ਸੀ। ਪਰ ਭਵਾਨੀ ਦਾਸ ਲਿਆਕਤ ਨਾਲੋਂ ਵੱਧ ਦਿਆਨਤਦਾਰ ਨਹੀਂ ਸੀ। ਕਈ ਮੌਕਿਆ 'ਤੇ

ਮਹਾਰਾਜਾ ਰਣਜੀਤ ਸਿੰਘ ਨੇ ਉਸ ਦੀ ਈਮਾਨਦਾਰੀ ਉਤੇ ਸ਼ੱਕ ਕੀਤਾ ਸੀ। ਸੋਹਣ ਲਾਲ ਲਿਖਦਾ ਹੈ : "ਮਹਾਰਾਜਾ ਸਾਹਿਬ ਦਾ ਇਹ ਕੁੱਬਾ ਸ਼ਰਾਰਤਾਂ ਤੇ ਚਲਾਕੀਆਂ ਦਾ ਭਰਿਆ ਸੀ।"

ਜਿਹੜਾ ਦੂਜਾ ਵਿਅਕਤੀ ਸ਼ਾਹੀ ਸੇਵਾ ਵਿਚ ਆਇਆ, ਉਹ ਮੇਰਠ ਦਾ ਨੌਜੁਆਨ ਬ੍ਰਾਹਮਣ ਸੀ। ਇਸ ਦਾ ਨਾਂ ਖੁਸ਼ਾਲ ਚੰਦ ਸੀ। ਇਹ ਮਹਾਰਾਜ ਸਾਹਿਬ ਦੇ ਨਿੱਜੀ ਅੰਗ-ਰੱਖਿਅਕਾਂ ਵਿਚ ਆਮ ਸਿਪਾਹੀ ਭਰਤੀ ਹੋਇਆ ਸੀ ਪਰ ਤਰੱਕੀ ਕਰਦਾ-ਕਰਦਾ ਜਮਾਂਦਾਰ ਦੇ ਅਹੁਦੇ 'ਤੇ ਪਹੁੰਚਿਆ। ਉਸ ਦੀ ਸਾਊ ਸ਼ਖ਼ਸੀਅਤ ਨੇ ਮਹਾਰਾਜਾ ਸਾਹਿਬ ਦਾ ਦਿਲ ਮੋਹ ਲਿਆ। ਮਹਾਰਾਜਾ ਰਣਜੀਤ ਸਿੰਘ ਉਸ ਨੂੰ ਬਹੁਤ ਚਾਹੁੰਦੇ ਸਨ ਖ਼ਾਸਕਰ ਜਦੋਂ ਉਹ ਸਿੰਘ ਸਜ ਗਿਆ। ਉਸ ਨੂੰ ਮਹਿਲਾਂ ਦਾ ਚਾਰਜ ਸੌਂਪਿਆ ਗਿਆ ਜਿਨ੍ਹਾਂ ਵਿਚ ਨਿੱਜੀ ਰਿਹਾਇਸ਼ੀ ਹਿੱਸੇ ਵੀ ਸ਼ਾਮਲ ਸਨ। ਮਿਸਾਲ ਵਜੋਂ ਡਿਉੜ੍ਹੀਦਾਰ ਦੀ ਬਹੁਤ ਮਹੱਤਤਾ ਸੀ। ਕਿਉਂ ਜੋ ਉਸ ਦੀ ਆਗਿਆ ਬਿਨਾਂ ਕੋਈ ਵੀ ਮਹਾਰਾਜਾ ਸਾਹਿਬ ਨੂੰ ਮਿਲਣ ਨਹੀਂ ਜਾ ਸਕਦਾ ਸੀ।

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ


ਕਾਂਡ—13
ਮਾਲਵਾ ਦਾ ਬਰਤਾਨਵੀ ਰਾਜ ਵਿਚ ਰਲਾਓ

ਲਾਹੌਰ ਸੰਧੀ-1809

ਜਿਸ ਦਹਾਕੇ ਵਿਚ ਮਹਾਰਾਜਾ ਰਣਜੀਤ ਸਿੰਘ ਲਾਹੌਰ ਦਾ ਹਾਕਮ ਰਿਹਾ, ਉਸ ਵੇਲੇ ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਪੰਜਾਬ ਦੀਆਂ ਸਰਹੱਦਾਂ ਵੱਲੋਂ ਦਰਬਾਰ ਲਈ ਕੋਈ ਖ਼ਤਰਾ ਨਾ ਰਿਹਾ। ਅਫ਼ਗਾਨ ਤਾਂ ਆਪੋ ਵਿਚ ਹੀ ਖਹਿ ਰਹੇ ਸਨ। ਰਾਜਪੂਤ ਅਤੇ ਗੋਰਖਾ ਇਕ ਦੂਜੇ ਨੂੰ ਕੱਟਦੇ ਰਹੇ ਅਤੇ ਹੁਣ ਇਨ੍ਹਾਂ ਦੀ ਹਿੰਮਤ ਨਹੀਂ ਸੀ ਕਿ ਮੈਦਾਨਾਂ ਵੱਲ ਮੂੰਹ ਕਰਦੇ। ਪਰ ਤਾਂ ਵੀ ਪੂਰਬ ਦੀ ਦਿਸ਼ਾ ਵਿਚ ਅੰਗਰੇਜ਼ ਸਨ ਜਿਨ੍ਹਾਂ ਮਰਾਠਿਆਂ ਨੂੰ ਖ਼ਤਮ ਕਰ ਦਿੱਤਾ ਸੀ ਅਤੇ ਪੰਜਾਬ ਅਤੇ ਸਿੰਧ ਨੂੰ ਛੱਡ ਕੇ ਉਹ ਸਾਰੇ ਦੇ ਸਾਰੇ ਭਾਰਤ ਦੇ ਮਾਲਿਕ ਹੋ ਗਏ ਸਨ। ਇਨ੍ਹਾਂ ਸਾਲਾਂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਤਲੁਜ ਦਰਿਆ ਦੇ ਉੱਤਰ ਵੱਲ ਦੇ ਦੇਸ਼ਾਂ ਵਿਚ ਆਪਣਾ ਪੂਰਾ ਦਬਦਬਾ ਬਣਾ ਲਿਆ ਸੀ। ਉਸ ਕਸੂਰ ਨੂੰ ਆਪਣੇ ਇਲਾਕੇ ਵਿਚ ਮਿਲਾ ਲਿਆ ਸੀ। ਉਸ ਮੁਲਤਾਨ ਅਤੇ ਉੱਤਰ-ਪੱਛਮੀ ਪੰਜਾਬ ਦੇ ਮੁਸਲਮਾਨ ਨਵਾਬਾਂ ਪਾਸੋਂ ਕਰ ਵਸੂਲ ਕੀਤਾ ਸੀ ਅਤੇ ਮਾਝੇ ਦੀਆਂ ਮਿਸਲਾਂ ਪਾਸੋਂ ਅਧੀਨਗੀ ਵੀ ਮੰਨਵਾ ਲਈ ਸੀ। ਪੰਜਾਬ ਨੂੰ ਇਕਮੁੱਠ ਕਰਨ ਲਈ ਕੇਵਲ ਇਹ ਕਰਨਾ ਹੀ ਬਾਕੀ ਰਹਿ ਗਿਆ ਸੀ ਕਿ ਉਨ੍ਹਾਂ ਮਿਸਲਾਂ ਨੂੰ ਨਾਲ ਮਿਲਾ ਲਿਆ ਜਾਵੇ ਜਿਨ੍ਹਾਂ ਪਾਸ ਸਤਲੁਜ ਤੋਂ ਪਾਰ ਜਮਨਾ ਦਰਿਆ ਤਕ ਜ਼ਮੀਨ ਹੈ। ਸਿੱਟੇ ਵਜੋਂ ਉਸ ਦੇ ਰਾਜ ਦੇ ਪਹਿਲੇ ਦਸਾਂ ਸਾਲਾਂ ਦੇ ਅੰਤ ਤਕ ਦੋ ਪ੍ਰਮੁੱਖ ਸਮੱਸਿਆਵਾਂ ਸਨ ਕਿ ਮਾਲਵਾ ਨੂੰ ਇਕਮੁੱਠ ਕੀਤਾ ਜਾਵੇ ਅਤੇ ਅੰਗਰੇਜ਼ਾਂ ਨਾਲ ਸੀਮਾ-ਰੇਖਾ ਨਿਰਧਾਰਤ ਕਰਨੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਦੋ ਵਾਰ ਫ਼ੌਜ ਲੈ ਕੇ ਸਤਲੁਜ ਦਰਿਆ ਪਾਰ ਕੀਤਾ ਸੀ ਅਤੇ ਉਸ ਨੂੰ ਪੰਜਾਬ ਦਾ ਸਰਬ ਸੱਤਾਵਾਨ ਹਾਕਮ ਪਰਵਾਨ ਕਰ ਲਿਆ ਗਿਆ ਸੀ। ਲੋਕਾਂ ਨੇ ਤਾਂ ਕੁਦਰਤੀ ਜਜ਼ਬੇ ਨਾਲ ਖ਼ੁਸ਼ੀ-ਖ਼ੁਸ਼ੀ ਅਤੇ ਮਿਸਲਾਂ ਦੇ ਸਰਦਾਰਾਂ ਨੇ ਥੋੜ੍ਹੀ ਝਿਜਕ ਨਾਲ। ਪਰ ਇਨ੍ਹਾਂ ਵੀ ਉਸ ਦੇ ਹੁਕਮ ਅੱਗੇ ਸੀਸ ਨਿਵਾ ਦਿੱਤੇ ਸਨ ਅਤੇ ਕਰ ਦੀ ਅਦਾਇਗੀ ਕੀਤੀ ਜਿਵੇਂ ਕਿ ਕਿਸੇ ਹੋਰ ਉੱਚੇ ਹਾਕਮ ਨੂੰ ਕਰ ਭਰਦੇ ਸਨ। ਵੈਸੇ ਤਾਂ ਸਤਲੁਜ ਤੋਂ ਪਾਰ ਦੀਆਂ ਰਿਆਸਤਾਂ ਉੱਤੇ ਮਹਾਰਾਜਾ ਦੀ ਸਰਦਾਰੀ ਪਰਵਾਨ ਕਰ ਲਈ ਗਈ ਸੀ, ਪਰ ਅਜੇ ਖ਼ਿਤਾਬ ਨਹੀਂ ਲਿਆ ਸੀ। ਅੰਗਰੇਜ਼ਾਂ ਵਾਸਤੇ ਜਿਹੜੇ ਕਿ ਮਾਲਵੇ ਦੇ ਦੂਜੇ ਪਾਸੇ ਸਨ, ਇਕ ਹੀ ਚੀਜ਼ ਰਹਿ ਗਈ ਸੀ ਕਿ ਉਹ ਉਸ ਸਥਿਤੀ ਨੂੰ ਪਰਵਾਨ ਕਰ ਲੈਣ ਜਿਹੜੀ ਅਸਲ ਵਿਚ ਉਸ ਸਮੇਂ ਸੀ।

ਸਤਲੁਜ ਤੋਂ ਪਾਰ ਦੀਆਂ ਰਿਆਸਤਾਂ ਉੱਪਰ ਦਰਬਾਰ ਦੇ ਅਧਿਕਾਰ ਦੇ ਦਾਅਵੇ ਵਿਚ ਇਕ ਹੀ ਕਮਜ਼ੋਰੀ ਸੀ ਕਿ ਜਦੋਂ 1805 ਵਿਚ ਲਾਰਡ ਲੇਕ ਨੇ ਮਾਲਵਾ ਦੇ ਮੈਦਾਨਾਂ ਵਿਚ ਹੋਲਕਰ ਦਾ ਪਿੱਛਾ ਕੀਤਾ ਸੀ ਤਾਂ ਮਹਾਰਾਜਾ ਨੂੰ ਇਸ ਗੱਲ ਦਾ ਤੌਖਲਾ ਸੀ ਕਿ ਮਰਾਠਿਆਂ ਨੂੰ ਹਾਰ ਦੇ ਕੇ ਅੰਗਰੇਜ਼ ਕਮਾਂਡਰ ਸਾਰੇ ਪੰਜਾਬ 'ਤੇ ਕਬਜ਼ਾ ਨਾ ਕਰ ਲੈਣ ਅਤੇ ਉਸ ਸੁਝਾਅ ਦਿੱਤਾ ਸੀ ਕਿ ਦੋਹਾਂ ਰਾਜਾਂ ਵਿਚਕਾਰ ਸਤਲੁਜ ਦਰਿਆ ਨੂੰ ਸੀਮਾ ਸਵੀਕਾਰ ਕਰ ਲਿਆ



Ranjit Singh's possessions — Territory paying tribute to Ranjit Singh

ਜਾਵੇ। ਉਸ ਵੇਲੇ ਇਸ ਸੁਝਾਅ ਵੱਲ ਲਾਰਡ ਲੇਕ ਨੇ ਜਾ ਗਵਰਨਰ ਜਨਰਲ ਨੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਦਾ ਇਕੋ ਇਕ ਉਦੇਸ਼ ਸੀ ਕਿ ਮਰਾਠਿਆਂ ਨੂੰ ਖ਼ਤਮ ਕੀਤਾ ਜਾਵੇ। ਇਕ ਵਾਰ ਇਹ ਉਦੇਸ਼ ਪੂਰਾ ਹੋ ਗਿਆ ਤਾਂ ਈਸਟ ਇੰਡੀਆ ਕੰਪਨੀ ਦੇ ਬੋਰਡ ਦੇ ਡਾਇਰੈਕਟਰਾਂ ਨੇ ਆਪਣੇ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਕੰਪਨੀ ਨੂੰ ਹੋਰ ਲੜਾਈਆ ਵਿਚ ਨਾ ਉਲਝਾਇਆ ਜਾਵੇ ਅਤੇ ਜਮਨਾ ਦਰਿਆ ਨੂੰ ਭਾਰਤ ਅੰਦਰ ਅੰਗਰੇਜ਼ਾਂ ਦੀ ਜਾਇਦਾਦ ਲਈ ਪੱਛਮੀ ਸੀਮਾ ਮੰਨਿਆ ਜਾਵੇ। ਅਸਲ ਵਿਚ ਮਰਾਠਿਆ ਨਾਲ ਲੜਾਈ ਕਰਦਿਆਂ ਕੰਪਨੀ ਦੀਵਾਲੀਆ ਹੋ ਗਈ ਸੀ।

1805 ਵਿਚ ਤਿੰਨ ਸਾਲ ਦੀ ਮਰਾਠਾ ਮੁਹਿੰਮ ਦੇ ਸਮਾਪਤ ਹੋਣ ਨਾਲ ਮਹਾਰਾਜਾ ਸਾਹਿਬ ਅਤੇ ਕੰਪਨੀ ਦੇ ਸਤਲੁਜ ਪਾਰ ਦੀਆਂ ਰਿਆਸਤਾਂ ਸੰਬੰਧੀ ਵਤੀਰੇ ਵਿਚ ਅੰਤਰ ਆਇਆ। ਮਹਾਰਾਜਾ ਸਾਹਿਬ ਨੇ ਇਹ ਦਾਅਵਾ ਮੁੜ ਅਪਨਾ ਲਿਆ ਸੀ ਕਿ ਉਹ ਸਾਰੇ ਸਿੱਖਾਂ ਦਾ ਮੁਖੀ ਹੈ ਅਤੇ ਹਾਕਮ ਹੈ। ਇਸ ਦਾਅਵੇ ਨੂੰ ਉਹ ਮਾਲਵੇ ਦੇ ਸਰਦਾਰਾਂ ਪ੍ਰਤੀ ਦੋ ਵਾਰ ਜਤਲਾਂ ਵੀ ਚੁੱਕਾ ਸੀ। ਪਰ ਕਿਸੇ ਨੇ ਵੀ ਚੂੰ ਨਹੀਂ ਕੀਤੀ ਸੀ। ਇਨ੍ਹਾਂ ਤਿੰਨਾਂ ਸਾਲਾਂ ਅੰਦਰ ਕੰਪਨੀ ਇਸ ਯੋਗ ਹੋ ਗਈ ਕਿ ਆਪਣਾ ਖ਼ਜ਼ਾਨਾ ਮੁੜ ਭਰ ਸਕੇ। ਉਹ ਹੁਣ ਇਹ ਸਮਰੱਥਾ ਵੀ ਰਖਦੀ ਸੀ ਕਿ ਨਵੇਂ ਕਾਰਨਾਮੇ ਕਰ ਸਕੇ।

1807 ਵਿਚ ਜਦੋਂ ਤਾਰਾ ਸਿੰਘ ਘੇਬਾ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ ਗਿਆ ਤਾਂ ਸਤਲੁਜ ਪਾਰ ਦੇ ਸਰਦਾਰਾਂ ਅੰਦਰ ਕਾਫ਼ੀ ਰੋਸ ਜਾਗਿਆ। ਜਦੋਂ ਘੇਬਾ ਦੀ ਜਗੀਰ ਕਬਜ਼ੇ ਵਿਚ ਲੈ ਲਈ ਗਈ ਅਤੇ ਮੁਹਕਮ ਚੰਦ ਨੇ ਸਤਲੁਜ ਪਾਰ ਕੀਤਾ ਅਤੇ ਕਿਸੇ ਦਲੀਲ ਦੀ ਥਾਂ ਜੋਸ਼ ਅੰਦਰ ਅਨੰਦਪੁਰ ਸਾਹਿਬ ਅਤੇ ਨਾਲ ਲਗਦੇ ਕੁਝ ਪਿੰਡਾਂ ਤਕ ਚਲਿਆ ਗਿਆ ਤਾਂ ਮਾਲਵੇ ਦੇ ਸਰਦਾਰ ਭੈਭੀਤ ਹੋ ਗਏ ਅਤੇ ਉਨ੍ਹਾਂ ਹਿਫ਼ਾਜ਼ਤ ਵਾਸਤੇ ਅੰਗਰੇਜ਼ਾਂ ਪਾਸ ਬੇਨਤੀ ਕੀਤੀ। ਆਸ ਦੇ ਉਲਟ, ਸਥਿਤੀ ਉਨ੍ਹਾਂ ਦੇ ਹੱਕ ਵਿਚ ਹੋ ਗਈ। ਪਰ ਇਹ ਘਟਨਾਵਾਂ ਨਾ ਤਾਂ ਸਤਲੁਜ ਦੇ ਕੰਢਿਆਂ ਉਤੇ ਵਾਪਰੀਆਂ ਅਤੇ ਨਾ ਹੀ ਜਮਨਾ ਦੇ ਨੇੜੇ। ਇਹ ਚਮਤਕਾਰ ਤਾਂ ਟੇਮਜ਼ ਅਤੇ ਸੀਏਨੇ ਵਿਖੇ ਹੋਇਆ। ਕੁਝ ਸਾਲਾਂ ਅੰਦਰ ਹੀ ਨੈਪੋਲੀਅਨ ਬੋਨਾਪਾਰਟ ਇਕ ਤੋਂ ਪਿੱਛੋਂ ਇਕ ਯੂਰਪੀ ਦੇਸ ਨੂੰ ਫ਼ਤਹਿ ਕਰਦਾ ਚਲਾ ਗਿਆ। ਆਸਟਰੀਆ, ਆਸਟਰੇਲਿਟਜ਼ ਵਿਖੇ, ਪਰਸ਼ੀਆ ਜੇਨਾ ਵਿਖੇ, ਰੂਸ ਫਾਈਡਲੈਂਡ ਵਿਖੇ। ਜ਼ਾਰ ਅਲਕਜ਼ੈਂਡਰ ਅਤੇ ਬੋਨਾਪਾਰਟ ਨੇ ਇਕ ਸਮਝੌਤੇ 'ਤੇ ਤਿਲਸਿਟ ਵਿਖੇ ਹਸਤਾਖ਼ਰ ਕੀਤੇ। ਇਸ ਅਨੁਸਾਰ ਪਰਸਪਰ ਸਮਝ-ਬੂਝ ਲਈ ਕੋਈ ਬਹੁਤ ਹੀ ਗੁਪਤ ਗੱਲ ਨਹੀਂ ਰੱਖੀ ਗਈ। ਸਪੱਸ਼ਟ ਕਰ ਦਿੱਤਾ ਗਿਆ ਕਿ ਜੇਕਰ ਅੰਗਰੇਜ਼ਾਂ ਨੇ ਫਰਾਂਸ ਵਿਰੁੱਧ ਲੜਾਈ ਜਾਰੀ ਰੱਖੀ ਤਾਂ ਰੂਸ ਫਰਾਂਸ ਦੀ ਮਦਦ 'ਤੇ ਆ ਜਾਵੇਗਾ। ਬਰਤਾਨੀਆਂ ਦੀ ਸਾਗਰ ਤੇ ਸਰਦਾਰੀ ਸੀ। ਪਰ ਧਰਤੀ ਦੇ ਰਸਤੇ ਪਰਸ਼ੀਆ, ਅਫ਼ਗਾਨਿਸਤਾਨ, ਸਿੰਧ ਅਤੇ ਪੰਜਾਬ ਰਾਹੀਂ ਭਾਰਤ ਆਉਣ ਲਈ ਫਰਾਂਸ ਰੂਸ ਦੀਆਂ ਫ਼ੌਜਾਂ ਦੇ ਅਧੀਨ ਸੀ। ਇਸ ਲਈ ਅੰਗਰੇਜ਼ਾਂ ਨੂੰ ਆਪਣੀ ਸਿਆਸਤ ਵਿਚ ਸੋਧ ਕਰਨੀ ਪਈ। ਜੂਨ 1807 ਵਿਚ ਲਾਰਡ ਮਿੰਟੋ ਨੇ ਗਵਰਨਰ ਜਨਰਲ ਦਾ ਪਦ ਸੰਭਾਲਿਆ। ਇਸ ਖ਼ਤਰੇ ਵਿਰੁੱਧ ਤਿਆਰੀ ਲਈ ਉਸ ਨੂੰ ਹਦਾਇਤ ਕੀਤੀ ਗਈ। ਅੰਗਰੇਜ਼ੀ ਫ਼ੌਜਾਂ ਕਰਨਾਲ ਤਕ ਪਹੁੰਚ ਗਈਆਂ ਅਤੇ ਉਥੇ ਇਕ ਫ਼ੌਜੀ ਚੌਂਕੀ ਕਾਇਮ ਕੀਤੀ ਗਈ ਤਾਂ ਜੋ ਉੱਤਰ ਵੱਲੋਂ ਦਿੱਲੀ ਦੀ ਰਾਖੀ ਹੋ ਸਕੇ। ਹਰਿਆਣੇ ਤੇ ਕਬਜ਼ਾ ਕੀਤਾ ਗਿਆ ਅਤੇ ਰੇਤਲੇ ਇਲਾਕੇ ਦੀ ਗਸ਼ਤ ਲਈ 'ਸਕਿੱਨਰਜ਼ ਹਾਰਸ' ਨੂੰ ਹੋਰ ਸ਼ਕਤੀਸ਼ਾਲੀ ਕੀਤਾ ਗਿਆ ਕੁਝ ਬੰਨ੍ਹ ਬਣਾਉਣ ਲਈ ਵੀ ਬੰਦੋਬਸਤ ਕੀਤਾ ਗਿਆ ਤਾਂ ਜੋ ਰੂਸੀ-ਫਰਾਂਸ ਹਮਲੇ ਨੂੰ ਠੱਲ੍ਹਿਆ ਜਾ ਸਕੇ। ਇਹ ਬੰਨ੍ਹ ਪਰਸ਼ੀਆ, ਅਫ਼ਗਾਨਿਸਤਾਨ, ਸਿੰਧ ਅਤੇ ਪੰਜਾਬ ਵਿਚ

ਕਾਇਮ ਕੀਤੇ ਜਾਣੇ ਸਨ। ਚਾਰ ਮਿਸ਼ਨ ਬਾਹਰ ਭੇਜੇ ਗਏ। ਅਲਕਾਮ ਨੂੰ ਪਰਸ਼ੀਆ, ਐਲਫਿਸਟਨ ਨੂੰ ਕਾਬਲ, ਸੇਟੋਨ ਨੂੰ ਸਿੰਧ ਅਤੇ ਮੈਟਕਾਫ਼ ਨੂੰ ਲਾਹੌਰ ਦਰਬਾਰ ਨਾਲ ਗੱਲ-ਬਾਤ ਕਰਨ ਲਈ ਚੁਣਿਆ ਗਿਆ। ਵੈਸੇ ਅੰਗਰੇਜ਼ ਡੈਲੀਗੇਸ਼ਨ ਨੂੰ ਲਾਹੌਰ ਭੇਜਣ ਦਾ ਖ਼ਿਆਲ 1808 ਵਿਚ ਹੀ ਆ ਗਿਆ ਸੀ। ਜਦੋਂ ਖੁਫ਼ੀਆ ਖ਼ਬਰਾਂ ਮਿਲੀਆਂ ਸਨ ਕਿ ਮਹਾਰਾਜਾ ਰਣਜੀਤ ਸਿੰਘ ਗੰਗਾ ਦਰਿਆ ਵਿਚ ਇਸ਼ਨਾਨ ਕਰਨ ਲਈ ਹਰਿਦੁਆਰ ਜ਼ਰੂਰ ਜਾਣਗੇ ਤਾਂ ਦਿੱਲੀ ਦੇ ਰੈਜ਼ੀਡੈਂਟ ਨੇ ਆਪਣੀ ਸਰਕਾਰ ਨੂੰ ਇਹ ਸਲਾਹ ਦਿੱਤੀ ਸੀ ਕਿ ਇਸ ਮੌਕੇ ਦਾ ਫ਼ਾਇਦਾ ਜ਼ਰੂਰ ਉਠਾਉਣਾ ਚਾਹੀਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਸਨਮਾਨ ਕੀਤਾ ਜਾਵੇ ਅਤੇ ਭਵਿੱਖ ਦੇ ਸਲਾਹ-ਮਸ਼ਵਰੇ ਲਈ ਮਿੱਤਰਤਾ ਦਾ ਹੱਥ ਅੱਗੇ ਵਧਾਇਆ ਜਾਵੇ।

ਸਤਲੁਜ ਪਾਰ ਦੇ ਸਰਦਾਰਾਂ ਨੂੰ ਇਹ ਸੋਅ ਮਿਲੀ ਕਿ ਅੰਗਰੇਜ਼ ਉਨ੍ਹਾਂ ਵਿਚ ਦਿਲਚਸਪੀ ਲੈਂਦੇ ਹਨ। ਉਹ ਸਭ ਸਮਾਣਾ ਪਿੰਡ ਵਿਚ ਇਕੱਤਰ ਹੋਏ ਤਾਂ ਜੋ ਅੱਗੋਂ ਦੇ ਹਾਲਾਤ ਅਤੇ ਦਿਨਾਂ ਬਾਰੇ ਵਿਚਾਰ ਕੀਤੀ ਜਾ ਸਕੇ। ਇਹ ਅਹਿਸਾਸ ਸੀ ਕਿ ਅੰਗਰੇਜ਼ ਜਮਨਾ ਤਕ ਤਾਂ ਆ ਹੀ ਗਏ ਹਨ ਅਤੇ ਜ਼ਰੂਰੀ ਹੈ ਕਿ ਉੱਤਰ ਵੱਲ ਵੀ ਅੱਗੇ ਵਧਣਗੇ। ਇਹ ਵੀ ਖ਼ਿਆਲ ਸੀ ਕਿ ਅੰਗਰੇਜ਼ ਦਰਬਾਰ ਨਾਲੋਂ ਸ਼ਕਤੀਸ਼ਾਲੀ ਹਨ। ਅੰਗਰੇਜ਼ਾਂ ਪਾਸੋਂ ਤਾਂ ਆਸ ਰੱਖੀ ਜਾ ਸਕਦੀ ਹੈ ਕਿ ਉਹ ਉਨ੍ਹਾਂ ਦੇ ਨਿੱਜੀ ਵਕਾਰ ਅਤੇ ਪੱਧਰ ਦੀ ਗਾਰੰਟੀ ਦੇਣ, ਪਰ ਦਰਬਾਰ ਤਾਂ ਉਨ੍ਹਾਂ ਦੀ ਸਿਆਸੀ ਤਾਕਤ ਖ਼ਤਮ ਕਰਕੇ ਉਨ੍ਹਾਂ ਦੇ ਇਲਾਕੇ ਨੂੰ ਪੰਜਾਬ ਰਿਆਸਤ ਵਿਚ ਮਿਲਾ ਲਵੇਗਾ। ਬਜ਼ੁਰਗ ਜਗੀਰਦਾਰਾਂ ਨੇ ਆਪਣੇ ਖ਼ਿਆਲਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਸਪੱਸ਼ਟ ਕੀਤਾ :

"ਸਾਡੀ ਜ਼ਿੰਦਗੀ ਦੇ ਦਿਨ ਥੋੜ੍ਹੇ ਰਹਿ ਗਏ ਹਨ। ਅੰਗਰੇਜ਼ ਅਤੇ ਮਹਾਰਾਜਾ ਰਣਜੀਤ ਸਿੰਘ ਸਾਨੂੰ ਹੜੱਪ ਕਰ ਜਾਣਾ ਚਾਹੁੰਦੇ ਹਨ। ਅੰਗਰੇਜ਼ਾਂ ਦੀ ਹਿਫ਼ਾਜ਼ਤ ਤਾਂ ਅਜਿਹੀ ਕਮਜ਼ੋਰੀ ਵਾਂਗ ਹੋਵੇਗੀ ਜਿਸ ਨਾਲ ਜਾਨ ਹੌਲੀ-ਹੌਲੀ ਨਿਕਲਦੀ ਹੈ, ਪਰ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਤਾਂ ਅਧਰੰਗ ਵਾਂਗ ਆਵੇਗੀ ਅਤੇ ਇਸ ਨਾਲ ਸਾਡੀ ਜਾਨ ਕੁਝ ਘੰਟਿਆਂ ਵਿਚ ਹੀ ਸਮਾਪਤ ਹੋ ਜਾਵੇਗੀ।"

ਇਕ ਡੈਲੀਗੇਸ਼ਨ ਦਿੱਲੀ ਵਿਖੇ ਰੈਜ਼ੀਡੈਂਟ ਪਾਸ ਗਿਆ। ਇਸ ਡੈਲੀਗੇਸ਼ਨ ਵਿਚ ਜੀਂਦ ਦੇ ਭਾਗ ਸਿੰਘ, ਕੈਥਲ ਦੇ ਲਾਲ ਸਿੰਘ, ਜਗਾਧਰੀ ਦੇ ਭਗਵਾਨ ਸਿੰਘ ਅਤੇ ਪਟਿਆਲਾ ਅਤੇ ਨਾਭਾ ਦੇ ਵਕੀਲ ਸਨ। ਰੈਜ਼ੀਡੈਂਟ ਬਹਾਦਰ ਨੂੰ ਬਹੁਤ ਲੰਮਾ-ਚੌੜਾ ਯਾਦ-ਪੱਤਰ ਭੇਂਟ ਕੀਤਾ ਗਿਆ। ਇਸ ਵਿਚ ਕਿਹਾ ਗਿਆ ਸੀ ਅੰਗਰੇਜ਼ ਤਾਂ ਮੁਗ਼ਲਾਂ ਅਤੇ ਮਰਾਠਿਆਂ ਦੀ ਗੱਦੀ 'ਤੇ ਬੈਠੇ ਹਨ ਇਸ ਲਈ ਮਾਲਵੇ ਦੇ ਸਰਦਾਰ ਆਪਣੀ ਹਿਫ਼ਾਜ਼ਤ ਲਈ ਉਨ੍ਹਾਂ ਨੂੰ ਸਰਬ ਸੱਤਾਵਾਨ ਹਾਕਮ ਸਵੀਕਾਰ ਕਰਦੇ ਹਨ ਅਤੇ ਇਹ ਆਸ ਰੱਖਦੇ ਹਨ ਕਿ ਉਨ੍ਹਾਂ ਨੂੰ ਮਹਾਰਾਜਾ ਸਾਹਿਬ ਦੇ ਵਿਰੋਧੀ ਵਤੀਰੇ ਜਾਂ ਹਮਲੇ ਵਿਰੁੱਧ ਉਨ੍ਹਾਂ ਦੀ ਹਿਫ਼ਾਜ਼ਤ ਕੀਤੀ ਜਾਵੇਗੀ। ਰੈਜ਼ੀਡੈਂਟ ਬਹਾਦਰ ਨੇ ਆਪਣੇ ਵੱਲੋਂ ਕੋਈ ਪ੍ਰਤੀਬੱਧਤਾ ਪ੍ਰਗਟ ਕੀਤੇ ਬਿਨਾ ਇਹ ਯਾਦ-ਪੱਤਰ ਗਵਰਨਰ ਜਨਰਲ ਨੂੰ ਭੇਜ ਦਿੱਤਾ। ਕੰਪਨੀ ਦੀ ਨੀਤੀ ਅਜੇ ਵੀ ਇਹੋ ਸੀ ਕਿ "ਜਮਨਾ ਦਾ ਕੰਢਾ ਨਹੀਂ ਟੱਪਣਾ।" ਇਸ ਲਈ ਗਵਰਨਰ ਜਨਰਲ ਨੇ ਸਰਕਾਰੀ ਤੌਰ ਤੇ ਇਹ ਆਦੇਸ਼ ਦਿੱਤੇ ਕਿ ਇਸ ਯਾਦ-ਪੱਤਰ ਨੂੰ ਰੱਦ ਕੀਤਾ ਜਾਵੇ।

ਮਹਾਰਾਜਾ ਸਾਹਿਬ ਨੇ ਮਾਲਵੇ ਦੇ ਸਰਦਾਰਾਂ ਅਤੇ ਜਗੀਰਦਾਰਾਂ ਨੂੰ ਅੰਮ੍ਰਿਤਸਰ ਵਿਖੇ ਬੁਲਾਇਆ। ਉਨ੍ਹਾਂ ਨੂੰ ਮਹਾਰਾਜਾ ਸਾਹਿਬ ਨੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਰਿਆਸਤਾਂ ਨੂੰ ਹਥਿਆਉਣ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਨੂੰ ਤਾਂ ਬਰਾਬਰ ਦੇ ਸਮਝ ਕੇ

ਦਰਬਾਰ ਨਾਲ ਭਾਈਵਾਲੀ ਲਈ ਸੱਦਾ ਦਿੱਤਾ ਗਿਆ ਹੈ। ਇਨ੍ਹਾਂ ਸਰਦਾਰਾਂ ਤੇ ਜਗੀਰਦਾਰਾਂ ਨੇ ਆਪਣੇ ਦੇਸ਼ਵਾਸੀਆਂ ਨਾਲ ਜੀਉਣ ਅਤੇ ਮਰਨ ਦਾ ਫ਼ੈਸਲਾ ਕੀਤਾ : "ਜੇਕਰ ਬੱਬਰ ਸ਼ੇਰ ਅਤੇ ਬਘਿਆੜ ਵਿਚਕਾਰ ਚੋਣ ਕਰਨੀ ਪੈ ਜਾਵੇ ਤਾਂ ਉਸ ਨਾਲ ਹੀ ਸਮਝੌਤਾ ਕਰਨਾ ਲਾਹੇਵੰਦਾ ਹੈ ਜਿਹਦੀ ਗਰਜ਼ ਉੱਚੀ ਹੋਵੇ।"

ਪੰਜਾਬ ਦੇ ਰਾਜਸੀ ਰੰਗਮੰਚ ਤੇ ਮੈਟਕਾਫ਼ ਉਸ ਸਮੇਂ ਆਇਆ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਬੇਸ਼ੱਕ ਮਾਲਵਾ ਰਿਆਸਤਾਂ ਦੇ ਮੁਖੀਆਂ ਦਾ ਵਿਸ਼ਵਾਸ ਜਿੱਤ ਲਿਆ। ਉਹ ਇਹ ਸਮਝਦੇ ਸਨ ਕਿ ਭਾਵੇਂ ਬੱਬਰ ਸ਼ੇਰ ਅਤੇ ਬਘਿਆੜ ਵਿਚਕਾਰ ਫਸਣ ਵਾਲੀ ਗੱਲ ਹੈ ਪਰ ਕਿਸਮਤ ਦਾ ਫ਼ੈਸਲਾ ਇਸ ਦੇਸ਼ਵਾਸੀਆਂ ਹੱਥ ਸੁੱਟਣਾ ਅੱਛਾ ਹੈ।

ਮੈਟਕਾਫ਼ ਦਾ ਉਦੇਸ਼ ਤਾਂ ਇਹ ਸੀ ਕਿ ਫ਼ਰਾਂਸ ਦੇ ਹਮਲੇ ਵੇਲੇ ਮਹਾਰਾਜਾ ਸਾਹਿਬ ਨੂੰ ਅੰਗਰੇਜ਼ਾਂ ਦਾ ਸਾਥ ਦੇਣ ਲਈ ਪ੍ਰੇਰਿਆ ਜਾਵੇ। ਭਾਵੇਂ ਅਜਿਹੇ ਉਦੇਸ਼ ਸੰਬੰਧੀ ਇਤਿਹਾਸਕਾਰਾਂ ਅੰਦਰ ਮਤਭੇਦ ਹੈ। ਦਰਬਾਰ ਦਾ ਇਤਿਹਾਸਕਾਰ ਵੀ ਇਸ ਬਾਰੇ ਕੋਈ ਜ਼ਿਕਰ ਨਹੀਂ ਕਰਦਾ। ਵੀ. ਜੀ. ਕੀਰਨਨ ਇਸ ਦਾ ਕੁਝ ਹਵਾਲਾ ਦਿੰਦਾ ਹੈ। ਭਾਵੇਂ ਇਸ ਹਮਲੇ ਬਾਰੇ ਵਿਸ਼ਵਾਸ ਨਹੀਂ ਆਉਂਦਾ ਸੀ ਤਾਂ ਵੀ ਹੋਰ ਕਈ ਕਾਰਨ ਸਨ ਜਿਨ੍ਹਾਂ ਕਰਕੇ ਦਰਬਾਰ ਨੂੰ ਉਸ ਦੇ ਮਕਸਦ 'ਤੇ ਸ਼ੱਕ ਸੀ। ਫ਼ਰਾਂਸ ਏਨਾ ਦੂਰ ਸੀ ਕਿ ਇਹ ਸੋਚ ਹੀ ਨਹੀਂ ਢੁੱਕਦੀ ਸੀ ਕਿ ਉਧਰੋਂ ਭਾਰਤ ਉਤੇ ਹਮਲਾ ਹੋ ਸਕਦਾ ਸੀ। ਫ਼ਰਾਂਸ ਨੇ ਦਰਬਾਰ ਨਾਲ ਕਿਸੇ ਪ੍ਰਕਾਰ ਦਾ ਸੰਪਰਕ ਪੈਦਾ ਨਹੀਂ ਕੀਤਾ ਸੀ। ਨਾ ਹੀ ਇਸ ਗੱਲ ਦਾ ਜਾਣਕਾਰੀ ਸੀ ਕਿ ਉਨ੍ਹਾਂ ਅਫ਼ਗਾਨਾਂ ਜਾਂ ਸਿੰਧੀਆਂ ਨਾਲ ਕੋਈ ਮੇਲਜੋਲ ਰਖਿਆ ਹੋਵੇ। ਦੂਜੇ ਪਾਸੇ ਅੰਗਰੇਜ਼ ਆਪਣੇ ਏਲਚੀ ਕਾਬੁਲ ਭੇਜ ਰਹੇ ਸਨ ਤਾਂ ਜੋ ਕੋਈ ਸਮਝੌਤਾ ਹੋ ਜਾਵੇ ਕਿਉਂ ਜੋ ਅਫ਼ਗਾਨ ਪੰਜਾਬੀਆਂ ਦੇ ਪੁਰਾਣੇ ਦੁਸ਼ਮਣ ਸਨ, ਖ਼ਾਸ ਕਰਕੇ ਸਿੱਖਾਂ ਦੇ। ਉਹ ਆਪਣੇ ਏਲਚੀ ਸਿੰਧ ਦੇ ਅਮੀਰਾਂ ਪਾਸ ਭੇਜ ਰਹੇ ਸਨ, ਜਦੋਂ ਦਰਬਾਰ ਆਪਣਾ ਇਲਾਕਾ ਸਾਗਰ ਦੀ ਦਿਸ਼ਾ ਤਕ ਫ਼ੈਲਾਉਣਾ ਚਾਹੁੰਦਾ ਸੀ।

ਜਿਹੜੀਆਂ ਹਦਾਇਤਾਂ ਗਵਰਨਰ ਜਨਰਲ ਨੇ ਮੈਟਕਾਫ਼ ਨੂੰ ਦਿੱਤੀਆਂ ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਗਵਰਨਰ ਜਨਰਲ ਸਮਝਦਾ ਸੀ ਕਿ ਮਾਲਵਾ ਦੇ ਸਿੱਖ ਮੁਖੀਆਂ 'ਤੇ ਉਨ੍ਹਾਂ ਦੀ ਸਰਕਾਰ ਦਾ ਕੋਈ ਹੱਕ ਨਹੀਂ ਸੀ। ਉਹਨੇ ਸਪੱਸ਼ਟ ਰੂਪ ਵਿਚ ਕਿਹਾ ਕਿ ਮਾਲਵਾ ਦੀ ਯੋਜਨਾ ਬਾਰੇ ਅੰਗਰੇਜ਼ ਦਰਬਾਰ ਦੇ ਕੰਮ ਵਿਚ ਦਖ਼ਲ ਨਹੀਂ ਦੇਣਗੇ, "ਕਿਉਂਕਿ ਇਸ ਦਾ ਭਾਵ ਇਹ ਹੋਵੇਗਾ ਕਿ ਅਜਿਹੀਆਂ ਰਿਆਸਤਾਂ ਦੀ ਹਿਫ਼ਾਜ਼ਤ ਦੀ ਜ਼ਿੰਮੇਵਾਰੀ ਆ ਜਾਵੇਗੀ ਜਿਨ੍ਹਾਂ ਨਾਲ ਰੱਖਿਆ ਵਾਲੀ ਕੋਈ ਜ਼ਿੰਮੇਵਾਰੀ ਨਹੀਂ।" ਪਰ ਤਾਂ ਵੀ ਗਵਰਨਰ ਜਨਰਲ ਨੂੰ ਹਦਾਇਤ ਦਿੱਤੀ ਕਿ ਮਾਲਵਾ ਨੂੰ ਮੋਹਰੇ ਵਜੋਂ ਵਰਤੋ। ਉਨ੍ਹਾਂ ਮੈਟਕਾਫ਼ ਨੂੰ ਇਹ ਹਦਾਇਤ ਦਿੱਤੀ : "ਇਨ੍ਹਾਂ ਰਾਜਾਂ ਸੰਬੰਧੀ ਮਹਾਰਾਜਾ ਰਣਜੀਤ ਸਿੰਘ ਦੇ ਵਿਰੋਧੀ ਭਾਵ ਦੀ ਐਲਾਨੀ ਪ੍ਰੌੜ੍ਹਤਾ ਤੋਂ ਬਚ ਕੇ ਰਿਹਾ ਜਾਵੇ। ਜਦੋਂ ਤਕ ਇਹ ਅਨੁਮਾਨ ਨਾ ਲੱਗ ਜਾਵੇ ਕਿ ਅੰਗਰੇਜ਼ ਸਰਕਾਰ ਦੀ ਸੁਰੱਖਿਆ ਜ਼ਰੂਰਤ ਦੀ ਪੱਧਰ ਕੀ ਹੈ ਜਿਸ ਲਈ ਮਹਾਰਾਜਾ ਰਣਜੀਤ ਸਿੰਘ ਨਾਲ ਸੁਖਾਵੇਂ ਹਿਤ ਬਣਾਉਣੇ ਹੋਣ, ਉਦੋਂ ਤਕ ਇਹ ਨਿਰਾਧਾਰਤ ਕਰਨਾ ਸੌਖਾ ਨਹੀਂ ਹੋਵੇਗਾ ਕਿ ਉਸ ਉਦੇਸ਼ ਦੀ ਪੂਰਤੀ ਲਈ ਕਿੰਨੀ ਕੁਰਬਾਨੀ ਕਰਨੀ ਪਵੇਗੀ।"

ਮੈਟਕਾਫ਼ ਸਾਹਿਬ ਨੇ ਮਾਲਵਾ ਮੁਖੀਆਂ ਦਾ ਸੁਆਗਤ ਪਟਿਆਲਾ ਵਿਖੇ ਕੀਤਾ। ਸਾਹਿਬ ਸਿੰਘ ਨੇ ਨਾਟਕੀ ਵਤੀਰਾ ਅਪਣਾਇਆ ਜਦੋਂ ਉਸ ਅੰਗਰੇਜ਼ ਨੂੰ ਗੜ੍ਹੀ ਦੀਆਂ ਚਾਬੀਆਂ ਭੇਂਟ ਕੀਤੀਆਂ ਅਤੇ ਮੁੜ ਕੇ ਦੋਵੇਂ ਹੱਥ ਜੋੜ ਕੇ ਮੰਗੀਆਂ, ਜਿਸ ਦਾ ਪ੍ਰਤੀਕ

ਇਹ ਸੀ ਕਿ ਪਟਿਆਲਾ ਉਪਰ ਅੰਗਰੇਜ਼ਾਂ ਦੀ ਸਾਂਭ-ਸੰਭਾਲ ਸਵੀਕਾਰ ਕਰ ਲਈ ਗਈ ਹੈ। ਤਾਂ ਵੀ ਮੈਟਕਾਫ਼ ਨੇ ਰਿਪੋਰਟ ਵਿਚ ਲਿਖਿਆ ਹੈ ਕਿ "ਇਹ ਸਮਾਰੋਹ ਬੇਲੋੜਾ ਸੀ।" ਫੇਰ ਵੀ ਮੈਟਕਾਫ਼ ਸਾਹਿਬ ਨੇ "ਸਾਹਿਬ ਸਿੰਘ ਨੂੰ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਉਸ ਪ੍ਰਤੀ ਅੰਗਰੇਜ਼ਾਂ ਦੇ ਭਾਵ ਮਿੱਤਰਤਾ ਵਾਲੇ ਹਨ।" ਮੁਖੀਆਂ ਨੇ ਅੰਗਰੇਜ਼ਾਂ ਅਤੇ ਮਹਾਰਾਜਾ ਸਾਹਿਬ ਨੂੰ ਇਕ ਦੂਜੇ ਦੀ ਟੱਕਰ 'ਤੇ ਆਉਣ ਲਈ ਮਜਬੂਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੂੰ ਉਨ੍ਹਾਂ ਨੇ ਕਿਹਾ ਕਿ ਅੰਗਰੇਜ਼ਾਂ ਦੀ ਇਹ ਚਾਲ ਹੈ ਕਿ ਦਰਬਾਰ ਦੇ ਇਲਾਕੇ ਨੂੰ ਨਾਲ ਮਿਲਾਇਆ ਜਾਵੇਗਾ। ਉਧਰ ਮੈਟਕਾਫ਼ ਸਾਹਿਬ ਨੂੰ ਇਹ ਕਹਿ ਦਿੱਤਾ ਕਿ ਮਹਾਰਾਜਾ ਰਣਜੀਤ ਸਿੰਘ ਫ਼ੌਜਾਂ ਇਕੱਠੀਆਂ ਕਰਵਾ ਰਿਹਾ ਹੈ ਤਾਂ ਜੋ ਅੰਗਰੇਜ਼ਾਂ ਨਾਲ ਲੜ ਸਕੇ। 27 ਵਰ੍ਹਿਆਂ ਦੇ ਜਵਾਨ ਸਿੱਖ ਮਹਾਰਾਜਾ ਦੀ 23 ਸਾਲਾਂ ਦੇ ਨੌਜਵਾਨ ਅੰਗਰੇਜ਼ ਰਾਜਦੂਤ ਨਾਲ ਕਸੂਰ ਦੇ ਨੇੜੇ ਖੇਮਕਰਨ ਵਿਖੇ ਸਤੰਬਰ 12, 1808 ਵਿਚ ਮੁਲਾਕਾਤ ਹੋਈ। ਕੁਝ ਦਿਨਾਂ ਪਿੱਛੋਂ ਇਸ ਅੰਗਰੇਜ਼ ਨੇ ਦੱਸਿਆ ਕਿ 'ਫ਼ਰਾਂਸੀਸੀ' ਜਿਹੜੇ ਫ਼ਰਾਂਸ ਵਿਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਉਨ੍ਹਾਂ ਦੀ ਕਾਬਲ ਅਤੇ ਪੰਜਾਬ ਉਪਰ ਵੀ ਅੱਖ ਹੈ" ਅਤੇ ਇਸ ਹਿੱਸੇ ਦੀਆਂ ਸਾਰੀਆਂ ਰਿਆਸਤਾਂ ਦਾ ਹਿਤ ਇਸ ਗੱਲ ਵਿਚ ਹੈ ਕਿ ਉਹ ਸਾਰੀਆਂ ਇਕੱਠੀਆਂ ਹੋ ਜਾਣ, ਤਾਂ ਜੋ ਆਪਣੀ ਰਾਖੀ ਆਪ ਕਰ ਸਕਣ ਅਤੇ ਦੁਸ਼ਮਣ ਨੂੰ ਤਬਾਹ ਕਰ ਸਕਣ।"

ਦਰਬਾਰ ਨੇ ਇਹ ਤਜਵੀਜ਼ ਤਾਂ ਪਰਵਾਨ ਕਰ ਲਈ ਕਿ ਫ਼ਰਾਂਸ ਦੇ ਹਮਲੇ ਵਿਰੁੱਧ ਸਾਂਝੀ ਰੱਖਿਆ ਦਾ ਪ੍ਰਬੰਧ ਕੀਤਾ ਜਾਵੇ ਪਰ ਨਾਲ ਹੀ ਸੁਝਾਓ ਦਿੱਤਾ ਕਿ "ਦੋਹਾਂ ਰਾਜਾਂ ਦੇ ਜੋੜ ਵਿਚ ਉਸ ਰਿਪੋਰਟ ਨੂੰ ਖ਼ਤਮ ਕਰ ਦਿੱਤਾ ਜਾਵੇ ਜਿਹੜੀ ਸਾਰੇ ਦੇਸ਼ ਵਿਚ ਫੈਲਾਈ ਗਈ ਹੈ ਕਿ ਅੰਗਰੇਜ਼ ਸਰਕਾਰ ਅਤੇ ਮਹਾਰਾਜਾ ਵਿਚਕਾਰ ਟੱਕਰ ਹੋਣ ਵਾਲੀ ਹੈ।" ਮਹਾਰਾਜਾ ਸਾਹਿਬ ਨੇ ਵਿਸ਼ੇਸ਼ ਤੌਰ ਤੇ ਅੰਗਰੇਜ਼ ਸਰਕਾਰ ਪਾਸੋਂ ਮੰਗ ਕੀਤੀ ਕਿ ਉਸ ਦੀ ਮਾਲਵਾ ਉਪਰ ਪ੍ਰਭੂਸੱਤਾ ਪਰਵਾਨ ਕਰ ਲਈ ਜਾਵੇ। ਮੈਟਕਾਫ਼ ਇਸ ਸਵਾਲ 'ਤੇ ਬਹਿਸ ਨਹੀਂ ਕਰਨਾ ਚਾਹੁੰਦਾ ਸੀ ਕਿਉਂ ਜੋ ਇਹ ਕੇਵਲ ਇਕ 'ਪਾਸੇ ਦੇ ਹਿਤ' ਨੂੰ ਧਿਆਨ ਵਿਚ ਰਖਦੀ ਸੀ ਜਦੋਂ ਕਿ ਉਸ ਨੂੰ ਇਹ ਆਦੇਸ਼ ਸਨ ਕਿ ਪਰਸਪਰ ਹਿਤਾਂ ਵਾਲੇ ਸਵਾਲਾਂ ਬਾਰੇ ਵਿਚਾਰ-ਵਟਾਂਦਰਾ ਕਰੇ। ਫ਼ਕੀਰ ਅਜ਼ੀਜ਼ੁਦੀਨ ਨੇ ਇਹ ਸਪੱਸ਼ਟ ਕੀਤਾ ਕਿ ਸਾਂਝੀ ਸੀਮਾ ਦਾ ਸਵਾਲ ਵੀ ਪਰਸਪਰ ਹਿਤ ਦਾ ਸਵਾਲ ਹੈ ਜਿਵੇਂ ਕਿ ਸਮਝੌਤਾ ਕਰਨ ਦਾ।

ਇਉਂ ਮੈਟਕਾਫ਼ ਸਾਹਿਬ ਟਾਲਮਟੋਲ ਕਰਦਾ ਗਿਆ ਅਤੇ ਮਹਾਰਾਜਾ ਦਾ ਸਬਰ ਵੀ ਖ਼ਤਮ ਹੋ ਗਿਆ। ਆਖ਼ਿਰ ਉਨ੍ਹਾ ਕੈਂਪ ਤੋੜਨ ਦੇ ਆਦੇਸ਼ ਦਿੱਤੇ ਅਤੇ ਰਾਜਦੂਤ ਨੂੰ ਕਿਹਾ ਕਿ ਉਨ੍ਹਾਂ ਦੇ ਪਿੱਛੇ ਆਵੇ ਜੇਕਰ ਉਹ ਅਜਿਹਾ ਕਰਨ ਦੀ ਹਿੰਮਤ ਰਖਦਾ ਹੈ। ਰਣਜੀਤ ਸਿੰਘ ਨੇ ਸਤਲੁਜ ਪਾਰ ਕੀਤਾ ਅਤੇ ਫ਼ਰੀਦਕੋਟ ਵਿਚ ਦਾਖ਼ਲ ਹੋ ਗਿਆ। ਭਾਵੇਂ ਫ਼ਰੀਦਕੋਟ ਪਟਿਆਲੇ ਦੇ ਅਧੀਨ ਸੀ, ਪਰ ਫ਼ਰੀਦਕੋਟ ਨੇ ਬਗ਼ਾਵਤ ਕਰ ਦਿੱਤੀ, ਜਿਸ ਨੂੰ ਮਹਾਰਾਜਾ ਸਾਹਿਬ ਨੂੰ ਦਬਾਉਣਾ ਪਿਆ, ਕਿਉਂ ਜੋ ਪਟਿਆਲਾ ਉਪਰ ਉਹ ਆਪਣੀ ਸਰਦਾਰੀ ਦਾ ਹੱਕ ਰਖਦਾ ਸੀ।

ਫ਼ਰੀਦਕੋਟ ਨੇ ਕੋਈ ਰੋਕ ਨਾ ਪਾਈ। ਮੈਟਕਾਫ਼ ਵੀ ਫ਼ਰੀਦਕੋਟ ਪਹੁੰਚ ਗਿਆ ਅਤੇ ਉਸ ਸੰਧੀ ਦਾ ਮਸੌਦਾ ਪੇਸ਼ ਕੀਤਾ। ਇਸ ਦੀਆਂ ਤਿੰਨ ਧਾਰਾਵਾਂ ਸਨ ਕਿ ਜੇਕਰ ਫ਼ਰਾਂਸ ਵੱਲੋਂ ਹਮਲਾ ਕੀਤਾ ਜਾਵੇ ਤਾਂ ਉਸ ਵਿਰੁੱਧ ਸਾਂਝੀ ਕਾਰਵਾਈ ਕੀਤੀ ਜਾਵੇ। ਦਰਬਾਰ ਦੇ ਇਲਾਕੇ ਵਿਚੋਂ ਅੰਗਰੇਜ਼ੀ ਫ਼ੌਜੀ ਨੂੰ ਰਾਹ ਦਿੱਤਾ ਜਾਵੇ ਅਤੇ ਪੰਜਾਬ ਵਿਚ ਇਕ ਫ਼ੌਜੀ ਡੀਪੋ ਅਤੇ ਖ਼ੁਫ਼ੀਆ ਚੌਕੀ ਕਾਇਮ ਕੀਤੀ ਜਾਵੇ।

ਦਰਬਾਰ ਵੱਲੋਂ ਮੈਟਕਾਫ਼ ਸਾਹਿਬ ਨੂੰ ਵਿਰੋਧੀ ਤਜਵੀਜ਼ ਵਾਲਾ ਮਸੌਦਾ ਪੇਸ਼ ਕੀਤਾ ਗਿਆ। ਇਹਦੀਆਂ ਵੀ ਤਿੰਨ ਹੀ ਧਾਰਾਵਾਂ ਸਨ। ਪਹਿਲੀ ਇਹ ਕਿ ਅੰਗਰੇਜ਼ ਅਤੇ ਦਰਬਾਰ ਇਕ-ਦੂਜੇ ਨੂੰ ਅਤਿ ਉੱਤਮ ਕ੍ਰਿਪਾਲਤਾ ਦਾ ਵਤੀਰਾ ਦਰਸਾਉਣ; ਅਫ਼ਗਾਨਾਂ ਨਾਲ ਕਿਸੇ ਪ੍ਰਕਾਰ ਦੀ ਪ੍ਰਾਥਮਿਕਤਾ ਨਾ ਰੱਖੀ ਜਾਵੇ ਅਤੇ ਨਾ ਹੀ ਅੰਗਰੇਜ ਕਿਸੇ ਪ੍ਰਕਾਰ ਦਾ ਸਮਝੌਤਾ ਬਹਾਵਲਪੁਰ ਅਤੇ ਮੁਲਤਾਨ ਨਾਲ ਕਰਨ। ਦੂਜੇ, ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ (ਪ੍ਰਭੂਸੱਤਾ) ਸਾਰੀ ਸਿੱਖ ਕੌਮ ਉਪਰ ਪਰਵਾਨ ਕੀਤੀ ਜਾਵੇ। ਅੰਗਰੇਜ਼ ਕਿਸੇ ਵੀ ਬਾਗੀ ਜਾਂ ਨਾਖੁਸ਼ ਸਿੱਖ ਸਰਦਾਰ ਨੂੰ ਮੂੰਹ ਨਾ ਲਾਉਣ ਅਤੇ ਨਾ ਹੀ 'ਖਾਲਸਾ ਜੀ' ਦੀ ਰਵਾਇਤ ਵਿਚ ਦਖ਼ਲ ਦੇਣ; ਅਤੇ ਤੀਜੇ ਇਹ ਸਮਝੌਤਾ ਸਥਾਈ ਰੂਪ ਵਿਚ ਹੋਣਾ ਚਾਹੀਦਾ ਹੈ।

ਮੈਟਕਾਫ਼ ਨੇ ਇਹ ਵਿਰੋਧੀ ਤਜਵੀਜ਼ਾਂ ਗਵਰਨਰ ਜਨਰਲ ਪਾਸ ਭੇਜ ਦਿੱਤੀਆਂ। ਫ਼ਰੀਦਕੋਟ ਵਿਖੇ ਦੋ ਹਫ਼ਤੇ ਠਹਿਰ ਕੇ ਮਹਾਰਾਜਾ ਸਾਹਿਬ ਮਲੇਰਕੋਟਲਾ ਚਲੇ ਗਏ। ਮੈਟਕਾਫ਼ ਵੀ ਬਾਅਦ ਵਿਚ ਉਥੇ ਗਿਆ। ਮਲੇਰਕੋਟਲਾ ਦੇ ਪਠਾਨ ਹਾਕਮ ਨੇ ਈਨ ਮੰਨ ਲਈ। ਮੈਟਕਾਫ਼ ਨੇ ਮਲੇਰਕੋਟਲਾ ਦੇ ਨਵਾਬ ਦੀ ਇਹ ਬੇਨਤੀ ਅੱਖੋਂ ਓਹਲੇ ਕਰ ਦਿੱਤੀ ਸੀ ਕਿ ਉਹ ਉਹਦੇ ਹੱਕ ਵਿਚ ਦਖ਼ਲ ਦੇਵੇ ਅਤੇ ਲੱਗੇ ਕਰ ਵਿਚ ਕਟੌਤੀ ਕਰਵਾ ਦੇਵੇ। ਮੈਟਕਾਫ਼ ਨੇ ਆਪਣੇ ਖ਼ਿਆਲਾਤ ਕਾਗ਼ਜ਼ਾਂ ਤੇ ਨੋਟ ਵੀ ਕੀਤੇ ਜਿਨ੍ਹਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਸਤਲੁਜ ਦੇ ਪਾਰ ਦੀਆਂ ਰਿਆਸਤਾਂ ਉਤੇ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਕਬੂਲ ਕਰਦਾ ਹੈ। ਪਰ ਉਸ ਨੂੰ ਇਸ ਗੱਲ ਦਾ ਤੌਖ਼ਲਾ ਸੀ ਕਿ ਜੇਕਰ ਮਹਾਰਾਜਾ ਸਾਹਿਬ ਨੂੰ ਬਿਨਾਂ ਕਿਸੇ ਸ਼ਰਤ ਦੇ ਮਾਨਤਾ ਦਿੱਤੀ ਗਈ ਤਾਂ ਉਸ ਦਾ ਭਾਵ ਇਹ ਹੋਵੇਗਾ ਕਿ ਉਨ੍ਹਾਂ ਲੋਕਾਂ ਨੂੰ ਉਹਦੇ ਹਵਾਲੇ ਕਰ ਦਿੱਤਾ ਜਾਵੇਗਾ ਜਿਹੜੇ ਇਹ ਇੱਛਾ ਨਹੀਂ ਰਖਦੇ। ਇਸ ਨਾਲ ਮਹਾਰਾਜਾ ਸਾਹਿਬ ਨੂੰ ਹਮਲਾ ਕਰਨ ਦਾ ਹੌਸਲਾ ਖੁੱਲ੍ਹ ਜਾਵੇਗਾ।

ਮਹਾਰਾਜਾ ਸਾਹਿਬ ਨੇ ਆਪਣੀ ਸਫ਼ਲਤਾ ਦੀ ਕੂਚ ਜਾਰੀ ਰੱਖੀ ਅਤੇ ਜਿਥੇ-ਜਿਥੇ ਉਹ ਗਏ, ਲੋਕਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਪਟਿਆਲਾ ਵਿਖੇ ਠਹਿਰੇ ਹੋਏ ਸਾਹਿਬ ਸਿੰਘ ਨੇ ਭੁੱਲ ਬਖ਼ਸ਼ਵਾਈ। ਰਣਜੀਤ ਸਿੰਘ ਨੇ ਉਸ ਦੇ ਪੁਰਾਣੇ ਵਤੀਰੇ ਨੂੰ ਭੁਲਾ ਦਿੱਤਾ। ਉਸ ਨੂੰ ਗਲ ਨਾਲ ਲਾਇਆ ਅਤੇ ਉਸ ਨਾਲ ਦਸਤਾਰ ਵਟਾਈ।

ਇਸ ਪ੍ਰਕਾਰ ਮਹਾਰਾਜਾ ਸਾਹਿਬ ਨੇ ਸਪੱਸ਼ਟ ਰੂਪ ਵਿਚ ਸਾਬਤ ਕਰ ਦਿੱਤਾ, ਜੇਕਰ ਕਿਸੇ ਪ੍ਰਕਾਰ ਦੇ ਸਬੂਤ ਦੀ ਲੋੜ ਸੀ ਕਿ ਜਮਨਾ ਅਤੇ ਸਤਲੁਜ ਵਿਚਕਾਰ ਦੇ ਇਲਾਕੇ ਉਪਰ ਉਨ੍ਹਾਂ ਦਾ ਕੰਟਰੋਲ ਸੀ ਅਤੇ ਲਗਭਗ ਸਾਰੇ ਸਰਦਾਰ ਤੇ ਨਵਾਬ ਇਹ ਸਵੀਕਾਰ ਕਰਦੇ ਸਨ ਕਿ ਉਹ ਉਨ੍ਹਾਂ ਦਾ ਪ੍ਰਭੂਸੱਤਾ ਵਾਲਾ ਹਾਕਮ ਹੈ। ਮੈਟਕਾਫ਼ ਸਾਹਿਬ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਭਾਵੇਂ ਦਰਬਾਰ ਨਾਲ ਕੋਈ ਸਮਝੌਤਾ ਕਰਨ ਦੀ ਲੋੜ ਨਹੀਂ ਭਾਸਦੀ ਪਰ ਉਹ ਚੀਜ਼ਾਂ ਨੂੰ ਇਸ ਤਰ੍ਹਾਂ ਘੁਮਾਏ-ਫਿਰਾਏ ਕਿ ਕਰਨਲ ਆਸਟਰਲੋਨੀ ਆਪਣੀਆਂ ਫ਼ੌਜਾਂ ਨੂੰ ਇਕੱਠਾ ਕਰ ਲਵੇ ਅਤੇ ਮੈਦਾਨ ਸਾਂਭ ਲਵੇ। ਅਜਿਹਾ ਇਸ ਲਈ ਸੀ ਕਿ ਅੰਗਰੇਜ਼ ਸਰਕਾਰ ਨੇ ਜਮਨਾ ਅਤੇ ਸਤਲੁਜ ਵਿਚਕਾਰ ਆਪਣਾ ਦਬਦਬਾ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ ਅਤੇ ਆਪਣੀਆਂ ਫ਼ੌਜਾਂ ਉੱਤਰ ਵੱਲ ਭੇਜ ਰਹੀ ਸੀ।

ਮਹਾਰਾਜਾ ਸਾਹਿਬ ਇਸ ਗੱਲੋਂ ਬੇਖ਼ਬਰ ਸਨ ਕਿ ਗਵਰਨਰ ਜਨਰਲ, ਲਾਰਡ ਮਿੰਟੋ ਉਨ੍ਹਾਂ ਦੀ ਪਿੱਠ ਵਿਚ ਛੁਰਾ ਖੋਭਣ ਦੀ ਵਿਉਂਤ ਤਿਆਰ ਕਰ ਰਿਹਾ ਸੀ। ਮਹਾਰਾਜਾ ਸਾਹਿਬ ਮਾਲਵਾ ਦਾ ਦੌਰਾ ਕਰਕੇ ਅੰਮ੍ਰਿਤਸਰ ਪਹੁੰਚ ਗਏ। ਇਥੇ ਉਨ੍ਹਾਂ ਦਾ ਬੜਾ ਸ਼ਾਨਦਾਰ ਨਾਇਕ ਵਾਲਾ ਸ਼ਾਹੀ ਸੁਆਗਤ ਕੀਤਾ ਗਿਆ। ਖ਼ੁਸ਼ੀ ਦੇ ਗੀਤ ਗਾਏ ਅਤੇ ਉਨ੍ਹਾਂ ਉਪਰ ਫੁੱਲਾਂ ਦੀ

ਵਰਖਾ ਕੀਤੀ ਗਈ। ਕਈ ਰਾਤਾਂ ਤਕ ਗਲੀਆਂ ਅਤੇ ਮੰਦਰਾਂ ਵਿਚ ਰੋਸ਼ਨੀ ਕੀਤੀ ਗਈ। ਮਹਾਰਾਜਾ ਸਾਹਿਬ ਅਤੇ ਉਨ੍ਹਾਂ ਦੇ ਨਾਲ ਲੋਕ ਰੰਗਰਲੀਆਂ ਮਨਾਉਂਦੇ ਰਹੇ।

ਦਸੰਬਰ 10, 1808 ਨੂੰ ਮੈਟਕਾਫ਼ ਆਪਣੇ ਗਵਰਨਰ ਜਨਰਲ ਦਾ ਅਲਟੀਮੇਟਮ ਲੈ ਕੇ ਅੰਮ੍ਰਿਤਸਰ ਪੁੱਜਾ। ਉਹਨੇ ਮਹਾਰਾਜਾ ਸਾਹਿਬ ਦੀਆਂ ਨਾਚ-ਗਾਣੇ ਦੀਆਂ ਪਾਰਟੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਜਦੋਂ ਤਾਈਂ ਆਕਟਰਲੋਨੀ ਠੀਕ ਪੋਜ਼ੀਸ਼ਨ ਤੇ ਨਹੀਂ ਆਉਂਦਾ, ਉਸ ਦਾ ਕੰਮ 'ਉਧੇੜ-ਬੁਣ' ਕਰਦੇ ਰਹਿਣਾ ਸੀ। ਇਸ ਪ੍ਰਕਾਰ ਇਸ ਬਰਤਾਨਵੀ ਏਜੰਟ ਨੂੰ ਮਾਲਵਾ ਦੇ ਸਰਦਾਰਾਂ ਨਾਲ ਮੁੜ ਸੰਪਰਕ ਬਣਾਉਣ ਦਾ ਅਵਸਰ ਮਿਲ ਗਿਆ। ਇਸ ਦੌਰਾਨ ਉਸ ਦਾ ਸਾਥੀ ਐਲਫਿਨਸਟਨ ਆਪਣਾ ਕਾਬੁਲ ਦਾ ਮਿਸ਼ਨ ਪੂਰਾ ਕਰਕੇ ਆ ਚੁੱਕਾ ਸੀ ਅਤੇ (ਪੰਜਾਬ ਦੇ ਰਸਤੇ) ਵਾਪਸ ਬਰਤਾਨਵੀ ਇਲਾਕੇ ਵਿਚ ਪਹੁੰਚ ਗਿਆ ਸੀ।

ਮੈਟਕਾਫ਼ ਨੇ ਮਹਾਰਾਜਾ ਸਾਹਿਬ ਅੱਗੇ 'ਅਮੋੜ ਮੰਗ' ਪੇਸ਼ ਕੀਤੀ ਕਿ ਸਤਲੁਜ ਦੇ ਪੂਰਬ ਦਾ ਇਲਾਕਾ ਜਿਹੜਾ ਉਨ੍ਹਾਂ ਅੰਗਰੇਜ਼ੀ ਮਿਸ਼ਨ ਦੇ ਪਹੁੰਚਣ ਤਕ ਆਪਣੇ ਕਬਜ਼ੇ ਵਿਚ ਲੈ ਲਿਆ ਹੈ, ਉਹ ਤੁਰੰਤ ਵਾਪਸ ਕਰ ਦਿੱਤਾ ਜਾਵੇ। ਮਹਾਰਾਜਾ ਸਾਹਿਬ ਨੇ ਫ਼ੌਰਨ ਨਾਚ-ਗਾਣੇ ਦੀਆਂ ਮਹਿਫ਼ਲਾਂ ਬੰਦ ਕਰਵਾ ਦਿੱਤੀਆਂ ਅਤੇ ਲਾਹੌਰ ਪਰਤ ਆਏ ਤਾਂ ਜੋ ਆਪਣੇ ਸਰਦਾਰਾਂ ਅਤੇ ਮੰਤਰੀਆਂ ਨਾਲ ਸਲਾਹ-ਮਸ਼ਵਰਾ ਕਰ ਸਕਣ। ਲਾਹੌਰ ਆ ਕੇ ਮੈਟਕਾਫ਼ ਨੇ ਇਹ ਖ਼ਬਰ ਸੁਣਾ ਦਿੱਤੀ ਕਿ ਅੰਗਰੇਜ਼ੀ ਫ਼ੌਜ ਸਤਲੁਜ ਤਕ ਪਹੁੰਚ ਗਈ ਹੈ। ਦਰਬਾਰ ਦੇ ਸਲਾਹਕਾਰ ਦੁਚਿੱਤੀ ਵਿਚ ਪੈ ਗਏ। ਜਿਹੜਾ ਦਲ ਅੰਗਰੇਜ਼ਾਂ ਨਾਲ ਲੜਾਈ ਕਰਨ ਦੇ ਹੱਕ ਵਿਚ ਸੀ, ਉਸ ਦਾ ਨੇਤਾ ਮੁਹਕਮ ਚੰਦ ਸੀ, ਜਿਸ ਕਿਹਾ ਕਿ ਇੱਜ਼ਤ ਦੀ ਮੌਤ ਲੜਦੇ ਹੋਏ ਅਪਨਾਉਣੀ ਚੂੜੀਆਂ ਪਾ ਕੇ ਸ਼ਰਤਾਂ ਮੰਨਣ ਨਾਲੋਂ ਬਿਹਤਰ ਹੈ। ਉਸ ਦੇ ਕਹਿਣ ਅਨੁਸਾਰ ਇਹ ਹੁਕਮ ਜਾਰੀ ਕੀਤਾ ਗਿਆ ਕਿ ਸਭ ਸਰਦਾਰ ਆਪੋ-ਆਪਣੀਆਂ ਫ਼ੌਜਾਂ ਲੈ ਆਉਣ ਅਤੇ ਅੰਗਰੇਜ਼ੀ ਫ਼ੌਜ ਨੂੰ ਸਤਲੁਜ 'ਤੇ ਹੀ ਠੱਲ੍ਹ ਪਾਉਣ। ਗੋਬਿੰਦਗੜ੍ਹ, ਫਿਲੌਰ ਅਤੇ ਲਾਹੌਰ ਦੇ ਕਿਲ੍ਹੇ ਮਜ਼ਬੂਤ ਕਰ ਦਿੱਤੇ ਗਏ। ਕੁਝ ਦਿਨਾਂ ਦੇ ਅੰਦਰ ਇਕ ਲੱਖ ਆਦਮੀ ਲੜਾਈ ਕਰਨ ਲਈ ਤਿਆਰ ਹੋਇਆ। ਪਰ ਮੁਹਕਮ ਚੰਦ ਇੰਨੀ ਭਾਰੀ ਫ਼ੌਜ ਦੇ ਹੁੰਦਿਆਂ ਹੋਇਆਂ ਵੀ ਕੰਪਨੀ ਦੀ ਬਿਹਤਰ ਸਿਖਲਾਈ ਵਾਲੀ ਫ਼ੌਜ ਉਪਰ ਵਿਜੇ ਪ੍ਰਾਪਤ ਕਰਨ ਦਾ ਭਰੋਸਾ ਨਾ ਦਿਵਾ ਸਕਿਆ। ਫ਼ਕੀਰ ਅਜ਼ੀਜ਼ੁਦੀਨ ਸੁਲਾਹ ਦੇ ਹੱਕ ਵਿਚ ਸੀ ਅਤੇ ਜਿਥੋਂ ਤਕ ਹੋ ਸਕੇ ਲੜਾਈ ਨੂੰ ਦੂਰ ਹੀ ਰੱਖਣਾ ਚਾਹੁੰਦਾ ਸੀ। ਜਿਸ ਤੇਜ਼ੀ ਨਾਲ ਅੰਗਰੇਜ਼ ਅੱਗੇ ਵਧਦੇ ਆ ਰਹੇ ਸਨ ਉਸ ਨਾਲ ਮਹਾਰਜਾ ਸਾਹਿਬ ਫ਼ਕੀਰ ਦੀ ਸਲਾਹ ਮੰਨਣ ਲਈ ਤਿਆਰ ਹੋ ਗਏ।

ਜਨਵਰੀ 2, 1809 ਨੂੰ ਆਕਟਰਲੋਨੀ ਦਿੱਲੀ ਤੋਂ ਕਰਨਾਲ ਲਈ ਰਵਾਨਾ ਹੋਇਆ ਅਤੇ ਉਸ ਦੇ ਅਧੀਨ ਤਿੰਨ ਪੈਦਲ ਬਟਾਲੀਅਨਾਂ, ਇਕ ਰਸਾਲੇ ਦੀ ਰੈਜੀਮੈਂਟ ਅਤੇ ਕੁਝ ਤੋਪਖ਼ਾਨਾ ਸੀ। ਉਸ ਨੂੰ ਹਦਾਇਤ ਸੀ ਕਿ ਉਹ ਦਰਬਾਰ ਨੂੰ ਮਜਬੂਰ ਕਰੇ ਕਿ ਉਹ ਆਪਣੀਆਂ ਸੱਜਰੀਆਂ ਜਿੱਤਾਂ ਨੂੰ ਛੱਡ ਦੇਵੇ; ਰਸਤੇ ਵਿਚ ਜਾਂਦੇ-ਜਾਂਦੇ ਉਸ ਮਾਲਵਾ ਦੇ ਸਰਦਾਰਾਂ ਨੂੰ ਸਹਾਇਤਾ ਲਈ ਆਖਣਾ ਸੀ। ਜੇਕਰ ਉਨ੍ਹਾਂ ਵਿਚੋਂ ਕੋਈ ਮਹਾਰਾਜਾ ਸਾਹਿਬ ਲਈ ਹਮਦਰਦੀ ਪ੍ਰਗਟ ਕਰੇ ਤਾਂ ਉਸ ਨੂੰ ਸਪੱਸ਼ਟ ਤੌਰ ਤੇ ਦੱਸ ਦਿੱਤਾ ਜਾਵੇ ਕਿ ਉਸ ਦਾ ਕੀ ਹਸ਼ਰ ਹੋਵੇਗਾ ? ਉਸ ਨੂੰ ਇਹ ਵੀ ਹਦਾਇਤ ਸੀ ਕਿ ਉਸ ਅਨਸਰ ਨਾਲ ਸੰਪਰਕ ਕਰਨ ਦਾ ਅਵਸਰ ਹੱਥੋਂ ਨਾ ਜਾਣ ਦੇਵੇ, ਜਿਹੜਾ ਲਾਹੌਰ ਦਰਬਾਰ ਨਾਲ ਅਸੰਤੁਸ਼ਟ ਹੋਵੇ।

ਜਦੋਂ ਆਕਟਰਲੋਨੀ ਉੱਤਰ ਵੱਲ ਵਧ ਰਿਹਾ ਸੀ ਤਾਂ ਮੈਟਕਾਫ ਆਪਣੀ ਸਰਕਾਰ 'ਤੇ ਜ਼ੋਰ ਪਾ ਰਿਹਾ ਸੀ ਕਿ ਜੇ ਟੱਕਰ ਹੋ ਗਈ ਤਾਂ ਦਰਬਾਰ ਵਿਰੁੱਧ ਪੂਰੀ ਲੜਾਈ ਛੇੜ ਦਿੱਤੀ ਜਾਵੇ। ਅੱਛੀ ਕਿਸਮਤ ਨੂੰ ਹਮਲੇ ਦੀ ਲੋੜ ਜਾਂਦੀ ਰਹੀ। ਨੈਪੋਲੀਅਨ ਨੇ ਸਪੇਨ ਉੱਤੇ ਹਮਲਾ ਕਰ ਦਿੱਤਾ ਅਤੇ ਇਉਂ ਜਾਪਿਆ ਕਿ ਕੁਝ ਵਰ੍ਹਿਆਂ ਲਈ ਫਰਾਂਸ ਦੀ ਅੱਖ ਭਾਰਤ ਵੱਲ ਨਹੀਂ ਚੁੱਕੀ ਜਾਵੇਗੀ। ਇਸੇ ਹਿਸਾਬ ਨਾਲ ਦਰਬਾਰ ਸੰਬੰਧੀ ਅੰਗਰੇਜ਼ਾਂ ਦੀ ਨੀਤੀ ਵਿਚ ਵੀ ਮੋੜ ਆ ਗਿਆ।

ਜਨਵਰੀ 30, 1809 ਨੂੰ ਆਕਟਰਲੋਨੀ ਨੂੰ ਸੱਜਰੇ ਆਦੇਸ਼ ਪ੍ਰਾਪਤ ਹੋ ਗਏ। ਯੋਰਪ ਵਿਚ ਬਦਲੇ ਹੋਏ ਹਾਲਾਤਾ ਦੇ ਫਲਸਰੂਪ ਜੇਕਰ ਕਦੇ ਦਰਬਾਰ ਨਾਲ ਟੱਕਰ ਹੋਈ ਵੀ ਤਾਂ ਉਹ ਕੇਵਲ ਰੱਖਿਆ ਲਈ ਹੀ ਹੋਵੇਗੀ। ਸਤਲੁਜ ਦੀ ਫ਼ੌਜੀ ਚੌਂਕੀ ਦਾ ਇਹ ਕੰਮ ਹੋਵੇਗਾ ਕਿ ਪੰਜਾਬੀਆ ਨੂੰ ਠੱਲ੍ਹ ਪਾਈ ਜਾਵੇ ਜੇਕਰ ਉਹ ਦਰਿਆ ਪਾਰ ਕਰਨ ਲਈ ਯਤਨ ਕਰਨ।

ਆਕਟਰਲੋਨੀ ਆਪਣੀ ਫ਼ੌਜ ਸਮੇਤ ਅੱਗੇ ਚਲਦਾ ਗਿਆ। ਪਟਿਆਲਾ ਵਿਖੇ ਘੱਟ ਅਕਲ ਵਾਲੇ ਸਾਹਿਬ ਸਿੰਘ ਨੇ ਉਸ ਦਾ ਸੁਆਗਤ 'ਬੱਚਿਆਂ ਵਾਲੀ ਖ਼ੁਸ਼ੀ' ਨਾਲ ਕੀਤਾ। ਨਾਭਾ ਵਿਚ ਘੱਟ ਜੋਸ਼ ਤੇ ਖ਼ੁਸ਼ੀ ਸੀ। ਉਸ ਮਹਾਰਾਜਾ ਰਣਜੀਤ ਸਿੰਘ ਪਾਸੋਂ ਕਾਫ਼ੀ ਬਖ਼ਸ਼ਿਸ਼ਾਂ ਪ੍ਰਾਪਤ ਕਰ ਲਈਆਂ ਸਨ। ਜੀਂਦ ਦੇ ਭਾਗ ਸਿੰਘ ਨੇ ਵੀ ਕਾਫ਼ੀ ਕੁਝ ਪ੍ਰਾਪਤ ਕੀਤਾ ਸੀ ਅਤੇ ਉਹ ਚਾਹੁੰਦਾ ਸੀ ਕਿ ਲੁਧਿਆਣਾ ਸ਼ਹਿਰ ਜਿਹੜਾ ਉਸ ਆਪਣੇ ਪਾਸੋਂ ਖੋਹਿਆ ਸੀ ਤੇ ਹੁਣ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ, ਉਸ ਨੂੰ ਦਿਵਾਇਆ ਜਾਵੇ ਅਤੇ ਬਦਲੇ ਵਿਚ ਉਹ ਹਰਿਆਣਾ ਦੇ ਕਰਨਾਲ ਅਤੇ ਪਾਣੀਪਤ ਦਾ ਇਲਾਕਾ ਵੀ ਚਾਹੁੰਦਾ ਸੀ। ਮਲੇਰਕੋਟਲਾ ਦੇ ਨਵਾਬ ਨੂੰ ਉਸ ਦੀ ਜਾਇਦਾਦ ਦਾ ਮਾਲਕ ਬਣਾ ਦਿੱਤਾ ਗਿਆ।

ਫ਼ਰਵਰੀ 9 ਨੂੰ ਆਕਟਰਲੋਨੀ ਨੇ ਇਕ ਰਸਮੀ ਫ਼ਰਮਾਨ ਜਾਰੀ ਕੀਤਾ, ਜਿਸ ਅਨੁਸਾਰ "ਅੰਗਰੇਜ਼ ਸਰਕਾਰ ਦੀ ਪ੍ਰਸੰਨਤਾ ਪ੍ਰਗਟ ਕੀਤੀ ਗਈ" ਜਿਸ ਦਾ ਆਧਾਰ ਇਹ ਪੂਰਨ ਇੱਛਾ ਸੀ ਕਿ "ਮਹਾਰਾਜਾ ਸਾਹਿਬ ਨਾਲ ਮਿੱਤਰਤਾ ਦੀ ਪ੍ਰੌਢ਼ਤਾ ਕੀਤੀ ਜਾਵੇ ਅਤੇ ਉਸ ਦੇ ਇਲਾਕੇ ਨੂੰ ਆਂਚ ਨਾ ਆਉਣ ਦਿੱਤੀ ਜਾਵੇ" ਅਤੇ ਇਸ ਤੋਂ ਅੱਗੇ "ਮਹਾਰਾਜਾ ਸਾਹਿਬ ਦੀਆਂ ਫ਼ੌਜਾਂ ਇਸ ਪਾਰ ਦੇ ਸਰਦਾਰਾਂ ਦੇ ਇਲਾਕੇ ਉੱਤੇ ਧਾਵਾ ਨਹੀਂ ਬੋਲਣਗੀਆਂ" ਜੇਕਰ ਮਹਾਰਾਜਾ ਸਾਹਿਬ ਇਹ ਸ਼ਰਤਾਂ ਪਰਵਾਨ ਨਾ ਕਰਨ ਤਾਂ ਇਸ ਫ਼ਰਮਾਨ ਅਨੁਸਾਰ "ਇਸ ਦਾ ਅਰਥ ਇਹ ਹੋਵੇਗਾ ਕਿ ਮਹਾਰਾਜਾ ਸਾਹਿਬ ਦੇ ਦਿਲ ਅੰਦਰ ਅੰਗਰੇਜ਼ ਦੀ ਮਿੱਤਰਤਾ ਲਈ ਕੋਈ ਸਤਿਕਾਰ ਨਹੀਂ।"

ਮਹਾਰਾਜਾ ਸਾਹਿਬ ਨੂੰ ਆਪਣੇ ਮਾਣ ਦੀ ਕੌੜੀ ਗੋਲੀ ਨਿਗਲਣੀ ਪਈ ਅਤੇ ਪੰਜਾਬ ਦੀ ਪੂਰਬੀ ਸੀਮਾ ਸਤਲੁਜ ਸਵੀਕਾਰ ਕਰਨੀ ਪਈ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਪਰਤ ਆਏ ਸੀ ਜਿਥੇ ਸੰਧੀ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਜਾਣਾ ਸੀ।

ਛੇ ਮਹੀਨੇ ਪਹਿਲਾਂ ਚਲਦੀ ਗੱਲ-ਬਾਤ ਰਾਹੀਂ ਅਜਿਹਾ ਤਣਾਓ ਭਰਪੂਰ ਵਾਤਾਵਰਣ ਪੈਦਾ ਹੋ ਗਿਆ ਸੀ ਕਿ ਅਕਾਲੀ ਫੂਲਾ ਸਿੰਘ ਦੇ ਨਿਹੰਗਾਂ ਅਤੇ ਮੈਟਕਾਫ ਦੇ ਮੁਸਲਮਾਨ ਅੰਗਪਾਲ ਵਿਚਕਾਰ ਮਾਮੂਲੀ ਜਿਹੇ ਝਗੜੇ ਤੋਂ ਬਾਰੂਦ ਦੇ ਭੰਡਾਰ ਨੂੰ ਪਲੀਤਾ ਲੱਗ ਗਿਆ। ਅੱਛੀ ਕਿਸਮਤ ਸੀ ਕਿ ਅਜੇ ਇਹ ਖ਼ਬਰ ਕਲਕੱਤੇ ਨਹੀਂ ਸੀ ਪਹੁੰਚੀ ਅਤੇ ਗਵਰਨਰ ਜਨਰਲ ਨੇ ਦਰਬਾਰ ਨਾਲ ਕੀਤੀਆਂ ਜਾਣ ਵਾਲੀਆ ਸੰਧੀਆਂ ਦਾ ਮਸੌਦਾ ਭੇਜ ਦਿੱਤਾ ਸੀ। ਇਸ ਪ੍ਰਕਾਰ ਵੇਲੇ ਸਿਰ ਭਿਆਨਕ ਜੰਗ ਦਾ ਧਮਾਕਾ ਟਲ ਗਿਆ।

ਇਸ ਮਸੌਦੇ ਅਨੁਸਾਰ ਦਰਬਾਰ ਨਾਲ ਪੱਕੀ ਦੋਸਤੀ ਅਤੇ ਉੱਤਮ ਹੱਕਾਂ ਵਾਲੀ ਕੌਮ

ਜਿਹਾ ਵਿਹਾਰ, ਸਤਲੁਜ, ਦੇ ਉੱਤਰ ਵੱਲ ਦੇ ਇਲਾਕੇ ਉਪਰ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਭੁਸੱਤਾ ਦੀ ਮਾਨਤਾ ਅਤੇ ਨਾਲ ਹੀ ਇਹ ਰਿਆਇਤ ਦੇਣੀ ਸੀ ਕਿ ਕੁਝ ਫ਼ੌਜ ਸਤਲੁਜ ਦੇ ਦੱਖਣ ਵੱਲ ਰੱਖਣ ਦੀ ਇਜਾਜ਼ਤ ਹੋਵੇ ਤਾਂ ਜੋ ਉਹ ਆਪਣੀਆਂ ਪੂਰਬੀ ਇਲਾਕੇ ਦੀਆਂ ਜਗੀਰਾਂ ਦੀ ਦੇਖਭਾਲ ਕਰ ਸਕੇ। ਪਿਛਲੀ ਮੁਹਿੰਮ ਦੇ ਦੌਰਾਨ ਜਿਹੜੇ ਇਲਾਕੇ ਦਰਬਾਰ ਦੀਆਂ ਫ਼ੌਜਾਂ ਨੇ ਆਪਣੇ ਅਧੀਨ ਕਰ ਲਏ ਸਨ, ਉਹ ਛੱਡ ਦਿੱਤੇ ਗਏ। ਇਸ ਸੰਧੀ ਉਤੇ ਰਸਮੀ ਤੌਰ ਤੇ ਪੰਝੀ ਤਾਰੀਖ਼ ਨੂੰ ਹਸਤਾਖ਼ਰ ਹੋ ਗਏ। ਹਫ਼ਤਾ ਭਰ ਮੈਟਕਾਫ਼ ਲਈ ਵਿਦਾਇਗੀ ਪਾਰਟੀਆ ਚਲਦੀਆਂ ਰਹੀਆਂ ਅਤੇ ਇਹ ਏਲਚੀ ਆਪਣੇ ਆਪ ਵਿਚ ਬਹੁਤ ਖ਼ੁਸ਼ ਹੁੰਦਾ ਹੋਇਆ ਪੰਜਾਬ ਤੋਂ ਵਿਦਾ ਹੋਇਆ।

ਭਾਵੇਂ ਸੰਧੀ ਹੋ ਗਈ ਅਤੇ ਜਸ਼ਨ ਵੀ ਮਨਾਏ ਗਏ ਤਾਂ ਵੀ ਦੋਹਾ ਧਿਰਾਂ ਅੰਦਰ ਕੁਝ ਸਮੇਂ ਲਈ ਬੁਰੀ ਨੀਅਤ ਚਲਦੀ ਰਹੀ। ਦਰਬਾਰ ਵਿਚ ਮੁਹਕਮ ਚੰਦ ਅਤੇ ਅਕਾਲੀ ਫੂਲਾ ਸਿੰਘ ਜਿਹੇ ਵਿਅਕਤੀ ਵੀ ਸਨ ਜਿਨ੍ਹਾਂ ਦਾ ਸਿਧਾਂਤ ਸੀ ਕਰੋ ਅਤੇ ਮਰੋ। ਉਨ੍ਹਾਂ ਦੀ ਧਾਰਨਾ ਸੀ ਕਿ ਮਹਾਰਾਜਾ ਸਾਹਿਬ ਨੂੰ ਸੰਧੀ ਫਾੜ ਦੇਣੀ ਚਾਹੀਦੀ ਹੈ ਅਤੇ ਲੜਨਾ ਚਾਹੀਦਾ ਹੈ। ਮਰਾਠਿਆਂ, ਰੋਹੇਲਿਆਂ ਅਤੇ ਬੇਗ਼ਮ ਸਮਰੂ ਨਾਲ ਸੰਪਰਕ ਪੈਦਾ ਕੀਤਾ ਗਿਆ। ਉੱਤਰੀ ਭਾਰਤ ਵਿਚ ਇਹ ਅਫ਼ਵਾਹ ਗਰਮ ਹੋ ਗਈ ਕਿ ਸਿੱਖ ਤੇ ਮਰਾਠੇ ਮਿਲ ਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਦੀ ਵਿਉਂਤ ਬਣਾ ਰਹੇ ਹਨ। ਅੰਗਰੇਜ਼ ਇਨ੍ਹਾ ਅਫ਼ਵਾਹਾਂ ਤੋਂ ਦੁਖੀ ਹੋ ਗਏ। ਉਨ੍ਹਾਂ ਇਕ ਫ਼ੌਜੀ ਟੁਕੜੀ ਹਾਂਸੀ ਵਿਖੇ ਭੇਜ ਦਿੱਤੀ ਤਾਂ ਜੋ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਸਿੰਧੀਆ ਜਾਂ ਹੋਲਕਰ ਦੀ ਫ਼ੌਜ ਨਾਲ ਗੰਢ-ਤਰੁੱਪ ਨਾ ਕਰ ਸਕੇ।

ਮਹਾਰਾਜਾ ਸਾਹਿਬ ਸ਼ਾਂਤ-ਚਿੱਤ ਰਹੇ। ਮੁਹਕਮ ਚੰਦ ਵਾਸਤੇ ਉਨ੍ਹਾਂ ਦੇ ਦਿਲ ਵਿਚ ਬਹੁਤ ਸਤਿਕਾਰ ਸੀ ਪਰ ਉਨ੍ਹਾ ਮਰਾਠਿਆਂ ਦੀ ਸਹਾਇਤਾ ਤੇ ਸਾਂਝ ਦੇ ਬਚਨਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਨ੍ਹਾਂ ਆਪਣੇ ਦਰਬਾਰੀਆਂ ਨੂੰ ਕਿਹਾ, "ਮਰਾਠਿਆਂ ਨੂੰ ਪਹਿਲ ਕਰਨ ਦਿਓ। ਮੈਂ ਉਨ੍ਹਾਂ ਨਾਲ ਰਲ ਜਾਵਾਂਗਾ।" ਪਰ ਮਰਾਠਿਆਂ ਨੇ ਪਹਿਲ ਨਾ ਕੀਤੀ ਅਤੇ ਇਹ ਵੀ ਹੋ ਸਕਦਾ ਸੀ ਕਿ ਉਹ ਉੱਕਾ ਹੀ ਨਾ ਹਿੱਲਦੇ, ਜਦੋਂ ਤਕ ਪੰਜਾਬੀਆਂ ਦੇ ਹੱਕ ਵਿਚ ਜੰਗ ਦਾ ਰੰਗ ਨਾ ਆ ਜਾਂਦਾ। ਜਿਉਂ-ਜਿਉਂ ਸਮਾਂ ਬੀਤਦਾ ਗਿਆ ਅਫ਼ਵਾਹਾਂ ਠੰਢੀਆਂ ਹੁੰਦੀਆਂ ਗਈਆਂ। ਬੇਇਤਬਾਰੀ ਦੇ ਬੱਦਲ ਉੱਡ ਗਏ ਤੇ ਦਰਬਾਰ ਅਤੇ ਅੰਗਰੇਜ਼ਾਂ ਦੇ ਸੰਬੰਧ ਆਮ ਵਾਂਗ ਹੋ ਗਏ। ਅੱਗੋਂ ਸਗੋਂ ਹੋਰ ਮਿੱਤਰਤਾ ਭਰਪੂਰ ਹੋ ਗਏ। ਉਸੇ ਸਾਲ ਜੂਨ ਵਿਚ ਗਵਰਨਰ ਜਨਰਲ ਨੇ ਮਹਾਰਾਜਾ ਸਾਹਿਬ ਨੂੰ ਲਿਖਿਆ ਕਿ ਉਹ ਪਰਸਪਰ ਮਿੱਤਰਤਾ ਦੇ ਸੰਬੰਧਾਂ ਤੋਂ ਬਹੁਤ ਖ਼ੁਸ਼ ਹਨ। ਮਹਾਰਾਜਾ ਰਣਜੀਤ ਸਿੰਘ ਨੇ ਵੀ ਬੜੇ ਸ਼ਾਨਦਾਰ ਢੰਗ ਨਾਲ ਉੱਤਰ ਦਿੱਤਾ: "ਆਪਣੇ ਦਿਲ ਨਾਲ ਨਾਪਣ ਦੀ ਕੋਸ਼ਿਸ਼ ਕਰੋ ਕਿ ਮੇਰੇ ਦਿਲ ਦੀ ਹਾਲਤ ਕਿਹੋ ਜਿਹੀ ਹੈ।"

ਲਾਹੌਰ ਦੀ ਸੰਧੀ ਨਾਲ ਪੰਜਾਬੀਆਂ ਦੇ ਸਾਂਝੇ ਪੰਜਾਬ ਦੇ ਸੁਪਨੇ ਖ਼ਤਮ ਹੋ ਗਏ। ਬਾਕੀ ਦੇਸ਼ ਨਾਲੋਂ ਮਾਲਵਾ ਸਦਾ ਲਈ ਟੁੱਟ ਗਿਆ। ਮਲਵਈ ਸਰਦਾਰ ਮੁੜ ਪੁਰਾਣੀਆਂ ਚਾਲਬਾਜ਼ੀਆਂ ਅਤੇ ਤਾਹਨਿਆਂ-ਮਿਹਣਿਆਂ 'ਤੇ ਆ ਗਏ। ਅੰਗਰੇਜ਼ ਸਰਕਾਰ ਨੇ ਵੀ ਇਹ ਭਾਂਪ ਲਿਆ ਕਿ ਉਨ੍ਹਾਂ ਨੂੰ ਦਰਬਾਰ ਦੀ ਹਿਫ਼ਾਜ਼ਤ ਨਾਲੋਂ ਇਕ-ਦੂਜੇ ਪਾਸੋਂ ਹਿਫ਼ਾਜ਼ਤ ਵਧੇਰੇ ਚਾਹੀਦੀ ਸੀ। ਸਿੱਟੇ ਵਜੋਂ ਅੰਗਰੇਜ਼ ਸਰਕਾਰ ਨੇ ਇਕ ਹੋਰ ਐਲਾਨ ਅਗਸਤ 22, 1811 ਨੂੰ ਕੀਤਾ ਜਿਸ ਨਾਲ "ਕੌਮ ਦੇ ਹਾਲਾਤ ਸੁਖਾਵੇਂ ਬਣ ਜਾਣਗੇ" ਜਿਹੜੇ ਮਾਲਵੇ ਦੇ ਸਰਦਾਰਾਂ ਦੇ ਲੋਭ ਤੇ ਹਿਰਸ ਕਾਰਨ ਪ੍ਰਭਾਵਿਤ ਹੋਏ ਹਨ। ਇਸ ਐਲਾਨ ਵਿਚ ਇਹ ਵੀ ਕਿਹਾ ਗਿਆ ਕਿ ਜੇਕਰ ਸਰਦਾਰ ਅਮਨ-ਕਾਨੂੰਨ ਆਪਣੇ ਹੱਥ ਵਿਚ ਲੈ ਲੈਣ ਤਾਂ ਦਖ਼ਲਅੰਦਾਜ਼ੀ ਕੀਤੀ

ਜਾਵੇ । ਇਸ ਪ੍ਰਕਾਰ ਦੋ-ਤਿੰਨ ਸਾਲਾ ਦੇ ਅੰਦਰ ਅੰਗਰੇਜ਼ ਹਿਫਾਜ਼ਤ ਕਰਨ ਵਾਲੇ ਪੱਧਰ ਤੋਂ ਉਠ ਕੇ ਪ੍ਰਭੂਸੱਤਾ ਵਾਲੀ ਸ਼ਕਤੀ ਬਣ ਗਏ । ਮਾਲਵਾ ਦਾ ਅਲਹਾਕ ਕਰ ਲਿਆ ਗਿਆ ਅਤੇ ਉਹ ਇਲਾਕਾ ਅੰਗਰੇਜ਼ਾਂ ਦਾ ਹੋ ਗਿਆ । ਇਉਂ ਮਲਵਈ ਆਜ਼ਾਦ ਪੰਜਾਬੀ ਰਿਆਸਤ ਦੀਆਂ ਫ਼ੌਜੀ ਸਰਗਰਮੀਆਂ ਦੇ ਦਰਸ਼ਕ ਬਣ ਕੇ ਰਹਿ ਗਏ ।

ਸੰਧੀ ਰਾਹੀਂ ਦਰਬਾਰ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਪੂਰਬੀ ਸਰਹੱਦ ਸੁਰੱਖਿਅਤ ਰਹੇਗੀ । ਇਹ ਗਾਰੰਟੀ ਹੋਵੇਗੀ ਕਿ ਹੋਰ ਦਿਸ਼ਾਵਾਂ ਵਿਚ ਆਪਣੇ ਰਾਜ ਦੇ ਇਲਾਕੇ ਨੂੰ ਵਧਾਉਣ ਵਿਚ ਦਰਬਾਰ ਦੀ ਵਿਉਂਤ ਅੰਦਰ ਕੋਈ ਦਖ਼ਲ ਨਹੀਂ ਦਿੱਤਾ ਜਾਵੇਗਾ । ਪਰ ਇਹ ਆਸ ਵੀ ਅੱਗੋਂ ਝੂਠੀ ਸਾਬਤ ਹੋਈ ਜਦੋਂ ਅੰਗਰੇਜ਼ ਹੋਰ ਇਲਾਕੇ ਜਿੱਤਣ ਦੇ ਕਾਬਲ ਹੋ ਗਏ ਤਾਂ ਉਨ੍ਹਾਂ ਦਰਬਾਰ ਦੇ ਸਿੰਧ, ਉੱਤਰ ਅਤੇ ਉੱਤਰ-ਪੱਛਮ ਵੱਲ ਵਧਦੇ ਕਦਮਾਂ ਨੂੰ ਏਸੇ ਸੰਧੀ ਰਾਹੀਂ ਰੋਕ ਪਾਈ ।

ਕਾਂਡ—14

ਪੰਜਾਬ ਦਾ ਸੰਗਠਨ

ਕਾਂਗੜਾ ਉਤੇ ਕਬਜ਼ਾ ਤੇ ਗੋਰਖਿਆਂ ਨੂੰ ਕੱਢਣਾ

ਇਹ ਸਮਾਂ ਕਾਂਗੜਾ 'ਤੇ ਕਬਜ਼ਾ ਕਰਨ ਅਤੇ ਗੋਰਖਿਆਂ ਦੇ ਕੱਢਣ ਦਾ ਸੀ। ਲਾਹੌਰ ਦੀ ਸੁਲਾਹ ਦੀ ਸੰਧੀ ਨਾਲ ਦਰਬਾਰ ਨੂੰ ਕੋਈ ਮਾਣ ਨਹੀਂ ਮਿਲਿਆ। ਕਿਉਂਕਿ ਪੰਜਾਬੀ ਤਾਂ ਲੜਨਾ-ਮਰਨਾ ਜਾਣਦੇ ਹਨ। ਚੰਗੀ ਕਿਸਮਤ ਨੂੰ ਅੰਗਰੇਜ਼ ਦੂਤ ਦੇ ਚਲੇ ਜਾਣ ਤੋਂ ਛੇ ਮਹੀਨੇ ਪਿੱਛੋਂ ਇਕ ਅਵਸਰ ਪ੍ਰਾਪਤ ਹੋਇਆ ਤਾਂ ਜੋ ਮੂੰਹ ਵਿਖਾਉਣ ਜੋਗੇ ਹੋਣ।

ਗੋਰਖਿਆਂ ਹੱਥੋਂ ਹਾਰਿਆ ਹੋਇਆ ਸੰਸਾਰ ਚੰਦ ਹੱਥ-ਪੈਰ ਮਾਰ ਰਿਹਾ ਸੀ। ਉਸ ਅੰਗਰੇਜ਼ਾਂ ਅਤੇ ਦਰਬਾਰ ਪਾਸੋਂ ਸਹਾਇਤਾ ਦੀ ਯਾਚਨਾ ਕੀਤੀ। ਸੰਸਾਰ ਚੰਦ ਦੇ ਮਨਸੂਬੇ ਨੂੰ ਰੋਕਣ ਲਈ ਗੋਰਖਿਆਂ ਨੇ ਅੰਗਰੇਜ਼ਾਂ ਨੂੰ ਕਿਹਾ ਕਿ ਕਾਂਗੜਾ 'ਤੇ ਕਬਜ਼ਾ ਕਰਨ ਲਈ ਉਹ ਗੋਰਖਿਆਂ ਦਾ ਸਾਥ ਦੇਣ। ਨਾਲ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਕਰ ਦੇਣ ਦੀ ਪੇਸ਼ਕਸ਼ ਕੀਤੀ ਜੇਕਰ ਉਹ ਇਸ ਪਾਸੇ ਦਖ਼ਲ ਨਾ ਦੇਣ। ਉਨ੍ਹਾਂ ਦੀ ਦਲੀਲ ਸੀ ਕਿ ਉਹ ਉਨ੍ਹਾਂ ਲੋਕਾਂ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦੇ ਸਕਦੇ ਸਨ, ਜਿਹੜੇ ਸਤਲੁਜ ਦੇ ਪੱਛਮ ਵਿਚ ਸਨ; ਦਰਬਾਰ ਨੇ ਸੰਸਾਰ ਚੰਦ ਦੀ ਸਹਾਇਤਾ ਕਰਨੀ ਇਸ ਲਈ ਮੰਨ ਲਈ ਕਿ ਕਾਂਗੜਾ ਪੰਜਾਬ ਦਾ ਅੰਗ ਸੀ। ਪਰ ਇਸ ਸਹਾਇਤਾ ਲਈ ਇਕ ਸ਼ਰਤ ਇਹ ਸੀ ਕਿ ਸੰਸਾਰ ਚੰਦ ਕਾਂਗੜੇ ਦਾ ਕਿਲ੍ਹਾ ਦਰਬਾਰ ਨੂੰ ਸੌਂਪ ਦੇਵੇਗਾ। ਸੰਸਾਰ ਚੰਦ ਨੇ ਇਹ ਸ਼ਰਤਾਂ ਝੱਟ ਮੰਨ ਲਈਆਂ ਅਤੇ ਤੁਰੰਤ ਫ਼ੌਜਾਂ ਨੂੰ ਪੁਜ਼ੀਸ਼ਨ 'ਤੇ ਭੇਜ ਦਿੱਤਾ ਤਾਂ ਜੋ ਗੋਰਖਿਆਂ ਦੀ ਨੇਪਾਲ ਦੀ ਸਪਲਾਈ ਲਾਈਨ ਕੱਟ ਦਿੱਤੀ ਜਾਵੇ। ਕਾਂਗੜਾ ਦੇ ਮੁਖੀ ਨੂੰ ਆਦੇਸ਼ ਦਿੱਤੇ ਗਏ ਕਿ ਗੋਰਖਿਆਂ ਨੂੰ ਰਸਦ-ਪਾਣੀ ਵੇਚਣਾ ਬੰਦ ਕਰ ਦੇਣ।

ਕਿਲ੍ਹੇ ਦਾ ਕਬਜ਼ਾ ਹਾਸਲ ਕਰਨ ਲਈ ਮਹਾਰਾਜਾ ਸਾਹਿਬ ਕਾਂਗੜਾ ਪਹੁੰਚ ਗਏ। ਸੰਸਾਰ ਚੰਦ ਕੁਝ ਟਾਲ-ਮਟੋਲ ਕਰਨ ਲੱਗਾ। ਉਸ ਬਚਨ ਦਿੱਤਾ ਕਿ ਜਿਉਂ ਹੀ ਗੋਰਖੇ ਕੱਢੇ ਜਾਣਗੇ, ਕਿਲ੍ਹੇ ਨੂੰ ਸੌਂਪ ਦਿੱਤਾ ਜਾਵੇਗਾ। ਪਰ ਮਹਾਰਾਜਾ ਸਾਹਿਬ ਇਸ ਝਾਂਸੇ ਵਿਚ ਫਸਣ ਵਾਲੇ ਨਹੀਂ ਸਨ ਅਤੇ ਕੋਈ ਦਲੀਲਬਾਜ਼ੀ ਕਰਨ ਦਾ ਵੇਲਾ ਵੀ ਨਹੀਂ ਸੀ। ਇਸ ਲਈ ਸੰਸਾਰ ਚੰਦ ਦੇ ਲੜਕੇ ਅਨਿਰੋਧ ਚੰਦ ਨੂੰ ਬੰਦੀ ਬਣਾ ਲਿਆ ਗਿਆ ਜਿਸ ਨੂੰ ਪਹਿਲੋਂ ਬੰਧਕ ਬਣਾ ਕੇ ਰਖਿਆ ਹੋਇਆ ਸੀ। ਸੰਸਾਰ ਚੰਦ ਮਜਬੂਰ ਹੋ ਗਿਆ ਅਤੇ ਦਰਬਾਰ ਦੀਆਂ ਫ਼ੌਜਾਂ ਕਿਲ੍ਹੇ ਅੰਦਰ ਦਾਖ਼ਲ ਹੋ ਗਈਆਂ।

ਭਾਵੇਂ ਰਸਦ-ਪਾਣੀ ਸੀਮਤ ਸੀ ਤਾਂ ਵੀ ਗੋਰਖੇ ਡਟੇ ਰਹੇ। ਜਦੋਂ ਉਹ ਸਰੀਰਕ ਤੌਰ ਤੇ ਕਮਜ਼ੋਰ ਹੋ ਗਏ ਅਤੇ ਲੜਨ ਦੇ ਯੋਗ ਨਾ ਰਹੇ ਤਾਂ ਪੰਜਾਬੀਆਂ ਨੇ ਹਮਲਾ ਕਰ ਦਿੱਤਾ। ਇਹ ਲੜਾਈ ਗਣੇਸ਼ ਘਾਟੀ ਦੀ ਪਹਾੜੀ 'ਤੇ ਹੋਈ। ਘੇਰੇ ਵਿਚ ਭੁੱਖੇ-ਤਿਹਾਏ ਗੋਰਖੇ ਭੱਜ-ਨੱਸ ਕਰਦੇ ਪਿੱਛੇ ਹਟ ਗਏ ਅਤੇ ਪੰਜਾਬ ਉਤੇ ਨੇਪਾਲੀਆਂ ਦਾ ਖ਼ਤਰਾ ਸਦਾ ਲਈ ਟਲ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ ਦੇ ਕਿਲ੍ਹੇ ਤੇ ਨਾਮ-ਮਾਤਰ ਇਕੱਠ ਕੀਤਾ। ਜਿਨ੍ਹਾਂ ਨੇ ਉਸਤਤ ਵਿਚ ਸ਼ਮੂਲੀਅਤ ਕੀਤੀ, ਉਹ ਸਨ : ਕਾਂਗੜਾ, ਚੰਬਾ, ਨੂਰਪੁਰ, ਕੋਟਲਾ ਸ਼ਾਹਪੁਰ, ਜਸਰੋਤਾ, ਬਸੋਹਲੀ, ਮਨਕੋਟ, ਜਸਵਾਨ ਮੰਡੀ, ਸੁਕੇਤ, ਕੁੱਲੂ ਅਤੇ ਦਾਤਾਰਪੁਰ ਦੇ ਰਾਜੇ। ਪਹਾੜੀ ਇਲਾਕੇ ਦਾ ਸੂਬੇਦਾਰ ਦੇਸਾ ਸਿੰਘ ਮਜੀਠੀਆ ਨੂੰ ਥਾਪਿਆ ਗਿਆ। ਕਾਂਗੜੇ ਦਾ ਰਾਜਪਾਲ ਪਹਾੜਾ ਸਿੰਘ ਮਾਨ ਨੂੰ ਮੁਕੱਰਰ ਕੀਤਾ ਗਿਆ।

ਹੁਣ ਮਹਾਰਾਜਾ ਸਾਹਿਬ ਆਪਣੇ ਲੋਕਾਂ ਦੇ ਇੱਜ਼ਤ ਦੇ ਪਾਤਰ ਹੋ ਗਏ। ਜਿੱਤ ਪ੍ਰਾਪਤ ਕਰਕੇ ਆ ਰਹੀ ਉਨ੍ਹਾਂ ਦੀ ਸਵਾਰੀ ਦਾ ਪਿੰਡ-ਪਿੰਡ, ਸ਼ਹਿਰ-ਸ਼ਹਿਰ ਸਜਾਵਟਾਂ ਕਰਕੇ ਸੁਆਗਤ ਕੀਤਾ ਗਿਆ। ਉਹ ਅੰਮ੍ਰਿਤਸਰ ਜਨਵਰੀ 1810 ਨੂੰ ਜਲਦੀ ਹੀ ਪਹੁੰਚ ਗਏ। ਪਹੁੰਚਣ ਤੇ ਉਨ੍ਹਾਂ ਦਾ ਸੁਆਗਤ ਗੋਬਿੰਦ ਗੜ੍ਹ ਵਾਲੀ ਤੋਪ ਨਾਲ ਕੀਤਾ ਗਿਆ। ਰਾਤ ਵੇਲੇ ਗਲੀ-ਮੁਹੱਲੇ ਵਿਚ ਬੱਤੀਆਂ ਜਲਾਈਆਂ ਗਈਆਂ ਅਤੇ ਇਨ੍ਹਾਂ ਵਿਚੋਂ ਲੰਘਦੀ ਮਹਾਰਾਜਾ ਸਾਹਿਬ ਦੀ ਸਵਾਰੀ ਹਰਿਮੰਦਰ ਸਾਹਿਬ ਪੁੱਜੀ। ਉਥੇ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਖਲੋ ਕੇ ਸ਼ੁਕਰਾਨੇ ਦੀ ਅਰਦਾਸ ਕੀਤੀ। ਰਾਜਧਾਨੀ ਵਿਚ ਵੀ ਜਸ਼ਨ ਇਸੇ ਪ੍ਰਕਾਰ ਹੀ ਮਨਾਏ ਗਏ। ਉਨ੍ਹਾਂ ਦੀ ਕਿਸਮਤ ਨੂੰ ਕੁਝ ਪਲ ਦਾ ਲੱਗਾ ਗ੍ਰਹਿਣ ਦੂਰ ਹੋ ਗਿਆ।

ਪੰਜਾਬ ਦਾ ਏਕੀਕਰਣ

ਹੁਣ ਪੰਜਾਬ ਦੇ ਏਕੀਕਰਣ ਦਾ ਕਾਰਜ ਆਰੰਭ ਹੋ ਗਿਆ। ਕਾਂਗੜਾ ਉਪਰੰਤ ਇਸ ਕਾਰਜ ਵੱਲ ਮੁੜਨ ਦੀ ਲੋੜ ਸੀ ਕਿ ਰਾਜ ਦੀਆਂ ਹੱਦਾਂ ਅੰਦਰ ਜਿਹੜੇ ਛੋਟੇ-ਮੋਟੇ ਰਜਵਾੜੇ ਤੇ ਜਗੀਰਦਾਰ ਸਨ ਉਨ੍ਹਾਂ ਵੱਲ ਧਿਆਨ ਦਿੱਤਾ ਜਾਵੇ।

ਪਹਿਲੀ ਵਾਰੀ ਗੁਜਰਾਤ ਦੇ ਭੰਗੀ ਮੁਖੀ ਦੀ ਆਈ। ਜਿਹੜਾ ਆਪਣੇ ਪੁੱਤਰ ਨਾਲੋਂ ਵਿੱਟਰ ਗਿਆ ਸੀ। ਆਪਣੀ ਫੁੱਟ ਦੀਆਂ ਮਾਰੀਆਂ ਭੰਗੀ ਫ਼ੌਜਾਂ ਤਾਬ ਨਾ ਲਿਆ ਸਕੀਆਂ। ਬੁੱਢਾ ਸਰਦਾਰ ਤਾਂ ਪਹਾੜਾਂ ਵੱਲ ਨੱਸ ਗਿਆ। ਪੁੱਤਰ ਨੇ ਵਫ਼ਾਦਾਰੀ ਦਾ ਬਚਨ ਦਿੱਤਾ। ਦਰਬਾਰ ਦੇ ਨਾਂ ਤੇ ਫ਼ਕੀਰ ਨੂਰ-ਉ-ਦੀਨ ਨੇ ਭੰਗੀਆਂ ਦੇ ਗੁਜਰਾਤ ਦੇ ਸਾਰੇ ਦੇ ਸਾਰੇ ਕਿਲ੍ਹੇ ਕਬਜ਼ੇ ਵਿਚ ਕਰ ਲਏ। ਸ਼ਾਹਪੁਰ, ਮਿਆਨੀ ਅਤੇ ਝੰਗ ਦੇ ਰੇਤਲੇ ਇਲਾਕੇ ਦੇ ਬਲੋਚਾਂ ਨੂੰ ਮਹਾਰਾਜਾ ਸਾਹਿਬ ਨੇ ਆਪ ਖ਼ਤਮ ਕਰ ਦਿੱਤਾ।

ਫ਼ਰਵਰੀ 1810 ਵਿਚ ਉਨ੍ਹਾਂ ਬਲੋਚ ਮੁਖੀ ਜ਼ਾਫ਼ਰ ਖ਼ਾਨ (ਜਿਸ ਦੀ ਤਾ-ਉਮਰ ਪੈਨਸ਼ਨ ਲਾ ਦਿੱਤੀ ਗਈ) ਪਾਸੋਂ ਖ਼ੁਸ਼ਾਬ ਅਤੇ ਕੱਛ ਦਾ ਕਿਲ੍ਹਾ ਪ੍ਰਾਪਤ ਕਰ ਲਿਆ। ਸਾਹੀਵਾਲ ਵੀ ਉਸ ਦੇ ਮੁਖੀ ਫਤਿਹ ਖ਼ਾਨ ਪਾਸੋਂ ਜਿੱਤ ਲਿਆ।

ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਬਲੋਚ ਕਬੀਲੇ ਨਾਲ ਨਜਿੱਠ ਰਿਹਾ ਸੀ, ਉਸ ਸਮੇਂ ਉਸ ਦੇ ਸਾਰੇ ਜਰਨੈਲ ਸਾਰੀਆਂ ਦਿਸ਼ਾਵਾਂ ਵਿਚ ਫੈਲ ਕੇ ਖਿੱਲਰੇ ਹੋਏ ਇਲਾਕਿਆਂ ਨੂੰ ਦਰਬਾਰ ਦੇ ਕਬਜ਼ੇ ਵਿਚ ਕਰ ਰਹੇ ਸਨ। ਦੀਵਾਨ ਮੁਹਕਮ ਚੰਦ ਨੇ ਸਿੰਘਪੁਰੀਆ ਮਿਸਲ ਦੇ ਸਰਦਾਰ ਬੁਧ ਸਿੰਘ ਦੀ ਜਗੀਰ 'ਤੇ ਕਬਜ਼ਾ ਕੀਤਾ। ਜਲੰਧਰ, ਜਿਹੜਾ ਉਸ ਦਾ ਕੇਂਦਰ ਸੀ ਅਤੇ ਉਸ ਦਾ ਇਲਾਕਾ ਸੀ, ਤਿੰਨ ਲੱਖ ਸਾਲ ਦਾ ਮਾਮਲਾ ਦਿੰਦਾ ਸੀ, ਇਹ ਦਰਬਾਰ ਨਾਲ ਮਿਲਾ ਲਿਆ ਗਿਆ। ਇਸ ਤੋਂ ਪਹਿਲਾਂ ਹੁਕਮ ਸਿੰਘ ਚਿਮਨੀ ਜਿਸ ਜੰਮੂ ਨੂੰ ਨਾਲ ਮਿਲਾ ਲਿਆ ਸੀ, ਕੁਸਕ ਨੂੰ ਜਿੱਤਣ ਲਈ ਮਹਾਰਾਜਾ ਸਾਹਿਬ ਨਾਲ ਆ ਰਲਿਆ। ਕੁਸਕ ਤੋਂ ਖਿਉੜੇ ਦੀ ਨਮਕ ਦੀ ਖਾਨ ਦਾ ਨਿਯੰਤਰਣ ਕੀਤਾ ਜਾਂਦਾ ਸੀ। ਸਰਦਾਰ ਦੇਸਾ ਸਿੰਘ ਮਜੀਠੀਆ ਜਿਸ ਨੂੰ ਕਾਂਗੜਾ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਨੇ ਮੰਡੀ ਅਤੇ ਸੁਕੇਤ ਦੀਆਂ ਗੁਆਂਢੀ ਰਿਆਸਤਾਂ ਨਾਲ ਮਿਲਾ ਲਈਆਂ। ਨੂਰ-ਉਦ-ਦੀਨ ਨੇ ਵਜ਼ੀਰਾਬਾਦ 'ਤੇ ਕਬਜ਼ਾ ਕਰ

ਲਿਆ। ਇਸ ਵਾਵਰੋਲੇ ਵਿਚ ਜਿਹੜੀਆਂ ਮਹੱਤਵਪੂਰਨ ਥਾਵਾਂ 'ਤੇ ਕਬਜ਼ਾ ਕੀਤਾ ਗਿਆ, ਉਨ੍ਹਾਂ ਵਿਚ ਡਸਕਾ, ਹਾਲੋਵਾਲ ਅਤੇ ਜਿਹਲਮ ਤੇ ਸਥਿਤ ਮੰਗਲਾ ਸ਼ਾਮਲ ਸਨ। ਇਨ੍ਹਾਂ ਸਦਕਾ ਹਿਮਾਲੀਆ ਦੇ ਉੱਤਰੀ ਖੇਤਰ ਦਾ ਰਾਹ ਖੁੱਲ੍ਹ ਗਿਆ। ਉਪਰੰਤ ਨਕੱਈਆਂ ਦੀ ਵਾਰੀ ਆਈ ਜਿਹੜੇ ਮਹਾਰਾਜਾ ਸਾਹਿਬ ਦੀ ਦੂਜੀ ਪਤਨੀ ਰਾਹੀਂ ਉਸ ਦੇ ਰਿਸ਼ਤੇਦਾਰ ਸਨ। ਇਹ ਗੱਦੀ ਦੇ ਵਾਰਸ ਦੀ ਮਾਂ ਸੀ। ਨਕੱਈ ਦੇ ਕਾਹਨ ਸਿੰਘ ਨੂੰ 20 ਹਜ਼ਾਰ ਰੁਪਏ ਦੀ ਜਗੀਰ ਦੇ ਦਿੱਤੀ ਗਈ ਅਤੇ ਸਾਰਾ ਇਲਾਕਾ ਜਿਸ ਵਿਚ ਚੂਨੀਆਂ, ਦਿਆਲਪੁਰ, ਸ਼ਰਕਪੁਰ ਅਤੇ ਕਮਾਲੀਆ ਸ਼ਾਮਲ ਸਨ, ਰਿਆਸਤ ਵਿਚ ਮਿਲਾ ਲਏ ਗਏ। ਸਦਾ ਕੌਰ ਦੀ ਕਨ੍ਹਈਆ ਮਿਸਲ ਵੀ ਕੁਝ ਗ੍ਰਹਿਣੀ ਗਈ। ਉਸ ਦੇ ਇਲਾਕੇ ਨੂੰ ਛੱਡ ਦਿੱਤਾ ਗਿਆ ਪਰ ਉਸ ਦੇ ਨਿਕਟ ਰਿਸ਼ਤੇਦਾਰ ਦੇ ਬਿਆਸ ਦਰਮਿਆਨ ਲਗਦੇ ਇਲਾਕੇ ਖੋਹ ਲਏ ਗਏ।

ਸ਼ਾਹ ਸ਼ੁਜਾਹ ਅਤੇ ਮੁਲਤਾਨ ਦਾ ਮਸਲਾ

ਮਹਾਰਾਜਾ ਸਾਹਿਬ ਖ਼ੁਸ਼ਾਬ ਦੇ ਗੁਆਂਢ ਹੀ ਸਨ ਜਦੋਂ ਇਕ ਸੰਦੇਸ਼-ਵਾਹਕ ਇਹ ਖ਼ਬਰ ਲੈ ਕੇ ਆਇਆ ਕਿ ਸ਼ਾਹ ਜ਼ਮਾਨ, ਸ਼ਾਹ ਸ਼ੁਜਾਹ ਪੰਜਾਬ ਵਿਚ ਦਾਖ਼ਲ ਹੋ ਗਿਆ ਹੈ। ਸ਼ੁਜਾਹ ਦੇ ਮੰਤਵ ਨੂੰ ਸਮਝਣ ਲਈ ਅਫ਼ਗਾਨਿਸਤਾਨ ਦੀ ਰਾਜਸੀ ਹਾਲਤ ਦੀ ਥੋੜ੍ਹੀ ਜਾਣਕਾਰੀ ਜ਼ਰੂਰੀ ਹੈ।

ਅਫ਼ਗਾਨ ਹਕੂਮਤ ਦੀ ਗੱਦੀ 'ਤੇ ਬੈਠਣ ਦੀ ਇੱਛਾ ਵਾਲੇ ਅਹਿਮਦ ਸ਼ਾਹ ਅਬਦਾਲੀ ਦੇ ਤਿੰਨ ਪੋਤਰੇ ਸਨ : ਸ਼ਾਹ ਜ਼ਮਾਨ, ਸ਼ਾਹ ਸ਼ੁਜਾਹ ਅਤੇ ਸ਼ਾਹ ਮਹਿਮੂਦ। ਪਰ ਅਸਲੀ ਤਾਕਤ ਸਦੋਜ਼ਈ ਖ਼ਾਨਦਾਨ ਦੇ ਸ਼ਾਹੀ ਪਰਿਵਾਰ ਹੱਥੋਂ ਨਿਕਲ ਕੇ ਵਜ਼ੀਰੇ-ਏ-ਆਜ਼ਮ (ਮੁੱਖ ਮੰਤਰੀ) ਵਜ਼ੀਰ ਖ਼ਾਨ ਦੇ ਪਰਿਵਾਰ ਵਿਚ ਚਲੀ ਗਈ ਸੀ, ਜਿਹੜਾ ਬਾਰਕਜ਼ਈ ਸੀ। ਬਾਰਕਜ਼ਈ ਦੂਸਰੇ ਦੋ ਭਰਾਵਾਂ ਨਾਲੋਂ ਸ਼ਾਹ ਮਹਿਮੂਦ ਨੂੰ ਚੰਗਾ ਸਮਝਦੇ ਸਨ। ਸ਼ਾਹ ਜ਼ਮਾਨ, ਜਿਸ ਭਾਰਤ ਨੂੰ ਫ਼ਤਹਿ ਕਰਨ ਲਈ ਚਾਰ ਹਮਲੇ ਕੀਤੇ ਸਨ, ਬਾਰਕਜ਼ਈਆਂ ਹੱਥੋਂ ਗੱਦੀ ਤੋਂ ਉਤਾਰਿਆ ਗਿਆ ਅਤੇ ਉਸ ਦੀ ਥਾਂ ਮਹਿਮੂਦ ਨੂੰ ਬਿਠਾਇਆ ਗਿਆ। ਮਹਿਮੂਦ ਨੇ ਜ਼ਮਾਨ ਦੀਆਂ ਅੱਖਾਂ ਕੱਢ ਦਿੱਤੀਆਂ ਤਾਂ ਜੋ ਉਸ ਨੂੰ ਪੱਕੇ ਤੌਰ ਤੇ ਰਾਹ 'ਚੋਂ ਕੱਢ ਦਿੱਤਾ ਜਾਵੇ। ਜ਼ਮਾਨ ਦੀ ਥਾਂ ਸ਼ੁਜਾਹ ਨੇ ਲੈ ਲਈ ਅਤੇ ਉਸ ਨੇ ਮਹਿਮੂਦ ਨੂੰ ਕਾਬਲ ਵਿਚੋਂ ਕੱਢ ਦਿੱਤਾ। ਜਦੋਂ ਲਾਰਡ ਮਿੰਟੋ ਨੇ ਆਪਣੇ ਏਲਚੀ, ਫ਼ਰਾਂਸ ਦੇ ਸੰਭਵ ਹਮਲੇ ਦੀ ਰੋਕ ਲਈ, ਸਮਝੌਤਾ ਕਰਨ ਲਈ ਭੇਜੇ ਤਾਂ ਉਸ ਵੇਲੇ ਸ਼ੁਜਾਹ ਪੱਕੀ ਤਰ੍ਹਾਂ ਗੱਦੀ ਤੇ ਕਾਬਜ਼ ਸੀ। ਪਰ ਅਜੇ ਐਲਫਿਨਸਟਨ ਨੇ ਪਿੱਠ ਮੋੜੀ ਹੀ ਸੀ ਕਿ ਬਾਰਕਜ਼ਈਆਂ ਨੇ ਸ਼ੁਜਾਹ ਨੂੰ ਗੱਦੀਓਂ ਲਾਹ ਦਿੱਤਾ ਅਤੇ ਆਪਣੇ ਮਨੋਨੀਤ ਮਹਿਮੂਦ ਨੂੰ ਮੁੜ ਸੱਤਾ ਦਿੱਤੀ।

ਇਹ ਤਾਂ ਸਪੱਸ਼ਟ ਨਹੀਂ ਹੋਇਆ ਕਿ ਮਹਾਰਾਜਾ ਸਾਹਿਬ ਅਤੇ ਸ਼ਾਹ ਸ਼ੁਜਾਹ ਵਿਚਕਾਰ ਕੀ ਵਿਚਾਰ-ਵਟਾਂਦਰਾ ਹੋਇਆ। ਪਰ ਇਹ ਪ੍ਰਤੀਤ ਹੁੰਦਾ ਹੈ ਕਿ ਸ਼ੁਜਾਹ ਨਾਕੇਵਲ ਪੰਜਾਬੀਆਂ ਪਾਸੋਂ ਕਾਬਲ 'ਤੇ ਕਬਜ਼ਾ ਜਮਾਉਣ ਲਈ ਮਦਦ ਦੀ ਆਸ ਕਰਦਾ ਸੀ, ਸਗੋਂ ਉਹ ਜ਼ਿਲ੍ਹੇ ਵੀ ਪੰਜਾਬ ਦੇ ਲੈਣਾ ਚਾਹੁੰਦਾ ਸੀ, ਜਿਹੜੇ ਅਫ਼ਗਾਨਾਂ ਨੇ ਮੁਗ਼ਲਾਂ ਪਾਸੋਂ ਜਿੱਤੇ ਸਨ। ਵਿਸ਼ੇਸ਼ ਕਰਕੇ ਮੁਲਤਾਨ। ਦੂਜੇ ਪਾਸੇ ਮਹਾਰਾਜਾ ਸਾਹਿਬ ਚਿੰਤਤ ਸਨ ਕਿ ਅਫ਼ਗਾਨ ਪੰਜਾਬ ਦੇ ਉਨ੍ਹਾਂ ਇਲਾਕਿਆਂ ਤੋਂ ਆਪਣਾ ਖ਼ਿਤਾਬ ਹਟਾ ਲੈਣ ਜਿਹੜੇ ਉਨ੍ਹਾਂ ਕਦੇ ਪਹਿਲਾਂ ਜਿੱਤੇ ਸਨ। ਨਹੀਂ ਤਾਂ ਦਰਬਾਰ ਨੂੰ ਅਫ਼ਗਾਨਿਸਤਾਨ ਵਿਚ ਹੱਥ ਵਿਖਾਉਣੇ ਪੈਣਗੇ। ਇਸ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸ਼ੁਜਾਹ ਨੇ ਜਲਦੀ ਨਾਲ ਪੇਸ਼ਾਵਰ ਪਰਤਣ ਦੀ ਕੀਤੀ।

ਦਰਬਾਰ ਵੱਲੋਂ ਫ਼ੌਜ ਨੂੰ ਮੁਲਤਾਨ ਵੱਲ ਕੂਚ ਕਰਨ ਦਾ ਹੁਕਮ ਹੋਇਆ। ਮੁਜ਼ੱਫ਼ਰ ਖ਼ਾਨ

ਨੇ ਅੰਗਰੇਜ਼ਾਂ ਪਾਸ ਮਦਦ ਲਈ ਕਈ ਵਾਰ ਅਪੀਲ ਕੀਤੀ। ਪਰ 1809 ਦੀ ਸੰਧੀ ਦਾ ਹਵਾਲਾ ਦੇ ਕੇ ਅੰਗਰੇਜ਼ਾਂ ਨੇ ਆਪਣੀ ਮਜਬੂਰੀ ਪ੍ਰਗਟ ਕਰ ਦਿੱਤੀ।

ਦਰਬਾਰ ਦੀਆਂ ਫ਼ੌਜਾਂ ਨੇ ਸਹਿਜੇ ਹੀ ਮੁਲਤਾਨ ਦੇ ਆਲੇ-ਦੁਆਲੇ 'ਤੇ ਕਬਜ਼ਾ ਕਰ ਲਿਆ। ਪਰ ਮਹਾਨ ਕਿਲ੍ਹੇ ਨੇ ਤੋਪਾਂ ਅੱਗੇ ਸਖ਼ਤ ਵਿਰੋਧ ਪ੍ਰਦਰਸ਼ਿਤ ਕੀਤਾ। ਕਿਲ੍ਹੇ ਦੀ ਮੋਟੀ ਫ਼ਸੀਲ ਤੇ ਜ਼ਮਜ਼ਮ ਤੋਪ ਦਾ ਵੀ ਕੋਈ ਅਸਰ ਨਾ ਹੋਇਆ। ਪੰਜਾਬ ਦੀ ਸਰਦੀ ਛੇਤੀ ਲੰਘ ਗਈ ਅਤੇ ਇਕਦਮ ਗਰਮੀ ਵਧ ਗਈ। ਮੁਲਤਾਨ ਤਾਂ ਝੱਖੜਾਂ ਲਈ ਪਹਿਲਾਂ ਹੀ ਮਸ਼ਹੂਰ ਹੈ। ਮਹਾਰਾਜਾ ਸਾਹਿਬ ਦੇ ਗੁੱਸੇ ਦਾ ਪਾਰਾ ਚੜ੍ਹ ਗਿਆ। ਉਨ੍ਹਾਂ ਦਾ ਸਬਰ ਖ਼ਤਮ ਹੋਇਆ ਤਾਂ ਕਈ ਖ਼ਤਰੇ ਮੁੱਲ ਲਏ ਗਏ। ਉਸ ਦੇ ਅਫ਼ਸਰਾ ਅਤੇ ਜਵਾਨਾਂ ਨੇ ਬਹੁਤ ਮਹਿੰਗਾ ਮੁੱਲ ਤਾਰਿਆ। ਇਸ ਜੰਗ ਵਿਚ ਜਿਹੜੇ ਮਹੱਤਵਪੂਰਣ ਵਿਅਕਤੀ ਮਾਰੇ ਗਏ ਉਨ੍ਹਾਂ ਵਿਚ ਇਕ ਸੀ ਅਤਰ ਸਿੰਘ ਧਾਰੀ ਤੇ ਨਿਹਾਲ ਸਿੰਘ ਅਟਾਰੀਵਾਲਾ ਜੋ ਬੁਰੀ ਤਰ੍ਹਾਂ ਫੱਟੜ ਹੋ ਗਿਆ। ਮੁਜ਼ੱਫਰ ਖ਼ਾਨ ਨੇ ਭਾਂਪ ਲਿਆ ਕਿ ਘੇਰਾ ਪਾਉਣ ਵਾਲੇ ਸੰਕਟ ਵਿਚ ਫਸ ਗਏ ਹਨ। ਉਸ ਮੌਕਾ ਤਾੜ ਕੇ ਹਮਲਾ ਕਰ ਦਿੱਤਾ ਪਰ ਅੱਤ ਦੀ ਗਰਮੀ ਨੇ ਦੋਹਾਂ ਧਿਰਾਂ ਦਾ ਮਾਮਲਾ ਨਿਪਟਾ ਦਿੱਤਾ। ਮੁਜ਼ੱਫਰ ਖ਼ਾਨ ਨੇ ਨਾ-ਮਾਤਰ ਕਰ ਦੇਣਾ ਮੰਨਜ਼ੂਰ ਕਰ ਲਿਆ ਅਤੇ ਅਪ੍ਰੈਲ 1810 ਵਿਚ ਘੇਰਾ ਹਟਾ ਦਿੱਤਾ ਗਿਆ।

1810 ਦੇ ਅੰਤ ਤੋਂ ਪਹਿਲਾਂ ਅਫ਼ਗਾਨ ਦਾ ਸ਼ਾਹੀ ਪਰਿਵਾਰ ਮੁੜ ਪੰਜਾਬ ਦੀ ਦਹਿਲੀਜ਼ 'ਤੇ ਸੀ। ਸ਼ਾਹ ਸ਼ੁਜਾਹ ਦੀ ਸਫਲਤਾ ਛਿਨ-ਭੰਗੁਰੀ ਹੀ ਸੀ। ਵਜ਼ੀਰ ਫਤਹਿ ਖ਼ਾਨ ਤਖ਼ਤ ਉੱਤੇ ਮੁੜ ਮਹਿਮੂਦ ਨੂੰ ਬਿਠਾਉਣ ਵਿਚ ਸਫਲ ਹੋ ਗਿਆ। ਸ਼ੁਜਾਹ ਨੇ ਅਟਕ ਦਾ ਰਾਹ ਲੱਭ ਲਿਆ ਜਿਥੋਂ ਦੇ ਗਵਰਨਰ ਜਹਾਂਦਾਦ ਖ਼ਾਨ ਨੇ ਉਸ ਨੂੰ ਪਨਾਹ ਦਿੱਤੀ। ਜਹਾਂਦਾਦ ਖ਼ਾਨ ਨੂੰ ਸ਼ੱਕ ਹੋ ਗਿਆ ਕਿ ਵਜ਼ੀਰ ਫਤਹਿ ਖ਼ਾਨ ਨੂੰ ਜਿੱਤਣ ਦਾ ਯਤਨ ਕਰ ਰਿਹਾ ਹੈ। ਪਰ ਵਜ਼ੀਰ ਫਤਹਿ ਖ਼ਾਨ ਅਤੇ ਜਹਾਂਦਾਦ ਖ਼ਾਨ ਦੀ ਆਪਸੀ ਨਾਰਾਜ਼ਗੀ ਕਾਰਨ, ਸ਼ੁਜਾਹ ਨੂੰ ਜ਼ੰਜੀਰਾਂ ਵਚ ਜਕੜ ਲਿਆ ਗਿਆ ਅਤੇ ਉਸ ਨੂੰ ਸਲਾਮਤੀ ਲਈ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਪਾਸ ਭੇਜ ਦਿੱਤਾ ਗਿਆ।

ਸ਼ੁਜਾਹ ਦੇ ਪਰਿਵਾਰਾਂ ਅਤੇ ਅੰਨ੍ਹੇ ਕੀਤੇ ਹੋਏ ਜ਼ਮਾਨ ਨੂੰ ਰਾਵਲਪਿੰਡੀ ਵਿਖੇ ਪਨਾਹ ਦਿੱਤੀ ਗਈ ਸੀ ਅਤੇ ਉਥੇ ਉਹ ਦਰਬਾਰ ਵੱਲੋਂ ਬਖ਼ਸ਼ੀ ਹੋਈ ਪੈਨਸ਼ਨ ਤੇ ਗੁਜ਼ਾਰਾ ਕਰ ਰਹੇ ਸਨ। ਜਦੋਂ ਮਹਾਰਾਜਾ ਸਾਹਿਬ ਅਤੇ ਉਨ੍ਹਾਂ ਦੇ ਆਹਲਾ ਅਫ਼ਸਰ ਪੰਜਾਬ ਨੂੰ ਇਕਮੁੱਠ ਕਰਨ ਵਿਚ ਰੁੱਝੇ ਹੋਏ ਸਨ, ਜ਼ਮਾਨ ਨੇ ਵਿਦੇਸ਼ੀ ਤਾਕਤਾਂ ਪਾਸ ਆਪਣੇ ਦੂਤ ਭੇਜਣੇ ਸ਼ੁਰੂ ਕਰ ਦਿੱਤੇ ਤਾਂ ਜੋ ਇਸ ਗੱਲ 'ਤੇ ਲਿਖਾ-ਪੜ੍ਹੀ ਹੋ ਸਕੇ ਕਿ ਪਰਿਵਾਰ ਨੂੰ ਕਾਬਲ ਦੇ ਤਖ਼ਤ ਉੱਤੇ ਬਹਾਲ ਕੀਤਾ ਜਾ ਸਕੇ। ਦਰਬਾਰ ਨੇ ਵੇਖਿਆ ਕਿ ਉਨ੍ਹਾ ਦੇ ਇਲਾਕੇ ਵਿਚ ਇਹ ਪਰਵਾਸੀ ਸਰਕਾਰ ਕੁਝ ਨਮੋਸ਼ੀ ਦਾ ਕਾਰਣ ਬਣ ਰਹੀ ਸੀ ਅਤੇ ਉਨ੍ਹਾਂ ਅਫ਼ਗਾਨ ਘਰਾਣੇ ਨੂੰ ਲਾਹੌਰ ਜਾਣ ਲਈ ਰਾਜ਼ੀ ਕਰ ਲਿਆ।

ਨਵੰਬਰ 1811 ਵਿਚ ਇਕ ਸਮੇਂ ਦਾ ਲਾਹੌਰ ਦਾ ਜੇਤੂ ਮੁੜ ਸ਼ਹਿਰ ਅੰਦਰ ਭਿਖਾਰੀ ਵਾਂਗ ਦਾਖ਼ਲ ਹੋ ਰਿਹਾ ਸੀ। ਉਸ ਨਾਲ ਆਦਰ-ਸਤਿਕਾਰ ਵਾਲਾ ਵਤੀਰਾ ਰਖਿਆ ਗਿਆ। ਰਾਜ ਦੀਆਂ ਫ਼ੌਜਾਂ ਵੱਲੋਂ ਉਸ ਨੂੰ ਪੂਰੇ ਸਨਮਾਨ ਨਾਲ ਉਸ ਦੇ ਨਿਵਾਸ ਤਕ ਪਹੁੰਚਾਇਆ ਗਿਆ। ਉਥੇ ਮਹਾਰਾਜਾ ਸਾਹਿਬ ਨੇ ਉਨ੍ਹਾਂ ਦਾ ਨਿੱਜੀ ਤੌਰ ਤੇ ਸੁਆਗਤ ਕੀਤਾ। ਜਿਹੜੀ ਗੱਲ ਸ਼ਰਨਾਰਥੀ ਸ਼ਾਹੀ ਪਰਿਵਾਰ ਨੂੰ ਅੱਖਰਦੀ ਸੀ, ਉਹ ਵਜ਼ੀਰ ਫਤਹਿ ਖ਼ਾਨ ਅਤੇ ਸ਼ਾਹ ਮੁਹੰਮਦ ਦੇ ਏਜੰਟ ਦਾ ਪਹੁੰਚਣਾ ਸੀ, ਜਿਹੜਾ ਕਸ਼ਮੀਰ ਨੂੰ ਫਤਹਿ ਕਰਨ ਲਈ ਦਰਬਾਰ ਦੀ ਸਹਾਇਤਾ ਪ੍ਰਾਪਤ ਕਰਨ ਲਈ ਆਇਆ ਸੀ ਕਿਉਂਕਿ ਉਥੇ ਸ਼ਾਹ ਸ਼ੁਜਾਹ ਕੈਦ ਸੀ।

ਇਕ-ਦੂਜੇ ਦੇ ਵਿਰੋਧੀ ਅਫ਼ਗਾਨ ਘਰਾਣੇ ਦਰਬਾਰ ਅੱਗੇ ਆਪਣੀਆ-ਆਪਣੀਆਂ ਸ਼ਰਤਾਂ ਪੇਸ਼ ਕਰ ਰਹੇ ਸਨ, ਪਰ ਮਹਾਰਾਜਾ ਰਣਜੀਤ ਸਿੰਘ ਆਪਣੇ ਸਪੁੱਤਰ ਅਤੇ ਗੱਦੀ ਦੇ ਵਾਰਸ ਸ਼ਹਿਜ਼ਾਦੇ ਖੜਕ ਸਿੰਘ ਦਾ ਵਿਆਹ ਰਚਾਉਣ ਵਿਚ ਰੁੱਝੇ ਹੋਏ ਸਨ।

ਜਦੋਂ ਵਿਆਹ ਤੇ ਆਏ ਮਹਿਮਾਨ ਵਿਦਾ ਹੋ ਗਏ ਤਾਂ ਅਫ਼ਗਾਨ ਦੇ ਕਸ਼ਮੀਰ ਨੂੰ ਵਿਜੇ ਕਰਨ ਦੇ ਸੱਦਾ-ਪੱਤਰ ਤੇ ਵਿਚਾਰ ਹੋਈ। ਵਜ਼ੀਰ ਫਤਹਿ ਖ਼ਾਨ ਦੇ ਏਜੰਟ ਨੇ ਇਹ ਪੇਸ਼ਕਸ਼ ਕੀਤੀ ਕਿ ਜੇਕਰ ਪੰਜਾਬੀਆ ਨੇ ਬਾਰਕਜ਼ਈ ਅਫ਼ਗਾਨਾਂ ਨਾਲ ਕਦਮ ਮਿਲਾ ਕੇ ਕੁਝ ਕੀਤਾ ਤਾਂ ਲੁੱਟ ਦਾ ਅੱਧਾ ਹਿੱਸਾ ਤੇ ਹਰ ਸਾਲ ਨੌਂ ਲੱਖ ਰੁਪਿਆ ਭੇਂਟ ਕੀਤਾ ਜਾਇਆ ਕਰੇਗਾ। ਸ਼ਰਨਾਰਥੀ ਪਰਿਵਾਰ, ਵਿਸ਼ੇਸ਼ ਕਰਕੇ ਸ਼ਾਹ ਸ਼ੁਜਾਹ ਦੀ ਆਹਲਾ ਬੇਗਮ, ਵਫ਼ਾ ਬੇਗਮ ਅਤੇ ਉਸ ਦੇ ਪੁੱਤਰ ਵਜ਼ੀਰ ਅਤੇ ਮਹਿਮੂਦ ਦੀ ਪੇਸ਼ਕਸ਼ ਤੇ ਘਬਰਾ ਗਏ (ਉਸ ਜ਼ਮਾਨ ਨੂੰ ਪਹਿਲਾਂ ਹੀ ਅੰਨ੍ਹਾ ਕਰ ਦਿੱਤਾ ਸੀ) ਜਿਸ ਸ਼ੁਜਾਹ ਨੂੰ ਪਕੜ ਲਿਆ ਸੀ। ਉਨ੍ਹਾਂ ਵਿਰੋਧੀ ਪੇਸ਼ਕਸ਼ ਕੀਤੀ ਜਿਸ ਵਿਚ ਇਕੋ ਇਕ ਅਮੁੱਲੀ ਵਸਤੂ ਸੀ, ਜਿਹੜੀ ਉਨ੍ਹਾਂ ਦੇ ਪਾਸ ਪੂੰਜੀ ਸੀ, ਉਹ ਸੀ ਨਾਯਾਬ ਕੋਹੇਨੂਰ ਹੀਰਾ।

ਕੋਹੇਨੂਰ ਦੀ ਕੇਹੀ ਸ਼ਾਨ! ਇਹ ਤਾਂ ਵਿਸ਼ਵ ਦੇ ਹੀਰਿਆਂ ਵਿਚ ਸਭ ਤੋਂ ਵੱਧ ਚਮਕਦਾਰ ਸੀ। ਇਸ ਨੂੰ ਗੋਲਕੁੰਡਾ ਦੀ ਕਾਨ ਵਿਚੋਂ ਕੱਢਿਆ ਗਿਆ ਸੀ ਅਤੇ ਇਹ ਮੁਗ਼ਲ ਬਾਦਸ਼ਾਹਾਂ ਦੇ ਹੱਥ ਆ ਗਿਆ ਸੀ। ਇਸ ਹੀਰੇ ਨੂੰ ਤਖ਼ਤ-ਏ-ਤਾਊਸ ਦੇ ਨਾਲ ਨਾਦਰ ਸ਼ਾਹ ਫ਼ਾਰਸ ਨੂੰ ਮੁਗ਼ਲ ਬਾਦਸ਼ਾਹ ਪਾਸੋਂ ਲੈ ਗਿਆ, ਜਦੋਂ ਉਸ ਦਿੱਲੀ ਦੀ ਤਬਾਹ ਮਚਾਈ ਅਤੇ ਇਥੋਂ ਦੇ ਨਿਵਾਸੀਆਂ ਨੂੰ ਕਤਲ ਕਰ ਦਿੱਤਾ ਸੀ। ਇਹ ਸਮਾਂ 1739 ਦਾ ਸੀ। 1747 ਵਿਚ ਨਾਦਰ ਸ਼ਾਹ ਨੂੰ ਕਤਲ ਕਰ ਦਿੱਤਾ ਗਿਆ। ਕੋਹੇਨੂਰ ਹੀਰਾ ਅਹਿਮਦ ਸ਼ਾਹ ਅਬਦਾਲੀ ਦੇ ਹੱਥਾਂ ਵਿਚ ਆ ਗਿਆ ਅਤੇ ਉਸ ਦੀ ਮੌਤ ਉਪਰੰਤ ਉਸ ਦੇ ਬੇਟੇ ਅਤੇ ਤਖ਼ਤ ਦੇ ਵਾਰਸ ਤੈਮੂਰ ਪਾਸ ਪਹੁੰਚ ਗਿਆ।

ਤੈਮੂਰ ਦੀ ਮੌਤ 1793 ਵਿਚ ਹੋਈ। ਤੈਮੂਰ ਦੇ ਬੇਟਿਆਂ ਵਿਚੋਂ ਸ਼ਾਹ ਜ਼ਮਾਨ ਉਸ ਵੇਲੇ ਰਾਜਧਾਨੀ ਵਿਚ ਹਾਜ਼ਰ ਸੀ ਅਤੇ ਉਹ ਸਰਕਾਰੀ ਅਤੇ ਸ਼ਾਹੀ ਖ਼ਜ਼ਾਨਾ ਸੰਭਾਲਣ ਵਿਚ ਸਫਲ ਹੋ ਗਿਆ। ਇਸ ਵਿਚ ਕੋਹੇਨੂਰ ਹੀਰਾ ਵੀ ਸ਼ਾਮਲ ਸੀ। ਜਦੋਂ ਉਸ ਦਾ ਸਭ ਕੁਝ ਜ਼ਬਤ ਕਰ ਲਿਆ ਗਿਆ ਅਤੇ ਉਸ ਦੇ ਭਾਈ ਮਹਿਮੂਦ ਨੇ ਉਸ ਨੂੰ ਵੀ ਅੰਨ੍ਹਾ ਕਰ ਦਿੱਤਾ ਤਾਂ ਇਹ ਹੀਰਾ ਸ਼ਾਹ ਸ਼ੁਜਾਹ ਅਤੇ ਉਸ ਦੀ ਪਤਨੀ ਵਫ਼ਾ ਬੇਗਮ ਦੀ ਅਮਾਨਤ ਬਣ ਗਿਆ। ਸੰਕਟ ਦੀ ਘੜੀ ਵਿਚ ਇਹ ਨਾਯਾਬ ਤੋਹਫ਼ਾ ਸੌਦੇਬਾਜ਼ੀ ਵਿਚ ਪੇਸ਼ ਹੋ ਰਿਹਾ ਸੀ।

ਸੰਨ 1812 ਦੀ ਬਸੰਤ ਰੁੱਤ ਸੀ। ਦਰਬਾਰ ਦੀਆ ਫ਼ੌਜਾਂ ਨੇ ਮੁਹਕਮ ਚੰਦ ਦੀ ਕਮਾਨ ਹੇਠ ਕਸ਼ਮੀਰ 'ਤੇ ਚੜ੍ਹਾਈ ਕਰ ਦਿੱਤੀ। ਜੰਮੂ ਅਤੇ ਅਖਨੂਰ ਤਾਂ ਪਹਿਲਾਂ ਹੀ ਪੰਜਾਬ ਵਿਚ ਮਿਲਾ ਲਏ ਗਏ ਸਨ। ਇਥੇ ਫ਼ੌਜੀ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਸੀ। ਭਿੰਬਰ ਅਤੇ ਰਾਜੌਰੀ 'ਤੇ ਅਚਾਨਕ ਧਾਵਾ ਬੋਲ ਕੇ ਉਨ੍ਹਾਂ ਨੂੰ ਕਬਜ਼ੇ ਵਿਚ ਕਰ ਲਿਆ ਗਿਆ ਸੀ। ਇਥੋਂ ਦੇ ਮੁਖੀਆਂ, ਸੁਲਤਾਨ ਖ਼ਾਨ ਅਤੇ ਅਗਰ ਖ਼ਾਨ ਨੂੰ ਪਹਿਰੇ ਅੰਦਰ ਲਿਆਂਦਾ ਗਿਆ। ਗਰਮੀਆਂ ਦੀ ਰੁੱਤ ਆਉਣ ਤਕ, ਜਦੋਂ ਕਸ਼ਮੀਰ 'ਤੇ ਧਾਵਾ ਬੋਲਿਆ ਜਾ ਸਕਦਾ ਸੀ, ਮੁਹਕਮ ਚੰਦ ਨੇ ਵਾਦੀ ਤਕ ਪਹੁੰਚਣ ਲਈ ਪੂਰਬ ਤੋਂ ਰਾਹ ਬਣਾ ਲਿਆ ਸੀ। ਉਸ ਵੇਲੇ ਬਾਰਕਜ਼ਈ ਰਾਜਦੂਤ ਨੂੰ ਕਾਬਲ ਵਾਪਸ ਜਾਣ ਦੀ ਛੁੱਟੀ ਦਿੱਤੀ ਗਈ।

ਕੁਝ ਦਿਨਾਂ ਪਿੱਛੋਂ ਵਜ਼ੀਰ ਖ਼ਾਨ ਆਪਣੀਆਂ ਫ਼ੌਜਾਂ ਲੈ ਕੇ ਅਟਕ ਨੂੰ ਪਾਰ ਕਰ ਗਿਆ ਅਤੇ ਦਰਬਾਰ ਦੇ ਇਲਾਕੇ ਵਿਚ ਦਾਖ਼ਲ ਹੋ ਗਿਆ। ਮਹਾਰਾਜਾ ਸਾਹਿਬ ਤੁਰੰਤ ਉੱਤਰ ਵੱਲ ਵਧੇ ਅਤੇ ਰੋਹਤਾਸ 'ਤੇ ਡੇਰੇ ਲਾ ਲਏ। ਹੁਣ ਅਫ਼ਗਾਨਾਂ ਨੂੰ ਪੰਜਾਬੀਆਂ ਪਾਸੋਂ ਜਾਨ ਛੁਡਾ

ਕੇ ਕਸ਼ਮੀਰ ਵਿਚ ਦਾਖ਼ਲ ਹੋਣਾ ਔਖਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਏਲਚੀ ਵਜ਼ੀਰ ਫਤਹਿ ਖ਼ਾਨ ਪਾਸ ਭੇਜਿਆ ਤਾਂ ਜੋ ਉਸ ਦੇ ਪੰਜਾਬ ਵਿਚ ਦਾਖ਼ਲ ਹੋਣ ਦਾ ਮਨੋਰਥ ਪਤਾ ਕੀਤਾ ਜਾ ਸਕੇ।

ਵਜ਼ੀਰ ਨੇ ਬੇਨਤੀ ਕੀਤੀ ਕਿ ਉਹ ਮਹਾਰਾਜਾ ਸਾਹਿਬ ਨਾਲ ਨਿੱਜੀ ਮੁਲਾਕਾਤ ਕਰਨਗੇ। ਉਹ ਗੱਲ-ਬਾਤ ਕਰਨ ਵੇਲੇ ਆਪਣੇ ਨਾਲ ਆਪਣੇ ਅਠਾਰਾਂ ਭਰਾਵਾਂ ਨੂੰ ਲੈ ਕੇ ਆਇਆ। ਇਹ ਸਾਰੇ ਹਥਿਆਰਬੰਦ ਸਨ ਅਤੇ ਇਸ ਨੀਅਤ ਨਾਲ ਆਏ ਸਨ ਕਿ ਜੇਕਰ ਮਹਾਰਾਜਾ ਸਾਹਿਬ ਕਸ਼ਮੀਰ ਉਪਰ ਸਾਂਝਾ ਧਾਵਾ ਬੋਲਣ ਵਿਚ ਰਾਜ਼ੀ ਨਾ ਹੋਣ ਤਾਂ ਉਹ ਮਹਾਰਾਜਾ ਸਾਹਿਬ ਨੂੰ ਕਤਲ ਕਰਨ ਲਈ ਤਿਆਰ ਸਨ। ਪਰ ਕਤਲ ਕਰਨ ਦਾ ਮੌਕਾ ਹੀ ਨਾ ਆਇਆ ਕਿਉਂਕਿ ਮਹਾਰਾਜਾ ਸਾਹਿਬ ਨੇ ਪੇਸ਼ਕਸ਼ ਝੱਟ ਹੀ ਮੰਨ ਲਈ ਕਿ ਲੁੱਟ ਅੱਧੀ-ਅੱਧੀ ਤੇ ਨੌਂ ਲੱਖ ਰੁਪਏ ਸਾਲਾਨਾ।

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਦਰਬਾਰ ਦਾ ਇਰਾਦਾ ਆਪਣਾ ਵਚਨ ਪਾਲਣ ਦਾ ਸੀ। ਪਰ ਉਧਰ ਅਫ਼ਗਾਨ ਆਪਣਾ ਵਾਹਦਾ ਨਿਭਾਉਣ ਦਾ ਕੋਈ ਖ਼ਿਆਲ ਨਹੀਂ ਕਰਦੇ ਸਨ। ਦਰਬਾਰ ਵੱਲੋਂ ਬਾਰਾਂ ਹਜ਼ਾਰ ਜਵਾਨਾਂ ਦੀ ਫ਼ੌਜ ਅਫ਼ਗਾਨਾਂ ਨਾਲ ਭੇਜੀ ਗਈ। ਨਾਲ ਹੀ ਦੀਵਾਨ ਮੁਹਕਮ ਚੰਦ ਅਤੇ ਦਲ ਸਿੰਘ ਵਰਗੇ ਸਿਆਣੇ ਜਰਨੈਲ ਵੀ ਸਨ। ਦੋਹਾਂ ਫ਼ੌਜਾਂ ਨੇ ਦਸੰਬਰ 1, 1812 ਨੂੰ ਜੇਹਲਮ ਤੋਂ ਕੂਚ ਕੀਤਾ। ਪੰਜਾਬੀਆਂ ਨੇ ਤਾਂ ਆਪਣੀ ਨੇਕ ਨੀਅਤ ਦਾ ਸਬੂਤ ਦਿੱਤਾ ਅਤੇ ਆਪਣੇ ਨਾਲ ਅਫ਼ਗਾਨ ਫ਼ੌਜ ਨੂੰ ਵੀ ਰਾਜੌਰੀ ਦੇ ਰਾਹ ਥਾਣੀਂ ਲੰਘਣ ਦਿੱਤਾ। ਇਹ ਨਹੀਂ ਕੀਤਾ ਕਿ ਉਨ੍ਹਾਂ ਨੂੰ ਮੁਜ਼ੱਫਰਾਬਾਦ ਦੇ ਰਾਹ ਭੇਜਦੇ ਜਿਹੜਾ ਸਾਲ ਦੇ ਉਸ ਸਮੇਂ ਵਿਚ ਬਰਫ਼ ਨਾਲ ਢੱਕਿਆ ਰਹਿੰਦਾ ਸੀ।

ਪਰ ਮੁਹਕਮ ਚੰਦ ਨੂੰ ਇਹ ਭਾਂਪਦਿਆਂ ਦੇਰ ਨਾ ਲੱਗੀ ਕਿ ਅਫ਼ਗਾਨਾਂ ਦੀ ਨੀਅਤ ਖੋਟੀ ਹੈ, ਅਤੇ ਉਸ ਮਹਾਰਾਜਾ ਸਾਹਿਬ ਨੂੰ ਵੀ ਇਸ ਗੱਲ ਤੋਂ ਜਾਣੂੰ ਕਰਵਾ ਦਿੱਤਾ। ਮਹਾਰਾਜਾ ਸਾਹਿਬ ਨੂੰ ਇਹ ਸੂਚਨਾ ਵੀ ਦੇ ਦਿੱਤੀ ਗਈ ਕਿ ਵਜ਼ੀਰ ਖ਼ਾਨ ਨੇ ਦੋ ਵੱਡੇ ਕਿਲ੍ਹਿਆਂ ਉਤੇ ਕਬਜ਼ਾ ਕਰ ਲਿਆ ਸੀ ਅਤੇ ਉਥੋਂ ਦੇ ਖ਼ਜ਼ਾਨੇ ਵੀ ਆਪਣੇ ਕਬਜ਼ੇ ਵਿਚ ਕਰ ਲਏ ਸਨ। ਪਰ ਮਹਾਰਾਜਾ ਸਾਹਿਬ ਨੇ ਮੁਹਕਮ ਚੰਦ ਨੂੰ ਲਿਖ ਘੱਲਿਆ ਕਿ ਕਿਸੇ ਪ੍ਰਕਾਰ ਦੇ ਸੰਦੇਹ ਜਾਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਨਾ ਕਰੇ ਅਤੇ ਫਤਹਿ ਖ਼ਾਨ ਦੀਆਂ ਇੱਛਾਵਾਂ ਅਨੁਸਾਰ ਚੱਲੇ। ਪਰ ਜੇਕਰ ਵਜ਼ੀਰ ਨੇ ਸਹੁੰ ਚੁੱਕ ਕੇ ਪੇਤ੍ਰਤਾ ਕੀਤੇ ਹੋਏ ਵਾਹਦੇ ਦੀ ਉਲੰਘਣਾ ਕੀਤੀ ਤਾਂ ਉਹ ਆਪੇ ਹੀ ਉਸ ਨਾਲ ਨਿੱਬੜ ਲਵੇਗਾ। ਫਤਹਿ ਖ਼ਾਨ ਬੜੀ ਫੁਰਤੀ ਨਾਲ ਦਰਬਾਰ ਦੇ ਇਲਾਕੇ ਵਿਚੋਂ ਲੰਘਿਆ ਅਤੇ ਮੁਹਕਮ ਚੰਦ ਨਾਲੋਂ ਦੋ ਦਿਨ ਦਾ ਪੈਂਡਾ ਅੱਗੇ ਲੰਘ ਗਿਆ। ਦੀਵਾਨ ਇਸ ਗੱਲ ਤੋਂ ਸੁਚੇਤ ਸੀ ਕਿ ਜੇਕਰ ਅਫ਼ਗਾਨ ਆਪਣੇ ਟਿਕਾਣੇ 'ਤੇ ਪਹਿਲਾਂ ਪਹੁੰਚ ਗਏ ਤਾਂ ਸ਼ਾਹ ਸ਼ੁਜਾਹ ਦੀ ਕਿਸਮਤ ਠੱਪ ਹੋ ਜਾਵੇਗੀ। ਉਸ ਡੰਡੀ-ਰਾਹ ਫੜਿਆ ਅਤੇ ਸ਼ੇਰਗੜ੍ਹ ਦੇ ਕਿਲ੍ਹੇ 'ਤੇ ਉਨ੍ਹਾਂ ਨਾਲੋਂ ਪਹਿਲਾਂ ਪਹੁੰਚ ਕੇ ਅਫ਼ਗਾਨਾਂ ਨੂੰ ਹੈਰਾਨ ਕਰ ਦਿੱਤਾ। ਸ਼ਾਹ ਸ਼ੁਜਾਹ ਇਸੇ ਕਿਲ੍ਹੇ ਵਿਚ ਕੈਦ ਸੀ। ਬਿਨਾਂ ਬਹੁਤ ਮੁਕਾਬਲਾ ਕੀਤੇ ਕਿਲ੍ਹਾ ਫਤਹਿ ਹੋ ਗਿਆ। ਅਫ਼ਗਾਨ ਤਾਂ ਲੁੱਟ-ਮਾਰ ਵਿਚ ਰੁੱਝ ਗਏ ਪਰ ਪੰਜਾਬੀਆਂ ਨੇ ਤਹਿਖ਼ਾਨੇ ਫੋਲ ਕੇ ਸ਼ਾਹ ਸ਼ੁਜਾਹ ਨੂੰ ਆਪਣੇ ਤੰਬੂ ਵਿਚ ਲੈ ਆਂਦਾ। ਜਦੋਂ ਵਜ਼ੀਰ ਫਤਹਿ ਖ਼ਾਨ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਮੰਗ ਕੀਤੀ ਕਿ ਸ਼ਾਹ ਸ਼ੁਜਾਹ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਜਦੋਂ ਦੀਵਾਨ ਨੇ ਸ਼ਾਹੀ ਕੈਦੀ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਸ ਜ਼ਬਰਦਸਤੀ ਨਾਲ ਲੈਣ ਦੀ ਕੋਸ਼ਿਸ਼ ਕੀਤੀ। ਉਸ ਦੀ ਇਹ ਕੋਸ਼ਿਸ਼ ਅਸਫਲ ਕਰ ਦਿੱਤੀ ਗਈ। ਵਜ਼ੀਰ ਨੂੰ ਬਹਾਨਾ ਮਿਲ ਗਿਆ। ਉਸ ਲੁੱਟ ਦਾ ਹਿੱਸਾ ਦੇਣ ਤੋਂ ਇਨਕਾਰ

ਕਰ ਦਿੱਤਾ, ਜਿਸ ਦਾ ਹਿੱਸਾ ਵੰਡਾਉਣ ਲਈ ਪੱਕਾ ਵਚਨ ਕੀਤਾ ਹੋਇਆ ਸੀ। ਅਫ਼ਗਾਨਾਂ ਨੇ ਰਹਿੰਦੇ ਕਸ਼ਮੀਰ ਉਪਰ ਵੀ ਕਬਜ਼ਾ ਕਰ ਲਿਆ।

ਮਹਾਰਾਜਾ ਸਾਹਿਬ ਨੇ ਜਹਾਂਦਾਦ ਖ਼ਾਨ ਨਾਲ ਗੱਲ-ਬਾਤ ਆਰੰਭ ਕਰ ਦਿੱਤੀ। ਇਹ ਅਟਕ ਦਾ ਗਵਰਨਰ ਸੀ। ਇਸ ਦੇ ਸਾਥੀ ਅਤਾ ਮੁਹੰਮਦ ਨੂੰ ਕਸ਼ਮੀਰ ਵਿਚੋਂ ਕੱਢ ਦਿੱਤਾ ਗਿਆ ਸੀ ਅਤੇ ਉਹ ਬਾਰਕਜ਼ਈਆਂ ਦਾ ਵਿਰੋਧੀ ਸੀ। ਉਸ ਵਜ਼ੀਰਾਬਾਦ ਵਿਚ ਜਗੀਰ ਲੈਣੀ ਸਵੀਕਾਰ ਕਰ ਲਈ ਅਤੇ ਅਟਕ ਦਾ ਕਿਲ੍ਹਾ ਦਰਬਾਰ ਦੇ ਏਲਚੀ ਫ਼ਕੀਰ ਅਜੀਜ਼-ਉਦ-ਦੀਨ ਨੂੰ ਸੌਂਪ ਦਿੱਤਾ।

ਵਜ਼ੀਰ ਫਤਹਿ ਖ਼ਾਨ ਨੂੰ ਇਹ ਜਾਣ ਕੇ ਘੋਰ ਨਿਰਾਸ਼ਾ ਹੋਈ ਕਿ ਉਹ ਕਿਲ੍ਹਾ ਜਿਹੜਾ ਭਾਰਤ ਦਾ ਪਹਿਰੇਦਾਰ ਖ਼ਿਆਲ ਕੀਤਾ ਜਾਂਦਾ ਸੀ, ਉਹ ਪੰਜਾਬੀਆਂ ਦੀ ਭੇਂਟ ਕਰ ਦਿੱਤਾ ਗਿਆ। ਉਹ ਇਸ ਵਿਸ਼ਵਾਸਘਾਤ 'ਤੇ ਬਹੁਤ ਤਿਲਮਿਲਾਇਆ। ਕਸ਼ਮੀਰ ਦਾ ਪ੍ਰਬੰਧ ਆਪਣੇ ਭਰਾ ਆਜ਼ਮ ਖ਼ਾਨ ਦੇ ਹਵਾਲੇ ਕਰਕੇ ਉਹ ਪੇਸ਼ਾਵਰ ਵਾਪਸ ਆਇਆ। ਉਥੋਂ ਉਸ ਮਹਾਰਾਜਾ ਸਾਹਿਬ ਨੂੰ ਬਹੁਤ ਸਖ਼ਤ ਪੱਤਰ ਲਿਖ ਕੇ ਅਟਕ ਖ਼ਾਲੀ ਕਰ ਦੇਣ ਲਈ ਕਿਹਾ, ਨਹੀਂ ਤਾਂ ਉਹ ਨਤੀਜਾ ਭੁਗਤਣ ਲਈ ਤਿਆਰ ਰਹਿਣ।

ਕੋਹੇਨੂਰ ਦੀ ਵਾਰਦਾਤ

ਸ਼ਾਹ ਸੁਜਾਹ ਦਾ ਲਾਹੌਰ ਵਿਚ ਉਸੇ ਤਰ੍ਹਾਂ ਦਾ ਸ਼ਾਨਦਾਰ ਸੁਆਗਤ ਹੋਇਆ ਜਿਸ ਤਰ੍ਹਾਂ ਦਾ ਉਸ ਦੇ ਭਰਾ ਦਾ ਪਿਛਲੇ ਸਾਲ ਹੋਇਆ ਸੀ। ਉਸ ਨੂੰ ਵਫ਼ਾ ਬੇਗਮ ਦੇ ਸਪੁਰਦ ਕਰਕੇ ਬੇਗਮ ਨੂੰ ਕਿਹਾ ਗਿਆ ਕਿ ਉਹ ਆਪਣਾ ਵਚਨ ਨਿਭਾਵੇ ਤੇ ਕੋਹੇਨੂਰ ਹੀਰਾ ਦੇਵੇ। ਕਸ਼ਮੀਰ ਦਾ ਮਾਮਲਾ ਬਹੁਤ ਮਹਿੰਗਾ ਪਿਆ ਸੀ। ਦਰਬਾਰ ਦੀ ਇਕ ਹਜ਼ਾਰ ਦੇ ਕਰੀਬ ਫ਼ੌਜ ਮਾਰੀ ਗਈ ਸੀ। ਬਾਰਕਜ਼ਈਆਂ ਨੇ ਸੂਬੇ 'ਤੇ ਕਬਜ਼ਾ ਕਰ ਲਿਆ ਸੀ ਅਤੇ ਲੁੱਟ ਸਾਂਭ ਲਈ ਸੀ। ਇਸ ਕਰਕੇ ਸਰਕਾਰੀ ਖ਼ਜ਼ਾਨਾ ਖ਼ਾਲੀ ਸੀ।

ਬੇਗਮ ਨੇ ਦਰਬਾਰ ਵੱਲੋਂ ਹੋਈ ਹੀਰੇ ਦੀ ਮੰਗ ਬਾਰੇ ਬਹਾਨੇਬਾਜ਼ੀ ਕੀਤੀ। ਮਹਾਰਾਜਾ ਸਾਹਿਬ ਨੇ ਵੀ ਇਹ ਭਾਪ ਲਿਆ ਸੀ ਕਿ ਬੇਗਮ ਅਜਿਹੀ ਅਮੁੱਲੀ ਵਸਤੂ ਨੂੰ ਛੱਡਣਾ ਨਹੀਂ ਚਾਹੁੰਦੀ ਸੀ। ਮਹਾਰਾਜਾ ਸਾਹਿਬ ਨੇ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਅਤੇ ਨਾਲ ਹੀ ਪਰਿਵਾਰ ਲਈ 50 ਹਜ਼ਾਰ ਰੁਪਏ ਦੀ ਜਗੀਰ ਲਾਉਣ ਲਈ ਵੀ ਕਿਹਾ। ਇਸ ਨਾਲ ਵੀ ਬੇਗਮ ਅਤੇ ਉਸ ਦੇ ਪਤੀ ਨੇ ਕੋਈ ਧਿਆਨ ਨਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਸਬਰ ਦਾ ਪਿਆਲਾ ਭਰ ਗਿਆ ਅਤੇ ਉਨ੍ਹਾਂ ਨੇ ਕੋਹੇਨੂਰ ਦੇ ਹੀਰੇ ਲਈ ਅੰਤਮ ਮੰਗ ਦੁਹਰਾਈ। ਅਫ਼ਗਾਨ ਪਰਿਵਾਰ ਦੁਆਲੇ ਪਹਿਰਾ ਸਖ਼ਤ ਕਰ ਦਿੱਤਾ ਗਿਆ। ਕੁਝ ਦਿਨਾਂ ਪਿੱਛੋਂ ਜਦੋਂ ਖ਼ੁਰਾਕ ਵਿਚ ਘਾਟਾ ਕੀਤਾ ਗਿਆ ਤਾਂ ਅਫ਼ਗਾਨਾਂ ਨੇ ਉਹ ਹੀਰਾ ਮਹਾਰਾਜਾ ਰਣਜੀਤ ਸਿੰਘ ਨੂੰ ਜੂਨ 1, 1813 ਨੂੰ ਸੌਂਪ ਦਿੱਤਾ।

ਇਸ ਨੁਕਸਾਨ ਨਾਲ ਸ਼ਾਹ ਸੁਜਾਹ ਕੰਗਾਲ ਹੋ ਗਿਆ। ਲਾਹੌਰ ਦਰਬਾਰ ਤੋਂ ਉਸ ਨੂੰ ਭੱਤਾ ਮਿਲਦਾ ਰਿਹਾ ਅਤੇ ਅਜੇ ਉਸ ਪਾਸ ਸੋਨੇ ਅਤੇ ਜਵਾਹਰਾਤ ਦੇ ਰੂਪ ਵਿਚ ਕਾਫ਼ੀ ਦੌਲਤ ਸੀ।

ਪੰਜਾਬੀਆਂ ਦੀ ਅਫ਼ਗਾਨਾਂ ਉਪਰ ਪਹਿਲੀ ਜਿੱਤ

ਅਟਕ ਦੀ ਲੜਾਈ, ਜੁਲਾਈ 1813

ਵਜ਼ੀਰ ਫਤਹਿ ਖ਼ਾਨ ਨੇ ਦਰਬਾਰ ਨਾਲ ਗੱਲ-ਬਾਤ ਚਲਾਉਣ ਦਾ ਜਤਨ ਕੀਤਾ ਕਿ

ਅਟਕ ਦਾ ਕਿਲ੍ਹਾ ਉਸ ਨੂੰ ਸੌਂਪ ਦਿੱਤਾ ਜਾਵੇ। ਉਸ ਮਹਾਰਾਜਾ ਸਾਹਿਬ ਦੀ ਦੋਸਤੀ ਦਾ ਦਮ ਭਰਿਆ, ਵਡਮੁੱਲੀਆਂ ਸੁਗਾਤਾਂ ਦਿੱਤੀਆਂ, ਤਾਰੀਫਾਂ ਦੇ ਪੁਲ ਬੰਨ੍ਹੇ ਅਤੇ ਇਹ ਵੀ ਵਚਨ ਦਿੱਤਾ ਕਿ ਉਹ ਦਰਬਾਰ ਵਾਸਤੇ ਮੁਲਤਾਨ 'ਤੇ ਵੀ ਕਬਜ਼ਾ ਕਰੇਗਾ। ਪਰ ਦਰਬਾਰ ਦਾ ਇਸ ਗੱਲ ਤੇ ਜ਼ੋਰ ਸੀ ਕਿ ਫਤਹਿ ਖ਼ਾਨ ਪਹਿਲਾਂ ਮੁਲਤਾਨ 'ਤੇ ਕਬਜ਼ਾ ਕਰੇ ਅਤੇ ਉਪਰੰਤ ਅਟਕ ਦੀ ਗੱਲ ਛੇੜੇ। ਦਰਬਾਰ ਨੇ ਅਫ਼ਗਾਨਾਂ ਨਾਲ ਉਦੋਂ ਤਕ ਚਿੱਠੀ-ਪੱਤਰ ਜਾਰੀ ਰਖਿਆ ਜਦੋਂ ਤਕ ਪੰਜਾਬੀਆਂ ਦੀ ਫ਼ੌਜ ਕਿਲ੍ਹੇ ਦੀ ਸਹਾਇਤਾ ਲਈ ਨਹੀਂ ਪਹੁੰਚ ਗਈ। ਅਟਕ 'ਤੇ ਕਬਜ਼ੇ ਨੂੰ ਸੁਰੱਖਿਅਤ ਕਰਨ ਲਈ ਦਰਬਾਰ ਦੀਆਂ ਫ਼ੌਜਾਂ ਨੇ ਅਗਾਊਂ ਹੀ ਹਰੀਪੁਰ ਦੀ ਚੌਕੀ ਤੇ ਕਬਜ਼ਾ ਕਰ ਲਿਆ।

ਵਜ਼ੀਰ ਫਤਹਿ ਖ਼ਾਨ ਨੇ ਆਂਢ-ਗੁਆਂਢ ਤਦੇ ਕਬੀਲਿਆਂ ਅੰਦਰ ਜੋਸ਼ ਭਰਿਆ ਅਤੇ 'ਕਾਫਰਾਂ' ਨੂੰ ਸਰਹੱਦੋਂ ਪਾਰ ਦੁੜਾਉਣ ਲਈ ਜਹਾਦ ਲਈ ਪੁਕਾਰ ਕੀਤੀ। ਤਿੰਨ ਮਹੀਨੇ ਤਕ ਅਫ਼ਗਾਨਾਂ ਅਤੇ ਪੰਜਾਬੀਆਂ ਦੀ ਟੱਕਰ ਚਲਦੀ ਰਹੀ। ਪਰ ਕੋਈ ਗੰਭੀਰ ਅਮਲ ਨਾ ਹੋਇਆ। ਸਰਦੀ ਨੇ ਬਸੰਤ ਵਿਚ ਰੰਗ ਬਦਲਿਆ। ਬਸੰਤ ਦੀ ਥੋੜ੍ਹੇ ਸਮੇਂ ਦੀ ਰੁੱਤ ਸਖ਼ਤ ਸਰਦੀ ਵਾਲੀ ਬਣ ਗਈ। ਦੀਵਾਨ ਮੁਹਕਮ ਚੰਦ ਨੇ ਆਪਣੀਆਂ ਫ਼ੌਜਾਂ ਇਸ ਤਰ੍ਹਾਂ ਤੋਰੀਆਂ ਕਿ ਅਫ਼ਗਾਨਾਂ ਅਤੇ ਅਟਕ ਦਰਿਆ ਵਿਚਕਾਰ ਲੈ ਆਂਦੀਆਂ। ਉਸ ਦੁਸ਼ਮਣ ਲਈ ਪੀਣ ਦਾ ਪਾਣੀ ਬੰਦ ਕਰ ਦਿੱਤਾ ਅਤੇ ਉਸ ਨੂੰ ਹਮਲਾ ਕਰਨ ਲਈ ਮਜਬੂਰ ਕਰ ਦਿੱਤਾ। ਮਾਨਸਰ ਦੇ ਮੈਦਾਨ ਤੇ ਲੜਾਈ ਹੋਈ। ਜਿਹੜਾ ਕਿਲ੍ਹੇ ਦੇ ਉੱਤਰ-ਪੂਰਬ ਵਿਚ ਸੀ। ਜੰਗ ਨੇ ਅਜਿਹੀਆਂ ਝੜਪਾਂ ਦਾ ਰੂਪ ਧਾਰਨ ਕੀਤਾ ਕਿ ਅਫ਼ਗਾਨ ਦਰਿਆ ਵੱਲ ਵਧਣ ਅਤੇ ਪੰਜਾਬੀਆਂ ਦੀ ਫ਼ੌਜ ਉਨ੍ਹਾਂ ਨੂੰ ਦੂਰ ਰੱਖਣ ਲਈ ਜ਼ੋਰ ਲਾਉਂਦੀ ਰਹੀ। ਅਫ਼ਗਾਨਾਂ ਨੂੰ ਝੁਲਸਦੀ ਧੁੱਪ ਵਿਚ ਲੜਨਾ ਪੈ ਰਿਹਾ ਸੀ ਅਤੇ ਬੁੱਲ੍ਹ ਗਿੱਲੇ ਕਰਨ ਲਈ ਵੀ ਪਾਣੀ ਦੀ ਇਕ ਤਿੱਪ ਨੂੰ ਤਰਸਦੇ ਸਨ। ਮੁਹਕਮ ਚੰਦ ਨੇ ਜਦੋਂ ਵੇਖਿਆ ਕਿ ਅਫ਼ਗਾਨਾਂ ਦਾ ਦਬਾਓ ਘਟ ਰਿਹਾ ਹੈ ਤਾਂ ਉਸ ਘੋੜਸਵਾਰਾਂ ਨੂੰ ਹੱਲਾ ਬੋਲਣ ਦੇ ਆਦੇਸ਼ ਦੇ ਦਿੱਤੇ। ਅਫ਼ਗਾਨਾਂ ਅੰਦਰ ਭਗਦੜ ਮੱਚ ਗਈ ਅਤੇ ਉਨ੍ਹਾਂ ਦੇ ਦੋ ਹਜ਼ਾਰ ਤੋਂ ਵੱਧ ਸਿਪਾਹੀ ਮਾਰੇ ਗਏ। ਉਹ ਸਾਥੀਆਂ ਦੀਆਂ ਲਾਸ਼ਾਂ, ਭਾਰੀ ਤੋਪਾਂ ਅਤੇ ਹੋਰ ਸਾਜ-ਸਮਾਨ ਜੇਤੂਆਂ ਲਈ ਪਿੱਛੇ ਛੱਡ ਕੇ ਨੱਸ ਗਏ।

ਇਹ ਪੰਜਾਬੀਆਂ ਦੀ ਅਫ਼ਗਾਨਾਂ ਅਤੇ ਪਠਾਣਾਂ ਉਪਰ ਪਹਿਲੀ ਜਿੱਤ ਸੀ। ਇਹ ਜਿੱਤ ਇਸ ਗੱਲੋਂ ਵੀ ਮਹੱਤਵਪੂਰਣ ਸੀ ਕਿ ਇਹ ਅਟਕ ਦੇ ਰਣਖੇਤਰ ਵਿਚ ਲੜੀ ਗਈ ਸੀ। ਅਟਕ ਦਾ ਇਲਾਕਾ 1002 ਈਸਵੀ ਵਿਚ ਮਹਿਮੂਦ ਗ਼ਜ਼ਨੀ ਨੇ ਰਾਜਾ ਜੈਪਾਲ ਪਾਸੋਂ ਖੋਹਿਆ ਸੀ ਅਤੇ ਉਸ ਸਮੇਂ ਤੋਂ ਵਿਦੇਸ਼ੀਆਂ ਦੇ ਹੱਥ ਵਿਚ ਹੀ ਰਿਹਾ। ਇਸ 'ਤੇ ਕਬਜ਼ਾ ਕਰਨ ਦਾ ਅਰਥ ਇਹ ਹੋਇਆ ਕਿ ਉੱਤਰ ਭਾਰਤ ਨੂੰ ਪਠਾਣਾਂ ਅਤੇ ਅਫ਼ਗਾਨਾਂ ਦੇ ਖ਼ਤਰਿਆਂ ਤੋਂ ਬਚਾ ਲਿਆ ਗਿਆ। ਜਦੋਂ ਜਿੱਤ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਸਾਰਾ ਸ਼ਹਿਰ ਖ਼ੁਸ਼ੀ ਨਾਲ ਝੱਲਾ ਹੋ ਗਿਆ। ਲੋਕੀਂ ਗਲੀਆਂ-ਬਾਜ਼ਾਰਾਂ ਵਿਚ ਨੱਚਣ-ਗਾਉਣ ਲੱਗ ਪਏ। ਮਹਾਰਾਜਾ ਸਾਹਿਬ ਵੀ ਮਹੱਲ 'ਚੋਂ ਬਾਹਰ ਆ ਕੇ ਲੋਕਾਂ ਵਿਚ ਮਿਲ ਗਏ ਅਤੇ ਖ਼ੁਸ਼ੀਆਂ ਮਨਾਉਂਦੀ ਲੋਕਾਂ ਦੀ ਭੀੜ ਲਈ ਸਦਾ ਵਾਂਗ ਬਖ਼ਸ਼ਿਸ਼ਾਂ ਦੇ ਭੰਡਾਰ ਖੋਲ੍ਹ ਦਿੱਤੇ।

ਜਦੋਂ ਫ਼ੌਜ ਪਠਾਣਾਂ ਨਾਲ ਭਿੜ ਰਹੀ ਸੀ ਅਤੇ ਮਹਾਰਾਜਾ ਸਾਹਿਬ ਦਾ ਸਾਰਾ ਧਿਆਨ ਸਰਹੱਦ ਦੀਆਂ ਸਮੱਸਿਆਵਾਂ ਵੱਲ ਸੀ ਤਾਂ ਸ਼ਾਹ ਸ਼ੁਜਾਹ ਨੇ ਦਰਬਾਰ ਦਾ ਤਖ਼ਤਾ ਉਲਟਾਉਣ ਲਈ ਭਾਰੀ ਸਾਜ਼ਸ਼ ਕੀਤੀ। ਜੂਨ 23, 1813 ਦੇ ਖ਼ਬਰਨਾਮੇ ਵਿਚ ਇਸ ਦਾ ਹਾਲ ਇਸ ਪ੍ਰਕਾਰ ਅੰਕਿਤ ਕੀਤਾ ਗਿਆ : "ਪੁਲਿਸ ਥਾਣੇ ਦਾ ਇਨਚਾਰਜ ਪੀਰ ਬਾਤਿਸ ਅੰਦਰ ਆਇਆ ਅਤੇ ਉਸ ਬਿਆਨ ਦਿੱਤਾ ਕਿ ਹਜ਼ਰਤ ਸ਼ੁਜਾਹ-ਉਲ-ਮੁਲਕ ਦੇ ਕੁਝ ਸਾਥੀਆਂ ਨੇ

ਆਪਣੀ ਮਰਜ਼ੀ ਨਾਲ, ਆਪਣੀ ਹੀ ਮੋਹਰ ਹੇਠ ਕੁਝ ਪੱਤਰ ਸਰਦਾਰ ਫਤਹਿ ਖ਼ਾਨ ਵਜ਼ੀਰ ਨੂੰ ਲਿਖੇ ਹਨ। ਇਨ੍ਹਾਂ ਪੱਤਰਾਂ ਨੂੰ ਲਿਜਾਣ ਵਾਲਾ ਸੰਦੇਸ਼-ਵਾਹਕ ਪਕੜ ਲਿਆ ਗਿਆ ਸੀ ਅਤੇ ਉਹ ਸਾਰੇ ਪੱਤਰ ਆਹਲਾ ਸਰਕਾਰ ਦੇ ਹਵਾਲੇ ਕਰ ਦਿੱਤੇ ਗਏ ਹਨ। ਉਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਉਸ ਸਮੇਂ ਲਾਹੌਰ ਵਿਚ ਆਹਲਾ ਸਰਕਾਰ ਇਕੱਲੀ ਸੀ ਅਤੇ ਉਨ੍ਹਾਂ ਨਾਲ ਕੋਈ ਵੀ ਫ਼ੌਜੀ ਨਹੀਂ ਸੀ ਅਤੇ ਜੇਕਰ ਉਹ (ਵਜ਼ੀਰ) ਫ਼ੌਜਾਂ ਘੱਲ ਦੇਵੇ ਤਾਂ ਲਾਹੌਰ 'ਤੇ ਕਬਜ਼ਾ ਕਰਨ ਵਿਚ ਕੋਈ ਔਖ ਨਹੀਂ ਹੋਵੇਗੀ।"

ਮਹਾਰਾਜਾ ਰਣਜੀਤ ਸਿੰਘ ਜੋਸ਼ ਵਿਚ ਆਉਣ ਵਾਲਾ ਵਿਅਕਤੀ ਨਹੀਂ ਸੀ। ਉਸ ਦੇ ਚਿਹਰੇ ਨੂੰ ਪੜ੍ਹਨਾ ਔਖਾ ਸੀ। ਉਸ ਸ਼ੁਜਾਹ ਪਾਸੋਂ ਸਪੱਸ਼ਟੀਕਰਨ ਮੰਗਿਆ ਅਤੇ ਜਦੋਂ ਮਹਾਰਾਜਾ ਸਾਹਿਬ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਸ਼ਾਹ ਝੂਠ ਬੋਲਦਾ ਹੈ ਤਾਂ ਉਸ ਸੰਬੰਧਤ ਆਦਮੀਆਂ ਨੂੰ ਕੈਦ ਕਰ ਲਿਆ। ਸ਼ਾਹ ਦੇ ਪਾਸ ਜੋ ਵੀ ਦੌਲਤ ਸੀ, ਉਸ ਤੋਂ ਵੀ ਉਸ ਨੂੰ ਮਹਿਰੂਮ ਕਰ ਦਿੱਤਾ ਗਿਆ। ਇਸ ਤੋਂ ਉਪਰੰਤ ਪਰਿਵਾਰ ਉਪਰ ਲਾਇਆ ਹੋਇਆ ਪਹਿਰਾ ਨਰਮ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਇਧਰ-ਉਧਰ ਆਉਣ-ਜਾਣ ਦੀ ਖੁੱਲ੍ਹ ਦੇ ਦਿੱਤੀ ਗਈ। ਚੌਕਸੀ ਵਿਚ ਇਸ ਨਰਮੀ ਸਦਕਾ ਬੇਗਮ ਅਤੇ ਸ਼ਾਹ ਨੂੰ ਮੌਕਾ ਮਿਲ ਗਿਆ ਕਿ ਉਹ ਲਾਹੌਰ ਤੋਂ ਬਚ ਕੇ ਅੰਗਰੇਜ਼ੀ ਇਲਾਕੇ ਵਿਚ ਪਹੁੰਚ ਜਾਣ।

ਲੁਧਿਆਣਾ ਪਹੁੰਚ ਕੇ ਵਫ਼ਾ ਬੇਗਮ ਅੰਗਰੇਜ਼ਾਂ ਅਤੇ ਵਜ਼ੀਰ ਫਤਹਿ ਖ਼ਾਨ ਨਾਲ ਚਿੱਠੀ-ਪੱਤਰ ਕਰਦੀ ਰਹੀ ਕਿ ਮਹਾਰਾਜਾ ਰਣਜੀਤ ਸਿੰਘ ਦਾ ਤਖ਼ਤਾ ਉਲਟਾਇਆ ਜਾਵੇ। ਵੈਸੇ ਉਸ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਰਣਜੀਤ ਸਿੰਘ ਨੇ ਉਸ ਪਾਸੋਂ ਕੋਹੇਨੂਰ ਹੀਰਾ ਧੋਖੇ ਨਾਲ ਖੋਹਿਆ ਹੈ। ਇਹ ਸਪੱਸ਼ਟ ਹੈ ਕਿ ਰਾਜ ਨੂੰ ਖ਼ਤਮ ਕਰਨ ਦੀਆਂ ਚਾਲਾਂ ਬਣਦੀਆਂ ਰਹੀਆਂ।

ਉੱਤਰੀ ਭਾਰਤ ਵਿਚ ਅਫ਼ਗਾਨ ਸੱਤਾ ਦਾ ਵਿਨਾਸ਼

ਕਸ਼ਮੀਰ ਦੀ ਦੂਜੀ ਮੁਹਿੰਮ (1813-1814)

ਅਟਕ 'ਤੇ ਵਿਜੈ ਪ੍ਰਾਪਤ ਕਰਨ ਦੇ ਇਕ ਮਹੀਨੇ ਪਿੱਛੋਂ ਦਰਬਾਰ ਨੇ ਦ੍ਰਿੜ੍ਹ ਫ਼ੈਸਲਾ ਕੀਤਾ ਕਿ ਕਸ਼ਮੀਰ ਨੂੰ ਅਫ਼ਗਾਨਾਂ ਦੇ ਪੰਜੇ ਤੋਂ ਮੁਕਤ ਕਰਵਾਇਆ ਜਾਵੇ। ਜਦੋਂ ਤਾਈਂ ਇਹ ਵਿਉਂਤ ਅਮਲੀ ਰੂਪ ਧਾਰਨ ਲਾਇਕ ਹੋਈ, ਪਤਝੜ ਆ ਗਈ ਅਤੇ ਸਮੇਂ ਤੋਂ ਪਹਿਲਾਂ ਬਰਫ਼ ਪੈਣ ਨਾਲ ਫ਼ੌਜਾਂ ਦੀ ਚੜ੍ਹਾਈ ਵਿਚ ਰੋਕ ਪੈ ਗਈ। ਉਸ ਸਾਲ ਵਿਚ ਤਾਂ ਏਨਾ ਹੀ ਹੋ ਸਕਿਆ ਕਿ ਆਉਣ ਵਾਲੀ ਬਸੰਤ ਰੁੱਤ ਤਕ ਚੜ੍ਹਾਈ ਕਰਨ ਲਈ-ਪੂਰੀ ਤਿਆਰੀ ਕਰ ਲਈ ਜਾਵੇ।

ਜਿਉਂ ਹੀ ਬਰਫ਼ ਢਲੀ, ਫ਼ੌਜੀ ਹਲਚਲ ਆਰੰਭ ਹੋ ਗਈ। ਜੂਨ ਦੇ ਪਹਿਲੇ ਦਿਨਾਂ ਵਿਚ ਪੰਜਾਹ ਹਜ਼ਾਰ ਫ਼ੌਜੀ ਜਵਾਨਾਂ ਨੇ ਵਜ਼ੀਰਾਬਾਦ ਦੇ ਨੇੜੇ ਤੰਬੂ ਗੱਡ ਦਿੱਤੇ। ਮੁਹਕਮ ਚੰਦ ਦੇ ਬੀਮਾਰ ਹੋ ਜਾਣ ਕਾਰਨ, ਮਹਾਰਾਜਾ ਸਾਹਿਬ ਨੇ ਫ਼ੌਜ ਦੇ ਭਾਰੀ ਹਿੱਸੇ (ਤੀਹ ਹਜ਼ਾਰ ਜਵਾਨਾਂ ਦੀ ਵਾਗਡੋਰ) ਦੀਵਾਨ ਦੇ ਵੀਹ ਸਾਲਾ ਪੋਤਰੇ, ਰਾਮ ਦਿਆਲ ਦੇ ਹੱਥ ਸੌਂਪ ਦਿੱਤੀ। ਇਸ ਨੌਜਵਾਨ ਕਮਾਂਡਰ ਦੇ ਨਾਲ ਮਸ਼ਹੂਰ ਜਰਨੈਲਾਂ ਦੀ ਕੜੀ ਸੀ : ਹਰੀ ਸਿੰਘ ਨਲਵਾ, ਮੀਥ ਸਿੰਘ ਭਰਾਨੀਆ, ਜੋਧ ਸਿੰਘ ਕਲਸੀਆ ਅਤੇ ਤੋਪਖਾਨਾ ਦੇ ਕਮਾਂਡਰ ਮੀਆਂ ਗੌਂਸ। ਇਹ ਫ਼ੌਜ ਬਾਰਾਮੂਲਾ ਅਤੇ ਸ਼ੂਪੈਵਾਨ ਵੱਲ ਵਧਣ ਲੱਗੀ। ਬਾਕੀ ਦੀ ਫ਼ੌਜ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਵਿਚ ਪੁਣਛ ਵੱਲ ਵਧੀ। ਜੁਲਾਈ ਦੇ ਦੂਜੇ ਸਪਤਾਹ ਘੇਰਾ ਘੱਤਣ ਦਾ ਕੰਮ ਕੀਤਾ ਗਿਆ। ਉਸੇ ਸਮੇਂ ਵਿਚ ਪਹਾੜਾਂ 'ਤੇ ਮਾਨਸੂਨ ਸ਼ੁਰੂ ਹੋ ਗਈ।

ਮੋਹਲੇਧਾਰ ਮੀਂਹ ਦੇ ਕਾਰਨ ਮਹਾਰਾਜਾ ਸਾਹਿਬ ਰਾਜੌਰੀ ਵਿਖੇ ਰੁਕ ਗਏ। ਰਾਮ ਦਿਆਲ ਦੀ ਕਮਾਨ ਅਧੀਨ ਫ਼ੌਜ ਬਹਾਦਰੀ ਨਾਲ ਅੱਗੇ ਵਧਦੀ ਗਈ ਅਤੇ ਜੁਲਾਈ 20, 1814 ਨੂੰ ਬਾਰਾਮੂਲਾ ਦੀ ਗੜ੍ਹੀ ਤੇ ਕਬਜ਼ਾ ਕਰਕੇ ਤੰਗ ਰਾਹੋਂ ਲੰਘਦੀ ਹੋਈ ਆਦਮਪੁਰ ਹਰੀਪੁਰ ਤੋਂ ਅੱਗੇ ਸ਼ੂਪੈਵਾਨ ਤਕ ਚਲਦੀ ਗਈ। ਸ਼ੂਪੈਵਾਨ ਵਿਖੇ ਕਸ਼ਮੀਰ ਦੇ ਸੂਬੇਦਾਰ ਆਜ਼ਮ ਖ਼ਾਨ ਅਤੇ ਉਸ ਦੀ ਅਫ਼ਗਾਨ ਫ਼ੌਜ ਨੇ ਰਾਹ ਵਿਚ ਰੋਕ ਪਾਈ। ਭਾਰੀ ਵਰਖਾ ਵਿਚ ਲੜਾਈ ਆਰੰਭ ਹੋ ਗਈ ਅਤੇ ਇਸ ਦਾ ਮੋਰਚਿਆਂ ਵਿਚ ਲੜਦੇ ਅਫ਼ਗਾਨਾਂ ਨੂੰ ਪੰਜਾਬੀਆਂ 'ਤੇ ਲਾਹਾ ਮਿਲਿਆ। ਰਾਮ ਦਿਆਲ ਢਿੱਲ ਪਾਉਣ ਵਾਲੀ ਲੜਾਈ ਲੜਦਾ ਰਿਹਾ ਤਾਂ ਜੋ ਰਾਹਤ ਦਸਤਾ ਪਹੁੰਚ ਜਾਵੇ, ਜਿਹੜਾ ਉਸ ਵੱਲ ਆ ਰਿਹਾ ਸੀ। ਪਰ ਅਫ਼ਗਾਨ ਦੇ ਸ਼ਹਿ ਲਾਉਣ ਵਾਲੇ ਸਿਪਾਹੀਆਂ ਨੇ ਇਸ ਦਸਤੇ ਨੂੰ ਰਾਹ ਵਿਚ ਹੀ ਰੋਕ ਲਿਆ।

ਮਹਾਰਾਜਾ ਸਾਹਿਬ ਵੀ ਅੱਛੇ ਹੱਥ ਨਾ ਵਿਖਾ ਸਕੇ। ਪੁਣਛੀਆਂ ਨੇ ਤਾਂ ਆਪਣੀਆਂ ਖੜ੍ਹੀਆਂ ਫ਼ਸਲਾਂ ਨੂੰ ਅੱਗ ਲਾ ਦਿੱਤੀ ਅਤੇ ਆਪਣੇ ਡੰਗਰ-ਢੋਰ, ਮਾਲ-ਅਸਬਾਬ ਅਤੇ ਗਹਿਣਾ-ਗੱਟਾ ਉਥੋਂ ਹਟਾ ਲਿਆ। ਖ਼ੁਰਾਕ ਦੀ ਪਹੁੰਚ ਦੀ ਸਮੱਸਿਆ ਬਣ ਗਈ ਅਤੇ ਭਾਰੀ ਵਰਖਾ ਅਤੇ ਪੁਣਛੀ ਗੁਰੀਲਿਆਂ ਪੰਜਾਬੀਆਂ ਦਾ ਮਨੋਬਲ ਢਾਹ ਦਿੱਤਾ। ਇਸ ਦੇ ਨਾਲ ਹੀ

ਫ਼ੌਜਾਂ ਵਿਚ ਹੈਜ਼ੇ ਦੀ ਬੀਮਾਰੀ ਫੈਲ ਗਈ। ਮੀਆਂ ਗੌਂਸ ਵੀ ਇਸ ਦਾ ਸ਼ਿਕਾਰ ਹੋ ਗਿਆ ਅਤੇ ਲਾਹੌਰ ਆਉਂਦਿਆਂ ਰਾਹ ਵਿਚ ਹੀ ਦਮ ਤੋੜ ਗਿਆ। ਅਫ਼ਗਾਨਾਂ ਨੇ ਹੱਲਾ ਬੋਲ ਦਿੱਤਾ ਅਤੇ ਮਹਾਰਾਜਾ ਸਾਹਿਬ ਨੂੰ ਪਹਾੜੀਆਂ ਤੋਂ ਬਾਹਰ ਕੱਢ ਦਿੱਤਾ।

ਪਰ ਰਾਮ ਦਿਆਲ ਦ੍ਰਿੜ੍ਹਤਾ ਨਾਲ ਡਟਿਆ ਰਿਹਾ ਅਤੇ ਸ੍ਰੀਨਗਰ ਤੋਂ ਬਹੁਤਾ ਦੂਰ ਨਹੀਂ ਸੀ। ਆਜ਼ਮ ਖ਼ਾਨ ਇਹ ਨਹੀਂ ਸੀ ਚਾਹੁੰਦਾ ਕਿ ਉਹਦੀ ਰਾਜਧਾਨੀ ਦੇ ਨੇੜੇ ਪੰਜਾਬੀ ਬਹੁਤ ਸਮੇਂ ਤਕ ਘੇਰਾ ਪਾਈ ਰੱਖਣ ਤਾਂ ਜੋ ਉਹ ਥੱਕ ਜਾਵੇ। ਇਸ ਲਈ ਰਾਮ ਦਿਆਲ ਨੂੰ ਹਟਾਉਣ ਤੋਂ ਅਸਮਰਥ ਹੋ ਕੇ ਉਸ ਗੱਲ-ਬਾਤ ਦਾ ਰਾਹ ਅਪਣਾਇਆ। ਸੁਗਾਤਾਂ ਦੋਹਾਂ ਪਾਸਿਆਂ ਤੋਂ ਭੇਟ ਹੋਈਆਂ। ਆਜ਼ਮ ਖ਼ਾਨ ਨੇ ਦਰਬਾਰ ਦੀ ਵਫ਼ਾਦਾਰੀ ਦਾ ਦਮ ਭਰਿਆ ਅਤੇ ਬਚਨ ਦਿੱਤਾ ਕਿ ਉਹ ਦਰਬਾਰ ਦੇ ਕਿਸੇ ਸਤਰੂ ਨਾਲ ਗਠਜੋੜ ਨਹੀਂ ਕਰੇਗਾ। ਰਾਮ ਦਿਆਲ ਨੇ ਆਪਣੇ ਆਪ ਨੂੰ ਮੁਸੀਬਤ ਵਿਚੋਂ ਕੱਢਿਆ ਅਤੇ ਪੰਜਾਬ ਪਰਤ ਆਇਆ। ਇਹ ਮੁਹਿੰਮ ਅਸਫ਼ਲ ਰਹੀ।

1815 ਦੀ ਪਤਝੜ ਤਕ ਦਰਬਾਰ ਕਿਸੇ ਵੱਡੀ ਮੁਹਿੰਮ ਵਿਚ ਨਹੀਂ ਉਲਝਿਆ। ਗੋਰਖਿਆ ਅਤੇ ਅੰਗਰੇਜ਼ਾਂ ਵਿਚਕਾਰ ਲੜਾਈ ਹੋ ਰਹੀ ਸੀ। ਇਸ ਲਈ ਦਰਬਾਰ ਵੀ ਹਰ ਖ਼ਤਰੇ ਦਾ ਮੁਕਾਬਲਾ ਕਰਨ ਲਈ ਤਿਆਰੀ ਕਰ ਰਿਹਾ ਸੀ। ਨੇਪਾਲ ਤੋਂ ਇਕ ਏਲਚੀ ਲਾਹੌਰ ਆਇਆ। ਉਸ ਆਮ ਪ੍ਰਕਾਰ ਦੀ ਖ਼ੁਸ਼ਾਮਦ ਮਹਾਰਾਜਾ ਸਾਹਿਬ ਦੀ ਕੀਤੀ ਕਿ ਉਹ ਹਿਦੂਆਂ ਅਤੇ ਹਿੰਦੁਸਤਾਨ ਦੇ ਰੱਖਿਅਕ ਹਨ। ਹੋਰ ਲਾਲਚ ਮਾਇਆ ਦੇ ਵੀ ਦਿੱਤੇ। ਪਰ ਦਰਬਾਰ ਨੇ ਨੇਪਾਲੀ ਪੇਸ਼ਕਸ਼ ਠੁਕਰਾ ਦਿੱਤੀ ਅਤੇ ਉਲਟਾ ਕੰਪਨੀ ਨੂੰ ਸਹਾਇਤਾ ਦਿੱਤੀ। ਜੰਗ ਦਾ ਪਾਸਾ ਪਹਿਲਾਂ ਹੀ ਅੰਗਰੇਜ਼ਾਂ ਵੱਲ ਪਲਟ ਰਿਹਾ ਸੀ। ਗਵਰਨਰ ਜਨਰਲ ਨੇ ਦਰਬਾਰ ਦਾ ਧੰਨਵਾਦ ਕੀਤਾ। ਪਰ ਸਹਾਇਤਾ ਪਰਵਾਨ ਨਹੀਂ ਕੀਤੀ।

ਲਾਹੌਰ ਤੋਂ ਗੋਰਖਾ-ਅੰਗਰੇਜ਼ ਲੜਾਈ ਨੂੰ ਬੜੇ ਧਿਆਨ ਨਾਲ ਦੇਖਿਆ ਗਿਆ। ਜਦੋਂ ਨੇਪਾਲੀ ਹਾਰ ਗਏ ਤਾਂ ਦਰਬਾਰ ਨੇ ਫ਼ੌਜ ਵਿਚੋਂ ਹਟਾਏ ਗਏ ਗੋਰਖਿਆਂ ਨੂੰ ਨੌਕਰੀਆਂ ਦੀ ਪੇਸ਼ਕਸ਼ ਕੀਤੀ। ਕਸ਼ਮੀਰ ਦੀ ਮੁਹਿੰਮ ਤੋਂ ਇਹ ਲੋੜ ਅਨੁਭਵ ਕੀਤੀ ਗਈ ਕਿ ਪਹਾੜਾਂ ਦੀ ਲੜਾਈ ਲਈ ਪਹਾੜੀ ਅਮਲਾ ਹੋਣਾ ਜ਼ਰੂਰੀ ਹੈ। ਫ਼ੌਜੀ ਪ੍ਰਸ਼ਾਸਨ, ਭੰਡਾਰ ਅਤੇ ਉਪਕਰਨਾਂ ਦੀ ਖ਼ਰੀਦ ਲਈ ਬਾਕਾਇਦਾ ਤੌਰ ਤੇ ਜ਼ਿੰਮੇਵਾਰੀ ਦੋ ਕਸ਼ਮੀਰੀ ਬ੍ਰਾਹਮਣਾਂ, ਗੰਗਾ ਰਾਮ ਅਤੇ ਦੀਨਾ ਨਾਥ ਨੂੰ ਸੌਂਪੀ ਗਈ।

ਜਦੋਂ ਦੁਸਹਿਰੇ ਦੇ ਸਲਾਨਾ ਅਵਸਰ 'ਤੇ ਫ਼ੌਜਾ ਇਕੱਠੀਆਂ ਕੀਤੀਆਂ ਗਈਆਂ ਤਾਂ ਗੋਰਖਾ ਪਲਟਣ ਨੂੰ ਵੀ ਅਮਲ ਵਿਚ ਲਿਆਂਦਾ ਗਿਆ। ਇਸ ਆਪਰੇਸ਼ਨ ਦਾ ਨਿਰਦੇਸ਼ਨ ਮਹਾਰਾਜਾ ਸਾਹਿਬ ਨੇ ਨਿੱਜੀ ਤੌਰ ਤੇ ਕੀਤਾ ਅਤੇ ਭਿੰਬਰ, ਰਾਜੌਰੀ, ਮੁੜ ਕਬਜ਼ੇ ਵਿਚ ਕਰ ਲਏ ਗਏ। ਉਪਰੰਤ ਸਿਆਲ ਵਿਚ ਦਰਬਾਰ ਦੀਆਂ ਫ਼ੌਜਾਂ ਨੇ ਮੁੜ ਨੂਰਪੁਰ ਅਤੇ ਜਸਵਾਨ ਦੀਆਂ ਪਹਾੜੀ ਰਿਆਸਤਾਂ ਅਤੇ ਕਾਂਗੜਾ ਵਾਦੀ 'ਤੇ ਕਬਜ਼ਾ ਕਰ ਲਿਆ। ਇਸ ਆਪ-ਰੇਸ਼ਨ ਤੋਂ ਕਸ਼ਮੀਰ ਤੇ ਕਬਜ਼ਾ ਕਰਨ ਲਈ ਇਕ ਯਤਨ ਹੋਰ ਕਰਨ ਦਾ ਵੀ ਉਤਸ਼ਾਹ ਮਿਲਿਆ। ਪਰ ਜਦੋਂ ਬਰਫ਼ ਢਲੀ ਤਾ ਫ਼ੌਜਾ ਨੂੰ ਦੱਖਣ ਵੱਲ ਮੁਲਤਾਨ ਜਾਣ ਦੇ ਆਦੇਸ਼ ਦਿੱਤੇ ਗਏ।

ਦੱਖਣ ਦੀਆਂ ਇਸਲਾਮੀ ਰਿਆਸਤਾਂ ਵਿਰੁੱਧ ਫ਼ੌਜੀ ਕਾਰਵਾਈ ਕਰਨ ਲਈ ਕਿਸੇ ਉਚੇਚੇ ਬਹਾਨੇ ਦੀ ਲੋੜ ਨਹੀਂ ਸੀ। ਉਹ ਮਾਲੀਆ ਵੇਲੇ ਸਿਰ ਨਹੀਂ ਭੇਜਦੇ ਸਨ ਅਤੇ ਘੜਿਆ-ਘੜਾਇਆ ਬਹਾਨਾ ਦੱਸ ਦਿੰਦੇ ਸਨ ਕਿ ਅਫ਼ਗ਼ਾਨ ਵੀ ਉਨ੍ਹਾਂ ਦੇ ਹੁਕਮਰਾਨ ਹੋਣ ਦਾ ਦਾਅਵਾ ਕਰਦੇ ਹਨ।

ਦਰਬਾਰ ਦੀਆਂ ਫ਼ੌਜਾਂ ਦਾ ਨਵਾਂ ਕਮਾਂਡਰ ਮਿਸਰ ਦੀਵਾਨ ਚੰਦ ਸੀ, ਜਿਹੜਾ ਮਹਾਰਾਜਾ ਸਾਹਿਬ ਦੀਆਂ ਨਜ਼ਰਾਂ ਵਿਚ ਜਲਦੀ ਹੀ ਚੜ੍ਹ ਗਿਆ ਸੀ। ਦੀਵਾਨ ਚੰਦ ਦਾ ਪਹਿਲਾ ਨਿਸ਼ਾਨਾ ਬਹਾਵਲਪੁਰ ਸੀ। ਨਵਾਬ ਨੇ ਜਲਦੀ ਹੀ ਈਨ ਮੰਨ ਲਈ ਅਤੇ 80,000 ਰੁਪਏ ਨਕਦ ਭੇਂਟ ਕੀਤੇ ਅਤੇ 70,000 ਰੁਪਏ ਸਲਾਨਾ ਦੇਣ ਦਾ ਵਚਨ ਵੀ ਕੀਤਾ। ਮੁਲਤਾਨ ਦਾ ਮੁਜ਼ੱਫਰ ਖ਼ਾਨ ਪਹਿਲੇ ਵਾਂਗ ਰੋੜਾ ਅਟਕਾਉਣ ਵਾਲਾ ਸੀ। ਉਸ ਦੇ ਕੁਝ ਕਿਲ੍ਹੇ ਅਤੇ ਮੁਲਤਾਨ ਦਾ ਕੁਝ ਹਿੱਸਾ ਫੂਲਾ ਸਿੰਘ ਦੇ ਨਿਹੰਗਾਂ ਨੇ ਲੁੱਟ ਲਿਆ ਤੇ ਉਹ ਅਜੇ ਬਕਾਇਆ ਰਕਮ ਚੁਕਾਉਣ ਬਾਰੇ ਸੋਚ ਹੀ ਰਿਹਾ ਸੀ। ਮਨਕੇਰਾ ਦੇ ਹਾਕਮ ਨਾਲ ਵੀ ਅਜਿਹੀ ਜੁਗਤ ਅਪਨਾਉਣੀ ਪਈ। ਝੰਗ ਦੇ ਨਵਾਬ ਵੱਲੋਂ ਤਿੰਨ ਸਾਲਾਂ ਦਾ ਬਕਾਇਆ ਆਉਣ ਵਾਲਾ ਸੀ । ਉਸ ਨੂੰ ਪੈਨਸ਼ਨ ਦੇ ਦਿੱਤੀ ਗਈ ਅਤੇ ਜਗੀਰ ਦੇ ਦਿੱਤੀ ਗਈ। ਉਸ ਦੀ ਰਿਆਸਤ, ਜਿਸ ਦੀ ਸਲਾਨਾ ਆਮਦਨ ਚਾਰ ਲੱਖ ਰੁਪਏ ਸੀ, ਉਹ ਦਰਬਾਰ ਵਿਚ ਮਿਲਾ ਲਈ ਗਈ। ਇਸੇ ਪ੍ਰਕਾਰ ਉੱਚ ਦੇ ਜ਼ਿਲ੍ਹੇ 'ਤੇ ਵੀ ਕਬਜ਼ਾ ਕਰ ਲਿਆ ਗਿਆ। ਇਸੇ ਸਮੇਂ ਰਾਮਗੜ੍ਹੀਆ ਮਿਸਲਦਾਰ ਦੀ ਮੌਤ ਹੋ ਗਈ। ਇਸ ਮਿਸਲ ਦੀ ਜਾਇਦਾਦ ਵੀ ਜਿਹੜੀ ਚਾਰ ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲੀ ਸੀ ਅਤੇ ਜਿਸ ਵਿਚ ਕਾਦੀਆਂ ਅਤੇ ਗੁਰਦਾਸ ਪੁਰ ਜਿਹੇ ਮਹੱਤਵਪੂਰਣ ਸ਼ਹਿਰ ਸਨ, ਦਰਬਾਰ ਨਾਲ ਮਿਲਾ ਲਈ ਗਈ। ਰਾਮਗੜ੍ਹੀਆ ਫ਼ੌਜ ਵੀ ਦਰਬਾਰ ਦੀ ਫ਼ੌਜ ਨਾਲ ਰਲਾ ਦਿੱਤੀ ਗਈ। ਦਰਬਾਰ ਵੱਲੋਂ ਮੁਸਲਮਾਨ, ਸਿੱਖ ਜਾਂ ਹਿੰਦੂ ਬਾਰੇ ਕੋਈ ਵਿਤਕਰਾ ਨਹੀਂ ਸੀ।

ਮੁਲਤਾਨ ਦਾ ਪਤਨ (ਜੂਨ 1818)

ਮੁਲਤਾਨ ਪੁਰਾਣਾ ਅਤੇ ਖ਼ੁਸ਼ਹਾਲ ਸ਼ਹਿਰ ਸੀ। ਇਹ ਵਿਸ਼ਾਲ ਰੇਗਿਸਤਾਨ ਦੇ ਕੇਂਦਰ ਵਿਚ ਵੱਸਿਆ ਹੋਇਆ ਸੀ, ਜਿਥੇ ਦੋ ਮਹੱਤਵਪੂਰਣ ਦਰਿਆ ਰਾਵੀ ਅਤੇ ਬਿਆਸ ਮਿਲਦੇ ਸਨ। ਇਨ੍ਹਾਂ ਤੋਂ ਹੀ ਸਿੰਚਾਈ ਲਈ ਪਾਣੀ ਮਿਲਦਾ ਸੀ ਅਤੇ ਚੌੜੇ ਪੇਂਦੇ ਵਾਲੀਆਂ ਬੇੜੀਆਂ ਵਪਾਰਕ ਸੌਦੇ ਨਾਲ ਲੱਦੀਆਂ ਹੋਈਆਂ, ਅਰਬ ਸਾਗਰ, ਸਿੰਧ ਦੇ ਸ਼ਹਿਰਾਂ ਅਤੇ ਪੰਜਾਬ ਦੇ ਦੂਰ ਪਾਰ ਦੇ ਇਲਾਕੇ ਵਿਚ ਘੁੰਮਦੀਆਂ। ਇਹ ਮਹਾਨ ਵਪਾਰਕ ਕੇਂਦਰ ਸੀ ਅਤੇ ਇਥੋਂ ਕੇਂਦਰੀ ਏਸ਼ੀਆ ਤੋਂ ਕਾਰਵਾ ਬੋਲਾਨ ਦੱਰੇ ਰਾਹੀਂ ਆਉਂਦੇ ਅਤੇ ਦਿੱਲੀ ਜਾਂਦੇ। ਕਈ ਵਿਜੇਤਾ ਤੈਮੂਰ ਅਤੇ ਲਾਮੇ ਸ਼ਹਿਰ ਮੁਲਤਾਨ ਦੇ ਰਸਤੇ ਹਿੰਦੁਸਤਾਨ ਦੇ ਮੁੱਖ ਇਲਾਕੇ ਵਿਚ ਪਹੁੰਚਦੇ।

ਮੁਲਤਾਨ 'ਤੇ ਕਬਜ਼ਾ ਕਰਨ ਲਈ ਪੰਜਾਬੀਆਂ ਨੇ ਚਾਰ ਯਤਨ ਕੀਤੇ। ਪਰ ਉਹ ਕੇਵਲ ਆਲੇ-ਦੁਆਲੇ ਦੇ ਬਜ਼ਾਰਾਂ ਤੇ ਕਬਜ਼ਾ ਕਰਨ ਵਿਚ ਹੀ ਸਫਲ ਹੋਏ। ਗਾਰੇ-ਮਿੱਟੀ ਨਾਲ ਬਣਿਆ ਹੋਇਆ ਇਹ ਕਿਲ੍ਹਾ ਇਉਂ ਲਗਦਾ ਸੀ ਜਿਵੇਂ ਮਹਾਂਨਗਰ ਦੇ ਵਿਚਕਾਰ ਕੋਈ ਪਹਾੜੀ ਹੋਵੇ ਅਤੇ ਇਹ ਪੰਜਾਬੀਆਂ ਨੂੰ ਹਰਾਉਣ ਵਿਚ ਹਰ ਵਾਰ ਸਫਲ ਰਿਹਾ। ਕਿਲ੍ਹੇ ਤੇ ਕਬਜ਼ਾ ਕੀਤੇ ਬਿਨਾਂ ਸ਼ਹਿਰ ਨੂੰ ਹੱਥ ਵਿਚ ਲੈਣ ਦੇ ਕੋਈ ਅਰਥ ਨਹੀਂ ਸਨ। ਇਸ ਦੀਆਂ ਉੱਚੀਆਂ ਕੰਧਾਂ ਤੋਂ ਤੋਪਾਂ ਦੀ ਮਾਰ ਬਹੁਤ ਦੂਰ ਤਕ ਹੁੰਦੀ ਸੀ।

ਪੰਜਾਬੀਆਂ ਨੇ ਕਈ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਜਿਹੜੀਆਂ ਅਫ਼ਗਾਨਾਂ ਦਾ ਦਮ ਭਰਦੀਆਂ ਇਕੱਠੀਆਂ ਹੋ ਗਈਆਂ ਸਨ। ਬਸ ਮੁਲਤਾਨ ਦੀ ਕਸਰ ਹੀ ਰਹਿੰਦੀ ਸੀ। ਅਸਲੀ ਅਵਸਰ ਉਦੋਂ ਆਇਆ ਜਦੋਂ ਪੱਛਮੀ ਪਾਸੇ ਅਫ਼ਗਾਨ ਫ਼ਾਰਸ ਵਾਲਿਆਂ ਨਾਲ ਉਲਝ ਗਏ। ਇਹ ਅਫ਼ਵਾਹ ਫੈਲ ਗਈ ਕਿ ਖ਼ੁਰਾਸਾਨ ਵਿਚ ਹੋਈ ਝੜਪ ਵਿਚ ਫਤਹਿ ਖ਼ਾਨ ਬਾਰਕਜ਼ਈ ਫੱਟੜ ਹੋ ਗਿਆ ਹੈ।

ਮਿਸਰ ਦੀਵਾਨ ਚੰਦ ਦੀ ਕਮਾਨ ਹੇਠ ਵੀਹ ਹਜ਼ਾਰ ਸਿਪਾਹੀਆਂ ਦੀ ਫ਼ੌਜ ਮੁਲਤਾਨ ਵੱਲ ਤੁਰੰਤ ਭੇਜ ਦਿੱਤੀ ਗਈ। ਤੋਪਖ਼ਾਨਾ ਜਰਨੈਲ ਇਲਾਹੀ ਬਖ਼ਸ਼ ਦੇ ਅਧੀਨ ਸੀ, ਜਿਸ ਕਿਲ੍ਹੇ ਨੂੰ ਤੋੜਨ ਵਿਚ ਮੁੱਖ ਯੋਗਦਾਨ ਪਾਉਣਾ ਸੀ। ਜ਼ਮਜ਼ਮ ਤੋਪ ਵੀ ਦੱਖਣ ਭੇਜੀ ਗਈ। ਇਸ ਦੇ ਨਾਲ ਹੀ ਨਿਹੰਗਾਂ ਦੀ ਪਲਟਣ ਵੀ।

ਬੜੇ ਵੱਡੇ ਪੈਮਾਨੇ 'ਤੇ ਤਿਆਰੀਆਂ ਕੀਤੀਆਂ ਗਈਆਂ। ਇਹ ਨਿਸਚਿਤ ਕਰਨ ਲਈ ਕਿ ਫ਼ੌਜ ਨੂੰ ਰਾਸ਼ਨ ਵਗੈਰਾ ਬਾਕਾਇਦਾ ਤੌਰ ਤੇ ਮਿਲਦਾ ਰਹੇ, ਸਤਲੁਜ ਅਤੇ ਬਿਆਸ ਦਰਿਆ ਦੀਆਂ ਬੇੜੀਆਂ ਚਾਲੂ ਕੀਤੀਆਂ ਗਈਆਂ। ਮੁਲਤਾਨ ਦੇ ਰਾਹ ਚਲਦਿਆਂ-ਚਲਦਿਆਂ, ਮਿਸਰ ਦੀਵਾਨ ਚੰਦ ਨੇ ਖ਼ਾਨਗੜ੍ਹ ਅਤੇ ਮੁਜ਼ੱਫਰ ਗੜ੍ਹ ਦੇ ਕਿਲ੍ਹੇ ਕਬਜ਼ੇ ਵਿਚ ਕਰ ਲਏ।

ਨਵਾਬ ਮੁਜ਼ੱਫਰ ਖ਼ਾਨ ਇਸ ਗੱਲੋਂ ਅਣਜਾਣ ਨਹੀਂ ਸੀ ਕਿ ਤਿਆਰੀਆਂ ਬਹੁਤ ਵੱਡੇ ਪੈਮਾਨੇ 'ਤੇ ਹੋ ਰਹੀਆਂ ਸਨ। ਉਸ ਇਹ ਵੀ ਅਨੁਮਾਨ ਲਾ ਲਿਆ ਸੀ ਕਿ ਇਸ ਵਾਰ ਉਹ ਦਰਬਾਰ ਨੂੰ ਨਹੀਂ ਖ਼ਰੀਦ ਸਕੇਗਾ। ਕਈ ਵਾਰ ਮੁੜ ਉਸ ਮੁਲਤਾਨ ਦੇ ਜ਼ਿਮੀਂਦਾਰਾਂ ਨੂੰ ਉਕਸਾਇਆ ਕਿ ਕਾਫ਼ਰਾਂ ਵਿਰੁੱਧ ਜਹਾਦ ਵਿਚ ਹਿੱਸਾ ਲੈਣ। ਉਸ ਇਸ ਗੱਲ ਦੀ ਤਿਆਰੀ ਵੀ ਕਰ ਲਈ ਕਿ ਸ਼ਹਿਰ ਅਤੇ ਕਿਲ੍ਹੇ ਅੰਦਰ ਲੰਮੇ ਸਮੇਂ ਦੇ ਮੁਹਾਸਰੇ ਦਾ ਮੁਕਾਬਲਾ ਹੋ ਸਕੇ। ਇਸ ਅਸਵਰ ਤੇ ਉਸ ਨੇ ਤਿੰਨ ਚਰਨਾਂ ਵਿਚ ਆਪਣੀ ਸੁਰੱਖਿਆ ਦੇ ਪ੍ਰਬੰਧ ਕੀਤੇ। ਪਹਿਲੇ ਦੇਹਾਤ ਵਿਚ, ਫਿਰ ਕਸਬਿਆਂ ਵਿਚ ਅਤੇ ਫਿਰ ਕਿਲ੍ਹੇ ਵਿਚ। ਪਹਿਲੀ ਝੜਪ ਖੁੱਲ੍ਹੇ ਤੌਰ ਤੇ ਹੋਈ। ਉਸ ਆਪਣੇ ਫ਼ੌਜੀ ਗ਼ਾਜ਼ੀ ਭੇਜੇ, ਜਿਹੜੇ ਤਲਵਾਰਾਂ ਅਤੇ ਬਰਛਿਆਂ ਨਾਲ ਲੈਸ ਸਨ। ਪਰ ਇਹ ਪੂਰੀ ਤਰ੍ਹਾਂ ਜ਼ਾਬਤੇ ਤੇ ਤੋਪਾਂ ਅਤੇ ਹੋਰ ਹਥਿਆਰਾਂ ਨਾਲ ਲੈਸ ਫ਼ੌਜ ਅੱਗੇ ਠਹਿਰ ਨਾ ਸਕੇ ਅਤੇ ਸ਼ਹੀਦ ਹੋ ਗਏ। ਇਹ ਲੜਾਈ ਕੇਵਲ ਇਕ ਦਿਨ ਹੀ ਰਹੀ। ਮੁਜ਼ੱਫਰ ਖ਼ਾਨ ਆਪਣੀ ਬਚੀ-ਖੁਚੀ ਫ਼ੌਜ ਨੂੰ ਪਿੱਛੇ ਹਟਾ ਕੇ ਸ਼ਹਿਰ ਦੀ ਕੰਧ ਦੇ ਪਿੱਛੇ ਲੈ ਗਿਆ। ਦੂਜਾ ਦੌਰ ਲਾਹੌਰ ਫ਼ੌਜ ਦੇ ਸ਼ਹਿਰ ਵਿਰੁੱਧ ਘੇਰਾ ਪਾਉਣ ਅਤੇ ਦੀਵਾਰਾਂ ਤੋਂ ਗੋਲਾਬਾਰੀ ਕਰਨ ਨਾਲ ਆਰੰਭ ਹੋਇਆ। ਕੁਝ ਸਪਤਾਹ ਤਕ ਉਹ ਦਰਬਾਰ ਦੀ ਫ਼ੌਜ ਨੂੰ ਰੋਕ ਸਕੇ। ਜਦੋਂ ਸ਼ਹਿਰ ਦੀਆਂ ਦੀਵਾਰਾਂ ਢਹਿ-ਢੇਰੀ ਹੋ ਗਈਆਂ ਤਾਂ ਰੱਖਿਆ ਫ਼ੌਜਾਂ ਕਿਲ੍ਹੇ ਅੰਦਰੋਂ ਹਟ ਗਈਆਂ ਤਾਂ ਜੋ ਤੀਜੀ ਅੰਤਮ ਲੜਾਈ ਲੜ ਸਕਣ।

ਕਿਲ੍ਹੇ ਦੇ ਆਲੇ-ਦੁਆਲੇ ਡੂੰਘੀ ਖਾਈ ਸੀ। ਭਾਵੇਂ ਸਾਲ ਦੇ ਇਸ ਸਮੇਂ (ਮਾਰਚ) ਵਿਚ ਖਾਈ ਅੰਦਰ ਪਾਣੀ ਨਹੀਂ ਸੀ, ਪਰ ਇਹ ਏਨੀ ਚੌੜੀ ਸੀ ਕਿ ਤੋਪ ਦੇ ਗੋਲਿਆਂ ਤੋਂ ਕਿਲ੍ਹੇ ਨੂੰ ਸੁਰੱਖਿਅਤ ਰੱਖ ਸਕੇ। ਇਹ ਡੂੰਘੀ ਏਨੀ ਸੀ ਕਿ ਕੋਈ ਸੁਰੰਗ ਵੀ ਨਾ ਲਾ ਸਕੇ। ਇਕ ਮਹੀਨੇ ਤਕ ਇਲਾਹੀ ਬਖ਼ਸ਼ ਦੀਆਂ ਤੋਪਾਂ ਭਾਰੀ ਕੰਧਾਂ ਤੇ ਗੋਲੇ ਵਰ੍ਹਾਉਂਦੀਆਂ ਰਹੀਆਂ, ਪਰ ਕੋਈ ਅਸਰ ਪੈਦਾ ਨਾ ਕਰ ਸਕੀਆਂ। ਮਾਰਚ ਦਾ ਮਹੀਨਾ ਬੀਤ ਗਿਆ ਅਤੇ ਅਪ੍ਰੈਲ ਆ ਗਿਆ। ਗਰਮੀ ਤੇਜ਼ੀ ਫੜਨ ਲੱਗੀ। ਮੌਨਸੂਨ ਵਿਚ ਵੀ ਦੇਰ ਨਹੀਂ ਸੀ। ਜੇਕਰ ਖਾਈ ਦੇ ਭਰਨ ਤੋਂ ਪਹਿਲਾਂ ਕਿਲ੍ਹੇ 'ਤੇ ਕਬਜ਼ਾ ਨਾ ਹੋ ਸਕਿਆ ਤਾਂ ਇਹ ਕਦੇ ਵੀ ਫਤਹਿ ਨਹੀਂ ਕੀਤਾ ਜਾ ਸਕੇਗਾ।

ਜ਼ਮਜ਼ਮ ਅਪ੍ਰੈਲ ਵਿਚ ਪਹੁੰਚ ਗਈ। ਇਸ ਵਾਰ ਇਹ ਬਹੁਤ ਅਸਰਦਾਇਕ ਰਹੀ। ਹਰ ਗੋਲੇ ਨਾਲ 80 ਪੌਂਡ ਦੀ ਧਾਤ ਕੰਧ ਉਪਰ ਵੱਜਦੀ ਅਤੇ ਇਸ ਵਿਚ ਵੱਡੇ-ਵੱਡੇ ਛੇਕ ਪਾ ਦਿੰਦੀ। ਹੁਣ ਕਿਲ੍ਹੇ ਦੇ ਰਾਖਿਆਂ ਦਾ ਧਿਆਨ ਛੇਕ ਭਰਨ ਵੱਲ ਅਤੇ ਨੁਕਸਾਨ ਠੀਕ ਕਰਨ ਵੱਲ ਸੀ। ਪਰ ਉਧਰ ਨਿਹੰਗ ਹਨੇਰੇ ਦਾ ਓਹਲਾ ਕਰਕੇ ਖਾਈ ਪਾਰ ਕਰ ਗਏ। ਉਨ੍ਹਾਂ ਇਕ ਹੋਰ ਕੰਧ ਹੇਠ ਸੁਰੰਗ ਵਿਛਾ ਦਿੱਤੀ। ਅਗਲੀ ਸਵੇਰ ਕਿਲ੍ਹੇ ਦੀ ਫ਼ਸੀਲ ਦਾ ਇਕ

ਹੋਰ ਹਿੱਸਾ ਉੱਡ ਗਿਆ ਅਤੇ ਅੰਬਰ ਤਕ ਉੱਚਾ ਗਿਆ।

ਮੁਜ਼ੱਫ਼ਰ ਖ਼ਾਨ ਹਥਿਆਰ ਸੁੱਟਣ ਲਈ ਤਿਆਰ ਸੀ, ਪਰ ਉਸ ਦੇ ਸਿਪਾਹੀਆਂ ਨੇ ਉਸ ਨੂੰ ਮਜਬੂਰ ਕਰ ਦਿੱਤਾ ਕਿ ਉਹ ਹਥਿਅਰ ਸੁੱਟਣ ਦੀਆਂ ਪਰਵਾਨ ਕੀਤੀਆਂ ਸ਼ਰਤਾਂ ਨੂੰ ਠੁਕਰਾ ਦੇਵੇ। ਲੜਾਈ ਮੁੜ ਚਾਲੂ ਹੋ ਗਈ। ਨਿਹੰਗਾਂ ਦੇ ਜਥੇਦਾਰ ਸਾਧੂ ਸਿੰਘ ਨੇ ਪਏ ਪਾੜ ਰਾਹੀਂ ਆਪਣੇ ਟੋਲੇ ਨੂੰ ਅੰਦਰ ਭੇਜਿਆ ਅਤੇ ਰਾਖਿਆਂ ਦੁਆਲੇ ਘੇਰਾ ਹੋਰ ਤੰਗ ਕਰ ਦਿੱਤਾ। ਇਸ ਲੜਾਈ ਵਿਚ ਮੁਜ਼ੱਫ਼ਰ ਖ਼ਾਨ, ਉਸ ਦੇ ਬੇਟੇ ਅਤੇ ਇਕ ਭਤੀਜਾ ਮਾਰੇ ਗਏ। ਉਸ ਦੇ ਦੋ ਛੋਟੇ ਬੇਟੇ ਕੈਦ ਕਰ ਲਏ।

ਮੁਲਤਾਨ ਦੇ ਕਿਲ੍ਹੇ ਉਤੇ ਜੂਨ 2, 1818 ਨੂੰ ਕਬਜ਼ਾ ਹੋ ਗਿਆ। ਛੇਤੀ ਪਿੱਛੋਂ ਸ਼ੁਜਾਹਬਾਦ 'ਤੇ ਵੀ ਕਬਜ਼ਾ ਹੋ ਗਿਆ। ਫ਼ਤਹਿ ਪ੍ਰਾਪਤ ਕਰਨ ਵਾਲੇ ਮਿਸਰ ਦੀਵਾਨ ਚੰਦ ਨੂੰ ਸਨਮਾਨ ਵਜੋਂ ਜ਼ਫ਼ਰ ਜੰਗ ਬਹਾਦਰ ਦਾ ਖ਼ਿਤਾਬ ਦਿੱਤਾ ਗਿਆ।

ਮੁਲਤਾਨ ਦੀ ਵਿਜੈ ਨਾਲ ਪੰਜਾਬ ਵਿਚੋਂ ਅਫ਼ਗਾਨਾਂ ਦਾ ਅਸਰ-ਰਸੂਖ਼ ਸਮਾਪਤ ਹੋ ਗਿਆ। ਇਸ ਨਾਲ ਦੱਖਣ ਵਿਚ ਇਸਲਾਮੀ ਰਿਆਸਤਾਂ ਦਾ ਗੜ੍ਹ ਟੁੱਟ ਗਿਆ। ਇਸ ਨਾਲ ਬਹਾਵਲਪੁਰ, ਡੇਰਾ ਗ਼ਾਜ਼ੀ ਖ਼ਾਨ, ਡੇਰਾ ਇਸਮਾਈਲ ਖ਼ਾਨ ਅਤੇ ਮਨਕੇਰਾ ਦੇ ਮੁਖੀ ਠੰਢੇ ਪੈ ਗਏ। ਇਸ ਨਾਲ ਸਿੰਧ ਦਾ ਰਾਹ ਵੀ ਖੁੱਲ੍ਹ ਗਿਆ। ਇਨ੍ਹਾਂ ਫ਼ੌਜੀ ਅਤੇ ਰਾਜਸੀ ਲਾਭਾਂ ਦੇ ਨਾਲ ਮੁਲਤਾਨ ਦਾ ਕਬਜ਼ਾ ਬਹੁਤ ਅਮੁੱਲਾ ਸੀ। ਇਥੋਂ ਸੱਤ ਲੱਖ ਰੁਪਏ ਦਾ ਮਾਲੀਆ ਵਸੂਲ ਹੁੰਦਾ ਸੀ।

1818 ਦੇ ਵਰ੍ਹੇ ਜਿਹੜੀ ਮਹੱਤਵਪੂਰਨ ਤਬਦੀਲੀ ਦਰਬਾਰ ਵਿਚ ਆਈ ਉਹ ਜਮਾਂਦਾਰ ਖੁਸ਼ਹਾਲ ਸਿੰਘ ਦੀ ਥਾਂ ਤੇ ਧਿਆਨ ਸਿੰਘ ਡੋਗਰਾ ਦੀ ਨਿਯੁਕਤੀ ਡਿਉੜੀਦਾਰ ਦੇ ਤੌਰ ਤੇ ਸੀ। ਇਹ ਨਵਾਂ ਨਿਯੁਕਤ ਵਿਆਕਤੀ ਬਹੁਤ ਹਲੀਮੀ ਅਤੇ ਨਿਰਦੋਸ਼ ਤੌਰ-ਤਰੀਕੇ ਦਾ ਸੀ। ਉਹ ਆਪਣੇ ਦੋ ਭਰਾਵਾਂ ਨੂੰ ਵੀ ਦਰਬਾਰ ਵਿਚ ਲੈ ਆਇਆ। ਵੱਡਾ ਗੁਲਾਬ ਸਿੰਘ ਸੁਆਰਥੀ ਅਤੇ ਉੱਚੀਆਂ ਇੱਛਾਵਾਂ ਰੱਖਣ ਵਾਲਾ ਵਿਅਕਤੀ ਸੀ। ਛੋਟਾ ਸੁਚੇਤ ਸਿੰਘ ਅਰਜ਼ੀਆਂ ਲਿਜਾਣ ਵਾਲਾ ਸੀ ਅਤੇ ਉਸ ਅੰਦਰ ਬੁਨਿਆਦੀ ਸੁਸ਼ੀਲਤਾ ਦੇ ਇਲਾਵਾ ਸੁੰਦਰ ਹੋਣ ਦੇ ਵੀ ਗੁਣ ਸਨ। ਇਸੇ ਤਰ੍ਹਾਂ ਹੀ ਧਿਅਨ ਸਿੰਘ ਦਾ ਪੁੱਤਰ ਹੀਰਾ ਸਿੰਘ ਵੀ ਸੀ ਅਤੇ ਉਹ ਜਲਦੀ ਹੀ ਮਹਾਰਾਜਾ ਸਾਹਿਬ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ। ਡੋਗਰਿਆਂ ਦਾ ਪ੍ਰਭਾਵ ਵਧਦਾ ਹੀ ਗਿਆ ਅਤੇ ਅਖ਼ੀਰ ਉਹ ਪੰਜਾਬ ਦਾ ਸ਼ਕਤੀਸ਼ਾਲੀ ਅਨਸਰ ਬਣ ਗਏ।

ਸਿੰਧ ਤੋਂ ਪਿਸ਼ੌਰ ਵੱਲ

ਵਜ਼ੀਰ ਫ਼ਤਹਿ ਖ਼ਾਨ ਬਾਰਕਜ਼ਈ ਸ਼ਹਿਜ਼ਾਦਾ ਕਾਮਰਾਨ ਦੇ ਹੱਥੋਂ ਅਗਸਤ 1818 ਵਿਚ ਕਤਲ ਕਰ ਦਿੱਤਾ ਗਿਆ। ਉਸ ਦੇ ਪਿਤਾ ਸ਼ਾਹ ਮੁਹੰਮਦ ਨੂੰ ਕਈ ਸਾਲਾਂ ਤਕ ਕਾਬਲ ਦੇ ਤਖ਼ਤ ਉਤੇ ਵਜ਼ੀਰ ਨੇ ਬਿਠਾਈ ਰਖਿਆ ਸੀ। ਵਜ਼ੀਰ ਦੇ ਅਨੇਕਾਂ ਭਰਾਵਾਂ ਨੇ ਬਦਲੇ ਦੀ ਠਾਨ ਲਈ ਅਤੇ ਇਸ ਕਾਰਨ ਅਫ਼ਗਾਨਿਸਤਾਨ ਖ਼ਾਨਾਜੰਗੀ ਵਿਚ ਫਸ ਗਿਆ।

ਇਸ ਝਗੜੇ ਦੀ ਗਰਮੀ ਵਿਚ ਅਤੇ ਮਰਹੂਮ ਵਜ਼ੀਰ ਫ਼ਤਹਿ ਖ਼ਾਨ ਦੇ ਬਾਰਕਜ਼ਈ ਰਿਸ਼ਤੇਦਾਰ ਅਤੇ ਮਹਿਮੂਦ ਸ਼ਾਖਾ ਦੇ ਸੱਦੋਜ਼ੀਆ ਪੰਜਾਬ ਨਾਲ ਲਗਦੀਆਂ ਦੱਖਣ-ਪੂਰਬੀ ਚੌਕੀਆਂ ਸੁਰੱਖਿਆ ਦੇ ਹਲਕੇ ਪ੍ਰਬੰਧ ਕਰਕੇ ਛੱਡ ਦਿੱਤੀਆਂ ਗਈਆਂ। ਇਹ ਅਵਸਰ ਅਟਕ 'ਤੇ ਕਬਜ਼ਾ ਕਰਨ ਲਈ ਅੱਛਾ ਸੀ। ਲੜਨ-ਭਿੜਨ ਵਾਲੇ ਕਬਾਇਲੀਆਂ ਵਿਚਕਾਰ ਇਹ ਸਥਾਨ ਇਕ ਦੀਪ ਵਾਂਗ ਸੀ ਅਤੇ ਇਸ ਨਾਲ ਸਰਹੱਦ ਉੱਤਰ ਵੱਲ ਪਿਸ਼ੌਰ ਤਕ ਚਲੇ ਗਈ

ਜਾਂ ਖੈਬਰ ਦੱਰੇ ਤਕ ਵੀ ਸੰਭਵ ਹੋ ਸਕਦੀ ਸੀ।

ਅਕਤੂਬਰ 1818 ਦੇ ਮੱਧ ਵਿਚ ਮਹਾਰਾਜਾ ਸਾਹਿਬ ਨੇ ਫ਼ੌਜਾਂ ਦੀ ਚੜ੍ਹਾਈ ਉੱਤਰ-ਪੱਛਮ ਵੱਲ ਕੀਤੀ। ਉਨ੍ਹਾਂ ਦੇ ਨਾਲ ਜਰਨੈਲਾਂ ਵਿਚ ਦੋ ਇਸ ਧਰਤੀ ਅਤੇ ਲੋਕਾਂ ਸੰਬੰਧੀ ਜਾਣਕਾਰੀ ਰੱਖਦੇ ਸਨ। ਕਬਾਇਲੀਆਂ ਅੰਦਰ ਉਨ੍ਹਾਂ ਦੇ ਨਾਂ ਦਹਿਸ਼ਤ ਫੈਲਾ ਰਹੇ ਸਨ। ਇਹ ਸਨ ਹਰੀ ਸਿੰਘ ਨਲਵਾ ਅਤੇ ਅਕਾਲੀ ਫੂਲਾ ਸਿੰਘ।

ਰੋਹਤਾਸ, ਰਾਵਲਪਿੰਡੀ, ਹਸਨ ਅਬਦਾਲ ਤੋਂ ਲੰਘਦੀ ਹੋਈ ਫ਼ੌਜ ਹਜ਼ਾਰਾ ਦੇ ਮੈਦਾਨੀ ਇਲਾਕੇ ਵਿਚ ਪਹੁੰਚ ਗਈ। ਹਜ਼ਾਰਾ ਵਿਖੇ ਖਟਕ ਕਬਾਇਲੀਆਂ ਨੇ ਇਕ ਸੂਹ ਲਾਉਣ ਵਾਲੀ ਟੋਲੀ ਨੂੰ ਘਾਤ ਲਾ ਕੇ ਘੇਰ ਲਿਆ ਜਿਹੜੀ ਅਟਕ ਪਾਰ ਕਰਕੇ ਪਹੁੰਚ ਗਈ ਸੀ। ਇਸ ਦੇ ਸਾਰੇ ਆਦਮੀ ਕਤਲ ਕਰ ਦਿੱਤੇ ਗਏ ਸਨ। ਇਹ ਇਲਾਕਾ ਦਰਬਾਰ ਦੀ ਮਲਕੀਅਤ ਸੀ ਅਤੇ ਖਟਕ ਕਬਾਇਲੀ ਲਾਹੌਰ ਦਰਬਾਰ ਨੂੰ ਕਰ ਭੇਂਟ ਕਰਦਾ ਸੀ। ਇਹ ਘਾਤ ਕਿਸੇ ਜੰਗ ਦਾ ਆਰੰਭ ਨਹੀਂ ਸੀ, ਇਕ ਨਿਰਦਈ ਵਿਦਰੋਹ ਸੀ।

ਇਸ ਘਟਨਾ ਨੇ ਮਹਾਰਾਜਾ ਸਾਹਿਬ ਨੂੰ ਬਹੁਤ ਗ਼ੁੱਸਾ ਤੇ ਜੋਸ਼ ਦਿਵਾਇਆ, ਜਿਹੜਾ ਆਮ ਵਾਂਗ ਨਹੀਂ ਸੀ। ਉਨ੍ਹਾਂ ਤਲਵਾਰ ਸੂਤ ਲਈ ਅਤੇ ਮੋਹਰਾਂ ਦਾ ਥਾਲ ਅਟਕ ਦੀ ਭੇਂਟ ਕੀਤਾ ਅਤੇ ਘੁੰਮਣਘੇਰੀ ਖਾਂਦੇ ਦਰਿਆ ਵਿਚ ਹਾਥੀ ਤੇ ਸਵਾਰ ਹੋ ਕੇ ਚੱਲ ਪਏ। ਇਸ ਸੰਬੰਧ ਵਿਚ ਪੰਜਾਬ ਅੰਦਰ ਇਕ ਗਾਥਾ ਪ੍ਰਚੱਲਿਤ ਹੋ ਗਈ ਕਿ ਜਿਉਂ ਹੀ ਦਰਿਆ ਅੰਦਰ ਮਹਾਰਾਜਾ ਰਣਜੀਤ ਸਿੰਘ ਦੇ ਹਾਥੀ ਨੇ ਪੈਰ ਧਰਿਆ ਤਾਂ ਹੜ੍ਹ ਰੁਕ ਗਿਆ। ਇਸ ਗਾਥਾ ਦਾ ਮਾਨਸਿਕ ਪ੍ਰਭਾਵ ਇਹ ਹੈ ਕਿ ਜਿਧਰ ਖ਼ਾਲਸਾ ਉਧਰ ਹੀ ਖ਼ੁਦਾ। ਮਹਾਰਾਜਾ ਸਾਹਿਬ ਦੀ ਫ਼ੌਜ ਘੋੜਿਆਂ 'ਤੇ ਨਾਲ ਚੱਲੀ ਅਤੇ ਕੁਝ ਤਰ ਕੇ ਦਰਿਆ ਪਾਰ ਕਰ ਗਈ। ਪੰਜਾਬੀ ਫੌਜਾਂ ਦੀ ਤਾਬ ਕਬਾਇਲੀ ਨਾ ਝੱਲ ਸਕੇ। ਖੈਰਾਬਾਦ ਅਤੇ ਜਹਾਂਗੀਰੀਆ ਦੇ ਕਿਲ੍ਹੇ ਕਬਾਇਲੀਆਂ ਪਾਸੋਂ ਆਪਣੇ ਕਬਜ਼ੇ ਵਿਚ ਲੈ ਲਏ ਗਏ। ਸਿਪਾਹੀਆਂ ਨੂੰ ਖੁੱਲ੍ਹ ਦਿੱਤੀ ਗਈ ਕਿ ਉਹ ਖਟਕ ਦੇ ਪਿੰਡਾਂ ਨੂੰ ਲੁੱਟ ਲੈਣ। ਪਰ ਜਦੋਂ ਉਨ੍ਹਾਂ ਦੇ ਮੁਖੀ, ਫ਼ੀਰੋਜ਼ ਨੇ ਈਨ ਮੰਨ ਲਈ ਤਾਂ ਉਸ ਨੂੰ ਖਿਮਾ ਕਰ ਦਿੱਤਾ ਗਿਆ ਅਤੇ ਮੁੜ ਗੱਦੀ 'ਤੇ ਬਿਠਾ ਦਿੱਤਾ ਗਿਆ।

ਪੰਜਾਬੀ ਫ਼ੌਜ ਪਿਸ਼ੌਰ ਤਕ ਵਧਦੀ ਗਈ। ਖਟਕ ਦੇ ਵਿਰੁੱਧ ਉਨ੍ਹਾਂ ਦੀ ਸਫਲਤਾ ਨੇ ਪਿਸ਼ੌਰ ਦੇ ਅਫ਼ਗਾਨ ਗਵਰਨਰ ਦਾ ਦਿਲ ਤੋੜ ਦਿੱਤਾ। ਉਹ ਸ਼ਹਿਰ ਛੱਡ ਕੇ ਦੌੜ ਗਿਆ ਅਤੇ ਆਪਣੇ ਪਿੱਛੇ ਚੌਦਾਂ ਵੱਡੀਆਂ ਤੋਪਾਂ ਅਤੇ ਹੋਰ ਸਾਜ-ਸਾਮਾਨ ਛੱਡ ਗਿਆ। ਪਠਾਣਾਂ ਦੇ ਇਸ ਮਸ਼ਹੂਰ ਗੜ੍ਹ ਵਿਚ ਪੰਜਾਬੀ ਫ਼ੌਜ ਦਾਖ਼ਲ ਹੋ ਗਈ। ਅਫ਼ਗਾਨਾਂ ਅਤੇ ਪਠਾਣਾਂ ਵਿਚ ਆਮ ਪ੍ਰਚੱਲਿਤ ਰਿਵਾਜ ਦੇ ਉਲਟ ਜਿਨ੍ਹਾਂ ਉੱਤਰੀ ਭਾਰਤ ਦੇ ਕਸਬਿਆਂ ਅਤੇ ਸ਼ਹਿਰਾਂ ਵਿਚ ਬਹੁਤ ਲੁੱਟ-ਮਾਰ ਕੀਤੀ ਸੀ, ਮਹਾਰਾਜਾ ਸਾਹਿਬ ਨੇ ਸਿਪਾਹੀਆਂ ਨੂੰ ਸਖ਼ਤ ਤਾੜਨਾ ਕੀਤੀ ਕਿ ਕਿਸੇ ਵਿਅਕਤੀ ਨੂੰ ਤੰਗ ਨਹੀਂ ਕਰਨਾ ਅਤੇ ਮਾਲ-ਮੱਤੇ ਨੂੰ ਹੱਥ ਨਹੀਂ ਲਾਉਣਾ। ਅਗਲੇ ਦਿਨ ਮਹਾਰਾਜਾ ਸਾਹਿਬ ਦੀ ਸਵਾਰੀ ਹਾਥੀ ਉਪਰ ਬਜ਼ਾਰਾਂ ਵਿਚੋਂ ਲੰਘੀ ਤਾਂ ਲੋਕਾਂ ਨੇ ਪਹਿਲੀ ਵਾਰ ਦੇਖਿਆ ਕਿ ਪਿਛਲੇ ਅੱਠ ਸੌ ਸਾਲਾਂ ਵਿਚ ਕੋਈ ਭਾਰਤੀ ਵਿਜੇਤਾ ਉਨ੍ਹਾਂ ਦੇ ਗਲੀਆਂ-ਬਾਜ਼ਾਰਾਂ ਵਿਚੋਂ ਲੰਘਿਆ ਹੈ।

ਜਹਾਂਦਾਦ ਖ਼ਾਨ ਨੂੰ ਪਿਸ਼ੌਰ ਦਾ ਗਵਰਨਰ ਥਾਪਿਆ ਗਿਆ। ਜਿਸ ਪੰਜ ਸਾਲ ਪਹਿਲੋਂ ਦਰਬਾਰ ਨੂੰ ਅਟਕ ਸੌਂਪਿਆ ਸੀ। ਪਰ ਜਿਉਂ ਹੀ ਪੰਜਾਬੀ ਫ਼ੌਜ ਉਥੋਂ ਹਟੀ, ਬਾਰਕਜ਼ਈ ਭਰਾਵਾਂ ਵਿਚ ਅਫ਼ਗਾਨ ਦੇ ਦ੍ਰਿਸ਼ ਵਿਚ ਸਭ ਤੋਂ ਵੱਧ ਹਿੱਸਾ ਲੈਣ ਵਾਲੇ ਦੋਸਤ ਮੁਹੱਬਤ ਨੇ ਜਹਾਂਦਾਦ ਖ਼ਾਨ ਨੂੰ ਪਿਸ਼ੌਰ ਵਿਚੋਂ ਕੱਢ ਦਿੱਤਾ। ਦੋਸਤ ਮੁਹੰਮਦ ਨੇ ਪਿਸ਼ੌਰ ਉਪਰ

ਮਹਾਰਾਜਾ ਸਾਹਿਬ ਦੀ ਪ੍ਰਭੂਸੱਤਾ ਕਬੂਲ ਕਰਨ ਅਤੇ ਇਕ ਲੱਖ ਰੁਪਿਆ ਸਲਾਨਾ ਦੇਣ ਦੀ ਪੇਸ਼ਕਸ਼ ਕੀਤੀ। ਦਰਬਾਰ ਵੱਲੋਂ ਇਸ ਪੇਸ਼ਕਸ਼ ਦਾ ਸੁਆਗਤ ਕੀਤਾ ਗਿਆ ਅਤੇ ਇਸ ਦੀ ਫ਼ੌਜ ਇਕ ਹੋਰ ਮੁਸੀਬਤ ਵਾਲੀ ਮੁਹਿੰਮ ਤੋਂ ਬਚ ਗਈ।

ਕਸ਼ਮੀਰ 'ਤੇ ਕਬਜ਼ਾ, ਜੁਲਾਈ 1819

ਕਸ਼ਮੀਰ ਦਾ ਗਵਰਨਰ, ਆਜ਼ਮ ਖ਼ਾਨ, ਵਜ਼ੀਰ ਖ਼ਾਨ ਬਾਰਕਜ਼ਈ ਦਾ ਭਰਾ ਸੀ। ਉਹ ਵਜ਼ੀਰ ਦਾ ਬਦਲਾ ਲੈਣ ਲਈ ਅਫ਼ਗਾਨਿਸਤਾਨ ਗਿਆ ਅਤੇ ਪਿੱਛੇ ਆਪਣੇ ਛੋਟੇ ਭਰਾ ਜੱਬਰ ਖ਼ਾਨ ਨੂੰ ਛੱਡ ਗਿਆ ਜਿਸ ਪਾਸ ਵਾਦੀ ਦੀ ਰੱਖਿਆ ਲਈ ਥੋੜ੍ਹੀ ਫ਼ੌਜ ਛੱਡ ਦਿੱਤੀ ਗਈ। ਜੱਬਰ ਖ਼ਾਨ ਨੇ ਹਾਲਾਤ ਅਨੁਸਾਰ ਸਖ਼ਤੀ ਨਾਲ ਹਕੂਮਤ ਕਰਨ ਦੀ ਠਾਨ ਲਈ। ਗ਼ੈਰ-ਮੁਸਲਿਮ ਕਸ਼ਮੀਰੀਆਂ ਨਾਲ ਉਸ ਦਾ ਸਲੂਕ ਠੀਕ ਨਹੀਂ ਸੀ ਅਤੇ ਬਹੁਤ ਸਾਰੇ ਹਿੰਦੂ ਵਾਦੀ ਛੱਡ ਕੇ ਚਲੇ ਗਏ। ਇਨ੍ਹਾਂ ਸ਼ਰਨਾਰਥੀਆਂ ਵਿਚ ਜੱਬਰ ਖ਼ਾਨ ਦਾ ਮਾਲ-ਮੰਤਰੀ ਪੰਡਿਤ ਬੀਰਬਲ ਧਾਰ ਵੀ ਸੀ। ਆਪਣੇ ਲੋਕਾਂ ਦੀ ਦੁਰਦਸ਼ਾ ਦੀ ਸ਼ਿਕਾਇਤ ਕਰਨ ਲਈ ਉਹ ਲਾਹੌਰ ਆਇਆ ਅਤੇ ਉਸ ਦਰਬਾਰ ਨੂੰ ਇਹ ਸਲਾਹ ਦਿੱਤੀ ਕਿ ਕਸ਼ਮੀਰ ਫ਼ਤਹਿ ਕਰਨ ਦਾ ਇਹ ਸੁਨਹਿਰੀ ਅਵਸਰ ਸੀ।

ਪੰਜਾਬੀ ਫ਼ੌਜਾਂ ਨੇ ਪਹਿਲਾਂ ਹੀ ਕਸ਼ਮੀਰ ਨੂੰ ਅਫ਼ਗਾਨਿਸਤਾਨ ਨਾਲੋਂ ਵੱਖ ਕਰ ਦਿੱਤਾ ਸੀ ਅਤੇ ਉਹ ਜੇਹਲਮ ਵਾਦੀ ਵਿਚ ਜਾਣ ਵਾਲੇ ਦੱਰਿਆਂ ਉੱਤੇ ਕਾਬਜ਼ ਹੋ ਚੁੱਕੇ ਸਨ। ਅਪ੍ਰੈਲ ਵਿਚ ਪੰਜਾਬ ਦੀ ਫ਼ੌਜ ਮਹਾਰਾਜਾ ਰਣਜੀਤ ਸਿੰਘ ਦੀ ਨਿੱਜੀ ਅਗਵਾਈ ਹੇਠ ਸੀ। ਉਨ੍ਹਾਂ ਵਜ਼ੀਰਾਬਾਦ ਵਿਖੇ ਡੇਰੇ ਲਾ ਲਏ। ਮਹਾਰਾਜਾ ਸਾਹਿਬ ਨੇ ਆਪ ਪਿੱਛੇ ਅੱਡੇ 'ਤੇ ਰਹਿਣ ਦਾ ਫ਼ੈਸਲਾ ਕੀਤਾ ਤਾਂ ਜੋ ਰਾਸ਼ਨ ਅਤੇ ਹੋਰ ਜੰਗੀ ਸਾਜ਼-ਸਾਮਾਨ ਵਿਤਰਣ ਦੀ ਨਿਗਰਾਨੀ ਆਪ ਕਰ ਸਕਣ, ਜਿਹੜਾ ਅੱਗੇ ਵਧਦੀ ਫ਼ੌਜ ਨੂੰ ਜੁਟਾਉਣਾ ਸੀ। ਬਾਕੀ ਫ਼ੌਜ ਰਾਜੌਰੀ ਵੱਲ ਵਧੀ ਅਤੇ ਅੱਗੋਂ ਦੋ ਹਿੱਸਿਆਂ ਵਿਚ ਵੰਡ ਹੋ ਗਈ। ਇਕ ਹਿੱਸੇ ਦੀ ਕਮਾਨ ਮਿਸਰ ਦੀਵਾਨ ਚੰਦ ਅਤੇ ਦੂਜੇ ਦੀ ਸ਼ਹਿਜ਼ਾਦਾ ਖੜਕ ਸਿੰਘ ਹੱਥ ਸੀ। ਉਨ੍ਹਾਂ ਸ਼ੂਪੇਇਨ ਵੱਲ ਘਿਰਾਓ ਦੀ ਸ਼ਕਲ ਵਿਚ ਜਾਣਾ ਸੀ। ਜਿਥੇ ਉਹ ਅਫ਼ਗਾਨਾਂ ਦੀ ਟੱਕਰ ਦੀ ਆਸ ਰੱਖਦੇ ਸਨ।

ਰਾਜੌਰੀ ਵਿਖੇ ਥੋੜ੍ਹੀ-ਬਹੁਤ ਲੜਾਈ ਹੋਈ। ਉਥੋਂ ਦੇ ਰਾਜੇ ਨੇ ਪੰਜਾਬੀਆਂ ਦੇ ਅਫ਼ਗਾਨਾਂ ਵੱਲ ਵਧਣ ਲਈ ਰਾਹ ਸਾਫ਼ ਕਰ ਦਿੱਤਾ। ਭਿੰਬਰ ਦੇ ਮੁਖੀ ਨੇ ਦਰਬਾਰ ਦੀ ਫ਼ੌਜ ਦੀ ਅਗਵਾਈ ਕੀਤੀ ਅਤੇ ਸ਼ਹਿਜ਼ਾਦਾ ਖੜਕ ਸਿੰਘ ਬਿਨਾ ਕਿਸੇ ਰੋਕ ਦੇ ਬਾਰਾਮੂਲਾ ਤਕ ਵਧਦਾ ਗਿਆ। ਦੂਜੇ ਸਿਰੇ ਦੀਵਾਨ ਮਿਸਰ ਚੰਦ ਨੇ ਪੀਰ ਪੰਜਾਲ ਦੀ ਪਹਾੜੀ ਪਾਰ ਕਰ ਲਈ ਅਤੇ ਦੋਵੇਂ ਕਾਲਮ ਇਕ-ਦੂਜੇ ਦੇ ਸਨਮੁਖ ਖੜੇ ਹੋ ਗਏ। ਉਨ੍ਹਾਂ ਦੇ ਸਾਹਮਣੇ ਬਾਰਾਂ ਹਜ਼ਾਰ ਫ਼ੌਜੀ ਅਫ਼ਗਾਨਾਂ ਸਮੇਤ ਲਈ ਜੱਬਰ ਖ਼ਾਨ ਸ਼ੂਪੇਆਨ ਵਿਖੇ ਤਿਆਰ ਖੜ੍ਹਾ ਸੀ। ਦੀਵਾਨ ਮਿਸਰ ਚੰਦ ਨੇ ਆਪਣੀ ਫ਼ੌਜ ਨੂੰ ਕੁਝ ਸਮੇਂ ਲਈ ਸੁਸਤਾਉਣ ਦਿੱਤਾ। ਜਦੋਂ ਉਹ ਤਾਜ਼ਾ ਦਮ ਹੋ ਗਏ ਤਾਂ ਉਨ੍ਹਾਂ ਚੁੱਪਚਾਪ ਹੀ ਅਫ਼ਗਾਨ ਦੁਸ਼ਮਣਾਂ ਨੂੰ ਘੇਰ ਲਿਆ। ਜੁਲਾਈ 3, 1819 ਦੀ ਸਵੇਰ ਨੂੰ ਤੜਕੇ-ਤੜਕੇ ਸ਼ੂਪੇਆਨ ਦੀ ਲੜਾਈ ਲੜੀ ਗਈ। ਪੰਜਾਬੀਆਂ ਦੇ ਉੱਤਮ ਤੋਪਖ਼ਾਨੇ ਨੇ ਅਫ਼ਗਾਨਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਨੇੜੇ ਆ ਕੇ ਲੜਨ। ਨਿਹੰਗਾਂ ਨੇ ਦੋ-ਦੋ ਹੱਥ ਕਰਨੇ ਆਰੰਭ ਕਰ ਦਿੱਤੇ। ਅਫ਼ਗਾਨ ਪਿੱਛੇ ਹਟਣ ਲਈ ਮਜਬੂਰ ਹੋ ਗਏ ਅਤੇ ਜੰਗਲਾਂ ਵਿਚ ਦੌੜ ਗਏ। ਜੱਬਰ ਖ਼ਾਨ ਬਹੁਤ ਬੁਰੀ ਤਰ੍ਹਾਂ ਫੱਟੜ ਹੋ ਗਿਆ ਅਤੇ ਮੁਸ਼ਕਲ ਨਾਲ ਉਸ ਦੀ ਜਾਨ ਬਚੀ। ਸ਼ੂਪੇਆਨ ਦੀ ਲੜਾਈ ਦੇ ਇਕ ਦਿਨ ਪਿੱਛੋਂ ਸ਼ਹਿਜ਼ਾਦਾ ਖੜਕ ਸਿੰਘ ਅਤੇ ਮਿਸਰ ਦੀਵਾਨ ਚੰਦ ਸ੍ਰੀਨਗਰ ਵਿਚ ਦਾਖ਼ਲ ਹੋ ਗਏ।

ਪੰਜਾਬ ਲਈ ਕਸ਼ਮੀਰ 'ਤੇ ਕਬਜ਼ਾ ਹੋ ਜਾਣਾ ਮਹੱਤਵਪੂਰਣ ਸੀ। ਇਸ ਨਾਲ 70 ਲੱਖ ਰੁਪਏ ਦੇ ਲਾਭ ਤੋਂ ਇਲਾਵਾ ਇਸ ਸਦਕਾ ਹਰ ਸਾਲ ਮਾਲੀਆ ਆਉਣ ਲੱਗਾ ਅਤੇ ਰਾਜ ਦੀ ਸੀਮਾ ਚੀਨ ਅਤੇ ਤਿੱਬਤ ਤਕ ਵਧ ਗਈ। ਕਸ਼ਮੀਰ ਦਾ ਗਵਰਨਰ ਦੀਵਾਨ ਮੋਤੀ ਰਾਮ ਨੂੰ ਥਾਪਿਆ ਗਿਆ।

ਡੇਰਾ ਗ਼ਾਜ਼ੀ ਖ਼ਾਨ, ਹਜ਼ਾਰਾ ਅਤੇ ਮਨਕੇਰਾ

ਫ਼ਰਵਰੀ 1820 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਦੱਖਣ-ਪੱਛਮੀ ਪੰਜਾਬ ਦਾ ਦੌਰਾ ਕੀਤਾ। ਉਨ੍ਹਾਂ ਦਾ ਪਹਿਲਾ ਲੰਮਾ ਠਹਿਰਾਓ ਮੁਲਤਾਨ ਵਿਖੇ ਸੀ, ਜਿਥੇ ਉਸ ਆਪਣੇ ਪਹਿਲੇ ਦੁਸ਼ਮਣ ਨਵਾਬ ਮੁਜ਼ੱਫ਼ਰ ਖ਼ਾਨ ਦੀ ਕਬਰ 'ਤੇ ਸ਼ਰਧਾਂਜਲੀ ਅਰਪਣ ਕੀਤੀ। ਮੁਲਤਾਨ ਤੋਂ ਜਮਾਂਦਾਰ ਖੁਸ਼ਹਾਲ ਸਿੰਘ ਡੇਰਾ ਗਾਜ਼ੀ ਖ਼ਾਨ ਵੱਲ ਵਧਿਆ ਅਤੇ ਉਥੋਂ ਦੇ ਨਵਾਬ ਨੂੰ ਦੌੜਾ ਦਿੱਤਾ ਜਿਹੜਾ ਅਫ਼ਗਾਨਾਂ ਨਾਲ ਭਾਈਵਾਲੀ ਜਾਰੀ ਰੱਖ ਰਿਹਾ ਸੀ। ਡੇਰਾ ਗਾਜ਼ੀ ਖ਼ਾਨ ਨੂੰ ਬਹਾਵਲਪੁਰ ਦੇ ਨਵਾਬ ਪਾਸ ਸੌਂਪ ਦਿੱਤਾ ਜਿਸ ਤਿੰਨ ਲੱਖ ਰੁਪਏ ਸਾਲਾਨਾ ਦੇਣੇ ਪਰਵਾਨ ਕਰ ਲਏ।

ਮਹਾਰਾਜਾ ਸਾਹਿਬ ਹੋਰ ਦੱਖਣੀ ਰਾਜਾਂ ਪਾਸੋਂ ਈਨ ਨਾ ਮੰਨਵਾ ਸਕੇ ਕਿਉਂਕਿ ਹਜ਼ਾਰਾ ਵਿਖੇ ਭਾਰੀ ਗੜਬੜ ਰਹੀ। ਇਸ ਇਲਾਕੇ ਨੂੰ ਆਰਜ਼ੀ ਤੌਰ 'ਤੇ ਕਸ਼ਮੀਰ ਨਾਲ ਜੋੜ ਦਿੱਤਾ ਗਿਆ ਸੀ ਪਰ ਜਦੋਂ ਦਾ ਦਰਬਾਰ ਨੇ ਇਸ 'ਤੇ ਕਬਜ਼ਾ ਕਰ ਲਿਆ ਸੀ, ਹਜ਼ਾਰਾ ਦੇ ਕਬਾਇਲੀ ਕਾਫ਼ੀ ਔਖੇ ਅਤੇ ਅਮੋੜ ਹੋ ਰਹੇ ਸਨ। ਘੇਰ-ਘਾਰ ਕਰਨ ਵਿਚ ਹੀ ਕਈ ਮਹੀਨੇ ਬੀਤ ਗਏ ਅਤੇ ਇਸ ਤੋਂ ਪਹਿਲਾਂ ਕਿ ਅਮਨ-ਸ਼ਾਂਤੀ ਕਾਇਮ ਹੁੰਦੀ, ਕਈ ਜਾਨਾਂ ਗਈਆਂ, ਜਿਨ੍ਹਾਂ ਵਿਚ ਰਾਮ ਦਿਆਲ ਵੀ ਸ਼ਾਮਲ ਸੀ। ਭਾਵੇਂ ਸਜ਼ਾਵਾਂ ਦੀ ਮੁਹਿੰਮ ਚਲਾਈ ਗਈ ਅਤੇ ਕਿਲ੍ਹਿਆਂ ਦੀ ਕਤਾਰ ਪੰਜਾਬੀਆਂ ਨੇ ਉਸਾਰੀ, ਤਾਂ ਵੀ ਕਬਾਇਲੀਆਂ ਨੂੰ ਸ਼ਾਂਤ ਕਰਨ ਦੀ ਸਿਰਦਰਦੀ ਲਾਹੌਰ ਦਰਬਾਰ ਲਈ ਬਣੀ ਹੀ ਰਹੀ।

1821 ਦੀ ਪਤਝੜ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਦੇਸ਼ ਦਿੱਤਾ ਕਿ ਉਸ ਦੀ ਧਰਮ ਮਾਤਾ ਸਦਾ ਕੌਰ ਦੀ ਜਾਇਦਾਦ ਕੁਰਕ ਕਰ ਲਈ ਜਾਵੇ। ਸਦਾ ਕੌਰ ਦੇ ਦੋਹਤਰੇ ਨੂੰ, ਜਿਹੜਾ ਉਸ ਦੀ ਲੜਕੀ ਮਹਿਤਾਬ ਕੌਰ ਦਾ ਸਪੁੱਤਰ ਸੀ, ਨੂੰ ਜਗੀਰ ਵਜੋਂ ਬਟਾਲਾ ਦਿੱਤਾ ਗਿਆ। ਬਾਕੀ ਦਾ ਹਿੱਸਾ ਕਾਂਗੜਾ ਵਿਚ ਮਿਲਾ ਲਿਆ ਗਿਆ। ਸਦਾ ਕੌਰ, ਜਿਹੜੀ ਉਸ ਸਮੇਂ ਸੱਤਰਵਿਆਂ ਵਿਚ ਸੀ, ਅੰਗਰੇਜ਼ੀ ਇਲਾਕੇ ਵੱਲ ਪਾਰ ਕਰਦੀ ਹੋਈ ਫੜੀ ਗਈ ਅਤੇ ਉਹ ਹਿਫ਼ਾਜ਼ਤ ਅੰਦਰ ਰੱਖੀ ਗਈ। ਅੰਤ ਇਸੇ ਹਾਲਾਤ ਵਿਚ ਹੀ ਉਹ ਦਸੰਬਰ 1832 ਵਿਚ ਚਲਾਣਾ ਕਰ ਗਈ।

ਮਨਕੇਰਾ ਦੇ ਨਵਾਬ ਹਾਫ਼ਿਜ਼ ਖ਼ਾਨ ਦੀ ਰਿਆਸਤ ਸਿੰਧ ਦੇ ਦੋਵੀਂ ਪਾਸੇ ਸੀ ਅਤੇ ਇਸੇ ਵਿਚ ਲਿਆਹ, ਭੱਖੜ ਅਤੇ ਡੇਰਾ ਇਸਮਾਈਲ ਜਿਹੇ ਸ਼ਹਿਰ ਸ਼ਾਮਲ ਸਨ। ਦਰਿਆ ਉਤੇ ਕਾਫ਼ੀ ਵਪਾਰਕ ਸਰਗਰਮੀ ਸੀ ਅਤੇ ਫ਼ਾਰਸ ਅਤੇ ਬਲੋਚਿਸਤਾਨ ਤੋਂ ਭਾਰਤ ਨੂੰ ਆਉਣ ਵਾਲਾ ਕਾਰਵਿਆਂ ਦਾ ਰਾਹ ਇਸੇ ਇਲਾਕੇ ਰਾਹੀਂ ਸੀ। ਭਾਵੇਂ ਮਨਕੇਰਾ ਦਾ ਇਲਾਕਾ ਬੰਜਰ ਸੀ ਪਰ ਇਹ ਦਸ ਲੱਖ ਰੁਪਏ ਦੇ ਮੁੱਲ ਵਾਲਾ ਸੀ। ਇਸ ਦਾ ਰਾਜਸੀ ਮਹੱਤਵ ਸੀ। ਹੋਰ ਮੁਸਲਮਾਨ ਅਮੀਰਾਂ ਵਜ਼ੀਰਾਂ ਵਾਂਗ ਇਥੋਂ ਦਾ ਨਵਾਬ ਵੀ ਆਜ਼ਾਦ ਹੋ ਗਿਆ ਸੀ। ਪਰ ਜਦੋਂ ਹਾਲਾਤ ਨੇ ਤੰਗ ਕੀਤਾ ਤਾਂ ਉਸ ਵੀ ਲਾਹੌਰ ਦੀ ਥਾਂ ਕਾਬੁਲ ਨੂੰ ਕਰ ਦੇਣਾ ਅੱਛਾ ਸਮਝਿਆ।

ਅਕਤੂਬਰ 1821 ਵਿਚ ਮਹਾਰਾਜਾ ਰਣਜੀਤ ਸਿੰਘ ਜੇਹਲਮ ਪਾਰ ਕਰਕੇ ਖ਼ੁਸ਼ਾਬ ਵਿਚ

ਦਾਖ਼ਲ ਹੋਏ । ਟਿਵਾਣਿਆਂ ਦਾ ਮੁਖੀ ਅਹਿਮਦ ਯਾਰ ਆਪਣੇ ਨਾਲ ਘੋੜਸਵਾਰਾਂ ਦਾ ਦਲ ਲੈ ਕੇ ਉਨ੍ਹਾਂ ਨਾਲ ਮਿਲ ਗਿਆ । ਮਿਸਰ ਦੀਵਾਨ ਚੰਦ ਅਤੇ ਹਰੀ ਸਿੰਘ ਨਲਵਾ ਆਪਣੀਆਂ ਫ਼ੌਜਾਂ ਲੈ ਕੇ ਉਨ੍ਹਾਂ ਦੇ ਪਿੱਛੇ-ਪਿੱਛੇ ਗਏ ।

ਬਿਨਾਂ ਗੋਲੀ ਚਲਾਇਆਂ ਭੱਖੜ ਦੇ ਕਿਲ੍ਹੇ 'ਤੇ ਕਬਜ਼ਾ ਹੋ ਗਿਆ । ਮਹਾਰਾਜਾ ਸਾਹਿਬ ਆਪ ਉਥੇ ਠਹਿਰੇ ਅਤੇ ਫ਼ੌਜ ਦੇ ਦੋ ਧੜੇ ਵੱਖ-ਵੱਖ ਦਿਸ਼ਾਵਾਂ ਵਿਚ ਭੇਜੇ । ਪੰਦਰਾਂ ਹਜ਼ਾਰ ਜਵਾਨਾਂ ਦਾ ਇਕ ਦਲ, ਦਲ ਸਿੰਘ ਭਰਾਨੀਆਂ ਅਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਦੀ ਕਮਾਨ ਹੇਠ ਡੇਰਾ ਇਸਮਾਈਲ ਵੱਲ ਭੇਜਿਆ । ਨਵਾਬ ਦੇ ਅਫ਼ਸਰਾਂ ਨੇ ਹਥਿਆਰ ਸੁੱਟਣ ਤੋਂ ਪਹਿਲਾਂ ਮਾਮੂਲੀ ਜਿਹੀ ਟੱਕਰ ਲਈ । ਮਿਸਰ ਦੀਵਾਨ ਚੰਦ ਦੇ ਅਧੀਨ ਵਾਲੀ ਫ਼ੌਜ ਲਿਆਹ ਵੱਲੋਂ ਲੰਘੀ । ਇਹ ਤਿੰਨੋਂ ਦਲ ਇਕੱਠੇ ਹੋ ਕੇ ਮਨਕੇਰਾ ਵੱਲ ਵਧੇ ।

ਮਨਕੇਰਾ ਦਾ ਇਲਾਕਾ ਰੇਗਿਸਤਾਨੀ ਸੀ ਅਤੇ ਇਥੇ ਪਾਣੀ ਲਈ ਕੋਈ ਨਦੀ ਜਾਂ ਛੱਪੜ ਆਦਿ ਨਹੀਂ ਸੀ । ਨਵਾਬ ਲਈ ਇਕੋ-ਇਕ ਸਹਾਰੇ ਦੀ ਉਮੀਦ ਸੀ ਕਿ ਘੇਰੇ ਪਾਈ ਫ਼ੌਜ ਨੂੰ ਪਾਣੀ ਦੀ ਤੋਟ ਆਵੇਗੀ । ਪਰ ਦਰਬਾਰ ਫ਼ੌਜ ਨੇ ਆਪਣੀ ਪਾਣੀ ਦੀ ਲੋੜ ਪੂਰੀ ਕਰਨ ਲਈ ਕਾਫ਼ੀ ਖੂਹ ਪੁੱਟ ਲਏ ਸਨ । ਇਹ ਘੇਰਾ ਚੌਦਾਂ ਦਿਨ ਤਕ ਚਲਦਾ ਰਿਹਾ । ਨਵਾਬ ਨੇ ਦਰਬਾਰ ਵੱਲੋਂ ਕੀਤੀ ਗਈ ਜਗੀਰ ਦੀ ਪੇਸ਼ਕਸ਼ ਸਵੀਕਾਰ ਕਰ ਲਈ ਅਤੇ ਡੇਰਾ ਇਸਮਾਈਲ ਖ਼ਾਨ ਵਿਚ ਸੁਰੱਖਿਅਤ ਨਿਵਾਸ ਅਸਥਾਨ ਪ੍ਰਾਪਤ ਕਰਕੇ ਕਿਲ੍ਹਾ ਅਤੇ ਗੋਲਾ-ਬਾਰੂਦ ਤੇ ਹਥਿਆਰਾਂ ਦੇ ਭੰਡਾਰ ਦਰਬਾਰ ਨੂੰ ਸੌਂਪ ਦਿੱਤੇ ।

ਮਨਕੇਰਾ ਦੇ ਫ਼ਤਹਿ ਹੋ ਜਾਣ ਨਾਲ ਜੇਹਲਮ ਅਤੇ ਸਿੰਧ ਵਿਚ ਸਿੰਧ ਸਾਗਰ ਦੁਆਬੇ ਦਾ ਬਹੁਤ ਸਾਰਾ ਇਲਾਕਾ ਪੰਜਾਬ ਵਿਚ ਸ਼ਾਮਲ ਹੋ ਗਿਆ ।

ਕਾਂਡ—16

ਫ਼ੌਜ ਦਾ ਯੂਰਪੀਕਰਨ

ਸੰਨ 1822 ਦੀ ਬਸੰਤ ਰੁੱਤ ਵਿਚ ਨੈਪੋਲੀਅਨ ਬੋਨਾਪਾਰਟ ਦੀ ਭੰਗ ਕੀਤੀ ਸੈਨਾ ਦੇ ਦੋ ਅਫ਼ਸਰ ਜੀਨ ਬੈਪਟਿਸਤੇ ਵੈਨਤੂਰਾ ਅਤੇ ਜੀਨ ਫਰਾਂਕੋਇਸ ਅਲਾਰਡ ਲਾਹੌਰ ਪਹੁੰਚੇ ਅਤੇ ਉਨ੍ਹਾਂ ਦਰਬਾਰ ਵਿਚ ਨੌਕਰੀ ਲਈ ਬੇਨਤੀ ਕੀਤੀ। ਉਨ੍ਹਾਂ ਲਈ ਬੜੀਆਂ ਖੁੱਲ੍ਹੀਆਂ ਸ਼ਰਤਾਂ ਰੱਖੀਆਂ ਗਈਆਂ। ਉਨ੍ਹਾਂ ਨੂੰ ਸਿਖਲਾਈ ਲਈ ਨਵੇਂ ਰੰਗਰੂਟ ਦਿੱਤੇ ਗਏ ਤਾਂ ਜੋ ਜੰਗ ਦੇ ਉਹ ਢੰਗ-ਤਰੀਕੇ ਅਪਣਾ ਸਕਣ ਜਿਹੜੇ ਮਹਾਨ ਸੈਨਾ ਵਿਚ ਅਮਲ ਵਿਚ ਲਿਆਂਦੇ ਜਾ ਰਹੇ ਸਨ। ਇਸ ਨਾਲ ਪੰਜਾਬ ਫ਼ੌਜ ਦਾ ਯੂਰਪੀਕਰਨ ਤੇਜ਼ ਹੋਇਆ। ਯੂਰਪੀ ਅਫ਼ਸਰਾਂ, ਜਿਵੇਂ ਕਿ ਉੱਪਰ ਦੱਸੇ ਗਏ ਦੋ ਅਫ਼ਸਰ ਅਤੇ ਹੋਰ ਅਨੇਕਾਂ ਹੀ ਜਿਹੜੇ ਅੱਗੋਂ ਆਏ, ਦੀ ਹਦਾਇਤ ਅਧੀਨ ਏਸ਼ੀਆ ਵਿਚ ਇਹ ਪੰਜਾਬੀ ਫ਼ੌਜ ਬਹੁਤ ਭਿਆਨਕ ਬਣ ਗਈ।

ਵੈਨਤੂਰਾ ਅਤੇ ਅਲਾਰਡ ਤੋਂ ਪਹਿਲਾ ਅੰਗਰੇਜ਼ ਭਗੌੜਾ ਪ੍ਰਾਈਸ ਆਇਆ। ਇਨ੍ਹਾਂ ਤੋਂ ਪਿੱਛੋਂ ਕੁਝ ਅਜਿਹੇ ਆਏ ਜਿਹੜੇ ਅੰਗਰੇਜ਼ਾਂ ਦੀ ਨਾਜਾਇਜ਼ ਔਲਾਦ ਸਨ। ਕੁਝ ਮਸ਼ਹੂਰ ਅਫ਼ਸਰਾਂ ਦੇ ਪੁੱਤਰ ਸਨ, ਜਿਵੇਂ ਕਰਨਲ ਵਾਨ ਕਾਰਟਲੈਂਡ, ਜਨਰਲ ਸਰ ਰਾਬਰਟ ਡਿੱਕ ਅਤੇ ਜੈਕਬ ਥਾਮਸ। ਮਹਾਰਾਜਾ ਰਣਜੀਤ ਸਿੰਘ ਯੂਰਪੀ-ਏਸ਼ੀਆਈ ਅਤੇ ਅੰਗਰੇਜ਼ ਅਫ਼ਸਰਾਂ ਨੂੰ ਫ਼ੌਜ ਵਿਚ ਘੱਟ ਲੈਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੀ ਵਫ਼ਾਦਾਰੀ 'ਤੇ ਸ਼ੱਕ ਸੀ, ਵਿਸ਼ੇਸ਼ ਕਰਕੇ ਜੇਕਰ ਈਸਟ ਇੰਡੀਆ ਕੰਪਨੀ ਨਾਲ ਟੱਕਰ ਹੋ ਜਾਵੇ।

ਇਸ ਪ੍ਰਕਾਰ ਕੁਝ ਸਾਲਾਂ ਵਿਚ ਦਰਜਨਾਂ ਹੀ ਯੂਰਪੀ, ਵੱਖ-ਵੱਖ ਕੌਮਾਂ ਦੇ ਪੰਜਾਬ ਫ਼ੌਜ ਵਿਚ ਆ ਗਏ। ਫ਼ਰਾਂਸੀਸੀ, ਅੰਗਰੇਜ਼, ਇਤਾਲਵੀ, ਸਪੇਨੀ, ਹੰਗੇਰੀਆਈ, ਯੂਨਾਨੀ ਆਦਿ। ਭਾਵੇਂ ਇਨ੍ਹਾਂ ਨੂੰ ਭਾਰਤੀਆਂ ਨਾਲੋਂ ਇਨ੍ਹਾਂ ਦੇ ਰੈਂਕਾ ਦੇ ਹਿਸਾਬ ਨਾਲ ਵੱਧ ਵੇਤਨ ਮਿਲਦਾ ਸੀ ਪਰ ਇਨ੍ਹਾਂ ਉੱਤੇ ਵਿਸ਼ੇਸ਼ ਸ਼ਰਤਾਂ ਲਾਗੂ ਸਨ। ਉਨ੍ਹਾਂ ਪਾਸੋਂ ਆਸ ਕੀਤੀ ਜਾਂਦੀ ਸੀ ਕਿ ਉਹ ਆਮ ਲੋਕਾਂ ਵਿਚ ਰਚ-ਮਿਚ ਜਾਣ ਅਤੇ ਇਥੋਂ ਦੀਆਂ ਇਸਤਰੀਆਂ ਨਾਲ ਸ਼ਾਦੀਆਂ ਕਰਵਾਉਣ। ਮਹਾਰਾਜਾ ਸਾਹਿਬ ਦੀ ਰਸਮੀ ਇਜਾਜ਼ਤ ਤੋਂ ਬਿਨਾਂ ਉਹ ਨੌਕਰੀ ਨਹੀਂ ਛੱਡ ਸਕਦੇ ਸਨ। ਉਹ ਕਿਸੇ ਵੀ ਕੌਮ ਨਾਲ ਲੜਨ ਲਈ ਤਿਆਰ ਸਨ, ਭਾਵੇਂ ਆਪਣੀ ਹੀ ਕੌਮ ਕਿਉਂ ਨਾ ਹੋਵੇ।

ਪਰ ਦਰਬਾਰ ਇਸ ਗੱਲ ਵਿਚ ਥੋੜ੍ਹਾ ਹੀ ਸਫਲ ਹੋਇਆ ਕਿ ਯੂਰਪ ਦੇ ਆਲਤੂ-ਫਾਲਤੂ ਪੰਜਾਬ ਨੂੰ ਆਪਣਾ ਘਰ ਸਮਝਣ। ਭਾਵੇਂ ਉਨ੍ਹਾਂ ਖਾਲਸੇ ਦੀ ਬਾਹਰੀ ਰਹੁ-ਰੀਤ ਦਾ ਕੋਈ ਵਿਰੋਧ ਨਹੀਂ ਕੀਤਾ (ਦਾੜ੍ਹੀ-ਕੇਸ ਰੱਖਣੇ, ਗਊ ਦਾ ਮਾਸ ਨਾ ਖਾਣਾ ਅਤੇ ਤਮਾਖੂ ਦਾ ਸੇਵਨ ਨਾ ਕਰਨਾ) ਅਤੇ ਉਨ੍ਹਾਂ ਬੜੇ ਉਤਸ਼ਾਹ ਨਾਲ ਇਥੋਂ ਦੀ ਜ਼ਿੰਦਗੀ ਵਿਚ ਰਚ-ਮਿਚ ਜਾਣ ਲਈ ਕਸ਼ਮੀਰੀ ਇਸਤਰੀਆਂ ਨੂੰ ਆਪਣੇ ਹਰਮ ਵਿਚ ਲੈ ਲਿਆ। ਤਾਂ ਵੀ ਉਹ ਇਸ ਦੇਸ਼ ਦੀ ਧਰਤੀ ਨਾਲ ਪੂਰੀ ਸਾਂਝ ਨਾ ਬਣਾ ਸਕੇ ਜਿਸ ਦਾ ਲੂਣ ਖਾਂਦੇ ਸਨ। ਜਦੋਂ ਉਨ੍ਹਾਂ ਕਾਫ਼ੀ ਪੈਸਾ ਕਮਾ ਲਿਆ ਤਾਂ ਉਨ੍ਹਾਂ ਆਪਣੀਆਂ ਪਤਨੀਆਂ ਛੱਡ ਦਿੱਤੀਆਂ। ਬੱਚੇ ਅਤੇ ਨੌਕਰਾਣੀਆਂ ਦੀ ਸੰਭਾਲ ਛੱਡ ਦਿੱਤੀ ਅਤੇ ਆਪਣੇ ਦੇਸ਼ ਪਰਤ ਗਏ।

ਪੰਜਾਬੀ ਇਹ ਖ਼ਿਆਲ ਕਰਦੇ ਸਨ ਕਿ ਯੂਰਪੀ ਲੋਕ ਵੱਡੀਆਂ ਤਲਬਾਂ (ਵੇਤਨ) ਪਾਉਂਦੇ ਹਨ। ਰਾਜ ਦੀਆਂ ਬਹੁਤ ਸਾਰੀਆਂ ਜਿੱਤਾਂ 1822 ਤੋਂ ਪਹਿਲਾਂ ਹੀ ਹੋਈਆਂ ਸਨ ਜਿਸ ਲਈ ਮੁਹਕਮ-ਚੰਦ, ਹਰੀ ਸਿੰਘ ਨਲਵਾ ਅਤੇ ਮਿਸਰ ਦੀਵਾਨ ਚੰਦ ਜਿਹੇ ਮਾਣ ਦੇ ਹੱਕਦਾਰ ਸਨ। ਉਸ ਤਾਰੀਖ਼ ਤੋਂ ਉਪਰੰਤ ਵੀ ਦਰਬਾਰ ਦੀਆਂ ਮੁਹਿੰਮਾਂ ਦੀ ਅਸਰਦਾਇਕ ਕਮਾਨ ਅਜੇ ਵੀ ਪੰਜਾਬੀਆਂ ਦੇ ਹੱਥ ਵਿਚ ਸੀ। ਯੂਰਪੀਨਾਂ ਦੀ ਵਫ਼ਾਦਾਰੀ ਸ਼ੱਕ ਦੀ ਨਜ਼ਰ ਨਾਲ ਦੇਖੀ ਜਾਂਦੀ ਸੀ। ਇਹ ਘੱਟ ਹੀ ਹੋਣ ਦਿੱਤਾ ਕਿ ਆਪਣੀ ਫ਼ੌਜ ਲੈ ਕੇ ਦੋ ਅਫ਼ਸਰ ਇਕੱਠੇ ਰਾਜਧਾਨੀ ਵਿਚ ਰਹਿ ਗਏ ਹੋਣ।

ਕੁਝ ਯੂਰਪੀ ਅਫ਼ਸਰਾਂ ਦੇ ਨਾਂ ਵਰਣਨਯੋਗ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਮਸ਼ਹੂਰ ਇਨਫੈਂਟਰੀ ਦਾ ਵੈਨਤੂਰਾ ਸੀ। ਉਹ ਜਨਰਲ ਬਣਿਆ ਅਤੇ ਅੰਤ ਦਰਬਾਰ ਦੀ ਫ਼ੌਜ ਦਾ ਕਮਾਂਡਰ-ਇਨ-ਚੀਫ਼ ਬਣ ਗਿਆ। ਉਸ ਨੂੰ ਮੰਡੀ ਦਾ ਕਾਊਂਟ ਘੋਸ਼ਿਤ ਕੀਤਾ ਗਿਆ। ਅਲਾਰਡ ਤਾਂ ਰਿਸਾਲੇਦਾਰ ਸੀ ਅਤੇ ਉਹ ਵਧੇਰੇ ਨਾਂ ਨਹੀਂ ਸੀ ਖੱਟ ਸਕਿਆ ਪਰ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਬਹੁਤ ਚਾਹੁੰਦਾ ਸੀ। ਅਲਾਰਡ ਨੇ ਫਰਾਂਸ ਦੇ ਲੂਈ ਫਿਲਿਪ ਪਾਸੋਂ ਮਹਾਰਾਜਾ ਸਾਹਿਬ ਲਈ ਅਨੇਕਾਂ ਸੁਗਾਤਾਂ ਅਤੇ ਵਧਾਈ-ਪੱਤਰ ਲਿਆਂਦੇ। ਇਕ ਵਾਰ ਇਕ ਜਰਮਨ ਅਫ਼ਸਰ 'ਤੇ ਗਰਜਦਿਆਂ ਮਹਾਰਾਜਾ ਸਾਹਿਬ ਨੇ ਕਿਹਾ : "ਜਰਮਨ, ਫ਼ਰਾਂਸੀਸੀ ਜਾਂ ਅੰਗਰੇਜ਼ ਹੋਣ, ਇਹ ਸਾਰੇ ਯੂਰਪੀਨ ਹਰਾਮੀ ਹਨ ਤੇ ਸਭ ਇਕੋ ਰੱਸੇ ਫਾਹੇ ਦੇਣ ਵਾਲੇ ਹਨ।" ਅਲਾਰਡ ਲਾਹੌਰ ਵਿਚ ਰਹਿੰਦਾ ਸੀ ਅਤੇ ਉਹ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਿਆ ਸੀ। ਇਤਾਲਵੀ, ਪਾਓਲੋ ਡੀ. ਅਵੀਤਾਬਿਲੇ ਅਤੇ ਫ਼ਰਾਂਸੀਸੀ ਕੋਰਟ 1826 ਵਿਚ ਫ਼ੌਜ ਵਿਚ ਆਏ। ਅਵੀਤਾਬਿਲੇ ਨੂੰ ਵਜ਼ੀਰਾਬਾਦ ਦਾ ਗਵਰਨਰ ਅਤੇ ਫਿਰ ਪੇਸ਼ਾਵਰ ਦਾ ਗਵਰਨਰ ਥਾਪਿਆ ਗਿਆ। ਉਸ ਦੇ ਸਖ਼ਤ ਹੁਕਮ ਨੇ ਕਬਾਇਲੀਆਂ ਨੂੰ ਸਿਖਾ ਦਿੱਤਾ ਕਿ ਕਾਨੂੰਨ ਦੀ ਪਾਲਣਾ ਕਿਵੇਂ ਕੀਤੀ ਜਾਂਦੀ ਹੈ। ਕੋਰਟ ਤੋਪਖ਼ਾਨੇ ਦੀ ਸਿਖਲਾਈ ਦਿੰਦਾ ਸੀ ਅਤੇ ਉਹ ਲਾਹੌਰ ਦੀ ਫ਼ਾਊਂਡਰੀ ਵਿਚ ਤੋਪਾਂ ਵੀ ਤਿਆਰ ਕਰਵਾਉਂਦਾ ਸੀ। ਉਹ ਮਹਾਨ ਵਿਦਵਾਨ ਅਤੇ ਸਾਊ ਸੀ। ਉਹ ਦਰਬਾਰ ਦੇ ਉੱਤਮ ਵਿਗਿਆਨਕ ਦਿਮਾਗ਼ ਵਾਲੇ ਲਹਿਣਾ ਸਿੰਘ ਮਜੀਠੀਏ ਨਾਲ ਸਾਂਝੇ ਤੌਰ ਤੇ ਕੰਮ ਕਰ ਰਿਹਾ ਸੀ। ਮਹਾਰਾਜਾ ਸਾਹਿਬ ਦੀਆਂ ਨਜ਼ਰਾਂ ਵਿਚ ਸਪੇਨ ਦਾ ਅਫ਼ਸਰ, ਸੇਨਰ ਓਮਸ (ਮੂਸਾ ਸਾਹਿਬ) ਸੀ। ਉਹ ਬਹੁਤ ਤਰੱਕੀ ਕਰਦਾ ਪਰ 1828 ਦੀ ਪਲੇਗ ਵਿਚ ਉਸ ਦਾ ਦਿਹਾਂਤ ਹੋ ਗਿਆ।

ਇਕ ਅਮਰੀਕਾ ਦਾ ਪਾਖੰਡੀ ਜੋਸੀਆਹ ਹਾਰਲੇਨ ਸੀ, ਜਿਸ ਨੂੰ ਪਹਿਲਾਂ ਨੂਰਪੁਰ ਅਤੇ ਜਸਰੋਤਾ ਦਾ ਗਵਰਨਰ ਥਾਪਿਆ ਗਿਆ ਅਤੇ ਉਪਰੰਤ ਗੁਜਰਾਤ ਦਾ। ਉਸ ਬੀਮਾਰ ਮਹਾਰਾਜਾ ਪਾਸੋਂ ਇਕ ਲੱਖ ਰੁਪਏ ਦੀ ਮੰਗ ਕੀਤੀ, ਇਸ ਲਈ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਹਾਰਲੇਨ ਦਾ ਉੱਤਰਾਧਿਕਾਰੀ ਯੂਰੇਸੀਅਨ ਹੋਮਜ਼ ਆਇਆ। ਇਨ੍ਹਾਂ ਤੋਂ ਇਲਾਵਾ ਹੰਗਰੀ ਦਾ ਡਾਕਟਰ ਹੋਨਿੰਗ ਬਰਗਰ ਸੀ, ਜਿਹੜਾ ਤੋਪਖ਼ਾਨੇ ਲਈ ਬਾਰੂਦ ਰਲਾਉਂਦਾ ਅਤੇ ਮਹਾਰਾਜਾ ਸਾਹਿਬ ਲਈ ਬਰਾਂਡੀ ਕੱਢਦਾ।

ਯੂਰਪੀ ਅਫ਼ਸਰਾਂ ਨੂੰ ਲਿਆਉਣ ਦਾ ਫੌਰੀ ਸਿੱਟਾ ਇਹ ਨਿਕਲਿਆ ਕਿ ਫ਼ੌਜ ਦਿਨਾਂ ਦੇ ਅੰਦਰ-ਅੰਦਰ ਹੀ ਕਾਫ਼ੀ ਵਧ ਗਈ, ਵਿਸ਼ੇਸ਼ ਕਰਕੇ ਇਨਫੈਂਟਰੀ ਅਤੇ ਤੋਪਖ਼ਾਨਾ। ਇਕ ਸਾਲ ਅੰਦਰ ਇਨਫੈਂਟਰੀ 8,000 ਤੋਂ ਵਧਾ ਕੇ 11,681 ਕਰ ਦਿੱਤੀ ਗਈ। (ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਅਵਸਰ ਸਮੇਂ ਇਨਫੈਂਟਰੀ ਦੇ ਜਵਾਨਾਂ ਦੀ ਗਿਣਤੀ 27,000 ਸੀ)। ਸੋਲਾਂ ਸਾਲਾਂ ਅੰਦਰ ਤੋਪਖ਼ਾਨੇ ਦਾ ਵਾਧਾ 22 ਤੋਪਾਂ ਅਤੇ 190 ਸਵਿਵਲਸ ਤੋਂ ਵਧਾ

ਕੇ 188 ਤੋਪਾਂ ਅਤੇ 280 ਸਵਿਵਲਸ ਦਾ ਹੋ ਗਿਆ। ਇਨ੍ਹਾਂ ਹੀ ਦਿਨਾਂ ਵਿਚ ਤੋਪਚੀਆਂ ਦੀ ਗਿਣਤੀ ਛੇ ਗੁਣਾਂ ਹੋ ਗਈ (800 ਤੋਂ 4.500 ਜਵਾਨ)। ਰਸਾਲੇ ਵਿਚ ਵੀ ਵਾਧਾ ਕੀਤਾ ਗਿਆ। ਭਾਵੇਂ ਇਹ ਕੋਈ ਬਿਆਨ ਵੀ ਮੰਗਦਾ ਹੈ। ਆਧੁਨਿਕ ਸ਼ੈਲੀ ਵਿਚ ਸਿਖਲਾਈ ਪ੍ਰਾਪਤ ਕਰਨ ਵਾਲੇ ਸਨ, ਅਲਾਰਡ ਵੱਲੋਂ ਆਧੁਨਿਕ ਸਿਖਲਾਈ ਵਾਲੇ ਰੈਗੂਲਰ, ਰਵਾਇਤੀ ਘੋੜ-ਚੜ੍ਹੇ। ਇਨ੍ਹਾਂ ਵਿਚ ਭੰਗ ਹੋਈਆਂ ਮਿਸਲਾਂ ਦੇ ਦਸਤਿਆਂ ਵਿਚੋਂ ਵੀ ਸਨ ਅਤੇ ਨਾਲ ਸੀ ਜਗੀਰਦਾਰੀ ਫ਼ੌਜ।

ਫ਼ੌਜ ਵਿਚ ਏਨੀ ਵਿਸ਼ਾਲ ਸੰਖਿਆ ਲਈ ਅਤੇ ਫ਼ੌਜੀ ਪ੍ਰਬੀਨਤਾ ਲਈ ਤਿੰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਇਹ ਕਿ ਜਿੱਤਾਂ ਪਹਿਲਾਂ ਹੀ ਪ੍ਰਾਪਤ ਹੋ ਚੁੱਕੀਆਂ ਸਨ। ਇਸ ਲਈ ਫ਼ੌਜ ਦੀ ਦੇਖ-ਰੇਖ ਉਸੇ ਮਾਲੀਏ ਵਿਚੋਂ ਕਰਨੀ ਪੈਂਦੀ ਸੀ ਜਿਸ ਵਿਚ ਕੋਈ ਵਾਧਾ ਨਹੀਂ ਸੀ ਹੋ ਰਿਹਾ। ਮਹਾਰਾਜਾ ਸਾਹਿਬ ਦੀ ਇਹ ਨੀਤੀ ਸੀ ਕਿ ਫ਼ੌਜ ਲਈ ਕੁਝ ਪੈਸੇ ਰੋਕ ਕੇ ਰੱਖੇ ਜਾਂਦੇ ਸਨ। 1822 ਤੋਂ ਉਪਰੰਤ ਇਹ ਬਕਾਇਆ ਏਨਾ ਵਧ ਗਿਆ ਕਿ ਨੌਸਣ ਵਾਲਿਆਂ ਦੀ ਸੰਖਿਆ ਘੱਟ ਰੱਖਣ ਦੀ ਥਾਂ ਜ਼ਾਬਤਾ ਟੁੱਟਿਆ ਅਤੇ ਵਿਦਰੋਹ ਆਇਆ।

ਦੂਜੀ ਗੱਲ ਇਹ ਸੀ ਕਿ ਸਿਖਲਾਈ ਲਈ ਆਧੁਨਿਕ ਤਰੀਕੇ ਅਪਣਾਏ ਗਏ ਪਰ ਰੰਗਰੂਟ ਭਰਤੀ ਕਰਨ ਦਾ ਢੰਗ ਉਹੋ ਪੁਰਾਣਾ ਸੀ। ਰੰਗਰੂਟਾਂ ਦੀ ਭਰਤੀ ਵਿਅਕਤੀਗਤ ਹੋਣ ਦੀ ਥਾਂ ਇਕ ਪਿੰਡ ਵਿਚੋਂ ਟੋਲੀ ਦੇ ਰੂਪ ਵਿਚ ਕਰ ਲਈ ਜਾਂਦੀ ਸੀ। ਕਈ ਵਾਰ ਤਾਂ ਉਹ ਇਕੋ ਪਰਿਵਾਰ ਜਾਂ ਕਬੀਲੇ ਦੇ ਹੁੰਦੇ ਸਨ। ਇਸ ਲਈ ਵਡੇਰਾ ਆਦਮੀ ਅਫ਼ਸਰ ਬਣਾ ਦਿੱਤਾ ਜਾਂਦਾ ਸੀ, ਜਿਹੜਾ ਵੱਧ ਰੰਗਰੂਟ ਲਿਆਉਂਦਾ। ਤਰੱਕੀ ਦਾ ਆਧਾਰ ਯੋਗਤਾ ਨਹੀਂ ਸੀ। ਇਸ ਪ੍ਰਕਾਰ ਫ਼ੌਜ ਦੀ ਇਕ ਨਵੀਂ ਟੁਕੜੀ ਸਾਹਮਣੇ ਆਈ, ਜਿਹੜੀ ਪੰਦਰਾਂ ਤੋਂ ਬਾਈ ਆਦਮੀਆਂ ਦੀ ਹੁੰਦੀ ਅਤੇ ਉਹ ਸਭ ਇਕ ਹੀ ਪਰਿਵਾਰ ਦੇ ਹੁੰਦੇ। ਇਹ ਲੋਕ ਡੇਰਿਆਂ ਵਿਚ ਵੰਡੇ ਹੁੰਦੇ ਸਨ। 1822 ਤੋਂ ਉਪਰੰਤ ਇਨ੍ਹਾਂ ਡੇਰਿਆਂ ਨੂੰ ਇਕੱਠਾ ਕਰਕੇ ਡਿਵੀਜ਼ਨ ਬਣਾਏ ਗਏ, ਜਿਨ੍ਹਾਂ ਦਾ ਚਾਰਜ ਜਰਨੈਲ ਦੇ ਹੱਥ ਹੁੰਦਾ, ਜਿਵੇਂ ਕਿ ਲਹਿਣਾ ਸਿੰਘ ਮਜੀਠੀਆ, ਮਿਸਰ ਦੀਵਾਨ ਚੰਦ ਜਾਂ ਅਟਾਰੀਵਾਲੇ ਸਰਦਾਰ। ਇਸ ਪ੍ਰਕਾਰ ਰੰਗਰੂਟ ਭਰਤੀ ਕਰਕੇ ਦਰਬਾਰ ਨੇ ਆਪ ਹੀ ਆਪਣੀ ਤਬਾਹੀ ਦੇ ਬੀਜ ਬੀਜ ਦਿੱਤੇ। ਅਸਲ ਵਾਗ ਡੇਰਿਆਂ ਦੇ ਆਗੂਆਂ ਦੇ ਹੱਥ ਹੀ ਰਹੀ। ਇਹ ਡੇਰੇਦਾਰ ਆਪਣੇ ਜਵਾਨਾਂ ਲਈ ਵੱਧ ਤਨਖ਼ਾਹਾਂ ਮੰਗਣ ਲੱਗੇ। ਜੇਕਰ ਲੰਮੇ ਸਮੇਂ ਤਕ ਤਨਖ਼ਾਹਾਂ ਨਾ ਮਿਲਦੀਆਂ ਤਾਂ ਵਿਦਰੋਹ ਲਈ ਉਕਸਾਏ ਜਾਂਦੇ। ਫ਼ੌਜ ਵਿਚ ਟਰੇਡ ਯੂਨੀਅਨ ਦੀ ਭਾਵਨਾ ਆ ਗਈ। ਹੌਲੀ-ਹੌਲੀ ਜਰਨੈਲਾਂ ਦੀ ਪੋਜ਼ੀਸ਼ਨ ਘਟਦੀ ਗਈ ਤੇ ਉਨ੍ਹਾਂ ਨੂੰ ਜੰਗ ਵਿਚ ਉਹ ਜਵਾਨ ਲੈ ਕੇ ਜਾਣੇ ਪੈਂਦੇ ਜਿਨ੍ਹਾਂ ਬਾਰੇ ਉਹ ਕੁਝ ਨਹੀਂ ਸਨ ਜਾਣਦੇ ਅਤੇ ਜਿਨ੍ਹਾਂ ਦੀ ਉਨ੍ਹਾਂ ਪ੍ਰਤੀ ਕੋਈ ਨਿੱਜੀ ਵਫ਼ਾਦਾਰੀ ਵੀ ਨਹੀਂ ਸੀ।

ਤੀਜੀ ਗੱਲ ਇਹ ਕਿ ਫ਼ੌਜ ਦੇ ਯੂਰਪੀਕਰਨ ਹੋ ਜਾਣ ਨਾਲ ਦਰਬਾਰ ਦੀ ਫ਼ੌਜ ਅੰਦਰ ਅੰਗਰੇਜ਼ਾਂ ਵਿਰੁੱਧ ਭਾਵਨਾ ਵਧ ਗਈ। ਵਰਿਸ਼ਠ ਵਿਦੇਸ਼ੀ ਅਧਿਕਾਰੀ ਅੰਗਰੇਜ਼ਾਂ ਨਾਲ ਨਫ਼ਰਤ ਕਰਦੇ ਸਨ। ਉਹ ਇਹ ਨਹੀਂ ਸਨ ਚਾਹੁੰਦੇ ਕਿ ਪਹਿਲਾਂ ਹੀ ਵੱਡੀ ਫ਼ੌਜ ਜਿਹੜੀ ਹੋਰ ਵਧਾਈ ਜਾ ਰਹੀ ਹੈ ਅਤੇ ਆਧੁਨਿਕ ਰੂਪ ਵਿਚ ਆ ਰਹੀ ਹੈ, ਉਸ ਪੰਜਾਬੀ ਵਿਸਤਾਰ ਲਈ ਹਥਿਆਰ ਬਣਨਾ ਹੈ। ਜਦੋਂ ਤਕ ਜਿੱਤ ਪ੍ਰਾਪਤ ਕਰਨ ਵਾਲੇ ਇਲਾਕੇ ਸਨ, ਤਾਂ ਕੰਮ ਚਲਦਾ ਰਿਹਾ ਪਰ ਜਦੋਂ ਦਰਬਾਰ ਦੇ ਵਧਦੇ ਕਦਮ ਰੋਕ ਦਿੱਤੇ ਤਾਂ ਦਰਬਾਰ ਦੀ ਫ਼ੌਜ ਇਕਦਮ ਅੰਗਰੇਜ਼ਾਂ ਵਿਰੁੱਧ ਹੋ ਗਈ।

ਨੌਸ਼ਹਿਰਾ ਦੀ ਲੜਾਈ ਮਾਰਚ 1823 : ਅਤੇ ਅਕਾਲੀ ਫੂਲਾ ਸਿੰਘ ਦਾ ਅਕਾਲ ਚਲਾਣਾ

ਦਰਅਸਲ ਇਹ ਲੜਾਈ ਨੌਸ਼ਹਿਰਾ ਛਾਉਣੀ ਦੇ ਨਾਮ ਨਾਲ ਨਹੀਂ ਜਾਣੀ ਜਾਂਦੀ ਹੈ ਕਿਉਂਕਿ ਉਸ ਵੇਲੇ ਇਹ ਹੈ ਹੀ ਨਹੀਂ ਸੀ। ਇਸ ਦੀ ਥਾਂ ਸਗੋਂ ਨੌਖਾਰ ਦਾ ਪੁਰਾਣਾ ਕਸਬਾ ਸੀ, ਜਿਹੜਾ ਲੰਡੇ ਦਰਿਆ ਦੇ ਕੰਢੇ ਸੀ।

ਦਰਬਾਰ ਨੂੰ ਇਕ ਅਵਸਰ ਮਿਲਿਆ ਕਿ 1822 ਦੀ ਪਤਝੜ ਵਿਚ ਉੱਤਰ-ਪੱਛਮੀ ਸਰਹੱਦ ਉੱਤੇ ਯੂਰਪੀ ਰੂਪ ਦੀਆਂ ਰਜਮੈਂਟਾਂ ਨੂੰ ਅਮਲ ਵਿਚ ਵੇਖੇ। ਝਗੜਾ ਉਸ ਸਮੇਂ ਆਰੰਭ ਹੋਇਆ ਜਦੋਂ ਫ਼ਕੀਰ ਅਜ਼ੀਜ਼-ਉਦ-ਦੀਨ ਲਾਹੌਰ ਦਰਬਾਰ ਲਈ ਬਕਾਇਆ ਰਕਮ ਦੀ ਵਸੂਲੀ ਲਈ ਪਿਸ਼ੌਰ ਗਏ। ਯਾਰ ਮੁਹੰਮਦ ਨੇ ਉਸ ਦਾ ਸੁਆਗਤ ਕੀਤਾ ਤੇ ਆਦੇਸ਼ ਦਿੱਤਾ ਕਿ ਫ਼ਕੀਰ ਦੇ ਸਨਮਾਨ ਵਿਚ ਦੀਪਮਾਲਾ ਕੀਤੀ ਜਾਵੇ। ਯਾਰ ਮੁਹੰਮਦ ਅਤੇ ਉਸ ਦਾ ਭਰਾ ਦੋਸਤ ਮੁਹੰਮਦ ਦੋਹਾਂ ਨੇ ਮਹਾਰਾਜਾ ਸਾਹਿਬ ਦੀ ਵਫ਼ਾਦਾਰੀ ਦਾ ਦਮ ਭਰਿਆ। ਯਾਰ ਮੁਹੰਮਦ ਨੇ ਜੋ ਕੁਝ ਉਸ ਵੱਲ ਨਿਕਲਦਾ ਸੀ, ਨਕਦ ਅਤੇ ਘੋੜਿਆਂ ਦੇ ਰੂਪ ਵਿਚ ਦਿੱਤਾ। ਅਜ਼ੀਜ਼-ਉਦ-ਦੀਨ ਆਪਣੇ ਮਿਸ਼ਨ ਵਿਚ ਸਫ਼ਲ ਰਹਿ ਕੇ ਅਤੇ ਪੂਰੀ ਸੰਤੁਸ਼ਟਤਾ ਨਾਲ ਲਾਹੌਰ ਵਾਪਸ ਆਇਆ।

ਕਾਫ਼ਰਾਂ ਨੂੰ ਕਰ ਦੇਣ ਲਈ ਯਾਰ ਮੁਹੰਮਦ ਨੂੰ ਮੁਹੰਮਦ ਆਜ਼ਮ ਨੇ ਤਾਅਨਾ ਮਾਰਿਆ ਕਿ ਉਨ੍ਹਾਂ ਇਕ ਭਰਾ ਨੂੰ ਕਸ਼ਮੀਰ ਵਿਚੋਂ ਕੱਢਿਆ ਅਤੇ ਅਫ਼ਗਾਨਾਂ ਨੂੰ ਮੁਲਤਾਨ, ਡੇਰਾ ਇਸਮਾਈਲ ਖ਼ਾਨ, ਡੇਰਾ ਗ਼ਾਜ਼ੀ ਖ਼ਾਨ ਅਤੇ ਮਨਕੇਰਾ ਵਿਚੋਂ ਮਾਰ ਦੁੜਾਇਆ। ਮੁਹੰਮਦ ਆਜ਼ਮ ਖ਼ਾਨ ਨੇ ਕਾਬਲ ਤੋਂ ਬਾਹਰ ਕੂਚ ਕੀਤਾ ਅਤੇ ਖੈਬਰ ਦੇ ਬੰਜਰ ਤੇ ਨਾਪਾਕ ਥਾਂ ਤੇ ਜਹਾਦ ਦੇ ਨਾਅਰੇ ਗੂੰਜਣ ਲੱਗੇ। ਕੁਝ ਹੀ ਦਿਨਾਂ ਵਿਚ ਖਟਕ ਅਤੇ ਯੂਸਫ਼ਜ਼ਈ ਦੇ ਪੰਜੀ ਹਜ਼ਾਰ ਕਬਾਇਲੀ ਸੱਈਅਦ ਅਕਬਰ ਸ਼ਾਹ ਦੀ ਅਗਵਾਈ ਅਧੀਨ ਪੈਗੰਬਰ ਦੇ ਸਬਜ਼ ਝੰਡੇ ਹੇਠ ਲੜਨ ਲਈ ਵਾਲੰਟੀਅਰ ਬਣ ਗਏ ਤਾਂ ਜੋ ਵਿਜੈ ਪ੍ਰਾਪਤ ਕਰਨ ਜਾਂ ਕੁਰਬਾਨੀ। ਯਾਰ ਮੁਹੰਮਦ ਨੇ ਪਿਸ਼ੌਰ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਗੁਆਂਢ ਦੀਆਂ ਪਹਾੜੀਆਂ ਵਿਚ ਜਾ ਲੁਕਿਆ। ਇਹ ਖ਼ਿਆਲ ਸੀ ਕਿ ਉਹ ਆਪਣੇ ਭਰਾ ਨੂੰ ਪਿਸ਼ੌਰ ਸੌਂਪਣ ਲਈ ਉੱਕਾ ਤਿਆਰ ਨਹੀਂ ਸੀ ਕਿਉਂਕਿ ਉਸ ਹਾਲਤ ਵਿਚ ਉਸ ਨੂੰ ਲਾਹੌਰ ਜਾ ਕੇ ਸ਼ਰਣ ਲੈਣੀ ਪੈਂਦੀ।

ਦਰਬਾਰ ਨੇ ਆਪਣੀ ਫ਼ੌਜ ਨੂੰ ਉੱਤਰ ਵੱਲ ਚੱਲਣ ਦੇ ਆਦੇਸ਼ ਦਿੱਤੇ। ਇਸ ਨਾਲ ਇਹ ਪ੍ਰਸਿੱਧ ਜਰਨੈਲ ਵੀ ਸਨ : ਮਿਸਰ ਦੀਵਾਨ ਚੰਦ, ਹਰੀ ਸਿੰਘ ਨਲਵਾ, ਫੂਲਾ ਸਿੰਘ, ਫਤਹਿ ਸਿੰਘ ਆਹਲੂਵਾਲੀਆ, ਦੇਸਾ ਸਿੰਘ ਮਜੀਠੀਆ ਅਤੇ ਅਤਰ ਸਿੰਘ ਸੰਧਾਂਵਾਲੀਆ। ਇਨ੍ਹਾਂ ਦੇ ਨਾਲ ਸਨ ਅਲਾਰਡ, ਵੈਨਤੂਰਾ, ਗੋਰਖਾ ਬਲਭੱਦਰਾ ਅਤੇ ਨਵੀਂ-ਨਵੀਂ ਸਿਖਲਾਈ ਪ੍ਰਾਪਤ ਬਟਾਲੀਅਨਾ ਨਲ ਸਨ।

ਸ਼ਹਿਜ਼ਾਦਾ ਸ਼ੇਰ ਸਿੰਘ ਅਤੇ ਹਰੀ ਸਿੰਘ ਨਲਵਾ ਨੇ ਅਗਲੇ ਦਸਤੇ ਦੀ ਅਗਵਾਈ ਕੀਤੀ। ਉਨ੍ਹਾਂ ਬੇੜੀਆਂ ਦਾ ਪੁਲ ਬੰਨ੍ਹ ਕੇ ਅਟਕ ਦਰਿਆ ਪਾਰ ਕੀਤਾ ਅਤੇ ਜਹਾਂਗੀਰੀਆ ਕਿਲ੍ਹੇ ਤੇ ਕਬਜ਼ਾ ਕਰ ਲਿਆ। ਮਹਾਰਾਜਾ ਸਾਹਿਬ ਵੀ ਹੌਲੀ-ਹੌਲੀ ਪੜਾਓ ਕਰਦੇ ਜਨਵਰੀ ਦੇ ਅੰਤ ਤਕ ਪਹੁੰਚ ਗਏ। ਉਹ ਹੈਰਾਨ ਹੋ ਗਏ ਜਦੋਂ ਦੇਖਿਆ ਕਿ ਅਫ਼ਗਾਨਾਂ ਨੇ ਬੇੜੀਆਂ ਦਾ ਪੁਲ ਤਬਾਹ ਕਰ ਦਿੱਤਾ। ਬਰਫ਼ ਦੇ ਪਿਘਲਣ ਕਾਰਨ ਅਟਕ ਕਾਫ਼ੀ ਚੜ੍ਹਿਆ ਹੋਇਆ ਸੀ। ਉਸ ਦਾ ਸਪੁੱਤਰ ਕਿਲ੍ਹੇ ਅੰਦਰ ਘੇਰਿਆ ਗਿਆ ਸੀ, ਜਿਸ ਦੇ ਚਾਰੋਂ ਪਾਸੇ ਸਾਰਾ ਦੇਸ ਉਸ ਦੇ ਖ਼ੂਨ ਦਾ ਪਿਆਸਾ ਸੀ। ਜਹਾਂਗੀਰੀਆ ਕਿਲ੍ਹੇ ਦੁਆਲੇ ਘੇਰਾ ਪਾਉਣ ਵਾਲੇ ਸਨ

ਆਜ਼ਮ ਦੇ ਭਰਾ ਤੇ ਦੋਸਤ ਮੁਹੰਮਦ (ਜਿਸ ਇਕ ਤੋਂ ਵੱਧ ਵਾਰ ਲਾਹੌਰ ਦਰਬਾਰ ਨੂੰ ਕਰ ਦਿੱਤਾ) ਅਤੇ ਜੱਬਰ ਖ਼ਾਨ ਜਿਹੜਾ ਕਸ਼ਮੀਰ ਦਾ ਸਾਬਕਾ ਗਵਰਨਰ ਸੀ।

ਇਕ ਸਵੇਰ ਦਰਬਾਰ ਦੀਆਂ ਫ਼ੌਜਾਂ ਨੇ ਅਟਕ ਪਾਰ ਕਰ ਲਿਆ, ਪਰ ਭਾਰੀ ਅਤੇ ਕੀਮਤੀ ਮਾਲ ਦਾ ਨੁਕਸਾਨ ਉਠਾਇਆ। ਪੰਜਾਬੀਆਂ ਨੇ ਦੁਸ਼ਮਣ ਨੂੰ ਅਚਾਨਕ ਆ ਘੇਰਿਆ ਅਤੇ ਉਸ ਨੂੰ ਜਹਾਂਗੀਰੀਆ ਕਿਲ੍ਹੇ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

ਖਟਕ ਅਤੇ ਯੂਸਫਜ਼ਈ ਕਬਾਇਲੀਆਂ ਨੇ ਆਪਣੇ ਪੈਰ ਇਕ ਟਿੱਲੇ ਤੇ ਜਮਾ ਲਏ ਜਿਹਨੂੰ ਪੀਰ ਸਬਕ ਜਾਂ ਟਿੱਬਾ ਟੀਰੀ ਕਹਿੰਦੇ ਸਨ। ਆਜ਼ਮ ਖ਼ਾਨ ਦੇ ਭਰਾਵਾਂ ਅਧੀਨ ਮੁਖੀ ਅਫ਼ਗਾਨ ਫ਼ੌਜ ਤੇਜ਼ ਵਗਦੇ ਲੰਡੇ ਦਰਿਆ ਕਾਰਨ ਗਾਜ਼ੀ ਕਬੀਲਿਆਂ ਨਾਲੋਂ ਵੱਖਰੀ ਹੋ ਗਈ। ਪੰਜਾਬੀ ਤੋਪਖ਼ਾਨਾ ਕਬਾਇਲੀਆਂ ਨੂੰ ਇਕ ਪਾਸੇ ਛੱਡ ਗਿਆ ਲੰਡੇ ਦਰਿਆ ਦੇ ਕੰਢੇ ਪਹੁੰਚ ਗਿਆ ਅਤੇ ਇਸ ਦੀਆਂ ਭਾਰੀ ਤੋਪਾਂ ਨੇ ਪਾਰਲੇ ਕੰਢੇ ਤੇ ਗੋਲੇ ਬਰਸਾਏ।

ਜਦੋਂ ਆਜ਼ਮ ਖ਼ਾਨ ਨੂੰ ਇਸ ਹਾਲਤ ਦਾ ਪਤਾ ਲੱਗਾ ਤਾਂ ਉਹ ਪਿਸ਼ੌਰ ਤੋਂ ਇਕ ਦਮ ਆਇਆ ਅਤੇ ਲੰਡੇ ਦਰਿਆ ਕੰਢੇ ਆਪਣੇ ਭਰਾਵਾਂ ਨਾਲ ਮਿਲ ਗਿਆ। ਪਰ ਉਹ ਨਦੀ ਪਾਰ ਨਾ ਕਰ ਸਕੇ ਕਿਉਂਕਿ ਪਾਰਲੇ ਕੰਢੇ ਤੋਪਾਂ ਸਨ। ਇਸ ਤੋਂ ਪਹਿਲਾਂ ਕਿ ਉਸ ਦੇ ਭਰਾ ਬਿਨਾਂ ਪਹਿਰੇਦਾਰਾਂ ਵਾਲਾ ਲਾਂਘਾ ਵੇਖ ਲੈਂਦੇ ਅਤੇ ਆਪਣੇ ਕਬਾਇਲੀ ਦੋਸਤਾਂ ਨਾਲ ਜਾ ਮਿਲਦੇ, ਪੰਜਾਬੀਆਂ ਨੇ ਪੀਰ ਸਬਕ ਦੀ ਪਹਾੜੀ ਤੇ ਹੱਲਾ ਬੋਲ ਦਿੱਤਾ।

ਕਬਾਇਲੀ ਲਸ਼ਕਰ ਡਟ ਕੇ ਹੌਸਲੇ ਨਾਲ ਲੜਿਆ ਪਰ ਦਰਬਾਰ ਦੇ ਗੋਰਖਿਆਂ ਅਤੇ ਮੁਸਲਮਾਨ ਨਜੀਬਿਆਂ ਨੇ ਉਨ੍ਹਾਂ 'ਤੇ ਕਾਬੂ ਪਾ ਲਿਆ। ਉਸ ਵੇਲੇ ਅਕਾਲੀ ਫੂਲਾ ਸਿੰਘ ਅਤੇ ਉਸ ਦੀ ਨਿਹੰਗਾਂ ਦੀ ਫ਼ੌਜ ਅੱਗੇ ਆਈ ਤਾਂ ਜੋ ਕਰਾਰੀ ਸੱਟ ਮਾਰ ਸਕਣ। ਉਨ੍ਹਾਂ ਖਟਕਾਂ ਅਤੇ ਯੂਸਫਜ਼ਈਆਂ ਨੂੰ ਅੱਗੇ ਲਾ ਲਿਆ। ਭਾਰੀ ਤੋਪਖ਼ਾਨੇ ਦਾ ਮੂੰਹ ਵੀ ਭੁਆ ਲਿਆ ਗਿਆ ਅਤੇ ਪੂਰੀ ਤਬਾਹੀ ਕਰਨ ਲਈ ਗੋਲਿਆਂ ਦੀ ਬੁਛਾੜ ਕੀਤੀ। ਜੰਗ ਦੇ ਮੈਦਾਨ ਵਿਚ ਚਾਰ ਹਜ਼ਾਰ ਕਬਾਇਲੀ ਮਾਰੇ ਗਏ। ਦੂਜੇ ਕੰਢੇ ਤੇ ਖੜਾ ਮੁਹੰਮਦ ਆਜ਼ਮ ਖ਼ਾਨ ਇਹ ਕਤਲੇ-ਆਮ ਵੇਖਦਾ ਰਹਿ ਗਿਆ। ਪਰ ਉਹ ਕੁਝ ਨਹੀਂ ਕਰ ਸਕਦਾ ਸੀ। ਉਹ ਸ਼ਰਮਿੰਦਾ ਸੀ ਕਿ ਪਿਸ਼ੌਰ ਦੇ ਲੋਕਾਂ ਨੂੰ ਕੀ ਮੂੰਹ ਵਿਖਾਏਗਾ? ਉਹ ਅਫ਼ਗਾਨਿਸਤਾਨ ਨੂੰ ਮੁੜ ਗਿਆ ਅਤੇ ਥੋੜ੍ਹੇ ਸਮੇਂ ਪਿੱਛੋਂ ਉਸ ਦੀ ਮੌਤ ਹੋ ਗਈ।

ਪੀਰ ਸਬਕ ਦੀ ਜਿੱਤ ਲਈ ਪੰਜਾਬੀਆਂ ਨੂੰ ਜਾਨ-ਮਾਲ ਦਾ ਦਾ ਮਹਿੰਗਾ ਮੁੱਲ ਤਾਰਨਾ ਪਿਆ। ਇਥੇ ਚੜ੍ਹਾਈ ਕਰ ਜਾਣ ਵਾਲੇ ਜਰਨੈਲ ਸਨ : ਅਕਾਲੀ ਫੂਲਾ ਸਿੰਘ ਅਤੇ ਗੋਰਖਾ ਕਮਾਂਡਰ ਬਲਭਦਰਾ। ਅਕਾਲੀ ਫੂਲਾ ਸਿੰਘ ਦੇ ਘੋੜੇ ਦੇ ਗੋਲੀ ਵੱਜੀ ਅਤੇ ਉਹ ਘੋੜਾ ਛੱਡ ਕੇ ਹਾਥੀ 'ਤੇ ਸਵਾਰ ਹੋ ਗਿਆ ਅਤੇ ਅੱਗੇ ਵਧਿਆ। ਇਹ ਗ਼ਲਤੀ ਉਸ ਨੂੰ ਮਹਿੰਗੀ ਪਈ। ਗਾਜ਼ੀਆਂ ਦੀ ਨਜ਼ਰ ਉਸ ਤੇ ਪਈ ਜਿਨ੍ਹਾਂ ਨੂੰ ਕਈ ਵਾਰ ਉਸ ਨੇ ਨੀਚਾ ਦਿਖਾਇਆ ਸੀ। ਗਾਜ਼ੀਆਂ ਨੇ ਗੋਲੀਆਂ ਨਾਲ ਉਸ ਨੂੰ ਛਲਣੀ ਕਰ ਦਿੱਤਾ ਅਤੇ ਉਸ ਹੌਦੇ ਵਿਚ ਹੀ ਪ੍ਰਾਣ ਤਿਆਗ ਦਿੱਤੇ। ਉਸ ਨਿਹੰਗਾਂ ਨੂੰ ਅੰਤਲੇ ਸਾਹ ਤਕ ਲੜਦੇ ਰਹਿਣ ਲਈ ਆਖਿਆ। ਇਹ ਹਾਰ ਅਫ਼ਗਾਨਾਂ ਲਈ ਬਹੁਤ ਕਰਾਰੀ ਸੀ ਅਤੇ ਪਠਾਣ ਕਬਾਇਲੀ ਇਹ ਮੰਨ ਗਏ ਕਿ ਉਨ੍ਹਾਂ ਨਾਲੋਂ ਪੰਜਾਬੀ ਹਥਿਆਰ ਵਧੇਰੇ ਉੱਤਮ ਸਨ।

ਤਿੰਨ ਦਿਨਾਂ ਉਪਰੰਤ ਮਹਾਰਾਜਾ ਸਾਹਿਬ ਆਪਣੀ ਫ਼ੌਜ ਸਮੇਤ ਜਿੱਤ ਦੇ ਡੰਕੇ ਵਜਾਉਂਦੇ ਪਿਸ਼ੌਰ ਵਿਚ ਦਾਖ਼ਲ ਹੋਏ। ਸ਼ਹਿਰੀਆਂ ਨੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਨਜ਼ਰਾਨੇ ਪੇਸ਼ ਕੀਤੇ। ਪਰ ਮਹਾਰਾਜਾ ਸਾਹਿਬ ਦਾ ਏਥੇ ਦਾ ਕਿਆਮ ਜਾਂ ਠਹਿਰਨਾ ਅਮਨ-ਅਮਾਨ ਵਾਲਾ ਨਾ ਰਿਹਾ। ਜਿਹੜੀ ਪ੍ਰਾਪਤੀ ਕਬਾਇਲੀ ਖੁੱਲ੍ਹੇ ਮੈਦਾਨ ਵਿਚ ਨਾ ਕਰ ਸਕੇ ਉਹ ਉਨ੍ਹਾਂ ਰਾਤ

ਦੇ ਹਨੇਰੇ ਵਿਚ ਪੰਜਾਬੀ ਸਿਪਾਹੀਆਂ ਦਾ ਨਿਰਦਈ ਕਤਲ ਕਰਕੇ ਪ੍ਰਾਪਤ ਕਰ ਲਈ।

ਪੰਜਾਬੀਆਂ ਨੇ ਕਬਾਇਲੀਆਂ ਦੀਆਂ ਚਾਲਾਂ ਦੇ ਉਕਤਾਉਣ ਨੂੰ ਬਰਦਾਸ਼ਤ ਕੀਤਾ। ਕੁਝ ਦਿਨਾ ਪਿੱਛੋਂ, ਜਦੋਂ ਯਾਰ ਮੁਹੰਮਦ ਅਤੇ ਦੋਸਤ ਮੁਹੰਮਦ ਦਰਬਾਰ ਵਿਚ ਹਾਜ਼ਰ ਹੋਏ ਅਤੇ ਮਹਾਰਾਜਾ ਸਾਹਿਬ ਅੱਗੇ ਮੁਆਫ਼ੀ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਗਿਆ। ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਖਿਰਾਜ ਵਜੋਂ ਘੋੜੇ ਅਤੇ ਤੋਹਫ਼ੇ ਸਵੀਕਾਰ ਕੀਤੇ ਗਏ। ਯਾਰ ਮੁਹੰਮਦ ਨੂੰ ਮੁੜ ਪਿਸ਼ੌਰ ਦਾ ਗਵਰਨਰ ਥਾਪ ਦਿੱਤਾ ਗਿਆ। ਉਸ ਬਚਨ ਦਿੱਤਾ ਕਿ ਹਰ ਸਾਲ 1,10,000 ਰੁਪਏ ਦਾ ਮਾਲੀਆ ਅਦਾ ਕਰਿਆ ਕਰੇਗਾ।

ਪਠਾਣਾਂ ਅਤੇ ਅਫ਼ਗਾਨਾਂ ਵਿਰੁੱਧ ਪ੍ਰਾਪਤ ਕੀਤੀ ਫ਼ਤਹਿ ਨਾਲ ਅੰਗਰੇਜ਼ ਹਲਕਿਆਂ ਵਿਚ ਘੁਸਰ-ਮੁਸਰ ਹੋਣ ਲੱਗੀ। ਅੰਗਰੇਜ਼ਾਂ ਨੇ ਇਹ ਸਮਝ ਲਿਆ ਕਿ ਦਰਬਾਰ ਦੀਆਂ ਜਿੱਤਾਂ ਪੰਜਾਬ ਦੀ ਅਗਲੀ ਸੀਮਾ ਤਕ ਪਹੁੰਚ ਗਈਆਂ ਹਨ ਅਤੇ ਉੱਤਰ ਅਤੇ ਉੱਤਰ-ਪੱਛਮ ਦੇ ਅਖ਼ੀਰ ਤਕ ਹਨ। ਇਸ ਦੇ ਅੱਗੇ ਪਹਾੜੀਆਂ ਹਨ ਜਿਨ੍ਹਾਂ ਨੂੰ ਪਾਰ ਨਹੀਂ ਕੀਤਾ ਜਾ ਸਕਦਾ ਅਤੇ ਇਹ ਸਾਜ਼ਗਾਰ ਵੀ ਨਹੀਂ ਹਨ। ਇਨ੍ਹਾਂ ਤੋਂ ਕੋਈ ਲਾਭ ਵੀ ਪ੍ਰਾਪਤ ਨਹੀਂ ਹੋ ਸਕਦਾ। ਜੇਕਰ ਪੰਜਾਬੀਆਂ ਦੀ ਹਕੂਮਤ ਨੇ ਹੋਰ ਵਧਣਾ ਹੈ ਤਾਂ ਇਹ ਕੇਵਲ ਸਿੰਧ ਦੇ ਰੇਗਿਸਤਾਨ ਨੂੰ ਟੱਪ ਕੇ ਸਾਗਰ ਵੱਲ ਹੀ ਹੋ ਸਕਦਾ ਹੈ ਜਾਂ ਭਾਰਤ ਵਿਚ ਸਤਲੁਜ ਤੋਂ ਪਾਰ। ਅੰਗਰੇਜ਼ ਸਰਕਾਰ ਨੇ ਸੋਚਿਆ ਕਿ ਇਸ ਤੋਂ ਪਹਿਲਾਂ ਕਿ ਪੰਜਾਬੀਆਂ ਦੀ ਧੱਕੇਸ਼ਾਹੀ ਨੂੰ ਰੋਕਣਾ ਮੁਸ਼ਕਲ ਹੋ ਜਾਵੇ, ਉਨ੍ਹਾਂ ਸਿੰਧ ਦੇ ਅਮੀਰਾਂ ਨਾਲ ਗੱਲ-ਬਾਤ ਚਾਲੂ ਕਰ ਦਿੱਤੀ। ਜਦੋਂ ਅੰਗਰੇਜ਼ਾਂ ਅਤੇ ਸਿੰਧੀਆਂ ਦੀ ਚੱਲ ਰਹੀ ਗੱਲ-ਬਾਤ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਅਨੇਕਾਂ ਜਿੱਤਾਂ ਪ੍ਰਾਪਤ ਕਰਕੇ ਆਕੜੇ ਹੋਏ ਪੰਜਾਬੀਆਂ ਨੇ ਫੜ੍ਹ ਮਾਰੀ ਕਿ ਅੰਗਰੇਜ਼ਾਂ ਨਾਲ ਇਕੋ ਵਾਰੀ ਨਜਿੱਠ ਲਿਆ ਜਾਵੇਗਾ। ਕੁਝ ਹੀ ਮਹੀਨਿਆਂ ਅੰਦਰ ਇਹ ਅਫ਼ਵਾਹਾਂ ਗੂੰਜ ਉਠੀਆਂ ਕਿ ਫ਼ੌਜਾਂ ਇਕੱਠੀਆਂ ਹੋ ਰਹੀਆਂ ਹਨ ਅਤੇ ਦਰਬਾਰ ਦੀ ਵਿਉਂਤ ਹੈ ਕਿ ਹੋਰ ਅੱਗੇ ਕਬਜ਼ਾ ਕਰਨ ਲਈ ਯਤਨ ਕੀਤੇ ਜਾਣ। ਇਸ ਤੋਂ ਪਹਿਲਾਂ ਕਿ ਦਰਬਾਰ ਨਾਲ ਕੋਈ ਗੱਲ ਸਿਰੇ ਚੜ੍ਹਦੀ, ਅੰਗਰੇਜ਼ਾਂ ਅਤੇ ਬਰਮਾ ਵਿਚਕਾਰ ਲੜਾਈ ਛਿੜ ਗਈ। ਇਸ ਨਾਲ ਅੰਗਰੇਜ਼ਾਂ ਦਾ ਉੱਤਰ-ਪੱਛਮ ਵੱਲ ਵਧਣਾ ਖੱਡੇ ਪੈ ਗਿਆ ਤੇ ਉਹ ਝਿਜਕ ਗਏ। ਗਵਰਨਰ ਜਨਰਲ ਨੇ ਇਹ ਫ਼ੈਸਲਾ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਦੋਸਤੀ ਲਈ ਦਿੱਤੇ ਬਚਨਾਂ 'ਤੇ ਵਿਸ਼ਵਾਸ ਕੀਤਾ ਜਾਵੇ ਅਤੇ ਉਸ ਜੰਗ ਜਿਹੀਆਂ ਤਿਆਰੀਆਂ ਦੀਆਂ ਅਫ਼ਵਾਹਾਂ ਸੰਬੰਧੀ ਕੋਈ ਸਪੱਸ਼ਟੀਕਰਨ ਮੰਗਣਾ ਮੁਨਾਸਿਬ ਨਹੀਂ ਸਮਝਿਆ।

ਜੁਲਾਈ 1825 ਵਿਚ ਮਿਸਰ ਦੀਵਾਨ ਚੰਦ ਦਾ ਸਵਰਗਵਾਸ ਹੋ ਗਿਆ। ਮੁਹਕਮ ਚੰਦ, ਉਸ ਦੇ ਪੋਤਰੇ ਰਾਮ ਦਿਆਲ, ਫੂਲਾ ਸਿੰਘ ਅਤੇ ਦੀਵਾਨ ਚੰਦ ਜਿਹੇ ਬਹਾਦਰ ਵਿਅਕਤੀਆਂ ਦੇ ਸਦੀਵੀ ਵਿਛੋੜਾ ਦੇ ਜਾਣ ਨਾਲ ਪੰਜਾਬ ਵਿਚ ਸਹੀ ਯੋਗਤਾ ਵਾਲੇ ਜਰਨੈਲ ਵਿਰਲੇ ਹੀ ਰਹਿ ਗਏ। ਇਸ ਕਾਰਨ ਦਰਬਾਰ ਨੂੰ ਵੱਧ ਤੋਂ ਵੱਧ ਯੂਰਪੀ ਅਫ਼ਸਰਾਂ 'ਤੇ ਨਿਰਭਰ ਕਰਨਾ ਪਿਆ, ਵਿਸ਼ੇਸ਼ ਕਰਕੇ ਵੈਨਤੂਰਾ, ਤਾਂ ਜੋ ਕੋਈ ਜੰਗੀ ਜੁਗਤ ਵਿਉਂਤੀ ਜਾਵੇ। ਵੈਸੇ ਰਸਮੀ ਤੌਰ ਤੇ ਕਮਾਨ, ਆਮ ਵਾਂਗ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਖੜਕ ਸਿੰਘ ਅਤੇ ਅੱਗੋਂ ਸ਼ੇਰ ਸਿੰਘ ਨੂੰ ਸੌਂਪੀ ਗਈ ਸੀ। ਜਿਹੜਾ ਫ਼ੌਜੀ ਜਰਨੈਲ ਦੇ ਤੌਰ ਤੇ ਉਭਰ ਰਿਹਾ ਸੀ ਅਤੇ ਪਿਤਾ ਦੀਆਂ ਨਜ਼ਰਾਂ ਵਿਚ ਚੜ੍ਹ ਰਿਹਾ ਸੀ ਤੇ ਧਿਆਨ ਖਿੱਚ ਰਿਹਾ ਸੀ। ਉਹ ਫ਼ੌਜਾਂ ਅੰਦਰ ਵੀ ਹਰਮਨ-ਪਿਆਰਾ ਹੋ ਰਿਹਾ ਸੀ।

ਆਪਣੇ ਪਿਤਾ ਉੱਪਰ ਵਧਦੇ ਸ਼ੇਰ ਸਿੰਘ ਦੇ ਪ੍ਰਭਾਵ ਨੇ ਖੜਕ ਸਿੰਘ ਅਤੇ ਉਸ ਦੀ ਮਾਂ ਰਾਜ ਕੌਰ ਦੇ ਮਨ ਅੰਦਰ ਭੁਲੇਖਾ ਉਭਾਰਿਆ। ਜਨਵਰੀ 1826 ਵਿਚ ਜਦੋਂ ਮਹਾਰਾਜਾ

ਸਾਹਿਬ ਦੌਰੇ ਉੱਤੇ ਚੱਲੇ ਤਾਂ ਉਨ੍ਹਾਂ ਆਪਣੀ ਥਾਂ ਤੇ ਲਾਹੌਰ ਵਿਖੇ ਉਸ ਨੂੰ ਗੱਦੀ ਤੇ ਬੈਠਣ ਲਈ ਕਿਹਾ। ਖੜਕ ਸਿੰਘ ਦੀ ਸੁਖ-ਰਹਿਣੀ, ਦਲਿੱਦਰਤਾ ਅਤੇ ਉਜੱਡਪੁਣੇ ਦੇ ਢੰਗ ਹੀ ਉਸ ਦੇ ਦੁਸ਼ਮਣ ਸਨ। ਪਰ ਆਪਣੇ ਪਿਤਾ ਦੇ ਵਤੀਰੇ ਸੰਬੰਧੀ ਉਸ ਤ੍ਰਿੱਖਾ ਤੇ ਤੁਰੰਤ ਪ੍ਰਤੀ-ਕਰਮ ਵਿਖਾਇਆ। ਉਸੇ ਸਾਲ ਅੱਗੋਂ ਮਹਾਰਾਜਾ ਰਣਜੀਤ ਸਿੰਘ ਦੇ ਬੀਮਾਰ ਹੋ ਜਾਣ ਤੇ ਉਸ ਅੰਗਰੇਜ਼ਾਂ ਨਾਲ ਸਾਜ਼-ਬਾਜ਼ੀ ਕਰਨੀ ਆਰੰਭ ਕਰ ਦਿੱਤੀ ਕਿ ਗੱਦੀ ਦਾ ਵਾਰਸ ਬਣਨ ਵਿਚ ਉਹ ਉਸ ਦੀ ਸਹਾਇਤਾ ਕਰਨ।

ਪ੍ਰਤਰਕ ਸਥਿਤੀ ਅਜੇ ਡਾਵਾਂਡੋਲ ਹੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਪੁਰਾਣੇ ਮਿੱਤਰ ਅਤੇ ਸੈਨਿਕ-ਸੰਗੀ ਫਤਹਿ ਸਿੰਘ ਆਹਲੂਵਾਲੀਆ ਅੰਦਰ ਅਚਾਨਕ ਡਰ ਪੈਦਾ ਹੋ ਗਿਆ ਅਤੇ ਉਹ ਸਤਲੁਜ ਪਾਰ ਨੱਸ ਗਿਆ। ਮਹਾਰਾਜਾ ਸਾਹਿਬ ਨੇ ਇਕ ਤੋਂ ਪਿੱਛੋਂ ਦੂਜੀ ਮਿਸਲ ਅਤੇ ਜਗੀਰਦਾਰੀ ਸਤਲੁਜ ਪਾਰ ਦੇ ਇਲਾਕੇ ਵਿਚ ਸਮਾਪਤ ਕਰ ਦਿੱਤੀ ਸੀ। ਕੇਵਲ ਆਹਲੂਵਾਲੀਆ ਦਾ ਘਰਾਣਾ ਹੀ ਬਾਕੀ ਰਹਿੰਦਾ ਸੀ। ਲੋਕਾਂ ਵਿਚ ਆਮ ਚਰਚਾ ਸੀ ਕਿ ਇਹ ਤਾਂ ਸਮੇਂ ਦੀ ਖੇਡ ਹੈ ਤੇ ਇਕ ਦਿਨ ਫਤਹਿ ਸਿੰਘ ਦਾ ਵੀ ਬਾਕੀ ਸਰਦਾਰਾਂ ਵਾਲਾ ਹਾਲ ਹੋਵੇਗਾ। ਇਸ ਵਿਚ ਸ਼ਰਾਰਤੀ ਅਨਸਰ ਲਾਹੌਰ ਅੰਦਰ ਉਸ ਦੇ ਆਪਣੇ ਹੀ ਏਜੰਟ ਸਨ। ਉਨ੍ਹਾਂ ਜ਼ੋਰ ਦਿੱਤਾ ਕਿ ਜਿੰਨੀ ਜਲਦੀ ਹੋ ਸਕੇ ਲਾਹੌਰ ਛੱਡ ਕੇ ਨੱਸ ਜਾਵੇ। ਫਤਹਿ ਸਿੰਘ ਨੱਸ ਤੁਰਿਆ ਅਤੇ ਅੰਗਰੇਜ਼ਾਂ ਦੀ ਪਨਾਹ ਮੰਗੀ।

ਸਰਦਾਰ ਦੇ ਪਹੁੰਚਣ ਤੇ ਜਿੰਨੀ ਪਰੇਸ਼ਾਨੀ ਅੰਗਰੇਜ਼ਾਂ ਨੂੰ ਹੋਈ ਉਸ ਤੋਂ ਵੱਧ ਇਸ ਗੱਲ ਦਾ ਦੁੱਖ ਮਹਾਰਾਜਾ ਸਾਹਿਬ ਨੂੰ ਹੋਇਆ ਕਿ ਉਸ ਦਾ ਗੂੜ੍ਹਾ ਅਤੇ ਜਿਗਰੀ ਦੋਸਤ ਅੰਦਰੋਂ-ਅੰਦਰੀਂ ਭੇਦ ਰੱਖ ਕੇ ਸ਼ੱਕ ਪਾਲਦਾ ਰਿਹਾ ਸੀ। ਅੱਛੀ ਕਿਸਮਤ ਨੂੰ ਕਿਸੇ ਵੀ ਧਿਰ ਨੇ ਹਾਲਾਤ ਦਾ ਨਾਜਾਇਜ਼ ਫ਼ਾਇਦਾ ਉਠਾਉਣ ਦਾ ਯਤਨ ਨਹੀਂ ਕੀਤਾ। ਮਹਾਰਾਜਾ ਸਾਹਿਬ ਨੇ ਆਪਣਾ ਨਿੱਜੀ ਏਲਚੀ ਭੇਜਿਆ ਕਿ ਫਤਹਿ ਸਿੰਘ ਨੂੰ ਵਿਸ਼ਵਾਸ ਦਿਵਾਵੇ ਕਿ ਉਸ ਦਾ ਡਰ ਨਿਰਮੂਲ ਤੇ ਕਾਲਪਨਿਕ ਸੀ। ਅੰਗਰੇਜ਼ ਏਜੰਟ ਨੇ ਵੀ ਉਸ ਨੂੰ ਲਾਹੌਰ ਪਰਤ ਜਾਣ ਲਈ ਅਤੇ ਰਣਜੀਤ ਸਿੰਘ ਨਾਲ ਅਮਲ ਤੇ ਸੁਲਾਹ ਕਰਨ ਲਈ ਸਲਾਹ ਦਿੱਤੀ। ਹਾਰਿਆ ਹੋਇਆ ਅਤੇ ਨਮੋਸ਼ੀ ਦਾ ਮਾਰਿਆ ਫਤਹਿ ਸਿੰਘ ਪੰਜਾਬ ਵਿਚ ਆਪਣੇ ਘਰ ਆ ਗਿਆ।

ਮਹਾਰਾਜਾ ਸਾਹਿਬ ਨੇ ਆਪਣੇ ਪੋਤਰੇ ਨੌਨਿਹਾਲ ਸਿੰਘ ਅਤੇ ਧਿਆਨ ਸਿੰਘ, ਜਿਸ ਨੂੰ ਪਿਛਲੇ ਦਿਨੀਂ ਰਾਜਾ ਦਾ ਖ਼ਿਤਾਬ ਦੇ ਕੇ ਮੰਤਰੀ ਪ੍ਰੀਸ਼ਦ ਦਾ ਮੁਖੀ ਥਾਪਿਆ ਸੀ, ਨੂੰ ਭੇਜਿਆ ਕਿ ਉਸ ਦਾ ਸੁਆਗਤ ਕਰਨ ਅਤੇ ਮਾਣ-ਸਨਮਾਨ ਨਾਲ ਲਾਹੌਰ ਲੈ ਆਉਣ। ਆਹਲੂਵਾਲੀਆ ਜਗੀਰ ਸਦਾ ਲਈ ਭੇਂਟ ਕਰ ਦਿੱਤੀ ਗਈ ਅਤੇ ਉਸ ਨੂੰ ਅਮੁੱਲੀਆਂ ਸੁਗਾਤਾਂ ਨਾਲ ਲੱਦ ਦਿੱਤਾ।

ਕਾਂਡ—17

ਸਿੰਧ ਅਤੇ ਸਾਗਰ ਦੇ ਸੁਪਨੇ

ਸਿੰਧ ਦੇ ਇਲਾਕੇ ਵਿਚ ਅੰਗਰੇਜ਼ ਏਜੰਟ ਦੀਆਂ ਸਰਗਰਮੀਆਂ, ਲਾਹੌਰ ਲਈ ਸਿਰਦਰਦੀ ਬਣ ਗਈਆਂ। ਦਰਬਾਰ ਇਹ ਜਾਣਨਾ ਚਾਹੁੰਦਾ ਸੀ ਕਿ ਅੰਗਰੇਜ਼ 1809 ਦੀ ਸੰਧੀ ਦੇ ਕੀ ਅਰਥ ਲਾਉਂਦੇ ਹਨ, ਜਿਸ ਅਨੁਸਾਰ ਉਨ੍ਹਾਂ ਵਚਨ ਦਿੱਤਾ ਸੀ ਕਿ ਸਤਲੁਜ ਦੇ ਪੱਛਮ ਵੱਲ ਦੇ ਦੇਸ਼ਾਂ ਦੇ ਮਾਮਲਿਆਂ ਵਿਚ ਉਹ ਕੋਈ ਦਖ਼ਲ ਨਹੀਂ ਦੇਣਗੇ। ਹੋਰ ਵੀ ਕੁਝ ਛੋਟੇ-ਮੋਟੇ ਮਾਮਲੇ ਸਨ ਜਿਹੜੇ ਸਤਲੁਜ ਪਾਰ ਦੀਆਂ ਦਰਬਾਰ ਦੀਆਂ ਜਾਇਦਾਦਾਂ ਨਾਲ ਜੁੜੇ ਹੋਏ ਸਨ ਅਤੇ ਸਪੱਸ਼ਟੀਕਰਨ ਦੀ ਮੰਗ ਕਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਫ਼ਕੀਰ ਇਮਾਮ-ਉਦ-ਦੀਨ ਦੇ ਨਾਂ ਦੀਵਾਨ ਮੋਤੀ ਰਾਮ ਨੂੰ ਗਵਰਨਰ ਜਨਰਲ ਲਾਰਡ ਐਮਹਰਸਟ ਪਾਸ ਸ਼ਿਮਲਾ ਵਿਖੇ ਭੇਜਿਆ। ਇਹ ਏਲਚੀ ਗਵਰਨਰ ਜਨਰਲ ਵਾਸਤੇ ਸੁਗਾਤਾਂ ਲੈ ਕੇ ਗਏ ਅਤੇ ਕਸ਼ਮੀਰ ਦੀ ਉੱਨ ਦਾ ਬਣਿਆ ਹੋਇਆ ਸ਼ਾਨਦਾਰ ਕਸੀਦਾਕਾਰੀ ਵਾਲਾ ਤੰਬੂ ਇੰਗਲੈਂਡ ਦੇ ਬਾਦਸ਼ਾਹ ਲਈ ਭੇਂਟ ਕੀਤਾ। ਪਰ ਇਸ ਤੋਂ ਵੱਧ ਉਹ ਕੁਝ ਨਾ ਕਰ ਸਕੇ ਕਿ ਸਤਲੁਜ ਦੇ ਪਾਰ ਕੁਝ ਸ਼ਹਿਰਾਂ ਦੇ ਦਰਬਾਰ ਦੇ ਦਾਅਵੇ ਦਾ ਜ਼ਿਕਰ ਕਰ ਸਕਣ। ਉਨ੍ਹਾਂ ਇਹ ਵੀ ਬਿਆਨ ਕੀਤਾ ਕਿ ਸਤਲੁਜ ਦੇ ਪੱਛਮ ਵਿਚ ਹੋਣ ਨਾਤੇ ਸਿੰਧ ਵਿਚ ਅੰਗਰੇਜ਼ਾਂ ਦਾ ਕੋਈ ਦਖ਼ਲ ਉਚਿਤ ਨਹੀਂ। ਐਮਰਹਸਟ ਦਾ ਉੱਤਰ ਸਦਭਾਵਨਾ ਦੇ ਪ੍ਰਗਟਾਵੇ ਤਕ ਸੀਮਤ ਸੀ ਅਤੇ ਉਸ ਮਹਾਰਾਜਾ ਸਾਹਿਬ ਦੀ ਸਿਹਤ ਸੰਬੰਧੀ ਪੁੱਛ ਕੀਤੀ।

ਫ਼ਕੀਰ ਇਮਾਮ-ਉਦ-ਦੀਨ ਅਤੇ ਮੋਤੀ ਰਾਮ ਦੀਆਂ ਮੁਲਾਕਾਤਾਂ ਦੇ ਹੁੰਗਾਰੇ ਵਜੋਂ ਗਵਰਨਰ ਜਨਰਲ ਨੇ ਕੈਪਟਨ ਵਾਡੇ ਦੀ ਅਗਵਾਈ ਹੇਠ ਇਕ ਡੈਲੀਗੇਸ਼ਨ ਭੇਜਿਆ। ਇਸ ਦਾ ਸੁਆਗਤ ਮਹਾਰਾਜਾ ਸਾਹਿਬ ਨੇ ਅੰਮ੍ਰਿਤਸਰ ਵਿਖੇ ਮਈ 1827 ਦੇ ਅੰਤਲੇ ਸਪਤਾਹ ਵਿਚ ਕੀਤਾ। ਮਹਾਰਾਜਾ ਸਾਹਿਬ ਦੇ ਸਲਾਹਕਾਰਾਂ ਨੇ ਸਿੰਧ ਦਾ ਮਸਲਾ ਅਤੇ ਮਾਲਵਾ ਦੇ ਕੁਝ ਸ਼ਹਿਰਾਂ ਬਾਰੇ ਦਰਬਾਰ ਦਾ ਹੱਕ ਜਤਲਾਇਆ। ਪਰ ਅੰਗਰੇਜ਼ ਡੈਲੀਗੇਸ਼ਨ ਨੇ ਇਸ ਸੰਬੰਧ ਵਿਚ ਕੋਈ ਟਿੱਪਣੀ ਕਰਨ ਬਾਰੇ ਜ਼ਬਤ ਰਖਿਆ।

ਅੰਗਰੇਜ਼ਾਂ ਦੇ ਪ੍ਰਤੀਕਰਮ ਦੀ ਗ਼ੈਰ-ਯਕੀਨੀ ਦੀ ਹਾਲਤ ਦੇ ਇਲਾਵਾ ਕੁਝ ਹੋਰ ਗੱਲਾਂ ਵੀ ਸਨ ਜਿਨ੍ਹਾਂ ਕਰਕੇ ਦਰਬਾਰ ਨੇ ਸਿੰਧ ਉਪਰੋਂ ਹੱਥ ਰੋਕ ਰਖਿਆ। ਕਸ਼ਮੀਰ ਵਿਚ ਬਹੁਤ ਸਖ਼ਤ ਭੂਕੰਪ ਆਇਆ ਜਿਸ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸ ਤੋਂ ਉਪਰੰਤ ਭਾਰੀ ਬਰਸਾਤ ਹੋਈ ਅਤੇ ਵਾਦੀ ਵਿਚ ਅਕਾਲ ਪੈ ਗਿਆ। ਦਰਬਾਰ ਵੱਲੋਂ ਵੀ ਵਧੇਰੇ ਸਹਾਇਤਾ ਨਾ ਭੇਜੀ ਜਾ ਸਕੀ ਕਿਉਂਕਿ ਲਾਹੌਰ ਅੰਦਰ ਹੈਜ਼ੇ ਦੀ ਬੀਮਾਰੀ ਫੈਲ ਗਈ ਸੀ। ਮਹਰਾਜਾ ਸਾਹਿਬ ਦੀ ਸਿਹਤ ਵਿਗੜ ਗਈ ਅਤੇ ਉਹ ਰਾਵੀ ਤੋਂ ਪਾਰ ਦਿਲਕੁਸ਼ਾ ਵਿਖੇ ਚਲੇ ਗਏ। ਭੂਕੰਪ, ਅਕਾਲ ਅਤੇ ਬੀਮਾਰੀ ਉਪਰੰਤ ਕਾਂਗੜਾ ਦੇ ਅਨਿਰੋਧ ਚੰਦ ਨਾਲ ਝਗੜਾ ਚੱਲ ਪਿਆ। ਇਸ ਦੇ ਨਾਲ ਹੀ ਉੱਤਰ-ਪੱਛਮੀ ਸੀਮਾ 'ਤੇ ਵੀ ਵਿਦਰੋਹ ਹੋ ਗਿਆ।

ਕਾਂਗੜਾ ਦੇ ਸੰਸਾਰ ਚੰਦ ਦੇ ਸਪੁੱਤਰ ਅਨਿਰੋਧ ਚੰਦ ਨਾਲ ਇਸ ਗੱਲ ਤੇ ਝਗੜਾ ਹੋ ਗਿਆ ਕਿ ਕੁਝ ਘਰੇਲੂ ਭੁਲੇਖਾ ਸੀ। ਲਾਹੌਰ ਦਰਬਾਰ ਵਿਚ ਡੋਗਰਾ ਅਨਸਰ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀ। ਉਨ੍ਹਾਂ ਦੇ ਪਿਤਾ ਮੀਹਾਂ ਸਿੰਘ ਨੂੰ ਰਾਜਾ ਬਣਾ ਦਿੱਤਾ ਗਿਆ ਅਤੇ ਜਗੀਰ ਵਜੋਂ ਉਸ ਦਾ ਗ੍ਰਹਿ ਸੂਬਾ, ਜੰਮੂ, ਉਸ ਨੂੰ ਦੇ ਦਿੱਤਾ ਗਿਆ। ਉਸ ਦੇ ਪੁੱਤਰਾਂ ਵਿਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਧਿਆਨ ਸਿੰਘ ਸੀ, ਜਿਹੜਾ ਡਿਓੜ੍ਹੀਦਾਰ ਅਤੇ ਮੰਤਰੀ ਪ੍ਰੀਸ਼ਦ ਦਾ ਮੁਖੀ ਸੀ। ਮਾਰਚ 1828 ਵਿਚ ਮਹਾਰਾਜਾ ਸਾਹਿਬ ਨੇ ਉਸ ਨੂੰ ਰਸਮੀ ਤੌਰ ਤੇ 'ਰਾਜਾ-ਏ-ਰਾਜਗਾਨ' ਦਾ ਖ਼ਿਤਾਬ ਦਿੱਤਾ। ਕੁਝ ਹੀ ਮਹੀਨਿਆਂ ਪਿੱਛੋਂ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਵੀ ਰਾਜਾ ਬਣਾ ਦਿੱਤਾ। ਮਹਾਰਾਜਾ ਸਾਹਿਬ ਉਸ ਲਈ ਯੋਗ ਲੜਕੀ ਨੂੰ ਲਾੜੀ ਬਣਾਉਣਾ ਚਾਹੁੰਦੇ ਸਨ। ਰਾਜਪੂਤਾਂ ਦੇ ਰਈਸ ਪਰਿਵਾਰਾਂ ਵਿਚੋਂ ਕੋਈ ਹੋਰ ਅਜਿਹਾ ਕੁਲੀਨ ਖ਼ਾਨਦਾਨ ਨਹੀਂ ਸੀ ਜਿਨਾ ਕਿ ਕਾਂਗੜਾ ਦਾ ਸੰਸਾਰ ਚੰਦ।

1823 ਦੀਆਂ ਸਰਦੀਆਂ ਵਿਚ ਸੰਸਾਰ ਚੰਦ ਅਕਾਲ ਚਲਾਣਾ ਕਰ ਗਿਆ ਸੀ। ਆਪਣੇ ਪਿੱਛੇ ਉਹ ਕਾਫ਼ੀ ਬੱਚੇ ਪਿੱਛੇ ਛੱਡ ਗਿਆ ਸੀ, ਜਿਹੜੇ ਉਸ ਦੀਆਂ ਪਤਨੀਆਂ ਦੀ ਕੁੱਖੋਂ ਅਤੇ ਹੋਰ ਰਖੇਲਾਂ ਤੋਂ ਪੈਦਾ ਹੋਏ ਸਨ। ਉਸ ਪਿੱਛੋਂ ਉਸ ਦਾ ਪੁੱਤਰ ਅਨਿਰੋਧ ਚੰਦ ਉੱਤਰ-ਅਧਿਕਾਰੀ ਬਣਿਆ ਜਿਸ ਦੀਆਂ ਦੋ ਸਗੀਆਂ ਭੈਣਾਂ ਸਨ, ਤੇ ਦੋਵੇਂ ਹੀ ਕੁਆਰੀਆਂ। ਮਹਾਰਾਜਾ ਸਾਹਿਬ ਨੇ ਹੀਰਾ ਸਿੰਘ ਅਤੇ ਅਨਿਰੋਧ ਚੰਦ ਦੀ ਇਕ ਭੈਣ ਵਿਚਕਾਰ ਸ਼ਾਦੀ ਦੀ ਤਜਵੀਜ਼ ਰੱਖੀ। ਅਨਿਰੋਧ ਚੰਦ ਨੇ ਇਸ ਰਿਸ਼ਤੇ ਲਈ ਨਾਂਹ-ਨੁੱਕਰ ਕੀਤੀ, ਕਿਉਂਕਿ ਉਹ ਕਈ ਪੀੜ੍ਹੀਆਂ ਤੋਂ ਗੌਰਵਸ਼ਾਲੀ ਰਈਸ ਸਨ ਅਤੇ ਡੋਗਰੇ ਅਜੇ ਕੱਲ੍ਹ ਹੀ ਉਭਰੇ ਸਨ। ਜਦੋਂ ਮਹਾਰਾਜਾ ਸਾਹਿਬ ਨੇ ਆਪਣੀ ਬੇਸਬਰੀ ਪ੍ਰਗਟ ਕੀਤੀ ਤਾਂ ਅਨਿਰੋਧ ਚੰਦ ਸੀਮਾ ਪਾਰ ਕਰ ਗਿਆ ਅਤੇ ਅੰਗਰੇਜ਼ਾਂ ਦੀ ਸ਼ਰਨ ਮੰਗੀ। ਉਸ ਆਪਣੀਆਂ ਦੋਹਾਂ ਭੈਣਾਂ ਦਾ ਵਿਆਹ ਨੇਪਾਲ ਦੇ ਰਾਜੇ ਨਾਲ ਕਰ ਦਿੱਤਾ।

ਮਹਾਰਾਜਾ ਸਾਹਿਬ ਨੇ ਕਾਂਗੜਾ ਦੀ ਕੁਰਕੀ ਕਰਵਾ ਕੇ ਬਦਲਾ ਲਿਆ ਅਤੇ ਸੰਸਾਰ ਚੰਦ ਦੀਆਂ ਲੜਕੀਆਂ ਵਿਚੋਂ ਦੋ ਨੂੰ ਆਪਣੇ ਹਰਮ ਵਿਚ ਦਾਖ਼ਲ ਕਰ ਲਿਆ। ਉਹ ਬਹੁਤ ਸੁੰਦਰ ਸਨ। ਇਕ ਸਾਲ ਪਿੱਛੋਂ ਉਨ੍ਹਾਂ ਹੀਰਾ ਸਿੰਘ ਵਾਸਤੇ ਕੰਨਿਆਂ ਲੱਭ ਲਈ ਅਤੇ ਉਸ ਦੀ ਸ਼ਾਦੀ ਦਾ ਪ੍ਰਬੰਧ ਬਹੁਤ ਭਾਰੀ ਪੱਧਰ ਤੇ ਕੀਤਾ ਜਿਵੇਂ ਕਿ ਲੜਕਾ ਸ਼ਾਹੀ ਖ਼ਾਨਦਾਨ ਵਿਚੋਂ ਹੁੰਦਾ ਹੈ।

ਸੜਕਾਂ ਅਤੇ ਕਾਨੂੰਨੀ ਸੁਧਾਰ

ਸੈਨਿਕ ਸਰਗਰਮੀਆਂ ਦੇ ਅਭਾਵ ਦੇ ਸਮੇਂ ਨੂੰ ਲੋਕ-ਭਲਾਈ ਦੇ ਕਾਰਜਾਂ ਅਤੇ ਸਰਕਾਰੀ ਮਹਿਕਮਿਆਂ ਅਤੇ ਨਿਆਂ ਪ੍ਰਣਾਲੀ ਵਿਚ ਸੁਧਾਰ ਲਿਆਉਣ ਲਈ ਵਰਤਿਆ ਗਿਆ। ਵੱਡੇ ਸ਼ਹਿਰਾਂ ਨੂੰ ਮਿਲਾਉਣ ਲਈ ਸੰਪਰਕ ਸੜਕਾਂ ਤਿਆਰ ਕੀਤੀਆਂ ਗਈਆਂ। ਜਿਹੜੀ ਸੜਕ ਲਾਹੌਰ ਤੋਂ ਅੰਮ੍ਰਿਤਸਰ ਤਕ ਜਾਂਦੀ ਸੀ, ਉਸ ਦੀ ਮੁਰੰਮਤ ਕਰਵਾ ਦਿੱਤੀ ਗਈ। ਸੜਕ ਦੇ ਦੋਹਾਂ ਪਾਸਿਆਂ ਤੇ ਪੇੜ ਲਗਵਾਏ ਗਏ ਅਤੇ ਰਸਤੇ 'ਤੇ ਸਰਾਵਾਂ ਉਸਾਰੀਆਂ ਗਈਆਂ। ਅੰਮ੍ਰਿਤਸਰ ਅਤੇ ਲਾਹੌਰ ਵਿਚ ਬਾਗ਼ ਲਗਾਏ ਗਏ।

ਪੰਜਾਬ ਵਿਚ ਲਿਖਤੀ ਰੂਪ ਵਿਚ ਕਾਨੂੰਨ ਨਹੀਂ ਸੀ। ਬਸ ਮੁਸਲਮਾਨਾਂ ਲਈ ਸ਼ਰਈਅਤ ਹੀ ਲਿਖਤੀ ਰੂਪ ਕਹੀ ਜਾ ਸਕਦੀ ਸੀ, ਪੂਰੀ ਤਰ੍ਹਾਂ ਨਿਯਮਬੱਧ। ਪਰ ਮੁਸਲਮਾਨਾਂ ਸਹਿਤ ਸਾਰੇ ਪੰਜਾਬੀਆਂ ਤੇ ਭਲੀ ਪ੍ਰਕਾਰ ਪਰਵਾਨ ਕੀਤੇ ਜਾ ਰੀਤੀ-ਰਿਵਾਜਾਂ ਨਾਲ ਰਾਜ

ਕੀਤਾ ਜਾਂਦਾ ਸੀ। ਇਸ ਰੀਤੀ-ਰਿਵਾਜ ਵਾਲੇ ਕਾਨੂੰਨ ਨੂੰ ਅਦਾਲਤਾਂ ਦੀ ਕੜੀ ਰਾਹੀਂ ਲਾਗੂ ਕੀਤਾ ਜਾਂਦਾ ਸੀ ਜਿਸ ਵਿਚ ਪਿੰਡ ਦੀ ਪੰਚਾਇਤ ਮੁੱਖ ਸੀ, ਅਤੇ ਇਹ ਮਹੱਤਵ-ਵਪੂਰਣ ਅਦਾਲਤ ਸੀ। ਜੇਕਰ ਇਕ ਧਿਰ ਪੰਚਾਇਤ ਦੇ ਫ਼ੈਸਲੇ ਤੋਂ ਸੰਤੁਸ਼ਟ ਨਾ ਹੁੰਦੀ ਤਾਂ ਉਸ ਦੀ ਅਪੀਲ ਕਾਰਦਾਰ ਪਾਸ ਜਾਂ ਵੱਡੇ ਕਸਬੇ ਵਿਚ ਨਾਜ਼ਿਮ ਪਾਸ ਹੁੰਦੀ ਸੀ। ਕਈ ਸ਼ਹਿਰਾਂ ਵਿਚ ਦਰਬਾਰ ਨੇ ਅਦਾਲਤੀ ਅਧਿਕਾਰੀ ਨਿਯੁਕਤ ਕਰ ਦਿੱਤੇ ਸਨ ਜਿਨ੍ਹਾਂ ਦਾ ਮੁੱਖ ਕਾਰਜ ਸੀ ਕਿ ਪੰਚਾਇਤਾਂ ਤੋਂ ਅਪੀਲਾਂ ਦੀ ਸੁਣਵਾਈ ਕਰਨ। ਲਾਹੌਰ ਵਿਚ ਅਦਾਲਤ-ਏ- ਆਹਲਾ ਸੀ। ਮਹਾਰਾਜਾ ਸਾਹਿਬ ਅਤੇ ਉਸ ਦਾ ਦਰਬਾਰ 'ਮੁੱਖ ਨਿਆਲਾ' ਜਾਂ 'ਸਦਰ ਅਦਾਲਤ' ਕਹਿਲਾਉਂਦਾ ਸੀ ਜਿਥੇਂ ਕਾਰਦਾਰਾਂ, ਨਾਜ਼ਿਮਾਂ ਅਤੇ ਅਦਾਲਤਾਂ ਦੇ ਫ਼ੈਸਲੇ ਰੱਦ ਕੀਤੇ ਜਾ ਸਕਦੇ ਸਨ।

ਉਪਰ ਦਿੱਤੀਆਂ ਨਿਆਂ-ਸੰਸਥਾਵਾਂ ਹਰ ਪ੍ਰਕਾਰ ਦੇ ਮਾਮਲੇ ਸੁਣਦੀਆਂ—ਦੀਵਾਨੀ, ਮਾਲੀ, ਸ਼ਾਦੀ-ਵਿਆਹ ਅਤੇ ਫ਼ੌਜਦਾਰੀ। ਹਰ ਦੋਸ਼ ਜਾਂ ਅਪਰਾਧ ਲਈ ਅੱਛੀ ਤਰ੍ਹਾਂ ਸਮਝਿਆ-ਬੁੱਝਿਆ ਅਤੇ ਆਮ ਤੌਰ ਤੇ ਪਰਵਾਨ ਕੀਤਾ ਹੋਇਆ ਦੰਡ ਦਿੱਤਾ ਜਾਂਦਾ ਸੀ। ਮੌਤ ਦੇ ਦੰਡ ਦਾ ਅਭਾਵ ਸੀ, ਸਿਵਾਇ ਉਸ ਹਾਲਤ ਵਿਚ ਜਦੋਂ ਨਾਜ਼ਿਮ ਵੱਲੋਂ ਮਾਰਸ਼ਲ-ਲਾਅ ਲਾਗੂ ਕਰ ਦਿੱਤਾ ਜਾਂਦਾ। ਕਤਲ ਦੇ ਦੰਡ ਲਈ ਵੀ ਜੁਰਮਾਨਾ ਕੀਤਾ ਜਾਂਦਾ ਸੀ ਜਾਂ ਅੰਗ ਕੱਟ ਦਿੱਤੇ ਜਾਂਦੇ ਸਨ। ਜੇਲ੍ਹਾਂ ਵਧੇਰੇ ਕਰਕੇ ਰਾਜਸੀ ਕੈਦੀਆਂ ਲਈ ਸਨ। ਅਹਿੰਸਾ ਅਤੇ ਚੋਰੀ ਦੀ ਸਜ਼ਾ ਲਈ ਜੁਰਮਾਨਾ ਜਾਂ ਜਿਸਮਾਨੀ ਸਜ਼ਾ ਦਿੱਤੀ ਜਾਂਦੀ। ਆਮ ਤੌਰ ਤੇ ਨੱਕ, ਕੰਨ ਜਾਂ ਹੱਥ ਵੱਢ ਦਿੱਤੇ ਜਾਂਦੇ ਸਨ। ਨਿਆਂ ਭਾਵੇਂ ਮਨਘੜੰਤ ਸੀ ਪਰ ਸਸਤਾ, ਤੁਰੰਤ ਅਤੇ ਰਵਾਇਤ ਅਨੁਸਾਰ ਸੀ।

ਮਹਾਰਾਜਾ ਸਾਹਿਬ ਨੇ ਨਿਆਂ ਕਰਨ ਵਿਚ ਹੋਰ ਵੀ ਦਿਲਚਸਪੀ ਲਈ ਅਤੇ ਨਿਆਂ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਨਿੱਜੀ ਤੌਰ ਤੇ ਸੁਣਦੇ। ਉਹ ਨਿਆਂ ਦੀ ਵਿਵਸਥਾ ਤੋਂ ਸੰਤੁਸ਼ਟ ਨਹੀਂ ਸਨ। ਉਨ੍ਹਾਂ ਬਹਾਦਰ ਸਿੰਘ ਹਿੰਦੁਸਤਾਨੀ ਨੂੰ ਦੀਵਾਨੀ ਅਤੇ ਫ਼ੌਜਦਾਰੀ ਨਿਆਂ-ਪ੍ਰਣਾਲੀ ਨੇਮਬੱਧ ਕਰਨ ਲਈ ਨਿਯੁਕਤ ਕੀਤਾ। ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਨਿਆਂ-ਪ੍ਰਣਾਲੀ ਦੀ ਸਿਖਲਾਈ ਦਿੱਤੀ ਗਈ।

ਉੱਤਰ-ਪੱਛਮੀ ਸੀਮਾ ਤੇ 'ਧਰਮ-ਯੁੱਧ' : ਰਾਏ ਬਰੇਲੀ ਦੇ ਸਈਅਦ ਅਹਿਮਦ ਦਾ ਪਤਨ

ਨੌਸ਼ਹਿਰਾ ਦੀ ਹਾਰ ਦੇ ਇਕ ਸਾਲ ਦੇ ਅੰਦਰ ਹੀ ਉੱਤਰ-ਪੱਛਮੀ ਸਰਹੱਦ ਦੇ ਕਬਾਇਲੀਆਂ ਨੇ ਦਰਬਾਰ ਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੱਤੀ। ਇਸ ਵਿਦਰੋਹ ਦਾ ਕੇਂਦਰ ਸਿਤਾਣਾ ਸੀ। ਇਹ ਸਥਾਨ ਉਸ ਕਿਲ੍ਹੇ ਦੇ ਨੇੜੇ ਸੀ ਜਿਸ ਨੂੰ ਹਰੀ ਸਿੰਘ ਨਲਵਾ ਨੇ ਆਪਣੇ ਨਾਂ ਅਨੁਸਾਰ ਹਰੀਪੁਰ ਰਖਿਆ ਸੀ। ਕਬਾਇਲੀਆਂ ਨੇ ਹਰੀ ਸਿੰਘ ਨੂੰ ਭਾਰੀ ਸੰਕਟ ਵਿਚ ਪਾ ਦਿੱਤਾ ਸੀ ਜਦੋਂ ਤਾਈਂ ਮਹਾਰਾਜਾ ਸਾਹਿਬ ਉਸ ਦੇ ਬਚਾਓ ਲਈ ਨਹੀਂ ਪਹੁੰਚੇ। ਯਾਰ ਮੁਹੰਮਦ ਨੇ ਵਫ਼ਾਦਾਰੀ ਦਾ ਮੁੜ ਵਿਰੋਧ ਕੀਤਾ ਅਤੇ ਉਸ ਨੂੰ ਪੇਸ਼ਾਵਰ ਤੇ ਮੁੜ ਤੈਨਾਤ ਕਰ ਦਿੱਤਾ ਗਿਆ। 1827 ਦੇ ਪਹਿਲੇ ਸਮੇਂ ਵਿਚ ਸਾਰਾ ਹੀ ਉੱਤਰ-ਪੱਛਮੀ ਸਰਹੱਦੀ ਇਲਾਕਾ ਭੜਕਾਊ ਸੀ। ਇਸ ਸਮੇਂ ਇਹ ਜਜ਼ਬਾਤ ਸਈਅਦ ਅਹਿਮਦ ਵੱਲੋਂ ਭੜਕਾਏ ਗਏ ਸਨ, ਜਿਹੜਾ ਏਨਾ ਰਸਤਾ ਤੈਅ ਕਰਕੇ ਸਿੰਧ ਰਾਹ ਭਾਰਤ ਤੋਂ ਆਇਆ ਤਾਂ ਜੋ ਸਿੱਖਾਂ ਵਿਰੁੱਧ ਜਹਾਦ ਕਰ ਸਕੇ। ਪਠਾਣਾਂ ਦੇ ਦੇਸ਼ ਆਉਣ ਤੋਂ ਪਹਿਲਾਂ ਸਈਅਦ ਅਹਿਮਦ ਅਤੇ ਉਸ ਦੇ ਨਾਇਬ ਸ਼ਾਹ ਇਸਮਾਈਲ ਅਤੇ ਮੌਲਵੀ ਅਬਦੁਲ ਹਈ

ਹਿੰਦੁਸਤਾਨ ਦੇ ਵਿਆਪਕ ਦੌਰੇ ਤੇ ਆਏ ਸੀ ਅਤੇ ਉਸ ਭਾਰਤੀ ਮੁਸਲਮਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਿਤ ਕੀਤਾ। ਉਹਨੇ ਵਾਲੰਟੀਅਰਾਂ ਦੀ ਕੋਰ ਤਿਆਰ ਕੀਤੀ ਅਤੇ ਭਾਰੀ ਰਕਮ ਵੀ ਇਕੱਠੀ ਕੀਤੀ।

ਅੰਗਰੇਜ਼ ਸਰਕਾਰ ਨੇ ਵੀ ਇਸ ਰਾਜ ਵਿਰੁੱਧ ਜਹਾਦ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਾ ਕੀਤੀ ਜਿਸ ਦੀ ਦੋਸਤੀ ਦੀ ਸੰਧੀ 'ਤੇ ਉਨ੍ਹਾਂ ਹਸਤਾਖ਼ਰ ਕੀਤੇ ਸਨ। ਭਾਰਤ ਵਿਚ ਹਜ਼ਾਰਾਂ ਹੀ ਵਾਲੰਟੀਅਰਾਂ ਨੂੰ ਸਿਖਲਾਈ ਦਿੱਤੀ ਗਈ ਅਤੇ ਹਥਿਆਰਬੰਦ ਕੀਤਾ ਗਿਆ। ਉਪਰੰਤ ਇਹ ਆਗਿਆ ਦਿੱਤੀ ਗਈ ਕਿ ਪੰਜਾਬ ਦੇ ਉੱਤਰ-ਪੱਛਮੀ ਸੀਮਾ 'ਤੇ ਜਾਣ ਲਈ ਸਿੰਧ ਪਾਰ ਕਰ ਜਾਣ। ਕਈ ਸੰਗਠਨਾਂ ਨੇ ਹਥਿਆਰ ਅਤੇ ਪੈਸੇ ਇਕੱਠੇ ਕੀਤੇ ਕਿ ਜਹਾਦ ਕੀਤਾ ਜਾਵੇ। ਜਹਾਦ ਵਾਲਿਆਂ ਨੂੰ ਭਾਰਤ ਦੇ ਵੱਡੇ ਸ਼ਹਿਰਾਂ ਵਿਚ ਕੋਈ ਰੋਕ-ਟੋਕ ਨਾ ਕੀਤੀ ਗਈ। ਭਾਰਤੀ ਮੁਜਾਹਿਦਾਂ ਨਾਲ ਪਠਾਣ ਕਬਾਇਲੀ ਵੀ ਮਿਲ ਗਏ, ਵਿਸ਼ੇਸ਼ ਕਰਕੇ ਯੂਸਫ਼ਜ਼ਈ, ਜਿਹੜੇ ਪੰਜਾਬ ਨੂੰ ਲੁੱਟਣ ਦਾ ਮੌਕਾ ਤਾੜ ਰਹੇ ਸਨ। ਬੁਨੇਰ ਦੇ ਸਈਅਦ ਅਕਬਰ ਸ਼ਾਹ (ਇਕ ਯੂਸਫ਼ਜ਼ਈ ਪੀਰ) ਨੇ ਇਸ ਜੱਦੋ-ਜਹਿਦ ਨੂੰ ਅਸ਼ੀਰਵਾਦ ਦਿੱਤਾ। ਯਾਰ ਮੁਹੰਮਦ ਆਪਣੇ ਕਮਜ਼ੋਰ ਸੁਭਾਅ ਅਨੁਸਾਰ ਇਸ ਫ਼ੈਸਲੇ 'ਤੇ ਪੁੱਜਾ ਕਿ ਉਹ ਉਸ ਪਾਸੇ ਦਾ ਸਾਥ ਦੇਵੇਗਾ ਜਿਸ ਬਾਰੇ ਉਸ ਨੂੰ ਵਿਸ਼ਵਾਸ ਹੋਵੇ ਕਿ ਉਸ ਪਾਸੇ ਦੀ ਜਿੱਤ ਹੋਵੇਗੀ ਅਤੇ ਉਸ ਪਿਸ਼ੌਰ ਨੂੰ ਖ਼ਾਲੀ ਕਰ ਦਿੱਤਾ।

ਦਰਬਾਰ ਨੇ ਸਭ ਤੋਂ ਕਾਬਲ ਅਤੇ ਦਾਨੇ ਕਮਾਂਡਰ ਬੁਧ ਸਿੰਘ ਸੰਧਾਂਵਾਲੀਆ ਨੂੰ ਵੈਨਤੂਰਾ ਅਤੇ ਅਲਾਰਡ ਸਹਿਤ ਭੇਜਿਆ ਤਾਂ ਜੋ ਪਿਸ਼ੌਰ 'ਤੇ ਮੁੜ ਕਬਜ਼ਾ ਕੀਤਾ ਜਾਵੇ। ਸਈਅਦ ਅਹਿਮਦ ਦਾ ਟਾਕਰਾ ਸੰਧਾਂਵਾਲੀਆ ਦੀ ਸੈਨਾ ਨਾਲ ਅਟਕ ਦੇ ਨੇੜੇ ਸੈਦੂ ਵਿਖੇ ਹੋਇਆ। ਜ਼ਾਬਤੇ ਅੱਗੇ ਮਜ਼ਹਬੀ ਜੋਸ਼ ਨਕਾਰਾ ਸਾਬਤ ਹੋਇਆ। ਯਾਰ ਮੁਹੰਮਦ ਨੇ ਮੁੜ ਗੋਡੇ ਟੇਕ ਦਿੱਤੇ ਅਤੇ ਖ਼ਿਮਾਂ ਦੀ ਯਾਚਨਾ ਕੀਤੀ। ਉਸ ਆਪਣੇ ਭਰਾ ਨੂੰ ਬੰਦੀ ਦੇ ਤੌਰ ਤੇ ਦਰਬਾਰ ਵੱਲ ਭੇਜਿਆ। ਇਕ ਵਾਰ ਮੁੜ ਮਹਾਰਾਜਾ ਸਾਹਿਬ ਨੇ ਉਸ ਨੂੰ ਮੁਆਫ਼ ਕਰ ਦਿੱਤਾ।

ਮੁਜਾਹਿਦਾਂ ਨੇ ਆਪਣੀ ਹਾਰ ਲਈ ਯਾਰ ਮੁਹੰਮਦ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਉਸ ਨੂੰ ਗ਼ੱਦਾਰ ਕਰਾਰ ਦੇ ਦਿੱਤਾ। ਸਈਅਦ ਅਹਿਮਦ ਪੰਜਾਬੀਆਂ ਦੇ ਇੱਕਾ-ਦੁੱਕਾ ਦਸਤਿਆਂ ਨੂੰ ਤੰਗ ਕਰਨ ਲੱਗ ਪਿਆ। ਇਨ੍ਹਾਂ ਝੜਪਾਂ ਨੂੰ ਮਹਾਨ ਸਫ਼ਲਤਾਵਾਂ ਦਾ ਰੂਪ ਦੱਸ ਕੇ ਢੰਡੋਰਾ ਦਿੱਤਾ ਗਿਆ। ਇਸ ਪ੍ਰਕਾਰ ਭਾਰਤ ਵਿਚ ਜਸ਼ਨਾਂ ਦਾ ਵਾਤਾਵਰਣ ਬਣਾਈ ਰਖਿਆ।

ਸਈਅਦ ਅਹਿਮਦ ਦੀਆਂ ਚਾਲਾਂ ਨੇ ਪੰਜਾਬੀਆਂ ਨੂੰ ਰੱਖਿਆਕਾਰੀ ਕਾਰਵਾਈ ਕਰਨ ਲਈ ਮਜਬੂਰ ਕਰ ਦਿੱਤਾ। ਮੁਜਾਹਿਦਾਂ ਜਾਂ ਧਰਮ ਯੁੱਧ ਲੜਨ ਵਾਲਿਆਂ ਨੇ ਪਿਸ਼ੌਰ ਦੇ ਆਲੇ-ਦੁਆਲੇ ਦੇ ਪੇਂਡੂ ਇਲਾਕੇ 'ਤੇ ਘੇਰਾ ਪਾ ਲਿਆ। 1829 ਦੀਆਂ ਗਰਮੀਆਂ ਵਿਚ ਸ਼ਹਿਜ਼ਾਦੇ ਸ਼ੇਰ ਸਿੰਘ ਨੇ ਧਾਵਾ ਬੋਲਿਆ ਅਤੇ ਮੁਜਾਹਿਦਾਂ ਨੂੰ ਕਰਾਰੀ ਹਾਰ ਦਿੱਤੀ। ਪਰ ਇਸ ਭਾਂਜ ਤੋਂ ਵੀ ਉਹ ਬਹੁਤੀ ਦੇਰ ਪਿੱਛੇ ਨਹੀਂ ਹਟੇ ਰਹੇ। ਕੁਝ ਮਹੀਨਿਆਂ ਪਿੱਛੋਂ ਉਨ੍ਹਾਂ ਇਕ ਝੜਪ ਵਿਚ ਯਾਰ ਮੁਹੰਮਦ ਨੂੰ ਮਾਰ ਦਿੱਤਾ। ਉਨ੍ਹਾਂ ਉਸ ਦੇ ਭਰਾ ਸੁਲਤਾਨ ਮੁਹੰਮਦ ਨੂੰ ਵੀ ਕਤਲ ਕਰ ਦੇਣਾ ਸੀ ਜੇਕਰ ਵੈਨਤੂਰਾ ਨਾ ਬਚਾ ਲੈਂਦਾ। ਇਹ ਸੁਲਤਾਨ ਮੁਹੰਮਦ ਉਹੋ ਹੀ ਹੈ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ 'ਲੈਲੀ' ਨਾਂ ਦੀ ਘੋੜੀ ਭੇਟ ਕੀਤੀ ਸੀ। ਸਈਅਦ ਅਹਿਮਦ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਸ ਹਜ਼ਾਰਾ ਦੀਆਂ ਪਹਾੜੀਆਂ ਵਿਚ ਹਰੀ ਸਿੰਘ ਨਲਵਾ ਅਤੇ ਅਲਾਰਡ ਅਧੀਨ ਫ਼ੌਜਾਂ ਉਪਰ ਭਾਰੀ ਹਮਲਾ ਕੀਤਾ। ਉਸ ਪੰਜਾਬੀਆਂ ਨੂੰ

ਰੱਖਿਆਕਾਰੀ ਕਾਰਵਾਈ ਜੋਗਾ ਹੀ ਰਹਿਣ ਦਿੱਤਾ ਅਤੇ ਅੱਗੇ ਵਧ ਕੇ ਪਿਸ਼ੌਰ ਤੇ ਮੁੜ ਕਬਜ਼ਾ ਕਰ ਬੈਠਾ। ਉਸ ਦੇ 'ਖਲੀਫਾ' ਹੋਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਉਸ ਦੇ ਨਾ ਦਾ ਸਿੱਕਾ ਵੀ ਜਾਰੀ ਕਰ ਦਿੱਤਾ। ਲਿਖਿਆ ਸੀ : "ਅਹਿਮਦ ਆਦਲ : ਜਿਸ ਦੀ ਤਲਵਾਰ ਦੀ ਚਮਕ ਕਾਫਰਾਂ ਦੀ ਤਬਾਹੀ ਮਚਾਉਂਦੀ ਹੈ।" ਸਫਲਤਾ ਨਾਲ ਸਈਅਦ ਦਾ ਸਿਰ ਫਿਰ ਗਿਆ। ਸਾਰੇ ਭਾਰਤ, ਸਿੰਧ ਅਤੇ ਕਸ਼ਮੀਰ ਤੋਂ ਮੁਸਲਮਾਨ ਇਕੱਠੇ ਹੋ ਕੇ ਉਸ ਦੇ ਝੰਡੇ ਹੇਠ ਆਉਣ ਲੱਗ ਪਏ ਅਤੇ ਇਸ ਹਾਲਤ ਵਿਚ ਉਹ ਆਪਣੇ ਆਪ ਨੂੰ ਸ਼ਹਿਨਸ਼ਾਹ ਸਮਝਣ ਲੱਗ ਪਿਆ। ਆਪਣੀ ਧਰਤੀ ਉੱਤੇ ਏਨੇ ਵਿਦੇਸ਼ੀਆਂ ਨੂੰ ਵੇਖ ਕੇ ਪਠਾਣ ਬੇਚੈਨ ਹੋ ਉਠੇ ਕਿਉਂਕਿ ਉਨ੍ਹਾਂ ਦੀ ਫ਼ਰਮਾਇਸ਼ ਭੋਜਨ ਅਤੇ ਇਸਤਰੀਆਂ ਦੀ ਸੀ, ਵਧੇਰੇ ਕਰਕੇ ਇਸਤਰੀਆਂ ਦੀ। ਦਰਬਾਰ ਦੇ ਏਜੰਟਾਂ ਨੇ ਵਧ ਰਹੀ ਇਸ ਰੋਸ ਲਹਿਰ ਦਾ ਲਾਭ ਉਠਾਇਆ ਅਤੇ ਕੁਝ ਕਬਾਇਲੀਆਂ ਨੂੰ ਸਈਅਦ ਅਹਿਮਦ ਵਿਰੁੱਧ ਉਕਸਾਇਆ ਅਤੇ ਹਿੰਦੁਸਤਾਨੀਆਂ ਦੇ ਕਤਲ ਲਈ ਮਜਬੂਰ ਕੀਤਾ। ਸਈਅਦ ਅਹਿਮਦ ਪਿਸ਼ੌਰ ਤੋਂ ਪਿੱਛੇ ਹਟਣ ਲਈ ਮਜਬੂਰ ਹੋ ਗਿਆ। ਸ਼ਹਿਜ਼ਾਦਾ ਸ਼ੇਰ ਸਿੰਘ ਨੇ ਮੁੜ ਪਿਸ਼ੌਰ 'ਤੇ ਕਬਜ਼ਾ ਕਰ ਲਿਆ ਅਤੇ ਸੁਲਤਾਨ ਮੁਹਿਮਦ ਖ਼ਾਨ ਨੂੰ ਸੌਂਪ ਦਿੱਤਾ।

ਸਈਅਦ ਅਹਿਮਦ ਸ਼ਾਹ ਹੁਣ ਦੋ ਪੁੜਾਂ ਦੇ ਵਿਚਾਲੇ ਫਸ ਗਿਆ ਸੀ। ਇਕ ਪਾਸੇ ਸਿੱਖ ਸਨ ਅਤੇ ਦੂਜੇ ਪਾਸੇ ਖ਼ਿਲਾਫ਼ ਹੋਏ ਕਬਾਇਲੀ। ਉਹ ਕਾਗਨ ਵਾਦੀ ਦੇ ਧੁਰ ਹੇਠਲੇ ਬਲਕੋਟ ਵਿਖੇ ਸੀ, ਜਦੋਂ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਉਸ ਨੂੰ ਪਕੜ ਲਿਆ। ਬੜੇ ਹੀ ਥੋੜ੍ਹੇ ਪਰ ਸਖ਼ਤ ਮੁਕਾਬਲੇ ਵਿਚ ਸ਼ਹਿਜ਼ਾਦੇ ਨੇ ਗ਼ਾਜ਼ੀਆਂ ਦੀ ਟੋਲੀ ਸਮੇਤ ਸਈਅਦ ਦੇ ਆਹੂ ਲਾਹ ਦਿੱਤੇ। ਪਰ ਪੰਜਾਬੀਆਂ ਦੇ ਵਤੀਰੇ ਵਿਚ ਕੋਈ ਧਾਰਮਿਕ ਕੱਟੜਪੁਣਾ ਨਹੀਂ ਸੀ। ਸਗੋਂ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਸਈਅਦ ਅਹਿਮਦ ਨੂੰ ਦਫ਼ਨਾਉਣ ਸਮੇਂ ਉਸ ਉਪਰ ਕੀਮਤੀ ਦੁਸ਼ਾਲਾ ਪਾਇਆ।

ਸਈਅਦ ਅਹਿਮਦ ਦੇ ਮੁਰੀਦਾਂ ਵਿਚੋਂ ਇਕ ਨਸੀਰੁਦੀਨ ਨੇ ਜਹਾਦ ਨੂੰ ਪੂਰੀ ਤੇਜ਼ੀ ਨਾਲ ਜਾਰੀ ਰੱਖਿਆ ਅਤੇ ਥੋੜ੍ਹੀ ਸਫਲਤਾ ਵੀ ਪ੍ਰਾਪਤ ਕੀਤੀ। ਪਰ ਸਈਅਦ ਅਹਿਮਦ ਦੀ ਮੌਤ ਦੇ ਥੋੜ੍ਹੇ ਸਮੇਂ ਪਿੱਛੋਂ ਬਾਰਕਜ਼ਈ ਮੁਖੀ, ਦੋਸਤ ਮੁਹਿਮਦ ਨੇ, ਜਿਹੜਾ ਕਾਬੁਲ 'ਤੇ ਰਾਜ ਕਰ ਰਿਹਾ ਸੀ, ਇਹ ਪੁਕਾਰ ਸੁਣੀ। ਆਪਣੇ ਪਰਿਵਾਰ ਦੇ ਹੋਰ ਮੈਂਬਰਾਂ ਵਾਂਗ ਉਹ ਵੀ ਹੇਰਾ-ਫੇਰੀ ਲਈ ਉਸਤਾਦ ਸੀ। ਕਦੇ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਆਪਣਾ ਮਾਲਕ ਸਮਝਦਾ ਜਿਵੇਂ ਕਿ 'ਪਿਤਾ-ਰੂਪ'। ਪਰ ਨਾਲ ਹੀ ਕਦੇ ਉਹ ਇਹ ਵੀ ਫੜ੍ਹ ਮਾਰ ਦਿੰਦਾ ਕਿ ਉਹ ਕਾਫ਼ਰ ਹੈ ਅਤੇ ਕਾਫ਼ਰ ਨੂੰ ਕਤਲ ਕਰਨਾ ਸਵਾਬ ਹੈ।

ਸਿੰਧ ਅਤੇ ਪੰਜਾਬ ਦੇ ਸੋਨਾ ਚਾਦਰ ਖੇਤਰ

ਜਦੋਂ ਪੰਜਾਬੀ ਜਹਾਦੀਆਂ ਨਾਲ ਉੱਤਰ-ਪੱਛਮੀ ਸਰਹੱਦ ਵਿਚ ਨਿੱਬੜ ਰਹੇ ਸਨ ਤਾਂ ਅੰਗਰੇਜ਼ਾਂ ਨੇ ਅਗਲੀ ਚਾਲ ਸਿੰਧ ਵਿਚ ਚੱਲੀ। ਪੰਜਾਬੀਆਂ ਦੇ ਇਸ ਪਾਸੇ ਵੱਲ ਵਧਣ ਦੇ ਸਾਰੇ ਰਾਹ ਰੋਕ ਦਿੱਤੇ।

ਸਿੰਧ ਨੂੰ ਅੰਗਰੇਜ਼ਾਂ ਲਈ ਜਹਾਜ਼ਰਾਨੀ ਵਾਸਤੇ ਖੋਲ੍ਹਣ ਦੀ ਸੰਭਾਵਨਾ ਸੰਬੰਧੀ 1829 ਵਿਚ ਵਿਉਂਤ ਬਣਾਈ ਗਈ ਜਦੋਂ ਸਿਕੰਦਰ ਬਰਨੇਸ ਨੇ ਇਸ ਦਰਿਆ ਅਤੇ ਇਸ ਦੇ ਕੰਢੇ ਦੀਆਂ ਰਿਆਸਤਾਂ ਸੰਬੰਧੀ ਸੂਹ ਲਾਉਣ ਦੇ ਯਤਨ ਕੀਤੇ। ਉਸ ਆਪ ਹੀ ਦੱਸਿਆ ਕਿ ਇਸ ਮਾਮਲੇ ਵਿਚ ਉਸ ਦੀ ਦਿਲਚਸਪੀ ਕਮਾਂਡਰ-ਇਨ-ਚੀਫ਼ ਸਰ ਥਾਮਸ ਬਰਾਡ-ਫੋਰਡ ਤੋਂ 'ਉਤਸਾਹਿਤ' ਹੋਈ ਹੈ। ਬਰਨੇਸ ਦੀ ਪਹਿਲੀ ਮੁਹਿੰਮ ਮੁਲਤਵੀ ਕਰਨੀ ਪਈ

ਕਿਉਂਕਿ ਅਮੀਰਾਂ ਨੂੰ ਇਸ ਬਾਰੇ ਸੰਦੇਹ ਸੀ। ਇਹ ਫੈਸਲਾ ਕੀਤਾ ਗਿਆ ਕਿ ਉਸ ਦਾ ਭੇਸ ਬਦਲ ਕੇ ਉਸ ਨੂੰ ਭੇਜਿਆ ਜਾਵੇ। ਇਸ ਨਾਲ ਉਸ ਦੇ ਲੰਘਣ ਵਿਚ ਸਹੂਲਤ ਹੋ ਜਾਵੇਗੀ। ਇੰਗਲਿਸਤਾਨ ਦੇ ਬਾਦਸ਼ਾਹ ਨੇ ਪੰਜ ਤਕੜੇ ਰੇੜ੍ਹਾ ਖਿੱਚਣ ਵਾਲੇ ਘੋੜੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਂਟ ਕਰਨ ਲਈ ਭੇਜੇ ਸਨ। ਸਿੰਧ ਵਿਚ ਥਾਪੇ ਹੋਏ ਏਜੰਟ ਕਰਨਲ ਪੋਟਿਂਗਰ ਦੀ ਤਜਵੀਜ਼ ਗਵਰਨਰ ਜਨਰਲ ਨੇ ਸਵੀਕਾਰ ਕਰ ਲਈ ਕਿ ਇਨ੍ਹਾਂ ਨਾਲ ਉਹ ਆਪਣੀ ਸੁਗਾਤ ਵੀ ਮਿਲਾ ਦੇਣ। ਇਹ ਇਕ ਵੱਡੀ ਗੱਡੀ (ਕੋਚ) ਸੀ, ਜਿਹੜੀ ਚੌੜੀਆਂ ਸੜਕਾਂ ਦੇ ਅਭਾਵ ਵਿਚ ਬੇੜੀ ਰਾਹੀਂ ਟਰਾਂਸਪੋਰਟ ਕੀਤੀ ਜਾ ਸਕਦੀ ਸੀ। ਇਹ ਮਹਿਸੂਸ ਕੀਤਾ ਗਿਆ ਕਿ ਅਮੀਰਾਂ ਦੀ ਹਿੰਮਤ ਨਹੀਂ ਪਵੇਗੀ ਕਿ ਕੋਈ ਇਤਰਾਜ਼ ਕਰ ਸਕਣ ਕਿਉਂਕਿ ਇਹ ਸੁਗਾਤਾਂ ਮਹਾਰਾਜਾ ਰਣਜੀਤ ਸਿੰਘ ਵਾਸਤੇ ਲਿਜਾਈਆਂ ਜਾ ਰਹੀਆਂ ਸਨ। ਕੁਝ ਦੁਰਘਟਨਾਵਾਂ ਉਪਰੰਤ ਬੇੜੀਆਂ ਦੀ ਕਾਨਵਾਈ ਨੇ ਆਪਣੇ ਚੜ੍ਹਦੇ ਵੱਲ ਦਾ ਸਿੰਧ ਦਾ ਸਫ਼ਰ ਮਾਰਚ 1831 ਵਿਚ ਆਰੰਭ ਕੀਤਾ। ਇਨ੍ਹਾਂ ਬੇੜੀਆਂ ਵਿਚ ਅਜਿਹੇ ਯੰਤਰ ਲੱਗੇ ਹੋਏ ਸਨ ਜਿਨ੍ਹਾਂ ਰਾਹੀਂ ਭਵਿੱਖ ਵਿਚ ਬੇੜੀਆਂ ਚਲਾਉਣ ਲਈ ਵੇਰਵਾ ਇਕੱਤਰ ਹੋ ਸਕਦਾ ਸੀ। ਬਰਨੇਸ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਹ ਸਿੰਧ ਦੇ ਮਾਮਲਿਆਂ, ਇਸ ਦੀ ਰਾਜਨੀਤੀ, ਅਮੀਰਾਂ ਦੀ ਜੰਗੀ ਤਾਕਤ, ਅੰਗਰੇਜ਼ਾਂ ਦੀਆਂ ਬੇੜੀਆਂ ਲਈ ਦਰਿਆ ਖੋਲ੍ਹਣ ਬਾਰੇ ਉਨ੍ਹਾਂ ਦੇ ਵਿਚਾਰ ਅਤੇ ਹੋਰ ਗੱਲਾਂ ਦੀ ਜਾਂਚ ਕਰੇ।

ਜਦੋਂ ਬਰਨੇਸ ਪੰਜਾਬ ਵਿਚ ਦਾਖ਼ਲ ਹੋਇਆ ਤਾਂ ਦਰਬਾਰ ਨੇ ਉਸ ਦੇ ਸੁਆਗਤ ਲਈ ਲਹਿਣਾ ਸਿੰਘ ਮਜੀਠੀਆ ਨੂੰ ਭੇਜਿਆ, ਜਿਸ ਦਾ ਮਨੋਵਿਗਿਆਨਕ ਝੁਕਾਓ ਸੀ।

ਜੁਲਾਈ 1831 ਦੇ ਅੰਤਲੇ ਦਿਨਾਂ ਵਿਚ ਬਰਨੇਸ ਲਾਹੌਰ ਪੁੱਜਾ ਤਾਂ ਮਹਾਰਾਜਾ ਸਾਹਿਬ ਨੇ ਉਸ ਨਾਲ ਖੁੱਲ੍ਹੇ ਦਿਲ ਗੱਲਾਂ ਕੀਤੀਆਂ। ਉਨ੍ਹਾਂ ਉਸ ਅੰਗਰੇਜ਼ ਨੂੰ ਦੱਸਿਆ ਕਿ ਕਿਵੇਂ ਦਰਬਾਰ ਨੇ ਅੰਗਰੇਜ਼ੀ ਸਰਕਾਰ ਦਾ ਸਾਥ ਦਿੱਤਾ ਹੈ। ਉਨ੍ਹਾਂ ਸਿੱਧੇ ਤੌਰ ਤੇ ਪੁੱਛਿਆ ਕਿ ਦਰਬਾਰ ਦੇ ਸਿੰਧ ਸੰਬੰਧੀ ਮੰਤਵਾਂ ਬਾਰੇ ਅੰਗਰੇਜ਼ ਸਰਕਾਰ ਦਾ ਕਿਹੋ ਜਿਹਾ ਵਤੀਰਾ ਹੈ ? ਬਰਨੇਸ ਨੇ ਸਿੱਧਾ ਉੱਤਰ ਦੇਣ ਦੀ ਥਾਂ ਇਹ ਆਖਿਆ ਕਿ ਉਹ ਮਹਾਰਾਜਾ ਸਾਹਿਬ ਦੇ ਵਿਚਾਰਾਂ ਤੋਂ ਗਵਰਨਰ ਜਨਰਲ ਨੂੰ ਗਿਆਤ ਕਰਵਾਏਗਾ।

ਬਰਨੇਸ ਨੇ ਗਵਰਨਰ ਜਨਰਲ ਵਿਲੀਅਮ ਬੈਨਟਿਕ ਨਾਲ ਸ਼ਿਮਲਾ ਵਿਖੇ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਸਿੰਧ ਦਰਿਆ ਦਾ ਰਾਹ ਸੰਭਾਵਨਾਵਾਂ ਨਾਲ ਭਰਪੂਰ ਹੈ; ਸਿੰਧ ਦੇ ਅਮੀਰ ਪੰਜਾਬੀਆਂ ਵੱਲੋਂ ਭੈਭੀਤ ਹਨ ਅਤੇ ਉਹ ਬੜੀ ਖ਼ੁਸ਼ੀ ਨਾਲ ਅੰਗਰੇਜ਼ ਨੂੰ ਜਹਾਜ਼ਰਾਨੀ ਲਈ ਰਾਹ ਦਾ ਹੱਕ ਦੇਣ ਲਈ ਤਿਆਰ ਹਨ ਜੇਕਰ ਉਨ੍ਹਾਂ ਨੂੰ ਇਹ ਗਾਰੰਟੀ ਹੋ ਜਾਵੇ ਕਿ ਉਹ ਗੁਆਂਢੀ ਪੰਜਾਬੀਆਂ ਵੱਲੋਂ ਸੁਰੱਖਿਅਤ ਹਨ। ਗਵਰਨਰ ਜਨਰਲ ਅੱਗੇ ਇਹ ਵੀ ਸਮੱਸਿਆ ਸੀ ਕਿ ਉਹ ਦਰਬਾਰ ਨੂੰ ਕਿਵੇਂ ਮਨਾਵੇ ਕਿ ਸਿੰਧ ਸੰਬੰਧੀ ਆਪਣੀ ਧਾਰਨਾ ਛੱਡ ਦੇਵੇ ਅਤੇ ਅੰਗਰੇਜ਼ੀ ਜਹਾਜ਼ਾਂ ਲਈ ਪੰਜਾਬ ਦੇ ਛੇਵੇਂ ਦਰਿਆ ਦੀ ਖੁੱਲ੍ਹ ਦੇ ਦੇਣ। ਲਾਰਡ ਵਿਲੀਅਮ ਬੈਨਟਿਕ ਨੇ ਲੁਧਿਆਣਾ ਵਿਚ ਆਪਣੇ ਏਜੰਟ, ਵਾਡੇ, ਨੂੰ ਕਿਹਾ ਕਿ ਉਹ ਮਹਾਰਾਜਾ ਸਾਹਿਬ ਨੂੰ ਇਸ ਗੱਲ ਲਈ ਪ੍ਰੇਰੇ ਕਿ ਉਹ ਗਵਰਨਰ ਜਨਰਲ ਨੂੰ ਪੰਜਾਬ ਵਿਚ ਲਿਆਉਣ ਲਈ ਸੱਦਾ ਦੇਣ। ਇਹ ਸਵੀਕਾਰ ਕਰ ਲਿਆ ਗਿਆ ਕਿ ਮੁਲਾਕਾਤ ਰੋਪੜ ਵਿਖੇ ਅਕਤੂਬਰ 25, 1831 ਨੂੰ ਹੋਵੇਗੀ।

ਅੱਖੀਂ ਦੇਖਣ ਵਾਲੇ ਦੱਸਦੇ ਹਨ ਕਿ ਰੋਪੜ ਦਾ ਇਕੱਠ ਪੰਜਾਬ ਦੇ ਸੋਨੇ ਦੀ ਚਾਦਰ ਵਾਲੇ ਖੇਤ ਵਾਂਗ ਸੀ। ਇਸ ਅਵਸਰ 'ਤੇ ਪਰੇਡਾਂ, ਸਨਮਾਨ ਸਮਾਰੋਹ, ਨਾਚ ਅਤੇ ਪੀਣ ਦੇ

ਦੌਰ ਚਲਦੇ ਰਹੇ। ਦਰਬਾਰ ਦੇ ਅਹਿਲਕਾਰ ਤਾਂ ਸੋਨੇ ਅਤੇ ਹੀਰਿਆਂ ਨਾਲ ਮਹਿਮਾਨਾਂ 'ਤੇ ਪ੍ਰਭਾਵ ਪਾਉਂਦੇ ਰਹੇ। ਆਪਣੇ ਤੌਰ ਤੇ ਅੰਗਰੇਜ਼ ਵੱਲੋਂ ਪੰਜਾਬ ਦੇ ਦਰਿਆਵਾਂ ਵਿਚ ਜਹਾਜ਼ਰਾਨੀ ਰਾਹੀਂ ਪ੍ਰਾਪਤ ਹੋਣ ਵਾਲੇ ਲਾਭ ਬਾਰੇ ਦੱਸਦੇ ਰਹੇ। ਮਹਾਰਾਜਾ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ ਪੁੱਛਿਆ ਕਿ ਕੀ ਉਹ ਆਪਣੀ ਹਕੂਮਤ ਸਿੰਧ ਤਕ ਵਧਾਉਣਾ ਚਾਹੁੰਦੇ ਹਨ ? "ਨਹੀਂ" ਬੈਨਟਿਕ ਨੇ ਉੱਤਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਦਾ ਮਨਸ਼ਾ ਵਪਾਰਕ ਰੂਪ ਦਾ ਸੀ। ਇਸ ਦੇ ਨਾਲ ਹੀ ਪੁੱਛਿਆ ਕਿ ਪੰਜਾਬ ਦੇ ਬਹਾਵਲਪੁਰ ਨਾਲ ਝਗੜੇ ਬਾਰੇ ਕੀ ਹੋਵੇਗਾ ? ਬਹਾਵਲਪੁਰ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਕਬੂਲ ਕਰ ਚੁੱਕਾ ਸੀ ਅਤੇ ਦਰਬਾਰ ਦੀ ਵਿਉਂਤ ਸੀ ਕਿ ਸਿੰਧ ਉਪਰ ਆਪਣਾ ਰਾਜ ਵਧਾਇਆ ਜਾਵੇ। ਬੈਨਟਿਕ ਨੇ ਇਸ ਮਸਲੇ ਬਾਰੇ ਕੋਈ ਦੋ ਟੁੱਕ ਗੱਲ ਨਹੀਂ ਕੀਤੀ ਸਗੋਂ ਇਹ ਇਸ਼ਾਰਾ ਕੀਤਾ ਕਿ ਦਰਬਾਰ ਇਹ ਸਮਝ ਲਵੇ ਕਿ ਇਹ ਦੱਖਣੀ ਸੀਮਾ ਹੁਣ ਅੰਤਮ ਰੂਪ ਵਿਚ ਨਿਰਧਾਰਤ ਹੈ। ਇਕ ਸਪਤਾਹ ਦੇ ਰੋਪੜ ਦੇ ਖੁੱਲ੍ਹੇ ਜਸ਼ਨ ਰਾਹੀਂ ਮਹਾਰਾਜਾ ਸਾਹਿਬ ਦੇ ਪੱਲੇ ਪੱਕੀ ਦੋਸਤੀ ਦਾ ਭਰੋਸਾ ਪਿਆ।

ਮਹਾਰਾਜਾ ਸਾਹਿਬ ਦਾ ਬੈਨਟਿਕ ਨਾਲ ਦੌਰ ਚਲਾਉਣਾ ਲੋਕਾਂ ਨੇ ਅੱਛਾ ਨਹੀਂ ਸਮਝਿਆ। ਬਹੁਤ ਸਾਰੇ ਦਰਬਾਰੀ ਇਸ ਦਾਨਾਈ 'ਤੇ ਸ਼ੱਕ ਕਰਦੇ ਸਨ ਕਿ ਅੰਗਰੇਜ਼ਾਂ ਨਾਲ ਇਹ ਕਿਹੋ ਜਿਹਾ ਸਮਝੌਤਾ ਕੀਤਾ ਗਿਆ ਹੈ। ਨਿਹੰਗ ਤਾਂ ਖੁੱਲ੍ਹੇ ਤੌਰ ਤੇ ਖ਼ਿਲਾਫ਼ ਹੋ ਗਏ। ਕੁਝ ਸਮੇਂ ਪਿੱਛੋਂ ਮਹਾਰਾਜਾ ਸਾਹਿਬ ਨੇ ਵੀ ਮਹਿਸੂਸ ਕੀਤਾ ਕਿ ਰੋਪੜ ਵਿਚ ਸਮੇਂ ਅਤੇ ਪੈਸੇ ਦਾ ਉਜਾੜਾ ਸੀ। ਡਾ. ਜੋਜ਼ਫ਼ ਵੂਲਫ਼ ਇਕ ਯਹੂਦੀ ਸੀ, ਜਿਹੜਾ ਅੰਜੀਲ ਦਾ ਧਰਮ ਪ੍ਰਚਾਰਕ ਬਣ ਗਿਆ ਸੀ। ਕੁਝ ਮਹੀਨਿਆਂ ਪਿੱਛੋਂ ਉਹ ਮਹਾਰਾਜਾ ਸਾਹਿਬ ਨੂੰ ਮਿਲਣ ਆਇਆ ਤਾਂ ਉਨ੍ਹਾਂ ਉਸ ਕੋਲੋਂ ਪੁੱਛਿਆ : "ਤੁਸੀਂ ਕਹਿੰਦੇ ਹੋ ਕਿ ਤੁਸੀਂ ਧਰਮ ਦੀ ਖ਼ਾਤਰ ਸਫ਼ਰ ਕਰ ਰਹੇ ਹੋ। ਤਾਂ ਤੁਸੀਂ ਹਿੰਦੁਸਤਾਨ ਵਿਚ ਆਏ ਅੰਗਰੇਜ਼ਾਂ ਵਿਚ ਧਰਮ ਪ੍ਰਚਾਰ ਕਿਉਂ ਨਹੀਂ ਕਰਦੇ, ਜਿਨ੍ਹਾਂ ਦਾ ਉੱਕਾ ਹੀ ਕੋਈ ਦੀਨ-ਈਮਾਨ ਨਹੀਂ ?"

ਡਾ. ਵੂਲਫ਼ ਨੇ ਗੱਲ-ਬਾਤ ਨੂੰ ਧਾਰਮਿਕ ਮਾਮਲਿਆਂ ਵੱਲ ਮੋੜਨ ਦਾ ਯਤਨ ਕੀਤਾ ਅਤੇ ਕਿਹਾ, "ਕੋਈ ਵੀ ਰੱਬ ਦੇ ਨੇੜੇ ਕਿਵੇਂ ਹੋ ਸਕਦਾ ਹੈ ?" ਮਹਾਰਾਜਾ ਸਾਹਿਬ ਨੇ ਤਿੱਖੇ ਵਿਅੰਗ ਨਾਲ ਕਿਹਾ, "ਕੋਈ ਵੀ ਰੱਬ ਦੇ ਨੇੜੇ ਅੰਗਰੇਜ਼ਾਂ ਨਾਲ ਸਮਝੌਤਾ ਕਰਕੇ ਹੋ ਸਕਦਾ ਹੈ, ਜਿਵੇਂ ਪਿੱਛੇ ਜਿਹੇ ਮੈਂ ਲਾਰਡ ਨਵਾਬ ਸਾਹਿਬ ਨਾਲ ਰੋਪੜ ਵਿਖੇ ਕੀਤਾ ਹੈ।"

ਰੋਪੜ ਦੀ ਮੁਲਾਕਾਤ ਦੇ ਕੁਝ ਮਹੀਨਿਆਂ ਪਿੱਛੋਂ ਬਰਨੇਸ ਨੂੰ ਸਿੰਧ ਦਰਿਆ ਦੇ ਆਲੇ-ਦੁਆਲੇ ਦੀ ਜ਼ਮੀਨ ਸੰਬੰਧੀ ਜਾਣਕਾਰੀ ਮੁਕੰਮਲ ਕਰਨ ਲਈ ਭੇਜਿਆ ਗਿਆ। ਇਸ ਵਾਰ ਉਹ ਅਫ਼ਗਾਨਿਸਤਾਨ ਦੇ ਕਬਾਇਲੀ ਇਲਾਕੇ ਬਾਰੇ ਮੰਤਵ ਲੈ ਕੇ ਤੁਰਿਆ ਸੀ। ਇਸ ਖ਼ਿਆਲ ਨਾਲ ਕਿ ਕੋਈ ਸ਼ੱਕ ਨਾ ਕਰੇ, ਬਰਨੇਸ ਨੇ ਸਰਕਾਰੀ ਅਹੁਦੇ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਇਹ ਦੱਸਿਆ ਕਿ ਉਹ ਧਰਤੀ ਦੇ ਰਸਤੇ ਆਪਣੇ ਘਰ ਇੰਗਲਿਸਤਾਨ ਜਾ ਰਿਹਾ ਸੀ। ਇਸ ਲਈ 'ਇਕ ਪੁਰਾਣੇ ਮਿੱਤਰ ਨਾਤੇ' ਉਸ ਪੰਜਾਬ ਰਾਹੀਂ ਸਫ਼ਰ ਕਰਨ ਦੀ ਇਜਾਜ਼ਤ ਮੰਗੀ। ਇਹ ਇਜਾਜ਼ਤ ਖੁੱਲ੍ਹੇ ਦਿਲ ਨਾਲ ਦਿੱਤੀ ਗਈ।

ਸਿੰਧ ਦੇ ਖੋਲ੍ਹਣ ਬਾਰੇ ਮੁੜ ਜ਼ਿਕਰ ਚੱਲ ਪਿਆ। ਮਹਾਰਾਜਾ ਸਾਹਿਬ ਨੇ ਸਵੀਕਾਰ ਕੀਤਾ ਕਿ ਭਾਵੇਂ ਪੰਜਾਬ ਨੂੰ ਇਸ ਦਾ ਥੋੜ੍ਹਾ-ਬਹੁਤ ਲਾਹਾ ਹੋਵੇ, ਪਰ ਉਹ ਇਸ ਗੱਲ ਨੂੰ ਅੱਛਾ ਨਹੀਂ ਸਮਝਦੇ ਕਿ ਉਸ ਦੇ ਸਾਰੇ ਇਲਾਕੇ ਵਿਚ ਜਹਾਜ਼ ਅਤੇ ਬੇੜੀਆਂ ਘੁੰਮਦੀਆਂ ਰਹਿਣ।" ਉਨ੍ਹਾਂ ਨੂੰ ਅੰਗਰੇਜ਼ਾਂ ਨਾਲ ਟੱਕਰ ਹੋ ਜਾਣ ਦਾ ਡਰ ਪੈਦਾ ਹੋ ਗਿਆ।

ਬਰਨੇਸ ਉੱਤਰ-ਪੱਛਮ ਵੱਲ ਅਫ਼ਗਾਨਿਸਤਾਨ ਵਿਚ ਆਧਾਰ ਤਿਆਰ ਕਰਨ ਲਈ

ਗਿਆ। ਵਾਡੇ ਲਾਹੌਰ ਆਇਆ ਤਾਂ ਜੋ ਮਹਾਰਾਜਾ ਸਾਹਿਬ ਨੂੰ ਵਪਾਰਕ ਸੰਧੀ ਉਪਰ ਹਸਤਾਖਰ ਕਰਨ ਲਈ 'ਪ੍ਰੇਰ' ਸਕੇ। ਹੈਦਰਾਬਾਦ ਅਤੇ ਖੈਰਪੁਰ ਦੇ ਅਮੀਰਾਂ ਨੇ ਅਪ੍ਰੈਲ ਵਿਚ ਹਸਤਾਖਰ ਕਰ ਦਿੱਤੇ ਸਨ। ਅੱਗੋਂ ਦਰਬਾਰ ਲਈ ਕੋਈ ਹੋਰ ਚਾਰਾ ਨਹੀਂ ਸੀ। ਦਸੰਬਰ 26, 1832 ਨੂੰ ਮਹਾਰਾਜਾ ਸਾਹਿਬ ਨੇ ਇਸ ਸੰਧੀ 'ਤੇ ਆਪਣੀ ਮੋਹਰ ਲਾ ਦਿੱਤੀ ਅਤੇ ਇਸ ਤਰ੍ਹਾਂ ਪੰਜਾਬ ਦੀ ਹਕੂਮਤ ਨੂੰ ਸਾਗਰ ਤਕ ਵਧਾਉਣ ਦੀ ਇੱਛਾ ਨੂੰ ਤਿਲਾਂਜਲੀ ਦੇ ਦਿੱਤੀ।

ਕਾਂਡ—18

ਹਿਮਾਲੀਆ ਤੋਂ ਪਾਰ ਤਿੱਬਤ ਤਕ

ਅੰਗਰੇਜ਼ਾਂ ਨਾਲ ਤਣਾ-ਤਣੀ

ਉਪਰੋਂ-ਉਪਰੋਂ ਇਉਂ ਦਿਖਾਈ ਦਿੰਦਾ ਸੀ ਕਿ ਦਰਬਾਰ ਅਤੇ ਅੰਗਰੇਜ਼ਾਂ ਵਿਚਕਾਰ ਮਿੱਤਰਤਾ ਵਾਲੇ ਸੰਬੰਧ ਹਨ। ਪਰ ਇਹ ਵੀ ਭਾਸਦਾ ਸੀ ਕਿ ਅੰਦਰੋਂ-ਅੰਦਰ ਹੁਗਲੀ ਅਤੇ ਰਾਵੀ ਦੇ ਵਗਦੇ ਪਾਣੀਆਂ ਨਾਲ ਦੁਸ਼ਮਣੀ ਦੀ ਧਾਰਾ ਵੀ ਨਾਲ-ਨਾਲ ਵਗ ਰਹੀ ਸੀ। ਕਲਕੱਤੇ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਛੇਤੀ ਹੀ ਪੰਜਾਬ ਨੂੰ ਆਪਣੇ ਅਧੀਨ ਕਰ ਲੈਣਾ ਹੈ, ਇਸ ਲਈ ਪੰਜਾਬੀਆਂ ਨੂੰ ਸ਼ਕਤੀਸ਼ਾਲੀ ਨਾ ਬਣਨ ਦਿੱਤਾ ਜਾਵੇ। ਸਿੰਧ ਦੇ ਅਮੀਰਾਂ ਨਾਲ ਗਠਜੋੜ ਕਰਕੇ ਗੱਲ-ਬਾਤ ਕਰ ਲਈ ਸੀ। ਕੁਝ ਉਪਰ ਦਬਾਓ ਪਾ ਕੇ ਸੰਧੀਨਾਮਿਆਂ ਉਤੇ ਹਸਤਾਖਰ ਵੀ ਕਰਵਾ ਲਏ ਸਨ। ਹੁਣ ਇਸੇ ਪ੍ਰਕਾਰ ਦੀ ਤਜਵੀਜ਼ ਲੈ ਕੇ ਅਫ਼ਗਾਨਾਂ ਦੇ ਨੇੜੇ ਢੁੱਕਿਆ ਜਾ ਰਿਹਾ ਸੀ। ਮਹਾਰਾਜਾ ਸਾਹਿਬ ਨਾਲ ਦੋਸਤੀ ਦਾ ਵਾਤਾਵਰਣ ਬਣਾਈ ਰੱਖਣਾ ਸੀ ਪਰ ਨਾਲ ਹੀ ਚੌਹਾਂ ਪਾਸਿਆਂ ਤੇ ਤਾਕਤ ਵਧਾਈ ਜਾਣੀ ਸੀ। ਸਗੋਂ ਜਦੋਂ ਮੌਕਾ ਲੱਗੇ ਤਾਂ ਦੋਸਤੀ ਦੇ ਨਾਂ ਉਤੇ ਹੀ ਜੱਫੀ ਵਿਚ ਨਪੀੜ ਦੇਣਾ ਸੀ।

ਪਰ ਮਹਾਰਾਜਾ ਸਾਹਿਬ ਫੋਕੀਆਂ ਅਤੇ ਬਣਾਉਟੀ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਭਾਂਪ ਲੈਂਦੇ ਸਨ। ਪੰਜਾਬੀਆਂ ਦਾ ਵਿਸਤਾਰਵਾਦ ਅਜੇ ਵਿਸਫੋਟਕ ਰੂਪ ਸੀ, ਇਸ ਲਈ ਉਹ ਬਾਹਰੀ ਰੋਕਾਂ ਪ੍ਰਤੀ ਤਿੱਖਾ ਅਤੇ ਜ਼ੋਰਦਾਰ ਪ੍ਰਤੀਕਰਮ ਵਿਖਾ ਸਕਦੇ ਸਨ। ਦਰਬਾਰ ਨੇ ਇਹ ਚਾਲ ਖੇਡੀ ਕਿ ਅਮੀਰਾਂ ਨੂੰ ਹੌਸਲਾ ਦਿੱਤਾ ਜਾਵੇ ਕਿ ਉਹ ਅੰਗਰੇਜ਼ਾਂ ਦੀਆਂ ਮੰਗਾਂ ਦਾ ਵਿਰੋਧ ਕਰਨ। ਜੇਕਰ ਪੰਜਾਬੀ ਫੜ੍ਹਾਂ ਘੱਟ ਮਾਰਦੇ ਤਾਂ ਉਨ੍ਹਾਂ ਦੀ ਡਿਪਲੋਮੇਸੀ ਵਧੇਰੇ ਸਫ਼ਲ ਹੁੰਦੀ। ਪਰ ਮਹਾਰਾਜਾ ਸਾਹਿਬ ਸ਼ਿਕਾਰਪੁਰ 'ਤੇ ਕਬਜ਼ਾ ਕਰਨ ਬਾਰੇ ਉੱਚੀ ਆਵਾਜ਼ ਵਿਚ ਬੋਲਦੇ ਰਹੇ। ਇਹ ਇਲਾਕਾ ਸਿੰਧ ਦੇ ਵਿਚਕਾਰ ਇਕ ਪੇਤਲੇ ਜਿਹੇ ਪਾੜ ਵਾਂਗ ਸੀ। ਕੁਦਰਤੀ ਤੌਰ ਤੇ ਸਿੰਧੀਆਂ ਨੇ ਪੰਜਾਬੀਆਂ ਤੇ ਵਿਸ਼ਵਾਸ ਨਹੀਂ ਕੀਤਾ ਅਤੇ ਉਹ ਅੰਗਰੇਜ਼ਾਂ ਦਾ ਸਾਥ ਦੇਣ ਲਈ ਤਿਆਰ ਸਨ। ਜਿਥੋਂ ਤਕ ਅਫ਼ਗਾਨਾਂ ਦਾ ਸੰਬੰਧ ਸੀ, ਦਰਬਾਰ ਵੱਲੋਂ ਸ਼ਾਹ ਸੁਜਾਹ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਸੀ ਕਿ ਉਹ ਆਪਣਾ ਤਖ਼ਤ ਪ੍ਰਾਪਤ ਕਰਨ ਲਈ ਮੁੜ ਯਤਨ ਕਰੇ ਅਤੇ ਬਾਰਕਜ਼ਈਆਂ ਨੂੰ ਕੱਢ ਦੇਵੇ, ਜਿਨ੍ਹਾਂ ਨਾਲ ਅੰਗਰੇਜ਼ ਤਿਜਾਰਤੀ ਸੰਧੀਆਂ ਲਈ ਗੱਲ-ਬਾਤ ਕਰ ਰਹੇ ਸਨ। ਦਰਬਾਰ ਹੇਰਾਤ ਦੀ ਹਕੂਮਤ ਦੇ ਏਲਚੀ ਆਏ ਅਤੇ ਅੰਗਰੇਜ਼ਾਂ ਨੂੰ ਇਹ ਦੱਸਿਆ ਗਿਆ ਕਿ ਰੂਸੀ ਪੰਜਾਬੀਆਂ ਨਾਲ ਸੰਬੰਧ ਕਾਇਮ ਕਰਨ ਲਈ ਉਤਸੁਕ ਸਨ। ਨੇਪਾਲ ਤੋਂ ਏਲਚੀ ਸਦਭਾਵਨਾ ਦਰਸਾਉਣ ਲਈ ਆਏ। ਮਰਾਠੇ ਸਰਦਾਰਾਂ ਨੇ ਵੀ ਭਾਵਨਾਵਾਂ ਅਤੇ ਸੁਗਾਤਾਂ ਦਾ ਲੈਣ-ਦੇਣ ਕੀਤਾ। ਹੈਦਰਾਬਾਦ ਦੇ ਨਿਜ਼ਾਮ ਨੇ ਦੋਸਤੀ ਦਾ ਹੱਥ ਵਧਾਇਆ ਅਤੇ ਉਸ ਮਹਾਰਾਜਾ ਸਾਹਿਬ ਨੂੰ ਇਕ ਹੀਰਿਆਂ ਜੜਿਆ ਚੰਦੋਆ ਭੇਂਟ ਕੀਤਾ, ਜਿਹੜਾ ਅੰਮ੍ਰਿਤਸਰ ਵਿਖੇ ਅਜੇ ਵੀ ਸਾਂਭਿਆ ਹੋਇਆ ਹੈ।

ਅੰਗਰੇਜ਼ ਸਰਕਾਰ ਨੇ ਸਤਲੁਜ ਤੋਂ ਪਾਰ ਦੇ ਇਲਾਕੇ ਉਪਰ ਦਰਬਾਰ ਦੇ ਦਾਅਵਿਆਂ ਸੰਬੰਧੀ ਵੀ ਵਿਚਾਰ-ਵਟਾਂਦਰਾ ਕੀਤਾ। ਇਨ੍ਹਾਂ ਸੰਬੰਧੀ ਪੁਣ-ਛਾਣ ਵੀ ਕੀਤੀ ਗਈ ਅਤੇ

ਜਿਹੜੇ ਇਲਾਕੇ ਜੰਗੀ ਜੁਗਤਾਂ ਲਈ ਮਹੱਤਵਪੂਰਨ ਨਹੀਂ ਸਨ, ਉਨ੍ਹਾਂ ਬਾਰੇ ਦਾਅਵਾ ਸਵੀਕਾਰ ਕਰ ਲਿਆ ਗਿਆ ਜਿਵੇਂ ਅਨੰਦਪੁਰ, ਚਮਕੌਰ, ਕੀਰਤਪੁਰ ਅਤੇ ਮਾਛੀਵਾੜਾ। ਪਰ ਜਿਹੜਾ ਸਭ ਤੋਂ ਵੱਧ ਮਹੱਤਵਪੂਰਨ ਫ਼ੀਰੋਜ਼ਪੁਰ ਦਾ ਇਲਾਕਾ ਸੀ, ਉਹ ਨਹੀਂ ਦਿੱਤਾ ਗਿਆ। ਫ਼ੀਰੋਜ਼ਪੁਰ ਲਾਹੌਰ ਤੋਂ ਕੇਵਲ ਚਾਰ ਸੌ ਮੀਲ ਦੀ ਦੂਰੀ 'ਤੇ ਸੀ ਪਰ ਸਤਲੁਜ ਉਪਰੋਂ ਲਾਂਘੇ ਦੇ ਬਹੁਤ ਨੇੜੇ ਸੀ। ਇਹ ਕਦਮ ਅੰਗਰੇਜ਼ ਆਰਮੀ ਕਮਾਂਡਰਾਂ ਦੀ ਸਲਾਹ ਅਨੁਸਾਰ ਚੁੱਕਿਆ ਗਿਆ। ਉਹ ਇਹ ਮਹਿਸੂਸ ਕਰਦੇ ਸਨ ਕਿ ਲਾਹੌਰ ਤੋਂ ਲੁਧਿਆਣਾ ਬਹੁਤ ਦੂਰ ਸੀ ਅਤੇ ਪੰਜਾਬ ਵਿਰੁੱਧ ਆਪਰੇਸ਼ਨਾਂ ਸਮੇਂ ਇਹ ਅਸਰਦਾਇਕ ਫ਼ੌਜੀ ਅੱਡਾ ਸਿੱਧ ਨਹੀਂ ਹੋਵੇਗਾ। ਅੰਗਰੇਜ਼ ਫ਼ੌਜਾਂ ਫ਼ੀਰੋਜ਼ਪੁਰ ਭੇਜੀਆਂ ਗਈਆਂ ਅਤੇ ਸ਼ਹਿਰ ਦੀ ਕਿਲ੍ਹਾਬੰਦੀ ਕੀਤੀ ਗਈ।

ਮਹਾਰਾਜਾ ਸਾਹਿਬ ਨੂੰ ਆਉਣ ਵਾਲੇ ਖ਼ਤਰੇ ਦੀ ਭਿਣਕ ਪੈ ਗਈ। ਉਨ੍ਹਾਂ ਟਿੱਪਣੀ ਕੀਤੀ ਕਿ ਉਹ (ਅੰਗਰੇਜ਼) ਨੇੜੇ ਆ ਗਏ ਹਨ। ਦਰਬਾਰ ਨੇ ਇਸ ਚਾਲ ਦਾ ਜਵਾਬ ਦਿੱਤਾ ਅਤੇ ਕਸੂਰ ਵਿਖੇ ਫ਼ੌਜਾਂ ਇਕੱਠੀਆਂ ਕਰ ਲਈਆਂ। ਇਹ ਰਾਵੀ ਦਰਿਆ ਦੇ ਫ਼ੀਰੋਜ਼ਪੁਰ ਤੋਂ ਪਾਰਲੇ ਕੰਢੇ 'ਤੇ ਸੀ।

ਲੱਦਾਖ਼ ਦੀ ਫ਼ਤਹਿ

ਅੰਗਰੇਜ਼ ਪੂਰਬ ਵਿਚ ਗੜਬੜ ਕਰਵਾ ਰਹੇ ਸਨ ਅਤੇ ਦੱਖਣ ਵੱਲ ਰਾਹ ਰੋਕ ਰਹੇ ਸਨ ਪਰ ਪੰਜਾਬੀਆਂ ਨੇ ਉਸ ਦਿਸ਼ਾ ਵੱਲ ਵਧਣਾ ਆਰੰਭ ਕਰ ਦਿੱਤਾ ਜਿਸ ਬਾਰੇ ਅੰਗਰੇਜ਼ ਸੋਚ ਵੀ ਨਹੀਂ ਸਕਦੇ ਸਨ। ਉਹ ਕਬਜ਼ਾ ਕਸ਼ਮੀਰ ਦੇ ਉੱਤਰ ਵੱਲ ਹਿਮਾਲੀਆ ਦੀਆਂ ਪਹਾੜੀਆਂ ਵਿਚ ਲੱਦਾਖ਼ ਵਿਚ ਸੀ। ਉਸ ਸਮੇਂ ਜਨਰਲ ਜ਼ੋਰਾਵਰ ਸਿੰਘ ਦੀ ਨਿਯੁਕਤੀ ਕਿਸ਼ਤਵਾਰ ਵਿਖੇ ਸੀ। ਉਸ ਹਾਕਮ ਪਰਿਵਾਰ ਦੀ ਘਰੇਲੂ ਲੜਾਈ ਦਾ ਪੂਰਾ-ਪੂਰਾ ਲਾਭ ਉਠਾਇਆ ਅਤੇ ਰਾਜ ਵਿਚ ਦਾਖ਼ਲ ਹੋ ਗਿਆ। ਗੱਦੀ ਦੇ ਚਾਹਵਾਨਾਂ ਵਿਚੋਂ ਇਕ ਨੂੰ ਉਸ ਹਕੂਮਤ ਦੀ ਵਾਗਡੋਰ ਇਸ ਸ਼ਰਤ 'ਤੇ ਸੌਂਪ ਦਿੱਤੀ ਕਿ ਉਹ 30,000 ਰੁਪਏ ਹਰ ਸਾਲ ਦਰਬਾਰ ਨੂੰ ਭੇਂਟ ਕਰਿਆ ਕਰੇਗਾ। ਕੁਝ ਜੰਗੀ ਹਿਤਾਂ ਵਜੋਂ ਮਹੱਤਵਪੂਰਨ ਕਿਲ੍ਹਿਆਂ ਉਪਰ ਵੀ ਉਸ ਕਬਜ਼ਾ ਕਰ ਲਿਆ। 1836 ਦੀਆਂ ਸਰਦੀਆਂ ਦੀ ਰੁੱਤ ਵਿਚ ਜਨਰਲ ਜ਼ੋਰਾਵਰ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਰਾਨਾ ਪੇਸ਼ ਕੀਤਾ ਜਿਹੜਾ ਉਹ ਲੱਦਾਖ਼ ਤੋਂ ਲਿਆਇਆ ਸੀ। ਉਸ ਇਹ ਵੀ ਇਜਾਜ਼ਤ ਮੰਗੀ ਕਿ ਉਸ ਨੂੰ ਪੱਛਮ ਵੱਲ ਇਸਕਾਰਦੂ ਵੱਲ ਵਧਣ ਦਿੱਤਾ ਜਾਵੇ ਤਾਂ ਜੋ ਚੀਨ ਨਾਲ ਸਰਹੱਦ ਸਾਂਝੀ ਹੋ ਜਾਵੇ। ਪਰ ਮਹਾਰਾਜਾ ਸਾਹਿਬ ਨੇ ਉਸ ਨੂੰ ਅੱਗੇ ਵਧਣ ਤੋਂ ਕੁਝ ਸਮੇਂ ਲਈ ਰੋਕ ਲਿਆ।

ਲੁਧਿਆਣਾ ਵਿਖੇ ਅੰਗਰੇਜ਼ ਏਜੰਟ ਇਸ ਗੱਲ ਤੋਂ ਗੁੱਸਾ ਖਾ ਰਿਹਾ ਸੀ ਕਿ ਪੰਜਾਬ ਦੀਆਂ ਸਰਹੱਦਾਂ ਵਧਾਈਆਂ ਜਾ ਰਹੀਆਂ ਹਨ। ਇਸ ਲਈ ਉਹ ਅਜਿਹੇ ਲੋਕਾਂ ਦੀਆਂ ਸ਼ਿਕਾਇਤਾਂ ਵੱਲ ਵਧੇਰੇ ਕੰਨ ਧਰਦਾ ਜਿਨ੍ਹਾਂ ਦੀ ਸੱਤਾ ਖੁੱਸ ਚੁੱਕੀ ਸੀ। ਦਰਬਾਰ ਨੇ ਉਸ ਨੂੰ ਯਾਦ ਦਿਵਾਇਆ ਕਿ ਇਹ ਇਲਾਕਾ ਸਤਲੁਜ ਦੇ ਉਸ ਪਾਸੇ ਸੀ ਜਿਹੜਾ ਦਰਬਾਰ ਵੱਲ ਹੈ। ਅੰਗਰੇਜ਼ ਏਜੰਟ ਨੇ ਇਹ ਦਲੀਲ ਨਹੀਂ ਮੰਨੀ ਅਤੇ ਆਪਣੀ ਸਰਕਾਰ ਨੂੰ ਦੱਸਿਆ ਕਿ ਜੇਕਰ ਪੰਜਾਬੀਆਂ ਨੂੰ ਚੀਨ ਨਾਲ ਸਾਂਝੀ ਸਰਹੱਦ ਬਣਾਉਣ ਦਿੱਤੀ ਗਈ ਤਾਂ ਇਹ ਭਾਰੀ ਖ਼ਤਰੇ ਵਾਲੀ ਗੱਲ ਹੋਵੇਗੀ। ਉਸ ਲੱਦਾਖ਼ ਦੇ ਜਲਾਵਤਨ ਹੋਏ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਪੱਛਮੀ ਸਰਹੱਦ

ਪੰਜਾਬ ਦਾ ਝੰਡਾ ਜਨਰਲ ਜ਼ੋਰਾਵਰ ਸਿੰਘ ਉੱਤਰ ਵੱਲ ਵਧਾ ਰਿਹਾ ਸੀ ਅਤੇ ਮਹਾਰਾਜਾ ਸਾਹਿਬ ਅਫ਼ਗਾਨਾਂ ਨਾਲ ਟੱਕਰ ਲੈ ਕੇ ਪੱਛਮ ਵੱਲ ਵਧ ਰਹੇ ਸਨ। ਦਰਬਾਰ ਨੇ ਸ਼ੁਜਾਹ ਨੂੰ ਮੁੜ ਤਖ਼ਤ 'ਤੇ ਬਿਠਾਉਣ ਲਈ ਪੇਸ਼ਕਸ਼ ਕੀਤੀ ਪਰ ਨਾਲ ਹੀ ਅਜਿਹੀਆਂ ਸ਼ਰਤਾਂ ਰੱਖੀਆਂ ਕਿ ਕੋਈ ਵੀ ਇੱਜ਼ਤਦਾਰ ਅਫ਼ਗਾਨ ਇਹ ਸਵੀਕਾਰ ਕਰਨ ਲਈ ਤਿਆਰ ਨਾ ਹੁੰਦਾ। ਉਸ ਨੂੰ ਇਹ ਕਿਹਾ ਗਿਆ ਕਿ ਉਹ ਮੁਲਤਾਨ, ਡੇਰਾ ਗ਼ਾਜ਼ੀ ਖ਼ਾਨ, ਡੇਰਾ ਇਸਮਾਈਲ ਖ਼ਾਨ, ਮਨਕੇਰਾਂ ਅਤੇ ਪਿਸ਼ੌਰ ਉਪਰੋਂ ਆਪਣਾ ਹੱਕ ਸਦਾ ਲਈ ਛੱਡ ਦੇਵੇ। ਇਹ ਇਲਾਕੇ ਪੰਜਾਬੀਆਂ ਦੇ ਹੱਥ ਵਿਚ ਸਨ, ਇਸ ਲਈ ਸ਼ਾਹ ਸ਼ੁਜਾਹ ਉਨ੍ਹਾਂ ਨੂੰ ਛੱਡਣ ਲਈ ਤਿਆਰ ਸੀ। ਨਾਲ ਹੀ ਉਸ ਨੂੰ ਇਹ ਵੀ ਕਿਹਾ ਗਿਆ ਕਿ ਉਹ ਘੋੜਿਆਂ ਦੀਆਂ ਸੁਗਾਤਾਂ, ਮੇਵੇ, ਆਦਿ ਖਰਾਜ ਵਜੋਂ ਭੇਜੇ। ਉਸ ਪਾਸੋਂ ਇਹ ਵੀ ਮੰਗ ਕੀਤੀ ਗਈ ਕਿ ਗਊਆਂ ਦੀ ਹੱਤਿਆ ਬੰਦ ਕੀਤੀ ਜਾਵੇ। ਨਾਲ ਹੀ ਸੋਮਨਾਥ ਮੰਦਰ ਦੇ ਉਹ ਸੰਦਲ ਦੇ ਦਰਵਾਜ਼ੇ ਵੀ ਵਾਪਸ ਕਰੇ ਜਿਨ੍ਹਾਂ ਨੂੰ ਅੱਠ ਸੌ ਸਾਲ ਪਹਿਲਾਂ ਬੁੱਤ-ਸ਼ਿਕਨ ਮਹਿਮੂਦ ਗ਼ਜ਼ਨਵੀ ਲੁੱਟ ਕੇ ਲੈ ਆਇਆ ਸੀ। ਸ਼ੁਜਾਹ ਨੇ ਇਹ ਪੇਸ਼ਕਸ਼ ਠੁਕਰਾਈ ਤਾਂ ਨਹੀਂ ਪਰ ਉਸ ਇਹ ਯਤਨ ਕੀਤਾ ਕਿ ਉਹ ਆਪਣੇ ਆਪ ਸੱਤਾ ਪ੍ਰਾਪਤ ਕਰਨ ਲਈ ਹੰਭਲਾ ਹੋਰ ਮਾਰੇਗਾ।

ਸ਼ੁਜਾਹ ਨੂੰ ਸਿੰਧ ਦੇ ਅਮੀਰਾਂ ਪਾਸੋਂ ਵੀ ਕੁਝ ਸਹਾਇਤਾ ਮਿਲ ਗਈ ਅਤੇ ਉਸ ਨੂੰ ਇਹ ਵੀ ਭਰੋਸਾ ਦਿਵਾਇਆ ਗਿਆ ਕਿ ਜਦੋਂ ਉਹ ਅਫ਼ਗਾਨਿਸਤਾਨ ਵਿਚ ਦਾਖ਼ਲ ਹੋਵੇ ਤਾਂ ਕਬੀਲਿਆਂ ਵੱਲੋਂ ਉਸ ਦੇ ਹੱਕ ਵਿਚ ਗੜਬੜ ਪੈਦਾ ਕਰ ਦਿੱਤੀ ਜਾਵੇਗੀ। ਜਦੋਂ ਉਸ ਸਿੰਧ ਪਾਰ ਕੀਤਾ ਤਾਂ ਕਈ ਕਬਾਇਲੀ ਸਰਦਾਰਾਂ ਨੇ ਆਪਣਾ ਵਚਨ ਦੁਹਰਾਇਆ ਕਿ ਉਹ ਉਸ ਦਾ ਸਾਥ ਦੇਣਗੇ। ਪਰ ਆਪਣੇ ਕਿਲ੍ਹਿਆਂ ਵਿਚੋਂ ਕਿਸੇ ਵੀ ਪੈਰ ਬਾਹਰ ਨਹੀਂ ਰਖਿਆ। ਆਪਣਾ ਪੱਖ ਪੂਰਨ ਤੋਂ ਪਹਿਲਾਂ ਉਹ ਇਹ ਵੇਖਣਾ ਚਾਹੁੰਦੇ ਸਨ ਕਿ ਜਿੱਤਣ ਵਾਲੀ ਧਿਰ ਕਿਹੜੀ ਹੈ ? ਕੰਧਾਰ ਵਿਚ ਹੋਈ ਥੋੜ੍ਹੀ ਝੜਪ ਪਿੱਛੋਂ ਦੋਸਤ ਮੁਹੰਮਦ ਅਤੇ ਉਸ ਦੇ ਭਰਾਵਾਂ ਨੇ ਮਿਲ ਕੇ ਸ਼ੁਜਾਹ ਨੂੰ ਭਾਜ ਦਿੱਤੀ। ਸ਼ੁਜਾਹ ਸਿੰਧ ਦੇ ਰਾਹ ਪਰਤਿਆ ਅਤੇ ਲੁਧਿਆਣੇ ਵਿਖੇ ਆਪਣੀਆਂ ਛੇ ਸੌ ਪਤਨੀਆਂ ਪਾਸ ਪਹੁੰਚ ਗਿਆ।

ਸ਼ੁਜਾਹ ਅਤੇ ਦੋਸਤ ਮੁਹੰਮਦ ਖ਼ਾਨ ਤਾਂ ਕਾਬਲ ਦੇ ਤਖ਼ਤ ਲਈ ਲੜ-ਝਗੜ ਰਹੇ ਸਨ ਪਰ ਦਰਬਾਰ ਨੇ ਸੁਲਤਾਨ ਮੁਹੰਮਦ ਖ਼ਾਨ ਨੂੰ ਪਿਸ਼ੌਰ ਦੀ ਗੱਦੀ ਤੋਂ ਲਾਹ ਦਿੱਤਾ ਅਤੇ ਪੰਜਾਬੀ ਫ਼ੌਜਾਂ ਨਾਲ ਦੁਆਲੇ ਤੋਂ ਘੇਰਾ ਪਾ ਲਿਆ। ਯਾਦ ਰਹੇ ਕਿ ਯਾਰ ਮੁਹੰਮਦ ਦੀ ਮੌਤ ਤੋਂ ਬਾਅਦ ਸੁਲਤਾਨ ਮੁਹੰਮਦ ਨੂੰ ਪਿਸ਼ੌਰ ਦਾ ਗਵਰਨਰ ਮੁਕੱਰਰ ਕੀਤਾ ਗਿਆ ਸੀ। ਅੱਛੇ ਪ੍ਰਸ਼ਾਸਨੀ ਪ੍ਰਬੰਧ ਲਈ ਹਰੀ ਸਿੰਘ ਨਲਵਾ ਬਹੁਤ ਮਸ਼ਹੂਰ ਸੀ, ਇਸ ਲਈ ਸਰਹੱਦ ਦੇ ਪ੍ਰਬੰਧ ਲਈ ਉਸ ਨੂੰ ਭੇਜਿਆ ਗਿਆ।

ਪਠਾਣਾਂ ਦੀਆਂ ਨਜ਼ਰਾਂ ਵਿਚ ਮੈਦਾਨਾਂ ਦੇ ਆਦਮੀਆਂ ਲਈ ਸਖ਼ਤ ਨਫ਼ਰਤ ਸੀ। ਉਹ ਘਾਤ ਲਾ ਕੇ ਪੰਜਾਬੀਆਂ ਦਾ ਨਿਸ਼ਾਨਾ ਬਣਾਉਂਦੇ। ਨਲਵੇ ਸਰਦਾਰ ਦੇ ਪਹੁੰਚਣ ਨਾਲ ਹਾਲਾਤ ਬਦਲ ਗਏ। ਉਸ ਬਦਲਾ ਲੈਣ ਲਈ ਉਹ ਪਿੰਡ ਜਲਾ ਕੇ ਢੇਰ ਕਰ ਦਿੱਤੇ ਜਿਥੇ ਜੁਰਮ ਹੋ ਰਹੇ ਸਨ। ਕੁਝ ਹੀ ਦਿਨਾਂ ਵਿਚ ਕਬਾਇਲੀ ਧਰਤੀ 'ਤੇ ਅਮਨ ਕਾਇਮ ਹੋ ਗਿਆ ਅਤੇ ਪਠਾਣਾਂ ਦੇ ਦਿਲ ਨਲਵੇ ਦੇ ਡਰ ਨਾਲ ਦਹਿਲ ਗਏ। ਬਗ਼ਾਵਤ ਨੂੰ ਰੋਕਣ ਲਈ ਕਿਲ੍ਹਿਆਂ ਦੀ ਕੜੀ ਉਸਾਰਨੀ ਆਰੰਭ ਕਰਵਾਈ ਜਿਹੜੇ ਹਰ ਇਕ ਨੂੰ ਦੇਖਣਯੋਗ ਦੀ ਦੂਰੀ 'ਤੇ ਹੋਣ। ਪਹਿਲੇ ਦੋ ਸੰਪੂਰਨ ਹੋਣ ਵਾਲੇ ਸਨ ਦੱਰਾ ਖ਼ੈਬਰ ਦੇ ਨੇੜੇ। ਸਖ਼ਕਦਾਰ ਦੁਆਲੇ

ਲਹਿਣਾ ਸਿੰਘ ਸੰਧਾਂਵਾਲੀਆ ਦੇ ਅਧੀਨ ਇਕ ਹਜ਼ਾਰ ਨੌਂ ਸੌ ਆਦਮੀਆਂ ਨੇ ਘੇਰਾ ਪਾ ਲਿਆ। ਜਮਰੌਦ ਦੁਆਲੇ ਮਹਾਂ ਸਿੰਘ ਦੇ ਅਧੀਨ ਛੇ ਸੌ ਜਵਾਨਾਂ ਨੇ ਘੇਰਾ ਪਾਇਆ।

ਪਿਸ਼ੌਰ 'ਤੇ ਦਰਬਾਰ ਦਾ ਕਬਜ਼ਾ ਹੋ ਗਿਆ। ਖੈਬਰ ਦੱਰੇ ਦੇ ਕਿਲ੍ਹੇ ਉਪਰ ਹਰੀ ਸਿੰਘ ਨਲਵਾ ਕਾਬਜ਼ ਹੋ ਗਿਆ। ਇਸ ਨਾਲ ਦੋਸਤ ਮੁਹੰਮਦ ਦੇ ਦਿਲ ਵਿਚ ਗੁੱਸੇ ਦੀ ਲਹਿਰ ਦੌੜ ਗਈ। ਉਸ ਨੇ ਮਹਾਰਾਜਾ ਸਾਹਿਬ ਨੂੰ ਖੈਬਰ ਦਾ ਇਲਾਕਾ ਖ਼ਾਲੀ ਕਰਨ ਲਈ ਬਹੁਤ ਮੰਦੇ-ਚੰਗੇ ਸ਼ਬਦ ਲਿਖੇ। ਉਸ ਆਪਣਾ ਖ਼ਿਤਾਬ 'ਅਮੀਰ-ਉਲ-ਮੋਮਨੀਨ' ਨਾ ਦਾ ਬਣਾ ਲਿਆ ਅਤੇ ਕਬਾਇਲੀਆਂ ਨੂੰ ਤਿਆਰ ਕੀਤਾ ਕਿ ਸਿੱਖਾਂ ਵਿਰੁੱਧ ਇਕ ਵਾਰ ਮੁੜ ਜਹਾਦ ਕਰਨ।

ਦਰਬਾਰ ਵੱਲੋਂ ਫ਼ਕੀਰ ਅਜ਼ੀਜ਼-ਉਦ-ਦੀਨ ਅਤੇ ਅਮਰੀਕਨ ਜੋਸਿਆਹ ਹਾਰਲਾਨ, ਜਿਹੜਾ ਪਹਿਲਾਂ ਅਫ਼ਗਾਨਾਂ ਨਾਲ ਸੇਵਾ ਕਰ ਚੁੱਕਾ ਸੀ, ਨੂੰ ਦੋਸਤ ਮੁਹੰਮਦ ਨਾਲ ਗੱਲ-ਬਾਤ ਕਰਨ ਲਈ ਭੇਜਿਆ ਗਿਆ। ਆਪਣੇ ਮਿਸ਼ਨ ਦੀ ਰਿਪੋਰਟ, ਹਾਰਲਾਨ ਨੇ ਇਨ੍ਹਾਂ ਸ਼ਬਦਾਂ ਨਾਲ ਭੇਜੀ : "ਮੈਂ ਉਸ ਦੇ (ਭਾਵ ਦੋਸਤ ਮੁਹੰਮਦ ਦੇ) ਭਰਾਵਾਂ ਨੂੰ ਉਸ ਦੇ ਵਿਰੁੱਧ ਕਰ ਦਿੱਤਾ ਹੈ। ਉਸ ਦੀ ਮਸ਼ਹੂਰੀ ਦੇ ਖ਼ਿਲਾਫ਼ ਉਨ੍ਹਾਂ ਅੰਦਰ ਹਸਦ ਪੈਦਾ ਕਰ ਦਿੱਤਾ ਹੈ। ਪਿਸ਼ੌਰ ਦੀ ਗੱਦੀ ਤੋਂ ਉਤਾਰੇ ਹੋਏ ਉਸ ਦੇ ਭਰਾ ਸੁਲਤਾਨ ਮੁਹੰਮਦ ਨੂੰ ਉਕਸਾਇਆ ਗਿਆ ਕਿ ਰਾਤ ਪੈਂਦਿਆਂ ਹੀ ਆਪਣੇ ਦਸ ਹਜ਼ਾਰ ਸਿਪਾਹੀਆਂ ਨੂੰ ਨਾਲ ਲੈ ਕੇ ਅਚਾਨਕ ਕੈਂਪ ਤੋਂ ਹਟ ਜਾਵੇ। ਉਹ ਮੇਰੇ ਨਾਲ ਸਿੱਖ ਕੈਂਪ ਤਕ ਆਇਆ ਅਤੇ ਉਸ ਦੇ ਸਾਥੀ ਪਹਾੜਾਂ ਵੱਲ ਭੱਜ ਗਏ।" ਹਾਰਲਾਨ ਅੱਗੋਂ ਲਿਖਦਾ ਹੈ : "ਦੋਸਤ ਮੁਹੰਮਦ ਕਾਬੁਲ ਪਰਤ ਗਿਆ ਪਰ ਉਸ ਦੀ ਰੂਹ ਆਵਾਜ਼ਾਰ ਹੋ ਚੁੱਕੀ ਸੀ। ਉਸ ਫ਼ੌਜੀ ਝੜਪਾਂ ਦੀ ਮਸ਼ਹੂਰੀ ਵੱਲੋਂ ਆਪਣਾ ਮੂੰਹ ਮੋੜ ਲਿਆ ਅਤੇ ਕੁਰਾਨ ਦੇ ਅਧਿਐਨ ਵਿਚ ਦਿਲ ਲਾ ਲਿਆ।"

ਦੁਨੀਆਵੀ ਖ਼ਾਹਿਸ਼ਾਂ ਤੋਂ ਦੋਸਤ ਮੁਹੰਮਦ ਦਾ ਦਿਲ ਖੱਟਾ ਹੋ ਗਿਆ। ਇਸ ਨਾਲ ਕੁਝ ਸਮੇਂ ਲਈ ਉੱਤਰ-ਪੱਛਮੀ ਸੀਮਾ ਤੇ ਤਣਾਓ ਘਟ ਗਿਆ। ਇਸ ਨਾਲ ਦਰਬਾਰ ਨੂੰ ਵੀ ਸਮਾਂ ਮਿਲ ਗਿਆ ਕਿ ਦੱਖਣ ਦੇ ਇਲਾਕੇ ਵੱਲ ਧਿਆਨ ਦੇਵੇ। ਜਿਹੜੇ ਅਮੀਰ ਅੰਗਰੇਜ਼ਾਂ ਨਾਲ ਵਪਾਰਕ ਸੰਬੰਧ ਕਾਇਮ ਨਹੀਂ ਕਰਨਾ ਚਾਹੁੰਦੇ ਸਨ, ਉਨ੍ਹਾਂ ਨੂੰ ਰਾਜਸੀ ਅਧੀਨਗੀ ਸਵੀਕਾਰ ਕਰਨ ਲਈ ਜ਼ੋਰ ਦਿੱਤਾ ਜਾਂਦਾ ਸੀ। ਆਪਣੇ ਇਲਾਕੇ ਉਪਰ ਹੋ ਜਾਣ ਵਾਲੇ ਕਬਜ਼ੇ ਤੋਂ ਬਚਣ ਲਈ ਉਨ੍ਹਾਂ ਇਕੋ ਰਾਹ ਫੜਿਆ ਕਿ ਸਿੰਧ ਅਤੇ ਸਤਲੁਜ ਦੇ ਵਿਚਕਾਰ ਵੱਸਦੇ ਮਜ਼ਾਰੀਆਂ ਦੇ ਕਬੀਲੇ ਨੂੰ ਉਕਸਾਇਆ ਕਿ ਮੁਲਤਾਨ ਦੇ ਬਾਹਰ ਬਣੀਆਂ ਪੰਜਾਬੀਆਂ ਦੀਆਂ ਚੌਕੀਆਂ ਵਿਰੁੱਧ ਹਮਲਾ ਕਰਨ। ਇਸ ਨਾਲ ਸਿੰਧੀਆਂ ਦੇ ਅਮਲੇ ਵਿਚ ਦਰਬਾਰ ਦੀ ਦਖ਼ਲਅੰਦਾਜ਼ੀ ਨੂੰ ਸੱਦਾ ਦਿੱਤਾ ਗਿਆ। ਸ਼ਹਿਜ਼ਾਦਾ ਖੜਕ ਸਿੰਘ ਅਤੇ ਸਾਵਨ ਮੱਲ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਕਿ ਮਜ਼ਾਰੀਆਂ ਅਤੇ ਉਨ੍ਹਾਂ ਨੂੰ ਉਕਸਾਉਣ ਵਾਲਿਆਂ ਨੂੰ ਦੰਡ ਦੇਣ।

ਜਦੋਂ 1836 ਦੀ ਗਰਮੀ ਦੀ ਰੁੱਤ ਆਈ ਤਾਂ ਦਰਬਾਰ ਨੇ ਮਿਠਨ ਕੋਟ ਅਤੇ ਰੋਝਾਨ 'ਤੇ ਕਬਜ਼ਾ ਕਰ ਲਿਆ। ਉਹ ਸਿੰਧ ਦੇ ਇਲਾਕੇ ਦੀ ਸਰਹੱਦ ਤੇ ਪਹੁੰਚ ਚੁੱਕੇ ਸਨ ਅਤੇ ਉਨ੍ਹਾਂ ਲਈ ਦਰਵਾਜ਼ੇ ਖੁੱਲ੍ਹੇ ਸਨ। ਸ਼ਹਿਜ਼ਾਦਾ ਖੜਕ ਸਿੰਘ ਨੇ ਇਜਾਜ਼ਤ ਮੰਗੀ ਕਿ ਉਹ ਸ਼ਿਕਾਰਪੁਰ ਵੱਲ ਜਾਵੇ। ਭਾਵੇਂ ਦਰਬਾਰ ਨੇ ਸ਼ਿਕਾਰਪੁਰ ਦੇ ਆਪਣੇ ਦਾਅਵੇ ਨੂੰ ਲੁਕਾ ਕੇ ਨਹੀਂ ਰਖਿਆ। ਇਨ੍ਹਾਂ ਪਾਸ ਬਹਾਨਾ ਵੀ ਸੀ ਕਿਉਂਕਿ ਕੱਟੜਵਾਦੀ ਸਈਅਦ ਅਹਿਮਦ ਦਾ ਮੁਰੀਦ ਨਸੀਰੁਦੀਨ ਸ਼ਹਿਰ ਅੰਦਰ ਕਾਫ਼ੀ ਸਰਗਰਮ ਸੀ। ਪਰ ਦਰਬਾਰ ਇਹ ਵੀ ਨਹੀਂ ਸੀ ਚਾਹੁੰਦਾ ਕਿ ਕੋਈ ਅਜਿਹਾ ਕਦਮ ਚੁੱਕਿਆ ਜਾਵੇ ਜਿਸ ਕਾਰਨ ਅੰਗਰੇਜ਼ਾਂ ਨਾਲ ਟੱਕਰ

ਹੋ ਜਾਵੇ ਅਤੇ ਕੋਈ ਅਲਸੇਟ ਖੜ੍ਹੀ ਹੋ ਜਾਵੇ। ਪਰ ਇਹ ਝਿਜਕ ਪੰਜਾਬੀਆਂ ਦੇ ਦੱਖਣ ਸੰਬੰਧੀ ਸੁਪਨਿਆਂ ਲਈ ਘਾਤਕ ਸਿੱਧ ਹੋਈ।

ਅੰਗਰੇਜ਼ਾਂ ਨੇ ਦਰਬਾਰ ਦੀ ਘਬਰਾਹਟ ਦਾ ਲਾਭ ਉਠਾਇਆ। ਗਵਰਨਰ ਜਨਰਲ ਦੇ ਸਕੱਤਰ ਨੇ ਲਿਖਿਆ ਸੀ : "ਸਿਆਸੀ ਹਿਤਾਂ ਨੂੰ ਧਿਆਨ ਵਿਚ ਰਖਦੇ ਹੋਏ ਭਾਰਤ ਸਰਕਾਰ ਦੀ ਇਹ ਪੱਕੀ ਧਾਰਨਾ ਹੈ ਕਿ ਸਿੱਖਾਂ ਦੀ ਸ਼ਕਤੀ ਸਾਰੇ ਸਿੰਧ ਦੇ ਨਾਲ-ਨਾਲ ਅੱਗੇ ਨਹੀਂ ਵਧਣੀ ਚਾਹੀਦੀ।" ਵਾਡੇ ਨੂੰ ਲਾਹੌਰ ਭੇਜਿਆ ਤਾਂ ਜੋ ਉਹ ਦਰਬਾਰ ਨੂੰ ਸਿੰਧ ਤੋਂ ਮੋਰਚਾ ਹਟਾਉਣ ਲਈ ਪ੍ਰੇਰ ਸਕੇ। ਉਸ ਨੂੰ ਇਹ ਵੀ ਹਦਾਇਤਾਂ ਸਨ ਕਿ ਉਹ ਆਪਣੇ ਸਾਰੇ ਸਾਧਨ ਇਸ ਕਾਰਜ ਨੂੰ ਪੂਰਾ ਕਰਨ ਲਈ ਵਰਤਣ ਦੀ ਖੁੱਲ੍ਹ ਰੱਖਦਾ ਹੈ। ਪਰ ਇਸ ਗੱਲ ਦਾ ਧਿਆਨ ਰੱਖੇ ਕਿ ਮਹਾਰਾਜਾ ਸਾਹਿਬ ਵਾਸਤੇ ਕੋਈ ਡਰਾਵਾ ਨਾ ਦੇਵੇ ਅਤੇ ਉਸ ਦੀ ਫ਼ੌਜ ਨੂੰ ਅੱਗੇ ਵਧਣ ਤੋਂ ਰੋਕ ਪਾਵੇ। ਜੇਕਰ ਦਰਬਾਰ ਇਹ ਦਾਅਵਾ ਕਰੇ ਕਿ ਇਹ ਮੁਹਿੰਮ ਦੰਡਾਤਮਕ ਸੀ ਤਾਂ ਦਰਬਾਰ ਨੂੰ ਇਹ ਦੱਸ ਦਿੱਤਾ ਜਾਵੇ ਕਿ ਅਮੀਰਾਂ ਨੇ ਆਪਣੇ ਆਪ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਹੈ ਤਾਂ ਜੋ ਉਨ੍ਹਾਂ ਦੀ ਰੱਖਿਆ ਹੋ ਸਕੇ।

ਦਰਬਾਰ ਨੇ ਅੰਗਰੇਜ਼ਾਂ ਨਾਲ ਨਹਿਲੇ ਤੇ ਦਹਿਲੇ ਵਾਲੀ ਚਾਲ ਖੇਡੀ। ਦਰਬਾਰ ਨੇ ਸ਼ਾਹ ਸ਼ੁਜਾਹ ਨਾਲ ਸਮਝੌਤਾ ਕਰ ਲਿਆ ਅਤੇ ਇਹ ਬਚਨ ਦਿੱਤਾ ਕਿ ਉਹ ਆਪਣੇ ਤਖ਼ਤ ਨੂੰ ਮੁੜ ਪ੍ਰਾਪਤ ਕਰਨ ਲਈ ਹੰਭਲਾ ਮਾਰੇ ਅਤੇ ਇਸ ਵਿਚ ਦਰਬਾਰ ਉਸ ਨੂੰ ਪੂਰੀ-ਪੂਰੀ ਸਹਾਇਤਾ ਦੇਵੇਗਾ। ਬਦਲੇ ਵਿਚ ਉਹ ਇਹੋ ਹੀ ਚਾਹੁਣਗੇ ਕਿ ਸ਼ਾਹ ਪਿਸ਼ੌਰ ਤੋਂ ਅਤੇ ਸ਼ਿਕਾਰਪੁਰ ਤੋਂ ਆਪਣਾ ਦਾਅਵਾ ਛੱਡ ਦੇਵੇ। ਵੈਸੇ ਪਿਸ਼ੌਰ ਤਾਂ ਪਹਿਲਾਂ ਹੀ ਪੰਜਾਬੀਆਂ ਦੇ ਹੱਥ ਵਿਚ ਸੀ, ਪਰ ਸ਼ਿਕਾਰਪੁਰ ਨਹੀਂ। ਅੰਗਰੇਜ਼ਾਂ ਨੇ ਦਰਬਾਰ ਅੱਗੇ ਤਿੰਨ ਦਲੀਲਾਂ ਰੱਖੀਆਂ : ਉਨ੍ਹਾਂ ਲੋਕਾਂ ਨੂੰ ਦੰਡ ਦਿੱਤਾ ਜਾਵੇ ਜਿਨ੍ਹਾਂ ਨੇ ਮਜ਼ਾਰੀਆਂ ਨੂੰ ਉਕਸਾਇਆ ਸੀ। ਸ਼ੁਜਾਹ ਦਾ ਸ਼ਿਕਾਰਪੁਰ 'ਤੇ ਹੱਕ ਸਹੀ ਸੀ ਪਰ ਉਹ ਉਸ ਦਰਬਾਰ ਨੂੰ ਸੌਂਪ ਦਿੱਤਾ ਅਤੇ 1809 ਦੀ ਸੰਧੀ ਅਨੁਸਾਰ ਅੰਗਰੇਜ਼ ਇਹ ਪੱਕੀ ਸੌਗੰਧ ਖਾ ਚੁੱਕੇ ਹਨ ਕਿ ਸਤਲੁਜ ਦੇ ਪੱਛਮ ਵਿਚ ਉਹ ਕੋਈ ਦਖ਼ਲ ਨਹੀਂ ਦੇਣਗੇ। ਅੰਗਰੇਜ਼ਾਂ ਨੇ ਇਹ ਤਾਂ ਸਵੀਕਾਰ ਕਰ ਲਿਆ ਕਿ ਮਜ਼ਾਰੀਆਂ ਨੇ ਪੰਜਾਬੀਆਂ ਨਾਲ ਗ਼ਲਤ ਵਰਤਾਓ ਕੀਤਾ ਸੀ ਪਰ ਉਹ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਸ਼ਿਕਾਰਪੁਰ ਤੇ ਦਰਬਾਰ ਦਾ ਕੋਈ ਹੱਕ ਸੀ। ਭਾਵੇਂ ਇਹ ਹੱਕ ਸੁਗਾਤ ਵਜੋਂ ਜਤਾਇਆ ਜਾਵੇ ਜਾਂ ਸ਼ਾਹ ਸ਼ੁਜਾਹ ਨਾਲ ਸੰਧੀ ਦੇ ਆਧਾਰ 'ਤੇ। ਜਿਥੋਂ ਤਕ 1809 ਦੀ ਸੰਧੀ ਦਾ ਸਵਾਲ ਹੈ, ਉਨ੍ਹਾਂ ਨੇ ਸਪੱਸ਼ਟ ਤੌਰ ਤੇ ਉੱਤਰ ਦਿੱਤਾ ਕਿ ਵਿਵਾਦ ਵਾਲੇ ਇਲਾਕੇ ਸਤਲੁਜ ਦੇ ਪੱਛਮ ਵਿਚ ਨਹੀਂ ਸਨ ਅਤੇ ਪੱਛਮ ਦਾ ਸਤਲੁਜ ਦਾ ਹਿੱਸਾ ਅਤੇ ਸਿੰਧ ਇਕੋ ਗੱਲ ਨਹੀਂ।

ਦਰਬਾਰ ਇਸ ਗੱਲੋਂ ਨਾਰਾਜ਼ ਸੀ। ਮੰਤਰੀ ਇਸ ਗੱਲ ਤੇ ਜ਼ੋਰ ਦੇ ਰਹੇ ਸਨ ਕਿ ਮਹਾਰਾਜਾ ਸਾਹਿਬ ਆਪਣੀ ਥਾਂ ਸਥਿਰ ਰਹਿਣ ਅਤੇ ਜੇਕਰ ਲੋੜ ਪੈ ਜਾਵੇ ਤਾਂ ਜੰਗ ਵੀ ਕੀਤੀ ਜਾਵੇ। ਉਨ੍ਹਾਂ ਇਹ ਦਲੀਲ ਦਿੱਤੀ ਕਿ ਇਸ ਕੌਮ ਦੀ ਨੀਤੀ ਹੀ ਇਹ ਹੈ ਕਿ ਦਿੱਤੇ ਹੋਏ ਬਚਨ ਨਿਭਾਉਣ ਦੀ ਥਾਂ ਆਪਣੇ ਕਬਜ਼ੇ ਨੂੰ ਹੋਰ ਵਧਾਉਂਦੇ ਜਾਓ। ਅਜਿਹੀ ਕੌਮ ਦੇਰ-ਅਵੇਰ ਕੋਈ ਬਹਾਨਾ ਲੱਭ ਲਵੇਗੀ ਕਿ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ ਜਾਵੇ। ਮਹਾਰਾਜਾ ਸਾਹਿਬ ਅੰਦਰ ਵੀ ਅੰਗਰੇਜ਼ਾਂ ਪ੍ਰਤੀ ਗੁੱਸਾ ਸੀ ਪਰ ਜਿਵੇਂ ਬੀਤੇ ਦਿਨਾਂ ਵਿਚ ਉਹ ਅਮਲ ਕਰਦੇ ਸਨ, ਉਨ੍ਹਾਂ ਆਪਣੇ ਜਜ਼ਬਾਤ ਨੂੰ ਫ਼ੈਸਲਾ ਕਰਨ ਵਿਚ ਹਾਵੀ ਨਹੀਂ ਹੋਣ ਦਿੱਤਾ। "ਉਸ ਮਰਾਠਾ ਫ਼ੌਜ ਦਾ ਕੀ ਬਣਿਆ ਜਿਸ ਦੀ ਗਿਣਤੀ ਦੋ ਹਜ਼ਾਰ ਸੀ ਅਤੇ ਜਿਸ ਅੰਗਰੇਜ਼ਾਂ ਨਾਲ ਟੱਕਰ ਲਈ" ਉਨ੍ਹਾਂ ਸਵਾਲ ਕੀਤਾ। ਉਨ੍ਹਾਂ ਫ਼ਕੀਰ ਅਜ਼ੀਜ਼-ਉਦ-ਦੀਨ ਰਾਹੀਂ ਅੰਗਰੇਜ਼ਾਂ ਨੂੰ ਇਸ

ਗੱਲ ਤੇ ਰਜ਼ਾਮੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਕਿ ਸਿੰਧ ਨੂੰ ਗੁਟ-ਨਿਰਪੇਖ ਇਲਾਕਾ ਕਰਾਰ ਦਿੱਤਾ ਜਾਵੇ। ਇਸ ਗੱਲ ਨੂੰ ਅਮੀਰ ਵੀ ਅੱਛਾ ਸਮਝਦੇ ਸਨ। ਨਾਲ ਹੀ ਇਹ ਵੀ ਬਚਨ ਲੈਣਾ ਸੀ ਕਿ ਅਜਿਹੀ ਨੀਤੀ ਅੱਗੋਂ ਅਫ਼ਗਾਨਿਸਤਾਨ ਵਿਚ ਲਾਗੂ ਨਹੀਂ ਕੀਤੀ ਜਾਵੇਗੀ। ਵਾਡੇ ਨੇ ਇਨ੍ਹਾਂ ਤਜਵੀਜ਼ਾਂ ਤੇ ਗੌਰ ਕਰਨੋਂ ਇਨਕਾਰ ਕਰ ਦਿੱਤਾ ਅਤੇ ਇਸ ਗੱਲ 'ਤੇ ਅੜਿਆ ਰਿਹਾ ਕਿ ਦਰਬਾਰ ਇਸ ਗੱਲ ਦਾ ਵਚਨ ਦੇਵੇ ਕਿ ਸਿੰਧ ਵਿਚ ਦਖ਼ਲ ਨਹੀਂ ਦੇਵੇਗਾ। ਮਹਾਰਾਜਾ ਸਾਹਿਬ ਨੇ ਉਸ ਅੰਗਰੇਜ਼ ਪਾਸੋਂ ਪੁੱਛ ਕਰਨ ਲਈ ਕਿਹਾ ਕਿ ਸ਼ਬਦ ਕੀ ਹਨ : "ਭਲਾਈ ਅਤੇ ਖ਼ੁਸ਼ਹਾਲੀ" ਅਤੇ "ਮਾਣ ਅਤੇ ਵਿਚਾਰ"। ਇਹ ਸ਼ਬਦ ਗਵਰਨਰ ਜਨਰਲ ਦੇ ਉਸ ਪੱਤਰ ਵਿਚ ਲਿਖੇ ਹੋਏ ਸਨ ਜਿਹੜਾ ਉਨ੍ਹਾਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਲਿਖਿਆ ਹੋਇਆ ਸੀ। ਵਾਡੇ ਨੇ ਵਿਅੰਗ ਤਾਂ ਟਾਲ ਦਿੱਤਾ ਪਰ ਸ਼ਬਦਾਂ ਦੇ ਲੰਮੇ-ਚੌੜੇ ਅਰਥ ਕਰਨੇ ਸ਼ੁਰੂ ਕਰ ਦਿੱਤੇ। ਵਾਡੇ ਨੇ ਗਵਰਨਰ ਜਨਰਲ ਨੂੰ ਲਿਖ ਭੇਜਿਆ : "ਮਹਾਰਾਜਾ ਸਾਹਿਬ ਕੁਝ ਬੇਸਬਰੇ ਹੋ ਗਏ। ਉਨ੍ਹਾਂ ਫ਼ਕੀਰ ਦਾ ਹੱਥ ਫੜਿਆ ਅਤੇ ਦੋਹਾਂ ਹੱਥਾਂ ਦੀ ਖ਼ੂਬ ਤਾਲੀ ਵੱਜੀ।" ਖ਼ੈਰ, ਦਰਬਾਰ ਨੇ ਜ਼ਿਦ ਛੱਡੀ ਅਤੇ ਇਹ ਮੰਨਜ਼ੂਰ ਕਰ ਲਿਆ ਕਿ ਫਿਲਹਾਲ ਉਹ ਅੱਗੇ ਨਹੀਂ ਵਧਦੇ। ਸਿੰਧ ਦੀ ਬਹਿਸ ਠੱਪ ਦਿੱਤੀ ਗਈ। ਪਰ ਦਰਬਾਰ ਨੇ ਇਸ ਵਿਸ਼ੇ ਦੀ ਸੰਧੀ 'ਤੇ ਹਸਤਾਖ਼ਰ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਰੋਝਾਨ ਤੋਂ ਆਪਣੀ ਅਗਲੀ ਚੌਕੀ ਤੋਂ ਕਬਜ਼ਾ ਹਟਾਉਣ ਤੋਂ ਵੀ ਇਨਕਾਰ ਕਰ ਦਿੱਤਾ।

ਜਮਰੌਦ ਦੀ ਲੜਾਈ, ਅਪ੍ਰੈਲ 1837 : ਹਰੀ ਸਿੰਘ ਨਲਵੇ ਦਾ ਦੇਹਾਂਤ

ਅਜੇ ਸਿੰਧ ਦੇ ਮਾਮਲੇ ਨਾਲ ਦਰਬਾਰ ਪੂਰੀ ਤਰ੍ਹਾਂ ਨਿਪਟਿਆ ਨਹੀਂ ਸੀ ਕਿ ਉੱਤਰ-ਪੱਛਮੀ ਸਰਹੱਦ 'ਤੇ ਫੇਰ ਗੜਬੜ ਫੈਲ ਗਈ। ਨਲਵੇ ਦੇ ਸ਼ਕਤੀਸ਼ਾਲੀ ਸਾਧਨਾਂ ਕਾਰਨ, ਵਿਸ਼ੇਸ਼ ਕਰਕੇ ਉਨ੍ਹਾਂ ਕਿਲ੍ਹਿਆਂ ਦੀ ਕੜੀ ਦੀ ਉਸਾਰੀ, ਅਫ਼ਗਾਨਾਂ ਨੂੰ ਇਹ ਯਕੀਨ ਕਰਨ ਦਾ ਅਵਸਰ ਦਿੱਤਾ ਕਿ ਉਨ੍ਹਾਂ ਦੇ ਮੁਲਕ ਉਪਰ ਹਮਲਾ ਕਰਨ ਦੀ ਵਿਉਂਤ ਬਣਾਈ ਜਾ ਰਹੀ ਹੈ। ਦੋਸਤ ਮੁਹੰਮਦ ਖ਼ਾਨ ਨੇ ਕੁਰਾਨ ਦਾ ਅਧਿਐਨ ਸਮਾਪਤ ਕਰ ਦਿੱਤਾ ਅਤੇ ਅਮਲੀ ਮਾਮਲਿਆਂ ਵੱਲ ਧਿਆਨ ਦੇਣਾ ਆਰੰਭ ਕੀਤਾ। ਉਸ ਦੀ ਆਸ ਨਾਲੋਂ ਪਹਿਲਾਂ ਹੀ ਅਮਲ ਕਰਨ ਦਾ ਅਵਸਰ ਆ ਗਿਆ। ਹਰੀ ਸਿੰਘ ਨਲਵੇ ਨਾਲ ਸ਼ਹਿਜ਼ਾਦਾ ਨੌਨਿਹਾਲ ਸਿੰਘ ਆਇਆ ਸੀ ਅਤੇ ਉਹ ਸ਼ਾਦੀ ਕਰਵਾਉਣ ਦੇ ਸੰਬੰਧ ਵਿਚ ਵਾਪਸ ਲਾਹੌਰ ਪਰਤ ਗਿਆ। ਦਰਬਾਰ ਤਾਂ ਸ਼ਾਦੀ ਦੇ ਪ੍ਰਬੰਧ ਵਿਚ ਜੁਟਿਆ ਹੋਇਆ ਸੀ। ਉਧਰ ਨਲਵਾ ਬੀਮਾਰ ਸੀ ਅਤੇ ਬਿਸਤਰੇ 'ਤੇ ਸੀ। ਦੋਸਤ ਮੁਹੰਮਦ ਨੇ ਵਿਚਾਰ ਕੀਤੀ ਕਿ ਇਹ ਸੁਨਹਿਰੀ ਸਮਾਂ ਹੈ ਤੇ ਤਲਵਾਰ ਮਿਆਨ ਵਿਚੋਂ ਬਾਹਰ ਕੱਢੀ ਜਾ ਸਕਦੀ ਹੈ। ਗਾਜ਼ੀਆਂ ਨੂੰ ਕਾਫ਼ਰਾਂ ਵਿਰੁੱਧ ਲੜਨ ਲਈ ਛੱਡਿਆ ਜਾ ਸਕਦਾ ਹੈ।

ਦੋਸਤ ਮੁਹੰਮਦ ਦੀ ਜੰਗੀ ਵਿਉਂਤ ਇਹ ਸੀ ਕਿ ਸ਼ਬਕਦਾਰ, ਜਮਰੌਦ ਅਤੇ ਪਿਸ਼ੌਰ ਤੇ ਤਾਇਨਾਤ ਪੰਜਾਬੀਆਂ ਨੂੰ ਵੱਖ-ਵੱਖ ਕਰ ਦਿੱਤਾ ਜਾਵੇ ਅਤੇ ਫਿਰ ਇਕੱਲੇ-ਇਕੱਲੇ ਨਾਲ ਨਿਪਟਿਆ ਜਾਵੇ। ਉਸ ਦੀ ਸੂਚੀ ਵਿਚ ਪਹਿਲਾ ਨੰਬਰ ਜਮਰੌਦ ਦਾ ਸੀ। ਇਹ ਚੌਕੀ ਬਹੁਤ ਅੱਗੇ ਸੀ ਅਤੇ ਪੰਜਾਬੀਆਂ ਦੇ ਕਿਲ੍ਹਿਆਂ ਦੀ ਕੜੀ ਵਿਚ ਇਹ ਸਭ ਤੋਂ ਕਮਜ਼ੋਰ ਸੀ। ਇਕ ਫ਼ੌਜੀ ਟੁਕੜੀ ਸ਼ਬਕਦਾਰ ਭੇਜੀ ਗਈ ਤਾਂ ਜੋ ਲਹਿਣਾ ਸਿੰਘ ਸੰਧਾਂਵਾਲੀਆ ਕਿਲ੍ਹਾ ਨਾ ਛੱਡ ਸਕੇ। ਨਲਵੇ ਦੀ ਬੀਮਾਰੀ ਕਾਰਨ ਪਿਸ਼ੌਰ ਦੀ ਫ਼ੌਜ ਅਚਲ ਸੀ। ਜਮਰੌਦ ਉਪਰ ਪੰਝੀ ਹਜ਼ਾਰ ਅਫ਼ਗਾਨਾਂ ਅਤੇ ਪਠਾਣਾਂ ਨੇ ਘੇਰਾ ਪਾ ਲਿਆ ਅਤੇ ਉਨ੍ਹਾਂ ਪਾਸ

ਅਨਾਰਾਂ ਭਾਰੀ ਤੋਪਾਂ ਸਨ।

ਮਹਾਂ ਸਿੰਘ ਅਧੀਨ ਛੇ ਸੌ ਸਿਪਾਹੀ ਸਨ ਅਤੇ ਕਿਲ੍ਹੇ ਅੰਦਰ ਕੁਝ ਹਲਕੀਆਂ ਤੋਪਾਂ ਸਨ। ਘੇਰਾ ਪਾਉਣ ਦੇ ਕੁਝ ਹੀ ਘੰਟਿਆਂ ਅੰਦਰ ਜਮਰੌਦ ਉਪਰ ਭਾਰੀ ਤੋਪਾਂ ਦੇ ਗੋਲੇ ਸੁੱਟੇ ਗਏ ਅਤੇ ਜਮਰੌਦ ਦੀ ਦੀਵਾਰ ਨੂੰ ਢੇਰ ਬਣਾ ਦਿੱਤਾ। ਮਹਾਂ ਸਿੰਘ ਦੇ ਸਿਪਾਹੀਆਂ ਖੰਦਕਾਂ ਪੁੱਟ ਲਈਆਂ ਅਤੇ ਚਾਰ ਦਿਨ ਤੱਕ ਅਫ਼ਗਾਨਾਂ ਅਤੇ ਪਠਾਣਾਂ ਨੂੰ ਨੇੜੇ ਨਾ ਆਉਣ ਦਿੱਤਾ। ਮਹਾਂ ਸਿੰਘ ਨੇ ਪਿਸ਼ੌਰ ਤੋਂ ਸਹਾਇਤਾ ਲਈ ਬੇਨਤੀ ਕੀਤੀ। ਨਲਵਾ ਆਪਣੇ ਬਿਸਤਰੇ ਤੋਂ ਉਠਿਆ ਅਤੇ ਜਮਰੌਦ ਵੱਲ ਚੱਲ ਪਿਆ।

ਨਲਵੇ ਦੇ ਜਮਰੂਦ ਪਹੁੰਚਣ ਨਾਲ ਦੁਸ਼ਮਣ ਨੇ ਇਸ ਦਾ ਘੇਰਾ ਹਟਾ ਲਿਆ ਅਤੇ ਖੈਬਰ ਵਾਦੀ ਵਿਚ ਡਟ ਗਏ। ਇਸ ਨਾਲ ਇਹ ਯਕੀਨ ਹੋ ਗਿਆ ਕਿ ਹਾਰ ਹੋਣ ਦੀ ਸੂਰਤ ਵਿਚ ਬਚ ਨਿਕਲਣ ਦਾ ਰਾਹ ਸੌਖਾ ਹੋ ਜਾਵੇਗਾ। ਨਲਵੇ ਨੇ ਆਪਣੀਆਂ ਫ਼ੌਜਾਂ ਦੀ ਸਫ਼ਬੰਦੀ ਕਰ ਲਈ ਅਤੇ ਇਸ ਉਡੀਕ ਵਿਚ ਰਿਹਾ ਕਿ ਦੁਸ਼ਮਣ ਹਮਲਾ ਕਰੇ। ਦੁਸ਼ਮਣ ਦੀ ਫ਼ੌਜ ਤਿੰਨ ਗੁਣਾ ਸੀ। ਥੋੜ੍ਹਾ ਉਡੀਕਣ ਉਪਰੰਤ ਨਲਵੇ ਨੇ ਇਹ ਭਾਂਪ ਲਿਆ ਸੀ ਕਿ ਅਫ਼ਗਾਨਾਂ ਤੇ ਪਠਾਣਾਂ ਦੀ ਨੀਅਤ ਲੜਾਈ ਕਰਨ ਦੀ ਨਹੀਂ ਸੀ। ਉਨ੍ਹਾਂ ਪੰਜਾਬੀ ਸਿਪਾਹੀਆਂ ਨੂੰ ਅੱਗੇ ਵਧਣ ਦੇ ਆਦੇਸ਼ ਦਿੱਤੇ। ਟੱਕਰ ਅਪ੍ਰੈਲ 30, 1837 ਨੂੰ ਹੋਈ। ਪੰਜਾਬੀਆਂ ਨੇ ਦੁਸ਼ਮਣ ਨੂੰ ਆਪਣੇ ਅੱਗੇ ਲਾ ਲਿਆ। ਦੋਸਤ ਮੁਹੰਮਦ ਦਾ ਪੁੱਤਰ ਅਕਬਰ ਖ਼ਾਨ ਅਫ਼ਗਾਨਾਂ ਦੀ ਭਾਜੜ ਨੂੰ ਇਕ ਢਲਵਾਨ ਤੋਂ ਵੇਖ ਰਿਹਾ ਸੀ। ਉਸ ਇਹ ਭਾਂਪ ਲਿਆ ਕਿ ਫ਼ੌਜੀ ਦਸਤੇ ਨਾਲੋਂ ਨਲਵਾ ਕਾਫ਼ੀ ਅੱਗੇ ਹੈ। ਅਕਬਰ ਖ਼ਾਨ ਅਗਲੇ ਦਸਤੇ ਉਪਰ ਟੁੱਟ ਪਿਆ ਅਤੇ ਨਲਵੇ ਦੇ ਹੌਦੇ ਵਿਚ ਗੋਲਾ ਸੁੱਟਿਆ।

ਨਲਵਾ ਬੁਰੀ ਤਰ੍ਹਾਂ ਫੱਟੜ ਹੋ ਗਿਆ। ਉਸ ਆਪਣੇ ਸਰਦਾਰਾਂ ਨੂੰ ਆਦੇਸ਼ ਦਿੱਤਾ ਕਿ ਉਸ ਦੀ ਮੌਤ ਨੂੰ ਗੁਪਤ ਰਖਿਆ ਜਾਵੇ ਜਦੋਂ ਤਾਈਂ ਦੁਸ਼ਮਣ ਖੈਬਰ ਦਾ ਦਰਵਾਜ਼ਾ ਨਹੀਂ ਟੱਪ ਜਾਂਦਾ। ਅਫ਼ਗਾਨਾਂ ਹੱਥੋਂ ਨਲਵੇ ਦੇ ਮਾਰੇ ਜਾਣ ਨਾਲ ਜਮਰੌਦ ਦੀ ਜਿੱਤ ਹਾਰ ਵਿਚ ਬਦਲ ਗਈ।

ਦੋਸਤ ਮੁਹੰਮਦ ਨੇ ਬਹੁਤ ਦਾਅਵਾ ਕੀਤਾ ਕਿ ਜਮਰੌਦ ਦੀ ਲੜਾਈ ਵਿਚ ਜਿੱਤ ਅਫ਼ਗਾਨਾਂ ਦੀ ਹੋਈ ਹੈ ਅਤੇ ਇਸ ਦਾ ਸਿਹਰਾ ਉਸ ਆਪਣੇ ਲੜਕੇ ਦੇ ਸਿਰ ਬੰਨ੍ਹਿਆ। ਪਰ ਗੁਆਂਢ ਦੀਆਂ ਪਹਾੜੀਆਂ ਅਤੇ ਵਾਦੀਆਂ ਵਿਚ ਵਸਦੇ ਕਬਾਇਲੀ ਨੱਕ ਅੱਗੇ ਕਪੜਾ ਰੱਖ ਰਹੇ ਸਨ ਕਿਉਂਕਿ ਗਿਆਰਾਂ ਹਜ਼ਾਰ ਪਠਾਣਾਂ ਅਤੇ ਅਫ਼ਗਾਨਾਂ ਦੀਆਂ ਲਾਸ਼ਾਂ ਵਿਚੋਂ ਜਿਹੜੀ ਸੜ੍ਹਾਂਦ ਉਭਰਦੀ ਸੀ, ਉਸ ਨਾਲ ਸਾਰੇ ਪ੍ਰਭਾਵਿਤ ਹੋ ਗਏ ਸਨ। ਪੰਜਾਬ ਦੇ ਨਿਸ਼ਾਨ ਅਜੇ ਵੀ ਬਾਲਾ ਹਿਸਾਰ, ਸਬਕਦਾਰ ਅਤੇ ਜਮਰੌਦ ਦੀ ਢੱਠੀ ਹੋਈ ਦੀਵਾਰ ਤੇ ਝੂਲਦੇ ਸਨ। ਬਹਾਦਰ ਨਲਵੇ ਦੇ ਭੂਤ ਤੋਂ ਅਜੇ ਵੀ ਪਹਾੜੀਆਂ ਤੇ ਵੱਸਦੇ ਲੋਕ ਡਰਦੇ ਸਨ। ਲੋਕਾਂ ਅੰਦਰ ਇਕ ਸਹਿਮ ਸੀ।

ਦੋਸਤ ਮੁਹੰਮਦ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਆਪਣੀ ਖੁੱਸੀ ਹੋਈ ਇੱਜ਼ਤ ਨੂੰ ਮੁੜ ਬਹਾਲ ਕਰੇ। ਇਹ ਕਿਹਾ ਜਾਂਦਾ ਹੈ ਕਿ ਉਸ ਮਹਾਰਾਜਾ ਰਣਜੀਤ ਸਿੰਘ ਨੂੰ ਲਿਖਿਆ : "ਮੈਂ ਆਪ ਨੂੰ ਇਉਂ ਹੀ ਸਮਝਿਆ ਹੈ ਕਿ ਮੈਨੂੰ ਤਖ਼ਤ ਦਾ ਵਾਰਸ ਬਣਾਉਣ ਵਾਲੇ ਤੁਸੀਂ ਹੀ ਹੋ, ਮੈਂ ਤਾਂ ਤੁਹਾਡਾ ਅਦਨਾ ਗ਼ੁਲਾਮ ਹਾਂ।" ਜੇਕਰ ਦਰਬਾਰ ਵੱਲੋਂ ਉਸ ਨੂੰ ਪਿਸ਼ੌਰ ਸੌਂਪ ਦਿੱਤਾ ਜਾਂਦਾ ਤਾਂ ਸਰਹੱਦ 'ਤੇ ਕਿਸੇ ਪ੍ਰਕਾਰ ਦੀ ਗੜਬੜ ਦਾ ਤੌਖਲਾ ਨਹੀਂ ਸੀ। ਪਰ ਜੇਕਰ ਦਰਬਾਰ ਨੇ ਉਸ ਦੀ ਅਰਜ਼ ਨੁਕਰਾ ਦਿੱਤੀ ਤਾਂ ਹਾਲਾਤ ਹੱਥੋਂ ਮਜਬੂਰ ਹੋ ਕੇ ਉਹ ਲੜੇ-ਭਿੜੇਗਾ—ਤੰਗ ਆਮਦ ਬਜੰਗ ਆਮਦ—ਤੰਗ ਪਿਆ ਆਦਮੀ ਲੜਨ ਤੋਂ

ਬਿਨਾਂ ਹੋਰ ਕੀ ਕਰ ਸਕਦਾ ਹੈ ?

ਅਫ਼ਗਾਨਾਂ ਵੱਲੋਂ ਪਿਸ਼ੌਰ ਦੀ ਕੀਤੀ ਗਈ ਮੰਗ ਦਰਬਾਰ ਨੇ ਠੁਕਰਾ ਦਿੱਤੀ ਅਤੇ ਨਾਲ ਹੀ ਤਾੜਨਾ ਕੀਤੀ : "ਅਮਨ ਦਾ ਬਹਾਲ ਕਰਨਾ ਅਫ਼ਗਾਨਾਂ ਦਾ ਹੀ ਅਧਿਕਾਰ ਨਹੀਂ । ਜੇਕਰ ਅਫ਼ਗਾਨ ਪੰਜਾਬੀਆਂ ਨੂੰ ਲੜਨ ਲਈ ਮਜਬੂਰ ਕਰ ਸਕਦੇ ਹਨ ਤਾ ਪੰਜਾਬੀਆਂ ਨੂੰ ਵੀ ਹੱਕ ਹੈ ਕਿ ਅਫ਼ਗਾਨਾਂ ਨਾਲ ਦੋ ਹੱਥ ਕਰ ਲੈਣ ।".

ਅੰਗਰੇਜ਼ਾ ਨੇ ਪੰਜਾਬੀਆਂ ਅਤੇ ਅਫ਼ਗਾਨਾਂ ਵਿਚਕਾਰ ਵਧਦੇ ਤਣਾਓ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ । ਰੂਸੀ ਪੂਰਬ ਵੱਲ ਵਧ ਰਹੇ ਸਨ ਅਤੇ ਉਨ੍ਹਾਂ ਫ਼ਾਰਸ ਨੂੰ ਆਪਣੇ ਵੱਲ ਕਰ ਲਿਆ । ਇਹ ਵੀ ਕਿਹਾ ਜਾਂਦਾ ਸੀ ਕਿ ਉਨ੍ਹਾਂ ਦੇ ਏਜੰਟ ਕਾਬੁਲ ਵਿਚ ਸਰਗਰਮ ਸਨ । ਗਵਰਨਰ ਜਨਰਲ ਨੇ ਅਲਜ਼ੈਂਦਰ ਬਰਨੇਸ ਨੂੰ ਅਫ਼ਗਾਨਿਸਤਾਨ ਭੇਜਿਆ ਤਾਂ ਜੋ ਦੋਸਤ ਮੁਹੰਮਦ ਨੂੰ ਅੰਗਰੇਜ਼ਾਂ ਵੱਲ ਖਿੱਚੇ ਅਤੇ ਦੋਸਤੀ ਦਾ ਹੱਥ ਵਧਾਇਆ ਜਾਵੇ ।

ਦੋਸਤ ਮੁਹੰਮਦ ਨੇ ਇਹ ਸ਼ਰਤ ਰੱਖੀ ਕਿ ਪਿਸ਼ੌਰ ਉਸ ਨੂੰ ਦਿਵਾਇਆ ਜਾਵੇ ਤਾਂ ਉਹ ਅੰਗਰੇਜ਼ਾਂ ਨਾਲ ਮਿਲ ਸਕੇਗਾ । ਹੁਣ ਗਵਰਨਰ ਜਨਰਲ ਆਕਲੈਂਡ ਲਈ ਦੁਬਿਧਾ ਸੀ ਕਿ ਦੋਸਤ ਮੁਹੰਮਦ ਦੀ ਦੋਸਤੀ ਪ੍ਰਾਪਤ ਕਰੇ ਜਾਂ ਮਹਾਰਾਜਾ ਰਣਜੀਤ ਸਿੰਘ ਨਾਲ ਬਣਾਈ ਰੱਖੇ । ਉਸ ਮਹਾਰਾਜਾ ਰਣਜੀਤ ਸਿੰਘ ਦੀ ਚੋਣ ਕੀਤੀ ਅਤੇ ਦਰਬਾਰ ਦੀ ਸਹਾਇਤਾ ਨਾਲ ਦੋਸਤ ਮੁਹੰਮਦ ਨੂੰ ਹਟਾ ਕੇ ਉਸ ਦੀ ਥਾਂ ਸ਼ਾਹ ਸ਼ੁਜਾਹ ਨੂੰ ਤਖ਼ਤ 'ਤੇ ਬਿਠਾਇਆ ਜਾਵੇ । ਆਪਣੇ ਪ੍ਰਤੀਕਰਮ ਵਿਚ ਦਰਬਾਰ ਦੁਚਿੱਤੀ ਵਿਚ ਸੀ । ਮੁੱਖ ਵਜ਼ੀਰ ਅਤੇ ਬਹੁ-ਗਿਣਤੀ ਮੰਤਰੀ ਇਹ ਖ਼ਿਆਲ ਕਰਦੇ ਸਨ ਕਿ ਅੰਗਰੇਜ਼ਾਂ ਦੀ ਤਜਵੀਜ਼ ਰੱਦ ਕਰ ਦਿੱਤੀ ਜਾਵੇ । ਪਰ ਫ਼ਕੀਰ ਅਜ਼ੀਜ਼-ਉਦ-ਦੀਨ ਅੰਗਰੇਜ਼ਾਂ ਨਾਲ ਸਹਿਯੋਗ ਕਰਨ ਦੇ ਹੱਕ ਵਿਚ ਸੀ । ਕੁਝ ਝਿਜਕ ਕਰਨ ਉਪਰੰਤ ਮਹਾਰਾਜਾ ਸਾਹਿਬ ਨੇ ਫ਼ਕੀਰ ਦੀ ਗੱਲ ਸਵੀਕਾਰ ਕਰ ਲਈ ਅਤੇ ਬਾਕੀ ਮੰਤਰੀਆਂ ਨੂੰ ਵੀ ਕਾਇਲ ਕਰ ਲਿਆ ਕਿ ਅੰਗਰੇਜ਼ਾਂ ਦੀ ਮੁਹਿੰਮ ਦੀ ਹਮਾਇਤ ਕੀਤੀ ਜਾਵੇ । ਅੰਗਰੇਜ਼ਾਂ ਦਾ ਇਕ ਡੈਲੀਗੇਸ਼ਨ ਪੰਜਾਬ ਆਇਆ । ਇਸ ਵਿਚ ਹੋਰਨਾਂ ਦੇ ਨਾਲ ਮੈਕਨਾਟਨ ਅਤੇ ਵਾਡੇ ਵੀ ਸਨ । ਇਨ੍ਹਾਂ ਰਲ ਕੇ ਤ੍ਰੈ-ਪੱਖੀ ਸੰਧੀ ਦੀਆਂ ਸ਼ਰਤਾਂ ਨਜਿੱਠੀਆਂ । ਇਹ ਸੰਧੀ ਦਰਬਾਰ, ਅੰਗਰੇਜ਼ਾਂ ਅਤੇ ਸ਼ਾਹ ਸ਼ੁਜਾਹ ਵਿਚਕਾਰ ਸੀ । ਇਸ ਸੰਧੀ ਦੀ ਪੁਸ਼ਟੀ ਫ਼ੀਰੋਜ਼ਪੁਰ ਵਿਖੇ ਹੋਣੀ ਸੀ ਜਦੋਂ ਨਵੰਬਰ 1838 ਦੇ ਆਖ਼ਰੀ ਸਪਤਾਹ ਵਿਚ ਦਰਬਾਰ ਅਤੇ ਅੰਗਰੇਜ਼ਾਂ ਦੀਆਂ ਫ਼ੌਜੀ ਟੁਕੜੀਆਂ 'ਸਿੰਧ ਦੀ ਮਹਾਨ ਫ਼ੌਜ' ਦੇ ਰੂਪ ਵਿਚ ਜੁੜਦੀਆਂ ਅਤੇ ਇਨ੍ਹਾਂ ਦਾ ਨਿਰੀਖਣ ਮਹਾਰਾਜਾ ਸਾਹਿਬ ਅਤੇ ਗਵਰਨਰ ਜਨਰਲ ਕਰ ਲੈਂਦੇ ।

ਸਿੰਧ ਦੀ ਮਹਾਨ ਫ਼ੌਜ

ਫ਼ੀਰੋਜ਼ਪੁਰ ਵਿਚ ਹੋਣ ਵਾਲੀ ਇਕੱਤਰਤਾ ਤੋਂ ਇਕ ਮਹੀਨਾ ਪਹਿਲਾਂ ਮੁਹਿੰਮ ਲਈ ਜ਼ਾਹਰੀ ਕਾਰਨ ਖ਼ਤਮ ਹੋ ਗਿਆ । ਅਕਤੂਬਰ 22, 1838 ਨੂੰ ਫ਼ਾਰਸਵਾਸੀਆਂ ਨੇ ਹੇਰਾਤ ਦਾ ਘੇਰਾ ਹਟਾ ਲਿਆ, ਜਿਸ ਸਦਕਾ ਫ਼ਾਰਸ-ਰੂਸ ਦੇ ਅਫ਼ਗਾਨਿਸਤਾਨ ਵਿਚ ਘੁਸਪੈਠ ਕਰਨ ਦਾ ਖ਼ਤਰਾ ਟਲ ਗਿਆ । ਪਰ ਅੰਗਰੇਜ਼ਾਂ ਨੇ ਅਫ਼ਗਾਨਿਸਤਾਨ ਹੱਥ ਵਿਚ ਲੈਣ ਦੀ ਮੁਹਿੰਮ ਨੂੰ ਤਿਲਾਂਜਲੀ ਨਹੀਂ ਦਿੱਤੀ । ਜੇਕਰ ਦੇਸ਼ ਦੀ ਰਾਖੀ ਰੂਸੀਆਂ ਕੋਲੋਂ ਕਰਨੀ ਹੈ ਤਾਂ ਇਸ ਨੂੰ ਹੋਰਨਾਂ ਪਾਸੋਂ ਕਿਉਂ ਨਾ ਸੁਰੱਖਿਅਤ ਕੀਤਾ ਜਾਵੇ ? ਪਰ ਉਨ੍ਹਾਂ ਕਾਰਨਾਂ ਦਾ ਪਤਾ ਕਦੇ ਵੀ ਨਹੀਂ ਲੱਗ ਸਕਦਾ ਕਿ ਮਹਾਰਾਜਾ ਸਾਹਿਬ ਅੰਗਰੇਜ਼ਾਂ ਦੀ ਸਕੀਮ ਦੀ ਹਾਮੀ ਕਿਉਂ ਭਰਦੇ ਰਹੇ, ਹਾਲਾਂਕਿ ਇਹ ਸਪੱਸ਼ਟ ਹੋ ਗਿਆ ਸੀ ਕਿ ਅੰਗਰੇਜ਼ ਅਫ਼ਗਾਨਿਸਤਾਨ ਨੂੰ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੇ ਸਨ ।

ਸਿੰਧ ਦੀ ਫ਼ੌਜ ਨੇ ਦੋ ਦਿਸ਼ਾਵਾਂ ਤੋਂ ਅਫ਼ਗਾਨਿਸਤਾਨ ਉਪਰ ਹਮਲਾ ਕਰਨਾ ਸੀ। ਪੰਜਾਬ ਦੀ ਫ਼ੌਜ ਨੇ ਕਰਨੈਲ ਸ਼ੇਖ਼ ਬਸਾਵਾਂ ਦੀ ਕਮਾਨ ਅਧੀਨ ਖ਼ੈਬਰ ਦੱਰੇ ਨੂੰ ਲੰਘ ਕੇ ਪੂਰਬ ਪਾਸਿਓਂ ਕਾਬੁਲ ਪਹੁੰਚਣਾ ਸੀ। ਸ਼ਹਿਜ਼ਾਦੇ ਤੈਮੂਰ ਦੀ ਨਫ਼ਰੀ ਅਤੇ ਕਪਤਾਨ ਵਾਡੇ ਨੇ, ਜਿਸ ਨੂੰ ਮੁੱਖ ਸੰਪਰਕ ਅਧਿਕਾਰੀ ਥਾਪਿਆ ਗਿਆ ਸੀ, ਪੰਜਾਬੀਆਂ ਨਾਲ ਸਾਥ ਕਰਨਾ ਸੀ। ਅੰਗਰੇਜ਼ੀ ਫ਼ੌਜ (ਪਠਾਣਾਂ ਅਤੇ ਅਫ਼ਗਾਨਾਂ ਦੀ ਨਫ਼ਰੀ ਸਹਿਤ) ਨੇ ਸਰ ਜਾਨ ਕੀਨੇ ਦੀ ਕਮਾਨ ਅਧੀਨ ਸਿੰਧ ਤੋਂ ਕਾਬਲ ਵਿਖੇ ਪੰਜਾਬੀਆਂ ਨਾਲ ਮਿਲ ਜਾਣਾ ਸੀ। ਸ਼ਾਹ ਸ਼ੁਜਾਹ ਨੇ ਅੰਗਰੇਜ਼ਾਂ ਦੇ ਦਸਤੇ ਨਾਲ ਹੋਣਾ ਸੀ। ਸੰਧੀ ਦੀਆਂ ਸ਼ਰਤਾਂ ਪਹਿਲਾਂ ਹੀ ਮੰਨੀਆਂ ਜਾ ਸਕਦੀਆਂ ਸਨ ਇਸ ਲਈ ਫ਼ੀਰੋਜ਼ਪੁਰ ਵਿਖੇ ਜੁੜਨਾ ਅਕਾਰਥ ਸੀ ਜਿਥੇ ਕੇਵਲ ਸੁਗਾਤਾਂ ਹੀ ਲਈਆਂ-ਦਿੱਤੀਆਂ ਜਾਂਦੀਆਂ ਜਾਂ ਇਕ-ਦੂਜੇ ਦੀ ਤਾਰੀਫ਼ ਕੀਤੀ ਜਾਂਦੀ। ਸ਼ਰਾਬ ਦੇ ਦੌਰ ਚੱਲਦੇ ਅਤੇ ਮੁਜਰੇ ਨਾਲ ਦਿਲ ਬਹਿਲਾਇਆ ਜਾਂਦਾ।

ਅੰਤ

ਜਸ਼ਨਾਂ ਅਤੇ ਮੌਜ-ਮੇਲਿਆਂ ਦੌਰਾਨ, ਮਹਾਰਾਜਾ ਰਣਜੀਤ ਸਿੰਘ ਦੀ ਵਿਗੜੀ ਹੋਈ ਸਿਹਤ ਹੋਰ ਵੀ ਖ਼ਰਾਬ ਹੋ ਗਈ। ਦਸੰਬਰ 24, 1838 ਨੂੰ ਉਨ੍ਹਾਂ ਦਾ ਇਕ ਪਾਸਾ ਮਾਰਿਆ ਗਿਆ, ਅਧਰੰਗ ਹੋ ਗਿਆ। ਉਹ ਨਾ ਤਾਂ ਬਿਸਤਰੇ ਤੋਂ ਉਠ ਸਕਦੇ ਅਤੇ ਨਾ ਹੀ ਆਪਣੇ ਮਹਿਮਾਨਾਂ ਨਾਲ ਦੋ ਵਿਦਾਇਗੀ ਸ਼ਬਦ ਸਾਂਝੇ ਕਰ ਸਕਦੇ ਸਨ। ਛੇ ਮਹੀਨੇ ਤਕ ਉਹ ਆਪਣੇ ਜੀਵਨ ਲਈ ਘੁਲਦੇ ਰਹੇ ਪਰ ਜੂਨ 1839 ਤਕ ਸਭ ਆਸਾਂ 'ਤੇ ਪਾਣੀ ਫਿਰ ਗਿਆ। ਬਚਣ ਦੀ ਕੋਈ ਆਸ ਨਾ ਰਹੀ। ਖੜਕ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਹੋਣ ਦਾ ਖ਼ਿਤਾਬ ਦਿੱਤਾ ਗਿਆ। ਅੰਤ ਜੂਨ 27, 1839 ਨੂੰ, ਪੂਰੇ ਚਾਲ੍ਹੀ ਵਰ੍ਹਿਆਂ ਪਿੱਛੋਂ ਜਦੋਂ ਉਹ ਲਾਹੌਰ ਦਾ ਵਿਜੇਤਾ ਬਣ ਕੇ ਦਾਖ਼ਲ ਹੋਇਆ ਸੀ, ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਾਣ ਤਿਆਗ ਦਿੱਤੇ।

ਅਗਲੇ ਦਿਨ ਮਹਾਰਾਜਾ ਸਾਹਿਬ ਦੀ ਦੇਹ ਦਾ ਸਸਕਾਰ ਕੀਤਾ ਗਿਆ। ਉਸ ਸਮੇਂ ਦਾ ਹਾਲ ਸਮਾਚਾਰ ਲਿਖਾਰੀ ਨੇ ਇਸ ਪ੍ਰਕਾਰ ਦਿੱਤਾ ਹੈ : "ਸੰਦਲ ਦੀਆਂ ਲਕੜੀਆਂ ਉਪਰ ਮਹਾਰਾਜਾ ਸਾਹਿਬ ਦਾ ਮ੍ਰਿਤਕ ਸਰੀਰ ਰੱਖਿਆ ਗਿਆ। ਰਾਣੀ ਗੁੱਦਣ ਵੀ ਨਾਲ ਹੀ ਬੈਠ ਗਈ ਅਤੇ ਉਸ ਮਹਾਰਾਜਾ ਸਾਹਿਬ ਦਾ ਸੀਸ ਆਪਣੀ ਗੋਦ ਵਿਚ ਰੱਖ ਲਿਆ। ਹੋਰ ਰਾਣੀਆਂ ਅਤੇ ਸੱਤ ਬਾਂਦੀਆਂ ਵੀ ਨਾਲੋ-ਨਾਲ ਸਜ ਗਈਆਂ। ਉਨ੍ਹਾਂ ਦੇ ਚਿਹਰੇ 'ਤੇ ਸੰਤੁਸ਼ਟਤਾ ਦੇ ਚਿੰਨ੍ਹ ਸਨ।" ਡਾ. ਹੋਨਿੰਗਬਰਗਰ ਇਸ ਕਹਾਣੀ ਨੂੰ ਅੱਗੇ ਤੋਰਦਾ ਹੈ : "ਸ਼ਾਸਤਰਾਂ ਤੋਂ ਮੰਤਰਾਂ ਦਾ ਉਚਾਰਣ ਪੰਡਿਤ ਕਰਦੇ ਰਹੇ। ਸਿੱਖਾਂ ਦੇ ਗ੍ਰੰਥੀ ਆਪਣੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਰਹੇ। ਮੁਸਲਮਾਨਾਂ ਦੇ ਮੁੱਖ ਤੋਂ ਯਾ ਅੱਲਾਹ! ਯਾ ਅੱਲਾਹ! ਨਿਕਲ ਰਿਹਾ ਸੀ। ਪੂਜਾ-ਬੰਦਨਾ ਇਕ ਘੰਟੇ ਤਕ ਚਲਦੀ ਰਹੀ।" ਸਮਾਚਾਰ ਲਿਖਾਰੀ ਦੱਸਦਾ ਹੈ : "ਬ੍ਰਾਹਮਣਾ ਵੱਲੋਂ ਨਿਸ਼ਚਿਤ ਕੀਤੇ ਠੀਕ 10 ਵਜੇ ਦੇ ਸਮੇਂ ਕੰਵਰ ਖੜਕ ਸਿੰਘ ਨੇ ਚਿਤਾ ਨੂੰ ਅੱਗ ਲਗਾਈ ਅਤੇ ਪੰਜਾਬ ਦਾ ਹਾਕਮ ਆਪਣੀਆਂ ਚਾਰ ਰਾਣੀਆਂ ਅਤੇ ਸੱਤ ਬਾਂਦੀਆਂ ਸਹਿਤ ਜਲ ਕੇ ਰਾਖ ਦਾ ਢੇਰ ਹੋ ਗਿਆ। ਹਲਕੀ ਜਿਹੀ ਬਦਲੀ ਅੰਬਰ ਵਿਚ ਦਿੱਸੀ ਅਤੇ ਚਾਰ ਕਣੀਆਂ ਦਾ ਸ਼ਗਨ ਕਰਕੇ ਅਲੋਪ ਹੋ ਗਈ। ਮਹਿਲਾਂ ਅੰਦਰ ਰਾਣੀਆਂ ਦੇ ਵਿਰਲਾਪ ਅਤੇ ਹਰ ਉਮਰ, ਧਰਮ ਦੇ ਨਰ-ਨਾਰੀਆਂ ਦੇ ਸੋਕ-ਗ੍ਰਸਤ ਹਉਕੇ-ਹਾਵਿਆਂ ਨਾਲ ਦਿਲ ਫਟਦਾ ਜਾਂਦਾ ਸੀ।"

ਪੰਜਾਬ ਦੇ ਇਤਿਹਾਸ ਅੰਦਰ ਜਿਹੜਾ ਪਿਆਰ ਅਤੇ ਜੋਸ਼ ਮਹਾਰਾਜਾ ਰਣਜੀਤ ਸਿੰਘ

ਲਈ ਦਰਸਾਇਆ ਗਿਆ ਉਹ ਜਿਹਾ ਕਿਸੇ ਹੋਰ ਵਿਅਕਤੀ ਲਈ ਨਹੀਂ ਦਰਸਾਇਆ ਗਿਆ। ਉਨ੍ਹਾਂ ਦੇ ਹਰਮਨ-ਪਿਆਰਾ ਹੋਣ ਵਿਚ ਉਨ੍ਹਾਂ ਦੇ ਨਖਸ਼ਿਖ ਦਾ ਹਿੱਸਾ ਬਹੁਤ ਘੱਟ ਸੀ। ਉਨ੍ਹਾਂ ਦਾ ਕੱਦ ਦਰਮਿਆਨਾ ਸੀ ਅਤੇ ਰੰਗ ਵੀ ਥੋੜ੍ਹਾ ਪੱਕਾ ਸੀ। ਚਿਹਰੇ ਤੇ ਮਾਤਾ ਦੇ ਦਾਗ ਸਨ ਅਤੇ ਖੁੱਲ੍ਹੀ ਲੰਮੀ ਚਿੱਟੀ ਦਾੜ੍ਹੀ ਸੀ। ਖੱਬੀ ਅੱਖ ਖੁੱਲ੍ਹੇ ਜ਼ਖ਼ਮ ਵਾਂਗ ਜਾਪਦੀ ਸੀ। "ਉਨ੍ਹਾਂ ਦੀਆਂ ਰੋਬੀਲੀਆਂ ਮੁੱਛਾਂ ਸਨ ਅਤੇ ਇਕ ਅੱਖ ਸੀ", ਏਮਿਲੀ ਏਦਨ ਨੇ ਲਿਖਿਆ ਹੈ : "ਭਾਵੇਂ ਚਿਹਰੇ ਦੇ ਕਜ ਸਨ ਤਾਂ ਵੀ ਉਨ੍ਹਾਂ ਦੇ ਚਿਹਰੇ ਉਪਰ ਸ਼ਾਹੀ ਜਲਾਲ ਸੀ।" ਉਨ੍ਹਾਂ ਨੂੰ ਮਿਲਣ ਵਾਲੇ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਨਜ਼ਰ ਬਹੁਤ ਡੂੰਘੀ ਸੀ ਅਤੇ ਤੇਜਮਈ ਅੱਖਾਂ ਵਿਚ ਅਜੀਬ ਵਿਆਕੁਲਤਾ ਜਾਪਦੀ ਸੀ। ਜਦੋਂ ਪੰਜਾਬੀ ਡੈਲੀ-ਗੇਸ਼ਨ ਦੀ ਅਗਵਾਈ ਕਰਦਾ ਹੋਇਆ ਫ਼ਕੀਰ ਅਜ਼ੀਜ਼-ਉਦ-ਦੀਨ 1831 ਵਿਚ ਸ਼ਿਮਲੇ ਲਾਰਡ ਬੈਨਟਿਕ ਨੂੰ ਮਿਲਣ ਵਾਸਤੇ ਗਿਆ ਤਾਂ ਉਸ ਪਾਸੋਂ ਪੁੱਛਿਆ ਗਿਆ ਕਿ ਰਣਜੀਤ ਸਿੰਘ ਕਿਸ ਅੱਖੋਂ ਕਾਣਾ ਹੈ ? "ਉਨ੍ਹਾਂ ਦੇ ਚਿਹਰੇ ਦਾ ਜਲਾਲ ਏਨਾ ਤੇਜ਼ ਹੈ ਕਿ ਮੈਂ ਪੂਰੀ ਤਰ੍ਹਾਂ ਇਸ ਗੱਲ ਵੱਲ ਕਦੇ ਧਿਆਨ ਨਾਲ ਨਹੀਂ ਦੇਖ ਸਕਿਆ।" ਫ਼ਕੀਰ ਸਾਹਿਬ ਦਾ ਉੱਤਰ ਸੀ।

ਭਾਵੇਂ ਕੱਦ ਦਰਮਿਆਨਾ ਸੀ ਅਤੇ ਦੀਨ ਦਾ ਹਲਕਾ ਸੀ, ਪਰ ਬੜਾ ਗਠਿਆ ਹੋਇਆ ਸੀ। ਜਿਵੇਂ ਚਾਬਕ ਦੀਆਂ ਡੋਰਾਂ ਨਾਲ ਬਣਿਆ ਹੋਇਆ ਹੋਵੇ। ਉਹ ਇਕ ਸ਼ਾਹ ਸਵਾਰ ਸਨ। ਉਸ ਦੇ ਜੀਵਨ ਅੰਦਰ ਘੋੜਿਆਂ ਲਈ ਏਨੀ ਲਗਨ ਸੀ ਕਿ ਦਿਨ ਦੇ ਘੱਟੋ-ਘੱਟ ਦਸ ਘੰਟੇ ਉਹ ਘੋੜੇ ਦੀ ਕਾਠੀ ਉਪਰ ਗੁਜ਼ਾਰਦੇ। ਭਾਵੇਂ ਉਨ੍ਹਾਂ ਦਾ ਜਿਸਮ ਅੱਛੀ ਬਣਤਰ ਵਿਚ ਸੀ ਤਾਂ ਵੀ ਉਨ੍ਹਾਂ ਨੂੰ ਰੋਗ-ਭਰਮ ਸੀ। ਹਰ ਦੂਜੇ ਦਿਨ ਉਹ ਹਕੀਮਾਂ ਅਤੇ ਵੈਦਾਂ ਨੂੰ ਆਪਣੀ ਨਬਜ਼ ਵਿਖਾਉਂਦੇ ਅਤੇ ਆਪਣੀਆਂ ਵਹਿਮੀ ਬੀਮਾਰੀਆਂ ਲਈ ਦਾਰੂ-ਦਰਮਲ ਮੰਗਦੇ। ਉਹ ਨਿਡਰ ਸੂਰਮਾ ਸੀ ਅਤੇ ਬਿਨਾਂ ਆਪਣੀ ਜਾਨ ਦੇ ਖ਼ਤਰੇ ਦੀ ਪਰਵਾਹ ਕੀਤਿਆਂ ਉਹ ਰਣ ਵਿਚ ਕੁੱਦ ਪੈਂਦੇ ਸਨ। ਇਸੇ ਹੀ ਗੁਣਵੱਤਾ ਕਰਕੇ ਉਨ੍ਹਾਂ ਨੇ 'ਸ਼ੇਰੇ-ਏ-ਪੰਜਾਬ' ਦਾ ਖ਼ਿਤਾਬ ਜਿੱਤਿਆ।

ਭਾਵੇਂ ਮਹਾਰਾਜਾ ਰਣਜੀਤ ਸਿੰਘ ਆਪ ਕਰੂਪ ਸੀ ਪਰ ਉਹ ਸੁੰਦਰਤਾ ਦਾ ਸ਼ੈਦਾਈ ਸੀ। ਉਹ ਸਦਾ ਹੀ ਸੋਹਣੇ ਗਭਰੂਆਂ ਅਤੇ ਸੁੰਦਰ ਮੁਟਿਆਰਾਂ ਨਾਲ ਘਿਰਿਆ ਰਹਿੰਦਾ। ਉਹਦੀ ਪਹਿਨਣੀ ਬੜੀ ਸਾਦਾ ਸੀ। ਸਰਦੀਆਂ ਵਿਚ ਕੇਸਰੀ ਕਸ਼ਮੀਰਾ ਅਤੇ ਗਰਮੀਆਂ ਵਿਚ ਚਿੱਟੀ ਮਲਮਲ। ਪਰ ਉਹ ਇਸ ਗੱਲ ਤੇ ਜ਼ੋਰ ਦਿੰਦੇ ਕਿ ਉਨ੍ਹਾਂ ਦੇ ਦਰਬਾਰੀ ਅਤੇ ਅਹਿਲਕਾਰ ਆਪਣੀ ਪੂਰੀ ਸ਼ਾਨ ਵਿਚ ਰਹਿਣ ਅਤੇ ਦਰਬਾਰ ਵਿਚ ਸਜੇ-ਫਬੇ ਰਹਿਣ। ਉਨ੍ਹਾਂ ਕਸ਼ਮੀਰੀ ਕੁੜੀਆਂ ਦੀ ਇਕ ਟੋਲੀ ਬਣਾਈ ਹੋਈ ਸੀ ਜਿਹੜੀ ਸਿਪਾਹੀਆਂ ਦਾ ਬਾਣਾ ਪਹਿਨਦੀ ਅਤੇ ਰਸਮੀ ਅਵਸਰਾਂ ਤੇ ਉਨ੍ਹਾਂ ਨਾਲ ਜਾਂਦੀ। ਉਨ੍ਹਾਂ ਦੀ ਸੁੰਦਰਤਾ ਦੀ ਪ੍ਰਸੰਸਾ ਮਨੁੱਖਾਂ ਤਕ ਹੀ ਸੀਮਤ ਨਹੀਂ ਸੀ। ਤੜਕੇ-ਤੜਕੇ ਉਹ ਕਿਸੇ ਦਰਿਆ ਦੇ ਕੰਢੇ ਜਾਂ ਬਾਗ਼ ਵਿਚ ਘੋੜੇ ਤੇ ਸੈਰ ਕਰਦੇ। ਜਦੋਂ ਕਾਲੀਆਂ ਘਟਾਵਾਂ ਅੰਬਰ ਤੇ ਲਹਿਰਾਉਂਦੀਆਂ ਜਾਂ ਨਿੱਕੀ-ਨਿੱਕੀ ਕਣੀ ਦਾ ਮੀਂਹ ਵਰਸਦਾ ਤਾਂ ਉਨ੍ਹਾਂ ਨੂੰ ਸਾਰੇ ਕੰਮ ਭੁੱਲ ਜਾਂਦੇ ਅਤੇ ਉਹ ਮੌਜ-ਮੇਲਾ ਕਰਦੇ ਸਨ। ਦੂਜ ਦੇ ਚੰਨ ਨੂੰ ਵੇਖਦੇ ਉਹ ਕਿਸੇ ਮਸਤੀ ਵਿਚ ਝੂਮ ਉਠਦੇ ਅਤੇ ਉਸ ਦੇ ਅੰਬਰ 'ਤੇ ਚੜ੍ਹਨ ਵੇਲੇ ਇਕ ਤੋਪ ਦੀ ਸਲਾਮੀ ਦਿੰਦੇ। ਸ਼ਾਲੀਮਾਰ ਦਾ ਮੁਗ਼ਲ ਗਾਰਡਨ ਉਨ੍ਹਾਂ ਨੂੰ ਬਹੁਤ ਪਿਆਰਾ ਸੀ। ਇਥੇ ਚਲਦੇ ਫੁਹਾਰਿਆਂ ਵਿਚ ਉਹ ਸੁਸਤਾਉਂਦੇ, ਸ਼ਰਾਬ ਦਾ ਜਾਮ ਪੀਂਦੇ ਅਤੇ ਮਸ਼ਹੂਰ ਅਤਰ ਖ਼ਾਨ ਪਾਸੋਂ ਬੰਸੀ ਦੀ ਮਧੁਰ ਧੁਨ ਸੁਣਦੇ। ਮਨ ਆਉਂਦਾ ਤਾਂ ਨਾਚ ਨਾਲ ਦਿਲ ਬਹਿਲਾਉਂਦੇ। ਮਹਾਰਾਜਾ ਸਾਹਿਬ ਐਸ਼-ਪ੍ਰਸਤ ਸਨ

ਅਤੇ ਉਨ੍ਹਾਂ ਅੰਦਰ ਜੀਊਣ ਦੀ ਲਾਲਸਾ ਅਤੇ ਸ਼ਕਤੀ ਦੀ ਲਾਲਸਾ ਤੀਬਰ ਸੀ। ਇਉਂ ਜਾਪਦਾ ਹੈ ਕਿ ਕਿਪਲਿੰਗ ਨੇ ਹੇਠ ਲਿਖੀਆਂ ਸਤਰਾਂ ਮਹਾਰਾਜਾ ਰਣਜੀਤ ਸਿੰਘ ਸੰਬੰਧੀ ਹੀ ਲਿਖੀਆਂ :

ਚੌਂਹ ਚੀਜ਼ਾਂ ਦੀ ਜੀਵਨ ਵਿਚ ਰਹਿੰਦੀ ਮਹਾਂ-ਉਮੰਗ,
ਇਸਤਰੀਆਂ ਤੇ ਘੋੜੇ, ਅਤੇ ਹਕੂਮਤ ਅਤੇ ਜੰਗ।

ਪੰਜਾਬੀ ਘੇਰੇ ਵਿਚ ਇਕ ਦੰਦ-ਕਥਾ ਮਹਾਰਾਜਾ ਸਾਹਿਬ ਅਤੇ ਉਸ ਦੀ ਮੁਸਲਮਾਨ ਰਾਣੀ ਵਿਚਕਾਰ ਹੋਈ ਗੱਲ-ਬਾਤ ਸੰਬੰਧੀ ਕਾਫ਼ੀ ਚਰਚਾ ਹੈ। ਮਹਾਰਾਜਾ ਸਾਹਿਬ ਦੀ ਕਰੂਪਤਾ ਤੇ ਟਿੱਪਣੀ ਕਰਦਿਆਂ ਉਸ ਕਿਹਾ, "ਜਦੋਂ ਖ਼ੁਦਾਵੰਦ ਸੁੰਦਰ ਚਿਹਰੇ ਬਖ਼ਸ਼ ਰਿਹਾ ਸੀ ਤਾਂ ਤੁਸੀਂ ਕਿਥੇ ਫਸੇ ਹੋਏ ਸੀ?"

ਮਹਾਰਾਜਾ ਸਾਹਿਬ ਦਾ ਤੁਰੰਤ ਉੱਤਰ ਸੀ, "ਜਦੋਂ ਤੂੰ ਤਿੱਖੇ ਨੈਣ-ਨਕਸ਼ਾਂ ਵਿਚ ਗੁਆਚੀ ਹੋਈ ਸੀ ਤਾਂ ਮੈਂ ਹਕੂਮਤ ਬਣਾ ਰਿਹਾ ਸਾਂ।"

ਮਹਾਰਾਜਾ ਸਾਹਿਬ ਨੇ ਕੋਈ ਵਿਦਿਆ ਪ੍ਰਾਪਤ ਨਹੀਂ ਕੀਤੀ ਅਤੇ ਅਖ਼ੀਰਲੇ ਸਾਹ ਤਕ ਅਨਪੜ੍ਹ ਹੀ ਰਹੇ। ਪਰ ਉਹ ਦਾਨਿਆਂ ਦੀ ਪ੍ਰਸੰਸਾ ਕਰਦੇ। ਅਨਪੜ੍ਹ ਅਕਬਰ ਬਾਦਸ਼ਾਹ ਵਾਂਗ ਉਹ ਅਜਿਹੇ ਘਾਟੇ ਨੂੰ ਅਮੀਰਾਂ ਵਜ਼ੀਰਾਂ ਨਾਲ ਸਵਾਲਾਂ ਦੀ ਬੁਛਾੜ ਨਾਲ ਪੂਰਾ ਕਰਦੇ। ਫ਼ਰਾਂਸ ਦਾ ਜੈਕਮਾਂਟ ਲਿਖਦਾ ਹੈ : "ਉਨ੍ਹਾਂ ਦੀ ਗੱਲ-ਬਾਤ ਅਜੀਬ ਤਰ੍ਹਾਂ ਦੀ ਹੈ। ਲਗਭਗ ਉਹ ਪਹਿਲਾ ਘੋਖੀ ਭਾਰਤੀ ਹੈ ਜਿਹੜਾ ਮੇਰੇ ਸੰਪਰਕ ਵਿਚ ਆਇਆ ਹੈ ਪਰ ਉਸ ਦੀ ਉਤਸੁਕਤਾ ਸਾਰੇ ਦੇਸ਼ ਦੀ ਉਦਾਸੀਨਤਾ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ। ਉਸ ਮੇਰੇ ਪਾਸੋਂ ਹਜ਼ਾਰਾਂ ਹੀ ਸਵਾਲ ਭਾਰਤ, ਇੰਗਲੈਂਡ, ਯੂਰਪ, ਬੋਨਾਪਾਰਟ; ਇਸ ਸੰਸਾਰ ਬਾਰੇ ਆਮ ਸਵਾਲ ਅਤੇ ਅਗਲੇ ਸੰਸਾਰ ਦੇ, ਨਰਕ, ਜੰਨਤ, ਆਤਮਾ, ਰੱਬ, ਸ਼ੈਤਾਨ ਅਤੇ ਸੈਂਕੜੇ ਹੋਰ ਇਹੋ ਜਿਹੇ ਵਿਸ਼ਿਆਂ ਬਾਰੇ ਕੀਤੇ।" ਇਸ ਪ੍ਰਕਾਰ ਮਹਾਰਾਜਾ ਸਾਹਿਬ ਨੇ ਵਿਸ਼ਵ ਬਾਰੇ ਆਪਣੇ ਗਿਆਨ ਵਿਚ ਵਾਧਾ ਕੀਤਾ। ਇਉਂ ਉਸ ਫ਼ਾਰਸੀ ਬੋਲੀ ਦੀ ਜਾਣਕਾਰੀ ਪ੍ਰਾਪਤ ਕਰ ਲਈ ਕਿਉਂਕਿ ਇਸੇ ਭਾਸ਼ਾ ਵਿਚ ਦਰਬਾਰ ਦੀ ਕਾਰਗੁਜ਼ਾਰੀ ਅਤੇ ਰੀਕਾਰਡ ਰਖਿਆ ਜਾਂਦਾ ਸੀ।

ਜੇਕਰ ਉਨ੍ਹਾਂ ਨੂੰ ਐਸ਼ ਕਰਨ ਦਾ ਸ਼ੌਕ ਸੀ ਤਾਂ ਉਨ੍ਹਾਂ ਅੰਦਰ ਕੰਮ ਦੀ ਵੀ ਓਨੀ ਹੀ ਲਗਨ ਸੀ। ਜਦੋਂ ਨਾਚ-ਗਾਣਾ ਖ਼ਤਮ ਹੋ ਜਾਂਦਾ ਅਤੇ ਘੁੰਗਰੂਆਂ ਦੀ ਆਵਾਜ਼ ਚੁੱਪ ਹੋ ਜਾਂਦੀ ਤਾਂ ਉਹ ਆਪਣੇ ਸੌਣ ਵਾਲੇ ਕਮਰੇ ਵਿਚ ਸੁਸਤਾਉਂਦੇ ਅਤੇ ਘੰਟਿਆਂ-ਬੱਧੀ ਇਕ-ਇਕ ਲਿਖਾਰੀ ਨੂੰ ਚਿੱਠੀ-ਪੱਤਰ ਬੋਲ ਕੇ ਲਿਖਵਾਉਂਦੇ ਜਾਂਦੇ। ਇਹ ਲਿਖਾਰੀ ਹਰ ਵੇਲੇ ਹਾਜ਼ਰ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਵਿਚ ਪੰਜਾਬੀਆਂ ਵਾਲੇ ਗੁਣ-ਔਗੁਣ ਮੌਜੂਦ ਸਨ। ਉਨ੍ਹਾਂ ਦੀਆਂ ਆਦਤਾਂ ਸਿੱਧੀਆਂ-ਸਾਧਾਰਨ ਸਨ ਅਤੇ ਮੂੰਹ-ਫੱਟ ਸਨ। ਉਨ੍ਹਾਂ ਅੰਦਰ ਲੋਕਾਂ ਲਈ ਨਿੱਘ ਅਤੇ ਦਇਆ ਭਾਵ ਸੀ। ਭਾਵੇਂ ਉਹ ਮਹਾਰਾਜਾ ਬਣ ਗਏ ਸਨ ਤਾਂ ਵੀ ਆਮ ਕਿਸਾਨਾਂ ਨਾਲ ਉਵੇਂ ਹੀ ਸੰਪਰਕ ਰੱਖਦੇ ਅਤੇ ਹਮਦਰਦੀ ਜਤਾਉਂਦੇ। ਆਖ਼ਰ ਉਹ ਉਨ੍ਹਾਂ ਲੋਕਾਂ ਵਿਚੋਂ ਹੀ ਤਾਂ ਉਠੇ ਸਨ। ਉਨ੍ਹਾਂ ਅੰਦਰ ਜੱਟਾਂ ਵਾਲੀ ਸਿਆਣਪ ਅਤੇ ਚਾਲਾਕੀ ਵੀ ਸੀ। ਇਕ ਵਾਰ ਉਨ੍ਹਾਂ ਅੰਦਰ ਭਰਮ ਪੈ ਗਿਆ ਤਾਂ ਵੀ ਉਹ ਆਪਣੇ ਵਿਰੋਧੀ ਨੂੰ ਹਰ ਚਾਲ ਨਾਲ ਪੈਰੋਂ ਕੱਢ ਦਿੰਦੇ ਸਨ। ਪਰ ਕਿਸੇ ਨਾਲ ਬਹੁਤੀ ਦੇਰ ਤਕ ਮਨ ਅੰਦਰ ਨਫ਼ਰਤ ਨਹੀਂ ਰੱਖਦੇ ਸਨ। ਉਹ ਉਨ੍ਹਾਂ ਲੋਕਾਂ ਨੂੰ ਵੀ ਮੁਆਫ਼ ਕਰ ਦਿੰਦੇ ਜਿਹੜੇ ਉਨ੍ਹਾਂ ਨਾਲ ਵੈਰ ਕਮਾਉਂਦੇ। ਉਨ੍ਹਾਂ ਅਜਿਹੇ ਵੈਰੀਆਂ ਨੂੰ ਮੁੜ ਤਖ਼ਤ 'ਤੇ ਬਿਠਾ ਦਿੱਤਾ ਜਿਨ੍ਹਾਂ ਨੂੰ ਉਨ੍ਹਾਂ ਜੰਗ

ਵਿਚ ਹਾਰ ਦਿੱਤੀ ਸੀ। ਉਨ੍ਹਾ ਨੂੰ ਦੰਡ ਦੇਣ ਤੋਂ ਬਹੁਤ ਨਫਰਤ ਸੀ। ਆਪਣੀ ਸਾਰੀ ਜ਼ਿੰਦਗੀ ਵਿਚ ਉਨ੍ਹਾਂ ਇਕ ਵੀ ਆਦਮੀ ਨੂੰ ਫਾਹੇ ਨਹੀਂ ਲਾਇਆ। ਉਸ ਕੱਟੜ ਅਕਾਲੀ ਨੂੰ ਵੀ ਨਹੀਂ, ਜਿਸ ਉਨ੍ਹਾਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ।

ਜਿਸ ਚੀਜ਼ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਫਲਤਾ ਵਿਚ ਹਿੱਸਾ ਪਾਇਆ ਉਹ ਸੀ ਦੂਜੇ ਦੇ ਦੀਨ-ਧਰਮ ਲਈ ਸਤਿਕਾਰ। ਆਪ ਉਹ ਗੁਰਮੁਖ ਸਨ ਅਤੇ ਨਿੱਤਨੇਮ ਨਾਲ ਹਰ ਦੁਪਹਿਰ ਨੂੰ ਇਕ ਘੰਟੇ ਦੇ ਕਰੀਬ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਤੇ ਵਿਚਾਰ ਸਰਵਣ ਕਰਦੇ ਸਨ। ਪਰ ਸਿੱਖ ਹੁੰਦੇ ਹੋਏ ਵੀ ਉਨ੍ਹਾ ਅੰਦਰ ਪੰਡਤਾਂ ਵਾਲੇ ਵਹਿਮ-ਭਰਮ ਮੌਜੂਦ ਸਨ। ਉਹ ਹਿੰਦੂ ਮੰਦਰਾਂ ਵਿਚ ਪੂਜਾ ਕਰਦੇ ਅਤੇ ਉਨ੍ਹਾਂ ਜੋਤਸ਼ੀ ਅਤੇ ਹੋਰ ਇਸ ਪ੍ਰਕਾਰ ਦੇ ਚੇਲੇ-ਬਾਲਕੇ ਰੱਖੇ ਹੋਏ ਸਨ ਜਿਨ੍ਹਾਂ ਦੀ ਮਨਾਹੀ ਸਿੱਖ ਗੁਰੂ ਸਾਹਿਬਾਨ ਨੇ ਕੀਤੀ ਸੀ। ਉਨ੍ਹਾ ਨੂੰ ਇਸਲਾਮ ਧਰਮ ਨਾਲ ਵੀ ਪੂਰਾ-ਪੂਰਾ ਸਤਿਕਾਰ ਸੀ ਅਤੇ ਉਹ ਅੱਛਾ ਨਹੀਂ ਸਮਝਦੇ ਸਨ ਕਿ ਅਕਾਲੀਆਂ ਅੰਦਰ ਇਸਲਾਮ ਵਿਰੋਧੀ ਭਾਵਨਾ ਹੋਵੇ। ਕਿਹਾ ਜਾਂਦਾ ਹੈ ਕਿ ਇਕ ਖੁਸ਼ਨਵੀਸ ਨੇ ਸਾਰੀ ਜ਼ਿੰਦਗੀ ਦੀ ਮਿਹਨਤ ਨਾਲ ਕੁਰਾਨ ਸ਼ਰੀਫ਼ ਦੀ ਇਕ ਕਾਪੀ ਤਿਆਰ ਕੀਤੀ ਪਰ ਕਿਸੇ ਵੀ ਮੁਸਲਮਾਨ ਅਮੀਰ ਵਜ਼ੀਰ ਨੇ ਇਸ ਦਾ ਮੁੱਲ ਨਾ ਪਾਇਆ। ਮਹਾਰਾਜਾ ਸਾਹਿਬ ਨੇ ਉਸ ਕਾਤਬ (ਖੁਸ਼ਨਵੀਸ) ਨੂੰ ਖੁੱਲ੍ਹੇ ਗੱਫੇ ਦੇ ਕੇ ਨਿਹਾਲ ਕੀਤਾ। ਜਦੋਂ ਫ਼ਕੀਰ ਅਜ਼ੀਜ਼ੁਦੀਨ ਨੇ ਉਨ੍ਹਾਂ ਦੇ ਖੁੱਲ੍ਹੇ ਦਿਲ ਦੀ ਸਲਾਘਾ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਹਾਸੇ ਵਿਚ ਕਿਹਾ : "ਰੱਬ ਚਾਹੁੰਦਾ ਸੀ ਕਿ ਮੈਂ ਸਭ ਨੂੰ ਇਕ ਅੱਖ ਨਾਲ ਵੇਖਾਂ। ਇਹੋ ਹੀ ਕਾਰਨ ਹੈ ਕਿ ਉਸ ਮੇਰੀ ਦੂਜੀ ਅੱਖ ਖੋਹ ਲਈ।"

ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਧਰਮ-ਨਿਰਪੇਖਤਾ ਦੀ ਤਸਵੀਰ ਪੇਸ਼ ਕਰਦਾ ਸੀ। ਉਨ੍ਹਾ ਦਾ ਪ੍ਰਧਾਨ ਮੰਤਰੀ ਧਿਆਨ ਚੰਦ ਡੋਗਰਾ ਸੀ; ਉਨ੍ਹਾਂ ਦਾ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ੁਦੀਨ ਮੁਸਲਮਾਨ ਸੀ; ਉਨ੍ਹਾਂ ਦਾ ਮਾਲ-ਮੰਤਰੀ ਦੀਨਾ ਨਾਥ ਇਕ ਬ੍ਰਾਹਮਣ ਸੀ। ਸਿੱਖ ਅਤੇ ਹਿੰਦੂਆਂ ਨਾਲ, ਜਿਨ੍ਹਾਂ ਦੀ ਗਿਣਤੀ ਕਾਫ਼ੀ ਸੀ, ਅੱਛੇ ਪ੍ਰਭਾਵ ਵਾਲੇ ਮੁਸਲਮਾਨ ਵੀ ਸਨ, ਜਿਵੇਂ ਕਿ ਅਜ਼ੀਜ਼ਦੀਨ ਦੇ ਭਾਈ ਨੂਰਉਦੀਨ ਅਤੇ ਇਮਾਮੁਦੀਨ; ਤੋਪਖ਼ਾਨੇ ਦੇ ਕਮਾਂਡਰ ਮੀਆਂ ਗੌਂਸ (ਉਨ੍ਹਾਂ ਨੂੰ ਮਹਾਰਾਜਾ ਸਾਹਿਬ ਨੇ 'ਕਮਾਂਡਰ' ਅਤੇ 'ਫ਼ਰਮਾਬਰਦਾਰ ਦੋਸਤ' ਦਾ ਖ਼ਿਤਾਬ ਦਿੱਤਾ ਸੀ), ਉਸ ਦਾ ਪੁੱਤਰ ਸੁਲਤਾਨ ਮੁਹੰਮਦ, ਜਨਰਲ ਇਲਾਹੀ ਬਖ਼ਸ਼ ਅਤੇ ਹੋਰ ਅਨੇਕਾਂ ਹੀ। ਮੁਲਤਾਨ ਦੇ ਮਰਹੂਮ ਨਵਾਬ ਦੇ ਦੋ ਪੁੱਤਰ ਸਰਫ਼ਰਾਜ਼ ਖ਼ਾਨ ਤੇ ਜ਼ੁਲਫ਼ਕਾਰ ਅਤੇ ਟਿਵਾਣਾ ਮੁਖੀ ਖ਼ੁਦਾ ਯਾਰ। ਰਣਜੀਤ ਸਿੰਘ ਦੇ ਵੇਲੇ ਕਿਸੇ ਨੂੰ ਜ਼ੋਰ-ਜ਼ਬਰਦਸਤੀ ਨਾਲ ਧਰਮ ਛੱਡਣ ਲਈ ਮਜਬੂਰ ਨਹੀਂ ਕੀਤਾ ਜਾਂਦਾ ਸੀ। ਜਿਨ੍ਹਾਂ ਮੁਸਲਮਾਨ ਇਸਤਰੀਆਂ ਨਾਲ ਉਨ੍ਹਾ ਵਿਆਹ ਕੀਤਾ, ਬੀਬੀ ਮੋਰਾਂ, ਗੁਲਬਹਾਰ ਬੇਗਮ, ਅਤੇ ਹੋਰ ਅਨੇਕਾਂ, ਉਨ੍ਹਾ ਵੀ ਦੀਨ-ਧਰਮ ਨਹੀਂ ਤਿਆਗਿਆ। ਅਜੇ ਮੋਰਾਂ ਨੇ ਗੜਬੜ ਕੀਤੀ ਜਦੋਂ ਉਸ ਇਕ ਹਿੰਦੂ ਨੌਕਰ ਨੂੰ ਮੁਸਲਮਾਨ ਬਣਾ ਲਿਆ। ਉਨ੍ਹਾਂ ਮਸਜਿਦਾਂ ਦੀ ਮੁਰੰਮਤ 'ਤੇ ਬੇਬਹਾ ਖ਼ਰਚ ਕੀਤਾ। ਇਸੇ ਪ੍ਰਕਾਰ ਉਨ੍ਹਾਂ ਦੀਆਂ ਹਿੰਦੂ ਰਾਣੀਆਂ ਆਪਣੇ-ਆਪਣੇ ਦੇਵੀ-ਦੇਵਤਿਆਂ ਨੂੰ ਪੂਜਦੀਆਂ ਸਨ। ਇਸ ਵਤੀਰੇ ਨਾਲ ਸਾਰੀ ਪਰਜਾ ਉਨ੍ਹਾ ਪ੍ਰਤੀ ਵਫ਼ਾਦਾਰੀ ਦਾ ਦਮ ਭਰਦੀ ਸੀ। ਉਨ੍ਹਾ ਸਭ ਅੰਦਰ ਕੌਮੀਅਤ (ਰਾਸ਼ਟਰੀ) ਜਜ਼ਬਾ ਉਭਾਰਿਆ ਅਤੇ ਇਸ ਨੂੰ ਪੰਜਾਬੀ ਸਾਮਰਾਜਸ਼ਾਹੀ ਦੇ ਸ਼ਕਤੀਸ਼ਾਲੀ ਹਥਿਆਰ ਦਾ ਰੂਪ ਦਿੱਤਾ ਜਿਸ ਸਦਕਾ ਮਹਾਰਾਜਾ ਸਾਹਿਬ ਦੇ ਪਰਲੋਕ ਸਿਧਾਰਨ ਦੇ ਛੇਤੀ ਪਿੱਛੋਂ ਹੀ ਪਹਾੜਾਂ ਦੀਆਂ ਸਰਹੱਦਾਂ ਵੀ ਪਾਰ ਕੀਤੀਆਂ ਗਈਆਂ। ਕਰਨਲ ਸ਼ੇਖ਼ ਬਾਸਾਵਾਨ ਦੀਆਂ ਮੁਸਲਮਾਨ ਫ਼ੌਜਾਂ ਨੇ ਪੰਜਾਬ ਦਰਬਾਰ ਦਾ ਝੰਡਾ ਕਾਬਲ ਦੀ ਜਿੱਤ ਦੀ ਪਰੇਡ ਵਿਚ ਝੁਲਾਇਆ। ਅਗਲੇ ਸਾਲ ਡੋਗਰਾ ਜ਼ੋਰਾਵਰ ਸਿੰਘ ਉਨ੍ਹਾਂ ਦੀਆਂ


ਜਿੱਤਾਂ ਨੂੰ ਹਿਮਾਲੀਆ ਤੋਂ ਪਾਰ ਲੈ ਗਿਆ। ਇਸ ਪ੍ਰਕਾਰ ਗੁਜਰਾਂਵਾਲਾ ਦੁਆਲੇ ਦੀ ਛੋਟੀ ਜਿਹੀ ਜਗੀਰ ਵੱਧ ਕੇ 200,000 ਮੁਰੱਬਾ ਮੀਲ ਦੇ ਇਲਾਕੇ ਵਿਚ ਫੈਲ ਕੇ ਇਕ ਰਿਆਸਤ ਬਣ ਗਈ, ਜਿਸ ਦਾ ਮਾਲੀਆ ਤਿੰਨ ਕਰੋੜ ਰੁਪਏ ਸਾਲਾਨਾ ਆਉਂਦਾ ਸੀ। ਸਾਰੇ ਏਸ਼ੀਆ ਭਰ ਵਿਚ ਮਹਾਰਾਜਾ ਸਾਹਿਬ ਦੀ ਫ਼ੌਜ ਬੱਧੇਜ ਵਾਲੀ ਸੀ।

ਭਾਵੇਂ ਅੱਜ ਤਿੰਨ ਕਰੋੜ ਦੀ ਰਕਮ ਤੁੱਛ ਜਾਪਦੀ ਹੈ ਪਰ ਉਹ ਸਸਤਾ ਜ਼ਮਾਨਾ ਸੀ ਜਦੋਂ ਕਣਕ ਦਾ ਭਾਅ 14 ਆਨੇ (88 ਨਵੇਂ ਪੈਸੇ) ਇਕ ਮਣ ਪੱਕੀ ਦਾ ਸੀ।

ਆਪਣੀਆਂ ਪ੍ਰਾਪਤੀਆਂ ਦਾ ਵੇਰਵਾ ਮਹਾਰਾਜਾ ਸਾਹਿਬ ਨੇ ਇਨ੍ਹਾਂ ਸ਼ਬਦਾਂ ਵਿਚ ਦਿੱਤਾ : "ਮੇਰੀ ਹਕੂਮਤ ਪਹਿਲਾਂ ਛੋਟੀ ਸੀ ਹੁਣ ਬਹੁਤ ਸਾਰੇ ਇਲਾਕੇ ਵਿਚ ਫੈਲੀ ਹੋਈ ਹੈ। ਪਹਿਲਾਂ ਇਹ ਖਿੱਲਰੀ ਅਤੇ ਵੰਡੀ ਹੋਈ ਸੀ ਅਤੇ ਹੁਣ ਇਹ ਇਕ ਥਾਂ ਇਕੱਠੀ ਹੈ। ਇਸ ਵਿਚ ਖ਼ੁਸ਼ਹਾਲੀ ਆਉਣੀ ਚਾਹੀਦੀ ਹੈ। ਇਹ ਇਸੇ ਤਰ੍ਹਾਂ ਹੀ ਬਿਨਾਂ ਵੰਡੀ ਪਿਆਂ ਮੇਰੀ ਆਉਣ ਵਾਲੀ ਪੀੜ੍ਹੀ ਨੂੰ ਪ੍ਰਾਪਤ ਹੋਵੇ। ਤੈਮੂਰ ਦੀ ਸਿੱਖਿਆ ਨੇ ਮੇਰੀ ਅਗਵਾਈ ਕੀਤੀ ਹੈ। ਜੋ ਕੁਝ ਉਹ ਪ੍ਰਚਾਰਦਾ ਰਿਹਾ ਅਤੇ ਜੋ ਉਸ ਦਾ ਆਦੇਸ਼ ਸੀ, ਉਹ ਮੈਂ ਪੂਰਾ ਕੀਤਾ। ਵਿਚਾਰ-ਵਟਾਂਦਰੇ ਅਤੇ ਪਰਮਾਤਮਾ ਦੀ ਮਰਜ਼ੀ ਨਾਲ ਕੁਝ ਬਹਾਦਰੀ ਦਾ ਅੰਸ਼ ਮਿਲਾ ਕੇ ਮੈਂ ਜਿੱਤਾਂ ਪ੍ਰਾਪਤ ਕੀਤੀਆਂ। ਮੈਂ ਆਪਣੀ ਸਰਕਾਰ ਦਾ ਗਠਨ ਖੁੱਲ੍ਹਦਿਲੀ, ਜ਼ਾਬਤੇ ਅਤੇ ਨੀਤੀ ਨਾਲ ਕੀਤਾ ਹੈ। ਬਹਾਦਰਾਂ ਨੂੰ ਮੈਂ ਇਨਾਮ ਦਿੱਤੇ ਹਨ ਅਤੇ ਜਿਥੇ ਵੀ ਯੋਗਤਾ ਵੇਖੀ, ਉਸ ਨੂੰ ਸਨਮਾਨਤ ਕੀਤਾ। ਜੰਗ ਦੇ ਮੈਦਾਨ ਵਿਚ ਮੈਂ ਸੂਰਮਿਆਂ ਨੂੰ ਹੱਲਾਸ਼ੇਰੀ ਦਿੱਤੀ। ਆਪਣੀਆਂ ਫ਼ੌਜਾਂ ਨੂੰ ਨਾਲ ਲੈ ਮੈਂ ਖ਼ਤਰਿਆਂ ਦੇ ਮੂੰਹ ਪਿਆ ਹਾਂ। ਥਕੇਵਾਂ ਝੱਲਿਆ ਹੈ। ਰਣਖੇਤਰ ਅਤੇ ਦਰਬਾਰ ਵਿਚ ਮੈਂ ਨਿਰਪੱਖ ਰਹਿਣ ਦਾ ਯਤਨ ਕੀਤਾ ਹੈ ਤੇ ਮੇਰੀ ਆਤਮਾ ਨੇ ਕੋਈ ਪੱਖ ਪੂਰਨ ਵਾਲੀ ਖਿੜਕੀ ਨਹੀਂ ਖੋਲ੍ਹੀ। ਮੈਂ ਨਿੱਜੀ ਸੁਖਾਂ ਵੱਲੋਂ ਅੱਖਾਂ ਬੰਦ ਰੱਖੀਆਂ ਹਨ। ਮੈਨੂੰ ਹਕੂਮਤ ਕਰਨ ਦੀ ਦਾਤ ਮਿਲੀ ਪਰ ਮੈਂ ਸੇਵਾਦਾਰ ਬਣ ਕੇ ਇਹ ਜ਼ਿੰਮੇਵਾਰੀ ਨਿਭਾਈ ਹੈ। ਮੈਂ ਪੀਰਾਂ-ਫ਼ਕੀਰਾਂ ਨੂੰ ਖ਼ੈਰ ਪਾਈ ਹੈ ਅਤੇ ਸਾਧਾਂ-ਸੰਤਾਂ ਦੀ ਝੋਲੀ ਭਿੱਛਿਆ ਪਾਈ ਹੈ। ਉਨ੍ਹਾਂ ਦੀਆਂ ਦੁਆਵਾਂ ਅਤੇ ਅਰਦਾਸਾਂ ਮੈਨੂੰ ਲੱਗੀਆਂ ਹਨ। ਅਪਰਾਧੀਆਂ ਨੂੰ ਮਾਸੂਮ ਜਾਣ ਕੇ ਬਖ਼ਸ਼ਿਆ ਹੈ। ਜਿਹਨੇ ਹੱਥਾਂ ਮੇਰੇ ਵਿਰੁੱਧ ਹਥਿਆਰ ਸੰਭਾਲ ਕੇ ਵੰਗਾਰ ਦਿੱਤੀ ਉਨ੍ਹਾਂ ਨੂੰ ਮੇਰੀ ਨਰਮ-ਦਿਲੀ ਅਤੇ ਦਇਆ ਪ੍ਰਾਪਤ ਹੋਈ। ਸ੍ਰੀ ਪੁਰਖ ਜੀ (ਵਾਹਿਗੁਰੂ) ਨੇ ਦਾਸ 'ਤੇ ਮਿਹਰ ਭਰਿਆ ਹੱਥ ਰਖਿਆ ਹੈ। ਉਹਦੀ ਸ਼ਕਤੀ ਵਿਚ ਵਾਧਾ ਕੀਤਾ ਅਤੇ ਇਸੇ ਸਦਕਾ ਉਸ ਦੀ ਹਕੂਮਤ ਦੀ ਸੀਮਾ ਚੀਨ ਨਾਲ ਲਗਦੀ ਹੈ। ਅਫ਼ਗਾਨਿਸਤਾਨ ਤਕ ਹੱਦ ਹੈ, ਮੁਲਤਾਨ ਨਾਲ ਹੈ ਅਤੇ ਸਤੁਲਜ ਤੋਂ ਪਾਰ ਅਮੀਰ ਜਗੀਰਾਂ ਹਨ।"

ਸਿੱਖ ਹਿਸਟਰੀ

(1469-1988)




ਖ਼ੁਸ਼ਵੰਤ ਸਿੰਘ

ਭਾਗ—IV
ਸਿੱਖ ਰਾਜ ਦਾ ਪਤਨ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਕਾਂਡ—19

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਉਪਰੰਤ ਪੰਜਾਬ


ਮਹਾਰਾਜਾ ਰਣਜੀਤ ਸਿੰਘ ਨੇ ਭਾਰਤ ਦੇ ਨਕਸ਼ੇ ਉਪਰ ਨਜ਼ਰ ਮਾਰੀ ਅਤੇ ਪੁੱਛਿਆ, "ਇਹ ਲਾਲ ਰੰਗ ਕੀ ਦਰਸਾਉਂਦਾ ਹੈ ?" ਨਕਸ਼ਾਕਾਰ ਨੇ ਹਲੀਮੀ ਨਾਲ ਉੱਤਰ ਦਿੱਤਾ, "ਮਹਾਰਾਜਾ ਸਾਹਿਬ ਨਕਸ਼ੇ ਉਪਰ ਲਾਲ ਰੰਗ ਇਹ ਦਰਸਾਉਂਦਾ ਹੈ ਕਿ ਅੰਗਰੇਜ਼ ਸਰਕਾਰ ਦਾ ਕਬਜ਼ਾ ਕਿਥੇ-ਕਿਥੇ ਹੈ।" ਮਹਾਰਾਜਾ ਸਾਹਿਬ ਨੇ ਆਪਣੀ ਇਕ ਅੱਖ ਨਾਲ ਨਕਸ਼ੇ ਉਪਰ ਝਾਤ ਮਾਰੀ ਅਤੇ ਦੇਖਿਆ ਕਿ ਸਿਵਾਏ ਪੰਜਾਬ ਦੇ ਬਾਕੀ ਦਾ ਸਾਰਾ ਹਿੰਦੁਸਤਾਨ ਲਾਲ ਰੰਗ ਵਿਚ ਦਰਸਾਇਆ ਹੋਇਆ ਸੀ। ਉਨ੍ਹਾਂ ਨੇ ਆਪਣੇ ਦਰਬਾਰੀਆਂ ਵੱਲ ਤੱਕਿਆ ਅਤੇ ਆਖਿਆ :

"ਇਕ ਰੋਜ਼ ਇਹ ਸਭ ਲਾਲ ਹੋ ਜਾਵੇਗਾ।"

ਮਹਾਰਾਜਾ ਸਾਹਿਬ ਦੇ ਉੱਤਰਾਧਿਕਾਰੀਆਂ ਵਿਚ ਸੁਚੱਜੇ ਆਗੂ ਦੇ ਗੁਣ ਨਹੀਂ ਸਨ। ਉਨ੍ਹਾਂ ਦਾ ਇਕੋ-ਇਕ ਮਨੋਰਥ ਸੀ ਕਿ ਆਪਣੇ ਵਿਰੋਧੀ ਧਿਰ ਦੀ ਅਲਖ ਮੁਕਾ ਕੇ ਆਪ ਗੱਦੀ ਤੇ ਬੈਠਿਆ ਜਾਵੇ। ਦਰਬਾਰ ਵੱਖ-ਵੱਖ ਗੁੱਟਾਂ ਵਿਚ ਵੰਡਿਆ ਹੋਇਆ ਸੀ। ਜ਼ਹਿਰ ਮਿਲਿਆ ਸ਼ਰਾਬ ਦਾ ਪਿਆਲਾ, ਲੁਕੀ ਹੋਈ ਛੁਰੀ ਅਤੇ ਕਾਰਬਾਈਨ ਨੇ ਸ਼ਾਹੀ ਪਰਿਵਾਰ ਦਾ ਖ਼ਾਤਮਾ ਕਰ ਦਿੱਤਾ। ਲੋਕਾਂ ਨੇ ਗਲੀਆਂ ਅੰਦਰ ਆਪੋ ਵਿਚ ਢਿੱਡ ਪਾੜ ਲਏ। ਪੰਜਾਬੀ ਨਿਤਾਣੇ ਅਤੇ ਨਿੱਖੜੇ-ਨਿੱਖੜੇ ਹੋ ਗਏ। ਅੱਡੋ-ਫਾਟ ਹੋ ਗਏ। ਡੋਗਰੇ ਹਿੰਦੂ-ਸਿੱਖਾਂ ਨਾਲ ਸੱਤਾ ਹਥਿਆਉਣ ਲਈ ਭਿੜਨ ਲੱਗੇ ਮੁਸਲਮਾਨਾਂ ਦਾ ਵਤੀਰਾ ਵੀ ਉਖੜਿਆ-ਉਖੜਿਆ ਹੋ ਗਿਆ। ਫ਼ੌਜ ਏਨੀ ਵਧ ਗਈ ਸੀ ਕਿ ਸਰਕਾਰ ਦੀ ਆਮਦਨ ਇਸ ਦਾ ਭਾਰ ਸਹਾਰਨ ਜੋਗੀ ਨਹੀਂ ਸੀ। ਇਸ ਅੰਦਰ ਵਿਦਰੋਹ ਪਲਰਨ ਲੱਗਾ ਅਤੇ ਅੰਤ ਇਨ੍ਹਾਂ ਰਾਜ ਆਪਣੇ ਹੱਥ ਲੈ ਲਿਆ।

ਅੰਗਰੇਜ਼ਾਂ ਨੇ ਪਹਿਲਾਂ ਹੀ ਭਾਂਪ ਲਿਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਆਪੋ-ਧਾਪੀ ਪੈ ਜਾਵੇਗੀ। ਉਨ੍ਹਾਂ ਆਪਣੀਆਂ ਫ਼ੌਜਾਂ ਸਰਹੱਦ ਦੇ ਨੇੜੇ-ਨੇੜੇ ਤਾਇਨਾਤ ਕਰਨੀਆਂ ਆਰੰਭ ਕਰ ਦਿੱਤੀਆਂ। ਦਰਬਾਰ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣਾ ਆਰੰਭ ਕਰ ਦਿੱਤਾ। 1845 ਦੀ ਪਤਝੜ ਤਕ ਉਹ ਇਸ ਯੋਗ ਹੋ ਗਏ ਸਨ ਕਿ ਪੰਜਾਬ ਉਪਰ ਹਮਲਾ ਕਰ ਦੇਣ। ਕੁਝ ਝੜਪਾਂ ਵਿਚ ਉਨ੍ਹਾਂ ਸਿੱਖਾਂ ਨੂੰ ਹਾਰ ਦਿੱਤੀ ਅਤੇ ਜਲੰਧਰ, ਦੋਆਬ ਉਪਰ ਕਬਜ਼ਾ ਕਰ ਲਿਆ। ਜੰਮੂ ਅਤੇ ਕਸ਼ਮੀਰ ਦਾ ਇਲਾਕਾ ਗੁਲਾਬ ਸਿੰਘ ਡੋਗਰੇ ਨੂੰ ਸੌਂਪ ਦਿੱਤਾ।

ਤਿੰਨ ਸਾਲਾ ਉਪਰੰਤ ਅੰਗਰੇਜ਼ਾਂ ਨੇ ਮੁਲਤਾਨ ਵਿਚ ਛੋਟੇ ਜਿਹੇ ਵਿਦਰੋਹ ਨੂੰ ਸਾਰੇ ਸੂਬੇ ਵਿਚ ਫੈਲਣ ਦਿੱਤਾ। ਇਸ ਨੂੰ ਇਕ ਬਹਾਨਾ ਬਣਾ ਕੇ ਬਾਕੀ ਹਕੂਮਤ ਵੀ ਹਥਿਆ ਲਈ। ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਭਵਿੱਖਬਾਣੀ ਕੀਤੀ ਸੀ ਭਾਰਤ ਦਾ ਸਾਰੇ ਦਾ ਸਾਰਾ



THE PUNJAB IN 1809

ਨਕਸ਼ਾ ਲਾਲ ਰੰਗ ਦਾ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਸਮੇਂ ਪੰਜਾਬ ਦੀ ਹਾਲਤ

ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਜੂਨ 27, 1839 ਨੂੰ ਦੁਪਹਿਰ ਪਿੱਛੋਂ ਹੋਇਆ। ਆਪਣੇ ਚਾਲ੍ਹੀ ਸਾਲਾਂ ਦੇ ਰਾਜ ਦੌਰਾਨ ਉਨ੍ਹਾਂ ਆਪੋ ਵਿਚ ਖਹਿ-ਖਹਿ ਮਰਦੇ ਸਿੱਖਾਂ ਨੂੰ ਇਕਮੁੱਠ ਕੀਤਾ ਅਤੇ ਵੱਖ-ਵੱਖ ਹੋਈ ਲੋਕਾਂ ਦੀ ਵਫ਼ਾਦਾਰੀ ਨੂੰ ਇਕ ਕੌਮ ਦਾ ਰੂਪ ਦਿੱਤਾ। ਉਨ੍ਹਾਂ ਕੌਮ ਨੂੰ ਮਜ਼ਬੂਤ ਅਤੇ ਖ਼ੁਸ਼ਹਾਲ ਬਣਾਇਆ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕੱਠੇ ਕਰਨ ਦੇ ਉਦੇਸ਼ ਅਤੇ ਸੂਰਬੀਰਾਂ ਦੇ ਭਾਈਚਾਰੇ ਲਈ ਕੀਤੇ ਗਏ ਗੁਰੂ ਗੋਬਿੰਦ ਸਿੰਘ ਦੇ ਯਤਨ ਸਫਲ ਹੋਏ। ਹੁਣ ਪੰਜਾਬ ਵਿਦੇਸ਼ੀ ਫ਼ੌਜੀਆਂ ਦਾ ਅੱਡਾ ਨਾ ਰਿਹਾ, ਜਿਹੜੇ ਭਾਰਤ ਦੀ ਪ੍ਰਭੁਸੱਤਾ ਦੀ ਦਾਅਵੇਦਾਰੀ ਜਤਾਉਂਦੇ ਸਨ। ਇਸ ਦੇ ਉਲਟ ਪੰਜਾਬ ਨਾ ਕੇਵਲ ਭਾਰਤ ਦਾ ਸ਼ਕਤੀਸ਼ਾਲੀ ਅੰਗ ਬਣ ਗਿਆ ਸਗੋਂ ਏਸ਼ੀਆ ਭਰ ਵਿਚ ਤਾਕਤਵਰ ਰਾਜ ਹੋ ਗਿਆ। ਸਦੀਆਂ ਤਕ ਪਠਾਣਾਂ ਅਤੇ ਅਫ਼ਗਾਨਾਂ ਦੀ ਗ਼ੁਲਾਮੀ ਹੇਠ ਪਿਸਿਆ ਜਾਣ ਵਾਲਾ ਪੰਜਾਬ ਹੁਣ ਪਠਾਣਾਂ ਦੇ ਦੇਸ਼ ਤਕ ਰਾਜ ਦੀ ਸੀਮਾ ਵਧਾਉਣ ਯੋਗ ਹੋ ਗਿਆ। ਹੁਣ ਇਹ ਇਸ ਯੋਗ ਸੀ ਕਿ ਕਾਬਲ ਦੇ ਰਾਜ ਲਈ ਗੱਦੀ ਦੇ ਝਗੜੇ ਵਿਚ ਸਾਲਸੀ ਕਰੇ। ਪੰਜਾਬੀਆਂ ਨੇ ਤਿੱਬਤ ਵਿਚ ਚੀਨੀ ਪਿਛਲੱਗਾਂ ਦੀ ਸਮੱਸਿਆ ਨਿਪਟਾਈ ਅਤੇ ਉਨ੍ਹਾਂ ਦਾ ਪੱਛਮ ਵੱਲ ਵਧਣਾ ਰੋਕਿਆ। ਹੁਣ ਹਮਲਾਵਰਾਂ ਦੀ ਇਹ ਹਿੰਮਤ ਨਹੀਂ ਸੀ ਪੈਂਦੀ ਕਿ ਉਹ ਪੰਜਾਬ ਵੱਲ ਮੂੰਹ ਕਰਨ। ਹੁਣ ਉੱਗਦੀ ਫ਼ਸਲ ਉਪਰ ਵਿਦੇਸ਼ੀ ਲਾਂਘਾ ਨਹੀਂ ਸੀ ਹੋ ਸਕਦਾ। ਫ਼ਸਲ ਇਕੱਠੀ ਕਰਦਿਆਂ ਹੀ ਕਿਸਾਨ ਉਪਰ ਹੁੰਦੀ ਗੜੇਮਾਰ ਬੰਦ ਹੋ ਗਈ। ਸ਼ਾਹੀ ਰਾਹ ਸੁਰੱਖਿਅਤ ਹੋ ਗਏ। ਇਕ ਵਾਰ ਮੁੜ ਮੰਡੀਆਂ ਵਿਚ ਵਸਤਾਂ ਦੀ ਵਿਕਰੀ ਹੋਣ ਲੱਗੀ। ਇਹ ਸਭ ਕੁਝ ਪੰਜਾਬ ਦੇ ਲੋਕਾਂ ਨੇ ਉਸ ਵਿਅਕਤੀ ਦੀ ਅਗਵਾਈ ਵਿਚ ਪ੍ਰਾਪਤ ਕੀਤਾ ਜਿਹੜਾ ਉਨ੍ਹਾਂ ਵਿਚੋਂ ਉੱਭਰਿਆ ਸੀ।

ਰਣਜੀਤ ਸਿੰਘ ਬੋਹੜ ਦੇ ਉਸ ਪੇੜ ਵਾਂਗ ਸੀ ਜਿਸ ਦੀ ਛਾਂ ਸਾਰੇ ਪੰਜਾਬ ਉਪਰ ਪੱਸਰੀ ਹੋਈ ਸੀ। ਬੋਹੜ ਦੇ ਪੇੜ ਵਾਂਗ ਹੀ ਉਸ ਨੇ ਆਪਣੇ ਹੇਠ ਆਈ ਹੋਈ ਧਰਤੀ ਨੂੰ ਓਟ ਦਿੱਤੀ ਹੋਈ ਸੀ ਤੇ ਉਥੇ ਸਿਵਾਇ ਘਾਹ-ਫੂਸ ਦੇ ਹੋਰ ਕੁਝ ਨਾ ਉੱਗ ਸਕਿਆ। ਸਿੱਟਾ ਇਹ ਸੀ ਕਿ ਜਦੋਂ ਉਨ੍ਹਾਂ ਦਾ ਅਕਾਲ ਚਲਾਣਾ ਹੋਇਆ ਤਾਂ ਉਨ੍ਹਾਂ ਦੇ ਮੇਚ ਦਾ ਕੋਈ ਵਿਅਕਤੀ ਨਾ ਨਿਕਲਿਆ ਜਿਹੜਾ ਰਾਜ ਦੀ ਵਾਗਡੋਰ ਸੰਭਾਲ ਸਕਦਾ। ਇਹ ਗੱਲ ਉਨ੍ਹਾਂ ਉਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਸੀ ਜਿਹੜੇ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਨਿਕਟਵਰਤੀ ਸਨ। ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਅਤੇ ਦਰਬਾਰ ਵਿਚ ਉਹ ਲੋਕ ਜਿਨ੍ਹਾਂ ਨੂੰ ਉਨ੍ਹਾਂ ਮਿੱਟੀ-ਘੱਟੇ ਵਿਚ ਰੁਲਦਿਆਂ ਨੂੰ ਸੱਤਾ ਸੌਂਪ ਦਿੱਤੀ ਸੀ। ਸਾਧਾਰਨ ਜੀਵਨ ਵਿਚੋਂ ਕੱਢ ਕੇ ਏਨੀ ਦੌਲਤ ਨਾਲ ਮਾਲਾਮਾਲ ਕਰ ਦਿੱਤਾ ਸੀ, ਜਿਸ ਬਾਰੇ ਉਹ ਸੋਚ ਵੀ ਨਹੀਂ ਸਕਦੇ ਸਨ।

ਮਹਾਰਾਜਾ ਸਾਹਿਬ ਦੇ ਸੱਤ ਸਪੁੱਤਰ ਸਨ। ਪਰ ਉਹ ਵੱਖ-ਵੱਖ ਰਾਣੀਆਂ ਦੇ ਪੇਟੋਂ ਪੈਦਾ ਹੋਏ ਸਨ ਇਸ ਲਈ ਉਨ੍ਹਾਂ ਅੰਦਰ ਭਾਈਚਾਰੇ ਦੀ ਭਾਵਨਾ ਦੀ ਥਾਂ ਭਰਾਵਾਂ ਨਾਲ ਸ਼ਰੀਕਾਂ ਜਿਹਾ ਵੈਰ ਕਮਾਉਣ ਦਾ ਜੋਸ਼ ਸੀ। ਸਭ ਤੋਂ ਵੱਡਾ ਖੜਕ ਸਿੰਘ ਸੀ। ਉਹ ਆਲਸੀ ਅਤੇ ਸੁਖ-ਰਹਿਣਾ ਸੀ। ਉਸ ਅੰਦਰ ਨਾ ਤਾਂ ਆਪਣੇ ਪਿਤਾ ਜਿਹੀ ਗਤੀਸ਼ੀਲ ਸ਼ਕਤੀ ਸੀ ਅਤੇ ਨਾ ਹੀ ਅੰਤਾਂ ਦੀ ਸਾਦਗੀ ਸੀ ਜਿਸ ਸਦਕਾ ਉਸ ਦੇ ਵੱਡ-ਵਡੇਰੇ ਆਮ ਲੋਕਾਂ ਦਾ ਪਿਆਰ

ਅਤੇ ਸਤਿਕਾਰ ਘੱਟ ਚੁੱਕੇ ਸਨ। ਪਰ ਉਹ ਪ੍ਰਸ਼ਾਸਨ ਦਾ ਭਾਰ ਉਨ੍ਹਾਂ ਹੱਥਾਂ ਵਿਚ ਦੇਣ ਤੋਂ ਇਨਕਾਰੀ ਵੀ ਨਹੀਂ ਸੀ ਜਿਹੜੇ ਇਹ ਜ਼ਿੰਮੇਵਾਰੀ ਲੈਣ ਲਈ ਤਿਆਰ ਸਨ। ਵਿਸ਼ੇਸ਼ ਕਰਕੇ ਚੇਤ ਸਿੰਘ ਬਾਜਵਾ ਜਿਹੜਾ ਉਨ੍ਹਾਂ ਦੀ ਪਤਨੀ ਦੇ ਪੱਖੋਂ ਰਿਸ਼ਤੇਦਾਰ ਸੀ। ਖੜਕ ਸਿੰਘ ਦਾ ਪੁੱਤਰ ਨੌਨਿਹਾਲ ਸਿੰਘ ਕਿਸੇ ਹੋਰ ਸੱਚੇ ਵਿਚ ਢਲਿਆ ਹੋਇਆ ਸੀ। ਉਹ ਉਤਸ਼ਾਹੀ ਅਤੇ ਉੱਦਮੀ ਸ਼ਖ਼ਸੀਅਤ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਪੁੱਤਰ ਸ਼ੇਰ ਸਿੰਘ ਵੀ ਉਤਸ਼ਾਹੀ ਅਤੇ ਮਿਲਾਪੜਾ ਸੀ। ਉਹ ਇਉਂ ਦਾਅਵਾ ਕਰਦਾ ਸੀ ਕਿ ਉਹ ਮਹਾਰਾਜਾ ਸਾਹਿਬ ਦੀ ਪਹਿਲੀ ਵਿਆਹੁਤਾ ਰਾਣੀ ਦੇ ਪੇਟੋਂ ਪੈਦਾ ਹੋਇਆ ਸੀ। ਖੜਕ ਸਿੰਘ ਉਸ ਦੀ ਗੱਲ ਠੁਕਰਾਉਂਦਾ ਸੀ ਅਤੇ ਬਲ ਨਾਲ ਕਹਿੰਦਾ ਸੀ ਕਿ ਕੇਵਲ ਉਹੋ (ਖੜਕ ਸਿੰਘ) ਹੀ ਆਪਣੇ ਪਿਤਾ ਦਾ ਅਸਲੀ ਪੁੱਤਰ ਸੀ। ਬਾਕੀ ਸਭ—ਸ਼ੇਰ ਸਿੰਘ, ਤਾਰਾ ਸਿੰਘ, ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ, ਮੁਲਤਾਨ ਸਿੰਘ ਅਤੇ ਦਲੀਪ ਸਿੰਘ—ਸ਼ੱਕੀ ਔਲਾਦ ਸਨ।

ਜਿਵੇਂ ਸ਼ਹਿਜ਼ਾਦਿਆਂ ਵਿਚ ਵੰਡੀਆਂ ਪਈਆਂ ਹੋਈਆਂ ਸਨ। ਇਵੇਂ ਹੀ ਅਮੀਰ-ਵਜ਼ੀਰ ਵੀ ਪਾਟੋ-ਧਾੜ ਹੋ ਰਹੇ ਸਨ। ਮਹਾਰਾਜਾ ਸਾਹਿਬ ਦੇ ਅਕਾਲ ਚਲਾਣੇ ਤੋਂ ਛੇਤੀ ਉਪਰੰਤ ਦੋ ਪ੍ਰਮੁੱਖ ਧੜੇ ਉੱਭਰੇ। ਵਧੇਰੇ ਪ੍ਰਭਾਵ ਵਾਲਾ ਧੜਾ ਡੋਗਰਿਆਂ ਦਾ ਸੀ। ਇਹ ਤਿੰਨ ਭਰਾ ਸਨ—ਗੁਲਾਬ ਸਿੰਘ, ਧਿਆਨ ਸਿੰਘ ਅਤੇ ਸੁਚੇਤ ਸਿੰਘ ਅਤੇ ਧਿਆਨ ਸਿੰਘ ਦਾ ਲੜਕਾ ਹੀਰਾ ਸਿੰਘ। ਜਿਸ ਨੂੰ ਮਹਾਰਾਜਾ ਸਾਹਿਬ ਬਹੁਤ ਪਿਆਰ ਕਰਦੇ ਸਨ। ਭਾਵੇਂ ਇਹ ਸਾਰੇ ਭਰਾ ਆਪਣੇ ਮੰਤਵ ਦੀ ਪੂਰਤੀ ਲਈ ਇਕਮੁੱਠ ਨਹੀਂ ਸਨ ਤਾਂ ਵੀ ਨਾਇਕ ਮੈਂਬਰ ਨੇ ਲਾਹੌਰ ਦੇ ਤਖ਼ਤ ਤੇ ਬੈਠਣ ਦਾ ਰਾਹ ਲੱਭ ਹੀ ਲਿਆ। ਗੁਲਾਬ ਸਿੰਘ ਨੇ ਤਾਂ ਜੰਮੂ ਦੀ ਆਪਣੀ ਜਗੀਰ ਨੂੰ ਸੁਤੰਤਰ ਡੋਗਰਾ ਰਾਜ ਵਿਚ ਤਬਦੀਲ ਕਰ ਲਿਆ।

ਡੋਗਰਿਆਂ ਦੇ ਵਿਰੋਧੀ ਸਿੱਖ ਜਗੀਰਦਾਰ ਸਨ ਜਿਨ੍ਹਾਂ ਦੇ ਤਿੰਨ ਪਰਿਵਾਰ ਸਨ—ਸੰਧਾਂਵਾਲੀਏ, ਅਟਾਰੀਵਾਲੀਏ ਅਤੇ ਮਜੀਠੀਏ। ਇਹ ਪ੍ਰਮੁੱਖ ਸਨ।

ਸੁਆਰਥੀ ਟੋਲਿਆਂ ਵਿਚ ਕੁਝ ਅਜਿਹੇ ਲੋਕ ਵੀ ਸਨ ਜਿਨ੍ਹਾਂ ਕਿਸੇ ਦਾ ਵੀ ਪੱਖ ਨਹੀਂ ਪੂਰਿਆ ਅਤੇ ਉਹ ਹਾਲ ਮੁਤਾਬਿਕ ਦਰਬਾਰ ਦੀ ਸੇਵਾ ਵਫ਼ਾਦਾਰੀ ਅਤੇ ਈਮਾਨਦਾਰੀ ਨਾਲ ਨਿਭਾਉਣਾ ਚਾਹੁੰਦੇ ਸਨ। ਇਨ੍ਹਾਂ ਵਿਚੋਂ ਸਿਰਕੱਢ ਸਨ ਫ਼ਕੀਰ ਭਾਈ, ਵਿਸ਼ੇਸ਼ ਕਰਕੇ ਸਭ ਤੋਂ ਵੱਡਾ ਅਜ਼ੀਜ਼ੁਦੀਨ, ਜਿਹੜਾ ਵਿਦੇਸ਼ੀ ਮਾਮਲਿਆਂ ਦਾ ਸਲਾਹਕਾਰ ਬਣਿਆ ਰਿਹਾ। ਇਸ ਦੇ ਨਾਲ ਹੀ ਕਸ਼ਮੀਰੀ ਪੰਡਤ ਦੀਨਾ ਨਾਥ, ਜਿਹੜਾ ਅਮਲੇ ਅਤੇ ਮਾਲੀਏ ਦੇ ਵਿਭਾਗਾਂ ਦੀ ਦੇਖ-ਰੇਖ ਕਰਦਾ ਸੀ।

ਸੱਤਾ ਲਈ ਦੌੜ

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਉਪਰੰਤ ਸੱਤਾ ਪ੍ਰਾਪਤ ਕਰਨ ਲਈ ਦੌੜ-ਭੱਜ ਤੇਜ਼ ਹੋ ਗਈ। ਜਿਸ ਵਿਚ ਫ਼ੈਸਲਾਕੁੰਨ ਅੰਸ਼ ਫ਼ੌਜੀ ਹਮਾਇਤ ਦਾ ਸੀ। ਇਸ ਲਈ ਵਿਰੋਧੀ ਇਸ ਯਤਨ ਵਿਚ ਸਨ ਕਿ ਵੱਧ ਵੇਤਨ, ਇਨਾਮ ਅਤੇ ਦੇਸ-ਪਿਆਰ ਦੀ ਭਾਵਨਾ ਨੂੰ ਅਪੀਲ ਕਰਕੇ ਸਿਪਾਹੀਆਂ ਨੂੰ ਆਪਣੇ ਵੱਲ ਖਿੱਚਿਆ ਜਾਵੇ। ਜ਼ਾਬਤੇ ਦੀ ਉਲੰਘਣਾ ਦੇ ਬੀਜ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਆਪ ਹੀ ਬੀਜ ਦਿੱਤੇ ਸਨ ਜਦੋਂ ਉਨ੍ਹਾਂ 1822 ਵਿਚ ਫ਼ੌਜ ਦਾ ਪਸਾਰਾ ਅਤੇ ਆਧੁਨਿਕੀਕਰਨ ਕੀਤਾ। ਉਸ ਸਮੇਂ ਤਕ ਉਨ੍ਹਾਂ ਸਾਰੀਆਂ ਜਿੱਤਾਂ ਪ੍ਰਾਪਤ ਕਰ ਲਈਆਂ ਸਨ। ਅੱਗੋਂ ਜਿਹੜੀਆਂ ਫ਼ੌਜੀ ਝੜਪਾਂ ਹੁੰਦੀਆਂ ਰਹੀਆਂ ਉਨ੍ਹਾਂ ਰਾਹੀਂ ਨਾ ਕੋਈ ਇਲਾਕਾ ਹੱਥ ਆਇਆ, ਨਾ ਹੀ ਕੋਈ ਲੁੱਟ ਦਾ ਮਾਲ ਪ੍ਰਾਪਤ ਹੋਇਆ

ਜਾਂ ਤਾਵਾਨ ਆਦਿ ਦੀ ਫ਼ਸੂਲੀ ਹੋ ਸਕੀ । ਇਸ ਹਾਲਤ ਵਿਚ ਫੌਜੀ ਪਸਾਰ ਦਾ ਵਾਧੂ ਖ਼ਰਚਾ ਕਿਸ ਤਰ੍ਹਾਂ ਪੂਰਾ ਹੁੰਦਾ ? ਸਿੱਟੇ ਵਜੋਂ ਸਿਪਾਹੀਆਂ ਦੀ ਤਲਬ ਪੂਰੀ ਨਾ ਤਾਰੀ ਗਈ ਅਤੇ ਇਕੱਠੀ ਹੋ ਗਈ । ਕੁਝ ਯੂਨਿਟਾਂ ਨੂੰ ਦੋ ਸਾਲ ਤਕ ਤਲਬ ਨਾ ਮਿਲ ਸਕੀ । ਮਹਾਰਾਜਾ ਸਾਹਿਬ ਦੇ ਦੇਹਾਂਤ ਉਪਰੰਤ ਸ਼ਹਿਰੀ ਪ੍ਰਸ਼ਾਸਨ ਵਿਗੜਦਾ ਗਿਆ ਅਤੇ ਸੂਬਿਆਂ ਦੇ ਹਾਕਮਾਂ ਨੇ ਮਾਮਲਾ ਤਾਰਨ ਵਿਚ ਟਾਲਮਟੋਲ ਕੀਤੀ । ਇਸ ਲਈ ਫ਼ੌਜ ਨੇ ਆਪਣੇ ਖ਼ਰਚੇ ਅਤੇ ਵੇਤਨ ਦੀ ਵਸੂਲੀ ਲਈ ਰਾਹ ਟੋਲ ਲਏ । ਉਨ੍ਹਾਂ ਨੂੰ ਸ਼ਹਿਰੀਆਂ ਨੂੰ ਲੁੱਟਣ ਦੀ ਅਦਤ ਪੈ ਗਈ ਅਤੇ ਆਪਣੀਆਂ ਸੇਵਾਵਾਂ ਉਸ ਨੂੰ ਅਰਪਣ ਕਰਦੇ ਜਿਹੜਾ ਵੱਧ ਪੈਸੇ ਤਾਰਨ ਲਈ ਤਿਆਰ ਹੁੰਦਾ । ਆਪਣੇ ਅਫ਼ਸਰਾਂ ਦੇ ਹੁਕਮ ਮੰਨਣ ਤੋਂ ਇਨਕਾਰੀ ਹੋਣ ਲੱਗੇ । (ਅਫ਼ਸਰਾਂ ਦੀ ਆਮਦਨ ਸੁਤੰਤਰ ਹੁੰਦੀ ਸੀ ਅਤੇ ਆਪਣੇ ਆਦਮੀਆਂ ਨਾਲ ਆਰਥਿਕ ਹਿਤ ਦੀ ਸਾਂਝ ਘੱਟ ਸੀ) । ਜਿਹੜੇ ਅਫ਼ਸਰ ਰੋਹਬ ਰੱਖਣ ਦਾ ਯਤਨ ਕਰਦੇ ਉਨ੍ਹਾਂ ਨੂੰ ਨੀਵਾਂ ਵਿਖਾਇਆ ਜਾਂਦਾ ਜਾਂ ਕਤਲ ਕਰ ਦਿੱਤਾ ਜਾਂਦਾ । ਜਵਾਨਾਂ ਨੇ ਪੰਚ ਚੁਨਣ ਦੀ ਪ੍ਰਥਾ ਬਣਾ ਲਈ ਸੀ ਤਾਂ ਜੋ ਉਹ ਆਪਣੀਆਂ ਸੇਵਾਵਾਂ ਦਾ ਮਹਿੰਗਾ ਮੁੱਲ ਪ੍ਰਾਪਤ ਕਰਨ ਲਈ ਗੱਲ-ਬਾਤ ਅੱਗੇ ਚਲਾ ਸਕਣ । ਆਪਣੇ ਪਰਿਵਾਰਕ ਕਾਰ-ਵਿਹਾਰ ਲਈ ਜਾਂ ਕਾਫ਼ੀ ਕਰਕੇ ਭਰਾਵਾਂ ਨੂੰ ਸਹਾਇਤਾ ਦੇਣ ਲਈ ਉਹ ਬਿਨਾਂ ਪ੍ਰਵਾਨਗੀ ਲਏ ਯੂਨਿਟਾਂ ਤੋਂ ਚਲੇ ਜਾਂਦੇ । ਫ਼ੌਜੀਆਂ ਦੇ ਅਜਿਹੇ ਵਿਦਰੋਹ ਦੇ ਵਤੀਰੇ ਦਾ ਭੈੜਾ ਨਤੀਜਾ ਇਹ ਸੀ ਕਿ ਵਿਦੇਸ਼ੀ ਅਫ਼ਸਰਾਂ ਅੰਦਰ ਘਬਰਾਹਟ ਫੈਲ ਗਈ । ਬਹੁਤ ਸਾਰੇ ਵਿਦੇਸ਼ੀ ਤਾਂ ਦਰਬਾਰ ਦੀ ਨੌਕਰੀ ਛੱਡ ਗਏ । ਜਿਹੜੇ ਪਿੱਛੇ ਰਹੇ ਉਨ੍ਹਾਂ ਨੇ ਪੈਸਾ ਅਤੇ ਹੀਰੇ-ਜਵਾਹਰਾਤ ਹਿੰਦੁਸਤਾਨ (ਭਾਵ ਰਿਆਸਤਾਂ) ਤੋਂ ਬਾਹਰ ਦੀਆਂ ਬੈਂਕਾਂ ਨੂੰ ਭੇਜ ਦਿੱਤੇ ਅਤੇ ਇਸ ਦੀ ਸੂਚਨਾ ਉਹ ਬਰਤਾਨਵੀ ਏਜੰਟਾਂ ਨੂੰ ਦੇਣ ਤੋਂ ਕਤਰਾਉਂਦੇ ਸਨ ।

ਕੇਂਦਰੀ ਸੱਤਾ ਦੇ ਕਮਜ਼ੋਰ ਹੋ ਜਾਣ ਨਾਲ ਦੂਰ ਲਗਦੇ ਇਲਾਕਿਆਂ ਦੇ ਸੂਬੇਦਾਰ ਸੁਤੰਤਰ ਹਾਕਮ ਬਣਨ ਦੇ ਸੁਪਨੇ ਲੈਣ ਲੱਗੇ । ਦਰਬਾਰ ਦੀ ਹਾਨੀ ਦੀ ਪਰਵਾਹ ਨਾ ਕਰਦੇ ਹੋਏ ਗੁਲਾਬ ਸਿੰਘ ਡੋਗਰਾ ਆਪਣੇ ਅਧਿਕਾਰ ਦਾ ਘੇਰਾ ਵਧਾਉਣ ਲੱਗਾ । ਮੁਸਲਮਾਨ ਕਬਾਇਲੀ, ਵਿਸ਼ੇਸ਼ ਕਰਕੇ ਹਜ਼ਾਰਾ ਦੇ ਆਲੇ-ਦੁਆਲੇ ਯੂਸਫ਼ਜ਼ਈ ਅਤੇ ਜੇਹਲਮ ਅਤੇ ਸਿੰਧ ਵਿਚਾਲੇ ਬਲੋਚ ਵੀ ਬੇਚੈਨ ਸਨ । ਜਿਵੇਂ-ਜਿਵੇਂ ਦਰਬਾਰ ਦੀ ਤਾਕਤ ਕਮਜ਼ੋਰ ਪੈਂਦੀ ਗਈ ਅੰਗਰੇਜ਼ਾਂ ਨੇ ਅੱਗੇ ਆਉਣ ਲਈ ਆਪਣੀਆਂ ਵਿਉਂਤਾਂ ਨੂੰ ਸਿਰੇ ਚੜ੍ਹਾਉਣਾ ਆਰੰਭ ਦਿੱਤਾ । ਅਫ਼ਗਾਨਿਸਤਾਨ ਵਿਚ ਉਲਝੇ ਹੋਣ ਕਾਰਨ ਉਨ੍ਹਾਂ ਦਾ ਪੰਜਾਬ ਵਿਚ ਸਿੱਧਾ ਦਖ਼ਲ ਦੇਣਾ ਔਖਾ ਸੀ । ਪਰ ਜਿਉਂ ਹੀ ਅਫ਼ਗਾਨਿਸਤਾਨ ਦੇ ਮਾਮਲੇ ਸੁਲਝੇ ਉਨ੍ਹਾਂ ਆਪਣੀ ਪਸਾਰਵਾਦੀ ਨੀਤੀ ਵੱਲ ਧਿਆਨ ਦੇਣਾ ਆਰੰਭ ਦਿੱਤਾ ।

ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ

ਦਰਬਾਰੀਆਂ ਵਿਚਕਾਰ ਗੋਂਦਾਂ ਗੁੰਦਣ ਦਾ ਕਾਰਜ ਤਾਂ ਉਸ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਮ੍ਰਿਤਕ ਸਰੀਰ ਅੰਤਮ ਸੰਸਕਾਰ ਲਈ ਮਹਿਲ ਦੇ ਫ਼ਰਸ਼ ਤੇ ਪਿਆ ਸੀ । ਪਰ ਮਹਾਰਾਜਾ ਖੜਕ ਸਿੰਘ ਨੇ ਉਨ੍ਹਾਂ ਦਰਬਾਰੀਹਆਂ ਦਾ ਤੌਖ਼ਲਾ ਦੂਰ ਕੀਤਾ ਅਤੇ ਭਰੋਸਾ ਦੁਆਇਆ ਕਿ ਉਨ੍ਹਾਂ ਦੀ ਜਗੀਰ ਵੱਲ ਕੋਈ ਅੱਖ ਚੁੱਕ ਕੇ ਨਹੀਂ ਵੇਖੇਗਾ । ਪਰ ਉਸ ਦੇ ਸੰਬੰਧ ਆਪਣੇ ਭਰਾ ਨਾਲ ਸੁਖਾਵੇਂ ਨਹੀਂ ਸਨ । ਸ਼ੇਰ ਸਿੰਘ ਨੇ ਅੰਗਰੇਜ਼ਾਂ ਪਾਸ ਆਪਣਾ ਦਾਅਵਾ ਰਖਿਆ ਸੀ ਕਿ ਗੱਦੀ ਦਾ ਹੱਕਦਾਰ ਉਹ ਹੈ ਪਰ ਲਾਰਡ ਆਕਲੈਂਡ ਨੇ ਇਹ ਗੱਲ ਠੁਕਰਾ ਦਿੱਤੀ । ਉਸ ਵੇਲੇ ਦੇ 'ਪੰਜਾਬ ਅਖ਼ਬਾਰ' ਦੇ

ਅਨੁਸਾਰ ਸ਼ੇਰ ਸਿੰਘ ਆਪਣੇ ਪਿਤਾ ਦੇ ਸਸਕਾਰ ਵੇਲੇ ਵੀ ਹਾਜ਼ਰ ਨਹੀਂ ਹੋਇਆ। ਉਸ ਨੂੰ ਡਰ ਸੀ ਕਿ ਕਿਤੇ ਉਹਨੂੰ ਕੈਦ ਨਾ ਕਰ ਲੈਣ। ਉਹ ਆਪਣੇ ਬਟਾਲੇ ਵਾਲੀ ਜਗੀਰ 'ਤੇ ਚਲਾ ਗਿਆ ਅਤੇ ਦਰਬਾਰ ਲਈ ਸੰਦੇਸ਼ ਭੇਜ ਦਿੱਤਾ ਕਿ ਜਦੋਂ ਤਕ ਇਹ ਵਚਨ ਨਹੀਂ ਦਿੱਤਾ ਜਾਂਦਾ ਕਿ ਉਸ ਨੂੰ ਕੈਦ ਨਹੀਂ ਕੀਤਾ ਜਾਵੇਗਾ, ਉਹ ਸਸਕਾਰ ਦੀਆਂ ਰਸਮਾਂ ਵਿਚ ਸ਼ਾਮਲ ਨਹੀਂ ਹੋਵੇਗਾ। ਐਲਾਨ ਹੋਏ ਸਰਕਾਰੀ ਸ਼ੋਕ ਦੇ ਅੰਤਲੇ ਦਿਨ ਸ਼ੇਰ ਸਿੰਘ ਲਾਹੌਰ ਆਇਆ ਅਤੇ ਇਉਂ ਪ੍ਰਤੀਤ ਹੋਇਆ ਕਿ ਸ਼ਾਹੀ ਪਰਿਵਾਰ ਅੰਦਰ ਏਕਾਂਤ ਅਤੇ ਸਦਭਾਵਨਾ ਪੈਦਾ ਹੋ ਗਈ ਹੈ। ਖੜਕ ਸਿੰਘ ਨੇ ਪੰਜਾਬ ਦੇ ਨਵੇਂ ਮਹਾਰਾਜਾ ਦੇ ਤੌਰ ਤੇ ਗੱਦੀ ਸੰਭਾਲੀ ਅਤੇ ਧਿਆਨ ਸਿੰਘ ਨੂੰ ਮੁੜ ਮੁੱਖ ਮੰਤਰੀ ਵਜੋਂ ਥਾਪਿਆ ਗਿਆ।

ਪਰ ਦਰਬਾਰ ਦੀ ਇਹ ਏਕਤਾ ਬਹੁਤੇ ਦਿਨਾ ਤਕ ਨਾ ਬਣੀ ਰਹਿ ਸਕੀ। ਸਰਹੱਦ ਦੀ ਸੰਭਾਲ ਛੱਡ ਕੇ ਕੰਵਰ ਨੌਨਿਹਾਲ ਸਿੰਘ ਲਾਹੌਰ ਪਹੁੰਚ ਗਿਆ ਅਤੇ ਉਸ ਪੱਕਾ ਇਰਾਦਾ ਕਰ ਲਿਆ ਕਿ ਉਹ ਪ੍ਰਭਾਵੀ ਤੌਰ ਤੇ ਵਾਗਾਂ ਆਪਣੇ ਹੱਥ ਲਵੇਗਾ। ਕੰਵਰ ਨੌਨਿਹਾਲ ਸਿੰਘ ਨੇ ਸਾਰੇ ਸਰਦਾਰਾਂ ਦੇ ਨਾਂ ਫ਼ਰਮਾਨ ਜਾਰੀ ਕਰ ਦਿੱਤਾ ਸੀ ਅਤੇ ਦਸਤਾ-ਵੇਜ਼ ਤੇ ਹਸਤਾਖ਼ਰ ਵੀ ਕਰਵਾ ਲਏ ਸਨ ਕਿ ਮਹਾਰਾਜਾ ਖੜਕ ਸਿੰਘ ਦੇ ਗੱਦੀ ਤੇ ਬੈਠਣ ਨਾਲ ਉਸ ਨੂੰ ਵੀ ਆਪਣੇ ਪਿਤਾ ਨਾਲ ਮੁਖਤਾਰੀ ਪ੍ਰਾਪਤ ਹੋਵੇਗੀ। ਉਸ ਦੇ ਲਾਹੌਰ ਆਉਣ ਤਕ ਤਿਲਕ ਦੀ ਰਸਮ ਰੋਕ ਦਿੱਤੀ ਜਾਵੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਹੀਰੇ-ਜਵਾਹਰਾਤ ਅਤੇ ਖ਼ਜ਼ਾਨਾ ਆਦਿ ਨਾ ਛੇੜਿਆ ਜਾਵੇ। ਧਿਆਨ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਨੂੰ ਰੋਕਿਆ ਕਿ ਬੜੇ ਯਤਨਾਂ ਨਾਲ ਚਲਾਈ ਗਈ ਡੋਲਦੀ ਬੇੜੀ ਨੂੰ ਡੋਬਣ ਦਾ ਯਤਨ ਨਾ ਕਰੇ। ਉਸ ਨੇ ਇਹ ਪਰਵਾਨ ਕਰ ਲਿਆ ਕਿ ਕੰਵਰ ਨੂੰ ਹੱਕ ਹੈ ਕਿ ਉਹ ਮਹੱਤਵਪੂਰਨ ਨੀਤੀਆਂ ਨਿਰਧਾਰਤ ਕਰੇ ਅਤੇ ਮੁੱਖ ਸਲਾਹਕਾਰ ਦਾ ਰੋਲ ਨਿਭਾਵੇ। ਪਰ ਚੇਤ ਸਿੰਘ ਬਾਜਵਾ ਨੇ ਮਹਾਰਾਜਾ ਖੜਕ ਸਿੰਘ ਨੂੰ ਸਾਵਧਾਨ ਕਰ ਦਿੱਤਾ ਕਿ ਆਪਣੇ ਸ਼ਾਹੀ ਹੱਕ ਵਿਚ ਉਹ ਕਿਸੇ ਪ੍ਰਕਾਰ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਾ ਕਰੇ। ਮਹਾਰਾਜਾ ਸਾਹਿਬ ਨੇ ਯਤਨ ਕੀਤਾ ਕਿ ਕੰਵਰ ਅਤੇ ਡੋਗਰੇ ਮੁੱਖ ਮੰਤਰੀ ਨੂੰ ਆਪਣੇ-ਆਪਣੇ ਸਥਾਨ ਤੇ ਟਿਕਾਈ ਰੱਖੇ। ਪਰ ਇਹ ਗੱਲ ਸਭ ਨੂੰ ਸਪੱਸ਼ਟ ਦਿੱਸ ਪਈ ਕਿ ਇਹ ਚਾਲ ਚੇਤ ਸਿੰਘ ਬਾਜਵਾ ਦੀ ਚਲਾਈ ਹੋਈ ਸੀ ਅਤੇ ਉਹ ਆਪਣੀ ਬੰਦੂਕ ਮਹਾਰਾਜਾ ਸਾਹਿਬ ਦੇ ਮੋਢੇ ਉਪਰ ਰੱਖ ਕੇ ਉਨ੍ਹਾਂ ਲੋਕਾਂ ਦਾ ਨਿਸ਼ਾਨਾ ਲਾਉਣਾ ਚਾਹੁੰਦਾ ਸੀ ਜਿਹੜੇ ਉਸਦੀਆਂ ਨਜ਼ਰਾਂ ਵਿਚ ਰੜਕਦੇ ਸਨ। ਕੁਝ ਸਮੇਂ ਲਈ ਤਖ਼ਤ ਪਿੱਛੋਂ ਵਾਗਾਂ ਪਕੜਨ ਵਾਲਾ ਬਾਜਵਾ ਹੀ ਸੀ। ਤਾਕਤ ਨੇ ਉਸ ਦਾ ਦਿਮਾਗ਼ ਟਿਕਾਣੇ ਨਾ ਰਹਿਣ ਦਿੱਤਾ। ਉਸ ਵਿਚ ਹੈਂਕੜ ਆ ਗਈ। ਉਹ ਡੋਗਰਿਆਂ ਨਾਲ ਗਾਲ੍ਹਾਂ ਕੱਢਣ ਤੇ ਵੀ ਉਤਰ ਆਇਆ। ਧਿਆਨ ਸਿੰਘ ਅਤੇ ਉਸ ਦੇ ਲੜਕੇ ਨੂੰ ਸ਼ਾਹੀ ਸਥਾਨਾਂ ਤਕ ਨਾ ਪਹੁੰਚਣ ਦਿੱਤਾ ਜਾਂਦਾ। ਗੁਲਾਬ ਸਿੰਘ ਨੂੰ ਜੰਮੂ ਪਰਤਣ ਲਈ ਮਜਬੂਰ ਹੋਣਾ ਪਿਆ। ਕੰਵਰ ਨੌਨਿਹਾਲ ਸਿੰਘ ਵੀ ਸੌਖਾ ਸਾਹ ਨਾ ਲੈ ਸਕਿਆ। ਉਹ ਵੀ ਸਭ ਕੁਝ ਛੱਡ-ਛੁਡਾ ਕੇ ਅਫ਼ਗਾਨਾਂ ਵਿਰੁੱਧ ਮੋਰਚਾ ਲਾਉਣ ਲਈ ਚਲਾ ਗਿਆ।

ਮੰਤਰੀਆਂ ਵਿਚ ਦੀ ਆਪਸੀ ਫੁੱਟ ਇਕ ਖੁੱਲ੍ਹਾ ਅਪਮਾਨ ਬਣ ਗਿਆ ਅਤੇ ਗੈਰ-ਫ਼ਰਮਾਂਬਰਦਾਰ ਅਨਸਰ ਇਸ ਹਾਲਤ ਦਾ ਲਾਭ ਉਠਾਉਣ ਲੱਗਾ। ਕੰਵਰ ਨੌਨਿਹਾਲ ਸਿੰਘ ਨੇ ਦਖ਼ਲ ਦੇਣ ਦਾ ਯਤਨ ਕੀਤਾ। ਉਹ ਅਗਸਤ 1839 ਵਿਚ ਲਾਹੌਰ ਆਇਆ ਅਤੇ ਉਸ ਮਹਾਰਾਜਾ ਸਾਹਿਬ ਨੂੰ ਖੁੱਲ੍ਹੇ ਤੌਰ ਤੇ ਦੱਸ ਦਿੱਤਾ ਕਿ ਸਾਰੇ ਸਲਾਹਕਾਰਾਂ ਦੀ ਸਮੁੱਚੀ ਰਾਏ ਹੈ ਕਿ ਬਾਜਵਾ ਸਾਹਿਬ ਨੂੰ ਹਟਾ ਦਿੱਤਾ ਜਾਵੇ। ਮਹਾਰਾਜਾ ਸਾਹਿਬ ਨੇ ਨਾ ਕੇਵਲ ਇਹ

ਬੇਨਤੀ ਹੀ ਠੁਕਰਾਈ ਸਗੋਂ ਉਸ ਨੇ ਇਹ ਹੁਕਮ ਵੀ ਜਾਰੀ ਕਰ ਦਿੱਤਾ ਕਿ ਨਵੀਆਂ ਜਗੀਰਾਂ ਤਾਂ ਦਿੱਤੀਆਂ ਜਾਣਗੀਆਂ ਜੇਕਰ ਬਾਜਵਾ ਸਾਹਿਬ ਉਨ੍ਹਾਂ ਨੂੰ ਪਹਿਲਾਂ ਪ੍ਰਵਾਨਗੀ ਦੇ ਦੇਵੇਗਾ। ਲੁਧਿਆਣੇ ਦਾ ਰਾਜਸੀ ਏਜੰਟ ਜਾਰਜ ਰਸਲ ਕਲਾਰਕ ਉਸ ਵੇਲੇ ਵਿਹਾਰਕ ਤੌਰ 'ਤੇ ਸ਼ੋਕ ਪ੍ਰਗਟ ਕਰਨ ਦੇ ਸੰਬੰਧ ਵਿਚ ਲਾਹੌਰ ਆਇਆ ਹੋਇਆ ਸੀ। ਕੰਵਰ ਨੌਨਿਹਾਲ ਸਿੰਘ ਨੇ ਉਸ ਨੂੰ ਚੌਕਸ ਕਰ ਦਿੱਤਾ ਅਤੇ ਉਸ ਪਾਸੋਂ ਇਹ ਵਾਅਦਾ ਲੈ ਲਿਆ ਕਿ ਅੰਗਰੇਜ਼ ਕਿਸੇ ਕਿਸਮ ਦੀ ਕਠਿਨਾਈ ਪੈਦਾ ਨਹੀਂ ਕਰਨਗੇ। ਉਹ ਚੁੱਪਚਾਪ ਹਾਕਮ ਬਣ ਬੈਠਾ। ਕੰਵਰ ਨੌਨਿਹਾਲ ਦੀ ਅਗਵਾਈ ਹੇਠ ਵੀਹ ਹਜ਼ਾਰ ਸਰਦਾਰ ਅਤੇ ਤਿੰਨੇ ਹੀ ਡੋਗਰਾ ਭਰਾ ਮਹਾਰਾਜਾ ਖੜਕ ਸਿੰਘ ਸਿੰਘ ਦੀ ਖ਼ਵਾਬਗਾਹ ਜਾਂ ਸੌਣ-ਸਥਾਨ ਵਿਚ ਜ਼ਬਰਦਸਤੀ ਘੁਸ ਗਏ। ਉਨ੍ਹਾਂ ਲੁਕੇ ਹੋਏ ਚੇਤ ਸਿੰਘ ਬਜਵਾ ਨੂੰ ਖਿਚ ਕੇ ਬਾਹਰ ਲੈ ਆਂਦਾ ਅਤੇ ਮਹਾਰਾਜਾ ਖੜਕ ਸਿੰਘ ਦੇ ਸਨਮੁਖ ਖੜਾ ਕਰ ਦਿੱਤਾ। ਧਿਆਨ ਸਿੰਘ ਡੋਗਰੇ ਨੇ ਆਪਣੇ ਹੱਥੀਂ ਬਾਜਵਾ ਦਾ ਢਿੱਡ ਪਾੜ ਦਿੱਤਾ ਅਤੇ ਰੌਲਾ ਪਾਉਣ ਲੱਗਾ : "ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਇਹ ਸੁਗਾਤ ਵੀ ਲੈ ਲਓ।" ਚੇਤ ਸਿੰਘ ਬਾਜਵਾ ਦੀ 50-60 ਲੱਖ ਰੁਪਏ ਦੀ ਜਾਇਦਾਦ ਵੀ ਲੈ ਲਈ ਗਈ।

ਮਹਾਰਾਜਾ ਖੜਕ ਸਿੰਘ ਆਪਣੇ ਹਠੀ ਬੇਟੇ ਅੱਗੇ ਝੁਕ ਗਿਆ। ਕੰਵਰ ਨੌਨਿਹਾਲ ਸਿੰਘ ਨੇ ਸ਼ਾਹੀ ਕਿਲ੍ਹੇ ਅੰਦਰ ਮਹਿਲਾਂ ਤੇ ਕਬਜ਼ਾ ਕਰ ਲਿਆ ਅਤੇ ਪੰਜਾਬ ਦਾ ਅਸਲੀ ਮਹਾਰਾਜਾ ਬਣ ਗਿਆ, ਭਾਵੇਂ ਨਾਂ ਵਜੋਂ ਨਹੀਂ ਸੀ। ਆਪਣੇ ਪਿਤਾ ਪ੍ਰਤੀ ਵੀ ਉਸ ਦਾ ਵਤੀਰਾ ਅੱਖੜਪੁਣੇ ਤੋਂ ਸਾਊ ਪੁੱਤਰਾਂ ਵਾਲਾ ਹੋ ਗਿਆ। ਕੰਵਰ ਨੇ ਰਸਮੀ ਕਾਰਗੁਜ਼ਾਰੀ ਤਾਂ ਆਪਣੇ ਪਿਤਾ ਪਾਸ ਹੀ ਰਹਿਣ ਦਿੱਤੀ ਪਰ ਪ੍ਰਸ਼ਾਸਨਿਕ ਮਾਮਲਿਆਂ ਨੂੰ ਆਪ ਨਜਿੱਠਦਾ। ਉਸ ਅਮੀਰਾਂ, ਵਜ਼ੀਰਾਂ, ਸੂਬਿਆਂ ਦੇ ਸੂਬੇਦਾਰਾਂ ਅਤੇ ਜਰਨੈਲਾਂ ਆਦਿ ਨੂੰ ਜਿਹੜੇ ਬਿਮਾਰ ਮਹਾਰਾਜਾ ਰਣਜੀਤ ਸਿੰਘ ਵੇਲੇ ਅਤੇ ਮਹਾਰਾਜਾ ਖੜਕ ਸਿੰਘ ਦੀ ਨਰਮ-ਦਿਲੀ ਦਾ ਲਾਭ ਉਠਾ ਕੇ ਆਪਣੀ ਮਨਮਾਨੀ ਕਰਨ ਲੱਗ ਪਏ ਸਨ, ਇਹ ਦੱਸ ਦਿੱਤਾ ਕਿ ਉਹ ਆਪ ਕਿਸ ਤਰ੍ਹਾਂ ਪੰਜਾਬ ਉਪਰ ਅਸਰਦਾਇਕ ਢੰਗ ਨਾਲ ਹਕੂਮਤ ਕਰਨਾ ਚਾਹੁੰਦਾ ਹੈ। ਛੇਤੀ ਹੀ ਉਹ ਕੰਵਰ ਨੌਨਿਹਾਲ ਸਿੰਘ ਦੀ ਸਖ਼ਤ ਹਕੂਮਤ ਹੱਥੋਂ ਤੰਗ ਆ ਗਏ। ਪਰ ਕੰਵਰ ਨੇ ਆਪਣੇ ਸਲਾਹਕਾਰਾਂ ਨੂੰ ਅੱਖੋਂ ਓਹਲੇ ਕਰਕੇ ਅੰਗਰੇਜ਼ਾਂ ਦੀ ਹਮਾਇਤ ਪ੍ਰਾਪਤ ਕਰ ਲਈ। ਕਿਉਂਕਿ ਉਸ ਅੰਗਰੇਜ਼ ਫ਼ੌਜ, ਜਿਹੜੀ ਅਫ਼ਗ਼ਾਨਿਸਤਾਨ ਵਿਚ ਸੀ, ਨੂੰ ਪੰਜਾਬ ਵਿਚੋਂ ਲੰਘਣ ਦੀ ਇਜਾਜ਼ਤ ਦੇ ਦਿੱਤੀ। ਕੁਝ ਹੀ ਮਹੀਨਿਆਂ ਅੰਦਰ ਇਉਂ ਪ੍ਰਤੀਤ ਹੋਣ ਲੱਗਾ ਕਿ ਕੰਵਰ ਨੌਨਿਹਾਲ ਸਿੰਘ ਅੰਦਰ ਉਸ ਦੇ ਦਾਦਾ ਮਹਾਰਾਜਾ ਰਣਜੀਤ ਸਿੰਘ ਦੀ ਆਤਮਾ ਮੁੜ ਜੀਵੰਤ ਹੋ ਗਈ ਸੀ।

ਪਰ ਕੰਵਰ ਨੌਨਿਹਾਲ ਸਿੰਘ ਲਈ ਡੋਗਰੇ ਦੁੱਖਾਂ ਦਾ ਕਾਰਨ ਸਾਬਤ ਹੋਏ। ਮਈ 1840 ਵਿਚ ਜਨਰਲ ਜ਼ੋਰਾਵਰ ਸਿੰਘ ਨੇ ਇਹ ਇਤਲਾਹ ਇਸਕਾਰਦੂ ਤੋਂ ਭੇਜੀ ਸੀ ਕਿ ਲੋਕ ਆਪ ਦੇ ਹਾਕਮ, ਅਹਿਮਦ ਸ਼ਾਹ, ਨਾਲ ਸੰਤੁਸ਼ਟ ਨਹੀਂ ਸਨ। ਸਿੱਟੇ ਵਜੋਂ ਉਸ ਦਖ਼ਲ-ਅੰਦਾਜ਼ੀ ਕਰਕੇ ਅਹਿਮਦ ਸ਼ਾਹ ਦੇ ਪੁੱਤਰ, ਮੁਹੰਮਦ ਸ਼ਾਹ ਨੂੰ ਉਥੋਂ ਦਾ ਹਾਕਮ ਬਣਾ ਦਿੱਤਾ ਹੈ। ਆਪ ਉਸ ਇਸਕਾਰਦੂ ਵਿਖੇ ਆਪਣੇ ਪੈਰ ਪੱਕੇ ਜਮਾ ਲਏ ਹਨ। ਕੰਵਰ ਨੌਨਿਹਾਲ ਸਿੰਘ ਨੇ ਇਲਾਕੇ ਤੇ ਕਬਜ਼ਾ ਕਰ ਲੈਣ ਵਾਲੀ ਗੱਲ ਤਾਂ ਮੰਨ ਲਈ, ਪਰ ਉਸ ਨੂੰ ਇਹ ਅੱਛਾ ਨਹੀਂ ਲਗਦਾ ਸੀ ਕਿ ਛੋਟੇ ਤਿੱਬਤ ਵਿਚ ਡੋਗਰੇ ਕਿੰਗ-ਮੇਕਰ ਬਣ ਜਾਣ। ਉਸ ਇਹ ਆਦੇਸ਼ ਜਾਰੀ ਕਰ ਦਿੱਤੇ ਕਿ ਅਹਿਮਦ ਸ਼ਾਹ ਨੂੰ ਮੁੜ ਗੱਦੀ ਤੇ ਬਿਠਾ ਦਿੱਤਾ ਜਾਵੇ, ਪਰ ਇਸ ਸ਼ਰਤ ਨਾਲ ਕਿ ਉਹ ਲਾਹੌਰ ਦਰਬਾਰ ਨੂੰ ਕਰ ਜਾਂ ਖ਼ਿਰਾਜ ਭੇ

ਜਦਾ ਰਹੇਗਾ। ਜ਼ੋਰਾਵਰ ਸਿੰਘ ਆਪਣੇ ਫੌਰੀ ਹਾਕਮ, ਗੁਲਾਬ ਸਿੰਘ ਡੋਗਰਾ ਵੱਲ ਝੁਕਿਆ ਅਤੇ ਦੋਹਾਂ ਨੇ ਮਿਲ ਕੇ ਕੰਵਰ ਦੇ ਆਦੇਸ਼ ਦੀ ਉਲੰਘਣਾ ਕੀਤੀ ਪਰ ਖੁੱਲ੍ਹੇ ਤੌਰ ਤੇ ਵਿਦਰੋਹ ਪ੍ਰਗਟ ਨਾ ਕੀਤਾ।

ਕੰਵਰ ਨੌਨਿਹਾਲ ਸਿੰਘ ਨੇ ਇਹ ਸਮਝ ਲਿਆ ਕਿ ਡੋਗਰੇ ਸਰਾਰਤੀ ਤੌਰ ਤੇ ਸ਼ਕਤੀ-ਸ਼ਾਲੀ ਹੋ ਗਏ ਹਨ। ਉਨ੍ਹਾਂ ਦਾ ਵਾਧੂ ਧਨ ਲੂਣ ਦੀਆਂ ਖਾਨਾਂ ਤੋਂ ਆਉਂਦਾ ਹੈ, ਜਿਨ੍ਹਾਂ ਤੇ ਉਨ੍ਹਾਂ ਦਾ ਏਕਾਧਿਕਾਰ ਹੈ। ਕੰਵਰ ਸਾਹਿਬ ਇਸ ਏਕਾਧਿਕਾਰ ਨੂੰ ਤੋੜਨਾ ਚਾਹੁੰਦੇ ਸਨ ਤਾਂ ਜੋ ਲੋਕਾਂ ਨੂੰ ਸਸਤੇ ਭਾਅ ਤੇ ਲੂਣ ਮਿਲ ਸਕੇ। ਇਸ ਤੋਂ ਪਹਿਲਾਂ ਕਿ ਉਹ ਕੋਈ ਕਦਮ ਚੁੱਕਣ, ਗੁਲਾਬ ਸਿੰਘ ਡੋਗਰੇ ਨੇ ਆਪਣੇ ਗੁਆਂਢੀ, ਮੰਡੀ ਦੇ ਰਾਜੇ ਨੂੰ ਦਰਬਾਰ ਵਿਰੁੱਧ ਉਕਸਾਇਆ। ਨੌਨਿਹਾਲ ਸਿੰਘ ਨੇ ਆਪਣੇ ਦੋ ਅਫ਼ਸਰਾਂ, ਅਜੀਤ ਸਿੰਘ ਅਤੇ ਵੈਨਤੂਰਾ, ਜਿਹੜੇ ਡੋਗਰਿਆਂ ਦੇ ਅਧੀਨ ਮੰਨੇ ਜਾਂਦੇ ਸਨ, ਨੂੰ ਮੰਡੀ ਨੂੰ ਆਪਣੀ ਈਨ ਹੇਠ ਲਿਆਉਣ ਲਈ ਆਦੇਸ਼ ਦਿੱਤੇ। ਇਹ ਕੰਮ ਸਫਲਤਾ ਨਾਲ ਹੋ ਗਿਆ ਅਤੇ ਦਰਬਾਰ ਦੀਆਂ ਫੌਜਾਂ ਮੰਡੀ ਦੇ ਰਾਜੇ ਨੂੰ ਬੰਦੀ ਬਣਾ ਕੇ ਅੰਮ੍ਰਿਤਸਰ ਲੈ ਆਈਆਂ। ਵੈਨਤੂਰਾ ਨੇ ਪਹਾੜੀਆਂ ਵਿਚ ਪੁਲਿਸ ਚੌਕੀਆਂ ਦੀ ਕੜੀ ਕਾਇਮ ਕਰ ਦਿੱਤੀ। ਨੌਨਿਹਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਆਪਹੁਦਰੇ ਟੈਕਸ ਛੋਟੇ-ਮੋਟੇ ਰਾਜਿਆਂ ਨੇ ਲਾਏ ਹੋਏ ਸਨ, ਉਹ ਹਟਾ ਦਿੱਤੇ। ਉਸ ਬੱਚਿਆਂ ਅਤੇ ਔਰਤਾਂ ਦੀ ਵਿਕਰੀ ਵੀ ਬੰਦ ਕਰਵਾ ਦਿੱਤੀ। ਇਹ ਰਿਵਾਜ ਪਹਾੜੀ ਇਲਾਕੇ ਦੇ ਗਰੀਬ ਲੋਕਾਂ ਵਿਚ ਆਮ ਸੀ। ਵੈਨਤੂਰਾ ਦੀ ਮੁਹਿੰਮ ਨਾਲ ਕੁਝ ਸਮੇਂ ਲਈ ਪਹਾੜੀ ਲੋਕਾਂ 'ਤੇ ਦਬਦਬਾ ਰਿਹਾ।

1840 ਦੀਆਂ ਗਰਮੀਆਂ ਦੌਰਾਨ ਡੋਗਰਿਆਂ ਦੀ ਮਦਦ ਨਾਲ ਲੜ ਰਹੇ ਪਹਾੜੀ ਲੋਕਾਂ ਉੱਪਰ ਪੰਜਾਬੀਆਂ ਦੀ ਜਿੱਤ ਦੀ ਖੁਸ਼ੀ ਵਿਚ ਲਾਹੌਰ ਕਿਲ੍ਹੇ ਦੀਆਂ ਤੋਪਾਂ ਗਰਜਦੀਆਂ ਰਹੀਆਂ। ਅੰਗਰੇਜ਼ਾਂ ਨਾਲ ਮਿੱਤਰਤਾ ਵਾਲੇ ਸੰਬੰਧ ਸਨ। ਅਫ਼ਗਾਨ ਕਿਸੇ ਗਿਣਤੀ ਵਿਚ ਨਹੀਂ ਸਨ। ਪਿੰਡਾਂ ਵਿਚ ਅਮਨ-ਚੈਨ ਸੀ। ਲੋਕ ਇਹ ਖ਼ਿਆਲ ਕਰਨ ਲੱਗ ਪਏ ਪਏ ਸਨ ਕਿ ਪੁਰਾਣੀ ਸ਼ਾਨ ਦੇ ਦਿਨ ਪਰਤ ਆਏ ਸਨ। ਪਰ ਗਰਮੀਆਂ ਦੀਆਂ ਜਿੱਤਾਂ ਉਸ ਚਮਕਦੀ ਲਾਟ ਵਾਂਗ ਸਨ ਜਿਹੜੀ ਬੁਝਣ ਵੇਲੇ ਤੇਜ਼ ਹੋਈ ਹੁੰਦੀ ਹੈ।

ਵਿਗਾੜ ਸਿਖਰ ਤੋਂ ਆਰੰਭ ਹੋਇਆ ਅਤੇ ਸਾਰੇ ਰਾਜਸੀ ਸਰੀਰ ਵਿਚ ਫੈਲ ਗਿਆ। ਮਹਾਰਾਜਾ ਖੜਕ ਸਿੰਘ, ਜਿਹੜਾ ਉੱਕਾ ਹੀ ਆਰਾਮ-ਪ੍ਰਸਤ ਹੋ ਗਿਆ ਸੀ, ਹੋਰ ਸ਼ਰਾਬ ਪੀਣ ਲੱਗ ਪਿਆ ਸੀ। ਉਹ ਅਫ਼ੀਮ ਵੀ ਕਾਫ਼ੀ ਛਕ ਜਾਂਦਾ। ਅੰਤ ਉਸ ਦੀ ਹਾਲਤ ਬਹੁਤ ਢਿੱਲੀ ਹੋ ਗਈ। ਉਸ ਨੂੰ ਮਰੋੜ ਲੱਗ ਗਏ ਅਤੇ ਤੇਜ਼ ਬੁਖ਼ਾਰ ਨੇ ਆ ਘੇਰਿਆ ਜਿਸ ਕਾਰਨ ਨਵੰਬਰ 5, 1840 ਨੂੰ ਅਕਾਲ ਚਲਾਣਾ ਕਰ ਗਿਆ। ਉਸ ਦੇ ਸਸਕਾਰ ਸਮੇਂ ਦੋ ਰਾਣੀਆਂ ਚਿਤਾ ਉੱਪਰ ਬੈਠ ਕੇ ਸਤੀ ਹੋ ਗਈਆਂ। ਉਨ੍ਹਾਂ ਨੌਨਿਹਾਲ ਸਿੰਘ ਅਤੇ ਧਿਆਨ ਸਿੰਘ ਡੋਗਰੇ ਨੂੰ ਮਹਾਰਾਜਾ ਸਾਹਿਬ ਦੇ ਮ੍ਰਿਤਕ ਸਰੀਰ ਉੱਪਰ ਹੱਥ ਰੱਖ ਕੇ ਸਹੁੰ ਖਾਣ ਲਈ ਕਿਹਾ ਗਿਆ ਕਿ ਰਾਜ ਦੀ ਵਫ਼ਾਦਾਰੀ ਅਤੇ ਈਮਾਨਦਾਰੀ ਨਾਲ ਸੇਵਾ ਕਰਨਾ ਉਹ ਆਪਣਾ ਪਵਿੱਤਰ ਧਰਮ ਸਮਝਦੇ ਹਨ।

ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਨੌਨਿਹਾਲ ਨੇ ਮਹਾਰਾਜਾ ਖੜਕ ਸਿੰਘ ਅਤੇ ਉਨ੍ਹਾਂ ਦੀ ਚਿਤਾ ਉੱਪਰ ਸਤੀ ਹੋਈਆਂ ਰਾਣੀਆਂ ਦਾ ਸੰਸਕਾਰ ਕੀਤਾ। ਅਫ਼ਸੋਸ ਕਰਨ ਵਾਲਿਆਂ ਨੂੰ ਵਿਦਾ ਕੀਤਾ ਅਤੇ ਆਪ ਮਹਿਲ ਦੇ ਅੰਦਰ ਪੈਰ ਪਾਇਆ। ਪਰ ਜਿਉਂ ਹੀ ਉਹ ਡਿਉਢੀ ਦੇ ਦਰਵਾਜ਼ੇ ਤੋਂ ਮਹਿਲ ਅੰਦਰ ਜਾਣ ਲਈ ਲੰਘਿਆ, ਦਰਵਾਜ਼ੇ ਦਾ ਪੱਥਰ ਅਤੇ ਮਲਬਾ ਉਸ ਦੇ ਸਿਰ ਤੇ ਢਹਿ ਪਿਆ। ਗੁਲਾਬ ਸਿੰਘ ਡੋਗਰੇ ਦਾ ਲੜਕਾ ਉਸੇ

ਥਾਂ ਤੇ ਹੀ ਮਰ ਗਿਆ। ਹੋਰ ਕਈ, ਧਿਆਨ ਸਿੰਘ ਅਤੇ ਦੀਵਾਨ ਦੀਨਾ ਨਾਥ ਸਹਿਤ ਫੱਟੜ ਹੋ ਗਏ।

ਬੇਸੁਧ ਹੋਏ ਨੌਨਿਹਾਲ ਸਿੰਘ ਨੂੰ ਧਿਆਨ ਸਿੰਘ ਡੋਗਰਾ ਮਹਿਲ ਦੇ ਅੰਦਰ ਲੈ ਗਿਆ। ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਕੰਵਰ ਸਾਹਿਬ ਅੰਤਲੇ ਸਾਹਵਾਂ ਤੇ ਸਨ ਪਰ ਇਹ ਖ਼ਬਰ ਸਾਰੇ ਫੈਲਾ ਦਿੱਤੀ ਕਿ ਉਹ ਬੜੀ ਤੇਜ਼ੀ ਨਾਲ ਸਿਹਤਯਾਬ ਹੋ ਰਹੇ ਹਨ। ਜਦੋਂ ਕੁਝ ਘੰਟਿਆਂ ਦੇ ਅੰਦਰ ਨੌਨਿਹਾਲ ਸਿੰਘ ਕਾਲ-ਵੱਸ ਹੋ ਗਿਆ ਤਾਂ ਮੁੱਖ ਮੰਤਰੀ ਨੇ ਆਦੇਸ਼ ਦਿੱਤੇ ਕਿ ਇਹ ਸਮਾਚਾਰ ਉਸ ਸਮੇਂ ਤਕ ਗੁਪਤ ਰਖਿਆ ਜਾਵੇ ਜਦੋਂ ਤਕ ਗੱਦੀ ਦੇ ਵਾਰਸ ਦਾ ਨਿਰਣਾ ਨਹੀਂ ਹੋ ਜਾਂਦਾ। ਆਪਣੀ ਕੌਂਸਲ ਦੇ ਵਰਿਸ਼ਠ ਮੈਂਬਰਾਂ ਨਾਲ ਸਲਾਹ ਕਰਕੇ ਉਸ ਕੰਵਰ ਸ਼ੇਰ ਸਿੰਘ ਨੂੰ ਸੱਦਾ ਭੇਜਿਆ ਕਿ ਤੁਰੰਤ ਲਾਹੌਰ ਪਹੁੰਚ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੰਵਰ ਸ਼ੇਰ ਸਿੰਘ ਗੱਦੀ ਦਾ ਵਾਰਸ ਬਣਨ ਲਈ ਉਚਿਤ ਵਿਅਕਤੀ ਸੀ। ਉਹ ਫ਼ੌਜਾਂ ਵਿਚ ਹਰਮਨ-ਪਿਆਰਾ ਸੀ, ਉਸ ਵਿਚ ਹਲੀਮੀ ਸੀ ਅਤੇ ਉਹ ਮਿਲਣਸਾਰ ਸੀ, ਅਤੇ ਅੰਗਰੇਜ਼, ਜਿਨ੍ਹਾਂ ਦੀ ਰਾਏ ਦਰਬਾਰ ਵਿਚ ਮੰਨੀ ਜਾਂਦੀ ਸੀ, ਉਸ ਦੇ ਹੱਕ ਵਿਚ ਸਨ।

ਪਰ ਧਿਆਨ ਸਿੰਘ ਡੋਗਰੇ ਦੀ ਚਾਲ ਉਸ ਦੇ ਵਿਰੋਧੀਆਂ ਨੇ ਵਿਗਾੜ ਦਿੱਤੀ, ਜਿਹੜੇ ਕੌਂਸਲ ਵਿਚ ਸਨ। ਇਨ੍ਹਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਮਹਾਰਾਜਾ ਖੜਕ ਸਿੰਘ ਦੀ ਵਿਧਵਾ ਰਾਣੀ ਚੰਦ-ਕੌਰ ਗੱਦੀ ਸੰਭਾਲੇ। ਉਨ੍ਹਾਂ ਚੰਦ ਕੌਰ ਅਤੇ ਉਸ ਦੇ ਸੰਧਾਂਵਾਲੀਆਂ ਰਿਸ਼ਤੇਦਾਰਾਂ ਨੂੰ ਸੱਦਾ ਭੇਜ ਦਿੱਤਾ ਕਿ ਇਕਦਮ ਲਾਹੌਰ ਪਹੁੰਚਣ ਦੀ ਕਰਨ।

ਧਿਆਨ ਸਿੰਘ ਡੋਗਰਾ ਨੇ ਬਹੁਤ ਨੱਸ-ਭੱਜ ਕੀਤੀ ਕਿ ਚਾਲਬਾਜ਼ਾਂ ਦੀ ਚਾਲ ਸਫ਼ਲ ਹੋਣ ਤੋਂ ਪਹਿਲਾਂ ਹੀ ਉਹ ਚੰਦ ਕੌਰ ਪਾਸੋਂ ਕਿਸੇ ਪ੍ਰਕਾਰ ਦਾ ਸਮਝੌਤਾ ਕਰਵਾ ਲਵੇ। ਕਿਸੇ ਹੱਦ ਤਕ ਉਹ ਸਫ਼ਲ ਵੀ ਹੋ ਗਿਆ ਕਿ ਉਹ ਮਹਾਰਾਣੀ ਹੋਣ ਦਾ ਮਾਣ ਸਵੀਕਾਰ ਕਰ ਲਵੇ ਅਤੇ ਸ਼ੇਰ ਸਿੰਘ ਉਸ ਦਾ ਅਫ਼ਸਰ ਨਿਯੁਕਤ ਕਰ ਦਿੱਤਾ ਜਾਵੇਗਾ। ਉਸ ਅੰਗਰੇਜ਼ ਏਜੰਟ ਨੂੰ ਬੁਲਾ ਭੇਜਿਆ। ਸਾਰੇ ਦਰਬਾਰੀਆਂ ਦੀ ਹਾਜ਼ਰੀ ਵਿਚ ਉਸ ਏਜੰਟ ਨੂੰ ਕਿਹਾ ਕਿ ਉਹ ਆਪਣੀ ਸਰਕਾਰ ਨੂੰ ਸੂਚਿਤ ਕਰ ਦੇਵੇ ਕਿ ਇਹ ਫ਼ੈਸਲਾ ਸਰਬੱਤ ਖਾਲਸੇ ਨੇ ਸਰਬ-ਸੰਮਤੀ ਨਾਲ ਕਰ ਲਿਆ ਹੈ। ਇਸ ਇਕੱਤਰਤਾ ਤੋਂ ਕੁਝ ਘੰਟਿਆਂ ਪਿੱਛੋਂ ਕੰਵਰ ਸ਼ੇਰ ਸਿੰਘ ਲਾਹੌਰ ਪੁੱਜ ਗਿਆ। ਨੌਨਿਹਾਲ ਸਿੰਘ ਦੇ ਅਕਾਲ ਚਲਾਣੇ ਦੀ ਖ਼ਬਰ ਸਭ ਨੂੰ ਦੱਸ ਦਿੱਤੀ ਗਈ ਅਤੇ ਸ਼ੇਰ ਸਿੰਘ ਦੇ ਵਾਰਸ ਹੋਣ ਦਾ ਐਲਾਨ ਕਰ ਦਿੱਤਾ ਗਿਆ।

ਦੁਪਹਿਰ ਪਿੱਛੋਂ ਨੌਨਿਹਾਲ ਸਿੰਘ ਦੀ ਅਰਥੀ ਉਸ ਥਾਂ ਲਿਜਾਈ ਗਈ ਜਿਥੇ ਉਸ ਦੇ ਪਿਤਾ ਦੀ ਚਿਤਾ ਅਜੇ ਵੀ ਜਲ ਰਹੀ ਸੀ। ਇਕ ਨੇ ਸ਼ੇਰ ਸਿੰਘ ਦੀ ਪਗੜੀ ਵਿਚ ਕਲਗੀ ਸਜਾ ਦਿੱਤੀ, ਦੂਜੇ ਨੇ ਧਿਆਨ ਸਿੰਘ ਡੋਗਰੇ ਦੇ ਮੱਥੇ ਤੇ ਤਿਲਕ ਲਾ ਦਿੱਤਾ ਕਿ ਉਹ ਮੁੱਖ ਮੰਤਰੀ ਹੈ। ਇਸ ਤੋਂ ਪਹਿਲਾਂ ਕਿ ਉਹ ਜਲ ਮਰਦੀਆਂ ਸਤੀਆਂ ਨੇ ਇਹ ਵਚਨ ਲੈ ਲਿਆ ਸੀ ਕਿ ਕੰਵਰ ਅਤੇ ਮੁੱਖ ਮੰਤਰੀ ਦਰਬਾਰ ਪ੍ਰਤੀ ਵਫ਼ਾਦਾਰ ਰਹਿਣਗੇ।

ਮਹਾਰਾਣੀ ਚੰਦ ਕੌਰ ਅਤੇ ਮਹਾਰਾਜਾ ਸ਼ੇਰ ਸਿੰਘ

ਆਪਣੇ ਪਤੀ ਅਤੇ ਪੁੱਤਰ ਦੇ ਵਿਛੋੜੇ ਦੇ ਸ਼ੋਕ ਨੂੰ ਭੁਲਾਉਣ ਵਿਚ ਮਹਾਰਾਣੀ ਚੰਦ ਕੌਰ ਨੂੰ ਬਹੁਤ ਸਮਾ ਨਹੀਂ ਲੱਗਾ। ਉਸ ਨੇ ਦੁਖਾਂਤ ਤੋਂ ਉਪਜੀ ਦਇਆ ਦੀ ਭਾਵਨਾ ਦਾ ਪੂਰਾ ਲਾਭ ਲਿਆ ਅਤੇ ਤਾਜ ਦਾ ਦਾਅਵਾ ਕੀਤਾ। ਆਪਣੇ ਭਰਾ ਰਾਹੀਂ ਧਿਆਨ ਸਿੰਘ ਦੇ ਪ੍ਰਭਾਵ

ਨੂੰ ਖ਼ਤਮ ਕਰਨ ਲਈ ਉਸ ਜੰਮੂ ਤੋਂ ਗੁਲਾਬ ਸਿੰਘ ਡੋਗਰੇ ਨੂੰ ਸੱਦਾ ਭੇਜਿਆ। ਧਿਆਨ ਸਿੰਘ ਨੇ ਸਮਝੌਤੇ ਲਈ ਕਈ ਸਲਾਹਵਾਂ ਦਿੱਤੀਆ ਸਨ। ਉਹ ਸ਼ੇਰ ਸਿੰਘ ਨਾਲ ਵਿਆਹ ਕਰ ਲਵੇ ਜਾਂ ਸੰਤਾਨ-ਰਹਿਤ ਹੋਣ ਕਾਰਨ ਸ਼ੇਰ ਸਿੰਘ ਦੇ ਸਪੁੱਤਰ ਪ੍ਰਤਾਪ ਸਿੰਘ ਨੂੰ ਮੁਤਬੰਨਾ ਬਣਾ ਲਵੇ। ਚੰਦ ਕੌਰ ਨੇ ਵਿਆਹ ਦੀ ਪੇਸ਼ਕਸ਼ ਤੇ ਨਾਰਾਜ਼ਗੀ ਪ੍ਰਗਟ ਕੀਤੀ ਕਿ ਉਹ ਉਸ ਆਦਮੀ ਨਾਲ ਕਿਵੇਂ ਵਿਆਹ ਕਰ ਸਕਦੀ ਹੈ ਜਿਸ ਨੂੰ ਉਹ 'ਸ਼ੇਰੂ ਕੁੱਬਾ' ਕਹਿ ਕੇ ਤ੍ਰਿਸਕਾਰਦੀ ਰਹੀ ਹੈ—ਲਲਾਰੀ ਦਾ ਹਰਾਮੀ ਪੁੱਤਰ ? ਪ੍ਰਤਾਪ ਸਿੰਘ ਨੂੰ ਮੁਤਬੰਨਾ ਬਣਾਉਣ ਬਾਰੇ ਉਸ ਨੇ ਮੋੜਵਾਂ ਜਵਾਬ ਦਿੱਤਾ ਕਿ ਇਸ ਨਾਲੋਂ ਤਾਂ ਉਹ ਧਿਆਨ ਸਿੰਘ ਡੋਗਰਾ ਦੇ ਸਪੁੱਤਰ ਹੀਰਾ ਸਿੰਘ ਨੂੰ ਕਿਉਂ ਨਾ ਬਣਾਵੇ ? ਉਸ ਤਾਂ ਇਹ ਵੀ ਰੌਲਾ ਸੁਣ ਰਖਿਆ ਸੀ ਕਿ ਨੌਨਿਹਾਲ ਸਿੰਘ ਦੀ ਇਕ ਵਿਧਵਾ ਗਰਭਵਤੀ ਹੈ। ਧਿਆਨ ਸਿੰਘ ਨੇ ਬੜਾ ਯਤਨ ਕੀਤਾ ਕਿ ਉਹ ਸਿੱਧੇ ਰਸਤੇ 'ਤੇ ਆ ਜਾਵੇ। ਉਸ ਆਪਣੀ ਪਗੜੀ ਲਾਹ ਕੇ ਉਸ ਦੇ ਪੈਰਾਂ ਤੇ ਰੱਖੀ ਅਤੇ ਬੇਨਤੀ ਕੀਤੀ ਕਿ ਉਹ 'ਵਿਧਵਾ ਰਾਣੀ' ਦਾ ਖ਼ਿਤਾਬ ਸਵੀਕਾਰ ਕਰ ਲਵੇ ਅਤੇ ਸ਼ੇਰ ਸਿੰਘ ਨੂੰ ਸ਼ਾਹੀ ਪ੍ਰੀਸ਼ਦ ਦਾ ਮੁਖੀ ਮੰਨ ਲਵੇ। ਪਰ ਚੰਦ ਕੌਰ ਨੇ ਇਹ ਤਜਵੀਜ਼ ਵੀ ਰੱਦ ਕਰ ਦਿੱਤੀ। ਦਰਬਾਰ ਵਿਚ ਪੱਸਰੀ ਤੂਫ਼ਾਨੀ ਹਾਲਤ ਵਿਚ ਧਿਆਨ ਸਿੰਘ ਨੇ ਚੰਦ ਕੌਰ ਨੂੰ ਤਾੜਨਾ ਕੀਤੀ ਕਿ ਉਹ ਸ਼ਰਾਰਤੀ ਅਨਸਰ ਦੀਆਂ ਗੱਲਾਂ ਵੱਲ ਕੰਨ ਨਾ ਕਰੇ ਤੇ ਆਉਣ ਵਾਲੇ ਖ਼ਤਰੇ ਵੱਲ ਧਿਆਨ ਦੇਵੇ। ਉਸ ਚੰਦ ਕੌਰ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਦੀ ਸਰਕਾਰ ਉਸ 'ਤੇ ਨਿਰਭਰ ਨਹੀਂ ਸੀ ਜਾਂ ਸ਼ੇਰ ਸਿੰਘ ਜਾਂ ਸ਼ਾਹੀ ਘਰਾਣੇ ਦੇ ਕਿਸੇ ਦਾਅਵੇਦਾਰ 'ਤੇ, ਸਗੋਂ ਇਹ ਸਰਕਾਰ ਤਾਂ ਸਰਬੱਤ ਖ਼ਾਲਸੇ ਦੀ ਸੀ। ਦੇਸ਼ ਉਪਰ ਨਿਰਾਸ਼ਾ ਦੇ ਬੱਦਲ ਘਿਰ ਆਏ ਅਤੇ ਨਜੂਮੀਆਂ ਨੇ ਭਵਿੱਖਬਾਣੀ ਕੀਤੀ ਕਿ ਖ਼ਾਲਸਾ ਰਾਜ ਦਾ ਅੰਤ 1840 ਤਕ ਹੋ ਜਾਵੇਗਾ।

ਕੁਝ ਦਿਨਾਂ ਪਿੱਛੋਂ ਦੋ ਸੰਧਾਂਵਾਲੀਏ ਸਰਦਾਰ, ਅਜੀਤ ਸਿੰਘ ਅਤੇ ਅਤਰ ਸਿੰਘ ਲਾਹੌਰ ਪਹੁੰਚੇ ਅਤੇ ਉਨ੍ਹਾਂ ਵਾਗਡੋਰ ਆਪਣੇ ਹੱਥ ਲੈ ਲਈ। ਦਸੰਬਰ 2, 1840 ਨੂੰ ਉਨ੍ਹਾਂ ਚੰਦ ਕੌਰ ਨੂੰ ਪੰਜਾਬ ਦੀ ਮਹਾਰਾਣੀ ਹੋਣ ਦਾ ਐਲਾਨ ਕਰ ਦਿੱਤਾ ਅਤੇ ਉਸ ਨੂੰ 'ਮਲਿਕਾ ਮੁਕੱਦਸ' ਹੋਣ ਦਾ ਖ਼ਿਤਾਬ ਦਿੱਤਾ। ਅਗਲੇ ਦਿਨ ਸ਼ੇਰ ਸਿੰਘ ਲਾਹੌਰ ਛੱਡ ਕੇ ਆਪਣੀ ਬਟਾਲੇ ਵਾਲੀ ਜਗੀਰ 'ਤੇ ਚਲਾ ਗਿਆ। ਇਕ ਮਹੀਨੇ ਪਿੱਛੋਂ ਧਿਆਨ ਸਿੰਘ ਡੋਗਰੇ ਨੂੰ ਵੀ ਰਾਜਧਾਨੀ ਛੱਡਣ 'ਤੇ ਮਜਬੂਰ ਕਰ ਦਿੱਤਾ ਗਿਆ। ਪ੍ਰਸ਼ਾਸਨ ਦਾ ਪੂਰਾ ਨਿਯੰਤਰਣ ਚੰਦ ਕੌਰ ਅਤੇ ਸੰਧਾਂਵਾਲੀਆ ਨੇ ਆਪਣੇ ਹੱਥ ਲੈ ਲਿਆ।

ਚੰਦ ਕੌਰ ਦਾ ਪਾਸਾ ਪੁੱਠਾ ਪੈ ਰਿਹਾ ਸੀ। ਪੰਜਾਬੀ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਇਕ ਰੰਡੀ ਰੰਨ (ਵਿਧਵਾ ਇਸਤਰੀ) ਉਨ੍ਹਾਂ ਉਪਰ ਰਾਜ ਕਰੇ ਜਿਹੜੀ ਪਰਦੇ ਵਾਲੇ ਜ਼ਨਾਨਖ਼ਾਨੇ ਤੋਂ ਬਾਹਰ ਨਹੀਂ ਨਿਕਲ ਸਕਦੀ। ਇਤਿਹਾਸਕਾਰ ਦੱਸਦੇ ਹਨ ਕਿ ਉਨ੍ਹਾ ਤੋਂ ਟਿੱਕਾ ਲਾਉਣ ਆਏ ਬੇਦੀ ਬਿਕਰਮ ਸਿੰਘ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਤਾਂ ਲਾਹੌਰ ਇਸ ਵਾਸਤੇ ਆਇਆ ਸੀ ਕਿ ਕੰਵਰ ਨੌਨਿਹਾਲ ਸਿੰਘ ਨੂੰ ਟਿੱਕਾ ਕਰੇ ਨਾ ਕਿ ਕਿਸੇ ਇਸਤਰੀ ਨੂੰ, ਕਿਉਂਕਿ ਕੋਈ ਇਸਤਰੀ ਕਦੇ ਵੀ ਲਾਹੌਰ ਦੀ ਗੱਦੀ ਤੇ ਨਹੀਂ ਬੈਠ ਸਕਦੀ। ਚੰਦ ਕੌਰ ਨੇ ਆਪ ਵੀ ਇਹ ਸਾਬਤ ਕਰ ਦਿੱਤਾ ਕਿ ਉਹ ਰਾਜ-ਕਾਜ ਦੀ ਕਲਾ ਵਿਚ ਨਿਕੰਮੀ ਸੀ, ਉਹ ਸ਼ੇਖੀ ਸੀ, ਸੁਭਾਅ ਦੀ ਸਖ਼ਤ ਸੀ ਅਤੇ ਬਜ਼ਾਰੀ ਔਰਤਾਂ ਵਾਲੀਆਂ ਗਾਲ੍ਹਾਂ ਬਕਦੀ। ਇਸ ਲਈ ਉਹ ਕਿਸੇ ਪੱਖੋਂ ਮਹਾਰਾਣੀ ਨਹੀਂ ਜਾਪਦੀ ਸੀ।

ਲੋਕਾਂ ਅੰਦਰ ਚੰਦ ਕੌਰ 'ਮਾਈ' ਵਜੋਂ ਪ੍ਰਸਿੱਧ ਸੀ। ਉਸ ਦੀ ਮੁੱਖ ਸਮੱਸਿਆ ਫ਼ੌਜ ਦੀ ਉਸ ਪ੍ਰਤੀ ਵਫ਼ਾਦਾਰੀ ਸੀ। ਖ਼ਾਲਸਾ ਫ਼ੌਜ ਅਤੇ ਯੂਰਪੀਨ ਅਫ਼ਸਰ ਸ਼ੇਰ ਸਿੰਘ ਤੋਂ ਖ਼ੁਸ਼ ਸਨ।

ਉਸ ਫ਼ੌਜੀਆਂ ਦਾ ਵੇਤਨ ਵਧਾ ਦਿੱਤਾ। ਭਾਰੀ ਗਿਣਤੀ ਵਿਚ ਫ਼ੌਜੀ ਕੰਵਰ ਸਾਹਿਬ ਦੇ ਪਾਸੇ ਆਉਣ ਲੱਗ ਪਏ। ਬਹੁਤ ਸਾਰੀਆਂ ਕਜ਼ਾਕੇਦਾਰ ਰਜਮੈਂਟਾਂ ਉਸ ਨਾਲ ਮਿਲ ਗਈਆਂ ਅਤੇ 'ਮਾਈ' ਦੇ ਜਵਾਨਾਂ ਦੀ ਪਹੁੰਚ ਮੈਗਜ਼ੀਨ ਲਈ ਰੋਕ ਦਿੱਤੀ ਗਈ। ਗੱਦੀ ਸੰਭਾਲਣ ਦੇ ਇਕ ਪਖਵਾੜੇ ਦੇ ਅੰਦਰ ਹੀ 'ਮਾਈ' ਨੂੰ ਆਪਣੀ ਨਿੱਜੀ ਸੁਰੱਖਿਆ ਲਈ ਦੋ ਬਟਾਲੀਅਨਾ ਕਿਲ੍ਹੇ ਦੇ ਅੰਦਰ ਤਾਇਨਾਤ ਕਰਨੀਆਂ ਪਈਆਂ। ਡਾਵਾਂਡੋਲ ਹਾਲਾਤ ਵਿਚ ਦੇਹਾਤੀ ਇਲਾਕੇ ਵਿਚ ਕਾਨੂੰਨੀ ਵਿਵਸਥਾ ਵਿਗੜ ਗਈ। ਅੰਗਰੇਜ਼ਾਂ ਨੇ ਆਪਣੀਆਂ ਫ਼ੌਜਾਂ ਸਤਿਲੁਜ ਵੱਲ ਭੇਜਣੀਆਂ ਆਰੰਭ ਕਰ ਦਿੱਤੀਆਂ।

ਸ਼ੇਰ ਸਿੰਘ ਨੇ ਫ਼ੈਸਲਾ ਕੀਤਾ ਕਿ ਵਿਧਵਾ ਮਹਾਰਾਣੀ ਚੰਦ ਕੌਰ ਦੇ ਕਮਜ਼ੋਰ ਹੱਥਾਂ ਵਿਚੋਂ ਰਾਜ ਦੀ ਵਾਗਡੋਰ ਲੈ ਲਈ ਜਾਵੇ ਅਤੇ ਪੰਜਾਬ ਨੂੰ ਟੁਕੜੇ-ਟੁਕੜੇ ਹੋਣ ਤੋਂ ਬਚਾਇਆ ਜਾਵੇ। ਉਸ ਇਕ ਏਲਚੀ ਨੂੰ ਮਿਸਟਰ ਕਲਾਰਕ ਪਾਸ ਲੁਧਿਆਣਾ ਵਿਖੇ ਭੇਜਿਆ ਤਾਂ ਜੋ ਉਸ ਦੇ ਗੱਦੀ ਪ੍ਰਾਪਤ ਕਰਨ ਸੰਬੰਧੀ ਅੰਗਰੇਜ਼ਾਂ ਦੇ ਰਵੱਈਏ ਦੀ ਜਾਣਕਾਰੀ ਲਈ ਜਾਵੇ। ਉਨ੍ਹਾਂ ਨੂੰ ਸਹਾਇਤਾ ਦੀ ਡਾਢੀ ਲੋੜ ਸੀ। ਅੰਗਰੇਜ਼ੀਅਤ-ਪ੍ਰਸਤ ਸ਼ੇਰ ਸਿੰਘ ਵਿਚ ਉਨ੍ਹਾਂ ਨੂੰ ਸ਼ਕਤੀਸ਼ਾਲੀ ਭਾਈਵਾਲ ਨਜ਼ਰ ਆਇਆ ਅਤੇ ਉਨ੍ਹਾਂ ਸ਼ੇਰ ਸਿੰਘ ਦੀ ਪੂਰੀ ਸਹਾਇਤਾ ਦਾ ਭਰੋਸਾ ਦਿੱਤਾ।

ਸ਼ੇਰ ਸਿੰਘ ਲਾਹੌਰ ਪਹੁੰਚ ਗਿਆ। ਉਹ ਫ਼ੌਜ ਦੀ ਅਗਵਾਈ ਕਰ ਰਿਹਾ ਸੀ, ਜਿਸ ਵਿਚ ਭਗੌੜੇ ਸਨ ਜਿਹੜੇ ਉਸ ਦੇ ਝੰਡੇ ਹੇਠ ਆ ਮਿਲੇ ਸਨ। ਦਰਬਾਰ ਦੇ ਬਹੁਤ ਸਾਰੇ ਯੂਰਪੀ ਅਫ਼ਸਰਾਂ ਵਿਚੋਂ ਵੀ ਵਧੇਰੇ ਗਿਣਤੀ ਵਿਚ ਸ਼ੇਰ ਸਿੰਘ ਦੇ ਨਾਲ ਸਨ।

ਪਰ ਮਾਈ ਨੇ ਦਿਲ ਨਹੀਂ ਛੱਡਿਆ। ਉਸ ਗੁਲਾਬ ਸਿੰਘ ਨੂੰ ਸੈਨਾ ਦਾ ਮੁਖੀ ਨਿਯੁਕਤ ਕਰ ਦਿੱਤਾ ਅਤੇ ਉਸ ਨੂੰ ਸ਼ਹਿਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ। ਉਸ ਸਿਪਾਹੀਆਂ ਦੇ ਚਾਰ ਮਹੀਨੇ ਦੇ ਵੇਤਨ ਦਾ ਭੁਗਤਾਨ ਵੀ ਕਰ ਦਿੱਤਾ। ਉਸ ਅਫ਼ਸਰਾਂ ਨੂੰ ਸੋਨੇ ਦੇ ਕੜੇ, ਨੇਕਲੈੱਸ, ਜਵਾਹਰਾਤ ਅਤੇ ਦੁਸ਼ਾਲੇ ਭੇਂਟ ਕੀਤੇ। ਉਸ ਸ਼ਹਿਰ ਦੇ ਸ਼ਾਹੂਕਾਰਾਂ ਦੇ ਨਾਂ ਆਦੇਸ਼ ਜਾਰੀ ਕੀਤੇ ਕਿ ਸਾਰੇ ਹੀ ਸ਼ੇਰ ਸਿੰਘ ਨੂੰ ਉਧਾਰ ਦੇਣ ਤੋਂ ਇਨਕਾਰ ਕਰ ਦੇਣ। ਪਰ ਇਸ ਸਾਧਨ ਦਾ ਅਸਰ ਉਲਟਾ ਹੋਇਆ। ਫ਼ੌਜਾਂ ਨੇ ਉਸ ਦੀ ਡਾਵਾਂਡੋਲ ਦਸ਼ਾ ਭਾਂਪ ਲਈ ਅਤੇ ਮਹਿਸੂਸ ਕੀਤਾ ਕਿ ਉਹ ਹਾਰੀ ਹੋਈ ਬਾਜ਼ੀ ਜਿੱਤਣ ਦਾ ਯਤਨ ਕਰ ਰਹੀ ਹੈ ਅਤੇ ਉਹ ਵੀ ਰਿਸ਼ਵਤ ਦੇ ਕੇ। ਸ਼ੇਰ ਸਿੰਘ ਪਾਸ ਮਾਇਆ ਦੀ ਥੁੜ ਸੀ। ਪਰ ਉਹ ਵਿਸ਼ਵਾਸ ਜਗਾ ਸਕਦਾ ਸੀ ਕਿ ਜੇਤੂ ਪਾਸਾ ਉਸ ਦੇ ਹੱਕ ਵਿਚ ਸੀ। ਉਸ ਐਲਾਨ ਕੀਤਾ ਕਿ ਉਹ ਆਪਣਾ ਵਚਨ ਪੂਰਾ ਕਰੇਗਾ ਅਤੇ ਇਕ ਰੁਪਿਆ ਫ਼ੀ ਮਹੀਨਾ ਸਥਾਈ ਤੌਰ ਤੇ ਵੇਤਨ ਵਿਚ ਵਾਧਾ ਕਰ ਦੇਵੇਗਾ। ਜਿਹੜੇ ਉਸ ਦੇ ਨਾਲ ਮਿਲਣਗੇ ਉਨ੍ਹਾਂ ਨੂੰ ਇਨਾਮ ਦਿੱਤੇ ਜਾਣਗੇ। ਜਿਹੜੀਆਂ ਰਜਮੈਂਟਾਂ ਸ਼ਹਿਰ ਦੀ ਦੀਵਾਰ ਦੇ ਬਾਹਰ ਰਹਿ ਗਈਆਂ ਸਨ ਉਹ ਇਕ ਸੰਗਠਨ ਦੇ ਰੂਪ ਵਿਚ ਇਕੱਤਰ ਹੋਈਆਂ। ਸ਼ੇਰ ਸਿੰਘ ਪਾਸ 26,000 ਇਨਫੈਂਟਰੀ, 8,000 ਘੋੜਸਵਾਰ ਅਤੇ 45 ਤੋਪਾਂ ਸਨ। ਉਧਰ ਮਾਈ ਪਾਸ ਕੇਵਲ 5,000 ਜਵਾਨ, ਚੰਦ ਤੋਪਾਂ ਅਤੇ ਥੋੜ੍ਹੀ ਮਾਤਰਾ ਵਿਚ ਅਸਲ੍ਹਾ ਸੀ।

ਸ਼ੇਰ ਸਿੰਘ ਸ਼ਹਿਰ ਦੇ ਅੰਦਰ ਘੁਸ ਆਇਆ। ਉਸ ਮਹਾਰਾਜਾ ਸ਼ੇਰ ਸਿੰਘ ਵਜੋਂ ਇਹ ਆਦੇਸ਼ ਜਾਰੀ ਕੀਤੇ ਕਿ ਜਿਹੜਾ ਕਿਸੇ ਦੀ ਧਨ-ਸੰਪਤੀ ਦੀ ਲੁੱਟ-ਮਾਰ ਕਰਨ ਦਾ ਯਤਨ ਕਰੇਗਾ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਪਰ ਜੇਕਰ ਪੇਸ਼ ਹੋ ਕੇ ਬੇਨਤੀ ਕਰਨਗੇ ਤਾਂ ਉਨ੍ਹਾਂ ਨੂੰ ਮੁਆਫ਼ ਕੀਤਾ ਜਾਵੇਗਾ। ਉਧਰ ਮੁਖੀ ਦਰਬਾਰੀਆਂ ਇਕ ਸਾਂਝੀ ਬਿਨੈ ਪੱਤ੍ਰਿਕਾ ਤਿਆਰ ਕਰਕੇ ਮਾਈ ਅਤੇ ਗੁਲਾਬ ਸਿੰਘ ਡੋਗਰਾ ਨੂੰ ਅਪੀਲ ਕੀਤੀ ਕਿ

ਉਹ ਹਥਿਆਰ ਰੱਖ ਦੇਣ।

ਪਰ ਗੁਲਾਬ ਸਿੰਘ ਡੋਗਰਾ ਦੀ ਸਹਿ ਨਾਲ ਮਾਈ ਨੇ ਹਥਿਆਰ ਸੁੱਟਣ ਤੋਂ ਇਨਕਾਰ ਕਰ ਦਿੱਤਾ। ਜੰਗ ਦਾ ਬਿਗੁਲ ਵੱਜ ਗਿਆ। ਸ਼ੇਰ ਸਿੰਘ ਦੀਆਂ ਤੋਪਾਂ ਦੋ ਦਿਨ ਤਕ ਕਿਲ੍ਹੇ ਉਪਰ ਗੋਲੇ ਵਰ੍ਹਾਉਂਦੀਆਂ ਰਹੀਆਂ। ਕਿਲ੍ਹੇ ਦੇ ਅੰਦਰ ਦੀਆਂ ਤੋਪਾਂ ਨੇ ਨਾਲ ਲਗਦੇ ਬਜ਼ਾਰਾਂ ਵਿਚ ਮੌਤ ਅਤੇ ਤਬਾਹੀ ਲਿਆਂਦੀ। ਜਨਵਰੀ 17, 1841 ਨੂੰ ਧਿਆਨ ਸਿੰਘ ਡੋਗਰਾ ਪਹੁੰਚ ਗਿਆ। ਉਸ ਜੰਗਬੰਦੀ ਦਾ ਪ੍ਰਬੰਧ ਕਰਵਾਇਆ। ਮਹਾਰਾਣੀ ਚੰਦ ਕੌਰ ਨੂੰ ਭਾਰੀ ਜਗੀਰ ਦੇ ਬਦਲੇ ਵਿਚ ਗੱਦੀ ਛੱਡਣ ਲਈ ਰਾਜ਼ੀ ਕਰ ਲਿਆ ਗਿਆ। ਸ਼ੇਰ ਸਿੰਘ ਨੇ ਉਸ ਨੂੰ ਉਹੀ ਮਾਨ-ਸਨਮਾਨ ਦਿੱਤਾ ਜਿਹੜਾ ਭਰਾ ਦੀ ਵਿਧਵਾ ਪਤਨੀ ਦਾ ਹੱਕ ਹੈ। ਜਿਨ੍ਹਾਂ ਲੋਕਾਂ ਨੇ ਉਸ ਦਾ ਸਾਥ ਦਿੱਤਾ ਸੀ, ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਗਿਆ। ਅੱਧੀ ਰਾਤ ਵੇਲੇ ਗੁਲਾਬ ਸਿੰਘ ਅਤੇ ਡੋਗਰਿਆਂ ਨੇ ਕਿਲ੍ਹਾ ਖ਼ਾਲੀ ਕਰ ਦਿੱਤਾ। ਪਰ ਜਾਂਦੇ ਹੋਏ ਸਭ ਗਹਿਣਾ-ਗੱਟਾ, ਹੀਰੇ-ਜਵਾਹਰਾਤ ਅਤੇ ਵੱਡਮੁੱਲੀਆਂ ਪੁਸ਼ਾਕਾਂ ਅਤੇ ਵਸਤਾਂ ਨਾਲ ਲੈ ਗਏ, ਜਿਹੜੇ ਲਾਹੌਰ ਰੱਖੇ ਹੋਏ ਸਨ। ਅਜੀਤ ਸਿੰਘ ਸਿੱਧਾ ਨੱਸ ਕੇ ਲੁਧਿਆਣੇ ਪਹੁੰਚ ਗਿਆ ਅਤੇ ਅੰਗਰੇਜ਼ ਏਜੰਟ ਪਾਸੋਂ ਸਹਾਇਤਾ ਦੀ ਮੰਗ ਕੀਤੀ। ਜਦੋਂ ਮਿਸਟਰ ਕਲਾਰਕ ਨੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਕਲਕੱਤੇ ਵੱਲ ਤੁਰ ਪਿਆ ਤਾਂ ਜੋ ਗਵਰਨਰ ਜਨਰਲ ਪਾਸ ਬੇਨਤੀ ਕਰ ਸਕੇ। ਅਤਰ ਸਿੰਘ ਸੰਧਾਂਵਾਲੀਆ ਵੀ ਉਸ ਦੇ ਪਿੱਛੇ-ਪਿੱਛੇ ਅੰਗਰੇਜ਼ੀ ਇਲਾਕੇ ਵਿਚ ਚਲਾ ਗਿਆ।

ਸ਼ੇਰ ਸਿੰਘ ਨੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਉਸ ਲਈ ਪੰਜਾਬ ਦੇ ਮਹਾਰਾਜਾ ਦੇ ਖ਼ਿਤਾਬ ਦਾ ਐਲਾਨ ਕੀਤਾ ਗਿਆ ਅਤੇ ਤਿਲਕ ਲਾਉਣ ਦੀ ਰਸਮ ਜਨਵਰੀ 27, 1841 ਨੂੰ ਕੀਤੀ ਗਈ। ਧਿਆਨ ਸਿੰਘ ਡੋਗਰਾ ਨੂੰ ਮੁੱਖ ਮੰਤਰੀ ਥਾਪਿਆ ਗਿਆ।

ਮਹਾਰਾਜਾ ਸ਼ੇਰ ਸਿੰਘ ਦਾ ਰਾਜ ਭੈੜੇ ਢੰਗ ਨਾਲ ਅਰੰਭ ਹੋਇਆ। ਜਿਹੜੇ ਵਾਅਦੇ ਫ਼ੌਜ ਨਾਲ ਕੀਤੇ ਗਏ ਸਨ, ਉਹ ਨਿਭਾਏ ਨਾ ਗਏ। ਫ਼ੌਜਾਂ ਨੇ ਬਜ਼ਾਰਾਂ ਵਿਚ ਲੁੱਟਮਾਰ ਕਰਨੀ ਆਰੰਭ ਕਰ ਦਿੱਤੀ। ਸਿਪਾਹੀ ਪਾਗਲ ਹੋਏ ਫਿਰਨ ਲੱਗੇ ਅਤੇ ਉਨ੍ਹਾਂ ਰਜਮੈਂਟਾਂ ਦੇ ਮੁਨੀਮਾਂ ਅਤੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਇਹ ਸੰਦੇਹ ਸੀ ਕਿ ਵੇਤਨ ਦਾ ਪੈਸਾ-ਧੇਲਾ ਉਹ ਹੜੱਪ ਕਰ ਗਏ ਹਨ ਅਤੇ ਅੰਗਰੇਜ਼ਾਂ ਦੇ ਪਿੱਠੂ ਬਣ ਗਏ ਹਨ। ਮਹਾਰਾਜਾ ਸ਼ੇਰ ਸਿੰਘ ਅਤੇ ਮੁੱਖ ਮੰਤਰੀ ਧਿਆਨ ਸਿੰਘ ਡੋਗਰਾ ਨੇ ਹਰ ਇਕ ਕੰਪਨੀ, ਟੁਕੜੀ ਅਤੇ ਤੋਪਖ਼ਾਨਾ ਤੋਂ ਦੋ-ਦੋ ਆਦਮੀ ਮਹਿਲਾਂ ਵਿਚ ਬੁਲਾਏ ਅਤੇ ਉਨ੍ਹਾਂ ਪਾਸੋਂ ਸ਼ਿਕਾਇਤਾਂ ਸੁਣੀਆਂ। ਅੰਤ ਇਹ ਫ਼ੈਸਲਾ ਹੋਇਆ ਕਿ ਭ੍ਰਿਸ਼ਟਾਚਾਰੀ ਮੁਨੀਮ ਬਰਖ਼ਾਸਤ ਕੀਤੇ ਜਾਣ, ਪਰ ਪੰਚਾਂ ਦੀ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ ਕਿ ਉਨ੍ਹਾਂ ਅਫ਼ਸਰਾਂ ਦੇ ਤਬਾਦਲੇ ਕਰ ਦਿੱਤੇ ਜਾਣ ਜਿਹੜੇ ਉਹ ਪਸੰਦ ਨਹੀਂ ਕਰਦੇ। ਇਸ ਇਕੱਤਰਤਾ ਵਿਚ ਰੌਲਾ-ਰੱਪਾ ਪੈ ਗਿਆ ਅਤੇ ਗਰਮੀ ਵਿਖਾਈ ਜਾਣ ਲੱਗੀ। ਮਹਾਰਾਜਾ ਸ਼ੇਰ ਸਿੰਘ ਦੇ ਕਮਜ਼ੋਰ ਦਿਲ ਨੇ ਹਾਰ ਮੰਨ ਲਈ ਅਤੇ ਕਿਹਾ : "ਲਓ ਕੱਚਾ-ਪੱਕਾ ਸਭ ਸੰਭਾਲੋ।" ਪੰਚਾਂ ਨੇ ਇਹ ਸਮਝ ਲਿਆ ਕਿ ਉਹ ਮਨਮਾਨੀ ਕਰਨ ਲਈ ਮੁਤੰਤਰ ਹਨ। ਕਾਰਮਾਈਕਲ ਸਮਿੱਥ ਲਿਖਦਾ ਹੈ ਕਿ ਦੋ ਯੂਰਪੀਨ ਅਫ਼ਸਰ ਕਰਨਲ ਫੌਕਸ ਅਤੇ ਮੇਜਰ ਫੋਰਡ ਗੋਲੀ ਨਾਲ ਉਡਾ ਦਿੱਤੇ ਗਏ। ਵੈਨਤੂਰਾ ਦੇ ਨਿਵਾਸ ਸਥਾਨ ਤੇ ਹਿਫ਼ਾਜ਼ਤੀ ਪਹਿਰਾ ਬਿਠਾ ਦਿੱਤਾ ਗਿਆ। ਹੋਰ ਵੀ ਅਨੇਕਾਂ ਸਰਦਾਰ ਮੌਤ ਦੇ ਘਾਟ ਉਤਾਰ ਦਿੱਤੇ ਗਏ ਅਤੇ ਬਹੁਤ ਸਾਰਿਆਂ ਨੇ ਆਪਣੇ ਘਰਾਂ ਵਿਚ ਲੁਕ ਕੇ ਜਾਨ ਬਚਾਈ।

ਮਹਾਰਾਜਾ ਸ਼ੇਰ ਸਿੰਘ ਨੇ ਆਪਣੇ ਪ੍ਰਸੰਸਕਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ।

ਫ਼ੌਜੀਆਂ ਦੀ ਖੁੱਲ੍ਹਮ-ਖੁੱਲ੍ਹਾ ਬਗ਼ਾਵਤ ਅੱਗੇ ਉਸ ਦੀ ਕੀ ਪੇਸ਼ ਜਾਂਦੀ ਸੀ। ਵੱਧ ਤੋਂ ਵੱਧ ਉਹ ਇਹ ਕੁਝ ਕਰ ਸਕਿਆ ਕਿ ਜਵਾਨਾਂ ਨੂੰ ਸਮਝਦਾਰੀ ਤੋਂ ਕੰਮ ਲੈਣ ਲਈ ਕਿਹਾ ਅਤੇ ਜੋ ਧਨ ਉਸ ਪਾਸ ਸੀ, ਉਹ ਵੰਡਿਆ। ਆਪਣੇ ਰਾਜ ਦੇ ਪਹਿਲੇ ਛੇ ਮਹੀਨਿਆਂ ਵਿਚ ਉਸ 95 ਲੱਖ ਰੁਪਿਆ ਫ਼ੌਜੀਆਂ ਨੂੰ ਵੰਡਿਆ। ਪਰ ਇਸ ਨਾਲ ਵੀ ਫ਼ੌਜੀਆਂ ਦੀ ਸੰਤੁਸ਼ਟੀ ਨਹੀਂ ਹੋਈ ਅਤੇ ਉਨ੍ਹਾਂ ਮਹਾਰਾਜਾ ਸਾਹਿਬ ਨੂੰ ਗੱਦੀ ਤੋਂ ਲਾਹੁਣ ਦੀ ਧਮਕੀ ਦਿੱਤੀ। ਉਸ ਇਸ ਚੁਣੌਤੀ ਦਾ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਨ ਦੀ ਥਾਂ ਸ਼ਰਾਬ ਦੇ ਪਿਆਲੇ, ਦਰਬਾਰੀਆਂ ਅਤੇ ਮਾਈ ਦਾ ਆਸਰਾ ਲਿਆ। ਜਨਵਰੀ 24, 1841 ਨੂੰ ਭਰੇ ਦਰਬਾਰ ਵਿਚ ਇਕ ਬਜ਼ੁਰਗ ਸਰਦਾਰ ਨੇ ਇਹ ਸਲਾਹ ਦਿੱਤੀ ਕਿ ਮਹਾਰਾਜਾ ਸ਼ੇਰ ਸਿੰਘ ਆਪਣੀ ਵਿਧਵਾ ਭਰਜਾਈ ਤੇ 'ਚਾਦਰ' ਪਾ ਲਵੇ। ਚੰਦ ਕੌਰ ਦਾ ਅੰਤ ਬਹੁਤ ਭੈੜਾ ਹੋਇਆ। ਉਹ ਇਕ ਗੋਲੀ ਹੱਥੋਂ ਜੂਨ 11, 1842 ਨੂੰ ਕਤਲ ਕਰ ਦਿੱਤੀ ਗਈ।

ਪੰਜਾਬ ਨੇ ਤਾਂ ਇਕ ਡਿਕਟੇਟਰ ਲਈ ਅਰਦਾਸ ਕੀਤੀ ਸੀ। ਪਰ ਮਿਲਿਆ ਇਕ ਬਾਂਕਾ ਅਤੇ ਛੈਲ-ਛਬੀਲਾ, ਸ਼ਰਾਬੀ-ਕਬਾਬੀ ਜਿਸ ਨੂੰ ਰਾਜ-ਕਲਾ ਨਾਲੋਂ ਫ਼ਰਾਂਸੀਸੀ ਸ਼ਰਾਬ ਅਤੇ ਸੁੰਗਧੀਆਂ ਦੀ ਵਧੇਰੇ ਪਛਾਣ ਸੀ।

ਅੰਗਰੇਜ਼ ਸਰਕਾਰ ਦੀ ਮਹਾਰਾਜਾ ਸ਼ੇਰ ਸਿੰਘ ਪ੍ਰਤੀ ਰੱਵਈਆ ਵੀ ਕੁਝ-ਕੁਝ ਦੁਵੱਲਾ ਸੀ। ਗਵਰਨਰ ਜਨਰਲ ਨੇ ਉਸ ਨੂੰ ਪੰਜਾਬ ਦੇ ਹਾਕਮ ਵਜੋਂ ਮਾਨਤਾ ਤਾਂ ਦੇ ਦਿੱਤੀ ਪਰ ਨਾਲ ਹੀ ਅਜੀਤ ਸਿੰਘ ਸੰਧਾਂਵਾਲੀਆ ਨੂੰ ਵੀ ਸ਼ਰਨ ਦੇ ਦਿੱਤੀ ਅਤੇ ਉਸ ਵੱਲੋਂ ਪੰਜਾਬ ਤੇ ਧਾਵਾ ਬੋਲਣ ਲਈ ਇਕੱਠੀ ਕੀਤੀ ਜਾ ਰਹੀ ਫ਼ੌਜ ਲਈ ਕੁਝ ਨਾ ਕੀਤਾ ਗਿਆ।

ਮਹਿਲਾਂ ਅੰਦਰ ਵਾਪਰਦੀਆਂ ਰੰਗਰਲੀਆਂ ਦੀਆਂ ਕਹਾਣੀਆਂ ਸੁਣ ਕੇ ਦਰਬਾਰ ਲਈ ਲੋਕਾਂ ਦੀ ਰਹੀ-ਸਹੀ ਇੱਜ਼ਤ ਵੀ ਜਾਂਦੀ ਰਹੀ। ਇਸ ਵਿਚ ਅੰਗਰੇਜ਼ਾਂ ਨੇ ਹੋਰ ਸਿਰਦਰਦੀ ਦਾ ਵਾਧਾ ਕੀਤਾ, ਕਿਉਂਕਿ ਉਨ੍ਹਾਂ ਉਹ ਇੱਜ਼ਤ-ਮਾਣ ਦੇਣ ਤੋਂ ਇਨਕਾਰ ਕਰ ਦਿੱਤਾ ਜਿਹੜਾ ਇਕ ਖ਼ੁਦਮੁਖ਼ਤਾਰ ਰਿਆਸਤ ਜਾਂ ਰਾਜ ਨੂੰ ਦਿੱਤਾ ਜਾਂਦਾ ਹੈ। ਸਭ ਤੋਂ ਭੈੜੀ ਉਲੰਘਣਾ ਮੇਜਰ ਬਰੌਡਫੁਟ ਵੱਲੋਂ ਕੀਤੀ ਗਈ, ਜਿਸ ਪ੍ਰਾਪਤ ਪ੍ਰਾਹੁਣਾਚਾਰੀ ਦਾ ਅਨਾਦਰ ਕੀਤਾ। ਬਰੌਡਫੁਟ ਨੂੰ ਇਜਾਜ਼ਤ ਦਿੱਤੀ ਗਈ ਕਿ ਉਹ ਸ਼ਾਹ ਜ਼ਮਾਨ ਅਤੇ ਸ਼ਾਹ ਸ਼ੁਜਾਹ ਦੇ ਹਰਮਾਂ ਨੂੰ ਆਪਣੀ ਰਾਖੀ ਵਿਚ ਪੰਜਾਬ ਤੋਂ ਅਫ਼ਗਾਨਿਸਤਾਨ ਲਿਜਾਵੇ। ਉਸ ਨੂੰ ਨਾਲ ਲਿਜਾਣ ਲਈ ਮੁਸਲਮਾਨ ਸਿਪਾਹੀ ਦਿੱਤੇ ਗਏ। ਮੇਜਰ ਦਾ ਵਤੀਰਾ ਆਰੰਭ ਤੋਂ ਹੀ ਅੱਖੜ ਸੀ ਅਤੇ ਜਿਹੜੇ ਪੰਜਾਬੀ ਉਹਦੇ ਗੁੱਟ ਨੇੜੇ ਢੁੱਕਦੇ ਉਨ੍ਹਾਂ ਉਪਰ ਉਸ ਕਈ ਵਾਰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਦਰਬਾਰ ਨਾਲ ਅਜਿਹਾ ਵਤੀਰਾ ਅਤੇ ਇਸ ਤੋਂ ਵੀ ਭੈੜਾ ਚਲਦਾ ਰਿਹਾ। ਜਦੋਂ ਮੇਜਰ ਬਰੌਡਫੁਟ ਸਿੰਧ ਦਰਿਆ ਨੂੰ ਪਾਰ ਕਰ ਗਿਆ ਤਾਂ ਉਸ ਕਬਾਇਲੀ ਪਠਾਣਾਂ ਨੂੰ ਪੰਜਾਬ ਉਪਰ ਧਾਵਾ ਬੋਲਣ ਲਈ ਤੇ ਬਗ਼ਾਵਤ ਕਰਨ ਲਈ ਉਕਸਾਇਆ।

ਮੇਜਰ ਬਰੌਡਫੁਟ ਦੀ ਘਟਨਾ ਅਤੇ ਉਸ ਤੋਂ ਉਪਰੰਤ ਦਰਬਾਰੀਆਂ, ਅਮੀਰਾਂ, ਵਜ਼ੀਰਾਂ ਅਤੇ ਅਫ਼ਸਰਾਂ ਵੱਲੋਂ ਕੀਤੀ ਗਈ ਦਗ਼ਾਬਾਜ਼ੀ ਕਾਰਨ ਪੰਜਾਬ ਦੀ ਸੈਨਾ ਦੇ ਸਿਪਾਹੀ ਮਜਬੂਰ ਹੋ ਗਏ ਕਿ ਰਾਜ ਦਰਬਾਰ ਦੇ ਮਾਮਲਿਆਂ ਵਿਚ ਆਪਣੀ ਆਵਾਜ਼ ਦੀ ਸੁਣਵਾਈ ਕਰਵਾਉਣ। ਜਿਸ ਸੰਸਥਾ ਨਾਲ ਉਨ੍ਹਾਂ ਦੀ ਜਾਣ-ਪਛਾਣ ਸੀ, ਉਹ ਪੰਚਾਇਤ ਸੀ, ਜਿਹੜੀ ਉਨ੍ਹਾਂ ਪਿੰਡਾਂ ਦੇ ਮਾਮਲਿਆਂ ਦਾ ਪ੍ਰਬੰਧ ਕਰਦੀ ਸੀ ਜਿਨ੍ਹਾਂ ਤੋਂ ਉਹ ਆਏ ਸਨ। ਇਹ ਸੰਸਥਾ ਫ਼ੌਜ ਵਿਚ ਵੀ ਲਾਗੂ ਕੀਤੀ ਗਈ ਸੀ ਅਤੇ ਹਰ ਰਜਮੈਂਟ ਆਪਣੇ ਪੰਚ ਆਪ ਚੁਣਦੀ ਸੀ, ਜਿਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਸੀ ਕਿ ਉਹ ਕਮਾਂਡਿੰਗ ਅਫ਼ਸਰਾਂ ਦੇ ਆਦੇਸ਼ਾਂ ਸੰਬੰਧੀ ਵਿਚਾਰ

ਕਰਨ ਅਤੇ ਆਪ ਆਪਣੀਆਂ ਸਿਫ਼ਾਰਸ਼ਾਂ ਜਵਾਨਾਂ ਪ੍ਰਤੀ ਕਰਨ। ਫ਼ੌਜ ਅੰਦਰ ਪੰਚਾਇਤੀ ਪ੍ਰਣਾਲੀ ਸਹੀ ਪ੍ਰਸ਼ਾਸਨੀ ਰੂਪ ਨਾ ਧਾਰ ਸਕੀ ਅਤੇ ਬਹੁਤ ਕੁਝ ਚੁਣੇ ਹੋਏ ਵਿਅਕਤੀਆਂ ਦੀ ਬੁੱਧੀ ਅਤੇ ਯੋਗਤਾ ਤੇ ਨਿਰਭਰ ਕਰਦਾ। ਆਪਣਾ ਦਬਦਬਾ ਅਤੇ ਅਸਰ-ਰਸੂਖ਼ ਬਣਾਈ ਰੱਖਣ ਲਈ ਪੰਚ ਰਿਆਇਤਾਂ ਅਤੇ ਵਾਧੂ ਵੇਤਨ ਦੀਆਂ ਮੰਗਾਂ ਰੱਖਦੇ ਜਿਹੜੀਆਂ ਉਚਿਤ ਨਹੀਂ ਸਨ ਹੁੰਦੀਆਂ। ਕੁਝ ਵਰਿਸ਼ਠ ਪੰਚ ਤਾਂ ਏਨੇ ਸ਼ਕਤੀਸ਼ਾਲੀ ਹੋ ਗਏ ਸਨ ਕਿ ਅਫ਼ਸਰਾਂ ਦੀਆਂ ਅਸਾਮੀਆਂ ਦੀ ਨੀਲਾਮੀ ਬੋਲ ਦਿੰਦੇ ਸਨ। ਉਹ ਕਾਜਕਾਰੀ ਪੰਚ ਵੀ ਨਿਯੁਕਤ ਕਰਦੇ ਤਾਂ ਜੋ ਉਨ੍ਹਾਂ ਦੇ ਆਦੇਸ਼ ਫ਼ੌਜੀਆਂ ਤਕ ਪਹੁੰਚਾਏ ਜਾਣ ਅਤੇ ਉਨ੍ਹਾਂ 'ਤੇ ਅਮਲ ਵੀ ਕਰਵਾਇਆ ਜਾ ਸਕੇ। ਇਸ ਦੇ ਸਿੱਟੇ ਬਹੁਤ ਅਨਰਥਕਾਰੀ ਸਨ। ਫ਼ੌਜ ਵਿਚ ਜ਼ਾਬਤਾ ਖ਼ਤਮ ਹੋ ਗਿਆ ਅਤੇ ਨਾਲ ਹੀ ਉਨ੍ਹਾਂ ਅਫ਼ਸਰਾਂ ਦੇ ਆਦੇਸ਼ਾਂ ਦੀ ਪਾਲਣਾ ਸਮਾਪਤ ਹੋ ਗਈ ਜਿਹੜੇ ਫ਼ੌਜੀ ਮਾਮਲਿਆਂ ਵਿਚ ਪੂਰਾ-ਪੂਰਾ ਤਜਰਬਾ ਰੱਖਦੇ ਸਨ।

ਲਾਹੌਰ ਵਿਖੇ ਦਰਬਾਰ ਦਾ ਜ਼ੋਰ ਬਾਗ਼ੀ ਸਿਪਾਹੀਆਂ ਦੇ ਜੋਸ਼ ਨੂੰ ਠੰਡਾ ਕਰਨ ਤੇ ਲੱਗ ਰਿਹਾ ਸੀ। ਇਸ ਦੇ ਨਾਲ ਹੀ ਅਫ਼ਗਾਨਿਸਤਾਨ ਦੀ ਉਲਝਣ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਜਾ ਰਹੀ ਸੀ। ਇਸ ਦੌਰਾਨ ਡੋਗਰਿਆਂ ਨੇ ਤਿੱਬਤ ਨੂੰ ਫ਼ਤਹਿ ਕਰਨ ਲਈ ਦੂਸਰਾ ਚਰਨ ਆਰੰਭ ਕਰ ਦਿੱਤਾ।

ਜੰਮੂ ਅਤੇ ਜੇਹਲਮ ਦੀ ਵਾਦੀ (ਰਾਜਪਾਲ ਦੇ ਕਤਲ ਹੋ ਜਾਣ ਉਪਰੰਤ ਗੁਲਾਬ ਸਿੰਘ ਡੋਗਰਾ ਨੇ ਇਸ ਤੇ ਕਬਜ਼ਾ ਕਰ ਲਿਆ ਸੀ) ਦੀ ਸੀਮਾ ਉਹ ਹਿਮਾਲੀਆ ਤਕ ਆਰਥਿਕ ਮਜਬੂਰੀਆਂ ਕਾਰਨ ਵੀ ਵਧਾਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਆਪਣੀ ਸਰਹੱਦ ਸਤਲੁਜ ਤਕ ਵਧਾ ਲਈ ਸੀ, ਇਸ ਲਈ ਜਿਹੜੇ ਕਾਰਵਾਂ ਕਸ਼ਮੀਰ ਵਿਚੋਂ ਲੰਘਦੇ ਸਨ, ਉਹ ਬੁਸ਼ੈਰ ਵਿਚੋਂ ਲੰਘਣੇ ਆਰੰਭ ਹੋ ਗਏ। ਸ਼ਾਲਾਂ ਤਿਆਰ ਕਰਨ ਵਾਲੇ ਕਸ਼ਮੀਰੀ ਕੱਚੀ ਉੱਨ ਲੱਦਾਖ ਅਤੇ ਲ੍ਹਾਸਾ ਤੋਂ ਲਿਆ ਕਰਦੇ ਸਨ ਅਤੇ ਹੁਣ ਉਨ੍ਹਾਂ ਲਈ ਭਾਰੀ ਔਖ ਹੋ ਗਈ। ਡਰ ਇਹ ਪੈਦਾ ਹੋ ਗਿਆ ਕਿ ਕਸ਼ਮੀਰ ਦੀ ਉੱਨ ਦੀ ਸਨਅਤ ਉੱਕਾ ਹੀ ਖ਼ਤਮ ਹੋ ਜਾਵੇਗੀ। ਇਸ ਤੋਂ ਇਲਾਵਾ ਗਾਰੇ ਦੇ ਰੋਹਤਾਂਗ ਜ਼ਿਲ੍ਹੇ ਵਿਚ ਸੋਨੇ, ਸੁਹਾਗੇ, ਗੰਧਕ ਅਤੇ ਪਹਾੜੀ ਨਮਕ ਦੀ ਬਹੁਲਤਾ ਸੀ ਅਤੇ ਕੇਂਦਰੀ ਏਸ਼ੀਆ ਦੇ ਅਨੇਕਾਂ ਭਾਗਾਂ ਵਿਚ ਮਾਲ ਭੇਜਣ ਲਈ ਬਹੁਤ ਭਾਰੀ ਮੰਡੀ ਸੀ। ਪਸਾਰ ਲਈ ਹੋਰ ਪੂਰਕ ਰੂਪ ਸਿਆਸੀ ਕਾਰਨ ਵੀ ਸਨ। ਉੱਤਰ ਵੱਲ ਹਮਲਾ ਕਰਕੇ ਅਤੇ ਉਸ ਤੋਂ ਅੱਗੇ ਪੂਰਬੀ ਪਾਸੇ ਵੱਲ ਵਧ ਕੇ ਪੰਜਾਬ ਇਕ ਸਾਂਝੀ ਸਰਹੱਦ ਭਾਰਤ ਦੀ ਇਕੋ-ਇਕ ਆਜ਼ਾਦ ਰਿਆਸਤ ਨੇਪਾਲ ਨਾਲ ਕਾਇਮ ਕਰ ਸਕਦਾ ਸੀ ਅਤੇ ਇਸ ਪ੍ਰਕਾਰ ਅੰਗਰੇਜ਼ਾਂ ਵੱਲੋਂ ਘੇਰਾ ਪਾਉਣ ਦੀ ਸੰਭਾਵਨਾ ਵਿਰੁੱਧ ਰਾਖੀ ਕਰ ਸਕਦਾ ਸੀ।

ਜ਼ੋਰਾਵਰ ਸਿੰਘ ਡੋਗਰਾ ਨੇ 1834 ਵਿਚ ਲੱਦਾਖ ਉਪਰ ਕਬਜ਼ਾ ਜਮਾ ਲਿਆ ਸੀ। ਇਸਕਾਰਦੂ ਤੇ ਕਬਜ਼ਾ ਕਰਕੇ ਉਹ ਹੋਰ ਅੱਗੇ ਵਧ ਗਿਆ ਸੀ। ਇਹ ਇਲਾਕਾ ਸਿੰਧ ਦੀਆਂ ਦੋ ਸਹਾਇਕ ਨਦੀਆਂ ਦੇ ਸੰਗਮ 'ਤੇ ਸੀ। ਮੰਡੀ ਅਤੇ ਕੁੱਲੂ ਤੇ ਕਬਜ਼ਾ ਕਰਕੇ ਇਸ ਪਹਾੜੀ ਇਲਾਕੇ ਵਿਚ ਇਕ ਹੋਰ ਰਾਹ ਖੋਲ੍ਹ ਲਿਆ ਗਿਆ ਸੀ। ਡੋਗਰਾ ਜਰਨੈਲ ਨੇ ਇਹ ਫ਼ੈਸਲਾ ਕੀਤਾ ਕਿ ਇਨ੍ਹਾਂ ਦੋ ਬਿੰਦੂਆਂ ਨੂੰ ਹੋਰ ਅੱਗੇ ਵਧਾਵੇ, ਇਕ ਨੂੰ ਉੱਤਰ ਵਾਲੇ ਪਾਸੇ ਅਤੇ ਦੂਜੇ ਨੂੰ ਪੂਰਬ ਵੱਲੇ ਜਿਧਰ ਨੇਪਾਲ ਦੀ ਸਰਹੱਦ ਲਗਦੀ ਹੈ।

ਹਮਲਾ ਕਰਨ ਲਈ ਬਹਾਨਾ ਘੜਨ ਲਈ ਕੋਈ ਕਠਿਨਾਈ ਨਹੀਂ ਸੀ। ਅਪ੍ਰੈਲ 1841 ਵਿਚ ਜ਼ੋਰਾਵਰ ਸਿੰਘ ਨੇ ਮੰਗ ਕੀਤੀ ਕਿ ਗਾਰੋ ਪੰਜਾਬ ਦੀ ਅਧੀਨਗੀ ਜਾਂ ਵਫ਼ਾਦਾਰੀ ਕਬੂਲ ਕਰੇ ਕਿਉਂਕਿ ਇਹ ਇਸਕਾਰਦੂ ਦੇ ਅਧੀਨ ਸੀ ਜਿਹੜਾ ਹੁਣ ਪੰਜਾਬ ਦਾ ਸੂਬਾ ਬਣ

ਗਿਆ ਸੀ। ਬਦਲੇ ਹੋਏ ਹਾਲਾਤ ਵਿਚ ਉਹ ਇਹ ਵੀ ਚਾਹੁੰਦਾ ਸੀ ਕਿ ਲ੍ਹਾਸਾ ਵੱਲੋਂ ਲਾਹੌਰ ਨੂੰ ਖ਼ਿਰਾਜ ਭੇਂਟ ਕੀਤਾ ਜਾਵੇ ਨਾ ਕਿ ਪੀਕਿੰਗ ਨੂੰ। ਜ਼ੋਰਾਵਰ ਸਿੰਘ ਨੇ ਗਾਰੋ ਤੇ ਚੜ੍ਹਾਈ ਕਰ ਦਿੱਤੀ ਅਤੇ ਇਕ ਹੋਰ ਦਸਤਾ ਪੂਰਬ ਵੱਲ ਕਮਾਊਂ ਦੀਆਂ ਪਹਾੜੀਆਂ ਵੱਲ ਵਧਿਆ, ਜਿਸ ਲ੍ਹਾਸਾ ਨਾਲ ਅੰਗਰੇਜ਼ਾਂ ਦਾ ਜੋੜ ਤੋੜ ਦਿੱਤਾ। ਜੂਨ 1841 ਵਿਚ ਡੋਗਰਿਆਂ ਨੇ ਗਾਰੋ ਤੇ ਕਬਜ਼ਾ ਕਰ ਲਿਆ। ਜ਼ੋਰਾਵਰ ਸਿੰਘ ਨੇ ਸਿਆਸੀ ਤੌਰ ਤੇ ਉਚਿਤ ਖ਼ਿਆਲ ਕੀਤਾ ਕਿ ਬੁਸ਼ੈਰ ਦੇ ਰਾਜਾ ਨੂੰ ਸੂਚਨਾ ਭੇਜ ਦਿੱਤੀ ਜਾਵੇ ਜਿਹੜਾ ਅੰਗਰੇਜ਼ਾਂ ਦੀ ਰੱਖਿਆ ਅਧੀਨ ਸੀ। ਗਾਰੋ ਤੋਂ ਡੋਗਰਿਆਂ ਨੇ ਤੁਕਲਾਕੋਟੇ ਵੱਲ ਵਧਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਟਾਕਰਾ ਕਰਨ ਲਈ ਆਈ ਤਿੱਬਤੀ ਫ਼ੌਜ ਤਬਾਹ ਕਰ ਦਿੱਤੀ ਗਈ ਅਤੇ ਕੁਝ ਦਿਨਾਂ ਤਕ ਤੁਕਲਾਕੋਟੇ ਉਪਰ ਦਰਬਾਰ ਦਾ ਝੰਡਾ ਲਹਿਰਾ ਦਿੱਤਾ ਗਿਆ। ਡੋਗਰਿਆਂ ਨੇ ਤਿੱਬਤ ਦੇ ਧੁਰ ਸੀਨੇ ਤਕ ਕਬਜ਼ਾ ਜਮਾ ਲਿਆ ਸੀ। ਜਦੋਂ ਤਾਈਂ ਉਥੇ ਕਬਜ਼ਾ ਜਮਾਉਣ ਦਾ ਵੇਲਾ ਆਇਆ ਤਾਂ ਪਹਾੜੀਆਂ ਉਤੇ ਤੰਬੂ ਗੱਡ ਕੇ ਬੈਠੇ ਰਹਿਣ ਦਾ ਮੌਸਮ ਸਮਾਪਤ ਹੋ ਗਿਆ।

ਅੰਗਰੇਜ਼ ਹਥਿਆਰਾਂ ਦੇ ਇਸ ਚਮਕਦੇ ਖ਼ਤਰੇ ਤੋਂ ਚੁਕੰਨੇ ਹੋ ਗਏ। ਅੰਗਰੇਜ਼ ਏਜੰਟ ਨੇ ਮੰਗ ਕੀਤੀ ਕਿ ਦਰਬਾਰ ਨਵੀਂ ਫ਼ਤਹਿ ਕੀਤੀ ਥਾਂ ਦਾ ਆਪਣਾ ਹੱਕ ਛੱਡ ਦੇਵੇ। ਅਜੇ ਲਾਹੌਰ ਅਤੇ ਲੁਧਿਆਣਾ ਵਿਚਕਾਰ ਗੱਲ-ਬਾਤ ਦੀ ਲੜਾਈ ਚੱਲ ਹੀ ਰਹੀ ਸੀ ਕਿ ਚੀਨੀ ਫ਼ੌਜ ਤਿਆਰ ਹੋ ਗਈ। ਪਹਿਲੀ ਬਰਫ਼ ਦੇ ਪੈਣ ਨਾਲ ਹੀ ਉਨ੍ਹਾਂ ਡੋਗਰਿਆਂ ਦੀਆਂ ਅਗਲੀਆਂ ਚੌਕੀਆਂ ਉਪਰ ਕਬਜ਼ਾ ਕਰ ਲਿਆ। ਉਨ੍ਹਾਂ ਦਾ ਦਾ ਖਾਣਾ-ਦਾਣਾ ਪਹੁੰਚਣਾ ਬੰਦ ਕਰ ਦਿੱਤਾ ਤੇ ਡੋਗਰਿਆਂ ਦੇ ਦੁਆਲੇ ਘੇਰਾ ਪਾ ਲਿਆ। ਬੜੇ ਸਬਰ ਨਾਲ ਇਸ ਗੱਲ ਦੀ ਉਡੀਕ ਕੀਤੀ ਗਈ ਕਿ ਬਾਕੀ ਦਾ ਕਾਰਜ ਹੋਰ ਅਨਸਰ ਮੁਕਾ ਲਵੇਗਾ।

ਡੋਗਰਿਆਂ ਨੂੰ ਉੱਕਾ ਹੀ ਨਿਰਾਸ਼ ਕਰ ਦਿੱਤਾ ਗਿਆ। ਉਹ 12,000 ਫੁਟ ਦੀ ਉਚਾਈ ਤੇ ਜੰਮੀ ਹੋਈ ਅਤੇ ਪੈ ਰਹੀ ਬਰਫ਼ ਵਿਚ ਘਿਰ ਗਏ। ਉਹ ਬਾਲਣ ਅਤੇ ਖ਼ੁਰਾਕ ਲਈ ਨੱਸ-ਭੱਜ ਕਰਨ ਲੱਗੇ। ਸਿਪਾਹੀਆਂ ਦੇ ਅੰਗ ਬਰਫ਼ ਨਾਲ ਫੱਟੜ ਹੋਣ ਲੱਗੇ। ਜ਼ੋਰਾਵਰ ਸਿੰਘ ਨੇ ਫ਼ੈਸਲਾ ਕੀਤਾ ਕਿ ਪਿੱਛੇ ਹਟਿਆ ਜਾਵੇ ਪਰ ਚੀਨੀ ਫ਼ੌਜ ਕਿਸੇ ਫਸੀ ਹੋਈ ਚਿੜੀ ਨੂੰ ਕਦੋਂ ਹੱਥੋਂ ਨਿਕਲਣ ਦੇਣਾ ਚਾਹੁੰਦੀ ਸੀ। "ਤੁਸੀਂ ਲੱਦਾਖ ਹੱਥ ਵਿਚ ਲਿਆ, ਅਸੀਂ ਚੁੱਪ ਰਹੇ। ਸਿੱਟੇ ਵਜੋਂ ਤੁਹਾਡੇ ਹੌਸਲੇ ਖੁੱਲ੍ਹ ਗਏ ਅਤੇ ਤੁਸੀਂ ਗਾਰਤੋਕ ਅਤੇ ਤੁਕਲਾਕੋਟੇ ਉਪਰ ਕਬਜ਼ਾ ਜਮਾ ਲਿਆ। ਹੁਣ ਜੇਕਰ ਤੁਸੀਂ ਅਮਨ ਚਾਹੁੰਦੇ ਹੋ ਤਾਂ ਲੱਦਾਖ ਖ਼ਾਲੀ ਕਰੋ ਅਤੇ ਆਪਣੇ ਦੇਸ਼ ਪਰਤ ਜਾਓ", ਇਹ ਚੀਨ ਦਾ ਜਵਾਬ ਸੀ।

ਡੋਗਰੇ ਇਸ ਕੁੜਿੱਕੀ ਵਿਚੋਂ ਨਿਕਲਣ ਲਈ ਲੜਨ ਤੇ ਮਜਬੂਰ ਹੋ ਗਏ। ਠੰਡ ਅਤੇ ਭੁੱਖ ਨਾਲ ਉਨ੍ਹਾਂ ਦੀ ਸ਼ਕਤੀ ਖੀਣ ਹੋ ਗਈ ਸੀ। ਉਨ੍ਹਾਂ ਦਾ ਟਾਕਰਾ ਇਕ ਦੇ ਮੁਕਾਬਲੇ ਦਸ ਨਾਲ ਸੀ ਅਤੇ ਅਜਿਹੀ ਫ਼ੌਜ ਨਾਲ ਸੀ, ਜਿਸ ਪਾਸ ਸਰਦੀ ਦੀ ਲੜਾਈ ਲੜਨ ਲਈ ਉਪਕਰਣ ਆਦਿ ਸਨ। ਦਸੰਬਰ 12, 1841 ਨੂੰ ਬਹਾਦਰ ਜ਼ੋਰਾਵਰ ਸਿੰਘ ਦਾ ਅੰਤ ਹੋ ਗਿਆ। ਬਾਕੀ ਦੀਆਂ ਫ਼ੌਜਾਂ ਨੇ ਹਥਿਆਰ ਸੁੱਟ ਦਿੱਤੇ ਅਤੇ ਬੜੀ ਨਿਰਦੈਤਾ ਨਾਲ ਕਤਲ ਕਰ ਦਿੱਤੇ ਗਏ। ਤੁਕਲਾਕੋਟੇ ਤੋਂ ਕਬਜ਼ਾ ਹਟਾ ਲਿਆ ਗਿਆ। ਬਸੰਤ ਰੁੱਤ ਆਉਣ ਤੋਂ ਪਹਿਲਾਂ ਹੀ ਚੀਨ ਨੇ ਆਪਣੇ ਤਿੱਬਤੀ ਇਲਾਕੇ ਤੇ ਕਬਜ਼ਾ ਕਰ ਲਿਆ ਅਤੇ ਇਸਕਾਰਦੂ ਅਤੇ ਲੱਦਾਖ ਦੀਆਂ ਥਾਵਾਂ 'ਤੇ ਆਪਣੇ ਪਿੰਨ੍ਹ ਖਿਨਾ ਦਿੱਤੇ। ਕੇਵਲ ਲੇਹ ਤੇ ਪੰਜਾਬ ਦਾ ਝੰਡਾ ਤਿੱਬਤ ਦੀ ਪੌਣ ਦਾ ਵਿਦਰੋਹ ਕਰਦਾ ਝੂਲਦਾ ਰਿਹਾ।

ਗੁਲਾਬ ਸਿੰਘ ਡੋਗਰਾ ਨੇ ਲੱਦਾਖ ਵੱਲ ਸਹਾਇਕ ਫ਼ੌਜ ਭੇਜੀ। 1842 ਦੀ ਬਸੰਤ ਤਕ ਡੋਗਰਾ ਫ਼ੌਜ ਲੇਹ ਪਹੁੰਚ ਗਈ ਅਤੇ ਲੱਦਾਖ ਉਪਰ ਕਬਜ਼ਾ ਜਮਾਉਣ ਲਈ ਅੱਗੇ

ਵਧੀ। ਗਾਰੋ ਵੱਲ ਫ਼ੌਜੀ ਦਸਤਾ ਤਿੱਖੇ ਕਦਮੀਂ ਵਧਦਾ ਗਿਆ। ਇਕ ਦਸਤਾ ਜ਼ਿਲ੍ਹੇ ਦੀ ਸਰਹੱਦ ਤਕ ਪਹੁੰਚ ਗਿਆ। ਪਰ ਇਸ ਨੂੰ ਅੱਗੇ ਵਧਣ ਤੋਂ ਅੰਗਰੇਜ਼ ਅਫ਼ਸਰ, ਲੈਫਟੀਨੈਂਟ ਕਨਿੰਘਮ ਨੇ ਠੱਲ੍ਹ ਪਾਈ, ਜਿਹੜਾ ਉਸ ਵੇਲੇ ਉਥੇ ਹਾਜ਼ਰ ਸੀ। ਦੂਜੇ ਦਸਤੇ ਨੇ ਉਸ ਚੀਨੀ ਫ਼ੌਜ ਨੂੰ ਖ਼ਤਮ ਕਰ ਦਿੱਤਾ ਜਿਹੜੀ ਲ੍ਹਾਸਾ ਤੋਂ ਇਸ ਦੇ ਮੁਕਾਬਲੇ ਲਈ ਭੇਜੀ ਗਈ ਸੀ।

ਅਕਤੂਬਰ 17, 1842 ਨੂੰ ਦਰਬਾਰ ਦੇ ਏਜੰਟ ਅਤੇ ਗੁਲਾਬ ਸਿੰਘ ਦੇ ਨਿੱਜੀ ਪ੍ਰਤੀਨਿਧ ਨੇ ਲ੍ਹਾਸਾ ਵਿਖੇ ਚੀਨੀ ਬਾਦਸ਼ਾਹ ਦੇ ਪ੍ਰਤੀਨਿਧ ਨਾਲ ਇਕ ਸੰਧੀ ਤੇ ਹਸਤਾਖਰ ਕੀਤੇ। ਇਹ ਪ੍ਰਵਾਨ ਕੀਤਾ ਗਿਆ ਕਿ ਲੱਦਾਖ ਅਤੇ ਲ੍ਹਾਸਾ ਦੀਆਂ ਸਰਹੱਦਾਂ ਦੋਹਾਂ ਪਾਰਟੀਆਂ ਲਈ ਉਲੰਘਣ ਯੋਗ ਨਹੀਂ ਅਤੇ ਵਪਾਰ, ਵਿਸ਼ੇਸ਼ ਕਰਕੇ ਚਾਹ ਅਤੇ ਪਸ਼ਮੀਨੇ ਦਾ ਪਹਿਲਾਂ ਵਾਂਗ ਹੀ ਲੱਦਾਖ ਰਾਹੀਂ ਹੁੰਦਾ ਰਹੇਗਾ। ਅਫ਼ਗਾਨਿਸਤਾਨ ਵਿਚ ਵਾਪਰੀਆਂ ਕੁਝ ਘਟਨਾਵਾਂ ਨੇ ਅਚਾਨਕ ਅਜਿਹਾ ਮੋੜ ਲਿਆ ਕਿ ਡੋਗਰਿਆਂ ਦੀਆਂ ਤਿੱਬਤ ਵਿਖੇ ਹੋ ਰਹੀਆਂ ਵਧੀਕੀਆਂ ਵਿਰੁੱਧ ਕੋਈ ਸਾਰਥਕ ਕਾਰਵਾਈ ਨਾ ਕਰ ਸਕੇ। 1841 ਦੀ ਪਤਝੜ ਵਿਚ ਅਫ਼ਗਾਨ ਉਠ ਖੜ੍ਹੇ ਹੋਏ ਅਤੇ ਉਨ੍ਹਾਂ ਅੰਗਰੇਜ਼ੀ ਫ਼ੌਜ ਦਾ ਕਬਜ਼ਾ ਤਬਾਹ ਕਰ ਦਿੱਤਾ। ਮਾਰੇ ਜਾਣ ਵਾਲਿਆਂ ਵਿਚ ਸਰ ਅਲਗਜ਼ੈਂਡਰ ਬਰਨੇਸ ਵੀ ਸ਼ਾਮਲ ਸੀ, ਜਿਸ ਸਿੰਧ ਵਿਚ ਅੰਗਰੇਜ਼ੀ ਪਸਾਰਵਾਦ ਨੂੰ ਉਸਾਰਿਆ ਸੀ। ਕਾਬਲ ਦੇ ਤਖ਼ਤ ਤੇ ਸ਼ਾਹ ਸ਼ੁਜਾਹ ਨੂੰ ਮੁੜ ਬਿਠਾਉਣ ਦਾ ਯਤਨ ਪੰਜਾਬੀਆਂ ਅਤੇ ਅੰਗਰੇਜ਼ਾਂ ਦਾ ਸਾਂਝਾ ਸੀ ਅਤੇ ਸਿੱਟੇ ਵਜੋਂ ਜਿਹੜੀ ਅੰਗਰੇਜ਼ੀ ਫ਼ੌਜ ਨੂੰ ਕਾਬਲ ਵਿਖੇ ਸੱਟ ਪਈ ਉਸ ਤੋਂ ਪੰਜਾਬੀ ਅਭਿੱਜ ਨਹੀਂ ਰਹਿ ਸਕਦੇ ਸਨ। ਅੰਗਰੇਜ਼ਾਂ ਦੀ ਹਮਾਇਤ ਲਈ ਜਨਰਲ ਅਵੀਤਾਬਲੇ ਨੂੰ ਭੇਜਿਆ ਗਿਆ। ਅਲੀ ਮਸਜਿਦ ਤੇ ਮੁੜ ਕਬਜ਼ਾ ਕਰਨ ਵਿਚ ਪੰਜਾਬੀ ਸਫ਼ਲ ਹੋ ਗਏ ਪਰ ਸਰਦੀਆਂ ਦੀ ਰੁੱਤ ਆ ਜਾਣ ਨਾਲ ਇਸ ਨੂੰ ਵਧੇਰੇ ਸਮੇਂ ਲਈ ਸਾਂਭ ਨਾ ਸਕੇ। ਪਰ ਜਿਉਂ ਹੀ ਦੱਰਿਆਂ ਨੂੰ ਬਰਫ਼ ਹਟਾ ਕੇ ਸਾਫ਼ ਕਰ ਲਿਆ ਗਿਆ ਤਾਂ ਉਨ੍ਹਾਂ ਅੰਗਰੇਜ਼ ਟੁਕੜੀ ਦੀ ਸਹਾਇਤਾ ਨਾਲ ਅਲੀ ਮਸਜਿਦ ਤੇ 1842 ਦੀ ਬਸੰਤ ਵਿਚ ਮੁੜ ਕਬਜ਼ਾ ਕਰ ਲਿਆ। ਦਰਬਾਰ ਨੇ ਅੰਗਰੇਜ਼ੀ ਟੁਕੜੀ ਲਈ ਰਾਸ਼ਨ, ਪਸ਼ੂ ਅਤੇ ਹੋਰ ਲੋੜੀਂਦੀਆਂ ਵਸਤਾਂ ਪਹੁੰਚਾਈਆਂ। ਇਸ ਦੇ ਨਾਲ ਹੀ ਆਪਣੀ ਫ਼ੌਜ ਵੀ ਭੇਜੀ ਜਿਹੜੀ ਅੰਗਰੇਜ਼ਾਂ ਨਾਲੋਂ ਵੱਡੀ ਸੀ। ਪੰਜਾਬੀਆਂ ਨੇ ਜਲਾਲਾਬਾਦ ਨੂੰ ਮੁੜ ਮੁਕਤ ਕਰਵਾਇਆ ਅਤੇ ਅਫ਼ਗਾਨਿਸਤਾਨ ਤੇ ਮੁੜ ਅੰਗਰੇਜ਼ ਸੱਤਾ ਵਿਚ ਆ ਗਏ। ਅੰਗਰੇਜ਼ਾਂ ਦੀ ਕਿਸਮਤ ਅੱਛੀ ਸੀ ਕਿ ਸ਼ਾਹ ਸ਼ੁਜਾਹ ਮਰ ਗਿਆ (ਜਾਂ ਮਾਰ ਦਿੱਤਾ ਗਿਆ) ਉਨ੍ਹਾਂ ਫ਼ੈਸਲਾ ਕੀਤਾ ਕਿ ਤ੍ਰੈ-ਪੱਖੀ ਸੰਧੀ ਸਮਾਪਤ ਕਰ ਦਿੱਤੀ ਜਾਵੇ ਅਤੇ ਦੋਸਤ ਮੁਹੰਮਦ ਨਾਲ ਸ਼ਰਤਾਂ ਪੱਕੀਆਂ ਕਰ ਲਈਆਂ ਜਾਣ। ਅਮੀਰ ਨੂੰ ਕੈਦਖ਼ਾਨੇ 'ਚੋਂ ਮੁਕਤ ਕਰਕੇ ਕਾਬਲ ਵਾਪਸ ਭੇਜ ਦਿੱਤਾ ਗਿਆ।

ਅਫ਼ਗਾਨ ਮੁਹਿੰਮ ਵਿਚ ਅੰਗਰੇਜ਼ਾਂ ਦੇ ਵਤੀਰੇ ਨੇ ਸ਼ੇਰ ਸਿੰਘ ਦਾ ਮਨ ਖੱਟਾ ਕਰ ਦਿੱਤਾ। ਉਨ੍ਹਾਂ ਵੇਖਿਆ ਕਿ ਕਿਵੇਂ ਅਫ਼ਗਾਨਿਸਤਾਨ ਪਹੁੰਚਣ ਲਈ ਅੰਗਰੇਜ਼ਾਂ ਨੇ ਪੰਜਾਬ ਨੂੰ ਪੌੜੀ ਵਜੋਂ ਵਰਤਿਆ। ਜਦੋਂ ਟਿਕਾਣੇ ਸਿਰ ਪਹੁੰਚ ਗਏ ਤਾਂ ਸੰਧੀ ਸਮਾਪਤ ਕਰ ਦਿੱਤੀ ਅਤੇ ਦਰਬਾਰ ਦੇ ਹਿਤਾਂ ਦਾ ਕੋਈ ਧਿਆਨ ਨਹੀਂ ਰਖਿਆ ਗਿਆ। ਅਫ਼ਗਾਨਾਂ ਦੀ ਹਾਰ ਉਪਰੰਤ ਅੰਗਰੇਜ਼ਾਂ ਨੇ ਸਿੰਧ ਉਤੇ ਚੁੱਪਚਾਪ ਹਮਲਾ ਕਰ ਦਿੱਤਾ। ਕਿਸੇ ਬਹਾਨੇ ਦੀ ਉਡੀਕ ਕੀਤੇ ਬਿਨਾਂ ਸਰ ਚਾਰਲਸ ਨੇਪੀਅਰ ਨੇ ਮਾਰਚ 1843 ਵਿਚ ਸੂਬੇ ਉਪਰ ਕਬਜ਼ਾ ਕਰ ਲਿਆ। ਇਸ ਗੱਲ ਦੀ ਹੁਣ ਕੀ ਗਾਰੰਟੀ ਰਹਿ ਗਈ ਕਿ ਪੰਜਾਬ ਸੰਬੰਧੀ ਅੰਗਰੇਜ਼ਾਂ ਦਾ ਵਤੀਰਾ ਵੀ ਇਹੋ ਜਿਹਾ ਨਾ ਹੋਵੇ। ਵੇਖਣ ਵਿਚ ਦਰਬਾਰ ਅਤੇ ਅੰਗਰੇਜ਼ਾਂ ਦੇ ਸੰਬੰਧ ਸ਼ਾਂਤ

ਹੋ ਗਏ। ਸ਼ੇਰ ਸਿੰਘ ਨੇ ਉਪਰੋਂ ਮਿੱਤਰਾਂ ਵਾਲੀ ਸ਼ਕਲ ਬਣਾਈ ਰੱਖੀ ਪਰ ਹੁਣ ਉਹ ਅੰਗਰੇਜ਼ਾਂ ਦੀ ਚਾਪਲੂਸੀ ਨਹੀਂ ਕਰਦਾ ਸੀ। ਉਸ ਨੇ ਦੋਸਤ ਮੁਹੰਮਦ, ਜਿਸ ਪੰਜਾਬੀਆਂ ਨਾਲ ਅਨੇਕਾਂ ਲੜਾਈਆਂ ਵਿਚ ਤਲਵਾਰ ਖੜਕਾਈ ਸੀ, ਦਾ ਬਹੁਤ ਭਾਰੀ ਸੁਆਗਤ ਕੀਤਾ ਜਦੋਂ ਉਹ ਕਾਬਲ ਨੂੰ ਜਾਂਦਾ ਹੋਇਆ ਲਾਹੌਰ ਵਿਚੋਂ ਲੰਘਿਆ।

ਅੰਗਰੇਜ਼ ਭਾਪ ਗਏ ਕਿ ਉਨ੍ਹਾਂ ਆਪਣੀਆਂ ਕਰਤੂਤਾਂ ਕਾਰਨ ਸ਼ੇਰ ਸਿੰਘ ਦਾ ਵਿਸ਼ਵਾਸ ਗੁਆ ਲਿਆ ਹੈ। ਉਨ੍ਹਾਂ ਇਹ ਵੀ ਮਹਿਸੂਸ ਕਰ ਲਿਆ ਕਿ ਜਿੰਨਾ ਚਿਰ ਧਿਆਨ ਸਿੰਘ ਡੋਗਰਾ ਮੁੱਖ ਮੰਤਰੀ ਬਣਿਆ ਰਹੇਗਾ, ਉਨ੍ਹਾਂ ਪ੍ਰਤੀ ਦਰਬਾਰ ਦੇ ਵਤੀਰੇ ਵਿਚ ਕੋਈ ਤਬਦੀਲੀ ਨਹੀਂ ਆਵੇਗੀ, ਦੋਸਤੀ ਦਾ ਵਿਖਾਵਾ ਕਰਦਿਆਂ ਉਨ੍ਹਾਂ ਸ਼ੇਰ ਸਿੰਘ ਨੂੰ ਕਿਹਾ ਕਿ ਧਿਆਨ ਸਿੰਘ ਡੋਗਰਾ ਵੱਲ ਝੁਕਾਓ ਰੱਖਣ ਵਾਲੇ ਸੰਧਾਂਵਾਲੀਆਂ ਸਰਦਾਰਾਂ ਨੂੰ ਪੰਜਾਬ ਪਰਤਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਉਹ ਆਪਣੀ ਜਗੀਰ ਮੁੜ ਪ੍ਰਾਪਤ ਕਰਨ। ਧਿਆਨ ਸਿੰਘ ਦੀ ਸਰਦਾਰੀ ਹੇਠ ਔਖ ਮਹਿਸੂਸ ਕਰਨ ਵਾਲਾ ਮਹਾਰਾਜਾ ਅੰਗਰੇਜ਼ਾਂ ਦੀ ਤਜਵੀਜ਼ ਦਾ ਕਾਇਲ ਹੋ ਗਿਆ। ਨਵੰਬਰ 1842 ਵਿਚ ਅਜੀਤ ਸਿੰਘ ਲਾਹੌਰ ਪੁੱਜਾ ਅਤੇ ਸਾਦੇ ਅਤੇ ਸਾਊ ਦਿਲ ਵਾਲੇ ਸ਼ੇਰ ਸਿੰਘ ਨੇ ਖੁੱਲ੍ਹੀਆਂ ਬਾਹਵਾਂ ਨਾਲ ਉਸ ਦਾ ਸਵਾਗਤ ਕੀਤਾ। ਪਰਿਵਾਰ ਦੇ ਹੋਰ ਮੈਂਬਰਾਂ ਨੂੰ ਵੀ ਥਾਂਓ-ਥਾਈਂ ਮੁੜ ਬਹਾਲ ਕਰ ਦਿੱਤਾ ਗਿਆ। ਜਿਵੇਂ ਕਿ ਸ਼ਾਇਦ ਆਸ ਰੱਖੀ ਗਈ ਸੀ ਕਿ ਦਰਬਾਰ ਵਿਚ ਸੰਧਾਂਵਾਲੀਏ ਅੰਗਰੇਜ਼ਾਂ ਦੇ ਹਾਮੀ ਅਤੇ ਦਰਬਾਰ ਦੀ ਵਿਰੋਧੀ ਪਾਰਟੀ ਬਣਨਗੇ।

ਧਿਆਨ ਸਿੰਘ ਡੋਗਰਾ ਦੇ ਪੈਰ ਪੱਕੀ ਤਰ੍ਹਾਂ ਜੰਮੇ ਹੋਏ ਸਨ ਅਤੇ ਉਸ ਨੂੰ ਹਿਲਾ ਸਕਣਾ ਸ਼ਹਿਜ਼ਾਦਿਆਂ ਜਾਂ ਦਰਬਾਰੀਆਂ ਦੇ ਵੱਸ ਦਾ ਨਹੀਂ ਸੀ। ਸੰਧਾਂਵਾਲੀਏ ਹਿੰਸਾ 'ਤੇ ਉਤਰ ਆਉਣ ਲਈ ਮਜਬੂਰ ਹੋ ਗਏ। ਇਸ ਤਰ੍ਹਾਂ ਕਾਰਜ ਕਰਦਿਆਂ ਉਨ੍ਹਾਂ ਲਾਹੌਰ ਦੇ ਢਾਂਚੇ ਨੂੰ ਸਾਫ਼-ਸੁਥਰਾ ਅਤੇ ਪੱਧਰਾ ਕਰ ਦਿੱਤਾ। ਇਸ ਵਿਚ ਉਨ੍ਹਾਂ ਦੀ ਆਪਣੀ ਪਹਿਲਕਦਮੀ ਸੀ ਜਾਂ ਉਨ੍ਹਾਂ ਇਹ ਸਭ ਕੁਝ ਅੰਗਰੇਜ਼ਾਂ ਦੀ ਸ਼ਹਿ ਤੇ ਕੀਤਾ ਸੀ, ਕੋਈ ਨਹੀਂ ਕਹਿ ਸਕਦਾ ਅਤੇ ਜਾਣ ਸਕਦਾ ਕਿਉਂਕਿ ਜਿਹੜਾ ਕਤਲੇ-ਆਮ ਹੋਇਆ, ਉਸ ਦੇ ਵਗਦੇ ਖ਼ੂਨ ਵਿਚ ਸਭ ਸ਼ਹਾਦਤਾਂ ਰੁੜ੍ਹ ਗਈਆਂ।

ਸਤੰਬਰ 15, 1843 ਨੂੰ ਜਦੋਂ ਹਿੰਦੂ ਸੰਮਤ ਅਨੁਸਾਰ ਅੱਸੂ ਦੀ ਸੰਗਰਾਂਦ ਸੀ, ਇਹ ਪ੍ਰਬੰਧ ਕੀਤਾ ਗਿਆ ਕਿ ਸ਼ੇਰ ਸਿੰਘ ਪਰੇਡ ਦੀ ਸਲਾਮੀ ਲੈਣਗੇ ਅਤੇ ਅਜੀਤ ਸਿੰਘ ਸੰਧਾਂਵਾਲੀਆ ਦੀ ਫ਼ੌਜ ਦਾ ਮੁਆਇਨਾ ਕਰਨਗੇ। ਸ਼ੇਰ ਸਿੰਘ ਆਪਣੇ ਨਾਲ ਆਪਣੇ ਵੱਡੇ ਪੁੱਤਰ ਪ੍ਰਤਾਪ ਸਿੰਘ ਨੂੰ ਵੀ ਲੈ ਗਿਆ ਅਤੇ ਨਾਲ ਲਗਦੇ ਬਾਗ਼ ਵਿਚ ਉਸ ਨੂੰ ਆਪਣੇ-ਆਪ ਨਾਲ ਖੇਡਣ ਲਈ ਛੱਡ ਦਿੱਤਾ ਗਿਆ। ਜਦੋਂ ਪਰੇਡ ਸਮਾਪਤ ਹੋਈ ਤਾਂ ਸੰਧਾਂਵਾਲੀਆਂ ਸਰਦਾਰ ਕਲਕੱਤੇ ਤੋਂ ਲਿਆਂਦੀ ਦੂਹਰੇ ਬੈਰਲ ਦੀ ਗੰਨ, ਜਿਹੜੀ ਅੰਗਰੇਜ਼ਾਂ ਦੀ ਤਿਆਰ ਕੀਤੀ ਹੋਈ ਸੀ, ਮਹਾਰਾਜਾ ਸਾਹਿਬ ਨੂੰ ਭੇਂਟ ਕਰਨ ਲਈ ਮੰਚ ਤੇ ਆਇਆ। ਜਿਉਂ ਹੀ ਮਹਾਰਾਜਾ ਸਾਹਿਬ ਨੇ ਹਥਿਆਰ ਪ੍ਰਾਪਤ ਕਰਨ ਲਈ ਆਪਣਾ ਹੱਥ ਅੱਗੇ ਵਧਾਇਆ ਤਾਂ ਅਜੀਤ ਸਿੰਘ ਨੇ ਘੋੜਾ ਦਬਾ ਦਿੱਤਾ। ਭੈੜੀ ਕਿਸਮਤ ਵਾਲੇ ਮਹਾਰਾਜਾ ਸ਼ੇਰ ਸਿੰਘ ਦੇ ਮੂੰਹੋਂ ਮਰਨ ਤੋਂ ਪਹਿਲਾਂ ਇਹ ਸ਼ਬਦ ਨਿਕਲੇ, "ਇਹ ਕੀ ਦਗ਼ਾ!" ਸੰਧਾਂਵਾਲੀਆ ਦੇ ਜਵਾਨ ਰਖਵਾਲਿਆਂ ਉਪਰ ਟੁੱਟ ਪਏ। ਅਜੀਤ ਸਿੰਘ ਨੇ ਮਹਾਰਾਜਾ ਦਾ ਧੜ ਸੀਸ ਨਾਲੋਂ ਵੱਖ ਕਰ ਲਿਆ ਅਤੇ ਨੇਜ਼ੇ ਤੇ ਟੰਗ ਲਿਆ। ਇਸ ਵੇਲੇ ਅਜੀਤ ਸਿੰਘ ਦੇ ਚਾਚੇ ਨੇ ਪ੍ਰਤਾਪ ਸਿੰਘ ਨੂੰ ਕਾਬੂ ਕਰ ਲਿਆ ਅਤੇ ਉਸ ਦਾ ਗਲਾ ਵੱਢ ਦਿੱਤਾ। ਉਸ ਨੇ ਵੀ ਆਪਣੇ ਸ਼ਿਕਾਰ ਦਾ ਸਿਰ ਨੇਜ਼ੇ ਤੇ ਟੰਗ ਲਿਆ ਅਤੇ ਆਪਣੇ ਭਤੀਜੇ ਨਾਲ ਜਾ ਰਲਿਆ। ਆਪਣੇ ਜਿੱਤੇ ਹੋਏ

ਇਨਾਮ ਦਾ ਪ੍ਰਦਰਸ਼ਨ ਕਰਦੇ ਇਹ ਰਾਜਘਾਤੀ ਜ਼ਾਲਮ ਸ਼ਹਿਰ ਵੱਲ ਵਧੇ। ਉਨ੍ਹਾਂ ਕਾਰਨਾਂ ਕਰਕੇ, ਜਿਨ੍ਹਾਂ ਦਾ ਹੁਣ ਤਕ ਪਤਾ ਨਹੀਂ ਚੱਲਿਆ, ਉਨ੍ਹਾਂ ਨੂੰ ਕਿਲ੍ਹੇ ਅੰਦਰ ਦਾਖ਼ਲ ਹੋਣ ਦਿੱਤਾ ਗਿਆ। ਉਨ੍ਹਾਂ ਡੋਗਰਿਆਂ—ਧਿਆਨ ਸਿੰਘ, ਹੀਰਾ ਸਿੰਘ ਅਤੇ ਸੁਚੇਤ ਸਿੰਘ ਨੂੰ ਸੱਦਾ-ਪੱਤਰ ਭੇਜ ਦਿੱਤੇ। ਧਿਆਨ ਸਿੰਘ ਇਸ ਚਾਲ ਵਿਚ ਫਸ ਗਿਆ ਅਤੇ ਉਹ ਥੋੜ੍ਹੇ ਜਿਹੇ ਰਖਵਾਲੇ ਨਾਲ ਲੈ ਕੇ ਕਿਲ੍ਹੇ ਅੰਦਰ ਦਾਖ਼ਲ ਹੋ ਗਿਆ। ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਉਸ ਦੇ ਅੰਗ-ਰੱਖਿਅਕ ਨੂੰ, ਜਿਸ ਦੀ ਉਮਰ 25 ਸਾਲ ਦੀ ਸੀ, ਟੁਕੜੇ-ਟੁਕੜੇ ਕਰ ਦਿੱਤਾ ਗਿਆ। ਸ਼ਹਿਰ ਤੋਂ ਕੁਝ ਮੀਲਾਂ ਦੀ ਵਿੱਥ ਤੇ ਤੰਬੂ ਗੱਡ ਕੇ ਬੈਠੇ ਸੁਚੇਤ ਸਿੰਘ ਅਤੇ ਹੀਰਾ ਸਿੰਘ ਨੂੰ ਧਿਆਨ ਸਿੰਘ ਡੋਗਰਾ ਦੇ ਕਤਲ ਹੋ ਜਾਣ ਦਾ ਸਮਾਚਾਰ ਮਿਲਿਆ ਤਾਂ ਉਨ੍ਹਾਂ ਜਲਦੀ ਨਾਲ ਛਾਉਣੀ ਵਿਚ ਸ਼ਰਨ ਲਈ ਅਤੇ ਖ਼ਾਲਸਾ ਫ਼ੌਜ ਨੂੰ ਅਪੀਲ ਕੀਤੀ ਕਿ ਇਸ ਕਤਲ ਦਾ ਬਦਲਾ ਲਿਆ ਜਾਵੇ।

ਸੰਧਾਵਾਲੀਆਂ ਨੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਅਤੇ ਮਹਿਲ ਤੇ ਵੀ ਆਪਣਾ ਹੱਕ ਬਣਾ ਲਿਆ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਹ ਪੰਜਾਬ ਤੇ ਰਾਜ ਕਰਨਗੇ। ਇਨ੍ਹਾਂ ਨਿਰਦਈ ਅਪਰਾਧਾਂ ਦੇ ਸਮਾਚਾਰ ਨੇ ਲਾਹੌਰ ਅੰਦਰ ਸਹਿਮ ਦੀ ਲਹਿਰ ਭੇਜੀ। ਫ਼ੌਜੀ ਪੰਚਾਂ ਨੇ ਸ਼ਹਿਰ ਨੂੰ ਆਪਣੀ ਰਾਖੀ ਵਿਚ ਕਰ ਲਿਆ ਅਤੇ ਅਪਰਾਧੀਆਂ ਨੂੰ ਕਰੜੀ ਸਜ਼ਾ ਦੇਣ ਦੀ ਠਾਣ ਲਈ। ਉਨ੍ਹਾਂ ਧਿਆਨ ਸਿੰਘ ਡੋਗਰਾ ਦੇ ਪੁੱਤਰ ਹੀਰਾ ਸਿੰਘ ਨੂੰ ਆਪਣਾ ਨੇਤਾ ਚੁਣ ਲਿਆ। ਕਿਲ੍ਹੇ ਦੁਆਲੇ ਘੇਰਾ ਪਾ ਲਿਆ ਗਿਆ। ਸਾਰੀ ਰਾਤ ਤੋਪਾਂ ਦੇ ਗੋਲੇ ਫ਼ਸੀਲ ਨੂੰ ਉਡਾਉਣ ਲਈ ਵਰ੍ਹਦੇ ਰਹੇ। ਅਗਲੀ ਸਵੇਰ ਤਰੇੜਾਂ ਰਾਹੀਂ ਨਿਹੰਗ ਅੰਦਰ ਘੁਸ ਆਏ ਅਤੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਕਾਤਲਾਂ ਅਤੇ ਉਨ੍ਹਾਂ ਦੇ 600 ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪਰ ਅਤਰ ਸਿੰਘ ਸੰਧਾਵਾਲੀਆ ਬਚ ਗਿਆ। ਉਸ ਨੂੰ ਲਾਹੌਰ ਉਪਰ ਫ਼ੌਜੀ ਕਬਜ਼ਾ ਹੋ ਜਾਣ ਦੀ ਖ਼ਬਰ ਮਿਲ ਗਈ ਸੀ ਅਤੇ ਉਹ ਸਤਲੁਜ ਪਾਰ ਨੱਸ ਗਿਆ। ਅੰਗਰੇਜ਼ਾਂ ਨੇ ਉਸ ਨੂੰ ਸ਼ਰਨ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਨੂੰ ਮਹਾਰਾਜਾ ਥਾਪਣ ਦਾ ਐਲਾਨ ਕੀਤਾ ਗਿਆ। ਉਸ ਦੇ ਨਾਲ ਹੀਰਾ ਸਿੰਘ ਡੋਗਰਾ ਨੂੰ ਉਸ ਦਾ ਮੁੱਖ ਮੰਤਰੀ ਥਾਪਿਆ ਗਿਆ। ਪਰ ਅਸਲੀ ਸੱਤਾ ਮਹਿਲ ਵਿਚੋਂ ਨਿਕਲ ਕੇ ਛਾਉਣੀ ਵਿਚ ਪਹੁੰਚ ਗਈ।

ਡੋਗਰਿਆਂ ਦੇ ਅਧੀਨ ਪੰਜਾਬ

ਭਾਵੇਂ ਆਪਸੀ ਧੜੇਬੰਦੀ ਦੇ ਨਾਸੂਰ 'ਤੇ ਨਸ਼ਤਰ ਨਹੀਂ ਸੀ ਚੱਲਿਆ ਤਾਂ ਵੀ ਖ਼ੂਨੀ ਹੋਲੀ ਨਾਲ ਦਰਬਾਰ ਅੰਦਰ ਇਕ ਖੋਖਲਾਪਨ ਜਿਹਾ ਆ ਗਿਆ। ਗੱਦੀਆਂ ਅਤੇ ਮੁੱਖ ਮੰਤਰੀ ਪਦ ਦੇ ਦਾਅਵੇਦਾਰ ਦੀ ਹਾਮੀ ਭਰਨ ਵਾਲਿਆਂ ਅੰਦਰ ਮੁੜ ਧੜੇਬੰਦੀ ਦਾ ਮੁੱਢ ਬੱਝਣ ਲੱਗਾ। ਮਹਾਰਾਜਾ ਦਲੀਪ ਸਿੰਘ ਦੇ ਦੋ ਮਤਰੇਏ ਭਰਾ ਸਨ, ਪਸ਼ੌਰਾ ਸਿੰਘ ਅਤੇ ਕਸ਼ਮੀਰਾ ਸਿੰਘ। ਦੋਵੇਂ ਹੀ ਉਸ ਨਾਲੋਂ ਵੱਡੇ ਸਨ ਅਤੇ ਉਹ ਗੱਦੀ ਲਈ ਆਪਣੇ ਦਾਅਵੇ ਦੇ ਲਈ ਜ਼ੋਰ ਪਾਉਣ ਲਈ ਚਿੰਤਤ ਸਨ। ਦੋਹਾਂ ਪਾਸ ਆਪਣੀ ਨਿੱਜੀ ਫ਼ੌਜ ਸੀ। ਮੁੱਖਮੰਤਰੀ ਪਦ ਲਈ ਹੀਰਾ ਸਿੰਘ ਡੋਗਰਾ ਦਾ ਨਾਂ ਲਿਆ ਗਿਆ ਸੀ ਅਤੇ ਇਸ ਦੇ ਬਾਰੇ ਕਿਸੇ ਨੇ ਕਿੰਤੂ ਵੀ ਨਹੀਂ ਸੀ ਕੀਤਾ। ਮਹਾਰਾਜਾ ਸਾਹਿਬ ਦੀ ਉਮਰ ਕੇਵਲ ਸੱਤ ਸਾਲ ਦੀ ਹੋਣ ਕਰਕੇ, ਉਸ ਦੇ ਮਾਤਾ ਜੀ, ਜਿੰਦਾਂ, ਜਿਹੜੀ ਮੁਟਿਆਰ ਅਤੇ ਸਾਊ ਸੀ, ਰਾਜਮਾਤਾ ਬਣ ਗਈ। ਉਸ ਆਪਣੇ ਭਰਾ ਜਵਾਹਰ ਸਿੰਘ ਨੂੰ ਪਰੀਸ਼ਦ ਵਿਚ ਨਿਗਰਾਨ ਅਤੇ ਸਲਾਹਕਾਰ ਵਜੋਂ ਲੈ

ਆਂਦਾ। ਇਨ੍ਹਾਂ ਦੋਹਾਂ ਤੋਂ ਇਲਾਵਾ, ਸੁਚੇਤ ਸਿੰਘ ਡੋਗਰਾ ਵੀ ਇਹ ਮਹਿਸੂਸ ਕਰਦਾ ਸੀ ਕਿ ਉਸ ਦੇ ਭਤੀਜੇ, ਹੀਰਾ ਸਿੰਘ ਨਾਲੋਂ ਗੱਦੀ ਲਈ ਉਸ ਦਾ ਹੱਕ ਵਧੇਰੇ ਹੈ। ਗੁਲਾਬ ਸਿੰਘ ਡੋਗਰਾ ਸੁਚੇਤ ਸਿੰਘ ਦੀ ਹਮਾਇਤ ਕਰਦਾ ਸੀ।

ਬ੍ਰਾਹਮਣ ਪੁਰੋਹਿਤ ਜੱਲਾ ਦੀ ਹਾਜ਼ਰੀ ਵਿਚ ਡੋਗਰਿਆਂ ਦੇ ਆਪਸੀ ਸੰਬੰਧ ਹੋਰ ਤਣਾਓ-ਭਰਪੂਰ ਹੋ ਗਏ। ਹੀਰਾ ਸਿੰਘ ਡੋਗਰਾ ਦੇ ਬਚਪਨ ਤੋਂ ਹੀ ਜੱਲਾ ਉਸ ਦਾ ਅਧਿਆਪਕ ਸਾਥੀ ਰਿਹਾ ਸੀ। ਜੱਲਾ ਦਾ ਸੁਭਾਅ ਅੜੀਅਲ ਸੀ ਅਤੇ ਹਰ ਵੇਲੇ ਝਗੜਾ ਰੱਖਣ ਦੀ ਉਸ ਦੀ ਆਦਤ ਸੀ। ਸਾਰੇ ਹੀ ਉਸ ਨੂੰ ਬੁਰਾ ਸਮਝਦੇ ਸਨ। ਗੁਲਾਬ ਸਿੰਘ ਡੋਗਰਾ ਅਤੇ ਸੁਚੇਤ ਸਿੰਘ ਉਸ 'ਤੋਂ ਵੱਧ ਘਿਰਣਾ ਕਰਦੇ ਸਨ।

ਸ਼ਾਹੀ ਮਹਿਲ ਦੀਆਂ ਸਾਜ਼ਸ਼ਾਂ ਕਾਰਨ ਦਰਬਾਰ ਅਤੇ ਪਰੀਸ਼ਦ ਦੀ ਸ਼ਕਤੀ ਘਟਦੀ ਗਈ। ਸਰਕਾਰੀ ਕੰਮ-ਕਾਜ ਵੱਲ ਘੱਟ ਧਿਆਨ ਦਿੱਤਾ ਜਾਂਦਾ। ਅੰਗਰੇਜ਼ਾਂ ਦਾ ਖ਼ਿਆਲ ਸੀ ਕਿ ਅਮਨ-ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਲਈ ਉਨ੍ਹਾਂ ਨੂੰ ਕਿਸੇ ਵੇਲੇ ਵੀ ਬੁਲਾਇਆ ਜਾ ਸਕਦਾ ਹੈ। ਉਨ੍ਹਾਂ ਆਪਣੀਆਂ ਫ਼ੌਜਾਂ ਸਤਿਲੁਜ ਤੇ ਜਮ੍ਹਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਫ਼ੌਜਾਂ ਦੀ ਹਲਚਲ ਨਾਲ ਪੰਜਾਬ ਦੀ ਹਾਲਤ ਹੋਰ ਵਿਗੜ ਗਈ। ਆਪਣੀਆਂ ਜਗੀਰਾਂ ਪੱਕੀਆਂ ਕਰਵਾਉਣ ਲਈ ਕਈ ਸਰਦਾਰਾਂ ਨੇ ਅੰਗਰੇਜ਼ਾਂ ਨਾਂਲ ਗੱਲ-ਬਾਤ ਚਾਲੂ ਕਰ ਲਈ। ਬਾਹਰੀ ਹਮਲੇ ਦੇ ਖ਼ਤਰੇ ਅਤੇ ਅੰਦਰੂਨੀ ਫੁੱਟ ਦੇ ਕਾਰਨ ਰਾਜ ਅੰਦਰ ਫ਼ੌਜ ਵਧੇਰੇ ਸੱਤਾ ਵਾਲੀ ਹੋ ਗਈ। ਖਾਲਸੇ ਦੇ ਅਜਿੱਤ ਹੋਣ ਦੀ ਗਾਥਾ ਨੂੰ ਮੁੜ ਸੁਰਜੀਤ ਕੀਤਾ ਗਿਆ। ਇਸ ਸਮੇਂ ਜਿਹੜਾ ਵਿਅਕਤੀ ਮੂਹਰਲੀ ਕਤਾਰ ਵਿਚ ਆਇਆ ਉਸ ਦਾ ਨਾਂ ਭਾਈ ਬੀਰ ਸਿੰਘ ਸੀ। ਇਹ ਸੇਵਾ-ਮੁਕਤ ਹੋਇਆ ਫ਼ੌਜੀ ਸੀ ਜਿਸ ਨੇ ਸੰਨਿਆਸ ਧਾਰ ਲਿਆ ਸੀ ਅਤੇ ਸਤਲੁਜ ਦੇ ਕੰਢੇ ਨੌਰੰਗਾਬਾਦ ਦੇ ਪਿੰਡ ਵਿਚ ਇਕ ਗੁਰਦੁਆਰਾ ਕਾਇਮ ਕਰ ਲਿਆ ਸੀ। ਜਦੋਂ ਕੋਈ ਰਾਸ਼ਟਰ-ਸੰਕਟ ਆਣ ਘਿਰਦਾ ਤਾਂ ਸਿੱਖ ਫ਼ੌਜੀ ਅਤੇ ਕਿਸਾਨ ਉਸ ਪਾਸੋਂ ਅਗਵਾਈ ਪ੍ਰਾਪਤ ਕਰਨ ਲਈ ਪਹੁੰਚ ਜਾਂਦੇ। ਭਾਈ ਜੀ ਪਾਸ 1,200 ਬੰਦੂਕ-ਧਾਰੀ ਜਵਾਨ ਅਤੇ 3,000 ਘੋੜਸਵਾਰ ਸਨ। ਉਸ ਦੇ ਲੰਗਰ ਵਿਚ 1,500 ਯਾਤਰੂ ਹਰ ਰੋਜ਼ ਪ੍ਰਸਾਦ-ਪਾਣੀ ਛਕਦੇ ਸਨ।

ਹੀਰਾ ਸਿੰਘ ਡੋਗਰਾ ਨੇ ਆਪਣੀਆਂ ਸਮੱਸਿਆਵਾਂ ਦਾ ਸਾਹਮਣਾ ਬਹੁਤ ਦਲੇਰੀ ਨਾਲ ਕੀਤਾ। ਜਿਹੜੇ ਬਰਤਾਨਵੀ ਅਫ਼ਸਰ ਅੰਗਰੇਜ਼ਾਂ ਨਾਲ ਸਾਜ਼-ਬਾਜ਼ ਕਰ ਰਹੇ ਸਨ ਉਨ੍ਹਾਂ ਨੂੰ ਨੌਕਰੀ ਤੋਂ ਖ਼ਾਰਜ ਕਰ ਦਿੱਤਾ ਗਿਆ। ਸਤਲੁਜ ਦੇ ਪਾਰ ਹੋ ਰਹੀਆਂ ਫ਼ੌਜੀ ਤਿਆਰੀਆਂ ਦਾ ਵੇਰਵਾ ਪ੍ਰਾਪਤ ਕਰਨ ਲਈ ਉਸ ਨੇ ਜਾਸੂਸ ਭੇਜੇ। ਭਰੇ ਦਰਬਾਰ ਵਿਚ ਉਸ ਅੰਗਰੇਜ਼ ਵਕੀਲ ਪਾਸੋਂ ਪੁੱਛੀ ਕੀਤੀ ਕਿ ਉਸ ਦੀ ਸਰਕਾਰ ਫ਼ੀਰੋਜ਼ਪੁਰ ਦੀ ਕਿਲ੍ਹਾਬੰਦੀ ਕਿਉਂ ਕਰ ਰਹੀ ਹੈ? ਜਿਹੜਾ ਅਤਰ ਸਿੰਘ ਸੰਧਾਵਾਲੀਆ ਪਹਿਲੇ ਮਹਾਰਾਜਾ ਸਾਹਿਬ ਅਤੇ ਮੁੱਖ ਮੰਤਰੀ ਦੇ ਕਤਲ ਵਿਚ ਭਾਈਵਾਲ ਰਿਹਾ ਹੈ ਉਸ ਨੂੰ ਪਨਾਹ ਕਿਉਂ ਦਿੱਤੀ ਜਾ ਰਹੀ ਹੈ? ਉਹ ਤਾਂ ਇਸ ਵਰਤਮਾਨ ਸਰਕਾਰ ਪ੍ਰਤੀ ਵਿਰੋਧੀ ਭਾਵ ਰੱਖਦਾ ਹੈ। ਵਕੀਲ ਨੇ ਅੰਗਰੇਜ਼ਾਂ ਦੀ ਸਦਭਾਵਨਾ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਉਹ ਦਰਬਾਰ ਦੇ ਤੌਖਲੇ ਸੰਬੰਧੀ ਆਪਣੀ ਸਰਕਾਰ ਨੂੰ ਜਾਣੂ ਕਰਵਾਏਗਾ। ਇਸ ਸਫ਼ਾਈ ਨਾਲ ਹੀਰਾ ਸਿੰਘ ਸੰਤੁਸ਼ਟ ਨਹੀਂ ਹੋਇਆ, ਉਸ ਕਸੂਰ ਦੁਆਲੇ ਘੇਰਾ ਪਾਉਣ ਦੇ ਆਦੇਸ਼ ਦੇ ਦਿੱਤੇ ਅਤੇ ਫਿਲੌਰ ਦੀ ਰਾਖੀ ਹੋਰ ਸ਼ਕਤੀਸ਼ਾਲੀ ਕਰ ਦਿੱਤੀ ਗਈ।

ਦੋਹਾਂ ਪਾਸਿਆਂ 'ਤੇ ਫ਼ੌਜੀ ਹਲਚਲ ਕਾਰਨ ਲੋਕਾਂ ਅੰਦਰ ਸਹਿਮ ਪੈਦਾ ਹੋ ਗਿਆ। ਅਮੀਰ ਲੋਕ ਆਪਣਾ ਪੈਸਾ ਅਤੇ ਗਹਿਣੇ ਆਦਿ ਅੰਗਰੇਜ਼ਾਂ ਅਧੀਨ ਭਾਰਤੀ ਇਲਾਕੇ ਵਿਚ

ਭੇਜਣ ਲੱਗ ਪਏ। ਬਹੁਤ ਸਾਰੇ ਅਹਿਲਕਾਰਾਂ ਅਤੇ ਸਰਦਾਰਾਂ ਦੇ ਪਰਿਵਾਰ, ਯਾਤਰਾ ਦਾ ਬਹਾਨਾ ਕਰਕੇ, ਘਰ-ਘਾਟ ਨੂੰ ਤਿਲਾਂਜਲੀ ਦੇ ਕੇ ਪੰਜਾਬ ਛੱਡ ਆਏ।

ਰਾਜ ਅੰਦਰ ਫੈਲੀ ਹੋਈ ਇਸ ਗੜਬੜੀ ਦਾ ਲਾਭ ਉਠਾਉਂਦਿਆਂ ਸ਼ਹਿਜ਼ਾਦਾ ਪਸ਼ੌਰਾ ਸਿੰਘ ਅਤੇ ਕਸ਼ਮੀਰਾ ਸਿੰਘ ਨੇ ਗੱਦੀ ਦਾ ਵਾਰਸ ਹੋਣ ਲਈ ਦਾਅਵਾ ਕੀਤਾ। ਹੀਰਾ ਸਿੰਘ ਨੇ ਆਪਣੇ ਚਾਚਾ ਗੁਲਾਬ ਸਿੰਘ ਨੂੰ ਕਿਹਾ ਕਿ ਸਿਆਲਕੋਟ ਵਿਖੇ ਆਕੀ ਹੋਏ ਸਹਿਜ਼ਾਦਿਆਂ ਵਿਰੁੱਧ ਚੜ੍ਹਾਈ ਕਰ ਦਿੱਤੀ ਜਾਵੇ। ਗੁਲਾਬ ਸਿੰਘ ਨੇ ਫੁਰਤੀ ਨਾਲ ਇਹ ਮੁਹਿੰਮ ਚਾਲੂ ਕੀਤੀ (ਸਿਆਲਕੋਟ ਦਾ ਇਲਾਕਾ ਉਸ ਦੀ ਸੀਮਾ ਨਾਲ ਲਗਦਾ ਸੀ ਅਤੇ ਉਹ ਇਸ ਨੂੰ ਆਪਣੇ ਰਾਜ ਨਾਲ ਮਿਲਾ ਸਕਦਾ ਸੀ।)

ਸ਼ਹਿਜ਼ਾਦਿਆਂ ਵੱਲੋਂ ਡਟ ਕੇ ਮੁਕਾਬਲਾ ਕੀਤਾ ਗਿਆ। ਜਦੋਂ ਉਹ ਸਿਆਲਕੋਟ ਤੋਂ ਕੱਢੇ ਗਏ ਤਾਂ ਉਨ੍ਹਾਂ ਮਾਝੇ ਦਾ ਦੌਰਾ ਕੀਤਾ ਅਤੇ ਉਹ ਨੌਰੰਗਾਬਾਦ ਵਿਖੇ ਭਾਈ ਬੀਰ ਸਿੰਘ ਨਾਲ ਆ ਮਿਲੇ। ਉਨ੍ਹਾਂ ਫ਼ੌਜ ਵਿਚ ਡੋਗਰਿਆਂ ਵਿਰੁੱਧ ਜਜ਼ਬਾਤ ਭੜਕਾਏ ਅਤੇ ਲੋਕਾਂ ਨੂੰ ਇਸ ਗੱਲ ਲਈ ਉਕਸਾਇਆ ਕਿ ਹੀਰਾ ਸਿੰਘ ਡੋਗਰਾ ਹੀ ਗੱਦੀ ਦਾ ਅਸਲੀ ਮਾਲਕ ਬਣ ਬੈਠਾ ਹੈ। ਪੰਚਾਂ ਨੇ ਮੁੱਖ ਮੰਤਰੀ ਨੂੰ ਬੁਲਾਇਆ ਅਤੇ ਮੰਗ ਕੀਤੀ ਕਿ ਦਲੀਪ ਸਿੰਘ ਨੂੰ ਰਸਮੀ ਤੌਰ ਤੇ ਮਹਾਰਾਜਾ ਥਾਪਿਆ ਜਾਵੇ। ਪਸ਼ੌਰਾ ਸਿੰਘ ਅਤੇ ਕਸ਼ਮੀਰਾ ਸਿੰਘ ਦੀਆਂ ਜਗੀਰਾਂ ਬਹਾਲ ਕੀਤੀਆਂ ਜਾਣ। ਡੋਗਰਿਆਂ ਦੀਆਂ ਜਿਹੜੀਆਂ ਟੁਕੜੀਆਂ ਲਾਹੌਰ ਬੁਲਾਈਆਂ ਗਈਆਂ ਹਨ, ਉਨ੍ਹਾਂ ਨੂੰ ਪਹਾੜਾਂ ਤੇ ਵਾਪਸ ਭੇਜ ਦਿੱਤਾ ਜਾਵੇ। ਹੀਰਾ ਸਿੰਘ ਡੋਗਰਾ ਨੇ ਇਹ ਸ਼ਰਤਾਂ ਸਵੀਕਾਰ ਕਰ ਲਈਆਂ। ਦਲੀਪ ਸਿੰਘ ਨੂੰ ਗੱਦੀ ਸੌਂਪ ਦਿੱਤੀ ਗਈ ਅਤੇ ਉਸ ਦੇ ਚਾਚੇ ਨੂੰ ਕੈਦ ਤੋਂ ਰਿਹਾ ਕਰ ਦਿੱਤਾ ਗਿਆ। ਕਸ਼ਮੀਰਾ ਸਿੰਘ, ਜਿਸ ਸਿਆਲਕੋਟ ਮੁੜ ਲੈ ਲਿਆ ਸੀ ਅਤੇ ਪਿਸ਼ੌਰਾ ਸਿੰਘ ਨੂੰ ਲਾਹੌਰ ਵਿਖੇ ਜੀ-ਆਇਆਂ ਕਿਹਾ ਗਿਆ ਅਤੇ ਉਨ੍ਹਾਂ ਦੀਆਂ ਪੈਨਸ਼ਨਾਂ ਵੀ ਮਨਜ਼ੂਰ ਹੋ ਗਈਆਂ।

ਹੀਰਾ ਸਿੰਘ ਦੀ ਸਰਦਾਰੀ ਨੂੰ ਚੁਣੌਤੀ ਦੇਣ ਵਾਲਾ ਅੱਗੋਂ ਉਸ ਦਾ ਚਾਚਾ ਸੁਚੇਤ ਸਿੰਘ ਡੋਗਰਾ ਸੀ, ਜਿਹੜਾ ਰਾਣੀ ਜਿੰਦਾਂ ਦੀਆਂ ਨਜ਼ਰਾਂ ਵਿਚ ਚੜ੍ਹਿਆ ਹੋਇਆ ਸੀ। ਸੁਚੇਤ ਸਿੰਘ ਲਾਹੌਰ ਪੁੱਜਾ ਅਤੇ ਉਸ ਮੰਗ ਕੀਤੀ ਕਿ ਹੀਰਾ ਸਿੰਘ ਅਤੇ ਪੰਡਿਤ ਜੱਲਾ ਨੂੰ ਬਰਤਰਫ਼ ਕੀਤਾ ਜਾਵੇ। ਫ਼ੌਜੀ ਪੰਚਾਇਤ ਨੇ ਮੁੱਖ ਮੰਤਰੀ ਦੀ ਵਫ਼ਾਦਾਰੀ ਦਾ ਦਮ ਭਰਿਆ। ਸੁਚੇਤ ਸਿੰਘ ਲਾਹੌਰ ਤੋਂ ਨੱਸ ਗਿਆ। ਇਕ ਫ਼ੌਜੀ ਟੁਕੜੀ ਨੇ ਉਸ ਦਾ ਪਿੱਛਾ ਕੀਤਾ ਅਤੇ ਰਾਹ ਵਿਚ ਹੀ ਉਸ ਨੂੰ ਅਤੇ ਉਸ ਦੇ ਸਾਥੀ ਨੂੰ ਕਤਲ ਕਰ ਦਿੱਤਾ ਗਿਆ।

ਅਮਨ-ਸ਼ਾਂਤੀ ਨਾਲ ਹਕੂਮਤ ਕਰ ਸਕਣਾ ਹੀਰਾ ਸਿੰਘ ਦੇ ਭਾਗਾਂ ਵਿਚ ਵੀ ਨਹੀਂ ਸੀ। ਉਸ ਅਜੇ ਆਪਣੇ ਚਾਚੇ ਦਾ ਫਸਤਾ ਹੀ ਮੁਕਾਇਆ ਸੀ ਕਿ ਉਸ ਦੇ ਵਿਰੁੱਧ ਇਕ ਨਵਾਂ ਖ਼ਤਰਾ ਪੈਦਾ ਹੋ ਗਿਆ। ਅਤਰ ਸਿੰਘ ਸੰਧਾਂਵਾਲੀਆ, ਜਿਸਦੀਆਂ ਬਰਤਾਨਵੀ ਇਲਾਕੇ ਦੀਆਂ ਸਰਗਰਮੀਆਂ ਵਿਰੋਧ ਦਾ ਵਿਸ਼ਾ ਬਣ ਚੁੱਕੀਆਂ ਸਨ, ਸਤਲੁਜ ਪਾਰ ਕਰਕੇ ਦਰਬਾਰ ਦੇ ਇਲਾਕੇ ਵਿਚ ਆ ਗਿਆ ਅਤੇ ਨੌਰੰਗਾਬਾਦ ਵਿਖੇ ਭਾਈ ਬੀਰ ਸਿੰਘ ਨਾਲ ਆ ਮਿਲਿਆ। ਸਹਿਜ਼ਾਦੇ ਕਸ਼ਮੀਰਾ ਸਿੰਘ ਅਤੇ ਪਸ਼ੌਰਾ ਸਿੰਘ ਨੇ ਵੀ ਆਪਣੀਆਂ ਜਗੀਰਾਂ ਦਾ ਤਿਆਗ ਕਰਕੇ ਨੌਰੰਗਾਬਾਦ ਦਾ ਰੁਖ਼ ਕੀਤਾ। ਪੰਜਾਬ ਵਿਚ ਡੋਗਰਿਆਂ ਦੇ ਦਬਦਬੇ ਵਿਰੁੱਧ ਸਿਖ ਬਗ਼ਾਵਤ ਦਾ ਕੇਂਦਰ ਭਾਈ ਬੀਰ ਸਿੰਘ ਦਾ ਡੇਰਾ ਬਣ ਗਿਆ।

ਅਤਰ ਸਿੰਘ ਇਕ ਸ਼ਕਤੀਸ਼ਾਲੀ ਸ਼ੱਤਰੂ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਰਿਸ਼ਤੇ ਵਿਚੋਂ ਸੀ ਅਤੇ ਉਸ ਵਿਲੱਖਣਤਾ ਨਾਲ ਸੇਵਾ ਕੀਤੀ ਸੀ। ਉਹ ਸੂਰਮਾ ਜਰਨੈਲ ਕਰਕੇ ਮੰਨਿਆ ਜਾਂਦਾ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅੰਤਲੇ ਸਮੇਂ ਵਿਚ ਉਹ ਸਿੱਖ

ਸਰਦਾਰਾਂ ਵਿਚ ਸਿਰਕੱਢ ਨਿਕਲਿਆ ਸੀ। ਅੰਗਰੇਜ਼ ਉਸ ਦੀ ਹਮਾਇਤ ਕਰਦੇ ਸਨ ਅਤੇ ਸੱਚਖੰਡ ਵਾਸੀ ਮਹਾਰਾਜਾ ਸਾਹਿਬ ਦੇ ਸਪੁੱਤਰ ਵੀ ਉਸ ਦੇ ਦਾਅਵੇ ਨੂੰ ਸਵੀਕਾਰ ਕਰਨ ਲਈ ਰਾਜੀ ਸਨ।

ਹੀਰਾ ਸਿੰਘ ਡੋਗਰਾ ਨੇ ਸਿਪਾਹੀਆਂ ਅੱਗੇ ਜ਼ੋਰਦਾਰ ਭਾਸ਼ਣ ਦਿੱਤਾ। ਉਨ੍ਹਾਂ ਨੂੰ ਯਾਦ ਕਰਵਾਇਆ ਕਿ ਮਹਾਰਾਜਾ ਸ਼ੇਰ ਸਿੰਘ ਨੂੰ, ਸ਼ਹਿਜ਼ਾਦਾ ਪ੍ਰਤਾਪ ਸਿੰਘ ਅਤੇ ਉਸ (ਹੀਰਾ ਸਿੰਘ) ਦੇ ਪਿਤਾ ਧਿਆਨ ਸਿੰਘ ਡੋਗਰਾ ਦੇ ਕਤਲ ਲਈ ਸੰਧਾਵਾਲੀਆ ਜ਼ਿੰਮੇਵਾਰ ਹੈ। ਇਹ ਸੰਧਾਵਾਲੀਆ ਅੰਗਰੇਜ਼ਾਂ ਨਾਲ ਪਿਛਲੇ ਛੇ ਮਹੀਨਿਆਂ ਤੋਂ ਹੈ ਅਤੇ ਉਸ ਅੰਗਰੇਜ਼ਾਂ ਨੂੰ ਵਚਨ ਦਿੱਤਾ ਸੀ ਕਿ ਜੇਕਰ ਉਸ ਦੀ ਚਾਲ ਸਫਲ ਰਹੀ ਤਾਂ ਉਹ ਇਕੱਤਰ ਕੀਤੇ ਹੋਏ ਮਾਲੀਏ ਦੇ ਹਰ ਰੁਪਏ ਪਿੱਛੇ ਉਨ੍ਹਾਂ ਨੂੰ ਛੇ ਆਨੇ ਦੇਵੇਗਾ। ਇਹ ਵੀ ਦੱਸਿਆ ਕਿ ਸੁਚੇਤ ਸਿੰਘ ਡੋਗਰਾ ਦੀ ਵਿਧਵਾ ਨੇ ਬਗਾਵਤ ਲਈ ਉਹ ਮਾਇਆ ਦਿੱਤੀ ਜਿਹੜੀ ਉਸ ਦੇ ਪਤੀ ਨੇ ਬਰਤਾਨਵੀ ਭਾਰਤ-ਵਿਚ ਜਮ੍ਹਾਂ ਕੀਤੀ ਹੋਈ ਸੀ। ਇਹ ਗੱਲ ਵੀ ਦੱਸੀ ਗਈ ਕਿ ਭਾਈ ਬੀਰ ਸਿੰਘ ਅਤੇ ਸ਼ਹਿਜ਼ਾਦੇ ਨਾ ਚਾਹੁੰਦੇ ਹੋਏ ਵੀ ਬਾਗੀਆਂ ਦਾ ਹੱਥਠੋਕਾ ਬਣ ਗਏ ਹਨ। ਫੌਜੀ ਪੰਚਾਂ ਨੇ ਹੀਰਾ ਸਿੰਘ ਡੋਗਰਾ ਦੀ ਹਮਾਇਤ ਕਰਨੀ ਸਵੀਕਾਰ ਕਰ ਲਈ ਅਤੇ ਦਰਬਾਰ ਦੀਆਂ ਫੌਜਾਂ ਨੇ ਨੌਰੰਗਾਬਾਦ ਵੱਲ ਕੂਚ ਕਰ ਦਿੱਤਾ।

ਭਾਈ ਬੀਰ ਸਿੰਘ ਨੇ ਸਮਝੌਤਾ ਕਰਵਾਉਣ ਦਾ ਯਤਨ ਕੀਤਾ। ਅਜੇ ਗੱਲ-ਬਾਤ ਚੱਲ ਹੀ ਰਹੀ ਸੀ ਕਿ ਸੰਧਾਵਾਲੀਆ ਸਬਰ ਗੁਆ ਬੈਠਾ ਅਤੇ ਉਸ ਦਰਬਾਰ ਦੇ ਇਕ ਏਲਚੀ ਦਾ ਕਤਲ ਕਰ ਦਿੱਤਾ। ਦਰਬਾਰ ਦੇ ਤੋਪਖਾਨੇ ਨੇ ਭਾਈ ਬੀਰ ਸਿੰਘ ਦਾ ਡੇਰਾ ਉਡਾ ਦਿੱਤਾ। ਕਈ ਸੈਂਕੜੇ ਜਵਾਨ ਮਾਰੇ ਗਏ ਅਤੇ ਜਿਨ੍ਹਾਂ ਵਿਚ ਅਤਰ ਸਿੰਘ, ਸ਼ਹਿਜ਼ਾਦਾ ਕਸ਼ਮੀਰਾ ਸਿੰਘ ਅਤੇ ਭਾਈ ਬੀਰ ਸਿੰਘ ਵੀ ਸ਼ਾਮਲ ਸਨ।

ਫ਼ੌਜ ਦੀ ਭਾਵੇਂ ਜਿੱਤ ਹੋਈ। ਪਰ ਉਨ੍ਹਾਂ ਅੰਦਰ ਨਮੋਸ਼ੀ ਦੇ ਭਾਵ ਸਨ ਕਿ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦੇ ਖ਼ੂਨ ਨਾਲ ਹੱਥ ਰੰਗੇ ਕੀਤੇ ਸਨ। ਭਾਈ ਬੀਰ ਸਿੰਘ ਜਿਹੀ ਸ਼ਖ਼ਸੀਅਤ ਦੀ ਹੱਤਿਆ ਕੀਤੀ ਸੀ, ਜਿਸ ਨੂੰ ਉਹ ਗੁਰੂ ਮੰਨਦੇ ਸਨ। ਇਹ ਠੀਕ ਹੈ ਕਿ ਰਾਜਾ ਹੀਰਾ ਸਿੰਘ ਪਾਸੋਂ ਉਨ੍ਹਾਂ ਨੂੰ ਇਨਾਮ ਅਤੇ ਸਨਮਾਨ ਮਿਲਿਆ ਪਰ ਸਿਪਾਹੀ ਸੋਚਦੇ ਸਨ ਕਿ ਉਹ ਕਿਹੋ ਜਿਹੇ ਵਿਅਕਤੀ ਸਨ ਜਿਨ੍ਹਾਂ ਦੇ ਰੁਪਿਆਂ ਦੇ ਲਾਲਚ ਲਈ ਆਪਣੇ ਗੁਰੂ ਦੀ ਹੱਤਿਆ ਕੀਤੀ। ਉਨ੍ਹਾਂ ਆਪਣਾ ਗੁੱਸਾ ਡੋਗਰਿਆਂ ਵਿਰੁੱਧ ਕੱਢਿਆ। ਹੀਰਾ ਸਿੰਘ ਡੋਗਰਾ ਨੇ ਉਨ੍ਹਾਂ ਨੂੰ ਸ਼ਾਂਤ ਕੀਤਾ ਅਤੇ ਭਾਈ ਬੀਰ ਸਿੰਘ ਦੀ ਯਾਦ ਵਿਚ ਪੁੰਨ-ਦਾਨ ਕੀਤਾ। ਉਸ ਇਹ ਵੀ ਕਿਹਾ ਕਿ ਸ਼ਾਇਦ ਉਹ ਸਿੱਖੀ ਵੀ ਧਾਰਨ ਕਰ ਲਵੇ। ਪਰ ਜਿਸ ਗੱਲ ਨਾਲ ਹੀਰਾ ਸਿੰਘ ਡੋਗਰਾ ਬਚਿਆ ਉਹ ਉਸ ਅਫਵਾਹ ਦੀ ਸੱਜਰੀ ਲਹਿਰ ਸੀ ਕਿ ਅੰਗਰੇਜ਼ ਪੰਜਾਬ ਤੇ ਹਮਲਾ ਕਰਨ ਲਈ ਤਿਆਰ ਹਨ ਅਤੇ ਰਾਜ ਵਿਚ ਛੋਟੇ ਪੱਧਰ ਤੇ ਬਗਾਵਤ ਵੀ ਹੋ ਰਹੀ ਸੀ। ਦੱਖਣ ਵਿਚ ਫ਼ਤਹਿ ਖ਼ਾਨ ਟਿਵਾਣਾ ਬਾਗ਼ੀ ਹੋ ਗਿਆ ਸੀ। ਗੁਲਾਬ ਸਿੰਘ ਡੋਗਰਾ ਨੇ ਮਾਲੀਆ ਤਾਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਹ ਸਰਹੱਦੀ ਕਬਾਇਲੀਆਂ ਨੂੰ ਵੀ ਉਕਸਾ ਰਿਹਾ ਸੀ ਕਿ ਪਸ਼ੌਰ ਨੂੰ ਲੁੱਟ-ਪੁੱਟ ਲੈਣ।

ਜੁਲਾਈ 1844 ਵਿਚ ਲਾਰਡ ਹਾਰਡਿੰਗ ਨੇ ਲਾਰਡ ਐਲਨਬਰੋ ਦੀ ਥਾਂ ਗਵਰਨਰ ਜਨਰਲ ਦਾ ਪਦ ਸੰਭਾਲਿਆ। ਉਹ ਇਕ ਮਸ਼ਹੂਰ ਸਿਪਾਹੀ ਸੀ। ਇਸ ਨਿਯੁਕਤੀ ਨਾਲ ਦਰਬਾਰੀ ਹਲਕਿਆਂ ਵਿਚ ਸਹਿਮ ਪੈਦਾ ਹੋ ਗਿਆ। ਸਿੱਟੇ ਵਜੋਂ ਜਦੋਂ ਭਾਰਤ ਵਿਚ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਦੇ ਨਿਰੀਖਣ ਲਈ ਉਸ ਦਾ ਕਮਾਂਡਰ-ਇਨ-ਚੀਫ ਲੁਧਿਆਣੇ ਅਤੇ ਫਿਰੋਜ਼ਪੁਰ ਆਇਆ ਤਾਂ ਪੰਜਾਬ ਦੀ ਫ਼ੌਜ ਨੂੰ ਕਿਸੇ ਵੀ ਹਮਲੇ ਦੇ ਖ਼ਤਰੇ ਲਈ ਤਿਆਰ

ਰਹਿਣ ਲਈ ਹੁਕਮ ਦਿੱਤਾ ਗਿਆ। ਦਰਿਆ ਤੇ ਬਣੀਆਂ ਚੌਕੀਆਂ ਵਿਚ ਗਾਰਦ ਮਜ਼ਬੂਤ ਕਰ ਦਿੱਤੀ ਗਈ ਅਤੇ ਗੱਡੀਆਂ ਅਤੇ ਬੇੜੀਆਂ ਉਪਰ ਨਿਗਾਹ ਰੱਖੀ ਜਾਣ ਲੱਗੀ। ਇਹ ਤਨਾਓ ਕਈ ਸਪਤਾਹਾਂ ਤੀਕ ਬਣਿਆ ਰਿਹਾ।

ਹੀਰਾ ਸਿੰਘ ਡੋਗਰਾ ਦੇ ਸੰਖੇਪ ਜੀਵਨ ਦੇ ਅੰਤਮ ਸੰਕਟ ਨੂੰ ਜੱਲਾ ਨੇ ਹੋਰ ਵਿਗਾੜਿਆ। ਇਹ ਬ੍ਰਾਹਮਣ ਪੁਰੋਹਿਤ ਆਪ ਵਧੇਰੇ ਪਾਰਸਾ ਨਹੀਂ ਸੀ ਅਤੇ ਇਸ ਨੇ ਰਾਣੀ ਜਿੰਦਾਂ ਦੇ ਆਚਰਣ ਸੰਬੰਧੀ ਚਿੱਕੜ ਉਛਾਲਿਆ। ਰਾਣੀ ਅਤੇ ਉਸ ਦੇ ਭਰਾ ਜਵਾਹਰ ਸਿੰਘ ਨੇ ਫ਼ੌਜੀ ਪੰਚਾਂ ਪਾਸ ਅਪੀਲ ਕੀਤੀ। ਉਨ੍ਹਾਂ ਰਾਣੀ ਜਿੰਦਾਂ ਅਤੇ ਉਸ ਦੇ ਪੁੱਤਰ ਦਾ ਸਾਥ ਦੇਣ ਲਈ ਹਾਮੀ ਭਰੀ ਅਤੇ ਸਹੁੰ ਖਾਧੀ ਕਿ ਉਹ ਹੀਰਾ ਸਿੰਘ ਡੋਗਰਾ ਅਤੇ ਜੱਲਾ ਨੂੰ ਪੰਜਾਬ ਤੋਂ ਬਾਹਰ ਕੱਢ ਦੇਣਗੇ।

ਹੀਰਾ ਸਿੰਘ ਡੋਗਰਾ ਨੇ ਸਹਾਇਤਾ ਲਈ ਆਪਣੇ ਚਾਚੇ ਉਪਰ ਆਸ ਰੱਖੀ। ਜੰਮੂ ਤੋਂ ਗੁਲਾਬ ਸਿੰਘ 7,000 ਡੋਗਰਾ ਫ਼ੌਜ ਲੈ ਕੇ ਆ ਗਿਆ। ਪਹਾੜੀ ਫ਼ੌਜ ਦੇ ਆਉਣ ਦੀ ਖ਼ਬਰ ਨਾਲ ਖ਼ਾਲਸਾ ਸਿਪਾਹੀਆਂ ਅੰਦਰ ਅੱਗ ਲੱਗ ਗਈ ਅਤੇ ਉਨ੍ਹਾਂ ਮੁੱਖ ਮੰਤਰੀ ਅਤੇ ਉਸ ਦੇ ਪੁਰੋਹਿਤ ਨੂੰ ਕੈਦ ਕਰਨ ਦਾ ਫ਼ੈਸਲਾ ਕੀਤਾ। ਹੀਰਾ ਸਿੰਘ ਅਤੇ ਜੱਲਾ ਡੋਗਰਾ ਸਿਪਾਹੀਆਂ ਦੀ ਰਾਖੀ ਹੇਠ ਰਾਜਧਾਨੀ ਛੱਡ ਕੇ ਦੌੜ ਗਏ।

ਖ਼ਾਲਸਾ ਫ਼ੌਜ ਨੇ ਡੋਗਰੇ ਅਤੇ ਉਸ ਦੇ ਪੁਰੋਹਿਤ-ਗੁਰੂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਫੜਨ ਵਿਚ ਸਫਲ ਹੋ ਗਈ। ਨੱਸਦੇ-ਨੱਸਦੇ ਲੜਾਈ ਵੀ ਜਾਰੀ ਰਹੀ ਜਿਸ ਵਿਚ 1,000 ਤੋਂ ਵੱਧ ਡੋਗਰੇ ਮਾਰੇ ਗਏ। ਹੀਰਾ ਸਿੰਘ ਅਤੇ ਜੱਲਾ ਨੂੰ ਕਤਲ ਕਰਕੇ ਉਨ੍ਹਾਂ ਦੇ ਸਿਰਾਂ ਨੂੰ ਨੇਜ਼ਿਆਂ ਉਪਰ ਟੰਗ ਕੇ ਲਾਹੌਰ ਦੇ ਬਜ਼ਾਰਾਂ ਵਿਚ ਜਲੂਸ ਕੱਢਿਆ ਗਿਆ।

ਹੀਰਾ ਸਿੰਘ ਡੋਗਰਾ ਅਸਾਧਾਰਨ ਖ਼ੂਬੀਆਂ ਅਤੇ ਹੌਸਲੇ ਦਾ ਮਾਲਕ ਸੀ। ਜੇਕਰ ਹਾਲਾਤ ਹੋਰ ਪ੍ਰਕਾਰ ਦੇ ਹੁੰਦੇ ਤਾਂ ਉਹ ਪੰਜਾਬ ਦਾ ਪਹਿਲਾ ਡੋਗਰਾ-ਸਿੱਖ ਮਹਾਰਾਜਾ ਬਣ ਸਕਦਾ ਸੀ। ਪਰ ਜੱਲਾ ਦੇ ਝੱਲਪੁਣੇ ਨੇ ਉਸ ਨੂੰ ਗਿਰਾਵਟ ਵੱਲ ਲੈ ਆਂਦਾ। ਜੱਲਾ ਦੀ ਯਾਦ ਵਿਚ ਘਟੀਆ ਪ੍ਰਕਾਰ ਦੀ ਤੁਕਬੰਦੀ ਇਸ ਪ੍ਰਕਾਰ ਹੈ :

ਉਪਰ ਜੱਲਾ ਥੱਲੇ ਜੱਲਾ
ਜੱਲੇ ਦੇ ਸਿਰ ਤੇ ਖੱਲਾ।

ਮਹਾਰਾਣੀ ਜਿੰਦਾਂ ਅਤੇ ਦਲੀਪ ਸਿੰਘ

ਹੀਰਾ ਸਿੰਘ ਡੋਗਰਾ ਅਤੇ ਜੱਲਾ ਦੇ ਕਤਲ ਹੋ ਜਾਣ ਉਪਰੰਤ ਦਰਬਾਰ ਦਾ ਕਾਰਜ ਸੰਭਾਲਣ ਵਾਲਾ ਕੁਝ ਚਿਰ ਲਈ ਕੋਈ ਵੀ ਨਾ ਰਿਹਾ। ਹੌਲੀ-ਹੌਲੀ ਮਹਾਰਾਣੀ ਜਿੰਦਾਂ ਨੇ ਰਾਜ-ਭਾਗ ਦੀ ਵਾਗਡੋਰ ਆਪਣੇ ਹੱਥ ਸਾਂਭੀ। ਉਸ ਦੇ ਭਰਾ ਜਵਾਹਰ ਸਿੰਘ ਨੇ ਉਸ ਦਾ ਹੱਥ ਵਟਾਇਆ, ਜਿਸ ਨੂੰ ਵਜ਼ੀਰ ਦਾ ਖ਼ਿਤਾਬ ਦਿੱਤਾ ਗਿਆ ਸੀ। ਰਾਜਾ ਲਾਲ ਸਿੰਘ ਅਤੇ ਰਾਣੀ ਦੀ ਗੋਲੀ, ਮੰਗਲਾ ਨੇ ਮਹਾਰਾਣੀ ਦੀ ਵਿਚੋਲਗਿਰੀ ਕੀਤੀ। ਕਿਉਂਕਿ ਉਹ ਪਰਦੇ ਵਿਚ ਰਹਿੰਦੀ ਸੀ। ਜਿੰਦਾਂ ਨੇ ਪਹਿਲਾ ਕੰਮ ਇਹ ਕੀਤਾ ਕਿ ਉਸ ਫ਼ੌਜ ਦੇ ਦਿਲਾਂ ਨੂੰ ਜਿੱਤਿਆ। ਇਸ ਕਾਰਜ ਲਈ ਉਸ ਨੂੰ ਕੰਵਰ ਪਸ਼ੌਰਾ ਸਿੰਘ ਦਾ ਟਾਕਰਾ ਕਰਨਾ ਪਿਆ। ਜਿੰਦਾਂ ਨੇ ਪਸ਼ੌਰਾ ਸਿੰਘ ਨੂੰ ਉੱਕਾ ਹੀ ਨੀਵਾਂ ਵਿਖਾਇਆ ਅਤੇ ਕੁਝ ਸਮੇਂ ਲਈ ਆਪਣੇ ਪੁੱਤਰ, ਮਹਾਰਾਜਾ ਦਲੀਪ ਸਿੰਘ ਲਈ ਫ਼ੌਜੀ ਸਹਾਰਾ ਯਕੀਨੀ ਬਣਾਇਆ।

ਲਾਹੌਰ ਦੀ ਵਿਤਕਰੇ ਭਰੀ ਹਾਲਤ ਦਾ ਗੁਲਾਬ ਸਿੰਘ ਡੋਗਰਾ ਨੇ ਲਾਹਾ ਲਿਆ ਅਤੇ ਆਪਣੇ-ਆਪ ਨੂੰ ਜੰਮੂ ਦਾ ਆਜ਼ਾਦ ਹਾਕਮ ਹੋਣ ਦਾ ਐਲਾਨ ਕਰ ਦਿੱਤਾ। ਉਸ ਬਾਰਕਜ਼ਈ

ਅਫ਼ਗਾਨਾਂ ਅਤੇ ਅੰਗਰੇਜ਼ਾਂ ਨਾਲ ਵਿਚਾਰ-ਵਟਾਂਦਰਾ ਕੀਤਾ । ਉਸ ਆਪਣੇ ਕਿਲ੍ਹੇ ਮਜ਼ਬੂਤ ਕਰਨੇ ਆਰੰਭ ਕਰ ਦਿੱਤੇ ਅਤੇ ਪਹਾੜੀਆਂ ਨੂੰ ਸਿੱਖਾਂ ਵਿਰੁੱਧ ਭੜਕਾਇਆ ।

ਫ਼ਰਵਰੀ 1845 ਵਿਚ ਵਿਚ ਜਿਹੜੀਆਂ ਫ਼ੌਜਾਂ ਸਤਲੁਜ ਦਰਿਆ ਕੰਢੇ ਅੰਗਰੇਜ਼ਾਂ ਦੇ ਸੰਭਾਵੀ ਹਮਲੇ ਵਿਰੁੱਧ ਤਾਇਨਾਤ ਕੀਤੀਆਂ ਹੋਈਆਂ ਸਨ, ਉਹ ਜੰਮੂ ਵੱਲ ਭੇਜੀਆਂ ਗਈਆਂ । ਗੁਲਾਬ ਸਿੰਘ ਡੋਗਰਾ ਨੇ ਈਨ ਮੰਨ ਲਈ । ਉਸ ਖ਼ਿਰਾਜ ਵਜੋਂ ਚਾਰ ਲੱਖ ਰੁਪਏ ਦਿੱਤੇ, ਖ਼ਾਲਸਾ ਫ਼ੌਜ ਨੂੰ ਦਾਅਵਤ ਖੁਆਈ ਅਤੇ ਤੋਹਫ਼ਿਆਂ ਨਾਲ ਲੱਦ ਕੇ ਉਸ ਨੂੰ ਵਾਪਸ ਲਾਹੌਰ ਭੇਜ ਦਿੱਤਾ । ਖ਼ਾਲਸਾ ਫ਼ੌਜ ਅਜੇ ਜੰਮੂ ਤੋਂ ਅੱਗੇ ਬਹੁਤ ਦੂਰ ਨਹੀਂ ਸੀ ਗਈ ਜਦੋਂ ਡੋਗਰਿਆਂ ਨੇ ਘਾਤ ਲਾ ਕੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ । ਜੋ ਕੁਝ ਪੱਲੇ ਸੀ, ਸਭ ਖੋਹ-ਖੱਸ ਲਿਆ । ਖ਼ਾਲਸਾ ਫ਼ੌਜ ਮੁੜ ਜੰਮੂ ਵੱਲ ਮੁੜੀ, ਅਤੇ ਡੋਗਰਿਆਂ ਉਪਰ ਕਈ ਹਮਲੇ ਕੀਤੇ । ਗੁਲਾਬ ਸਿੰਘ ਨੇ ਮੁੜ ਈਨ ਮੰਨ ਲਈ ਅਤੇ ਸ਼ਰਤਾਂ ਮਨਜ਼ੂਰ ਕਰ ਲਈਆਂ । ਉਹ ਸਿੱਖ ਕੈਂਪ ਵਿਚ ਆਇਆ ਅਤੇ ਉਸ ਆਪਣੀ ਢਾਲ ਤੇ ਤਲਵਾਰ ਧਰਤੀ 'ਤੇ ਰੱਖ ਦਿੱਤੀ ਅਤੇ ਹੱਥ ਬੰਨ੍ਹ ਕੇ ਅਪਰਾਧੀਆਂ ਵਾਂਗ ਖੜ੍ਹੋ ਗਿਆ । ਉਸ ਆਪਣੀ ਵਫ਼ਾਦਾਰੀ ਦਾ ਦਮ ਭਰਿਆ । ਸੋਨੇ ਦਾ ਲਾਲਚ ਅਤੇ ਖ਼ੁਸ਼ਾਮਦੀ ਸ਼ਬਦਾਂ ਨਾਲ ਲਾਈਲੱਗ ਪੰਚ ਮੁੜ ਪਸੀਜ ਗਏ । ਅਮਨ ਦੀ ਸੰਧੀ ਉਲੀਕੀ ਗਈ ਜਿਸ ਅਨੁਸਾਰ ਗੁਲਾਬ ਸਿੰਘ ਨੇ 35 ਲੱਖ ਰੁਪਏ ਦੇਣੇ ਪਰਵਾਨ ਕੀਤੇ । ਇਸ ਰਕਮ ਵਿਚੋਂ ਪੰਜ ਹਜ਼ਾਰ ਰੁਪਏ ਤੁਰੰਤ ਦੇਣੇ ਸਨ, ਅਤੇ ਫ਼ੌਜ ਦੇ ਨਾਲ ਲਾਹੌਰ ਪਹੁੰਚਣਾ ਸੀ । ਡੋਗਰਾ ਨੇ ਬੜੀ ਚੌਕਸੀ ਵਿਖਾਈ ਅਤੇ ਮਕਿਆਵਾਲੀ ਚਾਲਾਕੀ ਨਾਲ ਆਪਣੇ-ਆਪ ਨੂੰ ਚੁੰਗਲ ਵਿਚੋਂ ਸਾਫ਼ ਕੱਢ ਲਿਆ । ਕਚਹਿਰੀ ਵੱਲੋਂ ਆਏ ਬੁਲਾਵੇ ਨੂੰ ਉਸ ਸਾਫ਼-ਸਾਫ਼ ਟਾਲ ਦਿੱਤਾ । ਉਸ ਕਿਹਾ ਕਿ ਉਹ ਖ਼ਾਲਸਾ ਦਾ ਨੌਕਰ ਹੈ, ਨਾ ਕਿ ਦਰਬਾਰ ਦਾ । ਇਸ ਲਈ ਉਹ ਪੰਚਾਂ ਅੱਗੇ ਜਵਾਬਦੇਹ ਹੈ । ਇਸ ਤੋਂ ਪਹਿਲਾਂ ਉਸ ਐਲਾਨ ਕੀਤਾ ਸੀ ਕਿ ਰਿਸਾਲੇ ਦੇ ਸਿਪਾਹੀਆਂ ਨੂੰ 12 ਰੁਪਏ ਤੋਂ ਵਧਾ ਕੇ 15 ਰੁਪਏ ਮਾਹਵਾਰ ਤਨਖ਼ਾਹ ਦਿੱਤੀ ਜਾਵੇਗੀ । ਉਹ ਲਾਲ ਸਿੰਘ ਦੇ ਗੁੱਟ ਵਿਚ ਸ਼ਾਮਲ ਹੋ ਗਿਆ ਅਤੇ ਤਲਵਾਰ ਵਟਾ ਕੇ ਸੈਨਿਕ-ਸਾਥੀ ਬਣ ਗਿਆ । ਕੁਝ ਸਪਤਾਹ ਪਿੱਛੋਂ ਉਸ ਇਹ ਦੋਸ਼ ਲਾਇਆ ਕਿ ਲਾਲ ਸਿੰਘ ਉਸ ਨੂੰ ਕਤਲ ਕਰਨਾ ਚਾਹੁੰਦਾ ਹੈ । ਉਸ ਨੂੰ ਨਜ਼ਰਬੰਦ ਕਰ ਲਿਆ ਗਿਆ । ਪਰ ਉਹ ਲੈ-ਦੇ ਕੇ ਬਚ ਨਿਕਲਿਆ । ਉਸ ਨੂੰ 68 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਪਰ ਉਸ 27 ਲੱਖ ਤਾਰ ਕੇ ਪਿੱਛਾ ਛੁਡਾ ਲਿਆ । ਉਸ ਇਹ ਵੀ ਖ਼ਬਰ ਦਿੱਤੀ ਕਿ ਚੀਨੀਆਂ ਨੇ ਉਸ ਦੇ ਉੱਤਰੀ ਸੂਬੇ ਤੇ ਹਮਲਾ ਕਰ ਦਿੱਤਾ ਹੈ ਅਤੇ ਇਸ ਪ੍ਰਕਾਰ ਉਸ ਨੂੰ ਜੰਮੂ ਪਰਤਣ ਦੀ ਇਜਾਜ਼ਤ ਮਿਲ ਗਈ । ਜਿਉਂ ਹੀ ਉਹ ਆਪਣੇ ਪਹਾੜੀ ਸੁਰੱਖਿਅਤ ਥਾਂ ਤੇ ਪਹੁੰਚ ਗਿਆ, ਉਸ ਅੰਗਰੇਜ਼ਾਂ ਨਾਲ ਗੱਲ-ਬਾਤ ਚਾਲੂ ਕਰ ਲਈ ਅਤੇ ਇਹ ਪੇਸ਼ਕਸ਼ ਕੀਤੀ ਕਿ ਜੇਕਰ ਸਿੱਖਾਂ ਵਿਰੁੱਧ ਲੜਾਈ ਹੋਈ ਤਾਂ ਉਹ ਅੰਗਰੇਜ਼ਾਂ ਦਾ ਸਾਥ ਦੇਵੇਗਾ ।

ਜਦੋਂ ਦਰਬਾਰ ਦੀਆਂ ਫ਼ੌਜਾਂ ਜੰਮੂ ਵਿਚ ਟੱਕਰ ਲੈ ਰਹੀਆਂ ਸਨ ਤਾਂ ਕੰਵਰ ਪਸ਼ੌਰਾ ਸਿੰਘ ਪੰਜਾਬ ਪਰਤਿਆ ਅਤੇ ਉਸ ਸਿਆਲਕੋਟ ਵਿਖੇ ਵੱਖਰਾ ਦਰਬਾਰ ਸਜਾ ਲਿਆ । ਗੜਬੜ ਫੈਲਾਉਣ ਵਾਲਿਆਂ ਲਈ ਇਹ ਖੁੱਲ੍ਹਮ-ਖੁੱਲ੍ਹਾ ਸੱਦਾ ਸੀ । ਨਿਹੰਗਾਂ ਦੇ ਦਲ ਮਾਝਾ ਦੇਸ਼ ਵਿਚ ਫਿਰਨ ਲੱਗੇ ਅਤੇ ਉਨ੍ਹਾਂ ਅੰਮ੍ਰਿਤਸਰ ਅਤੇ ਲਾਹੌਰ ਨੂੰ ਲੁੱਟਣ ਦਾ ਡਰਾਵਾ ਦਿੱਤਾ । ਪਸ਼ੌਰਾ ਸਿੰਘ ਦੇ ਇਰਾਦਿਆਂ ਵਿਰੁੱਧ, ਮਹਾਰਾਣੀ ਜਿੰਦਾਂ ਨੇ ਆਪਣੇ ਪੁੱਤਰ ਲਈ ਸਰਦਾਰਾਂ ਦੀ ਸਹਾਇਤਾ ਦੀ ਮੰਗ ਕੀਤੀ ਤਾਂ ਜੋ ਰਾਜ ਅੰਦਰ ਅਮਨ-ਕਾਨੂੰਨ ਬਹਾਲ ਕੀਤਾ ਜਾਵੇ । ਗ਼ਰੀਬ ਨਕੱਈਆਂ ਦੀ ਧੀ ਨਾਲ ਹੋਈ ਦਲੀਪ ਸਿੰਘ ਦੀ ਮੰਗਣੀ ਤੋੜ

ਦਿੱਤੀ ਅਤੇ ਉਸ ਦਾ ਰਿਸ਼ਤਾ ਚਤਰ ਸਿੰਘ ਅਟਾਰੀਵਾਲੇ ਦੀ ਪੁੱਤਰੀ ਨਾਲ ਪੱਕਾ ਕਰ ਦਿੱਤਾ। ਪਰ ਇਸ ਨਾਲ ਪਸ਼ੌਰਾ ਸਿੰਘ ਤੇ ਕੋਈ ਪ੍ਰਭਾਵ ਨਾ ਪਿਆ। ਉਸ ਅਟਕ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਅਤੇ ਆਪਣੇ-ਆਪ ਨੂੰ ਮਹਾਰਾਜਾ ਹੋਣ ਦਾ ਐਲਾਨ ਕਰ ਦਿੱਤਾ। ਉਸ ਅਫ਼ਗਾਨਾਂ ਪਾਸ ਮਦਦ ਲਈ ਹੱਥ ਵਧਾਇਆ। ਚਤਰ ਸਿੰਘ ਅਟਾਰੀਵਾਲਾ ਅਟਕ ਵੱਲ ਵਧਿਆ।

ਅਫ਼ਗਾਨਾਂ ਪਾਸੋਂ ਸਹਾਇਤਾ ਲੈਣ ਅਤੇ ਲੋਕਾਂ ਨੂੰ ਆਪਣੇ ਵੱਲ ਕਰਨ ਦੀ ਪਸ਼ੌਰਾ ਸਿੰਘ ਦੀ ਕੋਸ਼ਿਸ਼ ਸਫਲ ਨਾ ਹੋ ਸਕੀ। ਉਸ ਚਤਰ ਸਿੰਘ ਅਟਾਰੀਵਾਲਾ ਵੱਲੋਂ ਨਿੱਜੀ ਸੁਰੱਖਿਆ ਦੇ ਵਚਨ ਨੂੰ ਮੰਨ ਲਿਆ ਅਤੇ ਉਸ ਦੇ ਨਾਲ ਰਾਜਧਾਨੀ ਜਾਣ ਲਈ ਹਾਜ਼ਰ ਹੋ ਗਿਆ। ਅਟਕ ਤੋਂ ਕੋਈ 20 ਮੀਲ ਦੀ ਵਿੱਥ ਤੇ ਕੰਵਰ ਨੂੰ ਪਕੜ ਲਿਆ ਗਿਆ, ਮੁੜ ਕਿਲ੍ਹੇ ਵਿਚ ਲਿਆਂਦਾ ਗਿਆ ਅਤੇ ਕਤਲ ਕਰ ਦਿੱਤਾ। ਪੰਚਾਂ ਨੂੰ ਇਹ ਪਤਾ ਲੱਗ ਗਿਆ ਕਿ ਦਰਬਾਰ ਦੇ ਗੁੱਟਾਂ ਵਿਰੁੱਧ ਫ਼ੌਜ ਨੂੰ ਇਕ-ਦੂਜੇ ਲਈ ਵਰਤਿਆ ਗਿਆ ਹੈ। ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਪਸ਼ੌਰਾ ਸਿੰਘ ਦੇ ਕਤਲ ਦਾ ਸ਼ੜਯੰਤਰ ਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਨੇ ਰਚਿਆ ਅਤੇ ਉਸ ਨੂੰ ਆਦੇਸ਼ ਦਿੱਤੇ ਗਏ ਕਿ ਉ ਫ਼ੌਜੀ ਪੰਚਾਇਤ ਅੱਗੇ ਪੇਸ਼ ਹੋਵੇ।

ਸਤੰਬਰ 21, 1845 ਦੀ ਸ਼ਾਮ ਨੂੰ ਸਹਿਮੇ ਹੋਏ ਜਵਾਹਰ ਸਿੰਘ ਨੇ ਬਾਲ ਦਲੀਪ ਸਿੰਘ ਨੂੰ ਕਲਾਵੇ ਵਿਚ ਘੁੱਟਿਆ ਅਤੇ ਹਾਥੀ ਤੇ ਸਵਾਰ ਹੋ ਕੇ ਪੰਚਾਇਤ ਅੱਗੇ ਪੇਸ਼ ਹੋਣ ਲਈ ਚੱਲ ਪਿਆ। ਰਾਣੀ ਜਿੰਦਾ ਅਤੇ ਉਸ ਦੀ ਗੋਲੀ ਮੰਗਲਾ ਵੀ ਰਖਵਾਲੀ ਹੇਠ ਉਸ ਦੇ ਪਿੱਛੇ-ਪਿੱਛੇ ਸਨ। ਪਹਿਰੇਦਾਰਾਂ ਨੇ ਮਹਾਰਾਜਾ ਨੂੰ ਉਸ ਦੇ ਕਲਾਵੇ ਵਿਚੋਂ ਖੋਹ ਲਿਆ ਅਤੇ ਜਵਾਹਰ ਸਿੰਘ ਦੇ ਬਰਛੀ ਮਾਰੀ ਜਦੋਂ ਉਹ ਹੌਦੇ ਅੰਦਰ ਬੈਠਿਆ ਹੋਇਆ ਸੀ। ਅਗਲੇ ਦਿਨ ਮੁੱਖ ਮੰਤਰੀ ਦੀ ਲਾਸ਼ ਅਗਨ-ਭੇਂਟ ਕੀਤੀ ਗਈ। ਉਸ ਦੀਆਂ ਚਾਰੇ ਪਤਨੀਆਂ ਸਤੀ ਹੋ ਗਈਆਂ। ਉਹ ਇਹ ਖਾਲਸਾ ਨੂੰ ਸਰਾਪ ਦੇ ਰਹੀਆਂ ਸਨ ਕਿ ਸਿੱਖ ਸਿਪਾਹੀਆਂ ਦੀਆਂ ਪਤਨੀਆਂ ਵੀ ਛੇਤੀ-ਛੇਤੀ ਰੰਡੀਆਂ ਹੋ ਜਾਣ ਅਤੇ ਪੰਜਾਬ ਉੱਜੜ ਜਾਵੇ। ਜਿੰਦਾਂ ਮਹਿਲਾਂ ਨੂੰ ਵਾਪਸ ਪਰਤ ਆਈ। ਉਹ ਕੀਰਨੇ ਪਾ ਰਹੀ ਸੀ ਅਤੇ ਉੱਚੀ-ਉੱਚੀ ਰੋ ਰਹੀ ਸੀ। ਉਸ ਨੇ ਇਹ ਡਰਾਵਾ ਵੀ ਦਿੱਤਾ ਕਿ ਉਹ ਮਾਂ-ਪੁੱਤ ਦੋਵੇਂ ਸੜ ਮਰਨਗੇ।

ਰਾਜ ਦਾ ਕਾਰਜ ਫ਼ੌਜੀ ਪੰਚਾਇਤ ਨੇ ਸੰਭਾਲਿਆ ਅਤੇ ਪੰਜਾਬ ਦੇ ਮੁੱਖ ਮਾਲਕ ਬਣ ਬੈਠੇ। ਉਨ੍ਹਾਂ ਆਪਣਾ ਬੁਲਾਰਾ ਦੀਨਾ ਨਾਥ ਚੁਣਿਆ। ਨਾਲ ਹੀ ਇਹ ਆਦੇਸ਼ ਜਾਰੀ ਕਰ ਦਿੱਤੇ ਕਿ ਕੋਈ ਵੀ ਪੱਤਰ ਅੰਗਰੇਜ਼ਾਂ ਨੂੰ ਨਹੀਂ ਲਿਖਿਆ ਜਾਵੇਗਾ ਜਦੋਂ ਤਾਈਂ ਇਸ ਦੇ ਵਿਸ਼ੇ ਬਾਰੇ ਪੰਚਾਂ ਦਾ ਵਿਚਾਰ ਨਹੀਂ ਹੋ ਜਾਂਦਾ। ਪੰਚਾਇਤ ਨੇ 'ਖਾਲਸਾ' ਦੇ ਨਾਂ ਹੇਠ ਕਾਰਜ ਆਰੰਭ ਕੀਤਾ। ਇਨ੍ਹਾਂ ਦੇ ਆਦੇਸ਼ 'ਅਕਾਲ ਸਹਾਏ' ਦੀ ਮੁਹਰ ਹੇਠ ਜਾਰੀ ਕੀਤੇ ਜਾਂਦੇ।

ਕਾਂਡ—20


ਅੰਗਰੇਜ਼ਾਂ-ਸਿੱਖਾਂ ਦੀ ਪਹਿਲੀ ਲੜਾਈ

ਅੰਗਰੇਜ਼ਾਂ ਦੀ ਤਿਆਰੀ

ਅੰਗਰੇਜ਼ਾਂ ਨੇ ਇਹ ਫ਼ੈਸਲਾ ਕਦੋਂ ਕੀਤਾ ਕਿ ਪੰਜਾਬ ਵਿਚ ਅਰਾਜਕਤਾ ਇਸ ਪੱਧਰ ਤਕ ਪਹੁੰਚ ਚੁੱਕੀ ਹੈ ਕਿ ਉਨ੍ਹਾਂ ਦੇ ਅਧੀਨ ਇਲਾਕਿਆਂ ਦੀ ਸੁਰੱਖਿਆ ਦੇ ਪ੍ਰਬੰਧ ਲਈ ਸਤਲੁਜ ਸੀਮਾ ਨੂੰ ਹੋਰ ਸ਼ਕਤੀਸ਼ਾਲੀ ਬਣਾਉਣਾ ਹੈ ਅਤੇ ਜੇਕਰ ਲੋੜ ਪਈ ਤਾਂ ਦਰਿਆ ਨੂੰ ਪਾਰ ਵੀ ਕਰਨਾ ਹੋਵੇਗਾ ? ਇਵੇਂ ਹੀ ਸਿੱਖ ਕਦੋਂ ਇਸ ਸਿੱਟੇ ਤੇ ਪੁੱਜੇ ਕਿ ਅੰਗਰੇਜ਼ ਪੰਜਾਬ ਤੇ ਉਵੇਂ ਹੀ ਕਬਜ਼ਾ ਕਰਨ ਲਈ ਤੁਲੇ ਹੋਏ ਹਨ ਜਿਵੇਂ ਉਨ੍ਹਾਂ ਬਾਕੀ ਭਾਰਤ ਉਪਰ ਆਪਣੀ ਤਾਕਤ ਜਮਾ ਲਈ ਹੈ ਅਤੇ ਉਹ ਵੈਰ-ਭਾਵ ਨਾਲ ਆਪਣੀਆ ਫ਼ੌਜਾਂ ਅੱਗੇ ਵਧਾ ਰਹੇ ਹਨ ?

ਉਪਰ ਦਿੱਤੇ ਸਵਾਲਾਂ ਦਾ ਕੋਈ ਠੀਕ ਉੱਤਰ ਨਹੀਂ ਮਿਲਦਾ। ਕੁਝ ਅੰਗਰੇਜ਼ ਅਜਿਹੇ ਸਨ, ਜਿਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਕੌਮ ਦੀ ਕਿਸਮਤ ਵਿਚ ਸਥਾਨਕ ਲੋਕਾਂ 'ਤੇ ਰਾਜ ਕਰਨਾ ਅਤੇ ਉਨ੍ਹਾਂ ਨੂੰ ਸੱਭਿਅਕ ਬਣਾਉਣਾ ਲਿਖਿਆ ਹੋਇਆ ਸੀ। ਅੰਗਰੇਜ਼ ਪ੍ਰੈੱਸ ਵਿਚ ਇਨ੍ਹਾਂ ਖ਼ਿਆਲਾਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਇਹ ਵੀ ਲਿਖਿਆ ਕਿ ਬਰਤਾਨੀਆ ਦੀ ਹਕੂਮਤ ਇਸ ਉਪਰ ਦੀਪ ਵਿਚ ਭੂਗੋਲਿਕ ਸੀਮਾਂ ਹੋਰ ਵਧਾਉਣੀਆਂ ਚਾਹੁੰਦੀ ਹੈ—ਕੁਝ ਹੋਰ ਅੱਗੇ ਵੀ। ਦਰਬਾਰ ਇਨ੍ਹਾਂ ਖ਼ਿਆਲਾਂ ਤੋਂ ਅਣਜਾਣ ਨਹੀਂ ਸੀ। ਕਲਕੱਤੇ ਦੇ ਅਖ਼ਬਾਰਾ ਵਿਚ ਛਪਦੀਆਂ ਰਿਪੋਰਟਾਂ, ਅੰਗਰੇਜ਼ ਅਧਿਕਾਰੀਆਂ ਦੇ ਭਾਸ਼ਣਾਂ ਦਾ ਸਾਰ, ਰੈਜਮੇਂਟਲ ਮੈੱਸਾਂ ਅੰਦਰ ਚਲਦੀ ਗੱਲ-ਬਾਤ ਲਾਹੌਰ ਪਹੁੰਚ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰ ਜਾਣ ਕਾਰਨ ਅੰਗਰੇਜ਼ ਹਲਕਿਆਂ ਵਿਚ ਵਿਚਾਰਾਂ ਦਾ ਬਿੰਦੂ ਪੰਜਾਬ ਦਾ ਮੋਰਚਾ ਹੁੰਦਾ ਸੀ। ਜਦੋਂ ਤਾਈਂ ਸ਼ੇਰ ਸਿੰਘ ਮਹਾਰਾਜਾ ਥਾਪਿਆ ਗਿਆ, ਇਹ ਵਿਚਾਰਾਂ ਫ਼ਤਹਿ ਕਰਨ ਦੀ ਵਿਉਂਤ ਦਾ ਰੂਪ ਧਾਰਨ ਕਰ ਚੁੱਕੀਆਂ ਸਨ। ਜੁਲਾਈ 1844 ਵਿਚ ਲਾਰਡ ਹਾਰਡਿੰਗ, ਜਿਹੜੇ ਕਿ ਇਕ ਅਨੁਭਵੀ ਸੈਨਿਕ ਸਨ, ਦੇ ਪਹੁੰਚਣ ਨਾਲ ਇਸ ਵਿਉਂਤ ਦਾ ਅਮਲੀ ਰੂਪ ਉਲੀਕਿਆ ਗਿਆ। ਜਵਾਲਾਂ ਨੂੰ ਗੋਲਾ-ਬਾਰੂਦ ਪੰਜਾਬ ਪਹੁੰਚਾਇਆ ਗਿਆ। ਇਸ ਸੀਮਾ ਤੋਂ ਇਸ ਨੂੰ ਆਪਣੇ-ਆਪਣੇ ਟਿਕਾਣੇ ਪਹੁੰਚਾਇਆ ਜਾਵੇਗਾ ਜਦੋਂ ਮੋਰਚਾ ਲਾਉਣ ਦਾ ਮੌਸਮ ਆ ਗਿਆ। ਆਮ ਤੌਰ ਤੇ ਇਸ ਨੂੰ ਪਤਝੜ ਨਾਲ ਜੋੜ ਲਿਆ ਜਾਂਦਾ ਸੀ। ਸਤੰਬਰ 1844 ਵਿਚ ਕਰਨਲ ਰਿਚਮੋਂਡ ਦੇ ਸਥਾਨ ਤੇ ਬਰਾਡਫੁਟ ਨੂੰ ਲੁਧਿਆਣਾ ਵਿਖੇ ਏਜੰਟ ਨਿਯੁਕਤ ਕੀਤਾ ਗਿਆ ਜਿਹੜਾ 'ਜੰਗ ਲੜਨ ਲਈ ਤਿਆਰ' ਰਹਿੰਦਾ ਸੀ। ਉਹ ਪੰਜਾਬ-ਵਿਰੋਧੀ ਧਾਰਨਾ ਵਾਲਾ ਸੀ।

ਜਿਹੜੀ ਫ਼ੌਜ ਸਤਲੁਜ ਦੇ ਨਾਲ-ਨਾਲ ਤਾਇਨਾਤ ਕੀਤੀ ਗਈ ਸੀ ਉਹ ਏਨੀ ਸ਼ਕਤੀਸ਼ਾਲੀ ਨਹੀਂ ਸੀ ਕਿ ਪੰਜਾਬ ਤੇ ਹਮਲਾ ਕਰੇ। ਇਸ ਦੇ ਨਾਲ ਹੀ ਕਿਸੇ ਹਮਲੇ ਲਈ ਕੋਈ ਬਹਾਨਾ ਜਾਂ ਇਸ਼ਾਰਾ ਵੀ ਨਹੀਂ ਸੀ। ਹਮਲਾ ਕਰਨ ਦੀ ਪਰਿਯੋਜਨਾ ਅੱਗੇ ਪਾ ਦਿੱਤੀ



FIRST ANGLO-SIKH WAR, 1845-1846

ਗਈ ਸੀ। ਪਰ ਇਹ ਉੱਕਾ ਹੀ ਛੱਡੀ ਨਹੀਂ ਗਈ ਸੀ। ਸੀਮਾ ਵੱਲ ਫ਼ੌਜ ਦੀ ਗਤੀ ਜਾਰੀ ਸੀ। ਪੱਧਰੇ ਪੇਂਦੇ ਵਾਲੀਆਂ 60 ਬੇੜੀਆਂ ਦਾ ਸਮੂਹ ਸਤਲੁਜ ਦੇ ਪੂਰਬੀ ਕੰਢੇ ਤੇ ਪੁਲ ਦੇ ਰੂਪ ਵਿਚ ਜੋੜ ਲਿਆ ਗਿਆ ਸੀ ਤਾਂ ਜੋ ਇਕੋ ਵਾਰ 6,000 ਇਨਫੈਂਟਰੀ ਨੂੰ ਲਾਂਘਾ ਮਿਲ ਸਕੇ। 1845 ਦੀਆਂ ਗਰਮੀਆਂ ਤਕ ਬ੍ਰਾਡਫੁਟ ਨੇ ਇਨ੍ਹਾਂ ਬੇੜੀਆਂ ਦੀ ਮਸ਼ਕ ਆਰੰਭ ਕਰ ਦਿੱਤੀ ਅਤੇ ਕਿਸੇ ਪ੍ਰਕਾਰ ਦਾ ਓਹਲਾ ਜਾਂ ਭੇਦ ਨਹੀਂ ਰਖਿਆ।

1845 ਦੀ ਪਤਝੜ ਤਕ ਹਮਲਾ ਕਰਨ ਵਾਲੀ ਫ਼ੌਜ—ਇਸ ਦੀ ਗਿਣਤੀ ਸਭ ਤੋਂ ਵੱਧ ਸੀ, ਜਿਹੜੀ ਕਦੇ ਅੰਗਰੇਜ਼ਾਂ ਨੇ ਭਾਰਤ ਵਿਚ ਇਕੱਤਰ ਕੀਤੀ ਹੋਵੇ—ਪੰਜਾਬ ਦੀ ਸੀਮਾ ਤੇ ਤਿਆਰ-ਬਰ-ਤਿਆਰ ਸੀ। ਐਲਨਬਰੋ ਦੇ ਸਮੇਂ ਇਸ ਦੀ ਗਿਣਤੀ 17,000 ਜਵਾਨ ਅਤੇ 66 ਤੋਪਾਂ ਸੀ, ਪਰ ਹੁਣ ਇਹ ਗਿਣਤੀ 40,000 ਜਵਾਨਾਂ ਅਤੇ 94 ਤੋਪਾਂ ਤੋਂ ਵਧ ਸੀ। ਲੁਧਿਆਣਾ ਤੋਂ ਇਲਾਵਾ ਜਿਹੜੀ 1809 ਤਕ ਫ਼ੌਜੀ ਚੌਕੀ ਬਣੀ ਰਹੀ ਸੀ, ਅੰਬਾਲਾ, ਫ਼ੀਰੋਜ਼ਪੁਰ ਅਤੇ ਸ਼ਿਮਲਾ ਵਿਖੇ ਵੀ ਛਾਉਣੀਆਂ ਕਾਇਮ ਕਰ ਦਿੱਤੀਆਂ ਗਈਆਂ ਸਨ। ਸ਼ਿਮਲੇ ਵਾਲੀ ਛਾਉਣੀ ਸਤਲੁਜ ਨਾਲ ਲਗਦੀਆਂ ਪਹਾੜੀਆਂ ਦੇ ਰੁਖ਼ ਸੀ। ਦਸੰਬਰ ਦੇ ਪਹਿਲੇ ਹਫ਼ਤੇ ਲਾਰਡ ਗੱਫ ਨੇ ਨਿੱਜੀ ਤੌਰ ਤੇ ਮੇਰਠ ਅਤੇ ਅੰਬਾਲਾ ਦੀਆਂ ਇਕਾਈਆਂ ਦੇ ਫ਼ੀਰੋਜ਼ਪੁਰ ਵੱਲ ਚੱਲਣ ਦੀ ਅਗਵਾਈ ਆਪ ਕੀਤੀ। ਉਥੇ ਉਸ ਦੀ ਉਡੀਕ ਜਨਰਲ ਲਿਟਲਰ ਕਰ ਰਿਹਾ ਸੀ। ਸਤਲੁਜ ਉਪਰ ਪੁਲ ਬੰਨ੍ਹਣ ਲਈ ਬੇੜੀਆਂ ਵੀ ਇਥੇ ਹੀ ਜੋੜੀਆਂ ਗਈਆਂ ਸਨ। ਲਾਰਡ ਹਾਰਡਿੰਗ ਨੇ ਫ਼ੈਸਲਾ ਕੀਤਾ ਕਿ ਉਹ ਵੀ ਗੱਫ ਨਾਲ ਮਿਲ ਜਾਵੇ ਤਾਂ ਜੋ ਆਪਣੇ ਕਮਾਂਡਰ-ਇਨ-ਚੀਫ਼ ਨੂੰ ਆਪਣੇ ਤਜਰਬੇ ਦਾ ਲਾਭ ਦੇ ਸਕੇ।

ਸਿੱਖਾਂ ਦਾ ਅਵੇਸਲਾਪਨ

ਬ੍ਰਾਡਫੁਟ ਨੇ ਜੁਲਾਈ 1845 ਵਿਚ ਲਿਖਿਆ : "ਲਾਹੌਰ ਵਿਚ ਸਭ ਅਮਨ-ਚੈਨ ਏ, ਦੌਰ ਚੱਲਦੇ ਨੇ ਅਤੇ ਸਿਆਸੀ ਅਤੇ ਅੱਯਾਸ਼ੀ ਦੀਆਂ ਫੰਦੇਬਾਜ਼ੀਆਂ ਚੱਲ ਰਹੀਆਂ ਹਨ।" ਇਕ ਮਹੀਨੇ ਬਾਅਦ ਵੀ ਉਸ ਨੇ ਇਹੋ ਕੁਝ ਲਿਖਿਆ : "ਕਈ ਵਾਰ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਕਿਸੇ ਸਰਕਾਰ ਦਾ ਦੂਜੀ ਸਰਕਾਰ ਦੇ ਹਲਕੇ ਵਿਚ ਪ੍ਰਤੀਨਿਧ ਹੋਣ ਨਾਲੋਂ ਮਹਿਜ਼ ਚਕਲੇ ਦਾ ਚੌਕੀਦਾਰ ਹਾਂ। ਭਾਵੇਂ ਇਹ ਅੰਗਰੇਜ਼ੀ ਏਜੰਟ ਥੋੜ੍ਹੀ ਬਾਜ਼ਾਰੂ ਕਿਸਮ ਦੀ ਗੱਪ ਮਾਰ ਰਿਹਾ ਹੋਵੇ ਅਤੇ ਉਸ ਨੂੰ ਸੱਚਾਈ ਦਾ ਰੂਪ ਦੇ ਰਿਹਾ ਹੋਵੇ ਤਾਂ ਵੀ ਇਸ ਸਿੱਟੇ ਤੇ ਜ਼ਰੂਰ ਪਹੁੰਚਿਆ ਜਾ ਸਕਦਾ ਹੈ ਕਿ ਜਦੋਂ ਅੰਗਰੇਜ਼ ਪੂਰੀ ਤਿਆਰੀ ਵਿਚ ਰੁੱਝੇ ਹੋਏ ਸਨ ਤਾਂ ਦਰਬਾਰ ਕਿਸੇ ਝੂਠੀ ਸੁਰੱਖਿਆ ਦੇ ਭਾਵ ਹੇਠ ਅਵੇਸਲਾ ਸੀ। ਉਹ ਤਾਂ ਬਸ ਜਿਨਸੀ ਮੌਜ-ਮੇਲਾ ਹੀ ਕਰ ਰਿਹਾ ਸੀ। ਰਾਣੀ ਜਿੰਦਾਂ, ਰਾਜਾ ਲਾਲ ਸਿੰਘ, ਮੁੱਖ ਮੰਤਰੀ ਅਤੇ ਹੋਰ ਕਈ ਮੁਖੀ ਸਰਦਾਰ—ਸਿੱਖ ਅਤੇ ਡੋਗਰੇ—ਦੋਵੇਂ ਹੀ ਅੰਗਰੇਜ਼ੀ ਸਰਕਾਰ ਨਾਲ ਪੰਜਾਬ ਨੂੰ ਵੇਚਣ ਲਈ ਸਾਜ਼-ਬਾਜ਼ ਕਰ ਰਹੇ ਸਨ। ਬਸ ਹੋਰ ਕੁਝ ਨਹੀਂ ਚਾਹੁੰਦੇ ਸਨ, ਕੇਵਲ ਉਨ੍ਹਾਂ ਦੀਆਂ ਜਾਨਾਂ ਅਤੇ ਜਗੀਰਾਂ ਸੁਰੱਖਿਅਤ ਰਹਿਣ। ਦਰਬਾਰੀ ਲੋਕ ਗੈਰ-ਜ਼ਾਬਤਾ ਸਿਪਾਹੀਆਂ ਪਾਸੋਂ ਸਹਿਮੇ ਹੋਏ ਸਨ ਅਤੇ ਚਾਹੁੰਦੇ ਸਨ ਕਿ ਇਹ ਤਬਾਹ ਹੋ ਜਾਣ। ਅੰਗਰੇਜ਼ੀ ਫ਼ੌਜਾਂ ਦੀਆਂ ਸਰਗਰਮੀਆਂ ਨਾਲ ਉਨ੍ਹਾਂ ਨੂੰ ਇਹ ਅਵਸਰ ਮਿਲ ਗਿਆ ਕਿ ਉਹ ਫ਼ੌਜ ਦਾ ਧਿਆਨ ਆਪਣੀਆਂ ਕਰਤੂਤਾਂ ਤੋਂ ਹਟਾ ਕੇ ਅੰਗਰੇਜ਼ਾਂ ਵੱਲ ਦੁਆਉਣ। ਇਸ ਪ੍ਰਕਾਰ ਉਹ ਖ਼ਾਲਸੇ ਪ੍ਰਤੀ ਅੰਗਰੇਜ਼ਾਂ ਦੇ ਡਰ ਨੂੰ ਵਧਾ-ਚੜ੍ਹਾ ਕੇ ਦੱਸ ਰਹੇ ਸਨ।

ਖ਼ਾਲਸਾ ਫ਼ੌਜ ਦਰਬਾਰ ਅਤੇ ਅੰਗਰੇਜ਼ ਦੋਹਾਂ ਦੇ ਵਿਰੁੱਧ ਸੀ। ਦਰਬਾਰ ਨਾਲ ਹਾਲਾਂਕਿ

ਕਰਕੇ ਵੱਧ ਵੇਤਨ ਲੈਣਾ ਚਾਹੁੰਦੇ ਸਨ। (ਕੰਪਨੀ ਦੇ ਸਿਪਾਹੀਆਂ ਨਾਲੋਂ ਪੰਜਾਬੀ ਫ਼ੌਜ ਦੁਗਣੇ ਪੈਸੇ ਲੈ ਰਹੀ ਸੀ)। ਇਹ ਵੀ ਸ਼ੱਕ ਕੀਤਾ ਜਾਂਦਾ ਸੀ ਕਿ ਕੰਪਨੀ ਦੇ ਸਿਪਾਹੀ ਮੰਤਰੀਆਂ ਅਤੇ ਵਰਿਸ਼ਠ ਅਧਿਕਾਰੀਆਂ ਨੂੰ ਖ਼ਰੀਦ ਰਹੇ ਸਨ। ਤਾਂ ਜੋ ਅੰਗਰੇਜ਼ਾਂ ਦੇ ਫ਼ਤਹਿ ਕਰਨ ਦੀ ਜੁਗਤ ਸਫ਼ਲ ਹੋ ਸਕੇ। ਭਾਵੇਂ ਰਾਜ ਅੰਦਰ ਗੜਬੜ ਪੈਦਾ ਕਰਨ ਲਈ ਮੁੱਖ ਰੂਪ ਵਿਚ ਫ਼ੌਜ ਜ਼ਿੰਮੇਵਾਰ ਸੀ, ਪਰ ਪੰਚਾਂ ਨੇ ਕਿਸੇ ਹੱਦ ਤੀਕ ਛਾਉਣੀਆਂ ਵਿਚ ਬੰਧੇਜ ਕਾਇਮ ਕਰ ਰਖਿਆ ਸੀ ਅਤੇ ਉਹ ਨਵੀਆਂ ਗੱਡੀਆਂ ਅਤੇ ਨਵੀਆਂ ਤੋਪਾਂ ਤਿਆਰ ਕਰਵਾ ਰਹੇ ਸਨ। ਬਾਰੂਦ ਦੇ ਭੰਡਾਰ ਉਸਰ ਰਹੇ ਸਨ। ਬਰਛੀਆਂ ਅਤੇ ਤਲਵਾਰਾਂ ਤਿਆਰ ਕਰਵਾ ਰਹੇ ਸਨ। ਉਹ ਇਸ ਕੰਮ ਵਿਚ ਵੀ ਸਫ਼ਲ ਰਹੇ ਕਿ ਸਿਪਾਹੀਆਂ ਅਤੇ ਆਹਲਾ ਅਫ਼ਸਰਾਂ ਅੰਦਰ ਦੇਸ਼-ਪਿਆਰ ਦੀ ਭਾਵਨਾ ਜਗਾ ਸਕਣ। ਉਹ ਖਾਲਸੇ ਦੇ ਅਜਿੱਤ ਹੋਣ ਦਾ ਜਜ਼ਬਾ ਅਤੇ ਫਰੰਗੀਆਂ ਨੂੰ ਸਮੁੰਦਰੋਂ ਪਾਰ ਭੇਜਣ ਦਾ ਪ੍ਰਬਲ ਪ੍ਰਭਾਵ ਵੀ ਪਾ ਸਕੇ।

ਅੰਗਰੇਜ਼ ਏਜੰਟ ਨੇ ਪੁੱਛ ਕੀਤੀ ਕਿ ਇਨ੍ਹਾ ਫੌਜੀ ਤਿਆਰੀਆਂ ਦਾ ਕੀ ਕਾਰਨ ਹੈ? ਦਰਬਾਰ ਵੱਲੋਂ ਉੱਤਰ ਦਿੱਤਾ ਗਿਆ ਕਿ ਅਜਿਹਾ ਕਿਸੇ ਵੀ ਅੰਗਰੇਜ਼ ਹਮਲੇ ਦਾ ਮੁਕਾਬਲਾ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਦਰਬਾਰ ਨੇ ਮੰਗ ਕੀਤੀ ਕਿ ਸੁਚੇਤ ਸਿੰਘ ਡੋਗਰਾ ਦੇ ਖਜ਼ਾਨੇ ਨੂੰ ਵਾਪਸ ਕੀਤਾ ਜਾਵੇ ਜਿਸ ਦਾ ਮੁੱਲ ਲਗਭਗ 17 ਲੱਖ ਰੁਪਏ ਸੀ, ਨਾਭਾ ਦੇ ਮੋਰੋਂ ਪਿੰਡ ਨੂੰ ਵਾਪਸ ਕੀਤਾ ਜਾਵੇ ਅਤੇ ਸਤਲੁਜ ਤੋਂ ਪਾਰ ਦੇ ਇਲਾਕੇ ਵਿਚ ਜਾਣ ਲਈ ਦਰਬਾਰ ਨੂੰ ਪੂਰੀ ਖੁੱਲ੍ਹ ਦਿੱਤੀ ਜਾਵੇ ਕਿਉਂਕਿ ਦਸਤਾਵੇਜ਼ਾਂ ਵਿਚ ਇਹ ਹੱਕ ਉਹ ਪਰਵਾਨ ਕਰ ਚੁੱਕੇ ਹਨ ਪਰ ਅਮਲੀ ਰੂਪ ਵਿਚ ਆਮ ਤੌਰ ਤੇ ਇਸ ਬਾਰੇ ਰੋਕ ਲਾਈ ਜਾਂਦੀ ਹੈ।

ਅੰਗਰੇਜ਼ ਸਰਕਾਰ ਨੇ ਦਰਬਾਰ ਦੇ ਇਸ ਜਵਾਬ ਨੂੰ ਰੱਦ ਕਰ ਦਿੱਤਾ।

ਲਾਰਡ ਗੱਫ ਨੇ ਆਪਣਾ ਅੱਗੇ ਵਧਣਾ ਜਾਰੀ ਰਖਿਆ। ਨਵੰਬਰ, 26 ਨੂੰ ਲਾਰਡ ਹਰਡਿੰਗ ਵੀ ਉਸ ਨਾਲ ਕਰਨਾਲ ਵਿਖੇ ਆ ਮਿਲਿਆ। ਉਹ ਦੋਵੇਂ ਮਿਲ ਕੇ ਅੱਗੋਂ ਫ਼ੀਰੋਜ਼ਪੁਰ ਵੱਲ ਵਧਣ ਲੱਗੇ। ਦਸੰਬਰ 3, ਨੂੰ ਅੰਗਰੇਜ਼ਾਂ ਨੇ ਆਪਣੇ ਡਿਪਲੋਮੈਟਿਕ ਸੰਬੰਧ ਰਾਜ ਨਾਲੋਂ ਤੋੜ ਲਏ ਅਤੇ ਅੰਗਰੇਜ਼ ਏਜੰਟ ਨੇ ਆਪਣਾ ਪਾਸਪੋਰਟ ਵੀ ਦਰਬਾਰ ਨੂੰ ਮੋੜ ਦਿੱਤਾ। ਹੁਣ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ ਰਹਿ ਗਈ ਕਿ ਅੰਗਰੇਜ਼ ਜੰਗ ਕਰਨੀ ਚਾਹੁੰਦੇ ਸਨ। ਜੇਕਰ ਉਨ੍ਹਾਂ ਨੂੰ ਫ਼ੀਰੋਜ਼ਪੁਰ ਦੀ ਫ਼ੌਜ ਨਾਲ ਮਿਲਣ ਦਿੱਤਾ ਗਿਆ ਤਾਂ ਨਿਰ-ਸੰਦੇਹ ਉਹ ਬੇੜੀਆਂ ਦਾ ਪੁਲ ਪਾਰ ਕਰਕੇ ਲਾਹੌਰ ਲਈ ਸਿਰਦਰਦੀ ਪੈਦਾ ਕਰ ਦੇਣਗੇ। ਖ਼ਾਲਸਾ ਫ਼ੌਜ ਨੇ ਇਹ ਫ਼ੈਸਲਾ ਕੀਤਾ ਕਿ ਇਹ ਚਾਲ ਚੱਲਣ ਨਹੀਂ ਦਿੱਤੀ ਜਾਵੇਗੀ। ਇਕ ਡਵੀਜ਼ਨ ਨੂੰ ਇਹ ਆਦੇਸ਼ ਦਿੱਤੇ ਗਏ ਕਿ ਉਹ ਜਨਰਲ ਲਿਟਲਰ ਨੂੰ ਠੱਲ੍ਹ ਪਾਵੇ। ਦੂਜੇ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਕਿ ਗੱਫ ਅਤੇ ਹਾਰਡਿੰਗ ਅਧੀਨ ਵਧ ਰਹੀ ਫ਼ੌਜ ਨੂੰ ਰਾਹ ਵਿਚ ਹੀ ਰੋਕ ਪਾਉਣ।

ਦਸੰਬਰ 11, 1845 ਨੂੰ ਪੰਜਾਬੀ ਫ਼ੌਜ ਨੇ ਹਰੀਕੇ ਪੱਤਣ ਦੇ ਨੇੜੇ ਸਤਲੁਜ ਪਾਰ ਕਰਕੇ ਆਪਣੇ ਇਲਾਕੇ ਵਿਚ ਜਾਣਾ ਆਰੰਭ ਕੀਤਾ। ਦਸੰਬਰ 13, 1845 ਨੂੰ ਲਾਰਡ ਹਾਰਡਿੰਗ ਨੇ ਜੰਗ ਦਾ ਐਲਾਨ ਕਰ ਦਿੱਤਾ। ਉਸ ਸਿੱਖਾਂ ਉਪਰ ਇਹ ਦੋਸ਼ ਲਾਇਆ ਕਿ ਉਨ੍ਹਾਂ ਬਿਨਾਂ ਕਿਸੇ ਉਕਸਾਉਣ ਦੇ ਅੰਗਰੇਜ਼ੀ ਇਲਾਕੇ ਉਪਰ ਹਮਲਾ ਕਰ ਦਿੱਤਾ ਸੀ। ਸਤਲੁਜ ਦੇ ਖੱਬੇ ਕੰਢੇ ਦੇ ਦਰਬਾਰ ਦੇ ਇਲਾਕੇ ਨੂੰ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ ਅਤੇ ਸਤਲੁਜ ਤੋਂ ਪਾਰ ਦੇ ਸਰਦਾਰਾਂ ਪਾਸੋਂ ਸਹਿਯੋਗ ਦੀ ਮੰਗ ਕੀਤੀ ਤਾਂ ਜੋ 'ਸਾਂਝੇ ਦੁਸ਼ਮਣ' ਦਾ ਮੁਕਾਬਲਾ ਡਟ ਕੇ ਕੀਤਾ ਜਾਵੇ।

ਅੰਗਰੇਜ਼ਾਂ ਵਿਰੁੱਧ ਦਰਬਾਰ ਨੇ ਜਿਹੜੀ ਫ਼ੌਜ ਭੇਜੀ ਸੀ ਉਸ ਦਾ ਠੀਕ ਅਨੁਮਾਨ ਨਹੀਂ ਲਾਇਆ ਜਾ ਸਕਦਾ ਪਰ ਅਜਿਹਾ ਸਬੂਤ ਵੀ ਕੋਈ ਨਹੀਂ ਮਿਲਦਾ ਕਿ ਉਹ ਦੁਸ਼ਮਣ ਦੀ ਫ਼ੌਜ ਨਾਲੋਂ ਵੱਧ ਸੀ। ਪਰ ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ ਇਸ ਦੇ ਦੋਵੇਂ ਕਮਾਂਡਰ ਲਾਲ ਸਿੰਘ ਅਤੇ ਤੇਜਾ ਸਿੰਘ ਅੰਗਰੇਜ਼ਾਂ ਨਾਲ ਗਿਣ-ਗੰਢ ਰਹੇ ਸਨ। ਇਹ ਵੀ ਸੰਭਵ ਹੈ ਕਿ ਰਾਣੀ ਜਿੰਦਾਂ ਨੂੰ ਇਹ ਪਤਾ ਸੀ ਕਿ ਲਾਲ ਸਿੰਘ ਨੇ ਅੰਗਰੇਜ਼ਾਂ ਨੂੰ ਲਿਖ ਭੇਜਿਆ ਸੀ ਕਿ ਉਹ ਉਸ ਨੂੰ (ਲਾਲ ਸਿੰਘ) ਅਤੇ ਬੀਬੀ ਸਾਹਿਬਾ (ਜਿੰਦਾ) ਨੂੰ ਆਪਣੇ ਗਿੱਘੇ ਮਿੱਤਰ ਸਮਝਣ ਅਤੇ ਇਨ੍ਹਾਂ ਬੁਰਛਿਆਂ (ਖਾਲਸੇ) ਦਾ ਕਤਲ ਉਨ੍ਹਾਂ ਖ਼ਾਤਰ ਕਰ ਦੇਣ।

ਮੁਦਕੀ ਦੀ ਲੜਾਈ—ਦਸੰਬਰ 18, 1845

ਦਰਬਾਰ ਦੀ ਸੈਨਾ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ : ਤੇਜ ਸਿੰਘ ਫੀਰੋਜ਼ਪੁਰ ਵੱਲ ਵਧਿਆ ਤਾਂ ਜੋ ਜਨਰਲ ਲਿਟਲਰ ਨਾਲ ਟੱਕਰ ਲਵੇ; ਲਾਲ ਸਿੰਘ ਨੇ ਆਪਣੀ ਸੈਨਾ ਦਾ ਭਾਰੀ ਭਾਗ ਫੇਰੂ ਸ਼ਹਿਰ ਦੇ ਨੇੜੇ ਜਮ੍ਹਾ ਕੀਤਾ (ਇਹ ਸਥਾਨ ਅੱਗੋਂ ਫ਼ੀਰੋਜ਼ ਸ਼ਹਿਰ ਦੇ ਨਾਮ ਨਾਲ ਪ੍ਰਸਿੱਧ ਹੋਇਆ) ਅਤੇ ਉਹ ਆਪ ਅੱਗੇ ਵਧਿਆ ਤਾਂ ਜੋ ਗ੍ਰੱਫ ਅਤੇ ਹਾਰਡਿੰਗ ਦੀ ਫ਼ੌਜ ਨੂੰ ਠੱਲ੍ਹ ਪਾਵੇ। ਉਹ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਅੰਗਰੇਜ਼ ਫ਼ੌਜ ਤਾਂ ਮੁਦਕੀ ਤਕ ਵਧ ਆਈ ਸੀ। ਭਾਵੇਂ ਸ਼ੱਤਰੂ ਦੀ ਤਾਕਤ ਜਵਾਨਾਂ ਅਤੇ ਹਥਿਆਰਾਂ ਵਜੋਂ ਉੱਤਮ ਸੀ, ਤਾਂ ਵੀ ਲਾਲ ਸਿੰਘ ਨੇ ਆਪਣੀ ਸੈਨਾ ਨੂੰ ਲੜਾਈ ਜਾਰੀ ਕਰਨ ਦੇ ਆਦੇਸ਼ ਦਿੱਤੇ ਅਤੇ ਆਪ ਉਹ ਫੀਰੋਜ਼ ਸ਼ਹਿਰ ਵੱਲ ਪਰਤ ਆਇਆ। ਆਗੂ-ਰਹਿਤ ਪੰਜਾਬੀ ਸੈਨਾ ਨੇ ਹੱਥੋ-ਹੱਥ ਦੀ ਸਖ਼ਤ ਲੜਾਈ ਦੁਸ਼ਮਣ ਦੀ ਉਸ ਫ਼ੌਜ ਨਾਲ ਕੀਤੀ ਜਿਸ ਦੀ ਅਗਵਾਈ ਯੂਰਪ ਦੇ ਅਨੁਭਵੀ ਕਮਾਂਡਰ ਕਰ ਰਹੇ ਸਨ। ਅੱਧੀ ਰਾਤ ਤਕ ਲੜਾਈ ਪੂਰੇ ਜ਼ੋਰਾਂ ਤੇ ਰਹੀ ਜਿਹੜੀ ਅੱਗੋਂ 'ਮੁਦਕੀ ਦੀ ਅੱਧੀ ਰਾਤ' ਵਜੋਂ ਜਾਣੀ ਜਾਣ ਲੱਗੀ। ਆਪਣੀ ਅੱਧੀ ਸ਼ਕਤੀ, ਪੰਦਰਾਂ ਤੋਪਾਂ ਦਾ ਨੁਕਸਾਨ ਕਰਵਾ ਕੇ ਪੰਜਾਬੀ ਰਣ-ਖੇਤਰ ਵਿਚੋਂ ਨਿਕਲ ਆਏ।

ਮੁਦਕੀ ਦੇ ਮੋਰਚਿਆਂ ਦਾ ਅਮਲ ਵਧੇਰੇ ਸੈਨਿਕ ਵਿਲੱਖਣਤਾ ਦਾ ਨਹੀਂ ਸੀ, ਪਰ ਇਸ ਤੋਂ ਅੰਗਰੇਜ਼ਾਂ ਨੂੰ ਪੰਜਾਬੀ ਸਿਪਾਹੀਆਂ ਦੀ ਲੜਾਕੂ ਗੁਣਵੱਤਾ ਦਾ ਅਨੁਭਵ ਹੋਇਆ। ਇਸ ਲਈ ਅੰਬਾਲਾ, ਮੇਰਠ ਅਤੇ ਦਿੱਲੀ ਤੋਂ ਹੋਰ ਕੁਮਕ ਮੰਗਵਾਈ ਗਈ। ਲਾਰਡ ਹਾਰਡਿੰਗ ਨੇ ਆਪਣੇ ਆਹਲਾ ਪਦ, ਗਵਰਨਰ ਜਨਰਲ, ਨੂੰ ਤਿਆਗਣ ਦਾ ਫ਼ੈਸਲਾ ਕੀਤਾ ਅਤੇ ਕਮਾਂਡਰ-ਇਨ-ਚੀਫ਼ ਦੀ ਤਾਬਿਆ ਹੇਠ ਦੂਜੇ ਦਰਜੇ (ਸੈਕਿੰਡ-ਇਨ-ਕਮਾਂਡ) ਵਜੋਂ ਸੇਵਾ ਕਰਨੀ ਮੰਜ਼ੂਰ ਕਰ ਲਈ।

ਫ਼ੀਰੋਜ਼ ਸ਼ਹਿਰ ਦੀ ਲੜਾਈ—ਦਸੰਬਰ 21, 1845

ਦਸੰਬਰ 21 ਦੇ ਚੜ੍ਹਦੇ ਸੂਰਜ ਸਮੇਂ ਫੀਰੋਜ਼ ਸ਼ਹਿਰ ਦੇ ਪੰਜਾਬੀ ਮੋਰਚਿਆਂ ਅੱਗੇ ਗੱਫ ਦਿੱਸ ਪਿਆ। ਦੁਪਹਿਰ ਤਕ ਤੇਜ ਸਿੰਘ ਨੂੰ ਝਾਸਾ ਦੇ ਕੇ ਜਨਰਲ ਲਿਟਲਰ ਵੀ ਗੱਫ ਦੀਆਂ ਫ਼ੌਜਾਂ ਨਾਲ ਆ ਰਲਿਆ। ਲੜਾਈ ਦੁਪਹਿਰੋਂ ਬਾਅਦ ਚਿਰਾਕੀ ਆਰੰਭ ਹੋਈ ਅਤੇ ਇਹ ਸਾਲ ਦਾ ਸਭ ਤੋਂ ਛੋਟਾ ਦਿਨ ਸੀ। ਅੰਗਰੇਜ਼ਾਂ ਨੇ ਇਹ ਯਤਨ ਕੀਤਾ ਕਿ ਭਾਰੀ ਗਿਣਤੀ ਵਿਚ ਰਸਾਲਾ, ਇਨਫੈਂਟਰੀ ਅਤੇ ਤੋਪਖ਼ਾਨੇ ਦੀ ਇਕੋ ਵਾਰੀ ਦੀ ਮਾਰ ਨਾਲ ਪੰਜਾਬੀਆਂ ਦੇ ਛੱਕੇ ਛੁਡਾ ਦਿੱਤੇ ਜਾਣ। ਲੜਾਈ ਪੂਰੇ ਜ਼ੋਰਾਂ ਤੇ ਛਿੜੀ ਅਤੇ ਲੜੀ ਗਈ। ਜਦੋਂ ਸ਼ਾਮ ਢਲ ਆਈ ਤਾਂ ਦੋਵੇਂ ਫ਼ੌਜਾਂ ਹਨੇਰੇ ਵਿਚ ਘਿਰ ਗਈਆਂ। ਪੰਜਾਬੀਆਂ ਦੇ ਗੋਲਾ-ਬਾਰੂਦ ਦੇ ਭੰਡਾਰ ਵਿਚ ਇਕ ਜ਼ੋਰਦਾਰ ਗੋਲਾ ਵੱਜਿਆ ਅਤੇ ਬਹੁਤ ਸਾਰੇ ਤੰਬੂਆਂ ਨੂੰ ਅੱਗ ਲੱਗ ਗਈ।

ਪੰਜਾਬੀਆਂ ਨੇ ਇਸ ਮੁਸੀਬਤ ਤੋਂ ਵੀ ਲਾਹਾ ਲੈ ਲਿਆ ਅਤੇ ਦੁਸ਼ਮਣ ਦੀਆਂ ਉਨ੍ਹਾਂ ਟੁਕੜੀਆਂ ਉਪਰ ਧਾਵਾ ਬੋਲ ਦਿੱਤਾ ਜਿਹੜੀਆ ਉਨ੍ਹਾ ਦੇ ਮੋਰਚਿਆਂ ਤਕ ਵਧ ਆਈਆਂ ਸਨ। ਅੱਧੀ ਰਾਤ ਵੇਲੇ ਚੰਦਰਮਾ ਵੀ ਚੜ੍ਹ ਆਇਆ। ਇਸ ਨਾਲ ਪੰਜਾਬੀਆਂ ਨੂੰ ਇਕ ਹੋਰ ਅਵਸਰ ਮਿਲ ਗਿਆ ਕਿ ਦੁਸ਼ਮਣ ਦੇ ਕੁਝ ਹਿੱਸੇ ਤੇ ਹਮਲਾ ਕਰਕੇ ਆਪਣਾ ਖੁੱਸਾ ਹੋਇਆ ਇਲਾਕਾ ਆਪਣੇ ਕਬਜ਼ੇ ਵਿਚ ਕਰ ਲੈਣ। ਇਥੇ ਅੰਗਰੇਜ਼ਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਗਵਰਨਰ ਜਨਰਲ ਦੇ ਅਮਲੇ ਦਾ ਹਰ ਵਿਅਕਤੀ ਜਾਂ ਮਾਰਿਆ ਗਿਆ ਤੇ ਜਾਂ ਫੱਟੜ ਹੋ ਗਿਆ ਸੀ। ਉਸ ਕੱਕਰ ਪੈਂਦੀ ਰਾਤ ਵਿਚ "ਭਾਰਤ ਦੀ ਕਿਸਮਤ ਦੀ ਤੱਕੜੀ ਡਾਵਾਂਡੋਲ ਹੋ ਰਹੀ ਸੀ।"

ਜਦੋਂ ਫੀਰੋਜ਼ ਸ਼ਹਿਰ ਦੇ ਮੈਦਾਨਾਂ ਤੇ ਸੂਰਜ ਨੇ ਵਿਖਾਲੀ ਦਿੱਤੀ ਤਾਂ ਅੰਗਰੇਜ਼ੀ ਫ਼ੌਜ ਬੁਰੀ ਤਰ੍ਹਾਂ ਛਿਹ-ਢੇਰੀ ਹੋ ਰਹੀ ਸੀ। ਇਸ ਪਾਸ ਬਾਰੂਦ ਖ਼ਤਮ ਹੋ ਚੁੱਕਾ ਸੀ ਅਤੇ ਜਵਾਨਾਂ ਅੰਦਰ ਲੜਨ ਦਾ ਸਾਹਸ ਵੀ ਮੁੱਕ ਚੁੱਕਾ ਸੀ। ਇਸ ਬਿੰਦੂ ਤੇ ਤੇਜ ਸਿੰਘ ਵੀ ਫੀਰੋਜ਼ਪੁਰ ਤੋਂ ਪਹੁੰਚ ਗਿਆ। ਉਸ ਦੀ ਫ਼ੌਜ ਦਾ ਸਾਹਸ ਸੱਜਰਾ ਸੀ ਅਤੇ ਉਹ ਲੜਨ-ਭਿੜਨ ਲਈ ਉਤਸੁਕ ਸਨ।

ਤੇਜ ਸਿੰਘ ਦੀਆਂ ਤੋਪਾਂ ਨੇ ਗੋਲੇ ਦਾਗੇ। ਪਰ ਅੰਗਰੇਜ਼ੀ ਤੋਪਖ਼ਾਨਾ ਕਿਨ੍ਹਾਂ ਗੋਲਿਆਂ ਨਾਲ ਉੱਤਰ ਦੇਵੇ ? ਉਸ ਸਮੇਂ ਬਿਨਾ ਕਿਸੇ ਕਾਰਣ ਤੇਜ ਸਿੰਘ ਦੀਆਂ ਤੋਪਾਂ ਵੀ ਚੁੱਪ ਹੋ ਗਈਆਂ। ਚੰਦ ਮਿੰਟਾਂ ਵਿਚ ਤੇਜ ਸਿੰਘ ਨੇ ਆਪਣੀਆਂ ਫ਼ੌਜਾਂ ਨੂੰ ਪਿੱਛੇ ਹਟਣ ਦੇ ਆਦੇਸ਼ ਜਾਰੀ ਕੀਤੇ। ਲਾਰਡ ਗੱਫ ਨੇ ਜਲਦੀ ਨਾਲ ਭਾਂਪ ਲਿਆ ਕਿ ਸਿੱਖ ਕਮਾਂਡਰਾਂ ਨੇ ਆਪਣਾ ਗ਼ੱਦਾਰੀ ਕਰਨ ਦਾ ਵਚਨ ਪਾਲ ਦਿੱਤਾ ਹੈ। ਉਸ ਆਪਣੇ ਰਸਾਲੇ ਨੂੰ ਆਦੇਸ਼ ਦਿੱਤੇ ਕਿ ਫੀਰੋਜ਼ ਸ਼ਹਿਰ ਦੇ ਮੋਰਚਿਆਂ ਉਪਰ ਟੁੱਟ ਪੈਣ। ਰੱਖਿਆ ਕਰਨ ਵਾਲਿਆਂ ਨੂੰ ਪੂਰਾ-ਪੂਰਾ ਵਿਸ਼ਵਾਸ ਸੀ ਕਿ ਤੇਜ ਸਿੰਘ ਦੁਸ਼ਮਣ ਦੀ ਫ਼ੌਜ ਨੂੰ ਕਰਾਰੀ ਸੱਟ ਮਾਰੇਗਾ। ਪਰ ਉਹ ਹੈਰਾਨ ਰਹਿ ਗਏ। ਉਹ ਆਪਣੇ ਮੋਰਚਿਆਂ ਤੋਂ ਨੱਸ ਤੁਰੇ ਅਤੇ ਆਪਣੇ ਪਿੱਛੇ ਕਈ ਤੋਪਾਂ, 80,000 ਪੌਂਡ ਗੋਲਾ-ਬਾਰੂਦ ਅਤੇ ਅਣਗਿਣਤ ਭੰਡਾਰ ਛੱਡ ਆਏ।

ਫੀਰੋਜ਼ ਸ਼ਹਿਰ ਦੀ ਤਬਾਹੀ ਨਾਲ ਦਰਬਾਰ ਦੇ ਗਿਣਤੀ ਦੇ ਸਰਦਾਰਾਂ ਦਾ ਮਨੋਬਲ ਵੀ ਢਹਿੰਦੀਆਂ ਕਲਾ ਵੱਲ ਚਲੇ ਗਿਆ, ਜਿਹੜੇ ਹੁਣ ਤਕ ਦਰਬਾਰ ਦੇ ਫ਼ਰਮਾਂਬਰਦਾਰ ਰਹੇ ਸਨ। ਗੁਲਾਬ ਸਿੰਘ ਡੋਗਰਾ ਨੇ ਆਪਣਾ ਏਜੰਟ ਲੁਧਿਆਣੇ ਭੇਜਿਆ ਤਾਂ ਜੋ ਉਹ ਅੰਗਰੇਜ਼ਾਂ ਨਾਲ ਸ਼ਰਤਾਂ ਦਾ ਫ਼ੈਸਲਾ ਕਰੇ ਜਿਨ੍ਹਾਂ ਦੇ ਆਧਾਰ ਤੇ ਉਹ ਅੰਗਰੇਜ਼ਾਂ ਨੂੰ ਮਦਦ ਪਹੁੰਚਾਏਗਾ। ਉਸ ਦੀ ਦੇਖਾ-ਦੇਖੀ ਹੋਰ ਸਰਦਾਰਾਂ ਨੇ ਵੀ ਇਹ ਕਦਮ ਉਠਾਏ। ਇਸ ਆਸ ਨਾਲ ਕਿ ਹੋਰ ਲੋਕ ਵੀ ਤਿਲਾਂਜਲੀ ਦੇ ਜਾਣ, ਹਾਰਡਿੰਗ ਨੇ ਇਹ ਆਦੇਸ਼ ਜਾਰੀ ਕੀਤੇ ਕਿ ਹਿੰਦੁਸਤਾਨ ਦੇ ਬਾਕੀ ਦੇ ਜੁਆਨ ਅਤੇ ਅਧਿਕਾਰੀ ਵੀ ਦਰਬਾਰ ਦੀ ਨੌਕਰੀ ਛੱਡ ਦੇਣ, ਨਹੀਂ ਤਾਂ ਉਨ੍ਹਾ ਦੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ ਅਤੇ ਨਾਲ ਹੀ ਉਹ ਅੰਗਰੇਜ਼ਾਂ ਦੀ ਹਿਫ਼ਾਜ਼ਤ ਵਿਚ ਆ ਜਾਣ।

ਬੱਦੋਵਾਲ—ਜਨਵਰੀ 21, 1846
ਅਲੀਵਾਲ—ਜਨਵਰੀ 28, 1846

ਲਾਰਡ ਗੱਫ ਨੇ ਫ਼ੈਸਲਾ ਕੀਤਾ ਕਿ ਸਤਲੁਜ ਨੂੰ ਪਾਰ ਕਰਕੇ ਲਾਹੌਰ ਵੱਲ ਚੜ੍ਹਾਈ ਕਰਨ ਤੋਂ ਪਹਿਲਾ ਥੋੜ੍ਹਾ ਸੁਸਤਾਉਣਾ ਅੱਛਾ ਹੈ। ਦਰਬਾਰ ਨੂੰ ਇਹ ਜਾਣਕਾਰੀ ਮਿਲ ਗਈ ਕਿ ਦੁਸ਼ਮਣ ਦੀਆਂ ਤੋਪਾਂ ਅਤੇ ਗੋਲਾ-ਬਾਰੂਦ ਦਿੱਲੀ ਅਤੇ ਅੰਬਾਲਾ ਤੋਂ ਉੱਤਰ ਵੱਲ

ਲਿਜਾਇਆ ਜਾ ਰਿਹਾ ਸੀ। ਇਸ ਤੋਂ ਪਹਿਲਾਂ ਕਿ ਇਸ ਨੂੰ ਦਰਿਆ ਦੇ ਵਹਾਓ ਨਾਲ ਫੀਰੋਜ਼ਪੁਰ ਭੇਜਿਆ ਜਾਵੇ ਇਸ ਆਰਮੇਮੈਂਟ ਨੂੰ ਲੁਧਿਆਣੇ ਵਿਖੇ ਜੋੜਿਆ ਜਾਵੇਗਾ।

ਰਣਜੋਧ ਸਿੰਘ ਮਜੀਠੀਆ ਅਤੇ ਲਾਡਵਾ ਦੇ ਅਜੀਤ ਸਿੰਘ ਨੇ ਫਿਲੌਰ ਤੋਂ ਸਤਲੁਜ ਪਾਰ ਕੀਤਾ। ਉਨ੍ਹਾਂ ਦੇ ਨਾਲ 8,000 ਸਿਪਾਹੀ ਅਤੇ 70 ਤੋਪਾਂ ਸਨ। ਤੇਜ਼ ਕਦਮ ਪੁੱਟਦਿਆਂ ਉਨ੍ਹਾਂ ਫਤਹਗੜ੍ਹ, ਧਰਮਕੋਟ, ਗੰਗਾਰਾਣਾ ਅਤੇ ਬੱਡੋਵਾਲ ਦੇ ਕਿਲ੍ਹੇ ਆਪਣੇ ਕਬਜ਼ੇ ਵਿਚ ਕਰ ਲਏ ਅਤੇ ਲੁਧਿਆਣੇ ਤੋਂ ਉਰੇ 7 ਮੀਲ ਤੇ ਬਰਨ ਹਰਾ ਵਿਖੇ ਆਪਣੇ ਤੰਬੂ ਗੱਡ ਦਿੱਤੇ। ਪੰਜਾਬੀਆਂ ਨੇ ਲੁਧਿਆਣਾ ਛਾਉਣੀ ਵਿਚ ਦਾਖ਼ਲ ਹੋਣ ਦਾ ਉਪਰਾਲਾ ਕਰ ਲਿਆ ਅਤੇ ਕਈ ਬਾਰਕਾਂ ਨੂੰ ਅੱਗ ਲਾ ਦਿੱਤੀ।

ਸਰ ਹੈਰੀ ਸਮਿੱਥ ਨੂੰ ਲੁਧਿਆਣੇ ਦੇ ਬਚਾਓ ਲਈ ਭੇਜਿਆ ਗਿਆ। ਉਹ ਫੀਰੋਜ਼ਪੁਰ ਤੋਂ ਉੱਤਰ ਵੱਲ ਵਧਿਆ ਅਤੇ ਸਤਲੁਜ ਤੋਂ ਥੋੜ੍ਹੇ ਮੀਲਾਂ ਦੀ ਵਿੱਥ 'ਤੇ ਸੀ। ਰਣਜੋਧ ਸਿੰਘ ਮਜੀਠੀਆ ਸਮਿੱਥ ਦੇ ਦਸਤੇ ਨੂੰ ਪਰੇਸ਼ਾਨ ਕਰਦਾ ਰਿਹਾ ਅਤੇ ਜਦੋਂ ਬੱਡੋਵਾਲ ਵਿਖੇ ਸਮਿੱਥ ਨੇ ਚੱਕਰ ਕੱਟ ਕੇ ਅੱਗੇ ਵਧਣਾ ਚਾਹਿਆ ਤਾਂ ਉਸ ਦੀ ਪਿਛਾੜੀ ਤੇ ਭਾਰੀ ਹਮਲਾ ਕਰਕੇ ਉਸ ਦੇ ਸਮਾਨ ਅਤੇ ਭੰਡਾਰ ਵਾਲੀ ਗੱਡੀ ਲੁੱਟ ਲਈ। ਸਰ ਹੈਰੀ ਨੇ ਰਣਜੋਧ ਸਿੰਘ ਦੀ ਜੰਗੀ ਜੁਗਤ ਦੀ ਬੜੀ ਸ਼ਲਾਘਾ ਕੀਤੀ।

ਕੁਝ ਦਿਨਾਂ ਪਿੱਛੋਂ ਸਰ ਹੈਰੀ ਸਮਿੱਥ ਜਿਸ ਇਮਦਾਦ ਦੀ ਆਸ ਲਾਈ ਬੈਠਾ ਸੀ, ਉਹ ਪਹੁੰਚ ਗਈ ਅਤੇ ਉਸ ਪੰਜਾਬੀਆਂ ਉਪਰ ਹਮਲਾ ਕੀਤਾ। ਅਲੀਵਾਲ ਵਿਖੇ ਸਮਿੱਥ ਨੇ ਰਣਜੋਧ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਲਾਡਵਾ ਨੂੰ ਸਖ਼ਤ ਹਾਰ ਦਿੱਤੀ ਅਤੇ ਉਹ ਦੋਵੇਂ ਰਣਖੇਤਰ ਛੱਡ ਕੇ ਦੌੜ ਗਏ। ਇਕ ਵਾਰ ਮੁੜ ਪੰਜਾਬੀਆਂ ਨੇ ਹੌਸਲੇ ਨਹੀਂ ਛੱਡੇ। ਲੜਾਈ ਕਰਦੇ ਹੋਏ ਬਹੁਤ ਸਾਰੇ ਸ਼ਹੀਦ ਹੋ ਗਏ ਅਤੇ ਭਾਰੀ ਗਿਣਤੀ ਵਿਚ ਦਰਿਆ ਵਿਚ ਡੁੱਬ ਗਏ। 56 ਤੋਪਾਂ ਦੁਸ਼ਮਣ ਦੇ ਹੱਥ ਵਿਚ ਆ ਗਈਆਂ।

ਸਭਰਾਓਂ—ਫ਼ਰਵਰੀ 10, 1846

ਅਲੀਵਾਲ ਵਿਖੇ ਹੋਏ ਨੁਕਸਾਨ ਕਾਰਨ ਦਰਬਾਰ ਦੀ ਫ਼ੌਜ ਨੇ ਲੜਾਈ ਲਈ ਰੱਖਿਆ ਵਾਲੀ ਜੁਗਤ ਅਪਣਾਈ। ਇਸ ਦੇ ਜਰਨੈਲ ਇਸ ਗੱਲੋਂ ਅਨਿਸਚਿਤ ਸਨ ਕਿ ਦੁਸ਼ਮਣ ਕਿੱਥੋਂ ਸਤਲੁਜ ਪਾਰ ਕਰੇਗਾ। ਇਸ ਲਈ ਉਨ੍ਹਾਂ ਆਪਣੀਆਂ ਫ਼ੌਜਾਂ ਖਿਲਾਰ ਦਿੱਤੀਆਂ। ਦੁਸ਼ਮਣ ਦੀਆਂ ਫ਼ੌਜਾਂ ਨੂੰ ਲਾਹੌਰ ਵੱਲ ਵਧਣ ਤੋਂ ਰੋਕ ਪਾਉਣ ਲਈ ਭਾਰੀ ਗਿਣਤੀ ਵਿਚ ਫ਼ੌਜ ਨੂੰ ਸਭਰਾਓਂ ਪਿੰਡ ਦੇ ਨੇੜੇ ਘੋੜੇ ਦੇ ਖੁਰ ਦੀ ਸ਼ਕਲ ਵਿਚ ਤਾਇਨਾਤ ਕੀਤਾ ਗਿਆ। ਇਸ ਦੀ ਕਮਾਨ ਗੱਦਾਰ ਤੇਜ ਸਿੰਘ ਦੇ ਹੱਥ ਸੀ। ਦੂਜਾ ਗੱਦਾਰ ਲਾਲ ਸਿੰਘ ਦਰਿਆ ਤੋਂ ਥੋੜ੍ਹਾ ਉਪਰ ਕਰਕੇ ਡਟ ਗਿਆ ਤਾਂ ਜੋ ਅੰਮ੍ਰਿਤਸਰ ਤੇ ਹੋਏ ਹਮਲੇ ਨੂੰ ਰੋਕ ਸਕੇ।

ਸਭਰਾਓਂ ਵਿਖੇ ਪੰਜਾਬੀਆਂ ਦੇ ਮੋਰਚੇ ਸਤਲੁਜ ਦੇ ਖੱਬੇ ਕੰਢੇ ਤੇ ਸਨ ਅਤੇ ਇਕ ਪਾਨਟੂਨ ਬੇੜੀਆਂ ਦੇ ਪੁਲ ਨਾਲ ਬੁਨਿਆਦੀ ਕੈਂਪ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਦੀਆਂ ਵੱਡੀਆਂ ਤੋਪਾਂ ਉੱਚੀਆਂ ਕਰਕੇ ਪੁਸ਼ਤੇ ਤੇ ਬੀੜੀਆਂ ਹੋਈਆਂ ਸਨ। ਸਿੱਟੇ ਦੇ ਤੌਰ ਤੇ ਇਨ੍ਹਾਂ ਨਾਲ ਧਾਵਾ ਬੋਲਣ ਵਾਲਾ ਅਮਲ ਨਹੀਂ ਹੋ ਸਕਦਾ ਸੀ। ਇਨਫੈਂਟਰੀ ਨੂੰ ਵੀ ਮਿੱਟੀ ਦੀ ਉਸਾਰੀ ਪਿੱਛੇ ਤਾਇਨਾਤ ਕੀਤਾ ਗਿਆ ਸੀ। ਇਸ ਲਈ ਦੁਸ਼ਮਣ ਨੂੰ ਪਰੇਸ਼ਾਨ ਕਰਨ ਲਈ ਉਸ ਨੂੰ ਵਰਤਿਆ ਨਹੀਂ ਜਾ ਸਕਦਾ ਸੀ।

ਗੱਫ ਅਤੇ ਹਾਰਡਿੰਗ ਨੇ ਇਹ ਫ਼ੈਸਲਾ ਕੀਤਾ ਕਿ ਸਭਰਾਓਂ ਤੇ ਸਿੱਧਾ ਹਮਲਾ ਕੀਤਾ ਜਾਵੇ ਅਤੇ ਇਕ ਹੀ ਮਾਰ ਵਿਚ ਦਰਬਾਰ ਦੀ ਫ਼ੌਜ ਤਬਾਹ ਕਰ ਦਿੱਤੀ ਜਾਵੇ। ਨਿਰਸੰਦੇਹ

ਇਸ ਦੀ ਵਿਉਂਤ ਇਸ ਵਿਸ਼ਵਾਸ ਨਾਲ ਕੀਤੀ ਗਈ ਸੀ ਕਿ ਸਿੱਖ ਕਮਾਂਡਰ ਉਨ੍ਹਾਂ ਦਾ ਸਾਥ ਦੇ ਰਹੇ ਸਨ।

ਫ਼ਰਵਰੀ 7 ਨੂੰ ਵਰਖਾ ਸ਼ੁਰੂ ਹੋ ਗਈ। ਅਗਲੇ ਦੋ ਦਿਨ ਤਕ ਬਾਰਸ਼ ਨੇ ਰੁਕਣ ਦਾ ਨਾਂ ਨਹੀਂ ਲਿਆ। ਇਸ ਨਾਲ ਸਤਲੁਜ ਦਾ ਪਾਣੀ ਸੱਤ ਇੰਚ ਤੋਂ ਵੱਧ ਚੜ੍ਹ ਗਿਆ। ਇਸ ਕਾਰਨ ਦਰਿਆ ਵਿਚ ਬੇੜੀਆਂ ਆਦਿ ਦੀ ਆਵਾਜਾਈ ਵਿਚ ਰੋਕ ਪੈ ਗਈ। ਪਾਨਟੂਨ ਬੇੜੀਆਂ ਦਾ ਢਾਂਚੇ ਮਾਤਰ ਪੁਲ ਸੀ, ਜਿਸ ਨਾਲ ਖੱਬੇ ਕੰਢੇ ਤੇ ਤੰਬੂ ਗੱਡ ਕੇ ਬੈਠੀ ਫ਼ੌਜ ਆਪਣੇ ਬੁਨਿਆਦੀ ਸਥਾਨ ਨਾਲ ਜੁੜੀ ਹੋਈ ਸੀ। ਗੱਫ ਨੇ ਝੱਟ ਹੀ ਅਵਸਰ ਦਾ ਲਾਭ ਉਠਾਇਆ। ਜਿਉਂ ਹੀ ਬਾਰਸ਼ ਬੰਦ ਹੋਈ, ਉਹ ਫ਼ੀਰੋਜ਼ਪੁਰ ਤੋਂ ਕੂਚ ਕਰ ਗਿਆ ਅਤੇ ਹਨੇਰੇ ਦੀ ਓਟ ਵਿਚ ਸਭਰਾਓਂ ਵਿਖੇ ਮੋਰਚੇ ਤੇ ਡਟ ਗਿਆ।

ਫ਼ਰਵਰੀ 10 ਦੀ ਸਵੇਰ ਨੂੰ ਮੀਂਹ ਨਾਲ ਸਿੱਲ੍ਹੇ ਹੋਏ ਖੇਤਾਂ ਉਪਰ ਦਰਿਆ ਵੱਲੋਂ ਗਾੜ੍ਹੀ ਧੁੰਦ ਪੱਸਰ ਗਈ। ਇਸ ਨਾਲ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਇਕ-ਦੂਜੇ ਨੂੰ ਵੇਖ ਨਾ ਸਕੀਆਂ। ਜਦੋਂ ਧੁੰਦ ਨੂੰ ਚੀਰਦਾ ਸੂਰਜ ਵਿਖਾਈ ਦਿੱਤਾ ਤਾਂ ਪੰਜਾਬੀਆਂ ਨੇ ਵੇਖਿਆ ਕਿ ਉਹ ਅੱਗੋਂ-ਪਿੱਛੋਂ ਘੋੜੇ ਦੇ ਦੋ ਨਾਲਾਂ ਵਾਂਗ ਘਿਰੇ ਹੋਏ ਸਨ—ਸਾਹਮਣੇ ਅੰਗਰੇਜ਼ ਫ਼ੌਜ ਸੀ ਅਤੇ ਪਿੱਛੇ ਹੜ੍ਹ ਨਾਲ ਠਾਠਾਂ ਮਾਰਦਾ ਸਤਲੁਜ। ਕੁਝ ਤੋਪਖ਼ਾਨੇ ਦੀ ਝੜਪ ਉਪਰੰਤ ਅੰਗਰੇਜ਼ੀ ਰਸਾਲੇ ਨੇ ਇਹ ਪਤਾ ਲਾਉਣ ਦਾ ਯਤਨ ਕੀਤਾ ਕਿ ਪੰਜਾਬੀਆਂ ਦੀਆਂ ਤੋਪਾਂ ਕਿੱਥੇ-ਕਿੱਥੇ ਬੀੜੀਆਂ ਹੋਈਆਂ ਹਨ।

ਤੋਪਾਂ ਦੇ ਗੋਲੇ ਵਰ੍ਹਾਉਣੇ ਚਾਲੂ ਕੀਤੇ ਗਏ ਅਤੇ ਦੋ ਘੰਟਿਆਂ ਦੇ ਅੰਦਰ-ਅੰਦਰ ਅੰਗਰੇਜ਼ੀ ਤੋਪਾਂ ਨੇ ਦਰਬਾਰ ਦੀਆਂ ਤੋਪਾਂ ਚੁੱਪ ਕਰਵਾ ਦਿੱਤੀਆਂ। ਇਸ ਤੋਂ ਉਪਰੰਤ ਅੰਗਰੇਜ਼ਾਂ ਨੇ ਪੰਜਾਬੀ ਮੋਰਚਿਆਂ ਉਪਰ ਤਿੰਨ ਪਾਸਿਆਂ ਤੋਂ ਹਮਲਾ ਕਰ ਦਿੱਤਾ।

ਤੇਜ ਸਿੰਘ ਨੇ ਪਾਨਟੂਨ ਬੇੜੀਆਂ ਦਾ ਪੁਲ ਪਾਰ ਕੀਤਾ ਅਤੇ ਇਸ ਨੂੰ ਤਬਾਹ ਕਰ ਦਿੱਤਾ। ਪਰ ਹੋਰ ਬਹੁਤ ਸਾਰੇ ਜਰਨੈਲ ਲੜਨ ਲਈ ਡਟੇ ਰਹੇ। ਇਨ੍ਹਾਂ ਵਿਚ ਸਭ ਤੋਂ ਵੱਧ ਮਸ਼ਹੂਰ ਸਨ—ਸ਼ਾਮ ਸਿੰਘ ਅਟਾਰੀਵਾਲਾ, ਜਿਸ ਪੰਜਾਬੀਆਂ ਨੂੰ ਲਲਕਾਰਿਆ ਕਿ ਦੁਸ਼ਮਣ ਵਿਰੁੱਧ ਮਰਨ-ਮਾਰਨ ਲਈ ਡਟ ਜਾਣ। ਜਿਨ੍ਹਾਂ ਬਚਣ ਦਾ ਯਤਨ ਕੀਤਾ ਉਹ ਠਾਠਾਂ ਮਾਰਦੇ ਸਤਲੁਜ ਦੀਆਂ ਘੁੰਮਣ-ਘੇਰੀਆਂ ਵਿਚ ਫਸ ਕੇ ਡੁੱਬ ਗਏ। ਇਸ ਅਮਲ ਵਿਚ 10,000 ਦੇ ਕਰੀਬ ਪੰਜਾਬੀ ਕੁਰਬਾਨ ਹੋ ਗਏ। ਉਨ੍ਹਾਂ ਦੀਆਂ ਤੋਪਾਂ ਤੇ ਕਬਜ਼ਾ ਕਰ ਲਿਆ ਗਿਆ ਜਾਂ ਦਰਿਆ ਦੇ ਸਪੁਰਦ ਕਰ ਦਿੱਤੀਆਂ ਗਈਆਂ। ਇਹ ਸੰਪੂਰਨ ਅਤੇ ਕਰਾਰੀ ਹਾਰ ਸੀ।

ਲਾਰਡ ਗੱਫ ਨੇ ਸਭਰਾਓਂ ਨੂੰ ਭਾਰਤ ਦੀ ਵਾਟਰਲੂ ਕਿਹਾ। ਉਸ ਪੰਜਾਬੀਆਂ ਦੀ ਬਹਾਦਰੀ ਦੀ ਦਾਦ ਦਿੱਤੀ : "ਆਪਣੇ ਦੁਸ਼ਮਣ ਦੀ ਡਟ ਕੇ ਮੁਕਾਬਲਾ ਕਰਨ ਦੀ ਬਹਾਦਰੀ ਦੀ ਖੁੱਲ੍ਹੇ ਤੌਰ ਤੇ ਸਲਾਘਾ ਕਰਨ ਲਈ ਨੀਤੀ ਇਜਾਜ਼ਤ ਨਹੀਂ ਦਿੰਦੀ ਕਿ ਮੈਂ ਉਨ੍ਹਾਂ ਦੀ ਪ੍ਰਦਰਸ਼ਿਤ ਕੀਤੇ ਬਹਾਦਰੀ ਦੇ ਅਮਲਾਂ ਦੀ ਦਾਸਤਾਨ ਕਲਮਬੰਦ ਕਰਾਂ। ਨਾ ਕੇਵਲ ਵਿਅਕਤੀਗਤ ਰੂਪ ਵਿਚ ਸਗੋਂ ਪੂਰੀ ਤਰ੍ਹਾਂ ਸਾਂਝੇ ਤੌਰ ਤੇ ਵੀ ਸਿੱਖ ਸਰਦਾਰਾਂ ਅਤੇ ਉਨ੍ਹਾਂ ਦੀ ਫ਼ੌਜ ਵੱਲੋਂ। ਮੈਂ ਇਹ ਵੀ ਐਲਾਨ ਕਰਦਾ ਹਾਂ ਕਿ ਜੇਕਰ ਮੇਰੇ ਦੇਸ਼ ਦੇ ਹਿਤ ਵਿਚ ਅਜਿਹੀ ਮਹਾਨ ਕੁਰਬਾਨੀ ਦੀ ਲੋੜ ਨਾ ਹੁੰਦੀ ਤਾਂ ਮੈਂ ਜ਼ਰੂਰ ਹੰਝੂ ਵਗਾਉਂਦਾ ਕਿ ਮੈਂ ਅਜਿਹੇ ਲੜਨ ਵਾਲੇ ਲੋਕਾਂ ਦੀ ਜਮਾਤ ਦਾ ਨਿਡਰ ਰੂਪ ਵਿਚ ਕਾਤਲ ਹੋਇਆ।

ਸਤਲੁਜ ਪਾਰ ਦੇ ਆਪਣੇ ਭਰਾਵਾਂ ਅਤੇ ਅੰਗਰੇਜ਼ਾਂ ਸੰਬੰਧੀ ਮਾਲਵੇ ਦੇ ਲੋਕਾਂ ਦਾ ਵਤੀਰਾ ਵੀ ਧਿਆਨ ਦੀ ਮੰਗ ਕਰਦਾ ਹੈ। ਇਸ ਇਲਾਕੇ ਦੇ ਅਣਗਿਣਤ ਜਗੀਰਦਾਰਾਂ, ਸਰਦਾਰਾਂ

ਵਿਚ ਕੇਵਲ ਚਾਰ—ਪਟਿਆਲਾ, ਜੀਂਦ, ਫਰੀਦਕੋਟ ਅਤੇ ਛਛਰੌਲੀ ਨੇ ਦੁਸ਼ਮਣ ਨੂੰ ਪੂਰੀ-ਪੂਰੀ ਸਹਾਇਤਾ ਦਿੱਤੀ। ਬਾਕੀ ਜਾਂ ਤਾਂ ਦੁਆਲੇ ਖੜੇ ਤਮਾਸ਼ਾ ਵੇਖਦੇ ਰਹੇ ਜਾਂ ਦਰਬਾਰ ਲਈ ਹਮਦਰਦੀ ਪ੍ਰਗਟ ਕੀਤੀ। ਦੋ ਮੁਸਲਮਾਨ ਨਵਾਬਾਂ ਵਿਚੋਂ ਮਲੇਰਕੋਟਲਾ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਮਮਦੋਟ ਨੂੰ ਭਾਵੇਂ ਜਗੀਰ ਦਾ ਲਾਲਚ ਦਿੱਤਾ ਗਿਆ ਸੀ ਤਾਂ ਵੀ ਉਸ ਨੇ ਆਪਣੇ ਭਾਈ ਨੂੰ ਇਜਾਜ਼ਤ ਦਿੱਤੀ ਕਿ ਫੀਰੋਜ਼ ਸ਼ਹਿਰ ਵਿਖੇ ਆਪਣਾ ਦਸਤਾ ਅੰਗਰੇਜ਼ਾਂ ਦੇ ਵਿਰੁੱਧ ਲਿਜਾਵੇ। ਆਮ ਲੋਕਾਂ ਦਾ ਜਜ਼ਬਾ ਫਰੰਗੀਆਂ ਦੇ ਵਿਰੁੱਧ ਸੀ। ਕਿਸਾਨਾਂ ਨੇ ਤਾਂ ਅੰਗਰੇਜ਼ੀ ਫ਼ੌਜ ਨੂੰ ਆਪਣੇ ਦਾਣੇ ਅਤੇ ਚਾਰਾ ਵੇਚਣ ਤੋਂ ਵੀ ਇਨਕਾਰ ਕਰ ਦਿੱਤਾ।

ਸਤਲੁਜ ਦੇ ਮੋਰਚੇ ਦੀ ਸਮਾਪਤੀ ਉਪਰੰਤ ਅੰਗਰੇਜ਼ੀ ਸਰਕਾਰ ਨੇ ਰੋਪੜ, ਲਾਡਵਾ ਅਤੇ ਅਲੀਵਾਲ ਜ਼ਬਤ ਕਰ ਲਏ। ਨਾਭੇ ਦੇ ਇਲਾਕੇ ਦਾ ਚੌਥਾ ਹਿੱਸਾ ਲੈ ਕੇ ਸਾਥ ਦੇਣ ਵਾਲੇ ਸਰਦਾਰਾਂ ਵਿਚ ਵੰਡ ਦਿੱਤਾ। ਮਾਲਵੇ ਦੇ ਜਗੀਰਦਾਰਾਂ ਦੀ ਕਾਨੂੰਨੀ ਸ਼ਕਤੀ ਸਮਾਪਤ ਕਰ ਦਿੱਤੀ ਗਈ। ਉਹ ਕੇਵਲ ਮਾਲੀਆ ਵਸੂਲ ਕਰਨ ਜੋਗੇ ਹੀ ਰਹਿ ਗਏ।

ਕਾਂਡ—21

ਅੰਗਰੇਜ਼ਾਂ ਅਧੀਨ ਪੰਜਾਬ

ਸਭਰਾਓਂ ਦੀ ਜਿੱਤ ਪ੍ਰਾਪਤ ਕਰਕੇ ਦੋ ਦਿਨ ਉਪਰੰਤ ਅੰਗਰੇਜ਼ੀ ਫ਼ੌਜ ਨੇ ਸਤਲੁਜ ਪਾਰ ਕੀਤਾ ਅਤੇ ਕਸੂਰ ਤੇ ਕਬਜ਼ਾ ਕਰ ਲਿਆ। ਪਹਾੜੀ ਫ਼ੌਜਾਂ ਨੂੰ ਲੈ ਕੇ ਲਾਹੌਰ ਪੁੱਜੇ ਗੁਲਾਬ ਸਿੰਘ ਡੋਗਰਾ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਉਹ ਅਮਨ ਲਈ ਸੰਧੀ ਤਿਆਰ ਕਰੇ ਅਤੇ ਇਸ ਬਾਰੇ ਗੱਲ-ਬਾਤ ਕਰੇ। ਗੁਲਾਬ ਸਿੰਘ ਡੋਗਰਾ ਨੇ ਫ਼ੌਜ ਦੇ ਪੰਚਾਂ ਪਾਸੋਂ ਇਹ ਭਰੋਸਾ ਪ੍ਰਾਪਤ ਕਰ ਲਿਆ ਕਿ ਜਿਹੜੀਆਂ ਸ਼ਰਤਾਂ 'ਤੇ ਉਹ ਸਮਝੌਤਾ ਕਰੇਗਾ ਉਹ ਪਰਵਾਨ ਕੀਤੀਆਂ ਜਾਣਗੀਆਂ। ਅੱਗੋਂ ਉਸ ਲਾਰਡ ਹਾਰਡਿੰਗ ਅੱਗੇ ਦਰਬਾਰ ਦੀ ਅਰਜ਼ੀ ਰੱਖੀ। ਸਿੱਖ ਰਾਜ ਦੇ ਭਵਿੱਖ ਸੰਬੰਧੀ ਲਾਰਡ ਹਾਰਡਿੰਗ ਨੇ ਪਹਿਲਾਂ ਹੀ ਮਨ ਬਣਾ ਲਿਆ ਸੀ। ਉਹ ਇਹ ਜਾਣਦਾ ਸੀ ਕਿ ਖਾਲਸਾ ਫ਼ੌਜਾਂ ਕਈ ਥਾਵਾਂ ਤੇ ਖਿਲਰੀਆਂ ਹੋਣਗੀਆਂ, ਉਹ ਅਲਹਾਕ ਦੀ ਇਜਾਜ਼ਤ ਨਹੀਂ ਦੇਣਗੀਆਂ। ਇਸ ਲਈ ਉਸ ਨੇ ਉਨ੍ਹਾਂ ਸ਼ਰਤਾਂ 'ਤੇ ਹੀ ਸਬਰ ਕਰ ਲਿਆ ਜਿਨ੍ਹਾਂ ਸਦਕਾ ਉਚਿਤ ਸਮੇਂ ਤੇ ਰਾਜ ਦੀ ਵਾਗਡੋਰ ਸੰਭਾਲਣ ਦਾ ਅਵਸਰ ਮਿਲ ਸਕੇ। ਉਸ ਰਾਜ ਨੂੰ ਕਮਜ਼ੋਰ ਕਰਨ ਲਈ ਇਸ ਨੂੰ ਉਪਜਾਊ ਧਰਤੀ ਤੋਂ ਵਾਂਝਿਆਂ ਕੀਤਾ, ਹਿੰਦੀ ਫ਼ੌਜ ਘਟਾਈ ਅਤੇ ਇਸ ਦੀ ਸਰਹੱਦ ਤੇ ਇਕ ਵਿਰੋਧੀ ਧਿਰ ਨੂੰ ਹੱਲਾਸ਼ੇਰੀ ਦਿੱਤੀ। ਦਰਬਾਰ ਤੇ ਲਾਈਆਂ ਗਈਆਂ ਇਹ ਸ਼ਰਤਾਂ ਸੰਧੀ ਵਿਚ ਸ਼ਾਮਲ ਕੀਤੀਆਂ ਗਈਆਂ।

ਲਾਹੌਰ ਦੀ ਸੰਧੀ :

ਮਾਰਚ 9 ਅਤੇ 11, 1846

ਜੇਤੂ ਅੰਗਰੇਜ਼ਾਂ ਵੱਲੋਂ ਲਾਗੂ ਕੀਤੀਆਂ ਗਈਆਂ ਸ਼ਰਤਾਂ ਕਾਰਨ ਰਾਜ ਨੂੰ ਜਲੰਧਰ ਦੋਆਬ ਦਾ ਇਲਾਕਾ ਛੱਡਣਾ ਪਿਆ, ਡੇਢ ਕਰੋੜ ਦਾ ਜੰਗੀ ਤਾਵਾਨ ਤਾਰਨਾ ਪਿਆ। ਆਪਣੀ ਫ਼ੌਜ ਨੂੰ 20,000 ਇਨਫ਼ੈਂਟਰੀ, 12,000 ਘੋੜਸਵਾਰਾਂ ਤਕ ਸੀਮਿਤ ਕਰਨਾ ਪਿਆ। ਸਤਲੁਜ ਦੇ ਮੋਰਚੇ ਵਿਚ ਵਰਤੋਂ ਵਿਚ ਲਿਆਂਦੀਆਂ ਹੋਈਆਂ ਸਾਰੀਆਂ ਤੋਪਾਂ ਦੇਣੀਆਂ ਪਈਆਂ ਅਤੇ ਇਸ ਦੇ ਨਾਲ ਹੀ ਸਤਲੁਜ ਦੇ ਦੋਹਾਂ ਕਿਨਾਰਿਆਂ ਦਾ ਕਬਜ਼ਾ ਅੰਗਰੇਜ਼ਾਂ ਨੂੰ ਦੇਣਾ ਪਰਵਾਨ ਕੀਤਾ ਗਿਆ। ਅੱਗੋਂ ਇਕ ਸ਼ਰਤ ਹੋਰ ਵਧਾਈ ਗਈ। ਸਾਲ ਦੇ ਅੰਤ ਤਕ ਇਕ ਫ਼ੌਜੀ ਟੁਕੜੀ ਲਾਹੌਰ ਵਿਚ ਤਾਇਨਾਤ ਕੀਤੀ ਜਾਵੇਗੀ ਜਿਸ ਲਈ ਖ਼ਰਚਾ ਦਰਬਾਰ ਵੱਲੋਂ ਦਿੱਤਾ ਜਾਵੇਗਾ। ਭਾਵੇਂ ਰਾਣੀ ਜਿੰਦਾਂ ਹਾਕਮ ਵਜੋਂ ਅਮਲ ਕਰਦੀ ਰਹੀ ਅਤੇ ਉਸ ਦਾ ਵਜ਼ੀਰ ਵੀ ਰਾਜਾ ਲਾਲ ਸਿੰਘ ਸੀ, ਪਰ ਅਸਲੀ ਸੱਤਾ ਅੰਗਰੇਜ਼ ਰੈਜ਼ੀਡੈਂਟ ਕਰਨਲ ਹੈਨਰੀ ਲਾਰੇਂਸ ਦੇ ਹੱਥ ਸੀ।

ਦਰਬਾਰ ਤਾਵਾਨ ਦੀ ਪੂਰੀ ਰਕਮ ਤਾਰਨ ਤੋਂ ਅਸਮਰਥ ਸੀ, ਇਸ ਲਈ ਬਿਆਸ ਅਤੇ ਸਿੰਧ ਦੇ ਦਰਮਿਆਨ ਦਾ ਪਹਾੜੀ ਇਲਾਕਾ, ਜਿਸ ਵਿਚ ਕਸ਼ਮੀਰ ਅਤੇ ਹਜ਼ਾਰਾ ਸ਼ਾਮਲ ਸੀ, ਦੇਣ ਲਈ ਰਾਜ਼ੀ ਹੋ ਗਿਆ। ਹਾਰਡਿੰਗ ਇਸ ਸਾਰੇ ਇਲਾਕੇ ਤੇ ਕਾਬਜ਼ ਨਹੀਂ ਹੋਣਾ ਚਾਹੁੰਦਾ ਸੀ, ਉਹ ਝਕਦਾ ਸੀ, ਪਰ ਡੋਗਰਿਆਂ ਨੂੰ ਸ਼ਕਤੀਸ਼ਾਲੀ ਬਣਾ ਕੇ ਉਹ ਪੰਜਾਬੀਆਂ ਨੂੰ ਕਮਜ਼ੋਰ

ਕਰਨਾ ਚਾਹੁੰਦਾ ਸੀ ਅਤੇ ਇਸ ਨੀਤੀ ਅਧੀਨ ਉਸ ਨੇ ਚੱਕੀ ਦਰਿਆ 'ਤੇ ਲਕੀਰ ਫੇਰ ਦਿੱਤੀ। ਬਸ ਕੇਵਲ ਕੁੱਲੂ, ਮਨਾਲੀ, ਨੂਰਪੁਰ ਅਤੇ ਕਾਂਗੜਾ (ਜਿਹੜੇ ਬਿਆਸ ਤੋਂ ਪਾਰ ਸਨ) ਆਪਣੇ ਪਾਸ ਰੱਖੇ। ਬਾਕੀ ਦਾ ਇਲਾਕਾ ਗੁਲਾਬ ਸਿੰਘ ਡੋਗਰਾ ਨੂੰ 75 ਲੱਖ ਰੁਪਏ ਵਿਚ ਵੇਚ ਦਿੱਤਾ। ਮਾਰਚ 16, 1846 ਨੂੰ ਅੰਮ੍ਰਿਤਸਰ ਵਿਖੇ ਇਕ ਹੋਰ ਸੰਧੀ 'ਤੇ ਹਸਤਾਖਰ ਹੋਏ ਅਤੇ ਗੁਲਾਬ ਸਿੰਘ ਡੋਗਰਾ ਨੂੰ ਜੰਮੂ ਅਤੇ ਕਸ਼ਮੀਰ ਦਾ ਮਹਾਰਾਜਾ ਸਵੀਕਾਰ ਕਰ ਲਿਆ ਗਿਆ। ਡੋਗਰਾ ਨੂੰ ਅਪਣੀਆ ਸੇਵਾਵਾ ਦਾ ਮੁੱਲ ਆਸ ਨਾਲੋਂ ਵੱਧ ਮਿਲ ਗਿਆ। ਉਸ ਇਨਾਮ ਸਵੀਕਾਰ ਕਰ ਲਏ ਅਤੇ 'ਜ਼ਰ-ਖ਼ਰੀਦ' ਕਹਿ ਕੇ ਉਸ ਇਸ ਦੇ ਨਾਲੋਂ ਵੱਧ ਸੱਚਾਈ ਪ੍ਰਗਟ ਕੀਤੀ। ਭਾਵ ਸੋਨੇ ਨਾਲ ਖ਼ਰੀਦਿਆ ਗੁਲਾਬ।

ਪੰਜਾਬ ਦੇ ਉਸ ਵੇਲੇ ਦੇ ਰਾਜ ਨੂੰ ਤਿਕੜੀ ਰੂਪ ਦਾ ਰਾਜ ਬਣਾ ਦਿੱਤਾ ਗਿਆ ਜਿਹੜਾ ਲਾਰੇਂਸ ਭਰਾਵਾਂ ਅਤੇ ਗੁਲਾਬ ਸਿੰਘ ਡੋਗਰਾ ਦੇ ਅਧੀਨ ਸੀ। ਰੈਜ਼ੀਡੈਂਟ ਵਜੋਂ ਹੈਨਰੀ ਮਾਝਾ ਉਪਰ ਲਾਹੌਰ ਤੋਂ ਰਾਜ ਕਰ ਰਿਹਾ ਸੀ। ਜਲੰਧਰ ਦੋਆਬ ਤੋਂ ਕਮਿਸ਼ਨਰ ਵਜੋਂ ਜੌਨ ਦੀ ਹਕੂਮਤ ਸੀ, ਹਜ਼ਾਰਾ ਅਤੇ ਡੇਰਾ ਜਾਟ ਉਪਰ ਜਾਰਜ ਦਾ ਨਿਯੰਤਰਣ ਪੇਸ਼ਾਵਰ ਤੋਂ ਸੀ। ਰਾਜ ਦੀਆਂ ਸਰਹੱਦਾਂ ਨੂੰ ਨਵੇਂ ਸਿਰਿਓਂ ਉਲੀਕਣ ਲਈ ਅਤੇ ਦਰਬਾਰ ਦੇ ਅਧਿਕਾਰੀਆਂ ਨੂੰ ਸਹਾਇਤਾ ਜੁਟਾਉਣ ਦੇ ਬਹਾਨੇ ਅੰਗਰੇਜ਼ ਅਫ਼ਸਰਾਂ ਨੂੰ ਸਟ੍ਰੇਟੇਜਿਕ ਨੁਕਤਿਆਂ 'ਤੇ ਨਿਯੁਕਤ ਕਰ ਦਿੱਤਾ ਗਿਆ ਸੀ। ਨੌਜਵਾਨ ਮਹਾਰਾਜਾ ਅਤੇ ਉਸ ਦਾ ਦਰਬਾਰ ਕੇਵਲ ਰਾਜ ਦਾ ਬਚਿਆ-ਖੁਚਿਆ ਨਾਂ-ਮਾਤਰ ਸਜਾਵਟੀ ਹਿੱਸਾ ਰਹਿ ਗਿਆ ਸੀ।

ਅੰਗਰੇਜ਼ਾਂ ਨੂੰ ਉਹ ਸੰਧੀ ਲਾਗੂ ਕਰਨ ਵਿਚ ਥੋੜ੍ਹੀ ਔਖ ਹੋਈ, ਜਿਹੜੀ ਉਨ੍ਹਾਂ ਦਰਬਾਰ ਅਤੇ ਗੁਲਾਬ ਸਿੰਘ ਡੋਗਰਾ ਵਿਚਕਾਰ ਕੀਤੀ ਸੀ। ਹੈਨਰੀ ਲਾਰੇਂਸ ਨੂੰ ਫ਼ੌਜ ਲੈ ਕੇ ਕਾਂਗੜਾ ਜਾਣਾ ਪਿਆ ਤਾਂ ਜੋ ਕਿਲ੍ਹੇ ਦਾ ਅਧਿਕਾਰ ਛੱਡਣ ਤੇ ਮਜਬੂਰ ਕਰ ਸਕੇ। ਕਸ਼ਮੀਰ ਦੀ ਹਾਲਤ ਹੋਰ ਵੀ ਗੁੰਝਲਦਾਰ ਸੀ। ਰਾਜਪਾਲ, ਸ਼ੇਖ਼ ਇਮਾਮ-ਉਦ-ਦੀਨ ਨੂੰ ਦਰਬਾਰ ਤੋਂ ਆਦੇਸ਼ ਮਿਲ ਗਏ ਸਨ ਕਿ ਪ੍ਰਸ਼ਾਸਨ ਕਾਰਜ ਗੁਲਾਬ ਸਿੰਘ ਡੋਗਰਾ ਨੂੰ ਸੌਂਪ ਦੇਵੇ। ਇਸ ਦੇ ਨਾਲ ਹੀ ਇਕ ਗੁਪਤ ਪਰਚੀ ਰਾਜਾ ਲਾਲ ਸਿੰਘ ਪਾਸੋਂ ਵੀ ਪ੍ਰਾਪਤ ਹੋਈ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਡੋਗਰਾ ਦੇ ਅੱਗੇ ਵਧਣ ਨੂੰ ਠੱਲ੍ਹਿਆ ਜਾਵੇ। ਅਸਲ ਵਿਚ ਰਾਜਾ ਲਾਲ ਸਿੰਘ ਅੰਗਰੇਜ਼ਾਂ ਵੱਲੋਂ ਗੁਲਾਬ ਸਿੰਘ ਡੋਗਰਾ ਪ੍ਰਤੀ ਵਿਖਾਈ ਗਈ ਖੁੱਲ੍ਹਦਿਲੀ ਤੋਂ ਖਾਰ ਖਾਂਦਾ ਸੀ। ਸ਼ੇਖ਼ ਤਾਂ ਇਹ ਆਸ ਲਾਈ ਬੈਠਾ ਸੀ ਕਿ ਉਸ ਦੀ ਨਿਯੁਕਤੀ ਸਥਾਈ ਹੋ ਜਾਵੇਗੀ ਇਸ ਲਈ ਉਸ ਆਪਣੇ ਵਿਰੋਧ ਵਿਚ ਆਏ ਡੋਗਰਿਆਂ ਨੂੰ ਕੱਢ ਦਿੱਤਾ। ਇਕ ਵਾਰ ਮੁੜ ਹੈਨਰੀ ਲਾਰੇਂਸ ਨੂੰ ਹੁਕਮ ਦੀ ਪਾਲਣਾ ਲਈ ਮਜਬੂਰ ਕਰਨਾ ਪਿਆ। ਹੁਣ ਸ਼ੇਖ਼ ਇਮਾਮ-ਉਦ-ਦੀਨ ਨੇ ਕਿਸੇ ਪ੍ਰਕਾਰ ਦੀ ਰੋਕ ਰੈਜ਼ੀਡੈਂਟ ਨੂੰ ਨਹੀਂ ਪਾਈ ਅਤੇ ਚੁੱਪਚਾਪ ਦਫ਼ਤਰ ਦੀ ਵਾਗਡੋਰ ਅਤੇ ਰਾਜਾ ਲਾਲ ਸਿੰਘ ਤੋਂ ਪ੍ਰਾਪਤ ਹੋਈ ਗੁਪਤ ਪਰਚੀ ਵੀ ਸੌਂਪ ਦਿੱਤੀ। ਰਾਜਾ ਲਾਲ ਸਿੰਘ ਦੇ ਉਪਰ ਅੰਗਰੇਜ਼ੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਉਹ ਦੋਗਲੇਪਨ ਲਈ ਕਸੂਰਵਾਰ ਨਿਕਲਿਆ। ਇਸ ਲਈ ਉਸ ਨੂੰ ਪੰਜਾਬ ਤੋਂ ਦੇਸ਼-ਨਿਕਾਲਾ ਦਿੱਤਾ ਗਿਆ। ਉਸ ਦੀ ਥਾਂ ਤੇਜ ਸਿੰਘ ਨੇ ਮੱਲੀ, ਜਿਹੜਾ ਦਰਬਾਰ ਦਾ ਮੰਨਿਆ ਹੋਇਆ ਮੁਖੀ ਸਰਦਾਰ ਸੀ।

ਦਸੰਬਰ, 1846 ਵਿਚ ਲਾਰਡ ਹਾਰਡਿੰਗ ਪੰਜਾਬ ਆਇਆ। ਹਕੂਮਤ ਦੇ ਉਸਰੱਈਏ ਦੇ ਰੂਪ ਵਿਚ ਉਸ ਸਰਦਾਰਾਂ ਨੂੰ ਘੜੀਆ ਦੇ ਇਨਾਮ ਭੇਂਟ ਕੀਤੇ। ਬਹੁਤ ਘੱਟ ਹੋਣਗੇ ਜਿਹੜੇ ਸਮਾਂ ਵੇਖਣਾ ਜਾਣਦੇ ਹੋਣ। ਉਸ ਇਹ ਵੀ ਪ੍ਰਬੰਧ ਕਰ ਲਿਆ ਸੀ ਕਿ ਦਰਬਾਰ ਇਹ ਲਿਖਤੀ ਬੇਨਤੀ ਕਰੇ ਕਿ ਅੰਗਰੇਜ਼ ਫ਼ੌਜ ਪੰਜਾਬ ਵਿਚ 1854 ਤਕ ਟਿਕੀ ਰਹੇ ਅਤੇ ਉਦੋਂ

ਤਕ ਦਲੀਪ ਸਿੰਘ ਬਾਲਗ ਹੋ ਜਾਵੇਗਾ।

ਭੈਰੋਵਾਲ ਦੀ ਸੰਧੀ—ਦਸੰਬਰ 16, 1846

ਮਾਰਚ 1846 ਦੀ ਲਾਹੌਰ ਦੀ ਸੰਧੀ ਦੀ ਥਾਂ ਇਕ ਨਵੀਂ ਸੰਧੀ ਕੀਤੀ ਗਈ ਜਿਸ ਦੀ ਪ੍ਰੋੜ੍ਹਤਾ ਭੈਰੋਵਾਲ ਵਿਖੇ ਹੋਈ। ਇਸ ਸੰਧੀ ਦੀਆਂ ਸ਼ਰਤਾਂ ਅਨੁਸਾਰ ਅੰਗਰੇਜ਼ ਸਰਕਾਰ ਨੇ ਸੁਰੱਖਿਆ ਦੀ ਸਾਰੀ ਜ਼ਿੰਮੇਵਾਰੀ ਆਪ ਲੈ ਲਈ। ਰੈਜ਼ੀਡੈਂਟ ਨੂੰ ਰਾਜ ਦੇ ਸਾਰੇ ਮਾਮਲਿਆਂ ਦਾ ਅਤੇ ਹਰ ਮਹਿਕਮੇ ਦਾ ਪੂਰਾ-ਪੂਰਾ ਅਧਿਕਾਰ ਸੌਂਪਿਆ ਗਿਆ। ਗਵਰਨਰ ਜਨਰਲ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਉਹ ਅੰਗਰੇਜ਼ ਸਿਪਾਹੀਆਂ ਨੂੰ ਤਾਇਨਾਤ ਕਰਕੇ ਅਜਿਹੀ ਮੋਰਚਾਬੰਦੀ ਕਰ ਸਕਦਾ ਸੀ, ਜਿਹੜੀ ਉਸ ਦੇ ਵਿਚਾਰ ਅਨੁਸਾਰ ਰਾਜਧਾਨੀ ਦੀ ਸੁਰੱਖਿਆ ਲਈ ਜ਼ਰੂਰੀ ਸੀ। ਮਹਾਰਾਜਾ ਸਾਹਿਬ ਦੀ ਹਿਫ਼ਾਜ਼ਤ ਲਈ ਲੋੜੀਂਦੀ ਸੀ ਅਤੇ ਦੇਸ ਦੀ ਅਮਨ ਦੀ ਰਾਖੀ ਲਈ ਕਰਨੀ ਚਾਹੀਦੀ ਸੀ। ਸੰਖੇਪ ਵਿਚ ਅੰਗਰੇਜ਼ ਰੈਜ਼ੀਡੈਂਟ ਨੂੰ ਰੀਜੈਂਸੀ ਪਰੀਸ਼ਦ ਤੋਂ ਸੁਤੰਤਰ ਕਰ ਦਿੱਤਾ ਗਿਆ ਅਤੇ ਉਸ ਨੂੰ ਰਾਜਪਾਲ ਦਾ ਦਰਜਾ ਦੇ ਦਿੱਤਾ ਗਿਆ। ਰਾਣੀ ਜਿੰਦਾਂ ਪਾਸੋਂ ਸਾਰੀ ਸੱਤਾ ਹਥਿਆ ਲਈ ਗਈ ਅਤੇ ਉਸ ਨੂੰ ਡੇਢ ਲੱਖ ਰੁਪਏ ਦੀ ਸਲਾਨਾ ਪੈਨਸ਼ਨ ਦੇ ਕੇ ਇਕ ਪਾਸੇ ਕਰ ਦਿੱਤਾ ਗਿਆ।

ਜੇਤੂਆਂ ਨੇ ਅਲਹਾਕ ਕਰ ਲਏ ਗਏ ਇਲਾਕੇ ਅਤੇ ਉਸ ਇਲਾਕੇ ਵਿਚ ਜਿਨ੍ਹਾਂ ਉਪਰ ਉਹ ਦਰਬਾਰ ਦੇ ਨਾਂ ਹੇਠ ਰਾਜ ਕਰ ਰਹੇ ਸਨ, ਜਿਹੜੀਆਂ ਤਬਦੀਲੀਆਂ ਕੀਤੀਆਂ ਉਹ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਜਲੰਧਰ ਦੋਆਬ ਦੇ ਜਲੰਧਰ, ਹੁਸ਼ਿਆਰਪੁਰ ਅਤੇ ਕਾਂਗੜਾ ਦੇ ਇਲਾਕੇ ਵਿਚ ਜੌਨ ਲਾਰੇਂਸ ਨੇ ਅਜਿਹੇ ਭੂਮੀ ਸੁਧਾਰ ਕੀਤੇ ਜਿਨ੍ਹਾਂ ਦੇ ਆਰਥਿਕ ਅਤੇ ਸਿਆਸੀ ਸਿੱਟੇ ਬੜੀ ਦੂਰ ਤਕ ਮਾਰ ਕਰਨ ਵਾਲੇ ਸਨ। ਉਸ ਵੇਖਿਆ ਕਿ ਭੂਮੀ ਦੀ ਮਾਲਕੀ ਕਈ ਪ੍ਰਕਾਰ ਦੀ ਸੀ। ਕੁਝ ਪਹਾੜੀ ਰਜਵਾੜੇ ਸਨ ਜਿਨ੍ਹਾਂ ਪਾਸ ਹਥਿਆਰਬੰਦ ਫ਼ੌਜ ਵੀ ਸੀ, ਜਿਹੜੀ ਲੋੜ ਪੈਣ ਤੇ ਦਰਬਾਰ ਨੂੰ ਜੁਟਾਈ ਜਾਂਦੀ ਸੀ। ਮਾਝੇ ਦੇ ਮਿਸਲਦਾਰਾਂ ਦੀਆਂ ਜੱਦੀ ਜਗੀਰਾਂ ਸਨ ਅਤੇ ਗੁਰੂ ਸਾਹਿਬਾਨ ਦੇ ਵਾਰਸ ਸੋਢੀਆਂ ਅਤੇ ਬੇਦੀਆਂ ਦੀਆਂ ਵੀ ਜਗੀਰਾਂ ਸਨ। ਧਾਰਮਿਕ ਜਾਇਦਾਦਾਂ ਸਨ, ਸਨਦਾਂ ਰਾਹੀਂ ਮਿਲੀਆਂ ਜਾਇਦਾਦਾਂ ਸਨ ਅਤੇ ਰਾਜ ਦੀ ਸੇਵਾ ਕਰਨ ਹਿਤ ਇਨਾਮ ਵਜੋਂ ਪ੍ਰਾਪਤ ਹੋਈਆਂ ਜਾਇਦਾਦਾਂ ਸਨ।

ਜੌਨ ਲਾਰੇਂਸ ਨੇ ਪਹਾੜੀ ਰਜਵਾੜਿਆਂ ਨੂੰ ਆਪਣੀ-ਆਪਣੀ ਰਿਆਸਤ ਵਿਚ ਪੱਕਿਆਂ ਕਰ ਦਿੱਤਾ ਅਤੇ ਉਨ੍ਹਾਂ ਨੂੰ ਦੂਜੇ ਜਗੀਰਦਾਰਾਂ, ਦੋਹਾਂ ਨੂੰ ਫ਼ੌਜ ਦੇਣ ਤੋਂ ਮੁਆਫ਼ੀ ਦੇ ਕੇ ਨਕਦ ਅਦਾਇਗੀ ਵਿਚ ਬਦਲ ਦਿੱਤਾ। ਇਲਾਕੇ ਵਿਚ ਬਣੇ ਬਹੁਤ ਸਾਰੇ ਛੋਟੇ-ਛੋਟੇ ਕਿਲ੍ਹੇ ਢਾਹ ਦਿੱਤੇ। ਜਿਥੋਂ ਤਕ ਹੋਰ ਜਗੀਰਦਾਰਾਂ ਦਾ ਸਵਾਲ ਸੀ, ਉਨ੍ਹਾਂ ਵਾਸਤੇ ਇਹ ਨਿਯਮ ਨਿਰਧਾਰਤ ਕੀਤੇ ਕਿ ਮਹਾਰਾਜਾ ਸ਼ੇਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਦਿੱਤੀਆਂ ਸਭ ਜਗੀਰਾਂ ਜਾਂ ਗ਼ੈਰ-ਕਾਨੂੰਨੀ ਵਿਅਕਤੀਆਂ ਦੀਆਂ ਦਿਤੀਆਂ ਜਾਇਦਾਦਾਂ, ਜਿਵੇਂ ਕਿ ਨਾਜ਼ਿਮਾਂ ਜਾਂ ਕਾਰਦਾਰਾਂ ਵਜੋਂ ਮੁੜ ਬਹਾਲ ਕੀਤੀਆਂ ਜਾਣਗੀਆਂ। ਸਭ ਤੋਂ ਮਹੱਤਵਪੂਰਨ ਜਗੀਰਾਂ ਉਹ ਸਨ ਜਿਹੜੀਆਂ ਦਰਬਾਰ ਵੱਲੋਂ ਆਪਣੇ ਵਫ਼ਾਦਾਰ ਨੌਕਰਾਂ ਨੂੰ ਬਖਸ਼ੀਆਂ ਗਈਆਂ ਸਨ। ਜੌਨ ਲਾਰੇਂਸ ਦਾ ਇਹ ਪੱਕਾ ਨਿਸ਼ਚਾ ਸੀ ਕਿ "ਜਗੀਰਦਾਰਾਂ ਦੀ ਇਹ ਜਮਾਤ ਹੁਣ ਵਿਹਲੜ, ਨਕਾਰਾ ਅਤੇ ਗ਼ੈਰ-ਵਫ਼ਾਦਾਰ ਸੀ ਅਤੇ ਹਰ ਸਮੇਂ ਘੂੰ-ਘੂੰ ਕਰਦੀ ਰਹਿੰਦੀ ਅਤੇ ਅਵਸਰ ਮਿਲਣ ਤੇ ਖੱਖਰ ਵਾਂਗ ਡੰਗ ਮਾਰਦੀ ਸੀ।"

ਜੌਨ ਲਾਰੇਂਸ ਦੇ ਅਪਣਾਏ ਗਏ ਤੌਰ-ਤਰੀਕੇ ਕਿਸਾਨ ਮਾਲਕਾਂ ਲਈ ਤਾਂ ਕਾਫ਼ੀ ਹੱਦ ਤਕ ਲਾਭਦਾਇਕ ਸਨ, ਪਰ ਜ਼ਮੀਨਾਂ ਦੇ ਮਾਲਕਾਂ 'ਤੇ ਇਸ ਦਾ ਪ੍ਰਭਾਵ ਬਹੁਤ ਭੈੜਾ ਸੀ।

ਇਸ ਦਾ ਅਸਰ ਲਾਹੌਰ ਅੰਦਰ ਵੀ ਗੜਬੜੀ ਵਾਲਾ ਹੋਇਆ ਕਿਉਂਕਿ ਸਤਲੁਜ ਤੋਂ ਪਾਰ ਦੇ ਸਰਦਾਰਾਂ ਪਾਸ ਭਾਰੀ ਜਾਇਦਾਦਾਂ ਅਤੇ ਜਗੀਰਾਂ ਸਨ ਜਿਹੜੀਆਂ ਜਲੰਧਰ ਦੋਆਬੇ ਦੇ ਇਲਾਕੇ ਵਿਚ ਸਨ। ਇਨ੍ਹਾਂ ਰਜਵਾੜਿਆਂ ਅਤੇ ਸਰਦਾਰਾਂ ਦਾ ਤੌਖ਼ਲਾ ਸੀ ਕਿ ਜੇਕਰ ਅੰਗਰੇਜ਼ਾਂ ਨੇ ਬਾਕੀ ਦੇ ਪੰਜਾਬ ਉਪਰ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਪਾਸ ਬਚੀ-ਖੁਚੀ ਜਗੀਰ ਵੀ ਖੁੱਸ ਜਾਵੇਗੀ।

ਜਿਵੇਂ ਜਗੀਰਾਂ ਅਤੇ ਜਾਇਦਾਦਾਂ ਦਾ ਨਿਪਟਾਰਾ ਇਕ ਸਿਰਦਰਦੀ ਸੀ, ਇਵੇਂ ਹੀ ਮਾਲੀਆ ਨਿਰਧਾਰਤ ਕਰਨਾ ਵੀ ਔਖਾ ਸੀ। ਜੌਨ ਲਾਰੇਂਸ ਨੇ ਤਿੰਨ ਸਾਲਾਂ ਲਈ ਸਰਸਰੀ ਪ੍ਰਬੰਧ ਕਰ ਦਿੱਤਾ। ਭਾਵੇਂ ਦਰਬਾਰ ਨਾਲੋਂ ਘੱਟ ਮੰਗ ਕੀਤੀ ਗਈ ਸੀ, ਪਰ ਇਸ ਵਿਚ ਔਖ ਇਹ ਸੀ ਕਿ ਖੇਤੀਬਾੜੀ ਦੀ ਉਪਜ ਦੀ ਥਾਂ ਨਕਦ ਪੈਸਿਆਂ ਦੀ ਮੰਗ ਕੀਤੀ ਗਈ ਸੀ। ਉਸ ਮਾਲੀਆ ਨਿਪਟਾਉਣ ਲਈ ਪਿੰਡਾਂ ਦੀਆਂ ਜਾਤੀਆਂ ਦੇ ਪ੍ਰਤੀਨਿਧਾਂ ਨਾਲ ਸਿੱਧੀ ਗੱਲ-ਬਾਤ ਕੀਤੀ ਅਤੇ ਇਸ ਪ੍ਰਕਾਰ ਚੌਧਰੀਆਂ ਅਤੇ ਲੰਬੜਦਾਰਾਂ ਦੀ ਵਿਚੋਲਗੀਰੀ ਹਟਾ ਦਿੱਤੀ। ਸਿੱਟੇ ਵਜੋਂ ਉਹ ਉਨ੍ਹਾਂ ਸਹੂਲਤਾਂ ਤੋਂ ਵਾਂਝੇ ਰਹਿ ਗਏ ਜਿਹੜੇ ਮਾਲੀਆ-ਮੁਕਤ ਭੂਮੀ ਤੋਂ ਪ੍ਰਾਪਤ ਹੁੰਦੇ ਸਨ। ਮਾਲ ਅਫ਼ਸਰ ਵੀ ਓਨੇ ਹੀ ਅੱਖੜ ਹੋ ਗਏ ਜਿੰਨੇ ਜਗੀਰਦਾਰ।

ਦਰਬਾਰ ਦੇ ਅਧੀਨ ਰਹਿ ਗਏ ਪੰਜਾਬ ਅੰਦਰ ਵੀ ਰੈਜ਼ੀਡੈਂਟ ਨੇ ਇਹੋ ਜਿਹੀਆਂ ਤਬਦੀਲੀਆਂ ਲਿਆਂਦੀਆਂ। ਹੈਨਰੀ ਲਾਰੇਂਸ ਨੇ ਦਰਬਾਰ ਨੂੰ ਆਪਣੇ ਨਾਲ ਰੱਖਣ ਵਿਚ ਧਿਆਨ ਦਿੱਤਾ। ਉਸ ਦੇ ਭਰਾ ਜੌਨ ਨੇ, ਜਿਹੜਾ ਕੁਝ ਸਮੇਂ ਲਈ ਉਸ ਦੀ ਥਾਂ ਕਾਰਜ ਕਰਦਾ ਰਿਹਾ ਸੀ, ਇਸ ਧਾਰਨਾ ਦਾ ਉੱਕਾ ਹੀ ਵਿਰੋਧ ਕੀਤਾ। ਦਰਬਾਰ ਦੇ ਇਲਾਕੇ ਨੂੰ ਚਾਰ ਜੁਡੀਸ਼ਲ ਜ਼ਿਲ੍ਹਿਆਂ ਵਿਚ ਵੰਡਿਆ ਗਿਆ। ਹਰ ਇਕ ਭਾਗ ਇਕ ਜੱਜ ਦੇ ਅਧੀਨ ਕੀਤਾ ਗਿਆ। ਹਰ ਜੱਜ ਨੂੰ ਇਕ ਡਿਪਟੀ ਜਾਂ ਨਾਇਬ ਦਿੱਤਾ ਗਿਆ ਅਤੇ ਨਾਲ ਹੀ ਥੋੜ੍ਹੀ ਫ਼ੌਜ ਵੀ ਦਿੱਤੀ ਗਈ ਤਾਂ ਜੋ ਹੁਕਮ ਦੀ ਪਾਲਣਾ ਕਰਵਾਈ ਜਾਵੇ। ਇਨ੍ਹਾਂ ਜੱਜਾਂ ਨੇ ਕਾਰਦਾਰਾਂ ਦੇ ਫ਼ੈਸਲੇ ਵਿਰੁੱਧ ਅਪੀਲ ਦੀ ਸੁਣਵਾਈ ਕਰਨੀ ਸੀ। ਇਨ੍ਹਾਂ ਨੂੰ ਅਧਿਕਾਰ ਸੀ ਕਿ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਦਾ ਫ਼ੈਸਲਾ ਕਰਨ। ਇਹ ਨਾ ਤਾਂ ਮਾਲੀ ਮਾਮਲੇ ਨਿਪਟਾ ਸਕਦੇ ਸਨ ਅਤੇ ਨਾ ਹੀ ਕਾਰਦਾਰ ਨਿਯੁਕਤ ਕਰ ਸਕਦੇ ਸਨ। ਇਨ੍ਹਾਂ ਅਦਾਲਤਾਂ ਉਪਰ ਅੰਗਰੇਜ਼ ਅਧਿਕਾਰੀਆਂ ਦੀ ਦੇਖ-ਰੇਖ ਸੀ। ਜੌਨ ਲਾਰੇਂਸ ਨੇ ਫ਼ੌਜਦਾਰੀ ਕਾਨੂੰਨ ਦੀ ਪ੍ਰਣਾਲੀ ਬਰਤਾਨਵੀ ਭਾਰਤ ਵਿਚ ਲਾਗੂ ਕਰ ਦਿੱਤੀ। ਇਸ ਦੀ ਛਪਾਈ ਲਾਹੌਰ ਵਿਚ ਹੋਈ। ਇਹ ਦੱਸਣਾ ਵੀ ਉਚਿਤ ਹੈ ਕਿ ਰਾਜਧਾਨੀ ਅੰਦਰ ਲਿਥੋ ਛਾਪਾਖ਼ਾਨਾ ਜਨਵਰੀ 1848 ਵਿਚ ਕਾਇਮ ਕਰ ਦਿੱਤਾ ਗਿਆ ਸੀ। ਛਪਿਆ ਮਸੌਦਾ ਜੁਡੀਸ਼ਲ ਅਧਿਕਾਰੀਆਂ ਨੂੰ ਵੰਡਿਆ ਗਿਆ। ਭੂਮੀ ਪ੍ਰਬੰਧ ਦੀ ਸਰਸਰੀ ਵਿਉਂਤ, ਜਿਹੜੀ ਜੌਨ ਨੇ ਜਲੰਧਰ, ਦੋਆਬ ਵਿਚ ਲਾਗੂ ਕੀਤੀ ਸੀ, ਕੁਝ ਸਮੇਂ ਪਿੱਛੋਂ ਉਹ ਦਰਬਾਰ ਦੇ ਇਲਾਕੇ ਵਿਚ ਵੀ ਲਾਗੂ ਕਰ ਦਿੱਤੀ ਗਈ।

ਰਾਣੀ ਜਿੰਦਾਂ ਅਤੇ ਦਰਬਾਰ ਦੇ ਸਰਦਾਰਾਂ ਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਟੁਕੜੇ-ਟੁਕੜੇ ਕਰਵਾ ਲਏ ਸਨ। ਦੋ-ਤਿਹਾਈ ਹਿੱਸਾ ਹਮਲਾ ਕਰਨ ਵਾਲਿਆਂ ਅਤੇ ਨਵੇਂ ਉੱਭਰੇ ਡੋਗਰੇ ਵਿਚ ਵੰਡਿਆ ਗਿਆ ਸੀ; ਬਾਕੀ ਦਾ ਇਕ ਤਿਹਾਈ ਹਿੱਸਾ ਜਿਹੜਾ ਰਹਿ ਗਿਆ ਸੀ, ਉਸ ਦੀ ਸਾਰੀ ਵਾਗਡੋਰ ਫ਼ਰੰਗੀ ਦੇ ਹੱਥ ਸੀ। ਉਨ੍ਹਾਂ ਆਸ ਲਾਈ ਸੀ ਕਿ ਅੰਗਰੇਜ਼ ਉਨ੍ਹਾਂ ਦੀ ਜਾਨ ਅਤੇ ਮਾਲ ਦੀ ਹਿਫ਼ਾਜ਼ਤ ਕਰਨਗੇ ਤਾਂ ਜੋ ਖ਼ਾਲਸਾ ਫ਼ੌਜ ਉਨ੍ਹਾਂ ਦਾ ਕੁਝ ਨਾ ਵਿਗਾੜ ਸਕੇ। ਅੰਗਰੇਜ਼ਾਂ ਨੇ ਉਨ੍ਹਾਂ ਨੂੰ

ਇਸ ਖ਼ਤਰੇ ਤੋਂ ਤਾਂ ਬਚਾ ਲਿਆ ਪਰ ਅਜਿਹਾ ਕਰਨ ਲਈ ਬਹੁਤ ਭਾਰੀ ਕੀਮਤ ਵਸੂਲ ਕੀਤੀ। ਨਵੀਂ ਪ੍ਰਬੰਧ-ਪ੍ਰਣਾਲੀ ਵਿਚ ਦਰਬਾਰ ਨੂੰ ਸੱਤਾ-ਰਹਿਤ ਕਰ ਦਿੱਤਾ ਗਿਆ ਜਿਸ ਨਾਲ ਭੂਮੀ ਜਗੀਰਦਾਰਾਂ ਦੀ ਆਰਥਿਕ ਸਿਕਦਾਰੀ ਨੂੰ ਕਰਾਰੀ ਸੱਟ ਵੱਜੀ। ਰਾਣੀ ਜਿੰਦਾਂ ਇਨ੍ਹਾਂ ਗੱਲਾਂ ਤੋਂ ਤਿਲਮਿਲਾਈ ਅਤੇ ਰਾਜ ਦੇ ਮਾਮਲਿਆਂ ਵਿਚ ਦਖ਼ਲ ਦੇਣ ਲੱਗੀ। ਰੈਜ਼ੀਡੈਂਟ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਵਿਚ ਕੀ ਜਾਦੂ ਸੀ ਕਿ ਉਸ ਦੀ ਵਿਧਵਾ ਦੀਆਂ ਸਾਰੀਆਂ ਗ਼ਲਤੀਆਂ ਭੁਲਾ ਕੇ ਉਸ ਨੂੰ ਰਾਜਮਾਤਾ ਪਰਵਾਨ ਕਰ ਲਿਆ ਗਿਆ। ਰੈਜ਼ੀਡੈਂਟ ਲਈ ਇਹ ਜ਼ਰੂਰੀ ਹੋ ਗਿਆ ਕਿ ਰਾਹ ਦੇ ਇਸ ਰੋੜੇ ਨੂੰ ਇਕ ਪਾਸੇ ਕਰ ਦੇਵੇ। ਇਸ ਵਾਸਤੇ ਉਸ ਨੂੰ ਬਹਾਨਾ ਵੀ ਮਿਲ ਗਿਆ। ਜਦੋਂ ਰਸਮੀ ਤੌਰ ਤੇ ਅਮੀਰਾਂ-ਵਜ਼ੀਰਾਂ ਨੂੰ ਇੱਜ਼ਤ-ਮਾਣ ਦੇਣਾ ਸੀ ਤਾਂ ਦਲੀਪ ਸਿੰਘ ਨੇ ਰਾਜਾ ਤੇਜ ਸਿੰਘ ਦੇ ਮੱਥੇ 'ਤੇ ਸੰਧੂਰ ਦਾ ਟਿੱਕਾ ਲਾਉਣ ਤੋਂ ਇਨਕਾਰ ਕਰ ਦਿੱਤਾ। ਰੈਜ਼ੀਡੈਂਟ ਨੇ ਭਾਂਪ ਲਿਆ ਕਿ ਇਸ ਮਾਮਲੇ ਪਿੱਛੇ ਰਾਣੀ ਜਿੰਦਾਂ ਦਾ ਹੱਥ ਸੀ। ਦੋ ਦਿਨ ਪਿੱਛੋਂ ਉਸ ਆਦੇਸ਼ ਜਾਰੀ ਕਰ ਦਿੱਤੇ ਕਿ ਉਸ (ਰਾਣੀ ਜਿੰਦਾਂ) ਨੂੰ ਸ਼ੇਖੂਪੁਰਾ ਭੇਜ ਦਿੱਤਾ ਜਾਵੇ। ਉਸ ਦੀ ਆਪਣੀ ਸ਼ਿਕਾਇਤ ਅਨੁਸਾਰ, ਉਸ ਨੂੰ ਵਾਲਾਂ ਤੋਂ ਫੜ ਕੇ ਬਾਹਰ ਕੱਢਿਆ ਗਿਆ। ਉਸ ਨੂੰ ਕਿਲ੍ਹੇ ਵਿਚ ਲੈ ਗਏ ਅਤੇ ਉਸ ਦਾ ਭੱਤਾ ਤੀਜਾ ਹਿੱਸਾ ਕਰ ਦਿੱਤਾ ਗਿਆ। ਗੁੱਸੇ ਵਿਚ ਭਰੀ-ਪੀਤੀ ਰਾਣੀ ਨੇ ਵਿਰੋਧ ਪ੍ਰਗਟ ਕੀਤਾ :

"ਯਕੀਨੀ ਤੌਰ ਤੇ ਸ਼ਾਹੀ ਘਰਾਣੇ ਨਾਲ ਅਜਿਹਾ ਵਤੀਰਾ ਨਹੀਂ ਹੁੰਦਾ ਜਿਹੋ ਜਿਹਾ ਵਰਤਾਓ ਤੁਸੀਂ ਸਾਡੇ ਨਾਲ ਕਰ ਰਹੇ ਹੋ। ਦੇਸ਼ ਦੇ ਗੁਪਤ ਰੂਪ ਵਿਚ ਰਾਜੇ ਬਣਨ ਨਾਲੋਂ ਤਾਂ ਤੁਸੀਂ ਅਜਿਹਾ ਹੋਣ ਦਾ ਐਲਾਨ ਕਿਉਂ ਨਹੀਂ ਕਰ ਦਿੰਦੇ ? ਗੱਲਾਂ ਤਾਂ ਤੁਸੀਂ ਦੋਸਤੀ ਦੀਆਂ ਕਰਦੇ ਹੋ ਪਰ ਸਾਨੂੰ ਜੇਲ੍ਹ ਅੰਦਰ ਡੱਕਿਆ ਹੋਇਆ ਹੈ। ਤੁਸੀਂ ਲਾਹੌਰ ਅੰਦਰ ਗੱਦਾਰ ਥਾਪੇ ਹੋਏ ਹਨ ਅਤੇ ਉਨ੍ਹਾਂ ਦੇ ਕਹਿਣ ਅਨੁਸਾਰ ਸਾਰੇ ਪੰਜਾਬ ਨੂੰ ਕਤਲ ਕਰ ਦਿਓਗੇ।"


ਰਾਣੀ ਜਿੰਦਾਂ ਉਪਰ ਕਰੜਾ ਪਹਿਰਾ ਲਾਇਆ ਗਿਆ। ਪਰ ਜਿੰਨੀ ਸਖ਼ਤਾਈ ਅੰਗਰੇਜ਼ ਜਿੰਦਾਂ ਉਪਰ ਕਰਦੇ ਜਾਂ ਉਸ ਦੀ ਬੇਇੱਜ਼ਤੀ ਕਰਦੇ, ਉਹ ਓਨੀ ਹੀ ਲੋਕਾਂ ਦੀਆਂ ਨਜ਼ਰਾਂ ਵਿਚ ਮਾਣ-ਸਤਿਕਾਰ ਤੇ ਇੱਜ਼ਤ ਖੱਟਦੀ ਰਹੀ। ਬਹੁਤ ਸਾਰੇ ਸਰਦਾਰਾਂ ਨੇ ਖੁੱਲ੍ਹੇ ਤੌਰ ਤੇ ਉਸ ਦੀ ਹਮਾਇਤ ਦਾ ਦਮ ਭਰਿਆ। ਭਾਈ ਮਹਾਰਾਜ ਸਿੰਘ, ਜਿਹੜਾ ਭਾਈ ਬੀਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦਾ ਨੌਰੰਗਾਬਾਦ ਵਿਖੇ ਵਾਰਸ ਬਣਿਆ, ਅਤੇ ਅਮੀਰਾਂ ਦੀਆਂ ਨਜ਼ਰਾਂ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ, ਨੇ ਵੀ ਜਿੰਦਾਂ ਦਾ ਮਾਣ ਰਖਿਆ। ਰੈਜ਼ੀਡੈਂਟ ਦੇ ਆਦੇਸ਼ ਅਨੁਸਾਰ ਭਾਈ ਜੀ ਨੂੰ ਕੈਦ ਕਰ ਲਿਆ ਗਿਆ ਪਰ ਉਹ ਉਨ੍ਹਾਂ ਦੀ ਪਕੜ ਵਿਚੋਂ ਬਚ ਨਿਕਲਿਆ। ਉਸ ਪੁਲਿਸ ਨੂੰ ਝਾਂਸਾ ਦਿੱਤਾ ਅਤੇ ਕੇਂਦਰੀ ਪੰਜਾਬ ਵਿਚ ਇਕ ਭਾਰੇ ਇਕੱਠ ਨੂੰ ਸੰਬੋਧਿਤ ਕੀਤਾ, ਜਿਸ ਵਿਚ ਉਸ ਨੇ ਜੋਸ਼ੀਲੇ ਸ਼ਬਦਾਂ ਵਿਚ ਲੋਕਾਂ ਨੂੰ ਸਾਵਧਾਨ ਕੀਤਾ ਅਤੇ ਜ਼ੋਰ ਦਿੱਤਾ ਕਿ ਫ਼ਰੰਗੀਆਂ ਨੂੰ ਕੱਢਿਆ ਜਾਵੇ।

ਅੰਗਰੇਜ਼ਾਂ ਵਿਰੁੱਧ ਨਫ਼ਰਤ ਦੀ ਅੱਗ ਭੜਕਣ ਲੱਗੀ। ਜਲੰਧਰ ਦੋਆਬ ਵਿਚ ਜਗੀਰਾਂ ਦੇ ਹਟਾਉਣ ਨਾਲ ਭੂਮੀ ਮਾਲੀਏ ਵਿਚ ਫੌਰੀ ਲਾਗੂ ਹੋਈਆਂ ਤਬਦੀਲੀਆਂ ਅਤੇ ਵਸੂਲੀ ਤੋਂ ਭੂਮੀ ਦੀ ਮਾਲਕ ਜਮਾਤ ਤੇ ਮਾਲ ਅਧਿਕਾਰੀਆਂ ਵਿਚਕਾਰ ਨਫ਼ਰਤ ਭੜਕੀ। ਅੰਗਰੇਜ਼ਾਂ ਦੀ ਵਿਅਕਤੀਗਤ ਰੂਪ ਵਿਚ ਹੈਂਕੜ ਕਾਰਨ ਉਹ ਲੋਕਾਂ ਦਾ ਪਿਆਰ ਨਾ ਖੱਟ ਸਕੇ। ਉਨ੍ਹਾਂ ਗ਼ੈਰ-ਮੁਸਲਮਾਨ ਲੋਕਾਂ ਦੇ ਜਜ਼ਬਾਤ ਨੂੰ ਠੇਸ ਲਾਈ, ਜਦੋਂ ਉਨ੍ਹਾਂ ਗਊਆਂ ਦਾ ਕਤਲ ਕਰਵਾਉਣਾ ਆਰੰਭ ਕਰ ਦਿੱਤਾ। ਜੋੜਿਆਂ ਸਮੇਤ ਗੁਰਦੁਆਰਿਆਂ ਅਤੇ ਬੁੰਗਿਆਂ ਵਿਚ

ਲੁੱਟਣ ਕਾਰਨ ਸੰਗਤਾਂ ਦੇ ਮਨਾਂ ਨੂੰ ਸਿੱਧੀ ਠੇਸ ਲੱਗੀ। ਅੰਗਰੇਜ਼ ਸਿਪਾਹੀ ਔਰਤਾਂ ਨਾਲ ਆਪ ਹੀ ਛੇੜਖਾਨੀ ਕਰਨ ਲੱਗੇ। ਪੰਜਾਬੀ ਅਜਿਹੀਆ ਭੜਕਾਊ ਕਹਾਣੀਆਂ ਅਤੇ ਵਾਰਦਾਤਾਂ ਸੁਣਨ ਲੱਗੇ ਕਿ ਦੋ ਮਹੀਨੇ ਲਈ ਅੰਗਰੇਜ਼ ਸਿਪਾਹੀਆਂ ਨੂੰ ਖੁੱਲ੍ਹ ਦਿੱਤੀ ਜਾਵੇਗੀ ਕਿ ਉਹ ਜਿਸ ਇਸਤਰੀ ਜਾਂ ਮੁਟਿਆਰ ਨਾਲ ਚਾਹੁਣ ਐਸ਼ ਕਰ ਸਕਣਗੇ। ਦਰਬਾਰ ਦੇ ਸਾਰੇ ਮੰਤਰੀ ਜੇਲ੍ਹਾਂ ਅੰਦਰ ਡੱਕੇ ਜਾਣਗੇ। ਸਾਹਿਬ ਲੋਕ ਮੁਰਦਿਆਂ ਦੀ ਮਮਿਆਈ ਇਕੱਠੀ ਕਰ ਰਹੇ ਸਨ। ਸਤਲੁਜ ਦੀ ਲੜਾਈ ਉਪਰੰਤ 20,000 ਸਿਪਾਹੀ ਨਕਾਰਾ ਹੋ ਗਏ ਸਨ ਅਤੇ ਉਨ੍ਹਾਂ ਦੇ ਰੋਜ਼ਗਾਰ ਲਈ ਕੋਈ ਪ੍ਰਬੰਧ ਨਹੀਂ ਸੀ। ਇਨ੍ਹਾਂ ਦੇ ਕੰਨਾਂ ਵਿਚ ਇਹ ਗੱਲਾਂ ਅਤੇ ਅਫਵਾਹਵਾਂ ਵਧ ਪੈਂਦੀਆਂ ਸਨ।

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ


ਕਾਂਡ—22

ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ

ਲਾਰਡ ਹਾਰਡਿੰਗ ਨੇ ਆਪਣੇ ਅਹੁਦੇ ਦੀ ਵਾਗਡੋਰ ਆਪਣੇ ਉੱਤਰ-ਅਧਿਕਾਰੀ ਨੂੰ ਜਨਵਰੀ 1848 ਵਿਚ ਸੌਂਪ ਦਿੱਤੀ। ਨਾਲ ਹੀ ਇਹ ਭਰੋਸਾ ਦਿਵਾਇਆ ਕਿ ਆਉਣ ਵਾਲੇ ਕੁਝ ਵਰ੍ਹਿਆਂ ਤਕ ਤੋਪ ਦੇ ਗੋਲੇ ਦਾਗਣ ਦੀ ਲੋੜ ਨਹੀਂ ਪਵੇਗੀ। ਹਾਰਡਿੰਗ ਦੀ ਨੀਤੀ ਇਹ ਸੀ ਕਿ ਕੇਂਦਰੀ ਏਸ਼ੀਆਵਾਦ ਨੂੰ ਠੱਲ੍ਹ ਪਾਉਣ ਲਈ ਮਿੱਤਰ ਪਰ ਖ਼ੁਸ਼ਾਮਦੀ ਸਿੱਖਾਂ (ਜਾਂ ਸਿੱਖਾਂ ਅਤੇ ਡੋਗਰਿਆਂ) ਦਾ ਰਾਜ ਸ਼ਕਤੀਸ਼ਾਲੀ ਬਣਾਇਆ ਜਾਵੇ। ਪਰ ਇਸ ਨੀਤੀ ਦੀ ਬੁਨਿਆਦ ਅੰਗਰੇਜ਼ਾਂ ਨਾਲ ਮਿੱਤਰਤਾ ਰੱਖਣ ਦੇ ਸਿੱਖਾਂ ਦੇ ਇਨਕਾਰ ਉਪਰ ਰੱਖੀ ਗਈ ਸੀ। ਉਹ ਆਸ ਅਨੁਸਾਰ ਪਠਾਣਾਂ ਅਤੇ ਅਫ਼ਗਾਨਾਂ ਦੇ ਦੁਸ਼ਮਣ ਸਨ। ਹਾਰਡਿੰਗ ਦੀ ਥਾਂ ਇਕ ਅਭਿਮਾਨੀ ਨੌਜਵਾਨ ਰਈਸ ਆਇਆ। ਇਹ ਸੀ ਲਾਰਡ ਡਲਹੌਜ਼ੀ। ਪੰਜਾਬ ਵਿਚ ਵਧ ਰਹੀ ਗੜਬੜ ਅਤੇ ਅਸ਼ਾਂਤੀ ਨੇ ਇਸ ਨੌਜਵਾਨ ਜਗੀਰਦਾਰ ਨੂੰ ਮੌਕਾ ਦਿੱਤਾ ਕਿ ਉਹ ਦਰਬਾਰ ਪ੍ਰਤੀ ਅੰਗਰੇਜ਼ਾਂ ਦੀ ਨੀਤੀ ਨੂੰ ਨਵਾਂ ਰੂਪ ਦੇਵੇ। ਸਿੱਖ ਰਾਜ ਨੂੰ ਕਮਜ਼ੋਰ ਕਰਨ ਦੀ ਥਾਂ ਉਸ ਦਾ ਵਿਸ਼ਵਾਸ ਇਹ ਸੀ ਕਿ ਉਨ੍ਹਾਂ ਹੱਕੀ ਜਾਂ ਕਾਨੂੰਨੀ ਅਵਸਰਾਂ ਤੋਂ ਲਾਭ ਉਠਾ ਕੇ ਇਲਾਕਾ ਜਾਂ ਮਾਲੀਆ ਹੜੱਪਿਆ ਜਾਵੇ, ਜਿਹੜੇ ਪ੍ਰਾਪਤ ਹੁੰਦੇ ਰਹਿਣ। ਅਵਸਰ ਮਿਲਣ ਵਿਚ ਵੀ ਅਵੇਰ ਨਹੀਂ ਹੋਈ, ਉਹ ਵੀ ਠੀਕ ਵੇਲੇ-ਸਿਰ। ਹੈਨਰੀ ਲਾਰੇਂਸ ਜਿਹੜਾ ਦਰਬਾਰ ਦੀ ਸੱਤਾ ਵਿਚ ਦਖ਼ਲ ਦੇਣ ਦਾ ਵਿਰੋਧੀ ਸੀ, ਬੀਮਾਰੀ ਦੇ ਕਾਰਨ ਲੰਮੀ ਛੁੱਟੀ ਲੈ ਕੇ ਵਲਾਇਤ (ਇੰਗਲੈਂਡ) ਚਲਾ ਗਿਆ। ਉਸ ਦਾ ਭਰਾ ਜੌਨ ਅਤੇ ਐਡਵਰਡ ਕਰੀ, ਜਿਹੜਾ ਉਸ ਦੀ ਥਾਂ ਰੈਜ਼ੀਡੈਂਟ ਦਾ ਕਾਰਜ ਸੰਭਾਲ ਰਿਹਾ ਸੀ, ਵੀ ਡਲਹੌਜ਼ੀ ਦੇ ਪਸਾਰਵਾਦੀ ਅਸੂਲਾਂ ਦਾ ਧਾਰਨੀ ਸੀ।

ਹਾਲਾਤ ਮੁਲਤਾਨ ਵਿਚ ਵਿਗੜਨੇ ਆਰੰਭ ਹੋਏ। ਰੈਜ਼ੀਡੈਂਟ ਵੱਲੋਂ ਇਹ ਨਿਰਧਾਰਤ ਕੀਤਾ ਗਿਆ ਕਿ ਦੀਵਾਨ ਮੂਲ ਰਾਜ ਆਪਣੇ ਸੂਬੇ ਲਈ 20 ਲੱਖ ਰੁਪਏ ਚੁਕਾਏ। ਇਸ ਦੇ ਨਾਲ ਹੀ ਜ਼ਿਲ੍ਹਾ ਝੰਗ, ਜਿਹੜਾ ਉਸ ਦੀ ਜਗੀਰ ਦਾ ਤੀਜਾ ਹਿੱਸਾ ਸੀ, ਉਸ ਪਾਸੋਂ ਖੋਹ ਲਿਆ ਗਿਆ। ਮੂਲ ਰਾਜ ਨੇ ਇਹ ਸ਼ਰਤਾਂ ਪਰਵਾਨ ਤਾਂ ਕਰ ਲਈਆਂ, ਪਰ ਪੂਰੀਆਂ ਨਾ ਕਰ ਸਕਿਆ ਕਿਉਂਕਿ ਰੈਜ਼ੀਡੈਂਟ ਨੇ ਉਨ੍ਹਾਂ ਦੱਰਿਆਂ ਰਾਹੀਂ ਹੋ ਰਹੀਆਂ ਵਸਤਾਂ ਦੀ ਢੋਆ-ਢੁਆਈ ਤੋਂ ਆ-ਬਿਆਨਾ ਕਰ ਹਟਾ ਦਿੱਤਾ ਸੀ, ਜਿਹੜਾ ਮੁਲਤਾਨ ਦੀ ਆਮਦਨੀ ਦਾ ਭਾਰੀ ਹਿੱਸਾ ਸੀ। ਮੂਲ ਰਾਜ ਨੇ ਉਸ ਫ਼ੈਸਲੇ ਸੰਬੰਧੀ ਵੀ ਰੋਸ ਪ੍ਰਗਟ ਕੀਤਾ ਜਿਸ 'ਤੇ ਰੈਜ਼ੀਡੈਂਟ ਮੁੜ ਝਾਤ ਪਾ ਰਿਹਾ ਸੀ। ਉਸ ਆਪਣਾ ਅਸਤੀਫ਼ਾ ਦਸੰਬਰ 1847 ਵਿਚ ਦੇ ਦਿੱਤਾ। ਅਸਤੀਫ਼ਾ ਤਾਂ ਸਵੀਕਾਰ ਕਰ ਲਿਆ ਗਿਆ, ਪਰ ਦੀਵਾਨ ਸਾਹਿਬ ਨੂੰ ਬੇਨਤੀ ਕੀਤੀ ਗਈ ਕਿ ਉਹ ਮਾਰਚ 1848 ਤਕ ਕਾਰਜ ਸੰਭਾਲੀ ਰੱਖੇ ਅਤੇ ਉਦੋਂ ਤਾਈਂ ਫ਼ਸਲ ਵੀ ਇਕੱਠੀ ਕਰ ਲਈ ਜਾਵੇਗੀ।

ਜਨਰਲ ਕਾਹਨ ਸਿੰਘ ਮਾਨ ਨੂੰ ਮੂਲ ਰਾਜ ਦਾ ਉੱਤਰ-ਅਧਿਕਾਰੀ ਚੁਣਿਆ ਗਿਆ। ਦੋ ਅੰਗਰੇਜ਼ੀ ਅਫ਼ਸਰਾਂ, ਸਿਵਿਲ ਸਰਵਿਸ ਦੇ ਵਾਨਸ ਅਗਨਿਊ ਅਤੇ ਲੈਫਟੀਨੈਂਟ



SECOND ANGLO-SIKH WAR. 1848-1849

ਐਂਡਰਸਨ ਨੂੰ ਦਰਿਆ ਰਸਤੇ ਚਾਰਜ ਦੀ ਨਿਗਰਾਨੀ ਕਰਨ ਲਈ ਭੇਜਿਆ ਗਿਆ। ਦਰਬਾਰ ਪਾਰਟੀ ਨੇ ਕਿਲ੍ਹੇ ਦੇ ਬਾਹਰ ਤੰਬੂ ਗੱਡੇ। ਅਗਲੇ ਦਿਨ ਦੀਵਾਨ ਮੂਲ ਰਾਜ ਨੇ ਕਾਹਨ ਸਿੰਘ ਮਾਨ ਅਤੇ ਅੰਗਰੇਜ਼ਾਂ ਨੂੰ ਜੀ-ਆਇਆਂ ਆਖਿਆ ਗਿਆ। ਕਿਲ੍ਹਾ ਘੁੰਮ-ਫਿਰ ਕੇ ਵਿਖਾਇਆ ਅਤੇ ਔਪਚਾਰਕ ਰੂਪ ਵਿਚ ਕਿਲ੍ਹੇ ਦੀਆਂ ਚਾਬੀਆਂ ਉਨ੍ਹਾਂ ਦੇ ਹੱਥ ਸੌਂਪੀਆਂ। ਮੁਲਤਾਨ ਦੀ ਰੱਖਿਆ-ਸੈਨਾ ਦੀ ਦਰਬਾਰ ਦੀ ਫ਼ੌਜ ਨੇ ਵਾਗ ਸੰਭਾਲੀ। ਜਦੋਂ ਅੰਗਰੇਜ਼ ਕਿਲ੍ਹੇ ਦੇ ਅੰਦਰ ਲੰਘ ਕੇ ਆਪਣੇ ਕੈਂਪ ਵਿਚ ਜਾ ਰਹੇ ਸਨ ਤਾਂ ਉਨ੍ਹਾਂ ਉਪਰ ਹਮਲਾ ਕੀਤਾ ਗਿਆ। ਉਸ ਤੋਂ ਉਪਰੰਤ ਜਿਹੜੀ ਮੁਠਭੇੜ ਹੋਈ, ਉਸ ਵਿਚ ਵਾਨਸ ਅਗਨਿਊ, ਲੈਫਟੀਨੈਂਟ; ਐਂਡਰਸਨ ਅਤੇ ਕੁਝ ਹੋਰ ਵਿਅਕਤੀ ਫੱਟੜ ਹੋ ਗਏ। ਮੂਲ ਰਾਜ ਸਹਾਇਤਾ ਪ੍ਰਾਪਤ ਕਰਨ ਲਈ ਵਾਪਸ ਸਵਾਰੀ ਕਰਕੇ ਗਿਆ ਅਤੇ ਦਰਬਾਰ ਕੈਂਪ ਪਾਸ ਇਸ ਘਟਨਾ ਤੇ ਸ਼ੋਕ ਅਤੇ ਦੁਖ ਪ੍ਰਗਟ ਕਰਨ ਲਈ ਚਿੱਠੀ ਭੇਜੀ। ਵਾਨਸ ਅਗਨਿਊ ਨੇ ਇਸ ਚਿੱਠੀ ਦੀ ਪਹੁੰਚ ਭੇਜੀ ਅਤੇ ਦੀਵਾਨ ਨੂੰ ਇਸ ਹਮਲੇ ਦੀ ਜ਼ਿੰਮੇਵਾਰੀ ਤੋਂ ਮੁਕਤ ਕਰਦਿਆਂ ਮੁਆਫ਼ੀ ਦਿੱਤੀ। ਉਸ ਰੈਜ਼ੀਡੈਂਟ ਨੂੰ ਰਿਪੋਰਟ ਵੀ ਭੇਜ ਦਿੱਤੀ, ਜਿਸ ਵਿਚ ਸਪੱਸ਼ਟ ਕੀਤਾ ਗਿਆ ਸੀ, "ਮੇਰਾ ਖ਼ਿਆਲ ਹੈ ਕਿ ਇਸ ਦੁਰਘਟਨਾ ਵਿਚ ਮੂਲ ਰਾਜ ਦਾ ਕੋਈ ਹੱਥ ਨਹੀਂ ਸੀ। ਜਦੋਂ ਸਾਡੇ ਉਪਰ ਹਮਲਾ ਹੋਇਆ ਤਾਂ ਮੈਂ ਉਸ ਨਾਲ ਹੀ ਸਵਾਰੀ ਕਰ ਰਿਹਾ ਸਾਂ।" ਉਸ ਲੈਫਟੀਨੈਂਟ ਐਡਵਰਡਜ਼ ਅਤੇ ਜਨਰਲ ਵਾਨ ਕਾਰਟਲੈਂਡ ਪਾਸੋਂ ਸਹਾਇਤਾ ਦੀ ਮੰਗ ਕੀਤੀ ਜਿਹੜੇ ਉਸ ਸਮੇਂ ਕਰਮਵਾਰ ਡੇਹਰਾ ਫ਼ਤਹਿ ਖ਼ਾਨ ਅਤੇ ਡੇਹਰਾ ਇਸਮਾਈਲ ਖ਼ਾਨ 'ਚ ਸਨ।

ਮੁਲਤਾਨ ਦੀ ਹਥਿਆਰ-ਮੁਕਤ (ਡਿਸਬੈਂਡਡ) ਫ਼ੌਜੀ ਜਥੇਬੰਦੀ ਨੇ ਮੂਲ ਰਾਜ ਨੂੰ ਆਪਣਾ ਨੇਤਾ ਬਣਾਉਣ ਲਈ ਬੇਨਤੀ ਕੀਤੀ। ਉਨ੍ਹਾਂ ਦਰਬਾਰ ਦੀਆਂ ਫ਼ੌਜਾਂ ਨੂੰ ਵੀ ਅਪੀਲ ਕੀਤੀ ਕਿ ਫ਼ਰੰਗੀਆਂ ਨੂੰ ਦੇਸੋਂ ਕੱਢਣ ਵਿਚ ਉਨ੍ਹਾਂ ਦਾ ਸਾਥ ਦੇਣ। ਕਾਹਨ ਸਿੰਘ ਮਾਨ ਅਤੇ ਕੁਝ ਹੋਰ ਗਿਣਤੀ ਦੇ ਵਿਅਕਤੀਆਂ ਤੋਂ ਇਲਾਵਾ ਦਰਬਾਰ ਦੀਆਂ ਫ਼ੌਜਾਂ ਮੁਲਤਾਨੀਆਂ ਨਾਲ ਜਾ ਰਲੀਆਂ। ਅਗਲੇ ਦਿਨ ਉਨ੍ਹਾਂ ਅੰਗਰੇਜ਼ਾਂ ਦੇ ਕੈਂਪ ਉਪਰ ਧਾਵਾ ਬੋਲ ਦਿੱਤਾ ਅਤੇ ਵਾਨਸ ਅਗਨਿਊ ਅਤੇ ਲੈਫਟੀਨੈਂਟ ਐਂਡਰਸਨ ਮਾਰੇ ਗਏ। ਸਿੰਘ ਸਿਪਾਹੀਆਂ ਨੇ ਪੰਜਾਬ ਦੀ ਧਰਮ ਦੇ ਸਾਥੀਆਂ ਨੂੰ ਅਪੀਲ ਕੀਤੀ :

"ਅਸੀਂ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ, ਖ਼ਾਲਸਾ ਭਰਾਵੋ, ਤੁਹਾਨੂੰ ਸਾਰਿਆਂ ਨੂੰ ਲਿਖ ਰਹੇ ਹਾਂ। ਤੁਹਾਡੇ ਵਿਚੋਂ ਜਿਹੜੇ ਸੱਚੇ ਅਤੇ ਸਿਦਕੀ ਸਿੱਖ ਹਨ, ਉਹ ਇਥੇ ਸਾਡੇ ਪਾਸ ਪਹੁੰਚ ਜਾਣਗੇ। ਤੁਹਾਨੂੰ ਤਨਖ਼ਾਹਵਾਂ ਮਿਲਣਗੀਆਂ ਅਤੇ ਤੁਸੀਂ ਗੁਰੂ ਦਰਬਾਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋਗੇ....

"ਸਤਿਗੁਰੂ ਜੀ ਦੀ ਮਿਹਰ ਸਦਕਾ ਮਹਾਰਾਜਾ ਦਲੀਪ ਸਿੰਘ ਆਪਣੇ ਰਾਜ ਦਰਬਾਰ ਵਿਚ ਕਾਇਮ ਹੋ ਜਾਣਗੇ, ਗਊ ਅਤੇ ਬ੍ਰਾਹਮਣ ਦੀ ਰੱਖਿਆ ਕੀਤੀ ਜਾਵੇਗੀ....

"ਇਸ ਸਮੇਂ ਮਹਾਰਾਜਾ ਅਤੇ ਉਨ੍ਹਾਂ ਦੀ ਮਾਤਾ ਜੀ ਸ਼ੋਕ-ਗ੍ਰਸਤ ਅਤੇ ਦੁਖੀ ਹਨ। ਉਨ੍ਹਾਂ ਦੇ ਉਦੇਸ਼ ਨੂੰ ਪੂਰਾ ਕਰਬਨ ਵਿਚ ਤੁਹਾਨੂੰ ਉਨ੍ਹਾਂ ਦਾ ਅਸ਼ੀਰਵਾਦ ਅਤੇ ਸਹਾਇਤਾ ਪ੍ਰਾਪਤ ਹੋਵੇਗੀ। ਖ਼ਾਲਸਾ ਜੀ, ਗੁਰੂ ਮਹਾਰਾਜ ਦੀ ਓਟ ਅਤੇ ਆਸਰਾ ਲੈ ਕੇ ਕਮਰਕੱਸੇ ਕਰ ਲਵੋ। ਗੁਰੂ ਗੋਬਿੰਦ ਸਿੰਘ ਜੀ ਕਲਗੀਆਂ ਵਾਲੇ ਪਾਤਸ਼ਾਹ ਤੁਹਾਡੇ ਮਾਣ ਅਤੇ ਗੌਰਵ ਦੀ ਰੱਖਿਆ ਕਰਨਗੇ। ਥੋੜ੍ਹੇ ਲਿਖੇ ਨੂੰ ਬਹੁਤ ਕਰਕੇ ਜਾਨਣਾ ਜੀ।" (22 ਅਪ੍ਰੈਲ,1848)

ਅੰਗਰੇਜ਼ਾਂ ਵਿਰੁੱਧ ਏਨੇ ਜਜ਼ਬਾਤ ਉੱਭਰੇ ਹੋਏ ਸਨ ਕਿ ਚੰਦ ਦਿਨਾਂ ਵਿਚ ਹੀ ਰਚਨਾ ਦੋਆਬ, ਚਨਾਬ ਅਤੇ ਸਿੰਧ ਦੇ ਦੁਆਬੇ ਵਿਚਕਾਰ ਪਠਾਣ ਅਤੇ ਬਲੋਚੀ ਤਲਵਾਰਾਂ ਲੈ ਕੇ

ਟਿੱਡੀ ਦਲ ਵਾਂਗ ਇਕੱਠੇ ਹੋ ਗਏ ਅਤੇ ਉਨ੍ਹਾਂ ਸਿੱਖਾਂ ਨਾਲ ਸਾਝਾ ਉਦੇਸ ਬਣਾ ਕੇ ਫਰੰਗੀ ਦੀ ਚਾਲ ਦੇ ਵਿਰੁੱਧ ਇਕ ਹਿੰਦੂ ਗਵਰਨਰ ਨੂੰ ਬਹਾਲ ਕਰਨ ਲਈ ਆਪਣੀਆਂ ਜਾਨਾਂ ਹਾਜ਼ਰ ਕੀਤੀਆਂ।

ਵਾਨਸ ਅਗਨਿਊ ਉਤੇ ਹੋਏ ਹਮਲੇ ਸੰਬੰਧੀ ਖ਼ਬਰ ਦੇ ਸੁਣਦੇ ਸਾਰ ਰੈਜ਼ੀਡੈਂਟ (ਐਡਵਰਡ ਕਰੀ) ਦਾ ਤੁਰੰਤ ਇਹ ਪ੍ਰਤੀਕਰਮ ਸੀ ਕਿ ਉਸ ਫ਼ੌਜਾਂ ਨੂੰ ਮੁਲਤਾਨ ਭੇਜਣ ਦਾ ਹੁਕਮ ਦਿੱਤਾ। ਪਰ ਜਿਉਂ ਹੀ ਅਗਲੇ ਦਿਨ ਉਸ ਨੂੰ ਪਤਾ ਲੱਗਾ ਕਿ ਵਾਨਸ ਅਗਨਿਊ ਅਤੇ ਲੈਫਟੀਨੈਂਟ ਐਂਡਰਸਨ, ਦੋਵੇਂ ਹੀ ਮਾਰੇ ਗਏ ਹਨ ਅਤੇ ਦਰਬਾਰ ਦੀਆਂ ਫ਼ੌਜਾਂ ਬਾਗੀਆਂ ਨਾਲ ਮਿਲ ਗਈਆਂ ਹਨ ਤਾਂ ਉਸ ਆਪਣਾ ਹੁਕਮ ਵਾਪਸ ਲੈ ਲਿਆ। ਉਸ ਕੌਂਸਲ ਬੁਲਾਈ ਅਤੇ ਉਸ ਨੂੰ ਸਾਫ਼-ਸਾਫ਼ ਦੱਸਿਆ ਕਿ ਇਹ ਵਿਦਰੋਹ ਅਸਲ ਵਿਚ ਦਰਬਾਰ ਦੇ ਅਧਿਕਾਰ ਦੇ ਵਿਰੁੱਧ ਸੀ, ਇਸ ਲਈ ਇਸ ਨੂੰ ਦਬਾਉਣ ਦੀ ਜ਼ਿੰਮੇਵਾਰੀ ਦਰਬਾਰ ਦੇ ਸਿਰ ਸੀ। ਉਸ ਇਹ ਉਚਿਤ ਸਮਝਿਆ ਕਿ ਭੈਰੋਵਾਲ ਸੰਧੀ ਦੀ ਧਾਰਾ ਨੂੰ ਅੱਖੋਂ ਓਹਲੇ ਕੀਤਾ ਜਾਵੇ ਜਿਸ ਅਨੁਸਾਰ ਦਰਬਾਰ ਵੱਲੋਂ ਤਨਖ਼ਾਹ ਪ੍ਰਾਪਤ ਕਰਨ ਵਾਲੀਆਂ ਅੰਗਰੇਜ਼ ਫ਼ੌਜਾਂ ਦੀ ਦੇਖ-ਰੇਖ ਇਸ ਲਈ ਹੈ ਕਿ ਦੇਸ਼ ਅੰਦਰ ਅਮਨ-ਸ਼ਾਂਤੀ ਵਿਸ਼ੇਸ਼ ਤੌਰ ਤੇ ਬਣਾਈ ਰੱਖੀ ਜਾਵੇ।

ਕੌਂਸਲ ਦੇ ਮੈਂਬਰਾਂ ਨੇ ਇਹ ਸਵੀਕਾਰ ਕੀਤਾ ਕਿ ਉਹ ਇਸ ਹਾਲਤ ਦਾ ਟਾਕਰਾ ਕਰਨ ਦੇ ਅਸਮਰੱਥ ਹਨ। ਲਾਰਡ ਡਲਹੌਜ਼ੀ ਅਤੇ ਉਸ ਦੇ ਸੈਨਾਪਤੀ (ਕਮਾਂਡਰ-ਇਨ-ਚੀਫ਼, ਜਿਸ ਕਿਹਾ ਸੀ ਕਿ ਵਰ੍ਹੇ ਦਾ ਉਹ ਗ਼ਲਤ ਸਮਾਂ ਸੀ ਕਿ ਅੰਗਰੇਜ਼ ਮੈਦਾਨ ਵਿਚ ਜਾ ਕੇ ਲੜਨ) ਨੇ ਰੈਜ਼ੀਡੈਂਟ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਪਹਿਲਾਂ ਹਾਲਾਤ ਨੂੰ ਵਿਗੜਨ ਦਿੱਤਾ ਜਾਵੇ ਅਤੇ ਫਿਰ ਆਪਣੇ ਹਿਤ ਅਤੇ ਲਾਭ ਲਈ ਇਸੇ ਦੀ ਵਰਤੋਂ ਕੀਤੀ ਜਾਵੇ।

ਰੈਜ਼ੀਡੈਂਟ ਨੇ ਆਪਣਾ ਸਾਰਾ ਜ਼ੋਰ ਲਾਇਆ ਕਿ ਵਿਦਰੋਹ ਦੇ ਲਾਂਬੂ ਹੋਰ ਮੱਚਣ। ਰਾਣੀ ਜਿੰਦਾ ਉਸ ਸਮੇਂ ਸ਼ੇਖ਼ੂਪੁਰਾ ਕਿਲ੍ਹੇ ਵਿਚ ਨਜ਼ਰਬੰਦ ਸੀ। ਉਹ ਜੋਤਸ਼ੀਆਂ ਪਾਸੋਂ ਕਿਸਮਤ ਦਾ ਹਾਲ ਪੁੱਛਦੀ ਅਤੇ ਬ੍ਰਾਹਮਣਾਂ ਨੂੰ ਭੋਜਨ ਛਕਾਉਣ ਵਿਚ ਕਾਫ਼ੀ ਪੈਸਾ ਬਰਬਾਦ ਕਰ ਰਹੀ ਸੀ। ਉਸ ਲਈ ਆਦੇਸ਼ ਜਾਰੀ ਕੀਤੇ ਗਏ ਕਿ ਉਸ ਨੂੰ ਪੰਜਾਬ ਤੋਂ ਦੇਸ਼-ਨਿਕਾਲਾ ਦਿੱਤਾ ਜਾਵੇ। ਰੈਜ਼ੀਡੈਂਟ ਦਾ ਵਿਸ਼ਵਾਸ ਸੀ ਕਿ "ਭਾਵੇਂ ਅਣਗਹਿਲੀ ਦਾ ਸਬੂਤ ਕਾਨੂੰਨੀ ਤੌਰ ਤੇ ਨਾ ਵੀ ਮਿਲੇ" ਪਰ ਇਸ ਗੱਲ ਵਿਚ ਉਸ (ਮਹਾਰਾਣੀ) ਦਾ ਪੂਰਾ ਹੱਥ ਸੀ ਕਿ ਉਹ ਸਥਾਨਕ ਸਿਪਾਹੀਆਂ ਦੀ ਫ਼ਰਮਾਂਬਰਦਾਰੀ ਨੂੰ ਢਾਅ ਲਾਉਣ ਵਿਚ ਸੰਬੰਧਤ ਸੀ। ਭਾਵੇਂ ਨਰਮਦਿਲ ਸ਼ਾਹੀ ਕੌਂਸਲ ਨੇ ਸਰਬ-ਸੰਮਤੀ ਨਾਲ ਰੱਦ ਕਰ ਦਿੱਤਾ ਸੀ, ਤਾਂ ਵੀ ਆਦੇਸ਼ ਨੂੰ ਪੂਰੀ ਸਖ਼ਤੀ ਨਾਲ ਲਾਗੂ ਕੀਤਾ ਗਿਆ।

ਹਥਿਆਰਬੰਦ ਗਾਰਦ ਦੀ ਓਟ ਵਿਚ ਜਿੰਦਾਂ ਨੂੰ ਬਨਾਰਸ ਲਿਆਂਦਾ ਗਿਆ। ਉਸ ਦਾ ਭੱਤਾ ਹੋਰ ਘਟਾਇਆ ਗਿਆ ਅਤੇ 1,000 ਰੁਪਏ ਮਹੀਨਾ ਕਰ ਦਿੱਤਾ ਗਿਆ।

ਪੰਜਾਬ ਅੰਦਰ ਗੁੱਸੇ ਦੀ ਲਹਿਰ ਫੈਲ ਗਈ। ਮੁਲਤਾਨ ਦੇ ਵਿਦਰੋਹ ਸਮੇਂ, ਸ਼ਾਇਦ ਕੋਈ ਵੀ ਅਜਿਹਾ ਨਹੀਂ ਸੀ ਜਿਹੜਾ ਰਾਣੀ ਜਿੰਦਾਂ ਦੇ ਕਹਿਣ ਤੇ ਹੀ ਮੋਢੇ ਤੇ ਬੰਦੂਕ ਰਖਦਾ। ਇਕ ਸਪਤਾਹ ਪਿੱਛੋਂ ਜਦੋਂ ਉਸ ਨੂੰ ਰਾਜ ਤੋਂ ਹਟਾਇਆ ਗਿਆ ਸੀ, ਚੰਦ ਹੀ ਲੋਕ ਅਜਿਹੇ ਸਨ ਜਿਹੜੇ ਉਸ ਦੀ ਖ਼ਾਤਰ ਜਾਨ ਨਹੀਂ ਵਾਰਨਗੇ। ਰੈਜ਼ੀਡੈਂਟ ਨੇ ਗਵਰਨਰ ਜਨਰਲ ਪਾਸ ਸਵੀਕਾਰ ਕੀਤਾ, "ਮਹਾਰਾਣੀ ਦੇ ਹਟਾਏ ਜਾਣ ਕਾਰਨ ਖ਼ਾਲਸਾ ਫ਼ੌਜ ਅੰਦਰ ਬਹੁਤ ਰੋਸ ਆ ਗਿਆ ਹੈ। ਉਹ ਕਹਿੰਦੇ ਹਨ ਕਿ ਉਹ ਸਾਰੇ ਖ਼ਾਲਸਾ ਦੀ ਮਾਂ ਸੀ। ਉਹ ਕਹਿੰਦੇ ਹਨ ਕਿ ਮਹਾਰਾਣੀ ਨੂੰ ਕਿਤੇ ਭੇਜ ਦਿੱਤਾ ਗਿਆ ਹੈ ਅਤੇ ਨਾਬਾਲਗ ਦਲੀਪ ਸਿੰਘ

ਸਾਡੀ ਹਿਫ਼ਾਜ਼ਤ ਵਿਚ ਹੈ ਤਾਂ ਉਨ੍ਹਾਂ ਪਾਸ ਕੀ ਹੈ ਜਿਸ ਦੀ ਖ਼ਾਤਰ ਅਤੇ ਜਿਸ ਦੇ ਸਹਾਰੇ ਲੜਨ...।" ਏਥੋਂ ਤਕ ਕਿ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਵੀ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਜਿਹੜਾ ਵਿਸ਼ਵਾਸ ਦਰਬਾਰ ਦੇ ਅਮੀਰਾਂ-ਵਜ਼ੀਰਾਂ ਨੇ ਅੰਗਰੇਜ਼ਾਂ ਤੇ ਕੀਤਾ ਉਹ ਜਿੰਦਾਂ ਦੇ ਜਲਾਵਤਨ ਕਰਨ ਨਾਲ ਟੁੱਟ ਗਿਆ। ਇਸ ਸਮੇਂ ਤਕ ਉਹ ਵਫ਼ਾਦਾਰ ਸਨ ਕਿਉਂਕਿ ਉਨ੍ਹਾਂ ਨੂੰ ਖ਼ਾਲਸਾ ਫ਼ੌਜ ਤੋਂ ਅੰਗਰੇਜ਼ਾਂ ਨੇ ਬਚਾਇਆ ਸੀ। ਉਨ੍ਹਾਂ ਦੀ ਜਾਇਦਾਦ ਅਤੇ ਰਿਆਇਤਾਂ ਦੀ ਰੱਖਿਆ ਕੀਤੀ ਸੀ ਅਤੇ ਉਨ੍ਹਾਂ ਅੰਦਰ ਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਸੀ। ਪਰ ਰਾਣੀ ਜਿੰਦਾਂ ਦੇ ਹਟਾਏ ਜਾਣ, ਅਤੇ ਉਨ੍ਹਾਂ ਲੋਕਾਂ ਦੀ ਜਗੀਰ ਜ਼ਬਤ ਕਰਨ ਨਾਲ, ਜਿਨ੍ਹਾਂ ਉਪਰ ਉਸ ਦੇ ਬਹੁਤ ਨੇੜੇ ਹੋਣ ਦਾ ਸੰਦੇਹ ਸੀ, ਉਨ੍ਹਾਂ ਅੰਦਰ ਆਪਣੇ 'ਰਾਖਿਆਂ' ਦੀ ਬਦਨੀਤੀ ਦੇ ਵਤੀਰੇ ਦਾ ਸਵਾਲ ਪੈਦਾ ਹੋ ਗਿਆ। ਅਟਾਰੀਵਾਲਾ ਪਰਿਵਾਰ ਨੂੰ ਵਧੇਰੇ ਤੌਖ਼ਲਾ ਸੀ ਕਿਉਂਕਿ ਚਤਰ ਸਿੰਘ ਦੀ ਲੜਕੀ ਦਾ ਸਾਕ ਮਹਾਰਾਜਾ ਦਲੀਪ ਸਿੰਘ ਨਾਲ ਜੋੜ ਦਿੱਤਾ ਗਿਆ ਸੀ। ਭਾਵੇਂ ਬਜ਼ੁਰਗ ਚਤਰ ਸਿੰਘ, ਜਿਹੜਾ ਉੱਤਰ-ਪੱਛਮੀ ਸਰਹੱਦੀ ਜ਼ਿਲ੍ਹੇ ਵਿਚ ਨਾਜ਼ਿਮ ਸੀ ਅਤੇ ਉਸ ਦਾ ਸਪੁੱਤਰ, ਜਿਹੜਾ ਸ਼ਾਹੀ ਕੌਂਸਲ ਦਾ ਮੈਂਬਰ ਸੀ, ਦੋਵੇਂ ਹੀ ਸਪੱਸ਼ਟ ਰੂਪ ਵਿਚ ਜਿੰਦਾਂ ਦੇ ਹਟਾਏ ਜਾਣ ਤੇ ਰਾਜ਼ੀ ਸਨ, ਉਹ ਵੀ ਇਹ ਸ਼ੱਕ ਕਰਨ ਲੱਗ ਪਏ ਸਨ ਕਿ ਅੰਗਰੇਜ਼ ਪੰਜਾਬ ਦਾ ਰਾਜ ਮਹਾਰਾਜਾ ਦਲੀਪ ਸਿੰਘ ਨੂੰ ਸੌਂਪਣ ਦਾ ਕੋਈ ਇਰਾਦਾ ਨਹੀਂ ਰੱਖਦੇ, ਜਦੋਂ ਉਹ ਬਾਲਗ ਹੋ ਜਾਵੇਗਾ।

ਸਪੱਸ਼ਟ ਰੂਪ ਵਿਚ ਦਖ਼ਲ ਨਾ ਦੇਣ ਦੀ ਨੀਤੀ ਅਜੇ ਸਿੰਮਦੀ ਅਤੇ ਰਿਸਦੀ ਹੋਈ ਜੂਨੀਅਰ ਅਫ਼ਸਰਾਂ ਤਕ ਨਹੀਂ ਪਹੁੰਚੀ ਸੀ, ਜਿਨ੍ਹਾਂ ਵਿਚ ਸਭ ਤੋਂ ਵੱਧ ਉੱਦਮੀ ਲੈਫ਼ਟੀਨੈਂਟ ਐਡਵਰਡਜ਼, ਜਿਸ ਬਾਰੇ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ, ਨੂੰ ਵਾਨਸ ਐਗਨਿਊਸ ਦਾ ਪੱਤਰ ਡੇਰਾ ਫ਼ਤਹਿ ਖ਼ਾਨ ਵਿਖੇ ਮਿਲਿਆ ਸੀ। ਉਸ ਹੁਕਮ ਦੀ ਉਡੀਕ ਨਹੀਂ ਕੀਤੀ, ਸਗੋਂ ਵਾਨ ਕਾਰਟਲੈਂਡ ਨੂੰ ਕਿਹਾ ਕਿ ਉਸ ਦੇ ਮੁਲਤਾਨ ਤੇ ਧਾਵਾ ਬੋਲਣ ਵਿਚ ਉਸ ਨਾਲ ਆ ਮਿਲੇ। ਉਸ ਗੁਆਂਢੀ ਮੁਸਲਮਾਨ ਕਬੀਲਿਆਂ ਪਾਸੋਂ ਲੰਘਦੇ-ਲੰਘਦੇ ਕਰ ਜਾਂ ਮਾਲੀਆ ਵੀ ਉਗਰਾਹ ਲਿਆ। ਉਸ ਸਿੰਧ ਪਾਰ ਕੀਤਾ ਅਤੇ ਲੇਆਹ 'ਤੇ ਕਬਜ਼ਾ ਜਮਾ ਲਿਆ। ਅੱਗੋਂ ਉਹ ਲੇਆਹ ਤੋਂ ਪਿੱਛੋਂ ਹਟਿਆ ਅਤੇ ਮੰਗਰੋਤਾ ਤੇ ਕਾਬਜ਼ ਹੋ ਗਿਆ। ਮਈ ਦੇ ਅੱਧ ਵਿਚ ਉਸ ਨੇ ਅਤੇ ਵਾਨ ਕਾਰਟਲੈਂਡ ਨੇ ਡੇਰਾ ਗ਼ਾਜ਼ੀ ਖ਼ਾਨ ਤੇ ਕਬਜ਼ਾ ਕਰ ਲਿਆ ਅਤੇ ਦੱਖਣ ਵੱਲੋਂ ਮੁਲਤਾਨ ਵੱਲ ਵਧੇ। ਉਸ ਜਨਰਲ ਵਿਸ਼ ਅਤੇ ਸ਼ੇਰ ਸਿੰਘ ਅਟਾਰੀਵਾਲਾ ਨੂੰ ਮੁਲਤਾਨ ਲਈ ਆਦੇਸ਼ ਦਿੱਤੇ। ਬਹਾਵਲਪੁਰ ਦੇ ਨਵਾਬ ਨੂੰ ਵੀ ਇਸ ਹਮਲੇ ਵਿਚ ਸ਼ਾਮਲ ਹੋਣ ਲਈ ਉਕਸਾਇਆ।

ਮੂਲ ਰਾਜ ਦੀ ਮੁਠਭੇੜ ਬਹਾਵਲਪੁਰੀਆਂ ਨਾਲ ਕਿਨਰੀ ਵਿਖੇ ਜੂਨ 18, 1848 ਵਿਚ ਹੋਈ ਅਤੇ ਫਿਰ ਉਹ ਪਿੱਛੇ ਹਟ ਗਿਆ। ਐਡਵਰਡਜ਼ ਅਤੇ ਵਾਨ ਕਾਰਟਲੈਂਡ ਦੀਆਂ ਫ਼ੌਜਾਂ ਨੇ ਬਹਾਵਲਪੁਰੀਆਂ ਨਾਲ ਮਿਲ ਕੇ ਮੂਲ ਰਾਜ ਨੂੰ ਇਕ ਹੋਰ ਹਾਰ ਸੱਦੋਸਮ ਵਿਖੇ ਜੁਲਾਈ 1, 1848 ਨੂੰ ਦਿੱਤੀ। ਮੂਲ ਰਾਜ ਮੁਲਤਾਨ ਤਕ ਪਿੱਛੇ ਹਟਣ ਲਈ ਮਜਬੂਰ ਹੋ ਗਿਆ। ਦਰਬਾਰ ਦੀਆਂ ਫ਼ੌਜਾਂ ਦੇ ਉੱਤਰ ਵੱਲੋਂ ਆਉਣ ਨਾਲ ਅਤੇ ਲੇਕ ਐਡਵਰਡਜ਼ ਅਤੇ ਵਾਨ ਕਾਰਟਲੈਂਡ ਦੇ ਦੱਖਣ ਪਾਸਿਓਂ ਪਿੱਛਾ ਕਰਨ ਨਾਲ ਮੂਲ ਰਾਜ ਦਾ ਸਮਾਂ ਨੇੜੇ ਆਉਂਦਾ ਜਾਪਿਆ।

ਘੇਰੇ ਵਿਚ ਫਸੇ ਦੀਵਾਨ ਦੀ ਜਾਨ ਬਚਾਉਣ ਲਈ ਭਾਈ ਮਹਾਰਾਜ ਸਿੰਘ ਬਹੁੜਿਆ। ਜਦੋਂ ਉਸ ਮੁਲਤਾਨ ਵਿਚ ਇਸ ਵਿਦਰੋਹ ਬਾਰੇ ਸੁਣਿਆ ਤਾਂ ਉਹ ਆਪਣੇ ਅਨੁਯਾਈਆਂ

ਨੂੰ ਨਾਲ ਲੈ ਕੇ ਦੱਖਣ ਵੱਲ ਚਲਾ ਗਿਆ। ਉਸ ਲੋਕਾਂ ਤੇ ਬਲ ਦਿੱਤਾ ਕਿ ਉਹ ਮੂਲ ਰਾਜ ਦੇ ਝੰਡੇ ਹੇਠ ਆ ਜਾਣ ਅਤੇ ਉਸ ਲੋਕਾਂ ਨੂੰ ਵਿਸ਼ਵਾਸ ਦੁਆਇਆ ਕਿ 'ਸੌ ਸਾਖੀ' ਵਿਚ ਲਿਖਿਆ ਹੋਇਆ ਹੈ ਕਿ ਸੰਮਤ 1905 (1848 ਈਸਵੀ) ਵਿਚ ਖਾਲਸਾ ਜੀ ਪੰਜਾਬ ਅੰਦਰ ਮੁੜ ਸੱਤਾ ਪ੍ਰਾਪਤ ਕਰਨਗੇ।

ਦਰਬਾਰ ਦੀਆਂ ਫ਼ੌਜਾਂ ਨੂੰ ਭਾਈ ਮਹਾਰਾਜ ਸਿੰਘ ਦਾ ਪਿੱਛਾ ਕਰਨ ਲਈ ਭੇਜਿਆ ਗਿਆ। ਉਨ੍ਹਾਂ ਝਨਾਂ ਦੇ ਨੇੜੇ ਭਾਈ ਜੀ ਤੇ ਕਾਬੂ ਪਾ ਲਿਆ ਅਤੇ ਉਸ ਦੇ ਅਨੁਯਾਈਆਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕੀਤਾ। ਭਾਈ ਜੀ ਕਿਵੇਂ ਨਾ ਕਿਵੇਂ ਬਚ ਕੇ ਨਿਕਲ ਗਏ ਅਤੇ ਮੂਲ ਰਾਜ ਨਾਲ ਜਾ ਰਲੇ। ਉਨ੍ਹਾਂ ਦੇ ਪਹੁੰਚਣ ਨਾਲ ਦੀਵਾਨ ਦੀ ਢਹਿੰਦੀ ਕਲਾ ਚੜ੍ਹਦੀ ਕਲਾ ਵਿਚ ਬਦਲ ਗਈ। ਹੁਣ ਉਹ ਬੇਦਿਲ ਵਿਦਰੋਹੀ ਤੋਂ ਰਾਸ਼ਟਰ-ਨਾਇਕ ਬਣ ਗਿਆ। ਸਥਾਨਕ ਵਿਦਰੋਹ ਆਜ਼ਾਦੀ ਦੀ ਜੰਗ ਦਾ ਰੂਪ ਧਾਰਨ ਕਰ ਗਿਆ। ਪੰਜਾਬ ਭਰ 'ਚੋਂ ਸਮਾਚਾਰ ਮਿਲਣ ਲੱਗੇ ਕਿ ਸਾਰੀਆਂ ਫ਼ੌਜਾਂ ਮੂਲ ਰਾਜ ਦਾ ਸਾਥ ਦੇਣ ਲਈ ਤਿਆਰ ਹੋ ਗਈਆਂ ਹਨ।

ਅਟਾਰੀਵਾਲਾ ਵੀ ਅੰਗਰੇਜ਼ਾਂ ਦੇ ਵਿਰੁੱਧ ਉਸ ਵੇਲੇ ਹੋ ਗਿਆ, ਜਦੋਂ ਉਨ੍ਹਾਂ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਅੰਗਰੇਜ਼ ਭੈਰੋਵਾਲ ਦੀ ਸੰਧੀ ਦੀਆਂ ਸ਼ਰਤਾਂ ਦਾ ਮਾਣ ਨਹੀਂ ਰੱਖਣਗੇ। ਆਪਣੇ ਪਿਤਾ ਦੇ ਜ਼ੋਰ ਦੇਣ ਤੇ ਸ਼ੇਰ ਸਿੰਘ ਨੇ ਲੈਫ਼ਟੀਨੈਂਟ ਐਡਵਰਡਸ ਨੂੰ ਰੈਜ਼ੀਡੈਂਟ ਨੂੰ ਪੱਤਰ ਲਿਖਣ ਲਈ ਪਰੇਰਿਆ ਕਿ ਦਲੀਪ ਸਿੰਘ ਦੇ ਵਿਆਹ ਦੀ ਤਾਰੀਖ਼ ਪੱਕੀ ਕੀਤੀ ਜਾਵੇ। ਅਟਾਰੀਵਾਲਾ ਦਾ ਖ਼ਿਆਲ ਸੀ ਕਿ ਇਸ ਸਵਾਲ ਪ੍ਰਤੀ ਅੰਗਰੇਜ਼ਾਂ ਦੇ ਹੁੰਗਾਰੇ ਨਾਲ ਉਨ੍ਹਾਂ ਦੇ ਦਿਲ ਦੀ ਗੱਲ ਟੋਹੀ ਜਾ ਸਕੇਗੀ। ਰੈਜ਼ੀਡੈਂਟ ਨੇ ਭਰੋਸਾ ਦੁਆਇਆ ਕਿ ਉਹ ਇਸ ਮਾਮਲੇ ਬਾਰੇ ਵਿਚਾਰ ਕਰਨਗੇ। ਪਰ ਜਿਵੇਂ ਉਨ੍ਹਾਂ ਪੱਤਰ ਦਾ ਅੰਤਲਾ ਵਾਕ ਲਿਖਿਆ ਸੀ, ਉਸ ਨਾਲ ਅਟਾਰੀਵਾਲਾ ਦਾ ਵਿਸ਼ਵਾਸ ਬਹਾਲ ਨਾ ਹੋ ਸਕਿਆ। ਉਸ ਲਿਖਿਆ ਸੀ, "ਮੈਂ ਨਹੀਂ ਸਮਝ ਸਕਦਾ ਕਿ ਕਿਵੇਂ ਮਹਾਰਾਜਾ ਸਾਹਿਬ ਦੇ ਵਿਆਹ ਦੀ ਰਸਮ ਕਿਸੇ ਨੀਤੀ ਦਾ ਇਸ਼ਾਰਾ ਦੇ ਸਕਦੀ ਹੈ, ਜਿਸ ਨੂੰ ਸਰਕਾਰ ਅਪਨਾਉਣਾ ਉਚਿਤ ਸਮਝਦੀ ਹੈ ਕਿ ਪੰਜਾਬ ਤੇ ਹਕੂਮਤ ਕਰਨ ਲਈ ਸਾਰਥਿਕ ਸਿੱਧ ਹੋ ਸਕਦੀ ਹੈ।"

ਇਸ ਗ਼ੈਰ-ਤਸੱਲੀਬਖ਼ਸ਼ ਉੱਤਰ ਉਪਰੰਤ ਚਤਰ ਸਿੰਘ ਅਟਾਰੀਵਾਲਾ ਅਤੇ ਕੈਪਟਨ ਐਬਟ ਵਿਚਕਾਰ ਸੰਬੰਧ ਜਲਦੀ ਹੀ ਤਨਾਅ ਭਰਪੂਰ ਹੋ ਗਏ। ਵੈਸੇ ਐਬਟ ਉਸ ਦੀ ਸਹਾਇਤਾ ਲਈ ਸੀ। ਅਗਸਤ 1848 ਦੇ ਆਰੰਭ ਵਿਚ ਬਿਨਾਂ ਕਿਸੇ ਉਕਸਾਹਟ ਦੇ ਐਬਟ ਨੇ ਮੁਸਲਮਾਨਾਂ ਨੂੰ ਸਿੱਖਾਂ ਵਿਰੁੱਧ ਭੜਕਾਇਆ। ਕਬਾਇਲੀਆਂ ਨੇ ਹਰੀਪੁਰ ਤੇ ਹਮਲਾ ਕਰਨ ਦਾ ਡਰਾਵਾ ਦਿੱਤਾ। ਆਪਣੀ ਹਿਫ਼ਾਜ਼ਤ ਲਈ ਚਤਰ ਸਿੰਘ ਅਟਾਰੀਵਾਲਾ ਨੇ ਕਰਨਲ ਕੈਨੋਰਾ ਨੂੰ (ਦਰਬਾਰ ਦਾ ਇਕ ਅਮਰੀਕੀ ਅਫ਼ਸਰ) ਉਸ ਵਾਸਤੇ ਕਿਲ੍ਹਾ ਖ਼ਾਲੀ ਕਰਨ ਦੇ ਆਦੇਸ਼ ਦਿੱਤੇ। ਕੈਨੋਰਾ ਨੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਦੋਂ ਤਾਈਂ ਆਦੇਸ਼ ਦੀ ਪੁਸ਼ਟੀ ਨਹੀਂ ਹੋ ਜਾਂਦੀ ਉਹ ਇਸ ਆਦੇਸ਼ ਦੀ ਪਾਲਣਾ ਕਰਨ ਤੋਂ ਅਸਮਰੱਥ ਹੈ। ਅਟਾਰੀਵਾਲਾ ਨੇ ਆਪਣੀਆਂ ਫ਼ੌਜੀ ਟੁਕੜੀਆਂ ਨੂੰ ਆਦੇਸ਼ ਦਿੱਤੇ ਕਿ ਉਹ ਜ਼ੋਰ ਨਾਲ ਕਿਲ੍ਹੇ ਉਪਰ ਕਬਜ਼ਾ ਕਰ ਲੈਣ। ਅਟਾਰੀਵਾਲਾ ਦੀਆਂ ਫ਼ੌਜਾਂ ਉਪਰ ਵਾਰ ਕਰਦੇ ਹੋਏ ਕੈਨੋਰਾ ਮਾਰਿਆ ਗਿਆ। ਐਬਟ ਨੇ ਇਹ ਦੋਸ਼ ਲਾਇਆ ਕਿ ਚਤਰ ਸਿੰਘ ਨੇ ਕਤਲ ਨਿਰਦਈ ਰੂਪ ਵਿਚ ਕੀਤਾ ਸੀ। ਰੈਜ਼ੀਡੈਂਟ ਨੇ ਕੈਪਟਨ ਐਬਟ ਨੂੰ ਝਾੜ ਪਾਉਣ ਬਾਰੇ ਜ਼ਬਤ ਵਿਖਾਇਆ। ਪਰ ਕੁਝ ਦਿਨਾਂ ਪਿੱਛੋਂ ਜਾਂਚ ਕਰਨ ਵਾਲੇ ਅਫ਼ਸਰ ਦੇ ਆਦੇਸ਼ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਚਤਰ ਸਿੰਘ ਦੀ ਜਗੀਰ ਕੁਰਕ ਕਰ ਲਈ ਜਾਵੇ ਅਤੇ ਨਾਜ਼ਿਮ ਦੇ

ਅਹੁਦੇ ਤੋਂ ਹਟਾ ਲਿਆ ਜਾਵੇ। ਬੁੱਢੇ ਅਤੇ ਬਿਮਾਰ ਚਤਰ ਸਿੰਘ ਪਾਸ ਲੜਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਤਾਂ ਜੋ ਉਸ ਨਾਲ ਹੋਈ ਵਧੀਕੀ ਦਾ ਉੱਤਰ ਦੇ ਸਕੇ। ਉਸ ਅਮੀਰ ਦੋਸਤ ਮੁਹੰਮਦ ਅਤੇ ਉਸ ਦੇ ਭਰਾ ਸੁਲਤਾਨ ਮੁਹੰਮਦ ਨਾਲ ਗੱਲ-ਬਾਤ ਛੇੜੀ। ਉਨ੍ਹਾਂ ਅੰਗਰੇਜ਼ਾਂ ਵਿਰੁੱਧ ਸਿੱਖਾਂ ਦੀ ਸਹਾਇਤਾ ਕਰਨੀ ਸਵੀਕਾਰ ਕਰ ਲਈ। ਪਰ ਨਾਲ ਹੀ ਇਹ ਸ਼ਰਤ ਵੀ ਰੱਖੀ ਕਿ ਪਸ਼ੌਰ ਅਤੇ ਡੇਰਾ ਜਾਟ ਦੀ ਸੌਂਪਣੀ ਉਨ੍ਹਾਂ ਨੂੰ ਦਿੱਤੀ ਜਾਵੇ। ਚਤਰ ਸਿੰਘ ਨੇ ਆਪਣੇ ਦੋਸਤ ਗੁਲਾਬ ਸਿੰਘ ਪਾਸੋਂ ਵੀ ਸਹਾਇਤਾ ਮੰਗੀ। ਡੋਗਰਾ ਨੇ ਆਪਣੀਆਂ ਫ਼ੌਜਾਂ ਪੰਜਾਬ ਦੀ ਸੀਮਾ ਤੇ ਉਪਰ-ਹੇਠਾਂ ਗਸ਼ਤ ਹੁੰਦੀ ਰਹਿਣ ਦਿੱਤੀ ਅਤੇ ਸਿੱਖ ਅਤੇ ਅੰਗਰੇਜ਼ ਉਸ ਦੇ ਸਹੀ ਇਰਾਦਿਆਂ ਦੇ ਅਨੁਮਾਨ ਲਾਉਂਦੇ ਰਹੇ।

ਮੁਲਤਾਨ ਵਿਖੇ ਸ਼ੇਰ ਸਿੰਘ ਅਟਾਰੀਵਾਲਾ ਨੇ ਸੁਣਿਆ ਕਿ ਉਸ ਦੇ ਬਜ਼ੁਰਗ ਪਿਤਾ ਨਾਲ ਅੰਗਰੇਜ਼ਾਂ ਨੇ ਕਿਹੋ ਜਿਹਾ ਸਲੂਕ ਕੀਤਾ, ਪਰ ਉਸ ਹਾਲਾਤ ਵਿਗੜਨ ਨਹੀਂ ਦਿੱਤੇ। ਸਤੰਬਰ 9 ਨੂੰ ਉਹ ਅੰਗਰੇਜ਼ ਦੇ ਸਾਥ ਵਿਚ ਕਿਲ੍ਹੇ ਤੇ ਕਬਜ਼ਾ ਕਰਨ ਲਈ ਲੜਿਆ। ਪਰ ਕੁਝ ਦਿਨਾਂ ਪਿੱਛੋਂ ਜਦੋਂ ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਉਸ ਨੂੰ ਅਗਵਾਹ ਕਰਨ ਦੀ ਅੰਗਰੇਜ਼ਾਂ ਦੀ ਚਾਲ ਹੈ ਤਾਂ ਉਹ ਆਪਣੀ ਫ਼ੌਜ ਸਮੇਤ ਅੰਗਰੇਜ਼ਾਂ ਦਾ ਕੈਂਪ ਛੱਡ ਗਿਆ। ਅਗਲੇ ਦਿਨ ਉਸ ਐਲਾਨ ਜਾਰੀ ਕੀਤਾ :

"ਪੰਜਾਬ ਦੇ ਵਸਨੀਕਾਂ ਅਤੇ ਸਿੱਖਾਂ ਨੂੰ ਭਲੀ ਪ੍ਰਕਾਰ ਪਤਾ ਹੈ ਅਤੇ ਖਾਲਸੇ ਨਾਲ ਹਿਤ ਰੱਖਣ ਵਾਲੇ, ਅਤੇ ਸੱਚ ਤਾਂ ਇਹ ਹੈ ਕਿ ਵਿਸ਼ਵ ਭਰ ਵਿਚ ਸਭ ਜਾਣਦੇ ਹਨ ਕਿ ਫ਼ਰੰਗੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਨਾਲ ਕਿਹੋ ਜਿਹਾ ਸਲੂਕ ਕੀਤਾ ਅਤੇ ਕਿੰਨੇ ਜ਼ੁਲਮ ਢਾਹੇ। ਇਹ ਵੀ ਸਾਰੇ ਜਾਣਦੇ ਹਨ ਕਿ ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਕੀ-ਕੀ ਤਸੀਹੇ ਦਿੱਤੇ ਹਨ।"

ਸ਼ੇਰ ਸਿੰਘ ਨੇ ਮੂਲ ਰਾਜ ਨਾਲ ਮਿਲਣ ਦੀ ਪੇਸ਼ਕਸ਼ ਕੀਤੀ। ਦੀਵਾਨ ਦਾ ਸੰਦੇਹ ਉਸ ਜਾਅਲੀ ਪੱਤਰ ਨਾਲ ਪੱਕਾ ਹੋ ਚੁੱਕਾ ਸੀ ਜਿਹੜਾ ਅੰਗਰੇਜ਼ਾਂ ਨੇ ਚਾਲਬਾਜ਼ੀ ਨਾਲ ਉਸ ਪਾਸ ਪਹੁੰਚਾ ਦਿੱਤਾ ਸੀ। ਇਸ ਜਾਅਲੀ ਪੱਤਰ ਵਿਚ ਇਹ ਜ਼ਿਕਰ ਕੀਤਾ ਹੋਇਆ ਸੀ ਕਿ ਮੂਲ ਰਾਜ ਨੂੰ ਧੋਖੇ ਨਾਲ ਪਕੜਨ ਦੀ ਸਾਜ਼ਿਸ਼ ਵਿਚ ਸ਼ੇਰ ਸਿੰਘ ਵੀ ਭਾਈਵਾਲ ਸੀ। ਸਿੱਟੇ ਵਜੋਂ ਉਸ ਸ਼ੇਰ ਸਿੰਘ ਨੂੰ ਕਿਲ੍ਹੇ ਅੰਦਰ ਨਹੀਂ ਵੜਨ ਦਿੱਤਾ। ਕ੍ਰੋਧ ਨਾਲ ਭਰਿਆ-ਪੀਤਾ ਸ਼ੇਰ ਸਿੰਘ ਮੁਲਤਾਨ ਤੋਂ ਚਲਿਆ ਗਿਆ ਤਾਂ ਜੋ ਆਪਣੇ ਬਜ਼ੁਰਗ ਪਿਤਾ ਦੀ ਸਹਾਇਤਾ ਕਰ ਸਕੇ। ਅਟਾਰੀਵਾਲਾ ਦਾ ਦਲ ਬਦਲਣਾ ਬਾਕੀਆਂ ਲਈ ਇਸ਼ਾਰਾ ਸੀ ਕਿ ਹਰ ਸਰਦਾਰ ਖ਼ੁਦਮੁਖ਼ਤਾਰ ਬਣ ਸਕਦਾ ਸੀ। ਇਸ ਪ੍ਰਕਾਰ ਇਕ ਸਾਧਾਰਨ ਜਿਹਾ ਝਗੜਾ ਇਕ ਕੌਮੀ ਵਿਦਰੋਹ ਦਾ ਰੂਪ ਧਾਰਨ ਕਰ ਗਿਆ।

ਕੇਵਲ ਲਾਹੌਰ ਵਿਚ ਹੀ ਰਾਜਾ ਤੇਜ ਸਿੰਘ ਅਤੇ ਉਸ ਜਿਹੇ ਹੋਰ ਸਰਦਾਰ ਜੁੜੇ ਤੇ ਕਮਜ਼ੋਰ ਨਾਬਾਲਗ ਦੇ ਨਾਂ ਇਕ ਦਰਬਾਰ ਸਜਾਇਆ ਜਿਵੇਂ ਕਿ ਫ਼ਰੰਗੀਆਂ ਨੇ ਉਨ੍ਹਾਂ ਨੂੰ ਆਦੇਸ਼ ਦਿੱਤੇ ਸਨ।

ਵਾਪਰ ਰਹੀਆਂ ਘਟਨਾਵਾਂ ਤੋਂ ਲਾਰਡ ਡਲਹੌਜ਼ੀ ਖ਼ੁਸ਼ ਸੀ, ਕਿਉਂਕਿ ਇਨ੍ਹਾਂ ਸਦਕਾ ਉਸ ਦੇ ਹੱਥ ਉਹ ਮੌਕਾ ਆ ਗਿਆ ਸੀ ਜਿਸ ਦੀ ਉਹ ਉਡੀਕ ਕਰ ਰਿਹਾ ਸੀ। ਉਸ ਦੇ ਕਹਿਣ ਅਨੁਸਾਰ :

"ਹਜ਼ਾਰਾ ਵਿਚ ਕਾਫ਼ੀ ਵਿਦਰੋਹ ਫੈਲਿਆ ਹੈ...ਇਸ ਤੋਂ ਚੰਗਾ ਹੋਰ ਕੀ ਹੋ ਸਕਦਾ ਸੀ ਜਿਸ ਦੀ ਮੈਂ ਇੱਛਾ ਕਰਦਾ ਸੀ। ਇਸ ਦੇਸ਼ ਨੂੰ ਹੁਣ ਆਪਣੇ ਨਾਲ ਮਿਲਾ ਲੈਣ ਤੋਂ ਬਿਨਾਂ ਕੋਈ ਚਾਰਾ ਨਹੀਂ। ਮੈਂ ਤਲਵਾਰ ਸੂਤ ਲਈ ਹੈ ਅਤੇ ਮਿਆਨ ਵਗਾਹ ਮਾਰੀ ਹੈ।" ਉਸ

ਖੁੱਲ੍ਹੇ-ਆਮ ਸ਼ੇਰ ਸਿੰਘ ਦੇ ਦਲ ਬਦਲ ਲੈਣ ਦਾ ਸੁਆਗਤ ਕੀਤਾ। ਇਸ ਨਾਲ ਹਾਲਾਤ ਉਸ ਸੰਕਟ ਤਕ ਅੱਪੜ ਗਏ ਜਿਸ ਦੀ ਉਡੀਕ ਉਹ ਕਈ ਮਹੀਨਿਆਂ ਤੋਂ ਕਰ ਰਿਹਾ ਸੀ। ਉਸ ਲਿਖਿਆ : "ਹੁਣ ਅਸੀਂ ਸਿੱਖ ਕੌਮ ਅਤੇ ਪੰਜਾਬ ਦੀ ਹਕੂਮਤ ਨਾਲ ਜੰਗ ਕਰਨ ਦੀ ਪੂਰਬ ਸੰਧਿਆ ਵਿਚ ਨਹੀਂ ਸਗੋਂ ਸਿਖਰ ਦੁਪਹਿਰ ਵਿਚ ਖੁਭੇ ਹੋਏ ਹਾਂ।" ਕਲਕੱਤਾ ਤੋਂ ਜਾਣ ਤੋਂ ਪਹਿਲਾਂ ਆਪਣੇ ਸਿੱਧੇ ਢੰਗ ਅਨੁਸਾਰ ਡਲਹੌਜ਼ੀ ਨੇ ਜੰਗ ਦੀ ਘੋਸ਼ਣਾ ਕੀਤੀ : "ਕਿਸੇ ਪੰਰਪਰਾ ਤੋਂ ਨਾ ਡਰਦੇ ਹੋਏ ਅਤੇ ਕਿਸੇ ਉਦਾਹਰਣ ਦੀ ਪਰਵਾਹ ਕੀਤੇ ਬਿਨਾਂ ਸਿੱਖ ਕੌਮ ਨੇ ਜੰਗ ਛੇੜੀ ਹੈ, ਅਤੇ ਹਜ਼ੂਰ ਮੇਰਾ ਦਾਅਵਾ ਹੈ ਕਿ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਵੇਗੀ।" ਆਪਣੀ ਘੋਸ਼ਣਾ ਵਿਚ ਉਸ ਸਪੱਸ਼ਟ ਰੂਪ ਵਿਚ ਦਰਬਾਰ ਦਾ ਜ਼ਿਕਰ ਨਹੀਂ ਕੀਤਾ ਤਾਂ ਜੋ ਅੰਗਰੇਜ਼ੀ ਕੁਮਕ (ਸਹਾਇਕ ਫ਼ੌਜ) "ਲਾਹੌਰ ਦੇ ਇਲਾਕੇ ਅੰਦਰ ਕਾਇਮ ਸਰਕਾਰ ਦੀ ਦੁਸ਼ਮਣ ਵਜੋਂ ਨਹੀਂ, ਸਗੋਂ ਅਮਨ-ਕਾਨੂੰਨ ਅਤੇ ਤਾਬੇਦਾਰੀ ਬਹਾਲ ਕਰਨ ਲਈ ਦਾਖ਼ਲ ਹੋਵੇ।"

ਇਹ ਮੁਕਾਬਲਾ ਬਰਾਬਰ ਦਾ ਨਹੀਂ ਸੀ। 1846 ਦੀ ਲਾਹੌਰ ਦੀ ਸੰਧੀ ਅਨੁਸਾਰ ਬਹੁਤ ਸਾਰੀਆਂ ਤੋਪਾਂ ਪੰਜਾਬ ਨੂੰ ਦੇ ਦਿੱਤੀਆਂ ਗਈਆਂ ਅਤੇ ਫ਼ੌਜ ਵੀ 20,000 ਇਨਫ਼ੈਂਟਰੀ ਤਕ ਅਤੇ 12,000 ਕੈਵਲਰੀ ਤਕ ਘਟਾ ਦਿੱਤੀ ਗਈ ਸੀ। ਕਿਸਾਨ ਨਿਹੱਥੇ ਕੀਤੇ ਜਾ ਚੁੱਕੇ ਸਨ। ਦੂਜੇ ਪਾਸੇ ਅੰਗਰੇਜ਼ਾਂ ਪਾਸ 50,000 ਸਿਪਾਹੀ ਪੂਰੀ ਸਿੱਖਿਆ ਪ੍ਰਾਪਤ ਕਰ ਚੁੱਕੇ ਸਨ। ਅਤੇ ਸਤਲੁਜ ਦੇ ਕੰਢੇ ਦੇ ਨਾਲ-ਨਾਲ ਸਨ। ਲਾਹੌਰ ਦੀ ਛਾਉਣੀ ਵਿਚ 9,000 ਅਤੇ ਫ਼ੀਰੋਜ਼ਪੁਰ ਦੀ ਛਾਉਣੀ ਵਿਚ ਵੀ 9,000 ਫ਼ੌਜੀ ਸਨ। ਬਹੁਤ ਸਾਰੇ ਸ਼ਕਤੀਸ਼ਾਲੀ ਕਿਲ੍ਹੇ—ਲਾਹੌਰ, ਕਾਂਗੜਾ, ਸ਼ੇਖੂਪੁਰਾ—ਉਨ੍ਹਾਂ ਦੇ ਹੱਥਾਂ ਵਿਚ ਸਨ।

ਨਵੰਬਰ 1848 'ਚ ਹਾਲਤ ਕੁਝ ਇਸ ਪ੍ਰਕਾਰ ਸਨ : "ਚਜ ਅਤੇ ਸਿੰਧ ਸਾਗਰ ਦੋਆਬਿਆਂ ਨੇ ਸੁਤੰਤਰ ਹੋਣ ਦਾ ਐਲਾਨ ਕਰ ਦਿੱਤਾ ਸੀ, ਦੂਸਰੇ ਦੋਆਬੇ ਅੰਗਰੇਜ਼ਾਂ ਦੇ ਅਧੀਨ ਸਨ। ਰੋਕਥਾਮ ਕਰਨ ਵਾਲੇ ਦੋ ਹੀ ਕੇਂਦਰ ਸਨ—ਇਕ ਅਟਾਰੀਵਾਲਾ ਦੀ ਅਗਵਾਈ ਹੇਠ ਉੱਤਰ-ਪੱਛਮ ਦਾ ਅਤੇ ਦੂਜਾ ਮੂਲ ਰਾਜ ਦੇ ਅਧੀਨ ਦੱਖਣ ਵਿਚ।"

ਸ਼ੇਰ ਸਿੰਘ ਅਟਾਰੀਵਾਲਾ ਲਾਹੌਰ ਦੇ ਲਾਗਿਓਂ ਲੰਘਿਆ, ਜਿਨ੍ਹਾਂ ਸ਼ਹਿਰੀਆਂ ਵੱਲੋਂ ਭੇੜ ਹੋਣ ਦੀ ਸੰਭਾਵਨਾ ਸੀ, ਉਨ੍ਹਾਂ ਉੱਚੀ ਸਾਹ ਨਹੀਂ ਲਿਆ। ਉਸ ਸੁਣਿਆ ਕਿ ਲਾਰਡ ਗੱਫ ਲਾਹੌਰ ਵੱਲ ਵਧ ਰਿਹਾ ਹੈ, ਇਸ ਲਈ ਉਹ ਉੱਤਰ ਵੱਲ ਹਟ ਗਿਆ ਤਾਂ ਜੋ ਅੰਗਰੇਜ਼ਾਂ ਨੂੰ ਚਨਾਬ 'ਤੇ ਰੋਕ ਪਾਵੇ।

ਗੱਫ ਚਨਾਬ ਤਕ ਵਧਦਾ ਗਿਆ ਅਤੇ ਅਟਾਰੀਵਾਲਾ ਦੀਆਂ ਫ਼ੌਜਾਂ ਨੇ ਉਸ ਨੂੰ ਦਰਿਆ ਦੇ ਪਰਲੇ ਪਾਰ ਵੇਖਿਆ। ਪੰਜਾਬੀਆਂ ਨੇ ਦਰਿਆ ਪਾਰ ਕੀਤਾ, ਰਾਮਗੜ੍ਹ ਦੇ ਕਿਲ੍ਹੇ 'ਤੇ ਕਬਜ਼ਾ ਜਮਾਇਆ ਅਤੇ ਉਸ ਅੰਗਰੇਜ਼ ਫ਼ੌਜ ਨੂੰ ਪਿੱਛੇ ਵੱਲ ਹਟਾਇਆ, ਜਿਸ ਜਰਨੈਲ ਕੈਂਬਲ ਦੀ ਅਗਵਾਈ ਹੇਠ ਉਨ੍ਹਾਂ ਤੇ ਹਮਲਾ ਕੀਤਾ ਸੀ। ਕੈਂਬਲ ਦੀ ਸਹਾਇਤਾ ਲਈ ਲਾਰਡ ਗੱਫ ਪਹੁੰਚ ਗਿਆ। ਅੰਗਰੇਜ਼ੀ ਫ਼ੌਜ ਨੇ ਚਨਾਬ ਨੂੰ ਦੋ ਥਾਵਾਂ ਤੋਂ ਪਾਰ ਕੀਤਾ ਅਤੇ ਸਦੂਲਪੁਰ ਪਿੰਡ ਦੇ ਨੇੜੇ ਸ਼ੇਰ ਸਿੰਘ ਅਟਾਰੀਵਾਲਾ ਨਾਲ ਬਹੁਤ ਸਖ਼ਤ ਤੋਪਖ਼ਾਨੇ ਦੀ ਟੱਕਰ ਲਈ।

ਅੰਗਰੇਜ਼ਾਂ ਦੀ ਉੱਤਮ ਗੋਲਾਬਾਰੀ ਨੇ ਪੰਜਾਬੀਆਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੇ ਬਣਾਂ ਦੇ ਮੋਰਚਿਆਂ ਨੂੰ ਤਿਲਾਂਜਲੀ ਦੇ ਕੇ ਪਿੱਛੇ ਜੇਹਲਮ ਤਕ ਹਟ ਜਾਣ। ਉਨ੍ਹਾਂ ਉਥੇ ਪੈਰ ਜਮਾ ਲਏ ਜਿਥੇ ਉਨ੍ਹਾਂ ਦੇ ਪਿੱਛੇ ਡੂੰਘਾ ਦਰਿਆ ਸੀ ਅਤੇ ਅੱਗੇ ਘਣਾ ਜੰਗਲ। ਜਿਸ ਵਿਚੋਂ ਡੂੰਘੀਆਂ ਨਦੀਆਂ ਲੰਘਦੀਆਂ ਸਨ।

ਅੰਗਰੇਜ਼ਾਂ ਨੇ ਆਪਣੇ ਮੋਰਚੇ ਪੰਜਾਬੀਆਂ ਦੇ ਟਿਕਾਣਿਆਂ ਤੋਂ ਤਿੰਨ ਮੀਲ ਦੱਖਣ-ਪੂਰਬ ਵੱਲ ਬਣਾਏ। ਕੁਝ ਸਮੇਂ ਲਈ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਸਰਗਰਮੀ ਰਹਿਤ ਰਹੀਆਂ। ਪੰਜਾਬੀਆਂ ਨੇ ਆਪਣਾ ਰਾਸ਼ਨ-ਪਾਣੀ ਮੁੱਕਦਾ ਵੇਖ ਕੇ ਦੁਸ਼ਮਣ ਨੂੰ ਆਪਣੇ ਟਿਕਾਣੇ ਤੋਂ ਹਿਲਾਇਆ। ਦੂਜੇ ਮੋਰਚਿਆਂ ਤੋਂ ਸਮਾਚਾਰ ਪ੍ਰਾਪਤ ਹੋਏ ਕਿ ਲੜਾਈ ਜੇਹਲਮ ਤੋਂ ਆਰੰਭ ਕੀਤੀ ਜਾਵੇ। ਚਤਰ ਸਿੰਘ ਅਟਾਰੀਵਾਲਾ ਨੇ ਅਟਕ ਨੂੰ ਮੁਕਤ ਕਰਵਾ ਲਿਆ ਸੀ ਅਤੇ ਜਿਹੜੀ ਥੋੜ੍ਹੀ-ਬਹੁਤੀ ਫ਼ੌਜ ਉਸ ਪਾਸ ਵਾਧੂ ਸੀ, ਏਧਰ ਘੱਲ ਦਿੱਤੀ ਗਈ ਸੀ। ਉਸ ਇਹ ਵੀ ਵਚਨ ਦਿੱਤਾ ਕਿ ਦੁਸ਼ਮਣ ਤੇ ਹਮਲਾ ਕਰਨ ਲਈ ਉਹ ਆਪਣੇ ਪੁੱਤਰ ਨਾਲ ਆ ਮਿਲੇਗਾ। ਮੁਲਤਾਨ ਤੋਂ ਪ੍ਰਾਪਤ ਹੋਏ ਸਮਾਚਾਰ ਨਾਲ ਅੰਗਰੇਜ਼ਾਂ ਦੇ ਹੌਸਲੇ ਹੋਰ ਵੀ ਬੁਲੰਦ ਹੋਏ। ਇਕ ਅੰਗਰੇਜ਼ੀ ਤੋਪ-ਗੋਲਾ ਕਿਲ੍ਹੇ ਵਿਚ ਰੱਖੇ ਹੋਏ ਬਾਰੂਦ ਦੇ ਭੰਡਾਰ ਉਪਰ ਆ ਡਿੱਗਾ, ਜਿਸ ਨਾਲ 400,000 ਪੌਂਡ ਬਾਰੂਦ ਉੱਡ ਗਿਆ ਅਤੇ ਇਸ ਦੀ ਰਖਵਾਲੀ ਕਰਦੇ ਪੰਜ ਸੌ ਵਿਅਕਤੀ ਮਾਰੇ ਗਏ। ਜੰਗ ਦੀ ਲਹਿਰ ਦਾ ਰੁਖ ਅੰਗਰੇਜ਼ਾਂ ਦੇ ਹੱਕ ਵਾਲਾ ਹੋ ਗਿਆ। ਘੇਰਾ ਘੱਤੀਆਂ ਤੋਪਾਂ ਪਾਸੋਂ ਉਹ ਇਸੇ ਸੰਦੇਸ਼ ਦੀ ਉਡੀਕ ਕਰ ਰਹੇ ਸਨ ਕਿ ਮੂਲ ਰਾਜ ਨੇ ਹਥਿਆਰ ਸੁੱਟ ਦਿੱਤੇ ਹਨ।

ਚੇਲਿਆਂਵਾਲਾ ਦੀ ਲੜਾਈ : ਜਨਵਰੀ 13, 1849

ਅੰਗਰੇਜ਼ਾਂ ਅਤੇ ਪੰਜਾਬੀਆਂ ਅੰਦਰ ਦੌੜ ਲੱਗੀ ਹੋਈ ਸੀ ਕਿ ਸਹੀ ਸਥਾਨ ਤੇ ਮੋਰਚੇ ਬਣਾ ਸਕਣ। ਲਾਰਡ ਗੌਫ ਜੰਗਲ ਤੋਂ ਹਟ ਕੇ ਰਹਿਣ ਦੀ ਕੋਸ਼ਿਸ਼ ਕਰਦਾ ਸੀ ਅਤੇ ਉਹ ਪੰਜਾਬੀ ਫ਼ੌਜ ਦੀ ਕਤਾਰ ਉਪਰ ਹੀ ਹਮਲਾ ਕਰਦਾ। ਸ਼ੇਰ ਸਿੰਘ ਅਟਾਰੀਵਾਲਾ ਨੇ ਇਸ ਚਾਲ ਨੂੰ ਰੋਕਿਆ ਅਤੇ ਇਕ ਹੋਰ ਸਫ਼ਬੰਦੀ ਕੀਤੀ। ਅਜੇ ਵੀ ਜੰਗਲ ਅਤੇ ਨਦੀ-ਨਾਲੇ ਉਸ ਨੂੰ ਦੁਸ਼ਮਣ ਤੋਂ ਵੱਖ ਕਰ ਰਹੇ ਸਨ।

ਜਨਵਰੀ 13, 1849 ਨੂੰ ਲੌਢੇ ਪਹਿਰ ਅੰਗਰੇਜ਼ਾਂ ਨੇ ਹਮਲਾ ਕੀਤਾ। ਪੰਜਾਬੀਆਂ ਨੇ ਦੇਖਿਆ ਕਿ ਚੇਲਿਆਂਵਾਲਾ ਪਿੰਡ ਵੱਲੋਂ ਫ਼ੌਜਾਂ ਆ ਰਹੀਆਂ ਹਨ। ਇਸ ਲਈ ਉਨ੍ਹਾਂ ਐਨ ਮੌਕੇ ਤੇ ਗੋਲੀਆਂ ਚਲਾਈਆਂ। ਪੰਜਾਬੀ ਤੋਪਾਂ ਨੇ ਦੁਸ਼ਮਣ ਨੂੰ ਇਕ ਘੰਟੇ ਲਈ ਰੋਕੀ ਰਖਿਆ। ਜਦੋਂ ਉਨ੍ਹਾਂ ਦੀ ਗੋਲਾਬਾਰੀ ਥੋੜ੍ਹੀ ਹਲਕੀ ਹੋਈ ਤਾਂ ਅੰਗਰੇਜ਼ਾਂ ਦੀ ਭਾਰੀ ਗਿਣਤੀ ਦੀ ਫ਼ੌਜ ਨੇ ਹਮਲਾ ਕੀਤਾ ਅਤੇ ਇਹ ਯਤਨ ਕੀਤਾ ਕਿ ਪੰਜਾਬੀ ਸਿਪਾਹੀ ਦਰਿਆ ਵਿਚ ਧੱਕੇ ਜਾਣ। ਪੰਜਾਬੀ ਝਾੜੀਦਾਰ ਜੰਗਲ ਵਿਚ ਖਿੰਡ ਗਏ ਅਤੇ ਧਾਈ ਫੱਟ ਦੀ ਜੁਗਤ ਨਾਲ ਲੜਨ ਲੱਗੇ। ਜਦੋਂ ਤਾਈਂ ਰਾਤ ਦਾ ਹਨੇਰਾ ਨਹੀਂ ਪੱਸਰ ਗਿਆ, ਲੜਾਈ ਚਲਦੀ ਰਹੀ। ਪੰਜਾਬੀਆਂ ਨੇ ਚਾਰ ਅੰਗਰੇਜ਼ੀ ਤੋਪਾਂ ਅਤੇ ਤਿੰਨ ਰੈਜਮੈਂਟਾਂ ਦੇ ਝੰਡੇ ਆਪਣੇ ਕਬਜ਼ੇ ਵਿਚ ਲੈ ਲਏ। ਭਾਰਤ ਤੇ ਕਬਜ਼ਾ ਕਰਨ ਦੇ ਸਮੇਂ ਵਿਚ ਚੇਲਿਆਂਵਾਲਾ ਵਿਖੇ ਹੋਈ ਅੰਗਰੇਜ਼ਾਂ ਦੀ ਹਾਰ ਸਭ ਤੋਂ ਵੱਧ ਖਰਾਬ ਸੀ।

ਇਸ ਲੜਾਈ ਵਿਚ ਵਿਖਾਏ ਸਿੱਖਾਂ ਦੇ ਕਾਰਨਾਮਿਆਂ ਬਾਰੇ ਇਕ ਅੰਗਰੇਜ਼ ਅਫ਼ਸਰ ਸੰਡਫੋਰਡ ਲਿਖਦਾ ਹੈ : "ਉਹ ਦੈਂਤਾਂ ਵਾਂਗ ਲੜੇ ਬਹੁਤ ਤੇਜ਼ ਅਤੇ ਅੱਖੜ, ਜਿਹੜੇ ਮੌਤ ਤੋਂ ਨਹੀਂ ਡਰਦੇ ਸਨ। ਬੱਬਰ ਸ਼ੇਰਾਂ ਵਾਂਗ ਗਰਜਣ ਵਾਲੇ ਗਭਰੂ ਮੈਂ ਅੱਜ ਤਕ ਨਹੀਂ ਵੇਖੇ। ਉਹ ਬੈਨਟਾਂ ਦੀਆਂ ਨੋਕਾਂ ਉਪਰ ਨੱਚਦੇ ਹੋਏ ਆਪਣੇ ਦੁਸ਼ਮਣ ਤੇ ਨਿਗਾਹ ਰੱਖਦੇ।" ਇਸ ਸੰਬੰਧ ਵਿਚ ਜਨਰਲ ਥੈਕਵੈਲ ਲਿਖਦਾ ਹੈ : "ਸਾਡੀ ਫ਼ੌਜ ਵਿਚ ਸਭ ਪਾਸੇ ਘਬਰਾਹਟ ਫੈਲੀ ਹੋਈ ਸੀ। ਆਮ ਤੌਖਲਾ ਸੀ ਕਿ ਦੁਸ਼ਮਣ (ਪੰਜਾਬੀ) ਰਾਤ ਵੇਲੇ ਹਮਲਾ ਕਰੇਗਾ। ਜੇਕਰ ਉਹ ਉੱਦਮੀ ਹੁੰਦੇ ਅਤੇ ਪ੍ਰਾਪਤ ਲਾਹੇ ਨੂੰ ਧਿਆਨ ਵਿਚ ਰੱਖਦੇ ਤਾਂ ਯਕੀਨਨ ਉਹ

ਸਾਡੇ ਤੇ ਟੁੱਟ ਪੈਂਦੇ। ਜਿਸ ਜੰਗਲ ਨਾਲ ਉਨ੍ਹਾਂ ਆਰੰਭ ਵੇਲੇ ਤੋਂ ਮਿੱਤਰਤਾ ਪਾਈ ਸੀ, ਉਹ ਸਾਡੇ ਲਈ ਸਹਾਇਕ ਅਤੇ ਰਾਖਾ ਸਿੱਧ ਹੋਇਆ।" ਥੈਕਵੈਲ ਅਗਲੇ ਦਿਨ ਦੇ ਹਾਲਾਤਾਂ ਬਾਰੇ ਲਿਖਦਾ ਹੈ : "ਕੈਂਪ ਅੰਦਰ ਮਾਤਮ ਛਾਇਆ ਹੋਇਆ ਸੀ। ਇਸ ਦਾ ਕਾਰਨ ਸਪੱਸ਼ਟ ਸੀ ਕਿਉਂਕਿ 3,000 ਦੇ ਕਰੀਬ ਅੰਗਰੇਜ਼ ਮਾਰੇ ਗਏ ਸਨ ਜਾਂ ਫੱਟੜ ਹੋ ਗਏ ਸਨ ਅਤੇ ਬਾਕੀ ਨਦੀਆਂ ਜਾਂ ਜੰਗਲੀ ਝਾੜੀਆਂ ਵਿਚ ਫਸੇ ਹੋਏ ਸਨ।"

ਅਗਲੇ ਦਿਨ ਪੰਜਾਬੀਆਂ ਨੇ ਆਪਣੀ ਫਤਹਿ ਦੇ ਡੰਕੇ ਵਜਾਏ ਅਤੇ 21 ਤੋਪਾਂ ਦੀ ਸਲਾਮੀ ਦਿੱਤੀ।

ਇਕ ਵਾਰ ਮੁੜ ਫੀਰੋਜ਼ ਸ਼ਹਿਰ ਵਿਖੇ ਪੰਜਾਬੀ ਪ੍ਰਾਪਤ ਲਾਹੇ ਦੀ ਸੰਭਾਲ ਨਾ ਕਰ ਸਕੇ। ਉਨ੍ਹਾਂ ਦਾ ਆਪਣਾ ਕਾਫ਼ੀ ਨੁਕਸਾਨ ਹੋਇਆ ਸੀ ਪਰ ਦੁਸ਼ਮਣ ਦੇ ਆਪ ਲਾਹੇ ਆਹੂ ਤੋਂ ਅਣਜਾਣ ਸਨ। ਕੁਝ ਹੋਰ ਅਨਸਰ ਅਤੇ ਹਾਲਾਤ ਅੰਗਰੇਜ਼ਾਂ ਦੇ ਹੱਕ ਵਿਚ ਸਨ। ਜਿਉਂ ਹੀ ਜੰਗਬੰਦੀ ਹੋਈ ਤਾਂ ਮੋਹਲੇਧਾਰ ਬਾਰਸ਼ ਹੋਣ ਲੱਗ ਪਈ ਜਿਸ ਨਾਲ ਨਦੀ-ਨਾਲੇ ਭਰ ਗਏ। ਚੌਥੇ ਦਿਨ ਜਦੋਂ ਚਮਕਦਾ ਸੂਰਜ ਚੜ੍ਹਿਆ ਤਾਂ ਅੰਗਰੇਜ਼ ਚੇਲਿਆਂਵਾਲਾ ਤੋਂ ਪਿੱਛੇ ਹਟ ਗਏ ਤੇ ਚਜ ਤੋਂ ਹੁੰਦੇ ਹੋਏ ਝਨਾਂ ਦੇ ਕੰਢੇ ਤੋਂ ਪਿੱਛੇ ਹਟ ਗਏ।

ਅਟਾਰੀਵਾਲਾ ਨੇ ਜਾਰਜ ਲਾਰੇਂਸ ਨੂੰ ਸੱਦਾ ਭੇਜਿਆ ਜਿਹੜਾ ਉਨ੍ਹਾਂ ਦੇ ਕਬਜ਼ੇ ਵਿਚ ਸੀ। ਸਮਝੌਤੇ ਲਈ ਪੇਸ਼ਕਸ਼ ਹੋਈ। ਸ਼ਰਤ ਇਹ ਰੱਖੀ ਗਈ ਕਿ ਦਲੀਪ ਸਿੰਘ ਨੂੰ ਮਹਾਰਾਜਾ ਥਾਪਿਆ ਜਾਵੇ ਅਤੇ ਪੰਜਾਬ ਤੋਂ ਫ਼ੌਜਾਂ ਹਟਾ ਲਈਆਂ ਜਾਣ। ਪਰ ਇਹ ਸ਼ਰਤਾਂ ਠੁਕਰਾ ਦਿੱਤੀਆਂ ਗਈਆਂ।

ਗੁਜਰਾਤ ਦੀ ਲੜਾਈ : ਫ਼ਰਵਰੀ 21, 1849

ਅਟਾਰੀਵਾਲਾ ਝਨਾਂ ਵੱਲ ਵਧਿਆ ਅਤੇ ਘੋੜੇ ਦੇ ਨਾਲ ਵਾਲੀ ਸਫ਼ਬੰਦੀ ਕੀਤੀ ਜਿਹੜੀ ਗੁਜਰਾਤ ਅਤੇ ਦਰਿਆ ਵਿਚਕਾਰ ਸੀ। ਤੋਪਾਂ ਅਤੇ ਜਵਾਨਾਂ ਵੱਲੋਂ ਇਹ ਕਮਜ਼ੋਰ ਸਨ (ਅੰਗਰੇਜ਼ਾਂ ਦੀਆਂ 66 ਦੇ ਮੁਕਾਬਲੇ ਇਨ੍ਹਾਂ ਪਾਸ 59 ਸਨ।) ਅੰਗਰੇਜ਼ਾਂ ਨੇ ਸਵੇਰੇ 7.30 ਵਜੇ ਹਮਲਾ ਕਰ ਦਿੱਤਾ। ਆਮ ਵਾਂਗ ਪੰਜਾਬੀਆਂ ਨੇ ਗੋਲਾਬਾਰੀ ਛੇਤੀ ਨਾਲ ਆਰੰਭ ਕੀਤੀ ਅਤੇ ਛੇਤੀ ਹੀ ਆਪਣਾ ਬਾਰੂਦ ਖ਼ਤਮ ਕਰ ਲਿਆ। ਤੋਪਾਂ ਜਵਾਬ ਦੇ ਗਈਆਂ। ਅੰਗਰੇਜ਼ੀ ਤੋਪਾਂ ਨੇ ਪੰਜਾਬੀ ਤੋਪਾਂ ਨੂੰ ਚੁੱਪ ਕਰਾ ਦਿੱਤਾ। ਫਿਰ ਉਨ੍ਹਾਂ ਦੀ ਕੈਵਲਰੀ ਅਤੇ ਇਨਫੈਂਟਰੀ ਨੇ ਪੰਜਾਬੀ ਪੋਜ਼ੀਸ਼ਨ ਤੇ ਹਮਲਾ ਕੀਤਾ। ਪੰਜਾਬੀਆਂ ਨਾਲ ਮਿਲ ਚੁੱਕੀ ਅਫ਼ਗਾਨ ਕੈਵਲਰੀ ਨੇ ਵੀ ਦੁਸ਼ਮਣ ਨੂੰ ਦਬਾਉਣ ਦਾ ਯਤਨ ਕੀਤਾ ਪਰ ਉਦੇਸ਼ ਪੂਰਾ ਕੀਤੇ ਬਿਨਾਂ ਪਿੱਛੇ ਹਟ ਗਏ। ਪੰਜਾਬੀਆਂ ਨੇ ਦੁਸ਼ਮਣ ਨਾਲ ਹੱਥੋ-ਹੱਥ ਦੀ ਲੜਾਈ ਆਰੰਭ ਦਿੱਤੀ। ਪੰਜਾਬੀਆਂ ਦੀ ਬਹਾਦਰੀ ਸੰਬੰਧੀ ਜਨਰਲ ਥੈਕਵੈਲ ਲਿਖਦਾ ਹੈ : "ਇਸ ਲੜਾਈ ਅਤੇ ਚੇਲਿਆਂਵਾਲਾ ਵਿਖੇ ਸਿੱਖਾਂ ਨੇ ਆਪਣੇ ਵਿਰੋਧੀਆਂ ਦੀਆਂ ਸੰਗੀਨਾਂ ਨੂੰ ਖੱਬੇ ਹੱਥਾਂ ਨਾਲ ਫੜ ਲਿਆ ਅਤੇ ਸੱਜੇ ਹੱਥਾਂ ਨਾਲ ਤਲਵਾਰਾਂ ਦੇ ਬਰਾਬਰ ਹੱਥ ਵਿਖਾਏ। ਕੇਵਲ ਇਨ੍ਹਾਂ ਹਾਲਾਤਾਂ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਲੋਕਾਂ ਦਾ ਹੌਸਲਾ ਕਿੰਨਾ ਵਿੱਲਖਣ ਸੀ।"

ਗਿਣਤੀ ਅਤੇ ਬਖ਼ਤਰ ਦੇ ਜ਼ੋਰ ਨੇ ਅੰਤਮ ਫ਼ੈਸਲਾ ਇਸ ਮਾਮਲੇ ਦਾ ਕੀਤਾ। ਪੰਜਾਬੀਆਂ ਦੇ ਹੌਸਲੇ ਟੁੱਟ ਗਏ। ਅੰਗਰੇਜ਼ਾਂ ਨੇ ਗੁਜਰਾਤ ਤੇ ਕਬਜ਼ਾ ਕਰ ਲਿਆ ਅਤੇ ਪੰਜਾਬੀਆਂ ਦਾ ਉਦੋਂ ਤਕ ਪਿੱਛਾ ਕਰਦੇ ਗਏ ਜਦੋਂ ਤਾਈਂ ਉਹ ਸਭ ਕੁਝ ਤਬਾਹ ਨਹੀਂ ਕਰ ਦਿੱਤਾ ਜੋ ਕੁਝ ਉਨ੍ਹਾਂ ਦੇ ਹੱਥ ਲਗਦਾ ਗਿਆ।

ਗੁਜਰਾਤ ਦੀ ਲੜਾਈ ਨੇ ਫ਼ਰੰਗੀਆਂ ਦਾ ਪੰਜਾਬੀਆਂ ਵੱਲੋਂ ਕੀਤਾ ਜਾ ਰਿਹਾ

ਸੰਗਠਨਾਤਮਕ ਵਿਰੋਧ ਸਮਾਪਤ ਕਰ ਦਿੱਤਾ। ਮਾਰਚ 11, 1849 ਨੂੰ ਅਟਾਰੀਵਾਲਾ ਨੇ ਰਸਮੀ ਤੌਰ ਤੇ ਆਪਣੀਆਂ ਤਲਵਾਰਾਂ ਮੇਜਰ ਗਿਲਬਰਟ ਅੱਗੇ ਰਾਵਲਪਿੰਡੀ ਦੇ ਨੇੜੇ ਹਰਮਕ ਵਿਖੇ ਧਰ ਦਿੱਤੀਆਂ। ਉਨ੍ਹਾਂ ਤੋਂ ਉਪਰੰਤ ਸਾਰੀ ਸਿੱਖ ਫ਼ੌਜ ਨੇ 14 ਮਾਰਚ ਨੂੰ ਆਤਮ-ਸਮਰਪਣ ਕਰ ਦਿੱਤਾ। ਜਨਰਲ ਥੈਕਵੈਲ ਇਸ ਦ੍ਰਿਸ਼ ਦਾ ਵਰਨਣ ਇਸ ਪ੍ਰਕਾਰ ਕਰਦਾ ਹੈ, "ਇਹ ਵੀ ਵੇਖਣ ਵਿਚ ਆਇਆ ਕਿ ਕੁਝ ਬਜ਼ੁਰਗ ਖਾਲਸਾ ਫ਼ੌਜ ਦੇ ਹਥਿਆਰ ਸੁੱਟਣ ਵਿਚ ਹੇਠੀ ਖ਼ਿਆਲ ਕਰਦੇ ਸਨ। ਕੁਝ ਆਪਣੇ ਹੰਝੂਆਂ ਭਰੇ ਜਜ਼ਬਾਤਾਂ ਨੂੰ ਕਾਬੂ ਵਿਚ ਨਾ ਰੱਖ ਸਕੇ। ਜਿਹੜੇ ਹੋਰ ਸਨ, ਉਨ੍ਹਾਂ ਦੇ ਚਿਹਰਿਆਂ ਉਪਰ ਨਫ਼ਰਤ ਅਤੇ ਕ੍ਰੋਧ ਪ੍ਰਤੱਖ ਸੀ।"


ਇਕ ਧੌਲੀ ਦਾੜ੍ਹੀ ਵਾਲੇ ਬਜ਼ੁਰਗ ਸਰਦਾਰ ਦੀ ਟਿੱਪਣੀ ਨੇ ਸਮੁੱਚੇ ਇਤਿਹਾਸ ਨੂੰ ਸੰਖੇਪ ਰੂਪ ਦਿੱਤਾ, ਜਦੋਂ ਉਸ ਆਪਣੀ ਬੰਦੂਕ ਅਰਪਣ ਕੀਤੀ, "ਅੱਜ ਮਹਾਰਾਜਾ ਰਣਜੀਤ ਸਿੰਘ ਮਰ ਗਿਆ...."

ਮਾਰਚ 29, 1849 ਨੂੰ ਕਿਲ੍ਹੇ ਅੰਦਰ ਦਰਬਾਰ ਸਜਿਆ। ਉਸ ਸਮੇਂ ਇਕ ਐਲਾਨ ਕੀਤਾ ਗਿਆ ਜਿਸ ਅਨੁਸਾਰ ਸਿੱਖ ਰਾਜ ਦਾ ਅੰਤ ਹੋ ਗਿਆ। ਮਹਾਰਾਜਾ ਦਲੀਪ ਸਿੰਘ ਨੇ ਪੁਰਖਾਂ ਦਾ ਸ਼ਾਨਦਾਰ ਸਿੰਘਾਸਣ ਤਜਿਆ, ਜਿਸ ਤੇ ਮੁੜ ਆਸਣ ਨਹੀਂ ਲੱਗਣਾ ਸੀ। ਉਨ੍ਹਾਂ ਕੋਹਿਨੂਰ ਹੀਰਾ ਵੀ ਅੰਗਰੇਜ਼ਾਂ ਨੂੰ ਸੌਂਪ ਦਿੱਤਾ।

ਮਿਸਟਰ ਵਨਸਟਾਰਟ ਜਿਸ ਭਾਈ ਮਹਾਰਾਜ ਸਿੰਘ ਨੂੰ ਫੜਿਆ ਸੀ, ਲਿਖਦਾ ਹੈ, "ਗੁਰੂ ਕੋਈ ਸਧਾਰਨ ਵਿਅਕਤੀ ਨਹੀਂ ਹੈ। ਸਥਾਨਕ ਲੋਕਾਂ ਅੰਦਰ ਉਸ ਦਾ ਉਹੋ ਹੀ ਮਾਣ-ਸਨਮਾਨ ਹੈ ਜੋ ਈਸਾਈਆਂ ਅੰਦਰ ਜੀਸਿਸ ਲਈ ਹੈ।" ਜਦੋਂ ਭਾਈ ਮਹਾਰਾਜ ਸਿੰਘ ਜੀ ਫੜੇ ਗਏ ਸਨ ਤਾਂ ਉਨ੍ਹਾਂ ਦੇ ਨਾਲ 21 ਹਥਿਆਰ-ਰਹਿਤ ਸੇਵਕ ਚੱਲ ਰਹੇ ਸਨ। ਸਰਕਾਰ ਦੀ ਹਿੰਮਤ ਨਹੀਂ ਪਈ ਕਿ ਉਨ੍ਹਾਂ ਅੰਦਰ ਖੁੱਲ੍ਹੇ-ਆਮ ਭਾਰਤ ਵਿਚ ਮੁਕੱਦਮਾ ਚਲਾ ਸਕੇ। ਉਨ੍ਹਾਂ ਨੂੰ ਸਿੰਘਾਪੁਰ ਵਿਚ ਜਲਾਵਤਨ ਕੀਤਾ ਗਿਆ। ਉਥੇ ਕਈ ਵਰ੍ਹੇ ਉਨ੍ਹਾਂ ਨੂੰ ਇਕੱਲਿਆਂ ਇਕ ਕੋਠੜੀ ਵਿਚ ਰਖਿਆ ਗਿਆ। ਜੁਲਾਈ 5, 1856 ਨੂੰ ਉਹ ਸਦੀਵੀ ਵਿਛੋੜਾ ਦੇ ਗਏ।

ਸਿੱਖ ਹਿਸਟਰੀ

(1469-1988)




ਖ਼ੁਸ਼ਵੰਤ ਸਿੰਘ

ਭਾਗ—V

ਪੰਜਾਬ ਵਿਚ ਅੰਗਰੇਜ਼ੀ ਸੱਤਾ ਦਾ ਗਠਨ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਕਾਂਡ—23

ਪੰਜਾਬ ਦਾ ਅਲਹਾਕ

ਲਾਰਡ ਡਲਹੌਜ਼ੀ ਅੱਧ-ਵਿਚਾਲੇ ਕੰਮ ਛੱਡਣ ਦਾ ਆਦੀ ਨਹੀਂ ਸੀ। ਪੰਜਾਬੀਆਂ ਦੇ ਹਥਿਆਰ ਸੁੱਟਣ ਤੋਂ ਪਹਿਲਾਂ ਹੀ ਉਸ ਪੱਕਾ ਇਰਾਦਾ ਕਰ ਲਿਆ ਸੀ ਕਿ ਉਹ ਸਿੱਖਾਂ ਦੀ ਸਿਆਸੀ ਸੱਤਾ ਨੂੰ ਸਮਾਪਤ ਕਰ ਦੇਵੇਗਾ। ਗਵਰਨਰ ਜਨਰਲ ਦੀ ਡਾਕ (1849) ਵਿਚ ਉਸ ਲਿਖ ਭੇਜਿਆ ਸੀ, "ਪੰਜਾਬ ਵਿਚ ਉਸ ਸਮੇਂ ਤਕ ਅਮਨ ਕਾਇਮ ਨਹੀਂ ਹੋ ਸਕਦਾ ਜਦੋਂ ਤਕ ਇਥੋਂ ਦੇ ਲੋਕਾਂ ਨੂੰ ਜੰਗ ਛੇੜਨ ਦੇ ਸਾਧਨਾਂ ਅਤੇ ਅਵਸਰਾਂ ਤੋਂ ਵਾਂਝਿਆ ਨਹੀਂ ਕੀਤਾ ਜਾਂਦਾ। ਭਾਰਤ ਅੰਦਰ ਅਮਨ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ ਜਦੋਂ ਤਾਈਂ ਸਾਰੇ ਸਿੱਖਾਂ ਪਾਸੋਂ ਈਨ ਨਹੀਂ ਮੰਨਵਾਈ ਜਾਂਦੀ ਅਤੇ ਇਨ੍ਹਾਂ ਦੀ ਸੁਤੰਤਰ ਰਾਸ਼ਟਰ ਦੇ ਰੂਪ ਵਿਚ ਸੱਤਾ ਨਸ਼ਟ ਨਹੀਂ ਕੀਤੀ ਜਾ ਸਕਦੀ।" ਉਸ ਕਿਹਾ, "ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾਉਣ ਦਾ ਹੱਕ ਕਿਸੇ ਮੀਨ-ਮੇਖ ਜਾਂ ਇਤਰਾਜ਼ ਤੋਂ ਉਪਰ ਹੈ।" ਬਸ ਉਸ ਨੂੰ ਆਪਣੇ ਵਰਿਸ਼ਠ ਸਾਥੀਆਂ ਨਾਲ ਸਲਾਹ ਕਰਨ ਦੀ ਲੋੜ ਹੈ, ਵਿਸ਼ੇਸ਼ ਕਰਕੇ ਹੈਨਰੀ ਲਾਰੇਂਸ ਨਾਲ, ਜਿਹੜਾ ਜਲਦੀ ਨਾਲ ਵਲਾਇਤ ਤੋਂ ਪਰਤ ਆਇਆ ਸੀ ਅਤੇ ਰੈਜ਼ੀਡੈਂਟ ਦੀ ਗੱਦੀ ਸੰਭਾਲ ਚੁੱਕਾ ਸੀ।

ਹੈਨਰੀ ਲਾਰੇਂਸ ਇਸ ਪ੍ਰਕਾਰ ਇਲਾਕਾ ਹਥਿਆਉਣ ਦਾ ਵਿਰੋਧੀ ਸੀ ਅਤੇ ਉਸ ਲਾਰਡ ਡਲਹੌਜ਼ੀ ਨੂੰ ਲਿਖਿਆ ਸੀ ਕਿ "ਅਜਿਹਾ ਕਰਨਾ ਅਨੁਚਿਤ ਸੀ ਅਤੇ ਗ਼ੈਰ-ਸਿਆਸੀ ਵੀ।" ਪਰ ਜਾਨ ਲਾਰੇਂਸ ਡਲਹੌਜ਼ੀ ਨਾਲ ਸਹਿਮਤ ਸੀ ਕਿ ਇਲਾਕੇ ਨੂੰ ਮਿਲਾਉਣ ਦਾ ਮਾਮਲਾ ਕਿਸੇ ਸਮਝੌਤੇ ਦਾ ਮੁਥਾਜ ਨਹੀਂ ਸੀ ਅਤੇ ਤੁਰੰਤ ਕਾਰਵਾਈ ਦੀ ਮੰਗ ਕਰਦਾ ਸੀ। ਲਾਰਡ ਹਾਰਡਿੰਗ ਅਤੇ ਈਸਟ ਇੰਡੀਆ ਕੰਪਨੀ ਦਾ ਕੋਰਟ ਆਫ ਡਾਇਰੈਕਟਰਜ਼ ਵੀ ਲਾਰਡ ਡਲਹੌਜ਼ੀ ਦੇ ਫ਼ੈਸਲੇ ਦਾ ਸਮਰਥਨ ਕਰਨ ਲੱਗਾ। ਅਜਿਹੀ ਹਮਾਇਤ ਪ੍ਰਾਪਤ ਕਰਕੇ ਗਵਰਨਰ ਜਨਰਲ ਨੇ ਹੈਨਰੀ ਲਾਰੇਂਸ ਨੂੰ ਆਦੇਸ਼ ਦਿੱਤੇ ਕਿ ਉਹ ਇਲਾਕਾ ਮਿਲਾਉਣ ਦੇ ਐਲਾਨ ਦਾ ਮਸੌਦਾ ਤਿਆਰ ਕਰੇ। ਹੈਨਰੀ ਇਹ ਕਾਰਜ ਮਨੋਂ ਨਹੀਂ ਕਰਨਾ ਚਾਹੁੰਦਾ ਸੀ। ਨਿੱਜੀ ਤੌਰ 'ਤੇ ਉਹ ਦੀਵਾਨ ਮੂਲ ਰਾਜ ਪਾਸੋਂ ਵੀ ਈਨ ਨਹੀਂ ਮੰਨਵਾਉਣਾ ਚਾਹੁੰਦਾ ਸੀ। ਜਦੋਂ ਡਲਹੌਜ਼ੀ ਨੇ ਹੈਨਰੀ ਦੇ ਮਸੌਦੇ ਪ੍ਰਤੀ ਸਖ਼ਤ ਪ੍ਰਤੀਕਰਮ ਦਰਸਾਇਆ ਅਤੇ ਆਪਣੇ-ਆਪ ਨੂੰ ਪੰਜਾਬ ਦੀ ਹੋਣੀ ਦਾ ਸਾਲਸ ਹੋਣ ਦੀ ਇੱਛਾ ਦਾ ਪ੍ਰਗਟਾਵਾ ਕੀਤਾ ਤਾਂ ਹੈਨਰੀ ਨੇ ਅਸਤੀਫ਼ਾ ਦੇ ਦਿੱਤਾ। ਉਸ ਦੇ ਦੋਸਤਾਂ ਨੇ ਉਸ ਨੂੰ ਪਰੇਰਿਆ ਕਿ ਉਹ ਅਜਿਹਾ ਨਾ ਕਰੇ। ਇਸ ਲਈ ਉਲੰਘਣਾ ਅਤੇ ਨਿਰਾਦਰੀ ਸਹਾਰਦੇ ਹੋਏ ਵੀ ਉਸ ਗਵਰਨਰ ਜਨਰਲ ਦੇ ਆਦੇਸ਼ ਦੀ ਪਾਲਣਾ ਕਰਨੀ ਸਵੀਕਾਰ ਕਰ ਲਈ। ਡਲਹੌਜ਼ੀ ਨੇ ਹੁਕਮ ਜਾਰੀ ਕੀਤਾ ਕਿ "ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਾਹਰ ਕੱਢ ਦਿੱਤਾ ਜਾਵੇ।"

ਲਾਹੌਰ ਦੇ ਕਿਲ੍ਹੇ ਤੋਂ ਸਿੱਖ ਨਿਸ਼ਾਨ ਉਤਾਰਿਆ ਗਿਆ ਅਤੇ ਉਸ ਦੀ ਥਾਂ ਯੂਨੀਅਨ ਜੈਕ ਲਹਿਰਾ ਦਿੱਤਾ ਗਿਆ। ਸਿੱਖਾਂ ਦੀ ਕਈ ਪ੍ਰਕਾਰ ਦੀ ਚੱਲ ਰਹੀ ਕਰੰਸੀ (ਨਾਨਕਸ਼ਾਹੀ,

ਹਰੀ ਸਿੰਘ, ਗੋਵਿੰਦ ਸ਼ਾਹੀ ਆਦਿ) ਵਾਪਸ ਲੈ ਲਈ ਗਈ ਅਤੇ ਉਸ ਦੀ ਥਾਂ ਕੰਪਨੀ ਦਾ ਸਿੱਕਾ ਰੁਪਏ ਦੇ ਰੂਪ ਵਿਚ ਰਾਇਜ ਕੀਤਾ ਗਿਆ।

ਪੰਜਾਬ ਦਾ ਨਿਰ-ਸੈਨਾਕਰਨ

ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਥਾਂ-ਥਾਂ ਨੋਟਿਸ ਚਿਪਕਾਏ ਗਏ ਕਿ ਹਥਿਆਰ ਸਰਕਾਰ ਨੂੰ ਸੌਂਪ ਦਿੱਤੇ ਜਾਣ। ਤੋੜੇਦਾਰ ਬੰਦੂਕਾਂ, ਤਲਵਾਰਾਂ ਅਤੇ ਹੋਰ ਹਥਿਆਰ 120,000 ਤੋਂ ਵੱਧ ਵਾਲੰਟਰੀ ਤੌਰ ਤੇ ਸਮਰਪਿਤ ਕੀਤੇ ਗਏ। ਦਰਬਾਰ ਦੀਆਂ ਫ਼ੌਜਾਂ ਦਾ ਇਕ ਦਲ ਲਾਹੌਰ ਬੁਲਾਇਆ ਗਿਆ। ਗਿਣਤੀ ਮਾਤਰ ਫ਼ੌਜ ਰੱਖੀ ਗਈ ਅਤੇ ਬਾਕੀ ਦੀ ਫ਼ੌਜ ਸਮਾਪਤ ਕਰ ਦਿੱਤੀ ਗਈ। ਕਿਲ੍ਹੇ ਅਤੇ ਰਾਖੀ ਲਈ ਉਸਾਰੀ ਮੋਰਚਾਬੰਦੀ ਲਗਭਗ ਹਰ ਪੰਜਾਬੀ ਪਿੰਡ ਅੰਦਰ ਹਿਫ਼ਾਜ਼ਤੀ ਮੋਰਚਾਬੰਦੀ ਦੀ ਉਸਾਰੀ ਸੀ—ਪੱਧਰੀ ਕਰ ਦਿੱਤੀ ਗਈ। ਕੇਵਲ ਪਸ਼ੌਰ ਦਾ ਜ਼ਿਲ੍ਹਾ ਹੀ ਬਾਕੀ ਰਹਿ ਗਿਆ ਸੀ, ਜਿਸ ਦਾ ਨਿਰ-ਸੈਨਾਕਰਨ ਨਹੀਂ ਕੀਤਾ ਗਿਆ ਸੀ। (ਅਜਿਹੇ ਫ਼ੈਸਲੇ ਪਿੱਛੇ ਦਲੀਲ ਇਹ ਦਿੱਤੀ ਗਈ ਕਿ ਅੰਗਰੇਜ਼ੀ ਫ਼ੌਜ ਏਨੀ ਨਹੀਂ ਸੀ ਕਿ ਕਬਾਇਲੀ ਧਾੜਵੀਆਂ ਪਾਸੋਂ ਲੋਕਾਂ ਦੀ ਰਾਖੀ ਕੀਤੀ ਜਾ ਸਕੇ।) ਸਭ ਫ਼ੌਜੀ ਜਗੀਰਾਂ ਰੱਦ ਕਰ ਦਿੱਤੀਆਂ ਗਈਆਂ।

ਬੋਰਡ ਆਫ਼ ਕੰਟਰੋਲ

ਇਸ ਗੱਲ ਬਾਰੇ ਕਾਫ਼ੀ ਮਤਭੇਦ ਸੀ ਕਿ ਪੰਜਾਬ ਅੰਦਰ ਕਿਹੋ ਜਿਹੀ ਸਰਕਾਰ ਹੋਣੀ ਚਾਹੀਦੀ ਹੈ। ਲਾਰਡ ਗੱਫ ਪਾਸੋਂ ਕਮਾਂਡਰ-ਇਨ-ਚੀਫ਼ ਦਾ ਅਹੁਦਾ ਸੰਭਾਲਣ ਵਾਲੇ ਸਰ ਚਾਰਲਸ ਨੈਪੀਅਰ ਦੀ ਇਹ ਰਾਏ ਸੀ ਕਿ ਸਿੰਧ ਵਾਂਗ, ਪੰਜਾਬ ਅੰਦਰ ਵੀ ਫ਼ੌਜੀ ਰਾਜ ਲਾਗੂ ਹੋਣਾ ਚਾਹੀਦਾ ਹੈ। ਬਾਕੀਆਂ ਦੀ ਇਹ ਧਾਰਨਾ ਸੀ ਕਿ ਭਾਰਤ ਦੇ ਹੋਰ ਹਿੱਸਿਆਂ ਵਾਂਗ ਇਥੇ ਵੀ ਸ਼ਹਿਰੀ ਹਕੂਮਤ ਹੋਣੀ ਚਾਹੀਦੀ ਹੈ। ਲਾਰਡ ਡਲਹੌਜ਼ੀ ਨੇ ਫ਼ੈਸਲਾ ਕੀਤਾ ਕਿ ਦੋਹਾਂ ਦਾ ਜੋੜ ਕਰਕੇ ਪੰਜਾਬ ਅੰਦਰ ਨਾਗਰਿਕ ਪ੍ਰਸ਼ਾਸਨ ਲਾਗੂ ਕੀਤਾ ਜਾਵੇ ਜਿਸ ਵਿਚ ਕਾਰਜ ਕਰਨ ਵਾਲੇ ਫ਼ੌਜੀ ਅਤੇ ਸ਼ਹਿਰੀ ਅਧਿਕਾਰੀ ਹੋਣ। ਉਸ ਤਿੰਨ ਮੈਂਬਰਾਂ ਦਾ ਇਕ ਬੋਰਡ ਪ੍ਰਸ਼ਾਸਨ ਲਈ ਗਠਿਤ ਕੀਤਾ। ਹੈਨਰੀ ਲਾਰੇਂਸ ਨੂੰ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਉਸ ਨੂੰ ਰੱਖਿਆ ਅਤੇ ਸਰਦਾਰਾਂ ਨਾਲ ਸੰਬੰਧਤ ਮਾਮਲਿਆਂ ਦੇ ਨਿਪਟਾਰੇ ਲਈ ਲਾਇਆ ਗਿਆ। ਜੌਨ ਲਾਰੇਂਸ ਨੂੰ ਭੂਮੀ ਦੇ ਪ੍ਰਬੰਧ ਅਤੇ ਹੋਰ ਮਾਲੀ ਮਾਮਲਿਆਂ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਪੁਲਿਸ ਅਤੇ ਨਿਆਂ ਪ੍ਰਣਾਲੀ ਦਾ ਪ੍ਰਬੰਧ ਸੀ.ਜੀ. ਮਨਸਲ ਨੂੰ ਸੌਂਪਿਆ ਗਿਆ। ਇਹ ਤਿੰਨੇ ਮਿਲ ਕੇ ਪੰਜਾਬ ਦੀ ਸਿਆਸਤ ਦੇ ਦਿਲ ਦੀ ਰੀੜ੍ਹ ਦੀ ਹੱਡੀ ਅਤੇ ਬਾਹਵਾਂ ਬਣ ਗਏ। ਬੋਰਡ ਨੂੰ ਅਪੀਲ ਕਰਨ ਦਾ ਅੰਤਿਮ ਕੋਰਟ ਹੋਣ ਦਾ ਅਧਿਕਾਰ ਦੇ ਦਿੱਤਾ ਗਿਆ ਅਤੇ ਮੌਤ ਅਤੇ ਜੀਵਨ ਦੇ ਫ਼ੈਸਲੇ ਦੀ ਸੱਤਾ ਸੌਂਪੀ ਗਈ। ਇਸ ਨੂੰ ਐਕਸਾਈਜ਼, ਮਾਲੀਆ ਅਤੇ ਪੁਲਿਸ ਮਾਮਲੇ ਦਾ ਚਾਰਜ ਵੀ ਦਿੱਤਾ ਗਿਆ।

ਡਲਹੌਜ਼ੀ ਨੇ ਹੈਨਰੀ ਲਾਰੇਂਸ ਨੂੰ ਲਿਖ ਭੇਜਿਆ, "ਭਾਰਤ ਦੇ ਉੱਤਮ ਵਿਅਕਤੀ ਤੁਹਾਡੀ ਸਹਾਇਤਾ ਲਈ ਉਪਲਬੱਧ ਹੋਣਗੇ।" ਭਾਰਤ ਵਿਚ ਜਿਹੜੇ ਬਹੁਤ ਤਜਰਬਾਕਾਰ ਅੰਗਰੇਜ਼ ਸਨ, ਉਹ ਪੰਜਾਬ ਵਿਚ ਭੇਜੇ ਗਏ। 56 ਇਕਰਾਰੀ ਅਧਿਕਾਰੀਆਂ ਵਿਚ 29 ਫ਼ੌਜੀ ਸਨ ਅਤੇ 27 ਸਿਵਿਲ ਸਰਵਿਸ ਦੇ ਸਨ।

ਹੈਨਰੀ ਲਾਰੇਂਸ ਨੇ ਉਚਿਤ ਦੀ ਥਾਵੇਂ ਤਾਕਤ ਦੀ ਨੀਤੀ ਅਪਣਾਈ। ਬੋਰਡ ਦੇ ਮੈਂਬਰਾਂ

ਤੋਂ ਲੈ ਕੇ ਅਦਨਾ ਕਾਰਦਾਰ ਤਕ ਜਿਹੜਾ ਵੀ ਵਿਅਕਤੀ ਸੀ, ਉਸ ਨੂੰ ਮਾਲੀ ਅਤੇ ਕਾਨੂੰਨੀ ਸੱਤਾ ਉਪਲਬੱਧ ਸੀ। ਪੰਜਾਬ ਦੇ ਸਤਲੁਜ ਦਾ ਪਾਰ ਅਤੇ ਉਰਾਰ ਦੇ ਦੋਵੇਂ ਇਲਾਕੇ ਇਕੱਠ ਕਰ ਦਿੱਤੇ ਗਏ। ਪੰਜਾਬ ਦਾ ਜਿਹੜਾ ਇਲਾਕਾ ਸਿੰਧ ਦੇ ਪਾਰ ਲਗਦਾ ਸੀ, ਉਹ ਉਸੇ ਅਧਿਕਾਰ ਖੇਤਰ ਵਿਚ ਰਖਿਆ ਗਿਆ ਅਤੇ ਇਸ ਦਾ ਖੇਤਰ 73,000 ਮੁਰੱਬਾ ਮੀਲ ਦੇ ਲਗਭਗ ਸੀ।

ਪੰਜਾਬ ਨੂੰ ਸੱਤਾਂ ਡਵੀਜ਼ਨਾਂ ਜਾਂ ਕਮਿਸ਼ਨਰੀਆਂ ਵਿਚ ਵੰਡਿਆ ਗਿਆ। ਅੱਗੋਂ ਇਨ੍ਹਾਂ ਨੂੰ ਜ਼ਿਲ੍ਹਿਆਂ ਵਿਚ ਵੰਡ ਦਿੱਤਾ ਗਿਆ। ਇਸ ਹਿਸਾਬ ਨਾਲ ਸੂਬੇ ਵਿਚ 25 ਜ਼ਿਲ੍ਹੇ ਸਨ। ਪੰਜ-ਚਰਣ ਦਾ ਪ੍ਰਸ਼ਾਸਨ ਇਥੇ ਲਾਗੂ ਕੀਤਾ ਗਿਆ। ਬੋਰਡ ਦੇ ਅਧੀਨ ਸੱਤ ਡਵੀਜ਼ਨਾਂ ਦੇ ਕਮਿਸ਼ਨਰ ਸਨ। ਕਮਿਸ਼ਨਰਾਂ ਅਧੀਨ ਉਪ (ਡਿਪਟੀ) ਅਤੇ ਸਹਾਇਕ (ਅਸਿਸਟੈਂਟ) ਕਮਿਸ਼ਨਰ ਸਨ। ਇਨ੍ਹਾਂ ਦੇ ਅਧੀਨ ਜਿਹੜੇ ਸਨ, ਉਹ ਅਤਿਰਿਕਤ ਸਹਾਇਕ ਕਮਿਸ਼ਨਰ ਸਨ। ਇਹ ਸ਼੍ਰੇਣੀ ਜਾਂ ਅਮਲਾ ਅਜਿਹੇ ਸਥਾਨਕ (ਨੇਟਿਵਜ਼) ਅਧਿਕਾਰੀਆਂ ਦੁਆਰਾ ਪੂਰਾ ਕਰਨਾ ਸੀ, ਜਿਨ੍ਹਾਂ ਦਰਬਾਰ ਅਧੀਨ ਵਿਸ਼ਵਾਸ ਨਾਲ ਕਾਰਜ ਨਿਭਾਇਆ ਹੋਵੇ। ਗਜ਼ਟਿਡ (ਰਾਜ-ਪੱਤ੍ਰਿਤ) ਅਧਿਕਾਰੀਆਂ ਦਾ ਸਭ ਤੋਂ ਹੇਠਲਾ ਵਰਗ ਤਹਿਸੀਲਦਾਰ ਦਾ ਸੀ, ਜਿਸ ਦੀ ਸ਼ਹਿਰੀ ਸੱਤਾ 300 ਰੁਪਏ ਦੇ ਮਾਮਲੇ ਨਿਪਟਾਉਣ ਦੀ ਸੀ।

ਬੋਰਡ ਦਾ ਕਾਰਜ

ਸੁਰੱਖਿਆ ਨੂੰ ਪ੍ਰਮੁੱਖ ਪਹਿਲ ਦਿੱਤੀ ਗਈ। ਜਿਹੜੀ ਗਾਈਡ ਕੋਰ, ਹੈਨਰੀ ਲਾਰੈਂਸ ਨੇ 1846 ਵਿਚ ਕਾਇਮ ਕੀਤੀ ਸੀ, ਉਸ ਦੀ ਸੱਤਾ ਵਧਾਈ ਗਈ ਅਤੇ ਉਸ ਵਿਚ ਘੋੜਸਵਾਰ ਅਤੇ ਪੈਦਲ ਫ਼ੌਜ ਵਧਾ ਦਿੱਤੀ ਗਈ। ਉਹ ਰੰਗਰੂਟ ਭਰਤੀ ਕੀਤੇ ਗਏ ਜਿਹੜੇ ਸਖ਼ਤ ਜਾਨ ਅਤੇ ਪੇਸ਼ੇਵਰ ਸ਼ਿਕਾਰੀ ਸਨ। ਇਥੋਂ ਤਕ ਕਿ ਧਾੜਵੀ ਅਤੇ ਲੁਟੇਰੇ ਵੀ ਪਰਵਾਨ ਕਰ ਲਏ ਗਏ। ਇਨ੍ਹਾਂ ਗਾਈਡਜ਼ ਨੇ ਉਨ੍ਹਾਂ ਕਿਲ੍ਹਿਆਂ ਦੀ ਰੱਖਿਆ ਕਰਨੀ ਸੀ, ਜਿਹੜੇ ਕਬਾਇਲੀਆਂ ਤੋਂ ਬਚਾਓ ਲਈ ਪੱਛਮੀ ਇਲਾਕੇ ਵਿਚ ਉਸਾਰੇ ਗਏ ਸਨ, ਅਤੇ ਇਨ੍ਹਾਂ ਡੇਰਾ ਜਾਟ ਵਿਚ ਅਮਨ ਕਾਇਮ ਕਰਨਾ ਸੀ। ਆਂਤਰਿਕ ਸੁਰੱਖਿਆ ਲਈ ਦਸ ਰੈਜਮੈਂਟਾਂ, ਪੰਜ ਕੈਵੇਲਰੀ ਅਤੇ ਪੰਜ ਇਨਫੈਂਟਰੀ ਦੀਆਂ ਖੜੀਆਂ ਕੀਤੀਆਂ ਗਈਆਂ ਸਨ। 8,000 ਆਦਮੀਆਂ ਦੀ ਫ਼ੌਜੀ ਪੁਲਿਸ ਖੜੀ ਕੀਤੀ ਗਈ ਜਿਸ ਵਿਚ ਵਧੇਰੇ ਗਿਣਤੀ ਪੰਜਾਬੀ ਮੁਸਲਮਾਨਾਂ ਦੀ ਸੀ। ਪੈਦਲ ਫ਼ੌਜ ਨੇ ਖ਼ਜ਼ਾਨੇ ਅਤੇ ਜੇਲ੍ਹਾਂ ਦੀ ਰਾਖੀ ਕਰਨੀ ਸੀ। ਘੋੜਸਵਾਰ ਪੁਲਿਸ ਦੀ ਜ਼ਿੰਮੇਵਾਰੀ ਸੀ ਕਿ ਜਰਨੈਲੀ ਸੜਕਾਂ ਤੇ ਗਸ਼ਤ ਕਰੇ। ਸਰਕਾਰ ਨੂੰ ਜਾਣਕਾਰੀ ਦੇਣ ਲਈ ਪੁਲਿਸ ਦੇ ਵਿਭਾਗ ਨਾਲ ਖ਼ੁਫ਼ੀਆ ਮਹਿਕਮਾ ਵੀ ਜੋੜਿਆ ਗਿਆ। ਇਸ ਨਾਲ ਲੋਕਾਂ ਦੀ ਸਿਆਸੀ ਨਬਜ਼ ਟੋਹਣੀ ਸੀ। ਪੁਲਿਸ ਦੀ ਸਹਾਇਤਾ ਲਈ ਖੋਜੀ ਅਤੇ ਖੁਰਾ ਦਬਾਉਣ ਵਾਲੇ ਵੀ ਦਿੱਤੇ ਗਏ। ਇਹ ਪਸ਼ੂਆਂ ਦੇ ਖੁਰੇ ਦਬਾਉਂਦੇ ਜਿਹੜੇ ਮਿੱਟੀ ਵਾਲੇ ਰਾਹਵਾਂ ਤੇ ਦੂਰ-ਦੂਰ ਤਕ ਚਲੇ ਜਾਂਦੇ ਜਾਂ ਲਿਜਾਏ ਜਾਂਦੇ। ਪਿੰਡਾਂ ਥਾਵਾਂ ਤੇ ਪਹਿਰਾ ਰੱਖਣ ਦਾ ਵੀ ਪ੍ਰਬੰਧ ਕੀਤਾ ਗਿਆ। ਪਿੰਡ ਦੇ ਚੌਕੀਦਾਰ ਨੂੰ ਪਿੰਡ ਦੇ ਲੋਕ ਨਿਯੁਕਤ ਕਰਦੇ ਪਰ ਉਹ ਓਪਰੇ ਜਾਂ ਅਜਨਬੀ ਲੋਕਾਂ ਦੇ ਆਉਣ-ਜਾਣ ਬਾਰੇ ਪੁਲਿਸ ਨੂੰ ਸੂਚਿਤ ਕਰਦਾ।

ਪੁਲਿਸ ਅਤੇ ਫ਼ੌਜ ਦੀਆਂ ਨਵੀਆਂ ਇਕਾਈਆਂ ਵਿਚ 50,000 ਤੋਂ ਵੱਧ ਵਿਅਕਤੀ ਸਨ। ਪੁਲਿਸ ਵੱਲੋਂ ਮਾਝੇ ਦੇ ਇਲਾਕੇ ਵਿਚ ਵਿਸ਼ੇਸ਼ ਸਾਵਧਾਨੀ ਵਰਤੀ ਗਈ ਜਿਥੇ ਭਾਈ ਮਹਾਰਾਜ ਸਿੰਘ ਅਤੇ ਉਸ ਦੇ ਦੋ ਸਾਥੀ ਕਰਨਲ ਰਛਪਾਲ ਸਿੰਘ ਅਤੇ ਨਾਰਾਇਣ ਸਿੰਘ

ਕਾਫ਼ੀ ਸਰਗਰਮ ਦੱਸੇ ਜਾਂਦੇ ਸਨ।

ਜਦੋਂ ਸੂਬੇ ਅੰਦਰ ਅਮਨ ਯਕੀਨੀ ਹੋ ਗਿਆ ਤਾਂ ਬੋਰਡ ਨੇ ਲੋਕ-ਭਲਾਈ ਦੇ ਕਾਰਜ ਕਰਨੇ ਆਰੰਭ ਕਰ ਦਿੱਤੇ। ਪਸ਼ੌਰ ਤੋਂ ਦਿੱਲੀ ਤਕ ਜਰਨੈਲੀ ਸੜਕ ਮੁੜ ਚਾਲੂ ਕੀਤੀ ਗਈ। ਵੱਡੇ-ਵੱਡੇ ਸ਼ਹਿਰਾਂ ਨੂੰ ਫ਼ੌਜੀ ਛਾਉਣੀਆਂ ਨਾਲ ਜੋੜਿਆ ਗਿਆ।

ਪੰਜਾਬ ਅੰਦਰ ਨਹਿਰਾਂ ਦਾ ਜਾਲ ਵਿਸ਼ਾਲ ਪੱਧਰ ਤੇ ਵਿਛਾਇਆ ਗਿਆ। ਲੋਕ ਕਾਰਜ ਮਹਿਕਮੇ ਨੇ ਹਸਲੀ ਨੂੰ ਸਾਫ਼ ਕੀਤਾ (ਜਿਸ ਤੋਂ ਅੰਮ੍ਰਿਤਸਰ ਦੇ ਅਨੇਕਾਂ ਮੰਦਰਾਂ ਅਤੇ ਸਰੋਵਰਾਂ ਅਤੇ ਸ਼ਾਲੀਮਾਰ ਬਾਗ਼ ਵਿਚ ਪਾਣੀ ਦਿੱਤਾ ਜਾਂਦਾ ਸੀ) ਅਤੇ ਇਸ ਨੂੰ ਜੁੜਵੀਆਂ ਨਹਿਰਾਂ ਦੀ ਖੁਦਾਈ ਲਈ ਵੀ ਵਰਤਿਆ ਗਿਆ। ਨਹਿਰਾਂ ਅਤੇ ਸੜਕਾਂ ਦੇ ਕੰਢਿਆਂ ਤੇ ਪੇੜ ਲਗਾਏ ਗਏ। ਦੌਰੇ ਤੇ ਜਾਣ ਵਾਲੇ ਅਫ਼ਸਰੀ ਅਮਲੇ ਦੀ ਰਿਹਾਇਸ਼ ਦੇ ਪ੍ਰਬੰਧ ਕਰਨ ਲਈ ਡਾਕ ਬੰਗਲੇ ਬਣਾਏ ਗਏ। ਬੰਜਰ ਧਰਤੀ ਵਿਚ ਪੇੜ-ਪੌਦੇ ਅਤੇ ਘਾਹ ਆਦਿ ਲਾਉਣ ਦਾ ਕੰਮ ਹੱਥ ਵਿਚ ਲਿਆ ਗਿਆ। ਲਾਹੌਰ, ਗੁਰਦਾਸਪੁਰ ਅਤੇ ਗੁਜਰਾਂਵਾਲਾ ਦੇ ਇਲਾਕੇ ਵਿਚ ਲੱਖਾਂ ਦੀ ਗਿਣਤੀ ਵਿਚ ਪੌਦੇ ਲਾਏ ਗਏ। ਇਨ੍ਹਾਂ ਵਿਚ 90 ਪ੍ਰਕਾਰ ਦੀ ਇਮਾਰਤੀ ਲਕੜੀ ਦੇ ਪੌਦੇ ਸ਼ਾਮਲ ਸਨ। ਬਹੁਤ ਸਾਰੀਆ ਰੱਖਾਂ ਵੀ ਰਾਖਵੀਆਂ ਰੱਖੀਆਂ ਗਈਆਂ ਜਿਥੇ ਕਾਫ਼ੀ ਘਾਹ ਉੱਗਦਾ। ਭੂਮੀਦਾਰਾਂ ਨੂੰ ਪੇੜ ਲਾਉਣ ਲਈ ਉਤਸਾਹਿਤ ਕੀਤਾ ਜਾਂਦਾ। ਝਾੜ-ਝਿੜੀਦਾਰ ਇਲਾਕੇ ਨੂੰ ਮਾਲੀਏ ਤੋਂ ਮੁਕਤ ਕਰ ਦਿੱਤਾ ਗਿਆ।

ਬੋਰਡ ਦੀ ਸਭ ਤੋਂ ਉੱਤਮ ਦੇਣ ਖੇਤੀਬਾੜੀ ਦੀ ਹਾਲਤ ਸੁਧਾਰਨ ਦੀ ਸੀ ਕਿਉਂਕਿ ਵੱਸੋਂ ਦਾ ਬਹੁਤ ਸਾਰਾ ਹਿੱਸਾ ਖੇਤੀਬਾੜੀ ਤੇ ਨਿਰਭਰ ਕਰਦਾ ਸੀ। ਫ਼ਸਲਾਂ ਦੀਆਂ ਨਵੀਆਂ ਕਿਸਮਾਂ ਆਰੰਭ ਕੀਤੀਆਂ ਗਈਆਂ। ਨਵੇਂ ਪ੍ਰਕਾਰ ਦੀ ਕਪਾਹ, ਗੰਨਾ, ਸਣ, ਤਮਾਖੂ ਅਤੇ ਕਈ ਪ੍ਰਕਾਰ ਦੀਆਂ ਜੜ੍ਹਦਾਰ ਫ਼ਸਲਾਂ ਮੈਦਾਨੀ ਇਲਾਕੇ ਵਿਚ ਬੀਜੀਆਂ ਜਾਣ ਲੱਗੀਆਂ। ਕਾਂਗੜਾ ਵਾਦੀ ਅਤੇ ਮਰੀ ਦੀਆਂ ਪਹਾੜੀ ਢਲਾਣਾਂ ਤੇ ਚਾਹ ਦੀ ਪੈਦਾਵਾਰ ਹੋਣ ਲੱਗੀ। ਪੰਜਾਬ ਅੰਦਰ ਸ਼ਹਿਤੂਤ ਦੇ ਪੇੜਾਂ ਦੀ ਭਰਮਾਰ ਹੋ ਗਈ। ਰੇਸ਼ਮੀ ਕੀੜਿਆਂ ਦੇ ਨਿਰਯਾਤ ਨਾਲ ਵਪਾਰ ਵਿਚ ਕਾਫ਼ੀ ਉਨਤੀ ਹੋਈ। ਪਸ਼ੂਆਂ ਦੀ ਸੰਕਰ ਨਸਲ ਵਿਚ ਵਾਧਾ ਹੋਣ ਨਾਲ ਅਨੇਕ ਪ੍ਰਕਾਰ ਦੀ ਉੱਨ ਅਤੇ ਮਾਸ ਪ੍ਰਾਪਤ ਹੋਇਆ।

ਜਿਹੜੀਆਂ ਤਬਦੀਲੀਆਂ ਜਾਨ ਲਾਰੇਂਸ ਨੇ ਮਾਲੀਏ ਦੀ ਪ੍ਰਣਾਲੀ ਵਿਚ ਲਿਆਂਦੀਆਂ ਸਨ, ਉਨ੍ਹਾਂ ਦਾ ਪੂਰਾ ਪ੍ਰਭਾਵ ਮਹਿਸੂਸ ਹੋਣ ਲੱਗਾ। ਮਾਲੀਏ ਦੀ ਦਰ ਘਟਾਈ ਗਈ। ਪਰ ਇਸ ਤੋਂ ਪ੍ਰਾਪਤ ਹੋਣ ਵਾਲੀ ਆਮਦਨੀ ਵਿਚ 1819 ਦੀ 130 ਲੱਖ ਰੁਪਏ ਦੀ ਆਮਦਨੀ ਵਿਚ 1851 ਵਿਚ 160 ਲੱਖ ਰੁਪਏ ਤਕ ਦਾ ਵਾਧਾ ਹੋਇਆ। ਬੋਰਡ ਇਸ ਯੋਗ ਹੋ ਗਿਆ ਸੀ ਕਿ ਸੂਬੇ ਦੀ ਦੋ ਸਾਲਾਂ ਦੀ ਵਾਗਡੋਰ ਆਪਣੇ ਹੱਥ ਵਿਚ ਲੈਣ ਦੇ ਸਮੇਂ ਅੰਦਰ 102 ਤੋਂ 96 ਲੱਖ ਦਾ ਮੁਨਾਫ਼ਾ ਵਿਖਾ ਸਕਿਆ।

ਇਲਾਕੇ ਨੂੰ ਨਾਲ ਮਿਲਾਉਣ ਤੋਂ ਪਹਿਲਾਂ ਹੀ ਕਰਾਂ ਦੀ ਵਸੂਲੀ ਆਦਿ ਵਿਚ ਸੁਧਾਰ ਲਿਆਉਣ ਲਈ ਕਦਮ ਚੁੱਕੇ। ਦਰਬਾਰ ਨੇ ਵੱਖ-ਵੱਖ 48 ਪ੍ਰਕਾਰ ਦੇ ਕਰ ਆਦਿ ਲਾਏ ਹੋਏ ਸਨ। ਵਸੂਲੀ ਵਾਸਤੇ ਅਨੇਕਾਂ ਹੀ ਚੁੰਗੀਆਂ ਬਣਾਈਆਂ ਹੋਈਆਂ ਸਨ। ਬੋਰਡ ਨੇ ਆਂਤਰਿਕ ਚੌਕੀਆਂ ਰੱਦ ਕਰ ਦਿੱਤੀਆਂ, ਸੀਮਾਵਾਂ ਉਪਰ ਚੁੰਗੀਆਂ ਦੀ ਲੜੀ ਉਸਾਰ ਦਿੱਤੀ ਤਾਂ ਜੋ ਆਯਾਤ ਤੋਂ ਕਰ ਵਸੂਲ ਕੀਤਾ ਜਾਇਆ ਕਰੇ। ਦਵਾਈਆਂ ਅਤੇ ਸ਼ਰਾਬ 'ਤੇ ਐਕਸਾਈਜ਼ ਲਾਗੂ ਕੀਤੀ ਗਈ। ਪੱਤਣ ਤੇ ਪੈਂਦੀਆਂ ਬੇੜੀਆਂ ਪਾਸੋਂ ਵੀ ਮਹਿਸੂਲ ਵਸੂਲਿਆ ਜਾਂਦਾ। ਨਮਕ ਦੀਆਂ ਖਾਨਾਂ ਆਪਣੇ ਅਧਿਕਾਰ ਅਧੀਨ ਲੈ ਲਈਆਂ ਗਈਆਂ। ਇਨ੍ਹਾਂ ਦਾ ਕਾਰਜ ਸਥਾਨਕ ਅਧਿਕਾਰੀਆਂ ਨੂੰ ਦੇਣ ਦੀ ਥਾਂ ਠੇਕੇਦਾਰਾਂ ਨੂੰ ਸੌਂਪਿਆ ਗਿਆ ਅਤੇ ਦੋ ਰੁਪਏ ਫ਼ੀ

ਮਣ ਦੇ ਹਿਸਾਬ ਮਹਿਸੂਲ ਲਾਗੂ ਕੀਤਾ ਗਿਆ। ਜਿਹੜਾ ਖਸਾਰਾ ਬੋਰਡ ਨੇ ਆਂਤਰਿਕ ਮਾਲੀਆ ਹਟਾ ਕੇ ਸਹਾਰਿਆ, ਉਹ ਦੀਵਾਨੀ ਮੁਕੱਦਮਿਆਂ ਅਤੇ ਅਸ਼ਟਾਮ ਪੇਪਰ ਤੇ ਡਿਊਟੀ ਲਾ ਕੇ ਪੂਰਾ ਕਰ ਲਿਆ ਗਿਆ। ਇਸ ਪ੍ਰਕਾਰ ਦਰਬਾਰ ਦੇ ਗੁੰਝਲਦਾਰ ਕਰ ਢਾਂਚੇ ਨੂੰ, ਜਿਸ ਤੋਂ 16 ਲੱਖ ਰੁਪਏ ਪ੍ਰਤੀ ਸਾਲ ਵਸੂਲ ਹੁੰਦੇ ਸਨ, ਕਾਫ਼ੀ ਸਿੱਧਾ ਅਤੇ ਸਪੱਸ਼ਟ ਬਣਾ ਦਿੱਤਾ ਅਤੇ ਨਾਲ ਹੀ ਇਕ ਲੱਖ ਦਾ ਚੋਖਾ ਹਿੱਸਾ ਹੋਰ ਲਾਹਾ ਮਿਲਣ ਲੱਗਾ। ਇਸ ਨਾਲ ਇਕ ਹੋਰ ਲਾਭ ਇਹ ਹੋਇਆ ਕਿ ਆਮ ਆਦਮੀ ਅਧਿਕਾਰੀਆਂ ਦੀ ਮੱਕਾਰੀ ਤੋਂ ਮੁਕਤ ਹੋ ਗਿਆ।

ਕੁੜੀਆਂ ਦੇ ਜੰਮਦਿਆਂ ਸਾਰ ਗਲਾ ਘੁੱਟ ਕੇ ਮਾਰਨ ਅਤੇ ਸਤੀ ਦੀ ਬੁਰੀ ਰਸਮ ਨੂੰ ਖ਼ਤਮ ਕੀਤਾ ਗਿਆ। ਇਸਤਰੀਆਂ ਨੂੰ ਵਿਆਹ ਦੀਆਂ ਰਸਮਾਂ, ਦਾਜ-ਦਹੇਜ ਅਤੇ ਤਲਾਕ ਵਿਚ ਸੁਧਾਰ ਲਿਆ ਕੇ ਸੁਖੀ ਕੀਤਾ ਗਿਆ। ਜਾਇਦਾਦ ਦੀ ਵਿਰਾਸਤ ਦੇ ਨਿਯਮ ਸਵੀਕਾਰ ਕੀਤੇ ਗਏ। ਕੇਵਲ ਤਹਿਸੀਲਦਾਰ ਹੀ ਅਜਿਹਾ ਹੁੰਦਾ ਸੀ, ਜਿਹੜਾ ਇਨ੍ਹਾਂ ਰਿਵਾਜਾਂ ਅਤੇ ਨਿਯਮਾਂ ਤੋਂ ਜਾਣੂੰ ਹੁੰਦਾ ਸੀ। ਇਸ ਲਈ ਉਸ ਨੂੰ ਜ਼ਰੂਰੀ ਕਾਨੂੰਨੀ ਤਾਕਤ ਸੌਂਪੀ ਗਈ। ਪਿੰਡ ਦੀਆਂ ਬਰਾਦਰੀਆਂ ਦੇ ਸਾਧਾਰਨ ਮਸਲੇ ਪੰਚਾਇਤਾਂ ਰਾਹੀਂ ਨਿਪਟਾਏ ਜਾਣ ਲੱਗੇ। ਸ਼ਹਿਰਾਂ ਅੰਦਰ ਟਾਊਨ ਕੌਂਸਲਾਂ ਕਾਇਮ ਕੀਤੀਆਂ ਗਈਆਂ ਤਾਂ ਜੋ ਦੀਵਾਨੀ ਮਾਮਲਿਆਂ ਵਿਚ ਅੰਗਰੇਜ਼ ਮੈਜਿਸਟ੍ਰੇਟਾਂ ਨੂੰ ਸਲਾਹ ਅਤੇ ਸਹਾਇਤਾ ਦੇ ਸਕਣ।

ਬੋਰਡ ਨੂੰ ਇਸ ਜਾਣਕਾਰੀ ਤੋਂ ਹੈਰਾਨੀ ਹੋਈ ਕਿ ਅੰਗਰੇਜ਼ੀ ਸੂਬਿਆਂ ਦੇ ਮੁਕਾਬਲੇ ਪਹਿਲੀ ਪੰਜਾਬ ਦੀ ਹਕੂਮਤ ਵਿਚ ਵਿਦਿਆ ਵਧੇਰੇ ਸੀ। ਪੰਜਾਬ ਅੰਦਰ ਅਨੇਕਾਂ ਮੁੱਢਲੀ ਵਿਦਿਆ ਦੇ ਸਕੂਲ ਸਨ, ਇਨ੍ਹਾਂ ਵਿਚ ਲਾਹੌਰ ਅੰਦਰ ਚੱਲ ਰਹੇ 16 ਸਕੂਲ ਵੀ ਸ਼ਾਮਲ ਸਨ। ਬੋਰਡ ਨੇ ਪੁਰਾਣੇ ਮਦਰੱਸੇ (ਵਿਦਿਆਲੇ) ਚਾਲੂ ਰਹਿਣ ਦੀ ਇਜਾਜ਼ਤ ਦੇ ਦਿੱਤੀ ਅਤੇ ਵੱਡੇ-ਵੱਡੇ ਸ਼ਹਿਰਾਂ ਵਿਚ ਉਚੇਰੀ ਵਿਦਿਆ ਲਈ ਕੇਂਦਰੀ ਸਕੂਲ ਸਥਾਪਿਤ ਕੀਤੇ। ਇਸ ਨੇ ਵੀ ਇਹ ਨਿਰਣਾ ਲਿਆ ਕਿ ਨਵੇਂ ਇਲਾਕੇ ਵਿਚ ਸਰਕਾਰੀ ਰਿਕਾਰਡ ਲਈ ਫ਼ਾਰਸੀ ਦੀ ਵਰਤੋਂ ਜਾਰੀ ਰਹੇਗੀ ਅਤੇ ਪੂਰਬੀ ਪੰਜਾਬ ਵਿਚ ਉਰਦੂ ਦੀ।

ਬੋਰਡ ਦਾ ਪ੍ਰਬੰਧ ਅਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਸਫਲ ਰਿਹਾ। ਇਸ ਨੇ ਦੇਸ਼ ਅੰਦਰ ਅਮਨ, ਸ਼ਾਂਤੀ ਅਤੇ ਖ਼ੁਸ਼ਹਾਲੀ ਲਿਆਂਦੀ ਜਿਥੇ ਦਸ ਸਾਲਾਂ ਤਕ ਜੰਗ ਛਿੜੀ ਰਹੀ ਸੀ। ਅਗਸਤ 1852 ਵਿਚ ਬੋਰਡ ਨੇ ਆਪਣੇ ਕਾਰਜ ਦੀ ਦੋ ਵਰ੍ਹਿਆਂ ਦੀ ਰੀਪੋਰਟ ਪੇਸ਼ ਕੀਤੀ। ਇਸ ਨੇ ਬੜੇ ਗਰਵ ਨਾਲ ਕਿਹਾ ਕਿ "ਭਾਰਤ ਦੇ ਕਿਸੇ ਹੋਰ ਹਿੱਸੇ ਵਿਚ ਏਨੀ ਸ਼ਾਂਤੀ ਨਹੀਂ ਜਿੰਨੀ ਹੁਣੇ-ਹੁਣੇ ਮਿਲਾਏ ਇਲਾਕੇ ਵਿਚ ਹੈ।" ਇਸ ਨੇ ਉਨ੍ਹਾਂ ਲੋਕਾਂ ਦਾ ਪ੍ਰਸੰਸਾ ਵੀ ਕੀਤੀ, ਜਿਨ੍ਹਾਂ ਨਾਲ ਇਸ ਦਾ ਵਾਹ ਪੈਂਦਾ ਸੀ। "ਹੋਰ ਇਲਾਕਿਆਂ ਦੇ ਮੁਕਾਬਲੇ ਪੰਜਾਬ ਅੰਦਰ ਤਅੱਸਬ ਅਤੇ ਅੜਿੱਕਾ ਪਾਉਣ ਵਾਲਾ ਤੱਤ ਘੱਟ ਹੈ। ਸਿੱਖਾਂ ਦਾ ਕੱਟੜ-ਪੁਣਾ ਹੌਲੀ-ਹੌਲੀ ਖ਼ਤਮ ਹੋ ਰਿਹਾ ਹੈ। ਹਿੰਦੂ ਘੱਟ ਵਹਿਮੀ ਹਨ ਅਤੇ ਪੁਜਾਰੀਆਂ ਦੇ ਦਬਦਬੇ ਹੇਠ ਵੀ ਨਹੀਂ ਹਨ। ਮੁਸਲਮਾਨ ਵੀ ਘੱਟ ਹੀ ਹਠਧਰਮੀ ਹਨ ਅਤੇ ਉਹ ਪਰੰਪਰਾਵਾਦੀ ਰਿਵਾਜਾਂ ਨਾਲ ਖ਼ਾਸ ਬੱਧੇ ਹੋਏ ਨਹੀਂ ਹਨ, ਜਿਵੇਂ ਕਿ ਉਨ੍ਹਾਂ ਦੇ ਧਰਮ ਦੇ ਭਾਈਬੰਦ ਹੋਰ ਇਲਾਕਿਆਂ ਵਿਚ ਫਸੇ ਹੋਏ ਹਨ। ਗਵਰਨਰ ਜਨਰਲ ਅਤੇ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਨੇ "ਖ਼ੁਸ਼ਹਾਲੀ ਅਤੇ ਸੁਖਮਈ ਸਿੱਟਿਆਂ" ਲਈ ਬੋਰਡ ਨੂੰ ਵਧਾਈ ਦਿੱਤੀ।

ਇਸ ਤਬਦੀਲੀ ਨਾਲ ਸਿੱਖ ਭਾਈਚਾਰੇ ਉਪਰ ਕਿਹੋ ਜਿਹਾ ਪ੍ਰਭਾਵ ਪਿਆ? ਰਣ-ਖੇਤਰ ਵਿਚ ਹਾਰ ਤੇ ਹਾਰ ਹੁੰਦੀ ਰਹੀ ਅਤੇ ਰਾਸ਼ਟਰੀ ਹਿਤਾਂ ਵਿਚ ਗੱਦਾਰੀ ਦੇ ਗਿਆਨ

ਨੇ ਸਿੱਖ ਸਰਦਾਰਾਂ ਅਤੇ ਸਿਪਾਹੀਆਂ ਅੰਦਰ ਸ਼ਾਹੀ ਪਰਿਵਾਰ ਅਤੇ ਜਗੀਰਦਾਰਾਂ ਵਿਰੁੱਧ ਮਾਯੂਸੀ ਪੈਦਾ ਕੀਤੀ। ਸਿੱਟਾ ਇਹ ਹੋਇਆ ਕਿ ਭਾਵੇਂ ਭਾਈ ਮਹਾਰਾਜ ਸਿੰਘ ਜੀ ਦੀ ਮਾਣ-ਪ੍ਰਤਿਸ਼ਠਾ ਕਾਫ਼ੀ ਸੀ ਪਰ ਉਹ ਸਿੱਖ ਸਮੂਹ ਅੰਦਰ ਉਹ ਜੋਸ਼ ਨਾ ਜਗਾ ਸਕੇ ਜਿਸ ਨਾਲ ਉਹ ਦਰਬਾਰ ਲਈ ਲੜਾਈ ਜਾਰੀ ਰੱਖਣ। ਜਦੋਂ ਉਸ ਨੂੰ ਪਕੜ ਲਿਆ ਗਿਆ ਅਤੇ ਸਿੰਘਾਪੁਰ ਜਲਾਵਤਨ ਕੀਤਾ ਗਿਆ ਤਾਂ ਸਿੱਖਾਂ ਵਿਚ ਥੋੜ੍ਹੀ ਜਿਹੀ ਵੀ ਅੰਦੋਲਨ ਦੀ ਭਾਵਨਾ ਨਹੀਂ ਜਾਗੀ।

ਡਲਹੌਜ਼ੀ ਨੇ ਸ਼ਾਹੀ ਪਰਿਵਾਰ ਨੂੰ ਕੱਢ ਦਿੱਤਾ ਅਤੇ ਸਿੱਖਾਂ ਅਮੀਰਾਂ-ਵਜ਼ੀਰਾਂ ਨੂੰ ਬਰਤਰਫ਼ ਕਰ ਦਿੱਤਾ। ਸਿੱਖ ਕਿਸਾਨਾਂ ਅਤੇ ਸਿਪਾਹੀਆਂ ਦਾ ਵਿਸ਼ਵਾਸ ਨਹੀਂ ਸੀ, ਇਸ ਲਈ ਉਨ੍ਹਾਂ ਫ਼ੌਜ ਅਤੇ ਪੁਲਿਸ ਵਿਚ ਨੌਕਰੀ ਘੱਟ ਹੀ ਦਿੱਤੀ ਜਾਂਦੀ ਸੀ ਕਿਉਂਕਿ ਜਿਆਦਾਤਰ ਭਰਤੀ ਮੁਸਲਮਾਨਾਂ ਦੀ ਸੀ। ਇਨ੍ਹਾਂ ਹਾਲਾਤ ਅੰਦਰ ਇਹ ਕੋਈ ਵੱਡੀ ਹੈਰਾਨੀ ਦੀ ਗੱਲ ਨਹੀਂ ਸੀ ਕਿ ਐਂਗਲੋ-ਸਿੱਖ ਜੰਗ ਉਪਰੰਤ ਫ਼ੌਜ ਤੋਂ ਹਟਾਏ ਹੋਏ 40,000 ਤੋਂ ਵੱਧ ਸਿਪਾਹੀਆਂ ਦੀ ਜੰਗੀ ਯੋਗਤਾ ਲੁੱਟ-ਮਾਰ ਵੱਲ ਝੁਕੀ। ਪੰਜਾਬ ਦੇ ਕੇਂਦਰੀ ਜ਼ਿਲ੍ਹੇ ਡਾਕੂਆਂ ਦੇ ਗੜ੍ਹ ਬਣ ਗਏ। ਚੋਰੀ-ਠੱਗੀ ਆਮ ਹੋ ਗਈ। ਇਨ੍ਹਾਂ ਗੁੱਟਾਂ ਵਿਚ ਵਿਚ ਵਧੇਰੇ ਕਰਕੇ ਮਜ਼ਹਬੀ ਅਤੇ ਸਾਂਹਸੀ ਸਿੱਖ ਸਨ। ਸਰਕਾਰ ਮਜਬੂਰ ਹੋ ਗਈ ਕਿ ਇਸ ਠੱਗਵਾਦ ਨੂੰ ਦਬਾਉਣ ਲਈ ਇਕ ਸੁਪਰਿੰਟੈਂਡੈਂਟ ਦੀ ਨਿਯੁਕਤੀ ਕਰੇ ਅਤੇ ਅਪਰਾਧ ਨੂੰ ਸਖ਼ਤੀ ਨਾਲ ਦਬਾਇਆ ਗਿਆ।

ਅਲਹਾਕ ਦਾ ਮਹੱਤਵਪੂਰਨ ਪ੍ਰਭਾਵ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਪੈਦਾ ਹੋਏ ਨਵੇਂ ਸੰਬੰਧ ਸਨ। ਇਹ ਪਹਿਲਾਂ ਹੀ ਵੇਖਿਆ ਜਾ ਚੁੱਕਿਆ ਹੈ ਕਿ ਜਿਸ ਸਮੇਂ ਤੋਂ ਖ਼ਾਲਸਾ ਰਾਜਸੀ ਸੱਤਾ ਬਣਿਆ, ਤਾਂ ਹਿੰਦੂਆਂ ਨੇ, ਜਿਹੜੇ ਸਿੱਖਾਂ ਨੂੰ ਹਿੰਦੂ ਧਰਮ ਦੇ ਰਾਖੇ ਸਮਝਦੇ ਸਨ, ਭਾਰੀ ਗਿਣਤੀ ਵਿਚ ਪਾਹੁਲ ਲਈ, ਭਾਵ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਸਿੱਖ ਰਾਜ ਅੰਦਰ ਹਿੰਦੂ ਅਤੇ ਸਿੱਖ ਅੰਤਰ ਨਾਂ-ਮਾਤਰ ਸੀ। ਖ਼ਾਲਸਾ ਕੇਸਾਂ ਵਾਲਾ ਸੀ ਅਤੇ ਇਹ ਦਾੜ੍ਹੀ-ਮੁੱਛਾਂ ਦੇ ਵਾਲ ਵੀ ਨਹੀਂ ਸੀ ਕਟਵਾਉਂਦਾ। ਪਰ ਹਿੰਦੂ ਇਹ ਨਹੀਂ ਕਰਦੇ ਸਨ। ਬਾਕੀ ਸਭ ਕੁਝ ਲਈ ਕੁਝ ਬ੍ਰਾਹਮਣੀ ਹਿੰਦੂਤਵ ਪ੍ਰਚੱਲਿਤ ਸੀ। ਨਵੇਂ ਸਿੱਖ ਜਗੀਰਦਾਰ ਤਾਂ ਹਿੰਦੂ ਰਾਜਪੂਤ ਸ਼ਹਿਜ਼ਾਦਿਆਂ ਦੀ ਨਕਲ ਕਰਦੇ ਸਨ। ਉਹ ਆਪਣੇ ਧਰਮ ਗ੍ਰੰਥ ਦੇ ਨਾਲ-ਨਾਲ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਕਰਦੇ, ਹਿੰਦੂ ਤੀਰਥਾਂ ਲਈ ਜਾਂਦੇ, ਬ੍ਰਾਹਮਣਾਂ ਲਈ ਭੋਜ ਕਰਦੇ, ਜੋਤਸ਼ੀਆਂ ਅਤੇ ਭਾਗ ਦੱਸਣ ਵਾਲਿਆਂ ਤੋਂ ਪੁੱਛ ਪੁਆਉਂਦੇ, ਵਿਧਵਾ ਇਸਤਰੀਆਂ ਨੂੰ ਜ਼ੋਰ ਦਿੰਦੇ ਕਿ ਉਹ ਆਪਣੇ ਪਤੀਆਂ ਨਾਲ ਚਿਤਾ ਤੇ ਬੈਠ ਕੇ ਸਤੀ ਹੋਣ। ਕੁਝ ਭਾਗਾਂ ਵਿਚ, ਵਿਸ਼ੇਸ਼ ਕਰਕੇ ਬੇਦੀਆਂ ਵਿਚਕਾਰ, ਜਿਹੜਾ ਕਿ ਗੁਰੂ ਨਾਨਕ ਦੇਵ ਜੀ ਦਾ ਗੋਤਰ ਸੀ, ਕੁੜੀ-ਮਾਰ ਦੀ ਪ੍ਰਥਾ ਮੁੜ ਪ੍ਰਚੱਲਿਤ ਹੋ ਗਈ ਸੀ। ਇਹ ਪ੍ਰਥਾ ਜਾਨ ਲਾਰੈਂਸ ਦੇ ਧਿਆਨਗੋਚਰੇ ਆਈ, ਜਦੋਂ ਉਹ ਜਲੰਧਰ ਦੋਆਬੇ ਦਾ ਕਮਿਸ਼ਨਰ ਸੀ। ਜਦੋਂ ਭੂਮੀ ਦਾ ਪੱਟਾ ਨਵਾਂ ਬਣਾਇਆ ਜਾਂਦਾ ਤਾਂ ਉਨ੍ਹਾਂ ਉੱਚੀ ਆਵਾਜ਼ ਵਿਚ ਦੁਹਰਾਉਣ ਲਈ ਜ਼ੋਰ ਦਿੱਤਾ ਜਾਂਦਾ—"ਬੇਵਾ ਮਤ ਜਲਾਓ, ਬੇਟੀ ਮਤ ਮਾਰੋ ਅਤੇ ਕੋੜ੍ਹੀ ਮਤ ਦਬਾਓ।"

ਜਿਉਂ ਹੀ ਸਿੱਖਾਂ ਹੱਥੋਂ ਰਾਜ-ਭਾਗ ਖੁੱਸਿਆ ਤਾਂ ਬਹੁਤ ਸਾਰੇ ਹਿੰਦੂ ਜਿਨ੍ਹਾਂ ਨੇ ਸਿੱਖੀ ਧਾਰਨ ਕਰ ਲਈ ਸੀ, ਮੁੜ ਸਿੱਖੀ ਸਰੂਪ ਛੱਡ ਕੇ ਕੱਟੜ ਹਿੰਦੂ ਬਣ ਗਏ। ਉਨ੍ਹਾਂ ਨਾਲ ਹੋਰ ਵੀ ਪਤਿਤ ਹੋ ਗਏ ਜਿਹੜੇ ਪੀੜ੍ਹੀਆਂ ਤੋਂ ਖ਼ਾਲਸਾ ਭਾਈਚਾਰੇ ਵਿਚ ਰਲੇ ਹੋਏ ਸਨ। ਆਪਣੀਆਂ ਸੰਖੇਪ ਦੋ ਫੇਰੀਆਂ ਵਿਚ ਹੀ ਲਾਰਡ ਡਲਹੌਜ਼ੀ ਨੇ ਪੰਜਾਬ ਅੰਦਰ ਇਹ ਰੁਖ਼ ਵੇਖ ਲਿਆ ਸੀ। ਗਵਰਨਰ ਜਨਰਲ ਨੇ ਟਿੱਪਣੀ ਕੀਤੀ, "ਇਨ੍ਹਾਂ ਦੇ ਮਹਾਨ ਗੁਰੂ ਗੋਬਿੰਦ

ਸਿੰਘ ਨੇ ਜਾਤ-ਪਾਤ ਦਾ ਭੇਦ ਮਿਟਾਉਣ ਦਾ ਬੀੜਾ ਚੁੱਕਿਆ ਅਤੇ ਉਹ ਬਹੁਤ ਹੱਦ ਤਕ ਸਫਲ ਵੀ ਹੋਏ। ਪਰ ਹੌਲੀ-ਹੌਲੀ ਉਹ ਹਿੰਦੂਵਾਦ ਵੱਲ ਸਰਕ ਰਹੇ ਹਨ ਅਤੇ ਜੇਕਰ ਉਹ ਸਿੱਖ ਵੀ ਸਜੇ ਰਹਿੰਦੇ ਹਨ ਤਾਂ ਆਉਂਦੇ ਵਰ੍ਹਿਆਂ ਵਿਚ ਵਧੇਰੇ ਹਿੰਦੂ ਰੰਗ ਕਬੂਲਦੇ ਜਾਂਦੇ ਹਨ।" ਇਥੋਂ ਤਕ ਕਿ ਕਿ ਮਿਸਟਰ (ਉਪਰੰਤ ਸਰ) ਜੀਓ ਕਲਾਰਕ (ਬੰਬਈ ਦਾ ਗਵਰਨਰ 1847-48) ਕਿਹਾ ਕਰਦਾ ਸੀ, "ਆਉਣ ਵਾਲੇ ਪੰਜਾਹ ਸਾਲਾਂ ਵਿਚ ਸਿੱਖ ਭਾਈਚਾਰਾ ਕਿਸੇ ਹੱਦ ਤਕ ਮਿਟ ਜਾਵੇਗਾ। ਇਸ ਦ੍ਰਿਸ਼ਟੀ ਨਾਲ ਤਾਂ ਘੱਟ-ਵੱਧ ਹੀ ਵੇਖਣ ਵਿਚ ਆਉਂਦੇ ਹਨ, ਭਾਵੇਂ ਉਸ ਦੀ ਆਖੀ ਹੋਈ ਗੱਲ ਨੂੰ ਛੇ ਮਹੀਨੇ ਬੀਤ ਚੁੱਕੇ ਹਨ।"

ਬੋਰਡ ਦਾ ਖਿੰਡ-ਪੁੰਡ ਜਾਣਾ

ਹੈਨਰੀ ਲਾਰੇਂਸ ਅਤੇ ਉਸ ਦੇ ਭਰਾ ਜਾੱਨ ਵਿਚਕਾਰ ਵਿਰੋਧ-ਭਾਵ ਏਨਾ ਵਧ ਰਿਹਾ ਸੀ ਕਿ ਸੰਬੰਧਾਂ ਦੇ ਟੁੱਟਣ ਦੀ ਨੌਬਤ ਆ ਗਈ। ਮਿੰਟਗੁਮਰੀ ਇਹ ਸਵੀਕਾਰ ਕਰਦਾ ਹੈ ਕਿ ਉਸ ਨੂੰ ਦੋ ਭਾਰੀ ਇੰਜਨਾਂ ਵਿਚਕਾਰ ਲਗਾਤਾਰ ਬਫਰ ਜਾਂ ਪ੍ਰਤੀਰੋਧਕ ਰੋਲ ਅਦਾ ਕਰਨਾ ਪਿਆ। ਇਨ੍ਹਾਂ ਝਗੜਿਆਂ ਵਿਚ ਲਾਰਡ ਡਲਹੌਜ਼ੀ ਖੁੱਲ੍ਹੇ ਤੌਰ ਤੇ ਜਾੱਨ ਦਾ ਪੱਖ ਪੂਰਦਾ ਅਤੇ ਹੈਨਰੀ ਨੂੰ ਨੀਵਾਂ ਵਿਖਾਉਣ ਲਈ ਗਲਤ ਰਾਹ ਵੀ ਅਪਣਾਉਂਦਾ। ਉਨ੍ਹਾਂ ਦਾ ਝਗੜਾ ਉਸ ਵੇਲੇ ਸਿਖਰ ਤੇ ਪਹੁੰਚਿਆ ਜਦੋਂ ਦੋਹਾਂ ਭਰਾਵਾਂ ਨੇ ਆਪਣੇ-ਆਪਣੇ ਤਿਆਗ-ਪੱਤਰ ਪੇਸ਼ ਕੀਤੇ। ਡਲਹੌਜ਼ੀ ਨੇ ਬੋਰਡ ਨੂੰ ਤੁਰੰਤ ਭੰਗ ਕਰ ਦਿੱਤਾ। ਹੈਨਰੀ ਲਾਰੇਂਸ ਦੀ ਬਦਲੀ ਰਾਜਪੂਤਾਨੇ ਵੱਲ ਦੀ ਕਰ ਦਿੱਤੀ ਅਤੇ ਜਾੱਨ ਲਾਰੇਂਸ ਨੂੰ ਪੰਜਾਬ ਦਾ ਕਮਿਸ਼ਨਰ ਨਿਯੁਕਤ ਕਰ ਦਿੱਤਾ। ਇਹ ਤਬਦੀਲੀ ਨਾਂ-ਮਾਤਰ ਹੀ ਸੀ ਕਿਉਂਕਿ ਜਾੱਨ ਦੀ ਸਹਾਇਤਾ ਦੋ 'ਪ੍ਰਿੰਸੀਪਲ ਕਮਿਸ਼ਨਰਾਂ' ਰਾਹੀਂ ਜਾਰੀ ਰਹੀ। ਮਿੰਟਗੁਮਰੀ ਦੀ ਜ਼ਿੰਮੇਵਾਰੀ ਅਦਾਲਤਾਂ, ਵਿਦਿਆ, ਸੜਕਾਂ, ਪੁਲਿਸ, ਸਥਾਨਕ ਅਤੇ ਮਿਉਂਸੀਪਲ ਪ੍ਰਸ਼ਾਸਨ ਦੀ ਬਣੀ ਰਹੀ।

ਜਾਰਜ ਏਡਮਾਨਸਟੋਨ ਨੂੰ ਵਿੱਤੀ ਕਮਿਸ਼ਨਰ ਥਾਪਿਆ ਗਿਆ ਸੀ।

ਇਕ ਵਾਰ ਜਾਨ ਲਾਰੇਂਸ ਨੂੰ ਪੂਰੀ ਖੁੱਲ੍ਹ ਦਿੱਤੀ ਗਈ। ਉਸ ਨੂੰ ਅਹਿਸਾਸ ਹੋਇਆ ਕਿ ਜਿਹੜੀਆਂ ਨੀਤੀਆਂ ਉਸ ਦਾ ਭਰਾ ਅੱਗੇ ਲਿਆ ਰਿਹਾ ਸੀ ਅਤੇ ਆਪ ਉਹ ਉਨ੍ਹਾਂ ਦਾ ਵਿਰੋਧ ਕਰਦਾ ਸੀ, ਉਹ ਸਹੀ ਸਨ। ਸੱਠ ਹਜ਼ਾਰ ਦੇ ਕਰੀਬ ਜਗੀਰਾਂ ਅਤੇ ਕਿਰਾਇਆ-ਮੁਕਤ ਮਿਆਦਾਂ ਲਈ ਉਸ ਨੂੰ ਗਵਰਨਰ ਜਨਰਲ ਪਾਸੋਂ ਝਾੜ ਪਈ, ਜਾੱਨ ਲਾਰੇਂਸ ਦੀ ਪ੍ਰਸ਼ਾਸਨੀ ਖ਼ੂਬੀ ਇਹ ਸੀ ਕਿ ਉਸ ਸਿੱਖ ਜਨਤਾ ਦਾ ਦਿਲ ਜਿੱਤ ਲਿਆ ਸੀ। ਜਦੋਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਆਮ ਸਿੱਖ ਕਿਸਾਨ ਸਿੱਖ ਰਾਜ ਦੀ ਸਥਾਪਤੀ ਲਈ ਕੋਈ ਭਾਵ ਨਹੀਂ ਰੱਖਦੇ ਤਾਂ ਉਨ੍ਹਾਂ ਨੂੰ ਭਰਤੀ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ। ਇਹ ਕਿਸਾਨ ਕੰਪਨੀ ਦੀ ਫ਼ੌਜ ਵਿਚ ਖ਼ੁਸ਼ੀ-ਖ਼ੁਸ਼ੀ ਭਰਤੀ ਹੋ ਗਏ। ਪਠਾਣ ਕਬੀਲਿਆਂ ਨਾਲ ਟੱਕਰ ਵਿਚ ਵਿਖਾਏ ਗਏ ਜੋਸ਼ ਅਤੇ ਐਂਗਲੋ-ਬਰਮਾ ਜੰਗ (1852) ਵਿਚ ਸਿੱਖਾਂ ਵੱਲੋਂ ਵਿਖਾਈ ਬਹਾਦਰੀ ਸਦਕਾ ਅੰਗਰੇਜ਼ ਕਮਾਂਡਰ ਨੂੰ ਵੱਧ ਤੋਂ ਵੱਧ ਸਿੱਖਾਂ ਨੂੰ ਫ਼ੌਜ ਵਿਚ ਭਰਤੀ ਕਰਨ ਲਈ ਹੌਂਸਲਾ ਹੋ ਗਿਆ।

1857 ਦਾ ਵਿਦਰੋਹ ਅਤੇ ਸਿੱਖ

ਵਿਦਰੋਹ ਦੇ ਕਾਰਨ

1857 ਦੇ ਵਿਦਰੋਹ ਦੇ ਕਾਰਨਾਂ ਦਾ ਜਾਇਜ਼ਾ ਆਉਣ ਵਾਲੇ ਗਵਰਨਰ ਜਨਰਲਾਂ ਵੱਲੋਂ ਲਾਗੂ ਕੀਤੇ ਗਏ ਉਨ੍ਹਾਂ ਸਾਧਨਾਂ ਤੋਂ ਲਾਇਆ ਜਾ ਸਕਦਾ ਹੈ ਜਿਨ੍ਹਾਂ ਪਿੱਛੇ ਭਾਵਨਾ ਤਾਂ ਠੀਕ ਸੀ ਪਰ ਉਹ ਬੇ-ਮੌਕਾ ਸਨ। ਇਹ ਅਧਿਕਾਰੀ ਸਨ : ਐਮਹਰਸਟ, ਬੈਂਟਿਕ, ਆਕਲੈਂਡ, ਐਲਿਨਬਰੋ ਅਤੇ ਡਲਹੌਜ਼ੀ। ਇਨ੍ਹਾਂ ਸਾਧਨਾਂ ਨੇ ਸਭ ਜਮਾਤਾਂ ਉਪਰ ਬੁਰਾ ਅਸਰ ਪਾਇਆ। ਜਿਨ੍ਹਾਂ ਵਿਚ ਰਾਜੇ-ਮਹਾਰਾਜੇ, ਜਗੀਰਦਾਰਾਂ ਤੋਂ ਲੈ ਕੇ ਕਿਸਾਨਾਂ ਅਤੇ ਸਿਪਾਹੀਆਂ ਤਕ ਪ੍ਰਭਾਵਿਤ ਸਨ—ਵਧੇਰੇ ਕਰਕੇ ਸਿਪਾਹੀ।

ਜਿਨ੍ਹਾਂ ਰਿਆਸਤਾਂ ਵਿਚ ਹਾਕਮਾਂ ਦੇ ਕੁਦਰਤੀ ਤੌਰ ਤੇ ਵਾਰਸ ਪੈਦਾ ਨਾ ਹੋਏ, ਉਨ੍ਹਾਂ ਨੂੰ ਹਥਿਆ ਲਿਆ ਗਿਆ। ਅੰਤਿਮ ਪੇਸ਼ਵਾ, ਨਾਨਾ ਸਾਹਿਬ ਦੀ ਪੈਨਸ਼ਨ ਰੋਕ ਦਿੱਤੀ ਗਈ। ਝਾਂਸੀ ਦੀ ਮਹਾਰਾਣੀ ਨੂੰ ਸੂਚਿਤ ਕੀਤਾ ਗਿਆ ਕਿ ਉਸ ਦੀ ਮੌਤ ਉਪਰੰਤ ਰਿਆਸਤ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਜਾਵੇਗੀ। ਇਹ ਦੋਵੇਂ ਮਰਾਠਾ ਵਿਦਰੋਹੀਆਂ ਦੇ ਨੇਤਾ ਬਣ ਗਏ। ਜਦੋਂ ਅਵਧ ਦੀ ਰਿਆਸਤ ਹਥਿਆ ਲਈ ਗਈ ਤਾਂ ਇਹ ਪ੍ਰਮੁੱਖ ਰੂਪ ਵਿਚ ਵਿਸ਼ਵਾਸਘਾਤ ਸਿੱਧ ਹੋਈ। ਹਿੰਦੁਸਤਾਨ ਦੀ ਜਨਤਾ ਕਹਿਣ ਲੱਗ ਪਈ : "ਜੇਕਰ ਅੰਗਰੇਜ਼ ਸਰਕਾਰ ਆਪਣੇ ਸਭ ਤੋਂ ਵੱਧ ਵਫ਼ਾਦਾਰ ਬਾਦਸ਼ਾਹਾਂ ਨੂੰ ਗੱਦੀਓਂ ਉਤਾਰਨ ਲੱਗ ਪਈ ਤਾਂ ਕਿਹੜਾ ਆਜ਼ਾਦ ਨਵਾਬ ਜਾਂ ਰਾਜਾ ਸੁਰੱਖਿਅਤ ਰਹਿ ਸਕੇਗਾ ?" ਇਥੋਂ ਤਕ ਕਿ ਮੁਗਲਾਂ ਦੇ ਸ਼ਾਹੀ ਪਰਿਵਾਰ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਸ਼ਹਿਨਸ਼ਾਹ ਦੇ ਲਾਡਲੇ ਪੁੱਤਰ ਨੂੰ ਲਾਰਡ ਡਲਹੌਜ਼ੀ ਨੇ ਇਸ ਗੱਲ ਤੇ ਰਾਜ਼ੀ ਕਰ ਲਿਆ ਕਿ ਜਦੋਂ ਉਸ ਦੇ ਪਿਤਾ ਦੀ ਮੌਤ ਹੋ ਜਾਵੇ ਤਾਂ ਦਿੱਲੀ ਦਾ ਲਾਲ ਕਿਲ੍ਹਾ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਜਾਵੇ। ਭਾਵੇਂ ਸ਼ਾਹੀ ਪਰਿਵਾਰ ਦੀ ਰਾਜਸੀ ਪੁੱਛ-ਪ੍ਰਤੀਤ ਖ਼ਤਮ ਹੋ ਗਈ ਸੀ ਪਰ ਤਾਂ ਵੀ ਲੋਕ ਜਜ਼ਬਾਤੀ ਤੌਰ ਤੇ ਬਾਬਰ ਦੇ ਖ਼ਾਨਦਾਨ ਨਾਲ ਜੁੜੇ ਹੋਏ ਸਨ, ਅਤੇ ਲਾਲ ਕਿਲ੍ਹੇ ਅਤੇ ਇਸ ਦੇ ਸਥਾਨ ਨੂੰ ਖ਼ਾਸ ਮੋਹ-ਪਿਆਰ ਨਾਲ ਵੇਖਦੇ ਸਨ।

ਜ਼ਮੀਨਾਂ ਵਾਲੀਆਂ ਜਮਾਤਾਂ ਉਨ੍ਹਾਂ ਸਾਧਨਾਂ ਕਾਰਨ ਪ੍ਰਭਾਵਿਤ ਹੋ ਰਹੀਆਂ ਸਨ, ਜਿਨ੍ਹਾਂ ਸਦਕਾ ਵੱਡੀਆਂ ਜਗੀਰਾਂ-ਜਾਇਦਾਦਾਂ ਖ਼ਤਮ ਕੀਤੀਆਂ ਜਾ ਰਹੀਆਂ ਸਨ ਅਤੇ ਮਲਕੀਅਤ ਦੇ ਖ਼ਿਤਾਬ ਲਈ ਦਸਤਾਵੇਜ਼ੀ ਸਬੂਤ ਮੰਗੇ ਜਾ ਰਹੇ ਸਨ—ਉਸ ਸਮੇਂ ਦੇਸ਼ ਅੰਦਰ ਅਜਿਹੀ ਵਿਵਸਥਾ ਪ੍ਰਚੱਲਿਤ ਨਹੀਂ ਹੋਈ ਸੀ।

ਅੰਗਰੇਜ਼ ਅਫ਼ਸਰ ਲੋਕਾਂ ਦੇ ਏਨੇ ਨੇੜੇ ਨਹੀਂ ਸਨ ਕਿ ਉਹ ਇਹ ਜਾਇਜ਼ਾ ਲੈ ਸਕਣ ਕਿ ਇਨ੍ਹਾਂ ਸਾਧਨਾਂ ਦਾ ਅਨਪੜ੍ਹ ਜਨਤਾ ਕੀ ਗ਼ਲਤ ਪ੍ਰਭਾਵ ਗ੍ਰਹਿਣ ਕਰੇਗੀ ? ਇਸ ਪ੍ਰਕਾਰ ਸਤੀ-ਪ੍ਰਥਾ ਸਮਾਪਤ ਕਰਨਾ, ਵਿਧਵਾ ਦੇ ਮੁੜ ਵਿਆਹ ਕਰਵਾਉਣ ਦੀ ਖੁੱਲ੍ਹ, ਨਵ-ਧਰਮੀਆਂ ਨੂੰ ਜੱਦੀ ਜਾਇਦਾਦ ਦੇ ਵਾਰਸ ਬਣਾਉਣ ਲਈ ਕਾਨੂੰਨ ਅਜਿਹੇ ਸਮੇਂ ਪਾਸ ਕੀਤੇ ਗਏ ਜਦੋਂ

ਈਸਾਈ ਮਿਸ਼ਨ ਵੱਲੋਂ ਭਾਰੀ ਗਿਣਤੀ ਵਿਚ ਨਵ-ਧਰਮੀਆਂ ਨੂੰ ਦਾਖ਼ਲ ਕਰਨ ਦੇ ਅਮਲ ਨੇ ਭਾਰਤੀਆਂ ਦੀ ਇਸ ਧਾਰਨਾ ਨੂੰ ਹੋਰ ਪੱਕਾ ਕੀਤਾ ਕਿ ਅੰਗਰੇਜ਼ ਹਾਕਮ ਉਨ੍ਹਾਂ ਦੀ ਪੁਰਾਤਨ ਰਵਾਇਤ ਅਤੇ ਧਾਰਨਾ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਹਨ।

ਦੇਸ਼ ਅੰਦਰ ਫੈਲੇ ਹੋਏ ਅੰਗਰੇਜ਼-ਵਿਰੋਧੀ ਅਹਿਸਾਸ ਨਾਲ ਸਿਪਾਹੀ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਏ। ਜਾਤੀ ਦੇ ਚਿੰਨ੍ਹ ਸਜਾਉਣ, ਦਾੜ੍ਹੀ ਰੱਖਣ ਜਾਂ ਪਗੜੀ ਬੰਨ੍ਹਣ ਤੇ ਲਾਈ ਗਈ ਪਾਬੰਦੀ ਨੂੰ ਧਾਰਮਿਕ ਹੱਕਾਂ ਦੀ ਉਲੰਘਣਾ ਦੇ ਤੌਰ ਤੇ ਲਿਆ ਗਿਆ। ਵਹਿਮ ਅਤੇ ਭਰਮ ਵਾਲੇ ਹਿੰਦੂਆਂ ਨੇ, ਇਸ ਗੱਪ ਨੂੰ ਬੜੇ ਧਿਆਨ ਨਾਲ ਸੁਣਿਆ ਕਿ ਉਨ੍ਹਾਂ ਦੇ ਆਟੇ ਦੇ ਰਾਸ਼ਨ ਵਿਚ ਹੱਡੀਆਂ ਪੀਸੀਆਂ ਗਈਆਂ ਹਨ। 1856 ਦੀ ਪਤਝੜ ਰੁੱਤੇ ਪੁਰਾਣੀ ਬੰਦੂਕ, ਬਰਾਊਨ ਬੇਸ, ਵਧੇਰੇ ਉੱਤਮ ਏਨਫੀਲਡ ਰਾਈਫਲ ਨਾਲ ਬਦਲਿਆ ਗਿਆ ਤਾਂ ਇਹ ਕਹਾਣੀ ਛੇਤੀ ਹੀ ਮੰਨ ਲਈ ਗਈ ਕਿ ਨਵੇਂ ਕਾਰਤੂਸਾਂ ਦੇ ਸਿਖਰ ਤੇ ਗਾਂ ਅਤੇ ਸੂਅਰ ਦੀ ਚਰਬੀ ਤੋਂ ਬਣਾਈ ਹੋਈ ਗਰੀਸ ਲਾਈ ਹੋਈ ਸੀ। ਹਿੰਦੂ ਅਤੇ ਮੁਸਲਮਾਨ ਦੋਵੇਂ ਧਰਮਾਂ ਦੇ ਸਿਪਾਹੀਆਂ ਨੇ ਇਹ ਮਹਿਸੂਸ ਕੀਤਾ ਕਿ ਹੁਣ ਉਨ੍ਹਾਂ ਲਈ ਚੋਣ ਕਰਨ ਦਾ ਸਮਾਂ ਆ ਗਿਆ ਹੈ, ਜਾਂ ਉਹ ਆਪਣੀਆਂ ਨੌਕਰੀਆਂ ਛੱਡ ਕੇ ਆਪਣੇ ਦੇਵਤਿਆਂ ਦੀ ਸੇਵਾ ਕਰਨ ਜਾਂ ਫਿਰ ਨੌਕਰੀਆਂ 'ਤੇ ਡਟੇ ਰਹਿਣ ਅਤੇ ਅੰਗਰੇਜ਼ ਸਰਕਾਰ ਦੀ ਚਾਕਰੀ ਨਿਭਾਉਂਦੇ ਰਹਿਣ।

ਸਿਪਾਹੀਆਂ ਦੇ ਹੋਰ ਵੀ ਰੋਸ ਸਨ। ਉਨ੍ਹਾਂ ਦੀ ਤਨਖ਼ਾਹ ਘੱਟ ਸੀ। ਵੱਧ ਤੋਂ ਵੱਧ ਉਹ ਸੂਬੇਦਾਰ ਦੇ ਰੈਂਕ ਤਕ ਤਰੱਕੀ ਕਰ ਸਕਦੇ ਸਨ, ਜਿਸ ਦੀ ਤਨਖ਼ਾਹ 60-70 ਰੁਪਏ ਮਹੀਨਾ ਸੀ। ਇਸ ਦੇ ਬਰਾਬਰ ਦੇ ਰੈਂਕ ਲਈ ਇਕ ਅੰਗਰੇਜ਼ ਅਫ਼ਸਰ ਨੂੰ ਦਸ ਗੁਣਾ ਵੱਧ ਰਕਮ ਮਿਲਦੀ ਸੀ। ਭਰਤੀ ਕਰਨ ਸਮੇਂ ਸਿਪਾਹੀਆਂ ਨੂੰ ਇਹ ਭਰੋਸਾ ਦਿਵਾਇਆ ਜਾਂਦਾ ਸੀ ਕਿ ਉਨ੍ਹਾਂ ਨੂੰ ਸਮੁੰਦਰੋਂ ਪਾਰ ਸੇਵਾ ਲਈ ਨਹੀਂ ਲਿਜਾਇਆ ਜਾਵੇਗਾ। ਪਰ ਉਨ੍ਹਾਂ ਨੂੰ ਜਾਵਾ ਅਤੇ ਬਰਮਾ ਵਿਚ ਭੇਜਣ ਦੇ ਯਤਨ ਕੀਤੇ ਗਏ। ਇਕ ਮਿਸਾਲ ਉਨ੍ਹਾਂ ਦੇ ਸਾਹਮਣੇ ਆਈ ਕਿ ਆਦੇਸ਼ ਦੀ ਉਲੰਘਣਾ ਕਰਨ ਵਾਲੇ ਦੀ ਤਨਖ਼ਾਹ ਵਿਚ ਵਾਧਾ ਹੁੰਦਾ ਹੈ। ਇਹ ਮਿਸਾਲ ਕੁਝ ਅੰਗਰੇਜ਼ ਅਫ਼ਸਰਾਂ ਨੇ ਕਾਇਮ ਕੀਤੀ। ਜਦੋਂ ਉਨ੍ਹਾਂ ਦੀ ਤਨਖ਼ਾਹ ਵਿਚ ਕਟੌਤੀ ਕਰਨ ਦੇ ਆਦੇਸ਼ ਲਾਰਡ ਬੈਨਟਿਕਸ ਨੇ ਦਿੱਤੇ ਤਾਂ ਉਨ੍ਹਾਂ ਵਿਦਰੋਹ ਦਾ ਡਰਾਵਾ ਦਿੱਤਾ। ਜੇਕਰ 'ਸਾਹਿਬ ਲੋਕ' ਆਪਣੀ ਸਰਕਾਰ ਦਾ ਵਿਰੋਧ ਅਤੇ ਉਲੰਘਣਾ ਕਰ ਸਕਦੇ ਹਨ ਤਾਂ ਨੇਟਿਵਜ਼ (ਭਾਰਤੀ ਲੋਕ) ਕਿਉਂ ਨਹੀਂ ਕਰ ਸਕਦੇ ?

ਭਾਰਤ ਦੀਆਂ ਸਾਰੀਆਂ ਜਮਾਤਾਂ—ਰਾਜੇ-ਮਹਾਰਾਜੇ, ਵਪਾਰੀ, ਬੁੱਧੀਜੀਵੀ, ਕਿਸਾਨ ਅਤੇ ਕਾਮੇ—ਜਿਹੜੀਆਂ ਸੰਪਰਕ ਵਿਚ ਆਈਆਂ, ਉਨ੍ਹਾਂ ਦੀ ਹੇਠੀ ਕਿਸੇ ਨਾ ਕਿਸੇ ਰੂਪ ਵਿਚ ਗੋਰੇ ਆਦਮੀਆਂ ਨੇ ਕੀਤੀ। ਇਕ ਅੰਗਰੇਜ਼ ਦੀ ਜ਼ਬਾਨ ਤੇ 'ਸੂਅਰ' ਜਾਂ 'ਕਾਲਾ ਆਦਮੀ' ਜਿਹੇ ਸ਼ਬਦ ਆਮ ਆਉਂਦੇ। ਇਹੋ ਜਿਹੇ ਸ਼ਬਦ ਭਾਰਤ ਵਿਚ ਜੰਮੇ ਐਂਗਲੋ-ਇੰਡੀਅਨ (ਕਰਾਨੀ) ਅਤੇ ਦੋਗਲੇ ਯੂਰੇਸ਼ੀਅਨ ਵੀ ਵਰਤਦੇ ਸਨ।

ਅਵਧ ਦੇ ਸ਼ਹਿਜ਼ਾਦੇ ਬਿਰਜਿਸ ਕਾਦਰ ਦੇ ਐਲਾਨ ਨੇ ਇਨ੍ਹਾਂ ਰੋਸਾਂ ਨੂੰ ਅੰਤਮ ਰੂਪ ਦਿੱਤਾ : "ਹਿੰਦੂ ਅਤੇ ਮੁਸਲਮਾਨ ਸਭ ਭਲੀ ਪ੍ਰਕਾਰ ਜਾਣਦੇ ਹਨ ਕਿ ਹਰ ਵਿਅਕਤੀ ਨੂੰ ਚਾਰ ਚੀਜ਼ਾਂ ਬਹੁਤ ਪਿਆਰੀਆਂ ਹਨ। ਪਹਿਲੀ ਹੈ ਧਰਮ, ਦੂਜੀ ਹੈ ਮਾਣ-ਮਰਿਆਦਾ, ਤੀਜੀ ਹੈ ਜ਼ਿੰਦਗੀ ਅਤੇ ਚੌਥੀ ਹੈ ਜਾਇਦਾਦ। ਇਕ ਦੇਸੀ ਸਰਕਾਰ ਦੇ ਅਧੀਨ ਇਹ ਚਾਰੇ ਹੀ ਚੀਜ਼ਾਂ ਸੁਰੱਖਿਅਤ ਹਨ। ਉਪਰ ਦਿੱਤੀਆਂ ਗਈਆਂ ਚੌਹਾਂ ਚੀਜ਼ਾਂ ਦੇ ਅੰਗਰੇਜ਼ ਵੈਰੀ ਬਣ ਗਏ ਹਨ।"

1856 ਦੀ ਪਤਝੜ ਤੋਂ ਹੀ ਦੇਸ਼ ਅੰਦਰ ਕਈ ਇਲਾਕਿਆਂ ਵਿਚ ਹਿੰਸਾ ਦੀਆਂ ਛੋਟੀਆਂ-ਮੋਟੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਆਉਣ ਵਾਲੇ ਸਿਆਲ ਅਤੇ ਬਸੰਤ ਤਕ ਇਹ ਵਾਰਦਾਤਾਂ ਜਾਰੀ ਰਹੀਆਂ। ਪਰ ਜਦੋਂ ਮੇਰਠ ਦੇ ਸਿਪਾਹੀਆ ਨੇ ਮਈ 10, 1857 ਵਿਚ ਆਪਣੇ ਗੋਰੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਅਤੇ ਦਿੱਲੀ ਵੱਲ ਚਾਲੇ ਪਾ ਦਿੱਤੇ ਤਾਂ ਜੋ ਆਪਣੇ ਸਹਿਨਸ਼ਾਹ ਬਹਾਦਰ ਸ਼ਾਹ ਨੂੰ ਹਿੰਦ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦੇਣ, ਤਾਂ ਵਿਦਰੋਹ ਦੀ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਛੇਤੀ ਹੀ ਬੰਗਾਲ ਅਤੇ ਦਿੱਲੀ ਵਿਚਕਾਰ ਦੇ ਕੇਂਦਰੀ ਅਤੇ ਉੱਤਰੀ ਭਾਰਤ ਦੇ ਇਲਾਕੇ ਲਟ-ਲਟ ਬਲ ਉਠੇ। ਛਾਉਣੀਆਂ, ਘਰਾਂ, ਗਿਰਜਿਆਂ ਅਤੇ ਲੋਕ-ਸੰਸਥਾਨਾਂ 'ਤੇ ਜਿਵੇਂ ਕਿ ਡਾਕ ਅਤੇ ਤਾਰਘਰਾਂ ਦੇ ਦਫ਼ਤਰਾਂ ਤੇ ਹੱਲਾ ਕਰਨ ਲਈ ਸਿਪਾਹੀਆਂ ਨਾਲ ਸ਼ਹਿਰੀ ਲੋਕ ਵੀ ਮਿਲ ਗਏ। ਕੁਝ ਸਮੇਂ ਲਈ ਇਉਂ ਪ੍ਰਤੀਤ ਹੋਇਆ ਕਿ ਇਕ ਲੁਟੇਰੇ ਵਿਰੁੱਧ ਇਹ ਵਿਦਰੋਹ ਰਾਸ਼ਟਰੀ ਅੰਦੋਲਨ ਸੀ। ਪਰ ਛੇਤੀ ਹੀ ਇਹ ਸਪੱਸ਼ਟ ਹੋ ਗਿਆ ਕਿ ਹਿੰਦੂ ਅਤੇ ਮੁਸਲਮਾਨ ਵਿਦਰੋਹੀਆਂ ਵਿਚਕਾਰ ਉਦੇਸ਼ ਜਾਂ ਨਿਸ਼ਾਨੇ ਦੀ ਕੋਈ ਸਾਂਝ ਨਹੀਂ ਸੀ। ਮੁਸਲਮਾਨ ਆਪਣੀ ਹਕੂਮਤ ਕਾਇਮ ਕਰਨਾ ਚਾਹੁੰਦੇ ਸਨ। ਮਰਾਠਿਆਂ ਦੀ ਇਹ ਧਾਰਨਾ ਸੀ ਕਿ ਮੁਸਲਮਾਨ ਮੁੜ ਗੱਦੀ 'ਤੇ ਬਿਰਾਜਮਾਨ ਹੋ ਜਾਣਗੇ। ਪਰ ਇਹ ਦੋਵੇਂ ਕੌਮਾਂ ਇਕ ਹੀ ਗੱਲ ਵਿਚ ਸਾਂਝੀ ਸਨ ਕਿ ਲੜਾਈ ਵਿਚ ਇਕ ਦੁਸ਼ਮਣ (ਅੰਗਰੇਜ਼) ਸੀ।

ਵਿਦਰੋਹ ਦੇ ਆਰੰਭ ਵਿਚ ਪੰਜਾਬ ਦੀ ਹਾਲਤ

ਪੰਜਾਬ ਵਿਚ ਵਾਪਰ ਰਹੇ ਹਾਲਾਤ ਬਾਕੀ ਭਾਰਤ ਨਾਲੋਂ ਵੱਖਰੇ ਸਨ। ਸਿੱਖ ਆਪਣੀ ਖੁੱਸੀ ਹੋਈ ਸੱਤਾ ਮੁੜ ਪ੍ਰਾਪਤ ਕਰਨ ਲਈ ਜੂਆ ਖੇਡ ਸਕਦੇ ਸਨ। ਪਰ ਉਹ ਨੇਤਾ-ਰਹਿਤ ਸਨ। ਮਹਾਰਾਜਾ ਦਲੀਪ ਸਿੰਘ ਨੇ ਸਿੱਖੀ ਤਿਆਗ ਦਿੱਤੀ ਸੀ। ਉਹ ਆਪਣੇ-ਆਪ ਨੂੰ ਪੰਜਾਬੀ ਸਹਿਜ਼ਾਦੇ ਤੋਂ ਤਬਦੀਲ ਹੋ ਕੇ ਅੰਗਰੇਜ਼ ਦੇਸ਼ ਦਾ ਜੈਂਟਲਮੈਨ ਬਣਨਾ ਚਾਹੁੰਦਾ ਸੀ। ਸ਼ੇਰ ਸਿੰਘ ਅਟਾਰੀਵਾਲਾ ਪੈਨਸ਼ਨ ਤੇ ਗੁਜ਼ਾਰਾ ਕਰ ਰਿਹਾ ਸੀ। ਭਾਈ ਮਹਾਰਾਜ ਸਿੰਘ ਅਤੇ ਰਾਜਾ ਦੀਨਾ ਨਾਥ (ਜਿਹੜੇ ਬੀਤੇ ਦਿਨਾਂ ਬਾਰੇ ਨਫ਼ਰਤ ਨਾਲ ਗੱਲ-ਬਾਤ ਕਰਦੇ) ਅਕਾਲ ਚਲਾਣਾ ਕਰ ਚੁੱਕੇ ਸਨ। ਬੇਦੀ ਬਿਕਰਮ ਸਿੰਘ, ਜਿਸ ਨੂੰ ਸਿੱਖ ਗੁਰੂ ਨਾਨਕ ਦੇਵੀ ਦੀ ਬੰਸ ਵਿਚੋਂ ਸਮਝਦੇ ਹੋਏ ਅਗਵਾਈ ਦੀ ਆਸ ਰੱਖਦੇ ਸਨ, ਆਪਣੇ ਪਿੰਡ, ਊਨਾ ਵਿਚ ਨਜ਼ਰਬੰਦ ਸਨ।

ਹਿੰਦੁਸਤਾਨੀ ਸਿਪਾਹੀਆਂ ਦੇ ਰੋਸ ਨਾਲ ਸਿੱਖ ਸਿਪਾਹੀਆਂ ਦੀ ਕੋਈ ਸਾਂਝ ਨਹੀਂ ਸੀ। ਉਹ ਪਗੜੀਆਂ ਬੰਨ੍ਹ ਸਕਦੇ ਸਨ, ਦਾੜ੍ਹੀ-ਕੇਸ ਰੱਖ ਸਕਦੇ ਸਨ ਅਤੇ ਖ਼ਾਲਸੇ ਵਾਲੀ ਰਹੁ-ਰੀਤ ਦੀ ਪਾਲਣਾ ਕਰ ਸਕਦੇ ਸਨ। ਉਨ੍ਹਾਂ ਅੰਦਰ ਜੇ ਕੋਈ ਰੋਸ ਜਾਂ ਨਫ਼ਰਤ ਸੀ ਤਾਂ ਇਹ ਕਿ ਉਹ ਹਿੰਦੁਸਤਾਨੀ ਸਿਪਾਹੀਆਂ ਦੇ ਵਿਰੁੱਧ ਸਨ, ਜਿਨ੍ਹਾਂ ਨੂੰ ਉਹ 'ਪੂਰਬੀਏ' ਜਾਂ ਫਿਰ ਇਕ ਹੀ ਨਾਮ ਦਿੰਦੇ 'ਮਾਤਾਦੀਨ'। ਇਹ ਲੋਕ ਵੀ ਸਿੱਖਾਂ ਨਾਲ ਮਿਲ ਕੇ ਖ਼ੁਸ਼ ਨਹੀਂ ਸਨ ਕਿਉਂਕਿ ਉਹ ਇਨ੍ਹਾਂ ਨੂੰ ਨੀਵੀਂ ਜਾਤ ਦੇ ਖ਼ਿਆਲ ਕਰਦੇ ਸਨ।

ਪੰਜਾਬੀ ਕਿਸਾਨ, ਸਿੱਖਾਂ ਸਹਿਤ, ਸਬਰ-ਸੰਤੋਖ ਵਿਚ ਸੀ ਕਿਉਂਕਿ ਵਾਢੀ ਅੱਛੀ ਹੋ ਚੁੱਕੀ ਸੀ ਅਤੇ ਜਿਹੜਾ ਹਿੱਸਾ ਮਾਲੀਏ ਵਜੋਂ ਸਰਕਾਰ ਚਾਹੁੰਦੀ ਸੀ, ਉਹ ਵਾਜਬ ਸੀ।

ਬੋਰਡ ਆਫ਼ ਐਡਮਨਿਸਟਰੇਸ਼ਨ ਅਤੇ ਉਪਰੰਤ ਚੀਫ਼ ਕਮਿਸ਼ਨਰ, ਜੌਨ ਲਾਰੇਂਸ ਨੇ ਨੇਕ ਕੰਮ ਕੀਤਾ ਸੀ, ਉਨ੍ਹਾਂ ਉਸ ਧਰਤੀ ਤੇ ਅਮਨ-ਸ਼ਾਂਤੀ ਕਾਇਮ ਕੀਤੀ, ਜਿਥੇ ਦਸ ਸਾਲ ਤੋਂ ਗੜਬੜ ਦਾ ਵਾਤਾਵਰਣ ਸੀ ਅਤੇ ਹਿੰਸਾ ਦੀਆਂ ਵਾਰਦਾਤਾਂ ਹੋ ਰਹੀਆਂ ਸਨ। ਉਨ੍ਹਾਂ

ਦੀਵਾਨੀ ਅਤੇ ਫੌਜਦਾਰੀ ਕਾਨੂੰਨੀ ਨਿਆਂ-ਪ੍ਰਨਾਲੀ ਵਿਚ ਸੋਧ ਲਿਆਂਦੀ ਅਤੇ ਕਚਹਿਰੀਆਂ ਅੰਦਰ ਸਾਫ ਤੌਰ ਤੇ ਕੰਮ ਹੋਵੇ, ਇਸ ਦੀ ਸੁਨਿਸ਼ਚਿਤਤਾ ਕੀਤੀ। ਉਹ ਲੋਹੇ ਵਾਂਗ ਸਖਤ ਹੱਥਾਂ ਨਾਲ ਕੰਮ ਕਰ ਰਹੇ ਸਨ ਪਰ ਕਿਸੇ ਜਾਤੀ, ਧਰਮ ਦੇ ਭਾਵ ਨੂੰ ਠੇਸ ਨਹੀਂ ਪਹੁੰਚਾਉਂਦੇ ਸਨ। ਉਨ੍ਹਾਂ ਸਮਾਜ ਸੁਧਾਰ ਦਾ ਕਾਰਜ ਲਾਗੂ ਕੀਤਾ ਸੀ, ਉਨ੍ਹਾਂ ਸੜਕਾਂ ਉਲੀਕੀਆਂ, ਸਕੂਲ ਚਲਾਏ ਅਤੇ ਉਸ ਧਰਤੀ ਤੇ ਸਰਾਵਾਂ ਬਣਵਾਈਆਂ, ਜਿਨ੍ਹਾਂ ਦੇ ਅਨੁਭਵ ਵਿਚ ਵਿਦੇਸ਼ੀ ਤੁਰਕ, ਮੰਗੋਲ, ਪਠਾਣ, ਅਫਗਾਨ ਅਤੇ ਮਰਾਠੇ—ਕੇਵਲ ਲੁੱਟ-ਮਾਰ ਕਰਨ ਵਾਲੇ ਹੁੰਦੇ ਹਨ।

ਜਦੋਂ ਮਈ 10, 1857 ਨੂੰ ਮੇਰਠ ਵਿਚ ਵਿਦਰੋਹ ਆਰੰਭ ਹੋਇਆ ਤਾਂ ਪੰਜਾਬ ਦੀਆਂ ਛਾਉਣੀਆਂ ਵਿਚ ਫ਼ੌਜ ਦੀ ਗਿਣਤੀ 60,000 ਸੀ, ਅਤੇ ਇਨ੍ਹਾਂ ਵਿਚ ਅੱਧੇ ਨਾਲੋਂ ਵੱਧ ਹਿੰਦੁਸਤਾਨੀ ਸਨ। ਅੰਗਰੇਜ਼ ਸਿਪਾਹੀਆਂ ਦੀ ਗਿਣਤੀ ਕੇਵਲ 10,000 ਸੀ।

ਜਿਹੜੇ ਹਿੰਦੁਸਤਾਨੀ ਸਿਪਾਹੀ ਪੰਜਾਬ ਵਿਚ ਸਨ, ਉਹ ਵੀ ਉਸੇ ਤਰ੍ਹਾਂ ਪ੍ਰਭਾਵਿਤ ਸਨ ਜਿਵੇਂ ਕਿ ਕੰਪਨੀ ਵਿਚ ਹੋਰ ਸਿਪਾਹੀ। ਮਾਰਚ ਅਤੇ ਅਪ੍ਰੈਲ ਵਿਚ ਅਨੇਕਾਂ ਛਾਉਣੀਆਂ ਵਿਚ ਭੇਦ ਭਰੀਆਂ ਅੱਗਾਂ ਲੱਗਣ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ, ਖ਼ਾਸ ਕਰਕੇ ਉਨ੍ਹਾਂ ਛਾਉਣੀਆਂ ਵਿਚ, ਜਿਥੇ ਸਿਪਾਹੀਆਂ ਨੂੰ ਨਵੀਂ ਇਨਫੀਲਡ ਰਾਈਫਲ ਦੀ ਸਿਖਲਾਈ ਦਿੱਤੀ ਜਾ ਰਹੀ ਸੀ। ਸੰਖੇਪ ਵਿਚ 1857 ਦੀ ਗਰਮੀਆਂ ਦੀ ਰੁੱਤ ਵਿਚ ਜਿਹੜੇ ਲੋਕ ਅੰਗਰੇਜ਼ ਸਿਪਾਹੀਆਂ ਨੂੰ ਹਿੰਦੁਸਤਾਨੀ ਸਿਪਾਹੀਆਂ ਦੀ ਨਫ਼ਰਤ ਤੋਂ ਬਚਾ ਸਕਦੇ ਸਨ, ਜਦੋਂ ਕਿ ਉਨ੍ਹਾਂ ਦੀ ਸੰਖਿਆ 1.3 ਦੀ ਸੀ, ਉਹ ਕੇਵਲ ਪੰਜਾਬੀ ਸਨ। ਪੰਜਾਬੀਆਂ ਵਿਚ ਵੀ ਜਿਨ੍ਹਾਂ ਮੁਗ਼ਲ ਜਾਂ ਪਠਾਣਾਂ ਦੇ ਰਾਜ ਦੀ ਬਹਾਲੀ ਵੱਲ ਕੰਨ ਨਹੀਂ ਧਰਨਾ ਸੀ, ਉਹ ਸਿੱਖ ਸਨ। ਅੰਗਰੇਜ਼ਾਂ ਨੇ ਸਿੱਖਾਂ ਦੀ ਹਿੰਦੁਸਤਾਨੀਆਂ ਅਤੇ ਮੁਸਲਮਾਨਾਂ ਨਾਲ ਦੁਸ਼ਮਣੀ ਦਾ ਪੂਰਾ-ਪੂਰਾ ਲਾਭ ਉਠਾਇਆ।

ਸਿਪਾਹੀਆਂ ਨੂੰ ਸ਼ਸਤਰਹੀਨ ਕਰਨਾ ਅਤੇ ਪੰਜਾਬ ਵਿਚ ਆਜ਼ਾਦੀ ਦੀ ਲਹਿਰ (ਵਿਦਰੋਹ) ਨੂੰ ਕੁਚਲਨਾ

ਆਜ਼ਾਦੀ ਦੀ ਲਹਿਰ ਜਾਂ ਵਿਦਰੋਹ ਦੀ ਕੋਈ ਵਿਉਂਤਬੰਦੀ ਨਹੀਂ ਸੀ, ਇਸ ਲਈ ਪੰਜਾਬ ਅੰਦਰ ਸਿਪਾਹੀ ਰਜਮੈਂਟਾਂ ਇਸ ਗੱਲੋਂ ਉੱਕਾ ਹੀ ਅਣਜਾਣ ਸਨ ਕਿ ਮੇਰਠ ਅਤੇ ਦਿੱਲੀ ਅੰਦਰ 10 ਅਤੇ 11 ਮਈ 1857 ਨੂੰ ਕਿਹੜੀਆਂ ਘਟਨਾਵਾਂ ਵਾਪਰੀਆਂ। ਦੂਜੇ ਪਾਸੇ ਮਿੰਟਗੁਮਰੀ (ਉਹ ਜੌਨ ਲਾਰੇਂਸ ਦੀ ਥਾਂ ਕਾਰਜ ਕਰ ਰਿਹਾ ਸੀ) ਨੂੰ ਟੈਲੀਫੋਨ ਰਾਹੀਂ ਵਿਦਰੋਹ ਦੀਆਂ ਸਭ ਖ਼ਬਰਾਂ, ਬਹਾਦਰ ਸ਼ਾਹ ਦੇ ਐਲਾਨ ਅਤੇ ਇਨ੍ਹਾਂ ਸ਼ਹਿਰਾਂ ਅੰਦਰ ਅੰਗਰੇਜ਼ ਵੱਸੋਂ ਦੇ ਕਤਲੇ-ਆਮ ਬਾਰੇ ਪੂਰੀ ਜਾਣਕਾਰੀ ਮਿਲ ਰਹੀ ਸੀ। ਮਿੰਟਗੁਮਰੀ ਦੇ ਸੈਨਿਕ ਅਤੇ ਅਸੈਨਿਕ ਵਿਸ਼ਿਸ਼ਟ ਅਧਿਕਾਰੀਆਂ ਦੀ ਇਕੱਤਰਤਾ ਹਾਲਾਤ ਦਾ ਜਾਇਜ਼ਾ ਲੈਣ ਲਈ ਬੁਲਾਈ ਅਤੇ ਇਹ ਫ਼ੈਸਲਾ ਕੀਤਾ ਗਿਆ ਕਿ ਮੀਆਂ ਮੀਰ ਵਿਖੇ ਸਿਪਾਹੀਆਂ ਨੂੰ ਸ਼ਸਤਰਹੀਨ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਪਾਸੋਂ ਗੋਲਾ-ਬਾਰੂਦ ਲੈ ਲਿਆ ਜਾਵੇ। 13 ਮਈ ਦੀ ਸਵੇਰ ਨੂੰ ਨੇਟਿਵ ਰਜਮੈਂਟਾਂ ਨੂੰ ਮਜਬੂਰ ਕੀਤਾ ਗਿਆ ਕਿ ਉਹ ਹਥਿਆਰਾਂ ਦਾ ਢੇਰ ਲਾ ਦੇਣ। ਉਸੇ ਹੀ ਦਿਨ ਪੇਸ਼ਾਵਰ ਵਿਖੇ ਜੰਗੀ ਪ੍ਰੀਸ਼ਦ ਬੁਲਾਈ ਗਈ ਸੀ। ਪੰਜਾਬ ਦੀ ਵਾਗਡੋਰ ਜਨਰਲ ਰੀਡ ਨੇ ਸੰਭਾਲੀ। ਇਕ ਚਲਦਾ-ਫਿਰਦਾ ਦਸਤਾ ਜੇਹਲਮ ਵਿਖੇ ਤਿਆਰ ਕੀਤਾ ਗਿਆ। "ਇਸ ਪੰਜਾਬ ਅੰਦਰ ਉਸ ਬਿੰਦੂ ਤੇ ਪੁੱਜਣਾ ਸੀ, ਜਿਥੇ ਵੀ ਵਿਦਰੋਹ ਨੂੰ ਦਬਾਉਣ ਦੀ ਕੋਈ ਨਾ ਕੋਈ ਲੋੜ ਸੀ।"

ਵਿਦਰੋਹ ਦੇ ਪਹਿਲੇ ਦੋ ਮਹੀਨਿਆਂ ਵਿਚ ਜੌਨ ਲਾਰੇਂਸ ਰਾਵਲਪਿੰਡੀ ਗਿਆ ਹੋਇਆ ਸੀ। ਉਸ ਆਪਣੇ ਮਾਤਹਿਤਾਂ ਨਾਲ ਪੂਰਾ-ਪੂਰਾ ਸੰਪਰਕ ਬਣਾਈ ਰਖਿਆ। ਉਸ ਦਿੱਲੀ ਨੂੰ ਮੁੜ ਕਬਜ਼ੇ ਵਿਚ ਲੈਣਾ ਮਹੱਤਵਪੂਰਨ ਸਮਝਿਆ। ਇਸ ਮੰਤਵ ਲਈ ਉਸ ਸੁਝਾਓ ਦਿੱਤਾ ਕਿ ਪਹਾੜਾਂ ਵਿਚ ਰੱਖੀਆਂ ਫ਼ੌਜਾਂ ਅੰਬਾਲੇ ਵੱਲ ਚਾਲੇ ਪਾਉਣ। ਉਸ ਕਮਾਂਡਰ-ਇਨ-ਚੀਫ ਉਪਰ ਬਲ ਦਿੱਤਾ ਕਿ ਅੰਬਾਲੇ ਦੀਆਂ ਫ਼ੌਜਾਂ ਨੂੰ ਹਮਲੇ ਲਈ ਮੁਕਤ ਕਰ ਦਿੱਤਾ ਜਾਵੇ। ਉਸ ਦੀ ਸਾਰੀ ਦੀ ਸਾਰੀ ਵਿਉਂਤ ਇਸ ਨਿਸ਼ਾਨੇ ਤੇ ਆਧਾਰਿਤ ਸੀ, ਜਿਨ੍ਹਾਂ ਟੁਕੜੀਆਂ ਦੀ ਵਫ਼ਾਦਾਰੀ ਤੇ ਸ਼ੱਕ ਸੀ, ਉਨ੍ਹਾਂ ਦੇ ਹਥਿਆਰ ਲੈ ਲਏ ਜਾਣ। ਨਵੀਆਂ ਰਜਮੈਂਟਾਂ ਖੜ੍ਹੀਆਂ ਕੀਤੀਆਂ ਜਾਣ ਅਤੇ ਰੰਗਰੂਟਾਂ ਦੀ ਨਫ਼ਰੀ ਵਧਾਈ ਜਾਵੇ। ਪੰਜਾਬ ਵਿਚ ਜਿਹੜੀਆਂ ਵੀ ਫ਼ੌਜਾਂ ਉਪਲਬੱਧ ਹੋਣ ਉਨ੍ਹਾਂ ਨਾਲ ਦਿੱਲੀ ਜਾਣ ਵਾਲੀਆਂ ਫ਼ੌਜਾਂ ਦੀ ਗਿਣਤੀ ਵਧਾਈ ਜਾਵੇ।

ਅਜੇ ਇਹ ਵਿਉਂਤਾਂ ਲਾਰੇਂਸ ਦੇ ਮਨ ਵਿਚ ਅਮਲੀ ਰੂਪ ਧਾਰਨ ਕਰਨ ਵਾਲੀਆਂ ਹੀ ਸਨ ਕਿ ਪੰਜਾਬ ਤੋਂ ਖ਼ਬਰਾਂ ਆਈਆਂ ਕਿ ਫ਼ੀਰੋਜ਼ਪੁਰ ਵਿਖੇ ਵਿਦਰੋਹ ਹੋ ਗਿਆ ਹੈ। ਖ਼ਤਰੇ ਦੀ ਅਗਾਊਂ ਖ਼ਬਰ ਹੋਣ ਕਾਰਨ ਅੰਗਰੇਜ਼ ਅਫ਼ਸਰ ਇਨਚਾਰਜ ਨੇ ਮੈਗਜ਼ੀਨ ਕਾਬੂ ਕਰਨ ਲਈ ਕਦਮ ਚੁੱਕੇ ਅਤੇ ਵਿਦਰੋਹੀਆਂ ਦੇ ਹਮਲੇ ਨੂੰ ਨਕਾਰਾ ਬਣਾ ਦਿੱਤਾ। ਇਸੇ ਹੀ ਸਮੇਂ ਵਿਚ ਫਿਲੌਰ, ਗੋਬਿੰਦਗੜ੍ਹ, ਕਾਂਗੜਾ, ਅਟਕ ਅਤੇ ਮੁਲਤਾਨ ਦੇ ਕਿਲ੍ਹੇ ਆਪਣੇ ਕਬਜ਼ੇ ਵਿਚ ਕਰ ਲਏ ਗਏ। ਸ਼ਿਮਲਾ ਪਹਾੜ ਦੀਆਂ ਜੱਤੋਗ, ਸਬਾਟੂ, ਡਗਸ਼ਈ ਅਤੇ ਕਸੌਲੀ ਦੀਆਂ ਛਾਉਣੀਆਂ ਤੇ ਹਾਲਾਤ ਬਾਰੇ ਚਿੰਤਾ ਸੀ। ਗੋਰਖਾ ਰਜਮੈਂਟਾਂ ਨੇ ਆਪਣੇ ਅੰਗਰੇਜ਼ ਅਫ਼ਸਰਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਜਿਹੜੀਆਂ ਫ਼ੌਜਾਂ ਕਸੌਲੀ ਸਨ, ਉਨ੍ਹਾਂ ਨੇ ਖ਼ਜ਼ਾਨਾ ਲੁੱਟ ਲਿਆ। ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਅਤੇ ਉਨ੍ਹਾਂ ਨੂੰ ਬਾਰਕਾਂ ਵਿਚ ਮੁੜ ਆਉਣ ਲਈ ਰਾਜ਼ੀ ਕਰ ਲਿਆ ਗਿਆ।

ਜਿਉਂ ਹੀ ਮੇਰਠ ਅਤੇ ਦਿੱਲੀ ਦੇ ਵਿਦਰੋਹ ਸੰਬੰਧੀ ਖ਼ਬਰਾਂ ਫੈਲੀਆਂ ਤਾਂ ਸਤਲੁਜ ਪਾਰ ਦੀਆਂ ਰਿਆਸਤਾਂ (ਰਾਜਾਂ) ਵਿਚ ਇਕ "ਹਿੰਸਕ ਅਪਰਾਧਾਂ ਦਾ ਮੌਸਮ ਫੈਲਣ ਲੱਗਾ।" ਪੰਜਾਬ ਦੇ ਕੁਝ ਸ਼ਹਿਰਾਂ ਵਿਚ, ਵਿਸ਼ੇਸ਼ ਕਰਕੇ ਅੰਬਾਲਾ, ਪਾਣੀਪਤ, ਥਾਨੇਸਰ ਦੇ ਰੰਘੜ ਅਤੇ ਗੁੱਜਰ ਕਬੀਲਿਆਂ ਨੇ ਦਿਨ-ਦਿਹਾੜੇ ਲੁੱਟਮਾਰ ਆਰੰਭ ਕਰ ਦਿੱਤੀ। ਹਰਿਆਣਾ ਦੇ ਕੁਝ ਜ਼ਿਮੀਂਦਾਰ ਸ਼ਹਿਜ਼ਾਦਿਆਂ (ਝੱਜਰ ਅਤੇ ਦਾਦਰੀ ਦੇ ਨਵਾਬਾਂ ਅਤੇ ਬਲਭਗੜ੍ਹ ਦੇ ਰਜਵਾੜਿਆਂ) ਨੇ ਵਿਦਰੋਹੀਆਂ ਨਾਲ ਗਠਜੋੜ ਕਰ ਲਿਆ। ਲੋਹਾਰੂ ਦਾ ਨਵਾਬ ਨਿਰਪੱਖ ਹੀ ਰਿਹਾ। ਪੂਰਬੀ ਪੰਜਾਬ ਵਿਚ ਭਾਵੇਂ ਮੁਸਲਮਾਨ ਸਰਦਾਰਾਂ—ਕਰਨਾਲ ਅਤੇ ਮਲੇਰਕੋਟਲੇ ਦੇ ਨਵਾਬਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਪਰ ਮੁਸਲਮਾਨ ਕਿਸਾਨਾਂ ਦੀ ਹਮਦਰਦੀ ਵਿਦਰੋਹੀਆਂ ਦੇ ਨਾਲ ਸੀ। ਇਸ ਦੇ ਉਲਟ ਹਿੰਦੂਆਂ ਦਾ ਵਤੀਰਾ ਕੁਝ ਖ਼ਿਲਾਫ਼ ਸੀ। ਸਤਲੁਜ ਪਾਰ ਦੇ ਇਲਾਕੇ ਅੰਗਰੇਜ਼ਾਂ ਦੇ ਵਫ਼ਾਦਾਰ ਸਨ। ਕੁਝ ਕੁ ਤੋਂ ਇਲਾਵਾ ਸਿੱਖ ਰਜਵਾੜੇ, ਸਤਲੁਜ ਦੇ ਉਰਾਰ ਅਤੇ ਪਾਰ, ਅੰਗਰੇਜ਼ਾਂ ਦਾ ਪੂਰਾ-ਪੂਰਾ ਸਾਥ ਦੇ ਰਹੇ ਸਨ। ਜੀਂਦ, ਪਟਿਆਲਾ, ਨਾਭਾ, ਕਲਸੀਆਂ ਅਤੇ ਕਪੂਰਥਲਾ ਦੇ ਰਾਜਿਆਂ, ਮਲੌਧ, ਖੇੜੀ, ਭਦੌੜ ਅਤੇ ਲੱਧੜਾਂ ਦੇ ਸਰਦਾਰਾਂ, ਸਿੰਘਪੁਰੀਆਂ ਅਤੇ ਕਰਤਾਰਪੁਰ ਦੇ ਸੋਢੀਆਂ ਨੇ ਵੀ ਆਪਣੀਆਂ ਸੇਵਾਵਾਂ ਅਰਪਣ ਕੀਤੀਆਂ।

ਦੂਜੇ ਪਾਸੇ ਨੌਸ਼ਹਿਰੇ ਅਤੇ ਮਰਦਾਨ ਵਿਚ ਉਠੀ ਵਿਦਰੋਹ ਦੀ ਅੱਗ ਨਾਲ ਅਧਿਕਾਰੀ ਸਾਵਧਾਨ ਹੋ ਗਏ। ਇਹ ਸੰਦੇਹ ਹੋ ਗਿਆ ਕਿ ਪੇਸ਼ਾਵਰ ਦੇ ਲੋਕ ਈਦ ਦੇ ਸਮੇਂ ਬਗਾਵਤ ਦੀ ਸੋਚ ਰਹੇ ਸਨ। ਸਿੱਟੇ ਵਜੋਂ ਤਿੰਨ ਨੇਟਿਵ ਰਜਮੈਂਟਾਂ ਤੋੜ ਦਿੱਤੀਆਂ ਗਈਆਂ। ਇਨ੍ਹਾਂ

ਚਾਲਾਂ ਦੀ ਭਿਣਕ ਮਰਦਾਨ ਦੇ ਸਿਪਾਹੀਆਂ ਤਕ ਪਹੁੰਚ ਗਈ। ਉਥੋਂ 500 ਦੇ ਕਰੀਬ ਸਵਾਤ ਵਿਖੇ ਨੱਸ ਆਏ। ਇਥੇ ਉਨ੍ਹਾਂ ਆਪਣੀਆਂ ਸੇਵਾਵਾਂ ਵਲੀ ਨੂੰ ਪੇਸ਼ ਕੀਤੀਆਂ।

ਜੌਨ ਲਾਰੇਂਸ ਨੇ ਹੁਕਮ ਦਿੱਤਾ ਕਿ ਪੰਜਾਬ ਦੀ ਸਭ ਪਾਸਿਆਂ ਤੋਂ ਨਾਕਾਬੰਦੀ ਕਰ ਦਿੱਤੀ ਜਾਵੇ। ਉੱਤਰ-ਪੱਛਮੀ ਸੀਮਾਵਰਤੀ ਇਲਾਕੇ ਵਿਚ ਫ਼ੌਜਾਂ ਇਕੱਠੀਆਂ ਕੀਤੀਆਂ ਗਈਆਂ ਤਾਂ ਜੋ ਪਠਾਣੀ ਕਬੀਲੇ, ਜੋਸ਼ੀਲਾ ਦੋਸਤ ਮੁਹੰਮਦ, ਅਫ਼ਗਾਨਿਸਤਾਨ ਦਾ ਅਮੀਰ, ਮੈਦਾਨੀ ਇਲਾਕੇ ਉਤੇ ਧਾਵਾ ਬੋਲਣ ਦਾ ਅਵਸਰ ਨਾ ਲੱਭ ਲਵੇ। ਹਰਿਆਣਾ ਦੇ ਦੱਖਣ-ਪੂਰਬੀ ਸਿਰੇ ਤੇ ਫ਼ੌਜ ਤਾਇਨਾਤ ਕੀਤੀ ਗਈ ਤਾਂ ਜੋ ਵਿਦਰੋਹੀ ਪੰਜਾਬ ਵਿਚ ਦਾਖ਼ਲ ਨਾ ਹੋ ਸਕਣ ਅਤੇ ਜਿਹੜੇ ਦਿੱਲੀ ਵੱਲ ਨੱਸਣ ਉਨ੍ਹਾਂ ਨੂੰ ਸੂਬੇ ਤੋਂ ਬਾਹਰ ਨਾ ਨਿਕਲਣ ਦਿੱਤਾ ਜਾਵੇ। ਪੰਜਾਬ ਅੰਦਰ ਅੰਗਰੇਜ਼ ਚਾਲੂ ਦਸਤੇ ਭਰੋਸੇਯੋਗ ਪੰਜਾਬੀਆਂ ਸਹਿਤ ਭਗੌੜਿਆਂ ਨੂੰ ਫੜਨ ਦੇ ਹੁਕਮ ਦੀ ਪਾਲਣਾ ਕਰਨ ਲੱਗੇ। ਦਰਿਆਵਾਂ ਦੇ ਪੱਤਣਾਂ ਦੀ ਰਾਖੀ ਲਈ ਬੇੜੀਆਂ ਉਪਰ ਚੌਕੀਦਾਰ ਬਿਠਾਏ ਗਏ ਅਤੇ ਜਿਥੇ-ਜਿਥੇ ਦਰਿਆ ਵਿਚ ਲਾਂਘੇ ਸਨ, ਉਥੇ-ਉਥੇ ਬੰਨ੍ਹ ਉੱਚੇ ਕੀਤੇ ਗਏ।

ਵਿਦਰੋਹ ਦੀ ਅੱਗ ਜਲੰਧਰ ਤਕ ਫੈਲ ਗਈ ਕਿਉਂਕਿ ਉਥੋਂ ਦੇ ਅਫ਼ਸਰਾਂ ਨੇ ਨੇਟਿਵ, ਰਜਮੈਂਟਾਂ ਪਾਸੋਂ ਹਥਿਆਰ ਲੈਣ ਵਿਚ ਕੋਤਾਹੀ ਕੀਤੀ ਸੀ। ਵਿਦਰੋਹੀ ਫਿਲੌਰ ਤਕ ਪਹੁੰਚ ਗਏ ਜਿਥੇ ਉਨ੍ਹਾਂ ਨਾਲ ਤੀਜੀ ਨੇਟਿਵ ਇਨਫੈਂਟਰੀ ਮਿਲ ਗਈ ਅਤੇ ਸਮੁੱਚੇ ਰੂਪ ਵਿਚ ਦਿੱਲੀ ਵੱਲ ਚੱਲ ਪਏ।

ਜੌਨ ਲਾਰੇਂਸ ਨੇ ਇਸ ਤੋਂ ਸਿੱਟਾ ਕੱਢਿਆ ਕਿ ਸੰਦੇਹ ਵਾਲੀਆਂ ਰਜਮੈਂਟਾਂ ਪਾਸੋਂ ਹਥਿਆਰ ਲੈਣ ਨਾਲ ਅਤੇ ਭਾਰੀ ਗਿਣਤੀ ਵਿਚ ਵਿਦਰੋਹੀਆਂ ਦੇ ਬਚ ਕੇ ਨਿਕਲਣ ਨਾਲ ਹੋਰਨਾਂ ਦੀ ਵਫ਼ਾਦਾਰੀ ਤੇ ਬਹੁਤ ਪ੍ਰਭਾਵ ਪਿਆ ਹੈ। ਉਸ ਇਹ ਫ਼ੈਸਲਾ ਕੀਤਾ ਕਿ ਜਿਥੋਂ ਤਕ ਅਮਲੀ ਰੂਪ ਦਿੱਤਾ ਜਾ ਸਕਦਾ ਹੈ, ਹਿੰਦੁਸਤਾਨੀ ਸਿਪਾਹੀਆਂ ਦੇ ਹਥਿਆਰ ਲੈ ਲਏ ਜਾਣ, ਭਾਵੇਂ ਉਨ੍ਹਾਂ ਦਾ ਪਿਛਲਾ ਰਿਕਾਰਡ ਕਿਹੋ ਜਿਹਾ ਵੀ ਕਿਉਂ ਨਾ ਹੋਵੇ? ਇਸ ਨੀਤੀ ਦੇ ਫਲਸਰੂਪ ਮੁਲਤਾਨ ਤੇ ਫਿਲੌਰ ਦੀਆਂ ਛਾਉਣੀਆਂ 'ਚ ਹਥਿਆਰ ਲੈਣ ਦਾ ਕਾਰਜ ਕੀਤਾ ਗਿਆ। ਪਰ ਇਸ ਵਿਚ ਕਈ ਹਾਲਤਾਂ ਵਿਚ ਅੜਿੱਚਣਾਂ ਆਉਂਦੀਆਂ ਰਹੀਆਂ। ਜੇਹਲਮ ਵਿਚ ਤਾਂ ਕਾਫ਼ੀ ਖ਼ੂਨ-ਖ਼ਰਾਬਾ ਹੋਇਆ। ਕੁਝ ਵਿਦਰੋਹੀ ਤਾਂ ਪਿੱਛਾ ਕਰਨ ਵਾਲਿਆਂ ਨੂੰ ਝਾਂਸਾ ਦੇ ਕੇ ਜੰਮੂ ਵੱਲ ਬਚ ਨਿਕਲੇ। ਜੇਹਲਮ ਦੀ ਘਟਨਾ ਤੋਂ ਦੋ ਦਿਨ ਪਿੱਛੋਂ ਸਿਆਲਕੋਟ ਦੇ ਸਿਪਾਹੀਆਂ ਨੇ ਆਪਣੇ ਕੁਝ ਅਫ਼ਸਰਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਆਪ ਦਿੱਲੀ ਵੱਲ ਚੱਲ ਪਏ। ਪਰ ਰਾਵੀ ਦੇ ਤ੍ਰਿਮੂ ਘਾਟ ਤੇ ਨਿਕਲਸਨ ਨੇ ਇਨ੍ਹਾਂ ਨੂੰ ਰੋਕ ਲਿਆ। ਇਸ ਤੋਂ ਪਿੱਛੋਂ ਜਿਹੜੀਆਂ ਦੋ ਝੜਪਾਂ ਹੋਈਆਂ, ਉਨ੍ਹਾਂ ਵਿਚ ਹਰ ਸਿਪਾਹੀ ਮਾਰਿਆ ਗਿਆ ਜਾਂ ਡੁੱਬ ਗਿਆ।

ਲਾਹੌਰ ਵਿਖੇ ਨਿਹੱਥੀਆਂ ਹੋਈਆਂ ਫ਼ੌਜਾਂ ਜੋਸ਼ ਵਿਚ ਆ ਗਈਆਂ। 26ਵੀਂ ਨੇਟਿਵ ਇਨਫੈਂਟਰੀ ਰਜਮੈਂਟ ਦੇ ਜਵਾਨਾਂ ਨੇ ਅਚਾਨਕ ਆਪਣੇ ਅਫ਼ਸਰਾਂ ਤੇ ਹਮਲਾ ਕਰ ਦਿੱਤਾ। ਉਪਰੰਤ ਉਹ ਰਾਵੀ ਦੇ ਉੱਤਰ ਵੱਲ ਚੱਲ ਪਏ। ਉਨ੍ਹਾਂ ਰਾਹ ਵਿਚ ਹੀ ਪੁਲਿਸ ਦੇ ਹਥਿਆਰਬੰਦ ਦਸਤੇ ਅਤੇ ਪਿੰਡ ਦੇ ਲੋਕਾਂ ਨੂੰ ਘੇਰ ਲਿਆ। ਇਸ ਝੜਪ ਵਿਚ ਡੇਢ ਸੌ ਦੇ ਕਰੀਬ ਕਤਲ ਕਰ ਦਿੱਤੇ ਗਏ। ਮੁੱਖ ਹਿੱਸੇ ਨੇ ਇਕ ਜਜ਼ੀਰੇ ਤੇ ਪਨਾਹ ਲਈ ਸੀ। ਉਸ ਤੇ ਉਸ ਫ਼ੌਜੀ ਟੁਕੜੀ ਨੇ ਹਮਲਾ ਕੀਤਾ ਜਿਸ ਦੀ ਅਗਵਾਈ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਐਫ. ਕੂਪਰ ਕਰ ਰਿਹਾ ਸੀ। ਜਿਹੜੇ ਡਰ ਕੇ ਬਚ ਨਿਕਲਣ ਦਾ ਯਤਨ ਕਰ ਰਹੇ ਸਨ ਉਨ੍ਹਾਂ ਵਿਚੋਂ ਹੀ ਪੰਜਾਹ ਡੁੱਬ ਗਏ ਜਾਂ ਗੋਲੀ ਦਾ ਨਿਸ਼ਾਨਾ ਬਣ ਗਏ। ਜਿਹੜੇ

ਬਾਕੀ ਬਚੇ (280 ਦੇ ਕਰੀਬ) ਉਹ ਫੜ ਲਏ ਗਏ ਅਤੇ ਉਨ੍ਹਾਂ ਨੂੰ ਅਜਨਾਲਾ ਪਿੰਡ ਦੇ ਨੇੜੇ ਪੁਲਿਸ ਥਾਣੇ ਲੈ ਗਏ। ਦਸ-ਦਸ ਦੀ ਟੋਲੀ ਬਣਾ ਕੇ ਕੂਪਰ ਨੇ 237 ਜਵਾਨ ਮੌਤ ਦੇ ਘਾਟ ਉਤਾਰ ਦਿੱਤੇ। ਬਾਕੀ ਦੇ ਜਵਾਨਾਂ ਨੇ ਹਨੇਰ-ਕੋਠੜੀ ਵਿਚੋਂ ਬਾਹਰ ਆਉਣ ਤੋਂ ਇਨਕਾਰ ਕਰ ਦਿੱਤਾ। ਜਿਸ ਵਿਚ ਉਹ ਸੁੱਟ ਦਿੱਤੇ ਗਏ ਸਨ। ਕੂਪਰ ਨੇ ਉਨ੍ਹਾਂ ਨੂੰ ਰਾਤ ਭਰ ਉਥੇ ਹੀ ਟਿਕੇ ਰਹਿਣ ਦਿੱਤਾ। ਅਗਲੀ ਸਵੇਰ 45 ਤਾਂ ਦਮ ਘੁੱਟ ਜਾਣ ਕਾਰਨ ਮਰ ਗਏ। ਜਿਹੜੇ ਬਾਕੀ ਦੇ ਬਚੇ ਉਨ੍ਹਾਂ ਨੂੰ ਫੜ ਕੇ ਤੋਪਾਂ ਨਾਲ ਉਡਾ ਦਿੱਤਾ ਗਿਆ।

ਇਹੋ ਜਿਹੇ ਦੁਖਾਂਤ ਦਾ ਸਾਕਾ ਉੱਤਰ-ਪੱਛਮੀ ਸੀਮਾ ਤੇ ਵਾਪਰਿਆ। ਅਗਸਤ ਦੇ ਅੰਤਲੇ ਸਪਤਾਹ ਪਸ਼ੌਰ ਵਿਖੇ ਨਿਹੱਥੀ ਹੋਈ ਇਕ ਰਜਮੈਂਟ ਦੇ ਸਿਪਾਹੀਆਂ ਨੇ ਉਨ੍ਹਾ ਸਿਪਾਹੀਆਂ 'ਤੇ ਹਮਲਾ ਕੀਤਾ ਜਿਹੜੇ ਬਾਰਕਾਂ ਵਿਚੋਂ ਚੋਰੀ-ਛਿਪੇ ਲਿਆਂਦੇ ਹਥਿਆਰਾਂ ਦੀ ਦੇਖਭਾਲ ਕਰ ਰਹੇ ਸਨ। ਪੰਜਾਹ ਵਿਦਰੋਹੀ ਮਾਰੇ ਗਏ, ਬਾਕੀ ਜਿਹੜੇ ਬਚ ਕੇ ਨੱਸ ਤੁਰੇ ਉਨ੍ਹਾਂ ਦਾ ਪਿੱਛਾ ਕੀਤਾ ਗਿਆ ਅਤੇ ਉਹ ਮਾਰ ਦਿੱਤੇ ਗਏ।

ਜਿਸ ਤੇਜ਼ੀ ਨਾਲ ਗੈਰ-ਪ੍ਰਭਾਵਿਤ ਰਜਮੈਂਟ ਪਾਸੋਂ ਹਥਿਆਰ ਲਏ ਗਏ ਅਤੇ ਜਿਨ੍ਹਾਂ ਦੀ ਵਫ਼ਾਦਾਰੀ ਉਪਰ ਸੰਦੇਹ ਸੀ, ਉਨ੍ਹਾਂ ਤੇ ਫੌਰੀ 'ਇਨਸਾਫ਼' ਲਈ ਮੁਕੱਦਮੇ ਚੱਲੇ। ਇਸ ਅਮਲ ਨਾਲ ਏਨੀ ਦਹਿਸ਼ਤ ਅਤੇ ਸਹਿਮ ਫੈਲ ਗਿਆ ਕਿ ਪੰਜਾਬ ਅੰਦਰ ਵਿਦਰੋਹ ਜਾਂ ਬਗ਼ਾਵਤ ਫੈਲਣ ਦੇ ਸਭ ਅਵਸਰ ਖ਼ਤਮ ਹੋ ਗਏ। ਬਾਜ਼ਾਰੀ ਭਾਸ਼ਾ ਵਿਚ ਸਰਕਾਰ ਦਾ ਭੰਡਾਰ ਭਰ ਗਿਆ। 'ਮੋਤੀਆਂ', 'ਚਿੱਟੀ ਚੀਨੀ' ਅਤੇ 'ਲਾਲ ਮਿਰਚ' (ਅੰਗਰੇਜ਼ ਨਾਲ ਤੁਲਨਾ ਵਜੋਂ) ਦੇ ਭਾਅ ਵਿਚ ਤੇਜ਼ੀ ਆਈ। ਇਸ ਦੇ ਮੁਕਾਬਲੇ 'ਲਾਲ ਕਣਕ' 'ਮਟਿਆਲੇ ਗੁੜ' (ਸੀਰੇ) ਅਤੇ 'ਕਾਲੀਆਂ ਮਿਰਚਾਂ' ਮੰਦੀਆਂ ਹੋ ਗਈਆਂ।

ਉਪਰ ਦਿੱਤੀਆ ਘਟਨਾਵਾਂ ਤੋਂ ਇਲਾਵਾ (ਅਤੇ ਗੁਗਿਆਨਾ ਜ਼ਿਲ੍ਹੇ ਵਿਚ ਖਰਲ ਕਬੀਲੇ ਦੇ ਮੁਸਲਮਾਨਾਂ ਦੀ ਸਤੰਬਰ 1857 ਦੀ ਬਗ਼ਾਵਤ ਦੇ) ਪੰਜਾਬ ਵਿਚ ਉਸ ਪ੍ਰਕਾਰ ਦਾ ਵਿਦਰੋਹ ਨਹੀਂ ਹੋਇਆ, ਜਿਸ ਦੀ ਲਪੇਟ ਵਿਚ ਬਾਕੀ ਦਾ ਉੱਤਰੀ ਭਾਰਤ ਲਿਆ ਗਿਆ ਸੀ। ਪੰਜਾਬੀ ਮੁਸਲਮਾਨਾਂ ਨੇ ਆਪਣੇ ਹਿੰਦੁਸਤਾਨੀ ਸਹਿ-ਧਰਮੀਆਂ ਦੀ ਸੂਅਰ ਦਾ ਮਾਸ ਖਾਣ ਵਾਲੇ ਇਸਲਾਮ ਨੂੰ ਨਾਪਾਕ ਕਰਨ ਵਾਲਿਆਂ ਵਿਰੁੱਧ ਜਹਾਦ ਦੀ ਪੁਕਾਰ ਤੇ ਕੰਨ ਨਹੀਂ ਧਰਿਆ। ਪੰਜਾਬੀ ਹਿੰਦੂਆਂ ਅਤੇ ਬੜੀ ਤਰਕ ਸਹਿਤ ਸਿੱਖਾਂ ਨੇ ਵੀ ਹਿੰਦੂ ਧਰਮ ਦੀ ਰੱਖਿਆ ਸੂਅਰ-ਖਾਣੇ ਵਿਦੇਸ਼ੀਆਂ ਵੱਲੋਂ ਕਰਵਾਉਣ ਵੱਲ ਧਿਆਨ ਨਾ ਦਿੱਤਾ। ਜਿਹੜੇ ਕਾਰਤੂਸਾਂ ਉਪਰ ਗਾਂ ਦੀ ਚਰਬੀ ਦਾ ਪ੍ਰਯੋਗ ਕਰਦੇ ਸਨ। ਇਸ ਵਿਚ ਹੈਰਾਨ ਹੋਣ ਵਾਲੀ ਵੀ ਗੱਲ ਨਹੀਂ ਸੀ ਕਿਉਂਕਿ 1857 ਦੀਆਂ ਗਰਮੀਆ ਵਿਚ ਆਜ਼ਾਦੀ ਦੇ ਬਣ ਬੈਠੇ ਠੇਕੇਦਾਰਾਂ ਨੇ ਹੀ ਤਾਂ ਅੱਠ ਵਰ੍ਹੇ ਪਹਿਲਾਂ ਫਰੰਗੀਆਂ ਦੇ ਹੱਥ-ਠੋਕੇ ਬਣ ਕੇ ਪੰਜਾਬ ਨੂੰ ਗੁਲਾਮੀ ਦੀਆਂ ਬੇੜੀਆਂ ਪੁਆਈਆਂ ਸਨ।

ਪੰਜਾਬੀ ਰਾਜਿਆਂ ਅਤੇ ਅਮੀਰ ਜ਼ਿਮੀਂਦਾਰਾਂ ਦੀ ਵਫ਼ਾਦਾਰੀ ਸਦਕਾ ਪੰਜਾਬ ਅਤੇ ਬਾਕੀ ਭਾਰਤ ਅੰਗਰੇਜ਼ਾਂ ਲਈ ਸੁਰੱਖਿਅਤ ਰਿਹਾ। ਉਨ੍ਹਾਂ ਪੰਜਾਬ ਅੰਦਰ ਅਮਨ-ਸ਼ਾਂਤੀ ਦਾ ਵਾਤਾਵਰਨ ਬਣਾਈ ਰਖਿਆ ਅਤੇ ਅਜਿਹੀ ਵਿਵਸਥਾ ਵੀ ਕੀਤੀ ਕਿ ਦਿੱਲੀ ਜਾਣ ਵਾਲੀਆ ਸੜਕਾਂ ਖੁੱਲ੍ਹੀਆਂ ਰਹਿਣ ਤਾਂ ਜੋ ਫ਼ੌਜਾਂ, ਆਰਮਰ ਅਤੇ ਖ਼ਜ਼ਾਨਾ ਅੱਗੇ ਚਲਦਾ ਰਹੇ। ਉਨ੍ਹਾਂ ਮਾਇਆ, ਜਵਾਨ ਅਤੇ ਗੋਲਾ-ਬਾਰੂਦ ਵੀ ਸਪਲਾਈ ਕੀਤਾ।

ਪੰਜਾਬੀਆਂ ਅੰਦਰ ਵੀ ਵਿਦਰੋਹ ਨੂੰ ਦਬਾਉਣ ਲਈ ਸਿੱਖਾਂ ਦਾ ਯੋਗਦਾਨ ਵਿਲੱਖਣ ਸੀ। ਸਿੱਖ ਸਿਪਾਹੀਆ ਨੇ ਅੰਗਰੇਜ਼ ਮੇਜ਼ਬਾਨਾਂ ਦੀ ਰਾਖੀ ਕੀਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਲਾਹਾਬਾਦ, ਬਨਾਰਸ, ਲਖਨਊ, ਕਾਨਪੁਰ, ਅੱਗਰਾ ਅਤੇ ਵਿਦਰੋਹ ਦੇ ਹੋਰ ਕੇਂਦਰਾਂ ਵਿਖੇ

ਬਚਾਇਆ। ਕਿਉਂਕਿ ਦਿੱਲੀ ਅਤੇ ਮੇਰਠ ਦੇ ਵਿਦਰੋਹੀਆਂ ਨੇ ਇਹ ਐਲਾਨ ਕੀਤਾ ਸੀ ਕਿ ਮੁਗ਼ਲ ਹਕੂਮਤ ਬਹਾਲ ਕੀਤੀ ਜਾਵੇਗੀ। ਇਸ ਲਈ ਸਿੱਖਾਂ ਨੇ, ਜਿਨ੍ਹਾਂ ਦੇ ਜੀਵਨ ਮੁਗ਼ਲ ਹਾਕਮਾਂ ਵੱਲੋਂ ਢਾਏ ਗਏ ਉਨ੍ਹਾਂ ਦੇ ਵੱਡੇ-ਵਡੇਰਿਆਂ ਉਪਰ ਜ਼ੁਲਮ ਦੀਆਂ ਕਹਾਣੀਆਂ ਤੇ ਪਲੇ ਹੋਏ ਸਨ; ਬਹਾਦਰ ਸ਼ਾਹ ਦੇ ਐਲਾਨ ਪ੍ਰਤੀ ਬਹੁਤ ਤਿੱਖਾ ਪ੍ਰਤੀਕਰਮ ਦਰਸਾਇਆ। ਅੰਗਰੇਜ਼ਾਂ ਨੇ ਸਿੱਖਾਂ ਅੰਦਰ ਮੁਗ਼ਲ-ਵਿਰੋਧੀ ਭਾਵਨਾ ਦਾ ਪੂਰਾ-ਪੂਰਾ ਲਾਭ ਉਠਾਇਆ। 'ਸੌ ਸਾਖੀ' ਦਾ ਨਵਾਂ ਰੂਪ ਪ੍ਰਚੱਲਿਤ ਕੀਤਾ ਜਿਸ ਵਿਚ ਇਹ ਭਵਿੱਖਬਾਣੀ ਕੀਤੀ ਗਈ ਸੀ ਕਿ ਅੰਗਰੇਜ਼ ਅਤੇ ਸਿੱਖ ਰਲ ਕੇ ਦਿੱਲੀ ਨੂੰ ਫ਼ਤਹਿ ਕਰਨਗੇ। ਇਸ ਪ੍ਰਕਾਰ ਲੁੱਟਮਾਰ ਨੂੰ ਭਵਿੱਖਬਾਣੀ ਦੀ ਮੰਨਜ਼ੂਰੀ ਦਿੱਤੀ ਗਈ। ਸਿੱਖ ਬੜੇ ਜੋਸ਼ ਨਾਲ ਦਿੱਲੀ ਵੱਲ ਚਾਲੇ ਪਾਉਣ ਵਾਲੀ ਕੰਪਨੀ ਦੀ ਫ਼ੌਜ ਵਿਚ ਰਲਦੇ ਗਏ।

ਦਿੱਲੀ ਉਪਰ ਹੋਏ ਹਮਲੇ ਵਿਚ ਸਿੱਖ ਅਗਲੀ ਪਾਲ ਵਿਚ ਸਨ। ਸੰਤਬਰ 20, 1857 ਨੂੰ ਸ਼ਹਿਰ ਤੇ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਨੂੰ ਖੁੱਲ੍ਹ ਦਿੱਤੀ ਗਈ ਕਿ ਜੋ ਵੀ ਹੱਥ ਆਉਂਦਾ ਹੈ, ਲੁੱਟ ਲੈਣ। ਹਾਡਸਨ ਨੇ ਆਪਣੇ ਸਿੱਖ ਘੋੜਸਵਾਰਾਂ ਸਹਿਤ ਸਭ ਤੋਂ ਪਹਿਲਾਂ ਬਹਾਦਰ ਸ਼ਾਹ,ਬੇਗਮ ਜ਼ੀਨਤ ਮਹਿਲ ਅਤੇ ਉਸ ਦੇ ਬੇਟੇ ਜਵਾਂ ਬਖ਼ਤ ਨੂੰ ਫੜਿਆ ਸੀ। ਅਗਲੇ ਦਿਨ ਉਨ੍ਹਾਂ ਬਾਦਸ਼ਾਹ ਦੇ ਦੋ ਬੇਟਿਆਂ ਅਤੇ ਇਕ ਪੋਤਰੇ ਨੂੰ ਫੜ ਲਿਆ। ਸਿੱਖਾਂ ਵੱਲੋਂ ਜੁਟਾਈ ਗਈ ਸੁਰੱਖਿਆ ਵਿਚ ਹਾਡਸਨ (ਅੰਗਰੇਜ਼ਾਂ) ਨੇ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰਬੰਦ ਭੀੜ ਦੀ ਹਾਜ਼ਰੀ ਦੀ ਪਰਵਾਹ ਨਾ ਕਰਦੇ ਹੋਏ ਤਿੰਨਾਂ ਦੇ ਕਪੜੇ ਉਤਾਰ ਕੇ, ਨੰਗੇ ਕਰਕੇ ਆਪਣੀ ਕਾਰਬਾਈਨ ਦਾ ਨਿਸ਼ਾਨਾ ਬਣਾਇਆ। ਸਿੱਖ ਉਨ੍ਹਾਂ ਸ਼ਹਿਜ਼ਾਦਿਆਂ ਦੀਆਂ ਲਾਸ਼ਾਂ ਨੂੰ ਲੈ ਗਏ ਅਤੇ ਚਾਂਦਨੀ ਚੌਕ ਵਿਖੇ ਉਸ ਥਾਂ ਤੇ ਪ੍ਰਦਰਸ਼ਿਤ ਕਰਨ ਲਈ ਰੱਖ ਦਿੱਤੀਆਂ ਗਈਆਂ, ਜਿਸ ਸਥਾਨ 'ਤੇ ਗੁਰਦੁਆਰਾ ਸੀਸ ਗੰਜ ਹੈ ਅਤੇ ਜਿਥੇ 182 ਵਰ੍ਹੇ ਪਹਿਲਾਂ ਉਨ੍ਹਾਂ ਦੇ ਗੁਰੂ, ਗੁਰੂ ਤੇਗ ਬਹਾਦਰ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ। ਇਸ ਪ੍ਰਕਾਰ ਅੰਗਰੇਜ਼ੀ ਰੂਪ ਦੀ ਪ੍ਰਚੱਲਿਤ 'ਸੌ ਸਾਖੀ' ਦੀ 'ਭਵਿੱਖਬਾਣੀ' ਕਾਫ਼ੀ ਹੱਦ ਤਕ ਸਹੀ ਸਿੱਧ ਹੋਈ।

ਸਿੱਖਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਭਾਰੀ ਇਨਾਮ ਦਿੱਤੇ ਗਏ। ਸ਼ਹਿਜ਼ਾਦਿਆਂ ਨੂੰ ਭਾਰੀਆਂ ਜਗੀਰਾਂ ਅਤੇ ਰਿਹਾਇਸ਼ ਲਈ ਆਲੀਸ਼ਾਨ ਹਵੇਲੀਆਂ (ਮਹਿਲ) ਦਿੱਤੀਆਂ ਗਈਆਂ। ਆਮ ਲੋਕਾਂ ਨੇ ਲੁੱਟ-ਮਾਰ ਕਰਕੇ ਹੱਥ ਰੰਗ ਲਏ ਅਤੇ ਉਨ੍ਹਾਂ ਨੂੰ ਨੌਕਰੀਆਂ ਦੇ ਅਵਸਰ ਜੁਟਾਏ ਗਏ।

ਅੰਗਰੇਜ਼ੀ ਫ਼ੌਜ ਵਿਚ ਸਿੱਖਾਂ ਦੀ ਭਰਤੀ

ਗ਼ਦਰ ਜਾਂ ਵਿਦਰੋਹ ਦਾ ਇਕ ਮਹੱਤਵਪੂਰਨ ਸਿੱਟਾ ਇਹ ਨਿਕਲਿਆ, ਜਿਥੋਂ ਤਕ ਸਿੱਖਾਂ ਦਾ ਸਵਾਲ ਹੈ, ਕਿ ਉਨ੍ਹਾਂ ਲਈ ਹਥਿਆਰਬੰਦ ਫ਼ੌਜੀ ਸੇਵਾ ਲਈ ਰਾਹ ਖੁੱਲ੍ਹ ਗਿਆ। ਅੰਗਰੇਜ਼ੀ ਫ਼ੌਜ ਲਈ ਸਿੱਖ ਰੰਗਰੂਟਾਂ ਦੀ ਵਿਸ਼ੇਸ਼ ਪੁੱਛ ਹੋਣ ਲੱਗੀ। ਇਥੇ ਇਹ ਯਾਦ ਕਰਨਾ ਲਾਭਦਾਇਕ ਹੋਵੇਗਾ ਕਿ ਹੌਲੀ-ਹੌਲੀ ਇਸ ਸਥਾਨ ਤਕ ਕਿਵੇਂ ਪੁੱਜਿਆ ਗਿਆ?

1846 ਦੀ ਸਿੱਖਾਂ ਦੀ ਪਹਿਲੀ ਜੰਗ ਤਕ ਦਰਬਾਰ ਦੀ ਹਟਾਈ ਹੋਈ ਫ਼ੌਜ ਵਿਚ ਇਕ ਅਸਥਾਈ ਟੁਕੜੀ ਖੜੀ ਕੀਤੀ ਗਈ ਸੀ। ਦੂਜੀ ਅੰਗਰੇਜ਼-ਸਿੱਖ ਜੰਗ ਦੇ ਅੰਤ ਤਕ ਇਸ ਫ਼ੌਜੀ ਟੁਕੜੀ ਦੀ ਤਾਕਤ ਵਧਾਈ ਗਈ ਅਤੇ ਉਸ ਨੂੰ ਉੱਤਰ-ਪੱਛਮੀ ਸੀਮਾ ਤੇ ਭੇਜ ਦਿੱਤਾ ਗਿਆ। ਇਹ ਪੰਜਾਬ ਇਰੈਗੂਲਰ ਫ਼ੋਰਸ (ਅਸਥਾਈ ਬਲ) ਦੇ ਨਾਂ ਨਾਲ ਜਾਣੀ ਜਾਣ ਲੱਗੀ। ਉਪਰੰਤ ਇਹ ਪੰਜਾਬ ਫ਼ਰੰਟੀਅਰ ਫ਼ੋਰਸ (ਪੰਜਾਬ ਸੀਮਾ ਬਲ) ਮਸ਼ਹੂਰ ਪਿਫ਼ਰਜ਼

ਕਰਕੇ ਜਾਣ ਲੱਗੀ। 1849 ਵਿਚ ਡਲਹੌਜ਼ੀ ਨੇ ਇਹ ਫ਼ੈਸਲਾ ਕੀਤਾ ਕਿ ਅੰਗਰੇਜ਼ੀ ਫ਼ੌਜ ਵਿਚ ਕੁਝ-ਕੁਝ ਅਸਲੀ ਖਾਲਸੇ ਭਰਤੀ ਕੀਤੇ ਜਾਣ। ਭਾਵੇਂ ਇਹ ਗਿਣਤੀ ਬਹੁਤ ਘੱਟ ਸੀ ਤਾਂ ਵੀ ਉਸ ਦੇ ਇਸ ਅਮਲ ਦੀ ਨੁਕਤਾਚੀਨੀ ਹੋਈ।

ਸਿੱਖਾਂ ਦੀ ਭਰਤੀ ਦੇ ਮਸਲੇ ਨੂੰ ਗਵਰਨਰ ਜਨਰਲ, ਕਮਾਂਡਰ-ਇਨ-ਚੀਫ ਅਤੇ ਬੋਰਡ ਆਫ ਐਡਮਨਿਸਟਰੇਸ਼ਨ ਨੇ ਵਿਚਾਰਿਆ। ਬ੍ਰਿਗੇਡੀਅਰ ਹਾਗਸਨ, ਜਿਸ ਨੇ ਸਿੱਖ ਕੋਰ ਦੀ ਕਮਾਨ ਸੰਭਾਲੀ ਸੀ, ਨੇ ਇਕ ਮੀਮੋ ਇਸ ਵਿਸ਼ੇ ਤੇ ਤਿਆਰ ਕੀਤਾ ਅਤੇ ਮੰਨਜ਼ੂਰ ਹੋਣ ਉਪਰੰਤ ਇਹ ਦਸਤਾਵੇਜ਼ ਸਿੱਖਾਂ ਦੀ ਭਰਤੀ ਲਈ ਮੈਗਨਾ ਕਾਰਟਾ (ਮਹਾਂ-ਅਧਿਕਾਰ ਪੱਤਰ) ਸਿੱਧ ਹੋਇਆ। ਇਸ ਵਿਚ ਇਹ ਨਿਰਧਾਰਤ ਕੀਤਾ ਗਿਆ ਕਿ ਹਾਲ ਦੀ ਘੜੀ ਸਥਾਈ (ਰੈਗੂਲਰ) ਫ਼ੌਜ ਵਿਚ ਪੰਜਾਬੀਆਂ ਦੀ ਭਰਤੀ ਕਰਨ ਦੀ ਗਿਣਤੀ ਸੀਮਿਤ ਰੱਖੀ ਜਾਵੇ। ਇਹ ਸੰਖਿਆ 200 ਫ਼ੀ ਰਜਮੈਂਟ ਰੱਖੀ ਗਈ, ਜਿਸ ਵਿਚ ਸਿੱਖ ਕੇਵਲ ਅੱਧੇ ਹੋਣੇ ਸਨ। ਇਸ ਹਿਸਾਬ ਨਾਲ 74 ਰਜਮੈਂਟਾਂ ਵਿਚ ਸਿੱਖਾਂ ਦੀ ਸੰਖਿਆ 7,400 ਸੀ। ਰੰਗਰੂਟਾਂ ਦੀ ਉਮਰ 20 ਸਾਲ ਤੋਂ ਘੱਟ ਰੱਖੀ ਗਈ। ਇਸ ਪ੍ਰਕਾਰ ਦਰਬਾਰ ਦੀ ਫ਼ੌਜ ਦੇ ਪੁਰਾਣੇ ਖਾਲਸੇ ਲਈ ਪੁਰਾਣੇ ਦਰਵਾਜ਼ੇ ਬੰਦ ਸਨ। ਫ਼ੌਜੀ ਕਿੱਤੇ ਨੂੰ ਸਨਮਾਨਯੋਗ ਬਣਾਉਣ ਲਈ ਕੇਵਲ ਜੱਟ ਸਿੱਖ ਹੀ ਭਰਤੀ ਕੀਤੇ ਗਏ। ਛੋਟੀਆਂ ਜਾਤਾਂ ਦੇ ਸਿੱਖ ਜਿਵੇਂ ਕਿ ਮਜ਼ਹਬੀ, ਰਾਮਦਾਸੀਏ ਆਦਿ ਲਈ ਉੱਕਾ ਹੀ ਕੋਈ ਥਾਂ ਨਹੀਂ ਸੀ। ਇਕ ਮਹੱਤਵਪੂਰਨ ਫ਼ੈਸਲਾ ਇਹ ਕੀਤਾ ਗਿਆ ਅਤੇ ਇਸ ਦੇ ਸਿੱਟੇ ਬਹੁਤ ਦੂਰ-ਪਾਰ ਦੇਪ੍ਰਭਾਵ ਵਾਲੇ ਸਨ ਕਿ ਸਿੱਖਾਂ ਦੀ ਵੱਖਰੀ ਪਛਾਣ ਬਣਾਈ ਰੱਖੀ ਜਾਵੇਗੀ। ਜਿਹੜੇ ਸਿੱਖ ਭਰਤੀ ਹੁੰਦੇ ਸਨ ਉਨ੍ਹਾਂ ਨੂੰ ਭਰੋਸਾ ਦੁਆਇਆ ਜਾਂਦਾ ਸੀ ਕਿ ਖਾਲਸਾ ਰਵਾਇਤ ਵਿਚ ਕਿਸੇ ਪ੍ਰਕਾਰ ਦਾ ਦਖ਼ਲ (ਹਸਤਖਸ਼ੇਪ) ਨਹੀਂ ਕੀਤਾ ਜਾਵੇਗਾ। ਰੈਗੂਲੇਸ਼ਨ ਜਾਂ ਨਿਯਮਾਂ ਵਿਚ ਇਹ ਰਖਿਆ ਗਿਆ ਕਿ :

"ਪਾਹੁਲ ਜਾਂ ਸਿੱਖ ਭਾਈਚਾਰੇ ਦੇ ਧਾਰਮਿਕ ਨਿਸ਼ਚਿਆਂ ਜਾਂ ਕੀਤੇ ਪ੍ਰਣ ਆਦਿ ਵਿਚ ਉੱਕਾ ਹੀ ਦਖ਼ਲ ਨਹੀਂ ਹੋਵੇਗਾ। ਉਹ ਆਪਣੇ ਧਰਮ ਅਨੁਸਾਰ ਦਾੜ੍ਹੀ ਅਤੇ ਕੇਸ ਰੱਖ ਸਕਣਗੇ। ਇਸ ਦੀ ਰਤਾ ਜਿੰਨੀ ਵੀ ਉਲੰਘਣਾ ਇਹ ਦਰਸਾਏਗੀ ਕਿ ਧਾਰਨਾ ਨੂੰ ਧੱਕਾ ਲਾਇਆ ਜਾ ਰਿਹਾ ਹੈ, ਜਿਸ ਦੇ ਭੈੜੇ ਸਿੱਟੇ ਨਿਕਲ ਸਕਦੇ ਹਨ ਅਤੇ ਕੁਦਰਤੀ ਤੌਰ ਤੇ ਇਸ ਨਾਲ ਆਮ ਅਵਿਸ਼ਵਾਸ ਅਤੇ ਖ਼ਤਰਾ ਪੈਦਾ ਹੋਵੇਗਾ। ਜਿਨ੍ਹਾਂ ਨੇ ਰਵਾਇਤੀ ਰੂਪ ਵਿਚ ਸਿੱਖੀ ਦੇ ਚਿਹਨ-ਚੱਕਰ ਅਪਣਾਏ ਹੋਏ ਹੋਣ, ਉਨ੍ਹਾਂ ਨੂੰ ਅੰਗਰੇਜ਼ੀ ਫ਼ੌਜ ਵਿਚ ਭਰਤੀ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।"

ਮਜ਼ਹਬੀਆਂ ਵਿਰੁੱਧ ਦਿਖਾਇਆ ਵਿਤਕਰਾ ਹੱਤਕ-ਜਨਕ ਸਮਝਿਆ ਗਿਆ ਕਿਉਂਕਿ ਉਹ ਜੱਟਾਂ ਜਿਹੇ ਹੀ ਲੜਾਕੂ ਸਨ। ਇਸ ਸੰਬੰਧ ਵਿਚ ਅਰੰਭਤਾ ਉਸ ਵੇਲੇ ਹੋਈ ਜਦੋਂ ਉਨ੍ਹਾਂ ਨੂੰ ਮਜ਼ਦੂਰਾਂ ਵਜੋਂ ਭਰਤੀ ਕੀਤਾ ਗਿਆ ਤਾਂ ਜੋ ਪਠਾਣ ਕਬਾਇਲੀਆਂ ਦੀ ਦੁਸ਼ਮਣੀ ਵਾਲੇ ਇਲਾਕੇ ਵਿਚ ਪਹਾੜੀਆਂ 'ਤੇ ਸੜਕਾਂ ਉਸਾਰ ਸਕਣ। ਉਨ੍ਹਾਂ ਬਾਰੀ ਦੋਆਬ ਨਹਿਰ ਦੀ ਖੁਦਾਈ ਵੀ ਕੀਤੀ। ਮਜ਼ਹਬੀਆਂ ਨੂੰ ਮਾਟੀ-ਜਵਾਨਾਂ ਵਾਲਾ ਸਲੂਕ ਵਿਖਾਇਆ ਗਿਆ ਅਤੇ ਇਨ੍ਹਾਂ ਨੂੰ ਹਥਿਆਰਾਂ ਅਤੇ ਵਰਦੀ ਤੋਂ ਵਾਂਝੇ ਰਖਿਆ ਗਿਆ। ਸਥਾਈ ਸਿਪਾਹੀਆਂ ਵਜੋਂ ਉਨ੍ਹਾਂ ਦੀ ਤਰੱਕੀ ਜਾਂ ਪਦ-ਉੱਨਤੀ ਵਿਦਰੋਹ ਜਾਂ ਗ਼ਦਰ ਤੋਂ ਹੋਈ।

ਸਿੱਖ ਸਿਪਾਹੀਆਂ ਨੇ ਆਪਣੀ ਲੜਾਕੂ ਸ਼ਕਤੀ ਦੀ ਗੁਣਵੱਤਾ ਅਤੇ ਵਫ਼ਾਦਾਰੀ ਦੀ 1852 ਐਂਗਲੋ-ਬਰਮਾ ਦੀ ਜੰਗ ਵਿਚ ਵਿਖਾਈ। ਦੋ ਸਾਲ ਉਪਰੰਤ ਉੱਤਰ-ਪੱਛਮੀ ਸਰਹੱਦ ਤੇ ਮੁਹੰਮਦ ਕਬੀਲੇ ਵਿਰੁੱਧ ਦੋ-ਹੱਥ ਕਰਦਿਆਂ ਵੀ ਬਹਾਦਰੀ ਅਤੇ ਦ੍ਰਿੜ੍ਹਤਾ ਦਰਸਾਈ। ਸਿੱਟੇ ਵਜੋਂ ਜਦੋਂ ਵਿਦਰੋਹ ਆਰੰਭ ਹੋਇਆ ਤਾਂ ਅੰਗਰੇਜ਼ ਅਫ਼ਸਰਾਂ ਨੂੰ ਭਰੋਸਾ ਦੁਆਇਆ ਗਿਆ

ਕਿ ਸਿੱਖ ਸਿਪਾਹੀ ਵਿਦਰੋਹੀਆਂ ਨਾਲ ਕੋਈ ਸਾਂਝ ਨਹੀਂ ਰੱਖਣਗੇ। ਇਸੇ ਲਈ ਪੂਰਬੀਆਂ ਦੀ ਥਾਂ ਸਿੱਖ ਸਿਪਾਹੀ ਬਦਲ ਦਿੱਤੇ ਗਏ। ਉਸੇ ਸਮੇਂ ਹੀ ਮਜ਼ਹਬੀਆਂ ਨੂੰ ਮਜ਼ਦੂਰ ਟੋਲੇ ਦੀ ਥਾਂ ਪਾਇਓਨੀਅਰ ਕੋਰ ਦਾ ਦਰਜਾ ਦਿੱਤਾ ਗਿਆ।

ਮਈ 1857 ਦੇ ਮੁੱਢ ਵਿਚ ਹਾਡਸਨ ਨੇ ਇਕ ਇਕਾਈ ਘੋੜਸਵਾਰਾਂ ਅਤੇ ਪੈਦਲਾਂ ਦੀ ਖੜੀ ਕੀਤੀ। ਇਸ ਨੇ ਫ਼ੌਜ ਦੇ ਖ਼ੁਫ਼ੀਆ ਵਿਭਾਗ ਨਾਲ ਕਾਰਜ ਕਰਨਾ ਸੀ ਅਤੇ ਕਰਨਾਲ ਤੇ ਮੇਰਠ ਵਿਚਕਾਰ ਸੜਕਾਂ ਖੁੱਲ੍ਹੀਆਂ ਰੱਖਣੀਆਂ ਸਨ। ਹਾਡਸਨ ਨੇ ਆਪਣੇ ਪਹਿਲੇ 100 ਸਿੱਖ ਜਵਾਨ ਜੀਂਦ ਦੇ ਰਾਜੇ ਪਾਸੋਂ ਪ੍ਰਾਪਤ ਕੀਤੇ। ਉਪਰੰਤ ਉਸ ਪੁਰਾਣੀ ਦਰਬਾਰ ਫ਼ੌਜ ਦੇ ਹਟਾਏ ਹੋਏ ਘੋੜ-ਚੜ੍ਹਿਆਂ ਵਿਚੋਂ ਤਿੰਨ ਰਸਾਲੇ (ਕੈਵਲਰੀ) ਖੜ੍ਹੇ ਕੀਤੇ। ਇਹ ਉਸ ਹਾਲਤ ਦਾ ਆਰੰਭ ਸੀ, ਜਿਸ ਨੂੰ ਸਮਾਂ ਪਾ ਕੇ ਹਾਡਸਨ ਹਾਰਸ ਦੀ ਮਸ਼ਹੂਰੀ ਪ੍ਰਾਪਤ ਹੋਈ। ਦੂਜੇ ਅੰਗਰੇਜ਼ ਅਫ਼ਸਰਾਂ ਨੇ ਆਪਣੀਆਂ ਸਥਾਈ ਫ਼ੌਜਾਂ ਆਪ ਖੜੀਆਂ ਕੀਤੀਆਂ। ਸਿੱਖਾਂ ਦੀਆਂ ਇਕਾਈਆਂ ਨਾਲ ਬਰਾਸੀਅਰ, ਰਾਠਨੀ ਅਤੇ ਰੱਤਰੇ ਦੇ ਨਾਂ ਜੁੜਦੇ ਗਏ। ਪਟਿਆਲਾ, ਜੀਂਦ ਅਤੇ ਨਾਭਾ ਦੇ ਮਹਾਰਾਜਿਆਂ ਨਾਲ ਘਟਨਾਕ੍ਰਮ 'ਤੇ ਮੁੜ ਝਾਤ ਪਾਉਂਦਿਆਂ ਅੰਗਰੇਜ਼ੀ ਫ਼ੌਜ ਦੇ ਅਫ਼ਸਰਾਂ ਨੇ ਇਹ ਫ਼ੈਸਲਾ ਕੀਤਾ ਕਿ 'ਕਿਸੇ ਦੀ ਜਾਤੀ ਜਾਂ ਨਸਲ' ਤੇ ਵਿਸ਼ੇਸ਼ ਰੂਪ ਵਿਚ ਭਰੋਸਾ ਨਹੀਂ ਕੀਤਾ ਜਾਵੇਗਾ। ਇਸ ਤਰ੍ਹਾਂ ਆਪਣੀ ਨੇਟਿਵ ਫ਼ੋਰਸ (ਸਥਾਨਕ ਫ਼ੌਜ) ਵਿਚ ਜਿਥੋਂ ਤਕ ਅਮਲੀ ਤੌਰ ਤੇ ਸੰਭਵ ਹੋ ਸਕਿਆ, ਜਾਤੀਆਂ ਨੂੰ ਮਿਲਾਇਆ ਗਿਆ। ਵਿਦਰੋਹ ਨੂੰ ਦਬਾਉਣ ਲਈ ਸਿੱਖਾਂ ਨੂੰ ਉਨ੍ਹਾਂ ਦੇ ਭਰਪੂਰ ਯੋਗਦਾਨ ਤੇ ਸ਼ਲਾਘਾ ਦਿੱਤੀ ਗਈ।

1858 ਵਿਚ ਜਨਰਲ ਪੀਲ ਦੇ ਅਧੀਨ ਇਕ ਕਮਿਸ਼ਨ (ਆਯੋਗ) ਨਿਯੁਕਤ ਕੀਤਾ ਗਿਆ। ਜਿਸ ਨੇ ਭਾਰਤੀ ਫ਼ੌਜ ਦੇ ਪੁਨਰਗਠਨ ਦੇ ਵਿਸ਼ੇ ਤੇ ਖੋਜ-ਪੜਤਾਲ ਕਰਨੀ ਸੀ। ਇਸ ਕਮਿਸ਼ਨ ਨੇ ਇਹ ਸਿਫ਼ਾਰਸ਼ ਕੀਤੀ ਕਿ ਫ਼ੌਜ ਵਿਚ ਅੰਗਰੇਜ਼ ਅਤੇ ਨੇਟਿਵ (ਸਥਾਨਕ) ਦੀ ਨਿਸਬਤ 1:2 ਦੀ ਰੱਖੀ ਜਾਵੇ ਪਰ ਕਿਸੇ ਨੂੰ ਵੀ ਤੋਪਖ਼ਾਨੇ ਵਿਚ ਨਾ ਲਿਆ ਜਾਵੇ। ਇਹ ਸਿਫ਼ਾਰਸ਼ਾਂ ਪਰਵਾਨ ਕਰ ਲਈਆਂ ਗਈਆਂ ਅਤੇ ਤੁਰੰਤ ਲਾਗੂ ਹੋ ਗਈਆਂ। ਦੋ ਸਾਲਾਂ ਵਿਚ ਹੀ ਸਥਾਨਕ (ਨੇਟਿਵ) ਫ਼ੌਜ ਘਟ ਕੇ 140,500 (75,300 ਯੂਰਪੀਨ) ਰਹਿ ਗਈ। ਲਾਰਡ ਰਾਬਰਟਸ, ਜਿਹੜਾ 1885-93 ਵਿਚ ਕਮਾਂਡਰ-ਇਨ-ਚੀਫ਼ ਰਿਹਾ, ਨੇਟਿਵ ਫ਼ੌਜ ਦੇ ਗਠਨ ਨੂੰ ਨਸਲੀ ਤਬਦੀਲੀ ਦੇ ਰੂਪ ਵਿਚ ਪੱਕਾ ਰੰਗ ਦਿੱਤਾ। ਕੁਝ ਜਾਤੀਆਂ ਜਿਵੇਂ ਕਿ ਸਿੱਖ ਗੋਰਖਾ, ਡੋਗਰਾ, ਰਾਜਪੂਤ ਅਤੇ ਪੰਜਾਬੀ ਮੁਸਲਮਾਨਾਂ ਨੂੰ 'ਮਾਰਸ਼ਲ' ਜਾਤੀਆਂ ਵਜੋਂ ਮਾਨਤਾ ਦਿੱਤੀ ਗਈ। ਦੂਸਰੇ, ਜਿਨ੍ਹਾਂ ਵਿਚ ਪੂਰਬੀਏ ਵੀ ਸ਼ਾਮਲ ਸਨ, ਹਾਲਾਂਕਿ ਅੰਗਰੇਜ਼ਾਂ ਨੇ ਇਨ੍ਹਾਂ ਦੀ ਸਹਾਇਤਾ ਨਾਲ ਭਾਰਤ ਵਿਚ ਅਨੇਕਾਂ ਲੜਾਈਆਂ ਜਿੱਤੀਆਂ ਸਨ, 'ਗ਼ੈਰ ਮਾਰਸ਼ਲ' ਕਰਾਰ ਦਿੱਤੇ ਗਏ ਅਤੇ ਇਨ੍ਹਾਂ ਨੂੰ ਫ਼ੌਜੀ ਸੇਵਾ ਦੇ ਲਾਇਕ ਨਹੀਂ ਸਮਝਿਆ ਗਿਆ। ਜਿਥੋਂ ਤਕ 'ਮਾਰਸ਼ਲ' ਜਾਤੀਆਂ ਦਾ ਸਵਾਲ ਸੀ, ਅੰਗਰੇਜ਼ਾਂ ਦੀ ਅੱਖ ਅਤੇ ਦਿਲ ਵਿਚ ਸਿੱਖ ਅਤੇ ਗੋਰਖੇ ਜਚਦੇ ਸਨ।

ਪ੍ਰਸ਼ਾਸਨਕ ਤਬਦੀਲੀਆਂ : ਭਾਰਤ ਅਤੇ ਪੰਜਾਬ

ਵਿਦਰੋਹ ਉਪਰੰਤ ਈਸਟ ਇੰਡੀਆ ਕੰਪਨੀ ਦਾ ਕੋਰਟ ਆਫ਼ ਡਾਇਰੈਕਟਰਜ਼ ਸਮਾਪਤ ਕਰ ਦਿੱਤਾ ਗਿਆ ਅਤੇ ਇਸ ਦੀ ਸੱਤਾ ਪਾਰਲੀਮੈਂਟ (ਸੰਸਦ) ਨੂੰ ਸੌਂਪੀ ਗਈ। ਪਾਰਲੀਮੈਂਟ ਨੇ ਇਸ ਸੈਕ੍ਰੇਟਰੀ ਆਫ਼ ਸਟੇਟ (ਰਾਜ ਸਕੱਤਰ) ਦੀ ਨਿਯੁਕਤੀ ਕੀਤੀ ਅਤੇ ਉਸ ਨੂੰ ਅਤੇ ਗਵਰਨਰ ਜਨਰਲ ਨੂੰ ਭਾਰਤ ਦੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਜਿਥੋਂ ਤਕ ਪੰਜਾਬ ਦਾ ਸੰਬੰਧ ਹੈ, ਸਭ ਤੋਂ ਵੱਧ ਮਹੱਤਵਪੂਰਨ ਅਧਿਕਾਰ ਖੇਤਰ ਦੀ ਤਬਦੀਲੀ ਇਹ ਸੀ ਕਿ ਹਰਿਆਣਾ ਅਤੇ ਦਿੱਲੀ ਨੂੰ ਇਸ ਸੂਬੇ ਨਾਲ ਚਿਪਕਾ ਦਿੱਤਾ ਗਿਆ। ਇਨ੍ਹਾਂ ਨਵੇਂ ਜ਼ਿਲ੍ਹਿਆਂ ਵਿਚ ਜਿਹੜੇ ਲੋਕ ਵੱਸਦੇ ਸਨ ਉਹ ਨਾ ਪੰਜਾਬੀ ਭਾਸ਼ਾ ਬੋਲਦੇ ਸਨ ਅਤੇ ਨਾ ਹੀ ਪੰਜਾਬੀਆਂ ਵਾਲੀ ਉੱਦਮੀ ਰੂਹ ਰੱਖਦੇ ਸਨ। ਆਰਥਿਕ ਪੱਖੋਂ ਵੀ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਅਤੇ ਜੀਵਨ ਦਾ ਰਾਹ ਪੰਜਾਬੀਆਂ ਨਾਲੋਂ ਵੱਖਰਾ ਸੀ। ਹਰਿਆਣਾ ਦੇ ਅਧਿਕਾਰ ਖੇਤਰ ਰੇਤਲਾ ਸੀ ਅਤੇ ਖ਼ੁਰਾਕ ਦੀ ਘਾਟ ਸੀ। ਦਿੱਲੀ ਇਕ ਵਪਾਰਕ ਸ਼ਹਿਰ ਸੀ ਪਰ ਖੇਤੀਬਾੜੀ ਵਾਲੇ ਪੰਜਾਬ ਨਾਲ ਇਸ ਦੀ ਕੋਈ ਸਾਂਝ ਨਹੀਂ ਸੀ। ਇਸ ਨਰੜ ਜਾਂ ਅਜੋੜ ਨੇ ਆਉਣ ਵਾਲੀਆਂ ਸਰਕਾਰਾਂ ਲਈ ਕਈ ਔਖਿਆਈਆਂ ਪੈਦਾ ਕੀਤੀਆਂ।

ਪੰਜਾਬ ਦੇ ਪ੍ਰਸ਼ਾਸਨਕ ਮੁੱਖ ਦਾ ਪੱਧਰ ਉੱਨਤ ਕਰਕੇ ਚੀਫ਼ ਕਮਿਸ਼ਨਰ ਤੋਂ ਲੈਫ਼ਟੀਨੈਂਟ ਗਵਰਨਰ (ਉਪ-ਰਾਜਪਾਲ) ਕਰ ਦਿੱਤਾ ਗਿਆ। ਇਸ ਪਦ ਤੇ ਜੌਨ ਲਾਰੇਂਸ ਇਕ ਮਹੀਨੇ ਲਈ ਰਿਹਾ। ਉਸ ਤੋਂ ਉਪਰੰਤ ਰਾਬਰਟ ਮਿੰਟਗੁਮਰੀ ਆਇਆ।

1861 ਦੇ ਇੰਡੀਅਨ ਕੌਂਸਲਜ਼ ਐਕਟ ਨਾਲ, ਗਵਰਨਰ ਜਨਰਲ ਦੀ ਕੌਂਸਲ ਵਿਚ ਭਾਰਤੀਆਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ। ਵਿਦਰੋਹ ਸਮੇਂ ਸਿੱਖਾਂ ਵੱਲੋਂ ਜੁਟਾਈਆਂ ਹੋਈਆਂ ਸੇਵਾਵਾਂ ਦਾ ਮੁੱਲ ਪਾਇਆ ਗਿਆ ਅਤੇ ਪਟਿਆਲੇ ਦੇ ਮਹਾਰਾਜਾ ਸਾਹਿਬ ਨੂੰ ਕੌਂਸਲ ਵਿਚ ਮਨੋਨੀਤ ਕੀਤਾ ਗਿਆ।

ਕਾਂਡ—25

ਨਹਿਰੀ ਪਾਣੀ ਅਤੇ ਵਿਕਾਸ

ਵਿਦਰੋਹ ਦੇ ਦਮਨ ਉਪਰੰਤ ਸਰਕਾਰ ਨੇ ਬੰਜਰ ਅਤੇ ਰੇਤਲੇ ਇਲਾਕੇ ਵੱਲ ਧਿਆਨ ਦਿੱਤਾ। ਸੜਕਾਂ ਅਤੇ ਰੇਲਗੱਡੀ ਦੀਆਂ ਲਾਈਨਾਂ ਦਾ ਜਾਲ ਦੇਸ਼ ਅੰਦਰ ਵਿਛਾਇਆ ਗਿਆ। ਹਸਲੀ ਨਹਿਰ ਨੂੰ ਅੱਗੇ ਵਧਾਇਆ ਗਿਆ। ਰਾਵੀ ਦਰਿਆ ਜਿਸ ਸਥਾਨ ਤੋਂ ਮੈਦਾਨੀ ਇਲਾਕੇ ਵਿਚ ਵਗਣਾ ਆਰੰਭ ਕਰਦਾ ਹੈ, ਉਸ ਤੋਂ ਲਾਭ ਉਠਾਇਆ ਗਿਆ। ਇਕ ਨਹਿਰ ਦੀ ਖੁਦਾਈ ਕਰਵਾਈ ਗਈ ਜਿਹੜੀ ਅੰਮ੍ਰਿਤਸਰ ਅਤੇ ਲਾਹੌਰ ਦੇ ਜ਼ਿਲ੍ਹਿਆਂ ਨੂੰ ਲੰਘਦੀ ਮੁਲਤਾਨ ਤੋਂ ਉਪਰ ਜਾ ਕੇ ਮੁੜ ਆਪਣੀ ਸਰੋਤ-ਧਾਰਾ ਵਿਚ ਜਾ ਮਿਲੀ। ਇਹ ਕਾਰਜ 1861 ਵਿਚ ਸੰਪੂਰਨ ਹੋਇਆ ਅਤੇ ਅਪਰ ਬਾਰੀ ਦੋਆਬ ਨਹਿਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

ਦਸ ਸਾਲਾਂ ਉਪਰੰਤ ਜਮਨਾ ਦੇ ਪਾਣੀ ਨੂੰ ਵੀ ਇਸੇ ਵਾਂਗ ਵਰਤੋਂ ਵਿਚ ਲਿਆਂਦਾ ਗਿਆ। ਪੱਛਮੀ ਜਮਨਾ ਨਹਿਰ ਦੇ ਪਾਣੀ ਨਾਲ ਅੰਬਾਲਾ, ਕਰਨਾਲ, ਹਿਸਾਰ ਅਤੇ ਰੋਹਤਕ ਦੇ ਇਲਾਕੇ ਵਿਚ ਸਿੰਚਾਈ ਦਾ ਪ੍ਰਬੰਧ ਕੀਤਾ ਗਿਆ।

1886-88 ਦੇ ਵਰ੍ਹਿਆਂ ਵਿਚ ਮੁਲਤਾਨ ਦੇ ਆਲੇ-ਦੁਆਲੇ ਦੀ ਰੇਤਲੀ ਭੂਮੀ ਨੂੰ ਖੇਤੀਬਾੜੀ ਯੋਗ ਬਣਾਇਆ ਗਿਆ। ਸਤਲੁਜ ਤੋਂ ਪਾਣੀ ਦੀ ਪ੍ਰਾਪਤੀ ਸਦਕਾ 177,000 ਏਕੜ ਬੰਜਰ ਧਰਤੀ ਨੂੰ ਵਾਹੀਯੋਗ ਬਣਾਇਆ ਗਿਆ। ਪਰ ਇਹ ਤਜਰਬਾ ਸਫਲ ਸਿੱਧ ਨਾ ਹੋਇਆ ਕਿਉਂਕਿ ਨਹਿਰਾਂ ਰਾਹੀਂ ਪਾਣੀ ਦੇ ਬਾਰਾਂ ਮਹੀਨੇ ਵਗਦੇ ਰਹਿਣ ਦੀ ਕੋਈ ਗਾਰੰਟੀ ਨਹੀਂ ਸੀ। ਪਰ ਜਿਹੜੀ ਗ਼ਲਤੀ ਮੁਲਤਾਨ ਵਿਖੇ ਕੀਤੀ ਗਈ ਉਸ ਤੋਂ ਇੰਜੀਨੀਅਰਾਂ ਅਤੇ ਆਬਾਦਕਾਰਾਂ ਨੇ ਲਾਭ ਉਠਾਇਆ। ਜਦੋਂ ਚਾਰ ਵਰ੍ਹੇ ਉਪਰੰਤ (1892) ਝਨਾਂ ਦੇ ਪਾਣੀ ਨਾਲ 10 ਲੱਖ ਏਕੜ ਤੋਂ ਵੱਧ ਭੂਮੀ ਦੀ ਸਿੰਚਾਈ ਕੀਤੀ ਗਈ।

ਝਨਾਂ ਦੀ ਕਾਲੋਨੀ ਤੋਂ ਜਿਹੜੀ ਸਫਲਤਾ ਪ੍ਰਾਪਤ ਹੋਈ, ਉਸ ਤੋਂ ਅੱਗੇ ਜਾ ਕੇ ਬਰਾਬਰ ਦੀ ਸਫਲਤਾ (1892 ਅਤੇ 1897 ਵਿਚ) ਜੇਹਲਮ ਦੇ ਪਾਣੀ ਰਾਹੀਂ ਸ਼ਾਹਪੁਰ ਥਲ ਦੇ ਰੇਤਲੇ ਇਲਾਕੇ ਵਿਚ ਹੋਈ।

ਪਰ ਸਾਰੀਆਂ ਸਿੰਚਾਈ ਸਕੀਮਾਂ ਵਿਚ ਸਭ ਤੋਂ ਵੱਧ ਲਾਹਾ ਤੇਹਰੀ ਪਰਿਯੋਜਨਾ ਦਾ ਸੀ, ਜਿਹੜੀ 1905 ਵਿਚ ਆਰੰਭ ਹੋ ਕੇ 12 ਸਾਲਾਂ ਪਿੱਛੋਂ ਸੰਪੂਰਨ ਹੋਈ। ਇਸ ਪਰਿਯੋਜਨਾ ਨੂੰ ਮੁੱਖ ਰੂਪ ਵਿਚ ਇਸ ਪ੍ਰਕਾਰ ਵਿਉਂਤਿਆ ਗਿਆ ਸੀ ਕਿ ਪਾਣੀ ਮਿੰਟਗੁਮਰੀ (ਇਸ ਜ਼ਿਲ੍ਹੇ ਦਾ ਨਾਮਕਰਨ ਸਰ ਰਾਬਰਟ ਦੇ ਨਾਂ ਨਾਲ ਕੀਤਾ ਗਿਆ ਸੀ) ਵੱਲ ਲਿਆਂਦਾ ਜਾਵੇ। ਇਸ ਵਿਚ ਵਗਦੇ ਰਾਵੀ ਦਰਿਆ ਦੇ ਪਾਣੀ ਨੂੰ ਤਾਂ ਪਹਿਲਾਂ ਹੀ ਅਪਰ-ਬਾਰੀ ਦੋਆਬ ਨਹਿਰ ਲਈ ਵਰਤਿਆ ਜਾ ਚੁੱਕਿਆ ਸੀ ਅਤੇ ਇਸ ਵਿਚ ਹੋਰ ਵਾਧੂ ਪਾਣੀ ਨਹੀਂ ਸੀ। ਇਸ ਕਾਰਨ ਇਸ ਵਿਚ ਜੇਹਲਮ ਅਤੇ ਝਨਾਂ ਦਾ ਪਾਣੀ ਸੁੱਟ ਕੇ ਇਸ ਨੂੰ ਮਿੰਟਗੁਮਰੀ ਲਈ 'ਚੋਇਆ' ਗਿਆ। ਅਪਰ ਜੇਹਲਮ ਨਹਿਰ ਜੇਹਲਮ ਦੇ ਪਾਣੀ ਨੂੰ ਲਿਆ ਅਤੇ ਚੱਜ ਦੋਆਬ ਦੇ 350,000 ਏਕੜ ਦੇ ਖੇਤਰ ਦੀ ਸਿੰਚਾਈ ਕਰਦੀ ਹੋਈ ਝਨਾਂ ਵਿਚ ਜਾ ਰਲੀ। ਇੱਥੋਂ ਅਪਰ ਝਨਾਂ ਨਹਿਰ

ਚੱਲੀ ਅਤੇ ਰਚਨਾ ਦੋਆਬ ਦੇ 650,000 ਏਕੜ ਗੁਜਰਾਂਵਾਲਾ ਅਤੇ ਸ਼ੇਖੂਪੁਰਾ ਦੇ ਜ਼ਿਲ੍ਹਿਆਂ ਨੂੰ ਸਿੰਜਦੀ ਹੋਈ ਰਾਵੀ ਨਾਲ ਜਾ ਮਿਲੀ ਅਤੇ ਜਿਥੇ 550 ਗਜ਼ ਦਾ ਬੰਨ੍ਹ ਲਾਇਆ ਗਿਆ ਤਾਂ ਜੋ ਪਾਣੀ ਨੂੰ ਪਾਰਲੇ ਪਾਰ ਲਿਜਾਇਆ ਜਾ ਸਕੇ। ਤੇਹਰੀ ਪਰਿਯੋਜਨਾ ਨਹਿਰਾਂ ਦੀ ਤੀਜੀ ਨਹਿਰ ਲੋਅਰ-ਬਾਰੀ ਦੁਆਬ ਸੀ, ਜਿਹੜੀ ਮਿੰਟਗੁਮਰੀ ਅਤੇ ਮੁਲਤਾਨ ਦਾ 134 ਮੀਲ ਦਾ ਇਲਾਕਾ ਲੰਘਦੀ ਹੋਈ ਮੁੜ ਰਾਵੀ ਵਿਚ ਜਾ ਮਿਲੀ'।

ਇਨ੍ਹਾਂ ਨਹਿਰਾਂ ਦੀ ਖੁਦਾਈ ਨਾਲ ਰੇਤਲੇ ਇਲਾਕੇ ਵਿਚ ਮੁੜ ਵਸੇਬੇ ਦਾ ਕਾਰਜ ਵੱਡੀ ਅਤੇ ਉੱਚੀ ਪੱਧਰ ਤੇ ਹੋਇਆ। ਇਸ ਵੇਲੇ ਤਕ ਦੋਆਬਿਆਂ ਦੇ ਦ੍ਰਿਸ਼ ਉਦਾਹਰਣ ਰਹਿਤ ਉਜਾੜਾਂ ਪ੍ਰਤੀਤ ਹੋ ਰਹੇ ਸਨ। ਮੀਲਾਂ ਤਕ ਧਰਤੀ ਸੁੱਕੀ-ਸੜੀ ਪੱਸਰੀ ਹੋਈ ਸੀ। ਟਾਵੀਂ-ਟਾਵੀਂ ਕਿਤੇ ਝਾੜੀ ਨਜ਼ਰ ਪੈਂਦੀ, ਕਿਤੇ-ਕਿਤੇ ਕੋਈ ਪੇੜ, ਪਰ ਕਿਸੇ ਪਾਸੇ ਸਵਾਸਾਂ ਦੀ ਕਨਸੋ ਨਹੀਂ ਸੀ। ਇਥੋਂ ਦੇ ਅਸਲੀ ਵਾਸੀ ਟੱਪਰੀਵਾਸ ਲੁਟੇਰੇ ਸਨ। ਜਿਨ੍ਹਾਂ ਨੂੰ ਪਿੰਡਾਂ ਅਤੇ ਕਸਬਿਆਂ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਮਨ ਅਤੇ ਕਾਨੂੰਨ ਦੇ ਕਿੱਤਿਆਂ 'ਤੇ ਲਾਇਆ ਗਿਆ।

ਜਿਹੜਾ ਇਲਾਕਾ ਸਿੱਖਾਂ ਵਾਸਤੇ ਵਿਸ਼ੇਸ਼ ਤੌਰ ਤੇ ਚੁਣਿਆ ਗਿਆ ਉਸ ਦਾ ਨਾ 'ਨੀਲੀ ਬਾਰ' ਸੀ ਜਿਸ ਦੀ ਸਿੰਚਾਈ ਝਨਾਂ ਨਹਿਰਾਂ ਨਾਲ ਕੀਤੀ ਗਈ। ਆਬਾਦਕਾਰ ਅਫ਼ਸਰਾਂ ਨੂੰ ਅੰਮ੍ਰਿਤਸਰ, ਲੁਧਿਆਣਾ ਅਤੇ ਫ਼ੀਰੋਜ਼ਪੁਰ ਦੇ ਸਿੱਖ ਵੱਸੋਂ ਦੇ ਪਿੰਡਾਂ ਵਿਚੋਂ ਸੂਰਮੇ ਕਿਸਾਨਾਂ ਨੂੰ ਛਾਂਟਣ ਲਈ ਭੇਜਿਆ ਗਿਆ। ਆਬਾਦੀਆਂ ਨੂੰ ਤਿੰਨ ਸ਼ਰੇਣੀਆਂ ਵਿਚ ਵੰਡਿਆ ਗਿਆ। ਸਭ ਤੋਂ ਨੀਵਾਂ ਦਰ ਮੱਧ-ਵਰਗੀ ਜਾਂ ਸਾਧਾਰਨ ਕਿਸਾਨਾਂ ਦਾ ਸੀ, ਜਿਨ੍ਹਾਂ ਨੂੰ 14 ਤੋਂ 16 ਏਕੜ ਭੂਮੀ ਬਿਨਾ ਪੈਸੇ ਦੇ ਦਿੱਤੀ ਗਈ। ਉਨ੍ਹਾਂ ਤੋਂ ਉਪਰ ਸਨ ਛੋਟੇ ਜ਼ਿਮੀਂਦਾਰ, ਜਿਨ੍ਹਾਂ ਨੂੰ 111 ਤੋਂ 139 ਏਕੜ ਭੂਮੀ 6 ਤੋਂ 9 ਰੁਪਏ ਪ੍ਰਤੀ ਏਕੜ ਦੇ ਨਜ਼ਰਾਨੇ ਬਦਲੇ ਦਿੱਤੀ ਗਈ। ਸਭ ਤੋਂ ਉਪਰ ਦਾ ਵਰਗ ਜਗੀਰਦਾਰਾਂ ਦਾ ਸੀ, ਇਨ੍ਹਾਂ ਨੂੰ 167 ਤੋਂ 556 ਏਕੜ ਭੂਮੀ ਦਿੱਤੀ ਗਈ ਪਰ ਇਨ੍ਹਾਂ ਨੂੰ 10 ਤੋਂ 20 ਰੁਪਏ ਪ੍ਰਤੀ ਏਕੜ ਦੀ ਅਦਾਇਗੀ ਕਰਨੀ ਪਈ। ਜਿਨ੍ਹਾਂ ਨੂੰ ਇਸ ਭੂਮੀ ਤੇ ਆਬਾਦ ਕੀਤਾ ਗਿਆ ਸੀ ਉਨ੍ਹਾਂ ਨੂੰ "ਜੱਦੀ ਅਤੇ ਮਲਕੀਅਤ ਦੇ ਰੱਦ ਨਾ ਹੋ ਸਕਣ ਵਾਲੇ ਹੱਕ" ਦਿੱਤੇ ਗਏ। ਸਿੱਖ ਆਬਾਦਕਾਰਾਂ ਵਿਚ ਬਹੁ-ਗਿਣਤੀ ਮਲਵਈ ਜੱਟਾਂ ਦੀ ਸੀ ਅਤੇ ਕਿਤੇ-ਕਿਤੇ ਗ਼ੈਰ-ਜੱਟ ਕਾਸ਼ਤਕਾਰਾਂ ਦਾ ਰਲਾਓ ਸੀ—ਕੰਬੋ, ਲੁਬਾਣੇ ਅਤੇ ਮਜ਼ਹਬੀ।

ਆਬਾਦਕਾਰਾਂ ਨੂੰ ਬੜੇ ਜੋਸ਼ ਨਾਲ ਕੰਮ ਕਰਨ ਦੀ ਲੋੜ ਸੀ। ਜਿਹੜਾ ਇਲਾਕਾ ਭੂਰੇ ਰੰਗ ਦਾ ਸੀ, ਉਹ ਕੁਝ ਹੀ ਸਾਲਾਂ ਅੰਦਰ ਖ਼ੁਸ਼ਹਾਲ ਦੇਸ਼ ਬਣ ਗਿਆ। ਫ਼ਸਲਾਂ ਲਹਿਲਹਾਉਂਦੀਆਂ ਸਨ ਅਤੇ ਪਿੰਡਾਂ ਦੇ ਪਿੰਡ ਆਬਾਦ ਹੁੰਦੇ ਗਏ। 'ਰੀ ਮਾਉਂਟ ਡੀਪੋ' ਕਾਇਮ ਕਰਨ ਲਈ ਵਿਸ਼ੇਸ਼ ਗ੍ਰਾਂਟ ਦਿੱਤੀ ਗਈ। ਇਨ੍ਹਾਂ ਵਿਚ ਵੱਡੇ-ਵੱਡੇ ਫ਼ਾਰਮ ਕਾਇਮ ਕੀਤੇ ਜਾਣੇ ਸਨ ਜਿਨ੍ਹਾਂ ਵਿਚ ਸੈਨਾ ਲਈ ਘੋੜੇ ਅਤੇ ਖੱਚਰਾਂ ਨੂੰ ਪਾਲਿਆ ਜਾਂਦਾ ਸੀ, ਜਾਂ ਫਿਰ ਵਿਸ਼ੇਸ਼ ਨਸਲ ਦੇ ਪਸ਼ੂ।

ਇਸ ਭੂਮੀ ਤੋਂ ਪ੍ਰਾਪਤ ਹੋ ਰਹੀ ਉਪਜ ਸੂਬੇ ਦੀ ਖਪਤ ਤੋਂ ਵਾਧੂ ਸੀ। ਸਿੱਟੇ ਵਜੋਂ ਪਹਿਲੀ ਕੱਟੀ ਗਈ ਫ਼ਸਲ ਤਾਂ ਭੰਡਾਰ ਵਿਚ ਹੀ ਸੜ ਗਈ। ਰੇਲ-ਗੱਡੀਆਂ ਅਤੇ ਜੁੜਵੀਆਂ ਸੜਕਾਂ ਦੀ ਉਸਾਰੀ ਤੇਜ਼ ਕੀਤੀ ਗਈ। 1861 ਵਿਚ ਲਾਹੌਰ ਅਤੇ ਅੰਮ੍ਰਿਤਸਰ ਨੂੰ ਰੇਲ ਰਾਹੀਂ ਇਕ ਕੜੀ ਵਿਚ ਲਿਆਉਣ ਲਈ ਪਹਿਲ ਕੀਤੀ ਗਈ। ਅਗਲੇ 30 ਸਾਲਾਂ ਵਿਚ ਸਾਰੇ ਸੂਬੇ ਵਿਚ ਰੇਲ ਲਾਈਨਾਂ ਦਾ ਜਾਲ ਵਿਛਾਇਆ ਗਿਆ ਅਤੇ ਨਹਿਰੀ ਆਬਾਦੀਆਂ ਨੂੰ ਭਾਰਤ ਦੇ ਸ਼ਹਿਰਾਂ ਨਾਲ ਜੋੜਿਆ ਗਿਆ। ਪੰਜਾਬ ਤੋਂ ਕਣਕ, ਕਪਾਹ ਅਤੇ

ਤੇਲ ਦੇ ਬੀਜ ਰੇਲ ਰਾਹੀਂ ਬੰਬਈ ਅਤੇ ਕਰਾਚੀ ਨੂੰ ਭੇਜੇ ਗਏ ਤਾਂ ਜੋ ਉਨ੍ਹਾਂ ਦਾ ਨਿਰਯਾਤ ਹੋ ਸਕੇ। ਇਕੱਲੇ ਕਣਕ ਦਾ ਨਿਰਯਾਤ ਹੀ ਇਕ ਵਰ੍ਹੇ ਵਿਚ ਇਕ ਮਿਲੀਅਨ ਟਨ ਤੋਂ ਵੱਧ ਹੋ ਗਿਆ। ਭੂਮੀ ਦੀਆਂ ਦਰਾਂ (ਕੀਮਤ) ਵਿਚ ਕਾਫ਼ੀ ਵਾਧਾ ਹੋਇਆ। ਅਲਹਾਕ ਵੇਲੇ ਦੀ 10 ਰੁਪਏ ਪ੍ਰਤੀ ਏਕੜ ਵਾਲੀ ਭੂਮੀ 400 ਰੁਪਏ ਪ੍ਰਤੀ ਏਕੜ ਵਿਕਣ ਲੱਗੀ। ਭਾਰਤ ਦੇ ਕਿਸਾਨਾਂ ਵਿਚ ਪੰਜਾਬੀ ਬਹੁਤ ਵਧੇ-ਫੁੱਲੇ ਅਤੇ ਖ਼ੁਸ਼ਹਾਲ ਹੋ ਗਏ। ਪੰਜਾਬੀਆਂ ਅੰਦਰ ਖ਼ਾਸਕਰ ਸਿੱਖਾਂ ਅੰਦਰ ਵੱਧ. ਵਿਕਾਸ ਹੋਇਆ।


ਨਹਿਰੀ ਆਬਾਦੀਆਂ ਦੀ ਉਨੰਤੀ ਨਾਲ ਪ੍ਰਾਪਤ ਹੋਈ ਖ਼ੁਸ਼ਹਾਲੀ ਅਤੇ ਸ਼ਾਹੀ ਸੈਨਾ ਵਿਚ ਭਰਤੀ ਕਰਨ ਲਈ ਸਿੱਖਾਂ ਪ੍ਰਤੀ ਵਿਖਾਈ ਗਈ ਪ੍ਰਾਥਮਿਕਤਾ ਦੇ ਸਿੱਟੇ ਵਜੋਂ ਭਵਿੱਖ ਵਿਚ ਇਸ ਕੌਮ ਅੰਦਰ ਜਾਤੀ ਭਾਵਨਾ ਦਾ ਪ੍ਰਭਾਵ ਵੀ ਵਧਿਆ। ਸਿੱਖ ਹੋਣ ਨਾਤੇ ਪ੍ਰਾਪਤ ਹੋ ਰਹੇ ਲਾਭ ਸਦਕਾ ਸਿੱਖੀ ਅੰਦਰ ਫੁੱਟ ਦੀ ਭਾਵਨਾ ਤੇ ਰੋਕ ਲੱਗੀ ਅਤੇ ਮੁੜ ਹਿੰਦੂਆਂ ਅੰਦਰ ਮਿਲ ਜਾਣ ਦਾ ਭਾਵ ਨਾ ਜਾਗਿਆ। ਸਗੋਂ ਇਸ ਦੇ ਉਲਟ 19ਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਅਤੇ 20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਿੱਖਾਂ ਦੀ ਆਬਾਦੀ ਦੀ ਸੰਖਿਆ ਵਧੀ। ਇਸ ਦਾ ਵੱਡਾ ਕਾਰਨ ਇਹ ਸੀ ਕਿ ਸਰਕਾਰ ਵੱਲੋਂ ਸਰਪ੍ਰਸਤੀ ਸਦਕਾ ਸੈਨਾ ਵਿਚ ਆਸਾਮੀਆ ਸਿੱਖਾਂ ਲਈ ਰਾਖਵੀਆ ਸਨ (ਅੱਗੋਂ ਇਹ ਰਿਆਇਤ ਸ਼ਹਿਰੀ ਸੇਵਾਵਾਂ ਲਈ ਵਧਾਈ ਗਈ) ਅਤੇ ਇਨ੍ਹਾਂ ਵਾਸਤੇ ਕੇਸਾਧਾਰੀ ਖ਼ਾਲਸੇ ਨੂੰ ਹੀ ਚੁਣਿਆ ਜਾਂਦਾ ਸੀ। ਇਸ ਸਰਪ੍ਰਸਤੀ ਦੇ ਸਿੱਟੇ ਵਜੋਂ ਧਰਮ-ਧਾਰਨਾ ਲਹਿਰ ਸਫਲ ਹੋਈ। ਕਿਥੇ ਤਾਂ ਲਾਰਡ ਡਲਹੌਜ਼ੀ ਦਾ ਇਹ ਤੌਖ਼ਲਾ ਸੀ ਕਿ ਸਿੱਖ ਟਾਵਾਂ-ਟਾਵਾਂ ਹੀ ਰਹਿ ਜਾਵੇਗਾ, ਪਰ ਉਸ ਦੀ ਆਰੰਭ ਕੀਤੀ ਨੀਤੀ ਸਦਕਾ ਸੈਨਿਕ ਕਮਾਂਡਰਾਂ ਵੱਲੋਂ ਉਤਸਾਹ ਦੇਣ ਕਾਰਨ ਅਤੇ ਪੰਜਾਬ ਦੇ ਅਧਿਕਾਰੀਆਂ ਦੇ ਵਤੀਰੇ ਵਜੋਂ ਹਾਲਾਤ ਉੱਕਾ ਹੀ ਬਦਲ ਗਏ।

ਸ਼ਾਹੀ ਸੈਨਾ ਵਿਚ ਉਨ੍ਹਾਂ ਦੀ ਭਰਤੀ ਉਨ੍ਹਾਂ ਦੀ ਆਬਾਦੀ ਨਾਲੋਂ ਵੱਧ ਸੀ। ਸਦੀ ਦੇ ਮੋੜ (1911 ਦੀ ਜਨ-ਸੰਖਿਆ ਅਨੁਸਾਰ) ਪੰਜਾਬ ਤੋਂ ਭਰਤੀ ਕੀਤੀ ਹੋਈ ਕੁਲ 42,560 ਸੈਨਾ ਦੇ ਅੰਕੜੇ ਹਨ—ਮੁਸਲਮਾਨ 20,060, ਹਿੰਦੂ 11,612 ਅਤੇ ਸਿੱਖ 10,8671 (ਇਸ ਤੋਂ ਇਲਾਵਾ ਪੰਜਾਬ ਦੀਆਂ ਰਿਆਸਤਾਂ ਦੀ ਫ਼ੌਜ ਵਿਚ 4,122 ਸਿੱਖ ਸਨ)। ਇਸ ਦਾ ਅਰਥ ਇਹ ਹੈ ਕਿ ਪੰਜਾਬ ਵਿਚ 12 ਪ੍ਰਤੀਸ਼ਤ ਆਬਾਦੀ ਵਾਲੀ ਸਿੱਖ ਕੌਮ ਨੂੰ ਸੈਨਾ ਅੰਦਰ 25 ਪ੍ਰਤੀਸ਼ਤ ਆਸਾਮੀਆਂ ਪ੍ਰਾਪਤ ਸਨ। ਸਿੱਖ ਸਿਪਾਹੀਆਂ ਅੰਦਰ ਸਭ ਤੋਂ ਵੱਧ ਸੰਖਿਆ ਜੱਟਾਂ ਦੀ ਸੀ (ਸ਼ਾਹੀ ਸੈਨਾ ਵਿਚ 6.600, ਰਿਆਸਤੀ ਸਥੈਨਾ ਵਿਚ 1,845)। ਇਸ ਤੋਂ ਅਗਲੀ ਸੰਖਿਆ ਮਜ਼ਹਬੀਆਂ ਦੀ ਸੀ ਅਤੇ ਇਹ ਸੀ 1,6261। ਜੱਟਾਂ ਨੂੰ ਪ੍ਰਾਥਮਿਕਤਾ ਮਿਲਣ ਕਾਰਨ ਸਿੱਖਾਂ ਅੰਦਰ ਜਾਤੀ-ਵੰਡ ਜਾਂ ਵਰਗ ਅਨੁਸਾਰ ਉਹ ਸਿਖਰ ਤੇ ਸਨ। ਸਿੱਖ ਜੱਟਾਂ ਦਾ ਅਜਿਹਾ ਮਾਨ-ਸਨਮਾਨ (ਪਹਿਲਾਂ ਹਿੰਦੂਆਂ ਦੀਆਂ ਚਾਰ ਜਾਤਾਂ ਜਾਂ ਵਰਨ ਅਨੁਸਾਰ ਉਹ ਸੂਦਰ ਗਿਣੇ ਜਾਂਦੇ ਜਿਹੜੇ ਸਭ ਤੋਂ ਹੇਠਲੇ ਵਰਗ ਦੇ ਸਨ)। ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ ਕਿਉਂਕਿ ਅੰਮ੍ਰਿਤਪਾਨ ਕਰਕੇ ਸਿੰਘ ਸਜਣ ਵਾਲਿਆਂ ਦੀ ਗਿਣਤੀ ਵਧੇਰੇ ਜੱਟਾਂ ਦੀ ਸੀ। ਸਿੱਖਾਂ ਦੀ ਸੱਤਾ ਵਧਣ ਵਿਚ ਕੇਸਾਧਾਰੀ ਜੱਟਾਂ ਦਾ ਯੋਗਦਾਨ ਵੱਧ ਸੀ ਅਤੇ ਅੱਗੋਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਅੰਦਰ ਇਹ ਭੂਮੀ ਦੇ ਮਾਲਕ ਅਤੇ ਵੱਡੇ-ਵੱਡੇ ਜਗੀਰਦਾਰ ਬਣ ਗਏ। ਅੰਗਰੇਜ਼ ਦੀ ਹਕੂਮਤ ਦੌਰਾਨ ਸਿੱਖਾਂ ਅੰਦਰ ਜੱਟ ਜਾਤੀ ਸਿਰਕੱਢ ਹੋ ਗਈ ਅਤੇ ਇਹ ਬ੍ਰਾਹਮਣਾਂ ਅਤੇ ਖੱਤਰੀਆਂ ਨਾਲੋਂ ਵੀ ਉਚੀ ਹੋ ਗਈ (ਜਿਨ੍ਹਾਂ ਤੋਂ ਗੁਰੂ-ਪਰੰਪਰਾ ਚੱਲੀ ਸੀ) ਅਤੇ ਵੈਸ਼ਾਂ ਨਾਲੋਂ ਵੀ। ਇਹ ਪੱਧਰ ਆਪਣੀ-ਆਪਣੀ ਸੰਬੰਧਤ ਜਾਤ ਵਿਚ ਹਿੰਦੂ ਅਤੇ ਮੁਸਲਮਾਨ ਪ੍ਰਾਪਤ ਨਾ ਕਰ ਸਕੇ।

ਇਸੇ ਪ੍ਰਕਾਰ ਦੀ ਵਿਕਾਸਸ਼ੀਲਤਾ ਮਜ਼ਹਬੀ ਅਤੇ ਰੰਗਰੇਟੇ ਸਿੱਖਾਂ ਵਿਚ ਵੀ ਸਪੱਸ਼ਟ ਸੀ—ਕਾਰਨ ਵੀ ਉਸ ਜਿਹੇ ਹੀ ਸਨ; ਭਾਵ ਸੈਨਾ ਵਿਚ ਭਰਤੀ ਅਤੇ ਭੂਮੀ ਦੀ ਪ੍ਰਾਪਤੀ। ਰਵਾਇਤ ਤੋਂ ਇਲਾਵਾ ਇਨ੍ਹਾਂ ਦੀ ਜਾਤੀ-ਹੀਣਤਾ ਦਾ ਕਾਰਨ ਇਨ੍ਹਾਂ ਦਾ ਕਿੱਤਾ ਸੀ; ਮੈਲਾ ਢੋਣ ਕਰਕੇ ਚੂਹੜੇ ਸਨ ਅਤੇ ਖੱਲਾ ਲਾਹੁਣ ਕਾਰਨ ਚਮਾਰ ਕਹਿਲਾਉਂਦੇ ਸਨ। ਪਰ ਨੌਕਰੀਆਂ ਲਈ ਨਵੇਂ ਰਾਹ ਪ੍ਰਾਪਤ ਹੋ ਜਾਣ ਕਰਕੇ ਇਸ ਜਾਤੀ ਦੇ ਬਹੁਤ ਸਾਰੇ ਲੋਕਾਂ ਨੇ ਆਪਣਾ ਰਵਾਇਤੀ ਨਾਂ ਬਦਲਿਆ ਅਤੇ ਉਹ ਸਿਪਾਹੀ ਜਾਂ ਕਿਸਾਨ ਬਣਨ ਦੇ ਯਤਨ ਕਰਨ ਲੱਗੇ। ਇਸ ਧਾਰਨਾ ਨਾਲ ਉਹ ਬਾਕੀ ਦੇ ਸਿਪਾਹੀਆਂ ਅਤੇ ਕਿਸਾਨਾਂ ਨਾਲ ਬਰਾਬਰੀ ਦਾ ਦਾਅਵਾ ਕਰਨ ਲੱਗੇ। ਭਾਵੇਂ ਉਹ ਸਫਲ ਨਾ ਹੋ ਸਕੇ ਕਿ ਹੀਣ ਜਾਤੀ ਦੇ ਭਾਵ ਨੂੰ ਉੱਕਾ ਹੀ ਮਿਟਾ ਸਕਣ ਪਰ ਉਹ ਸਮਾਜ ਅੰਦਰ ਉਨ੍ਹਾਂ ਅਛੂਤਾਂ ਨਾਲੋਂ ਉੱਚਾ ਦਰਜਾ ਪ੍ਰਾਪਤ ਕਰ ਗਏ ਜਿਹੜੇ ਹਿੰਦੂ ਜਾਂ ਮੁਸਲਮਾਨ ਧਰਮਾਂ ਵਿਚ ਰਹੇ।

ਭਾਗ—VI

ਸਮਾਜਕ ਅਤੇ ਧਾਰਮਿਕ ਸੁਧਾਰ



NORTHERN INDIA AT THE DEATH OF RANJIT SINGH, 1839

ਕਾਂਡ—26

ਧਾਰਮਿਕ ਲਹਿਰਾਂ

ਸਮਾਜਿਕ ਅਤੇ ਸੁਧਾਰਕ ਲਹਿਰ

ਪੂਰਬ ਦਾ ਪੌਣ-ਪਾਣੀ ਰਿਸ਼ੀਆਂ-ਮੁਨੀਆਂ, ਪੀਰਾਂ ਅਤੇ ਪੈਗੰਬਰਾਂ ਦੇ ਪ੍ਰਗਟ ਹੋਣ ਲਈ ਸਦਾ ਸੁਖਾਵਾਂ ਰਿਹਾ ਹੈ। ਹਰ ਯੁਗ ਵਿਚ ਅਜਿਹੇ ਵਿਅਕਤੀਆਂ ਦੀ ਭਰਮਾਰ ਰਹੀ ਹੈ, ਜਿਹੜੇ ਪਰਮਾਤਮਾ ਨਾਲ ਨਾਤਾ ਜਾਂ ਉਸ ਨਾਲ ਭਾਈਵਾਲੀ ਦਾ ਦਾਅਵਾ ਕਰਦੇ ਹਨ। ਕੁਝ ਤਾਂ ਮਨੁੱਖੀ ਜਾਮੇ ਵਿਚ ਉਸੇ ਦਾ ਦਾਅਵਾ ਕਰਦੇ ਹਨ।

ਸਿੱਖਾਂ ਵਿਚ ਵੀ ਸਾਧਾਂ ਜਾਂ ਡੇਰੇਦਾਰਾਂ ਦਾ ਆਪਣਾ ਹੀ ਹਿੱਸਾ ਸੀ। ਪਰ ਇਨ੍ਹਾਂ ਅੰਦਰ ਸਿੱਖੀ ਸਰੂਪ ਦਾ ਅੰਸ਼ ਵਧੇਰੇ ਸੀ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਅਤੇ ਸੇਵਕਾਂ ਜਾਂ ਮੰਨਣ ਵਾਲਿਆਂ ਨੂੰ ਇਹ ਭਰੋਸਾ ਦੁਆਇਆ ਸੀ ਕਿ ਗੁਰ-ਪੀਰ ਬਿਨਾਂ ਕੋਈ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਜਾਂ ਉਸ ਦਾ ਉਧਾਰ ਨਹੀਂ ਹੋ ਸਕਦਾ। ਸਿੱਟੇ ਵਜੋਂ ਅਗਲੀਆਂ ਨਸਲਾਂ ਦੇ ਬਹੁਤ ਸਾਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਫੁਰਮਾਨ ਨੂੰ ਅੱਖੋਂ ਓਹਲੇ ਕਰ ਦਿੱਤਾ ਕਿ ਉਨ੍ਹਾਂ ਦੇ ਸੱਚਖੰਡ ਪਿਆਨਾ ਕਰਨ ਉਪਰੰਤ ਕੋਈ ਸ਼ਖ਼ਸੀ ਗੁਰੂ ਨਹੀਂ ਹੋਵੇਗਾ। ਸਗੋਂ ਸਿੱਖ ਆਦਿ ਗੁਰੂ ਗ੍ਰੰਥ ਤੋਂ ਅਗਵਾਈ ਪ੍ਰਾਪਤ ਕਰਨਗੇ। ਅਵਤਾਰਵਾਦ ਜਾਂ ਅਜਿਹੀ ਧਾਰਨਾ ਨੂੰ ਪੱਕਿਆਂ ਕਰਨ ਲਈ 'ਸੌ ਸਾਖੀ' ਵਿਚ ਮਿਲਾਵਟ ਕੀਤੀ ਗਈ।

ਅਗਲੇ ਪੰਨਿਆਂ ਵਿਚ ਦੋ ਫ਼ਿਰਕੇ ਜਾਂ ਪ੍ਰਥਾ ਦੀ ਚਰਚਾ ਕੀਤੀ ਗਈ ਹੈ ਜਿਹੜੇ ਸਿੱਖਾਂ ਦੇ ਬਦਲਦੇ ਭਾਗ 'ਚੋਂ ਉਤਪੰਨ ਹੋਏ। ਇਕ ਦਾ ਸੰਬੰਧ ਅਤਿ ਦੀ ਗਰੀਬੀ ਦੀ ਹਾਲਤ ਤੋਂ ਸ਼ਾਹੀ ਗੌਰਵ ਪ੍ਰਾਪਤ ਹੋ ਜਾਣ ਨਾਲ ਸੀ। ਦੂਜਾ ਰੂਪ ਉਹ ਸੀ ਕਿ ਰਾਜ-ਭਾਗ ਮਾਣਨ ਵਾਲੇ ਵਿਦੇਸ਼ੀ ਕੌਮ ਦੇ ਗੋਲੇ ਬਣ ਗਏ। ਪਹਿਲੇ ਚਰਨ ਵਿਚ ਸੱਤਾ ਤੋਂ ਧਨ ਪ੍ਰਾਪਤ ਹੋਇਆ ਅਤੇ ਧਨ-ਪ੍ਰਾਪਤੀ ਨੇ ਅਧਰਮ ਦੀ ਭਾਵਨਾ ਪੈਦਾ ਕੀਤੀ। ਦੂਜੇ ਚਰਨ ਵਿਚ ਸੱਤਾ ਦੇ ਖੁੱਸ ਜਾਣ ਕਾਰਨ ਜੋਸ਼ ਉੱਭਰਿਆ ਕਿ ਮੁੜ ਉਹ ਸੁਨਹਿਰੀ ਯੁਗ ਲਿਆਂਦਾ ਜਾਵੇ ਜਿਹੜਾ ਬੀਤ ਗਿਆ ਸੀ। ਨਿਰੰਕਾਰੀ ਅਤੇ ਨਾਮਧਾਰੀ ਇਸ ਸਿਧਾਂਤ ਦੀਆਂ ਢੁੱਕਵੀਆਂ ਮਿਸਾਲਾਂ ਹਨ।

ਰਾਧਾ ਸੁਆਮੀ ਇਸ ਤੋਂ ਨਿਵੇਕਲੇ ਹਨ ਜਿਨ੍ਹਾਂ ਦਾ ਵਜੂਦ ਖਾਲਸਈ ਰਹਿਤ ਤੋਂ ਮੁਕਤ ਸਿੱਖ ਧਰਮ ਦੇ ਹਿੰਦੂ ਧਰਮ 'ਤੇ ਪ੍ਰਭਾਵ ਤੋਂ ਪੈਦਾ ਹੋਇਆ। ਇਕ ਪ੍ਰਕਾਰ ਨਾਲ ਇਹ ਹਿੰਦੂ ਧਰਮ ਅਤੇ ਸਿੱਖ ਮਤਿ ਦਾ ਮਿਸਰਣ ਸੀ ਜਿਹੜਾ ਦੋਹਾਂ ਬਰਾਦਰੀਆਂ ਦੇ ਵਿਦਿਆ-ਪ੍ਰਾਪਤ ਹਲਕਿਆਂ ਵਿਚ ਪ੍ਰਚੱਲਿਤ ਹੋਇਆ। ਇਨ੍ਹਾਂ ਤਿੰਨਾ ਹੀ ਸੰਪਰਦਾਵਾਂ ਤੋਂ ਵੱਧ ਮਹੱਤਵਪੂਰਨ ਧਾਰਮਿਕ ਤੇ ਸਮਾਜਕ ਲਹਿਰ ਸੀ ਜਿਹੜੀ ਸਿੰਘ ਸਭਾ ਦੇ ਨਾਂ ਹੇਠ ਪ੍ਰਚੱਲਿਤ ਹੋਈ। ਧਾਰਮਿਕ ਪੱਧਰ ਤੇ ਇਸ ਦੀ ਧਾਰਨਾ ਸਨਾਤਨੀ ਸੀ ਕਿ 'ਗੁਰੂ ਗ੍ਰੰਥ ਸਾਹਿਬ ਤੋਂ ਵੱਖਰਾ ਹੋਰ ਕੋਈ ਗੁਰੂ ਨਹੀਂ।' ਸਮਾਜਕ ਪੱਖ ਵਿਚ ਇਸ ਆਧੁਨਿਕ ਸਮੇਂ ਦੀ ਚੁਣੌਤੀ ਦਾ ਮੁਕਾਬਲਾ ਆਧੁਨਿਕ ਹਥਿਆਰਾਂ ਨਾਲ ਕੀਤਾ।

ਪਹਿਲਾ ਕਾਰਜ ਤਾਂ ਇਹ ਸੀ ਕਿ ਸਿੱਖਾਂ ਨੂੰ ਪੰਜਾਬ ਦੇ ਖੁੱਸ ਜਾਣ ਜਾਂ ਅੰਗਰੇਜ਼ੀ ਰਾਜ

ਵਿਚ ਮਿਲਾਏ ਜਾਣ ਦੀ ਹਾਲਤ ਵਿਚ ਅਨੁਕੂਲ ਰੂਪ ਵਿਚ ਢਾਲਿਆ ਜਾਵੇ। ਅਲਹਾਕ ਜਾਂ ਪੰਜਾਬ ਰਾਜ ਨੂੰ ਅੰਗਰੇਜ਼ੀ ਰਾਜ ਨਾਲ ਮਿਲਾਏ ਜਾਣ 'ਤੇ ਸਿੱਖਾਂ ਦੀ ਅਜਿਹੀ ਸਥਿਤੀ ਹੋ ਗਈ ਕਿ ਉਹ ਰਾਜਸੀ ਪੱਧਰ ਤੋਂ ਲਿੱਘਰ ਕੇ ਨਾ ਕੇਵਲ ਅੰਗਰੇਜ਼ਾਂ ਦੇ ਗ਼ੁਲਾਮ ਹੋ ਗਏ ਸਗੋਂ ਹਿੰਦੂਆਂ ਅਤੇ ਮੁਸਲਮਾਨਾਂ ਦੀ ਈਨ ਵੀ ਬਰਦਾਸ਼ਤ ਕਰਨੀ ਪਈ।

ਸਿੱਖਿਆ ਦੇ ਹੀਣ ਰੂਪ ਦੀ ਭਾਵਨਾ ਇਸ ਤੱਥ ਤੋਂ ਹੋਰ ਵੀ ਵਿਗੜੀ ਕਿ ਅਲਹਾਕ ਦੇ ਫਲਸਰੂਪ ਪੰਜਾਬੀ ਮੁਸਲਮਾਨ ਅਤੇ ਹਿੰਦੂ ਸਿੱਧੇ ਤੌਰ ਤੇ ਉਸ ਭਾਰਤੀ ਸਹਿਧਰਮੀ ਵਰਗ ਨਾਲ ਆ ਜੁੜੇ ਜਿਹੜਾ ਬੌਧਿਕ ਰੂਪ ਵਿਚ ਅਤਿ ਉੱਤਮ ਸੀ। ਪਰ ਅਲਹਾਕ ਹੋਏ ਪੰਜਾਬ ਦੇ ਇਲਾਕੇ ਦੇ ਸਿੱਖ ਮਲਵਈ ਭਾਈਚਾਰੇ ਦੇ ਉਨ੍ਹਾਂ ਸਿੱਖਾਂ ਨਾਲ ਜੁੜੇ ਜਿਹੜੇ ਉਨ੍ਹਾਂ ਨਾਲੋਂ ਘੱਟ ਗਿਆਨਵਾਨ ਅਤੇ ਪੜ੍ਹੇ-ਲਿਖੇ ਸਨ। ਸਿੱਖਾਂ ਪਾਸ ਕੋਈ ਚਾਰਾ ਨਾ ਰਿਹਾ ਕਿ ਉਹ ਕੇਵਲ ਆਪਣੇ ਹਾਕਮਾਂ ਪਾਸੋਂ ਹੀ ਅਗਵਾਈ ਲੈਣ। ਸਿੰਘ ਸਭਾ ਦੇ ਬੰਦੋਬਸਤ ਹੋਣ ਸਿੱਖਾਂ ਨੇ ਅੰਗਰੇਜ਼ ਅਫ਼ਸਰਾਂ ਦੀ ਭਾਈਵਾਲੀ ਅਤੇ ਸਹਿਯੋਗ ਦੀ, ਵਿਦਿਆ ਦੇ ਵਾਧੇ ਉੱਨਤੀ ਲਈ, ਯਾਚਨਾ ਕੀਤੀ।

ਦੂਜਾ ਕਾਰਜ ਇਹ ਸੀ ਕਿ ਆਪਣੀ ਵੱਖਰੀ ਪਛਾਣ ਦੀ ਹਿਫ਼ਾਜ਼ਤ ਕੀਤੀ ਜਾਵੇ। ਅਲਹਾਕ ਦੇ ਸਿੱਟੇ ਵਜੋਂ ਢਹਿੰਦੀਆਂ ਕਲਾਂ ਅਤੇ ਆਗੂ-ਰਹਿਤ ਸਿੱਖ ਆਬਾਦੀ ਈਸਾਈ ਮਿਸ਼ਨਰੀਆਂ ਅਤੇ ਹਿੰਦੂ ਆਰੀਆ ਸਮਾਜੀਆਂ ਦੀਆਂ ਨਵਾਂ ਧਰਮ ਧਾਰਨ ਕਰਨ ਦੀਆਂ ਨੀਤੀਆਂ ਦਾ ਸ਼ਿਕਾਰ ਹੋਣ ਲੱਗੀ। ਸਿੰਘ ਸਭਾ ਲਹਿਰ ਨੇ ਇਸ ਚੁਣੌਤੀ ਦਾ ਸਾਹਮਣਾ ਕਰਕੇ ਮੁੜ ਸਿੱਖ ਧਰਮ ਅਤੇ ਮਰਿਆਦਾ ਵਿਚ ਹਿਤ ਪੈਦਾ ਕੀਤਾ।

ਨਿਰੰਕਾਰੀ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੱਛਮੀ ਪੰਜਾਬ ਅਤੇ ਡੇਰਾ ਜਾਟ ਦੇ ਹਿੰਦੂ ਸਿੱਖ ਧਰਮ ਦੇ ਪ੍ਰਭਾਵ ਹੇਠ ਆਏ। ਇਨ੍ਹਾਂ ਵਿਚੋਂ ਕੁਝ ਨੇ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਗਏ। ਬਾਕੀ ਬਹੁਤ ਸਾਰੇ ਹਿੰਦੂ ਅਖਵਾਉਂਦੇ ਰਹੇ। ਪਰ ਹਿੰਦੂ ਦੇਵੀ-ਦੇਵਤਿਆਂ ਅਤੇ ਵੇਦਾਂ-ਸ਼ਾਸਤਰਾਂ ਦੇ ਪੂਜਾ-ਪਾਠ ਨੂੰ ਤਿਲਾਂਜਲੀ ਦੇ ਦਿੱਤੀ। ਇਸ ਦੀ ਥਾਂ ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਅਤੇ ਗੁਰਦੁਆਰਿਆਂ ਦੀ ਸੰਗਤ ਵਿਚ ਜੁੜ ਬੈਠਦੇ। ਇਨ੍ਹਾਂ ਹਿੰਦੂਆਂ ਵਿਚ ਇਕ ਪ੍ਰਥਾ ਚੱਲੀ ਕਿ ਪਰਿਵਾਰ ਵਿਚ ਘੱਟੋ-ਘੱਟ ਇਕ ਮੈਂਬਰ ਜ਼ਰੂਰ ਕੇਸਾਧਾਰੀ ਹੋਵੇ। ਅਜਿਹੇ ਅੱਧੇ ਸਿੱਖ, ਅੱਧੇ ਹਿੰਦੂ ਬਰਾਦਰੀ ਦੇ ਲੋਕ ਖੱਤਰੀ, ਅਰੋੜੇ ਅਤੇ ਬਾਣੀਆਂ ਜਾਤੀਆਂ ਨਾਲ ਸੰਬੰਧਤ ਸਨ। ਭਾਵੇਂ ਧਾਰਮਿਕ ਧਾਰਨਾ ਬਦਲ ਚੁੱਕੀ ਸੀ, ਤਾਂ ਵੀ ਉਹ ਵਿਆਹ-ਸ਼ਾਦੀ ਆਪਣੀ-ਆਪਣੀ ਜਾਤੀ ਅੰਦਰ ਹੀ ਰਚਾਉਂਦੇ ਸਨ।

ਦਿਆਲ ਦਾਸ (ਮ੍ਰਿਤੂ 1855) ਪਸ਼ੌਰ ਵਿਚ ਸਰਾਫ਼ੇ ਦਾ ਵਪਾਰ ਕਰਦੇ ਸਨ। ਇਹ ਹਿੰਦੂ-ਸਿੱਖ ਬਰਾਦਰੀ ਨਾਲ ਸੰਬੰਧਤ ਸਨ। ਉਨ੍ਹਾਂ ਮੂਰਤੀ-ਪੂਜਾ ਦਾ ਵਿਰੋਧ ਕੀਤਾ ਅਤੇ 'ਧਾਰਮਿਕ' ਵਿਅਕਤੀਆਂ ਨੂੰ ਨਮਸਕਾਰ ਵੀ ਨਹੀਂ ਕਰਦੇ ਸਨ। ਉਹ ਤੀਰਥ-ਯਾਤਰਾ ਅਤੇ ਬ੍ਰਾਹਮਣੀ ਕਰਮ-ਕਾਂਡ ਦਾ ਵਿਰੋਧ ਕਰਦੇ ਸਨ। ਉਨ੍ਹਾਂ ਦੀ ਸਿੱਖਿਆ ਦਾ ਗੁਣਾਤਮਕ ਪੱਖ ਇਹ ਸੀ ਕਿ ਪਰਮਾਤਮਾ ਆਕਾਰ ਰਹਿਤ, ਭਾਵ ਨਿਰਾਕਾਰ ਹੈ (ਇਸੇ ਕਰਕੇ ਮੂਰਤੀ-ਪੂਜਾ ਜਾਂ ਕਿਸੇ 'ਸੰਤ' ਦੀ ਪੂਜਾ ਦਾ ਕੋਈ ਅਰਥ ਨਹੀਂ); ਇਸ ਲਈ ਉਨ੍ਹਾਂ ਆਪਣੇ-ਆਪ ਦੀ ਵਿਆਖਿਆ 'ਨਿਰੰਕਾਰੀ' ਵਜੋਂ ਕੀਤੀ। ਉਹ ਆਮ ਤੌਰ ਤੇ ਇਉਂ ਉਚਾਰਦੇ :

ਧੰਨ ਨਿਰੰਕਾਰ ॥

ਦੇਹਧਾਰੀ ਸਭ ਖੁਆਰ ॥

ਸਮੇਂ ਦੇ ਬੀਤਣ ਨਾਲ ਦਿਆਲ ਦਾਸ ਜੀ ਗੁਰੂ ਪਦਵੀ ਨੂੰ ਪ੍ਰਾਪਤ ਹੋਏ। ਉਨ੍ਹਾਂ ਵਾਂਗ ਉਨ੍ਹਾਂ ਦੀ ਵਿਚਾਰਧਾਰਾ 'ਤੇ ਚੱਲਣ ਵਾਲੇ ਵੀ ਆਪਣੇ-ਆਪ ਨੂੰ ਨਿਰੰਕਾਰੀ ਅਖਵਾਉਣ ਲੱਗੇ। ਪਹਿਲਾਂ ਤਾਂ ਉਹ ਹਿੰਦੂ ਬ੍ਰਾਹਮਣਾ ਦੇ ਵਿਰੋਧੀ ਹੋਏ। ਜਦੋਂ ਦਿਆਲ ਦਾਸ ਜੀ ਪੇਸ਼ਾਵਰ ਤੋਂ ਰਾਵਲਪਿੰਡੀ ਆਏ ਤਾਂ ਏਸੇ ਜ਼ਿਲ੍ਹੇ ਅੰਦਰ ਬੇਦੀ ਬਹੁਤ ਸਨ ਜਿਹੜੇ ਗੁਰੂ ਨਾਨਕ ਦੇ ਨਾਮ-ਲੇਵਾ ਸਨ, ਇਹ ਵੀ ਵਿਰੋਧੀ ਹੋ ਗਏ। ਹਿੰਦੂਆਂ ਅਤੇ ਸਿੱਖਾਂ ਦੋਹਾਂ ਨੇ ਨਿਰੰਕਾਰੀਆਂ ਨੂੰ ਆਪਣੇ ਵਿਚੋਂ ਛੇਕ ਦਿੱਤਾ, ਇਸ ਲਈ ਉਨ੍ਹਾਂ ਨੂੰ ਆਪਣੇ ਧਰਮ-ਧਾਮ ਵੱਖਰੇ ਉਸਾਰਨੇ ਪਏ। ਸਭ ਤੋਂ ਵੱਡਾ ਸਥਾਨ ਲਾਈ ਦਰਿਆ ਦੇ ਕੰਢੇ ਉਸਾਰਿਆ ਗਿਆ, ਜਿਹੜਾ ਰਾਵਲਪਿੰਡੀ ਤੋਂ ਚਾਰ ਮੀਲ ਬਾਹਰਵਾਰ ਸੀ। ਜਦੋਂ ਦਿਆਲ ਦਾਸ ਜੀ ਅਕਾਲ ਚਲਾਣਾ ਕਰ ਗਏ ਤਾਂ ਉਨ੍ਹਾਂ ਦੀਆਂ ਖੜਾਵਾਂ ਦੀ ਪੂਜਾ ਹੋਣ ਲੱਗੀ। ਲਾਈ ਵਿਖੇ ਉਸਾਰਿਆ ਮੰਦਰ ਵੀ ਉਨ੍ਹਾਂ ਦੇ ਨਾ ਨਾਲ ਜੁੜ ਗਿਆ ਅਤੇ 'ਦਿਆਲਸਰ' ਸੱਦਿਆ ਜਾਣ ਲੱਗਾ, ਨਿਰੰਕਾਰੀ ਪੰਥ ਦਾ ਇਹ ਕੇਂਦਰੀ ਸਥਾਨ ਬਣ ਗਿਆ।

ਦਿਆਲ ਦਾਸ ਜੀ ਦੇ ਤਿੰਨ ਸਪੁੱਤਰ ਸਨ ਜਿਨ੍ਹਾਂ ਵਿਚੋਂ ਸਭ 'ਤੋਂ ਵੱਡੇ ਦਰਬਾਰਾ ਸਿੰਘ ਨੂੰ ਗੁਰਗੱਦੀ ਸੌਂਪੀ ਗਈ। ਦਰਬਾਰਾ ਸਿੰਘ ਨੇ ਨਵੇਂ ਕੇਂਦਰ ਸਥਾਪਿਤ ਕੀਤੇ ਅਤੇ ਆਪਣੇ ਸੇਵਕਾਂ ਲਈ ਹੁਕਮਨਾਮਾ ਜਾਰੀ ਕਰਨ ਦੀ ਰੀਤ ਚਲਾਈ। ਉਨ੍ਹਾਂ ਦਾ ਮੁੱਖ ਯੋਗਦਾਨ ਇਹ ਸੀ ਕਿ ਉਨ੍ਹਾਂ ਜਨਮ, ਵਿਆਹ ਅਤੇ ਮ੍ਰਿਤੂ ਨਾਲ ਸੰਬੰਧਤ ਰਹੁ-ਰੀਤ ਦਾ ਇਕ ਪੱਧਰ ਕਾਇਮ ਕੀਤਾ। ਨਿਰੰਕਾਰੀ ਇਹ ਦਾਅਵਾ ਕਰਦੇ ਹਨ ਕਿ ਆਨੰਦ-ਵਿਆਹ ਦੀ ਪ੍ਰਥਾ ਉਨ੍ਹਾਂ ਚਲਾਈ ਜਿਸ ਵਿਚ ਸੁਭਾਗ ਜੋੜੀ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦੀ ਹੈ। ਜਿਹੜੀ ਰਹੁ-ਰੀਤ ਪ੍ਰਚੱਲਿਤ ਕੀਤੀ ਗਈ ਉਹ ਹਿੰਦੂ ਰਵਾਇਤ ਨਾਲੋਂ ਵੱਖਰੀ ਸੀ। ਕਿਉਂਕਿ ਉਹ ਹਿੰਦੂ ਸ਼ਾਸਤਰਾਂ ਤੇ ਆਧਾਰਿਤ ਨਹੀਂ ਸੀ ਸਗੋਂ ਵਧੇਰੇ ਓਟ-ਆਸਰਾ ਗੁਰੂ ਗ੍ਰੰਥ ਸਾਹਿਬ ਦਾ ਲਿਆ ਗਿਆ ਸੀ। ਦਰਬਾਰਾ ਸਿੰਘ (ਮ੍ਰਿਤੂ 1870) ਤੋਂ ਉਪਰੰਤ ਉਨ੍ਹਾਂ ਦਾ ਸਭ ਤੋਂ ਛੋਟਾ ਭਾਈ ਰਤਨ ਚੰਦ (ਮ੍ਰਿਤੂ 1909) ਗੁਰਗੱਦੀ ਤੇ ਬਿਰਾਜਮਾਨ ਹੋਇਆ ਅਤੇ ਰਤਨ ਚੰਦ ਤੋਂ ਉਪਰੰਤ ਉਨ੍ਹਾਂ ਦਾ ਸਪੁੱਤਰ ਗੁਰਦਿੱਤ ਸਿੰਘ (ਮ੍ਰਿਤੂ 1947) ਗੁਰਗੱਦੀ ਦਾ ਵਾਰਸ ਬਣਿਆ। ਅੱਗੋਂ ਨਿਰੰਕਾਰੀਆਂ ਦੇ ਮੁਖੀ ਗੁਰਦਿੱਤ ਸਿੰਘ ਦੇ ਸਪੁੱਤਰ ਹਰਾ ਸਿੰਘ ਜੀ ਹਨ।

ਨਿਰੰਕਾਰੀ ਮਤਿ ਦੀ ਸੰਖਿਆ ਸੰਬੰਧੀ ਅਨੇਕਾਂ ਅਨੁਮਾਨ ਲਾਏ ਗਏ ਹਨ। ਆਪ ਨਿਰੰਕਾਰੀ ਇਹ ਦਾਅਵਾ ਕਰਦੇ ਹਨ ਕਿ ਇਸ ਮਤਿ ਨੂੰ ਪਰਵਾਨ ਕਰਨ ਵਾਲੇ 100,000 ਤੋਂ ਵੱਧ ਹਨ ਜਿਨ੍ਹਾਂ ਵਿਚ ਮੁੱਖ ਰੂਪ ਵਿਚ ਗੈਰ-ਜੱਟ ਸਿੱਖ, ਹਿੰਦੂ ਸੁਨਿਆਰੇ ਅਤੇ ਖੱਤਰੀ ਜਾਤਾਂ ਦੇ ਲੋਕ ਹਨ। (ਇਸ ਜਾਣਕਾਰੀ ਦਾ ਆਧਾਰ ਡਾ: ਮਾਨ ਸਿੰਘ ਤੋਂ ਪ੍ਰਾਪਤ ਹੋਈ ਸੂਚਨਾ ਤੋਂ ਹੈ।) 1947 ਤਕ ਉਨ੍ਹਾਂ ਦਾ ਪ੍ਰਭਾਵ ਉੱਤਰ-ਪੱਛਮੀ ਸਰਹੱਦੀ ਸੂਬੇ ਅਤੇ ਕਸ਼ਮੀਰ ਤਕ ਹਿੰਦੂਆਂ ਅਤੇ ਸਿੱਖਾਂ ਤਕ ਸੀਮਿਤ ਸੀ। ਭਾਰਤ ਦੇ ਬਟਵਾਰੇ ਉਪਰੰਤ ਦਿਆਲਸਰ ਤਾਂ ਪਾਕਿਸਤਾਨ ਵਿਚ ਰਹਿ ਗਿਆ ਅਤੇ ਕੇਂਦਰ ਨੂੰ ਪਹਿਲਾਂ ਅੰਮ੍ਰਿਤਸਰ ਵਿਚ ਕਾਇਮ ਕੀਤਾ ਗਿਆ, ਫਿਰ ਪੂਰਬੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ।

ਪਰੰਪਰਾਵਾਦੀ ਸਿੱਖ ਮਤਿ ਦੇ ਨਿਰੰਕਾਰੀਆਂ ਦਾ ਅੰਤਰ ਇਹ ਹੈ ਕਿ ਇਹ ਦਸ ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਗੁਰੂਆਂ ਨੂੰ ਵੀ ਮੰਨਦੇ ਹਨ। ਦਿਆਲ ਦਾਸ ਜੀ ਅਤੇ ਉਨ੍ਹਾ ਦੇ ਉੱਤਰ-ਅਧਿਕਾਰੀਆਂ ਦੇ ਨਾਵਾਂ ਨਾਲ ਆਦਰ-ਸੂਚਕ 'ਸ੍ਰੀ ਸਤਿਗੁਰੂ ਜੀ' ਅਤੇ 'ਸ੍ਰੀ ਹਜ਼ੂਰ ਸਾਹਿਬ ਜੀ' ਸ਼ਬਦ ਵਰਤੇ ਜਾਂਦੇ ਹਨ। ਉਹ ਖ਼ਾਲਸੇ ਦੇ ਬੀਰ-ਰਸ ਰੂਪ ਨੂੰ ਘੱਟ ਹੀ ਮੰਨਦੇ

ਹਨ ।

ਨਿਰੰਕਾਰੀਆਂ ਦੀ ਵੱਖਰੀ ਪਛਾਣ ਬੜੀ ਤੇਜ਼ੀ ਨਾਲ ਖਤਮ ਹੋ ਰਹੀ ਹੈ । ਕੁਝ ਹੀ ਦਹਾਕਿਆਂ ਵਿਚ ਉਹ ਹਿੰਦੂ ਅਤੇ ਸਿੱਖ ਧਰਮਾਂ ਦੀਆਂ ਮੁੱਖ ਧਾਰਾਵਾਂ ਵਿਚ ਮਿਲ ਜਾਣਗੇ । ਇਸ ਲਹਿਰ ਦੀ ਮਹੱਤਤਾ ਜ਼ਿਆਦਾ ਰੂਪ ਵਿਚ ਇਹ ਹੈ ਕਿ ਇਸ ਨੇ ਉਹ ਰਸਮਾਂ ਜਾਂ ਰਹੁ-ਰੀਤਾਂ ਚਲਾਈਆਂ ਜਿਸ ਨਾਲ ਸਿੱਖਾਂ ਅੰਦਰ ਵੱਖਰੀ ਪਛਾਣ ਪਰਪੱਕ ਹੋਈ ਅਤੇ ਇਸ ਨਾਲ ਉਨ੍ਹਾਂ ਦੇ ਹਿੰਦੂ ਧਰਮ ਵਿਚ ਮਿਲ ਜਾਣ ਦੀ ਸੰਭਾਵਨਾ ਅਤੇ ਕਾਰਜ-ਪ੍ਰਣਾਲੀ ਤੇ ਰੋਕ ਲੱਗ ਗਈ ।

ਬਿਆਸ ਦੇ ਰਾਧਾਸੁਆਮੀ

ਰਾਧਾਸੁਆਮੀ ਮਤਿ ਦਾ ਬਾਨੀ ਆਗਰੇ ਦਾ ਇਕ ਹਿੰਦੂ ਸਾਹੂਕਾਰ, ਸ਼ਿਵ ਦਿਆਲ (1818-1878) ਸੀ । ਸ਼ਿਵ ਦਿਆਲ ਤੇ ਆਦਿ ਗ੍ਰੰਥ ਦੀ ਸਿੱਖਿਆ ਦਾ ਬਹੁਤ ਪ੍ਰਭਾਵ ਪਿਆ । ਉਸ ਅਜਿਹਾ ਸਿਧਾਂਤ ਅਪਣਾਇਆ ਜਿਸ ਵਿਚ ਹਿੰਦੂ ਧਰਮ ਅਤੇ ਸਿੱਖ ਮਤਿ ਦੇ ਅੰਸ਼ ਆ ਜਾਂਦੇ ਸਨ । ਉਨ੍ਹਾਂ ਇਹ ਪ੍ਰਚਾਰ ਕੀਤਾ ਕਿ ਪਰਿਪੂਰਨ ਪਰਮਾਤਮਾ ਰਾਧਾ (ਜੀਵਾਤਮਾ) ਅਤੇ ਸੁਆਮੀ (ਗੁਰੂ) ਦਾ ਮਿਲਾਪ ਹੈ । ਇਸ ਲਈ ਆਪ ਰਾਧਾ ਸੁਆਮੀ ਦੇ ਭਗਤ ਹੋਣ ਨਾਤੇ ਬਹੁਤ ਸਾਰੇ ਹਿੰਦੂ ਅਤੇ ਸਿੱਖ ਉਨ੍ਹਾਂ ਦੇ ਸਤਿਸੰਗੀ ਬਣ ਗਏ ਅਤੇ ਇਸ ਮਤਿ ਦੇ ਪਹਿਲੇ ਗੁਰੂ ਬਣ ਗਏ ।

ਸ਼ਿਵ ਦਿਆਲ ਦੇ ਵਿਸ਼ਵਾਸ ਉਨ੍ਹਾਂ ਦੀ ਪੋਥੀ 'ਸਾਰ ਬਚਨ' ਵਿਚ ਦਿੱਤੇ ਹਨ ਜਿਨ੍ਹਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ :

"ਇਨਸਾਨ ਪਰਮਾਤਮਾ ਦੀ ਸਰਬ-ਉੱਚ ਰਚਨਾ ਹਨ ਪਰ ਇਹ ਅਗਿਆਨਤਾ ਵਿਚ ਫਸੇ ਹੋਏ ਆਪਣੇ-ਆਪ ਨੂੰ ਦੁਖੀ ਪ੍ਰਤੀਤ ਕਰਦੇ ਹਨ ਕਿਉਂਕਿ ਇਹ ਉਸ ਅਵਸਥਾ ਨੂੰ ਨਹੀਂ ਪੁੱਜ ਸਕੇ ਜਿਸ ਦੀ ਇਨ੍ਹਾਂ ਵਿਚ ਸਮਰੱਥਾ ਹੈ । ਅਜਿਹੀ ਉੱਚੀ ਅਵਸਥਾ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ । ਜਿਹੜਾ ਆਪਣੀ ਮਿਹਰ ਦੁਆਰਾ ਦੀਖਿਆ (ਨਾਮ) ਗੁਪਤ ਰੂਪ ਵਿਚ ਦੇਵੇਗਾ ਜਿਸ ਵਿਚ ਸਰੀਰ ਅਤੇ ਮਾਨਸਿਕ ਬੰਧੇਜ ਹੋਣਗੇ ਅਤੇ ਜਿਨ੍ਹਾਂ ਸਦਕਾ ਸਮਾਧੀ (ਸਿਮਰਨ) ਪ੍ਰਾਪਤ ਕੀਤੀ ਜਾ ਸਕਦੀ ਹੈ । ਪਰਮਾਤਮਾ ਦੇ ਦਰਸ਼ਨ ਉਦੋਂ ਹੁੰਦੇ ਹਨ ਜਦੋਂ ਗੁਰੂ ਦੀ ਮੂਰਤ ਦਾ ਧਿਆਨ ਸ਼ਿਵ ਨੇਤਰ ਭਾਵ ਦੋਹਾਂ ਭਰਵੱਟਿਆਂ ਦੇ ਵਿਚਕਾਰ ਕੀਤਾ ਜਾਂਦਾ ਹੈ । ਇਥੇ ਨਾਮ ਸਿਮਰਨ ਜਾਂ ਸ਼ਬਦ ਦੀ ਕਮਾਈ ਦੁਆਰਾ 'ਸੁਰਤ-ਸ਼ਬਦ ਯੋਗ' ਦਾ ਅਭਿਆਸ ਕੀਤਾ ਜਾਂਦਾ ਹੈ । ਸਤਿਸੰਗੀਆਂ ਦਾ ਮਿਲਾਪ ਜ਼ਰੂਰੀ ਹੈ । ਇਸ ਸੰਗਠਨ ਨੂੰ 'ਰਾਧਾ ਸੁਆਮੀ ਸਤਿਸੰਗ' ਆਖਿਆ ਜਾਂਦਾ ਹੈ ।

ਸ਼ਿਵ ਦਿਆਲ ਦੇ ਅਕਾਲ ਚਲਾਣਾ ਕਰਨ ਉਪਰੰਤ ਰਾਧਾ ਸੁਆਮੀਆਂ ਦੇ ਦੋ ਕੇਂਦਰ (ਡੇਰੇ) ਕਾਇਮ ਹੋ ਗਏ । ਇਕ ਆਗਰੇ ਅਤੇ ਦੂਜਾ ਬਿਆਸ ।

1878 ਵਿਚ ਵਿਚ ਜਦੋਂ ਸ਼ਿਵ ਦਿਆਲ ਜੀ ਸੱਚਖੰਡ ਸਿਧਾਰ ਗਏ ਤਾਂ ਉਨ੍ਹਾਂ ਦੀ ਆਗਰੇ ਦੀ ਗੱਦੀ ਤੇ ਰਾਏ ਸਾਹਿਬ ਸਾਲਿਗਰਾਮ ਸਾਹਿਬ ਬਹਾਦਰ (1829-98) ਬੈਠੇ । ਰਾਏ ਸਾਹਿਬ ਸਾਲਿਗਰਾਮ ਨੇ ਕਈ ਪੋਥੀਆਂ ਰਚੀਆਂ । ਜਿਨ੍ਹਾਂ ਵਿਚੋਂ 'ਪ੍ਰੇਮ ਬਾਣੀ' ਅਤੇ 'ਪ੍ਰੇਮ ਪੱਤਰ' ਹਰਮਨ-ਪਿਆਰੀਆਂ ਹੋਈਆਂ । ਉਨ੍ਹਾਂ ਇਕ ਪੁਸਤਕ ਅੰਗਰੇਜ਼ੀ ਵਿਚ ਵੀ ਰਚੀ—'ਐਨ ਐਕਸਪੋਜ਼ਨ ਆਫ਼ ਦੀ ਰਾਧਾ ਸੁਆਮੀ ਡਾਕਟਰਿਨ' । ਤੀਜੇ ਗੁਰੂ ਇਕ ਬੰਗਾਲਾ ਬ੍ਰਾਹਮਣ, ਬ੍ਰਹਮ ਸ਼ੰਕਰ ਮਿਸਰਾ (1861-1907) ਸਨ । ਮਿਸਰਾ ਦੀ ਮੌਤ ਉਪਰੰਤ ਆਗਰੇ ਦੇ ਰਾਧਾ ਸੁਆਮੀ ਅਨੇਕਾਂ ਗੁੱਟਾਂ ਵਿਚ ਵੰਡੇ ਗਏ । ਅੱਜ ਕੱਲ੍ਹ ਆਗਰੇ ਦਾ ਡੇਰਾ 'ਦਿਆਲ

ਬਾਗਾਂ ਕਰਕੇ ਪ੍ਰਸਿੱਧ ਹੈ। ਇਹ ਇਕ ਪ੍ਰਕਾਰ ਨਾਲ ਸਨਅਤੀ ਅਦਾਰਾ ਹੋ ਗਿਆ ਹੈ ਅਤੇ ਇਸ ਦੀ ਮਹੱਤਤਾ ਆਰਥਿਕ ਤੌਰ ਤੇ ਵੱਧ ਅਤੇ ਰੂਹਾਨੀ ਤੌਰ ਤੇ ਘੱਟ ਹੈ।

ਸ਼ਿਵ ਦਿਆਲ ਦੇ ਅਕਾਲ ਚਲਾਣੇ ਉਪਰੰਤ ਇਕ ਸਾਖਾ, ਸਿੱਖ ਸ਼ਰਧਾਲੂ ਬਾਬਾ ਜੈਮਲ ਸਿੰਘ ਨੇ ਬਿਆਸ ਦੇ ਕੰਢੇ ਆਰੰਭ ਕੀਤੀ। ਇਹ ਸਥਾਨ ਅੰਮ੍ਰਿਤਸਰ ਤੋਂ ਬਹੁਤਾ ਦੂਰ ਨਹੀਂ। ਬਾਬਾ ਜੈਮਲ ਸਿੰਘ ਘੁਮਾਣਾਂ ਦੇ ਜੱਟ ਸਿੱਖ ਸਨ। ਉਹ ਈਸਟ ਇੰਡੀਆ ਕੰਪਨੀ ਵਿਚ ਫ਼ੌਜੀ ਸਨ ਅਤੇ ਉਨ੍ਹਾਂ ਦਾ ਮੇਲ ਸ਼ਿਵ ਦਿਆਲ ਨਾਲ ਉਸ ਸਮੇਂ ਹੋਇਆ ਜਦੋਂ ਉਹ ਆਗਰਾ ਵਿਚ ਨਿਯੁਕਤ ਸਨ। ਜਦੋਂ ਫ਼ੌਜ ਵਿਚੋਂ ਸੇਵਾ-ਮੁਕਤ (ਰੀਟਾਇਰ) ਹੋਏ ਤਾਂ ਉਹ ਪੰਜਾਬ ਪਰਤ ਆਏ। ਇਥੇ ਆ ਕੇ ਉਨ੍ਹਾਂ ਦਰਿਆ ਬਿਆਸ ਦੇ ਖੱਬੇ ਕੰਢੇ ਰਾਧਾ ਸੁਆਮੀ ਸਤਿਸੰਗ ਕਾਇਮ ਕੀਤਾ। (ਇਹ ਸਥਾਨ ਡੇਰਾ ਬਾਬਾ ਜੈਮਲ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੈ)।

ਬਿਆਸ ਦੇ ਰਾਧਾ ਸੁਆਮੀ ਛੇਤੀ ਹੀ ਆਗਰੇ ਦੇ ਡੇਰੇ ਨਾਲੋਂ ਸੁਤੰਤਰ ਹੋ ਗਏ। ਇਸ ਡੇਰੇ ਦੇ ਹੋਣ ਵਾਲੇ ਸਾਰੇ ਗੁਰੂ, ਸਿੱਖ ਸਨ। ਜਦੋਂ ਬਾਬਾ ਜੈਮਲ ਸਿੰਘ ਪਰਲੋਕ ਗਮਨ ਕਰ ਗਏ ਤਾਂ ਉਨ੍ਹਾਂ ਦਾ ਇਕ ਸਤਿਸੰਗੀ ਸਾਵਣ ਸਿੰਘ ਗਰੇਵਾਲ ਗੱਦੀਨਸ਼ੀਨ ਹੋਇਆ। ਉਹ ਇਕ ਇੰਜੀਨੀਅਰ ਸਨ ਅਤੇ ਉਹ ਪੰਜਾਬ ਦੇ ਰਾਧਾ ਸੁਆਮੀਆਂ ਦੇ ਮੁਖੀ ਬਣ ਗਏ। ਸਾਵਣ ਸਿੰਘ ਨੇ ਡੇਰੇ ਨੂੰ ਉੱਨਤ ਕੀਤਾ ਅਤੇ ਇਸ ਦਾ ਨਾਮ 'ਡੇਰਾ ਬਾਬਾ ਜੈਮਲ' ਸਿੰਘ ਰਖਿਆ। ਬਾਬਾ ਸਾਵਣ ਸਿੰਘ ਦੇ ਵੇਲੇ ਬਿਆਸ ਦੇ ਡੇਰੇ ਤੋਂ ਨਾਮ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਬਹੁਤ ਵਧੀ। ਸਿੱਖਾਂ ਤੋਂ ਇਲਾਵਾ ਹਿੰਦੂ, ਪਾਰਸੀ ਅਤੇ ਈਸਾਈ ਲੋਕ ਵੀ ਸਤਿਸੰਗੀ ਬਣਦੇ ਗਏ।

1948 ਵਿਚ ਬਾਬਾ ਸਾਵਣ ਸਿੰਘ ਦਾ ਦੇਹਾਂਤ ਹੋ ਗਿਆ ਤਾਂ ਬਾਬੂ ਜਗਤ ਸਿੰਘ ਗੁਰਗੱਦੀ 'ਤੇ ਬਿਰਾਜਮਾਨ ਹੋਏ। ਉਹ ਖੇਤੀਬਾੜੀ ਦੇ ਪ੍ਰੋਫ਼ੈਸਰ ਵਜੋਂ ਸੇਵਾ-ਮੁਕਤ ਹੋਏ ਸਨ। ਉਨ੍ਹਾਂ ਦਾ ਅੰਤ ਵੀ 1951 ਵਿਚ ਹੋ ਗਿਆ। ਉਨ੍ਹਾਂ ਪਹਿਲਾਂ ਹੀ ਬਾਬਾ ਸਾਵਣ ਸਿੰਘ ਦੇ ਪੋਤਰੇ ਚਰਨ ਸਿੰਘ ਗਰੇਵਾਲ ਨੂੰ ਬਿਆਸ ਦੀ ਗੱਦੀ ਲਈ ਮਨੋਨੀਤ ਕਰ ਦਿੱਤਾ ਸੀ। ਉਹ ਉੱਚੀ ਵਿਦਿਆ ਅਤੇ ਵਿਦਵਤਾ ਨਾਲ ਨਿਪੁੰਨ ਸਨ ਅਤੇ ਚੁੰਬਕੀ ਸ਼ਖ਼ਸੀਅਤ ਦੇ ਧਾਰਨੀ ਸਨ। ਬਾਬਾ ਚਰਨ ਸਿੰਘ ਦੀ ਅਗਵਾਈ ਹੇਠ ਬਿਆਸ ਦੇ ਰਾਧਾ ਸੁਆਮੀ ਇਕ ਵਿਸ਼ੇਸ਼ ਬਰਾਦਰੀ ਬਣ ਗਏ ਅਤੇ ਭੰਡਾਰੇ (ਗੁਰੂ ਸਾਹਿਬਾਨ ਦੇ ਜਨਮ ਦਿਨਾਂ) ਦੇ ਅਵਸਰ ਤੇ ਲੱਖਾਂ ਦੀ ਗਿਣਤੀ ਵਿਚ ਸਤਿਸੰਗੀ ਹਾਜ਼ਰ ਹੋਣ ਲੱਗੇ। ਉਨ੍ਹਾਂ ਦਾ ਦਾਅਵਾ ਹੈ ਕਿ ਵੱਖ-ਵੱਖ ਰਾਸ਼ਟਰਾਂ ਦੇ ਉੱਚ ਪੱਧਰ ਦੇ ਮਰਦ-ਇਸਤਰੀਆਂ ਉਨ੍ਹਾਂ ਦੇ ਸਤਿਸੰਗੀ ਬਣ ਗਏ ਹਨ। ਪਰ ਰਾਧਾ ਸੁਆਮੀਆਂ ਦੀ ਸੰਖਿਆ ਦਾ ਅਨੁਮਾਨ ਲਾਉਣਾ ਅਸੰਭਵ ਹੈ ਕਿਉਂਕਿ ਵੱਖਰਾ ਅਤੇ ਵਿਲੱਖਣ ਮਤਿ ਨਾ ਹੋਣ ਕਰਕੇ ਇਹ ਜਨਗਣਨਾ (ਮਰਦਮਸ਼ੁਮਾਰੀ) ਦੀ ਸੂਚੀ ਵਿਚ ਨਹੀਂ ਆਏ।

ਰਾਧਾ ਸੁਆਮੀਆਂ ਅਤੇ ਮਰਿਆਦਾ ਦੇ ਧਾਰਨੀ ਸਿੱਖਾਂ ਅੰਦਰ ਬੁਨਿਆਦੀ ਵਿਤਕਰੇ ਹਨ। ਰਾਧਾ ਸੁਆਮੀ ਦੇਹਧਾਰੀ ਗੁਰੂ (ਵਕਤ ਦੇ ਸਤਿਗੁਰੂ) ਨੂੰ ਮੰਨਦੇ ਹਨ ਜਿਨ੍ਹਾਂ ਦੀ ਬਖ਼ਸ਼ਿਸ਼ ਸਦਕਾ ਨਾਮ ਦੀ ਪ੍ਰਾਪਤੀ ਹੁੰਦੀ ਹੈ, ਅਤੇ ਉਹ ਗੁਰਭਾਈ ਜਾਂ ਗੁਰਭੈਣਾਂ ਬਣਦੇ ਹਨ। ਉਹ ਇਕ-ਦੂਜੇ ਦਾ ਸਤਿਕਾਰ 'ਰਾਧਾ ਸੁਆਮੀ' ਕਹਿ ਕੇ ਕਰਦੇ ਹਨ। ਰਾਧਾ ਸੁਆਮੀ ਸਤਿਸੰਗ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੁੰਦਾ। ਇਕ ਉੱਚਾ ਚਬੂਤਰਾ ਹੁੰਦਾ ਹੈ ਜਿਸ ਤੇ ਬਿਰਾਜਮਾਨ ਹੋ ਕੇ ਗੁਰੂ ਸਤਿਸੰਗ ਸਰਵਣ ਕਰਵਾਉਂਦਾ ਹੈ। ਉਨ੍ਹਾਂ 'ਚ ਕੀਰਤਨ ਦੀ ਵੀ ਪ੍ਰਥਾ ਨਹੀਂ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸੰਗੀਤ ਨਾਲ ਸੁਰਤਿ ਖਿੰਡ ਜਾਂਦੀ

ਹੀ ਅਤੇ ਸ਼ਬਦਾਂ ਦੇ ਅਰਥਾਂ ਤੇ ਭਾਵਾਂ ਨੂੰ ਸਮਝਣ ਦੀ ਥਾਂ ਸਤਿਸੰਗੀ ਸੁਰ ਤਾਲ ਦਾ ਸੁਆਦ ਮਾਨਣ ਲੱਗ ਜਾਂਦੇ ਹਨ। ਭਾਵੇਂ ਬਿਆਸ ਦੇ ਰਾਧਾ ਸੁਆਮੀ ਗੁਰੂ ਉਨ੍ਹਾਂ ਦੇ ਸਤਿਸੰਗੀ ਕੇਸਾਧਾਰੀ ਰਹਿੰਦੇ ਹਨ ਪਰ ਉਹ ਪਾਹੁਲ ਜਾਂ ਅੰਮ੍ਰਿਤ ਛਕਣ ਵਿਚ ਵਿਸ਼ਵਾਸ ਨਹੀਂ ਰਖਦੇ। ਉਹ ਖ਼ਾਲਸੇ ਦੇ ਬੀਰ-ਰੂਪ ਦੇ ਵੀ ਧਾਰਨੀ ਨਹੀਂ।

ਰਾਧਾ ਸੁਆਮੀਆਂ ਨੇ ਸਿੱਖੀ ਤੋਂ ਬਹੁਤ ਕੁਝ ਲਿਆ ਹੈ। ਸਤਿਸੰਗੀ ਸਮੇਂ ਬਾਣੀ ਦੇ ਸ਼ਬਦਾਂ ਨੂੰ ਉਪਦੇਸ਼ ਦਾ ਆਧਾਰ ਬਣਾਇਆ ਜਾਂਦਾ ਹੈ। ਪਰ ਉਨ੍ਹਾਂ ਨੂੰ ਸਿੱਖ ਮਤਿ ਦਾ ਅੰਗ ਨਹੀਂ ਕਿਹਾ ਜਾ ਸਕਦਾ। ਬਸ ਇਕ ਹੀ ਗੱਲ ਹੈ ਜਿਸ ਕਾਰਨ ਉਨ੍ਹਾਂ ਨੂੰ ਹੋਰ ਸਿੱਖ ਲਹਿਰਾਂ ਨਾਲ ਜੋੜ ਲਿਆ ਜਾਂਦਾ ਹੈ ਅਤੇ ਉਹ ਹੈ ਉਨ੍ਹਾਂ ਦਾ ਸਹਿਜਧਾਰੀਆਂ ਵਾਲਾ ਰੂਪ। ਆਮ ਤੌਰ ਤੇ ਸਹਿਜਧਾਰੀ ਦਸ ਗੁਰੂ ਸਾਹਿਬਾਨ ਨੂੰ ਮੰਨਦੇ ਹਨ ਪਰ ਨਾਲ ਹੀ ਇਹ ਕਲਪਨਾ ਵੀ ਬਣਾਈ ਰੱਖਦੇ ਹਨ ਕਿ ਸਮਾਂ ਆਉਣ ਤੇ ਉਹ ਪੂਰਨ ਸਿੱਖ ਸਜ ਜਾਣਗੇ। ਰਾਧਾ ਸੁਆਮੀ ਆਦਿ ਗ੍ਰੰਥ ਦੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਧਾਰਨੀ ਹਨ ਪਰ ਬਾਕੀ ਗੁਰੂ ਸਾਹਿਬਾਨ ਨੂੰ ਨਹੀਂ ਮੰਨਦੇ। ਇਸ ਮਤਿ (ਰਾਧਾ ਸੁਆਮੀ) ਵਿਚ ਪੜ੍ਹੀਆਂ-ਲਿਖੀਆਂ ਜਮਾਤਾਂ ਲਈ, ਜਿਨ੍ਹਾਂ ਅੰਦਰ ਧਾਰਮਿਕ ਰੁਚੀ ਹੈ, ਕਾਫ਼ੀ ਖਿੱਚ ਹੈ। ਜਿਵੇਂ ਹਿੰਦੂ ਧਰਮ ਦੇ ਝੁਕਾਅ ਵਾਲੇ ਸਿੱਖ ਅਤੇ ਸਿੱਖੀ ਸਿਧਾਂਤ ਦੀ ਖਿੱਚ ਵਾਲੇ ਹਿੰਦੂ।

ਨਾਮਧਾਰੀ ਜਾਂ ਕੂਕਾ ਲਹਿਰ

ਨਾਮਧਾਰੀ ਪੰਥ ਦੀ ਬੁਨਿਆਦ ਬਾਬਾ ਬਾਲਕ ਸਿੰਘ (1797-1862) ਜੀ ਨੇ ਰੱਖੀ ਜਿਹੜੇ ਉੱਤਰ-ਪੱਛਮੀ ਸਰਹੱਦੀ ਇਲਾਕੇ ਦੇ ਹਜ਼ਰੋ ਪਿੰਡ ਦੇ ਵਸਨੀਕ ਸਨ। ਉਨ੍ਹਾਂ ਦੇ ਪਿਤਾ ਅਟਕ ਜ਼ਿਲ੍ਹੇ ਦੇ ਪਿੰਡ ਸਰਵਾਲਾ ਦੇ ਸੁਨਿਆਰੇ ਸਨ ਪਰ ਉਨ੍ਹਾਂ ਆਪਣਾ ਕਾਰੋਬਾਰ ਹਜ਼ਰੋ ਵਿਚ ਲੈ ਆਂਦਾ ਸੀ। ਇਹ ਬੱਤਰਾ ਉਪ-ਜਾਤੀ ਦੇ ਅਰੋੜੇ ਸਨ। ਇਨ੍ਹਾਂ ਨੂੰ ਗੁਰੂ-ਘਰ ਦੀ ਪ੍ਰੇਰਨਾ ਜਵਾਹਰ ਮੱਲ ਜੀ ਦੀ ਵਿਆਖਿਆ ਤੋਂ ਮਿਲੀ। ਉਹ ਗ਼ਰੀਬੀ ਨੂੰ ਰੱਬੀ ਦਾਤ ਸਮਝਦੇ ਅਤੇ ਅਮੀਰ ਆਦਮੀ ਨੂੰ ਰੱਬ ਤੋਂ ਹੀਨ ਸਮਝਦੇ।

ਜਵਾਹਰ ਮੱਲ ਜੀ ਨੂੰ ਉਨ੍ਹਾਂ ਦੀ ਹਲੀਮੀ ਕਾਰਨ 'ਸਾਂਈਂ ਸਾਹਿਬ' ਕਹਿ ਕੇ ਪੁਕਾਰਿਆ ਜਾਂਦਾ। ਆਪ ਹਰੀਪੁਰ ਦੇ ਨੇੜੇ ਸਰਾਏ ਸਲੇਹ ਦੇ ਪਿੰਡ ਦੇ ਵਸਨੀਕ ਦਿਆਲ ਚੰਦ ਜੀ ਦੇ ਸਪੁੱਤਰ ਸਨ। ਦਿਆਲ ਚੰਦ ਵਿਸ਼ਨੂੰ ਮਤਿ ਦੇ ਹਿੰਦੂ ਸਨ ਪਰ ਉਹ ਸਿੱਖ ਧਰਮ ਦੇ ਸਹਿਲ ਅਸੂਲਾਂ ਵੱਲ ਬੁਰੀ ਤਰ੍ਹਾਂ ਖਿੱਚੇ ਗਏ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਨੀ ਆਰੰਭ ਕੀਤੀ ਤਾਂ ਉਨ੍ਹਾਂ ਦੇ ਕੇਂਦਰ ਤੇ ਸੰਗਤ ਕਾਫ਼ੀ ਗਿਣਤੀ ਵਿਚ ਆਉਂਦੀ। ਉਨ੍ਹਾਂ ਨੂੰ ਆਮ ਤੌਰ ਤੇ 'ਭਗਤ ਜੀ' ਕਹਿ ਕੇ ਬੁਲਾਇਆ ਜਾਂਦਾ ਸੀ। ਉਨ੍ਹਾਂ ਦੇ ਉੱਤਰ-ਅਧਿਕਾਰੀ ਜਿਹੜੇ ਕਲਾਲ ਜਾਤੀ ਦੇ ਸਨ, ਆਪਣੇ-ਆਪ 'ਭਗਤ' ਅਖਵਾਉਣ ਲੱਗੇ। 1847 ਵਿਚ ਜਵਾਹਰ ਮੱਲ ਜੀ ਨੇ ਪੂਜਾ ਲਈ ਰੂਹਾਨੀ ਕੇਂਦਰ ਖੋਲ੍ਹਿਆ, ਜਿਸ ਦਾ ਨਾਂ 'ਜਗਿਆਸਾ ਅਭਿਆਸੀ ਆਸ਼ਰਮ' ਰਖਿਆ।

ਜਵਾਹਰ ਮੱਲ ਜੀ ਦੀ ਸਿੱਖਿਆ ਤੇ ਅਮਲ ਕਰਦੇ ਹੋਏ ਬਾਬਾ ਬਾਲਕ ਸਿੰਘ ਜੀ ਨੇ ਵੀ ਆਪਣੇ ਮੁਰੀਦਾਂ ਨੂੰ ਸਾਦਾ ਜੀਵਨ ਬਿਤਾਉਣ ਦੇ ਆਦੇਸ਼ ਦਿੱਤੇ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕੋਈ ਵੀ ਧਾਰਮਿਕ ਕਰਮ-ਕਾਂਡ ਨਾ ਅਪਣਾਇਆ ਜਾਵੇ। ਕੇਵਲ 'ਨਾਮ' ਦਾ ਓਟ-ਆਸਰਾ ਰਖਿਆ ਜਾਵੇ (ਇਸ ਲਈ ਇਹ ਪੰਥ 'ਨਾਮਧਾਰੀ' ਅਖਵਾਇਆ)। ਨਾਮਧਾਰੀ ਅੰਮ੍ਰਿਤ ਵੇਲੇ (ਤਿੰਨ ਵਜੇ) ਉਠਦੇ। ਦਾਤਣ-ਕੁਰਲਾ ਕਰਕੇ ਇਸ਼ਨਾਨ ਕਰਦੇ। ਉਨ੍ਹਾਂ ਨੂੰ ਆਦੇਸ਼ ਸੀ ਕਿ ਸਾਦਾ ਅਤੇ ਸੰਜਮੀ ਜੀਵਨ ਬਿਤਾਇਆ ਜਾਵੇ। ਕੁੜੀਮਾਰ ਦੀ ਸਖ਼ਤ ਮਨਾਹੀ

ਸੀ। ਦਾਜ ਦਾ ਲੈਣਾ ਜਾਂ ਦੇਣਾ ਉੱਕਾ ਹੀ ਬੰਦ ਸੀ। ਨਾਮਧਾਰੀਆਂ ਨੂੰ ਆਪਣੀ ਕਮਾਈ ਤੇ ਜਿਉਣ ਲਈ ਜ਼ੋਰ ਦਿੱਤਾ ਜਾਂਦਾ। ਦਾਨ ਜਾਂ ਭਿੱਖਿਆ ਰਾਹੀਂ ਨਿਰਬਾਹ ਕਰਨ ਦੀ ਮਨਾਹੀ ਸੀ। ਹੁੱਕਾ ਪੀਣ (ਤਮਾਖੂ), ਨਸਵਾਰ ਅਤੇ ਸ਼ਰਾਬ ਦੇ ਸੇਵਨ ਦੀ ਵੀ ਮਨਾਹੀ ਸੀ। ਨਾਮਧਾਰੀ ਦੇ ਭੋਜਨ ਵਿਚ ਮਹਾਂ-ਪ੍ਰਸ਼ਾਦ (ਮਾਸ) ਦਾ ਕੋਈ ਸਥਾਨ ਨਹੀਂ ਸੀ।

ਬਾਬਾ ਬਾਲਕ ਸਿੰਘ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਸੰਗਤਾਂ ਤੇ ਜ਼ਿਆਦਾ ਸੀ। ਉਨ੍ਹਾਂ ਦੇ ਮੁਰੀਦ ਆਪ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਦੇ। ਬਾਲਕ ਸਿੰਘ ਜੀ ਨੇ ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਆਪਣੀ ਗੱਦੀ ਦਾ ਵਾਰਸ ਆਪਣੇ ਬੜੇ ਕਰਮਸ਼ੀਲ ਸੇਵਕ ਬਾਬਾ ਰਾਮ ਸਿੰਘ ਤਰਖਾਣ ਨੂੰ ਬਣਾਇਆ।

ਬਾਬਾ ਰਾਮ ਸਿੰਘ ਜੀ (1816-85) ਰਾਮਗੜ੍ਹੀਆ ਸਨ ਅਤੇ ਉਨ੍ਹਾਂ ਦਾ ਪਿੰਡ ਭੈਣੀ, ਜ਼ਿਲ੍ਹਾ ਲੁਧਿਆਣਾ ਸੀ। ਉਹ ਦਰਬਾਰ ਦੇ ਤੋਪਖਾਨੇ ਵਿਚ ਸਨ ਜਿਥੇ ਉਨ੍ਹਾਂ ਦਾ ਮਿਲਾਪ ਬਾਬਾ ਬਾਲਕ ਸਿੰਘ ਜੀ ਨਾਲ ਹੋਇਆ ਜਦੋਂ ਉਹ ਮੋਰਚੇ ਤੇ ਭੇਜੇ ਗਏ। ਪਹਿਲੀ ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਪਿੱਛੋਂ ਤੋਪਖ਼ਾਨਾ ਖ਼ਤਮ ਕਰ ਦਿੱਤਾ ਗਿਆ। ਬਾਬਾ ਰਾਮ ਸਿੰਘ ਹਜ਼ਰੋ ਆ ਕੇ ਰਹਿਣ ਲੱਗੇ। ਜਦੋਂ ਪੰਜਾਬ ਦਾ ਅਲਹਾਕ ਹੋਇਆ, ਭਾਵ ਅੰਗਰੇਜ਼ਾਂ ਨੇ ਆਪਣੇ ਇਲਾਕੇ ਵਿਚ ਰਲਾ ਲਿਆ ਤਾਂ ਉਹ ਭੈਣੀ ਪਰਤ ਆਏ ਅਤੇ ਜੱਦੀ ਕਿੱਤਾ ਸੰਭਾਲ ਲਿਆ ਅਤੇ ਬਾਬਾ ਬਾਲਕ ਸਿੰਘ ਜੀ ਦੇ ਉਪਦੇਸ਼ ਦਾ ਪ੍ਰਚਾਰ ਕਰਨ ਲੱਗੇ। ਇਸ ਪ੍ਰਕਾਰ ਨਾਮਧਾਰੀਆਂ ਦਾ ਮੁੱਖ ਸਥਾਨ ਹਜ਼ਰੋ ਤੋਂ ਭੈਣੀ ਪਿੰਡ ਬਣ ਗਿਆ।

ਬਾਬਾ ਰਾਮ ਸਿੰਘ ਜੀ ਨੇ, ਧਾਰਮਿਕ ਰਹੁ-ਰੀਤ, ਪਹਿਰਾਵੇ ਅਤੇ ਇਕ-ਦੂਜੇ ਨੂੰ ਸੰਬੋਧਨ ਕਰਨ ਦੀਆਂ ਅਜਿਹੀਆਂ ਤਬਦੀਲੀਆਂ ਲਿਆਂਦੀਆਂ ਜਿਨ੍ਹਾਂ ਨਾਲ ਉਨ੍ਹਾਂ ਦੇ ਸੇਵਕ (ਨਾਮਧਾਰੀ) ਬਾਕੀ ਦੇ ਸਿੱਖਾਂ ਨਾਲੋਂ ਨਵੇਕਲੇ ਜਾਪਣ। ਉਨ੍ਹਾਂ ਦੇ ਦੱਸੇ ਰਾਹ ਤੇ ਚਲਦੇ ਹੋਏ ਉਨ੍ਹਾਂ ਦੇ ਸੇਵਕ ਸ਼ਬਦਾਂ ਦੀ ਧੁਨ ਇਸ ਪ੍ਰਕਾਰ ਲਾਉਂਦੇ ਜਿਵੇਂ ਵਜਦ ਵਿਚ ਆਏ ਦਰਵੇਸ਼ ਨੱਚਦੇ ਹਨ। ਇਉਂ ਉਹ ਵੀ ਵਿਸਮਾਦੀ ਅਵਸਥਾ ਵਿਚ ਉੱਚੀ-ਉੱਚੀ ਕੂਕਾਂ ਮਾਰਦੇ। ਇਸ ਕਾਰਨ ਉਨ੍ਹਾਂ ਦਾ ਨਾਮ ਵੀ 'ਕੂਕਾ' ਪੈ ਗਿਆ। ਕੂਕੇ ਹੱਥ ਦਾ ਕੱਤਿਆ ਖੱਦਰ ਪਹਿਨਦੇ। ਪਗੜੀਆਂ ਦੀ ਅੱਗੇ ਨੋਕ ਬਣਾਉਣ ਦੀ ਥਾਂ ਉਹ ਆਪਣੇ ਹੀ ਢੰਗ ਨਾਲ ਸਿੱਧੀ-ਸਿੱਧੀ ਬੰਨ੍ਹਦੇ ਸਨ। ਉਹ ਉੱਨ ਦੀ ਬਣੀ ਮਾਲਾ ਗਲ ਵਿਚ ਪਹਿਨਦੇ ਸਨ। ਉਹ ਹੱਥ ਵਿਚ ਖੂੰਡਾ ਜਾਂ ਟਕੂਆ ਰੱਖਦੇ ਸਨ। ਪਰਸਪਰ ਮਿਲਾਪ ਸਮੇਂ ਉਹ 'ਸਤਿ ਸ੍ਰੀ ਅਕਾਲ' ਦੀ ਥਾਂ 'ਸਤਿ ਪੁਰਖ ਅਕਾਲ ਪੁਰਖ' ਉਚਾਰਦੇ। ਭਾਵੇਂ ਵਧੇਰੇ ਕਰਕੇ ਗ਼ਰੀਬ ਰਾਮਗੜ੍ਹੀਏ ਕੂਕੇ ਪੰਥ ਵਿਚ ਆਏ ਪਰ ਬਾਅਦ ਵਿਚ ਜੱਟ, ਮੋਚੀ, ਮਜ਼੍ਹਬੀ ਵੀ ਇਹ ਮਤਿ ਧਾਰਨ ਕਰਦੇ ਗਏ। ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਅੰਦਰ ਅਜਿਹਾ ਸਤਿਕਾਰ ਭਰਿਆ ਕਿ ਉਹ ਹੀ ਅਸਲੀ ਸੰਤ ਖ਼ਾਲਸਾ ਹਨ ਅਤੇ ਬਾਕੀ ਸਭ ਮਲੇਛ ਹਨ। ਬਾਬਾ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ ਜਿਨ੍ਹਾਂ ਰਾਹੀਂ ਸਦਾਚਾਰਕ, ਸਮਾਜਕ, ਸੁਆਸਥ ਅਤੇ ਸਿਆਸੀ ਮਸਲਿਆਂ ਤੇ ਗਿਆਨ ਅਤੇ ਆਦੇਸ਼ ਦਿੱਤੇ ਗਏ।

ਬਾਬਾ ਰਾਮ ਸਿੰਘ ਜੀ ਦੇ ਧਾਰਮਿਕ ਪ੍ਰਵਚਨਾਂ ਵਿਚ ਸਿਆਸੀ ਰੰਗ ਆ ਗਿਆ। ਜਿਥੇ ਕਿਸੇ ਨੂੰ ਪਾਹੁਲ (ਅੰਮ੍ਰਿਤ ਛਕਾਉਣਾ) ਦਿੰਦੇ ਤਾਂ ਇਸ ਅਵਸਰ ਤੇ ਦੱਸੇ ਜਾਣ ਵਾਲੇ ਨੇਮਾ ਦੇ ਨਾਲ ਬਾਬਾ ਰਾਮ ਸਿੰਘ ਜੀ ਸਿੱਖ ਰਜਵਾੜਿਆਂ ਅਤੇ ਜਗੀਰਦਾਰਾਂ ਦੀਆਂ ਬੁਰਾਈਆਂ ਨੂੰ ਵੀ ਨੰਗਿਆਂ ਕਰਦੇ। ਉਹ ਦੱਸਦੇ ਕਿ ਕਿਵੇਂ ਗੁਰੂ ਸਾਹਿਬਾਨ ਦੀ ਬੰਸ ਵਿਚੋਂ ਬੇਦੀ ਅਤੇ ਸੋਢੀ ਗੁਰੂ ਬਣ ਬੈਠੇ ਹਨ। ਉਹ ਜਾਤੀਵਾਦ ਅਤੇ ਬੁੱਤ-ਪੂਜਾ ਦੀ ਨਿਖੇਧੀ ਕਰਦੇ ਸਨ। ਭਾਵੇਂ ਉਨ੍ਹਾਂ ਕਈ ਪ੍ਰਕਾਰ ਦੇ ਹਿੰਦੂ ਧਰਮ ਦੇ ਕਰਮ-ਕਾਂਡਾਂ ਤੇ ਪਾਖੰਡਾਂ ਦੀ ਨਿੰਦਿਆ ਕੀਤੀ

ਪਰ ਬਾਬਾ ਰਾਮ ਸਿੰਘ ਜੀ ਨੇ ਗਊ ਮਾਤਾ ਦੀ ਰੱਖਿਆ ਦਾ ਦ੍ਰਿੜ੍ਹ ਪ੍ਰਣ ਕੀਤਾ।

ਆਪਣੇ ਸੇਵਕਾਂ ਲਈ ਉਨ੍ਹਾਂ ਵੱਖਰੇ ਗੁਰਦੁਆਰੇ (ਧਰਮਸਾਲਾ) ਕਾਇਮ ਕੀਤੇ। ਉਨ੍ਹਾਂ ਸੂਬੇ ਨਿਯੁਕਤ ਕੀਤੇ ਜਿਹੜੇ ਮਾਇਆ ਇਕੱਤਰ ਕਰਕੇ ਭੈਣੀ ਸਾਹਿਬ ਪਹੁੰਚਾਉਂਦੇ। ਉਨ੍ਹਾਂ ਨੌਜਵਾਨਾਂ ਨੂੰ ਗਤਕਾ ਅਤੇ ਹੋਰ ਹਥਿਆਰਾਂ ਦੀ ਸਿਖਲਾਈ ਕਰਵਾਈ ਅਤੇ ਇਕ ਪ੍ਰਕਾਰ ਦਾ ਅਰਧ-ਸੈਨਾ ਸੰਗਠਨ ਕਾਇਮ ਕੀਤਾ। ਕੂਕਿਆਂ ਦਾ ਆਪਣਾ ਹੀ ਡਾਕ ਭੇਜਣ ਦਾ ਪ੍ਰਬੰਧ ਸੀ ਜਿਸ ਰਾਹੀਂ ਗੁਪਤ ਸੰਦੇਸ਼ ਭੇਜੇ ਜਾ ਸਕਦੇ ਸਨ।

1863 ਤਕ ਬਾਬਾ ਰਾਮ ਸਿੰਘ ਜੀ ਦੇ ਸੇਵਕਾਂ ਦੀ ਗਿਣਤੀ ਕਈ ਹਜ਼ਾਰਾਂ ਤਕ ਪਹੁੰਚ ਗਈ। 'ਸੌ ਸਾਖੀ' ਦਾ ਨਵਾਂ ਰੂਪ ਵੰਡਿਆ ਗਿਆ। ਉਸ ਵਿਚ ਇਹ ਭਵਿੱਖਬਾਣੀ ਕੀਤੀ ਗਈ ਕਿ ਭੈਣੀ ਪਿੰਡ ਵਿਚ ਤਰਖਾਣਾਂ ਦੇ ਪਰਿਵਾਰ ਵਿਚ ਬਾਬਾ ਰਾਮ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਵਜੋਂ ਪ੍ਰਗਟ ਹੋਣਗੇ। ਉਹ ਖਾਲਸਾ ਨੂੰ ਜਾਗ੍ਰਤ ਵਿਚ ਲਿਆਉਣਗੇ। ਅੰਗਰੇਜ਼ਾਂ ਨੂੰ ਹਿੰਦੁਸਤਾਨ ਤੋਂ ਬਾਹਰ ਕੱਢਣਗੇ ਅਤੇ ਨਵਾਂ ਸਿੱਖ ਰਾਜ ਘਰਾਣਾ ਕਾਇਮ ਕਰਨਗੇ। ਬਾਬਾ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਵੈਸਾਖੀ ਦੇ ਸ਼ੁਭ ਮੌਕੇ ਤੇ ਅੰਮ੍ਰਿਤਸਰ ਵਿਖੇ ਇਕੱਠੇ ਹੋਣ ਲਈ ਆਦੇਸ਼ ਜਾਰੀ ਕੀਤੇ ਅਤੇ ਕਿਹਾ ਕਿ ਉਸ ਅਵਸਰ ਤੇ ਵਿਸ਼ੇਸ਼ ਫ਼ਰਮਾਨ ਜਾਰੀ ਕੀਤਾ ਜਾਵੇਗਾ। ਕੂਕਿਆਂ ਨੇ ਇਸ ਆਦੇਸ਼ ਦਾ ਸੁਆਗਤ ਕੀਤਾ ਕਿਉਂਕਿ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਠੀਕ ਉਵੇਂ ਹੀ ਕੀਤਾ ਸੀ, ਜਦੋਂ ਉਨ੍ਹਾਂ ਖਾਲਸੇ ਨੂੰ ਅੰਮ੍ਰਿਤ ਛਕਾਇਆ।

ਜਦੋਂ ਬਾਬਾ ਰਾਮ ਸਿੰਘ ਜੀ ਅੰਮ੍ਰਿਤਸਰ ਪਹੁੰਚੇ ਤਾਂ ਦੇਖਿਆ ਕਿ ਸਾਰੇ ਸ਼ਹਿਰ ਅੰਦਰ ਪੁਲਿਸ ਦਾ ਹਰ ਪਾਸੇ ਪਹਿਰਾ ਸੀ। ਉਹ ਕੋਈ ਫ਼ਰਮਾਨ ਜਾਰੀ ਨਾ ਕਰ ਸਕੇ। ਜਦੋਂ ਵਾਪਸ ਪਿੰਡ ਭੈਣੀ ਆਏ ਤਾਂ ਉਨ੍ਹਾਂ ਨੂੰ ਨੋਟਿਸ ਦਿੱਤਾ ਗਿਆ ਕਿ ਪਿੰਡ ਛੱਡ ਜਾਓ। ਉਨ੍ਹਾਂ ਇਹ ਸ਼ਿਕਾਇਤ ਕੀਤੀ ਕਿ ਉਨ੍ਹਾਂ ਨਾਲ "ਸਰਕਾਰੀ ਅਦਾਰਿਆਂ, ਬ੍ਰਾਹਮਣਾਂ ਅਤੇ ਹੋਰ ਅਨੇਕਾਂ ਲੋਕਾਂ ਨੇ ਵਧੀਕੀ ਕੀਤੀ ਹੈ।" ਬਾਬਾ ਰਾਮ ਸਿੰਘ ਉਪਰ ਨਜ਼ਰ ਰੱਖੀ ਗਈ ਜਦੋਂ ਤਾਈਂ ਸਰਕਾਰ ਨੂੰ ਨਿਸ਼ਚਾ ਨਹੀਂ ਹੋ ਗਿਆ ਕਿ ਕੂਕੇ ਬਗ਼ਾਵਤ ਨਹੀਂ ਫੈਲਾ ਸਕਣਗੇ।

ਦੁਸਹਿਰੇ ਦੇ ਮੇਲੇ ਤੇ 1867 ਵਿਚ ਬਾਬਾ ਰਾਮ ਸਿੰਘ ਜੀ ਨੇ ਅੰਮ੍ਰਿਤਸਰ ਦੀ ਯਾਤਰਾ ਕੀਤੀ। ਉਨ੍ਹਾਂ ਨਾਲ 3,500 ਦੇ ਕਰੀਬ ਸੇਵਕ ਸਨ। ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ਵਿਖੇ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਉਨ੍ਹਾਂ 2,000 ਤੋਂ ਵੱਧ ਲੋਕਾਂ ਨੂੰ ਅੰਮ੍ਰਿਤ ਛਕਾਇਆ, ਜਿਨ੍ਹਾਂ ਵਿਚ ਵੱਡੇ-ਵੱਡੇ ਜ਼ਿਮੀਂਦਾਰ ਤੇ ਮੈਂਬਰ ਵੀ ਸ਼ਾਮਲ ਸਨ। ਉਸ ਵੇਲੇ ਤਕ ਬਾਬਾ ਰਾਮ ਸਿੰਘ ਜੀ ਬਿਨਾਂ ਕਿਸੇ ਪ੍ਰਕਾਰ ਦੀ ਇੱਛਾ ਦੇ ਧਰਮ-ਨਿਰਪੇਖ ਮੁਖੀ ਦਾ ਰੋਲ ਅਦਾ ਕਰ ਚੁੱਕੇ ਸਨ। ਉਹ ਜਦੋਂ ਸਫ਼ਰ ਤੇ ਜਾਂਦੇ ਤਾਂ ਮਹਾਰਾਜੇ ਵਾਂਗ ਜਾਂਦੇ ਅਤੇ ਉਨ੍ਹਾਂ ਦੇ ਨਾਲ ਅੰਗ-ਰੱਖਿਅਕਾਂ ਵਾਂਗ ਸੈਨਿਕ ਹੁੰਦੇ। ਨਾਮਧਾਰੀ ਦਰਬਾਰ (ਕਚਹਿਰੀ) ਹਰ ਰੋਜ਼ ਲਗਦਾ। ਅਨੇਕਾਂ ਮੁਖੀ ਹਾਕਮਾਂ ਨਾਲ ਤੋਹਫ਼ੇ ਦਿੰਦੇ-ਲੈਂਦੇ। ਉਨ੍ਹਾਂ ਨੇਪਾਲ ਵਿਚ ਆਪਣਾ ਸਫ਼ੀਰ ਵੀ ਭੇਜਿਆ।

ਕੂਕਿਆਂ ਅੰਦਰ ਇਸ ਭਵਿੱਖਬਾਣੀ ਦਾ ਰੋਹ ਭਰਿਆ ਹੋਇਆ ਸੀ ਕਿ ਸਿੱਖ ਵਿਦਰੋਹ ਹੋਵੇਗਾ। ਸੋ ਉਹ ਕਿਵੇਂ ਚੁੱਪ ਰਹਿ ਸਕਦੇ ਸਨ ? ਪਰ ਜਦੋਂ ਇਸ ਮਸਲੇ ਜਾਂ ਮੁੱਦੇ ਨੂੰ ਅਮਲੀ ਰੂਪ ਦੇਣ ਦਾ ਵੇਲਾ ਆਇਆ ਤਾਂ ਇਸ ਨੂੰ ਅਜਿਹੇ ਮਾਮਲੇ ਨਾਲ ਜੋੜ ਦਿੱਤਾ ਗਿਆ ਕਿ ਸਿੱਖ ਸੰਗਤ ਦੀ ਭਾਵਨਾ 'ਤੇ ਬਹੁਤ ਅਸਰ ਨਾ ਹੋਇਆ। ਭਾਵ ਗਊ ਮਾਤਾ ਦੀ ਰੱਖਿਆ ਦੇ ਮਾਮਲੇ ਵਿਚ ਉਨ੍ਹਾਂ ਦਾ ਜ਼ੋਰ ਅੰਗਰੇਜ਼ ਵਿਰੁੱਧ ਹੋਣ ਦੀ ਥਾਂ ਇਕ ਮੁਸਲਮਾਨ ਬੁੱਚੜ 'ਤੇ ਨਿਕਲਿਆ। ਸਰਕਾਰ ਨਾਲ ਉਨ੍ਹਾਂ ਦੀ ਟੱਕਰ ਇਸ ਗੱਲ ਤੇ ਸੀ ਕਿ ਉਨ੍ਹਾਂ ਗਊ-ਹੱਤਿਆ

ਰੋਕਣ ਦਾ ਯਤਨ ਕੀਤਾ ਸੀ।

ਕੱਟੜਪੰਥੀ ਕੂਕਿਆਂ ਨੇ ਅੰਮ੍ਰਿਤਸਰ ਵਿਚ ਅਤੇ ਉਪਰੰਤ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਕਸਬੇ ਵਿਚ ਕੁਝ ਮੁਸਲਮਾਨ ਬੁੱਚੜਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹੱਤਿਆ ਕਰ ਦਿੱਤੀ। ਇਨ੍ਹਾਂ ਅਪਰਾਧਾਂ ਲਈ ਅੱਠ ਕੂਕਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਬਾਕੀਆਂ ਨੂੰ ਲੰਮੇ ਸਮੇਂ ਦੀ ਕੈਦ ਦੀ ਸਜ਼ਾ ਹੋਈ। ਸਰਕਾਰ ਨੇ ਮੁੜ ਇਹ ਕਾਨੂੰਨ ਲਾਗੂ ਕਰ ਦਿੱਤਾ ਕਿ ਬਾਬਾ ਰਾਮ ਸਿੰਘ ਜੀ ਆਪਣੇ ਪਿੰਡ ਵਿਚ ਹੀ ਨਜ਼ਰਬੰਦ ਰਹਿਣਗੇ। ਧਾਰਮਿਕ ਦੀਵਾਨਾਂ ਵਿਚ ਹਾਜ਼ਰ ਹੋਣ ਤੋਂ ਕੂਕਿਆਂ ਨੂੰ ਮਨ੍ਹਾਂ ਕੀਤਾ ਗਿਆ। ਪਰ ਇਨ੍ਹਾਂ ਬੰਦਸ਼ਾਂ ਨਾਲ ਕੂਕਿਆਂ ਦੇ ਜਜ਼ਬਾਤ ਭੜਕ ਉਠੇ। ਮਾਘੀ ਦੇ ਪਵਿੱਤਰ ਅਵਸਰ ਤੇ ਜਨਵਰੀ 1872 ਨੂੰ ਉਨ੍ਹਾਂ ਸੈਂਕੜਿਆਂ ਦੀ ਗਿਣਤੀ ਵਿਚ ਭੈਣੀ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ। ਜਿਨ੍ਹਾਂ ਨੂੰ ਫਾਂਸੀ ਲਾਇਆ ਗਿਆ ਸੀ, ਉਨ੍ਹਾਂ ਦੇ ਸੋਹਿਲੇ ਗਾਏ ਗਏ ਅਤੇ ਉਨ੍ਹਾਂ ਦੀ ਬਹਾਦਰੀ ਦੀ ਗਾਥਾ ਸੁਣਾਈ ਗਈ। ਇਹ ਵੀ ਧੁਮਾ ਦਿੱਤਾ ਗਿਆ ਕਿ 'ਸੌ ਸਾਖੀ' ਵਿਚ ਕੀਤੀ ਗਈ ਭਵਿੱਖਬਾਣੀ ਦੇ ਪੂਰੇ ਹੋਣ ਦਾ ਸਮਾਂ ਆ ਗਿਆ ਹੈ ਕਿ ਛੇਤੀ ਹੀ ਹਕੂਮਤ ਦੀ ਵਾਗਡੋਰ ਸਿੱਖਾਂ ਦੇ ਹੱਥ ਆ ਜਾਵੇਗੀ। ਬਾਬਾ ਰਾਮ ਸਿੰਘ ਜੀ ਨੂੰ ਆਪਣੀ ਸੰਗਤ ਨੂੰ ਸੁਖ-ਸ਼ਾਂਤੀ ਨਾਲ ਆਪਣੇ ਘਰਾਂ ਨੂੰ ਪਰਤ ਜਾਣ ਲਈ ਪ੍ਰੇਰਨ ਵਿਚ ਕਠਿਨਾਈ ਅਨੁਭਵ ਹੋਈ। ਤਾਂ ਵੀ ਇਕ ਟੋਲੇ ਨੇ ਗੁਰੂ ਦੀ ਨਸੀਹਤ ਦੀ ਪਰਵਾਹ ਨਾ ਕਰਦੇ ਹੋਏ ਮਲੇਰਕੋਟਲੇ 'ਤੇ ਹਮਲਾ ਕਰ ਦਿੱਤਾ। ਇਹ ਮੁਸਲਮਾਨੀ ਰਿਆਸਤ ਸੀ ਅਤੇ ਇਥੇ ਹੀ ਗਊਆਂ ਕੱਟਣ ਦੀ ਇਜਾਜ਼ਤ ਦਿੱਤੀ ਗਈ।

ਮਲੇਰਕੋਟਲੇ ਨੂੰ ਜਾਂਦਿਆਂ ਇਸ ਧੜੇ ਨੇ ਰਾਹ ਵਿਚ ਹੀ ਮਲੌਦ ਦੇ ਇਕ ਸਿੱਖ ਜ਼ਿਮੀਂਦਾਰ ਦੇ ਘਰ ਤੇ ਧਾਵਾ ਬੋਲ ਦਿੱਤਾ ਤਾਂ ਜੋ ਹਥਿਆਰ ਪ੍ਰਾਪਤ ਕੀਤੇ ਜਾਣ। ਇਥੇ ਜ਼ਿਮੀਂਦਾਰ ਦੇ ਰਾਖਿਆਂ ਨੇ ਇਸ ਧੜੇ ਦੇ ਆਦਮੀਆਂ ਨਾਲ ਦੋ ਹੱਥ ਕੀਤੇ। ਜਦੋਂ ਮਲੇਰਕੋਟਲੇ ਵਿਚ ਦਾਖ਼ਲ ਹੋਏ ਤਾਂ ਰਿਆਸਤੀ ਪੁਲਿਸ ਨਾਲ ਝੜਪ ਹੋਈ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕੋਵਾਨ ਨੇ ਵੀ ਕੂਕਿਆਂ ਦਾ ਪਿੱਛਾ ਕਰਨ ਵਿਚ ਸਮੂਲੀਅਤ ਕੀਤੀ ਅਤੇ ਧੜੇ ਦੇ 68 ਵਿਅਕਤੀ ਫੜ ਲਏ। ਕੋਵਾਨ ਨੇ ਆਪਣੇ ਕਮਿਸ਼ਨਰ ਟੀ.ਡੀ. ਫੋਰਸਾਈਥ ਨੂੰ ਨੋਟ ਭੇਜਿਆ ਅਤੇ ਬਿਨਾਂ ਕਿਸੇ ਪ੍ਰਕਾਰ ਦੀ ਮਰਿਆਦਾ ਨੂੰ ਪਾਲਦੇ ਹੋਏ ਸਭ ਨੂੰ ਤੋਪਾਂ ਦੇ ਮੂੰਹਾਂ ਅੱਗੇ ਬੰਨ੍ਹ ਕੇ 66 ਕੈਦੀਆਂ ਨੂੰ ਬਾਰੂਦ ਨਾਲ ਉਡਾ ਦਿੱਤਾ ਗਿਆ।

ਕਮਿਸ਼ਨਰ ਫੋਰਸਾਈਥ ਨੇ ਲਿਖਿਆ ਸੀ : "ਮਲੌਦ ਅਤੇ ਰਿਆਸਤ ਮਲੇਰਕੋਟਲਾ ਵਿਖੇ ਬਾਬਾ ਰਾਮ ਸਿੰਘ ਦੇ ਮੁਰੀਦਾਂ ਵੱਲੋਂ ਕੀਤੇ ਗਏ ਅੱਤਿਆਚਾਰਾਂ ਵਿਚ ਉਸ ਦੀ ਭਾਈਵਾਲੀ ਜਾਂ ਹੱਥ ਬਾਰੇ ਪੂਰੀ ਜਾਂਚ ਅਜੇ ਨਹੀਂ ਕੀਤੀ ਗਈ। ਪਰ ਇਹ ਸੱਚ ਹੈ ਕਿ ਉਹ ਇਸ ਮਾਮਲੇ ਦੇ ਮੁੱਖ ਆਗੂਆਂ, ਲਹਿਣਾ ਸਿੰਘ ਅਤੇ ਹੀਰਾ ਸਿੰਘ ਦੇ ਇਰਾਦਿਆਂ ਪ੍ਰਤੀ ਪੁਲਿਸ ਨੂੰ ਰਿਪੋਰਟ ਕਰ ਦਿੱਤੀ ਸੀ। ਉਹ ਆਪ ਹੀ ਮੰਨਦਾ ਹੈ ਕਿ ਉਸ ਦੇ ਮੁਰੀਦਾਂ ਨੇ ਉਸ ਦਾ ਨਾ ਲੈ ਕੇ ਉਸ ਦੀ ਹਾਜ਼ਰੀ ਦਾ ਲਾਭ ਉਠਾਇਆ ਅਤੇ ਆਪਣੇ ਸਾਥੀਆਂ ਨੂੰ ਹੱਤਿਆ ਕਰਨ ਅਤੇ ਗੜਬੜ ਪੈਦਾ ਕਰਨ ਲਈ ਉਕਸਾਇਆ।"

ਭੈਣੀ ਵਿਖੇ ਕੂਕਿਆਂ ਦੇ ਡੇਰੇ ਦੀ ਤਲਾਸ਼ੀ ਲਈ ਗਈ। ਕੇਵਲ ਕੁਝ ਕਿਰਪਾਨਾਂ, ਟਕੂਏ ਅਤੇ ਇਕ ਜੋੜਾ ਸ਼ਿੰਗਾਰ ਰੂਪੀ ਖੁਕਰੀਆਂ ਦਾ ਬਰਾਮਦ ਹੋਇਆ। ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਗਿਆਰਾਂ ਮੁਰੀਦਾਂ ਨੂੰ ਕੈਦ ਕਰਕੇ ਬਰਮਾ ਵਿਚ ਦੇਸ਼-ਨਿਕਾਲਾ ਦਿੱਤਾ ਗਿਆ।

ਕਮਿਸ਼ਨਰ ਫੋਰਸਾਈਥ, ਡਿਪਟੀ ਕਮਿਸ਼ਨਰ ਕੋਵਾਨ ਨੂੰ ਮਲੇਰਕੋਟਲਾ ਵਿਖੇ ਜਾ ਮਿਲਿਆ, ਜਿਥੇ ਹੋਰ 16 ਕੂਕਿਆਂ ਨੂੰ ਤੋਪਾਂ ਦੇ ਮੂੰਹਾਂ ਅੱਗੇ ਬੰਨ੍ਹ ਕੇ ਉਡਾ ਦਿੱਤਾ ਗਿਆ।

ਇਸ ਤੋਂ ਉਪਰੰਤ ਪਾਰਟੀ ਮਲੋਟ ਪਹੁੰਚੀ। ਜਿਥੇ ਚਾਰ ਕੂਕੇ ਹਿਰਾਸਤ ਵਿਚ ਸਨ। ਫੋਰਸਾਈਥੇ ਹਿਚਕਿਚਾਇਆ ਅਤੇ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਵਾਰਦਾਤਾਂ ਬਾਰੇ ਐਂਗਲੋ-ਇੰਡੀਅਨ ਅਖ਼ਬਾਰਾਂ ਵਿਚ ਬੜੀ ਨੁਕਤਾਚੀਨੀ ਹੋਈ ਕਿ ਡਿਪਟੀ ਕਮਿਸ਼ਨਰ ਕੋਵਾਨ ਦਾ ਅਮਲ ਵਹਿਸ਼ੀਆਨਾ ਸੀ। ਸਰਕਾਰ ਨੇ ਜਾਂਚ ਕਰਵਾਈ ਅਤੇ ਸਿੱਟੇ ਵਜੋਂ ਕੋਵਾਨ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਕਮਿਸ਼ਨਰ ਫੋਰਸਾਈਥੇ ਦੀ ਨਿਯੁਕਤੀ ਪੰਜਾਬ ਤੋਂ ਬਾਹਰ ਕਰ ਦਿੱਤੀ ਗਈ।

ਸਿੱਖਾਂ ਦੀ ਥੋੜ੍ਹੀ-ਬਹੁਤ ਹਮਦਰਦੀ ਜਿਹੜੀ ਨਮਧਾਰੀ ਲਹਿਰ ਦੇ ਪੁਨਰ-ਜਾਗ੍ਰਤੀ ਪੱਖ ਬਾਰੇ ਸੀ, ਉਹ ਗ਼ਰੀਬ ਮੁਸਲਮਾਨਾਂ ਤੇ ਅੱਤਿਆਚਾਰ ਢਾਉਣ ਅਤੇ ਪ੍ਰਸ਼ਾਸਨ ਦੀ ਉਲੰਘਣਾ ਕਰਨ ਵਿਚ ਖ਼ਤਮ ਹੋ ਗਈ। ਸਿੱਖ ਕੌਮ ਉਸ ਸਮੇਂ ਅੰਗਰੇਜ਼-ਪੱਖੀ ਸੀ ਅਤੇ ਉਨ੍ਹਾਂ ਨੇ ਆਪਣੀ ਵਫ਼ਾਦਾਰੀ ਜਤਾਉਣ ਦਾ ਅਵਸਰ ਛੇਤੀ ਹੀ ਜੁਟਾ ਲਿਆ। ਮਹਾਰਾਜਾ ਪਟਿਆਲਾ ਨੇ ਰਿਆਸਤ ਦੇ ਸਾਰੇ ਕੂਕਿਆਂ ਨੂੰ ਫੜ ਲਿਆ। ਅੰਮ੍ਰਿਤਸਰ ਵਿਚ ਸਿੱਖ ਸਰਦਾਰਾਂ ਦੀ ਇਕੱਤਰਤਾ ਹੋਈ, ਜਿਸ ਵਿਚ ਲੈਫਟੀਨੈਂਟ ਗਵਰਨਰ ਨੂੰ ਐਡਰੈੱਸ ਪੇਸ਼ ਕੀਤਾ ਗਿਆ। ਇਸ ਵਿਚ ਕਿਹਾ ਗਿਆ ਸੀ ਕਿ ਕੂਕੇ "ਕਸੂਤੇ ਅਤੇ ਕੁਰਾਹੇ ਪਿਆ ਸੰਪਰਦਾਇਕ ਟੋਲਾ ਹੈ" ਜਿਨ੍ਹਾਂ ਦੇ "ਦੁਰ-ਵਿਵਹਾਰ ਅਤੇ ਅੱਤਿਆਚਾਰ" ਨੇ ਸਰਕਾਰ ਦੀਆਂ ਨਜ਼ਰਾਂ ਵਿਚ ਸਿੱਖ ਕੌਮ ਦੀ ਇੱਜ਼ਤ ਤੇ ਚੋਟ ਮਾਰੀ ਹੈ, ਅਤੇ "ਸਾਡੀਆਂ (ਸਿੱਖਾਂ) ਸਰਕਾਰ ਪ੍ਰਤੀ ਸੇਵਾਵਾਂ ਤੇ, ਜਿਹੜੀਆਂ ਮਿਸਾਲ ਵਜੋਂ 1857 ਵਿਚ ਕੀਤੀਆਂ ਗਈਆਂ, ਉਪਰ ਮਿੱਟੀ ਪਾ ਦਿੱਤੀ ਗਈ ਹੈ।"

ਜੇਲ੍ਹ ਵਿਚ ਕੁਝ ਸਾਲ ਬਿਤਾਉਣ ਪਿੱਛੋਂ ਬਾਬਾ ਰਾਮ ਸਿੰਘ ਜੀ ਨੂੰ ਖੁੱਲ੍ਹ ਦਿੱਤੀ ਗਈ ਕਿ ਉਨ੍ਹਾਂ ਪਾਸ ਮੁਲਾਕਾਤੀ ਆ ਸਕਦੇ ਹਨ ਅਤੇ ਉਹ ਆਪਣੇ ਮੁਰੀਦਾਂ ਨਾਲ ਚਿੱਠੀ-ਪੱਤਰ ਵੀ ਕਰ ਸਕਦੇ ਹਨ। ਇਕ ਵਾਰ ਮੁੜ ਉਨ੍ਹਾਂ ਦੇ ਮਨ ਵਿਚ ਖ਼ਿਆਲ ਆਇਆ ਕਿ ਉਹ ਪੰਜਾਬ ਵਿਚ ਇਨਕਲਾਬ ਲਿਆ ਸਕਦੇ ਹਨ। ਉਨ੍ਹਾਂ ਦੇ ਮੁਰੀਦਾਂ ਨੂੰ 'ਸੌ ਸਾਖੀ' ਦੀਆਂ ਹੋਰ ਕਾਪੀਆਂ ਮਿਲ ਗਈਆਂ ਜਿਸ ਵਿਚ ਭਵਿੱਖਬਾਣੀ ਕੀਤੀ ਗਈ ਸੀ ਕਿ ਰੂਸ ਭਾਰਤ ਤੇ ਆਕ੍ਰਮਣ ਕਰੇਗਾ ਅਤੇ ਬਾਬਾ ਰਾਮ ਸਿੰਘ ਜੀ ਦੀ ਹਕੂਮਤ ਕਾਇਮ ਹੋ ਜਾਵੇਗੀ। ਇਹ ਦਾਅਵਾ ਆਮ ਕੀਤਾ ਗਿਆ ਕਿ ਇਹ 'ਸੌ ਸਾਖੀਆਂ' ਸਰਸਾ ਦੇ ਨੇੜੇ ਇਕ ਸਰੋਵਰ ਵਿਚੋਂ ਮਿਲੀਆਂ ਹਨ। ਲੈਫਟੀਨੈਂਟ ਗਵਰਨਰ ਦੇ ਆਦੇਸ਼ ਅਨੁਸਾਰ ਇਨ੍ਹਾਂ ਦਾ ਅਨੁਵਾਦ ਅੰਗਰੇਜ਼ੀ ਵਿਚ ਕਰਵਾਇਆ ਗਿਆ।

ਰੂਸ ਦੀ ਸਹਾਇਤਾ ਪ੍ਰਾਪਤ ਕਰਨ ਲਈ ਬਾਬਾ ਰਾਮ ਸਿੰਘ ਜੀ ਨੇ ਆਪਣਾ ਇਕ ਏਲਚੀ ਉਥੇ ਭੇਜਿਆ। ਪਰ ਇਸ ਮਿਸ਼ਨ ਦਾ ਕੋਈ ਸਿੱਟਾ ਨਾ ਨਿਕਲਿਆ। ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਆਪਣੇ ਹਾਕਮਾਂ ਵਿਰੁੱਧ ਵਿਦਰੋਹ ਕਰਨ ਲਈ ਸਿੱਖ ਤਿਆਰ ਨਹੀਂ ਸਨ। ਬਾਬਾ ਰਾਮ ਸਿੰਘ ਜੀ ਨੇ ਆਸ ਛੱਡ ਦਿੱਤੀ ਅਤੇ ਸਮਾਂ ਪਾ ਕੇ ਉਨ੍ਹਾਂ ਦੇ ਮੁਰੀਦਾਂ ਵੱਲੋਂ ਘੜੀ ਗਈ 'ਸੌ ਸਾਖੀ' ਤੋਂ ਵੀ ਭਰੋਸਾ ਉੱਡ ਗਿਆ। ਅੱਗੋਂ ਜਿਹੜੇ ਪੱਤਰ ਜੇਲ੍ਹ ਤੋਂ ਪ੍ਰਾਪਤ ਹੁੰਦੇ ਰਹੇ ਉਨ੍ਹਾਂ ਤੋਂ ਇਹ ਸਾਫ਼ ਪ੍ਰਤੀਤ ਹੁੰਦਾ ਸੀ ਕਿ ਉਹ ਆਪਣੇ-ਆਪ ਨੂੰ ਗੁਰੂ ਨਹੀਂ ਸਨ ਅਖਵਾਉਂਦੇ ਸਗੋਂ ਗੁਰੂ ਦਾ ਰਪਟੀ ਅਖਵਾਉਂਦੇ। ਕਦੇ-ਕਦੇ ਆਪਣੇ ਨਾਲ ਹੋ ਰਹੇ ਸਲੂਕ ਤੋਂ ਉਹ ਗੁੱਸੇ ਹੋ ਜਾਂਦੇ। ਉਨ੍ਹਾਂ ਗੁਰੂ ਤੋਂ ਸਹਾਇਤਾ ਲਈ ਅਰਾਧਨਾ ਕੀਤੀ (ਹੈਰਾਨੀ ਦੀ ਗੱਲ ਹੈ ਕਿ ਇਹ ਸੰਘਾਰ ਕਰਨ ਵਾਲੀ ਹਿੰਦੂ ਦੇਵੀ ਭਗਵਤੀ, ਜਗਦੰਬਾ ਦੀ ਸੀ) ਕਿ ਇਸ ਧਰਤੀ ਨੂੰ ਗਊ ਖਾਣ ਵਾਲਿਆਂ ਤੋਂ ਮੁਕਤ ਕਰਵਾਇਆ ਜਾਵੇ।

ਬਾਬਾ ਰਾਮ ਸਿੰਘ ਜੀ ਦਾ ਅਕਾਲ ਚਲਾਣਾ ਰੰਗੂਨ ਵਿਖੇ 1885 ਵਿਚ ਹੋ ਗਿਆ ਅਤੇ ਉਨ੍ਹਾਂ ਦਾ ਛੋਟਾ ਭਰਾ ਬਾਬਾ ਹਰੀ ਸਿੰਘ ਵਾਰਸ ਬਣਿਆ। ਬਾਬਾ ਹਰੀ ਸਿੰਘ ਜੀ ਨੂੰ ਭੈਣੀ

ਤੋਂ ਬਾਹਰ 21 ਸਾਲ ਤਕ ਨਹੀਂ ਜਾਣ ਦਿੱਤਾ ਗਿਆ, ਜਿੰਨਾ ਚਿਰ ਉਹ ਗੁਰੂ ਬਣੇ ਰਹੇ। ਜਦੋਂ ਉਨ੍ਹਾਂ ਦਾ ਦੇਹਾਂਤ 1906 ਵਿਚ ਹੋਇਆ ਤਾਂ ਉਨ੍ਹਾਂ ਦਾ ਪੁੱਤਰ, ਪ੍ਰਤਾਪ ਸਿੰਘ (ਦੇਹਾਂਤ 1961) ਵਾਰਸ ਬਣਿਆ ਅਤੇ ਆਪਣੀ ਵਾਰੀ ਤੇ ਵਰਤਮਾਨ ਮੁਖੀ ਜਗਜੀਤ ਸਿੰਘ ਜੀ ਵਾਰਸ ਹਨ।

ਕੂਕਿਆਂ ਦੀ ਆਬਾਦੀ ਦੇ ਕੋਈ ਭਰੋਸੋਯੋਗ ਅੰਕੜੇ ਪ੍ਰਾਪਤ ਨਹੀਂ ਹੋਏ। ਪਰ ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਆਬਾਦੀ 5-10 ਲੱਖ ਦੇ ਵਿਚਕਾਰ ਹੈ ਅਤੇ ਇਹ ਲੋਕ ਵਧੇਰੇ ਕਰਕੇ ਜੱਟ, ਰਾਮਗੜ੍ਹੀਆ, ਅਰੋੜੇ ਅਤੇ ਮਜ਼ਹਬੀ ਸਿੱਖ ਹਨ। ਇਨ੍ਹਾਂ ਦੇ ਦੋ ਕੇਂਦਰ ਹਨ, ਇਕ ਭੈਣੀ ਸਾਹਿਬ ਅਤੇ ਦੂਜਾ ਜੀਵਨ ਨਗਰ, ਸਰਸਾ ਜ਼ਿਲ੍ਹੇ ਵਿਚ ਸਰਸਾ ਦੇ ਨੇੜੇ। ਇਨ੍ਹਾਂ ਦੇ ਚਾਰ ਅਖ਼ਬਾਰ ਛਪਦੇ ਹਨ। ਗੁਰਮੁਖੀ ਵਿਚ ਛਪਣ ਵਾਲਾ ਸਪਤਾਹਿਕ 'ਸਤਿਜੁਗ' ਸਭ ਤੋਂ ਪੁਰਾਣਾ ਹੈ ਅਤੇ ਇਸ ਦੀ ਸਰਕੂਲੇਸ਼ਨ ਸਭ ਤੋਂ ਵੱਧ ਹੈ।

- ਕੂਕਿਆਂ ਦਾ ਪੰਥ ਵੱਖਰਾ ਹੈ ਅਤੇ ਇਨ੍ਹਾਂ ਦਾ ਜਨਮ-ਦਾਤੀ (ਪੇਰੇਂਟਸ) ਸਿੱਖ ਕੌਮ ਨਾਲ ਵਰਤ-ਵਰਤਾਰਾ ਘੱਟ ਹੀ ਹੈ। ਇਨ੍ਹਾਂ ਦੇ ਆਪਣੇ ਗੁਰਦੁਆਰੇ ਹਨ ਅਤੇ ਕੋਈ ਵਿਰਲਾ ਹੀ ਅਵਸਰ ਹੁੰਦਾ ਹੈ ਜਦੋਂ ਇਹ ਸਿੱਖਾਂ ਦੇ ਧਾਰਮਿਕ ਜਲੂਸਾਂ ਵਿਚ ਸ਼ਾਮਲ ਹੁੰਦੇ ਹਨ। ਉਨ੍ਹਾਂ ਦੇ ਵਿਆਹ-ਸ਼ਾਦੀਆਂ ਵੀ ਸਿੱਖਾਂ ਨਾਲ ਘੱਟ ਹੀ ਹੁੰਦੀਆਂ ਹਨ ਜਦੋਂ ਤਕ ਸੰਬੰਧਤ ਧਿਰ ਉਨ੍ਹਾਂ ਦੀ ਧਾਰਨਾ ਨਾ ਅਪਣਾ ਲਵੇ।

ਤਾਂ ਵੀ ਕੂਕੇ ਹੋਰ ਗੁਰੂ ਸਾਹਿਬਾਨ ਨਾਲੋਂ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਦੇ ਨਿਰੋਲ ਸਿਧਾਂਤ ਵਿਚ ਪੱਕਾ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਦੇ ਗੁਰਦੁਆਰੇ (ਧਰਮਸਾਲਾ) ਕਹਿਲਾਉਂਦੇ ਹਨ। ਉਨ੍ਹਾਂ ਦੀ ਪੂਜਾ ਵੀ ਬੁਤ-ਪ੍ਰਸਤੀ ਤੋਂ ਸੱਖਣੀ ਹੈ। (ਗ੍ਰੰਥ ਸਾਹਿਬ ਲਈ ਸ਼ਾਨਦਾਰ ਪਾਲਕੀ, ਰੁਮਾਲਿਆਂ ਅਤੇ ਚੌਰ ਸਾਹਿਬ ਦਾ ਅਭਾਵ ਹੈ) ਹਾਲਾਂਕਿ ਮਰਿਆਦਾ ਵਜੋਂ ਕਈ ਹਲਕਿਆਂ ਵਿਚ ਇਸ ਦਾ ਜ਼ੋਰ ਵਧੇਰੇ ਹੈ। ਕੂਕੇ ਆਪ ਵੀ ਬੜਾ ਸਾਦ-ਮੁਰਾਦਾ ਜੀਵਨ ਬਿਤਾਉਂਦੇ ਹਨ, ਕਪੜੇ ਬਹੁਤ ਸਾਦੇ ਪਾਉਂਦੇ ਅਤੇ ਵਿਹਾਰ ਵਿਚ ਵੀ ਸਖ਼ਤ ਨਿਯਮਬੱਧੀ ਕਰਦੇ ਹਨ; ਆਪਣੇ ਗੁਰਦੁਆਰਿਆਂ (ਧਰਮਸਾਲਾ) ਦੀ ਹਾਜ਼ਰੀ ਨੇਮ ਨਾਲ ਭਰਦੇ ਹਨ। ਖਾਣ ਦੀ ਵੀ ਜੋ-ਜੋ ਮਨਾਹੀ ਹੈ, ਉਸ ਦੇ ਨੇੜੇ ਨਹੀਂ ਜਾਂਦੇ। ਆਪਣੇ ਆਚਰਣ ਵੱਲ ਵੀ ਪੂਰਾ ਧਿਆਨ ਦਿੰਦੇ ਹਨ ਅਤੇ ਸੁਤੰਤਰਤਾ ਲਹਿਰ ਦੇ ਇਤਿਹਾਸ ਵਿਚ ਇਨ੍ਹਾਂ ਦੀ ਮਹੱਤਵ-ਪੂਰਣ ਥਾਂ ਹੈ। ਬਾਬਾ ਰਾਮ ਸਿੰਘ ਜੀ ਪਹਿਲੇ ਵਿਅਕਤੀ ਹਨ ਜਿਨ੍ਹਾਂ ਨਾ-ਮਿਲਵਰਤਣ ਲਹਿਰ ਦੀ ਨੀਂਹ ਰੱਖੀ ਅਤੇ ਸਵਦੇਸ਼ੀ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ।

ਅੰਗਰੇਜ਼ੀ ਵਸਤਾਂ, ਸਰਕਾਰੀ ਸਕੂਲਾਂ, ਸਰਕਾਰੀ ਅਦਾਲਤਾਂ ਅਤੇ ਡਾਕ ਸੇਵਾ ਦਾ ਬਾਈਕਾਟ ਕੀਤਾ। ਹੱਥ ਦੇ ਕੱਤੇ ਅਤੇ ਬੁਣੇ ਹੋਏ ਖੱਦਰ ਨੂੰ ਪਹਿਨਿਆ। ਜੋ ਪ੍ਰਚਾਰ ਬਾਬਾ ਰਾਮ ਸਿੰਘ ਜੀ ਨੇ 1860 ਵਿਚ ਕੀਤਾ, ਉਸ ਨੂੰ ਸੱਠਾਂ ਸਾਲਾਂ ਉਪਰੰਤ ਮਹਾਤਮਾ ਗਾਂਧੀ ਨੇ ਮੁੜ ਅਪਣਾਇਆ।

ਸਿੰਘ ਸਭਾ ਅਤੇ ਧਾਰਮਿਕ ਸੁਧਾਰ

ਪਿੱਠਭੂਮੀ : ਈਸਾਈ ਅਤੇ ਹਿੰਦੂ ਮਿਸ਼ਨਰੀ ਸਰਗਰਮੀ

ਆਮ ਸਿੱਖ ਭਾਈਚਾਰੇ ਉਪਰ ਨਿਰੰਕਾਰੀ, ਰਾਧਾ ਸੁਆਮੀ ਅਤੇ ਨਾਮਧਾਰੀ ਲਹਿਰਾਂ ਦਾ ਅਸਰ ਨਾਂ-ਮਾਤਰ ਹੀ ਰਿਹਾ। ਪਹਿਲੀ ਦਾ ਖੇਤਰ ਉੱਤਰ-ਪੱਛਮੀ ਪੰਜਾਬ ਵਿਚ ਸ਼ਹਿਰੀ ਬਰਾਦਰੀ ਤਕ ਸੀ; ਦੂਜੀ ਦਾ ਵਧੇਰੇ ਸੰਬੰਧ ਮਜ਼ਹਬੀ ਸਮੱਸਿਆਵਾਂ ਨਾਲ ਸੀ ਅਤੇ ਤੀਜੀ ਦੀ ਹੋਂਦ ਨੂੰ ਮਲੇਰਕੋਟਲਾ ਦੀ ਪਰੇਡ ਗਰਾਊਂਡ ਵਿਚ ਆਰਜ਼ੀ ਤੌਰ ਤੇ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਇਹ ਤਿੰਨੇ ਹੀ ਸੰਪਰਦਾਇਕ ਗੁੱਟਬੰਦੀ ਵਿਚ ਉਨੱਤ ਹੋਈਆਂ ਜਿਨ੍ਹਾਂ ਦਾ ਵਿਸ਼ਵਾਸ ਆਪਣੇ-ਆਪਣੇ ਗੁਰੂ ਵਿਚ ਸੀ ਅਤੇ ਆਪਣੇ ਤੌਰ ਦਾ ਹੀ ਦੀਖਿਅਤ ਵਰਗ ਦਾ ਰਹੁ-ਰੀਤ ਦਾ ਕਾਰਜ ਚਲਦਾ ਰਿਹਾ। ਜਿਹੜੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਇਨ੍ਹਾਂ ਆਪਣਾ ਉਦੇਸ਼ ਨਿਰਧਾਰਤ ਕੀਤਾ ਸੀ, ਉਹ ਉਸੇ ਤਰ੍ਹਾਂ ਬਣੀਆਂ ਰਹੀਆਂ। ਨੀਵੀਂ ਜਾਤੀ ਦੇ ਸਿੱਖਾਂ ਨਾਲ ਵਿਤਕਰੇ ਦਾ ਵਰਤਾਓ ਚਲਦਾ ਰਿਹਾ, ਅਮੀਰ ਲੋਕ ਸ਼ਰਾਬ ਦੇ ਦੌਰ ਅਤੇ ਵਿਭਚਾਰ ਦੇ ਜੀਵਨ ਵਿਚ ਵਿਚਰਦੇ ਰਹੇ। ਬ੍ਰਾਹਮਣੀ ਪ੍ਰਭਾਵ ਦਾ ਹਿੰਦੂ ਧਰਮ, ਆਪਣੇ ਦੇਵੀ-ਦੇਵਤਿਆਂ ਦੇ ਮੰਦਰਾਂ ਵਿਚ ਸੰਸਕ੍ਰਿਤ ਦੇ ਮੰਤਰ ਮੂੰਹ ਵਿਚ ਗੁਣ-ਗੁਣ ਕਰਦੇ , ਜੋਤਸ਼ੀਆਂ, ਜਨਮ-ਪੱਤਰੀਆਂ ਨੂੰ ਬਣਾਉਣ ਅਤੇ ਵਾਚਣ ਵਾਲਿਆਂ ਅਤੇ ਸ਼ਗਨ-ਅਪਸ਼ਗਨ ਵਿਚਾਰਨ ਵਾਲਿਆਂ ਵਿਚ ਵਿਸ਼ਵਾਸ ਪਹਿਲਾਂ ਵਾਂਗੂੰ ਹੀ ਚੱਲਦਾ ਰਿਹਾ। ਜਿਹੜੇ ਸਿੱਖ ਇਨ੍ਹਾਂ ਦੀ ਆਲੋਚਨਾ ਕਰਦੇ ਕਿ ਦਸ ਗੁਰੂ ਸਾਹਿਬਾਨ ਦੀ ਥਾਂ ਹੋਰ ਦੇਹਧਾਰੀ ਗੁਰੂਆਂ ਦੀ ਪੂਜਾ ਕਰਦੇ ਹਨ, ਉਹ ਵੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਵੰਸ ਦੇ ਉੱਤਰਾਧਿਕਾਰੀਆਂ ਬੇਦੀਆਂ ਅਤੇ ਸੋਢੀਆਂ ਅੱਗੇ ਮੱਥੇ ਟੇਕਦੇ ਜਾਂ ਸਾਧੂ-ਸੰਤਾਂ ਨੂੰ ਇਉਂ ਨਮਸਕਾਰ ਕਰਦੇ ਜਿਵੇਂ ਉਹ ਗੁਰੂ ਹਨ। ਜਿਵੇਂ-ਜਿਵੇਂ ਸਿੱਖਾਂ ਦੇ ਇਖ਼ਲਾਕੀ ਪੱਧਰ ਦੀ ਗਿਰਾਵਟ ਗੰਭੀਰ ਹੁੰਦੀ ਜਾਂਦੀ ਸੀ ਤਿਵੇਂ-ਤਿਵੇਂ ਹੀ ਇਨ੍ਹਾਂ ਦੀ ਸੰਖਿਆ ਵੀ ਘਟਦੀ ਜਾਂਦੀ ਸੀ। ਜਦੋਂ ਖਾਲਸਾ ਚੜ੍ਹਦੀਆਂ ਕਲਾਂ ਵਿਚ ਸੀ ਤਾਂ ਭਾਰੀ ਗਿਣਤੀ ਵਿਚ ਹਿੰਦੂ ਦਾੜ੍ਹੀ ਅਤੇ ਕੇਸ ਰੱਖਣ ਲੱਗ ਪਏ ਅਤੇ ਸਿੱਖ ਗੁਰੂ ਸਾਹਿਬਾਨ ਦੀ ਭੇਖੀ ਪੂਜਾ ਵੀ ਕਰਦੇ। ਜਦੋਂ ਪੰਜਾਬ ਦਾ ਰਾਜ ਖਾਲਸੇ ਪਾਸੋਂ ਖੁੱਸ ਗਿਆ ਤਾਂ ਅਵਸਰਵਾਦੀ ਮੁੜ ਹਿੰਦੂ ਭਾਈਚਾਰੇ ਵਿਚ ਮਿਲ ਗਏ। ਸੁੱਚੇ-ਸੁੱਚੇ ਸਿੱਖ ਪਰਿਵਾਰ ਜਿਨ੍ਹਾਂ ਨੇ ਅਜਿਹੇ ਹਿੰਦੂਆਂ ਨਾਲ ਸਮਾਜਕ ਰਿਸ਼ਤੇ-ਨਾਤੇ ਗੰਢ ਲਏ ਸਨ, ਉਹ ਵੀ ਉਨ੍ਹਾਂ ਨਾਲ ਜਾ ਮਿਲੇ ਜਾਂ ਦਾੜ੍ਹੀ-ਕੇਸ ਤੋਂ ਬਿਨਾਂ ਸਹਿਜਧਾਰੀ ਬਣ ਗਏ। ਉਹ ਸਿੱਖ ਜਿਨ੍ਹਾਂ ਦੀਆਂ ਪਹਿਲੀਆਂ ਕੁਝ ਪੀੜ੍ਹੀਆਂ ਹਿੰਦੂ ਸਨ ਅਤੇ ਹਿੰਦੂਆਂ ਨਾਲ ਸਮਾਜਕ ਸੰਬੰਧਾਂ ਨੂੰ ਤਿਲਾਂਜਲੀ ਨਹੀਂ ਦਿੱਤੀ ਸੀ, ਉਹ ਮੁੜ ਹਿੰਦੂਆਂ ਵਿਚ ਰਲ ਜਾਣ ਦੀ ਸੰਭਾਵਨਾ ਦਾ ਵਿਚਾਰਦੇ ਅਤੇ ਆਪਣੀ ਵੱਖਰੀ ਹੋਂਦ ਨੂੰ ਤਿਲਾਂਜਲੀ ਦੇ ਦਿੰਦੇ।

ਸਿੱਖਾਂ ਦੇ ਸਿਆਸੀ ਜੀਵਨ ਦੀ ਸੁਭਾਵਿਕ ਕਮਜ਼ੋਰੀ ਤੇ ਪਤਨ ਦਾ ਇਕ ਪੱਖ ਸੀ ਪਰ

ਤਿੰਨ ਹੋਰ ਸਨ : ਈਸਾਈ ਮਿਸ਼ਨਰੀਆਂ ਦੀਆਂ ਸਰਗਰਮੀਆ, ਹਿੰਦੂਆਂ ਦੇ ਨਵੇਂ ਸੰਗਠਨ, ਆਰੀਆ ਸਮਾਜ ਦਾ ਸ਼ੁੱਧੀ ਪ੍ਰਚਾਰ ਅਤੇ ਵਿਗਿਆਨਕ ਸਿਧਾਂਤ ਨਾਲ ਪ੍ਰਾਰੰਭ ਹੋਇਆ ਤਰਕਵਾਦ।

1855 ਵਿਚ ਲੁਧਿਆਣਾ ਵਿਖੇ ਅਮਰੀਕੀ ਪਾਦਰੀਆਂ ਦਾ ਮਿਸ਼ਨ ਕਾਇਮ ਕੀਤਾ ਗਿਆ। ਜਿਉਂ ਹੀ ਪੰਜਾਬ ਦਾ ਅਲਹਾਕ ਭਾਵ ਵਿਲੈ ਹੋਇਆ, ਇਸ ਨੇ ਆਪਣੀਆਂ ਸਰਗਰਮੀਆਂ ਮਾਲਵਾ ਤੋਂ ਮਾਝਾ ਤਕ ਵਧਾਂ ਲਈਆਂ; ਚਰਚ ਮਿਸ਼ਨਰੀ ਸੋਸਾਇਟੀ ਨੇ ਅੰਮ੍ਰਿਤਸਰ, ਲਾਹੌਰ ਅੰਤੇ ਪਹਾੜੀ ਜ਼ਿਲ੍ਹਿਆਂ ਅੰਦਰ ਆਪਣੇ ਕੇਂਦਰ ਖੋਲ੍ਹ ਦਿੱਤੇ। ਲੋਕਾਂ ਨੂੰ ਈਸਾਈ ਧਰਮ ਵਿਚ ਲਿਆਉਣ ਲਈ ਈਸਾ ਦੇ ਸੰਦੇਸ਼ ਦਾ ਪ੍ਰਚਾਰ ਕਰਨ ਲਈ ਸੋਸਾਇਟੀ, ਸਾਲਵਸ਼ੇਨ ਆਰਮੀ। ਮੈਥੋਡਿਸਟ, ਈਪਿਸਕੋਪਾਲੀਅਨ, ਮੋਰਾਈਅਨ ਅਤੇ ਅਨੇਕਾਂ ਰੋਮਨ ਕੈਥੋਲਿਕ ਸੰਗਠਨ ਇਕ-ਦੂਜੇ ਨਾਲ ਮੁਕਾਬਲਾ ਕਰਨ ਲੱਗੇ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਈਸਾਈ ਧਰਮ ਵਿਚ ਲਿਆਉਣ। ਅੰਗਰੇਜ਼ ਅਫ਼ਸਰ ਈਸਾਈ ਮਿਸ਼ਨਰੀਆਂ ਦੀ ਪੂਰੀ-ਪੂਰੀ ਸਹਾਇਤਾ ਕਰਦੇ। ਇਸ ਪ੍ਰਚਾਰ ਸਦਕਾ ਪੰਜਾਬ ਅੰਦਰ ਸੰਨ 1881 ਦੀ ਈਸਾਈ ਆਬਾਦੀ 3,796 ਤੋਂ ਵਧ ਕੇ 1931 ਈਸਵੀ ਵਿਚ 4,14, 788 ਹੋ ਗਈ।

ਜਦੋਂ ਮਹਾਰਾਜਾ ਦਲੀਪ ਸਿੰਘ ਨੂੰ 1853 ਵਿਚ ਈਸਾਈ ਧਰਮ ਵਿਚ ਤਬਦੀਲ ਕੀਤਾ ਗਿਆ ਤਾਂ ਈਸਾਈ ਮਿਸ਼ਨਰੀਆਂ ਦੀ ਇਹ ਬਹੁਤ ਭਾਰੀ ਜਿੱਤ ਸੀ ਪਰ ਸਿੱਖਾਂ ਵਾਸਤੇ ਬਹੁਤ ਡੂੰਘਾ ਸਦਮਾ। ਉਸੇ ਸਾਲ ਅੰਮ੍ਰਿਤਸਰ ਵਿਖੇ ਇਕ ਈਸਾਈ ਮਿਸ਼ਨਰੀ ਸਕੂਲ ਖੋਲ੍ਹਿਆ ਗਿਆ। ਜਿਵੇਂ ਕਿ ਨਵੇਂ-ਨਵੇਂ ਮੁੰਨੇ ਹੋਏ ਜੋਗੀ ਵਿਚ ਉਤਸ਼ਾਹ ਹੁੰਦਾ ਹੈ, ਜਲਾਵਤਨ ਹੋਏ ਮਹਾਰਾਜੇ ਨੇ ਵੀ ਇਸ ਦਾ ਸਮਰਥਨ ਕੀਤਾ।

ਮਹਾਰਾਜਾ ਦਲੀਪ ਸਿੰਘ ਤੋਂ ਇਲਾਵਾ ਜਿਹੜੇ ਬਹੁਤ ਸਾਰੇ ਸਿੱਖ ਪਹਿਲਾਂ ਈਸਾਈ ਧਰਮ ਧਾਰਨ ਕਰ ਗਏ ਉਹ ਅਛੂਤ ਜਾਤੀਆਂ ਵਿਚੋਂ ਸਨ। ਥੋੜ੍ਹੇ ਹੀ ਸਮੇਂ ਵਿਚ 'ਈਸਾਈ' ਸ਼ਬਦ ਤੋਂ 'ਚੂਹੜੇ' ਦਾ ਭਾਵ ਲਿਆ ਜਾਣ ਲੱਗਾ। ਅਜਿਹੀ ਹਾਲਤ ਵਿਚ ਨਵੇਂ-ਨਵੇਂ ਈਸਾਈ ਬਣੇ ਲੋਕਾਂ ਨੇ ਇਹ ਜਾਣ ਲਿਆ ਕਿ ਪਾਦਰੀ ਦੀ ਮਿਹਰਬਾਨੀ ਅਤੇ ਸੋਲਾ ਹੈਟ (ਟੋਪੀ) ਪਹਿਨ ਕੇ ਵੀ ਉਨ੍ਹਾਂ ਨਾਲੋਂ ਅਛੂਤ ਦਾ ਕਲੰਕ ਨਹੀਂ ਧੋਤਾ ਗਿਆ। ਇਸ ਤੋਂ ਉਪਰੰਤ ਨੀਵੀਆਂ ਜਾਤੀਆਂ ਤੋਂ ਧਰਮ ਤਬਦੀਲ ਕਰਨ ਦੀ ਦਰ ਘਟਦੀ ਗਈ। ਈਸਾਈ ਮਿਸ਼ਨਰੀਆਂ ਨੇ ਆਪਣਾ ਧਿਆਨ ਰੱਜੇ-ਪੁੱਜੇ ਜ਼ਿਮੀਂਦਾਰਾਂ ਅਤੇ ਖੱਤਰੀ ਜਾਤੀ ਵੱਲ ਮੋੜਿਆ। ਬਹੁਤ ਸਾਰੇ ਮੰਨੇ-ਪਰਮੰਨੇ ਪਰਿਵਾਰਾਂ ਨੇ ਈਸਾਈ ਮਤਿ ਧਾਰਨ ਕਰ ਲਿਆ। ਪੜ੍ਹੇ-ਲਿਖੇ ਰਈਸ ਪਰਿਵਾਰਾਂ ਦੇ ਈਸਾਈ ਧਰਮ ਵਿਚ ਦਾਖ਼ਲ ਹੋਣ ਨਾਲ ਸਿੱਖ ਆਗੂਆਂ ਨੂੰ ਚਿੰਤਾ ਹੋਏ ਜਿਹੜੀ ਕਿ ਅਛੂਤ ਭਰਾਵਾਂ ਜਾਂ ਮਜ਼ਹਬੀ ਸਿੱਖਾਂ ਦੇ ਧਰਮ ਤਬਦੀਲ ਕਰਨ ਨਾਲ ਨਹੀਂ ਸੀ ਹੋਈ। ਚਿੰਤਾਜਨਕ ਘਟਨਾ ਇਹ ਵਾਪਰੀ ਕਿ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ ਧਾਰਨ ਕਰਨ ਦਾ ਆਪਣਾ ਨਿਰਣਾ ਘੋਸ਼ਿਤ ਕੀਤਾ। ਇਸ ਦੇ ਪ੍ਰਤੀਕਰਮ ਵਜੋਂ ਕਈ ਇਕੱਤ੍ਰਤਾਵਾਂ ਵਿਰੋਧ ਪ੍ਰਗਟ ਕਰਨ ਲਈ ਪੰਜਾਬ ਵਿਚ ਹੋਈਆਂ। ਸਿੱਖ ਪ੍ਰਚਾਰਕਾਂ ਨੇ ਉਨ੍ਹਾਂ ਲੜਕਿਆਂ ਨਾਲ ਗੱਲ-ਬਾਤ ਕੀਤੀ ਅਤੇ ਉਨ੍ਹਾਂ ਨੂੰ ਆਪਣਾ ਜਮਾਂਧਰੂ ਧਰਮ ਤਿਆਗਣ ਤੋਂ ਰੋਕਿਆ।

ਈਸਾਈ ਮਿਸ਼ਨਰੀਆਂ ਨਾਲੋਂ ਬਹੁਤ ਗੰਭੀਰ ਚੁਣੌਤੀ ਹਿੰਦੂ ਧਰਮ ਦੇ ਪੁਨਰ-ਉੱਥਾਨ ਤੋਂ ਵਿਸ਼ੇਸ਼ ਕਰਕੇ ਆਰੀਆ ਸਮਾਜ ਤੋਂ ਹੋਈ।

ਆਰੀਆ ਸਮਾਜ ਦੀ ਸਥਾਪਨਾ ਸੁਆਮੀ ਦਇਆਨੰਦ ਸਰਸਵਤੀ (1824-83) ਨੇ

ਕੀਤੀ। ਜਿਸ ਦਾ ਉਦੇਸ਼ ਸੀ ਕਿ "ਵੈਦਿਕ ਕਾਲ ਵੱਲ ਪਰਤੋ"। ਉਨ੍ਹਾਂ ਦਾ ਮਤਿ ਸੀ ਕਿ ਵੇਦਾਂ ਵਿਚ ਇਕ ਸਰਵ-ਵਿਆਪਕ ਪਰ ਨਿਰਾਕਾਰ ਬ੍ਰਹਮ ਦਾ ਵਿਸ਼ਵਾਸ ਮੁੜ ਦੁਹਰਾਇਆ ਗਿਆ ਹੈ ਅਤੇ ਇਸ ਦੇ ਨਾਲ ਹੀ ਮਨੁੱਖਾਂ ਦੀ ਬਰਾਬਰੀ ਦੱਸੀ ਗਈ ਹੈ : ਇਸ ਲਈ ਉਹ ਮੂਰਤੀ-ਪੂਜਾ ਅਤੇ ਜਾਤੀ-ਪ੍ਰਥਾ ਦਾ ਵਿਰੋਧ ਸੀ। ਦਇਆਨੰਦ ਇਕ ਪ੍ਰਭਾਵਸ਼ਾਲੀ ਵਕਤਾ ਸੀ। ਕੁਝ ਹੀ ਵਰ੍ਹਿਆਂ ਵਿਚ ਉਸ ਦੀ ਆਵਾਜ਼ ਸਾਰੇ ਭਾਰਤ ਵਿਚ ਗੂੰਜ ਗਈ। ਉਸ ਦੀ ਮੂਰਤੀ-ਪੂਜਾ ਵਿਰੋਧੀ ਇਕ ਈਸ਼ਵਰਵਾਦ ਤੇ ਸਮਾਨਤਾਵਾਦ ਦੀ ਧਾਰਨਾ ਸਿੱਖਾਂ ਲਈ ਇਕ ਵਿਸ਼ੇਸ਼ ਅਪੀਲ ਰੱਖਦੀ ਸੀ।

1877 ਦੀਆਂ ਸਰਗਰਮੀਆਂ ਵਿਚ ਸੁਆਮੀ ਦਇਆਨੰਦ ਪੰਜਾਬ ਵਿਚ ਆਏ ਅਤੇ ਹਿੰਦੂਆਂ ਅਤੇ ਸਿੱਖਾਂ ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ। ਉਨ੍ਹਾਂ ਲਾਹੌਰ ਵਿਖੇ ਆਰੀਆ ਸਮਾਜ ਦੀ ਸ਼ਾਖਾ ਖੋਲ੍ਹੀ। ਇਸਦੀਆਂ ਸਰਗਰਮੀਆਂ ਵਿਚ ਸ਼ੁੱਧੀ ਦਾ ਮਹੱਤਵਪੂਰਨ ਭਾਗ ਸੀ। ਬਹੁਤ ਸਾਰੇ ਹਿੰਦੂ ਅਤੇ ਸਿੱਖ ਉਨ੍ਹਾਂ ਦੇ ਅਨੁਯਾਈ ਬਣ ਗਏ।

ਰਹਿਤ-ਮਰਿਆਦਾ ਵਾਲੇ ਸਿੱਖਾਂ ਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਵੇਦਾਂ ਪ੍ਰਤੀ ਸੁਆਮੀ ਦਇਆਨੰਦ ਦੀ ਧਾਰਨਾ ਉਤਨੀ ਹੀ ਕੱਟੜਤਾ ਵਾਲੀ ਸੀ ਜਿੰਨੀ ਕਿ ਮੁਸਲਮਾਨਾਂ ਦੀ ਕੁਰਾਨ ਵਿਚ। 'ਆਰੀਆ ਸਮਾਚਾਰ' ਵਿਚ ਹੇਠ ਲਿਖੀਆਂ ਸਤਰਾਂ ਪ੍ਰਕਾਸ਼ਿਤ ਕੀਤੀਆਂ ਗਈਆਂ :

ਨਾਨਕ ਸ਼ਾਹ ਫਕੀਰ ਨੇ ਨਇਆ ਚਲਾਇਆ ਪੰਥ।
ਇਧਰ ਉਧਰ ਸੇ ਜੋੜਕਰ ਲਿਖ ਮਾਰਾ ਇਕ ਗ੍ਰੰਥ।
ਪਹਿਲੇ ਚੇਲੇ ਕਰ ਲੀਏ ਪੀਛੇ ਬਦਲਾ ਭੇਸ।
ਸਿਰ ਪਰ ਸਾਫਾ ਬਾਂਧ ਕੇ ਰਖ ਲੀਨੇ ਸਬ ਕੇਸ।

ਉਨ੍ਹਾਂ ਵਾਸਤੇ ਗ੍ਰੰਥ ਸਾਹਿਬ ਘੱਟ ਮਹੱਤਵ ਦੀ ਪੁਸਤਕ ਸੀ ਅਤੇ ਸਿੱਖ ਗੁਰੂ ਵਿਦਵਾਨ ਨਹੀਂ ਸਨ। ਗੁਰੂ ਨਾਨਕ ਨੂੰ ਤਾਂ ਉਨ੍ਹਾਂ ਦੰਭੀ ਆਖਿਆ। ਸੁਆਮੀ ਦਇਆਨੰਦ ਲਈ ਸਿੱਖ ਪ੍ਰਚਾਰਕਾਂ ਅਤੇ ਗ੍ਰੰਥੀਆਂ ਪ੍ਰਤੀ ਘਿਰਣਾ ਦਾ ਰਿਸ਼ਤਾ ਸੀ, ਕਿਉਂਕਿ ਉਹ ਸੰਸਕ੍ਰਿਤ ਤੋਂ ਅਗਿਆਤ ਸਨ। ਜਿਹੜਾ ਕੋਈ ਵੀ ਉਨ੍ਹਾਂ ਦੇ ਮਾਪ-ਦੰਡ ਤੇ ਪੂਰਾ ਨਾ ਉਤਰਦਾ, ਉਸ ਨੂੰ ਉਹ ਮਹਾਂ-ਮੂਰਖ ਕਹਿ ਕੇ ਤ੍ਰਿਸਕਾਰਦੇ। ਸੁਆਮੀ ਦਇਆਨੰਦ ਨੇ ਸੁਰ ਬੰਨ੍ਹੀ ਅਤੇ ਜੋਸ਼ੀਲੇ ਪ੍ਰਸ਼ੰਸਕ ਤਾਨ ਅਲਾਪਣ ਲੱਗੇ।

ਸਿੱਖ, ਸੁਆਮੀ ਦਇਆਨੰਦ ਦੇ ਵਿਰੋਧੀ ਹੋ ਗਏ। ਸਗੋਂ ਉਨ੍ਹਾਂ ਮੁਸਲਮਾਨਾਂ ਅਤੇ ਈਸਾਈਆਂ ਨਾਲ ਮਿਲ ਕੇ ਸੁਆਮੀ ਦਇਆਨੰਦ ਦੀ ਪੁਸਤਕ 'ਸਤਿਆਰਥ ਪ੍ਰਕਾਸ਼' ਤੇ ਰੋਕ ਲਾਉਣ ਦੀ ਮੰਗ ਕੀਤੀ ਕਿਉਂਕਿ ਉਸ ਵਿਚ ਉਨ੍ਹਾਂ ਦੇ ਤਿੰਨਾਂ ਧਰਮਾਂ ਦੇ ਪੈਗੰਬਰਾਂ ਦੀ ਨਿੰਦਾ ਕੀਤੀ ਗਈ ਸੀ।

ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਸਰਗਰਮੀਆਂ ਤੋਂ ਇਲਾਵਾ ਤਬਦੀਲੀ ਦੇ ਹੋਰ ਬੁੱਲੇ ਸੂਬੇ ਦੇ ਪਾਰੋਂ ਵੀ ਆਏ। ਬੰਗਾਲੀ ਬੁਧੀਜੀਵੀਆਂ ਦੇ ਦਲ ਆਏ ਜਿਹੜੇ ਰਾਜਾ ਰਾਮ ਮੋਹਨ ਰਾਏ (1771-1833) ਦੇ ਉਦਾਰਵਾਦੀ ਹਿੰਦੂ ਧਾਰਨਾ ਦਾ ਉਪਦੇਸ਼ ਲੈ ਕੇ ਆਏ। ਉਨ੍ਹਾਂ ਲਾਹੌਰ ਵਿਚ ਇਕ ਸ਼ਾਖਾ ਖੋਲ੍ਹੀ ਅਤੇ ਇਕ ਪਤਵੰਤੇ ਸਿੱਖ ਦਿਆਲ ਸਿੰਘ ਮਜੀਠੀਆ ਨੂੰ ਪ੍ਰਵਰਤਿਤ ਕਰ ਲਿਆ। ਦਿਆਲ ਸਿੰਘ ਮਜੀਠੀਆ (ਮ੍ਰਿਤੂ 1898) ਦਾ ਪਿਤਾ ਪ੍ਰਸਿੱਧ ਲਹਿਣਾ ਸਿੰਘ ਸੀ, ਜਿਹੜਾ ਮਹਾਰਾਜਾ ਰਣਜੀਤ ਸਿੰਘ ਦਾ ਮੰਤਰੀ ਸੀ। ਉਹ ਇੰਡੀਅਨ ਐਸੋਸੀਏਸ਼ਨ ਦਾ ਪ੍ਰਧਾਨ ਬਣਿਆ। ਜਿਹੜੀ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸੰਬੰਧਤ ਸੀ। ਉਸ 'ਟ੍ਰਿਬਿਊਨ' ਅਖ਼ਬਾਰ ਲਈ ਮਾਇਆ ਜੁਟਾਈ ਅਤੇ ਇਕ

ਟਰੱਸਟ ਕਾਇਮ ਕੀਤਾ ਜਿਸ ਨੇ ਦਿਆਲ ਸਿੰਘ ਕਾਲਜ ਅਤੇ ਪਬਲਿਕ ਲਾਇਬਰੇਰੀ ਲਾਹੌਰ ਵਿਖੇ ਕਾਇਮ ਕੀਤੀ। 'ਟ੍ਰਿਬਿਊਨ' ਦਾ ਪ੍ਰਕਾਸ਼ਨ 1881 ਵਿਚ ਆਰੰਭ ਹੋਇਆ।

ਥੀਓਸੋਫੀ ਦੇ ਵਿਦਵਾਨਾਂ, ਜਿਨ੍ਹਾਂ ਵਿਚ ਡਾ. ਐਨੀ ਬੇਸੈਂਟ ਵੀ ਸ਼ਾਮਲ ਸੀ, ਨੇ ਪੰਜਾਬ ਅੰਦਰ ਭਾਸ਼ਣ ਦਿਤੇ। ਮੈਕਸਮੂਲਰ ਸਰ ਐਡਵਰਡ ਆਰਨੋਲਡ ਅਤੇ ਡਾ. ਮੋਨੀਆਰ ਵਿਲੀਅਮਜ਼ ਦੀਆਂ ਰਚਨਾਵਾਂ ਦੇ ਪ੍ਰਕਾਸ਼ਨ ਨਾਲ ਭਾਰਤ ਅਤੇ ਹਿੰਦੂ ਧਰਮ ਵਿਚ ਦਿਲਚਸਪੀ ਵਧੀ ਅਤੇ ਇਸ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਬਾਰੇ ਹੋਰ ਵੀ ਪ੍ਰਕਾਸ਼ਨ ਅੱਗੇ ਆਏ। ਪਰ ਸਿੱਖ ਇਸ ਹੰਭਲੇ ਵਿਚ ਵੀ ਮੰਦਭਾਗੇ ਰਹੇ ਕਿਉਂਕਿ ਯੋਰਪੀ ਵਿਆਖਿਆਕਾਰ ਨਿਆਂ ਨਾ ਕਰ ਸਕੇ। ਇੰਡੀਆ ਆਫ਼ਿਸ (ਲੰਦਨ) ਨੇ ਇਕ ਜਰਮਨੀ ਦੇ ਭਾਸ਼ਾ ਵਿਗਿਆਨੀ ਡਾ. ਅਰਨੇਸਟ ਟ੍ਰੰਪ ਨੂੰ ਗ੍ਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਲਈ ਨਿਯੁਕਤ ਕੀਤਾ। ਉਸ ਨੇ ਕੁਝ ਪੰਨਿਆਂ ਦੇ ਅਨੁਵਾਦ ਦਾ ਯਤਨ ਕੀਤਾ ਅਤੇ ਅੱਗੋਂ ਦੇ ਅਨੁਵਾਦ ਨੂੰ ਤਿਲਾਂਜਲੀ ਦਿੱਤੀ। ਕਿਉਂਕਿ ਬਾਣੀ ਦੀ ਭਾਸ਼ਾ ਸੰਸਕ੍ਰਿਤ ਵਿਆਕਰਣ ਅਨੁਸਾਰ ਨਹੀਂ ਸੀ ਅਤੇ ਸਿੱਖ ਧਾਰਮਿਕ ਪ੍ਰਚਾਰਕਾਂ ਨੇ ਉਸ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ। ਜਦੋਂ ਟ੍ਰੰਪ ਦਾ ਅਨੁਵਾਦ ਛੋਟੇ ਆਕਾਰ ਵਿਚ ਛਪਿਆ ਤਾਂ ਉਸ ਨਾਲ ਘੋਰ ਨਿਰਾਸ਼ਾ ਹੋਈ। ਆਪਣੇ ਮੁੱਖਬੰਦ ਵਿਚ ਉਸ ਨੇ ਗ੍ਰੰਥ ਸਾਹਿਬ ਦੇ ਮੂਲ ਰੂਪ (ਟੈਕਸਟ) ਸੰਬੰਧੀ ਅਯੋਗ ਟਿੱਪਣੀ ਕੀਤੀ। ਉਸ ਦਾ ਅਨੁਵਾਦ ਗ਼ਲਤ, ਮੰਦਬੁੱਧ ਅਤੇ ਨੀਰਸ ਸੀ। ਪਰ ਸਿੱਖ ਆਪਣੇ-ਆਪ ਤੋਂ ਬਿਨਾਂ ਹੋਰ ਕਿਸ ਨੂੰ ਕਸੂਰਵਾਰ ਗਿਣਦੇ ?

ਸਾਹਿਤਕ ਅਤੇ ਵਿਦਿਅਕ ਲਹਿਰ ਨੇ ਜ਼ੋਰ ਫੜਿਆ। 1870 ਅਤੇ 1880 ਵਿਚ ਓਰੀਐਂਟਲ ਕਾਲਜ, ਵਿਸ਼ਵ ਵਿਦਿਆਲਾ ਪੁਸਤਕਾਲਿਆ ਅਤੇ ਇਕ ਮੈਡੀਕਲ ਕਾਲਜ ਪੰਜਾਬ ਵਿਚ ਕਾਇਮ ਕੀਤੇ ਗਏ। ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੇ-ਆਪਣੇ ਸਕੂਲ ਅਤੇ ਕਾਲਜ ਖੋਲ੍ਹੇ ਪਰ ਕੇਵਲ ਸਿੱਖ ਇਸ ਲਹਿਰ ਵਿਚ ਪੱਛੜੇ ਰਹੇ।

ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਿੰਘ ਸਭਾਵਾਂ

ਆਰੀਆ ਸਮਾਜ ਦੇ ਕਾਇਮ ਹੋਣ ਤੋਂ ਚਾਰ ਸਾਲ ਪਹਿਲਾਂ ਅੰਮ੍ਰਿਤਸਰ ਦੇ ਸਿੱਖ ਪਤਵੰਤਿਆਂ ਨੇ ਇਕ ਇਕੱਠ ਕੀਤਾ ਤਾਂ ਜੋ ਹਿੰਦੂ ਭਾਸ਼ਣਕਾਰਾਂ ਦੇ ਭਾਸ਼ਣਾਂ ਵਿਰੁੱਧ ਰੋਸ ਪ੍ਰਗਟ ਕਰ ਸਕਣ, ਜਿਨ੍ਹਾਂ ਵਿਚ ਸਿੱਖ ਗੁਰੂ ਸਾਹਿਬਾਨ ਦੀ ਸ਼ਾਨ ਵਿਰੁੱਧ ਟਿੱਪਣੀ ਕੀਤੀ ਗਈ ਸੀ। ਇਹ ਰੋਸ ਇਕੱਤ੍ਰਤਾਵਾਂ ਜਿਸ ਸਭਾ ਵੱਲੋਂ ਬੁਲਾਈਆਂ ਜਾ ਰਹੀਆਂ ਸਨ, ਉਹ ਆਪਣੇ-ਆਪ ਨੂੰ ਸਿੰਘ ਸਭਾ ਦੱਸਦੀ ਸੀ। ਇਸ ਸੰਗਠਨ ਨੂੰ ਅਮੀਰਾਂ, ਜਗੀਰਦਾਰਾਂ ਅਤੇ ਸਨਾਤਨੀ ਸਿੱਖਾਂ ਦੀ ਹਮਾਇਤ ਹਾਸਲ ਸੀ। ਇਸ ਸਭਾ ਦਾ ਉਦੇਸ਼ ਸੀ ਗੁਰੂ ਸਾਹਿਬਾਨ ਦੀ ਸਿੱਖਿਆ ਦਾ ਪ੍ਰਚਾਰ, ਪੰਜਾਬ ਵਿਚ ਧਾਰਮਿਕ ਸਾਹਿਤ ਪ੍ਰਕਾਸ਼ਿਤ ਕਰਨਾ ਅਤੇ ਅਨਪੜ੍ਹਤਾ ਵਿਰੁੱਧ ਮੁਹਿੰਮ ਚਲਾਉਣਾ। ਮੋਢੀਆਂ ਨੇ ਯਤਨ ਕੀਤਾ ਕਿ "ਅੰਗਰੇਜ਼ ਜਿਹੜੇ ਉੱਚੇ ਪਦਾਂ ਤੇ ਸਨ, ਉਹ ਵੀ ਦਿਲਚਸਪੀ ਲੈਣ ਅਤੇ ਸਿੰਘ ਸਭਾ ਦੇ ਵਿਦਿਅਕ ਪ੍ਰੋਗਰਾਮਾਂ ਵਿਚ ਆਪਣਾ ਹਿੱਸਾ ਪਾਉਣ ਦਾ ਵਿਸ਼ਵਾਸ ਦਿਵਾਉਣ।" ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਕਰਨ ਲਈ ਸਭਾ ਨੇ ਨਿਸ਼ਚਾ ਕੀਤਾ ਕਿ "ਤਾਜ ਪ੍ਰਤੀ ਵਫ਼ਾਦਾਰੀ ਦੀ ਭਾਵਨਾ ਜਗਾਈ ਜਾਵੇਗੀ।" ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਠਾਕਰ ਸਿੰਘ ਸੰਧਾਂਵਾਲੀਆ ਅਤੇ ਗਿਆਨੀ ਗਿਆਨ ਸਿੰਘ ਸਕੱਤਰ ਸਨ। ਸਰਕਾਰ ਨੇ ਇਸ ਸੰਗਠਨ ਦੇ ਵਿਦਿਅਕ ਪ੍ਰੋਗਰਾਮ ਨੂੰ ਸਰਪ੍ਰਸਤੀ ਪਰਦਾਨ ਕੀਤੀ।

1879 ਵਿਚ ਇਕ ਹੋਰ ਸਿੰਘ ਸਭਾ ਲਾਹੌਰ ਵਿਖੇ ਕਾਇਮ ਕੀਤੀ ਗਈ। ਇਸ ਸਭਾ

ਦੇ ਆਗੂ ਮੱਧ ਵਰਗ ਦੇ ਵਿਦਵਾਨ ਅਤੇ ਜੋਸ਼ੀਲੇ ਸਿੱਖ ਸਨ। ਪੰਜਾਬ ਦੇ ਗਵਰਨਰ, ਮਿਸਟਰ ਰਾਬਰਟ ਈਗਰਟਨ ਨੇ ਇਸ ਦਾ ਸਰਪ੍ਰਸਤ ਬਣਨਾ ਸਵੀਕਾਰ ਕਰ ਲਿਆ ਅਤੇ ਵਾਇਸਰਾਏ ਲਾਰਡ ਲਾਨਸਡੂਨ ਨੂੰ ਰਾਜ਼ੀ ਕਰ ਲਿਆ ਕਿ ਉਹ ਹਮਾਇਤ ਦਾ ਹੱਥ ਵਧਾਏ। ਲਾਹੌਰ ਸਿੰਘ ਸਭਾ ਨੇ ਕਈ ਸ਼ਹਿਰਾਂ ਵਿਚ ਸ਼ਾਖਾਵਾਂ ਕਾਇਮ ਕੀਤੀਆਂ, ਪਿੰਡ-ਪਿੰਡ ਪ੍ਰਚਾਰਕਾਂ ਨੂੰ ਭੇਜਿਆ, ਸਿੱਖ ਰਜਮੈਂਟਾਂ ਨਾਲ ਸੰਪਰਕ ਕਾਇਮ ਕੀਤਾ ਅਤੇ ਪੰਜਾਬੀ ਵਿਚ ਪੱਤਰ ਪ੍ਰਕਾਸ਼ਿਤ ਕਰਨੇ ਆਰੰਭ ਕੀਤੇ।

1883 ਵਿਚ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਦੋਵੇਂ ਸਿੰਘ ਸਭਾਵਾਂ ਮਿਲ ਗਈਆਂ, ਪਰ ਸਾਂਝ ਅਸਫਲ ਹੋਈ। ਅੰਮ੍ਰਿਤਸਰ ਸਭਾ ਕੁਝ ਸੁਖ-ਰਹਿਣੇ ਤੇ ਪੁਰਾਣੇ ਖ਼ਿਆਲਾਂ ਦੇ ਟੋਲੇ ਨੇ ਕਾਇਮ ਕੀਤੀ ਸੀ ਅਤੇ ਇਸ 'ਤੇ ਖੇਮ ਸਿੰਘ ਬੇਦੀ ਜਿਹੇ ਵਿਅਕਤੀਆਂ ਦਾ ਜ਼ੋਰ ਸੀ, ਜਿਹੜਾ ਗੁਰੂ ਨਾਨਕ ਦੀ ਵੰਸ਼ ਵਿਚੋਂ ਹੋਣ ਕਰਕੇ ਅਜਿਹੇ ਸਤਿਕਾਰ ਦਾ ਇੱਛਕ ਸੀ, ਜਿਹੋ ਜਿਹਾ ਗੁਰੂ ਦਾ ਹੁੰਦਾ ਹੈ। ਲਾਹੌਰ ਦਾ ਜੁਟ ਗਰਮ-ਦਲੀਆਂ, ਭਾਵ ਬੁਨਿਆਦੀ ਤਬਦੀਲੀਆਂ ਲਿਆਉਣ ਵਾਲਾ ਸੀ। ਉਹ 'ਗੁਰੂਡਮ' ਦਾ ਸਖ਼ਤ ਵਿਰੋਧੀ ਸੀ। ਇਨ੍ਹਾਂ ਦੋਹਾਂ ਜੁਟਾਂ ਦਾ ਇਸ ਗੱਲ ਤੇ ਝਗੜਾ ਹੋਇਆ ਕਿ ਗੁਰਦੁਆਰਿਆਂ ਅੰਦਰ ਮਜ਼ਹਬੀ ਸਿੱਖਾਂ ਦਾ ਧਾਰਮਿਕ ਰਹੁ-ਰੀਤ ਵਿਚ ਕੀ ਹੱਕ ਹੈ? ਪੁਰਾਣੇ ਖ਼ਿਆਲਾਂ ਦੇ ਸਿੱਖ ਮਹੰਤਾਂ ਨਾਲ ਸਹਿਮਤ ਸਨ ਕਿ ਅਛੂਤ ਸਿੱਖ ਕੇਵਲ ਨਿਰਧਾਰਤ ਸਮੇਂ ਅੰਦਰ ਹੀ ਅੰਦਰ ਦਾਖ਼ਲ ਹੋ ਸਕਦੇ ਹਨ ਪਰ ਉਹ ਕੋਈ ਚੜ੍ਹਾਵਾ ਨਹੀਂ ਲਿਆਉਣਗੇ। ਇਸ ਚਰਚਾ ਨੇ ਲੜਾਈ-ਝਗੜੇ ਦਾ ਰੂਪ ਧਾਰ ਲਿਆ। ਪੁਰਾਣੇ ਖ਼ਿਆਲ ਵਾਲਿਆਂ ਨੇ ਆਪਣੇ-ਆਪ ਨੂੰ ਲਹਿਰ ਤੋਂ ਵੱਖ ਕਰ ਲਿਆ ਅਤੇ ਉਪਰੰਤ ਖੁੱਲ੍ਹੇ ਤੌਰ ਤੇ ਦੁਸ਼ਮਣੀ ਹੋ ਗਈ।

ਆਰੀਆ ਸਮਾਜ ਦੇ ਜਲਦੀ-ਜਲਦੀ ਹੋਏ ਪਸਾਰ ਅਤੇ ਇਸ ਦੇ ਆਗੂਆਂ ਦੇ ਸਿੱਖੀ-ਵਿਰੋਧੀ ਝੁਕਾਅ ਨੇ ਸਿੰਘ ਸਭਾ ਲਹਿਰ ਲਈ ਚੁਣੌਤੀ ਦਾ ਰੂਪ ਧਾਰ ਲਿਆ।

ਦੋਵੇਂ ਸਿੰਘ ਸਭਾਵਾਂ ਮੁੜ ਇਕੱਠੀਆਂ ਹੋ ਗਈਆਂ ਅਤੇ ਆਪਣਾ ਕਾਲਜ ਖੋਲ੍ਹਣ ਲਈ ਆਪਣੇ ਯਤਨ ਦੁਗਣੇ ਕੀਤੇ। ਲਾਹੌਰ ਵਿਚ ਹੋਏ ਇਕ ਭਾਰੀ ਇਕੱਠ ਵਿਚ ਇਕ ਯੋਜਨਾ ਤਿਆਰ ਕੀਤੀ, ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਇਕ ਹੁਕਮਨਾਮਾ ਜਾਰੀ ਕੀਤਾ ਜਿਸ ਵਿਚ ਸਿੱਖਾਂ ਨੂੰ ਕਾਲਜ ਦੀ ਉਸਾਰੀ ਲਈ 'ਦਸਵੰਧ' ਦੇਣ ਲਈ ਕਿਹਾ ਗਿਆ। ਅੰਗਰੇਜ਼ਾਂ ਦੇ ਹਾਮੀਆਂ ਨੇ ਲੰਦਨ ਵਿਚ ਇਕ ਕਮੇਟੀ ਬਣਾਈ ਤਾਂ ਜੋ ਇਸ ਰਾਏ ਅਤੇ ਕਮਾਂਡਰ-ਇਨ-ਚੀਫ਼ ਦੀ ਪ੍ਰੇਰਨਾ ਸਦਕਾ ਸਿੱਖ ਰਾਜਿਆਂ ਨੇ ਦਿਲ ਖੋਲ੍ਹ ਕੇ ਮਾਇਆ ਦਿੱਤੀ। ਐਂਗਲੋ-ਇੰਡੀਅਨ ਅਖ਼ਬਾਰ 'ਸਿਵਿਲ ਐਂਡ ਮਿਲਟਰੀ ਗਜ਼ਟ' ਨੇ ਇਸ ਕਾਰਜ ਦੀ ਖ਼ੂਬ ਹਮਾਇਤ ਕੀਤੀ। ਸਾਰੇ ਸੂਬੇ ਤੋਂ ਪੈਸੇ ਦੀ ਵਰਖਾ ਹੋਣ ਲੱਗੀ। ਮਾਰਚ 5, 1892 ਨੂੰ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਜੇਮਜ਼ ਲਾਇਲ, ਜਿਸ ਇਸ ਕਾਰਜ ਵਿਚ ਨਿੱਜੀ ਦਿਲਚਸਪੀ ਵਿਖਾਈ ਸੀ, ਨੇ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦਾ ਨੀਂਹ-ਪੱਥਰ ਰਖਿਆ।

ਇਹ ਵੀ ਹੋਣਾ ਸੀ ਕਿ ਸਿੰਘ ਸਭਾ ਜਿਹਾ ਸੰਗਠਨ ਜਿਸਦੀਆਂ ਬਹੁ-ਪੱਖੀ ਸਰਗਰਮੀਆਂ ਸਨ, ਉਹ ਆਪਣੀ ਸਿਆਸਤ ਦਾ ਵੀ ਵਿਕਾਸ ਕਰੇ। ਇਸ ਦੇ ਫਲਸਰੂਪ 1902 ਵਿਚ ਚੀਫ਼ ਖ਼ਾਲਸਾ ਦੀਵਾਨ ਹੋਂਦ ਵਿਚ ਆਇਆ ਜਿਸ ਤਾਜ ਪ੍ਰਤੀ ਵਫ਼ਾਦਾਰੀ ਜਗਾਉਣ ਦਾ, ਸਿੱਖ ਹੱਕਾਂ ਦੀ ਰਾਖੀ ਦਾ, ਨਾਲੋ-ਨਾਲ ਹੋਰ ਬਰਾਦਰੀ ਦਾ, ਸਰਵਿਸਿਜ਼ ਵਿਚ, ਵਿਸ਼ੇਸ਼ ਕਰਕੇ ਸੈਨਾ ਵਿਚ, ਸਿੱਖਾਂ ਦੀ ਉਚਿਤ ਪ੍ਰਤੀਨਿਧਤਾ ਲਈ ਜੱਦੋਜਹਿਦ ਦਾ, ਬਚਨ ਲਿਆ। ਲਗਭਗ ਇਸ ਦੀ ਹੋਂਦ ਤੋਂ ਹੀ ਇਸ ਦਾ ਸਭ ਤੋਂ ਵੱਧ ਸਰਗਰਮ ਆਗੂ ਸੁੰਦਰ ਸਿੰਘ ਮਜੀਠੀਆ ਰਿਹਾ।

ਸਿੰਘ ਸਭਾ ਲਹਿਰ ਦੇ ਮਹੱਤਵਪੂਰਨ ਪੱਖ ਸਨ ਵਿਦਿਅਕ ਅਤੇ ਸਾਹਿਤਕ। 1908 ਤੋਂ ਉਪਰੰਤ ਹਰ ਸਾਲ ਵਿਦਿਅਕ ਕਾਨਫਰੰਸ ਹੋਣ ਲੱਗੀ ਤਾਂ ਜੋ ਕੌਮ ਅੰਦਰ ਹੋਈ ਵਿਦਿਅਕ ਉੱਨਤੀ ਦਾ ਲੇਖਾ-ਜੋਖਾ ਕੀਤਾ ਜਾਵੇ ਅਤੇ ਹੋਰ ਸਕੂਲ ਖੋਲ੍ਹਣ ਲਈ ਮਾਇਆ ਇਕੱਤਰ ਕੀਤੀ ਜਾਵੇ। ਇਨ੍ਹਾਂ ਖਾਲਸਾ ਸਕੂਲਾਂ ਵਿਚ ਗੁਰਮੁਖੀ (ਪੰਜਾਬੀ) ਅਤੇ ਗੁਰਬਾਣੀ ਦੀ ਪੜ੍ਹਾਈ ਲਾਜ਼ਮੀ ਸੀ।

ਵਿਦਿਆ ਲਈ ਕੀਤੇ ਯਤਨ ਅਤੇ ਪ੍ਰੋਤਸਾਹਨ ਸਦਕਾ ਪੁਸਤਕਾਂ, ਪੱਤਰ, ਟਰੈਕਟ ਅਤੇ ਸਮਾਚਾਰ ਪੱਤਰ ਪ੍ਰਕਾਸ਼ਿਤ ਹੋਣ ਲੱਗੇ। ਪੰਜਾਬੀ ਪੱਤਰਕਾਰੀ ਵਿਚ ਮੁੱਢਲਾ ਯਤਨ 'ਖਾਲਸਾ ਅਖ਼ਬਾਰ' ਸੀ। 1899 ਵਿਚ 'ਖਾਲਸਾ ਸਮਾਚਾਰ' ਦੀ ਬੁਨਿਆਦ ਰੱਖੀ ਗਈ ਅਤੇ ਇਹ ਕੌਮ ਦਾ ਸਿਰਕੱਢ ਧਾਰਮਿਕ ਪੱਤਰ ਬਣ ਗਿਆ। ਭਾਈ ਵੀਰ ਸਿੰਘ ਦੇ ਸੰਪਾਦਨ ਸਦਕਾ ਇਸ ਦੀ ਸਰਕੂਲੇਸ਼ਨ ਵਧੀ, ਕਿਉਂਕਿ ਉਹ ਨਾਵਲਕਾਰ, ਕਵੀ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਸਨ। ਭਾਈ ਵੀਰ ਸਿੰਘ ਨੇ ਖਾਲਸਾ ਟਰੈਕਟ ਸੁਸਾਇਟੀ ਚਾਲੂ ਕੀਤੀ ਅਤੇ ਸਿੱਖ ਇਤਿਹਾਸ ਅਤੇ ਧਰਮ ਦੇ ਵੱਖ-ਵੱਖ ਪੱਖਾਂ ਤੇ ਸਾਹਿਤ ਪ੍ਰਕਾਸ਼ਿਤ ਕੀਤਾ।

ਗੁਰਮੁਖੀ ਅਤੇ ਅੰਗਰੇਜ਼ੀ ਵਿਚ ਸਿੱਖ ਧਰਮ ਬਾਰੇ ਅਣਗਿਣਤ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।

ਗੁਰਮੁਖੀ ਵਿਚ ਗਿਆਨੀ ਗਿਆਨ ਸਿੰਘ ਦਾ 'ਪੰਥ ਪ੍ਰਕਾਸ਼' ਅਤੇ 'ਤਵਾਰੀਖ਼ ਗੁਰੂ ਖਾਲਸਾ' ਅਤੇ ਭਾਈ ਕਾਨ੍ਹ ਸਿੰਘ ਨਾਭਾ ਦਾ ਵੱਡ-ਆਕਾਰੀ 'ਗੁਰਸ਼ਬਦ ਰਤਨਾਕਰ ਮਹਾਨ-ਕੋਸ਼' ਦੀਰਘ ਵਿਲੱਖਣਤਾ ਵਾਲੇ ਸਨ। ਇਸ ਸਮੇਂ ਵਿਚ ਹੀ ਐਮ.ਏ. ਮੈਕਾਲਿਫ਼ ਦੀ ਮਹਾਨ ਰਚਨਾ ਦਾ ਪ੍ਰਕਾਸ਼ਨ ਹੋਇਆ ਜਿਸ ਵਿਚ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖਿਆ ਦਾ ਵਰਨਣ ਕੀਤਾ ਗਿਆ ਸੀ।

ਸਿੰਘ ਸਭਾ ਲਹਿਰ ਨੇ ਨਾ ਕੇਵਲ ਸਿੱਖਾਂ ਨੂੰ ਹਿੰਦੂ ਧਰਮ ਵਿਚ ਤਬਦੀਲ ਹੋਣੋਂ ਰੋਕ ਪਾਈ ਸਗੋਂ ਹਿੰਦੂ ਕੈਂਪਾਂ ਵਿਚ ਸਿੱਖੀ ਧਾਰਨਾ ਦੀਆਂ ਸਰਗਰਮੀਆਂ ਤੇਜ਼ ਕਰਕੇ ਬਦਲਾ ਵੀ ਲਿਆ। ਉੱਤਰ ਅਤੇ ਪੱਛਮੀ ਪੰਜਾਬ ਅਤੇ ਸਿੰਧ ਦੇ ਬਹੁਤ ਸਾਰੇ ਹਿੰਦੂ ਸਹਿਜਧਾਰੀ ਸਿੱਖ ਬਣ ਗਏ। ਸਹਿਜਧਾਰੀਆਂ ਨੂੰ 'ਅੰਮ੍ਰਿਤਪਾਨ' ਕਰਵਾ ਕੇ ਸਿੰਘ ਸਜਾਇਆ ਗਿਆ।

ਪੰਜਾਬ ਵਿਚ ਆਰੀਆ ਸਮਾਜ ਦੇ ਪ੍ਰਚਾਰ ਅਤੇ ਪਸਾਰ ਨੇ ਸੂਬੇ ਅੰਦਰ ਹਿੰਦੂ-ਸਿੱਖ ਸੰਬੰਧਾਂ ਅਤੇ ਅੰਗਰੇਜ਼-ਵਿਰੋਧੀ ਸਿਆਸੀ ਲਹਿਰਾਂ ਨੇ ਨਿਰਨਾਇਕ ਅਸਰ ਪਾਇਆ। ਆਰੀਆ ਸਮਾਜ ਵੱਲੋਂ ਚਲਾਈ ਗਈ ਸ਼ੁੱਧੀ ਦਾ ਸਿੱਖਾਂ ਨੇ ਡਟਵਾਂ ਵਿਰੋਧ ਕੀਤਾ। ਸਮਾਜੀਆਂ ਵੱਲੋਂ ਜਿੰਨੇ ਜ਼ੋਰ ਦਾ ਦਾਅਵਾ ਕੀਤਾ ਜਾਂਦਾ ਕਿ ਸਿੱਖ ਧਰਮ ਹਿੰਦੂ ਧਰਮ ਦੀ ਇਕ ਸ਼ਾਖ ਹੈ, ਉਸ ਤੋਂ ਵੱਧ ਜ਼ੋਰ ਨਾਲ ਸਿੱਖ ਆਪਣੀ ਵੱਖਰੀ ਕੌਮ ਹੋਣ ਦਾ ਹੱਠ ਜਤਲਾਉਂਦੇ। ਇਸ ਕਰਮ ਅਤੇ ਪ੍ਰਤੀਕਰਮ ਦਾ ਫਲ ਇਹ ਹੋਇਆ ਕਿ ਗੂੜ੍ਹੇ ਸਮਾਜਿਕ ਸੰਬੰਧ ਟੁੱਟ ਗਏ ਜਿਹੜੇ ਇਹ ਦੋ ਭੈਣਾਂ ਵਰਗੀਆਂ ਕੌਮਾਂ ਵਿਚ ਸਨ। ਇਸ ਭਾਵਨਾ ਦਾ ਪ੍ਰਗਟਾਵਾ ਉਸ ਪੁਸਤਕ ਦਾ ਪ੍ਰਕਾਸ਼ਨ ਸੀ, ਜਿਸ ਦਾ ਸਿਰਲੇਖ ਸੀ, 'ਹਮ ਹਿੰਦੂ ਨਹੀਂ ਹੈਂ'। ਇਹ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਦੀ ਰਚਨਾ ਸੀ ਜਿਹੜੇ ਉਸ ਸਮੇਂ ਨਾਭਾ ਰਿਆਸਤ ਵਿਚ ਮੁਖ ਮੰਤਰੀ ਸਨ। ਭਾਵੇਂ ਸਿੰਘ ਸਭਾ ਲਹਿਰ 19ਵਿਆਂ ਵਿਚ ਮੱਠੀ ਪੈ ਗਈ ਪਰ ਹਿੰਦੂ ਧਰਮ ਪ੍ਰਤੀ ਇਤਿਹਾਸਕ ਰੱਖਿਆ ਦੀ ਗਾਥਾ ਦੇ ਚਿੰਨ੍ਹ ਛੱਡ ਗਈ।

ਸੁਆਮੀ ਦਇਆਨੰਦ ਦੀਆਂ ਰਚਨਾਵਾਂ ਵਿਚ ਸਿਆਸੀ ਰੰਗ ਸੀ। ਉਨ੍ਹਾਂ ਹਿੰਦੂ ਧਰਮ ਨੂੰ ਵੇਦਾਂ ਉਪਰੰਤ ਆਈਆਂ ਕੁਰੀਤੀਆਂ ਤੋਂ ਸ਼ੁੱਧ ਕਰਨ ਦੇ ਆਪਣੇ ਇਰਾਦੇ ਦੀ ਘੋਸ਼ਣਾ ਦੇ ਨਾਲ ਹਿੰਦੂ ਸਮਾਜ ਨੂੰ ਗੈਰ-ਹਿੰਦੂ ਸੱਤਾ ਤੋਂ ਮੁਕਤ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ।


ਇਸਲਾਮ ਅਤੇ ਈਸਾਈ ਧਰਮ ਦਾ ਉਨ੍ਹਾਂ ਦਾ ਵਿਰੋਧ ਅਸਲ ਵਿਚ ਭਾਰਤੀ ਮੁਸਲਮਾਨਾਂ ਅਤੇ ਅੰਗਰੇਜ਼ਾਂ ਵਿਰੁੱਧ ਜਜ਼ਬਾ ਸੀ ਜਿਹੜਾ ਪੰਜਾਬੀ ਹਿੰਦੂ ਨੈਸ਼ਨਲਿਸਟਾਂ ਦੇ ਭਾਸ਼ਣਾਂ ਵਿਚੋਂ ਪ੍ਰਤੱਖ ਹੁੰਦਾ ਸੀ ਕਿਉਂਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਆਰੀਆ ਸਮਾਜੀ ਸਨ, ਜਿਵੇਂ ਲਾਲਾ ਲਾਜਪਤ ਰਾਏ, ਸਰਦਾਰ ਅਜੀਤ ਸਿੰਘ, ਲਾਲਾ ਹੰਸਰਾਜ ਅਤੇ ਪੰਜਾਬੀ-ਹਿੰਦੂ ਦਹਿਸਤ-ਗਰਦਾਂ ਦੀ ਬਹੁ-ਗਿਣਤੀ। ਇੰਡੀਅਨ ਨੈਸ਼ਨਲ ਕਾਨਫਰੰਸ ਵਿਚ ਵਧੇਰੇ ਜ਼ੋਰ ਆਰੀਆ ਸਮਾਜ ਦਾ ਹੋਣ ਕਰਕੇ ਸੁਤੰਤਰਤਾ ਲਹਿਰ ਨੂੰ ਹਿੰਦੂ ਪੁਨਰ-ਉੱਥਾਨ ਦਾ ਰੰਗ ਦਿੱਤਾ ਗਿਆ ਅਤੇ ਮੁਸਲਮਾਨਾਂ ਅਤੇ ਸਿੱਖਾਂ ਦੇ ਇਸ ਤੋਂ ਦੂਰ ਰਹਿਣ ਲਈ ਮੁੱਖ ਤੌਰ ਤੇ ਇਹੋ ਨੀਤੀ ਜ਼ਿੰਮੇਵਾਰ ਸੀ।

ਭਾਗ—VII

ਸਿਆਸੀ ਲਹਿਰਾਂ :
ਮਾਰਕਿਸਟ, ਰਾਸ਼ਟਰੀ ਅਤੇ ਸੰਪਰਦਾਇਕ

ਸਿੱਖ ਹਿਸਟਰੀ

(1469-1988)



ਖ਼ੁਸ਼ਵੰਤ ਸਿੰਘ

ਦੇਹਾਤੀ ਕਰਜ਼ੇ ਅਤੇ ਕਿਸਾਨੀ ਜੱਦੋਜਹਿਦ

ਨਹਿਰਾਂ ਦੇ ਪਸਾਰ ਨਾਲ ਬੰਜਰ ਧਰਤੀ ਹਰਿਆਵਲੀ ਹੋ ਗਈ। ਸਰਕਾਰੀ ਨੌਕਰੀਆਂ ਦੀ ਸਰਪ੍ਰਸਤੀ ਦਾ ਮਾਣ ਮਿਲਿਆ। ਵਿਦਿਅਕ ਪ੍ਰਣਾਲੀ ਨੂੰ ਪੱਛਮੀ ਰੂਪ ਦਿੱਤੇ ਜਾਣ ਨਾਲ ਸਿੱਖ ਕੌਮ ਅੰਦਰ ਆਰਥਿਕ, ਸਮਾਜਕ ਅਤੇ ਰਾਜਸੀ ਤਬਦੀਲੀਆਂ ਆਈਆਂ। ਨਹਿਰੀ ਆਬਾਦੀਆਂ ਨਾਲ ਭੂਮੀ ਤੇ ਭਾਰ ਸੌਖਾ ਹੋ ਗਿਆ ਅਤੇ ਜ਼ਿਮੀਂਦਾਰਾਂ ਅੰਦਰ ਬੇਮਿਸਾਲ ਖ਼ੁਸ਼ਹਾਲੀ ਆਈ। ਪਰ ਇਹ ਖ਼ੁਸ਼ਹਾਲੀ ਛਿਨ-ਭੰਗਰੀ ਹੀ ਸੀ। ਥੋੜ੍ਹੇ ਹੀ ਸਾਲਾਂ ਅੰਦਰ ਖੇਤੀ ਵਾਲੀ ਭੂਮੀ ਦੇ ਟੁਕੜੇ-ਟੁਕੜੇ ਹੋਣ ਲੱਗੇ ਅਤੇ ਆਰਥਿਕ ਲਾਹੇਵੰਦੀ ਘਟ ਗਈ। ਪਿੰਡਾਂ ਵਿਚ ਲੋਕ ਕਰਜ਼ਾਈ ਹੋਣ ਲੱਗੇ। ਜਿਹੜੇ ਪਰਿਵਾਰ ਪੈਸਾ ਉਧਾਰ ਲੈ ਸਕਦੇ ਸਨ, ਉਨ੍ਹਾਂ ਆਪਣੇ ਪੁੱਤਰਾਂ ਨੂੰ ਕਮਾਈ ਕਰਨ ਲਈ ਦੂਰ-ਦੁਰਾਡੇ ਦੇਸ਼ਾਂ ਵਿਚ ਭੇਜਣਾ ਸ਼ੁਰੂ ਕਰ ਦਿੱਤਾ। ਸਿੱਖ ਭਾਈਚਾਰਾ ਬਰਮਾ, ਮਲਾਇਆ, ਸਿੰਘਾਪੁਰ, ਥਾਈਲੈਂਡ, ਕੰਬੋਡੀਆ, ਫਿਲਪੀਨਜ਼ ਤੇ ਚੀਨ 'ਚ ਫੈਲਿਆ। ਏਸ਼ਿਆਈ ਤਟ ਪਾਰ ਕਰਕੇ ਉੱਦਮੀ ਤਬਕਾ ਕੈਨੇਡਾ ਅਤੇ ਅਮਰੀਕਾ ਤਕ ਚਲੇ ਗਿਆ। ਕੁਝ ਛੋਟੇ ਉੱਦਮੀਆਂ ਨੇ ਅਫ਼ਰੀਕਾ ਦੇ ਪੂਰਬੀ ਤਟ ਦੇ ਦੇਸ਼ਾਂ ਵਿਚ ਆਪਣਾ ਕਾਰੋਬਾਰ ਆਰੰਭ ਲਿਆ। ਅਮਰੀਕਾ ਅੰਦਰ ਸਿੱਖ ਪਰਵਾਸੀਆਂ ਨੇ ਨਸਲੀ ਵਿਤਕਰੇ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਅੰਦਰ ਵਿਦੇਸ਼ੀਆਂ ਵਿਰੁੱਧ ਘ੍ਰਿਣਾ ਉਪਜੀ, ਜਿਸ ਦੇ ਫਲਸਰੂਪ ਮਾਰਕਸਵਾਦੀ ਵਿਚਾਰਧਾਰਾ ਫੈਲਣ ਲਈ ਉਪਜਾਊ ਮਾਹੌਲ ਪੈਦਾ ਹੋ ਗਿਆ।

ਅੰਗਰੇਜ਼ੀ ਰਾਜ ਲਈ ਜਿਹੜਾ ਚਾਅ ਅਤੇ ਜੋਸ਼ ਪਹਿਲੀ ਵਿਸ਼ਵ ਜੰਗ (1914-18) ਦੇ ਦੌਰਾਨ ਸਿਖਰ ਤੇ ਪੁੱਜਾ ਸੀ, ਉਹ ਜਲਦੀ ਹੀ ਮੱਠਾ ਪੈਣ ਲੱਗਾ। ਸਿੱਖ ਪਰਵਾਸੀਆਂ ਪ੍ਰਤੀ ਕੈਨੇਡਾ ਅਤੇ ਅਮਰੀਕਾ ਦੇ ਵਿਤਕਰੇ ਪੂਰਵਕ ਰਵੱਈਏ ਵਿਰੁੱਧ ਆਵਾਜ਼ ਉਠਾਉਣ ਤੋਂ ਆਪਣੀ ਸਰਕਾਰ ਦਾ ਇਨਕਾਰ, ਸੰਵਿਧਾਨਿਕ ਸੁਧਾਰਾਂ ਤੋਂ ਨਿਰਾਸਤਾ, ਅੰਮ੍ਰਿਤਸਰ ਦਾ ਗੋਲੀ ਕਾਂਡ (1919) ਅਤੇ ਇਸ ਦੇ ਨਾਲ ਹੀ ਸਿੱਖ ਗੁਰਧਾਮਾਂ ਨੂੰ ਜੱਦੀ ਮਹੰਤਾਂ ਪਾਸੋਂ ਮੁਕਤ ਕਰਵਾਉਣ ਦੀ ਲਹਿਰ ਨੂੰ ਦਬਾਉਣ ਕਾਰਨ, ਅੰਗਰੇਜ਼ੀ ਰਾਜ ਵਿਰੁੱਧ ਰੋਸ ਪੈਦਾ ਹੋਣਾ ਆਰੰਭ ਹੋ ਗਿਆ। ਇਨ੍ਹਾਂ ਲਹਿਰਾਂ ਤੋਂ ਤਿੰਨ ਰਾਜਸੀ ਪਾਰਟੀਆਂ ਹੋਂਦ ਵਿਚ ਆਈਆਂ—ਕਮਿਊਨਿਸਟ, ਨੈਸ਼ਨਲਿਸਟ ਅਤੇ ਅਕਾਲੀ।

ਪਹਿਲੀ ਵਿਸ਼ਵ ਜੰਗ ਦੀ ਸਮਾਪਤੀ ਉਪਰੰਤ ਦੇ ਵਰ੍ਹਿਆਂ ਵਿਚ ਜਦੋਂ ਇਹ ਯਤਨ ਆਰੰਭ ਹੋਏ ਕਿ ਪ੍ਰਸ਼ਾਸਨ ਵਿਚ ਲੋਕਾਂ ਨੂੰ ਭਾਈਵਾਲ ਬਣਾਇਆ ਜਾਵੇ ਤਾਂ ਇਹ ਤਿੰਨੋ ਹੀ ਪਾਰਟੀਆਂ ਸੱਤਾ ਸੰਭਾਲਣ ਲਈ ਤੱਤਪਰ ਹੋਈਆਂ ਅਤੇ ਇਨ੍ਹਾਂ ਵਿਚੋਂ ਸਿਰਕੱਢ ਸਨ ਅਕਾਲੀ।

ਪੰਜਾਬੀ ਕਿਸਾਨ ਦੀ ਖ਼ੁਸ਼ਹਾਲੀ ਅਤੇ ਉਧਾਰ

ਨਹਿਰੀ ਸਿੰਚਾਈ ਦੇ ਵਿਸਤਾਰ ਨਾਲ ਬੰਜਰ ਧਰਤੀ ਦੇ ਉਪਜਾਊ ਹੋਣ ਨਾਲ, ਇਸ ਦੇ

ਨਾਲ ਹੀ ਭੂਮੀ ਦੀ ਪੈਦਾਵਾਰ ਦੀ ਵਿਕਰੀ ਲਈ ਮੰਡੀਆਂ ਦੀ ਸਹੂਲਤ ਨਾਲ ਪੰਜਾਬ ਅੰਦਰ ਖੁਸ਼ਹਾਲੀ ਦਾ ਅਜਿਹਾ ਯੁਗ ਆਰੰਭ ਹੋਇਆ ਜਿਹੜਾ ਪਹਿਲਾਂ ਕਦੇ ਵੇਖਿਆ ਨਹੀਂ ਗਿਆ ਸੀ। ਪਰ ਇਸ ਖੁਸ਼ਹਾਲੀ ਦੇ ਸਿੱਟੇ ਵਜੋਂ ਹੋਰ ਆਰਥਿਕ ਤਬਦੀਲੀਆਂ ਆਈਆਂ ਜਿਸ ਕਾਰਨ ਪੰਜਾਬ ਅੰਦਰ ਸਮਾਜਕ ਜੀਵਨ ਦੇ ਤਾਣੇ-ਬਾਣੇ ਅੰਦਰ ਬੁਨਿਆਦੀ ਪਲਟਾ ਆਇਆ। ਖੇਤੀਬਾੜੀ ਤੋਂ ਵਧੀ ਆਮਦਨ ਦਾ ਸਿੱਧਾ ਅਸਰ ਇਹ ਹੋਇਆ ਕਿ ਜ਼ਮੀਨਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਗਿਆ। ਜਿਸ ਜ਼ਮੀਨ ਦਾ ਭਾਅ 1870 ਵਿਚ 10 ਰੁਪਏ ਪ੍ਰਤੀ ਏਕੜ ਸੀ, ਉਹ ਇਸ ਸਦੀ ਦੇ ਮੋੜ ਤਕ 100 ਰੁਪਏ ਏਕੜ ਤੋਂ ਵੀ ਵੱਧ ਹੋ ਗਿਆ। ਜ਼ਮੀਨ ਇਕ ਪ੍ਰਕਾਰ ਦੀ ਜਾਇਦਾਦ ਦਾ ਰੂਪ ਧਾਰ ਗਈ। ਛੋਟੇ ਕਿਸਾਨ ਆਪਣੀ ਜੋਤਿ-ਭੂਮੀ ਨੂੰ ਵੇਚਣ ਦਾ ਲਾਲਚ ਨਾ ਤਿਆਗ ਸਕੇ। ਇਸ ਦੇ ਫਲਸਰੂਪ ਭੂਮੀ-ਰਹਿਤ ਕਿਸਾਨਾਂ ਦੀ ਗਿਣਤੀ ਬਹੁਤ ਵਧ ਗਈ। 1869 ਵਿਚ ਅਕਾਲ (ਭੁਖਮਰੀ) ਪਿਆ ਤਾਂ ਭਾਰੀ ਗਿਣਤੀ ਵਿਚ ਡੰਗਰਾਂ-ਪਸ਼ੂਆਂ ਦੇ ਮਰ ਜਾਣ ਨਾਲ ਗੰਭੀਰ ਸਮੱਸਿਆ ਪੈਦਾ ਹੋ ਗਈ। ਖੇਤੀਬਾੜੀ ਕਰਨ ਵਾਲੇ ਮਾਮਲਾ ਤਾਰਨ ਤੋਂ ਅਸਮਰਥ ਹੋ ਗਏ ਅਤੇ ਉਹ ਉਧਾਰ ਲੈਣ ਲਈ ਮਜਬੂਰ ਹੋ ਗਏ।

1870ਵਿਆਂ ਵਿਚ ਕਿਸਾਨਾਂ ਦੇ ਕਰਜ਼ੇ (ਉਧਾਰ) ਦਾ ਅਜਿਹਾ ਯੁਗ ਆਰੰਭ ਹੋਇਆ ਜਿਹੋ ਜਿਹਾ ਦੇਸ ਅੰਦਰ ਕਦੇ ਦੇਖਿਆ-ਸੁਣਿਆ ਨਹੀਂ ਸੀ। 1877 ਤੋਂ ਉਪਰੰਤ ਇਹ ਸਾਲ ਵੀ ਗੰਭੀਰ ਰੂਪ 'ਚ ਥੁੜਾਂ ਦਾ ਸੀ। ਇਸ ਦਸ਼ਾ ਨੇ ਗੰਭੀਰ ਰੂਪ ਧਾਰਨ ਕਰ ਲਿਆ। ਅੰਗਰੇਜ਼ਾਂ ਨੇ ਕਾਨੂੰਨੀ ਪ੍ਰਣਾਲੀ ਵਿਚ ਭਾਰੀ ਤਬਦੀਲੀ ਲਿਆਂਦੀ। ਸਿਵਿਲ ਪ੍ਰੋਸੀਜਰ ਕੋਡ (ਦੀਵਾਨੀ ਕਾਨੂੰਨ) ਲਾਗੂ ਕੀਤਾ ਗਿਆ ਅਤੇ 1866 ਵਿਚ ਲਾਹੌਰ ਵਿਖੇ ਚੀਫ਼ ਕੋਰਟ ਕਾਇਮ ਕੀਤਾ ਗਿਆ। 1872 ਵਿਚ ਐਵੀਡੈਂਸ ਐਕਟ (ਸ਼ਹਾਦਤ) ਅਤੇ ਕੰਟਰੈਕਟ ਐਕਟ (ਸਮਝੌਤਾ) ਪਾਸ ਹੋਏ। ਵਕੀਲ ਸ਼ਾਹੂਕਾਰਾਂ ਪਾਸੋਂ ਚੰਗੀ ਫ਼ੀਸ ਲੈ ਸਕਦੇ ਸਨ। ਇਨ੍ਹਾਂ ਕਾਰਨਾਂ ਕਰਕੇ ਕਿਸਾਨ ਉਧਾਰ ਦੇ ਸ਼ਿਕੰਜੇ ਵਿਚ ਫਸਦਾ ਗਿਆ ਅਤੇ ਸ਼ਾਹੂਕਾਰ ਅਤੇ ਵਕੀਲ ਪੈਸਾ ਬਟੋਰਨ ਲੱਗੇ। ਥੋਰਬਰਨ ਨੇ ਲਿਖਿਆ : "ਪਸ਼ੂ ਅਤੇ ਭੂਮੀ ਦੀ ਕਮਾਈ ਨੂੰ ਸ਼ਾਹੂਕਾਰਾਂ ਦੇ ਪੱਲੇ ਪਾਉਣਾ ਇਕ ਅਸਹਿ ਇਨਕਲਾਬ ਹੈ ਜਿਸ ਦੀ ਭਾਰਤ ਅੰਦਰ ਕੋਈ ਮਿਸਾਲ ਨਹੀਂ ਮਿਲਦੀ। ਪਰ ਸਾਡੀ ਪ੍ਰਸ਼ਾਸਨ ਪ੍ਰਣਾਲੀ ਬਿਲਕੁਲ ਅਜਿਹੀ ਹਾਲਤ ਪੈਦਾ ਕਰ ਰਹੀ ਹੈ।"

ਸ਼ਾਹੂਕਾਰਾ ਇਕ ਅੱਛਾ ਪੇਸ਼ਾ ਬਣ ਗਿਆ। ਬੀਤੇ ਦਿਨਾਂ ਵਿਚ ਸ਼ਾਹੂਕਾਰ ਭੂਮੀ ਜਾਂ ਉਸ ਦੀ ਉਪਜ ਨੂੰ ਗਿਰਵੀ ਰੱਖ ਕੇ ਪੈਸਾ ਬਿਆਜ ਤੇ ਦੇਣੋਂ ਕਤਰਾਉਂਦਾ ਸੀ, ਹੁਣ ਉਹ ਉਤਸੁਕ ਸੀ ਕਿ ਫ਼ਸਲ ਆਦਿ ਦੀ ਜ਼ਮਾਨਤ ਨਾਲ ਉਧਾਰ ਦੇ ਦੇਵੇ ਅਤੇ ਜ਼ਮੀਨ ਦੀ ਮਾਲਕੀ ਆਦਿ ਦੇ ਝੰਜਟਾਂ ਵਿਚ ਨਾ ਫਸੇ। ਉਨ੍ਹਾਂ ਦੇ ਕਾਰੋਬਾਰੀ ਢੰਗ-ਤਰੀਕੇ ਵੀ ਇਖ਼ਲਾਕੀ ਨਹੀਂ ਸਨ। ਉਹ ਬਹੀ-ਖਾਤੇ ਵਿਚ ਹੇਰਾ-ਫੇਰੀ ਕਰ ਲੈਂਦੇ। ਬਿਆਜ ਜਾਂ ਸੂਦ ਦੀ ਦਰ ਏਨੀ ਵਸੂਲ ਕੀਤੀ ਜਾਂਦੀ ਕਿ ਕਰਜ਼ਦਾਰ ਸੂਦ ਦਿੰਦੇ-ਦਿੰਦੇ ਮਰ ਜਾਂਦੇ ਤੇ ਅਸਲ ਰਕਮ ਉਥੇ ਹੀ ਟਿਕੀ ਰਹਿੰਦੀ। ਕਿਸਾਨਾਂ ਨੇ ਅਜਿਹੀ ਹਾਲਤ ਵਿਚ ਵੀ ਆਪਣੀ ਦਸ਼ਾ ਵਿਚ ਸੁਧਾਰ ਨਾ ਲਿਆਂਦਾ। ਸਿੱਖ ਜੱਟ ਤਾਂ ਆਪਣੀ ਪਰੰਪਰਾਗਤ ਆਦਤ ਅਨੁਸਾਰ ਗ਼ਮ ਗ਼ਲਤ ਕਰਨ ਲਈ ਨਸ਼ੇ (ਸ਼ਰਾਬ) ਦਾ ਸਹਾਰਾ ਲੈਣ ਲੱਗਾ; ਮਾਲਵੇ ਦੇ ਕੁਝ ਜ਼ਿਲ੍ਹਿਆਂ ਵਿਚ ਲੋਕ ਅਫ਼ੀਮ ਛਕਣੀ ਅੱਛੀ ਸਮਝਦੇ ਸਨ। ਇਹੋ ਜਿਹੀਆ ਭੈੜੀਆਂ ਆਦਤਾਂ ਨੇ ਅਪਰਾਧ ਪੈਦਾ ਕੀਤਾ। ਖ਼ਾਨਦਾਨੀ ਝਗੜੇ-ਦਾਅਵਿਆਂ ਦੇ ਇਲਾਵਾ ਨਹਿਰੀ ਪਾਣੀ ਦੀ ਵਰਤੋਂ ਲਈ ਵੀ ਖ਼ੂਨ-ਖ਼ਰਾਬਾ ਹੋਣ ਲੱਗਾ। ਸਿੱਖ ਜੱਟ ਤਾਂ ਮਾੜੀ-ਮੋਟੀ ਗੱਲ ਤੋਂ ਜਾਂ ਬਿਨਾਂ ਮਤਲਬ ਹੀ ਛਵੀਆਂ-ਟਕੂਏ

ਕੱਢ ਲੈਂਦੇ। ਜਦੋਂ ਮਾਮਲਾ ਅਦਾਲਤਾਂ ਵਿਚ ਪਹੁੰਚ ਜਾਂਦਾ ਤਾਂ ਕਰਜ਼ਾ ਲੈਣ ਲਈ ਨੱਸ-ਭੱਜ ਕਰਦੇ, ਤਾਂ ਜੋ ਮੁਕੱਦਮੇ ਦੀ ਪੈਰਵੀ ਹੋ ਸਕੇ।

ਕਰਜ਼ਾ ਸਿਰ ਚੜ੍ਹਨ ਦੇ ਹੋਰ ਵੀ ਕਈ ਕਾਰਨ ਸਨ। ਵਿਆਹਾਂ-ਸ਼ਾਦੀਆਂ 'ਤੇ ਫ਼ਜ਼ੂਲ-ਖ਼ਰਚਾ ਹੁੰਦਾ। ਆਤਿਸ਼ਬਾਜ਼ੀ, ਮੁਜਰਾ ਅਤੇ ਸ਼ਰਾਬ ਦੇ ਦੌਰ ਚਲਦੇ। ਲੜਕੀਆਂ ਨੂੰ ਭਾਰੀ ਦਾਜ ਦਿੱਤਾ ਜਾਂਦਾ। ਕੁਝ ਜ਼ਿਲ੍ਹਿਆਂ ਵਿਚ ਇਸਤਰੀਆਂ ਦੀ ਕਮੀ ਸੀ। ਬੀਵੀਆਂ ਦੀ ਖ਼ਰੀਦਾਰੀ ਦੇ ਮਾਮਲੇ ਵਿਚ ਪੰਜਾਬੀ ਕਿਸਾਨ ਦੇਸ਼ ਦੇ ਹੋਰ ਇਲਾਕਿਆਂ ਨਾਲੋਂ ਵਧ-ਚੜ੍ਹ ਕੇ ਝਗੜਾ ਕਰਦੇ। ਸੂਬੇ ਦੀ ਅੱਧੀ ਵੱਸੋਂ ਤੋਂ ਥੋੜ੍ਹੀ ਘੱਟ, ਕਚਹਿਰੀਆਂ ਵੱਲ ਤੁਰੀ ਰਹਿੰਦੀ ਅਤੇ ਸਾਲ ਅੰਦਰ 3-4 ਕਰੋੜ ਰੁਪਏ ਝਗੜੇ-ਦਾਅਵਿਆਂ ਦੇ ਮੂੰਹ ਖ਼ਰਚ ਹੋ ਜਾਂਦੇ। ਇਨ੍ਹਾਂ ਤੋਂ ਇਲਾਵਾ ਕਰਜ਼ਾ ਲੈਣ ਦੇ ਕੁਝ ਕੁਦਰਤੀ ਕਾਰਨ ਵੀ ਸਨ, ਜਿਵੇਂ ਆਬਾਦੀ ਵਿਚ ਵਾਧਾ; ਪੰਜਾਬ ਵਿਚ 1855 ਅਤੇ 1881 ਦੇ ਵਿਚਕਾਰ ਆਬਾਦੀ ਵਿਚ 20 ਪ੍ਰਤੀਸ਼ਤ ਦੇ ਵਾਧੇ ਦਾ ਅਨੁਮਾਨ ਸੀ। ਭੂਮੀ 'ਤੇ ਵੱਧ ਨਿਰਭਰਤਾ ਹੋਣ ਲੱਗੀ। ਜ਼ਮੀਨਾਂ ਟੁਕੜੇ-ਟੁਕੜੇ ਹੋ ਗਈਆਂ ਅਤੇ ਆਰਥਿਕ ਲਾਹਾ ਘਟ ਗਿਆ। ਨਹਿਰੀ ਆਬਾਦੀ ਦੇ ਕਾਇਮ ਹੋਣ ਨਾਲ ਜਿਹੜੀ ਖੁੱਲ੍ਹ ਖੇਲ ਹੋਈ ਸੀ, ਉਹ ਛੇਤੀ ਹੀ ਉਡੰ-ਪੁੱਡ ਗਈ।

ਭੂਮੀ ਇੰਤਕਾਲ ਕਾਨੂੰਨ,1900

ਹਿੰਦੂ ਅਤੇ ਸਿੱਖ ਸ਼ਾਹੂਕਾਰਾਂ ਦਾ ਤੰਗ ਆ ਚੁੱਕੇ ਕਿਸਾਨ ਕਰਜ਼ਦਾਰਾਂ ਹੱਥੋਂ ਕਤਲ ਕੀਤੇ ਜਾਣ ਦੀਆਂ ਵਾਰਦਾਤਾਂ ਪੱਛਮੀ ਜ਼ਿਲ੍ਹਿਆਂ ਵਿਚ ਆਮ ਵਾਪਰਨ ਲੱਗੀਆਂ। ਸਰਕਾਰ ਨੇ ਮਹਿਸੂਸ ਕੀਤਾ ਕਿ ਅਸੰਤੁਸ਼ਟ ਕਿਸਾਨ ਦਾ ਖ਼ਤਰਾ ਠੀਕ ਨਹੀਂ, ਵਿਸ਼ੇਸ਼ ਕਰਕੇ ਉਨ੍ਹਾਂ ਕਿਸਾਨਾਂ ਦਾ, ਜਿਨ੍ਹਾਂ ਵਿਚੋਂ ਭਾਰੀ ਗਿਣਤੀ ਵਿਚ ਗਭਰੂ ਭਰਤੀ ਹੁੰਦੇ ਅਤੇ ਉਨ੍ਹਾਂ ਦੀ ਵਫ਼ਾਦਾਰੀ ਉਪਰ ਹੀ ਦੇਸ਼ ਦੀ ਅੰਤਰਿਕ ਸੁਰੱਖਿਆ ਨਿਰਭਰ ਕਰਦੀ ਸੀ।

ਇੰਤਕਾਲ ਆਰਜ਼ੀ ਐਕਟ—1900 ਦਾ ਕਾਨੂੰਨ ਘੜਿਆ ਹੀ ਇਸ ਲਈ ਸੀ ਕਿ ਖੇਤੀਬਾੜੀ ਕਰਨ ਵਾਲਿਆਂ ਨੂੰ ਸ਼ਾਹੂਕਾਰਾਂ ਦੇ ਸ਼ਿਕੰਜੇ ਤੋਂ ਮੁਕਤ ਕਰਵਾਇਆ ਜਾਵੇ। ਇਸ ਦੇ ਅਧੀਨ ਡਿਗਰੀ ਹੋ ਜਾਣ ਦੀ ਹਾਲਤ ਵਿਚ ਜ਼ਮੀਨ ਦੀ ਕੁਰਕੀ ਨਹੀਂ ਹੋ ਸਕਦੀ ਸੀ। ਗਿਰਵੀ ਰੱਖਣਾ ਵੀ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਜੇਕਰ ਉਸ ਨਾਲ ਸ਼ਰਤ ਦੀ ਧਾਰਾ ਟਾਂਕੀ ਗਈ ਹੋਵੇ। ਇਸ ਅਧੀਨ ਮਨਾਹੀ ਸੀ (ਵਿਸ਼ੇਸ਼ ਮੰਜ਼ੂਰੀ ਦੇ ਇਲਾਵਾ) ਕਿ ਕੋਈ ਕਾਸ਼ਤਕਾਰ ਅਮਲੇ ਦਾ ਮੈਂਬਰ ਕਿਸੇ ਗ਼ੈਰ-ਕਾਸ਼ਤਕਾਰ ਨੂੰ ਜ਼ਮੀਨ ਵੇਚੇ। ਜੇਕਰ ਕੋਈ ਕਾਸ਼ਤਕਾਰ ਕਿਸੇ ਗ਼ੈਰ-ਕਾਸ਼ਤਕਾਰ ਪਾਸ ਜ਼ਮੀਨ ਗਿਰਵੀ ਰਖਦਾ ਤਾਂ ਉਹ ਗ਼ੈਰ-ਕਾਨੂੰਨੀ ਸਮਝੀ ਜਾਂਦੀ ਜਦੋਂ ਤਕ ਕਿ ਉਸ ਵਿਚ ਆਪਣੇ-ਆਪ ਰਹਿਣ ਚੁਕਤਾਈ ਦੀ ਵਿਵਸਥਾ ਨਹੀਂ ਸੀ। ਇਸ ਕਾਨੂੰਨ ਨੂੰ ਲਾਗੂ ਕਰਨ ਲਈ ਐਕਟ ਨੇ ਜ਼ਮੀਨ ਦੇ ਪਟੇ ਜਾਂ ਠੇਕੇ ਦੀ ਮਿਆਦ ਪੰਜ ਸਾਲ ਤਕ ਸੀਮਿਤ ਕੀਤੀ।

ਇਹ ਐਕਟ ਖੇਤੀਬਾੜੀ (ਕਾਸ਼ਤਕਾਰਾਂ) ਕਰਨ ਵਾਲਿਆਂ ਦੇ ਹਿਤਾਂ ਦੀ ਰਾਖੀ ਕਰਨ ਵਿਚ ਸਫਲ ਰਿਹਾ। ਪਰ ਇਸ ਨਾਲ ਨਸਲੀ ਫੁੱਟ ਦੇ ਬੀਜ ਬੀਜੇ ਗਏ। ਕੌਣ ਕਾਸ਼ਤਕਾਰ ਹੈ ਅਤੇ ਕੌਣ ਗ਼ੈਰ-ਕਾਸ਼ਤਕਾਰ ਹੈ ? ਇਸ ਦਾ ਨਿਰਣਾ ਪੇਸ਼ੇ ਜਾਂ ਕਿੱਤੇ ਦੀ ਥਾਂ ਜਾਤੀ ਨਾਲ ਕੀਤਾ ਜਾਂਦਾ। ਇਸ ਪ੍ਰਕਾਰ ਜੱਟ, ਰਾਜਪੂਤ ਅਤੇ ਪੱਟੀਦਾਰ ਜਾਤੀ ਕਾਸ਼ਤਕਾਰ ਕਰਾਰ ਦਿੱਤੀ ਗਈ। ਇਸ ਦੇ ਉਲਟ ਖੱਤਰੀ, ਅਰੋੜੇ ਅਤੇ ਬਾਣੀਏ ਗ਼ੈਰ-ਕਾਸ਼ਤਕਾਰਾਂ ਦੀ ਜਮਾਤ ਵਿਚ ਰੱਖੇ ਗਏ। ਇਸ ਐਕਟ ਵਿਚ ਅਜਿਹੀ ਵਿਵਸਥਾ ਨਹੀਂ ਸੀ ਕਿ ਜੱਟ ਸ਼ਾਹੂਕਾਰ ਅਤੇ ਅਰੋੜੇ ਕਾਸ਼ਤਕਾਰ ਦੀ ਕਿਸੇ ਪ੍ਰਕਾਰ ਦੀ ਛੋਟ ਹੋਵੇ। ਕੁਝ ਜ਼ਿਲ੍ਹਿਆਂ ਵਿਚ ਬ੍ਰਾਹਮਣਾਂ ਨੂੰ ਕਾਸ਼ਤਕਾਰ

ਘੋਸ਼ਿਤ ਕੀਤਾ ਗਿਆ ਅਤੇ ਕੁਝ ਹੋਰ ਜ਼ਿਲ੍ਹਿਆਂ ਵਿਚ ਗ਼ੈਰ-ਕਾਸ਼ਤਕਾਰ। ਵਿਅਕਤੀਗਤ ਔਕੜਾਂ ਗੰਭੀਰ ਰੂਪ ਦੀਆ ਨਹੀਂ ਸਨ ਪਰ ਆਬਾਦੀ ਜਾਂ ਵੱਸੋਂ ਦੀ ਨਵੇਂ ਨਸਲੀ ਆਧਾਰ ਦੀ ਵੰਡ ਹੋ ਗਈ। ਮੁਸਲਮਾਨਾਂ ਵਿਚ ਜਾਤ-ਪਾਤ ਦੀ ਵਿਚਾਰ ਘੱਟ ਹੋਣ ਕਰਕੇ ਇਹ ਐਕਟ ਉਨ੍ਹਾਂ ਨੂੰ ਘੱਟ ਪ੍ਰਭਾਵਿਤ ਕਰ ਸਕਿਆ। ਪਰ ਇਸ ਦੇ ਉਲਟ ਹਾਲਾਤ ਵਿਚ ਹਿੰਦੂਆਂ 'ਤੇ ਪ੍ਰਭਾਵ ਵਧੇਰੇ ਪਿਆ। ਹਿੰਦੀ ਭਾਸ਼ੀ ਹਿੰਦੂ ਜੱਟਾਂ ਦੀ ਵੱਸੋਂ ਹਰਿਆਣਾ ਅੰਦਰ ਸੀ ਅਤੇ ਉਨ੍ਹਾਂ ਦੀ ਸਾਂਝ ਪੰਜਾਬੀ ਭਾਸ਼ੀ ਖੱਤਰੀਆਂ ਅਤੇ ਅਰੋੜੇ ਹਿੰਦੂਆਂ ਨਾਲ ਨਾਂ-ਮਾਤਰ ਸੀ। ਜਿਸ ਕੌਮ ਤੇ ਬਹੁਤ ਭੈੜਾ ਪ੍ਰਭਾਵ ਪਿਆ, ਉਹ ਸਿੱਖਾਂ ਦੀ ਸੀ। ਇਸ ਕੌਮ ਨੇ ਕਾਫ਼ੀ ਜੱਦੋ-ਜਹਿਦ ਉਪਰੰਤ ਜਾਤ-ਪਾਤ ਦੇ ਬੰਧਨ ਤੋੜੇ ਸਨ। ਭਾਰੀ ਗਿਣਤੀ ਵਿਚ ਖੱਤਰੀ ਅਤੇ ਅਰੋੜੇ ਸਿੱਖ ਖੇਤੀਬਾੜੀ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਦੇ ਆਪਣੇ ਜੱਟ ਧਰਮ-ਭਰਾਵਾਂ ਨਾਲ ਆਰਥਿਕ ਹਿਤ ਇਕਮਿਕ ਸਨ। ਪਰ ਇਸ ਕਾਨੂੰਨ ਨੇ ਜੱਟ ਸਿੱਖ ਕਿਸਾਨਾਂ ਅਤੇ ਗ਼ੈਰ-ਜੱਟ ਸਿੱਖ ਕਿਸਾਨਾਂ ਅੰਦਰ ਸਾਂਝੀ ਕੜੀ ਤੋੜ ਦਿੱਤੀ ਅਤੇ ਉਨ੍ਹਾਂ ਨੂੰ ਵਿਰੋਧੀ ਧੜਿਆਂ ਵਿਚ ਵੰਡ ਦਿੱਤਾ। ਸਿੱਟੇ ਵਜੋਂ ਜੱਟ ਸਿੱਖਾਂ ਦੀ ਸਾਂਝ ਮੁਸਲਮਾਨ ਜੱਟਾਂ ਅਤੇ ਹਿੰਦੂ ਜੱਟਾਂ ਨਾਲ ਵਧੀ। ਖੱਤਰੀ ਅਤੇ ਅਰੋੜੇ ਸਿੱਖਾਂ ਦਾ ਖੱਤਰੀ ਅਤੇ ਅਰੋੜੇ ਹਿੰਦੂਆਂ ਦੇ ਨੇੜੇ ਹੋ ਜਾਣਾ ਕੁਦਰਤੀ ਸੀ।

ਸਾਂਝੇ ਆਰਥਿਕ ਹਿਤਾਂ ਦੀ ਤਸਵੀਰ ਰਾਜਸੀ ਜੀਵਨ ਵਿਚ ਵੀ ਮਿਲਦੀ ਕਿਉਂਕਿ ਜੱਟ ਸਿੱਖ ਗ਼ੈਰ-ਜੱਟ ਸਿੱਖਾਂ ਦੇ ਵਿਰੁੱਧ ਹੋਰ ਜੱਟਾਂ ਨਾਲ ਰਲੇ ਵਿਖਾਈ ਦਿੰਦੇ। ਆਰਥਿਕ ਅਤੇ ਰਾਜਸੀ ਵੱਖਰੇਪਨ ਨੇ ਸਮਾਜਕ ਜੀਵਨ ਨੂੰ ਵੀ ਪ੍ਰਭਾਵਿਤ ਕੀਤਾ। ਜੱਟ ਸਿੱਖ ਰੋਟੀ-ਬੇਟੀ ਦੀ ਸਾਂਝ ਲਈ ਹਿੰਦੂ ਜੱਟ ਪਰਿਵਾਰਾਂ ਵੱਲ ਝੁਕਾਓ ਰੱਖਦੇ ਨਾ ਕਿ ਗ਼ੈਰ-ਜੱਟ ਸਿੱਖਾਂ ਵੱਲ। ਖੱਤਰੀ ਅਤੇ ਅਰੋੜੇ ਸਿੱਖ ਵੀ ਆਪਣੀ ਹਿੰਦੂ ਬਰਾਦਰੀ ਨਾਲ ਰਿਸ਼ਤੇ-ਨਾਤੇ ਜੋੜਦੇ ਨਾ ਕਿ ਜੱਟ ਸਿੱਖਾਂ ਨਾਲ। ਅੰਤ ਸਿੱਖ ਕੌਮ ਅੰਦਰ ਇਕ ਨਵੀਂ ਧਿਰ ਮਜ਼ਹਬੀ ਸਿੱਖਾਂ ਜਾਂ ਰਾਮਦਾਸੀਆਂ ਦੀ ਆ ਗਈ। ਇਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੀ ਸਾਂਝ ਵਧੇਰੇ ਕਰਕੇ ਹਿੰਦੂ ਅਛੂਤਾਂ ਨਾਲ ਹੋ ਸਕਦੀ ਹੈ ਨਾ ਕਿ ਉੱਚੀ ਜਾਤੀ ਦੇ ਸਿੱਖਾਂ ਨਾਲ। ਉਨ੍ਹਾਂ ਨੇ ਕਾਨੂੰਨੀ ਤੌਰ ਤੇ ਉਹੀ 'ਹੱਕ' ਮੰਗੇ ਜਿਹੜੇ 'ਪੱਟੀਦਾਰ ਜਾਤੀਆਂ' ਲਈ ਸਨ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਕਾਨੂੰਨ ਦੇ ਪ੍ਰਭਾਵ ਹੇਠ ਧਰਮ ਦੀ ਥਾਂ ਨਸਲੀ ਕਦਰ ਵਧ ਗਈ। ਸਿੱਖ ਕੌਮ ਅੰਦਰ ਤਿੰਨ ਪ੍ਰਕਾਰ ਦੀ ਨਸਲੀ ਵੰਡੀ ਪੈ ਗਈ—ਜੱਟ, ਗ਼ੈਰ-ਜੱਟ (ਇਸ ਵਿਚ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਸ਼ਾਮਲ ਸਨ) ਅਤੇ ਅਛੂਤ (ਮਜ਼ਹਬੀ, ਰਾਮਦਾਸੀਏ, ਸਿਕਲੀਗਰ, ਕਬੀਰਪੰਥੀਏ ਆਦਿ।)

ਕਿਸਾਨ ਮੋਰਚਾ, 1907

ਇਸ ਕਾਨੂੰਨ ਸਦਕਾ ਵਾਹੀ ਰਾਹੀ ਯੋਗ ਭੂਮੀ ਸ਼ਾਹੂਕਾਰਾਂ ਦੇ ਕਬਜ਼ੇ ਵਿਚ ਆਉਣ ਤੋਂ ਬਚ ਗਈ। ਪਰ ਇਸ ਦੇ ਨਾਲ ਦੇਹਾਤੀ ਕਰਜ਼ ਦੀ ਸਮੱਸਿਆ ਦਾ ਕੋਈ ਹੱਲ ਨਾ ਨਿਕਲਿਆ। ਪੰਜਾਬ ਵਿਚ ਕਈ ਇਕ ਆਫ਼ਤਾਂ ਆਈਆਂ। ਕੁਝ ਜ਼ਿਲ੍ਹਿਆਂ ਵਿਚ ਅਕਾਲ ਜਾਂ ਭੁਖਮਰੀ ਦੀ ਹਾਲਤ ਦੋ ਵਾਰ ਵਾਪਰੀ। ਸਾਰੇ ਦੇ ਸਾਰੇ ਸੂਬੇ ਅੰਦਰ ਗਿਲਟੀਦਾਰ ਪਲੇਗ ਫੈਲ ਗਈ ਜਿਸ ਨਾਲ 40 ਲੱਖ ਤੋਂ ਵੱਧ ਜਾਨਾਂ ਤਬਾਹ ਹੋ ਗਈਆਂ। ਸਰਕਾਰ ਨੇ ਇਨ੍ਹਾਂ ਆਫ਼ਤਾਂ ਪ੍ਰਤੀ ਅਣਗਹਿਲੀ ਦਾ ਵਤੀਰਾ ਦਰਸਾਇਆ। ਮਾਮਲਾ ਮੁਆਫ਼ ਕਰਨ ਦੀ ਥਾਂ ਜਦੋਂ ਵੀ ਕੋਈ ਨਵੀਂ ਵੱਸੋਂ ਹੁੰਦੀ ਤਾਂ ਮਾਮਲਾ ਵਧਾਇਆ ਜਾਂਦਾ। ਜਿਹੜੇ ਮਾਮਲਾ ਤਾਰਨ ਤੋਂ ਅਸਮਰੱਥ ਹੁੰਦੇ ਉਨ੍ਹਾਂ ਨੂੰ ਭਾਰੀ ਦੰਡ ਦਿੱਤਾ ਜਾਂਦਾ।

ਬੇਚੈਨੀ ਦਾ ਤਤਕਾਲ ਕਾਰਨ ਉਸ ਬਿੱਲ ਦਾ ਪੇਸ਼ ਕਰਨਾ ਸੀ ਜਿਸ ਦਾ ਪ੍ਰਭਾਵ ਨਵੀਂ ਆਬਾਦੀ ਵਾਲੀ ਭੂਮੀ 'ਤੇ ਹੋਇਆ ਜਿਹੜੀ ਝਨਾਂ ਦੀਆਂ ਨਹਿਰਾਂ ਵਾਲੀ ਸੀ। ਇਹ ਬਿੱਲ ਇਸ ਆਧਾਰ 'ਤੇ ਪਾਸ ਕੀਤਾ ਗਿਆ ਕਿ ਭੂਮੀ ਦੀ ਮਾਲਕ ਸਰਕਾਰ ਹੈ ਅਤੇ ਕਿਸਾਨ ਜਾਂ ਜ਼ਿਮੀਂਦਾਰ ਮਹਿਜ਼ ਮੁਜ਼ਾਰਾ ਜਾਂ ਪੱਟੇਦਾਰ ਸੀ। ਇਹ ਉਸ ਧਾਰਨਾ ਦੇ ਵਿਰੁੱਧ ਸੀ ਕਿ ਭੂਮੀ ਦਾ ਮਾਲਕ ਜ਼ਿਮੀਂਦਾਰ ਹੈ। ਜਿਸ ਧਾਰਾ ਨੇ ਦਿਲਾਂ ਅੰਦਰ ਭਾਂਬੜ ਬਾਲਿਆ, ਉਹ ਸੀ ਆਬਾਦਕਾਰਾਂ ਦੇ ਵਸੀਅਤ ਕਰਨ ਦੇ ਹੱਕ ਨੂੰ ਸੀਮਿਤ ਕਰਨਾ ਅਤੇ ਆਪਣੀ ਜ਼ਮੀਨ ਤੋਂ ਪੇੜ ਕੱਟਣ ਦੇ ਹੱਕ ਦੀ ਮਨਾਹੀ। ਜਿਸ ਧਾਰਾ ਦੇ ਅਧੀਨ ਘਰਾਂ ਦੇ ਨਕਸ਼ੇ ਬਣਾਉਣੇ ਸਨ ਅਤੇ ਸੇਹਤ ਦਾ ਪੱਧਰ ਕਾਇਮ ਰੱਖਣਾ ਸੀ, ਉਹ ਇਤਰਾਜ਼ਯੋਗ ਨਹੀਂ ਸੀ। ਪਰ ਇਹ ਧਾਰਾ ਅੱਖਰਦੀ ਸੀ ਕਿ ਉਲੰਘਣਾ ਦੀ ਹਾਲਤ ਵਿਚ ਸਰਕਾਰ ਨੂੰ ਜਗੀਰ ਜ਼ਬਤ ਕਰਨ ਦਾ ਹੱਕ ਹੋਵੇਗਾ।

ਭਾਰਤੀ ਪੱਤਰਾਂ ਅਤੇ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਨੇ ਬਿੱਲ ਦੀ ਸਖ਼ਤ ਆਲੋਚਨਾ ਕੀਤੀ। ਸਿੱਖਾਂ ਵੱਲੋਂ ਬੋਲਦਿਆਂ, ਪ੍ਰਤਾਪ ਸਿੰਘ ਆਹਲੂਵਾਲੀਆ ਨੇ ਵਿਰੋਧ ਵਿਚ ਕਿਹਾ ਕਿ ਇਹ ਬਿੱਲ ਸਰਕਾਰ ਨੂੰ ਪ੍ਰਸ਼ਾਸਕ ਅਤੇ ਜਗੀਰਦਾਰ (ਲੈਂਡ ਲਾਰਡ) ਬਣਾਉਂਦਾ ਹੈ। ਇਸ ਨਾਲ ਪ੍ਰਸ਼ਾਸਨ ਨੂੰ ਮੁਜ਼ਾਰਿਆਂ ਜਾਂ ਪੱਟੇਦਾਰ ਦਾ ਹੱਕ ਮਾਰ ਕੇ ਸੱਤਾ ਸੌਂਪੀ ਜਾ ਰਹੀ ਹੈ ਅਤੇ ਉਹ ਅਦਾਲਤ ਨਿਆਂ ਤੋਂ ਵੀ ਵਾਂਝੇ ਕਰ ਦਿੱਤੇ ਗਏ ਹਨ। ਪਰ ਉਸ ਦਾ ਇਤਰਾਜ਼ ਮਨਸੂਖ਼ ਜਾਂ ਰੱਦ ਕਰ ਦਿੱਤਾ ਗਿਆ।

ਅਜੇ ਆਬਾਦਕਾਰੀ ਬਿੱਲ ਨਾਲ ਲੋਕਾਂ ਅੰਦਰ ਹਲਚਲ ਹੋ ਰਹੀ ਸੀ ਕਿ ਰਾਵਲਪਿੰਡੀ ਜ਼ਿਲ੍ਹੇ ਵਿਚ ਨਵੀਂ ਆਬਾਦੀ ਦੀ ਵਿਉਂਤ ਬਣੀ ਅਤੇ ਉਸ ਲਈ ਕੁਝ ਨਿਰਧਾਰਨ ਉੱਚੇ ਦਰ ਤੇ ਕੀਤਾ ਗਿਆ। ਬਾਰੀ ਦੋਆਬ ਨਹਿਰ ਤੋਂ ਲਏ ਗਏ ਪਾਣੀ ਦੀ ਦਰ ਵਧਾਈ ਗਈ। ਇਨ੍ਹਾਂ ਕਾਰਵਾਈਆਂ ਨਾਲ ਵਧੇਰੇ ਪ੍ਰਭਾਵਿਤ ਹੋਣ ਵਾਲੇ ਜ਼ਿਲ੍ਹੇ ਸਨ : ਲਾਇਲਪੁਰ, (ਇਥੇ ਮੁਖ ਰੂਪ ਵਿਚ ਸਿੱਖ ਵੱਸੋਂ ਸੀ) ਅਤੇ ਰਾਵਲਪਿੰਡੀ।

ਦੁਖੀ ਹੋਏ ਕਿਸਾਨਾਂ ਨੇ ਪੰਜਾਬ ਦੀ ਧਰਤੀ ਨੂੰ ਇਨਕਲਾਬ ਦੇ ਬੀਜ ਬੀਜਣ ਲਈ ਉਪਜਾਊ ਬਣਾ ਦਿੱਤਾ। ਸਾਰੇ ਭਾਰਤ ਵਿਚ ਬੀਜ ਪੁੱਜ ਗਏ—ਸੱਚ ਕਹੋ ਤਾਂ ਸਾਰੇ ਏਸ਼ੀਆ ਵਿਚੋਂ ਸਿੱਧੇ-ਸਾਦੇ ਪੰਜਾਬੀ ਯੂਰਪੀਨਾਂ ਨੂੰ ਮਾਈ-ਬਾਪ ਅਤੇ ਰੱਬ ਦੇ ਥਾਪੇ ਹੋਏ ਹਾਕਮ ਸਮਝਦੇ ਸਨ ਜਿਨ੍ਹਾਂ ਨੂੰ ਕਾਲੇ-ਗੋਰੇ 'ਨੀਵੀਂ ਨਸਲ' ਦੇ ਲੋਕਾਂ ਉਪਰ ਹਕੂਮਤ ਕਰਨ ਦੀ ਬਖ਼ਸ਼ਿਸ਼ ਸੀ। ਉਨ੍ਹਾਂ ਰੂਸ ਉਪਰ ਜਾਪਾਨੀ ਹਥਿਆਰਾਂ ਦੀ ਸ਼ਾਨਦਾਰ ਜਿੱਤ ਬਾਰੇ ਸੁਣਿਆ।

ਉਨ੍ਹਾਂ ਆਪਣੇ ਦੇਸ਼ਵਾਸੀਆਂ ਦੀ ਜਿੱਤ ਬਾਰੇ ਵੀ ਸੁਣਿਆ ਜਿਨ੍ਹਾਂ ਸਰਕਾਰ ਨੂੰ ਬੰਗਾਲ ਦਾ ਬਟਵਾਰਾ (1905) ਰੱਦ ਕਰਨ ਲਈ ਮਜਬੂਰ ਕਰ ਦਿੱਤਾ। ਭਾਰਤ ਵਿਚ ਦਾਦਾ ਭਾਈ ਨਾਰੋਜੀ ਅਤੇ ਰਾਨਾਡੇ ਦੀ ਸਾਊ ਸਿਆਸਤ ਦੀ ਥਾਂ ਤਿਲਕ ਅਤੇ ਅਤਿਵਾਦੀਆਂ ਅਤੇ ਇਨਕਲਾਬੀਆਂ ਦੇ ਗਰਮ-ਖ਼ਿਆਲੀਆਂ ਨੇ ਲੈ ਲਈ। ਤਿਲਕ ਨੇ ਨਾਅਰਾ ਲਾਇਆ ਕਿ "ਸਵਰਾਜ ਸਾਡਾ ਜਨਮ-ਸਿੱਧ ਅਧਿਕਾਰ ਹੈ।" ਅਤਿਵਾਦੀ ਇਕ ਕਦਮ ਹੋਰ ਅੱਗੇ ਵਧੇ : "ਜੇਕਰ ਤੁਸੀਂ ਸਾਨੂੰ ਸਵਰਾਜ ਦੇਣ ਤੋਂ ਇਨਕਾਰ ਕੀਤਾ ਤਾਂ ਅਸੀਂ ਤੁਹਾਡੇ ਤੂੰਬੇ ਉਡਾ ਦੇਵਾਂਗੇ।" ਇਹ ਕਿਵੇਂ ਹੋ ਸਕਦਾ ਸੀ ਕਿ ਜਿਹੜੀ ਹਨੇਰੀ ਹਿੰਦੁਸਤਾਨ (ਭਾਰਤ) ਦੇ ਚਾਰ-ਚੁਫੇਰੇ ਝੁੱਲ ਰਹੀ ਸੀ, ਉਹ ਪੰਜਾਬ ਨੂੰ ਸੁੱਕਾ ਛੱਡ ਜਾਵੇ।

ਸ਼ਹਿਰੀ ਰਾਜਸੀ ਨੇਤਾਵਾਂ ਨੇ ਵਿਰੋਧ ਲਈ ਇਕੱਤ੍ਰਤਾਵਾਂ ਆਯੋਜਿਤ ਕਰਨ ਵਿਚ ਪਹਿਲ ਕੀਤੀ। ਉਨ੍ਹਾਂ ਦੇ ਉਦੇਸ਼ ਦੀ ਹਮਾਇਤ ਨੈਸ਼ਨਲਿਸਟ (ਰਾਸ਼ਟਰੀ) ਪ੍ਰੈੱਸ ਨੇ ਕੀਤੀ।

ਆਬਾਦਾਕਾਰੀ ਬਿੱਲ ਵਿਰੁੱਧ ਰੋਸ ਨੂੰ ਵਿਸ਼ਾਲ ਰੂਪ ਵਿਚ ਜਤਾਉਣ ਲਈ ਕਾਲਿਆਂ-ਗੋਰਿਆਂ ਦੇ ਨਸਲੀ ਵਿਤਕਰੇ ਦਾ ਰੰਗ ਦਿੱਤਾ ਗਿਆ। 'ਟ੍ਰਿਬਿਊਨ' ਅਤੇ 'ਪੰਜਾਬੀ' ਵਿਰੁੱਧ ਹੱਤਕ ਦੇ ਦਾਅਵੇ ਅੰਗਰੇਜ਼ ਅਫ਼ਸਰਾਂ ਨੇ ਕੀਤੇ। 'ਇੰਡੀਆ' ਅਤੇ 'ਹਿੰਦੁਸਤਾਨ' ਵਿਰੁੱਧ ਸਰਕਾਰ ਦੇਖ਼ਿਲਾਫ਼ ਬਗ਼ਾਵਤ ਜਾਂ ਵਿਦਰੋਹ ਦੇ ਅਪਰਾਧ ਲਈ ਮੁਕੱਦਮੇ ਚਲਾਏ ਗਏ।

ਮਾਰਚ 1907 ਤਕ ਸ਼ਹਿਰਾਂ ਅਤੇ ਪ੍ਰਭਾਵਿਤ ਆਬਾਦੀਆਂ ਦਾ ਵਾਤਾਵਰਨ ਤਨਾਅ-ਪੂਰਨ ਹੋ ਗਿਆ। ਸਾਰੇ ਹੀ ਮਿਲ ਕੇ ਗਾਉਣ ਲੱਗੇ, "ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ..." ਆਪਣੇ ਪਦ ਤੋਂ ਮੁਕਤ ਹੋਣ 'ਤੇ ਜਦੋਂ ਲੈਫ਼ਟੀਨੈਂਟ ਗਵਰਨਰ ਸਰ ਚਾਰਲਸ ਰਿਵਾਜ਼ੀ ਵਿਦਾਇਗੀ ਦੌਰੇ ਤੇ ਆਏ ਤਾਂ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਵਿਰੋਧੀ ਪ੍ਰਦਰਸ਼ਨ ਕੀਤਾ। ਵੱਡੇ ਸ਼ਹਿਰਾਂ ਵਿਚ ਵਕੀਲਾਂ ਅਤੇ ਆਰੀਆ ਸਮਾਜ ਦੇ ਮੈਂਬਰਾਂ ਨੇ ਵਿਰੋਧੀ ਇਕੱਤ੍ਰਤਾਵਾਂ ਦਾ ਆਯੋਜਨ ਕੀਤਾ। ਇਸ ਵਿਚ ਮੁੱਖ ਯੋਗਦਾਨ 'ਭਾਰਤ ਮਾਤਾ ਸੁਸਾਇਟੀ' ਦੇ ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦ ਅਤੇ ਅਜੀਤ ਸਿੰਘ ਨੇ ਅਤੇ 'ਇੰਡੀਆ' ਸੰਪਾਦਕ ਪਿੰਡੀ ਦਾਸ ਨੇ ਪਾਇਆ।

ਸਿਪਾਹੀ ਵਿਦਰੋਹ (1857) ਦੀ ਪੰਜਾਹਵੀਂ ਵਰ੍ਹੇ ਗੰਢ ਨੂੰ ਸੂਬੇ-ਸੂਬੇ ਵਿਚ ਰੋਸ ਪ੍ਰਗਟ ਕਰਨ ਲਈ ਚੁਣਿਆ ਗਿਆ। ਕੁਝ ਥਾਵਾਂ ਤੇ ਵਿਸ਼ੇਸ਼ ਕਰਕੇ ਲਾਇਲਪੁਰ ਵਿਚ ਪ੍ਰਦਰਸ਼ਨ-ਕਾਰੀਆਂ ਨੂੰ ਬਲ ਨਾਲ ਖਿੰਡਾਉਣਾ ਪਿਆ। ਲਾਲਾ ਲਾਜਪਤ ਰਾਏ, ਅਜੀਤ ਸਿੰਘ ਅਤੇ ਕੁਝ ਹੋਰ ਵਕੀਲਾਂ ਨੂੰ ਗੜਬੜ ਫੈਲਾਉਣ ਦੇ ਸ਼ੱਕ ਵਜੋਂ ਗ੍ਰਿਫ਼ਤਾਰ ਕੀਤਾ ਗਿਆ। ਪਹਿਲੇ ਦੋ ਨੂੰ ਬਰਮਾ ਵਿਚ ਦੇਸ-ਨਿਕਾਲਾ ਦਿੱਤਾ ਗਿਆ।

ਇੰਨੇ ਜਬਰ ਦੇ ਹੁੰਦੇ ਹੋਏ ਵੀ ਬਿੱਲ ਦੀ ਆਲੋਚਨਾ ਬਰਾਬਰ ਜਾਰੀ ਰਹੀ। ਅਧਿਕਾਰੀਆਂ ਨੇ ਇਹ ਸਮਝ ਲਿਆ ਕਿ ਇਸ ਕਾਰਵਾਈ ਨਾਲ ਸਿੱਖ ਸਿਪਾਹੀਆਂ ਅੰਦਰ ਬੇਚੈਨੀ ਫੈਲੀ ਹੈ। ਉਨ੍ਹਾਂ ਦੇ ਬਹੁਤ ਸਾਰੇ ਸੰਬੰਧੀ ਇਨ੍ਹਾਂ ਆਬਾਦੀਆਂ ਵਿਚ ਸਨ। ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਗਵਰਨਰ ਜਨਰਲ, ਲਾਰਡ ਮਿੰਟੋ ਨੇ ਇਸ ਬਿੱਲ ਬਾਰੇ ਆਪਣੇ ਨਿਸ਼ੇਧ ਅਧਿਕਾਰ (ਵੀਟੋ) ਦੀ ਵਰਤੋਂ ਕੀਤੀ। ਜ਼ਮੀਨ ਦਾ ਮਾਲੀਆ ਅਤੇ ਜਲ-ਕਰ ਘਟਾਏ ਗਏ।

ਆਮ ਰਿਹਾਈ ਲਈ ਸ਼ਹਿਨਸ਼ਾਹ ਦੇ ਜਨਮ-ਦਿਹਾੜੇ ਨੂੰ ਬਹਾਨਾ ਬਣਾਇਆ ਗਿਆ ਅਤੇ ਪੰਜਾਬ ਦੇ ਨੇਤਾ ਛੇ ਮਹੀਨੇ ਦਾ ਦੇਸ-ਨਿਕਾਲਾ ਕੱਟ ਕੇ ਘਰਾਂ ਨੂੰ ਪਰਤ ਆਏ।

ਪਹਿਲੀ ਵਿਸ਼ਵ ਜੰਗ ਅਤੇ ਉਸ ਦੇ ਸਿੱਟੇ

ਸਿੱਖਾਂ ਦਾ ਜੰਗ ਲਈ ਯੋਗਦਾਨ (1914-1918)

1857 ਦੀ ਬਗ਼ਾਵਤ (ਵਿਦਰੋਹ) ਉਪਰੰਤ, ਅੰਗਰੇਜ਼ੀ ਫ਼ੌਜ ਵਿਚ ਸਿੱਖਾਂ ਦੀ ਭਾਰੀ ਗਿਣਤੀ ਭਰਤੀ ਹੋ ਗਈ। ਜਦੋਂ ਪਹਿਲੀ ਵਿਸ਼ਵ ਜੰਗ ਆਰੰਭ ਹੋਈ ਤਾਂ ਸਿੱਖ ਰੰਗਰੂਟ ਵੱਧ ਤੋਂ ਵੱਧ ਲਏ ਜਾਣ ਲੱਗੇ। 1915 ਵਿਚ ਸਰਵਿਸਿਜ਼ ਵਿਚ ਸਿੱਖਾਂ ਦੀ ਗਿਣਤੀ 35,000 ਸੀ ਪਰ ਜੰਗ ਦੇ ਖ਼ਤਮ ਹੋਣ ਤਕ ਇਹ ਸੰਖਿਆ 1,00,000 ਤਕ ਪੁੱਜ ਗਈ। ਇਸ ਪ੍ਰਕਾਰ ਲੜਾਈ ਕਰਨ ਵਾਲੀ ਫ਼ੌਜ ਦਾ ਸਿੱਖ ਪੰਜਵਾਂ ਹਿੱਸਾ ਸਨ।

ਭਰਤੀ ਦਾ ਵਧੇਰੇ ਜ਼ੋਰ ਰਾਜੇ-ਮਹਾਰਾਜਿਆਂ ਦੀਆਂ ਰਿਆਸਤਾਂ ਵਿਚੋਂ ਸੀ। ਅੰਗਰੇਜ਼ੀ ਹਕੂਮਤ ਤੋਂ ਰੰਗਰੂਟ ਟਾਵੇਂ-ਟਾਵੇਂ ਸਨ। ਇਕੱਲੇ ਪਟਿਆਲੇ ਤੋਂ ਹੀ 60,000 ਜਵਾਨ ਸਨ। ਅੰਗਰੇਜ਼ੀ ਇਲਾਕੇ ਦੇ ਕਿਸੇ ਅੱਛੇ ਜ਼ਿਲ੍ਹੇ ਨਾਲੋਂ ਇਹ ਸੰਖਿਆ ਕਿਤੇ ਵੱਧ ਸੀ। ਕਿਸੇ ਹੋਰ ਰਿਆਸਤ ਦੀ ਭਰਤੀ ਨਾਲੋਂ ਇਹ ਸੰਖਿਆ ਚਾਰ ਗੁਣੀ ਸੀ। ਕਪੂਰਥਲਾ, ਨਾਭਾ, ਫ਼ਰੀਦਕੋਟ ਅਤੇ ਕਲਸੀਆ ਮੋਰਚਿਆਂ ਤੇ ਲੜੇ। ਪਟਿਆਲਾ, ਜੀਂਦ ਅਤੇ ਕਪੂਰਥਲਾ ਨੇ ਆਪਣੀਆਂ ਨਿੱਜੀ ਸੇਵਾਵਾਂ ਅਰਪਣ ਕੀਤੀਆਂ ਅਤੇ ਸਾਰੇ ਰਾਜਿਆਂ ਅਤੇ ਨਵਾਬਾਂ ਨੇ ਖੁੱਲ੍ਹੇ ਦਿਲ ਨਾਲ ਮਾਇਆ ਅਤੇ ਹੋਰ ਸਾਜ਼-ਸਮਾਨ ਭੇਂਟ ਕੀਤਾ।

ਸਿੱਖ ਸਿਪਾਹੀ ਯੂਰਪ, ਤੁਰਕੀ ਅਤੇ ਅਫ਼ਰੀਕਾ ਦੇ ਮੋਰਚਿਆਂ ਤੇ ਲੜੇ ਅਤੇ ਆਪਣੀ ਸੂਰਬੀਰਤਾ ਸਦਕਾ ਆਪਣੀ ਕੌਮ ਦਾ ਨਾਂ ਉੱਚਾ ਕੀਤਾ, ਨਾਮਣਾ ਖੱਟਿਆ। ਵਿੱਲੱਖਣ ਭਾਂਤ ਦੀ ਬਹਾਦਰੀ ਲਈ 22 ਮਿਲਟਰੀ ਕ੍ਰਾਸ ਭਾਰਤੀਆਂ ਨੂੰ ਪ੍ਰਦਾਨ ਕੀਤੇ ਗਏ ਸਨ, ਜਿਨ੍ਹਾਂ ਵਿਚੋਂ 14 ਸਿੱਖਾਂ ਨੇ ਪ੍ਰਾਪਤ ਕੀਤੇ। ਪੰਜਾਬ ਦੇ ਜੰਗੀ ਉੱਦਮ ਸੰਬੰਧੀ ਸਰਕਾਰੀ ਦਸਤਾਵੇਜ਼ ਵਿਚ ਇਸ ਪ੍ਰਕਾਰ ਦਰਜ ਹੈ : "ਇਹ ਸੱਚ ਹੈ, ਅਮਲੀ ਤੌਰ ਤੇ ਸੂਬੇ ਦੇ ਹਰ ਹਿੱਸੇ ਵਿਚੋਂ ਸਿੱਖ ਅੱਗੇ ਆਏ, ਪੂਰੀ ਸ਼ਕਤੀ ਨਾਲ, ਅਤੇ ਸਰਬ-ਪੱਖੀ ਰੀਕਾਰਡ ਕਾਇਮ ਕੀਤਾ ਜਿਸ ਦੀ ਆਲੋਚਨਾ ਕਰਨ ਦੀ ਕੋਈ ਗੁੰਜਾਇਸ਼ ਨਹੀਂ।

ਜੰਗ ਦੇ ਸਿੱਟੇ, ਅੰਮ੍ਰਿਤਸਰ ਦਾ ਘੱਲੂਘਾਰਾ (ਅਪ੍ਰੈਲ 13, 1919)

ਸਿੱਖਾਂ ਨੇ ਜੰਗ ਵਿਚ ਜਵਾਨਾਂ ਅਤੇ ਸਾਜ਼-ਸਮਾਨ ਦਾ ਯੋਗਦਾਨ ਬਾਕੀ ਭਾਰਤੀ ਕੌਮਾਂ ਨਾਲੋਂ ਵੱਧ-ਚੜ੍ਹ ਕੇ ਪਾਇਆ ਸੀ। ਇਸ ਲਈ ਉਨ੍ਹਾਂ ਸਾਂਝੀ ਜਿੱਤ ਲਈ ਆਪਣੇ ਯੋਗਦਾਨ ਨੂੰ ਵਧਾ-ਚੜ੍ਹਾ ਕੇ ਦੱਸਿਆ ਅਤੇ ਆਸ ਰੱਖੀ ਕਿ ਉਨ੍ਹਾਂ ਦੀਆਂ ਸੇਵਾਵਾਂ ਦਾ ਵਿਸ਼ੇਸ਼ ਮੁੱਲ ਪਾਇਆ ਜਾਵੇਗਾ। ਪਰ ਇਸ ਅਨੁਭਵ ਤੋਂ ਦੁੱਖ ਹੋਇਆ ਕਿ ਪੁਲਿਸ ਅਤੇ ਸਥਾਨਕ ਅਫ਼ਸਰ ਉਨ੍ਹਾਂ ਨੂੰ ਜੇਤੂ ਸੂਰਬੀਰਾਂ ਵਾਂਗ ਸਮਝਣ ਅਤੇ ਸਲੂਕ ਕਰਨ ਦੀ ਥਾਂ ਆਮ ਗੰਵਾਰਾਂ ਵਾਂਗ ਹੀ ਸਮਝੀ ਜਾਂਦੇ ਸਨ। ਉਨ੍ਹਾਂ ਪਹਿਲੀ ਵਾਰ ਕਹਾਣੀ ਸੁਣੀ ਕਿ ਸਿੱਖ ਪਰਵਾਸੀਆਂ

ਨਾਲ ਕੈਨੇਡਾ ਤੇ ਅਮਰੀਕਾ ਵਿਚ ਗੋਰੀ ਨਸਲ ਕਿਵੇਂ ਭੈੜਾ ਸਲੂਕ ਕਰਦੀ ਹੈ। ਗਦਰ ਵਿਦਰੋਹ ਕਿਵੇਂ ਉੱਭਰਿਆ, ਕਿਵੇਂ ਬਗਾਵਤ ਲਈ ਮੁਕੱਦਮੇ ਚਲਾਏ ਗਏ। ਫਾਹੇ ਲਾਏ ਗਏ, ਦੇਸ਼-ਨਿਕਾਲਾ ਦਿੱਤਾ ਗਿਆ ਅਤੇ ਆਪਣੇ ਹੀ ਪਿੰਡਾਂ ਵਿਚ ਨਜ਼ਰਬੰਦ ਕੀਤੇ ਗਏ, ਅਜਿਹੇ ਸਹਿਧਰਮੀਆਂ ਦੀ ਗਿਣਤੀ 5,000 ਦੇ ਕਰੀਬ ਸੀ। ਉਨ੍ਹਾਂ ਦੇ ਪੇਂਡੂ ਭਰਾਵਾਂ ਨੇ ਦੱਸਿਆ ਕਿ ਸਰਕਾਰ ਨੇ ਕਿੰਨੇ-ਕਿੰਨੇ ਅਤੇ ਕਿਵੇਂ ਅੱਤਿਆਚਾਰ ਉਨ੍ਹਾਂ 'ਤੇ ਕੀਤੇ। ਕਿਵੇਂ ਜਬਰਨ ਯੋਗਦਾਨ ਦਾ ਤਰੀਕਾ ਲਾਗੂ ਕੀਤਾ ਗਿਆ। ਇਸ ਅਨੁਸਾਰ ਹਰ ਪਿੰਡ ਨੂੰ ਇਕ ਖ਼ਾਸ ਗਿਣਤੀ ਵਿਚ ਰੰਗਰੂਟ ਦੇਣੇ ਜ਼ਰੂਰੀ ਸਨ ਅਤੇ ਚੰਦਾ ਇਕੱਠਾ ਕਰਨ ਲਈ ਜਬਰ ਦਾ ਵਰਤਾਰਾ ਕੀਤਾ ਗਿਆ। ਹੋਰ ਅਨੇਕ ਪੱਖਾਂ ਨੇ ਬਲਦੀ ਤੇ ਹੋਰ ਬਾਲਣ ਅਤੇ ਤੇਲ ਦਾ ਕੰਮ ਕੀਤਾ। ਗਰਮੀਆਂ ਦੀ ਬਰਸਾਤ ਧੋਖਾ ਦੇ ਗਈ, ਰਬੀ ਦੀ ਫ਼ਸਲ ਤਾਂ ਉੱਕਾ ਹੀ ਨਾਂਹ ਦੇ ਬਰਾਬਰ ਸੀ। ਜੀਵਨ ਦੇ ਨਿਰਬਾਹ ਲਈ ਕੀਮਤਾਂ 'ਤੇ ਖ਼ਰਚ ਪਹਿਲਾਂ ਨਾਲੋਂ ਕਿਤੇ ਵਧ ਗਿਆ। ਸ਼ਹਿਰੀ ਆਬਾਦੀ 'ਤੇ ਵਿਸ਼ੇਸ਼ ਆਮਦਨੀ ਕਰ ਦੇ ਲਾਗੂ ਕੀਤੇ ਜਾਣ ਨਾਲ ਤੰਗੀ ਵਧ ਗਈ। ਕਈ ਥਾਵਾਂ ਤੇ ਇਹ 100 ਤੋਂ 200 ਪ੍ਰਤੀਸ਼ਤ ਹੋ ਗਿਆ। ਨਾਲ ਹੀ ਕੁਦਰਤ ਦੀ ਕਰੋਪੀ ਹੋਈ ਅਤੇ ਸਾਰੇ ਹੀ ਦੇਸ਼ ਅੰਦਰ ਇਨਫਲੂਐਂਜ਼ਾ ਦੀ ਮਹਾਂਮਾਰੀ ਫੈਲ ਗਈ ਅਤੇ ਜਾਨਾਂ ਦਾ ਭਾਰੀ ਨੁਕਸਾਨ ਹੋਇਆ। ਸਾਲ ਦੇ ਅੰਤ ਤਕ (1918) 100,000 ਪੰਜਾਬੀ ਫਲੂ ਕਾਰਨ ਚਲਾਣਾ ਕਰ ਗਏ। ਸੂਬੇ ਅੰਦਰ ਨਿਰਾਸ਼ਾ ਅਤੇ ਭਰਮ ਦਾ ਵਾਤਾਵਰਣ ਪੱਸਰ ਗਿਆ। ਜਦੋਂ ਹਮਦਰਦੀ ਅਤੇ ਭਰੋਸੇ ਦੀ ਮਲ੍ਹਮ ਦੀ ਆਸ ਆਪਣੇ ਫੱਟਾਂ ਲਈ ਲਾਈ ਬੈਠੇ ਸਨ ਤਾਂ ਸਰਕਾਰ ਨੇ ਉਲਟਾ ਉਨ੍ਹਾਂ ਦੇ ਅੱਲੇ ਜ਼ਖ਼ਮਾਂ ਤੇ ਲੂਣ ਛਿੜਕਿਆ। ਜਿਹੜੇ ਪ੍ਰਤੀਬੰਧ ਜਾਂ ਰੋਕ-ਟੋਕ ਦੇ ਢੰਗ-ਤਰੀਕੇ ਅਤੇ ਕਾਨੂੰਨ ਜੰਗ ਦੇ ਸਮੇਂ ਲਾਗੂ ਕੀਤੇ ਗਏ ਸਨ, ਉਹ ਵਾਪਸ ਲੈਣ ਅਤੇ ਹਟਾਉਣ ਦੀ ਥਾਂ ਹੋਰ ਸਖ਼ਤੀ ਦੇ ਕਾਨੂੰਨ ਘੜਨ ਦੀ ਵਿਉਂਤ ਬਣਾਈ ਗਈ। ਜਦੋਂ ਭਾਰਤ ਦੀ ਸਵਰਾਜ ਦੀ ਭਾਵਨਾ ਅਤੇ ਮੰਗ ਅੱਗੇ ਆਈ ਤਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓ 'ਡਾਇਰ ਨੇ ਸ਼ਹਿਰੀ ਬਾਬੂ ਅਤੇ ਸਿਰਫਿਰੇ ਵਕੀਲਾਂ ਦੇ ਦਿਮਾਗ ਦਾ ਕੀੜਾ ਕੱਢਿਆ ਅਤੇ ਭੰਡਿਆ। ਉਸ ਨੇ ਕੌਮੀ ਲੀਡਰਾਂ ਦੇ ਸੂਬੇ ਵਿਚ ਦਾਖ਼ਲੇ ਤੇ ਪਾਬੰਦੀ ਲਾਈ ਅਤੇ ਰੌਲੇਟ ਬਿੱਲ, ਜਿਸ ਦਾ ਅਸਲ ਮਨੋਰਥ ਇਨਕਲਾਬੀ ਜੁਰਮ ਦੀ ਰੋਕ-ਥਾਮ ਕਰਨਾ ਸੀ, ਦੇ ਵਿਰੁੱਧ ਹੋ ਰਹੀ ਜੱਦੋਜਹਿਦ ਨੂੰ ਦਬਾਉਣ ਲਈ ਸਖ਼ਤ ਕਾਰਵਾਈ ਕੀਤੀ। ਪੰਜਾਬ ਅੰਦਰ ਸਰ ਡਿਸਨੀ ਰੌਲੇਟ ਦੀ ਅੱਲ 'ਹੌਲਾ' ਪੈ ਗਈ। ਜਿਹੜੀਆਂ ਪਾਰਟੀ-ਤਬਦੀਲੀਆਂ ਦੀ ਉਸ ਤਜਵੀਜ਼ ਰੱਖੀ ਸੀ, ਉਸ ਬਾਰੇ ਇਹ ਨਾਅਰਾ ਲੱਗਣ ਲੱਗਾ : ਨਾ ਦਲੀਲ, ਨਾ ਵਕੀਲ, ਨਾ ਅਪੀਲ। ਪਰ ਉਹ ਬਿੱਲ ਮਾਰਚ 1919 ਵਿਚ ਕਾਨੂੰਨ ਬਣ ਗਿਆ।

ਮਹਾਤਮਾ ਗਾਂਧੀ, ਜਿਨ੍ਹਾਂ ਨੇ ਰੌਲਟ ਬਿੱਲ ਵਿਰੁੱਧ ਜੱਦੋਜਹਿਦ ਦੀ ਅਗਵਾਈ ਕੀਤੀ ਸੀ, ਐਲਾਨ ਕੀਤਾ ਕਿ ਇਸ ਬਿੱਲ ਵਿਰੁੱਧ ਲੋਕਾਂ ਦੀ ਨਫ਼ਰਤ ਅਤੇ ਵਿਰੋਧ ਦਾ ਪ੍ਰਗਟਾਵਾ ਕਰਨ ਲਈ ਮੁਕੰਮਲ ਹੜਤਾਲ ਕੀਤੀ ਜਾਵੇ। ਕਈ ਥਾਵਾਂ ਤੇ ਦੰਗੇ ਹੋਏ ਅਤੇ ਕਈ ਸ਼ਹਿਰਾਂ ਵਿਚ ਪੁਲਿਸ ਵੱਲੋਂ ਗੋਲੀ ਚਲਾਉਣ ਕਾਰਨ ਮੌਤਾਂ ਵੀ ਹੋਈਆਂ। ਮਹਾਤਮਾ ਗਾਂਧੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਪੰਜਾਬ ਵਿਚ ਵਿਰੋਧ ਦਾ ਪ੍ਰਗਟਾਵਾ ਸ਼ਾਂਤਮਈ ਅਤੇ ਅੱਛੇ ਢੰਗ ਨਾਲ ਕੀਤਾ ਜਾ ਰਿਹਾ ਸੀ। ਪਰ ਪੁਲਿਸ ਦੇ ਵਤੀਰੇ ਨੇ ਸਾਰਾ ਮਾਮਲਾ ਗੜਬੜ ਕਰ ਦਿੱਤਾ। ਅੰਮ੍ਰਿਤਸਰ ਵਿਚ ਡਾਕਟਰ ਸੈਫ-ਉਦ-ਦੀਨ ਕਿਚਲੂ ਅਤੇ ਡਾਕਟਰ ਸੱਤਿਆਪਾਲ ਨੇ ਸਫਲਤਾ ਸਹਿਤ ਹੜਤਾਲੀਆਂ ਦਾ ਪ੍ਰਦਰਸ਼ਨ ਹਿੰਦੂ-ਮੁਸਲਿਮ ਏਕਤਾ ਦੇ ਵਾਧੇ ਲਈ ਕੀਤਾ। ਪਰ ਇਹ

ਦੋਵੇਂ ਲੀਡਰ ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ ਨੂੰ ਧਰਮਸਾਲਾ 'ਚੋਂ ਕੱਢੇ ਜਾਣ ਦੀ ਖ਼ਬਰ ਸ਼ਹਿਰ ਅੰਦਰ ਫੈਲ ਗਈ ਅਤੇ ਲੋਕਾਂ ਦੀ ਇਕ ਭੀੜ ਡਿਪਟੀ ਕਮਿਸਨਰ ਦੇ ਬੰਗਲੇ ਵੱਲ ਵਧੀ ਤਾਂ ਜੋ ਵਿਰੋਧ ਦਰਜ ਕਰਵਾਇਆ ਜਾਵੇ। ਪਰ ਪੁਲਿਸ ਨੇ ਉਨ੍ਹਾਂ ਨੂੰ ਰਾਹ ਵਿਚ ਹੀ ਰੋਕ ਲਿਆ। ਉਨ੍ਹਾਂ ਨੂੰ ਤਿੱਤਰ-ਬਿੱਤਰ ਕਰਨ ਦੇ ਅਮਲ ਵਿਚ ਅੱਧੀ ਦਰਜਨ ਵਿਅਕਤੀ ਮਾਰੇ ਗਏ ਅਤੇ 30 ਤੋਂ ਵੱਧ ਫੱਟੜ ਹੋਏ। ਪੰਜਾਬ ਕਾਂਗਰਸ ਦੀ ਜਾਂਚ ਰਿਪੋਰਟ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 20 ਸੀ। ਭੀੜ ਕਾਬੂ ਤੋਂ ਬਾਹਰ ਹੋ ਗਈ ਅਤੇ ਉਨ੍ਹਾਂ ਗੋਰਿਆਂ 'ਤੇ ਹਮਲਾ ਕਰ ਦਿੱਤਾ। 'ਉਨ੍ਹਾਂ ਇਕ ਅੰਗਰੇਜ਼ ਦੀ ਮਾਲੀਅਤ ਵਾਲੇ ਬੈਂਕ, ਇਕ ਗਿਰਜੇ, ਤਾਰ ਘਰ, ਟਾਊਨ ਹਾਲ ਅਤੇ ਕ੍ਰਿਸਚੀਅਨ ਰਿਲੀਜਨ ਟੈਕਸਟ ਬੁਕ ਸੋਸਾਇਟੀ ਦੇ ਦਫ਼ਤਰ ਨੂੰ ਅੱਗ ਲਾ ਦਿੱਤੀ। ਇਸ ਫ਼ਸਾਦ ਵਿਚ ਪੰਜ ਅੰਗਰੇਜ਼ ਮਾਰੇ ਗਏ ਅਤੇ ਇਕ ਅੰਗਰੇਜ਼ ਉੱਪਰ ਸਖ਼ਤ ਹਮਲਾ ਹੋਇਆ। ਡਿਪਟੀ ਕਮਿਸ਼ਨਰ ਦੇ ਬੇਅਕਲੀ ਦੇ ਅਮਲ ਨੇ ਨਸਲੀ ਨਫ਼ਰਤ ਪੈਦਾ ਕਰ ਦਿੱਤੀ।

ਜਲੰਧਰ ਤੋਂ ਬ੍ਰਿਗੇਡੀਅਰ ਜਨਰਲ ਆਰ.ਈ.ਐਚ. ਡਾਇਰ ਆਪਣੀਆਂ ਫ਼ੌਜੀ ਟੁਕੜੀਆਂ ਅਤੇ ਬਖ਼ਤਰਬੰਦ ਗੱਡੀਆਂ ਲੈ ਕੇ ਪੁੱਜ ਗਿਆ। ਇਹ ਅਫ਼ਸਰ ਉੱਤਰੀ ਭਾਰਤ ਦੀ ਮਸ਼ਹੂਰ ਬੀਅਰ ਪਰਿਵਾਰ ਦੀ ਡਾਇਰ ਮੀਕਿਨ ਐਂਡ ਕੰਪਨੀ ਨਾਲ ਸੰਬੰਧਤ ਸੀ। ਉਹ ਸ਼ਿਮਲੇ ਅਤੇ ਸੈਂਡਹਰਸਟ ਵਿਚ ਪੜ੍ਹਿਆ ਸੀ। ਉਸ ਨੂੰ 1886 ਵਿਚ ਕਮਿਸ਼ਨ ਮਿਲਿਆ ਅਤੇ ਵਧੇਰੇ ਕਰਕੇ ਭਾਰਤ ਵਿਚ ਹੀ ਸੇਵਾ ਕਰਦਾ ਰਿਹਾ ਸੀ। ਅੰਮ੍ਰਿਤਸਰ ਪਹੁੰਚਣ ਤੇ ਅਗਲੇ ਦਿਨ ਦੁਪਹਿਰ ਨੂੰ ਜਦੋਂ ਉਹ ਅਤੇ ਉਸਦੀਆਂ ਫ਼ੌਜਾਂ ਬਜ਼ਾਰਾਂ ਵਿਚ ਮਾਰਚ ਕਰਦੀਆਂ ਲੰਘੀਆਂ ਤਾਂ ਲੋਕਾਂ ਨੇ ਉਸ ਦੇ ਆਉਣ ਤੇ 'ਹਿੰਦੂ-ਮੁਸਲਿਮ ਦੀ ਜੈ' ਅਤੇ 'ਮਹਾਤਮਾ ਗਾਂਧੀ ਦੀ ਜੈ' ਦੇ ਜੈਕਾਰੇ ਬੁਲਾਏ। ਸ਼ਾਮ ਵੇਲੇ ਉਸ ਨੂੰ ਹੁੱਲੜ-ਬਾਜ਼ੀ ਦਾ ਸਮਾਚਾਰ ਮਿਲਿਆ, ਟੈਲੀਫ਼ੂਨ ਦੀਆਂ ਤਾਰਾਂ ਕੱਟੀਆਂ ਗਈਆਂ, ਰੇਲਵੇ ਲਾਈਨ ਦੀਆਂ ਪਟੜੀਆਂ ਦੀਆਂ ਫ਼ਿਸ-ਪਲੇਟਾਂ ਉਖਾੜੀਆਂ ਗਈਆਂ। ਜਨਰਲ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ ਸਭ ਇਕੱਤ੍ਰਤਾਵਾਂ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤੀਆਂ। ਇਸ ਦੌਰਾਨ ਸਥਾਨਕ ਕਾਂਗਰਸ ਨੇ ਵੈਸਾਖੀ ਦੇ ਮੇਲੇ ਦੇ ਅਵਸਰ ਤੇ ਜੱਲ੍ਹਿਆਂਵਾਲਾ ਬਾਗ਼ ਵਿਚ ਇਕ ਇਕੱਤ੍ਰਤਾ ਕਰਨ ਦਾ ਐਲਾਨ ਕੀਤਾ ਹੋਇਆ ਸੀ। ਤੜਕਸਾਰ ਤੋਂ ਹੀ ਸਿੱਖ, ਜਿਨ੍ਹਾਂ ਵਾਸਤੇ ਵੈਸਾਖੀ ਦੀ ਸੰਗਰਾਂਦ ਖ਼ਾਲਸੇ ਦੇ ਜਨਮ-ਦਿਹਾੜੇ ਦੇ ਰੂਪ ਵਿਚ ਹੈ, ਹਰਿਮੰਦਰ ਸਾਹਿਬ ਪਹੁੰਚਣੇ ਸ਼ੁਰੂ ਹੋ ਗਏ। ਜਿਹੜੇ ਨੇੜੇ-ਤੇੜੇ ਦੇ ਇਲਾਕਿਆਂ ਤੋਂ ਆਏ ਹੋਏ ਸਨ, ਉਨ੍ਹਾਂ ਨੂੰ ਕੀਤੇ ਗਏ ਐਲਾਨ ਦਾ ਪਤਾ ਨਹੀਂ ਸੀ। ਉਹ ਨਜ਼ਦੀਕ ਦੇ ਜੱਲ੍ਹਿਆਂਵਾਲਾ ਬਾਗ਼ ਵਿਚ ਵਿਸਰਾਮ ਕਰਨ ਲਈ ਆਏ ਤਾਂ ਜੋ ਮੌਸਮ ਠੰਡਾ ਹੋਣ ਤੇ ਆਪਣੇ ਘਰਾਂ ਨੂੰ ਵਾਪਸ ਪਰਤ ਜਾਣਗੇ। ਸਥਾਨਕ ਕਾਂਗਰਸੀਆਂ ਨੇ ਇਸ ਅਵਸਰ ਦਾ ਲਾਭ ਉਠਾ ਕੇ ਪਹਿਲੇ ਦਿਨ ਹੋਈਆਂ ਘਟਨਾਵਾਂ ਤੋਂ ਜਾਣੂ ਕਰਵਾਉਣਾ ਆਰੰਭ ਕਰ ਦਿੱਤਾ। ਪਿੰਡ ਦੇ ਲੋਕਾਂ ਲਈ ਇਹ ਇਕ ਹੋਰ ਮਨੋਰੰਜਨ ਸੀ। ਮਹਿਜ਼ ਇਕ ਤਮਾਸ਼ਾ।

ਜਿਉਂ ਹੀ ਜਨਰਲ ਡਾਇਰ ਨੂੰ ਇਸ ਇਕੱਤਰਤਾ ਦੀ ਖ਼ਬਰ ਮਿਲੀ, ਉਸ ਇਨਫ਼ੈਂਟਰੀ ਦੀ ਪਲਟਨ ਜੱਲ੍ਹਿਆਂਵਾਲਾ ਬਾਗ਼ ਵਿਖੇ ਲੈ ਆਂਦੀ। ਬਾਗ਼ ਦੇ ਅੰਦਰ ਆਉਣ-ਜਾਣ ਲਈ ਜਿਹੜੀ ਭੀੜੀ ਗਲੀ ਸੀ, ਉਹ ਜਨਰਲ ਡਾਇਰ ਨੇ ਮੱਲ ਲਈ। ਬਿਨਾਂ ਕਿਸੇ ਚੇਤਾਵਨੀ ਦੇਣ ਦੇ ਕਿ ਲੋਕ ਖਿੰਡ-ਪੁੰਡ ਜਾਣ, ਉਸ ਨੇ ਗੋਲੀ ਚਲਾਉਣ ਦੇ ਆਦੇਸ਼ ਦੇ ਦਿੱਤੇ। ਉਸ ਨੇ 379 ਆਦਮੀਆਂ ਦੀ ਹੱਤਿਆ ਕੀਤੀ ਅਤੇ 2,000 ਤੋਂ ਵੱਧ ਜ਼ਖ਼ਮੀ ਹੋ ਗਏ। ਉਸ ਸ਼ਹਿਰ ਅੰਦਰ ਕਰਫ਼ਿਊ ਲਾ ਦਿੱਤਾ ਅਤੇ ਪਿੱਛੇ ਮਰਨ ਵਾਲਿਆਂ ਨੂੰ ਮਰੇ ਹੋਇਆਂ ਦੇ ਨਾਲ

ਹੀ ਛੱਡ ਕੇ ਆਪਣੇ ਕੈਂਪ ਵਿਚ ਵਾਪਸ ਆ ਗਿਆ। ਉਨ੍ਹਾਂ ਵਾਸਤੇ ਸਹਾਇਤਾ ਜੁਟਾਉਣ ਲਈ ਕੁਝ ਨਹੀਂ ਕੀਤਾ ਗਿਆ ਸੀ। ਜਦੋਂ ਇਹ ਖ਼ਬਰ ਸਰ ਮਾਈਕਲ ਓ 'ਡਾਇਰ ਨੂੰ ਦਿੱਤੀ ਗਈ ਤਾਂ ਉਸ ਨੇ ਵੀ ਇਸ ਦੀ ਪੁਸ਼ਟੀ ਕਰ ਦਿੱਤੀ।

ਅੰਮ੍ਰਿਤਸਰ ਵਿਚ ਮਾਰਸ਼ਲ-ਲਾਅ ਲਾਗੂ ਕਰ ਦਿੱਤਾ ਗਿਆ ਅਤੇ ਅੱਗੋਂ ਇਸ ਨੂੰ ਹੋਰ ਜ਼ਿਲ੍ਹਿਆਂ ਵਿਚ ਵੀ ਵਧਾ ਦਿੱਤਾ : ਲਾਹੌਰ, ਗੁਜਰਾਂਵਾਲਾ, ਲਾਇਲਪੁਰ ਅਤੇ ਗੁਜਰਾਤ।

ਪੰਜਾਬ ਵਿਚ ਮਾਰਸ਼ਲ-ਲਾਅ

ਰੋਲਟ ਬਿੱਲਾਂ ਦੇ ਵਿਰੁੱਧ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਹੜਤਾਲਾਂ ਹੋਈਆਂ ਅਤੇ ਕਾਲੀਆਂ ਝੰਡੀਆਂ ਦੇ ਜਲੂਸ ਕੱਢੇ ਗਏ। ਕੁਝ ਥਾਵਾਂ ਤੇ ਪੁਲਿਸ ਨੇ ਚੁੱਪ-ਚਾਪ ਪ੍ਰਦਰਸ਼ਨਕਾਰੀਆਂ ਤੇ ਗੋਲੀ ਚਲਾਈ। ਜੱਲ੍ਹਿਆਂਵਾਲਾ ਬਾਗ਼ ਦੇ ਕਾਂਡ ਉਪਰੰਤ ਪ੍ਰਦਰਸ਼ਨ ਬਹੁਤ ਹੀ ਹਿੰਸਕ ਹੋ ਗਿਆ। ਪੁਲ, ਗਿਰਜੇ, ਡਾਕਖ਼ਾਨੇ ਅਤੇ ਹੋਰ ਪਬਲਿਕ ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ। ਤਾਰ ਅਤੇ ਟੈਲੀਫ਼ੂਨ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ, ਰੇਲਵੇ ਲਾਈਨਾਂ ਉਖਾੜ ਦਿੱਤੀਆਂ ਗਈਆਂ। ਗੋਰਿਆਂ ਉਪਰ ਹਮਲੇ ਕੀਤੇ ਗਏ। ਪ੍ਰਸ਼ਾਸਨ ਨੂੰ ਫ਼ੌਜ ਨੇ ਆਪਣੇ ਹੱਥ ਲੈ ਲਿਆ। ਇਕ ਸੱਭਿਅਕ ਸਰਕਾਰ ਦਾ ਜੋ ਵੀ ਚਿੰਨ੍ਹ ਬਾਕੀ ਰਹਿ ਗਿਆ ਸੀ, ਉਹ ਵੀ ਉਡ ਗਿਆ।

ਅੰਮ੍ਰਿਤਸਰ ਵਿਚ ਜਨਰਲ ਡਾਇਰ ਦੇ ਅਮਲ ਨਾਲ 'ਡਾਇਰਆਰਕੀ' ਫੈਲ ਗਈ (ਬਦਅਮਨੀ ਲਈ ਘੜਿਆ ਗਿਆ ਸ਼ਬਦ) ਜਿਸ ਦੀ ਲਪੇਟ ਵਿਚ ਸਾਰਾ ਸੂਬਾ ਆ ਗਿਆ। ਉਸ ਨੇ ਸ਼ਹਿਰ ਦੀ ਪਾਣੀ ਅਤੇ ਬਿਜਲੀ ਦੀ ਸਪਲਾਈ ਬੰਦ ਕਰਵਾ ਦਿੱਤੀ। ਇਕ ਗਲੀ ਅੰਦਰ ਜਿਸ ਵਿਚ ਇਕ ਮਿਸ਼ਨਰੀ ਔਰਤ ਤੇ ਹਮਲਾ ਹੋਇਆ, ਸਭ ਨੂੰ ਢਿੱਡ ਭਾਰ ਰੀਂਗਦੇ ਹੋਏ ਲੰਘਣ ਦੇ ਆਦੇਸ਼ ਦਿੱਤੇ ਗਏ। ਲੋਕਾਂ ਨੂੰ ਬਿਨਾਂ ਮੁਕੱਦਮਾ ਚਲਾਏ ਸਜ਼ਾਵਾਂ ਦਿੱਤੀਆਂ ਗਈਆਂ। "ਯੂਰਪੀਨਾਂ ਦੀ ਮਲਕੀਅਤ ਵਾਲੀਆਂ ਗੱਡੀਆਂ ਤੋਂ ਇਲਾਵਾ" ਸਾਈਕਲ, ਛਕੜੇ ਅਤੇ ਕਾਰਾਂ ਸਭ ਵਗਾਰ ਅਧੀਨ ਕਰ ਲਈਆਂ ਗਈਆਂ। ਵਕੀਲਾਂ ਨੂੰ ਜਬਰੀ ਤੌਰ ਤੇ ਵਿਸ਼ੇਸ਼ ਕਾਨਸਟੇਬਲ ਭਰਤੀ ਕਰ ਲਿਆ ਗਿਆ ਅਤੇ ਉਨ੍ਹਾਂ ਪਾਸੋਂ ਗਲੀਆਂ ਦੀ ਗਸ਼ਤ ਕਰਵਾਈ ਗਈ। ਵਿਸ਼ੇਸ਼ ਤੌਰ ਤੇ ਗਠਿਤ ਅਦਾਲਤਾਂ ਵਿਚ 300 ਆਦਮੀਆਂ 'ਤੇ ਮੁਕੱਦਮੇ ਚਲਾਏ ਗਏ ਅਤੇ 51 ਦੀ ਸਰਸਰੀ ਤੌਰ ਤੇ ਸੁਣਵਾਈ ਕਰਕੇ ਫਾਂਸੀ ਤੇ ਲਟਕਾ ਦਿੱਤਾ ਗਿਆ। ਅਨੇਕਾਂ ਹੀ ਵੱਖ-ਵੱਖ ਸਮੇਂ ਲਈ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਗਏ।

ਅੰਮ੍ਰਿਤਸਰ ਨਾਲੋਂ ਲਾਹੌਰ ਵਿਚ ਹੋਰ ਵੀ ਭੈੜਾ ਹਾਲ ਸੀ। ਫ਼ੌਜੀ ਅਧਿਕਾਰੀਆਂ ਨੇ ਵਪਾਰੀਆਂ ਨੂੰ ਦੁਕਾਨਾਂ ਖੋਲ੍ਹਣ ਦੇ ਹੁਕਮ ਦਿੱਤੇ ਅਤੇ ਨਾਲ ਹੀ ਧਮਕੀ ਦਿੱਤੀ ਕਿ ਉਲੰਘਣਾ ਕਰਨ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਵੇਗੀ ਅਤੇ ਉਨ੍ਹਾਂ ਦਾ ਸਾਮਾਨ ਲੋਕਾਂ ਵਿਚ ਮੁਫ਼ਤ ਵੰਡ ਦਿੱਤਾ ਜਾਵੇਗਾ। ਪਟੜੀਆਂ ਤੇ ਨਾਲ-ਨਾਲ ਕੇਵਲ ਦੋ ਆਦਮੀ ਚੱਲਣ ਦਿੱਤੇ ਗਏ। ਭਾਰਤੀਆਂ ਪਾਸ ਜਿਹੜੇ ਬਿਜਲੀ ਦੇ ਪੱਖੇ ਜਾਂ ਬਿਜਲੀ ਦੀ ਵਰਤੋਂ ਵਾਲੇ ਉਪਰਕਣ ਸਨ, ਉਹ ਲੈ ਲਏ ਗਏ ਤਾਂ ਜੋ ਅੰਗਰੇਜ਼ ਸਿਪਾਹੀ ਉਨ੍ਹਾਂ ਦਾ ਲਾਭ ਉਠਾ ਸਕਣ। ਬਾਦਸ਼ਾਹੀ ਮਸਜਿਦ, ਜਿਥੇ ਇਕੱਤਰਤਾਵਾਂ ਹੁੰਦੀਆਂ ਰਹਿੰਦੀਆਂ ਸਨ, ਜੁੰਮੇ ਦੀ ਨਮਾਜ਼ ਤੋਂ ਇਲਾਵਾ ਬੰਦ ਕਰ ਦਿੱਤੀ ਗਈ। ਕਈ ਦਿਨਾਂ ਤਕ ਡੰਡੇ ਮਾਰਨ ਦਾ ਕੰਮ ਖੁੱਲ੍ਹੇ-ਆਮ ਚਲਦਾ ਰਿਹਾ। ਪੜ੍ਹੇ-ਲਿਖੇ ਲੋਕਾਂ 'ਤੇ ਵਿਸ਼ੇਸ਼ ਨਿਗਾਹ ਰੱਖੀ ਗਈ। ਲਾਹੌਰ ਦੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਆਦੇਸ਼ ਦਿੱਤੇ ਗਏ ਕਿ ਦਿਨ ਵਿਚ ਚਾਰ ਵਾਰੀ ਹਾਜ਼ਰੀ ਦਿਆ ਕਰਨ। ਕੁਝ ਹਾਲਤਾਂ

ਵਿਚ ਤਾਂ ਕਾਲਜ ਤੋਂ ਚਾਰ ਮੀਲ ਦੀ ਦੂਰੀ ਤੇ ਬੁਲਾਏ ਜਾਂਦੇ।

ਕਸੂਰ ਵਿਚ ਦੋ ਗੋਰਿਆਂ ਦਾ ਕਤਲ ਹੋ ਗਿਆ। ਉਥੇ ਸਾਰਿਆਂ ਤੇ ਇਕੱਠਾ ਜੁਰਮਾਨਾ ਲਾ ਕੇ ਸਜ਼ਾ ਦਿੱਤੀ ਗਈ। ਜਿਨ੍ਹਾਂ ਤੇ ਸੰਦੇਹ ਸੀ ਉਨ੍ਹਾਂ ਨੂੰ ਲੋਕਾਂ ਅੱਗੇ ਡੰਡਿਆਂ ਨਾਲ ਮਾਰ-ਕੁੱਟ ਕੀਤੀ ਗਈ। ਜਿਹੜਾ ਭਾਰਤੀ ਕਿਸੇ ਗੋਰੇ ਨੂੰ ਸਲਾਮ ਨਾ ਕਰਨ ਦੀ ਭੁੱਲ ਜਾਂ ਕੋਤਾਹੀ ਕਰ ਜਾਵੇ, ਉਸ ਨੂੰ ਜ਼ਮੀਨ ਤੇ ਨੱਕ ਨਾਲ ਲਕੀਰਾਂ ਕੱਢਣ ਲਈ ਮਜਬੂਰ ਕੀਤਾ ਜਾਂਦਾ ਸੀ। ਇਕ ਸਥਾਨਕ ਸ਼ਾਇਰ ਨੂੰ ਤਾਂ ਮਾਰਸ਼ਲ-ਲਾਅ ਤੇ ਸ਼ਿਅਰ ਕਹਿਣ ਦੇ ਆਦੇਸ਼ ਹੋਏ। ਲੋਕਾਂ ਅੰਦਰ ਦਹਿਸ਼ਤ ਫੈਲਾਉਣ ਲਈ ਚੌਰਾਹਿਆ ਵਿਚ ਫਾਂਸੀਆਂ ਗੱਡੀਆਂ ਗਈਆਂ।

ਗੁਜਰਾਂਵਾਲਾ ਅਤੇ ਉਸ ਦੇ ਆਂਢ-ਗੁਆਂਢ ਦੇ ਪਿੰਡਾਂ ਉਪਰ ਹਵਾਈ ਜਹਾਜ਼ ਨਾਲ ਬੰਬ ਸੁੱਟੇ ਗਏ ਅਤੇ ਮਸ਼ੀਨਗੰਨਾਂ ਨਾਲ ਗੋਲੇ ਬਰਸਾਏ ਗਏ। ਗੁਜਰਾਂਵਾਲਾ ਦੇ ਖਾਲਸਾ ਹਾਈ ਸਕੂਲ ਨੂੰ ਖ਼ਾਸ ਨਿਸ਼ਾਨਾ ਬਣਾਇਆ ਗਿਆ ਜਿਸ ਨਾਲ ਕਈ ਆਦਮੀ ਮਾਰੇ ਗਏ ਅਤੇ ਅਨੇਕਾਂ ਫੱਟੜ ਹੋਏ।

ਪੰਜਾਬ ਦੇ ਹੋਰ ਇਲਾਕੇ ਜਿਹੜੇ ਮਾਰਸ਼ਲ-ਲਾਅ ਪ੍ਰਸ਼ਾਸਨ ਦੀ ਬੇਰਹਿਮੀ ਦਾ ਸ਼ਿਕਾਰ ਹੋਏ, ਉਹ ਸਨ—ਵਜ਼ੀਰਾਬਾਦ, ਨਿਜ਼ਾਮਾਬਾਦ, ਅਕਾਲਗੜ੍ਹ, ਰਾਮ ਨਗਰ, ਹਾਫਿਜ਼ਾਬਾਦ, ਸ਼ੇਖੂਪੁਰਾ, ਚੂਹੜਕਾਣਾ, ਸਾਂਗਲਾ, ਮੋਮਨ, ਮਾਨਿਆਂਵਾਲਾ, ਨਵਾਂ ਪਿੰਡ, ਜਲਾਲ ਪੁਰ ਜੱਟਾਂ (ਇਕ ਸਿੱਖ ਪਿੰਡ), ਮਲਕਾਂਵਾਲ, ਲਾਇਲਪੁਰ, ਗੋਜਰਾਂ ਅਤੇ ਚੱਕ ਨੰਬਰ 149 (ਜੱਟ ਸਿੱਖਾਂ ਦਾ ਵਸਾਇਆ ਹੋਇਆ) ਅਤੇ ਗੁਜਰਾਤ। ਪੰਜਾਬ ਵਿਚ ਮਾਰਸ਼ਲ-ਲਾਅ ਪ੍ਰਸ਼ਾਸਨ ਦੇ ਸੱਤ ਹਫਤਿਆ ਦੇ ਦੌਰਾਨ ਕਰੀਬ 1,200 ਵਿਅਕਤੀ ਮਾਰੇ ਗਏ ਅਤੇ ਘੱਟੋ-ਘੱਟ 3,600 ਫੱਟੜ ਹੋਏ।

ਜੱਲ੍ਹਿਆਂਵਾਲਾ ਬਾਗ ਅਤੇ ਮਾਰਸ਼ਲ-ਲਾਅ ਪ੍ਰਸ਼ਾਸਨ ਅਧੀਨ ਜੋ ਪੰਜਾਬ ਦੇ ਲੋਕਾਂ ਦਾ ਹਾਲ ਹੋਇਆ ਉਹ ਅਤਿਕਥਨੀ ਦਾ ਮੁਥਾਜ ਨਹੀਂ। ਨਸਲੀ ਤਨਾਅ ਨੇ 1857 ਦੇ ਵਿਦਰੋਹ ਦੀ ਯਾਦ ਤਾਜ਼ਾ ਕਰਵਾ ਦਿੱਤੀ, ਜਿਹੜੇ ਬਹੁਤ ਨਿਰਦਈ ਸਲੂਕ ਕਰਦੇ ਸਨ। ਜਦੋਂ ਹਰ ਗੋਰਾ ਆਦਮੀ ਬਾਕੀ ਲੋਕਾਂ ਨੂੰ ਆਪਣਾ ਦੁਸ਼ਮਣ ਸਮਝਦਾ ਸੀ। ਇਥੋਂ ਤਕ ਕਿ ਵਫ਼ਾਦਾਰੀ ਲਈ ਨਿਰਖੇ-ਪਰਖੇ ਲੋਕ ਵੀ, ਜਿਨ੍ਹਾਂ ਵਿਚ ਫ਼ੌਜ ਵਿਚ ਸੇਵਾ ਨਿਭਾ ਸਕਣ ਵਾਲੇ ਵੀ ਸ਼ਾਮਲ ਸਨ, ਤਸੀਹਿਆਂ ਦਾ ਸ਼ਿਕਾਰ ਹੋਏ। ਸਰ ਮਾਈਕਲ ਓ 'ਡਾਇਰ ਤਾਂ ਇਹ ਦਾਅਵਾ ਕਰਦਾ ਸੀ ਕਿ ਉਸ ਨੇ ਵਲਾਇਤੀ ਰਾਜ ਨੂੰ ਬਚਾ ਲਿਆ ਹੈ, ਪਰ ਅਸਲ ਵਿਚ ਉਸ ਨੇ ਸਾਰੇ ਭਾਰਤੀਆਂ ਨੂੰ ਵੱਖਰਾ ਅਤੇ ਓਪਰਾ ਕਰਕੇ ਹਕੂਮਤ ਦਾ ਭਾਰਾ ਨੁਕਸਾਨ ਕੀਤਾ। ਇਥੋਂ ਤਕ ਕਿ ਸਿੱਖਾਂ ਨੂੰ ਵੀ ਨਹੀਂ ਬਖਸ਼ਿਆ ਗਿਆ, ਜਿਹੜੇ ਉਨ੍ਹਾਂ ਦੇ ਹਮਾਇਤੀ ਸਨ।

ਜਨਰਲ ਡਾਇਰ ਨੇ ਯਤਨ ਕੀਤਾ ਕਿ ਹਰ ਸੰਭਵ ਢੰਗ ਨਾਲ ਸਿੱਖਾਂ ਦਾ ਦਿਲ ਜਿੱਤ ਸਕੇ। ਉਸ ਨੇ ਹਰਿਮੰਦਰ ਸਾਹਿਬ ਦੇ ਮੈਨੇਜਰ ਅਤੇ ਸੁੰਦਰ ਸਿੰਘ ਮਜੀਠੀਆ ਨੂੰ ਸੱਦਾ ਭੇਜਿਆ ਅਤੇ ਉਨ੍ਹਾਂ ਪਾਸ ਅਨੁਰੋਧ ਕੀਤਾ ਕਿ ਉਹ ਆਪਣਾ ਅਸਰ-ਰਸੂਖ ਅਤੇ ਪ੍ਰਭਾਵ ਵਰਤ ਕੇ ਸਿੱਖਾਂ ਨੂੰ ਸਰਕਾਰ ਦੇ ਹੱਕ ਵਿਚ ਲਿਆਉਣ। ਉਸ ਨੇ ਚਲਦੇ-ਫਿਰਦੇ ਦਸਤੇ ਸਿੱਖ ਪਿੰਡਾਂ ਵਿਚੋਂ ਲੰਘਾਏ ਤਾਂ ਜੋ ਉਨ੍ਹਾਂ ਨੂੰ ਸ਼ਰਾਰਤੀ ਅਨਸਰ ਦੇ ਪ੍ਰਭਾਵ ਤੋਂ ਲਾਂਭੇ ਰਖਿਆ ਜਾਵੇ ਅਤੇ ਇਹ ਵੀ ਸਾਬਤ ਕੀਤਾ ਜਾਵੇ ਕਿ ਸਰਕਾਰ ਅਜੇ ਮਜ਼ਬੂਤ ਹੈ। ਹਰਿਮੰਦਰ ਸਾਹਿਬ ਦੇ ਮਹੰਤਾਂ ਨੇ ਜਨਰਲ ਸਾਹਿਬ ਨੂੰ ਪਵਿੱਤਰ ਅਸਥਾਨ ਤੇ ਬੁਲਾਇਆ ਅਤੇ ਉਥੇ ਸ੍ਰੀ ਸਾਹਿਬ ਅਤੇ ਦਸਤਾਰ ਸਿਰੋਪਾ ਵਜੋਂ ਭੇਂਟ ਕੀਤੀਆਂ।

ਮਹਾਤਮਾ ਗਾਂਧੀ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਜੱਲ੍ਹਿਆਂਵਾਲਾ ਬਾਗ ਅਤੇ ਉਹ ਥਾਵਾਂ ਵੇਖੀਆਂ ਜਿਥੇ ਪੁਲਿਸ ਅਤੇ ਫ਼ੌਜ ਨੇ ਲੋਕਾਂ ਉਪਰ ਅੱਤਿਆਚਾਰ ਕੀਤੇ ਸਨ । ਉਨ੍ਹਾਂ ਇਕ ਬਹੁਤ ਭਾਰੇ ਇਕੱਠ ਨੂੰ ਸੰਬੋਧਨ ਕੀਤਾ ਤੇ ਲੋਕਾਂ ਨੂੰ ਕਿਹਾ ਕਿ ਦੇਸ਼ਭਗਤ ਦੀ ਸਭ ਤੋਂ ਵੱਧ ਗੁਣਵੱਤਾ ਉਸ ਦੀ ਨਿਰਭੈਤਾ ਹੈ । ਉਨ੍ਹਾਂ ਦੀਆਂ ਪ੍ਰੇਰਨਾਵਾਂ ਨਾਲ ਇਕ ਨਵਾਂ ਸੰਗਠਨ, ਸੈਂਟਰਲ ਸਿੱਖ ਲੀਗ, ਹੋਂਦ ਵਿਚ ਆਇਆ । ਇਸ ਵਿਚ ਉਹ ਨੈਸ਼ਨਲਿਸਟ ਵੀ ਸ਼ਾਮਲ ਸਨ, ਜਿਹੜੇ ਚੀਫ਼ ਖ਼ਾਲਸਾ ਦੀਵਾਨ ਦੀਆਂ ਸਰਕਾਰ-ਪ੍ਰਸਤ ਨੀਤੀਆਂ ਅਤੇ ਕਾਰਵਾਈਆਂ ਦੇ ਵਿਰੋਧੀ ਸਨ ।

ਮਾਰਕਸਵਾਦ ਦਾ ਜੋਸ਼

ਕੈਨੇਡਾ ਅਤੇ ਸੰਯੁਕਤ ਰਾਜਾਂ ਵਿਚ ਸਿੱਖ ਪਰਵਾਸੀ

ਵੀਹਵੀਂ ਸਦੀ ਦੇ ਪਹਿਲੇ ਵਰ੍ਹਿਆਂ ਵਿਚ ਆਪਣੇ ਸੂਬੇ ਵਿਚ ਆਰਥਿਕ ਮੰਦਵਾੜੇ ਕਾਰਨ ਰੋਜ਼ੀ-ਰੋਟੀ ਦੀ ਭਾਲ ਲਈ ਸਿੱਖ ਕਿਸਾਨ ਹੋਰ ਏਸ਼ਿਆਈ ਦੇਸ਼ਾਂ ਵੱਲ ਪਰਵਾਸ ਕਰਨ ਲੱਗੇ ਤਾਂ ਕੁਝ ਕੈਨੇਡਾ ਅਤੇ ਸੰਯੁਕਤ ਰਾਜਾਂ (ਅਮਰੀਕਾ) ਵੱਲ ਵੀ ਨਿਕਲ ਗਏ। ਉਨ੍ਹਾਂ ਨੂੰ ਕੈਨੇਡੀਅਨ ਪੈਸਿਫ਼ਿਕ ਰੇਲਵੇਜ਼ ਲਈ ਲਾਈਨਾਂ ਵਿਛਾਉਣਾ, ਜੰਗਲੀ ਲੱਕੜੀ ਦੀਆਂ ਮਿੱਲਾਂ ਅਤੇ ਕਾਨਾਂ ਦੀ ਖੁਦਾਈ ਦਾ ਰੋਜ਼ਗਾਰ ਮਿਲ ਗਿਆ। ਭਾਵੇਂ ਉਨ੍ਹਾਂ ਨੂੰ ਗੋਰੀ ਨਸਲ ਦੇ ਮੁਕਾਬਲੇ ਘੱਟ ਉਜਰਤ ਮਿਲਦੀ ਸੀ ਪਰ ਉਹ ਕਾਫ਼ੀ ਪੈਸੇ ਬਚਾ ਕੇ ਘਰਾਂ ਨੂੰ ਭੇਜਦੇ ਤਾਂ ਜੋ ਉਨ੍ਹਾਂ ਦੇ ਦੋਸਤ-ਮਿੱਤਰ ਵੀ ਉਨ੍ਹਾਂ ਪਾਸ ਆਉਣ ਲਈ ਉਤਸਾਹਿਤ ਹੋਣ। 1906 ਦੀ ਪਤਝੜ ਤਕ ਵੈਨਕੂਵਰ ਦੇ ਸ਼ਹਿਰ ਅਤੇ ਆਲੇ-ਦੁਆਲੇ ਵਿਚ 1,500 ਸਿੱਖ ਕਾਮੇ ਪਹੁੰਚ ਗਏ। ਅਗਲੇ ਕੁਝ ਵਰ੍ਹਿਆਂ ਅੰਦਰ ਬਰਤਾਨਵੀ ਕੋਲੰਬੀਆ ਵਿਚ ਹੋਰ 5,000 ਪਹੁੰਚ ਗਏ। ਭਾਰੀ ਗਿਣਤੀ ਵਿਚ ਪਹੁੰਚੇ ਹੋਏ ਚੀਨੀ ਅਤੇ ਜਾਪਾਨੀ ਪਰਵਾਸੀਆਂ ਕਾਰਨ ਕੈਨੇਡਾ ਵਾਸੀਆਂ ਦੀ ਏਸ਼ਿਆਈ ਲੋਕਾਂ ਵਿਰੁੱਧ ਭਾਵਨਾ ਬਣੀ ਹੋਈ ਸੀ। ਇਹ ਵਿਰੋਧੀ ਭਾਵਨਾ ਸਿੱਖਾਂ ਵੱਲ ਮੁੜ ਗਈ ਕਿਉਂਕਿ ਪਗੜੀ ਅਤੇ ਲੰਮੇ ਦਾੜ੍ਹਿਆਂ ਕਾਰਨ ਉਹ ਵਿਲੱਖਣ ਦਿਸਦੇ ਸਨ ਅਤੇ ਆਪਣੇ ਸਾਥੀ ਪੂਰਬ-ਵਾਸੀਆਂ (ਓਰੀਐਂਟਲਾਂ) ਨਾਲੋਂ ਘੱਟ ਆਗਿਆਕਾਰੀ ਜਾਂ ਸਹਿਣਸ਼ੀਲ ਸਨ। ਕੁਝ ਹੀ ਸਮੇਂ ਵਿਚ ਸਿੱਖ ਕੈਨੇਡਾ-ਵਾਸੀਆਂ ਦੀਆਂ ਅੱਖਾਂ ਵਿਚ ਰੜਕਣ ਲੱਗੇ। ਵੈਨਕੂਵਰ ਅੰਦਰ ਸਿੱਖ ਕਾਮਿਆਂ ਵਿਰੁੱਧ ਹਮਲੇ ਜੀਵਨ ਦੀ ਇਕ ਆਮ ਗੱਲ ਹੋ ਗਈ। ਜੰਗਲੀ ਵਪਾਰ ਵਿਚ ਮੰਦਾ ਆਉਣ ਕਾਰਨ ਬੇਰੁਜ਼ਗਾਰੀ ਵਧ ਗਈ। ਸਿੱਟੇ ਵਜੋਂ ਗੋਰੇ ਅਤੇ ਭੂਰੇ ਕਾਮਿਆਂ ਵਿਚਕਾਰ ਟੱਕਰ ਅਤੇ ਮੁਕਾਬਲਾ ਵਧ ਗਿਆ। ਗੋਰੀ ਨਸਲ ਦੀਆਂ ਟਰੇਡ ਯੂਨੀਅਨਾਂ ਨੇ ਫ਼ੈਡਰਲ ਸਰਕਾਰ ਤੇ ਜ਼ੋਰ ਦਿੱਤਾ ਕਿ ਭੂਰੇ ਲੋਕਾਂ ਦਾ ਆਉਣਾ ਰੋਕਿਆ ਜਾਵੇ। ਇਸ ਦੇ ਫਲਸਰੂਪ ਪਾਸ ਕੀਤੇ ਗਏ ਕਾਨੂੰਨਾਂ ਅਧੀਨ 1909 ਵਿਚ ਕੇਵਲ ਛੇ ਭਾਰਤੀ ਕੈਨੇਡਾ ਵਿਚ ਦਾਖ਼ਲ ਹੋਣ ਦਿੱਤੇ ਗਏ।

ਸਿੱਖ ਪਰਵਾਸੀਆਂ ਦੇ ਅੰਗਰੇਜ਼ ਸਰਕਾਰ ਦੀ ਰਿਆਇਆ ਹੋਣ ਕਾਰਨ ਕਾਨੂੰਨੀ ਅੜਚਣਾਂ ਪੈ ਗਈਆਂ। ਬਰਤਾਨਵੀ ਕੋਲੰਬੀਆ ਵੱਲੋਂ ਕਾਨੂੰਨ ਘੜਨ ਲਈ ਫ਼ੈਡਰਲ ਸਰਕਾਰ ਦੀ ਮੰਨਜ਼ੂਰੀ ਲੈਣੀ ਜ਼ਰੂਰੀ ਸੀ, ਫ਼ੈਡਰਲ ਸਰਕਾਰ ਨੂੰ ਅੱਗੋਂ ਵਲਾਇਤ (ਯੂਨਾਈਟਿਡ ਕਿੰਗਡਮ) ਦੀ ਸਲਾਹ ਲੈਣੀ ਜ਼ਰੂਰੀ ਸੀ। ਇਨ੍ਹਾਂ ਪ੍ਰਤੀ ਭਾਰਤ ਸਰਕਾਰ ਦਾ ਪ੍ਰਤੀਕਰਮ ਵੀ ਧਿਆਨ ਵਿਚ ਰੱਖਣ ਦੀ ਲੋੜ ਸੀ। ਭਾਰਤਵਾਸੀਆਂ ਪ੍ਰਤੀ ਕੈਨੇਡਾ ਦੀ ਪਰਵਾਸੀ ਨੀਤੀ ਵੈਨਕੂਵਰ, ਓਟਾਵਾ, ਲੰਦਨ ਅਤੇ ਕਲਕੱਤਾ ਵਿਚਕਾਰ ਕਾਫ਼ੀ ਲੰਮੇ ਸਮੇਂ ਤਕ ਵਿਚਾਰ-ਵਟਾਂਦਰਾ ਕਰਨ ਉਪਰੰਤ ਹੋਈ। ਸਭ ਸਰਕਾਰਾਂ ਇਸ ਗੱਲ ਤੇ ਸਹਿਮਤ ਸਨ ਕਿ ਬਰਤਾਨਵੀ ਕੋਲੰਬੀਆ ਵਾਸੀਆਂ ਨੂੰ ਹੱਕ ਹੈ ਕਿ ਭਾਰਤੀ ਪਰਵਾਸੀਆਂ ਨੂੰ ਰੋਕ ਲਾ

ਸਕਣ। ਉਹ ਇਕ ਗੱਲ ਜਾਂ ਤੌਖ਼ਲੇ ਨਾਲ ਸੰਬੰਧਤ ਸਨ ਕਿ ਜੋ ਵੀ ਢੰਗ-ਤਰੀਕਾ ਜਾਂ ਕਾਨੂੰਨ ਅਪਣਾਇਆ ਜਾਵੇ ਉਸ ਵਿਚ ਇਹ ਸੰਦੇਹ ਨਾ ਰਹੇ ਕਿ ਉਨ੍ਹਾਂ ਪ੍ਰਤੀ ਕੋਈ ਨਸਲੀ ਵਿਤਕਰਾ ਅਪਣਾਇਆ ਗਿਆ ਹੈ।

1907 ਤੋਂ ਉਪਰੰਤ ਬਰਤਾਨਵੀ ਕੋਲੰਬੀਆ ਰਾਜ ਨੇ ਕਈ ਕਾਨੂੰਨ ਅਤੇ ਨਿਯਮ ਘੜੇ ਤਾਂ ਜੋ ਭਾਰਤੀਆਂ ਦਾ ਆਉਣਾ ਰੋਕਿਆ ਜਾਵੇ ਅਤੇ ਕੁਝ ਸਨਅਤਾਂ ਵਿਚ ਭਾਰਤੀਆਂ ਨੂੰ ਕੰਮ 'ਤੇ ਨਾ ਲਾਇਆ ਜਾਵੇ। ਪਰ ਅਦਾਲਤਾਂ ਨੇ ਇਹ ਕਾਨੂੰਨ ਰੱਦ ਕਰ ਦਿੱਤੇ। ਇਸ ਵਾਸਤੇ ਭਾਰਤ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਕਿ ਆਪਣੇ ਦੇਸ਼ ਤੋਂ ਹੀ ਆਪਣੇ ਨਾਗਰਿਕਾਂ ਦੇ ਬਾਹਰ ਜਾਣ ਤੇ ਰੋਕ ਲਾਈ ਜਾਵੇ।

1908 ਵਿਚ ਮਿਸਟਰ ਮੈਕੰਜ਼ੀ ਕਿੰਗ (ਅੱਗੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ) ਨੇ ਲੰਡਨ ਅਤੇ ਕਲਕੱਤਾ ਦਾ ਦੌਰਾ ਕੀਤਾ, ਤਾਂ ਜੋ ਕੈਨੇਡਾ ਦੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰ ਸਕੇ। ਸਿੱਟੇ ਵਜੋਂ ਭਾਰਤ ਸਰਕਾਰ ਨੇ ਸਾਰੀਆਂ ਜਹਾਜ਼ੀ ਕੰਪਨੀਆਂ ਨੂੰ ਆਦੇਸ਼ ਜਾਰੀ ਕਰ ਦਿੱਤੇ ਕਿ ਅਮਰੀਕਾ ਦੇ ਮਹਾਂ-ਦੀਪ ਤੇ ਰੋਜ਼ਗਾਰ ਦੇ ਅਵਸਰਾਂ ਸੰਬੰਧੀ ਅਤੇ ਸਫ਼ਰ ਦੀਆਂ ਸਹੂਲਤਾਂ ਬਾਰੇ ਇਸ਼ਤਿਹਾਰਬਾਜ਼ੀ ਬੰਦ ਕਰ ਦੇਣ। ਇਸ ਦੇ ਨਾਲ ਹੀ 1883 ਦੇ ਕਾਨੂੰਨਾਂ ਦੇ ਅਧੀਨ ਕੈਨੇਡਾ ਜਾਣ ਲਈ ਭਾਰਤੀਆਂ ਤੇ ਰੋਕ ਲਾ ਦਿੱਤੀ ਗਈ। ਕੈਨੇਡਾ ਦੀ ਸਰਕਾਰ ਨੇ ਵੀ ਦੋ ਕਾਨੂੰਨ ਪ੍ਰੀਸ਼ਦ ਦੇ ਅਧੀਨ ਪਾਸ ਕੀਤੇ ਜਿਸ ਦੇ ਆਧਾਰ 'ਤੇ ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਦੇ ਕੈਨੇਡਾ ਅੰਦਰ ਲੰਘ ਆਉਣ ਨਾਲ ਨਿਪਟਿਆ ਜਾ ਸਕੇ। ਇਕ ਕਾਨੂੰਨ ਅਨੁਸਾਰ ਇੱਛਤ ਪਰਵਾਸੀ ਪਾਸ ਹੋਣ ਵਾਲੀ ਰਕਮ 25 ਡਾਲਰ ਤੋਂ ਵਧਾ ਕੇ 200 ਡਾਲਰ ਕਰ ਦਿੱਤੀ ਗਈ। ਪਰ, ਦੂਸਰੇ ਕਾਨੂੰਨ ਦੇ ਅਧੀਨ ਅੰਦਰੂਨੀ ਮਾਮਲਿਆਂ ਦੇ ਮੰਤਰੀ ਨੂੰ ਅਧਿਕਾਰ ਦਿੱਤੇ ਗਏ ਕਿ ਉਹ ਮੁਸਾਫ਼ਰਾਂ ਦੇ ਦਾਖ਼ਲੇ 'ਤੇ ਰੋਕ ਲਾਵੇ ਜਦੋਂ ਤਾਈਂ "ਉਹ ਆਪਣੇ ਜਨਮ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਲਗਾਤਾਰ ਸਿੱਧਾ ਸਫ਼ਰ ਨਹੀਂ ਕਰਦੇ, ਅਤੇ ਉਹ ਵੀ ਉਨ੍ਹਾਂ ਟਿਕਟਾਂ ਤੇ, ਜਿਹੜੀਆਂ ਜਨਮ ਜਾਂ ਨਾਗਰਿਕਤਾ ਵਾਲੇ ਦੇਸ਼ ਨੂੰ ਛੱਡਣ ਤੋਂ ਪਹਿਲਾਂ ਹੀ ਖ਼ਰੀਦੀਆਂ ਹੋਈਆਂ ਹੋਣ।"

ਇਹ ਦੋਵੇਂ ਕਾਨੂੰਨ ਸਿੱਧੇ ਤੌਰ ਤੇ ਭਾਰਤੀਆਂ ਨੂੰ ਆਪਣੀ ਲਪੇਟ ਵਿਚ ਨਹੀਂ ਲੈਂਦੇ। ਚੀਨੀ ਅਤੇ ਜਾਪਾਨੀ ਪਰਵਾਸੀਆਂ 'ਤੇ ਇਹ ਕਾਨੂੰਨ ਲਾਗੂ ਨਹੀਂ ਹੁੰਦੇ ਸਨ ਕਿ ਉਨ੍ਹਾਂ ਪਾਸ 200 ਡਾਲਰ ਹੋਣ। ਜਿਥੋਂ ਤਕ 'ਲਗਾਤਾਰ ਰਾਹ' ਦਾ ਸੰਬੰਧ ਹੈ, ਉਹ ਤਿੱਖੇ ਰੂਪ ਵਿਚ ਭਾਰਤੀਆਂ ਵਿਰੁੱਧ ਬਣਾਏ ਗਏ ਸਨ, ਕਿਉਂਕਿ ਇਸ ਗੱਲ ਦਾ ਪਤਾ ਸੀ ਕਿ ਕੋਈ ਵੀ ਕੰਪਨੀ ਭਾਰਤ ਤੋਂ ਕੈਨੇਡਾ ਲਈ ਸਿੱਧਾ ਜਹਾਜ਼ ਨਹੀਂ ਚਲਾਉਂਦੀ। ਹਾਂਗਕਾਂਗ, ਸ਼ਿੰਘਾਈ ਜਾਂ ਹੋਰ ਕਿਸੇ ਬੰਦਰਗਾਹ ਤੋਂ ਜਹਾਜ਼ ਲੈਣਾ ਜ਼ਰੂਰੀ ਸੀ ਕਿਉਂਕਿ ਭਾਰਤ ਦੇ ਆਪਣੇ ਜਹਾਜ਼ ਨਹੀਂ ਸਨ।

ਜਿਹੜੇ ਪ੍ਰੀਸ਼ਦ ਦੇ ਅਧੀਨ ਆਦੇਸ਼ ਪਾਸ ਕੀਤੇ ਗਏ ਸਨ, ਉਨ੍ਹਾਂ ਨੂੰ ਹੋਰ ਪੱਕਾ ਕਰਨ ਲਈ ਪਹਿਲੇ ਕਾਨੂੰਨ ਵਿਚ ਅਜਿਹੀ ਸੋਧ ਕੀਤੀ ਗਈ ਕਿ ਸਾਰੀਆਂ ਪ੍ਰਤੀਬੰਧਕ ਧਾਰਾਵਾਂ 1910 ਦੇ ਪਰਵਾਸੀ ਕਾਨੂੰਨ ਵਿਚ ਆ ਜਾਣ। ਵਿਤਕਰੇ ਦੇ ਕਾਨੂੰਨ ਦੇ ਪ੍ਰਭਾਵ ਹੇਠ ਸੈਂਕੜੇ ਭਾਰਤੀਆਂ ਨੂੰ ਕੈਨੇਡਾ ਛੱਡ ਕੇ ਵਾਪਸ ਪਰਤਣਾ ਪਿਆ। ਬਰਤਾਨਵੀ ਕੋਲੰਬੀਆ ਵਿਚ ਭਾਰਤੀਆਂ ਦੀ ਆਬਾਦੀ 1908 ਵਿਚ 5,000 ਤੋਂ ਵੱਧ ਸੀ ਪਰ 1911 ਵਿਚ ਇਹ ਅੱਧੀ ਰਹਿ ਗਈ।

ਜਦੋਂ ਭਾਰਤ ਵਾਸੀਆਂ ਦਾ ਕੈਨੇਡਾ ਵਿਚ ਆਉਣਾ ਰੁਕ ਗਿਆ ਤਾਂ ਕੈਨੇਡਾ ਦੀ ਸਰਕਾਰ ਨੇ ਉਨ੍ਹਾਂ ਭਾਰਤੀਆਂ ਨੂੰ ਦੇਸ਼ ਵਿਚੋਂ ਕੱਢਣ ਦਾ ਉਪਰਾਲਾ ਕਰਨਾ ਆਰੰਭ ਕਰ ਦਿੱਤਾ ਜਿਹੜੇ

ਸੀਮਿਤ ਜਾਂ ਰੋਕ ਲਾਉਣ ਵਾਲੇ ਸਾਧਨਾਂ ਦੇ ਅਪਨਾਉਣ ਤੋਂ ਪਹਿਲਾਂ ਦੇ ਆਏ ਹੋਏ ਸਨ। 'ਲਗਾਤਾਰ ਸਫ਼ਰ' ਅਤੇ '200 ਡਾਲਰ' ਦੀਆਂ ਧਾਰਾਵਾਂ ਨੂੰ ਬਹਾਨਾ ਬਣਾਇਆ ਗਿਆ ਤਾਂ ਜੋ ਕੈਨੇਡਾ ਵਿਚ ਬਾਕੀ ਵੱਸਦੇ ਭਾਰਤੀਆਂ ਦੀਆਂ ਪਤਨੀਆਂ ਅਤੇ ਬੱਚੇ ਆਪਣੇ ਪਤੀਆਂ ਅਤੇ ਮਾਪਿਆਂ ਪਾਸ ਨਾ ਆ ਸਕਣ। 1910 ਦਾ ਪਰਵਾਸੀ ਕਾਨੂੰਨ (ਇਮੀਗ੍ਰੇਸ਼ਨ ਐਕਟ) ਪੜਤਾਲ ਲਈ 1913 ਵਿਚ ਕੈਨੇਡਾ ਦੇ ਸੁਪਰੀਮ ਕੋਰਟ ਅਧੀਨ ਆਇਆ। 39 ਭਾਰਤੀਆਂ ਦੀ ਇਕ ਟੋਲੀ ਨੇ, ਜਿਸ ਵਿਚ ਲਗਭਗ ਸਾਰੇ ਹੀ ਸਿੱਖ ਸਨ। ਪਰਵਾਸੀ ਵਿਭਾਗ ਦੇ ਦੇਸ-ਨਿਕਾਲੇ ਦੇ ਆਦੇਸ਼ ਵਿਰੁੱਧ ਜਿਸਮਾਨੀ ਹਾਜ਼ਰੀ (ਹੇਬੀਅਸ ਕਾਰਪਸ) ਦਾ ਹੁਕਮਨਾਮਾ ਪ੍ਰਾਪਤ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ। ਇਹ ਲੋਕ ਜਾਪਾਨੀ ਜਹਾਜ਼ 'ਪਾਨਾਮਾ ਮਾਰੂ' ਰਾਹੀਂ ਬਰਤਾਨਵੀ ਕੋਲੰਬੀਆ ਪਹੁੰਚੇ ਸਨ। ਇਸ ਫ਼ੈਸਲੇ ਦੇ ਪੰਦਰਾਂ ਦਿਨਾਂ ਅੰਦਰ ਹੀ ਕੈਨੇਡਾ ਦੀ ਸਰਕਾਰ ਨੇ ਨਵਾਂ ਪ੍ਰੀਸ਼ਦ ਆਦੇਸ਼ ਲਾਗੂ ਕਰ ਦਿੱਤਾ। ਇਸ ਅਧੀਨ ਬਰਤਾਨਵੀ ਕੋਲੰਬੀਆ ਦੀ ਕਿਸੇ ਵੀ ਬੰਦਰਗਾਹ ਤੇ "ਕਾਰੀਗਰਾਂ ਜਾਂ ਮਜ਼ਦੂਰਾਂ, ਭਾਵੇਂ ਸਿੱਖ ਹੋਣ ਜਾਂ ਅਣਸਿੱਖ, ਦਾ ਦਾਖ਼ਲਾ ਬੰਦ ਕਰ ਦਿੱਤਾ।" ਇਕ ਮਹੀਨੇ ਉਪਰੰਤ ਇਕ ਨਵਾਂ ਆਦੇਸ਼ ਪ੍ਰੀਸ਼ਦ ਵੱਲੋਂ ਲਾਗੂ ਕਰ ਦਿੱਤਾ ਜਿਸ ਅਨੁਸਾਰ 'ਲਗਾਤਾਰ ਰਾਹ' ਅਤੇ '200 ਡਾਲਰ' ਦੀ ਸ਼ਰਤ ਮੁੜ ਲਾਗੂ ਕਰ ਦਿੱਤੀ ਗਈ। ਪਰ ਇਸ ਦੀ ਸ਼ਬਦਾਵਲੀ ਅਜਿਹੀ ਤਿਆਰ ਕੀਤੀ ਗਈ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਇਸ ਨੂੰ ਪ੍ਰਭਾਵਿਤ ਨਾ ਕਰ ਸਕੇ। ਕੈਨੇਡਾ ਦੇ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਗਏ ਅਤੇ ਸਭ ਥਾਵਾਂ ਦੇ ਬਾਹਰ ਜਿਵੇਂ ਅਣਦਿਸਦੀ ਸਿਆਹੀ ਨਾਲ ਲਿਖਿਆ ਗਿਆ ਹੋਵੇ ਕਿ "ਭਾਰਤੀਆਂ ਲਈ ਅੰਦਰ ਆਉਣਾ ਮਨ੍ਹਾਂ ਹੈ।"

ਸੰਯੁਕਤ ਰਾਜਾਂ ਵਿਚ ਆਉਣ ਵਾਲੇ ਸਿੱਖ ਪਰਵਾਸੀ ਉਹ ਸਨ ਜਿਹੜੇ ਕੈਨੇਡਾ ਵਿਚੋਂ ਇਧਰ ਨਿਕਲ ਆਏ ਸਨ। 1904 ਤੋਂ 1906 ਤਕ ਦੇ ਤਿੰਨ ਸਾਲ ਦੇ ਸਮੇਂ ਅੰਦਰ 600 ਭਾਰਤੀ, ਜਿਹੜੇ ਲਗਭਗ ਸਾਰੇ ਹੀ ਸਿੱਖ ਸਨ, ਸੰਯੁਕਤ ਰਾਜਾਂ ਵਿਚ ਪਾਰ ਕਰਕੇ ਆ ਗਏ। ਜਿਵੇਂ ਹੀ ਕੈਨੇਡਾ ਦੇ ਪਰਵਾਸੀ ਵਿਭਾਗ ਨੇ ਸਖ਼ਤੀ ਅਪਣਾਈ ਤਾਂ ਅਮਰੀਕਾ (ਸਟੇਟਸ) ਵਿਚ ਜਾਣ ਵਾਲੇ ਪਰਵਾਸੀਆਂ ਦੀ ਗਿਣਤੀ ਵਧ ਗਈ—1907 ਵਿਚ 1,072 ਅਤੇ 1908 ਵਿਚ 1,710 ਪਰਵਾਸੀਆਂ ਨੂੰ ਵਾਸ਼ਿੰਗਟਨ, ਆਰੇਗਨ ਅਤੇ ਕੈਲੀਫ਼ੋਰਨੀਆ ਵਿਚ ਖੇਤੀਬਾੜੀ ਅਤੇ ਜੰਗਲ ਵਿਚ ਲੱਕੜੀ ਕੱਟਣ ਅਤੇ ਭੇਜਣ ਦੀ ਨੌਕਰੀ ਮਿਲ ਗਈ। ਸਾਨ ਜਾਓਂਕੁਇਨ ਅਤੇ ਸੈਕਰਾਮੈਂਟ ਦੀਆਂ ਵਾਦੀਆਂ ਵਿਚ ਸਿੱਖਾਂ ਦੇ ਛੋਟੇ-ਛੋਟੇ ਭਾਈਚਾਰੇ ਉੱਭਰਨ ਲੱਗੇ। ਕੁਝ ਹੋਰ ਦੱਖਣ ਵੱਲ ਇੰਪੀਰੀਅਲ ਵਾਦੀ ਵੱਲ ਲੰਘ ਗਏ। ਇਥੋਂ ਦਾ ਪੌਣ-ਪਾਣੀ ਪੰਜਾਬ ਵਰਗਾ ਹੀ ਸੀ। ਜਦੋਂ ਪਤਾ ਲੱਗਾ ਕਿ ਅਮਰੀਕਾ ਵਿਚ ਵਾਤਾਵਰਣ ਸੁਖਾਵਾਂ ਹੈ ਤਾਂ ਹੋਰ ਸਿੱਖ ਸਿੱਧੇ ਹੀ ਕੈਲੀਫ਼ੋਰਨੀਆ ਜਾਣ ਲੱਗੇ। ਪਰ ਅਮਰੀਕਨ ਚਿੱਟੇ ਤਾਂ ਆਪਣੇ ਪ੍ਰਤੀਕਰਮ ਵਿਚ ਕੈਨੇਡਾ ਦੇ ਲੋਕਾਂ ਨੂੰ ਵੀ ਮਾਤ ਪਾ ਗਏ। 1908 ਵਿਚ ਇਕ ਸੰਸਥਾ ਨੇ, ਜਿਸ ਦਾ ਨਾਂ 'ਏਸ਼ੀਆਟਿਕ ਐਕਸਕਲੂਯਨ ਲੀਗ' ਸੀ, ਪੂਰਬਵਾਸੀਆਂ (ਓਰੀਐਂਟਲਾਂ) ਵਿਰੁੱਧ ਪ੍ਰੋਗਰਾਮ ਆਯੋਜਿਤ ਕਰਨੇ ਆਰੰਭ ਕਰ ਦਿੱਤੇ। ਅਗਲੇ ਦੋ ਸਾਲਾਂ ਵਿਚ ਬਹੁਤ ਘੱਟ ਭਾਰਤੀ ਅਮਰੀਕਾ (ਸਟੇਟਸ) ਵਿਚ ਦਾਖ਼ਲ ਹੋ ਸਕੇ। ਜਦੋਂ ਨਸਲੀ ਦੰਗਾ-ਫ਼ਸਾਦ ਮੱਠਾ ਪੈ ਗਿਆ ਤਾਂ 1910 ਦੇ ਅੰਤ ਵਿਚ ਮੁੜ ਪਰਵਾਸੀ ਪਹੁੰਚਣ ਲੱਗੇ। ਕੈਲੀਫ਼ੋਰਨੀਆ ਵਿਚ 6,000 ਭਾਰਤੀ ਦਾਖ਼ਲ ਹੋ ਗਏ। ਇਕ ਵਾਰ 'ਪਗੜੀ ਹੜ੍ਹ' ਅਤੇ 'ਭੜਥੂ ਦਿਮਾਗ਼ਾਂ' ਵਿਰੁੱਧ ਨਸਲੀ ਨਫ਼ਰਤ ਨੂੰ ਸਥਾਨਕ ਪ੍ਰੈੱਸ ਨੇ ਉਭਾਰਿਆ।

ਅਮਰੀਕਾ ਦੇ ਪਰਵਾਸੀ ਵਿਭਾਗ (ਯੂਨਾਈਟਿਡ ਸਟੇਟਸ ਇਮੀਗ੍ਰੇਸ਼ਨ ਡੀਪਾਰਟਮੈਂਟ) ਨੇ ਕਾਨੂੰਨੀ ਸਾਊਪੁਣੇ ਨੂੰ ਛਿੱਕੇ ਤੇ ਟੰਗਿਆ ਅਤੇ ਇਨ੍ਹਾਂ ਤਿੰਨ ਕਾਰਨਾਂ ਵਿਚੋਂ ਕਿਸੇ ਇਕ ਨੂੰ

ਲੈ ਕੇ ਭਾਰਤੀਆਂ ਨੂੰ ਵਾਪਸ ਮੋੜਨਾ ਸ਼ੁਰੂ ਕਰ ਦਿੱਤਾ। ਇਹ ਕਾਰਨ ਸਨ : 'ਪਬਲਿਕ ਚਾਰਜ ਦੇ ਅਧੀਨ ਆਉਣਾ', 'ਕਿਸੇ ਬਹੁਤ ਖ਼ਤਰਨਾਕ ਛੂਤ ਦੇ ਰੋਗ ਦਾ ਸ਼ਿਕਾਰ ਹੋਣਾ' ਜਾਂ 'ਵਿਦੇਸ਼ੀ ਕੰਟਰੈਕਟ ਲੇਬਰ ਲਾਅ ਦੀ ਉਲੰਘਣਾ'। ਇਸ ਪ੍ਰਕਾਰ ਸਿੱਖ ਪਰਵਾਸੀਆਂ ਲਈ ਸੰਯੁਕਤ ਰਾਜਾਂ ਦੇ ਵੀ ਸਾਰੇ ਦਰਵਾਜ਼ੇ ਬੰਦ ਹੋ ਗਏ, ਜਿਹੜੇ ਥੋੜ੍ਹੇ-ਬਹੁਤ ਲੰਘ ਗਏ ਜਾਂ ਰਹਿ ਗਏ, ਉਹ ਪੁਲਿਸ ਦੀਆਂ ਕਾਰਵਾਈਆਂ ਅਤੇ ਚਿੱਟੀ ਨਸਲ ਦੀ ਨਫ਼ਰਤ ਹੱਥੋਂ ਤੰਗ ਕੀਤੇ ਜਾਣ ਲੱਗੇ।

ਗ਼ਦਰ ਪਾਰਟੀ ਦੀ ਸਥਾਪਨਾ

ਭਾਰਤੀ ਆਵਾਸੀਆਂ ਵਿਚ ਬਹੁਤ ਭਾਰੀ ਗਿਣਤੀ ਸਿੱਖਾਂ ਦੀ ਸੀ। ਆਵਾਸੀਆਂ ਦੇ ਪਹਿਲੇ ਸੰਗਠਨਾਂ ਅਤੇ ਸਭਾਵਾਂ ਨੇ ਗੁਰਦੁਆਰਿਆਂ ਦੀ ਉਸਾਰੀ ਵੱਲ ਧਿਆਨ ਦਿੱਤਾ। 1907 ਵਿਚ ਵੈਨਅਕੂਵਰ ਵਿਖੇ ਖਾਲਸਾ ਦੀਵਾਨ ਸੋਸਾਇਟੀ ਸਥਾਪਤ ਕੀਤੀ ਅਤੇ ਇਸ ਦੀਆਂ ਬ੍ਰਾਂਚਾਂ ਵਿਕਟੋਰੀਆ, ਐਬਟਸਫੋਰਡ, ਨਿਊ ਵੈਸਟ ਮਿਨਸਟਨਰ, ਫਰੇਜ਼ਰ ਮਿੱਲਜ਼, ਡੰਕਨ ਕੂੰਬਜ਼ ਅਤੇ ਓਸ਼ਨ ਫ਼ਾਲਜ਼ ਵਿਚ ਕਾਇਮ ਕੀਤੀਆਂ ਗਈਆਂ। ਇਸ ਸੋਸਾਇਟੀ ਨੇ ਵੈਨਕੂਵਰ ਵਿਖੇ ਗੁਰਦੁਆਰੇ ਦੀ ਉਸਾਰੀ 1909 ਵਿਚ ਕੀਤੀ। ਤਿੰਨ ਸਾਲ ਪਿੱਛੋਂ ਇਕ ਹੋਰ ਗੁਰਦੁਆਰਾ ਵਿਕਟੋਰੀਆ ਵਿਖੇ ਅਤੇ ਥੋੜ੍ਹੇ ਸਮੇਂ ਪਿੱਛੋਂ ਹੋਰ ਸ਼ਹਿਰਾਂ ਵਿਚ ਵੀ ਛੋਟੇ ਧਾਰਮਿਕ ਸਥਾਨ ਉਸਾਰੇ ਗਏ। ਯੂਨਾਈਟਿਡ ਸਟੇਟਸ ਵਿਚ ਸਟਾਕਟੱਨ ਵਿਖੇ ਇਕ ਗੁਰਦੁਆਰਾ ਖਾਲਸਾ ਦੀਵਾਨ ਸੋਸਾਇਟੀ ਨੇ ਉਸਾਰਿਆ। ਭਾਵੇਂ ਦੀਵਾਨ ਦੇ ਉਦੇਸ਼ ਧਾਰਮਿਕ, ਵਿਦਿਅਕ ਅਤੇ ਦਾਨ-ਪੁੰਨ ਦੇ ਸਨ, ਪਰ ਆਵਾਸੀਆਂ ਨਾਲ ਸੰਬੰਧਤ ਸਮੱਸਿਆਵਾਂ ਅਤੇ ਨਸਲੀ ਵਿਤਕਰੇ ਦੀਆਂ ਵਾਰਦਾਤਾਂ ਦੀ ਭਰਮਾਰ ਦੀ ਚਰਚਾ ਇਨ੍ਹਾਂ ਦੀਆਂ ਕਾਰਵਾਈਆਂ ਵਿਚ ਵੀ ਹੋਣ ਲੱਗੀ।

ਨਿਰੋਲ ਸਿੱਖ ਦੀਵਾਨ ਦੇ ਨਾਲ-ਨਾਲ ਹੋਰ ਭਾਰਤੀ ਸੋਸਾਇਟੀਆਂ ਵੀ ਉੱਭਰੀਆਂ ਤਾਂ ਜੋ ਭਾਰਤੀ ਕਾਮਿਆਂ ਦੇ ਹਿਤਾਂ ਦੀ ਰਾਖੀ ਹੋ ਸਕੇ ਅਤੇ ਆਵਾਸੀ ਅਧਿਕਾਰੀਆਂ ਨਾਲ ਮਾਮਲਿਆਂ ਨੂੰ ਨਜਿੱਠਿਆ ਜਾ ਸਕੇ। ਵੈਨਕੂਵਰ ਵਿਚ ਯੂਨਾਈਟਿਡ ਇੰਡੀਆ ਲੀਗ ਕਾਰਜਸ਼ੀਲ ਹੋ ਗਈ। ਪੈਸਿਫਿਕ ਕੋਸਟ ਦੀ ਹਿੰਦੁਸਤਾਨ ਐਸੋਸੀਏਸ਼ਨ ਆਸਟਰੀਆ ਵਿਖੇ ਸਥਾਪਤ ਕੀਤੀ ਗਈ। ਭਾਰਤੀਆਂ ਦੇ ਇਕੱਠੇ ਹੋਣ ਵਾਸਤੇ ਗੁਰਦੁਆਰਿਆਂ ਤੋਂ ਇਲਾਵਾ ਹੋਰ ਕੋਈ ਥਾਂ ਨਹੀਂ ਸੀ, ਇਸ ਲਈ ਗੁਰਦੁਆਰਿਆਂ ਵਿਚ ਸਿਆਸੀ ਸਰਗਮੀਆਂ ਦਾ ਤੂਫ਼ਾਨੀ ਕੇਂਦਰ ਬਣ ਗਿਆ। ਸਿੱਖ ਦੀਵਾਨ ਅਤੇ ਹੋਰ ਸੰਗਠਨਾਂ ਨੇ ਗੁਰਮੁਖੀ, ਉਰਦੂ ਅਤੇ ਅੰਗਰੇਜ਼ੀ ਵਿਚ ਛੋਟੇ ਆਕਾਰ ਦੇ ਸਨਸਨੀਖੇਜ਼ ਸਮਾਚਾਰ ਪੱਤਰ ਪ੍ਰਕਾਸ਼ਤ ਕਰਨੇ ਆਰੰਭ ਕਰ ਦਿੱਤੇ। ਪਰ ਇਹ ਬਹੁਤੀ ਦੇਰ ਨਾ ਚੱਲ ਸਕੇ। ਕਿਹਾ ਜਾਂਦਾ ਹੈ ਕਿ ਇਸ ਪਾਸੇ ਪਹਿਲਾ ਉੱਦਮ ਇਕ ਬੰਗਾਲੀ, ਤਾਰਕ ਨਾਥ ਦਾਸ ਨੇ ਕੀਤਾ ਪਰ ਇਸ ਦੇ ਸੰਪਾਦਕ ਨੂੰ ਕੁਝ ਮਹੀਨਿਆਂ ਅੰਦਰ ਦੇਸ਼-ਨਿਕਾਲਾ ਦਿੱਤੇ ਜਾਣ ਨਾਲ ਇਹ ਸਮਾਪਤ ਹੋ ਗਿਆ। ਬਰਕਲੇ ਵਿਸ਼ਵ ਵਿਦਿਆਲਾ ਦੀ ਲਾਇਬ੍ਰੇਰੀ ਵਿਚ ਇਨ੍ਹਾਂ ਜਨਰਲਾਂ ਦੀਆਂ ਕਾਪੀਆਂ ਹਨ : ਗੁਰਮੁਖੀ ਅਤੇ ਉਰਦੂ ਵਿਚ ਪ੍ਰਕਾਸ਼ਤ 'ਦੇਸ਼ ਸੇਵਕ' ਜਿਸ ਦੇ ਸੰਪਾਦਕ ਸਨ ਹਰਨਾਮ ਸਿੰਘ ਅਤੇ ਗੁਰੂ ਦੱਤ ਕੁਮਾਰ ਵੈਨਕੂਵਰ ਤੋਂ। 1911 ਵਿਚ ਕਰਤਾਰ ਸਿੰਘ ਆਕਲੀ ਨੇ 'ਖਾਲਸਾ ਹਰਲਡ' ਸਿਰਲੇਖ ਦਾ ਗੁਰਮੁਖੀ ਮਾਸਕ ਪੱਤਰ ਵੈਨਕੂਵਰ ਤੋਂ ਪ੍ਰਕਾਸ਼ਤ ਕੀਤਾ; ਕੁਏਕਰਜ਼ ਦੀ ਸਹਾਇਤਾ ਨਾਲ ਡਾ: ਸੁੰਦਰ ਸਿੰਘ ਨੇ ਵੈਨਕੂਵਰ ਵਿਚ ਅੰਗਰੇਜ਼ੀ ਜਨਰਲ 'ਏਰੀਅਨ' ਸੰਪਾਦਤ ਕੀਤਾ। ਕਰਤਾਰ ਸਿੰਘ ਅਕਾਲੀ ਦਾ ਸੰਪਾਦਤ 'ਸੰਸਾਰ' (1912) 'ਏਰੀਅਨ' ਵਿਚ

ਮਿਲਾ ਦਿੱਤਾ ਗਿਆ। ਇਕ ਹੋਰ ਅੰਗਰੇਜ਼ੀ ਜਨਰਲ 'ਹਿੰਦੁਸਤਾਨੀ' (1914) ਸੇਠ ਹੁਸੈਨ ਰਹੀਮ ਨੇ ਸੰਪਾਦਤ ਕੀਤਾ। ਅੱਗੋਂ ਡਾ. ਸੁੰਦਰ ਸਿੰਘ ਨੇ ਟੋਰਾਂਟੋ ਤੋਂ 'ਕੈਨੇਡਾ' ਅਤੇ 'ਇੰਡੀਆ' ਸੰਪਾਦਤ ਕੀਤੇ, ਜਿਹੜੇ 1917 ਤਕ ਪ੍ਰਕਾਸ਼ਤ ਹੁੰਦੇ ਰਹੇ। ਕਰਤਾਰ ਸਿੰਘ ਅਕਾਲੀ ਵੀ ਟੋਰਾਂਟੋ ਪਹੁੰਚ ਗਿਆ ਅਤੇ ਕੁਝ ਵਰ੍ਹਿਆਂ ਲਈ 'ਦੀ ਥੀਓਸਫੀਕਲ ਨਿਊਜ਼' ਦਾ ਸੰਪਾਦਨ ਕਰਦਾ ਰਿਹਾ।

ਸਿੱਖ ਆਵਾਸੀਆਂ ਵਿਚ ਭਾਰੀ ਗਿਣਤੀ ਸਾਬਕਾ ਫ਼ੌਜੀਆਂ ਅਤੇ ਪੁਲਿਸ ਦੇ ਸਿਪਾਹੀਆਂ ਦੀ ਸੀ ਅਤੇ ਇਨ੍ਹਾਂ ਦੀ ਵਫ਼ਾਦਾਰੀ ਅੰਗਰੇਜ਼ ਬਾਦਸ਼ਾਹ (ਕਰਾਊਨ) ਪ੍ਰਤੀ ਸੀ। ਜਦੋਂ ਉਹ ਬੁਕਿੰਘਮ ਪੈਲੇਸ ਅਤੇ ਵਾਇਸਰੀਗਲ ਲਾਜ (ਵਰਤਮਾਨ ਰਾਸ਼ਟਪਤੀ ਭਵਨ) ਦੇ ਹੁੰਗਾਰੇ ਤੋਂ ਵਾਂਝੇ ਰਹਿ ਗਏ ਤਾਂ 'ਗੋਰਾ' ਅਤੇ 'ਗੋਰਾਸ਼ਾਹੀ' ਸ਼ਬਦਾਂ ਦੇ ਉਨ੍ਹਾਂ ਲਈ ਅਰਥ ਬਦਲ ਗਏ। ਉਪਰੰਤ ਉਨ੍ਹਾਂ ਲਾਲਾ ਲਾਜਪਤ ਰਾਏ ਜਿਹੇ ਨੇਤਾਵਾਂ ਦੀ ਗੱਲ ਵੱਲ ਕੰਨ ਧਰਨੇ ਆਰੰਭ ਕੀਤੇ, ਜਿਨ੍ਹਾਂ ਕੈਨੇਡਾ ਅਤੇ ਸੰਯੁਕਤ ਰਾਜਾਂ (ਅਮਰੀਕਾ) ਦਾ ਦੌਰਾ ਕੀਤਾ। ਨਵੇਂ ਲੀਡਰ ਅੱਗੇ ਆਏ। ਦਿੱਲੀ ਦਾ ਹਰਦਿਆਲ (1884-1938, ਕਾਇਸਥ ਪਰਿਵਾਰ ਦਾ) ਸਟੈਨਫੋਰਡ ਵਿਸ਼ਵ ਵਿਦਿਆਲਾ ਵਿਚ ਲੈਕਚਰਾਰ ਸੀ। ਉਹ ਵੀ ਥੋੜ੍ਹੇ ਸਮੇਂ ਅੰਦਰ ਆਵਾਸੀਆਂ ਦਾ ਮਸੀਹਾ ਬਣ ਗਿਆ। ਇਉਂ ਦੂਹਰੀ ਨੇਤਾਗਿਰੀ ਕਾਇਮ ਹੋ ਗਈ, ਪਰ ਪ੍ਰਭਾਵਮਈ ਕੰਟਰੋਲ ਅਨਪੜ੍ਹ ਸਿੱਖ ਕਾਮਿਆਂ ਹੱਥ ਹੀ ਰਿਹਾ। ਪ੍ਰਤੀਨਿਧ ਸਨ : ਬਰਤਾਨਵੀ ਕੋਲੰਬੀਆ ਵਿਚ ਭਾਗ ਸਿੰਘ ਅਤੇ ਹੋਰ; ਕੈਲੇਫੋਰਨੀਆ ਵਿਚ ਜਵਾਲਾ ਸਿੰਘ (ਆਲੂਆਂ ਦਾ ਬਾਦਸ਼ਾਹ ਕਰਕੇ ਪ੍ਰਸਿੱਧ ਸੀ); ਸੰਤੋਖ ਸਿੰਘ, ਸੋਹਣ ਸਿੰਘ ਭਕਨਾ ਅਤੇ ਭਗਵਾਨ ਸਿੰਘ ਗਿਆਨੀ। ਪਰ ਆਵਾਸੀਆਂ ਨੂੰ ਵਕੀਲਾਂ ਅਤੇ ਸਰਕਾਰੀ ਵਿਭਾਗਾਂ ਨਾਲ ਵਾਹ ਪੈਂਦਾ ਸੀ। ਇਸ ਲਈ ਉਨ੍ਹਾਂ ਨੂੰ ਅਜਿਹੇ ਬੁਲਾਰਿਆਂ ਦੀ ਲੋੜ ਸੀ ਜਿਹੜੇ ਅੰਗਰੇਜ਼ੀ ਬੋਲ ਸਕਣ। ਬਰਤਾਨਵੀ ਕੋਲੰਬੀਆ 'ਚ ਉਨ੍ਹਾਂ ਤਾਰਕ ਨਾਥ ਦਾਸ ਅਤੇ ਛਗਨ ਲਾਲ ਵਰਮਾ ਉਰਫ਼ ਸੇਠ ਹੁਸੈਨ ਰਹੀਮ ਤੋਂ ਅਗਵਾਈ ਲਈ ਅਤੇ ਕੈਲੀਫੋਰਨੀਆ ਵਿਚ ਹਰਦਿਆਲ ਪਾਸੋਂ। ਇਉਂ ਹਿੰਦੂ ਬੁਧੀਜੀਵੀਆਂ ਅਤੇ ਸਿੱਖ ਕਾਮਿਆਂ ਵਿਚ ਫੁੱਟ ਪੈਣੀ ਸੁਭਾਵਿਕ ਸੀ। ਸਿੱਖਾਂ ਦੇ ਦਿਲਾਂ ਅੰਦਰ ਹਿੰਦੂਆਂ ਲਈ ਹੀਨ-ਭਾਵ ਸਨ, ਜਿਨ੍ਹਾਂ ਨੂੰ ਉਹ ਅੰਗਰੇਜ਼ੀ ਬੋਲਣ ਵਾਲੇ ਬਾਬੂ ਸੱਦਦੇ, ਜਿਹੜੇ ਆਪਣੀ ਧਾਰਨਾ ਤੇ ਅਮਲ ਨਹੀਂ ਕਰ ਸਕਦੇ ਸਨ। ਹਿੰਦੂ ਸਿੱਖਾਂ ਨਾਲ ਨਫ਼ਰਤ ਦਾ ਵਤੀਰਾ ਰੱਖਦੇ ਜਿਵੇਂ ਕਿ ਇਕ ਵਕੀਲ ਆਪਣੇ ਪੇਂਡੂ ਸਾਇਲਾਂ ਨਾਲ ਰਖਦਾ ਹੈ।

ਜਵਾਲਾ ਸਿੰਘ ਅਤੇ ਹਰਦਿਆਲ ਨੇ ਪਹਿਲਕਦਮੀ ਵਿਖਾਈ ਅਤੇ ਸਟਾਕਟਨ ਵਿਖੇ ਅਵਾਸੀਆਂ ਨੂੰ ਸੰਗਠਿਤ ਕਰਕੇ ਇਕ ਸੰਸਥਾ ਸਥਾਪਤ ਕੀਤੀ ਜਿਸ ਦਾ ਨਾਂ 'ਹਿੰਦੁਸਤਾਨੀ ਵਰਕਰਜ਼ ਆਫ਼ ਦੀ ਪੈਸੀਫ਼ਿਕ ਕੋਸਟ' ਰਖਿਆ। ਸੋਹਣ ਸਿੰਘ ਭਕਨਾ (ਜਨਮ 1870 ਅਤੇ ਓਰੇਗਾਨ ਦੀ ਜੰਗਲਾਤ ਦੀ ਮਿੱਲ ਵਿਚ ਕਾਮਾ ਸੀ) ਅਤੇ ਹਰਦਿਆਲ ਕ੍ਰਮਵਾਰ ਇਸ ਦੇ ਪ੍ਰਧਾਨ ਅਤੇ ਸਕੱਤਰ ਚੁਣੇ ਗਏ। (ਜਵਾਲਾ ਸਿੰਘ ਅੱਗੇ ਨਹੀਂ ਆਇਆ ਪਰ ਮਾਇਕ ਸਹਾਇਤਾ ਕਾਫ਼ੀ ਦਿੰਦਾ ਰਿਹਾ, ਜਿਸ ਵਿਚ ਭਾਰਤੀ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇਣਾ ਵੀ ਸ਼ਾਮਲ ਸੀ)। ਪਾਰਟੀ ਨੇ ਸਾਨਫਰਾਂਸਿਸਕੋ ਵਿਖੇ ਥਾਂ ਪ੍ਰਾਪਤ ਕਰ ਲਈ ਅਤੇ ਉਥੋਂ ਇਕ ਪੱਤਰ ਪ੍ਰਕਾਸ਼ਤ ਕਰਨਾ ਆਰੰਭ ਕਰ ਦਿੱਤਾ। ਸਿਰਲੇਖ ਸੀ, 'ਗ਼ਦਰ'। ਇਹ ਉਰਦੂ ਵਿਚ ਆਰੰਭ ਕੀਤਾ ਗਿਆ ਅਤੇ ਫੇਰ ਹੋਰ ਭਾਰਤੀ ਭਾਸ਼ਾਵਾਂ ਵਿਚ ਛਾਪਿਆ ਜਾਣ ਲੱਗਾ। ਪਰ ਗੁਰਮੁਖੀ ਪ੍ਰਕਾਸ਼ਨ ਸਭ ਤੋਂ ਵੱਧ ਸੀ। ਪਹਿਲੇ ਅੰਕ ਵਿਚ ਇਸ ਪੱਤਰ ਦੇ ਉਦੇਸ਼ ਬਾਰੇ ਇਹ ਧਾਰਾਵਾਂ ਲਿਖੀਆਂ ਗਈਆਂ :

"ਅੱਜ ਤੋਂ ਵਿਦੇਸ਼ੀ ਧਰਤੀ 'ਤੇ, ਪਰ ਆਪਣੇ ਦੇਸ਼ ਦੀ ਭਾਸ਼ਾ ਵਿਚ ਅੰਗਰੇਜ਼ੀ ਰਾਜ

ਵਿਰੁੱਧ ਖਿਗੁਲ ਵੱਜ ਗਿਆ ਹੈ...ਸਾਡਾ ਨਾਮ ਕੀ ਹੈ ? ਗ਼ਦਰ । ਸਾਡਾ ਕਾਰਜ ਕੀ ਹੈ ? ਗ਼ਦਰ । ਗ਼ਦਰ ਕਿਥੇ ਫੈਲੇਗਾ ? ਭਾਰਤ ਵਿਚ । ਉਹ ਸਮਾਂ ਆਵੇਗਾ ਜਦੋਂ ਕਲਮ ਅਤੇ ਸਿਆਹੀ ਦਾ ਸਥਾਨ ਗੋਲੀਆਂ ਅਤੇ ਖ਼ੂਨ ਲੈ ਲੈਣਗੇ ।"

ਪੱਤਰ ਦੇ ਨਾਂ ਹੇਠ, ਪਹਿਲੇ ਪੰਨੇ ਉਤੇ ਇਹ ਲਿਖਤ ਸੀ—"ਅੰਗਰੇਜ਼ੀ ਸਰਕਾਰ ਦਾ ਦੁਸ਼ਮਣ ।" ਇਸ ਦੀ ਅੱਗੋਂ ਵਿਆਖਿਆ ਤੀਜੇ ਅੰਕ ਵਿਚ ਕੀਤੀ ਗਈ, ਜਿਸ ਵਿਚ ਯੂਰਪ ਵਿਚ ਉਤਰਨ ਵਾਲੀ ਜੰਗ ਬਾਰੇ ਚਰਚਾ ਸੀ—"ਸਾਡੀ ਆਜ਼ਾਦੀ ਲਹਿਰ ਨਾਲ ਜਰਮਨੀ ਦੀ ਬਹੁਤ ਹਮਦਰਦੀ ਹੈ ਕਿਉਂਕਿ ਸਾਡਾ ਅਤੇ ਜਰਮਨੀ ਦਾ ਦੁਸ਼ਮਣ ਇਕੋ ਹੈ—ਅੰਗਰੇਜ਼ । ਭਵਿੱਖ ਵਿਚ ਜਰਮਨੀ ਸਾਡੇ ਪਾਸੋਂ ਸਹਾਇਤਾ ਲੈ ਸਕਦਾ ਹੈ ਅਤੇ ਉਹ ਵੀ ਸਾਡੀ ਕਾਫ਼ੀ ਹੱਦ ਤੀਕ ਸਹਾਇਤਾ ਕਰ ਸਕਦੇ ਹਨ ।"

ਕੁਝ ਹੀ ਮਹੀਨਿਆਂ ਅੰਦਰ 'ਗ਼ਦਰ' ਦੀਆਂ ਕਾਪੀਆਂ ਉਨ੍ਹਾਂ ਭਾਰਤੀਆਂ ਤੀਕ ਪਹੁੰਚ ਗਈਆਂ ਜਿਹੜੇ ਕੈਨੇਡਾ, ਜਾਪਾਨ, ਫਿਲਪੀਨ, ਹਾਂਗਕਾਂਗ, ਚੀਨ, ਮਲਾਇਆ ਸਟੇਟਸ, ਸਿੰਘਾਪੁਰ, ਬਰਤਾਨਵੀ ਗੀਆਨਾ, ਤ੍ਰਿਨੀਦਾਦ, ਹੋਂਦੁਰਸ, ਦੱਖਣ ਪੂਰਬੀ ਅਫ਼ਰੀਕਾ ਅਤੇ ਹੋਰ ਦੇਸ਼ਾਂ ਵਿਚ ਵੱਸੇ ਹੋਏ ਸਨ । ਭਾਰਤ ਵਿਚ ਵੀ ਹਜ਼ਾਰਾਂ ਦੀ ਗਿਣਤੀ ਵਿਚ ਕਾਪੀਆਂ ਭੇਜੀਆਂ ਗਈਆਂ । ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕਵਿਤਾਵਾਂ ਅਤੇ ਲੇਖ-ਪੁਸਤਕਾਵਾਂ (ਬੁਕਲੈਟਸ) ਵਿਚ ਮੁੜ ਪ੍ਰਕਾਸ਼ਤ ਕੀਤੇ ਗਏ, ਜਿਨ੍ਹਾ ਵਿਚੋਂ ਚਾਰ ਬਹੁਤ ਪ੍ਰਸਿੱਧ ਹਹੇ : ਗ਼ਦਰ ਦੀ ਗੂੰਜ, ਐਲਾਨ-ਏ-ਜੰਗ, ਨਇਆ ਜ਼ਮਾਨਾ ਅਤੇ ਦੀ ਬੈਲੇਂਸ ਸ਼ੀਟ ਆਫ਼ ਬ੍ਰਿਟਿਸ਼ ਰੂਲ ਇਨ ਇੰਡੀਆ—ਭਾਰਤ ਵਿਚ ਅੰਗਰੇਜ਼ੀ ਰਾਜ ਦਾ ਲੇਖਾ-ਜੋਖਾ ।

ਇਸ ਸਮੇਂ ਇਕ ਮਹਾਨ ਘਟਨਾ ਵਾਪਰੀ ਜਿਸ ਨੇ ਕੈਨੇਡਾ ਵਿਚ ਭਾਰਤੀ ਅਵਾਸੀਆਂ ਦੀ ਦਰਦਨਾਕ ਦਸ਼ਾ ਬਾਰੇ ਵਿਸ਼ਵ ਦਾ ਧਿਆਨ ਖਿੱਚਿਆ । ਇਹ ਸੀ 'ਕਾਮਾਗਾਟਾ ਮਾਰੂ' ਜਹਾਜ਼ ਦਾ ਕੈਨੇਡਾ ਦੇ ਸਾਗਰ ਵਿਚ ਪਹੁੰਚਣਾ ।

ਕਾਮਾਗਾਟਾ ਮਾਰੂ

1914 ਦੇ ਮਈ ਮਹੀਨੇ ਦੀ ਤਾਰੀਖ਼ ਸੀ । ਇਕ ਜਾਪਾਨੀ ਮੁਸਾਫ਼ਰ ਜਹਾਜ਼ ਨੇ ਬੁਰਾਰ ਉਪ ਖਾੜੀ ਵਿਚ ਲੰਗਰ ਸੁੱਟਿਆ । ਇਸ ਦਾ ਨਾਂ ਸੀ 'ਕਾਮਾਗਾਟਾ ਮਾਰੂ' । ਉਪ ਖਾੜੀ ਦਾ ਇਹ ਸਥਾਨ ਪਹਾੜੀਆਂ ਅਤੇ ਵੈਨਕੂਵਰ ਸ਼ਹਿਰ ਦੇ ਵਿਚਕਾਰ ਸੀ । ਇਸ ਜਹਾਜ਼ 'ਤੇ 376 ਭਾਰਤੀ ਸਨ । ਇਨ੍ਹਾਂ ਵਿਚ 30 ਤੋਂ ਇਲਾਵਾ ਬਾਕੀ ਸਭ ਸਿੱਖ ਸਨ । ਇਨ੍ਹਾਂ ਦਾ ਨੇਤਾ ਗੁਰਦਿੱਤ ਸਿੰਘ ਸੀ, ਜਿਸ ਦਾ ਸਿੰਘਾਪੁਰ ਵਿਚ ਬਹੁਤ ਭਾਰੀ ਵਪਾਰ ਸੀ । ਗੁਰਦਿੱਤ ਸਿੰਘ ਨੇ ਇਕ ਜਹਾਜ਼ ਚਾਰਟਰ ਕੀਤਾ ਅਤੇ ਉਸ ਲਈ ਭਾਰਤ ਤੋਂ ਮੁਸਾਫ਼ਰ ਇਕੱਠੇ ਕੀਤੇ ਅਤੇ ਕੁਝ ਚਲਦੇ-ਚਲਦੇ ਹਾਂਗਕਾਂਗ, ਸ਼ੰਘਾਈ, ਕੋਬੇ ਅਤੇ ਯੋਕੋਹਾਮਾ ਦੀਆਂ ਬੰਦਰਗਾਹਾਂ ਤੋਂ ਲੈ ਲਏ ।

'ਕਾਮਾਗਾਟਾ ਮਾਰੂ" ਦੇ ਅੱਗੇ ਵਧਦੇ ਜਾਣ ਬਾਰੇ ਬਰਤਾਨਵੀ ਕੋਲੰਬੀਆ ਦੇ ਸਮਾਚਾਰ ਪੱਤਰਾਂ ਨੇ ਲਿਖਿਆ ਸੀ ਕਿ "ਇਹ ਪੂਰਬ ਦਾ ਮਹਾਨ ਹਮਲਾ ਹੈ ।" ਜਦੋਂ ਜਹਾਜ਼ ਕੈਨੇਡਾ ਦੇ ਪਾਣੀਆਂ ਵਿਚ ਪੁੱਜਾ ਤਾਂ ਇਸ ਦੁਆਲੇ ਘੇਰਾ ਪਾ ਲਿਆ ਗਿਆ । ਕੇਵਲ 22 ਆਦਮੀ ਉਤਰਨ ਦਿੱਤੇ ਗਏ ਜਿਹੜੇ ਇਹ ਸਾਬਤ ਕਰ ਸਕੇ ਕਿ ਉਹ ਕੈਨੇਡਾ ਦੇ ਪੱਕੇ ਨਿਵਾਸੀ ਸਨ, ਬਾਕੀਆਂ ਨੂੰ ਪਿੱਛੇ ਪਰਤ ਜਾਣ ਲਈ ਆਦੇਸ਼ ਦਿੱਤੇ ਗਏ । ਗੁਰਦਿੱਤ ਸਿੰਘ ਉਪਰ ਇਹ ਦਬਾਅ ਪਵਾਇਆ ਗਿਆ ਕਿ ਚਾਰਟਰਡ ਡਿਊਟੀ ਦੀ ਅਦਾਇਗੀ ਤੁਰੰਤ ਕਰੇ, ਨਹੀਂ ਤਾਂ ਜਹਾਜ਼ ਹਿਰਾਸਤ ਵਿਚ ਰਖਿਆ ਜਾਵੇਗਾ ਜਾਂ ਜ਼ਬਰਦਸਤੀ ਹਾਂਗਕਾਂਗ ਨੂੰ ਭੇਜਿਆ

ਜਾਵੇਗਾ। ਗੁਰਦਿੱਤ ਸਿੰਘ ਨੇ ਇਹ ਵਿਰੋਧ ਕੀਤਾ ਕਿ ਉਹ ਪੈਸੇ ਉਦੋਂ ਹੀ ਤਾਰ ਸਕੇਗਾ ਜਦੋਂ ਮੁਸਾਫ਼ਿਰਾਂ ਦੇ ਦਿੱਤੇ ਵਚਨ ਅਨੁਸਾਰ ਉਹ ਕੈਨੇਡਾ ਵਿਚ ਦਾਖ਼ਲ ਹੋ ਸਕਣਗੇ ਅਤੇ ਜਹਾਜ਼ ਵਿਚ ਲਿਆਂਦੇ ਹੋਏ ਸਮਾਨ ਨੂੰ ਵੇਚ ਲਏਗਾ। ਪਰ ਉਸ ਦੀ ਇਕ ਨਾ ਸੁਣੀ ਗਈ।

ਕੈਨੇਡਾ ਦੇ ਸਿੱਖ ਕਿਰਤੀਆਂ ਨੇ ਚਾਰਟਰ ਦੀ ਅਦਾਇਗੀ ਲਈ 22,000 ਡਾਲਰ ਇਕੱਠੇ ਕੀਤੇ। ਉਨ੍ਹਾਂ ਕੈਨੇਡਾ ਦੇ ਲੋਕਾਂ ਅਤੇ ਸਰਕਾਰ ਪਾਸੋਂ ਨਿਆਂ ਲਈ ਬੇਨਤੀ ਕੀਤੀ। ਬਾਦਸ਼ਾਹ ਨੂੰ, ਡਿਊਕ ਆਫ਼ ਕਨਾਟ, ਵਾਇਸਰਾਏ ਅਤੇ ਭਾਰਤ ਅਤੇ ਵਲਾਇਤ ਵਿਚ ਭਾਰਤੀ ਨੇਤਾਵਾਂ ਨੂੰ ਤਾਰਾਂ ਭੇਜੀਆਂ। ਪੰਜਾਬ ਵਿਚ ਬਹੁਤ ਸਾਰੇ ਸ਼ਹਿਰਾਂ ਵਿਚ ਪਬਲਿਕ ਜਲਸੇ ਆਯੋਜਿਤ ਹੋਏ, ਜਿਨ੍ਹਾਂ ਵਿਚ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫ਼ਰਾਂ ਨਾਲ ਪੂਰੀ ਹਮਦਰਦੀ ਜਤਾਈ ਗਈ। ਅੰਗਰੇਜ਼ੀ ਪ੍ਰੈੱਸ ਵਿਚ ਮਿਸਿਜ਼ ਐਨੀ ਬੇਸੰਟ ਨੇ ਇਸ ਉਦੇਸ਼ ਲਈ ਜੱਦੋਜਹਿਦ ਕੀਤੀ ਪਰ 1914 ਦੇ ਜੁਲਾਈ 9 ਦੇ ਈਸ਼ੂ ਵਿਚ 'ਟਾਈਮਜ਼' (ਲੰਦਨ) ਨੇ ਸੰਪਾਦਕੀ ਵਿਚ ਲਿਖਿਆ : "ਪੂਰਬ ਪੂਰਬ ਹੈ ਅਤੇ ਪੱਛਮ ਪੱਛਮ। ਭਾਵੇਂ ਅਸੀਂ ਇਹ ਮੰਨਣ ਤੋਂ ਇਨਕਾਰ ਕਰੀਏ ਕਿ ਜੋੜੇ ਕਦੇ ਜੁੜ ਨਹੀਂ ਸਕਦੇ ਪਰ ਇਸ ਦੇ ਤੁਰੰਤ ਵਖਰੇਵੇਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।"

ਪਰ ਇਸ ਵਿਰੋਧ ਅਤੇ ਰੋਸ ਨਾਲ ਬਰਤਾਨਵੀ, ਭਾਰਤੀ ਅਤੇ ਕੈਨੇਡਾ ਦੀਆਂ ਸਰਕਾਰਾਂ ਦੇ ਕੰਨਾਂ ਤੇ ਜੂੰ ਤਕ ਨਾ ਸਰਕੀ। ਬਰਤਾਨਵੀ ਕੋਲੰਬੀਆ ਦੇ ਪ੍ਰਧਾਨ ਮੰਤਰੀ, ਸਰ ਰਿਚਰਡ ਮੈਕਬਰਾਈਡ ਨੇ ਸਪੱਸ਼ਟ ਤੌਰ ਤੇ ਕਿਹਾ : "ਪੂਰਬ ਵਾਸੀਆਂ ਨੂੰ ਭਾਰੀ ਗਿਣਤੀ ਵਿਚ ਦਾਖ਼ਲ ਹੋਣ ਨਾਲ ਅੰਤ ਗੋਰੇ ਲੋਕ ਖ਼ਤਮ ਹੋ ਜਾਣਗੇ ਅਤੇ ਅਸੀਂ ਇਸ ਗੱਲ ਵੱਲ ਧਿਆਨ ਦਿੰਦੇ ਹਾਂ ਕਿ ਇਸ ਨੂੰ ਗੋਰੇ ਲੋਕਾਂ ਦੇ ਦੇਸ਼ ਵਜੋਂ ਸੁਰੱਖਿਅਤ ਰੱਖਿਆ ਜਾਵੇ।"

ਵੈਨਕੂਵਰ ਦੇ ਸਿੱਖਾਂ ਦੀ 'ਸ਼ੋਰ ਕਮੇਟੀ' ਨੇ 'ਕਾਮਾਗਾਟਾ ਮਾਰੂ' ਦਾ ਮਾਮਲਾ ਅਦਾਲਤ ਵਿਚ ਪੇਸ਼ ਕੀਤਾ। ਸੁਪਰੀਮ ਕੋਰਟ ਦੇ ਫੁਲ ਬੈਂਚ ਨੇ ਫ਼ੈਸਲਾ ਕੀਤਾ ਕਿ ਪ੍ਰੀਸ਼ਦ ਆਦੇਸ਼ ਦੇ ਨਿਆਂ ਪ੍ਰਣਾਲੀ ਨੂੰ ਆਵਾਸੀ ਵਿਭਾਗ ਦੇ ਫ਼ੈਸਲਿਆਂ ਵਿਚ ਦਖ਼ਲ-ਅੰਦਾਜ਼ੀ ਕਰਨ 'ਤੇ ਰੋਕ ਲਾਈ ਹੈ। ਜਾਪਾਨੀ ਕਰਿਊ ਪਾਸੋਂ ਜਹਾਜ਼ ਦਾ ਕੰਟਰੋਲ ਮੁਸਾਫ਼ਰਾਂ ਨੇ ਲੈ ਲਿਆ ਅਤੇ ਆਪਣੀ ਥਾਂ ਤੋਂ ਹਿੱਲਣ ਤੋਂ ਇਨਕਾਰ ਕਰ ਦਿੱਤਾ। ਪਰ ਇਕ ਵਿਰਤੂ ਜਹਾਜ਼ (ਕਰੂਜ਼ਰ) ਨੇ ਉਨ੍ਹਾਂ ਉਪਰ ਗੋਲਾਬਾਰੀ ਕਰਨ ਦੀ ਧਮਕੀ ਦਿੱਤੀ। ਦੋ ਮਹੀਨੇ ਤਕ ਕੈਨੇਡਾ ਦਾ ਰੰਗ ਵੇਖ ਕੇ 'ਕਾਮਾਗਾਟਾ ਮਾਰੂ' ਪ੍ਰਸ਼ਾਂਤ (ਪੈਸਿਫ਼ਿਕ) ਸਾਗਰ ਵਿਚ ਖਿਸਕ ਗਿਆ।

ਜਦੋਂ 'ਕਾਮਾਗਾਟਾ ਮਾਰੂ' ਰਵਾਨਾ ਹੋਇਆ ਤਾਂ ਵੈਨਕੂਵਰ ਵਿਚ ਹੱਤਿਆ ਦੀ ਰੇਖਾ ਆਰੰਭ ਹੋ ਗਈ। ਆਵਾਸੀ ਵਿਭਾਗ ਨੇ ਇਸ ਕੰਮ ਲਈ ਇਕ ਯੂਰੋਸ਼ੀਅਨ ਪੁਲਿਸ ਦੇ ਕਰਮਚਾਰੀ ਦੀਆਂ ਸੇਵਾਵਾਂ ਲਈਆਂ। ਇਸ ਦਾ ਨਾਂ ਵਿਲੀਅਮ ਹਾਪਕਿਨਸ ਸੀ ਅਤੇ ਇਸ ਦੀ ਜ਼ਿੰਮੇਵਾਰੀ ਗ਼ਦਰ ਸੰਗਠਨ ਨੂੰ ਤੋੜਨ 'ਤੇ ਲਾਈ ਗਈ। ਹਾਪਕਿਨਸਨ ਦਾ ਮੁੱਖ ਸਹਾਇਕ ਬੇਲਾ ਸਿੰਘ ਸੀ। ਬੇਲਾ ਸਿੰਘ ਦੇ ਦੋ ਪਿੱਠੂ ਮਰੇ ਹੋਏ ਦੇਖੇ ਗਏ। ਜਦੋਂ ਗੁਰਦੁਆਰਾ ਸਾਹਿਬ ਵਿਖੇ ਭੇੜ ਪਿਆ ਤਾਂ ਬੇਲਾ ਸਿੰਘ ਨੇ ਦੋ ਦੀ ਹੱਤਿਆ ਕਰ ਦਿੱਤੀ ਅਤੇ ਛੇ ਹੋਰ ਫੱਟੜ ਕਰ ਦਿੱਤੇ। ਅਕਤੂਬਰ 21, 1914 ਨੂੰ ਗੁਰਦੁਆਰੇ ਦੇ ਗ੍ਰੰਥੀ ਮੇਵਾ ਸਿੰਘ ਹੱਥੋਂ ਹਾਪਕਿਨਸਨ ਗੋਲੀ ਦਾ ਸ਼ਿਕਾਰ ਹੋ ਗਿਆ। ਮੇਵਾ ਸਿੰਘ ਨੂੰ ਫਾਂਸੀ ਦੀ ਸਜ਼ਾ ਹੋਈ। ਫਾਂਸੀ ਦੇ ਤਖ਼ਤੇ ਤੇ ਚੜ੍ਹਨ ਤੋਂ ਪਹਿਲਾਂ ਉਸ ਨੇ ਇਕਬਾਲੀਆ ਬਿਆਨ ਦਿੱਤਾ ਜਿਹੜਾ ਇਸ ਪ੍ਰਕਾਰ ਸੀ : "ਮੇਰਾ ਧਰਮ ਕਿਸੇ ਨਾਲ ਵੈਰ ਕਮਾਉਣਾ ਨਹੀਂ ਸਿਖਾਉਂਦਾ, ਭਾਵੇਂ ਕੋਈ ਕਿਸੇ ਵੀ ਜਾਤੀ ਜਾਂ ਪੱਧਰ ਦਾ ਹੋਵੇ। ਹਾਪਕਿਨਸਨ ਨਾਲ ਵੀ ਮੇਰਾ ਕੋਈ ਵੈਰ ਨਹੀਂ ਸੀ। ਪਰ

ਮੈਂ ਸੁਣਿਆ ਕਿ ਉਹ ਸਾਡੇ ਗ਼ਰੀਬ ਲੋਕਾਂ ਤੇ ਜ਼ੁਲਮ ਢਾਅ ਰਿਹਾ ਸੀ। ਇਕ ਸੱਚਾ ਸਿੱਖ ਹੋਣ ਨਾਤੇ ਮੈਂ ਆਪਣੇ ਮਾਸੂਮ ਦੇਸ਼ਵਾਸੀਆਂ ਅਤੇ ਡੋਮੀਨੀਅਨ ਕੈਨੇਡਾ ਦੇ ਲੋਕਾਂ ਨਾਲ ਹੁੰਦਾ ਅਨਿਆਂ ਬਰਦਾਸ਼ਤ ਨਾ ਕਰ ਸਕਿਆ। ਇਕ ਸੱਚੇ ਸਿੱਖ ਦਾ ਫ਼ਰਜ਼ ਨਿਭਾਉਂਦਿਆਂ ਅਤੇ ਅਕਾਲ ਪੁਰਖ ਨੂੰ ਯਾਦ ਕਰਦਿਆਂ ਮੈਂ ਉਸੇ ਪ੍ਰਸੰਨਤਾ ਨਾਲ ਫਾਂਸੀ ਦੇ ਤਖ਼ਤੇ ਵੱਲ ਜਾਵਾਂਗਾ ਜਿਵੇਂ ਕੋਈ ਭੁੱਖਾ ਬੱਚਾ ਆਪਣੀ ਮਾਂ ਵੱਲ ਉੱਲਰਦਾ ਹੈ। ਮੈਂ ਹੱਸ ਕੇ ਫਾਂਸੀ ਦਾ ਰੱਸਾ ਆਪਣੇ ਗਲ ਪੁਆਵਾਂਗਾ। ਇਹ ਸੋਚ ਕੇ ਕਿ ਇਹ ਵਾਹਿਗੁਰੂ ਦੇ ਨਾਮ ਦੀ ਮਾਲਾ ਹੈ।"

ਮੇਵਾ ਸਿੰਘ ਨੂੰ ਜਨਵਰੀ 11, 1915 ਨੂੰ ਫਾਹੇ ਲਾਇਆ ਗਿਆ। ਕੈਨੇਡਾ ਅਤੇ ਅਮਰੀਕਾ ਦੇ ਸਿੱਖ ਹਰ ਸਾਲ ਮੇਵਾ ਸਿੰਘ ਦਾ ਸ਼ਹੀਦੀ ਦਿਨ ਮਨਾਉਂਦੇ ਹਨ।

'ਕਾਮਾਗਾਟਾ ਮਾਰੂ' ਦੇ ਮੁਸਾਫ਼ਰਾਂ ਦੇ ਦੁੱਖਾਂ-ਦਰਦਾਂ ਦੀ ਗਾਥਾ ਅਜੇ ਸਮਾਪਤ ਨਹੀਂ ਹੋਈ ਸੀ। ਇਸ ਦੇ ਕਿਸੇ ਵੀ ਮੁਸਾਫ਼ਰ ਨੂੰ ਹਾਂਗਕਾਂਗ ਜਾਂ ਸਿੰਘਾਪੁਰ ਵਿਖੇ ਨਹੀਂ ਉੱਤਰਨ ਦਿੱਤਾ ਗਿਆ, ਜਦਕਿ ਕਈਆਂ ਦੇ ਏਥੇ ਘਰ ਵੀ ਸਨ। ਇਹ ਜਹਾਜ਼ ਅੰਤ ਹੁਗਲੀ ਅੰਦਰ ਪੁੱਜਾ ਅਤੇ ਬਜਬਜ ਬੰਦਰਗਾਹ ਤੇ ਖੜ੍ਹਾ ਕੀਤਾ ਗਿਆ। ਪੁਲਿਸ ਨੇ ਇਸ ਦੀ ਤਲਾਸ਼ੀ ਲਈ ਪਰ ਕੋਈ ਹਥਿਆਰ ਜਾਂ ਗੋਲੀ-ਸਿੱਕਾ ਪ੍ਰਾਪਤ ਨਾ ਹੋਇਆ। ਅਜੇ 'ਕਾਮਾਗਾਟਾ ਮਾਰੂ' ਜਹਾਜ਼ ਸਾਗਰ 'ਤੇ ਹੀ ਸੀ ਕਿ ਜੰਗ ਛਿੜ ਪਈ ਅਤੇ ਸਰਕਾਰ ਨੇ ਇਸ ਹੱਕ ਦਾ ਆਧਾਰ ਬਣਾ ਲਿਆ ਕਿ ਪਰਤ ਰਹੇ ਪਰਵਾਸੀਆਂ ਦੀ ਸੁਤੰਤਰਤਾ ਸੀਮਿਤ ਕਰ ਦਿੱਤੀ ਜਾਵੇ। ਮੁਸਾਫ਼ਰਾਂ ਨੂੰ ਇਕ ਰੇਲਗੱਡੀ 'ਤੇ ਸਵਾਰ ਹੋਣ ਦਾ ਆਦੇਸ਼ ਦਿੱਤਾ ਗਿਆ ਜਿਹੜੀ ਪੰਜਾਬ ਜਾਣੀ ਸੀ। ਸਿੱਖਾਂ ਨੇ ਇਹ ਆਦੇਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਜਹਾਜ਼ ਛੱਡ ਕੇ ਇਕ ਜਲੂਸ ਦੀ ਸ਼ਕਲ ਵਿਚ ਤੁਰ ਪਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੀਸ ਤੇ ਚੁੱਕੀ ਹੋਈ ਵਿਚਕਾਰ ਸੀ। ਪੁਲਿਸ ਅਤੇ ਇਕ ਫ਼ੌਜੀ ਟੁਕੜੀ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਰੌਲਾ-ਗੌਲਾ ਮੱਚ ਗਿਆ। ਪੁਲਿਸ ਨੇ ਗੋਲੀ ਚਲਾਈ ਜਿਸ ਨਾਲ 18 ਆਦਮੀ ਮਾਰੇ ਗਏ ਅਤੇ 25 ਫੱਟੜ ਹੋ ਗਏ। ਗੁਰਦਿੱਤ ਸਿੰਘ ਅਤੇ ਹੋਰ 28 ਸਾਥੀ ਬਚ ਕੇ ਨਿਕਲ ਗਏ। ਬਾਕੀਆਂ ਨੂੰ ਘੇਰ ਲਿਆ ਗਿਆ ਅਤੇ ਪੰਜਾਬ ਭੇਜ ਦਿੱਤਾ ਗਿਆ। ਇਨ੍ਹਾਂ ਨੂੰ ਇਨਗ੍ਰੈਸ ਆਰਡੀਨੈਂਸ ਅਧੀਨ ਕਾਲ-ਕੋਠੜੀਆਂ ਵਿਚ ਸੁੱਟ ਦਿੱਤਾ ਗਿਆ।

ਪੁਲਿਸ ਵਾਲਿਆਂ ਨੇ ਇਸ ਤੋਂ ਪਹਿਲਾਂ ਬਾਬਾ ਗੁਰਦਿੱਤ ਸਿੰਘ ਨੂੰ ਕੰਪਨੀ ਨਾਲ ਫ਼ੈਸਲਾ ਕਰਨ ਦੀ ਇਜਾਜ਼ਤ ਵੀ ਨਾ ਦਿੱਤੀ। ਉਸ ਨੇ ਕਿਹਾ ਸੀ ਕਿ ਜਹਾਜ਼ ਤੇ ਲੱਦਿਆ ਮਾਲ-ਅਸਬਾਬ ਉਸ ਦੀ ਜਾਇਦਾਦ ਹੈ ਅਤੇ ਉਸ ਨੇ ਇਸ ਨੂੰ ਟਿਕਾਣੇ ਲਾਉਣਾ ਸੀ। ਮੁਸਾਫ਼ਰਾਂ ਪਾਸੋਂ 25,000 ਡਾਲਰ ਵਸੂਲ ਕਰਨੇ ਸਨ ਜਿਹੜੇ ਆਸ ਕਰਦੇ ਸਨ ਕਿ ਕਲਕੱਤੇ ਦੇ ਰਿਸ਼ਤੇਦਾਰਾਂ ਜਾਂ ਸਨੇਹੀਆਂ ਪਾਸੋਂ ਲੈ ਕੇ ਤਾਰ ਦੇਣਗੇ। ਮੁਸਾਫ਼ਰਾਂ ਨੇ ਜਹਾਜ਼ ਤੇ ਛੇ ਮਹੀਨੇ ਕੱਟੇ ਸਨ ਅਤੇ ਉਹ ਆਪਸੀ ਹਿਸਾਬ-ਕਿਤਾਬ ਨਿਪਟਾਉਣ ਲਈ ਵੀ ਕੁਝ ਸਮੇਂ ਦੀ ਮੋਹਲਤ ਚਾਹੁੰਦੇ ਸਨ। ਇਸ ਕਾਰਜ ਲਈ ਕੁਝ ਸਮਾਂ ਕਲਕੱਤੇ ਵਿਖੇ ਅਟਕਣਾ ਜ਼ਰੂਰੀ ਸੀ। ਇਥੇ ਉਹ ਨੌਕਰੀਆਂ ਭਾਲ ਸਕਦੇ ਸਨ ਪਰ ਪੰਜਾਬ ਜਾਣਾ ਔਖਾ ਸੀ ਕਿਉਂਕਿ ਉਥੇ ਨਾ ਹੀ ਜ਼ਮੀਨ ਰਹੀ ਸੀ ਤੇ ਨਾ ਹੀ ਉਹ ਕਿਸੇ ਦੇ ਖੇਤਾਂ ਤੇ ਕੰਮ ਕਰ ਸਕਦੇ ਸਨ।

ਪੰਜਾਬ ਵਿਚ 'ਇਨਕਲਾਬ'

ਗ਼ਦਰ ਪਾਰਟੀ ਦੇ ਲੀਡਰਾਂ ਨੇ ਆਪਣੇ-ਆਪ ਨੂੰ ਯੂਰਪ ਵਿਚ ਲੜਾਈ ਲੜਨ ਲਈ ਤਿਆਰ ਕਰ ਲਿਆ ਸੀ। ਕੈਨੇਡਾ ਦੇਸ਼ ਬਰਤਾਨਵੀ ਸਾਮਰਾਜ ਦਾ ਅੰਗ ਹੋਣ ਕਰਕੇ, ਉਨ੍ਹਾਂ ਇਹ ਫ਼ੈਸਲਾ ਕੀਤਾ ਕਿ ਉਹ ਆਪਣੀਆਂ ਸਰਗਰਮੀਆਂ ਸੰਯੁਕਤ ਰਾਜਾਂ (ਅਮਰੀਕਾ) ਵਿਚ

ਲੈ ਜਾਣ। ਜੰਗ ਦੇ ਐਲਾਨ ਹੋਣ ਦੇ ਇਕ ਹਫਤੇ ਉਪਰੰਤ ਭਾਰਤੀਆਂ ਦੀ ਇਕ ਭਾਰੀ ਇਕੱਤਰਤਾ ਸੈਕਰਾਮੈਂਟੋ ਵਿਖੇ ਹੋਈ। ਕਈ ਹਜ਼ਾਰ ਲੋਕਾਂ ਨੇ ਭਾਰਤ ਵਿਚ ਦਹਿਸ਼ਤਗਰਦ ਕਾਰਜ ਕਰਨ ਲਈ ਆਪਣੇ-ਆਪ ਨੂੰ ਪੇਸ਼ ਕੀਤਾ। ਉਨ੍ਹਾਂ ਦੇ ਸਫਰ ਖ਼ਰਚ ਲਈ ਫੰਡ ਇਕੱਤਰ ਕੀਤੇ ਗਏ। ਭਾਰਤ ਜਾਣ ਵਾਲੀਆਂ ਬੇੜੀਆਂ 'ਤੇ ਸਵਾਰ ਹੋਣ ਲਈ ਭੀੜ ਲੱਗ ਗਈ। ਇਸ ਸੰਕਟ ਦੇ ਮੋੜ ਤੇ ਗ਼ਦਰ ਪਾਰਟੀ ਲੀਡਰਾਂ ਤੋਂ ਵਾਂਝੀ ਹੋ ਗਈ। ਜਵਾਲਾ ਸਿੰਘ ਅਤੇ ਸੋਹਣ ਸਿੰਘ ਭਕਨਾ ਨੇ ਭਾਰਤ ਵਿਚ ਇਨਕਲਾਬੀ ਸੇਵਾ ਲਈ ਆਪਣੇ ਨਾਂ ਦਰਜ ਕਰਵਾਏ। ਹਰਦਿਆਲ ਨੂੰ ਪਹਿਲਾਂ ਹੀ ਅਰਾਜਕਤਾ ਫੈਲਾਉਣ ਦੇ ਅਪਰਾਧ ਵਿਚ ਫੜ ਲਿਆ ਗਿਆ ਸੀ। ਉਹ ਜ਼ਮਾਨਤ ਤੇ ਬਚ ਕੇ ਸਵਿਟਜ਼ਰਲੈਂਡ ਪਹੁੰਚ ਗਿਆ। ਉਸ ਦੀ ਗ਼ੈਰ-ਹਾਜ਼ਰੀ ਵਿਚ ਕੈਲੇਫੋਰਨੀਆ ਦੀ ਪਾਰਟੀ ਦੀ ਵਾਗਡੋਰ ਰਾਮ ਚੰਦਰ ਦੇ ਹੱਥ ਆ ਗਈ, ਜਿਹੜਾ ਪਸ਼ੌਰ ਦਾ ਬ੍ਰਾਹਮਣ ਸੀ।

ਇਨਕਲਾਬੀਆਂ ਦਾ ਪਹਿਲਾ ਗੁੱਟ, ਜਵਾਲਾ ਸਿੰਘ ਦੀ ਅਗਵਾਈ ਹੇਠ, ਸਾਨਫਰਾਂਸਿਸਕੋ ਤੋਂ ਅਗਸਤ 1914 ਨੂੰ 'ਕੋਰੀਆ' ਤੇ ਸਵਾਰ ਹੋ ਕੇ ਚੱਲਿਆ। ਰਾਮ ਚੰਦਰ ਨੇ ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਸੰਬੋਧਿਤ ਕੀਤਾ :

"ਤੁਹਾਡੀ ਡਿਊਟੀ ਸਪੱਸ਼ਟ ਹੈ ਕਿ ਭਾਰਤ ਪਹੁੰਚੋ। ਦੇਸ਼ ਦੇ ਕੋਨੇ-ਕੋਨੇ ਵਿਚ ਵਿਦਰੋਹ ਦੀ ਲਹਿਰ ਚਲਾਓ। ਅਮੀਰਾਂ ਨੂੰ ਲੁੱਟੋ ਅਤੇ ਗ਼ਰੀਬਾਂ ਪ੍ਰਤੀ ਦਇਆ ਭਾਵ ਰੱਖੋ। ਇਸ ਪ੍ਰਕਾਰ ਵਿਸ਼ਵ ਭਰ ਦੀ ਹਮਦਰਦੀ ਜਿੱਤ ਲਵੋ। ਭਾਰਤ ਪਹੁੰਚਣ ਤੇ ਤੁਹਾਡੇ ਲਈ ਮਾਇਆ ਅਤੇ ਹਥਿਆਰਾਂ ਦਾ ਪ੍ਰਬੰਧ ਹੋ ਜਾਵੇਗਾ। ਕਸਰ ਰਹਿ ਜਾਵੇ ਜਾਂ ਦੇਰ ਹੋ ਜਾਵੇ ਤਾਂ ਥਾਣਿਆਂ ਵਿਚੋਂ ਰਾਇਫਲਾਂ ਲੁੱਟ ਲਵੋ। ਆਪਣੇ ਲੀਡਰਾਂ ਦੇ ਆਦੇਸ਼ ਦੀ ਪਾਲਣਾ ਬਿਨਾਂ ਝਿਜਕ ਦੇ ਕਰੋ।"

ਕੈਨਟਨ ਵਿਖੇ 'ਕੋਰੀਆ' ਨਾਲ ਹੋਰ 90 ਵਾਲੰਟੀਅਰ ਰਲ ਗਏ। ਬਰਤਾਨਵੀ ਖ਼ੁਫ਼ੀਆ ਵਿਭਾਗ ਨੂੰ ਗ਼ਦਰਾਂ ਦੀ ਵਿਉਂਤ ਦੀ ਸੂਚਨਾ ਪ੍ਰਾਪਤ ਹੋ ਗਈ। 'ਕੋਰੀਆ' ਕਲਕੱਤੇ ਦੀ ਬੰਦਰਗਾਹ ਤੇ ਪੁੱਜਿਆ ਤਾਂ ਮੋਹਰੀ ਲੀਡਰਾਂ ਨੂੰ, ਜਵਾਲਾ ਸਿੰਘ ਸਹਿਤ, ਫੜ ਲਿਆ ਗਿਆ। ਜਿਹੜੇ ਪੁਲਿਸ ਦੀ ਚੌਕਸੀ ਤੋਂ ਬਚ ਨਿਕਲੇ, ਉਹ ਚੁੱਪ-ਚਾਪ ਆਪਣੇ-ਆਪਣੇ ਪਿੰਡਾਂ ਨੂੰ ਪਰਤ ਗਏ।

ਗ਼ਦਰੀ ਗੁੱਟ ਬਣਾ ਕੇ ਕੈਨੇਡਾ, ਸੰਯੁਕਤ ਰਾਜ (ਅਮਰੀਕਾ), ਹਾਂਗਕਾਂਗ, ਸ਼ੰਘਾਈ, ਚੀਨ, ਬੁਰਨੇਈ, ਜਾਪਾਨ ਅਤੇ ਫਿਲੀਪੀਨ ਤੋਂ ਆਉਂਦੇ ਗਏ। ਭਾਰਤ ਨੂੰ ਆਉਂਦਿਆਂ ਰਾਹ ਵਿਚ ਹੀ ਉਨ੍ਹਾਂ ਭਾਰਤੀ ਫ਼ੌਜਾਂ ਨਾਲ ਸੰਪਰਕ ਕੀਤਾ ਜਿਨ੍ਹਾਂ ਦੀ ਨਿਯੁਕਤੀ ਵਿਦੇਸ਼ਾਂ ਵਿਚ ਸੀ। ਹਾਂਗਕਾਂਗ ਵਿਚ 26ਵੀਂ ਪੰਜਾਬੀ ਨਾਲ, ਸਿੰਘਾਪੁਰ ਵਿਖੇ ਮਲਾਇਆ ਸਟੇਟ ਗਾਈਡਜ਼ ਅਤੇ 5ਵੀਂ ਲਾਈਟ ਇਨਫੈਂਟਰੀ ਨਾਲ ਅਤੇ ਪੀਨਾਂਗ ਵਿਖੇ ਸਿੱਖ ਫ਼ੌਜੀਆਂ ਦੀ ਇਕ ਇਕਾਈ ਨਾਲ।

ਜਾਪਾਨੀ ਜਹਾਜ਼ਾਂ ਦੇ ਬੇੜੇ ਵਿਚ, ਜਿਹੜੇ ਗ਼ਦਰੀਆਂ ਨੂੰ ਭਾਰਤ ਵਿਚ ਲਿਆਏ, ਸਭ ਤੋਂ ਵੱਧ ਮਹੱਤਵਪੂਰਨ ਸਨ 'ਤੋਸਾਮਾਰੂ' ਜਿਹੜਾ ਕਲਕੱਤਾ ਵਿਖੇ ਅਕਤੂਬਰ ਦੇ ਅਖ਼ੀਰ ਵਿਚ ਪੁੱਜਾ ਅਤੇ 'ਮਿਸ਼ੀਮਾ ਮਾਰੂ' ਜੋ ਕੋਲੰਬੋ ਬੰਦਰਗਾਹ ਵਿਖੇ ਪੁੱਜਿਆ। ਪੁਲਿਸ ਨੇ 'ਤੋਸਾਮਾਰੂ' ਦੀ ਤਲਾਸ਼ੀ ਲਈ, ਚਾਰ ਲੀਡਰ ਫੜੇ ਗਏ ਅਤੇ 179 ਮੁਸਾਫ਼ਰ ਪੁਲਿਸ ਦੀ ਨਿਗਰਾਨੀ ਹੇਠ ਪੰਜਾਬ ਭੇਜ ਦਿੱਤੇ ਗਏ।

ਭਾਰਤੀ ਪੁਲਿਸ ਨੇ ਦੱਖਣ ਬੰਦਰਗਾਹਾਂ ਤੋਂ ਇਨਕਲਾਬੀਆਂ ਦੇ ਆਉਣ ਬਾਰੇ ਅਗਾਊਂ ਰੋਕ ਨਹੀਂ ਲਾਈ ਸੀ, ਇਸ ਲਈ ਬਹੁਤ ਸਾਰੇ ਪੰਜਾਬ ਪਹੁੰਚ ਗਏ। ਅਨੁਮਾਨ ਇਹ ਸੀ

ਕਿ ਦਸੰਬਰ 1914 ਦੇ ਆਰੰਭ ਵਿਚ 1,000 ਗ਼ਦਰੀ ਭਾਰਤ ਵਿਚ ਆ ਗਏ ਸਨ। 5 ਸਤੰਬਰ ਨੂੰ ਲਾਗੂ ਹੋਏ 'ਇਨਗਰੈਂਸ ਇਨ ਟੂ ਇੰਡੀਆ ਆਰਡੀਨੈਂਸ' (ਭਾਰਤ ਵਿਚ ਆਉਣ ਦਾ ਕਾਨੂੰਨ) ਨੇ ਸਥਾਨਕ ਅਧਿਕਾਰੀਆਂ ਨੂੰ ਇਹ ਅਧਿਕਾਰ ਦਿੱਤੇ ਕਿ ਭਾਰਤ ਵਿਚ ਪਰਤ ਰਹੇ ਪਰਵਾਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਜਾਵੇ। ਮਾਰਚ 19, 1915 ਨੂੰ 'ਡੀਫੈਂਸ ਆਫ ਇੰਡੀਆ ਐਕਟ' (ਭਾਰਤ ਦੀ ਰੱਖਿਆ ਦਾ ਕਾਨੂੰਨ) ਪਾਸ ਕੀਤਾ ਗਿਆ। ਇਸ ਅਧੀਨ ਗਵਰਨਰ ਜਨਰਲ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਉਹ ਨਿਯਮ ਘੜ ਸਕਦਾ ਹੈ ਜਿਸ ਦੁਆਰਾ ਉਹ ਕਿਸੇ ਵੀ ਸਿਵਿਲ ਜਾਂ ਫ਼ੌਜੀ ਅਧਿਕਾਰੀਆਂ ਨੂੰ ਇਹ ਸੱਤਾ ਦੇਵੇਗਾ ਕਿ ਉਹ ਦਾਖ਼ਲੇ ਅਤੇ ਰਿਹਾਇਸ਼ ਦੀ ਰੋਕ ਕਿਸੇ ਵੀ ਵਿਅਕਤੀ ਤੇ ਲਾ ਸਕਦੇ ਹਨ ਜਿਸ ਤੇ ਲੋਕ-ਸੁਰੱਖਿਆ ਦੇ ਵਿਰੁੱਧ ਕਾਰਜ ਕਰਨ ਦਾ ਸ਼ੱਕ ਹੋਵੇ ਜਾਂ ਉਹ ਅਜਿਹੇ ਵਿਅਕਤੀ ਨੂੰ ਨਿਰਧਾਰਤ ਹਲਕੇ ਵਿਚ ਨਿਵਾਸ ਕਰਨ ਲਈ ਹਦਾਇਤ ਕਰ ਸਕਦੇ ਹਨ। ਇਹ ਕਾਨੂੰਨ ਪੰਜਾਬ ਦੇ 23 ਜ਼ਿਲ੍ਹਿਆਂ ਵਿਚੋਂ 16 'ਤੇ ਲਾਗੂ ਕੀਤਾ ਗਿਆ ਤਾਂ ਜੋ ਸੰਦੇਹ ਵਾਲੇ ਵਿਅਕਤੀਆਂ ਦੇ ਆਉਣ-ਜਾਣ ਤੇ ਰੋਕ ਲਾਈ ਜਾਵੇ।

ਗ਼ਦਰੀਆਂ ਨੂੰ ਇਹ ਅਨੁਭਵ ਕਰਕੇ ਦੁੱਖ ਹੋਇਆ ਕਿ ਭਾਰਤ ਵਿਚ ਇਨਕਲਾਬ ਲਈ ਵਾਤਾਵਰਣ ਅਨੁਕੂਲ ਨਹੀਂ। ਨੈਸ਼ਨਲ ਕਾਂਗਰਸ ਦੇ ਨੇਤਾ ਬਰਤਾਨਵੀ ਉਦੇਸ਼ ਦੇ ਹਮਾਇਤੀ ਸਨ। ਮਹਾਤਮਾ ਗਾਂਧੀ ਨੇ ਡਾਕਟਰੀ ਸੇਵਾ ਲਈ ਵਾਲੰਟੀਅਰ ਭਰਤੀ ਕੀਤੇ ਸਨ। ਇਥੋਂ ਤਕ ਕਿ ਬਾਲ ਗੰਗਾਧਰ ਤਿਲਕ ਜਿਹੇ ਅਗਰ-ਗਾਮੀ ਵੀ ਉਨ੍ਹਾਂ ਨੂੰ ਅੱਛਾ ਨਹੀਂ ਸਮਝਦੇ ਸਨ ਜਿਹੜਾ ਪ੍ਰਸਥਿਤੀ ਦਾ ਲਾਭ ਉਠਾਉਣਾ ਚਾਹੁੰਦੇ ਸਨ। ਪੰਜਾਬ ਆਪਣੇ ਸੂਰਮਿਆਂ ਨੂੰ ਮੋਰਚਿਆਂ ਵਿਚ ਝੋਕ ਰਿਹਾ ਸੀ। ਸਿੱਖਾਂ ਦੀ ਨੁਮਾਇਆ ਸਿਆਸੀ ਪਾਰਟੀ, ਚੀਫ਼ ਖ਼ਾਲਸਾ ਦੀਵਾਨ, ਅੰਗਰੇਜ਼ੀ ਰਾਜ ਦਾ ਦਮ ਭਰਦੀ ਸੀ ਤੇ ਤਾਜ ਪ੍ਰਤੀ ਵਫ਼ਾਦਾਰ ਸੀ। ਬਹੁਤ ਸਾਰੇ ਸਿੱਖ ਗੁਰਧਾਮਾਂ ਦੇ ਗ੍ਰੰਥੀ ਗ਼ਦਰੀਆਂ ਨੂੰ ਕੁਰਾਹੀਏ ਜਾਂ ਠੱਗ ਕਹਿੰਦੇ ਸਨ।

ਗ਼ਦਰੀਆਂ ਨੇ ਨਿਰੰਤਰ ਯਤਨ ਕੀਤੇ ਕਿ ਉਹ ਕਿਰਤੀ ਕਿਸਾਨਾਂ ਅੰਦਰ ਆਪਣੇ ਪੈਰ ਟਿਕਾ ਸਕਣ। ਉਹ ਧਾਰਮਿਕ ਮੇਲਿਆਂ ਸਮੇਂ ਅੰਮ੍ਰਿਤਸਰ, ਨਨਕਾਣਾ ਸਾਹਿਬ ਅਤੇ ਤਰਨਤਾਰਨ ਗਏ ਜਿਥੇ ਉਨ੍ਹਾਂ ਖੁੱਲ੍ਹੇ ਤੌਰ ਤੇ ਲੋਕਾਂ ਨੂੰ ਵਿਦਰੋਹ ਕਰਨ ਲਈ ਜ਼ੋਰ ਦਿੱਤਾ। ਪਰ ਹੁੰਗਾਰਾ ਨਾਂ-ਮਾਤਰ ਹੀ ਮਿਲਿਆ। ਇਸ ਲਈ ਇਨਕਲਾਬੀਆਂ ਨੂੰ ਆਪਣੇ ਸਾਧਨਾਂ ਤੇ ਹੀ ਨਿਰਭਰ ਹੋਣਾ ਪਿਆ। ਉਨ੍ਹਾਂ ਇਕੱਤਰਤਾਵਾਂ ਕੀਤੀਆਂ ਅਤੇ ਵਿਉਂਤਾਂ ਬਣਾਈਆਂ ਕਿ ਅਸਲ੍ਹਾ ਖ਼ਾਨੇ ਅਤੇ ਸਰਕਾਰੀ ਖ਼ਜ਼ਾਨਿਆਂ ਨੂੰ ਲੁੱਟਿਆ ਜਾਵੇ। ਪਰ 1914 ਦੇ ਅੰਤ ਤਕ ਉਹ ਏਨਾ ਹੀ ਕਰ ਸਕੇ ਕਿ ਕੁਝ ਡਾਕੇ ਮਾਰੇ, ਇਕ ਪੁਲਿਸ ਦਾ ਸਿਪਾਹੀ ਅਤੇ ਪਿੰਡ ਦਾ ਅਧਿਕਾਰੀ ਕਤਲ ਕੀਤੇ ਗਏ।

1915 ਦੇ ਆਰੰਭ ਵਿਚ ਗ਼ਦਰੀਆਂ ਨੇ ਦੇਸ਼ ਦੇ ਹੋਰ ਦਹਿਸ਼ਤਗਰਦ ਸੰਗਠਨਾਂ ਨਾਲ ਸੰਪਰਕ ਬਣਾਇਆ। ਜਨਵਰੀ ਵਿਚ ਰਾਸ ਬਿਹਾਰੀ ਬੋਸ (ਉਸ ਟੋਲੀ ਦਾ ਨੇਤਾ ਸੀ, ਜਿਸ 1912 ਵਿਚ ਲਾਰਡ ਹਾਰਡਿੰਗ ਦੀ ਹੱਤਿਆ ਕਰਨ ਦਾ ਯਤਨ ਕੀਤਾ ਸੀ) ਪੰਜਾਬ ਵਿਚ ਆਇਆ ਅਤੇ ਇਨਕਲਾਬ ਲਈ ਆਮ ਹਦਾਇਤਾਂ ਜਾਰੀ ਕਰਨ ਦੀ ਜ਼ਿੰਮੇਵਾਰੀ ਸੰਭਾਲੀ। ਬੋਸ ਨੇ ਆਪਣੀਆਂ ਆਸਾਂ 23ਵੀਂ ਕੈਵਲਰੀ, ਲਾਹੌਰ ਵਿਖੇ ਅਤੇ 26ਵੀਂ ਪੰਜਾਬੀਜ਼ ਦੀ ਫ਼ੀਰੋਜ਼ਪੁਰ ਵਿਖੇ ਦੇ ਜਵਾਨਾਂ ਤੇ ਲਾਈਆਂ ਸਨ ਕਿ ਉਹ ਫ਼ੌਜ ਨੂੰ ਤਿਲਾਂਜਲੀ ਦੇ ਦੇਣਗੇ, ਕਿਉਂਕਿ ਉਨ੍ਹਾਂ ਵਿਚੋਂ ਕੁਝ ਵਿਦਰੋਹ ਲਈ ਤਿਆਰ ਹੋ ਗਏ ਸਨ। ਮੇਰਠ 'ਚ ਸਥਿਤ 28ਵੀਂ ਪਾਇਓਨੀਅਰ ਅਤੇ 12 ਕੈਵਲਰੀ ਦਾ ਹੁੰਗਾਰਾ ਉਤਸ਼ਾਹਜਨਕ ਸੀ। ਬੋਸ ਨੇ ਆਪਣੇ ਏਜੰਟ ਹੋਰ ਛਾਉਣੀਆਂ ਵਿਚ ਵੀ ਘੱਲੇ। ਅੰਬਾਲਾ, ਆਗਰਾ, ਕਾਨਪੁਰ, ਅਲਾਹਾਬਾਦ, ਬਨਾਰਸ,

ਫ਼ੈਜ਼ਾਬਾਦ, ਲਖਨਊ, ਮੁਲਤਾਨ, ਜੇਹਲਮ, ਕੋਹਾਟ, ਰਾਵਲਪਿੰਡੀ, ਮਰਦਾਨ ਅਤੇ ਪਸ਼ੌਰ। ਜਦੋਂ ਢੁਕਵੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਤਾਂ ਉਸ ਨੇ ਫ਼ਰਵਰੀ 21, 1915 ਦਾ ਦਿਨ ਨਿਰਧਾਰਤ ਕੀਤਾ ਜਦੋਂ ਭਾਰਤੀ ਫ਼ੌਜ ਵਿਚ ਆਮ ਬਗ਼ਾਵਤ ਜਾਂ ਵਿਦਰੋਹ ਹੋਵੇਗਾ। ਬੰਬ ਤਿਆਰ ਕਰਨ ਦੀਆਂ ਫ਼ੈਕਟਰੀਆਂ ਅੰਮ੍ਰਿਤਸਰ, ਝੱਬੇਵਾਲ (ਲੁਧਿਆਣਾ ਦੇ ਨੇੜੇ) ਅਤੇ ਲੋਹਤ ਬਾੜੀ ਵਿਖੇ ਕਾਇਮ ਕੀਤੀਆਂ ਗਈਆਂ। ਟੈਲੀਗ੍ਰਾਫ਼ ਤਾਰਾਂ ਕੱਟਣ ਅਤੇ ਰੇਲ-ਗੱਡੀਆਂ ਨੂੰ ਪਟੜੀ ਤੋਂ ਉਤਾਰਨ ਦੇ ਕਾਰਜ ਲਈ ਇਨਕਲਾਬੀਆਂ ਨੂੰ ਲੋੜੀਂਦੇ ਸੰਦ ਦਿੱਤੇ ਗਏ। ਤਿਰੰਗੇ ਰਾਸ਼ਟਰੀ ਝੰਡੇ। ਤਿਆਰ ਕੀਤੇ ਗਏ ਅਤੇ ਐਲਾਨ-ਏ-ਜੰਗ ਦੀਆਂ ਕਾਪੀਆਂ ਵੰਡਣ ਵਾਸਤੇ ਸਾਈਕਲੋਸਟਾਈਲ ਕੀਤੀਆਂ ਗਈਆਂ।

ਪਰ ਸਾਵਧਾਨੀ ਨਾਲ ਤਿਆਰ ਅਤੇ ਲਾਗੂ ਕੀਤੀਆਂ ਵਿਉਂਤਾਂ ਪੁਲਿਸ ਨੇ ਵਿਫਲ ਕਰ ਦਿੱਤੀਆਂ। ਉਨ੍ਹਾਂ ਸਾਰੀ ਜਾਣਕਾਰੀ ਇਕ ਹਿਰਾਸਤ ਵਿਚ ਲਏ ਹੋਏ ਇਨਕਲਾਬੀ ਤੋਂ ਪ੍ਰਾਪਤ ਕਰ ਲਈ ਸੀ। ਬੋਸ ਨੇ ਵਿਦਰੋਹ ਦੀ ਤਾਰੀਖ਼ 21 ਦੀ ਥਾਂ 19 ਫ਼ਰਵਰੀ ਕਰ ਦਿੱਤੀ। ਇਸ ਤਬਦੀਲੀ ਦੀ ਸੂਚਨਾ ਵੀ ਇਕ ਸਿਪਾਹੀ ਰਾਹੀਂ ਪੁਲਿਸ ਤਕ ਪਹੁੰਚ ਗਈ, ਜਿਹੜਾ ਬੋਸ ਦੀ ਆਂਤਰਿਕ ਕੌਂਸਲ ਵਿਚ ਸਰਕ ਆਇਆ ਸੀ। ਜਿਹੜੀਆਂ ਰਜਮੈਂਟਾਂ ਪ੍ਰਭਾਵਿਤ ਹੋਈਆਂ ਸਨ ਉਹ ਹਥਿਆਰ-ਰਹਿਤ ਕਰ ਦਿੱਤੀਆਂ ਗਈਆਂ। ਜਿਨ੍ਹਾਂ ਤੇ ਸੰਦੇਹ ਸੀ ਉਨ੍ਹਾਂ ਦਾ ਕੋਰਟ-ਮਾਰਸ਼ਲ ਕਰਕੇ ਫਾਹੇ ਲਾ ਦਿੱਤੇ ਗਏ। ਇਨਕਲਾਬੀ ਉਡੀਕਦੇ ਹੀ ਰਹਿ ਗਏ ਕਿ ਕਦੋਂ ਫ਼ੌਜੀ ਬਾਹਰ ਆਉਂਦੇ ਹਨ। ਅਖ਼ੀਰ ਉਹ ਵੀ ਤਿਤਰ-ਬਿਤਰ ਹੋ ਗਏ ਪਰ ਕੇਵਲ ਪੁਲਿਸ ਦੇ ਵਿਛਾਏ ਹੋਏ ਜਾਲ ਵਿਚ ਫਸਣ ਲਈ। ਅੰਤ ਰਾਸ਼ ਬਿਹਾਰੀ ਬੋਸ ਨਿਰਾਸ਼ ਹੋ ਕੇ ਪੰਜਾਬ ਛੱਡ ਗਿਆ।

1915 ਦੀਆਂ ਗਰਮੀਆਂ ਵਿਚ ਗ਼ਦਰ ਲਹਿਰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ। ਕੁਝ ਸਿਰਲੱਥ ਮੈਂਬਰ ਜਿਹੜੇ ਛੁਪੇ ਹੋਏ ਸਨ, ਉਹ ਆਪਣਾ ਗ਼ੁੱਸਾ ਉਨ੍ਹਾਂ ਉਤੇ ਲਾਹੁਣ ਲੱਗੇ ਜਿਹੜੇ ਪੁਲਿਸ ਦੇ ਮੁਖ਼ਬਰ ਸਨ ਜਾਂ ਸਰਕਾਰੀ ਗਵਾਹ ਬਣੇ ਸਨ ਅਤੇ ਉਹ ਲੋਕ ਜਿਹੜੇ ਇਨਕਲਾਬੀਆਂ ਦਾ ਪਿੱਛਾ ਕਰਨ ਲਈ ਪੁਲਿਸ ਨੂੰ ਸਹਿਯੋਗ ਦਿੰਦੇ ਸਨ। ਪਤਝੜ ਤਕ ਇਹ ਅਨਸਰ ਵੀ ਫੜ ਲਿਆ ਗਿਆ ਜਾਂ ਡਰਾਵੇ-ਧਮਕੀਆਂ ਨਾਲ ਠੰਡੇ ਕਰ ਦਿੱਤੇ ਗਏ।

ਇਕ ਹੋਰ ਸਾਜ਼ਸ਼ ਜਿਹੜੀ ਮੰਡੀ ਰਿਆਸਤ ਵਿਚ ਵਿਉਂਤੀ ਗਈ ਸੀ, ਵਿਫਲ ਕਰ ਦਿੱਤੀ ਗਈ। 6 ਵਿਅਕਤੀ ਫੜੇ ਗਏ, ਮੁਕੱਦਮਾ ਚੱਲਿਆ ਅਤੇ ਵੱਖ-ਵੱਖ ਮਿਆਦ ਲਈ ਜੇਲ੍ਹ ਅੰਦਰ ਡੱਕ ਦਿੱਤੇ ਗਏ।

ਸਿੰਘਾਪੁਰ ਦੀ ਬਗ਼ਾਵਤ

ਗ਼ਦਰ ਪਾਰਟੀ ਦੇ ਜਿਹੜੇ ਲੋਕ ਅਮਰੀਕਾ ਅਤੇ ਕੈਨੇਡਾ ਤੋਂ ਪਰਤਦੇ ਸਨ, ਉਨ੍ਹਾਂ 5ਵੀਂ ਲਾਈਟ ਇਨਫੈਂਟਰੀ (ਵਫ਼ਾਦਾਰ ਪੰਜਵੀਂ) ਨਾਲ ਸੰਪਰਕ ਕੀਤਾ। ਇਹ ਇਕ ਮੁਸਲਮਾਨ ਯੂਨਿਟ ਸੀ ਜਿਹੜੀ ਸਿੰਘਾਪੁਰ ਵਿਚ ਗਈ ਹੋਈ ਸੀ। ਭਾਵੇਂ ਗ਼ਦਰ ਪਾਰਟੀ ਅਤੇ ਸਿੰਘਾਪੁਰ ਦੇ ਸੰਬੰਧਾਂ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਮਿਲਦਾ, ਤਾਂ ਵੀ ਨਿਰਸੰਦੇਹ, ਗ਼ਦਰ ਪਾਰਟੀ ਦੇ ਲੋਕ ਵਿਸ਼ੇਸ਼ ਕਰਕੇ ਇਕ ਜਗਤ ਸਿੰਘ, ਫ਼ੌਜੀਆਂ ਨਾਲ ਸੰਪਰਕ ਰੱਖ ਰਿਹਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਕਾਸਿਮ ਮਨਸੂਰ ਨਾਂ ਦਾ ਇਕ ਮੁਸਲਮਾਨ ਵਪਾਰੀ 5ਵੀਂ ਲਾਈਟ ਇਨਫੈਂਟਰੀ ਨੂੰ ਪ੍ਰਭਾਵਿਤ ਕਰ ਰਿਹਾ ਸੀ ਅਤੇ ਇਸ ਦਾ ਕੋਰਟ-ਮਾਰਸ਼ਲ ਕਰਕੇ ਇਸ ਨੂੰ ਗੋਲੀ ਮਾਰ ਦਿੱਤੀ ਗਈ।

5ਵੀਂ ਲਾਈਟ ਇਨਫੈਂਟਰੀ ਦੇ ਜਵਾਨਾਂ ਨੇ ਫਰਵਰੀ 15, 1915 ਨੂੰ ਜੇਲ੍ਹ ਅੱਗੇ ਪਹਿਰਾ ਦੇ ਰਹੇ ਸਥਾਨਕ ਰੀਜ਼ਰਵਿਸਟਾਂ ਨੂੰ ਕਾਬੂ ਕਰ ਲਿਆ ਅਤੇ ਏਮਦੇਨ ਨਾਲ ਜੁੜੇ ਕੋਲਾ ਰੱਸਿਆਂ ਤੋਂ ਜਰਮਨੀ ਦੇ ਜਹਾਜ਼ੀ ਜਵਾਨਾਂ ਨੂੰ ਰਿਹਾਅ ਕਰਵਾ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਅਨੁਮਾਨ ਹੈ ਕਿ ਵਿਦਰੋਹੀਆਂ ਦੀ ਗਿਣਤੀ 700 ਜਵਾਨ ਸੀ। ਉਹ ਸ਼ਹਿਰ ਵੱਲ ਚੱਲ ਪਏ। ਆਸ ਸੀ ਕਿ ਆਮ ਲੋਕਾਂ ਅੰਦਰ ਜਜ਼ਬਾ ਉਭਾਰਿਆ ਜਾ ਸਕੇਗਾ। ਰਾਹ ਚਲਦੇ-ਚਲਦੇ ਇਸ ਪਾਰਟੀ ਦੀ ਟੱਕਰ ਮਲਾਇਆ ਸਟੇਟਸ ਗਾਈਡਜ਼ ਦੇ ਸਿੱਖਾਂ ਨਾਲ ਅਤੇ ਇਕ ਸਥਾਨਕ ਜੇਲ੍ਹ ਤੇ ਪਹਿਰਾ ਦੇ ਰਹੇ ਸਿੱਖ ਸੰਤਰੀਆਂ ਨਾਲ ਹੋ ਗਈ। ਇਸ ਨਾਲ ਵਿਦਰੋਹ ਤੇ ਸੰਪਰਦਾਇਕ ਰੰਗ ਆ ਗਿਆ, ਸਿੱਖ ਅਤੇ ਮੁਸਲਮਾਨ ਵਿਰੋਧੀ। ਇਹ ਵਿਦਰੋਹ, ਸਥਾਨਕ ਮਲੇਸ਼ੀਆ ਪੁਲਿਸ ਅਤੇ ਅੰਗਰੇਜ਼ੀ ਟੁਕੜੀ (ਕਾਡਮਸ ਤੋਂ ਬਾਦਬਾਨੀ ਜਹਾਜ਼ਾਂ ਰਾਹੀਂ) ਦੇ ਸਾਂਝੇ ਯਤਨਾਂ ਨਾਲ ਵਿਦਰੋਹ ਤੇ ਕਾਬੂ ਪਾ ਲਿਆ ਗਿਆ। 48 ਘੰਟੇ ਦੀ ਲੜਾਈ ਵਿਚ 14 ਬੰਦੇ ਮਾਰੇ ਗਏ, ਜਿਨ੍ਹਾਂ ਵਿਚ 8 ਅੰਗਰੇਜ਼ ਵਰਿਸ਼ਠ ਅਧਿਕਾਰੀ ਸਨ। ਮਾਰੇ ਗਏ ਵਿਦਰੋਹੀਆਂ ਦੀ ਗਿਣਤੀ ਦਾ ਕੋਈ ਰੀਕਾਰਡ ਨਹੀਂ ਸੀ ਪਰ 126 ਜਵਾਨਾਂ ਦਾ ਸਮਰੀ ਕੋਰਟ-ਮਾਰਸ਼ਲ ਹੋਇਆ। ਇਨ੍ਹਾਂ ਵਿਚੋਂ 37 ਜਵਾਨ ਫਾਹੇ ਲਏ ਗਏ, 41 ਉਮਰ ਕੈਦ ਕੀਤੇ ਗਏ। ਬਾਕੀਆਂ ਨੂੰ ਵੱਖ-ਵੱਖ ਸਮੇਂ ਦੀ ਕੈਦ ਹੋਈ। ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ, ਉਨ੍ਹਾਂ ਨੂੰ ਸਿੰਘਾਪੁਰ ਵਿਖੇ ਆਮ ਪਬਲਿਕ ਸਾਹਮਣੇ ਫਾਹੇ ਲਾਇਆ ਗਿਆ।

ਗ਼ਦਰ ਵਿਚ ਜਰਮਨਾਂ ਦਾ ਹਿੱਸਾ

ਗ਼ਦਰ ਪਾਰਟੀ ਦੇ ਕਾਇਮ ਹੋਣ ਤੋਂ ਇਕ ਦਹਾਕਾ ਪਹਿਲਾਂ ਭਾਰਤੀ ਇਨਕਲਾਬੀਆਂ ਨੇ ਲੰਡਨ, ਪੈਰਿਸ ਅਤੇ ਬਰਲਿਨ ਵਿਚ ਭਾਰੀ ਪ੍ਰਾਪੇਗੰਡਾ ਕਰ ਲਿਆ ਸੀ। ਜਦੋਂ ਯੋਰਪ ਵਿਚ ਤਨਾਅ ਵਧਿਆ ਅਤੇ ਇਹ ਸਪੱਸ਼ਟ ਹੋ ਗਿਆ ਕਿ ਜੰਗ ਇਕ ਪਾਸੇ ਜਰਮਨੀ ਅਤੇ ਦੂਜੇ ਪਾਸੇ ਬਰਤਾਨੀਆਂ ਅਤੇ ਫਰਾਂਸ ਵਿਚਕਾਰ ਲੜੀ ਜਾਵੇਗੀ ਤਾਂ ਭਾਰਤੀ ਇਨਕਲਾਬੀਆਂ ਨੇ ਆਪਣੀਆਂ ਸਰਗਰਮੀਆਂ ਲੰਡਨ ਅਤੇ ਪੈਰਿਸ ਦੀ ਥਾਂ ਬਰਲਿਨ ਵਿਚ ਬਦਲ ਲਈਆਂ। 1914 ਦੀ ਬਸੰਤ ਰੁੱਤ ਵਿਚ ਸ੍ਰੀ ਹਰਦਿਆਲ ਨੇ ਜਰਮਨੀ ਪਹੁੰਚ ਕੇ ਆਪਣੇ ਦੇਸ਼ਵਾਸੀਆਂ ਨੂੰ ਗ਼ਦਰ ਪਾਰਟੀ ਦੇ ਸੰਗਠਨ ਬਾਰੇ ਜਾਣਕਾਰੀ ਦਿੱਤੀ। ਉਸ ਵੇਲੇ ਇਸ ਪਾਰਟੀ ਦੇ 10,000 ਤੋਂ ਉਪਰ ਸਰਗਰਮ ਮੈਂਬਰ ਸਨ। 'ਬਰਲਿਨ ਭਾਰਤੀ' ਕਮੇਟੀ ਨੇ ਜਰਮਨ ਸਰਕਾਰ ਨਾਲ ਸੰਪਰਕ ਕੀਤਾ ਅਤੇ ਉਥੋਂ ਦੇ ਵਿਦੇਸ਼ ਮੰਤਰੀ ਜ਼ਿਮਰਮਾਨ ਨੂੰ ਇਸ ਗੱਲ ਲਈ ਰਾਜ਼ੀ ਕਰਨ ਲਈ ਸਫਲ ਹੋ ਗਏ ਕਿ ਉਹ ਆਪਣੇ ਅਮਰੀਕਾ ਵਿਚ ਕਾਇਮ ਰਾਜਦੂਤ ਨੂੰ ਹਦਾਇਤਾਂ ਜਾਰੀ ਕਰੇ ਕਿ ਉਹ ਗ਼ਦਰ ਪਾਰਟੀ ਦੇ ਲੋਕਾਂ ਨੂੰ ਹਥਿਆਰਾਂ ਲਈ ਫੰਡ ਜੁਟਾਵੇ। ਸਾਨਫਰਾਂਸਿਸਕੋ, ਸ਼ੰਘਾਈ ਅਤੇ ਬੈਂਕਾਕ ਵਿਚ ਕਾਇਮ ਜਰਮਨ ਕੌਂਸਲ ਜਨਰਲਾਂ ਨੂੰ ਵੀ ਹਦਾਇਤ ਦਿੱਤੀ ਗਈ ਕਿ ਇਨਕਲਾਬੀਆਂ ਦੀ ਸਹਾਇਤਾ ਕਰਨ।

ਜਰਮਨੀ ਦੇ ਹਿੱਸਾ ਲੈਣ ਨਾਲ ਗ਼ਦਰ ਪਾਰਟੀ ਵਿਚ ਧੜੇਬਾਜ਼ੀ ਆ ਗਈ। ਪਾਰਟੀ ਵਿਚ ਆਮ ਗਿਣਤੀ ਸਿੱਖ ਕਾਮਿਆਂ ਦੀ ਸੀ। ਪਰ ਇਨ੍ਹਾਂ ਦਾ ਆਪਣਾ ਕੋਈ ਬੁਲਾਰਾ ਨਹੀਂ ਸੀ। ਸਿੱਖਾਂ ਨਾਲ ਰਾਬਤਾ ਰੱਖਣ ਵਾਲਾ ਰਾਮ ਚੰਦਰ ਹੀ ਸਮੁੱਚੇ ਤੌਰ ਤੇ ਪਾਰਟੀ ਨੂੰ ਕੰਟਰੋਲ ਕਰ ਰਿਹਾ ਸੀ। 'ਭਾਰਤੀ ਬਰਲਿਨ ਕਮੇਟੀ' ਦੇ ਨਾਮਜ਼ਦ ਕੀਤੇ ਹੋਏ ਹਰੰਬਾ ਲਾਲ ਗੁਪਤਾ ਦੀ ਜੇਬ ਵਿਚ ਜਰਮਨੀ ਦੀ ਮਾਇਆ ਸੀ। ਭਾਰਤ ਦੇ ਵਿਰੋਧੀ ਧੜਿਆਂ ਅਤੇ ਭਾਰਤੀਆਂ ਅਤੇ ਜਰਮਨਾਂ ਵਿਚਕਾਰ ਭੁਲੇਖਾ ਪੈਦਾ ਹੋ ਗਿਆ।

ਅਮਰੀਕਾ ਤੋਂ ਸਮੱਗਲ ਕਰਕੇ ਭਾਰਤ ਵਿਚ ਹਥਿਆਰ ਲਿਆਉਣ ਦਾ ਪਹਿਲਾ ਯਤਨ

ਵਿਫਲ ਹੋ ਗਿਆ। 'ਹੈਨਰੀ ਐਸ.' ਨਾਂ ਦੇ ਚਾਰਟਰ ਕੀਤੇ ਹੋਏ ਜਹਾਜ਼ ਤੇ ਪੰਜ ਹਜ਼ਾਰ ਰੀਵਾਲਵਰ ਲੱਦੇ ਗਏ। ਪਰ ਬਰਤਾਨਵੀ ਨੌ-ਸੈਨਾ ਨੇ ਜਹਾਜ਼ ਅਤੇ ਉਸ ਦੇ ਸੈਨਿਕਾਂ ਨੂੰ ਕਾਬੂ ਕਰ ਲਿਆ। 'ਹੈਨਰੀ ਐਸ.' ਜਹਾਜ਼ ਵਾਲੀ ਅਸਫਲਤਾ ਉਪਰੰਤ ਹਰੰਬਾ ਲਾਲ ਗੁਪਤਾ ਜਾਪਾਨ ਨੂੰ ਗਿਆ ਤਾਂ ਜੋ ਉਥੋਂ ਹਥਿਆਰਾਂ ਦਾ ਪ੍ਰਬੰਧ ਕਰ ਸਕੇ। ਬਰਤਾਨਵੀ ਗੁਪਤ ਵਿਭਾਗ ਨੇ ਜਾਪਾਨੀ ਸਰਕਾਰ ਨੂੰ ਚੌਕਸ ਕਰ ਦਿੱਤਾ ਅਤੇ ਗੁਪਤਾ ਨੂੰ ਕਈ ਮਹੀਨੇ ਲੁਕ-ਛਿਪ ਕੇ ਲੰਘਾਉਣੇ ਪਏ। ਅੰਤ ਉਹ ਖ਼ਾਲੀ ਹੱਥ ਅਮਰੀਕਾ ਪਰਤ ਆਇਆ।

ਜਦੋਂ ਗੁਪਤਾ ਜਾਪਾਨ ਵਿਚ ਸੀ ਤਾਂ ਭਾਰਤ ਨੂੰ ਹਥਿਆਰ ਭੇਜਣ ਦਾ ਇਕ ਹੋਰ ਯਤਨ ਕੀਤਾ ਗਿਆ ਸੀ। ਮਾਰਚ 1915 ਵਿਚ 'ਅਨੀ ਲਾਰਸਨ' ਨੂੰ ਜੰਗੀ ਸਮਾਨ ਨਾਲ ਲੱਦ ਕੇ ਸਮੁੰਦਰ ਵਿਚ ਉਤਾਰਿਆ ਗਿਆ। ਕੁਝ ਦਿਨਾਂ ਪਿੱਛੋਂ 'ਮਾਵਰਿਕ' ਨਾਂ ਦਾ ਇਕ ਟੈਂਕਰ ਅਮਰੀਕਾ ਤੋਂ ਚੱਲਿਆ ਜਿਸ ਵਿਚ ਗ਼ਦਰ ਪਾਰਟੀ ਦੇ ਪੰਜ ਵਿਅਕਤੀ ਹੋਟਲ ਦੇ ਵੇਟਰਾਂ ਦੀ ਵਰਦੀ ਪਾ ਕੇ ਸਵਾਰ ਸਨ। ਇਨ੍ਹਾਂ ਜਹਾਜ਼ਾਂ ਨੇ ਸਮੁੰਦਰ ਵਿਚ ਇਕੱਠੇ ਹੋਣਾ ਸੀ। ਉਥੇ 'ਮਾਵਰਿਕ' ਨੇ ਤੇਲ ਦੇ ਟੈਂਕ ਵਿਚ ਛਿਪਾਏ ਹਥਿਆਰ ਅਤੇ ਗੋਲਾ-ਬਾਰੂਦ ਪ੍ਰਾਪਤ ਕਰਨੇ ਸਨ ਜਿਨ੍ਹਾਂ ਨੂੰ ਅੱਗੋਂ ਪੂਰਬੀ ਬੰਗਾਲ ਦੇ ਸੁੰਦਰਬਨ ਦੇ ਸਥਾਨ ਤੇ ਇਨਕਲਾਬੀਆਂ ਨੂੰ ਸੌਂਪਣਾ ਸੀ। ਪਰ ਕੋਈ ਮੇਲ ਨਾ ਹੋ ਸਕਿਆ। ਬਰਤਾਨਵੀ ਅਤੇ ਅਮਰੀਕੀ ਜੰਗੀ ਬੇੜਿਆਂ ਨੇ 'ਮਾਵਰਿਕ' ਦੀ ਤਲਾਸ਼ੀ ਲਈ। ਇਨਕਲਾਬੀਆਂ ਨੇ ਗ਼ਦਰ ਸਾਹਿਤ ਨੂੰ ਜਲਾ ਦਿੱਤਾ ਤਾਂ ਜੋ ਉਸ ਦੀ ਸੂਹ ਨਾ ਲੱਗ ਸਕੇ। ਟੈਂਕਰ ਨੂੰ ਡੱਚ ਨੌ-ਸੈਨਾ ਨੇ ਫੜ ਲਿਆ। ਜਦੋਂ ਡੱਚਾਂ ਹੱਥੋਂ ਛੱਡਿਆ ਗਿਆ ਤਾਂ ਅੰਗਰੇਜ਼ਾਂ ਨੇ ਫੜ ਲਿਆ। 'ਅਨੀ ਲਾਰਸਨ' ਨੂੰ ਅਮਰੀਕੀ ਨੌ-ਸੈਨਾ ਨੇ ਕਾਬੂ ਕਰ ਲਿਆ ਅਤੇ ਨਜਾਇਜ਼ ਵਸਤਾਂ ਲਿਜਾਣ ਦੇ ਦੋਸ਼ ਵਿਚ ਜ਼ਬਤ ਕਰ ਲਿਆ।

ਜਰਮਨਾਂ ਨੇ ਇਹ ਵਿਉਂਤ ਬਣਾਈ ਸੀ ਕਿ ਪੰਜ ਹੋਰ ਜਹਾਜ਼ ਹਥਿਆਰਾਂ ਸਮੇਤ ਭਾਰਤ ਭੇਜੇ ਜਾਣ। ਪਰ 'ਹੈਨਰੀ ਐਸ', 'ਅਨੀ ਲਾਰਸਨ' ਅਤੇ 'ਮਾਵਰਿਕ' ਜਹਾਜ਼ਾਂ ਦੀ ਮੰਦ-ਭਾਗੀ ਅਤੇ ਭਾਰਤੀਆਂ ਦੀ ਆਪਸੀ ਟੱਕਰ ਨੇ ਗ਼ਦਰ ਸੰਗਠਨਾਂ ਦਾ ਜੋਸ਼ ਮੱਠਾ ਕਰ ਦਿੱਤਾ ਪਰ ਅਜੇ ਉਨ੍ਹਾਂ ਸਭ ਤੋਂ ਵੱਧ ਮੰਦੇ ਹਾਲ ਦਾ ਅਨੁਭਵ ਕਰਨਾ ਸੀ। ਫ਼ਰਵਰੀ 1916 ਵਿਚ 'ਬਰਲਿਨ-ਭਾਰਤ' ਕਮੇਟੀ ਨੇ ਜਰਮਨ ਵਿਦੇਸ਼ੀ ਦਫ਼ਤਰ ਦੀ ਸਲਾਹ ਅਤੇ ਪ੍ਰਵਾਨਗੀ ਨਾਲ ਇਕ ਬੰਗਾਲੀ ਡਾ: ਚੰਦਰਕਾਂਤ ਚੱਕਰਵਰਤੀ ਨੂੰ ਕਾਫ਼ੀ ਮਾਇਆ ਦੇ ਕੇ ਭੇਜਿਆ ਤਾਂ ਜੋ ਗ਼ਦਰ ਲਹਿਰ ਦੀ ਅਗਵਾਈ ਕਰੇ। ਉਸ ਨੇ ਇਹ ਮਾਇਆ ਆਪਣੇ ਲੇਖੇ ਲਾ ਲਈ ਅਤੇ ਜਰਮਨਾਂ ਨੂੰ ਆਪਣੇ ਕੀਤੇ ਹੋਏ ਕੰਮਾਂ ਬਾਰੇ ਮਨਘੜਤ ਰਿਪੋਰਟਾਂ ਭੇਜਦਾ ਰਿਹਾ। ਜਦੋਂ ਜਰਮਨਾਂ ਨੂੰ ਸੱਚਾਈ ਦਾ ਪਤਾ ਲੱਗਾ ਤਾਂ ਉਨ੍ਹਾਂ ਗ਼ਦਰ ਪਾਰਟੀ ਤੋਂ ਕਿਨਾਰਾ ਕਰ ਲਿਆ ਅਤੇ ਭਾਰਤੀਆਂ ਪ੍ਰਤੀ ਉਨ੍ਹਾਂ ਦਾ ਵਤੀਰਾ ਨਿੰਦਾ ਵਾਲਾ ਹੋ ਗਿਆ। 1857 ਦੇ ਵਿਦਰੋਹ ਨੂੰ ਜਿੱਤਾਂ ਦੇ ਡਾਇਮੰਡ ਜੁਬਲੀ ਸਾਲ ਵਜੋਂ ਮਨਾਉਣ ਦੀ ਵਿਉਂਤ ਧਰੀ-ਧਰਾਈ ਰਹਿ ਗਈ।

ਗ਼ਦਰ ਪਾਰਟੀ ਵਿਚ ਟਕਰਾਓ ਬਹੁਤ ਵਧ ਗਿਆ। ਜਰਮਨਾਂ ਵੱਲੋਂ ਦਿੱਤੀ ਬਹੁਤ ਸਾਰੀ ਮਾਇਆ ਚੱਕਰਵਰਤੀ ਗਰੁੱਪ ਹੜੱਪ ਗਿਆ। ਅਵਾਸੀਆਂ ਵੱਲੋਂ ਦਾਨ ਕੀਤੀ ਗਈ ਮਾਇਆ, ਪਾਰਟੀ ਦੇ ਜਨਰਲ ਅਤੇ ਮੁਖਿਆਲਾ 'ਤੇ ਰਾਮ ਚੰਦਰ ਅਤੇ ਉਸ ਦੇ ਮਿੱਤਰਾਂ ਦਾ ਕਬਜ਼ਾ ਸੀ। ਪਾਰਟੀ ਦੇ ਮੈਂਬਰਾਂ, ਜਿਨ੍ਹਾਂ ਆਪਣਾ ਸਭ ਕੁਝ ਅਤੇ ਜਾਨਾਂ ਤਕ ਦਾਅ ਤੇ ਲਾ ਦਿੱਤੀਆਂ ਸਨ, ਉੱਕਾ ਹੀ ਖ਼ਾਲੀ ਹੱਥ ਸਨ। ਜਿਸ ਗੁੱਟ ਪਾਸ ਕੁਝ ਵੀ ਨਹੀਂ ਰਹਿ ਗਿਆ ਸੀ, ਉਹ ਸਾਰਾ ਸਿੱਖਾਂ ਦਾ ਸੀ। ਦੂਜਾ ਹਿੰਦੂਆਂ ਦਾ ਸੀ। ਇਸ ਤਰ੍ਹਾਂ ਧਰਮ ਦੇ ਤੌਰ ਤੇ ਵੀ ਪਾੜ ਹੋਰ

ਵਧ ਗਿਆ।

ਅਪ੍ਰੈਲ 6, 1917 ਨੂੰ ਅਮਰੀਕਾ ਵੀ ਜੰਗ ਵਿਚ ਕੁੱਦ ਪਿਆ। ਬਰਤਾਨਵੀ ਸਰਕਾਰ ਦੇ ਜ਼ੋਰ ਦੇਣ ਤੇ ਅਮਰੀਕੀ ਸਰਕਾਰ ਨੇ 17 ਭਾਰਤੀ ਇਨਕਲਾਬੀਆਂ ਨੂੰ, 18 ਜਰਮਨਾਂ ਸਹਿਤ ਜਿਹੜੇ ਕਨਸਲੇਟ ਸਰਵਿਸ ਦੇ ਸਨ, ਫੜ ਲਿਆ। ਉਨ੍ਹਾਂ ਉਪਰ ਸੰਯੁਕਤ ਰਾਜਾਂ ਦੀ ਸਰਕਾਰ ਦੀ ਨਿਰਪੱਖਤਾ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ। ਇਕ ਤੋਂ ਬਿਨਾ ਬਾਕੀ ਸਾਰੇ ਦੋਸ਼ੀ ਸਾਬਤ ਹੋਏ ਅਤੇ ਉਨ੍ਹਾਂ ਨੂੰ ਵੱਖ-ਵੱਖ ਮਿਆਦ ਦੀ ਕੈਦ ਅਤੇ ਜੁਰਮਾਨੇ ਦਾ ਦੰਡ ਲਾਇਆ ਗਿਆ। ਇਸ ਮੁਕੱਦਮੇ ਦਾ ਅੰਤ ਬੜੇ ਨਾਟਕੀ ਤਰੀਕੇ ਨਾਲ ਹੋਇਆ। ਅੰਤਲੇ ਦਿਨ ਇਕ ਦੋਸ਼ੀ ਨੇ ਰੀਵਾਲਵਰ ਕੱਢਿਆ ਅਤੇ ਰਾਮ ਚੰਦਰ ਨੂੰ ਗੋਲੀ ਮਾਰ ਦਿੱਤੀ ਗਈ। ਕਾਤਲ ਉਪਰ ਮੋੜਵੀਂ ਗੋਲੀ ਅਦਾਲਤ ਦੇ ਮਾਰਸ਼ਲ ਨੇ ਚਲਾਈ ਅਤੇ ਉਹ ਉਥੇ ਹੀ ਢੇਰੀ ਹੋ ਗਿਆ।

ਇਸ ਕਤਲ ਕਾਰਨ ਗ਼ਦਰ ਪਾਰਟੀ ਦੇ ਗੁੱਟਾਂ ਵਿਚ ਆਪਸੀ ਤਨਾਅ ਬਹੁਤ ਸਾਲਾਂ ਤਕ ਚਲਦਾ ਰਿਹਾ। ਅਪ੍ਰੈਲ 24, 1918 ਦੇ ਸਾਨਫਰਾਂਸਿਸਕੋ ਕਰੋਨੀਕਲ ਵਿਚ ਇਸ ਅਪਰਾਧ ਦਾ ਹਵਾਲਾ ਇਸ ਪ੍ਰਕਾਰ ਹੈ : "ਸਿੰਘ ਦੇ ਕਾਰਨਾਮੇ ਦਾ ਉਦੇਸ਼ ਸਪੱਸ਼ਟ ਹੈ। ਭਗਵਾਨ ਸਿੰਘ ਗੁੱਟ ਦੇ ਹਿੰਦੂਆਂ ਅਨੁਸਾਰ ਰਾਮ ਚੰਦਰ ਦੇ ਕਾਤਲ ਰਾਮ ਸਿੰਘ ਪਾਸ ਸੈਂਕੜੇ ਏਕੜ ਜ਼ਮੀਨ ਕੈਨੇਡਾ ਵਿਚ ਸੀ ਅਤੇ ਉਹ ਅਮੀਰ ਆਦਮੀ ਗਿਣਿਆ ਜਾਂਦਾ ਸੀ। ਉਸ ਹਿੰਦੂ ਉਦੇਸ਼ ਲਈ ਹਜ਼ਾਰਾਂ ਡਾਲਰ ਦਾਨ ਕੀਤੇ ਸਨ। ਇਹ ਸਭ ਰਾਮ ਚੰਦਰ ਪਾਸ ਸਨ। ਪ੍ਰਾਈਵੇਟ ਤੌਰ ਤੇ ਭਗਵਾਨ ਸਿੰਘ ਦਾ ਗੁੱਟ ਰਾਮ ਚੰਦਰ ਨੂੰ ਬੇਈਮਾਨ ਕਹਿੰਦਾ ਸੀ ਅਤੇ ਮੰਨਦਾ ਸੀ ਕਿ ਭਗਵਾਨ ਸਿੰਘ ਨੇ ਹਿੰਦੂ ਕਾਜ ਲਈ ਹਜ਼ਾਰਾਂ ਹੀ ਡਾਲਰ ਦਾਨ ਕੀਤੇ ਸਨ। ਹਿੰਦੂਆਂ ਅਨੁਸਾਰ ਬਹੁਤ ਸਾਰੀ ਮਾਇਆ ਰਾਮ ਚੰਦਰ ਨੇ ਨਿੱਜੀ ਵਰਤੋਂ ਲਈ ਵੱਖ ਕਰ ਲਈ।"

ਬ੍ਰਿਟਿਸ਼ ਡੀਫੈਂਸ ਆਫ਼ ਇੰਡੀਆ ਐਕਟ 1915 ਦੇ ਅਧੀਨ ਸੂਬਾਈ ਸਰਕਾਰ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਉਹ ਟ੍ਰਿਬਿਊਨਲ ਕਾਇਮ ਕਰ ਲੈਣ ਜਿਹੜੇ ਆਮ ਮੁਕੱਦਮੇ ਨਿਪਟਾ ਲੈਣ ਅਤੇ ਉਨ੍ਹਾਂ ਦਾ ਫ਼ੈਸਲਾ ਅੰਤਿਮ ਹੋਵੇਗਾ। ਗ਼ਦਰ ਪਾਰਟੀ ਦੇ ਲੋਕਾਂ ਉਪਰ ਮੁੱਕਦਮਾ ਚਲਾਉਣ ਲਈ ਵਿਸ਼ੇਸ਼ ਟ੍ਰਿਬਿਊਨਲ ਕਾਇਮ ਕੀਤੇ ਗਏ, ਜਿਨ੍ਹਾਂ ਵਿਚ ਤਿੰਨ ਜੱਜ ਹੁੰਦੇ ਸਨ ਪਰ ਆਮ ਤੌਰ ਤੇ ਇਨ੍ਹਾਂ ਤਿੰਨਾਂ ਵਿਚ ਦੋ ਅੰਗਰੇਜ਼ ਹੁੰਦੇ ਸਨ। ਅਨੇਕਾਂ ਮੁਕੱਦਮੇ ਲਾਹੌਰ, ਮੰਡੀ, ਬਨਾਰਸ ਅਤੇ ਦੂਰ-ਪਾਰ ਮਾਂਡਲੇ ਅਤੇ ਸਿੰਘਾਪੁਰ ਵਿਚ ਵੀ ਲੱਖਾਂ ਹੀ ਇਨਕਲਾਬੀਆਂ ਉਪਰ ਚਲਾਏ ਗਏ ਅਤੇ ਵੱਖ-ਵੱਖ ਸਜ਼ਾਵਾਂ ਦਿੱਤੀਆਂ ਗਈਆਂ। ਪੰਜਾਬ ਵਿਚ ਚਲਾਏ ਗਏ ਮੁਕੱਦਮਿਆਂ ਵਿਚ 46 ਨੂੰ ਫਾਂਸੀ ਦਿੱਤੀ ਗਈ ਅਤੇ 194 ਨੂੰ ਲੰਮੀ ਕੈਦ ਹੋਈ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਜਵਾਨਾਂ ਦਾ ਕੋਰਟ-ਮਾਰਸ਼ਲ ਹੋਇਆ ਅਤੇ ਉਹ ਗੋਲੀਆਂ ਦਾ ਨਿਸ਼ਾਨਾ ਬਣਾਏ ਗਏ।

ਗ਼ਦਰ ਬਗ਼ਾਵਤ ਅਨੇਕਾਂ ਕਾਰਨਾਂ ਕਰਕੇ ਅਸਫਲ ਰਹੀ। ਹਥਿਆਰਾਂ ਦੀ ਘਾਟ, ਅਨੁਭਵ ਦੀ ਘਾਟ, ਸਹੀ ਅਗਵਾਈ ਦੀ ਘਾਟ, ਇਨਕਲਾਬੀਆਂ ਅੰਦਰ ਭੇਦ ਛਿਪਾ ਕੇ ਰੱਖਣ ਦੀ ਅਸਮਰੱਥਤਾ, ਗ਼ਦਰ ਇਨਕਲਾਬੀਆਂ ਅਤੇ ਜਰਮਨਾਂ ਵਿਚਕਾਰ ਤਨਾਅ, ਬਰਤਾਨਵੀ ਖੁਫ਼ੀਆ ਏਜੰਸੀ ਦੀ ਪ੍ਰਬੀਨਤਾ, ਭਾਰਤ ਸਰਕਾਰ ਵੱਲੋਂ ਉਠਾਏ ਗਏ ਸਖ਼ਤ ਸਾਧਨ, ਪੰਜਾਬ ਪੁਲਿਸ ਵੱਲੋਂ ਅਪਣਾਇਆ ਗਿਆ ਨਿਰਦਈ ਵਤੀਰਾ, ਜਿਸ ਦੇ ਦਬਾਅ ਹੇਠ ਬਹੁਤ ਸਾਰੇ ਲੀਡਰਾਂ ਨੂੰ ਆਪਣੇ ਸਾਥੀਆਂ ਬਾਰੇ ਜਾਣਕਾਰੀ ਦੇਣੀ ਪਈ। ਅਤੇ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਪੰਜਾਬ ਦੇ ਆਮ ਲੋਕ ਇਸ ਲਈ ਤਿਆਰ ਨਹੀਂ ਸਨ। ਜਗੀਰਦਾਰਾਂ ਨੇ ਸਰਕਾਰ ਦੀ ਵਫ਼ਾਦਾਰੀ ਦਾ ਭਰੋਸਾ ਦੁਆਇਆ ਅਤੇ ਜ਼ਿਲ੍ਹੇ-ਜ਼ਿਲ੍ਹੇ ਵਿਚ ਕਮੇਟੀਆਂ ਕਾਇਮ ਕੀਤੀਆਂ ਜਿਨ੍ਹਾਂ ਨੇ ਪਰਤਣ ਵਾਲੇ

ਪਰਵਾਸੀਆਂ ਦੀ ਆਵਾਜਾਈ 'ਤੇ ਨਜ਼ਰ ਰੱਖੀ ਅਤੇ ਉਨ੍ਹਾਂ ਨੂੰ ਫ਼ਰਮਾਬਰਦਾਰੀ ਅਤੇ ਵਫ਼ਾਦਾਰੀ ਦੇ ਰਾਹ 'ਤੇ ਲਿਆਉਣ ਲਈ ਕੰਮ ਕੀਤਾ; ਗਿਆ। ਇਥੋਂ ਤਕ ਕਿ ਕਿਸਾਨਾਂ ਦਾ ਲਗਾਵ ਵੀ ਇਨਕਲਾਬ ਦੀ ਥਾਂ ਜੰਗ ਨਾਲ ਸੀ। ਗੱਲੀਪੋਲੀ ਵਿਖੇ ਭਾਰੀ ਗਿਣਤੀ ਵਿਚ ਤੁਰਕੀ ਫ਼ੌਜਾਂ ਦਾ ਮੁਕਾਬਲਾ ਕਰਨ ਵਾਲੀ ਸਿੱਖ ਬਟਾਲੀਅਨ ਦੀ ਕਹਾਣੀ ਸਿੱਖ ਨੌਜਵਾਨਾਂ ਦੇ ਜਜ਼ਬੇ ਵਧੇਰੇ ਉਭਾਰਦੀ ਸੀ, ਉਨ੍ਹਾਂ ਜਾਤੀ ਵਿਤਕਰਿਆਂ ਦੇ ਮੁਕਾਬਲੇ ਦੀਆਂ ਅਮਰੀਕੀ ਅਤੇ ਕੈਨੇਡਾ ਦੀਆਂ ਕਹਾਣੀਆਂ ਦੇ।

ਗ਼ਦਰ ਪਾਰਟੀ ਦਾ ਨਿਸ਼ਾਨਾ ਸੀ ਕਿ ਭਾਰਤ ਵਿਚੋਂ ਅੰਗਰੇਜ਼ਾਂ ਨੂੰ ਕੱਢ ਦਿੱਤਾ ਜਾਵੇ ਪਰ ਗ਼ਦਰ ਪਾਰਟੀ ਦੇ ਮੈਂਬਰਾਂ ਹੱਥੋਂ ਇਕ ਵੀ ਅੰਗਰੇਜ਼ ਦੀ ਹੱਤਿਆ ਨਾ ਹੋਈ-ਅਤੇ ਨਾ ਹੀ ਉਸ ਵੇਲੇ ਇਨ੍ਹਾਂ ਪਾਸੋਂ ਅੰਗਰੇਜ਼ੀ ਰਾਜ ਨੂੰ ਖ਼ਤਰਾ ਪੈਦਾ ਹੋਇਆ। ਤਾਂ ਵੀ ਇਤਿਹਾਸਕਾਰਾਂ ਲਈ ਇਹ ਲਹਿਰ ਕਾਫ਼ੀ ਮਹੱਤਵ ਰਖਦੀ ਹੈ। ਇਹ ਪਹਿਲੀ ਧਰਮ-ਨਿਰਪੇਖ ਲਹਿਰ ਸੀ, ਜਿਹੜੀ ਹਥਿਆਰਾਂ ਦੀ ਵਰਤੋਂ ਕਰਕੇ ਭਾਰਤ ਨੂੰ ਸੁਤੰਤਰ ਕਰਵਾਉਣਾ ਚਾਹੁੰਦੀ ਸੀ। ਮਹਾਰਾਸ਼ਟਰ ਅਤੇ ਬੰਗਾਲ ਦੇ ਦੋਹਾਂ ਇਲਾਕਿਆਂ ਵਿਚ ਰਾਜਸੀ ਦਹਿਸ਼ਤਵਾਦ ਹਿੰਦੂ ਧਰਮ ਦੇ ਪੁਨਰ-ਜਾਗ੍ਰਣ ਨਾਲ ਬਹੁਤ ਨੇੜੇ ਤੋਂ ਜੁੜਿਆ ਹੋਇਆ ਸੀ; ਮਹਾਰਾਸ਼ਟਰਾ ਵਿਚ ਸ਼ਿਵਾਜੀ ਦੇ ਭਾਵਾਂ ਨਾਲ ਅਤੇ ਬੰਗਾਲ ਵਿਚ ਕਾਲੀ ਮਾਤਾ ਨਾਲ। ਮਹਾਰਾਸ਼ਟਰੀ ਅਤੇ ਬੰਗਾਲੀ ਕਿਸੇ ਮੁਸਲਮਾਨ ਨੂੰ ਆਪਣੇ ਨੇੜੇ ਢੁੱਕਣ ਨਹੀਂ ਦਿੰਦੇ ਸਨ। ਭਾਵੇਂ ਗ਼ਦਰ ਪਾਰਟੀ ਵਿਚ ਬਹੁ-ਗਿਣਤੀ ਸਿੱਖਾਂ ਦੀ ਸੀ ਅਤੇ ਇਸੇ ਕਾਰਨ ਇਸ ਦੀ ਸਾਮਗਰੀ ਗੁਰਮੁਖੀ ਅੱਖਰਾਂ ਵਿਚ ਛਪਦੀ ਅਤੇ ਇਕੱਤਰਤਾਵਾਂ ਗੁਰਦੁਆਰਿਆਂ ਵਿਚ ਹੁੰਦੀਆਂ, ਪਰ ਇਸ ਵਿਚ ਕਿਸੇ ਪ੍ਰਕਾਰ ਦੀ ਸਿੱਖੀ ਉਥਾਨ ਦੀ ਭਾਵਨਾ ਨਹੀਂ ਸੀ। ਗ਼ਦਰ ਪਾਰਟੀ ਨੇ ਆਪਣੇ ਘੇਰੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਖਿੱਚਿਆ ਅਤੇ ਉਪਰੰਤ ਦੇਸ਼ ਦੇ ਹੋਰ ਇਨਕਲਾਬੀ ਗੁਟਾਂ ਉਪਰ ਆਪਣਾ ਪ੍ਰਭਾਵ ਛੱਡਿਆ ਕਿ ਉਹ ਧਾਰਮਿਕ ਭੇਦ-ਭਾਵ ਨੂੰ ਤਿਲਾਂਜਲੀ ਦੇ ਦੇਣ।

ਗ਼ਦਰ ਲਹਿਰ ਦੇ ਉਭਰਨ ਨਲ ਸਿੱਖ ਭਾਈਚਾਰੇ ਅੰਦਰ ਰਾਜਸੀ ਦ੍ਰਿਸ਼ਟੀਕੋਣ ਵਿਚ ਇਨਕਲਾਬੀ ਤਬਦੀਲੀ ਆਈ। ਇਸ ਨਾਲ ਅੰਗਰੇਜ਼ੀ ਰਾਜ ਨਾਲ ਬਿਨਾਂ ਕਿੰਤੂ ਕੀਤਿਆਂ ਤਿੰਨ ਚੁਥਾਈ ਸਦੀ ਤਕ ਨਿਭਾਈ ਵਫ਼ਾਦਾਰੀ ਦਾ ਅੰਤ ਹੋ ਕੇ ਨਵਾਂ ਰੌਅ ਆਰੰਭ ਹੋਇਆ। ਭਾਵੇਂ ਵਿਦਰੋਹ ਦਬਾਇਆ ਗਿਆ ਅਤੇ ਜੰਗ ਦੇ ਨਾਲ ਉਭਰੇ ਜੋਸ਼ ਵਿਚ ਮਿਲ ਗਿਆ ਪਰ ਇਹ ਹੌਲੀ-ਹੌਲੀ ਪੱਕਦਾ ਅਤੇ ਰਿਸਦਾ ਰਿਹਾ ਅਤੇ ਕੁਝ ਵਰ੍ਹੇ ਪਿੱਛੋਂ ਅਕਾਲੀ ਅੰਦੋਲਨ ਸਮੇਂ ਉੱਭਰਿਆ।

ਜੰਗ ਉਪਰੰਤ ਗ਼ਦਰ ਪਾਰਟੀ ਦੇ ਕੌਮੀ ਜਜ਼ਬੇ ਨੇ ਕਮਿਊਨਿਜ਼ਮ ਦਾ ਰੂਪ ਧਾਰ ਲਿਆ। 1924 ਵਿਚ ਬਾਲਸ਼ਵਿਕ ਏਜੰਟਾਂ ਨੇ ਇਕ ਅਮਰੀਕੀ ਕਮਿਊਨਿਸਟ ਅਗਨੇਸ ਸਮਿਡਲੇ ਰਾਹੀਂ ਅਮਰੀਕਾ ਅਤੇ ਕੈਨੇਡਾ ਦੇ ਗ਼ਦਰੀ ਸੰਗਠਨਾਂ ਨਾਲ ਸੰਪਰਕ ਕਾਇਮ ਕੀਤਾ। 1925 ਵਿਚ ਇਕ ਗ਼ਦਰੀ ਟੋਲੀ ਨੂੰ ਰੂਸ ਭੇਜਿਆ ਗਿਆ ਜਿਥੇ ਉਨ੍ਹਾਂ ਲੈਨਿਨ ਇਨਸਟੀਚਿਊਟ ਅਤੇ ਪੂਰਬ ਵਿਸ਼ਵ ਵਿਦਿਆਲਾ ਤੋਂ ਸਿੱਖਿਆ ਪ੍ਰਾਪਤ ਕੀਤੀ। ਦੋ ਸਾਲ ਉਪਰੰਤ ਇਸ ਟੋਲੀ ਨੂੰ ਅਫ਼ਗਾਨਿਸਤਾਨ ਦੇ ਰਸਤੇ ਭਾਰਤ ਭੇਜਿਆ ਗਿਆ। ਉਸ ਵੇਲੇ ਤਕ ਬਹੁਤ ਸਾਰੇ ਭਾਰਤ ਵਿਚ ਗ਼ਦਰ ਪਾਰਟੀ ਦੇ ਲੋਕ ਜੇਲ੍ਹਾਂ ਵਿਚੋਂ ਰਿਹਾਅ ਹੋ ਚੁੱਕੇ ਸਨ। ਇਨ੍ਹਾਂ ਨੂੰ ਸਤਿਕਾਰ ਨਾਲ 'ਗ਼ਦਰੀ ਬਾਬੇ' ਕਿਹਾ ਜਾਂਦਾ ਸੀ। ਇਨ੍ਹਾਂ ਆਪਣੇ ਸਾਥੀਆਂ ਨਾਲ ਆਪਣੇ ਸੰਪਰਕ ਮੁੜ ਕਾਇਮ ਕਰ ਲਏ। ਰਾਜਸੀ ਤੌਰ ਤੇ ਅਨਿਆਂ ਸਹਾਰਨ ਵਾਲਿਆਂ ਦੀ ਰਾਹਤ ਲਈ ਬਰਤਾਨਵੀ-ਕੋਲੰਬੀਆ ਅਤੇ ਕੈਲੇਫੋਰਨੀਆ ਤੋਂ ਫ਼ੰਡ ਪ੍ਰਾਪਤ ਹੋਏ। ਇਸ ਫ਼ੰਡ ਦੀ ਵੰਡ "ਦੇਸ਼ਭਗਤ ਪਰਿਵਾਰ ਸਹਾਇਕ ਸਭਾ" ਦੇ ਪ੍ਰਬੰਧ ਹੇਠ ਕੀਤੀ ਗਈ। ਮਸਕੋਵਾਈਟ

ਗ਼ਦਰੀਆਂ ਨੇ ਵੀ ਬਾਬਿਆਂ ਨਾਲ ਸਾਂਝ ਵਧਾਈ। 'ਕਿਰਤੀ' ਨਾਂ ਦਾ ਇਕ ਅਖ਼ਬਾਰ ਜਾਰੀ ਕੀਤਾ ਗਿਆ ਜਿਸ ਨੂੰ 1926 ਵਿਚ 'ਕਿਰਤੀ ਕਿਸਾਨ' ਦਾ ਨਾਂ ਦਿੱਤਾ ਗਿਆ ਸੀ। ਇਸ ਦੀਆਂ ਪ੍ਰਕਾਸ਼ਨਾਵਾਂ ਦਾ ਸਿਰਲੇਖ ਸੀ : "ਤੀਜੀ ਇੰਟਰਨੈਸ਼ਨਲ ਨਾਲ ਸੰਬੰਧਤ ਕਮਿਊਨਿਸਟ ਪਾਰਟੀ ਦੀ ਪੰਜਾਬ ਸ਼ਾਖਾ ਦਾ ਆਫ਼ੀਸ਼ਲ ਆਰਗਨ।" ਕੁਝ ਵਰ੍ਹਿਆਂ ਲਈ 'ਕਿਰਤੀਆਂ' ਦਾ ਮੁੱਖ ਆਗੂ ਤੇਜਾ ਸਿੰਘ ਸੁਤੰਤਰ ਸੀ। 'ਕਿਰਤੀਆਂ' ਅਤੇ 'ਆਫ਼ੀਸ਼ਲ' ਕਮਿਊਨਿਸਟ ਪਾਰਟੀ, ਪੰਜਾਬ ਦੀ ਅਗਵਾਈ ਸੋਹਣ ਸਿੰਘ ਜੋਸ਼ ਨੇ ਕੀਤੀ। ਇਨ੍ਹਾਂ ਦੋਹਾਂ ਦਾ ਸਾਂਝਾ ਮੋਰਚਾ ਬਣਿਆ ਰਿਹਾ। ਮਾਸਕੋ ਅਤੇ ਕੈਨੇਡਾ ਅਮਰੀਕੀ ਗ਼ਦਰ ਪਾਰਟੀ ਦੇ ਲੋਕਾਂ ਵੱਲੋਂ ਕਾਫ਼ੀ ਫ਼ੰਡ ਆਉਂਦਾ ਰਿਹਾ। ਉਹ ਕਿਸਾਨਾਂ ਅੰਦਰ ਆਪਣਾ ਪ੍ਰਭਾਵ ਪੈਦਾ ਕਰਨ ਵਿਚ ਕਾਫ਼ੀ ਸਫਲ ਰਹੇ।

ਕਮਿਊਨਿਸਟਾਂ ਦੇ ਦਾਖ਼ਲੇ ਨਾਲ ਗ਼ਦਰ ਪਾਰਟੀ ਵਿਚ ਦੁਫੇੜ ਆ ਗਈ। ਅਮਰੀਕਾ ਅਤੇ ਕੈਨੇਡਾ ਦੇ ਬਹੁਤ ਸਾਰੇ ਗ਼ਦਰ ਪਾਰਟੀ ਦੇ ਲੋਕ ਕਮਿਊਨਿਜ਼ਮ ਦੀ ਲਪੇਟ ਵਿਚ ਆ ਗਏ ਜਿਹੜੀ ਪੱਛਮੀ ਦੁਨੀਆਂ ਦੇ ਪਾਰ ਤਕ ਫੈਲ ਗਈ ਸੀ। ਉਨ੍ਹਾਂ ਦੇ ਝਗੜੇ ਅਕਸਰ ਹਿੰਸਾ ਦਾ ਰੂਪ ਧਾਰ ਲੈਂਦੇ। ਇਕ ਵਾਰ ਤਾਂ 'ਹਿੰਦੂਆਂ' ਹੱਥੋਂ 'ਹਿੰਦੂਆਂ' ਦੇ ਦੋ ਦਰਜਨ ਕਤਲ ਖੁਰਾਖੋਜ ਨਾਂ ਮਿਲਣ ਕਾਰਨ ਕੈਲੇਫੋਰਨੀਆਂ ਵਿਚ ਠੱਪ ਕਰ ਦਿੱਤੇ ਗਏ। ਸਾਲਾਂ-ਬੱਧੀ ਆਪਸੀ ਤਨਾਅ ਅਤੇ ਤੂੰ-ਤੂੰ, ਮੈਂ-ਮੈਂ ਚਲਦੀ ਰਹੀ। ਭਾਰਤ ਦੀ ਸੁਤੰਤਰਤਾ ਤੇ ਆ ਕੇ ਇਸ ਦਾ ਅੰਤ ਹੋਇਆ। 1948 ਵਿਚ ਪਾਰਟੀ ਦੀ ਜਮ੍ਹਾਂ-ਪੂੰਜੀ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਨੂੰ ਸੌਂਪੀ ਗਈ ਅਤੇ ਇਉਂ 30 ਸਾਲਾਂ ਦੇ ਪੁਰਾਣੇ ਗੜਬੜ ਅਤੇ ਉਥਲ-ਪੁਥਲ ਵਾਲੇ ਸੇਵਾ-ਜੀਵਨ ਦਾ ਅੰਤ ਹੋ ਗਿਆ।

ਕਾਂਡ—31

ਗੁਰਦੁਆਰਾ ਸੁਧਾਰ : ਅਕਾਲੀ ਲਹਿਰ ਦਾ ਜ਼ੋਰ

ਸਿੰਘ ਸਭਾ ਲਹਿਰ ਨਾਲ ਆਈ ਜਾਗਰਤੀ ਸਦਕਾ ਸਿੱਖ ਕੌਮ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਈ। ਪੜ੍ਹੇ-ਲਿਖੇ ਲੋਕ ਸਰਵਿਸਜ਼ ਅਤੇ ਪ੍ਰਸ਼ਾਸਨ ਵਿਚ ਆਪਣਾ ਹੱਕ ਜਤਲਾਉਣ ਲੱਗੇ; ਮਿਉਂਸਿਪਲ ਕਮੇਟੀਆਂ, ਜ਼ਿਲ੍ਹਾ ਬੋਰਡਾਂ, ਸੂਬਾਈ ਅਤੇ ਕੇਂਦਰੀ ਵਿਧਾਨ ਸਭਾਵਾਂ ਆਦਿ ਵਿਚ ਯੋਗ ਹਿੱਸਾ ਲੈਣ ਲੱਗੇ। ਆਮ ਲੋਕ ਫ਼ਿਕਰਮੰਦ ਸਨ ਜਾਂ ਚਿੰਤਤ ਸਨ ਕਿ ਗੁਰਦੁਆਰਿਆਂ ਦਾ ਪ੍ਰਬੰਧ ਉਨ੍ਹਾਂ ਦੇ ਹੱਥ ਆਵੇ। ਸਿੱਖ ਗੁਰਧਾਮਾਂ ਦੇ ਨਿਯੰਤਰਣ ਬਾਰੇ ਕੋਈ ਨਿਯਮ ਨਹੀਂ ਸਨ। ਬਹੁਤ ਸਾਰੇ ਗੁਰਧਾਮਾਂ ਉਪਰ ਮਹੰਤਾਂ ਦਾ ਕਬਜ਼ਾ ਸੀ, ਜਿਹੜੇ ਹਿੰਦੂ ਵੀ ਸਨ ਅਤੇ ਸਿੱਖ ਵੀ। ਉਹ ਇਨ੍ਹਾਂ ਧਾਰਮਿਕ ਥਾਵਾਂ ਨੂੰ ਆਪਣੀਆਂ ਜਾਇਦਾਦਾਂ ਖ਼ਿਆਲ ਕਰਦੇ ਸਨ। ਕੁਝ ਗੁਰਦੁਆਰਿਆਂ ਦੀ ਆਮਦਨ, ਜਿਵੇਂ ਹਰਿਮੰਦਰ ਸਾਹਿਬ ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ—ਨਨਕਾਣਾ ਸਾਹਿਬ, ਦੀ ਦੋ ਲੱਖ ਸਾਲਾਨਾ ਸੀ। ਮਹੰਤਾਂ ਵਿਰੁੱਧ ਅਦਾਲਤਾਂ ਅੰਦਰ ਸਿੱਖ ਸੰਗਤਾਂ ਮੁਕੱਦਮੇ ਲੜਦੀਆਂ ਰਹੀਆਂ। ਗ਼ਦਰ ਅਤੇ ਰਾਸ਼ਟਰੀ ਲਹਿਰਾਂ ਦੇ ਫਲਸਰੂਪ ਸਿੱਖਾਂ ਅੰਦਰ ਬੇਸਬਰੀ ਦੀ ਭਾਵਨਾ ਤੇਜ਼ ਹੋਈ। ਉਨ੍ਹਾਂ ਅਦਾਲਤਾਂ ਦੇ ਕਾਨੂੰਨੀ ਨਿਆਂ ਪ੍ਰਾਪਤ ਕਰਨ ਲਈ ਅਰਜ਼ੀਆਂ ਤੋਂ ਖਹਿੜਾ ਛੁਡਾਉਣ ਦੇ ਢੰਗ-ਤਰੀਕਿਆਂ ਨੂੰ ਤਿਲਾਂਜਲੀ ਦੇਣ ਦੀ ਠਾਣੀ। ਸਿੰਘ ਸਭਾਵਾਂ ਨੇ ਵੀ ਏਧਰ ਧਿਆਨ ਦਿੱਤਾ ਅਤੇ ਨਾ-ਮਿਲਵਰਤਣ ਦੀ ਲਹਿਰ ਚਲਾਈ। ਨਵੀਂ ਸਥਾਪਤ ਹੋਈ ਅਕਾਲੀ ਪਾਰਟੀ ਨੇ ਵੀ ਨਿਮਰ-ਵਿਰੋਧ ਦੀ ਨੀਤੀ ਅਪਣਾਈ। ਇਸ ਨਾਲ ਉਨ੍ਹਾਂ ਦੀ ਟੱਕਰ ਪੰਜਾਬੀ ਹਿੰਦੂਆਂ ਨਾਲ ਹੋਈ, ਜਿਹੜੇ ਮਹੰਤਾਂ ਅਤੇ ਸਰਕਾਰ ਦਾ ਪੱਖ ਪੂਰਦੇ ਸਨ। ਅੱਗੋਂ ਇਹ ਵਰਗ ਪੁਜਾਰੀਆਂ ਦੀ ਹਮਾਇਤ ਕਰਨ ਲੱਗਾ ਜਿਨ੍ਹਾਂ ਦਾ ਮੰਦਰਾਂ ਉਤੇ ਕਬਜ਼ਾ ਸੀ। ਇਸ ਲਹਿਰ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਣ ਲਈ ਗੁਰਦੁਆਰਿਆਂ ਦੇ ਵਿਕਾਸ ਅਤੇ ਸਿੱਖ ਸਮਾਜਕ ਜੀਵਨ ਵਿਚ ਇਸ ਦੀ ਮਹੱਤਤਾ ਬਾਰੇ ਜਾਨਣ ਦੀ ਲੋੜ ਹੈ।

ਗੁਰਦੁਆਰਾ ਆਮਦਨ ਅਤੇ ਪ੍ਰਬੰਧ

ਸ਼ਾਇਦ ਪਹਿਲਾ ਸਿੱਖ ਗੁਰਧਾਮ ਗੁਰੂ ਨਾਨਕ ਨੇ ਉਦਾਸੀਆਂ ਤੋਂ ਵਾਪਸ ਆ ਕੇ ਕਰਤਾਰਪੁਰ ਵਿਖੇ ਕਾਇਮ ਕੀਤਾ ਸੀ। ਉਸ ਵੇਲੇ ਇਸ ਦਾ ਰੂਪ ਸਾਧਾਰਨ ਧਰਮਸਾਲਾ ਦਾ ਸੀ ਜਿਥੇ ਉਨ੍ਹਾਂ ਦੇ ਸੇਵਕ ਆ ਕੇ ਜੁੜਦੇ ਅਤੇ ਕਥਾ-ਵਾਰਤਾ ਸਰਵਣ ਕਰਦੇ ਅਤੇ ਸ਼ਬਦ-ਚੌਂਕੀ ਲਾਉਂਦੇ। ਛੇਤੀ ਹੀ ਇਹ ਧਰਮਸਾਲਾ ਭਾਈਚਾਰੇ ਦੇ ਕੇਂਦਰ ਦਾ ਰੂਪ ਧਾਰ ਗਈ ਜਿਥੇ ਪੂਜਾ-ਪਾਠ ਹੁੰਦਾ ਅਤੇ ਜਨਮ, ਨਾਮਕਰਣ, ਦੀਖਿਆ, ਮੰਗਣੀ, ਵਿਆਹ ਅਤੇ ਮਰਨ ਦੇ ਭੋਗ ਜਾਂ ਕਿਰਿਆ ਦੀਆਂ ਰਸਮਾਂ ਹੋਣ ਲੱਗੀਆਂ। ਨਾਲ ਹੀ ਲੰਗਰ ਛਕਾਇਆ ਜਾਂਦਾ। ਬੱਚਿਆਂ ਵਾਸਤੇ ਮਦਰੱਸਾ ਜਾਂ ਵਿਦਿਆਲਾ ਚਲਦਾ ਜਿਥੇ ਬੱਚਿਆਂ ਨੂੰ ਪੈਂਤੀ ਅੱਖਰੀ ਸਿਖਾਈ ਜਾਂਦੀ ਅਤੇ ਨਿੱਤਨੇਮ ਦਾ ਪ੍ਰਬੰਧ ਚਲਦਾ। ਇਸ ਨੂੰ ਪੰਚਾਇਤਘਰ ਵਜੋਂ ਵੀ ਵਰਤਿਆ ਜਾਂਦਾ ਜਿਸ ਵਿਚ ਵੱਡੇ-ਵਡੇਰੇ ਭਾਈਚਾਰੇ ਦੇ ਝਗੜਿਆਂ ਦਾ ਨਿਪਟਾਰਾ ਕਰਦੇ ਅਤੇ ਕੌਮੀ ਮਸਲਿਆਂ

ਤੇ ਵਿਚਾਰ ਪ੍ਰਗਟ ਕਰਦੇ । ਇਹ ਕਾਰਜ ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਪਿੰਡ ਦੇ ਗੁਰਦੁਆਰੇ ਵਿਚ ਕੀਤੇ ਜਾਂਦੇ। ਪਿੰਡ ਦੇ ਗੁਰਧਾਮ ਦਾ ਗੁਜ਼ਾਰਾ ਸਥਾਨਕ ਕਿਸਾਨਾਂ ਦੇ ਚੜ੍ਹਾਵੇ ਨਾਲ ਪੂਰਾ ਕੀਤਾ ਜਾਂਦਾ। ਵੱਡੇ ਗੁਰਧਾਮਾਂ ਨੂੰ ਧਾਰਮਿਕ ਉਤਸਵਾਂ ਸਮੇਂ ਦਾਨ ਵਜੋਂ ਕਾਫ਼ੀ ਮਾਇਆ ਪ੍ਰਾਪਤ ਹੋ ਜਾਂਦੀ, ਜਦੋਂ ਗੁਰੂ ਕਾ ਲੰਗਰ ਇਕ ਦਿਨ ਵਿਚ 50,000 ਯਾਤਰੀਆਂ ਤਕ ਨੂੰ ਛਕਾਇਆ ਜਾਂਦਾ। ਇਸ ਕਰਤੱਵ ਦੀ ਪੂਰਤੀ ਲਈ ਮਿਸਲਾਂ ਦੇ ਸਰਦਾਰਾਂ ਅਤੇ ਅੱਗੋਂ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਸਿੱਖ ਰਜਵਾੜਿਆਂ ਨੇ ਆਪਣੀ ਸਰਧਾ ਵਾਲੇ ਗੁਰਧਾਮਾਂ ਦੇ ਨਾ ਜਗੀਰਾਂ ਲਾਈਆਂ ਹੋਈਆਂ ਸਨ। ਹਰਿਮੰਦਰ ਸਾਹਿਬ, ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਦੇ ਗੁਰਧਾਮਾਂ ਨਾਲ ਵੀ ਭਾਰੀ ਜਗੀਰਾਂ ਲੱਗੀਆਂ ਹੋਈਆਂ ਸਨ। ਜਦੋਂ ਨਹਿਰੀ-ਸਿੰਚਾਈ ਦਾ ਪ੍ਰਬੰਧ ਹੋ ਗਿਆ ਤਾਂ ਗੁਰਦੁਆਰਿਆਂ ਦੀ ਭੂਮੀ ਦੀ ਆਮਦਨੀ ਰਾਜੇ-ਰਜਵਾੜਿਆਂ ਦੇ ਬਰਾਬਰ ਹੋ ਗਈ।

ਗੁਰਦੁਆਰਿਆਂ ਦੇ ਪ੍ਰਬੰਧ ਲਈ ਕੋਈ ਨਿਯਮ ਨਹੀਂ ਬਣਾਏ ਗਏ ਸਨ ਅਤੇ ਨਾ ਹੀ ਉਨ੍ਹਾਂ ਦੀ ਸੇਵਾ-ਸੰਭਾਲ ਕਰਨ ਵਾਲੇ ਮਹੰਤਾਂ ਦੀ ਯੋਗਤਾ ਦਾ ਕੋਈ ਮਾਪ-ਦੰਡ ਨਿਸ਼ਚਿਤ ਕੀਤਾ ਗਿਆ ਸੀ। ਮੁਗ਼ਲ ਕਾਲ ਵਿਚ ਗੁਰਦੁਆਰੇ ਦੇ ਗ੍ਰੰਥੀ ਵਜੋਂ ਸੇਵਾ ਕਰਨ ਦੇ ਰਾਹ ਵਿਚ ਕਈ ਖ਼ਤਰੇ ਸਨ। ਇਸ ਲਈ ਬਹੁਤ ਸਾਰੇ ਮਹੰਤਾਂ ਵਾਲੇ ਗੁਰਧਾਮਾਂ ਦੇ ਪ੍ਰਬੰਧ ਨੂੰ ਉਦਾਸੀ ਸੰਪ੍ਰਦਾਇ ਦੇ ਮੈਂਬਰਾਂ ਨੂੰ ਸੌਂਪਿਆ ਗਿਆ। ਉਹ ਪੂਰਨ ਰੂਪ ਵਿਚ ਖਾਲਸਾ ਰਹਿਤ-ਮਰਿਆਦਾ ਦਾ ਪਾਲਣ ਕਰਨ ਵਾਲੇ ਨਹੀਂ ਸਨ। ਉਹ ਆਮ ਤੌਰ ਤੇ ਮੋਨੇ ਸਨ, ਭਾਵ ਦਾੜ੍ਹੀ-ਕੇਸ ਨਹੀਂ ਰਖਦੇ ਸਨ। ਭੀੜ ਵੇਲੇ ਆਪਣੀ ਜਾਨ ਬਚਾਉਣ ਲਈ ਉਹ ਆਪਣੇ-ਆਪ ਨੂੰ ਸਿੱਖ ਧਰਮ ਤੋਂ ਵੱਖਰਾ ਕਹਿ ਸਕਦੇ ਸਨ। ਮੁਗ਼ਲ ਰਾਜ ਦਾ ਅੰਤ ਹੋ ਜਾਣ ਉਪਰੰਤ ਵੀ ਇਹ ਗੁਰਧਾਮ ਉਦਾਸੀਆਂ ਦੇ ਕਬਜ਼ੇ ਵਿਚ ਹੀ ਰਹੇ ਅਤੇ ਗ੍ਰੰਥੀ ਦੇ ਪ੍ਰਬੰਧਕ ਕਾਰਜ ਪਿਤਾ ਤੋਂ ਪੁੱਤਰ ਨੂੰ ਸੌਂਪਿਆ ਜਾਣ ਲੱਗਾ। ਜਿਹੜੇ ਸਾਧਾਰਨ ਗੁਰਦੁਆਰੇ ਸਨ, ਉਨ੍ਹਾਂ ਦੀ ਦੇਖ-ਭਾਲ ਉਹ ਗੁਰਸਿੱਖ ਕਰਦੇ ਜਿਨ੍ਹਾਂ ਨੇ ਆਪਣਾ ਜੀਵਨ ਪੂਜਾ-ਪਾਠ ਲਈ ਅਰਪਣ ਕਰ ਦਿੱਤਾ ਸੀ ਅਤੇ ਕੌਮ ਦੀ ਸੇਵਾ ਦਾ ਕਾਰਜ ਨਿਭਾਉਂਦੇ ਰਹੇ।

ਜਦੋਂ ਅੰਗਰੇਜ਼ ਹਕੂਮਤ ਦੇ ਪੱਕੇ ਪੈਰ ਜੰਮ ਗਏ ਤਾਂ ਜ਼ਮੀਨ ਅਤੇ ਜਾਇਦਾਦ ਦੇ ਬੰਦੋਬਸਤ ਦੇ ਨਵੇਂ ਰੀਕਾਰਡ ਤਿਆਰ ਕਰਨੇ ਸਨ। ਇਨ੍ਹਾਂ ਵਿਚ ਬਹੁਤ ਸਾਰਿਆਂ ਅੰਦਰ ਗੁਰਦੁਆਰਿਆਂ ਨਾਲ ਲੱਗੀਆਂ ਜਗੀਰਾਂ ਅਤੇ ਜਾਇਦਾਦਾਂ ਮਹੰਤਾਂ ਦੇ ਨਾਵਾਂ ਅੱਗੇ ਲਿਖ ਦਿੱਤੀਆਂ ਗਈਆਂ।

ਜਿਥੇ-ਜਿਥੇ ਸੰਗਤ ਸੁਚੇਤ ਸੀ, ਉਥੇ ਤਾਂ ਇਹ ਅੰਦਰਾਜ ਰਸਮੀ ਤੌਰ ਤੇ ਹੀ ਰਹੇ ਪਰ ਜਿਥੇ ਪੁਜਾਰੀ ਮਨਮਾਨੀ ਕਰ ਸਕਦੇ ਸਨ, ਉਥੇ ਉਨ੍ਹਾਂ ਦੀ ਮਲਕੀਅਤ ਪਰਵਾਨ ਕਰ ਲਈ ਗਈ ਅਤੇ ਉਹ ਜਾਇਦਾਦ ਦੀ ਹੇਰਾਫੇਰੀ ਕਰਨ ਲੱਗ ਪਏ। ਉਦਾਸੀ ਮਹੰਤ, ਜਿਹੜੇ ਹਿੰਦੂ ਵੀ ਸਨ ਅਤੇ ਸਿੱਖ ਵੀ, ਅਤੇ ਹਿੰਦੂ ਸਰਧਾਲੂਆਂ ਨੂੰ ਆਪਣੇ ਵੱਲ ਖਿੱਚਣਾ ਚਾਹੁੰਦੇ ਸਨ, ਨੇ ਗੁਰਦੁਆਰਿਆਂ ਅੰਦਰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਸਥਾਪਤ ਕਰ ਲਈਆਂ। ਕੁਝ ਪਵਿੱਤਰ ਅਸਥਾਨਾਂ ਦੀ ਦੁਰਵਰਤੋਂ ਕਰਨ ਦੇ ਮਾਮਲੇ ਵੀ ਪੇਸ਼ ਹੋਏ।

ਹਰਿਮੰਦਰ ਸਾਹਿਬ ਜਾਂ ਸਵਰਨ ਮੰਦਰ ਦੇ ਪ੍ਰਬੰਧ ਬਾਰੇ ਸਿੱਖ ਕੌਮ ਨੇ ਸਦਾ ਹੀ ਦਿਲਚਸਪੀ ਵਿਖਾਈ ਹੈ। ਪੰਜਾਬ ਦੇ ਅਲਹਾਕ ਹੋਣ ਉਪਰੰਤ, ਭਾਵ ਇਸ ਸੂਬੇ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰਨ ਉਪਰੰਤ, ਮਹੱਤਵਪੂਰਨ ਮਾਮਲਿਆਂ ਬਾਰੇ ਥੋੜ੍ਹੀ-ਬਹੁਤ ਦਿਲਚਸਪੀ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਵੀ ਲੈਂਦਾ ਸੀ। ਪਰ ਹੋਰ ਕਾਰਜਾਂ ਜਾਂ ਮਾਮਲਿਆਂ ਬਾਰੇ ਮਹੰਤ ਆਪਣਾ ਪੂਰਾ-ਪੂਰਾ ਹੱਕ ਜਤਲਾਉਂਦੇ। ਬਗ਼ਾਵਤ (1857) ਦੇ ਦਬਾਏ ਜਾਣ ਦੇ

ਛੇਤੀ ਪਿੱਛੋਂ ਸਿਰਕੱਢ ਸਿੱਖ ਸਰਦਾਰਾਂ ਨੇ ਸਰਕਾਰ ਦਾ ਧਿਆਨ ਗੁਰਧਾਮਾਂ ਦੇ ਪ੍ਰਬੰਧ ਦੀ ਮਾਨਤਾ ਵੱਲ ਖਿੱਚਿਆ । ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਇਕ ਇਕੱਤਰਤਾ ਦਸੰਬਰ 22, 1859 ਨੂੰ ਬੁਲਾਈ ਗਈ । ਪਾਸ ਹੋਇਆ ਕਿ ਇਕ ਨੌਂ-ਮੈਂਬਰੀ ਪ੍ਰਬੰਧਕ ਕਮੇਟੀ ਕਾਇਮ ਕੀਤੀ ਜਾਵੇ । ਪਰ ਜਾਪਦਾ ਹੈ ਕਿ ਕਮੇਟੀ ਨੇ ਕੋਈ ਦਿਲਚਸਪੀ ਨਹੀਂ ਵਿਖਾਈ, ਇਸ ਲਈ ਡਿਪਟੀ ਕਮਿਸ਼ਨਰ ਦੀ ਸਿੱਧੀ ਨਿਗਰਾਨੀ ਹੇਠ ਸਾਰਾ ਪ੍ਰਬੰਧ ਮੁਖ ਗ੍ਰੰਥੀ ਅਧੀਨ ਹੀ ਰਿਹਾ । ਗ੍ਰੰਥੀਆਂ ਅਤੇ ਪੁਜਾਰੀਆਂ ਦੀ ਕਿਧਰੇ ਕੋਈ ਯੋਗਤਾ ਨਿਰਧਾਰਤ ਨਹੀਂ । ਪਰ ਹੈਦਰਾਬਾਦ ਦੇ ਨਿਜ਼ਾਮ ਨੇ ਇਹ ਨਿਯਮ ਰਖਿਆ ਸੀ ਕਿ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਮੁਖ ਗ੍ਰੰਥੀ ਉਹੀ ਹੋ ਸਕਦਾ ਹੈ ਜਿਹੜਾ ਜਤ-ਸਤ ਵਾਲਾ ਹੋਵੇ ਅਤੇ ਸ਼ਰਾਬ ਦਾ ਸੇਵਨ ਨਾ ਕਰਦਾ ਹੋਵੇ ।

ਸਿੰਘ ਸਭਾ ਸਭ ਤੋਂ ਪਹਿਲੀ ਸੀ ਜਿਸ ਨੇ ਅਛੂਤ ਜਾਤੀ ਦੇ ਸਿੱਖਾਂ ਨੂੰ ਵੱਡੇ-ਵੱਡੇ ਗੁਰਧਾਮਾਂ ਵਿਚ ਪ੍ਰਵੇਸ਼ ਨਾ ਕਰਨ ਦੇਣ ਅਤੇ ਮੂਰਤੀ-ਪੂਜਾ ਦੇ ਵਿਰੁੱਧ ਆਵਾਜ਼ ਉਠਾਈ । ਹੈਦਰਾਬਾਦ ਰਿਆਸਤ ਦੇ ਗੁਰਧਾਮ ਨਾਦੇੜ ਦੇ ਹਜ਼ੂਰ ਸਾਹਿਬ ਦੇ ਪੁਜਾਰੀਆਂ ਨੇ ਸਿੰਘ ਸਭਾ ਦੇ ਮੈਂਬਰਾਂ ਨੂੰ ਤਨਖ਼ਾਹੀਏ ਕਰਾਰ ਦੇ ਕੇ ਬਦਲਾ ਲਿਆ । ਬਾਕੀ ਦੇ ਗੁਰਧਾਮਾਂ ਨੇ ਪੁਜਾਰੀਆਂ ਨੂੰ ਵੀ ਅਜਿਹਾ ਕਰਨ ਤੇ ਜ਼ੋਰ ਦਿੱਤਾ । ਪਰ ਇਹ ਆਦੇਸ਼ ਪੂਰਾ ਨਾ ਕੀਤਾ ਜਾ ਸਕਿਆ ਕਿਉਂਕਿ ਪੰਜਾਬ ਵਿਚ ਸਿੰਘ ਸਭਾ ਸ਼ਕਤੀਸ਼ਾਲੀ ਹੋ ਚੁੱਕੀ ਸੀ । ਇਸ ਦੇ ਉਲਟ ਸਿੰਘ ਸਭਾ ਦੇ ਜ਼ੋਰ ਦੇਣ ਦੇ ਫਲਸਰੂਪ 1905 ਵਿਚ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚੋਂ ਹਿੰਦੂ ਮੂਰਤੀਆਂ ਚੁੱਕ ਦਿੱਤੀਆਂ ਗਈਆਂ ਸਨ । ਇਕ ਸਾਲ ਬਾਅਦ ਜਦੋਂ ਮੈਨੇਜਰ ਦੀ ਮੌਤ ਹੋ ਗਈ ਤਾਂ ਸਿੰਘ ਸਭਾ ਨੇ ਡਿਪਟੀ ਕਮਿਸ਼ਨਰ ਤੇ ਜ਼ੋਰ ਦਿੱਤਾ ਕਿ ਉਸ ਦੀ ਥਾਂ ਦੀ ਪੂਰਤੀ ਕਰਨ ਲੱਗਿਆਂ ਕੌਮ ਦੇ ਪ੍ਰਤੀਨਿਧੀਆਂ ਦੀ ਸਲਾਹ ਲਈ ਜਾਵੇ ।

ਸਿੰਘ ਸਭਾ ਦੇ ਨੇਤਾ ਵਫ਼ਾਦਾਰ ਸਨ ਅਤੇ ਉਹ ਇਸ ਤੋਂ ਵੱਧ ਕੁਝ ਨਾ ਕਰਦੇ ਕਿ ਸਰਕਾਰੀ ਅਫ਼ਸਰਾਂ ਅੱਗੇ ਦਰਖ਼ਾਸਤ ਪੇਸ਼ ਕਰਦੇ ਜਾਂ ਫਿਰ ਅਦਾਲਤ ਵਿਚ ਮੁਕੱਦਮਾ ਦਾਇਰ ਕਰਦੇ । ਗੁਰਦੁਆਰੇ ਦੀ ਜਾਇਦਾਦ ਦੀ ਦੁਰਵਰਤੋਂ ਇਸ ਤੋਂ ਕਿਤੇ ਵੱਧ ਸਖ਼ਤ ਅਮਲ ਦੀ ਮੰਗ ਕਰਦੀ ਸੀ । ਇਹ ਮਾਮਲਾ 1912 ਵਿਚ ਸਿਖਰ ਤੇ ਆਇਆ ਜਦੋਂ ਨਵੀਂ ਰਾਜਧਾਨੀ ਦੀ ਉਸਾਰੀ ਲਈ ਅੰਗਰੇਜ਼ ਸਰਕਾਰ ਨੇ ਦਿੱਲੀ ਅੰਦਰ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਜ਼ਮੀਨ ਨੂੰ ਆਪਣੇ ਅਧਿਕਾਰ ਹੇਠ ਲੈ ਲਿਆ ਅਤੇ ਆਲੇ-ਦੁਆਲੇ ਦੀ ਪੁਰਾਣੀ ਕੰਧ ਨੂੰ ਤੋੜ ਦਿੱਤਾ । ਗਰਮ-ਦਲੀਏ ਅਨਸਰ ਨੇ ਇਸ ਅਵਸਰ ਵੱਲ ਧਿਆਨ ਦੇ ਕੇ ਗੁਰਦੁਆਰੇ ਦੀ ਜਾਇਦਾਦ ਨੂੰ ਖੁਰਦ-ਬੁਰਦ ਕਰਨ ਦੇ ਮਹੰਤ ਦੇ ਹੱਕ ਨੂੰ ਚੁਣੌਤੀ ਦਿੱਤੀ ਅਤੇ ਗੁਰਦੁਆਰੇ ਦੀ ਕੰਧ ਢਾਏ ਜਾਣ ਨੂੰ ਧਾਰਮਿਕ ਅਸਥਾਨ ਦੀ ਬੇਅਦਬੀ ਕਿਹਾ । ਮੋਰਚਾ ਲਾਉਣ ਬਾਰੇ ਗੱਲ-ਬਾਤ ਚੱਲੀ ਪਰ ਜੰਗ ਛਿੜ ਜਾਣ ਕਾਰਨ ਇਸ ਨੂੰ ਮੁਲਤਵੀ ਕੀਤਾ ਗਿਆ ।

1918 ਦੀ ਪਤਝੜ ਰੁੱਤ ਵਿਚ ਇਹ ਮਾਮਲਾ ਮੁੜ ਉੱਭਰਿਆ । ਮਾਨਟੇਗੂ ਚੈਮਸਫੋਰਡ ਦੀਆਂ ਸੰਵਿਧਾਨਕ ਤਜਵੀਜ਼ਾਂ ਨਾਲ ਨਿਰਾਸ਼ਾ ਪੈਦਾ ਹੋਈ ਅਤੇ ਮਾਰਸ਼ਲ-ਲਾਅ ਦੇ ਲਾਗੂ ਕਰਨ ਨਾਲ ਭਾਰੀ ਪੱਧਰ ਤੇ ਦਹਿਸ਼ਤਗਰਦੀ ਨੂੰ ਅਮਲ ਵਿਚ ਲਿਆਂਦਾ ਗਿਆ । ਇਸ ਨਾਲ ਜਨਤਾ ਸਰਕਾਰ ਦੀ ਨੁਕਤਾਚੀਨੀ ਕਰਨ ਲੱਗੀ । ਰਾਸ਼ਟਰੀ ਵਿਚਾਰਧਾਰਾ ਦੇ ਵਿਅਕਤੀਆਂ ਨੇ ਸਿੱਖ ਮਾਮਲਿਆਂ ਸੰਬੰਧੀ ਸਿੰਘ ਸਭਾ ਦੇ ਏਕਾਧਿਕਾਰ ਦੀ ਸ਼ਕਤੀ ਨੂੰ ਤੋੜਿਆ ਅਤੇ 1919 ਦੀ ਸਿਆਲ ਰੁੱਤ ਵਿਚ ਅੰਮ੍ਰਿਤਸਰ ਵਿਖੇ ਸੈਂਟਰਲ ਸਿੱਖ ਲੀਗ ਕਾਇਮ ਕੀਤੀ । ਲਾਹੌਰ ਵਿਖੇ ਅੱਗੋਂ ਹੋਈ ਇਕੱਤਰਤਾ ਵਿਚ ਅੰਗਰੇਜ਼ਾਂ ਨਾਲ ਨਾ-

ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਅਤੇ ਇਹ ਫ਼ੈਸਲਾ ਕੀਤਾ ਗਿਆ ਕਿ ਸਰਕਾਰ ਵੱਲੋਂ ਆਪਣੇ ਅਧੀਨ ਕੀਤੀ ਗਈ ਜ਼ਮੀਨ ਤੇ ਜ਼ਬਰਦਸਤੀ ਕਬਜ਼ਾ ਕਰਨ ਲਈ ਵਾਲੰਟੀਅਰ ਭੇਜੇ ਜਾਣ। ਇਸ ਇਹ ਵੀ ਮੰਗ ਕੀਤੀ ਕਿ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਬੰਧ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਵਾਇਆ ਜਾਵੇ ਅਤੇ ਉਸ ਨੂੰ ਸਿੱਖ ਕਮੇਟੀ ਦੇ ਹੱਥਾਂ ਵਿਚ ਸੌਂਪਿਆ ਜਾਵੇ।

ਸੰਤ ਰਣਧੀਰ ਸਿੰਘ ਦਾ ਰੋਲ

ਸਰਕਾਰ ਨੇ ਸਿੱਖਾਂ ਦੀ ਚਾਪਲੂਸੀ ਕਰਨ ਦੀ ਕੋਸ਼ਿਸ਼ ਕੀਤੀ। ਗੁਰਦੁਆਰਾ ਰਕਾਬ ਗੰਜ ਦੀ ਢਾਹੀ ਹੋਈ ਦੀਵਾਰ ਮੁੜ ਉਸਾਰ ਦਿੱਤੀ ਗਈ। ਆਪਣੇ ਅਧੀਨ ਕੀਤੀ ਹੋਈ ਜ਼ਮੀਨ ਸਿੱਖਾਂ ਦੇ ਪ੍ਰਤੀਨਿਧਾਂ ਦੀ ਉਸ ਕਮੇਟੀ ਨੂੰ ਸੌਂਪ ਦਿੱਤੀ ਜਿਸ ਨੇ ਇਸ ਸਥਾਨ ਦਾ ਪ੍ਰਬੰਧ ਆਪਣੇ ਹੱਥ ਲੈ ਲਿਆ ਸੀ। ਸਿੱਖਾਂ ਦੇ ਹੋਰ ਛੋਟੇ-ਮੋਟੇ ਰੋਸ ਵੀ ਦੂਰ ਕੀਤੇ ਗਏ। ਇਕ ਪੱਖ ਵਿਚ ਸਿੱਖਾਂ ਨੂੰ ਆਰਮ ਐਕਟ ਦੇ ਅਮਲ ਤੋਂ ਮੁਕਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਕਿਰਪਾਨ ਰੱਖਣ ਦੀ ਇਜਾਜ਼ਤ ਦਿੱਤੀ ਗਈ। ਜੇਲ੍ਹਾਂ ਅੰਦਰ ਸਿੱਖ ਕੈਦੀਆਂ ਨੂੰ ਧਾਰਮਿਕ ਚਿੰਨ੍ਹ ਰੱਖਣ ਦੀ ਇਜਾਜ਼ਤ ਦਿੱਤੀ ਗਈ। ਜੇਲ੍ਹ ਵਿਚ ਹੋਰ ਕੈਦੀਆਂ ਨੂੰ ਕੱਪੜੇ ਦੀ ਟੋਪੀ ਪਹਿਨਣੀ ਪੈਂਦੀ ਸੀ, ਪਰ ਸਿੱਖ ਕੈਦੀ ਪਗੜੀ ਬੰਨ੍ਹ ਸਕਦਾ ਸੀ।

ਪਰ ਗੁਰਧਾਮਾਂ ਦੇ ਕੰਟਰੋਲ ਦੇ ਸਵਾਲ ਬਾਰੇ ਇਨ੍ਹਾਂ ਰਿਆਇਤਾਂ ਦਾ ਕੋਈ ਅਰਥ ਨਹੀਂ ਸੀ। ਇਸ ਮਾਮਲੇ ਵਿਚ ਅਧਿਕਾਰੀਆਂ ਦਾ ਹੁੰਗਾਰਾ ਨਰਮ ਸੀ ਕਿ ਸਿੱਖ ਮੰਗਾਂ ਪ੍ਰਤੀ ਕੀ ਰਵੱਈਆ ਰੱਖਣਾ ਹੈ। ਨਾਲ ਹੀ ਉਹ ਵੇਲੇ ਦੀ ਨਬਜ਼ ਨੂੰ ਨਹੀਂ ਪਛਾਣਦੇ ਸਨ। ਸਰਕਾਰੀ ਵਤੀਰਾ ਇਹ ਸੀ ਕਿ ਜ਼ਮੀਨ ਜਾਂ ਜਾਇਦਾਦ ਜਿਸ ਦੇ ਨਾਮ ਸੀ, ਉਹ ਅਸਲ ਵਿਚ ਉਸ ਦਾ ਮਾਲਕ ਸੀ ਅਤੇ ਉਸ ਨੂੰ ਬੇਦਖ਼ਲ ਕਰਨ ਵਿਚ ਦੀਵਾਨੀ ਅਦਾਲਤੀ ਕਾਰਵਾਈ ਹੋ ਸਕਦੀ ਸੀ। ਉਨ੍ਹਾਂ ਦੇ ਧਿਆਨ ਵਿਚ ਇਹ ਗੱਲ ਨਹੀਂ ਆਈ ਕਿ ਗੁਰਦੁਆਰੇ ਦੇ ਮਹੰਤ ਦੀ ਪੋਜ਼ੀਸ਼ਨ ਗਿਰਜੇ ਦੇ ਫ਼ਾਦਰ (ਪੁਰੋਹਿਤ) ਵਰਗੀ ਸੀ, ਜਿਸ ਦਾ ਜਾਇਦਾਦ 'ਤੇ ਕੋਈ ਅਧਿਕਾਰ ਨਹੀਂ ਹੁੰਦਾ। ਬਹੁਤ ਸਾਰੀਆਂ ਸਿੱਖ ਕਮੇਟੀਆਂ ਨੇ ਯਤਨ ਕਰਕੇ ਇਹ ਸਮਝ ਲਿਆ ਸੀ ਕਿ ਦੀਵਾਨੀ ਮੁਕੱਦਮਿਆਂ ਨਾਲ ਕੁਝ ਨਹੀਂ ਬਣਦਾ। ਜਾਇਦਾਦ ਦੇ ਮੁੱਲ ਅਨੁਸਾਰ ਕੋਰਟ ਫ਼ੀਸ ਤਾਰਨੀ ਪੈਂਦੀ ਸੀ ਅਤੇ ਵਕੀਲਾਂ ਦੇ ਹੱਥਕੰਡਿਆਂ ਨਾਲ ਮੁਕੱਦਮੇ ਲੰਮੇ ਸਮੇਂ ਲਈ ਲਟਕਾਏ ਜਾ ਸਕਦੇ ਸਨ। ਇਉਂ ਕਰੋਧ ਅਤੇ ਨਿਰਾਸ਼ਾ ਵਧਣ ਲੱਗੀ।

ਇਸ ਦੌਰਾਨ ਸਿੱਖਾਂ ਵੱਲੋਂ ਆਪਣੀ ਹੀ ਪ੍ਰਬੰਧਕ ਕਮੇਟੀ ਦੀ ਵਿਉਂਤ ਬਣਾਈ ਜਾ ਰਹੀ ਸੀ। ਨਵੰਬਰ 15, 1920 ਨੂੰ ਸ੍ਰੀ ਅਕਾਲ ਤਖ਼ਤ ਤੋਂ ਆਦੇਸ਼ ਜਾਰੀ ਕੀਤਾ ਗਿਆ ਕਿ 175 ਮੈਂਬਰਾਂ ਦੀ ਇਕ ਕਮੇਟੀ ਸਥਾਪਤ ਕੀਤੀ ਜਾਵੇਗੀ, ਜਿਹੜੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਨਾਂ ਨਾਲ ਜਾਣੀ ਜਾਵੇਗੀ ਅਤੇ ਜਿਸ ਦੇ ਅਧੀਨ ਸਾਰੇ ਗੁਰਧਾਮ ਹੋਣਗੇ। ਸਰਦਾਰ ਸੁੰਦਰ ਸਿੰਘ ਮਜੀਠੀਆ, ਸਰਦਾਰ ਹਰਬੰਸ ਸਿੰਘ ਅਟਾਰੀਵਾਲਾ ਅਤੇ ਭਾਈ ਜੋਧ ਸਿੰਘ ਨੂੰ ਕ੍ਰਮਵਾਰ ਪ੍ਰਧਾਨ, ਉਪ-ਪ੍ਰਧਾਨ ਅਤੇ ਸਕੱਤਰ ਬਣਾਇਆ ਗਿਆ। ਜਿਹੜੇ ਵਧੇਰੇ ਗਰਮ-ਦਲੀਏ ਅਨਸਰ ਦੇ ਸਨ, ਉਨ੍ਹਾਂ ਵਾਲੰਟੀਅਰਾਂ ਦੀ ਅਰਧ-ਸੈਨਿਕ ਕੋਰ ਦਾ ਗਠਨ ਕੀਤਾ ਜਿਹੜੀ 'ਅਕਾਲੀ ਦਲ' ਦੇ ਨਾਂ ਨਾਲ ਜਾਣੀ ਜਾਣ ਲੱਗੀ। ਅਕਾਲੀ ਦਲ ਨੇ ਅਜਿਹੇ ਨੌਜਵਾਨ ਖੜੇ ਕਰਨੇ ਸਨ ਅਤੇ ਸਿਖਲਾਈ ਦੇਣੀ ਸੀ ਕਿ ਅੱਖੜ ਮਹੰਤਾਂ ਪਾਸੋਂ ਗੁਰਦੁਆਰਿਆਂ ਦਾ ਕਬਜ਼ਾ ਲੈਣ ਲਈ 'ਕਾਰਵਾਈ' ਕਰਨ। 'ਅਕਾਲੀ' ਨਾਂ ਦਾ ਇਕ ਅਖ਼ਬਾਰ ਵੀ ਜਾਰੀ

ਕੀਤਾ ਗਿਆ। ਇਸ ਦੇ ਸੰਪਾਦਕ ਸਨ, ਸਰਦਾਰ ਮੰਗਲ ਸਿੰਘ ਅਤੇ ਗਿਆਨੀ ਹੀਰਾ ਸਿੰਘ ਦਰਦ। ਸਿੱਖ ਸਿਆਸਤ ਵਿਚ ਇਨ੍ਹਾਂ ਨੇ ਅੱਛਾ ਨਾਂ ਪੈਦਾ ਕੀਤਾ।

ਸਿੱਖ ਰਾਏ ਦੇ ਜ਼ੋਰ ਅਧੀਨ ਅਨੇਕਾਂ ਅੰਦੋਲਨ ਸਦਕਾ ਮਹੰਤਾਂ ਨੇ ਗੁਰਦੁਆਰੇ ਦੀਆਂ ਜਾਇਦਾਦਾਂ ਚੁਣੀਆਂ ਹੋਈਆਂ ਕਮੇਟੀਆਂ ਨੂੰ ਸੌਂਪਣੀਆਂ ਆਰੰਭ ਕਰ ਦਿੱਤੀਆਂ ਅਤੇ ਤਨਖ਼ਾਹ ਵਾਲੇ ਗ੍ਰੰਥੀ ਬਨਣਾ ਸਵੀਕਾਰ ਕਰ ਲਿਆ। ਪਰ ਗੁਰਦੁਆਰਾ ਤਰਨਤਾਰਨ ਵਿਖੇ ਹਿੰਸਾ ਭੜਕੀ ਜਿਸ ਵਿਚ ਦੋ ਅਕਾਲੀਆਂ ਦੀ ਹੱਤਿਆ ਹੋ ਗਈ ਅਤੇ ਦਰਜਨ ਤੋਂ ਵੱਧ ਫੱਟੜ ਹੋ ਗਏ। ਤਰਨਤਾਰਨ ਦਾ ਹਾਦਸਾ ਤਾਂ ਭੂਮਿਕਾ ਹੀ ਸਮਝੋ।

ਨਨਕਾਣਾ ਸਾਹਿਬ ਦਾ ਸਾਕਾ

ਗੁਰੂ ਨਾਨਕ ਦੇਵ ਜੀ ਦਾ ਜਨਮ-ਅਸਥਾਨ ਸਿੱਖ ਗੁਰਧਾਮਾਂ ਅੰਦਰ ਕਾਫ਼ੀ ਚੜ੍ਹਾਵੇ ਅਤੇ ਜਗੀਰ ਵਾਲਾ ਸੀ। ਉਸ ਵੇਲੇ ਇਸ ਦਾ ਪ੍ਰਬੰਧ ਇਕ ਉਦਾਸੀ ਮਹੰਤ ਨਾਰਾਇਣ ਦਾਸ ਹੱਥ ਸੀ। ਉਹ ਗੁਰਦੁਆਰੇ ਅੰਦਰ ਆਪਣੀ ਰਖੇਲ ਨਾਲ ਰਹਿੰਦਾ ਸੀ। ਉਸ ਬਾਰੇ ਮਸ਼ਹੂਰ ਸੀ ਕਿ ਉਹ ਇਸ ਪਵਿੱਤਰ ਅਸਥਾਨ ਤੇ ਰੰਡੀਆਂ ਪਾਸੋਂ ਨਾਚ ਕਰਵਾਉਂਦਾ ਸੀ। ਸਥਾਨਕ ਸਿੱਖਾਂ ਨੇ ਉਸ ਨੂੰ ਡਰਾਵਾ ਦਿੱਤਾ ਕਿ ਉਸ ਨੂੰ ਗੁਰਦੁਆਰੇ ਵਿਚੋਂ ਕੱਢ ਦਿੱਤਾ ਜਾਵੇਗਾ। ਮਹੰਤ ਨੇ ਆਪਣੀ ਹਿਫ਼ਾਜ਼ਤ ਲਈ ਪੁਲਿਸ ਨੂੰ ਆਖਿਆ। ਆਪਣੇ ਹਿਤਾਂ ਦੀ ਸੰਭਾਲ ਅਤੇ ਰਾਖੀ ਲਈ ਉਸ ਨੇ ਦੋ ਲਗਭਗ 400 ਭਾੜੇ ਦੇ ਗੁੰਡੇ ਬੁਲਾ ਲਏ।

ਫ਼ਰਵਰੀ 20, 1921 ਨੂੰ ਅੰਮ੍ਰਿਤ ਵੇਲੇ, ਅਕਾਲੀਆਂ ਦਾ ਇਕ ਜੱਥਾ ਸਰਦਾਰ ਲਛਮਣ ਸਿੰਘ ਧਾਰੋਵਾਲੀਆ ਦੀ ਅਗਵਾਈ ਹੇਠ ਗੁਰਦੁਆਰੇ ਵਿਚ ਪ੍ਰਵੇਸ਼ ਕਰ ਗਿਆ। ਗੁਰਧਾਮ ਦੇ ਦੁਆਰ ਉਸੇ ਵੇਲੇ ਬੰਦ ਕਰ ਦਿੱਤੇ ਗਏ ਅਤੇ ਮਹੰਤ ਨਰਾਇਣ ਦਾਸ ਨੇ ਉਸ ਜੱਥੇ ਉਪਰ ਤਲਵਾਰਾਂ, ਬਰਛੀਆਂ ਅਤੇ ਗੋਲਾ-ਬਾਰੂਦ ਵਾਲੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਅਕਾਲ ਚਲਾਣਾ ਕਰ ਗਏ ਜਾਂ ਅੰਤਲੇ ਸਾਹ ਲੈਣ ਵਾਲਿਆਂ ਨੂੰ ਲੱਕੜੀਆਂ ਦੇ ਢੇਰ ਪਾਸ ਲੈ ਗਏ, ਜਿਹੜਾ ਪਹਿਲਾਂ ਹੀ ਜਮ੍ਹਾਂ ਕਰ ਲਿਆ ਗਿਆ ਸੀ, ਅਤੇ ਸਭ ਨੂੰ ਅਗਨੀ-ਭੇਟ ਕਰ ਦਿੱਤਾ। ਜਦੋਂ ਤਾਈਂ ਪੁਲਿਸ ਪਹੁੰਚੀ, ਸਥਾਨਕ ਸਿੱਖ ਦੁਰਘਟਨਾ ਵਾਲੀ ਥਾਂ ਤੇ ਪੁੱਜ ਚੁੱਕੇ ਸਨ। ਉਸ ਵੇਲੇ 130 ਗੁਰਸਿੱਖ ਅੱਗ ਦੀ ਲਪੇਟ ਵਿਚ ਆ ਚੁੱਕੇ ਸਨ।

ਇਸ ਦੁਰਘਟਨਾ ਦੀ ਖ਼ਬਰ ਅੱਗ ਵਾਂਗ ਫੈਲ ਗਈ। ਲਾਹੌਰ ਦਾ ਕਮਿਸ਼ਨਰ ਵੀ ਦੁਰਘਟਨਾ ਵਾਲੇ ਸਥਾਨ ਤੇ ਪਹੁੰਚ ਗਿਆ ਸੀ। ਉਸ ਨੇ ਤੁਰੰਤ ਹੀ ਗੁਰਧਾਮ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧ ਨੂੰ ਸੌਂਪ ਦਿੱਤੀਆਂ।

ਪੰਜਾਬ ਅੰਦਰ ਜਲ੍ਹਿਆਂਵਾਲਾ ਬਾਗ਼, ਅੰਮ੍ਰਿਤਸਰ ਜਿਹਾ ਵਾਤਾਵਰਨ ਮੁੜ ਪੈਦਾ ਹੋ ਗਿਆ। ਲਾਹੌਰ, ਅੰਮ੍ਰਿਤਸਰ ਅਤੇ ਸ਼ੇਖ਼ੂਪੁਰਾ ਦੇ ਜ਼ਿਲ੍ਹੇ ਸੈਡੀਸ਼ਨ ਮੀਟਿੰਗਜ਼ ਐਕਟ ਦੇ ਅਧੀਨ ਇਲਾਕੇ ਘੋਸ਼ਿਤ ਕਰ ਦਿੱਤੇ ਗਏ। ਅਨੇਕਾਂ ਸੂਬਾਈ ਸੰਗਠਨਾਂ ਨੇ ਸਰਕਾਰ ਨੂੰ ਮਿਲਵਰਤਣ ਨਾ ਦੇਣ ਦੇ ਮਤੇ ਪਾਸ ਕੀਤੇ।

1921 ਦੀਆਂ ਗਰਮੀਆਂ ਪੰਜਾਬ ਅੰਦਰ ਸਭ ਤੋਂ ਵੱਧ ਸਿਆਸੀ ਬੇਚੈਨੀ ਵਾਲੀਆਂ ਸਨ। ਮਾਲਾਬਾਰ ਵਿਚ ਮਲਾਹਾਂ ਨੇ ਵਿਦਰੋਹ ਕੀਤਾ। ਪ੍ਰਿੰਸ ਆਫ਼ ਵੇਲਜ਼ ਦੀ ਭਾਰਤ-ਫੇਰੀ ਸਮੇਂ ਹੜਤਾਲਾਂ ਹੋਈਆਂ, ਅੰਗਰੇਜ਼ੀ ਸ਼ਰਾਬ ਦੀਆਂ ਦੁਕਾਨਾਂ ਦੀ ਨਾਕਾਬੰਦੀ ਹੋਈ। ਵਿਦੇਸ਼ੀ ਮਾਲ ਦੀ ਹੋਲੀ ਜਲਾਈ ਗਈ। ਇਨ੍ਹਾਂ ਪ੍ਰਦਰਸ਼ਨਾਂ ਵਿਚ ਸਖ਼ਤੀ ਵਰਤੀ ਗਈ ਅਤੇ ਬੰਦੂਕਾਂ ਦੇ ਬੈਟਨਾਂ ਨਾਲ ਮਾਰਿਆ ਗਿਆ ਅਤੇ ਕਈ ਫੜੇ ਗਏ। ਮੰਦੇ ਭਾਗਾਂ ਨੂੰ ਅਜੀਬ ਘਟਨਾ ਵਾਪਰੀ ਕਿ ਸਰਦੀਆਂ ਦੀ ਦੇਰ ਵਾਲੀ ਮਾਨਸੂਨ ਨੇ ਗਰਮੀਆਂ ਵਿਚ ਆਪਣਾ ਰੰਗ

ਵਿਖਾਇਆ। ਪੰਜਾਬ ਦੇ ਅਨੇਕ ਜ਼ਿਲ੍ਹਿਆ ਵਿਚ ਭੁੱਖਮਰੀ ਦੀ ਹਾਲਤ ਪੈਦਾ ਹੋ ਗਈ। ਅਹਿੰਸਾ ਅਤੇ ਆਰਥਿਕ ਔਖਿਆਈ ਨੇ ਸਿੱਖ ਅੰਦੋਲਨ ਦੀ ਚਾਲ ਤੇਜ਼ ਕਰ ਦਿੱਤੀ। ਚੀਫ਼ ਖਾਲਸਾ ਦੀਵਾਨ ਦੇ ਮੈਂਬਰਾਂ ਵਰਗੇ ਲੋਕ ਜਿਨ੍ਹਾਂ ਸਰਕਾਰ ਦੀ ਹਮਾਇਤ ਕੀਤੀ, ਝੋਲੀਚੁੱਕ ਪੁਕਾਰੇ ਜਾਣ ਲੱਗੇ। ਉਨ੍ਹਾਂ ਨੂੰ ਟੋਡੀ ਕਿਹਾ ਜਾਣ ਲੱਗਾ। ਗਰਮਦਲੀਏ ਨੇਤਾ ਜਿਹੜੇ ਅੱਗੇ ਆਏ, ਉਹ ਵੱਖ-ਵੱਖ ਸਿਆਸੀ ਰਾਏ ਅਤੇ ਧਾਰਮਿਕ ਭਾਵਨਾ ਦੀ ਪ੍ਰਤੀਨਿਧਤਾ ਕਰਦੇ ਸਨ। ਬਾਬਾ ਖੜਕ ਸਿੰਘ, ਸਰਦਾਰ ਮਹਿਤਾਬ ਸਿੰਘ ਅਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਧਾਰਮਿਕ ਧਾਰਨਾ ਦੀ ਪ੍ਰੇਰਨਾ ਵਾਲੇ ਸਨ। ਮਾਸਟਰ ਤਾਰਾ ਸਿੰਘ ਅਤੇ ਤਿੰਨ ਭਾਈ ਸਰਦਾਰ ਅਮਰ ਸਿੰਘ, ਸਰਦਾਰ ਸਰਮੁਖ ਸਿੰਘ ਅਤੇ ਸਰਦਾਰ ਜਸਵੰਤ ਸਿੰਘ—ਸਭ ਝਬਾਲ ਤੋਂ ਸਨ ਅਤੇ ਬਹੁ-ਗਿਣਤੀ ਰਾਏ ਦੀ ਪ੍ਰਤੀਨਿਧਤਾ ਕਰਦੇ ਸਨ। ਉਹ ਵੀ ਬਰਾਬਰ ਦੀ ਧਾਰਮਿਕ ਅਤੇ ਰਾਸ਼ਟਰੀ ਭਾਵਨਾ ਰੱਖਦੇ ਸਨ। ਕੁਝ ਕੱਟੜਵਾਦੀ ਸਨ ਜਿਹੜੇ ਨਿਹੰਗਾਂ ਜਿਹੀ ਖਾੜਕੂ ਰਵਾਇਤ ਵਿਚ ਵਿਸ਼ਵਾਸ ਰੱਖਦੇ ਸਨ। ਉਹ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੁੰਦੇ ਸਨ। ਇਸ ਟੋਲੇ ਨੇ ਆਪਣੇ-ਆਪ ਨੂੰ ਖਾੜਕੂਆਂ ਦੇ ਜੱਥੇ ਦਾ ਰੂਪ ਦਿੱਤਾ ਅਤੇ 'ਬੱਬਰ ਅਕਾਲੀ' ਅਖਵਾਏ।

ਨਵੇਂ ਲੀਡਰਾਂ ਨੇ ਲੋਕਾਂ ਦੇ ਭੜਕੇ ਹੋਏ ਜਜ਼ਬਾਤ ਦਾ ਪੂਰਾ-ਪੂਰਾ ਲਾਭ ਉਠਾਇਆ। ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਸਨਮਾਨ ਵਿਚ ਸਿੱਖਾਂ ਨੂੰ ਕਾਲੀਆਂ ਦਸਤਾਰਾਂ ਪਹਿਨਣ ਲਈ ਕਿਹਾ ਗਿਆ। ਕੁਰਬਾਨੀ ਦੇਣ ਵਾਲਿਆਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਸ਼ਹੀਦੀ ਫ਼ੰਡ ਖੋਲ੍ਹਿਆ ਗਿਆ। ਇਸ ਸਾਕੇ ਦੇ ਸ਼ਿਕਾਰ ਹੋਏ ਲੋਕਾਂ ਦੀ ਯਾਦ ਵਿਚ ਇਕ ਹਸਪਤਾਲ ਅਤੇ ਸਕੂਲ ਨਨਕਾਣਾ ਸਾਹਿਬ ਵਿਖੇ ਖੋਲ੍ਹੇ ਗਏ ਅਤੇ ਅੰਮ੍ਰਿਤਸਰ ਵਿਚ ਇਕ ਮਿਸ਼ਨਰੀ ਕਾਲਜ ਕਾਇਮ ਕੀਤਾ ਗਿਆ। ਇਸ ਮੰਤਵ ਵਾਸਤੇ ਸਾਰੇ ਸੂਬੇ ਵਿਚੋਂ ਮਾਇਆ ਇਕੱਤਰ ਕੀਤੀ ਗਈ। ਇਸ ਪ੍ਰਚਾਰ ਦਾ ਪ੍ਰਭਾਵ ਉਸੇ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ ਪ੍ਰਤੱਖ ਵੇਖਣ ਵਿਚ ਆਇਆ। ਨਨਕਾਣਾ ਸਾਹਿਬ ਵਿਖੇ 50,000 ਸੰਗਤ ਇਕੱਠੀ ਹੋਈ। ਇਨ੍ਹਾਂ ਵਿਚੋਂ 20,000 ਅਕਾਲੀ ਕਹਾਉਂਦੇ ਸਨ ਅਤੇ 12-15,000 ਜੱਥਿਆਂ ਦੇ ਰੂਪ ਵਿਚ ਸਨ।

ਇਸ ਸਾਕੇ ਨਾਲ ਸੰਬੰਧਤ ਕੁਝ ਮਹੱਤਵਪੂਰਨਟ ਵੇਰਵੇ ਜਿਨ੍ਹਾਂ ਦਾ ਆਧਾਰ ਉਸ ਵੇਲੇ ਦੇ ਸਮਾਚਾਰ ਪੱਤਰ ਅਤੇ ਸੀ.ਆਈ.ਡੀ. ਦੀਆ ਰਿਪੋਰਟਾਂ ਸਨ, ਇਸ ਪ੍ਰਕਾਰ ਹੈ।

ਮਹਾਤਮਾ ਗਾਂਧੀ ਨਨਕਾਣਾ ਸਾਹਿਬ ਪਹੁੰਚੇ। ਉਨ੍ਹਾਂ ਕਿਹਾ, "ਹਰ ਚੀਜ਼ ਇਸ਼ਾਰਾ ਕਰਦੀ ਹੈ ਕਿ ਇਹ (ਸਾਕਾ) ਡਾਇਰਵਾਦ ਦਾ ਦੂਜਾ ਰੂਪ ਸੀ। ਇਥੇ ਵਹਿਸ਼ੀਪੁਣਾ ਜੱਲ੍ਹਿਆਂ-ਵਾਲਾ ਬਾਗ਼ ਤੋਂ ਵੀ ਵੱਧ ਸੀ।" ('ਦੀ ਟਾਈਮਜ਼' ਮਾਰਚ 11, 1921)। ਪੀ.ਐਲ.ਸੀ.ਡੀ. ਮਾਰਚ, 11, 1921, ਪੰਨਾ 350 ਉਤੇ ਮੀਆਂ ਫ਼ਜ਼ਲ-ਇ-ਹੁਸੈਨ ਦਾ ਬਿਆਨ ਸੀ : "ਨਾਲ ਹੀ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਜਾਗੀ ਹੋਈ ਰਾਸ਼ਟਰੀ ਚੇਤਨਾ ਗੁਰਦੁਆਰਿਆਂ ਅਤੇ ਧਰਮ-ਅਸਥਾਨਾਂ ਦੇ ਪ੍ਰਬੰਧ ਪ੍ਰਤੀ ਚਿੰਤਾ ਅਤੇ ਬੇਇਤਬਾਰੀ ਲਈ ਕਿਸੇ ਹੱਦ ਤਕ ਜ਼ਿੰਮੇਵਾਰ ਸੀ।" ਬਾਬਾ ਖੜਕ ਸਿੰਘ (1867-1963) ਸਿਆਲਕੋਟ ਦੇ ਫ਼ੌਜੀ ਠੇਕੇਦਾਰ ਦੇ ਸਪੁੱਤਰ ਸਨ। ਕੁਝ ਸਾਲਾਂ ਲਈ ਉਹ ਸਿੱਖਾਂ ਦੇ ਮਹਾਨ ਆਗੂ ਸਨ ਅਤੇ 'ਬੇਤਾਜ ਬਾਦਸ਼ਾਹ' ਕਰਕੇ ਜਾਣੇ ਜਾਂਦੇ ਸਨ। ਭਾਵੇਂ ਉਨ੍ਹਾਂ ਨੂੰ 'ਬਾਬਾ' ਆਖਿਆ ਜਾਂਦਾ ਸੀ, ਪਰ ਕਮਿਊਨਿਸਟਾਂ ਨਾਲ ਕੋਈ ਸੰਬੰਧ ਨਹੀਂ ਸੀ। ਸਰਦਾਰ ਮਹਿਤਾਬ ਸਿੰਘ (1879-1938) ਸ਼ਾਹਪੁਰ ਜ਼ਿਲ੍ਹੇ ਦੇ ਅਰੋੜਾ ਸਨ ਅਤੇ ਨਿਪੁੰਨ ਬੈਰਿਸਟਰ ਸਨ।

ਇਕ ਪੁਲਿਸ ਰਿਪੋਰਟ ਵਿਚ ਕਿਹਾ ਗਿਆ ਕਿ ਉਸ ਭਾਰੀ ਇਕੱਠ ਵਿਚ ਰਾਸ਼ਟਰੀ

ਭਾਵਨਾ ਅਤੇ ਸਰਕਾਰ ਪ੍ਰਤੀ ਰੋਸ ਪ੍ਰਤੱਖ ਸੀ । ਇਹ ਸਮਾਗਮ ਯਾਦਗਾਰੀ ਬਣਿਆ ਕਿਉਂਕਿ 'ਕਾਮਾਗਾਟਾ ਮਾਰੂ' ਲਹਿਰ ਦੇ ਮਹਾਨ ਨੇਤਾ ਬਾਬਾ ਗੁਰਦਿੱਤ ਸਿੰਘ ਸਟੇਜ 'ਤੇ ਆਏ ਅਤੇ ਉਨ੍ਹਾਂ ਨੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕੀਤਾ । ਉਸ ਵੇਲੇ ਮਾਸਟਰ ਤਾਰਾ ਸਿੰਘ ਨੂੰ ਕੁਝ ਮਹੀਨਿਆਂ ਲਈ ਭਗੌੜਾ ਕਰਾਰ ਦਿੱਤਾ ਗਿਆ ਸੀ । ਉਹ ਕੁਝ ਹਥਿਆਰਬੰਦ ਅਕਾਲੀਆਂ ਸਹਿਤ ਪਧਾਰੇ ਅਤੇ ਧੂੰਆਂਧਾਰ ਤਕਰੀਰ ਦੇ ਕੇ ਉਥੋਂ ਰੂਪੋਸ਼ ਹੋ ਗਏ ।

ਕੁੰਜੀਆਂ ਦਾ ਮਸਲਾ

ਇਸ ਭੜਕੇ ਹੋਏ ਵਾਤਾਵਰਣ ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਬਲਦੀ ਤੀਲ੍ਹੀ ਲਾਈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਥਾਪੇ ਗਏ ਨਵੇਂ ਪ੍ਰਧਾਨ, ਬਾਬਾ ਖੜਕ ਸਿੰਘ ਪ੍ਰਤੀ ਸੰਦੇਹ ਦੀ ਭਾਵਨਾ ਰੱਖਦੇ ਹੋਏ, ਉਸ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਆਪਣੇ ਮਨੋਨੀਤ ਵਿਅਕਤੀ ਨੂੰ ਸੌਂਪ ਦਿੱਤੀਆਂ । ਉਸ ਸੈਡੀਸ਼ਨ ਮੀਟਿੰਗ ਐਕਟ ਲਾਗੂ ਕਰ ਦਿੱਤਾ ਅਤੇ 193 ਅਕਾਲੀ ਨੇਤਾਵਾਂ ਨੂੰ ਪਕੜ ਲਿਆ । ਇਨ੍ਹਾਂ ਨੇਤਾਵਾਂ ਨੂੰ ਵੱਖ-ਵੱਖ ਸਮੇਂ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਗਈ ।

ਗੁਰਧਾਮ ਦੀਆਂ ਚਾਬੀਆਂ ਖੋਹਣ ਨਾਲ ਸਾਰੇ ਭਾਰਤ ਵਿਚ ਰੋਸ ਦੀ ਲਹਿਰ ਫੈਲ ਗਈ । ਸਰਕਾਰ ਨੇ ਇਹ ਸਮਝ ਲਿਆ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਗ਼ਲਤੀ ਕੀਤੀ ਹੈ ਅਤੇ ਭਰਿੰਡਾਂ ਦੇ ਛੱਤੇ ਨੂੰ ਹੱਥ ਪਾਇਆ ਹੈ । ਸਜ਼ਾਵਾਂ ਸੁਣਾਉਣ ਦੇ ਕੁਝ ਦਿਨਾਂ ਪਿੱਛੋਂ ਸਰਕਾਰ ਨੇ ਸਾਰੇ ਕੈਦੀਆਂ ਦੀ ਰਿਹਾਈ ਦਾ ਐਲਾਨ ਕਰ ਦਿੱਤਾ । ਇਸ ਦੇ ਨਾਲ ਹੀ ਹਰਿਮੰਦਰ ਸਾਹਿਬ ਦੀਆਂ ਕੁੰਜੀਆਂ ਬਾਬਾ ਖੜਕ ਸਿੰਘ ਦੀ ਕਮੇਟੀ ਨੂੰ ਸੌਂਪ ਦਿੱਤੀਆਂ । ਇਸ ਸੰਬੰਧ ਵਿਚ ਮਹਾਤਮਾ ਗਾਂਧੀ ਨੇ ਇਹ ਟਿੱਪਣੀ ਕੀਤੀ : "ਪਹਿਲੀ ਨਿਰਣਾਜਨਕ ਜੰਗ ਜਿੱਤੀ ਗਈ ।"

ਲੈਫਟੀਨੈਂਟ ਗਵਰਨਰ ਜਨਰਲ ਸਰ ਐਡਵਰਡ ਮੈਕਲੇਗਨ ਨੇ ਯਤਨ ਕੀਤਾ ਕਿ ਕਾਨੂੰਨੀ ਕਾਰਵਾਈ ਪਾਸ ਕਰਵਾ ਕੇ ਗੁਰਦੁਆਰਿਆਂ ਦਾ ਪ੍ਰਬੰਧ ਹੱਕਦਾਰਾਂ ਨੂੰ ਸੌਂਪਿਆ ਜਾਵੇ, ਭਾਵ ਸਿੱਖ ਪੰਥ ਨੂੰ । ਮਾਰਚ 1921 ਵਿਚ ਵਿਦਿਆ ਮੰਤਰੀ, ਮੀਆਂ ਫ਼ਜ਼ਲ-ਇ-ਹੁਸੈਨ ਨੇ ਇਕ ਬਿੱਲ ਪੇਸ਼ ਕੀਤਾ ਜਿਸ ਅਨੁਸਾਰ ਬੋਰਡ ਆਫ਼ ਕਮਿਸ਼ਨਰਜ਼ ਸਥਾਪਤ ਕਰਨਾ ਸੀ, ਜਿਹੜਾ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥ ਲੈ ਲਵੇਗਾ । ਸਿੱਖ ਵਿਧਾਇਕਾਂ ਨੇ ਇਸ ਬਿੱਲ ਦਾ ਵਿਰੋਧ ਕੀਤਾ ਕਿਉਂਕਿ ਬੋਰਡ ਵਿਚ ਗ਼ੈਰ-ਸਿੱਖ ਵੀ ਸਨ, ਅਤੇ ਇਸ ਬੋਰਡ ਨੇ ਸਿੱਖਾਂ ਦੇ ਧਰਮ-ਅਸਥਾਨਾਂ ਦਾ ਪ੍ਰਬੰਧ ਕਰਨਾ ਸੀ । ਵਿਧਾਨ ਸਭਾ ਦੇ ਮੈਂਬਰ ਇਸ ਗੱਲ ਤੇ ਵੀ ਸਹਿਮਤ ਨਹੀਂ ਸਨ ਕਿ 'ਗੁਰਦੁਆਰਾ' ਕੀ ਹੈ ? ਬਹੁਤ ਸਾਰੇ ਉਦਾਸੀ ਮਹੰਤਾਂ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੇ ਅਸਥਾਨ ਹਿੰਦੂ ਮੰਦਰ ਹਨ । ਇਸ ਪ੍ਰਕਾਰ ਇਨ੍ਹਾਂ ਮਹੰਤਾਂ ਨੇ ਹਿੰਦੂਆਂ ਅਤੇ ਅਕਾਲੀ-ਵਿਰੋਧੀ ਸਿੱਖਾਂ ਦੀ ਹਮਾਇਤ ਪ੍ਰਾਪਤ ਕਰ ਲਈ । ਇਸ ਸੰਬੰਧ ਵਿਚ ਸਰਦਾਰ ਮਹਿਤਾਬ ਸਿੰਘ ਨੇ ਮੂੰਹ-ਤੋੜ ਜਵਾਬ ਦਿੱਤਾ, ਜਿਹੜਾ ਪੀ.ਐਲ.ਸੀ.ਡੀ. ਅਪ੍ਰੈਲ 5, 1921 ਅਨੁਸਾਰ ਇਸ ਪ੍ਰਕਾਰ ਹੈ :

"ਇਹ ਮਹੰਤ ਖ਼ੂਨ ਚੂਸਣ ਵਾਲੀਆਂ ਜੋਕਾਂ ਦੀ ਜਮਾਤ ਹੈ । ਇਨ੍ਹਾਂ ਅੰਦਰ ਜ਼ਹਿਰ ਭਰ ਗਿਆ ਹੈ । ਇਹ ਪੂਜਾ ਦਾ ਧਾਨ ਖਾਂਦੇ ਹਨ ਅਤੇ ਸਾਡੇ ਗੁਰੂ ਜੀ ਦੇ ਬਚਨਾਂ ਅਨੁਸਾਰ ਇਸ ਧਾਨ ਨਾਲ ਆਦਮੀ ਸ਼ੈਤਾਨ ਹੋ ਜਾਂਦਾ ਹੈ । ਜੇਕਰ ਸਰਕਾਰ ਇਸ ਮਾਮਲੇ ਵਿਚ ਸਾਡੀ ਸਹਾਇਤਾ ਈਮਾਨਦਾਰੀ ਨਾਲ ਕਰਨਾ ਚਾਹੁੰਦੀ ਹੈ ਤਾਂ ਅਸੀਂ ਇਹ ਪਰਵਾਨ ਕਰਨ ਨੂੰ

ਤਿਆਰ ਨਹੀਂ ਹਾਂ ਕਿ ਨਿਰਮਲੇ ਅਤੇ ਉਦਾਸੀ ਮਤਿ ਨਾਲ ਸੰਬੰਧਤ ਸਾਧੂਆਂ ਨੂੰ ਸਾਡੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਹੱਕ ਹੈ, ਇਸ ਨਾਲ ਸਾਡੀਆ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜਦੀ ਹੈ।"

ਪਰ ਮੀਆਂ ਫ਼ਜ਼ਲ-ਇ-ਹੁਸੈਨ ਨੇ ਇਹ ਬਿੱਲ ਪਾਸ ਕਰਵਾ ਲਿਆ ਅਤੇ ਇਸ—'ਦੀ ਸਿੱਖ ਗੁਰਦੁਆਰਾਜ਼ ਐਂਡ ਸਰਾਈਨਜ਼ ਐਕਟ ਆਫ਼ 1922' ਦਾ ਰੂਪ ਧਾਰਿਆ। ਪਰ ਸਿੱਖਾਂ ਨੇ ਇਸ ਕਾਨੂੰਨ ਦੀ ਪਰਵਾਹ ਨਹੀਂ ਕੀਤੀ।

ਮਈ 21, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ਪਾਸ ਕੀਤਾ ਅਤੇ ਸਿੱਖਾਂ ਨੂੰ ਜ਼ੋਰ ਦਿੱਤਾ ਕਿ ਅੰਗਰੇਜ਼ੀ ਮਾਲ ਦਾ ਬਾਈਕਾਟ ਕਰਨ। ਨਰਮਦਲੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਿਲਾਂਜਲੀ ਦੇ ਦਿੱਤੀ। ਲਗਭਗ ਇਸੇ ਸਮੇਂ ਹੀ ਸਰਦਾਰ ਮਹਿਤਾਬ ਸਿੰਘ ਨੇ ਪੰਜਾਬ ਕੌਂਸਲ ਦੇ ਡਿਪਟੀ ਪ੍ਰੈਜ਼ੀਡੈਂਟ (ਸਪੀਕਰ) ਦੇ ਪਦ ਤੋਂ ਅਸਤੀਫ਼ਾ ਦੇ ਦਿੱਤਾ। ਇਸ ਪ੍ਰਕਾਰ ਵਿਧਾਨ ਸਭਾ ਅਤੇ ਸਰਕਾਰ ਨੂੰ ਅਕਾਲੀਆਂ ਦੇ ਦ੍ਰਿਸ਼ਟਕੋਣ ਤੋਂ ਵੰਚਿਤ ਰਖਿਆ। ਜ਼ਿਲ੍ਹਾ ਅਧਿਕਾਰੀ, ਜਿਹੜੇ ਲੈਫ਼ਟੀਨੈਂਟ ਗਵਰਨਰ ਦੇ ਕੁੰਜੀਆਂ ਦੇ ਫ਼ੈਸਲੇ ਤੋਂ ਖਿਝ ਗਏ ਸਨ, ਅਕਾਲੀਆਂ ਪ੍ਰਤੀ ਸਖ਼ਤ ਅਤੇ ਬਿਨਾਂ ਸਮਝੌਤੇ ਵਾਲਾ ਰਵੱਈਆ ਅਪਨਾਉਣ ਲੱਗੇ। ਸੂਬੇ ਦੇ 13 ਜ਼ਿਲ੍ਹਿਆਂ ਵਿਚੋਂ 1,200 ਨੂੰ ਕੈਦ ਕਰ ਲਿਆ ਗਿਆ। ਸਾਰਿਆਂ ਵਿਚੋਂ ਅੱਖੜ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ, ਜਿਹੜਾ ਅਕਾਲੀਆਂ ਨੂੰ ਸ਼ਕਤੀ ਨਾਲ ਦਬਾਉਣਾ ਚਾਹੁੰਦਾ ਸੀ। ਇਸ ਤੋਂ ਇਲਾਵਾ ਕੁਝ ਅਜਿਹੇ ਵੀ ਸਨ, ਜਿਹੜੇ ਫੜੇ ਗਏ ਸਨ ਪਰ ਨਾਲ ਹੀ ਰਿਹਾਅ ਵੀ ਕਰ ਦਿੱਤੇ ਗਏ।

ਗੁਰੂ ਕਾ ਬਾਗ਼ ਦਾ ਮੋਰਚਾ

ਇਕ ਛੋਟਾ ਜਿਹਾ ਧਰਮ-ਅਸਥਾਨ, ਗੁਰੂ ਕਾ ਬਾਗ਼, ਅੰਮ੍ਰਿਤਸਰ ਤੋਂ 13 ਮੀਲ ਦੀ ਵਿੱਥ 'ਤੇ ਹੈ। ਇਹ ਅਸਥਾਨ ਪੰਜਵੇਂ ਗੁਰੂ ਸ੍ਰੀ ਗੁਰੂ, ਅਰਜਨ ਦੇਵ ਜੀ ਦੇ ਚਰਨ ਪਾਉਣ ਦੀ ਯਾਦ ਵਿਚ ਉਸਾਰਿਆ ਗਿਆ। ਇਸ ਧਰਮ-ਅਸਥਾਨ ਦੇ ਨਾਲ ਕੁਝ ਖ਼ਾਲੀ ਭੂਮੀ ਸੀ। ਇਥੇ ਗੁਰੂ ਕੇ ਲੰਗਰ ਲਈ ਲੱਕੜਾਂ ਦਾ ਪ੍ਰਬੰਧ ਕਰਨ ਲਈ ਕਿੱਕਰ ਦੇ ਪੇੜ ਲਾਏ ਗਏ। ਇਥੋਂ ਦੇ ਉਦਾਸੀ ਮਹੰਤ ਨੇ ਅੰਮ੍ਰਿਤ ਛਕਿਆ ਅਤੇ ਚੁਣੀ ਹੋਈ ਕਮੇਟੀ ਦੇ ਆਦੇਸ਼ਾਂ ਦੀ ਪਾਲਣਾ ਕਰਨ ਲੱਗਾ। ਅਚਾਨਕ ਹੀ, ਬਿਨਾਂ ਕਿਸੇ ਸਪੱਸ਼ਟ ਕਾਰਨ ਤੋਂ, ਉਸ ਅਗਸਤ 1921 ਦੇ ਪਹਿਲੇ ਹਫ਼ਤੇ ਸ਼ਿਕਾਇਤ ਕੀਤੀ ਕਿ ਅਕਾਲੀ ਗੁਰਦੁਆਰੇ ਦੀ ਥਾਂ ਤੋਂ ਲੱਕੜੀਆਂ ਕੱਟ ਰਹੇ ਹਨ। ਪੁਲਿਸ ਨੇ ਫ਼ੌਜਦਾਰੀ ਉਲੰਘਣਾ ਦੇ ਦੋਸ਼ ਵਿਚ ਅਕਾਲੀਆਂ ਨੂੰ ਫੜ ਲਿਆ। ਅਕਾਲੀ ਨੇਤਾਵਾਂ ਨੇ ਸੈਡੀਸ਼ਸ ਮੀਟਿੰਗਜ਼ ਐਕਟ ਦੀ ਉਲੰਘਣਾ ਕਰਦੇ ਹੋਏ ਗੁਰੂ ਕਾ ਬਾਗ਼ ਵਿਖੇ ਇਕੱਤਰਤਾ ਬੁਲਾਈ। ਪੁਲਿਸ ਨੇ ਇਕੱਤਰਤਾ ਤਿੱਤਰ-ਬਿੱਤਰ ਕਰ ਦਿੱਤੀ ਅਤੇ ਨੇਤਾਵਾਂ ਨੂੰ ਫੜ ਲਿਆ ਜਿਨ੍ਹਾਂ ਵਿਚ ਸਰਦਾਰ ਮਹਿਤਾਬ ਸਿੰਘ ਅਤੇ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਚੁਣੌਤੀ ਸਵੀਕਾਰ ਕੀਤੀ।

ਸੌ-ਸੌ ਅਕਾਲੀਆਂ ਦੇ ਜੱਥੇ ਤਿਆਰ ਕੀਤੇ ਗਏ। ਉਨ੍ਹਾਂ ਸ੍ਰੀ ਅਕਾਲ ਤਖ਼ਤ ਵਿਖੇ ਸਹੁੰ ਚੁੱਕੀ ਕਿ ਉਹ ਅਹਿੰਸਾ ਦਾ ਪੱਲਾ ਨਹੀਂ ਛੱਡਣਗੇ ਅਤੇ ਫਿਰ ਗੁਰੂ ਕਾ ਬਾਗ਼ ਵੱਲ ਚਾਲੇ ਪਾ ਦਿੱਤੇ। ਪੁਲਿਸ ਨੇ ਉਨ੍ਹਾਂ ਨੂੰ ਕਈ ਥਾਵਾਂ ਤੇ ਰੋਕ ਲਿਆ, ਜਿਹੜੀਆ ਅਸਲੀ ਸਥਾਨ ਤੋਂ ਕਾਫ਼ੀ ਦੂਰ ਸਨ। ਉਨ੍ਹਾਂ ਨੂੰ ਖਿੰਡ-ਪੁੰਡ ਜਾਣ ਲਈ ਕਿਹਾ। ਜਦੋਂ ਉਨ੍ਹਾਂ ਹਟਣ ਤੋਂ

ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਤੇ ਨਿਰਦਈ ਢੰਗ ਨਾਲ ਲਾਠੀਆਂ ਵਰ੍ਹਾਈਆਂ ਗਈਆਂ, ਬੂਟਾਂ ਦੇ ਠੁੱਡੇ ਮਾਰੇ ਗਏ ਅਤੇ ਮੁੱਕਿਆਂ ਨਾਲ ਕੁਟਾਪਾ ਵੀ ਕੀਤਾ। ਪੁਲਿਸ ਅਤੇ ਸ਼ਾਂਤਮਈ ਸਿੱਖਾਂ ਵਿਚਕਾਰ ਇਹ ਟੱਕਰ 19 ਦਿਨ ਤਕ ਚਲਦੀ ਰਹੀ। ਬਹੁਤ ਸਾਰੇ ਭਾਰਤੀ ਆਗੂਆਂ ਨੇ ਵੀ ਇਹ ਦਰਦਨਾਕ ਘਟਨਾ ਵੇਖੀ। ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਜਾਂਚ ਕਮੇਟੀ ਨਿਯੁਕਤ ਕੀਤੀ ਜਿਸ ਅਕਾਲੀਆਂ ਦੀ ਸ਼ਲਾਘਾ ਕੀਤੀ ਅਤੇ ਪੁਲਿਸ ਵੱਲੋਂ ਕੀਤੇ ਗਏ ਅੱਤਿਆਚਾਰ ਦੀ ਨਿਖੇਧੀ ਕੀਤੀ। ਗੁਰੂ ਕਾ ਬਾਗ਼ ਦੀ ਭੂਮੀ ਇਕ ਹਿੰਦੂ ਮਹਾਦਾਨੀ ਸਰ ਗੰਗਾਰਾਮ ਨੇ ਖ਼ਰੀਦ ਲਈ ਅਤੇ ਗੁਰਦੁਆਰੇ ਨੂੰ ਦਾਨ ਕਰ ਦਿੱਤੀ। ਆਪਣੀ ਬਦਨਾਮੀ ਤੋਂ ਬਚਣ ਲਈ ਇਹ ਸਰਕਾਰ ਦੀ ਚਾਲ ਸੀ।

ਕਾਂਗਰਸ ਦੇ ਗਇਆ ਵਿਖੇ ਹੋਏ ਸਾਲਾਨਾ ਇਜਲਾਸ ਵਿਚ ਇਹ ਭਾਵ ਪ੍ਰਗਟ ਕੀਤੇ ਗਏ ਕਿ ਅਕਾਲੀ ਸ਼ਹੀਦਾਂ ਨੇ ਬਹਾਦਰੀ ਦੀ ਇਕ ਮਿਸਾਲ ਕਾਇਮ ਕੀਤੀ ਹੈ ਅਤੇ ਸ਼ਾਂਤਮਈ ਅਹਿੰਸਾ ਦਾ ਅਜਿਹਾ ਉਦਾਹਰਣ ਪੇਸ਼ ਕੀਤਾ ਹੈ ਜਿਹੜਾ ਸਾਡੇ ਰਾਸ਼ਟਰ ਲਈ ਲਾਭਦਾਇਕ ਹੈ। ਜਦੋਂ ਸੀ.ਐਫ. ਐਂਡਰਿਊਜ਼ ਨੇ ਇਹ ਦ੍ਰਿਸ਼ ਵੇਖਿਆ ਤਾਂ ਅਕਾਲੀਆਂ ਦੇ ਵਿਵਹਾਰ ਤੋਂ ਪ੍ਰਭਾਵਿਤ ਹੋ ਕੇ 'ਈਸਾ' ਦੀ ਯਾਦ ਆਈ। ਉਸ ਨੇ ਅਕਾਲੀਆਂ ਖ਼ੇ ਕੀਤੇ ਗਏ ਅੱਤਿਆਚਾਰ ਦੀ ਕਹਾਣੀ ਤੋਂ ਲੈਫਟੀਨੈਂਟ ਗਵਰਨਰ ਨੂੰ ਜਾਣੂ ਕਰਵਾਇਆ ਅਤੇ ਉਸ ਨੂੰ ਪ੍ਰੇਰਿਆ ਕਿ ਉਹ ਆਪ ਆ ਕੇ ਆਪਣੀਆਂ ਅੱਖਾਂ ਨਾਲ ਇਹ ਸਾਕਾ ਵੇਖੇ। ਸਰ ਐਡਵਰਵਡ ਮੇਕਲੇਗਨ 13 ਸਤੰਬਰ ਨੂੰ ਗੁਰੂ ਕਾ ਬਾਗ਼ ਵਿਖੇ ਪਹੁੰਚਿਆ ਅਤੇ ਪੁਲਿਸ ਦੀ ਮਾਰ ਬੰਦ ਕਰਨ ਦੇ ਤੁਰੰਤ ਆਦੇਸ਼ ਦੇ ਦਿੱਤੇ। ਚਾਰ ਦਿਨਾਂ ਉਪਰੰਤ ਪੁਲਿਸ ਉਥੋਂ ਹਟ ਗਈ। ਉਸ ਵੇਲੇ ਤਕ 5,605 ਅਕਾਲੀ ਫੜੇ ਗਏ ਅਤੇ 936 ਹਸਪਤਾਲ ਵਿਚ ਦਾਖ਼ਲ ਕੀਤੇ ਗਏ। ਅਕਾਲੀਆਂ ਨੇ ਗੁਰੂ ਕਾ ਬਾਗ਼ ਤੇ ਕਬਜ਼ਾ ਕਰ ਲਿਆ ਅਤੇ ਨਾਲ ਹੀ ਝਗੜੇ ਵਾਲੀ ਥਾਂ ਵੀ ਲੈ ਲਈ। ਇਹ ਦੂਜੀ ਲੜਾਈ ਦੀ ਫ਼ੈਸਲਾਕੁਨ ਜਿੱਤ ਸੀ।

ਗੁਰ ਕਾ ਬਾਗ਼ ਦੇ ਮੋਰਚੇ ਨੇ ਅਜਿਹੀ ਧਾਰਮਿਕ ਭਾਵਨਾ ਜਗਾਈ ਜਿਹੜੀ ਉਨ੍ਹਾਂ ਨੇ ਰਾਜ-ਭਾਗ ਦੇ ਖੁੱਸ ਜਾਣ ਦੇ ਸਮੇਂ ਤੋਂ ਸਿੱਖਾਂ ਦੇ ਦਿਲਾਂ ਅੰਦਰ ਵੇਖੀ ਨਹੀਂ ਗਈ ਸੀ। ਆਗੂਆਂ ਤੇ ਚਲਦੇ ਮੁਕੱਦਮਿਆਂ ਨੂੰ ਡੂੰਘੀ ਦਿਲਚਸਪੀ ਨਾਲ ਦੇਖਿਆ ਗਿਆ ਅਤੇ ਜਿਸ ਵੇਲੇ ਆਗੂਆਂ ਨੂੰ ਅਪਰਾਧੀ ਠਹਿਰਾ ਕੇ ਜੇਲ੍ਹਾਂ ਵਿਚ ਸਜ਼ਾ ਭੁਗਤਣ ਲਈ ਭੇਜਿਆ ਜਾ ਰਿਹਾ ਸੀ ਤਾਂ ਲੋਕਾਂ ਦੀ ਭਾਰੀ ਭੀੜ ਨੇ ਰਾਹਵਾਂ ਵਿਚ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਵਧਾਈਆਂ ਦਿੱਤੀਆਂ। ਅਕਤੂਬਰ 30, 1922 ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮਰਦ ਅਤੇ ਇਸਤਰੀਆਂ ਪੰਜਾ ਸਾਹਿਬ ਵਿਖੇ ਚਲਦੀ ਗੱਡੀ ਰੋਕਣ ਲਈ ਰੇਲ ਦੀ ਪਟੜੀ 'ਤੇ ਬੈਠ ਗਏ ਤਾਂ ਜੋ ਭੁੱਖੇ ਕੈਦੀਆਂ ਨੂੰ ਲੰਗਰ ਛਕਾਇਆ ਜਾ ਸਕੇ ਜਿਨ੍ਹਾਂ ਨੂੰ ਨੌਸ਼ਹਿਰਾ ਜੇਲ੍ਹ 'ਚ ਲਿਜਾਇਆ ਜਾ ਰਿਹਾ ਸੀ। ਦੋ ਗੁਰਮੁਖ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਮਹੰਤ ਭਾਈ ਕਰਮ ਸਿੰਘ ਜੀ ਅਤੇ ਪੰਜਾ ਸਾਹਿਬ ਗੁਰਦੁਆਰੇ ਦੇ ਅਕਾਊਂਟੈਂਟ ਭਾਈ ਪ੍ਰਤਾਪ ਸਿੰਘ) ਇੰਜਣ ਦੇ ਪਹੀਆਂ ਹੇਠ ਆ ਕੇ ਕੁਚਲੇ ਗਏ, ਇਸ ਤੋਂ ਪਹਿਲਾਂ ਕਿ ਡਰਾਈਵਰ ਗੱਡੀ ਰੋਕ ਸਕਦਾ।

ਬੱਬਰ ਅਕਾਲੀ ਆਤੰਕਵਾਦ

ਸ਼ਾਂਤਮਈ ਜਾਂ ਅਹਿੰਸਾ ਦੇ ਆਦਰਸ਼ ਨੂੰ ਸਾਰੇ ਸਿੱਖਾਂ ਨੇ ਪਰਵਾਨ ਨਹੀਂ ਕੀਤਾ ਸੀ, ਜਿਹੜਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਪਣਾਇਆ ਸੀ। ਗੁਰੂ ਕਾ ਬਾਗ਼ ਵਿਖੇ ਪੁਲਿਸ ਦੇ ਵਰਤਾਰੇ ਨੇ ਕੁਝ ਸਿੱਖਾਂ ਨੂੰ ਉਕਸਾਇਆ ਕਿ ਰੂਪੋਸ਼ ਆਤੰਕਵਾਦੀ ਲਹਿਰ ਚਲਾਈ ਜਾਵੇ। ਪਹਿਲਾਂ ਵੀ ਇਕ ਛੋਟਾ ਜਿਹਾ ਆਤੰਕਵਾਦੀ ਟੋਲਾ ਉਸ ਸਮੇਂ ਕਾਇਮ

ਹੋਇਆ ਸੀ ਜਦੋਂ ਮਾਰਚ 1921 ਵਿਚ ਹੁਸ਼ਿਆਰਪੁਰ (ਪੰਜਾਬ) ਵਿਖੇ ਸਿੱਖ ਵਿਦਿਅਕ ਕਾਨਫ੍ਰੰਸ ਹੋਈ ਸੀ । ਇਥੇ ਇਕ ਆਤੰਕਵਾਦੀ ਟੋਲੇ ਨੇ ਇਹ ਸਹੁੰ ਚੁੱਕੀ ਕਿ ਉਹ ਨਨਕਾਣਾ ਸਾਹਿਬ ਦੇ ਕਤਲੇ-ਆਮ ਕਰਨ ਲਈ ਜ਼ਿੰਮੇਵਾਰ ਲੋਕਾਂ ਨੂੰ ਕਤਲ ਕਰ ਦੇਣਗੇ । ਕਤਲ ਕਰਨ ਦੀ ਸਾਜ਼ਸ਼ ਲਈ ਸੱਤ ਵਿਅਕਤੀ ਦੋਸ਼ੀ ਠਹਿਰਾਏ ਗਏ ਅਤੇ ਪੰਜ ਵਿਅਕਤੀ ਭਗੌੜੇ ਘੋਸ਼ਿਤ ਕਰਾਰ ਕੀਤੇ ਗਏ । ਇਹ ਆਤੰਕਵਾਦੀ ਵਧੇਰੇ ਕਰਕੇ 'ਗ਼ਦਰ' ਪਾਰਟੀ ਵਿਚੋਂ ਲਏ ਗਏ ਸਨ ਜਾਂ ਛੁੱਟੀ ਤੇ ਆਏ ਹੋਏ ਫ਼ੌਜੀ ਜਵਾਨ ਸਨ । ਦੋ ਮੈਂਬਰ ਬਹੁਤ ਹੀ ਸਰਗਰਮ ਸਨ । ਇਕ ਸੇਵਾ-ਮੁਕਤ ਹੌਲਦਾਰ ਮੇਜਰ ਕਿਸ਼ਨ ਸਿੰਘ ਬਿੜੰਗ ਸੀ ਅਤੇ ਦੂਜਾ ਮਾਸਟਰ ਮੋਤਾ ਸਿੰਘ । ਹਥਿਆਰ ਪ੍ਰਾਪਤ ਕਰਨ ਲਈ ਬੱਬਰਾਂ ਨੇ ਆਪਣੇ ਏਜੰਟ ਉੱਤਰ-ਪੱਛਮੀ ਸੀਮਾ ਸੂਬੇ ਅਤੇ ਹੋਰ ਭਾਰਤੀ ਰਿਆਸਤਾਂ ਨੂੰ ਭੇਜੇ । ਉਨ੍ਹਾਂ ਕੁਝ ਫ਼ੌਜੀ ਜਵਾਨਾਂ ਨੂੰ ਵੀ ਪ੍ਰੇਰਿਆ ਕਿ ਫ਼ੌਜੀ ਅਸਲ੍ਹਾਖ਼ਾਨਾ ਵਿਚੋਂ ਕੁਝ ਹਥਿਆਰ ਅਤੇ ਗੋਲੀ-ਸਿੱਕਾ ਕੱਢ ਕੇ ਦੇਣ । ਉਨ੍ਹਾਂ ਕੁਝ ਡੁਪਲੀਕੇਟਰ ਵੀ ਪ੍ਰਾਪਤ ਕਰ ਲਏ ਅਤੇ ਇਕ ਬੁਲੇਟਿਨ ਜਾਰੀ ਕੀਤਾ, ਜਿਸ ਦਾ ਸਿਰਲੇਖ ਸੀ 'ਬੱਬਰ ਅਕਾਲੀ ਦੋਆਬਾ' ।

ਹਥਿਆਰ ਪ੍ਰਾਪਤ ਕਰਨ ਦੇ ਸੰਬੰਧ ਵਿਚ ਇਹ ਬੱਬਰ ਗ਼ਦਰਾਂ ਨਾਲੋਂ ਵੱਧ ਸਫ਼ਲ ਨਾ ਹੋ ਸਕੇ । ਗ਼ਦਰ ਪਾਰਟੀ ਨੂੰ ਇਸ ਦੇ ਮੈਂਬਰਾਂ ਨੇ ਅਸਰਦਾਇਕ ਨਾ ਰਹਿਣ ਦਿੱਤਾ ਕਿਉਂਕਿ ਉਨ੍ਹਾਂ ਵਿਚ ਭੇਦ ਛੁਪਾਉਣ ਦੀ ਯੋਗਤਾ ਨਹੀਂ ਸੀ ਅਤੇ ਉਨ੍ਹਾਂ ਨਿੱਜੀ ਬਦਲਿਆਂ ਨੂੰ ਇਨਕਲਾਬੀ ਜੋਸ਼ ਵਿਚ ਖਲਤ-ਮਲਤ ਕਰ ਦਿੱਤਾ ਸੀ । ਪੰਜਾਬ ਦੀ ਖ਼ੁਫ਼ੀਆ ਪੁਲਿਸ ਨੂੰ ਬੱਬਰਾਂ ਦੇ ਅੰਦਰੂਨੀ ਘੇਰੇ ਤਕ ਪਹੁੰਚਣ ਲਈ ਕੋਈ ਕਠਿਨਾਈ ਨਹੀਂ ਹੋਈ ।

ਬੱਬਰ ਹੱਤਿਆ ਥੋੜ੍ਹੇ ਸਮੇਂ ਲਈ ਪਰ ਬਹੁਤ ਤੇਜ਼ ਪ੍ਰਕਾਰ ਦੀ ਸੀ । ਕੁਝ ਮਹੀਨਿਆਂ ਲਈ ਉਨ੍ਹਾਂ ਜਾਲੰਧਰ ਦੋਆਬਾ ਅਤੇ ਹੁਸ਼ਿਆਰਪੁਰ ਵਿਚ ਆਤੰਕ ਫੈਲਾਇਆ । ਪੁਲਿਸ ਨਾਲ ਹੋਈਆਂ ਟੱਕਰਾਂ ਬੱਬਰਾਂ ਦੇ ਹੱਕ ਵਿਚ ਰਹੀਆਂ ਕਿਉਂਕਿ ਉਨ੍ਹਾਂ ਆਪਣੀਆਂ ਜਾਨਾਂ ਨੂੰ ਦਾਅ ਤੇ ਲਾਇਆ । ਇਥੇ ਦੋ ਮਿਸਾਲਾਂ ਰੀਕਾਰਡ ਕਰਨ ਵਾਲੀਆਂ ਹਨ । ਅਗਸਤ 31, 1923 ਨੂੰ 'ਬੱਬਰ ਅਕਾਲੀ ਦੋਆਬਾ' ਦੇ ਕਾਰਜਕਾਰੀ ਸੰਪਾਦਕ ਕਰਮ ਸਿੰਘ ਦੀ ਅਗਵਾਈ ਹੇਠ ਬਬੇਲੀ ਨਾਂ ਦੇ ਪਿੰਡ ਵਿਖੇ ਚਾਰ ਬੱਬਰ ਪੁਲਿਸ ਅਤੇ ਹਥਿਆਰਬੰਦ ਕੰਸਟੇਬੁਲਰੀ ਨੇ ਘੇਰ ਲਏ । ਬੱਬਰਾਂ ਨੇ ਆਤਮ-ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਉਹ ਜਿਸ ਕੁੱਲੀ ਵਿਚ ਛਿਪੇ ਹੋਏ ਸਨ, ਉਸ ਨੂੰ ਅੱਗ ਲਾ ਦਿੱਤੀ ਗਈ । ਪਰ ਜਦੋਂ ਉਹ ਆਪਣੇ ਟਿਕਾਣੇ ਤੋਂ ਬਾਹਰ ਨਿਕਲੇ ਤਾਂ ਉਨ੍ਹਾਂ ਦੇ ਹੱਥਾਂ ਵਿਚ ਨੰਗੀਆਂ ਕਿਰਪਾਨਾਂ ਹੀ ਸਨ (ਕੋਈ ਅਗਨੀ-ਅਸਤਰ ਨਹੀਂ ਸੀ) । ਪੁਲਿਸ ਨਾਲ ਟੱਕਰ ਲੈਂਦਿਆਂ ਉਨ੍ਹਾਂ ਉਪਰ ਗੋਲੀਆਂ ਦਾ ਮੀਂਹ ਵਰ੍ਹਾਇਆ ਗਿਆ ।

ਬਹਿਬਲਪੁਰ ਦੇ ਭਾਈ ਧੰਨਾ ਸਿੰਘ ਦਾ ਹਾਲ ਤਾਂ ਹੋਰ ਵੀ ਨਾਟਕੀ ਸੀ । ਇਹ ਘਟਨਾ ਅਕਤੂਬਰ 25, 1923 ਦੀ ਹੈ । ਉਸ ਦੇ ਇਕ ਸਾਥੀ ਕਾਮਰੇਡ ਨੇ ਗ਼ੱਦਾਰੀ ਕੀਤੀ ਅਤੇ ਉਹ ਸੁੱਤਾ ਪਿਆ ਪਕੜ ਲਿਆ ਗਿਆ । ਆਪਣੀ ਬੁੱਕਲ ਵਿਚ ਛਿਪਾਏ ਹਥਗੋਲੇ ਦਾ ਵਿਸਫੋਟ ਉਸ ਨੇ ਹਥਕੜੀ ਲੱਗੇ ਹੱਥਾਂ ਨਾਲ ਹੀ ਕਰ ਦਿੱਤਾ । ਇਸ ਧਮਾਕੇ ਵਿਚ ਧੰਨਾ ਸਿੰਘ ਸਮੇਤ ਨੌਂ ਪੁਲਿਸ ਕਰਮਚਾਰੀ ਅਤੇ ਇਕ ਮੱਝ ਮਾਰੀ ਗਈ ।

ਪਰ 1923 ਦੀਆਂ ਗਰਮੀਆਂ ਤਕ ਹਿੰਸਾ ਦੀ ਲਹਿਰ ਠੰਢੀ ਹੋ ਗਈ ਅਤੇ ਬਹੁਤ ਸਾਰੇ ਬੱਬਰ ਫੜ ਲਏ ਗਏ । 62 ਬੱਬਰ ਅਕਾਲੀਆਂ 'ਤੇ ਮੁਕੱਦਮੇ ਚਲਾਏ ਗਏ । ਇਨ੍ਹਾਂ ਵਿਚੋਂ 22 'ਤਾਜ' ਸਰਕਾਰੀ ਗਵਾਹ ਬਣ ਗਏ । ਮੁਕੱਦਮਾ ਲਾਹੌਰ ਜੇਲ੍ਹ ਵਿਚ ਗੁਪਤ ਰੂਪ ਵਿਚ ਚਲਾਇਆ ਗਿਆ ਅਤੇ ਇਸ ਦੀ ਪ੍ਰਧਾਨਗੀ ਇਕ ਅੰਗਰੇਜ਼ ਜੱਜ ਨੇ ਕੀਤੀ । ਕਿਸ਼ਨ ਸਿੰਘ

ਖਿੜੰਗ ਸਹਿਤ 6 ਆਦਮੀਆਂ ਨੂੰ ਫਾਸੀ ਦੀ ਸਜ਼ਾ ਦਿੱਤੀ ਗਈ ਅਤੇ ਰਿਹਾਅ ਕੀਤੇ ਗਏ 34 ਵਿਅਕਤੀਆਂ ਤੋਂ ਇਲਾਵਾ ਜਿਹੜੇ ਹੋਰ ਸਨ, ਉਨ੍ਹਾਂ ਨੂੰ ਵੱਖ-ਵੱਖ ਸਮੇਂ ਲਈ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਜਿਨ੍ਹਾਂ ਨੂੰ ਫਾਸੀ ਦਾ ਹੁਕਮ ਸੁਣਾਇਆ ਗਿਆ ਉਨ੍ਹਾਂ ਦਇਆ ਲਈ ਬੇਨਤੀ ਨਹੀਂ ਕੀਤੀ ਸਗੋਂ ਫਾਸੀ ਦਾ ਰੱਸਾ ਚੁੰਮਿਆ।

ਸਰਕਾਰ ਅਤੇ ਅਕਾਲੀਆਂ, ਦੋਹਾਂ ਦਾ ਵਤੀਰਾ ਸਖ਼ਤ ਹੋ ਗਿਆ। ਅਕਾਲੀ ਕੁਝ ਵਧੇਰੇ ਹੀ ਅੱਖੜ ਹੋ ਗਏ। ਉਨ੍ਹਾਂ ਇਕ ਪ੍ਰਸਿੱਧ ਇਤਿਹਾਸਕ ਮੁਕਤਸਰ ਦੇ ਗੁਰਦੁਆਰੇ ਤੇ ਫ਼ਰਵਰੀ 17, 1923 ਨੂੰ ਜ਼ੋਰ-ਜ਼ਬਰਦਸਤੀ ਨਾਲ ਕਬਜ਼ਾ ਕਰ ਲਿਆ। ਸਰਕਾਰ ਸਾਰੀ ਕਸਰ ਅਕਾਲੀ ਕੈਦੀਆਂ ਤੇ ਕੱਢਣ ਲੱਗੀ। ਅਜਿਹੀਆਂ ਸ਼ਿਕਾਇਤਾਂ ਮਿਲੀਆਂ ਕਿ ਕੁਝ ਲੋਕਾਂ ਨੂੰ ਕੇਸਾਂ ਤੋਂ ਫੜ ਕੇ ਘਸੀਟਿਆ ਗਿਆ, ਬੁਰੀ ਤਰ੍ਹਾਂ ਮਾਰਿਆ ਗਿਆ, ਭੁੱਖੇ ਰਖਿਆ ਗਿਆ ਅਤੇ ਸਰਦੀ ਦੀਆਂ ਰਾਤਾਂ ਵਿਚ ਉਨ੍ਹਾਂ ਨੂੰ ਬਾਹਰ ਖੁੱਲ੍ਹੇ ਆਕਾਸ਼ ਹੇਠ ਸੌਣ ਲਈ ਮਜਬੂਰ ਕੀਤਾ ਗਿਆ। ਪੰਜਾਬ ਕੌਂਸਲ ਦੇ ਮੈਂਬਰ ਰਾਜਾ ਨਰਿੰਦਰ ਨਾਥ ਅਤੇ ਸੇਵਕ ਰਾਮ ਨੇ ਅਟਕ ਕਿਲ੍ਹੇ ਦੀ ਜੇਲ੍ਹ ਦਾ ਮੁਆਇਨਾ ਕੀਤਾ। ਪਤਾ ਲੱਗਾ ਕਿ ਜਿਹੜੇ 80 ਅਕਾਲੀ ਹਸਪਤਾਲ ਵਿਚ ਦਾਖ਼ਲ ਸਨ, ਉਹ ਫੇਫੜੇ ਦੀ ਸੋਜ, ਦਮਾ ਅਤੇ ਨਮੂਨੀਏ ਦੇ ਮਰੀਜ਼ ਸਨ।

ਅਕਾਲੀ ਕੈਦੀਆਂ ਦੀ ਰਿਹਾਈ ਲਈ ਇਕ ਪ੍ਰਸਤਾਵ ਲੈਜਿਸਲੇਟਿਵ ਕੌਂਸਲ ਵਿਚ ਪੇਸ਼ ਕੀਤਾ ਗਿਆ ਜਿਹੜਾ ਗ਼ੈਰ-ਸਰਕਾਰੀ ਹਿੰਦੂ ਅਤੇ ਮੁਸਲਮਾਨ ਮੈਂਬਰਾਂ ਦੀ ਹਮਾਇਤ ਨਾਲ ਪਾਸ ਕੀਤਾ ਗਿਆ। ਸਰਕਾਰੀ ਬੁਲਾਰੇ ਨੇ ਇਹ ਸਵੀਕਾਰ ਕੀਤਾ ਕਿ ਮਾਰਚ 1923 ਦੇ ਹੋਏ ਹਿੰਦੂ-ਮਸਲਿਮ ਸੰਪਰਦਾਇਕ ਦੰਗਿਆਂ ਵਿਚ ਫ਼ੌਜੀ ਸਹਾਇਤਾ ਦੇ ਪਹੁੰਚਣ ਤਕ ਕਾਨੂੰਨ ਬਣਾਈ ਰੱਖਣ ਵਿਚ ਅਕਾਲੀਆਂ ਨੇ ਅਧਿਕਾਰੀਆਂ ਦੀ ਲਾਭਦਾਇਕ ਸਹਾਇਤਾ ਕੀਤੀ। ਇਨ੍ਹਾਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ਼ ਮੋਰਚੇ ਵਿਚ ਅਗਸਤ ਅਤੇ ਸਤੰਬਰ 1922 ਵਿਚ ਫੜੇ ਹੋਏ 1,000 ਤੋਂ ਵੱਧ ਅਕਾਲੀਆਂ ਨੂੰ ਰਿਹਾਅ ਕਰਨ ਦੇ ਆਦੇਸ਼ ਜਾਰੀ ਕੀਤੇ।

ਫ਼ਤਹਿ ਦੀ ਭਾਵਨਾ ਨਾਲ ਅਕਾਲੀਆਂ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਆਰੰਭ ਕਰਵਾਈ। ਇਹ ਕਾਰਜ ਹਰ ਦੋ ਜਾਂ ਤਿੰਨ ਦਹਾਕਿਆਂ ਉਪਰੰਤ ਕੀਤਾ ਜਾਂਦਾ ਹੈ ਤਾਂ ਜੋ ਲੱਖਾਂ ਦੀ ਗਿਣਤੀ ਵਿਚ ਇਸ਼ਨਾਨ ਕਰਨ ਲਈ ਆਉਣ ਵਾਲੇ ਯਾਤਰੀਆਂ ਦੀ ਘੁਲੀ ਮੈਲ ਅਤੇ ਜਲ ਵਿਚੋਂ ਹੇਠ ਜੰਮੀ ਹੋਈ ਗਾਰ ਸਾਫ਼ ਕੀਤੀ ਜਾਵੇ। ਇਸ ਕਾਰਜ ਨੂੰ ਸੰਪੂਰਨ ਕਰਨ ਲਈ ਸਾਰੇ ਭਾਰਤ ਅਤੇ ਵਿਦੇਸ਼ਾਂ ਤੋਂ ਭਾਗ ਲੈਣ ਲਈ ਲੋਕ ਪੁੱਜੇ। ਅਕਾਲੀਆਂ ਨੇ ਇਸ ਅਵਸਰ ਤੋਂ ਪੂਰਾ-ਪੂਰਾ ਲਾਭ ਉਠਾਉਂਦਿਆਂ ਪ੍ਰਾਪੇਗੰਡਾ ਕੀਤਾ ਅਤੇ ਸਰਕਾਰ ਵਿਰੁੱਧ ਲੋਕਾਂ ਦੀ ਉਪ-ਭਾਵੁਕਤਾ ਉਭਾਰੀ। ਇਹ ਆਮ ਧਾਰਨਾ ਸੀ ਕਿ ਇਕ ਬਾਜ਼ ਕਦੇ-ਕਦੇ ਦਰਸ਼ਨ ਦੇਣ ਲਈ ਹਰਿਮੰਦਰ ਸਾਹਿਬ ਦੇ ਕੇਂਦਰੀ ਗੁੰਬਦ ਦੀ ਸਿਖਰ ਤੇ ਆ ਬੈਠਦਾ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸੰਦੇਸ਼ਵਾਹਕ ਹੋਵੇ। ਸੰਗਤਾਂ ਵਿਚ ਇਸ ਨਾਲ ਧਾਰਮਿਕ ਜੋਸ਼ ਉੱਭਰਿਆ ਅਤੇ ਅਕਾਲੀਆਂ ਦੀ ਪ੍ਰਸਿੱਧੀ ਵਧੀ ਜਿਨ੍ਹਾਂ ਦੀਆਂ ਸਰਗਰਮੀਆਂ ਸਦਕਾ ਇਹ ਚਮਤਕਾਰ ਵਾਪਰਿਆ। ਅਕਾਲੀ ਆਪਣੇ-ਆਪ ਨੂੰ ਸਿੱਖਾਂ ਦੇ ਸੰਪੂਰਨ ਪ੍ਰਤੀਨਿਧ ਮੰਨਣ ਲੱਗ ਪਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ੈਸਲਾ ਗੁਰੂ ਜੀ ਦਾ ਆਦੇਸ਼ ਬਣ ਗਿਆ।

ਅਜੇ ਕਾਰ ਸੇਵਾ ਚੱਲ ਹੀ ਰਹੀ ਸੀ ਕਿ ਸੈਂਟਰਲ ਸਿੱਖ ਲੀਗ ਨੇ ਇਕ ਇਜਲਾਸ ਜੱਲ੍ਹਿਆਂਵਾਲਾ ਬਾਗ਼ ਵਿਖੇ ਆਯੋਜਿਤ ਕੀਤਾ। ਇਸ ਇਜਲਾਸ ਸਮੇਂ ਇਹ ਅਫ਼ਵਾਹ ਫੈਲ ਗਈ ਕਿ ਸਰਕਾਰ ਦੀ ਮਰਜ਼ੀ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ

ਤੋਂ ਲਾਹੁਣ ਦੀ ਹੈ। ਕੁਝ ਦਿਨਾਂ ਉਪਰੰਤ ਸਰਕਾਰੀ ਐਲਾਨ ਹੋ ਗਿਆ ਕਿ ਮਹਾਰਾਜਾ ਸਾਹਿਬ ਗੱਦੀ ਨੂੰ ਤਿਲਾਂਜਲੀ ਦੇ ਗਏ ਹਨ।

ਜੈਤੋ ਦਾ ਮੋਰਚਾ

ਮਹਾਰਾਜਾ ਨਾਭਾ ਦਾ ਝਗੜਾ ਪਟਿਆਲਾ ਦੇ ਮਹਾਰਾਜਾ ਨਾਲ ਸੀ। ਇਸ ਦਾ ਭਾਰਤ ਸਰਕਾਰ ਨਾਲ ਕੋਈ ਸੰਬੰਧ ਨਹੀਂ ਸੀ। ਉਹ ਪੰਥਕ ਮਾਮਲਿਆਂ ਵਿਚ ਬਹੁਤ ਦਿਲਚਸਪੀ ਲੈ ਰਿਹਾ ਸੀ ਅਤੇ ਸਰਕਾਰ ਇਸ ਗੱਲ ਤੋਂ ਜਾਣੂ ਸੀ ਕਿ ਉਸ ਦੀ ਹਮਦਰਦੀ ਰਾਸ਼ਟਰੀ ਅਤੇ ਅਕਾਲੀ ਲਹਿਰਾਂ ਨਾਲ ਸੀ। ਸਕਰਾਰ ਨੇ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਸਟੀਵਰਟ ਨੂੰ ਇਸ ਝਗੜੇ ਦੀ ਜਾਂਚ ਲਈ ਜ਼ਿੰਮੇਵਾਰੀ ਸੌਂਪੀ। ਉਸ ਦੀ ਰਿਪੋਰਟ ਨਾਭਾ ਦੇ ਮਹਾਰਾਜਾ ਵਿਰੁੱਧ ਸੀ। ਸਿਆਸੀ ਏਜੰਟ ਨੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਰਾਜ ਤਿਆਗ ਦੇਵੇ। ਇਹ ਕੰਮ ਉਸ ਦੇ ਨਾਬਾਲਗ ਬੇਟੇ ਦੇ ਹੱਕ ਵਿਚ ਕਰਨਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮਤਾ ਪਾਸ ਕੀਤਾ ਜਿਸ ਰਾਹੀਂ ਸਾਰੇ ਸਿੱਖਾਂ ਤੇ ਜ਼ੋਰ ਦਿੱਤਾ ਗਿਆ ਕਿ ਉਹ ਸਤੰਬਰ 9, 1923 ਨੂੰ 'ਨਾਭਾ ਦਿਵਸ' ਦੇ ਰੂਪ 'ਚ ਮਨਾਉਣ। ਨਾਭਾ ਦੇ ਸਿੱਖਾਂ ਨੇ ਆਪਣੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਕਰਵਾਏ। ਅਜਿਹਾ ਹੀ ਇਕ ਅਖੰਡ ਪਾਠ ਗੰਗਸਰ ਗੁਰਦੁਆਰਾ ਦੇ ਨੇੜੇ ਜੈਤੋ ਪਿੰਡ ਵਿਚ ਰਖਵਾਇਆ ਗਿਆ। ਇਸ ਵਿਚ ਪੁਲਿਸ ਵੱਲੋਂ ਵਿਘਨ ਪਾਇਆ ਗਿਆ। ਇਸ ਕਾਰਨ ਇਕ ਨਵਾ ਮੋਰਚਾ ਲੱਗ ਗਿਆ। ਜੈਤੋ ਵਿਖੇ ਹਰ ਰੋਜ਼ ਸ਼ਾਂਤਮਈ ਜੱਥੇ ਪੁੱਜਣ ਲੱਗੇ। ਸਰਕਾਰ ਨੇ ਇਹ ਚੁਣੌਤੀ ਮੰਨ ਲਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਕਾਲੀ ਪਾਰਟੀ ਨੂੰ ਗੈਰ-ਕਾਨੂੰਨੀ ਐਲਾਨ ਕੀਤਾ ਗਿਆ। 59 ਅਕਾਲੀ ਆਗੂ ਫੜ ਲਏ ਗਏ। ਉਨ੍ਹਾਂ ਨੂੰ ਬਾਦਸ਼ਾਹ ਵਿਰੁੱਧ ਬਗਾਵਤ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਅਤੇ ਮੁਕੱਦਮਾ ਚਲਾਉਣ ਲਈ ਲਾਹੌਰ ਕਿਲ੍ਹੇ ਵਿਚ ਲੈ ਗਏ।

ਸਾਰੇ ਆਗੂਆਂ ਨੂੰ ਫੜ ਕੇ ਵੀ ਨਾਭਾ ਦਾ ਅੰਦੋਲਨ ਦਬਾਇਆ ਨਾ ਜਾ ਸਕਿਆ। ਸਗੋਂ ਆਸ ਦੇ ਉਲਟ ਇਹ ਅਸਲੀ ਅਰਥਾਂ ਵਿਚ ਲੋਕ-ਲਹਿਰ ਬਣ ਗਈ। ਜੈਤੋ ਨੂੰ ਜਾਣ ਵਾਲੇ ਜੱਥਿਆਂ ਵਿਚ ਲੋਕਾਂ ਦੀ ਗਿਣਤੀ ਵਧਣ ਲੱਗੀ। ਪਹਿਲੇ ਹਰ ਜੱਥੇ ਵਿਚ 25 ਸਿੰਘ ਹੁੰਦੇ। ਫਿਰ ਇਹ ਗਿਣਤੀ ਸੌ ਤਕ ਪਹੁੰਚ ਗਈ ਅਤੇ ਅੱਗੋਂ ਵਧਦੀ-ਵਧਦੀ ਇਕ ਸੌ ਤੋਂ ਪੰਜ ਸੌ ਤਕ ਪਹੁੰਚ ਗਈ। ਇਹ ਸਿੰਘ ਪੰਜਾਬ ਦੇ ਹਰ ਪਾਸੇ ਤੋਂ ਆਉਂਦੇ ਅਤੇ ਜਿਸ-ਜਿਸ ਪਿੰਡ ਵਿਚੋਂ ਲੰਘਦੇ ਸਿੱਖ, ਹਿੰਦੂ ਤੇ ਮੁਸਲਮਾਨ ਉਨ੍ਹਾਂ ਦਾ ਸਨਮਾਨ ਕਰਦੇ। ਫੁੱਲਾਂ ਦੇ ਹਾਰ ਪਹਿਨਾਉਂਦੇ ਅਤੇ ਸ਼ੁਭ-ਇੱਛਾਵਾਂ ਪ੍ਰਗਟ ਕਰਦੇ। ਇੰਡੀਅਨ ਨੈਸ਼ਨਲ ਕਾਂਗਰਸ ਨੇ ਵੀ ਇਸ ਮੋਰਚੇ ਨਾਲ ਪੂਰੀ-ਪੂਰੀ ਹਮਦਰਦੀ ਪ੍ਰਗਟ ਕੀਤੀ, ਜੈਤੋ ਵਿਚ ਫੜੇ ਜਾਣ ਵਾਲਿਆਂ ਵਿਚ ਪੰਡਤ ਜਵਾਹਰ ਲਾਲ ਨਹਿਰੂ ਵੀ ਸਨ।

ਅਜੇ ਜੈਤੋ ਦਾ ਮੋਰਚਾ ਚੱਲ ਹੀ ਰਿਹਾ ਸੀ ਕਿ ਲਾਹੌਰ ਵਿਚ ਭਾਈ ਫੇਰੂ ਦਾ ਦੂਜਾ ਮੋਰਚਾ ਵੀ ਚਾਲੂ ਹੋ ਗਿਆ। ਇਥੋਂ ਦਾ ਮਹੰਤ ਅਕਾਲੀਆਂ ਨਾਲ ਕੀਤੇ ਸਮਝੌਤੇ ਤੋਂ ਮੁੱਕਰ ਗਿਆ ਸੀ ਅਤੇ ਉਨ੍ਹਾਂ 'ਤੇ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ। ਭਾਈ ਫੇਰੂ ਵਿਖੇ 25 ਸਿੰਘਾਂ ਦਾ ਜੱਥਾ ਹਰ ਰੋਜ਼ ਫੜੇ ਜਾਣ ਲਈ ਪੇਸ਼ ਹੁੰਦਾ।

ਜੈਤੋ ਅਤੇ ਭਾਈ ਫੇਰੂ ਦੇ ਸਥਾਨਾਂ ਤੇ ਨਾ ਖ਼ਤਮ ਹੋਣ ਵਾਲੀ ਸ਼ਾਂਤਮਈ ਸਿੰਘਾਂ ਦੀ ਨਦੀ ਨਿਰੰਤਰ ਵਗਦੀ ਰਹੀ। ਸਰਕਾਰ ਇਸ ਨਾਲ ਥੱਕ-ਹਾਰ ਗਈ ਅਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਨੂੰ ਸਖ਼ਤੀ ਨਾਲ ਦਬਾਇਆ ਜਾਵੇ। ਜਨਵਰੀ 1924 ਦੇ ਪਹਿਲੇ ਹਫਤੇ

ਅੰਮ੍ਰਿਤਸਰ ਦੀ ਪੁਲਿਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛਾਪਾ ਮਾਰਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਸਤਾਵੇਜ਼ ਕਾਬੂ ਕਰ ਲਏ। ਪੰਜਾਬ ਪੁਲਿਸ ਦੇ ਸਖ਼ਤ ਕਦਮ ਚੁੱਕਣ ਨਾਲ ਨਾਭਾ ਦੇ ਅਧਿਕਾਰੀ ਉਨ੍ਹਾਂ ਤੋਂ ਵੀ ਅੱਗੇ ਲੰਘ ਗਏ। ਅੰਗਰੇਜ਼ ਪ੍ਰਸ਼ਾਸਕ ਨੇ ਆਦੇਸ਼ ਜਾਰੀ ਕੀਤੇ ਕਿ ਰਿਆਸਤ ਵਿਚ ਅਕਾਲੀ ਨੇਤਾਵਾਂ ਦੀਆ ਜਾਇਦਾਦਾਂ ਜ਼ਬਤ ਕਰ ਲਈਆਂ ਜਾਣ। ਕਈ ਹਜ਼ਾਰ ਲੋਕਾਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਇਹ ਅਧਿਕਾਰ ਦਿੱਤੇ ਗਏ ਕਿ ਜੈਤੋ ਅਉਣ ਵਾਲੇ ਜੱਥਿਆਂ ਨਾਲ ਹੋਰ ਸਖ਼ਤੀ ਦਾ ਵਰਤਾਓ ਕੀਤਾ ਜਾਵੇ। ਫ਼ਰਵਰੀ 21, 1924 ਨੂੰ 500 ਅਕਾਲੀਆਂ ਦਾ ਅਜਿਹਾ ਇਕ ਜੱਥਾ ਜੈਤੋ ਪੁੱਜਾ। ਉਨ੍ਹਾਂ ਦੇ ਖਿੰਡ-ਪੁੰਡ ਜਾਣ ਤੋਂ ਇਨਕਾਰ ਕਰਨ 'ਤੇ ਰਿਆਸਤ ਦੀ ਪੁਲਿਸ ਨੇ ਜੱਥੇ 'ਤੇ ਗੋਲੀਆ ਦੀ ਬੁਛਾਰ ਕੀਤੀ, ਜਿਸ ਦੇ ਸਿੱਟੇ ਵਜੋਂ ਭਾਰੀ ਜਾਨੀ ਨੁਕਸਾਨ ਹੋਇਆ। ਗੋਲੀ ਚਲਾਏ ਜਾਣ ਨਾਲ ਸਾਰੇ ਭਾਰਤ ਅੰਦਰ ਅਕਾਲੀਆਂ ਦੇ ਉਦੇਸ਼ ਨਾਲ ਹਮਦਰਦੀ ਹੋ ਗਈ। ਇਸ ਪ੍ਰਕਾਰ ਆਜ਼ਾਦੀ ਦੀ ਲਹਿਰ ਨਾਲ ਸਿੱਖ ਜੁੜਦੇ ਗਏ।

ਸਰਕਾਰ ਨੇ ਬਹੁਤ ਯਤਨ ਕੀਤੇ ਕਿ ਸਿੱਖਾਂ ਨੂੰ ਇਕੱਲੇ ਕਰ ਦਿੱਤਾ ਜਾਵੇ ਅਤੇ ਪ੍ਰਾਪੇਗੰਡੇ ਵਜੋਂ ਇਹ ਕਹਾਣੀ ਆਮ ਕਰ ਦਿੱਤੀ ਕਿ "ਸਿੱਖ ਖੁੱਸੀ ਹੋਈ ਰਾਜ-ਗੱਦੀ ਮੁੜ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਪੰਜਾਬ ਦੇ ਹਾਕਮ ਬਣਨ ਦੇ ਸੁਪਨੇ ਲੈ ਰਹੇ ਹਨ।" ਪਰ ਇਸ ਪ੍ਰਾਪੇਗੰਡੇ ਦਾ ਅਸਰ ਉਲਟਾ ਹੋਇਆ। ਉਨ੍ਹਾਂ ਸਿੱਖਾਂ ਨੇ ਵੀ, ਜਿਹੜੇ ਲਹਿਰ ਤੋਂ ਦੂਰ-ਦੂਰ ਰਹਿੰਦੇ ਸਨ, ਇਹ ਮਹਿਸੂਸ ਕੀਤਾ ਕਿ ਉਸ ਪਾਰਟੀ ਦੀ ਹਮਾਇਤ ਕਰਨੀ ਅੱਛੀ ਹੈ ਜਿਹੜੀ ਉਨ੍ਹਾਂ ਦੀ ਹਕੂਮਤ ਨੂੰ ਬਹਾਲ ਕਰਨਾ ਚਾਹੁੰਦੀ ਹੈ। ਪਰ ਲਾਏ ਗਏ ਦੋਸ਼ ਵਿਚ ਕੁਝ ਸੱਚਾਈ ਨਹੀਂ ਸੀ। ਇਸ ਲਈ ਸਿੱਖ ਆਗੂਆਂ ਅਤੇ ਕਾਂਗਰਸੀ ਨੇਤਾਵਾਂ ਦਾ ਇਹ ਹੌਸਲਾ ਹੋ ਗਿਆ ਕਿ ਖੁੱਲ੍ਹੇ ਤੌਰ ਤੇ ਸਰਕਾਰ ਦਾ ਪਾਜ ਉਘਾੜਨ ਅਤੇ ਨਿਖੇਧੀ ਕਰਨ। ਫ਼ਰਵਰੀ 27, 1924 ਨੂੰ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਵਿਚ ਜੈਤੋ ਵਿਖੇ ਗੋਲੀ ਚਲਾਏ ਜਾਣ ਦਾ ਮੁੱਦਾ ਵੀ ਉਠਾਇਆ ਗਿਆ। ਇਹ ਮਾਮਲਾ ਉਠਾਉਣ ਵਾਲਿਆਂ ਵਿਚ ਸ੍ਰੀ ਮੁਹੰਮਦ ਅਲੀ ਜਿਨਾਹ ਅਤੇ ਪੰਡਤ ਮਦਨ ਮੋਹਨ ਮਾਲਵੀਆ ਵੀ ਸ਼ਾਮਲ ਸਨ। ਇਸ ਸਮੇਂ ਅੰਦਰ ਜੱਥੇ ਜੈਕਾਰੇ ਬੁਲਾਉਂਦੇ ਹੋਏ ਪੰਜਾਬ ਤੋਂ ਅੰਮ੍ਰਿਤਸਰ ਅਤੇ ਉਥੋਂ ਭਾਈ ਫੇਰੂ ਜਾਂ ਜੈਤੋ ਲਈ ਲਗਾਤਾਰ ਚਲਦੇ ਰਹੇ।

ਸਿੱਖ ਗੁਰਦੁਆਰਾ ਐਕਟ

ਸੈਨਿਕ ਅਧਿਕਾਰੀਆਂ ਨੂੰ ਬੜੀ ਗੰਭੀਰ ਚਿੰਤਾ ਹੋਈ ਕਿ ਸਰਵਿਸਜ਼ ਵਿਚ ਅਕਾਲੀਆਂ ਲਈ ਪੂਰੀ ਹਮਦਰਦੀ ਸੀ। ਮਾਰਚ 1924 ਵਿਚ ਜਨਰਲ ਸਰ ਵਿਲੀਅਮ ਬਰਡਵੁਡ ਨੇ ਅਕਾਲੀ ਲੀਡਰਾ ਨਾਲ ਵਿਚਾਰ-ਵਟਾਂਦਰਾ ਆਰੰਭ ਕੀਤਾ। ਉਸ ਵੇਲੇ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਸਾਫ਼ ਕਰ ਦਿੱਤਾ ਸੀ ਕਿ ਜੈਤੋ ਦਾ ਮੋਰਚਾ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਵਿਰੁੱਧ ਨਹੀਂ ਸੀ ਸਗੋਂ ਉਸ ਦਾ ਸੰਬੰਧ ਗੁਰਦੁਆਰੇ ਅੰਦਰ ਧਾਰਮਿਕ ਰਹੁ-ਰੀਤਾਂ ਨੂੰ ਬਿਨਾਂ ਕਿਸੇ ਬਾਹਰੀ ਦਖ਼ਲ ਦੇ ਇਕਮੁੱਠ ਕਰਨ ਦੇ ਹੱਕ ਨੂੰ ਪੱਕਾ ਕਰਨਾ ਸੀ। ਉਸ ਵੇਲੇ ਤੀਕ ਚੀਫ਼ ਖਾਲਸਾ ਦੀਵਾਨ ਨੇ ਇਹ ਖ਼ਿਆਲ ਪੱਕਾ ਕਰ ਲਿਆ ਸੀ ਕਿ ਅਕਾਲੀ ਸਿਆਸੀ ਲਾਭ ਪ੍ਰਾਪਤ ਕਰਨ ਲਈ ਮੋਰਚੇ ਨੂੰ ਵਧਾ ਰਹੇ ਸਨ। ਖਾਲਸਾ ਐਡਵੋਕੇਟ ਨੇ ਲਿਖਿਆ : "ਸਿੱਖਾਂ ਅੰਦਰ ਇਕ ਅਜਿਹਾ ਵਰਗ ਹੈ ਜਿਹੜਾ ਗੁਰਦੁਆਰਾ ਸੁਧਾਰ ਲਹਿਰ ਨੂੰ ਸਿੱਖਾਂ ਨੂੰ ਕੁਰਾਹੇ ਲਿਜਾਣ ਲਈ ਵਰਤ ਰਿਹਾ ਹੈ ਅਤੇ ਉਹ ਸਮਝੌਤੇ ਨੂੰ

ਰੋਕ ਰਿਹਾ ਹੈ ਕਿਉਂਕਿ ਉਹ ਅੰਦੋਲਨ ਖਤਮ ਨਹੀਂ ਕਰਨਾ ਚਾਹੁੰਦੇ।"

ਜਨਰਲ ਬਰਡਵੁਡ ਦੇ ਯਤਨਾਂ ਨੂੰ ਅੱਗੋਂ ਫਲ ਲੱਗਾ, ਜਦੋਂ ਮਈ 1924 ਵਿਚ ਸਰ ਮੈਲਕਮ ਹੇਲੀ ਲੈਫਟੀਨੈਂਟ ਗਵਰਨਰ ਬਣਿਆ। ਉਸ ਨੇ ਅਕਾਲੀਆਂ ਦੇ ਸ਼ਾਂਤਮਈ ਮੋਰਚੇ 'ਤੇ ਪੁਲਿਸ ਦਾ ਅੱਤਿਆਚਾਰ ਜਾਰੀ ਰਖਿਆ ਅਤੇ ਨਾਲ ਹੀ ਸਿੱਖਾਂ ਅੰਦਰ ਨਰਮ-ਦਲੀਆਂ ਨਾਲ ਵੀ ਗੱਲ-ਬਾਤ ਆਰੰਭ ਕਰ ਦਿੱਤੀ। ਉਨ੍ਹਾਂ ਪਿਛਲੇਰਿਆਂ ਨੂੰ ਸਿੱਖ ਜ਼ਿਲ੍ਹਿਆਂ ਅੰਦਰ ਸੁਧਾਰ ਕਮੇਟੀਆਂ ਕਾਇਮ ਕਰਨ ਲਈ ਵਫ਼ਾਦਾਰ ਸਿੱਖਾਂ ਨੂੰ ਉਤਸ਼ਾਹਿਤ ਕੀਤਾ। ਉਸ ਸੂਬੇ ਦਾ ਦੌਰਾ ਕੀਤਾ ਅਤੇ ਲੈਕਚਰ ਕੀਤੇ ਜਿਨ੍ਹਾਂ ਵਿਚ ਸਿੱਖਾਂ ਨੂੰ ਤਾੜਨਾ ਕੀਤੀ ਗਈ ਕਿ ਜੇਕਰ ਉਹ ਅੰਦੋਲਨ ਬੰਦ ਨਹੀਂ ਕਰਨਗੇ ਤਾਂ ਹਥਿਆਰਬੰਦ ਫ਼ੌਜਾਂ ਅੰਦਰ ਉਨ੍ਹਾਂ ਦੇ ਭਵਿੱਖ 'ਤੇ ਅਸਰ ਪਵੇਗਾ।

ਹੇਲੀ ਦੀ ਚਾਲ ਸਫਲ ਹੋਈ। ਭਾਵੇਂ ਜੱਥੇ ਚਲਦੇ ਰਹੇ (ਜੈਤੋ ਅਤੇ ਭਾਈ ਫੇਰੂ ਵਿਖੇ ਫੜੇ ਗਏ ਲੋਕਾਂ ਦੀ ਗਿਣਤੀ 10,000 ਤਕ ਪਹੁੰਚ ਗਈ ਸੀ)। ਪਰ ਕੌਮੀ ਏਕਤਾ ਨੂੰ ਭਾਰੀ ਧੱਕਾ ਲੱਗਾ। ਸਿੱਖ ਸੁਧਾਰ ਕਮੇਟੀ ਦੇ ਇਕ ਜੱਥੇ ਨੂੰ ਜੈਤੋ ਦੇ ਗੁਰਦੁਆਰੇ ਅੰਦਰ ਜਾਣ ਅਤੇ ਬਿਨਾਂ ਕਿਸੇ ਦਖ਼ਲ ਦੇ ਸ੍ਰੀ ਅਖੰਡ ਪਾਠ ਕਰਨ ਦੀ ਖੁੱਲ੍ਹ ਦਿੱਤੀ ਗਈ। (ਅਕਤੂਬਰ 1924)। ਇਸ ਚਾਲ ਨਾਲ ਹੇਲੀ ਨੇ ਅਕਾਲੀਆਂ ਦੇ ਸਿਰ ਇਹ ਜ਼ਿੰਮੇਵਾਰੀ ਪਾ ਦਿੱਤੀ ਕਿ ਉਹ ਮੋਰਚੇ ਦੇ ਉਦੇਸ਼ ਨੂੰ ਧਾਰਮਿਕ ਸਿੱਧ ਕਰਨ। ਲੈਜਿਸਲੇਟਿਵ ਕੌਂਸਲ ਦੇ ਪੰਜ ਸਿੱਖ ਮੈਂਬਰਾਂ ਦੀ ਕਾਇਮ ਕੀਤੀ ਗਈ ਇਕ ਕਮੇਟੀ ਰਾਹੀਂ ਹੇਲੀ ਨੇ ਨਵੇਂ ਗੁਰਦੁਆਰਾ ਬਿੱਲ ਦਾ ਮਸੌਦਾ ਉਨ੍ਹਾਂ ਅਕਾਲੀ ਲੀਡਰਾਂ ਅੱਗੇ ਪੇਸ਼ ਕਰਵਾ ਦਿੱਤਾ ਜਿਹੜੇ ਲਾਹੌਰ ਕਿਲ੍ਹੇ ਅੰਦਰ ਕੈਦ ਸਨ। ਇਸ ਬਿੱਲ ਵਿਚ ਅਕਲੀਆਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਗਈਆਂ ਅਤੇ ਇਹ ਬਿੱਲ ਪਾਸ ਹੋ ਕੇ 1925 ਵਿਚ ਕਾਨੂੰਨ ਬਣ ਗਿਆ।

ਸਿੱਖ ਗੁਰਦੁਆਰਾ ਐਕਟ 1925 ਦੇ ਦੋ ਸ਼ਡਿਊਲ ਸਨ। ਪਹਿਲੇ ਵਿਚ 232 ਗੁਰਧਾਮਾਂ ਦੀ ਸੂਚੀ ਸੀ। ਇਸ ਸੂਚੀ ਵਿਚ 28 ਹੋਰ ਸ਼ਾਮਲ ਕੀਤੇ ਗਏ ਜਿਨ੍ਹਾਂ ਦੇ ਸਿੱਖ ਗੁਰਦੁਆਰੇ ਹੋਣ ਬਾਰੇ ਹੋਰ ਪੁੱਛ-ਪੜਤਾਲ ਨਹੀਂ ਕੀਤੀ ਗਈ। ਦੂਸਰੇ ਸ਼ਡਿਊਲ ਅੰਦਰ 224 ਅਖਾੜੇ ਉਦਾਸੀ ਅਤੇ ਨਿਰਮਲੇ ਸੰਤਾਂ ਦੇ ਸਨ। ਇਨ੍ਹਾਂ ਨੂੰ ਉਦੋਂ ਤੀਕ ਗੁਰਦੁਆਰੇ ਐਲਾਨ ਨਹੀਂ ਕਰਨਾ ਸੀ ਜਦੋਂ ਤਾਈਂ ਉਹ ਖ਼ਾਸ ਸ਼ਰਤਾਂ ਪੂਰੀਆਂ ਨਾ ਕਰਨ। ਕੋਈ ਵੀ ਸਿੱਖ ਕਿਸੇ ਸੰਸਥਾ ਨੂੰ ਗੁਰਦੁਆਰਾ ਹੋਣ ਬਾਰੇ ਇਕ ਸਾਲ ਦੇ ਅੰਦਰ-ਅੰਦਰ ਅਰਜ਼ੀ ਦਾਖ਼ਲ ਕਰ ਸਕਦਾ ਸੀ ਪਰ ਇਸ ਵਿਚ ਦੂਜੇ ਸ਼ਡਿਊਲ ਦੇ ਅਸਥਾਨਾ ਨੂੰ ਨਹੀਂ ਰਖਿਆ ਜਾ ਸਕਦਾ ਸੀ।

ਤਿੰਨ ਜੱਜਾਂ ਦਾ ਇਕ ਟ੍ਰਿਬਿਊਨਲ ਕਾਇਮ ਕੀਤ ਗਿਆ ਸੀ ਜਿਸ ਵਿਚ ਇਹ ਨਿਰਧਾਰਤ ਕਰਨਾ ਸੀ ਕਿ ਕੋਈ ਸੰਸਥਾ ਗੁਰਦੁਆਰਾ ਹੈ ਜਾਂ ਨਹੀਂ ? ਜੇਕਰ ਹੈ ਤਾਂ ਉਸ ਵਿਅਕਤੀ ਨੂੰ ਕਿੰਨਾ ਮੁਆਵਜ਼ਾ ਦੇਣਾ ਹੈ, ਜਿਸ ਪਾਸੋਂ ਇਸ ਦਾ ਕਬਜ਼ਾ ਲਿਆ ਜਾਵੇਗਾ। ਟ੍ਰਿਬਿਊਨਲ ਦੇ ਫ਼ੈਸਲੇ ਵਿਰੁੱਧ ਹਾਈ ਕੋਰਟ ਵਿਚ ਅਪੀਲ ਹੋ ਸਕਦੀ ਸੀ।

ਇਸ ਐਕਟ ਦੇ ਅਧੀਨ ਮਹੰਤਾਂ ਦੀ ਥਾਂ ਚੁਣੀਆਂ ਹੋਈਆਂ ਕਮੇਟੀਆਂ ਨੇ ਲੈਣੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 151 ਮੈਂਬਰ ਹੋਣੇ ਸਨ ਜਿਨ੍ਹਾਂ ਵਿਚੋਂ 120 ਚੁਣੇ ਹੋਏ, 12 ਸਿੱਖ ਰਿਆਸਤਾਂ ਵੱਲੋਂ ਨਾਮਜ਼ਦ (ਮਨੋਨੀਤ) ਕੀਤੇ ਹੋਏ, 14 ਕੋਆਪਟ ਕੀਤੇ ਹੋਏ ਅਤੇ 5 ਉਸ ਸਮੇਂ ਦੇ ਚਾਰ ਤਖ਼ਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਨ। ਐਕਟ ਵਿਚ ਗੁਰਦੁਆਰਿਆਂ ਦੀ ਆਮਦਨ ਖ਼ਰਚ ਕਰਨ ਬਾਰੇ ਵੀ ਵਿਸਥਾਰ ਦਿੱਤਾ ਗਿਆ ਸੀ।

ਇਸ ਐਕਟ ਦਾ ਇਕ ਮਹੱਤਵਪੂਰਨ ਪੱਖ ਸੀ, ਸਿੱਖ ਦੀ ਪ੍ਰੀਭਾਸ਼ਾ : "ਉਹ ਵਿਅਕਤੀ

ਜਿਹੜਾ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵਿਸ਼ਵਾਸ ਰੱਖਦਾ ਹੋਵੇ ਅਤੇ ਪਤਿਤ ਨਾ ਹੋਵੇ।" ਇਸ ਅੰਤਲੇ ਅੰਗ ਤੇ ਲੈਜਿਸਲੇਟਿਵ ਕੌਂਸਲ ਦੇ ਹਿੰਦੂ ਮੈਂਬਰਾਂ ਨੂੰ ਵਿਸ਼ੇਸ਼ ਤੌਰ ਤੇ ਇਤਰਾਜ਼ ਸੀ।

ਹੇਲੀ ਨੇ ਨਾਲ ਹੀ ਇਹ ਇਸ਼ਾਰਾ ਦਿੱਤਾ ਕਿ ਜਿਹੜੇ ਆਪਣੇ ਪਿਛਲੇ ਕਾਰਨਾਮਿਆਂ ਨੂੰ ਤਿਲਾਂਜਲੀ ਦੇਣਗੇ; ਕੇਵਲ ਉਹੋ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਸੰਭਾਲਣ ਲਈ ਰਿਹਾਅ ਕੀਤੇ ਜਾਣਗੇ। ਸਰਦਾਰ ਮਹਿਤਾਬ ਸਿੰਘ ਦੇ ਜੱਥੇ ਨੇ ਸਹਿਯੋਗ ਦੇਣਾ ਪਰਵਾਨ ਕਰ ਲਿਆ ਅਤੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਭਾਰੀ ਗਿਣਤੀ ਨੇ, ਜਿਨ੍ਹਾਂ ਵਿਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਸ਼ਾਮਲ ਸਨ, ਸ਼ਰਤਾਂ ਤੇ ਰਿਹਾਅ ਹੋਣ ਨੂੰ ਆਪਣੇ ਆਤਮ-ਸਨਮਾਨ ਦਾ ਅਪਮਾਨ ਸਮਝਿਆ ਅਤੇ ਕਿਸੇ ਪ੍ਰਕਾਰ ਦਾ ਵਚਨ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਐਕਟ ਦੇ ਲਾਗੂ ਕਰਨ ਤੋਂ ਪਹਿਲਾਂ-ਪਹਿਲਾਂ ਸਾਰੇ ਅਕਾਲੀਆਂ ਨੂੰ ਰਿਹਾਅ ਕਰ ਦਿੱਤਾ ਜਾਵੇ। ਕੁਝ ਮਹੀਨਿਆਂ ਉਪਰੰਤ ਉਨ੍ਹਾਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ। ਜਿਵੇਂ ਕਿ ਅਨੁਮਾਨ ਲਾਇਆ ਜਾ ਸਕਦਾ ਸੀ, ਉਨ੍ਹਾਂ ਸਰਦਾਰ ਮਹਿਤਾਬ ਸਿੰਘ ਨੂੰ 'ਸਰਕਾਰੀ ਪਿੱਠੂ' ਅਤੇ 'ਪੰਥ ਦਾ ਗੱਦਾਰ' ਕਹਿ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਟਰੋਲ ਤੋਂ ਬਾਹਰ ਕੱਢ ਦਿੱਤਾ। ਅਕਾਲੀਆਂ ਵਿਚੋਂ ਏਕਤਾ ਖੇਰੂੰ-ਖੇਰੂੰ ਹੋ ਗਈ ਅਤੇ ਜੈਤੋ ਦੇ ਅੰਦੋਲਨ ਦਾ ਵੀ ਅੰਤ ਹੋ ਗਿਆ। ਪਰ ਇਕ ਹੋਰ ਮੋਰਚਾ ਬਾਬਾ ਖੜਕ ਸਿੰਘ ਨੇ ਸਿਆਲਕੋਟ ਜ਼ਿਲ੍ਹੇ ਦੇ ਕਸਬਾ ਡਸਕਾ ਕਸਬੇ ਵਿਚ ਲਾਇਆ। ਇਸ ਦਾ ਸੰਬੰਧ ਗੁਰਦੁਆਰੇ ਨਾਲ ਲੱਗੀ ਜਾਇਦਾਦ ਬਾਰੇ ਹਿੰਦੂਆਂ ਨਾਲ ਝਗੜੇ ਦਾ ਸੀ। ਜਿਨ੍ਹਾਂ ਅਕਾਲੀਆਂ ਨੇ ਮਹੰਤਾਂ ਅਤੇ ਸਰਕਾਰ ਦੇ ਵਿਰੁੱਧ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਦੀ ਕਠਿਨ ਜੱਦੋਜਹਿਦ ਜਿੱਤ ਲਈ ਸੀ, ਉਹ ਹੁਣ ਇਕ-ਦੂਜੇ ਦੇ ਵਿਰੁੱਧ ਜ਼ਹਿਰ ਉਗਲਣ ਲੱਗੇ।

ਇਸ ਲਹਿਰ ਦੌਰਾਨ ਜਿਹੜੇ ਮਰਦ ਅਤੇ ਇਸਤਰੀਆਂ ਜੇਲ੍ਹਾਂ ਵਿਚ ਡੱਕੇ ਗਏ ਜਾਂ ਸ਼ਹੀਦੀਆਂ ਪ੍ਰਾਪਤ ਕਰ ਗਏ ਉਨ੍ਹਾਂ ਦਾ ਸਹੀ ਹਿਸਾਬ ਲਾਉਣਾ ਕਠਿਨ ਹੈ। ਕਾਰਨ ਇਹ ਕਿ ਸਰਕਾਰ ਅਤੇ ਅਕਾਲੀਆਂ ਦੀ ਦੱਸੀ ਹੋਈ ਗਿਣਤੀ ਕਦੇ ਮੇਲ ਨਹੀਂ ਖਾਂਦੀ। ਪਰ ਫ਼ੀਰੋਜ਼ਪੁਰ ਦੇ ਸਰਦਾਰ ਤਾਰਾ ਸਿੰਘ, ਜਿਸ ਨੇ ਪੰਜਾਬ ਵਿਧਾਨ ਪ੍ਰੀਸ਼ਦ ਦੀ ਗੁਰਦੁਆਰਾ ਐਕਟ ਬਾਰੇ ਹੋਈ ਬਹਿਸ ਵਿਚ ਹਿੱਸਾ ਪਾਇਆ ਸੀ, ਅੱਗੇ ਲਿਖਿਆ ਹੋਇਆ ਬਿਆਨ ਦਿੱਤਾ ਸੀ, ਜਿਸ ਨੂੰ ਸਰਕਾਰੀ ਮੈਂਬਰਾਂ ਨੇ ਚੁਣੌਤੀ ਨਹੀਂ ਦਿੱਤੀ। ਇਸ ਲਈ ਇਸ ਨੂੰ ਭਰੋਸੇਯੋਗ ਮੰਨਿਆ ਜਾ ਸਕਦਾ ਹੈ : "ਤਰਨਤਾਰਨ, ਨਨਕਾਣਾ ਸੋਹਿਬ, ਗੁਰੂ ਕਾ ਬਾਗ਼, ਭਾਈ ਫੇਰੂ ਅਤੇ ਜੈਤੋ ਦੇ ਮੋਰਚਿਆਂ 'ਚ ਦਿੱਤੀਆਂ ਮਹਾਨ ਕੁਰਬਾਨੀਆਂ ਇਸ ਪ੍ਰਕਾਰ ਹਨ : ਪਕੜੇ ਗਏ 30,000, ਮਾਰੇ ਗਏ 400, ਫੱਟੜ ਹੋਏ 2,000, ਜੁਰਮਾਨਾ ਭਰਿਆ ਗਿਆ 15 ਲੱਖ ਰੁਪਏ, ਜਿਸ ਵਿਚ ਸੇਵਾ-ਮੁਕਤ ਹੋਏ ਜਵਾਨਾਂ ਦੀ ਪੈਨਸ਼ਨ ਵੀ ਸ਼ਾਮਲ ਹੈ, ਜਿਹੜੀ ਜ਼ਬਤ ਕੀਤੀ ਗਈ। ਇਸ ਦੇ ਇਲਾਵਾ ਸਿਵਿਲ ਅਤੇ ਸੈਨਾ ਵਿਚ ਸਿੱਖਾਂ ਦੀ ਭਰਤੀ ਤੇ ਪਾਬੰਦੀ ਲਾਗੂ ਕੀਤੀ ਗਈ।" ਡਾਕਟਰ ਬੀ.ਆਰ. ਅੰਬੇਦਕਰ ਅਨੁਸਾਰ ਅਕਾਲੀ ਜੱਦੋਜਹਿਦ ਕਾਰਨ ਸਿੱਖਾਂ ਦੀ ਫ਼ੌਜ ਵਿਚ ਗਿਣਤੀ 1914 ਦੀ 20 ਪ੍ਰਤੀਸ਼ਤ ਤੋਂ ਘਟਾ ਕੇ 1930 ਵਿਚ 13 ਪ੍ਰਤੀਸ਼ਤ ਕਰ ਦਿੱਤੀ ਗਈ ਅਤੇ ਇਸ ਦੇ ਮੁਕਾਬਲੇ ਪੰਜਾਬੀ ਮੁਸਲਮਾਨਾਂ ਅਤੇ ਪਠਾਣਾਂ ਦੀ ਗਿਣਤੀ 1914 ਦੀ 26 ਪ੍ਰਤੀਸ਼ਤ ਤੋਂ ਵਧਾ ਕੇ 1930 ਵਿਚ 34 ਪ੍ਰਤੀਸ਼ਤ ਕਰ ਦਿੱਤੀ ਗਈ।

ਚਾਰ ਸਾਲ ਦੀ ਭਾਰੀ ਜੱਦੋਜਹਿਦ ਵਿਚ ਮਹੱਤਵਪੂਰਨ ਸਿੱਟਾ ਇਹ ਸੀ ਕਿ ਹਿੰਦੂਆਂ

ਨੇ ਅਕਾਲੀਆਂ ਵਿਰੁੱਧ ਉਦਾਸੀ ਮਹੰਤਾਂ ਦਾ ਸਾਥ ਦਿੱਤਾ ਜਿਸ ਕਾਰਨ ਦੋਹਾਂ ਕੌਮਾਂ ਵਿਚ ਪਾੜ ਬਹੁਤ ਵਧ ਗਿਆ। ਹਿੰਦੂ ਧਰਮ ਤੋਂ ਨਿਖੇੜ ਆਇਆ। ਇਸ ਪੱਖ ਤੇ ਭਾਈ ਕਾਨ੍ਹ ਸਿੰਘ ਨੇ ਆਪਣੀ ਕਿਤਾਬ 'ਹਮ ਹਿੰਦੂ ਨਹੀਂ ਹੈਂ' ਵਿਚ ਭਰਪੂਰ ਰੌਸ਼ਨੀ ਪਾਈ। (ਇਸ ਦਾ ਜ਼ਿਕਰ ਸਿੰਘ ਸਭਾ ਦੇ ਕਾਂਡ ਵਿਚ ਵੀ ਆ ਚੁੱਕਿਆ ਹੈ) ਇਸ ਬਾਰੇ ਸਰਦਾਰ ਮਹਿਤਾਬ ਸਿੰਘ ਨੇ ਪਹਿਲੇ ਗੁਰਦੁਆਰਾ ਬਿੱਲ ਬਾਰੇ ਆਪਣੇ ਭਾਸ਼ਣ ਵਿਚ ਪੂਰਾ-ਪੂਰਾ ਜ਼ੋਰ ਦਿੱਤਾ ਸੀ।

"ਮੈਂ ਆਪਣੇ ਵੱਲੋਂ ਇਹ ਕਹਿੰਦਾ ਹਾਂ ਕਿ ਜੇਕਰ ਸਿੱਖ ਹਿੰਦੂ ਦੇ ਘੇਰੇ ਵਿਚ ਨਹੀਂ ਰਹਿਣਾ ਚਾਹੁੰਦੇ ਤਾਂ ਹਿੰਦੂ ਉਨ੍ਹਾਂ ਨੂੰ ਇਸ ਗੱਲ ਲਈ ਮਜਬੂਰ ਕਿਉਂ ਕਰ ਰਹੇ ਹਨ ? ਆਪਣੇ ਭਾਈਚਾਰੇ ਵਿਚ ਅਣ-ਇੱਛਕ ਜਾਂ ਗੈਰ-ਰਜ਼ਾਮੰਦ ਲੋਕਾਂ ਨੂੰ ਭਾਈਵਾਲ ਰੱਖ ਕੇ ਇਹ ਕੀ ਲਾਹਾ ਖੱਟਣਾ ਚਾਹੁੰਦੇ ਹਨ ? ਉਨ੍ਹਾਂ ਨੂੰ ਜਾਣ ਕਿਉਂ ਨਹੀਂ ਦਿੰਦੇ ? ਜਨਾਬ ! ਸਾਰੇ ਦੇਸ਼ ਦੀ ਬੁਨਿਆਦ ਇਸ ਗੱਲ ਤੇ ਹੈ। ਹਿੰਦੂ ਇਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਮਾਮਲਿਆਂ ਦਾ ਪ੍ਰਬੰਧ ਤੁਹਾਡੇ ਲਈ ਕਰਾਂਗੇ। ਕਿਉਂਕਿ ਗੁਰਦੁਆਰੇ ਜੇਕਰ ਤੁਹਾਡੇ ਹਨ ਤਾਂ ਸਾਡੇ ਵੀ ਹਨ। ਅਸੀਂ ਕਹਿੰਦੇ ਹਾਂ ਕਿ ਸਾਡੇ ਮਾਮਲੇ ਸਾਡੇ ਨਜਿੱਠਣ ਯੋਗ ਰਹਿਣ ਦਿਓ ਅਤੇ ਅਸੀਂ ਇਸ ਗੱਲ 'ਤੇ ਦ੍ਰਿੜ੍ਹ ਹਾਂ।"

ਅਕਾਲੀਆਂ ਨਾਲ ਵਿਰੋਧ ਹੁੰਦੇ ਹੋਏ ਵੀ ਹਿੰਦੂ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਕਿ ਸਿੱਖ ਹਿੰਦੂ ਹਨ। ਪੰਜਾਬ ਦੇ ਇਕ ਹਿੰਦੂ ਲੀਡਰ ਨੇ ਕਿਹਾ, "ਮੈਂ ਤਾਂ ਸਿੱਖੀ ਨੂੰ ਹਿੰਦੂਆਂ ਤੋਂ ਉਚਾ ਸਮਝਦਾ ਹਾਂ।" ਗੁਰਦੁਆਰਾ ਕਾਨੂੰਨ ਦੀ ਹਮਾਇਤ ਕਰਨ ਵਾਲੇ ਨੇ ਕਿਹਾ, "ਸਿੱਖ ਸਾਡਾ ਹੀ ਹੱਡ-ਮਾਸ ਹਨ।" ਆਉਣ ਵਾਲੇ ਸਾਲਾਂ ਵਿਚ ਇਹ ਭਾਰੀ ਮੁੱਦਾ ਬਣ ਗਿਆ ਕਿ ਸਿੱਖ ਵੱਖਰੀ ਕੌਮ ਹਨ ਜਾਂ ਹਿੰਦੂਆਂ ਦੀ ਸਮਾਜਕ ਪ੍ਰਣਾਲੀ ਦੀ ਇਕ ਸ਼ਾਖਾ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਪ੍ਰਕਾਰ ਦੀ ਸਿੱਖਾਂ ਦੀ ਪਾਰਲੀਮੈਂਟ ਬਣ ਗਈ। ਇਸ ਦੇ ਨਿਰਣੇ ਪੁਰਾਣੇ ਗੁਰਮਤੇ ਵਾਂਗ ਸਤਿਕਾਰ ਪ੍ਰਾਪਤ ਕਰਨ ਲੱਗੇ। ਅਕਾਲੀ ਦਲ ਇਸ ਦੀ ਫ਼ੌਜ ਬਣ ਗਈ ਅਤੇ ਗੁਰਦੁਆਰਿਆਂ ਤੋਂ ਆਉਣ ਵਾਲੀ ਆਮਦਨ, ਜਿਹੜੀ ਹਰ ਸਾਲ ਦਸ ਲੱਖ ਤੋਂ ਵੱਧ ਸੀ, ਉਨ੍ਹਾਂ ਦਾ ਮਾਇਕ ਸਹਾਰਾ ਬਣ ਗਈ। ਗੁਰਦੁਆਰਿਆਂ ਦੇ ਪ੍ਰਬੰਧ ਲਈ ਇਸ ਆਮਦਨ ਦੀ ਵੰਡ, ਗੁਰਧਾਮਾਂ ਦੇ ਪ੍ਰਬੰਧ, ਸੈਂਕੜੇ ਗ੍ਰੰਥੀਆਂ, ਸੇਵਾਦਾਰਾਂ ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਅਤੇ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ, ਗ੍ਰੰਥੀਆਂ ਲਈ ਸਿਖਲਾਈ ਦੇ ਪ੍ਰਬੰਧ ਅਤੇ ਪੰਜਾਬ ਤੋਂ ਬਾਹਰ ਸਿੱਖੀ ਪ੍ਰਚਾਰ ਦੀਆਂ ਸਰਗਰਮੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਰਕਾਰ ਦੇ ਅੰਦਰ ਇਕ ਸਰਕਾਰ ਦਾ ਰੂਪ ਦੇ ਦਿੱਤਾ। ਇਸ ਤੇ ਕਬਜ਼ੇ ਦਾ ਅਰਥ ਸਿੱਖ ਸਿਆਸਤ ਦਾ ਕੇਂਦਰੀ ਬਿੰਦੂ ਬਣ ਗਿਆ। ਅਕਾਲੀਆਂ ਨੇ ਸਹਿਜ-ਸੁਭਾਵ ਇਸ ਸੰਸਥਾ ਦੀ ਵਾਗਡੋਰ ਸੰਭਾਲ ਲਈ ਅਤੇ ਆਪਣੇ ਹੱਥੋਂ ਜਾਣ ਨਹੀਂ ਦਿੱਤੀ। ਸੱਤਾ ਲਈ ਇਕੋ ਪਾਰਟੀ ਦੇ ਵੱਖ-ਵੱਖ ਧੜਿਆਂ ਵਿਚ ਖਿਚ-ਧੂਹ ਹੋਣ ਲੱਗੀ। ਕੁਝ ਸੰਖੇਪ ਸਮਿਆਂ ਤੋਂ ਇਲਾਵਾ ਮਾਸਟਰ ਤਾਰਾ ਸਿੰਘ ਦੇ ਧੜੇ ਨੇ ਇਸ 'ਤੇ ਆਪਣਾ ਕਬਜ਼ਾ ਚਾਰ ਦਹਾਕਿਆਂ ਲਈ ਬਣਾਈ ਰਖਿਆ।

ਅਸਿੱਧੇ ਰੂਪ ਵਿਚ ਅਕਾਲੀ ਲੀਡਰਾਂ ਨੇ ਮਹਾਰਾਜਿਆਂ ਦੀਆਂ ਰਿਆਸਤਾਂ ਵਿਚ ਜਾਗ੍ਰਤੀ ਲਹਿਰ ਪੈਦਾ ਕੀਤੀ। ਗੁਰਦੁਆਰਿਆਂ ਦੇ ਝਗੜਿਆਂ ਨੂੰ ਨਿਪਟਾਉਣ ਉਪਰੰਤ, ਰਿਆਸਤਾਂ ਦੇ ਅਕਾਲੀਆਂ ਨੇ ਮਹਾਰਾਜਿਆਂ ਵੱਲੋਂ ਸੱਤਾ ਦੀ ਨਿਰੰਕੁਸ਼ ਦੁਰਵਰਤੋਂ ਵਿਰੁੱਧ ਅੰਦੋਲਨ ਆਰੰਭ ਕਰ ਦਿੱਤਾ, ਵਿਸ਼ੇਸ਼ ਕਰਕੇ ਮਹਾਰਾਜਾ ਭੁਪਿੰਦਰ ਸਿੰਘ ਵਿਰੁੱਧ। ਮਹਾਰਾਜਾ ਭੁਪਿੰਦਰ ਸਿੰਘ ਨੇ ਬਦਲਾ ਲੈਣ ਲਈ ਜੱਦੋਜਹਿਦ ਦੇ ਮੁਖੀ ਜੱਥੇਦਾਰ ਸੇਵਾ ਸਿੰਘ ਠੀਕਰੀਵਾਲਾ ਨੂੰ ਚੋਰੀ ਦੇ ਦੋਸ਼ ਵਿਚ ਲਾਹੌਰ ਜੇਲ੍ਹ ਤੋਂ ਤਬਦੀਲ ਕਰਕੇ ਪਟਿਆਲਾ ਵਿਚ ਡੱਕ ਦਿੱਤਾ।

ਅਕਾਲੀਆਂ ਨੇ ਨਾ ਸਿਰਫ਼ ਠੀਕਰੀਵਾਲਾ ਦਾ ਮਾਮਲਾ ਆਪਣੇ ਹੱਥ ਵਿਚ ਲਿਆ ਬਲਕਿ ਮਹਾਰਾਜਾ ਭੁਪਿੰਦਰ ਸਿੰਘ ਦੀਆਂ ਰੰਗਰਲੀਆਂ ਅਤੇ ਜ਼ਾਲਮ ਵਤੀਰੇ ਵਿਰੁੱਧ ਮੁਹਿੰਮ ਚਲਾਈ ਮਹਾਰਾਜਾ ਸਾਹਿਬ ਅਕਾਲੀਆਂ ਦੇ ਇਕ ਧੜੇ ਨੂੰ ਤੋੜਨ ਵਿਚ ਸਫ਼ਲ ਹੋ ਗਏ, ਪਰ ਪੰਜਾਬੀ ਅਤੇ ਉਰਦੂ ਦੀਆਂ ਲਿਖਤਾਂ ਨਾ ਰੋਕ ਸਕੇ। ਗਿਆਨੀ ਸ਼ੇਰ ਸਿੰਘ ਅਤੇ ਸਰਦਾਰ ਜਸਵੰਤ ਸਿੰਘ ਝਬਾਲ ਇਸ ਦੇ ਹੱਕ ਵਿਚ ਸਨ। ਉਨ੍ਹਾਂ ਇਸ ਅੰਦਰੂਨੀ ਜੰਗ ਨੂੰ ਭਰਾ-ਮਾਰੂ ਜੰਗ ਆਖਿਆ।

1928 ਵਿਚ ਰਿਆਸਤ ਦੇ ਅਕਾਲੀ ਹਿੰਦੂ ਨੈਸ਼ਨਲਿਸਟਾਂ ਨਾਲ ਮਿਲ ਗਏ ਅਤੇ ਇਕ ਪਾਰਟੀ ਪਰਜਾ ਮੰਡਲ ਦੀ ਸਥਾਪਨਾ ਕੀਤੀ। ਅੱਗੋਂ ਇਹ ਮੰਡਲੀ ਰਿਆਸਤੀ ਪਰਜਾ ਕਾਂਗਰਸ ਵਿਚ ਮਿਲ ਗਈ ਜੋ ਅੱਗੋਂ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਜੁੜੀ ਹੋਈ ਸੀ। ਸਰਦਾਰ ਸੇਵਾ ਸਿੰਘ ਠੀਕਰੀਵਾਲਾ ਪਾਰਟੀ ਦੀ ਰੂਹੇ-ਰਵਾਂ ਸੀ। ਉਸ ਨੂੰ ਕਈ ਵਾਰ ਜੇਲ੍ਹ ਭੇਜਿਆ ਗਿਆ। ਪਰ ਮਹਾਰਾਜਾ ਦੇ ਜੇਲ੍ਹ-ਅਧਿਕਾਰੀਆਂ ਨੇ ਉਸ ਤੇ ਭਾਰੀ ਅੱਤਿਆਚਾਰ ਕੀਤੇ। ਜਦੋਂ ਉਹ 1935 ਵਿਚ ਅਕਾਲ ਚਲਾਣਾ ਕਰ ਗਏ ਤਾਂ ਠੀਕਰੀਵਾਲਾ ਦੇ ਨਾਲ ਬੇਦਰਦੀ ਨਾਲ ਕੀਤੇ ਵਿਹਾਰ ਅਤੇ ਅੰਗਰੇਜ਼ਾਂ ਵਿਰੁੱਧ ਲਹਿਰ ਜ਼ੋਰ ਫੜ ਗਈ ਅਤੇ ਪੰਜਾਬ ਦੀਆਂ ਸਾਰੀਆਂ ਸਫ਼ਾਂ ਵਿਚ ਫੈਲ ਗਈ।

ਸਰਦਾਰ ਸੇਵਾ ਸਿੰਘ ਠੀਕਰੀਵਾਲਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਵਾਲੇ ਨੇਤਾ ਸਨ : ਸਰਦਾਰ ਭਗਵਾਨ ਸਿੰਘ ਲੌਂਗੋਵਾਲੀਆ, ਗਿਆਨੀ ਜ਼ੈਲ ਸਿੰਘ (ਉਹ ਪੰਜਾਬ ਦੇ ਮੁੱਖ ਮੰਤਰੀ, ਕੇਂਦਰੀ ਸਰਕਾਰ ਦੇ ਗ੍ਰਹਿ ਮੰਤਰੀ ਅਤੇ ਅੰਤ ਵਿਚ ਭਾਰਤ ਦੇ ਰਾਸ਼ਟਰਪਤੀ ਰਹੇ), ਸਰਦਾਰ ਪ੍ਰੀਤਮ ਸਿੰਘ ਗੋਜਰਾਂ ਅਤੇ ਕਾਮਰੇਡ ਜਗੀਰ ਸਿੰਘ ਜੋਗਾ।

ਜਿਸ ਸਮੇਂ 1855 ਵਿਚ ਚੌਧਰੀ ਬ੍ਰਿਸ਼ਭਾਨ ਪਟਿਆਲਾ ਅਤੇ ਪੰਜਾਬ ਸਟੇਟਸ ਯੂਨੀਅਨ ਵਿਚ ਮੰਤਰੀ ਰਹੇ ਤਾਂ ਉਨ੍ਹਾਂ ਠੀਕਰੀਵਾਲਾ (1878-1965) ਦਾ ਬੁੱਤ ਮਹਿਲ ਦੇ ਮੁੱਖ ਦੁਆਰ 'ਤੇ ਲਗਵਾਇਆ।

ਕਾਂਡ—32

ਸੰਵਿਧਾਨਕ ਸੁਧਾਰ ਅਤੇ ਸਿੱਖ

ਰਾਜਨੀਤੀ ਬਾਰੇ ਸਿੱਖ ਉਦਾਸੀਨਤਾ

ਭਾਰਤ ਦੇ ਅੰਗਰੇਜ਼ੀ ਰਾਜ ਦੇ ਸਮੇਂ ਦੇ ਸੂਬਿਆਂ ਵਿਚ ਪੰਜਾਬ ਹੀ ਇਕ ਅਜਿਹਾ ਸੀ, ਜਿਸ ਨੇ ਖ਼ੁਦਮੁਖ਼ਤਾਰੀ ਦੀਆਂ ਸਕੀਮਾਂ ਬਾਰੇ ਬਹੁਤ ਸੁਸਤ ਵਤੀਰਾ ਅਪਣਾਇਆ। ਪੰਜਾਬ ਦੀਆਂ ਤਿੰਨ ਕੌਮਾਂ ਵਿਚੋਂ ਸਿੱਖਾਂ ਦਾ ਹੁੰਗਾਰਾ ਨਾਂ-ਮਾਤਰ ਸੀ। ਪੰਜਾਬੀ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਹ ਲਾਭ ਸੀ ਕਿ ਉਹ ਦੇਸ਼ ਦੇ ਹੋਰ ਭਾਗਾਂ ਦੇ ਵਿਦਵਾਨ ਅਤੇ ਆਲਮ ਹਿੰਦੂਆਂ ਅਤੇ ਮੁਸਲਮਾਨਾਂ ਦੀ ਅਗਵਾਈ ਤੋਂ ਲਾਹਾ ਲੈ ਸਕਦੇ ਸਨ। ਪਰ ਸਿੱਖਾਂ ਅੰਦਰ ਕੋਈ ਰਾਜਸੀ ਗਿਆਨੀ ਨਹੀਂ ਸੀ। ਮਾਲਵੇ ਦੇ ਲੋਕ ਲੰਮੇ ਸਮੇਂ ਤਕ ਅੰਗਰੇਜ਼ਾਂ ਦੀ ਨਿਗਾਰਨੀ ਹੇਠ ਰਹੇ ਅਤੇ ਉਨ੍ਹਾਂ ਉਪਰ ਨਿਰਅੰਕੁਸ਼ ਰਾਜਿਆਂ ਅਤੇ ਜਗੀਰਦਾਰਾਂ ਦਾ ਦਬਦਬਾ ਸੀ ਜਿਹੜੇ ਆਗੂ ਬਣਨ ਦੀ ਯੋਗਤਾ ਨਹੀਂ ਰੱਖਦੇ ਸਨ।

1885 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਕਾਇਮ ਹੋਈ ਅਤੇ 1887 ਵਿਚ ਸਰ ਸਈਅਦ ਅਹਿਮਦ ਦੀ ਯੂਨਾਈਟਿਡ ਪੈਟਰੀਔਟਿਕ ਐਸੋਸੀਏਸ਼ਨ ਨੇ ਭਾਰਤੀ ਸਿਆਸਤ ਵਿਚ ਜਾਗ ਲਾਉਣਾ ਅਰੰਭਿਆ। ਮੁਸਲਿਮ ਸੰਗਠਨ ਲਈ ਉਰਦੂ ਵਾਸਤੇ ਵਿਸ਼ੇਸ਼ ਅਧਿਕਾਰਾਂ ਅਤੇ ਰਾਖੀ ਲਈ ਜ਼ੋਰ ਦਿੱਤਾ, ਹਿੰਦੂ ਸਭਾਵਾਂ ਨੇ ਗਊ-ਹੱਤਿਆ ਦੀ ਬੰਦਸ਼ ਦੀ ਮੰਗ ਰੱਖੀ ਅਤੇ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਸਵੀਕਾਰ ਕਰਨ ਲਈ ਕਿਹਾ। ਚੀਫ਼ ਖ਼ਾਲਸਾ ਦੀਵਾਨ ਦੇ ਵਿਦਵਾਨ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਵੀ ਸਿੱਖਾਂ ਲਈ ਅਧਿਕਾਰ ਪ੍ਰਾਪਤ ਕਰਨੇ ਚਾਹੀਦੇ ਹਨ : ਵੱਖਰੀ ਪ੍ਰਤੀਨਿਧਤਾ, ਵਿਸ਼ੇਸ਼ ਰਿਆਇਤਾਂ ਅਤੇ ਸਰਵਿਸਿਜ਼ (ਫ਼ੌਜ) ਵਿਚ ਰਾਖਵਾਂਪਨ ਅਤੇ ਆਪਣੀ ਭਾਸ਼ਾ ਅਤੇ ਰਹੁ-ਰੀਤ ਦੇ ਵਿਕਾਸ ਲਈ ਸਹੂਲਤਾਂ।

ਪੰਜਾਬ ਲੈਜਿਸਲੇਟਿਵ ਕੌਂਸਲ ਐਕਟ 1861 ਵਿਚ ਪਾਸ ਹੋਇਆ ਜਿਸ ਵਿਚ ਸੂਬਾਈ ਵਿਧਾਨ ਸਭਾਵਾਂ ਬਨਾਉਣ ਦੇ ਅਧਿਕਾਰ ਦਿੱਤੇ ਗਏ ਅਤੇ 1862 ਦੇ ਐਕਟ ਨੇ ਇਨ੍ਹਾਂ ਦੀ ਸੱਤਾ ਵਿਚ ਹੋਰ ਵਾਧਾ ਕੀਤਾ, ਪਰ ਪੰਜਾਬ ਅੰਦਰ ਆਉਣ ਵਾਲੇ 36 ਸਾਲਾਂ ਤਕ ਕੋਈ ਕੌਂਸਲ ਕਾਇਮ ਨਾ ਕੀਤੀ ਗਈ। 1897 ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਕਾਇਮ ਹੋਈ। ਇਸ ਦੇ ਨੌਂ ਮੈਂਬਰ ਸਨ ਜਿਨ੍ਹਾਂ ਨੂੰ ਲੈਫ਼ਟੀਨੈਂਟ ਗਵਰਨਰ ਮਨੋਨੀਤ ਕਰਦਾ ਸੀ। ਇਸ ਦਾ ਰੂਪ ਇਕ ਦਰਬਾਰ ਜਿਹਾ ਸੀ ਅਤੇ ਇਹ ਨਾਗਰਿਕਾਂ ਦੀ ਪ੍ਰਤੀਨਿਧ ਸੰਸਥਾ ਨਹੀਂ ਸੀ। ਆਪਣੇ ਪੂਰਬੀ ਰਾਜਿਆਂ-ਮਹਾਰਾਜਿਆਂ ਵਾਂਗ ਗਵਰਨਰ ਵੀ ਇਸ ਗੱਲ ਨੂੰ ਅੱਛਾ ਸਮਝਦੇ ਸਨ ਕਿ ਅਮੀਰ ਜ਼ਿਮੀਂਦਾਰ ਪਰਿਵਾਰਾਂ ਦੇ ਅਤੇ ਧਾਰਮਿਕ ਸਭਾਵਾਂ ਦੇ ਵਫ਼ਾਦਾਰੀ ਸਾਬਤ ਕਰ ਚੁੱਕੇ ਆਦਮੀਆਂ ਵਿਚ ਘਿਰੇ ਰਹਿਣ। ਮੁੱਢਲੇ ਵਰ੍ਹਿਆਂ ਵਿਚ ਉੱਚ ਵਰਗ ਦੇ ਸਿੱਖਾਂ ਨੂੰ ਦਰਬਾਰੀ ਚੁਣਿਆ ਜਾਂਦਾ ਸੀ। ਇਹ ਸਾਊ ਲੋਕ ਆਪਣੀ ਔਧ ਦਾ ਸਾਰਾ ਸਮਾਂ ਸਾਊ ਹਲੀਮੀ ਵਿਚ ਚੁੱਪਚਾਪ ਗੁਜ਼ਾਰ ਦਿੰਦੇ।

ਪੰਜਾਬ ਕੌਂਸਲ ਦੇ ਸਿੱਖ ਮੈਂਬਰ ਸਨ : ਬਾਬਾ ਸਰ ਖੇਮ ਸਿੰਘ ਬੇਦੀ, ਸਰਦਾਰ ਭਗਤ

ਸਿੰਘ, ਕਪੂਰਥਲਾ ਰਿਆਸਤ ਦੇ ਮੁੱਖ ਸਕੱਤਰ ਸਰ ਰਣਬੀਰ ਸਿੰਘ ਅਤੇ ਸਰਦਾਰ ਪ੍ਰਤਾਪ ਸਿੰਘ ਆਹਲੂਵਾਲੀਆ ਨਾਭਾ ਦੇ ਯੁਵਰਾਜ ਰਿਪੁਦਮਣ ਸਿੰਘ ਅਤੇ ਬਾਗੜੀਆਂ ਦੇ ਭਾਈ ਅਰਜਨ ਸਿੰਘ। ਪਿਛਲੇਰੇ ਦੋ ਨੂੰ ਗਵਰਨਰ ਜਨਰਲ ਦੀ ਕੌਂਸਲ ਲਈ ਮਨੋਨੀਤ ਕੀਤਾ ਗਿਆ ਸੀ। ਮਹਾਰਾਜਿਆਂ ਨੇ ਆਨੰਦ ਮੈਰਿਜ ਬਿੱਲ ਪੇਸ਼ ਕੀਤਾ ਤਾਂ ਜੋ ਸਿੱਖਾਂ ਦੀ ਰੀਤ ਨੂੰ ਕਾਨੂੰਨੀ ਰੰਗ ਦਿੱਤਾ ਜਾਵੇ। ਇਸ ਪ੍ਰਕਾਰ ਸਿੱਖਾਂ ਦੇ ਵਿਆਹਾ ਵਿਚ ਹਿੰਦੂਆਂ ਦੇ ਕਰਮ-ਕਾਂਡ ਦਾ ਦਖਲ ਬੰਦ ਕਰ ਦਿੱਤਾ ਗਿਆ। ਇਹ ਬਿਲ 1909 ਵਿਚ ਪਾਸ ਹੋਇਆ ਜਦੋਂ ਨਾਭਾ ਦੀ ਥਾਂ ਸਰ ਸੁੰਦਰ ਸਿੰਘ ਮਜੀਠੀਆ ਨੂੰ ਮਨੋਨੀਤ ਕੀਤਾ ਗਿਆ।

ਮਿੰਟੋ-ਮਾਰਲੇ ਰੀਫਾਰਮਸ, 1909

ਮਨੋਨੀਤ ਕਰਨ ਦੇ ਨਾਲ-ਨਾਲ ਲੈਜਿਸਲੇਟਿਵ ਬਾਡੀਆਂ (ਵਿਧਾਨਕ ਸਭਾਵਾਂ) ਵਿਚ ਪਹਿਲੀ ਵਾਰ ਚੋਣ ਅਸੂਲ ਲਾਗੂ ਕੀਤਾ ਗਿਆ ਜਿਸ ਦਾ ਆਧਾਰ ਉਹ ਸੁਧਾਰ ਸਨ ਜਿਹੜੇ ਗਵਰਨਰ ਜਨਰਲ ਅਤੇ ਸੈਕ੍ਰੇਟਰੀ ਆਫ ਸਟੇਟ ਦੇ ਸਾਂਝੇ ਨਾਂ 'ਮਿੰਟੋ-ਮਾਰਲੇ ਰੀਫਾਰਮਸ ਸਕੀਮ, 1909' ਹੇਠ ਲਾਗੂ ਕੀਤੇ ਗਏ। ਇਸ ਵੇਲੇ ਤਕ ਮੁਸਲਮਾਨ ਘੱਟ ਨਾਂਹ-ਨੁੱਕਰ ਕਰਨ ਵਾਲੇ ਮਿੰਟੋ ਨੂੰ (ਜਿਸ ਆਪਣੇ ਤੌਰ ਤੇ ਮਾਰਲੇ ਨੂੰ ਮਨਾਇਆ) ਰਾਜੀ ਕਰਨ ਵਿਚ ਸਫਲ ਹੋ ਗਏ ਕਿ ਮੁਸਲਮਾਨਾਂ ਦੀ ਠੀਕ ਨੁਮਾਇੰਦਗੀ (ਪ੍ਰਤੀਨਿਧਤਾ) ਦਾ ਉੱਤਮ ਰਾਹ ਵੱਖਰੀ ਚੋਣ ਦਾ ਸੀ, ਜਿਸ ਵਿਚ ਮੁਸਲਮਾਨ ਆਪਣਾ ਵੋਟ ਮੁਸਲਮਾਨ ਉਮੀਦਵਾਰ ਨੂੰ ਪਾਉਣਗੇ ਅਤੇ ਜਿਥੇ ਹਿੰਦੂਆਂ ਦੀ ਆਬਾਦੀ ਭਾਰੀ ਗਿਣਤੀ ਵਿਚ ਹੋਵੇ, ਉਥੇ ਇਨ੍ਹਾਂ ਨੂੰ (ਪਾਸਕੂ ਪੂਰਾ ਕਰਨ ਲਈ) 'ਵੇਟੇਜ' ਦਿੱਤਾ ਜਾਵੇਗਾ। (ਯਾਦ ਰਹੇ ਮੁਸਲਿਮ ਲੀਗ ਦੀ ਸਥਾਪਨਾ 1914 ਵਿਚ ਹੋਈ ਸੀ।) ਚੀਫ ਖਾਲਸਾ ਦੀਵਾਨ ਨੇ ਸਿੱਖਾਂ ਲਈ ਵੀ ਅਜਿਹੀਆਂ ਰਿਆਇਤਾਂ ਦੀ ਮੰਗ ਕੀਤੀ। ਲੈਫਟੀਨੈਂਟ ਗਵਰਨਰ ਨੇ ਦੀਵਾਨ ਦੀ ਹਮਾਇਤ ਕੀਤੀ ਅਤੇ ਵਾਇਸਰਾਏ ਨੂੰ ਲਿਖਿਆ, "ਪੰਜਾਬ ਵਿਚ ਸਿੱਖ ਕੌਮ ਬਹੁਤ ਮਹੱਤਤਾ ਰੱਖਦੀ ਹੈ ਅਤੇ ਇਸ ਗੱਲ ਦੀ ਵਿਚਾਰ ਕੀਤੀ ਜਾਵੇ ਕਿ ਕਿਹੜੇ ਸਾਧਨ ਜ਼ਰੂਰੀ ਹਨ, ਜਿਨ੍ਹਾਂ ਅਨੁਸਾਰ ਇਨ੍ਹਾਂ ਦੀ ਯੋਗ ਪ੍ਰਤੀਨਿਧਤਾ ਯਕੀਨੀ ਹੋਵੇ।"

ਪਰ ਚੀਫ ਖਾਲਸਾ ਦੀਵਾਨ ਦੀ ਪ੍ਰਤੀਨਿਧਤਾ ਅਤੇ ਲੈਫਟੀਨੈਂਟ ਗਵਰਨਰ ਦੀਆਂ ਸਿਫਾਰਸ਼ਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਮਿੰਟੋ-ਮਾਰਲੇ ਸਕੀਮ ਦੇ ਅਧੀਨ ਮੁਸਲਮਾਨਾਂ ਦਾ ਹੱਕ ਵੱਖਰੀ ਪ੍ਰਤੀਨਿਧਤ ਅਤੇ 'ਵੇਟੇਜ' ਲਈ ਕੇਂਦਰ ਅਤੇ ਘੱਟ-ਗਿਣਤੀ ਵਾਲੇ ਸੂਬਿਆਂ ਵਿਚ ਸਵੀਕਾਰ ਕਰ ਲਿਆ ਗਿਆ। ਪਰ ਪੰਜਾਬ ਵਿਚ ਅਜਿਹੇ ਅਧਿਕਾਰ ਨਾ ਹਿੰਦੂਆਂ ਨੂੰ ਅਤੇ ਨਾ ਹੀ ਸਿੱਖਾਂ ਨੂੰ ਦਿੱਤੇ ਗਏ। ਸਿੱਟੇ ਵਜੋਂ ਆਉਣ ਵਾਲੀਆਂ ਚੋਣਾਂ ਵਿਚ ਸਿੱਖਾਂ ਨੂੰ ਮੁਸਲਮਾਨਾਂ ਜਾਂ ਹਿੰਦੂਆਂ ਦੇ ਪਿੱਛੇ ਪਾ ਦਿੱਤਾ ਗਿਆ ਅਤੇ ਸਿੱਖਾਂ ਦਾ ਕੋਟਾ (ਨਿਰਧਾਰਿਤ ਗਿਣਤੀ) ਪੂਰਾ ਕਰਨ ਲਈ ਲੈਫਟੀਨੈਂਟ ਗਵਰਨਰ ਨੇ ਨਾਮਜ਼ਦਗੀਆਂ ਕੀਤੀਆਂ।

ਲਖਨਊ ਪੈਕਟ, ਮਾੱਨਟੇਗੂ ਚੈਮਸਫੋਰਡ ਰੀਫਾਰਮਸ ਅਤੇ ਗੌਰਮਿੰਟ ਆਫ ਇੰਡੀਆ ਐਕਟ 1919

ਸੰਵਿਧਾਨਕ ਸੁਧਾਰਾਂ ਦੀ ਅਗਲੀ ਸਕੀਮ ਉਸ ਵੇਲੇ ਸੋਚੀ ਗਈ ਜਦੋਂ ਪਹਿਲੀ ਵਿਸ਼ਵ ਜੰਗ ਦੀ ਜਿੱਤ-ਹਾਰ ਬਾਰੇ ਕੁਝ ਪੱਕਾ ਨਿਸ਼ਚਾ ਨਹੀਂ ਸੀ। ਉਸ ਵੇਲੇ ਸਿੱਖਾਂ ਦਾ ਸਾਰਾ ਧਿਆਨ ਜੰਗ ਦੀ ਕਿਸਮਤ ਅਤੇ ਮੈਸੋਪੋਟੇਮੀਆ ਕਮਿਸ਼ਨ ਵੱਲ ਸੀ (ਇਹ ਉਸ

ਜਾਂਚ-ਪੜਤਾਲ ਸੰਬੰਧੀ ਸੀ ਜਿਸ ਵਿਚ ਭਾਰਤੀਆਂ—ਜਿਨ੍ਹਾਂ ਵਿਚ ਲਗਭਗ ਸਿੱਖ ਸਨ, ਦੀ ਮੁਹਿੰਮ-ਬਾਜ਼ੀ ਬਲ ਨੂੰ ਦਿੱਤੀਆਂ ਡਾਕਟਰੀ ਅਤੇ ਹੋਰ ਸਹੂਲਤਾਂ ਵਿਗੜ ਗਈਆਂ ਸਨ)। ਇਸ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਲੀਗ ਦੇ ਪ੍ਰਤੀਨਿਧੀਆਂ ਨੇ ਲਖਨਊ ਵਿਖੇ ਇਕੱਤਰਤਾ ਕੀਤੀ ਜਿਸ ਵਿਚ ਇਕ ਸਮਝੌਤਾ ਕੀਤਾ ਗਿਆ ਜਿਸ ਅਨੁਸਾਰ ਮੁਸਲਮਾਨਾਂ ਲਈ ਘੱਟ-ਗਿਣਤੀ ਵਾਲੇ ਸੱਤਾਂ ਸੂਬਿਆਂ ਵਿਚ ਵੱਖਰੇ ਵੋਟਰਾਂ ਦੀ ਮੰਗ ਸਵੀਕਾਰ ਕਰ ਲਈ, ਪੰਜਾਬ ਵਿਚ ਚੋਣ ਵਾਲੀਆਂ ਅੱਧੀਆਂ ਸੀਟਾਂ ਦਿੱਤੀਆਂ ਗਈਆਂ, ਕੇਂਦਰੀ ਲੈਜਿਸਲੇਚਰ ਵਿਚ ਚੁਣਵੀਆਂ ਸੀਟਾਂ ਦਾ ਤੀਜਾ ਹਿੱਸਾ (ਇਹ ਚੋਣ ਮੁਸਲਮਾਨ ਵੋਟਰਾਂ ਨੇ ਹੀ ਕਰਨੀ ਸੀ)। ਇਸ ਸਮਝੌਤੇ ਬਾਰੇ ਵਿਚਾਰ ਕਰਨ ਵੇਲੇ ਕਿਸੇ ਸਿੱਖ ਨੂੰ ਨਹੀਂ ਬੁਲਾਇਆ ਗਿਆ ਅਤੇ ਨਾ ਹੀ ਸਿੱਖ ਦ੍ਰਿਸ਼ਟੀਕੋਣ ਵੱਲ ਕੋਈ ਧਿਆਨ ਦਿੱਤਾ ਗਿਆ। ਲਖਨਊ ਪੈਕਟ, 1916 ਦੇ ਆਧਾਰ ਤੋਂ ਹੋਣ ਵਾਲੀ ਕਿਸੇ ਰਾਜਨੀਤਕ ਤਬਦੀਲੀ ਨੂੰ ਰੋਕਣ ਲਈ ਚੀਫ਼ ਖਾਲਸਾ ਦੀਵਾਨ ਨੇ ਇਕ ਯਾਦ-ਪੱਤਰ ਲੈਫ਼ਟੀਨੈਂਟ ਗਵਰਨਰ ਨੂੰ ਲਿਖਿਆ ਜਿਸ ਵਿਚ ਕਿਹਾ ਗਿਆ ਸੀ ਕਿ ਉਹ "ਅਜਿਹੇ ਸੰਵਿਧਾਨ ਨੂੰ ਸਵੀਕਾਰ ਨਹੀਂ ਕਰਨਗੇ ਜਿਹੜਾ ਉਨ੍ਹਾਂ (ਸਿੱਖਾਂ) ਲਈ ਸੂਬਾਈ ਅਤੇ ਇੰਪੀਰੀਅਲ ਕੌਂਸਲਾਂ ਅਤੇ ਸ਼ਹਿਰੀ ਰਾਜ-ਪ੍ਰਬੰਧ ਵਿਚ ਯੋਗ ਭਾਗੀਦਾਰੀ ਦੀ ਗਾਰੰਟੀ ਨਹੀਂ ਦੇਵੇਗਾ ਅਤੇ ਪੰਜਾਬ ਦੇ ਅਲਹਾਕ ਤੋਂ ਪਹਿਲਾਂ ਦੇ ਉਨ੍ਹਾਂ ਦੇ ਸੱਤਾ-ਪੱਧਰ ਨੂੰ ਧਿਅਨ ਵਿਚ ਰੱਖੇਗਾ ਅਤੇ (ਅੰਗਰੇਜ਼) ਹਕੂਮਤ ਲਈ ਉਨ੍ਹਾਂ ਦੀਆਂ ਪੁਰਾਣੀਆਂ ਅਤੇ ਵਰਤਮਾਨ ਸੇਵਾਵਾਂ ਵੱਲ ਧਿਆਨ ਦੇਵੇਗਾ। ਇਸ ਲਿਹਾਜ਼ ਨਾਲ ਕਿ ਇਹ ਪ੍ਰਤੀਨਿਧਤਾ ਉਚਿਤ, ਅਸਰਦਾਇਕ ਅਤੇ ਉਨ੍ਹਾਂ ਦੀ ਪੋਜ਼ੀਸ਼ਨ ਅਤੇ ਮਹੱਤਤਾ ਦੇ ਅਨੁਕੂਲ ਹੋਵੇ। ਸਿੱਖਾਂ ਨੇ ਆਪਣੇ ਯੋਗ ਅਧਿਕਾਰ ਵਜੋਂ ਪੰਜਾਬ ਦੀਆਂ ਸੀਟਾਂ ਅਤੇ ਨਿਯੁਕਤੀਆਂ ਵਿਚ ਤੀਜੇ ਹਿੱਸੇ ਦੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਕਿ "ਵਾਇਸਰਾਏ ਅਤੇ ਸੈਕ੍ਰੇਟਰੀ ਆਫ਼ ਸਟੇਟ ਦੀ ਕੌਂਸਲ ਵਿਚ ਉਨ੍ਹਾਂ ਦਾ ਭਾਗ ਉਚਿਤ ਹੋਵੇ ਅਤੇ ਅਜਿਹੇ ਰੂਪ ਦੇ ਅਸੂਲਾਂ ਤੇ ਕਾਇਮ ਕੀਤਾ ਜਾਵੇ।"

ਅਗਸਤ 1917 ਵਿਚ, ਸੈਕ੍ਰੇਟਰੀ ਆਫ਼ ਸਟੇਟ ਮਿਸਟਰ ਮੌਨਟੇਗੂ ਨੇ ਅਤਿ ਮਹੱਤਵ-ਪੂਰਨ ਘੋਸ਼ਣਾ ਕੀਤੀ ਕਿ ਬਰਤਾਨੀਆਂ ਦੀ ਨੀਤੀ ਦਾ ਮੁੱਖ ਉਦੇਸ਼ ਇਹ ਹੈ ਕਿ "ਰਾਜ ਸਰਕਾਰ ਦੀ ਹਰ ਸ਼ਾਖਾ ਵਿਚ ਭਾਰਤੀਆਂ ਦੀ ਸਾਂਝ ਵਧਾਈ ਜਾਵੇ" ਅਤੇ "ਹੌਲੀ-ਹੌਲੀ ਖ਼ੁਦਮੁਖਤਾਰੀ ਦੀਆ ਸੰਸਥਾਵਾਂ ਨੂੰ ਵਿਕਸਿਤ ਕੀਤਾ ਜਾਵੇ। ਜਿਸ ਦਾ ਉਦੇਸ਼ ਇਹ ਹੋਵੇਗਾ ਕਿ ਜਲਦੀ ਹੀ ਜ਼ਿੰਮੇਵਾਰ ਹਕੂਮਤ ਦਾ ਕਾਰਜ ਪੂਰਾ ਹੋ ਸਕੇ।" ਉਸੇ ਪਤਝੜ ਵਿਚ ਜਦੋਂ ਮਿਸਟਰ ਮੌਨਟੇਗੂ ਭਾਰਤ ਦੇ ਦੌਰੇ ਤੇ ਆਇਆ ਤਾਂ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਨੇ ਸਿੱਖਾਂ ਦਾ ਦ੍ਰਿਸ਼ਟੀਕੋਣ ਉਸ ਦੇ ਸਾਹਮਣੇ ਪੇਸ਼ ਕੀਤਾ। ਸਿੱਖਾਂ ਦਾ ਇਕ ਡੈਪੂ-ਟੇਸ਼ਨ ਵਾਇਸਰਾਏ ਪਾਸ ਵੀ ਗਿਆ (ਨਵੰਬਰ 22, 1917) ਅਤੇ ਉਸ ਨੇ ਆਪਣੀਆਂ ਜੰਗ ਦੀਆਂ ਸੇਵਾਵਾਂ ਦੇ ਆਧਾਰ ਤੇ ਪੰਜਾਬ ਅੰਦਰ ਤੀਜੇ ਹਿੱਸੇ ਦੀ ਪ੍ਰਤੀਨਿਧਤਾ ਦੇ ਦਾਅਵੇ ਤੇ ਬਲ ਦਿੱਤਾ।

ਮਾਨਟੇਗੂ-ਚੈਮਸਫੋਰਡ ਰਿਪੋਰਟ 1918 ਦੀ ਬਸੰਤ ਨੂੰ ਜਾਰੀ ਹੋਈ, ਜਿਸ ਵਿਚ ਸਿੱਖਾਂ ਨੂੰ ਮੁੜ ਯਕੀਨ ਦੁਆਇਆ ਗਿਆ। ਇਸ ਦੇ ਲਿਖਣਹਾਰੇ ਮੁਸਲਮਾਨਾਂ ਲਈ ਸਵੀਕਾਰ ਕੀਤੇ ਗਏ ਵੱਖਰੇ ਪ੍ਰਤੀਨਿਧਤਾ ਦੇ ਅਸੂਲਾਂ ਨਾਲ ਸਹਿਮਤ ਨਹੀਂ ਸਨ ਅਤੇ ਉਨ੍ਹਾਂ ਸ਼ੋਕ ਪ੍ਰਗਟ ਕੀਤਾ ਕਿ ਉਸ ਨੂੰ ਤਬਦੀਲ ਨਹੀਂ ਕੀਤਾ ਜਾ ਸਕਦਾ ਸੀ। ਪਰ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਜੋ ਕੁਝ ਮੁਸਲਮਾਨਾਂ ਨੂੰ ਦਿੱਤਾ ਗਿਆ ਹੈ ਉਹ ਕੁਝ ਸੱਚਾਈ ਦੇ ਤੌਰ ਤੇ ਸਿੱਖਾਂ ਨੂੰ ਦੇਣ ਤੋਂ ਇਨਕਾਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਲਿਖਿਆ : "ਪੰਜਾਬ ਵਿਚ ਸਿੱਖ ਵਿਲੱਖਣ ਅਤੇ

ਮਹੱਤਵਪੂਰਨ ਲੋਕ ਹਨ, ਭਾਰਤੀ ਫ਼ੌਜ ਲਈ ਉਹ ਸੂਰਮੇ, ਸਿਰਲੱਥ ਅਤੇ ਅਮੁੱਲਾ ਅਨਸਰ ਦਿੰਦੇ ਹਨ। ਪਰ ਉਨ੍ਹਾ ਦੀ ਹਰ ਥਾਂ ਘੱਟ-ਗਿਣਤੀ ਹੈ ਅਤੇ ਤਜਰਬੇ ਨੇ ਇਹ ਦਰਸਾਇਆ ਹੈ ਕਿ ਉਹ ਪ੍ਰਤੀਨਿਧਤਾ-ਰਹਿਤ ਰਹਿ ਜਾਂਦੇ ਹਨ। ਇਸ ਲਈ ਅਸੀਂ ਸਿੱਖਾਂ ਲਈ ਕੇਵਲ ਇਨ੍ਹਾਂ ਲਈ ਹੀ ਉਹ ਸਿਸਟਮ ਤਜਵੀਜ਼ ਕਰਦੇ ਹਾਂ ਜਿਹੜਾ ਮੁਸਲਮਾਨਾਂ ਵਾਸਤੇ ਅਪਣਾਇਆ ਗਿਆ ਹੈ।"

ਚੀਫ਼ ਖਾਲਸਾ ਦੀਵਾਨ ਨੇ ਇਸ ਦੀ ਸ਼ਲਾਘਾ ਕੀਤੀ ਅਤੇ ਆਪਣੇ ਮਤੇ ਅੰਦਰ ਇਨ੍ਹਾਂ ਸ਼ਬਦਾਂ ਦਾ ਵਾਧਾ ਕੀਤਾ : "ਕੋਈ ਘੱਟ-ਗਿਣਤੀ ਕੌਮ ਨਿਰੋਲ ਗਿਣਤੀ ਦੇ ਆਧਾਰ ਤੇ, ਕਿਸੇ ਬਹੁ-ਗਿਣਤੀ ਵੋਟ ਦੇ ਆਏ ਹੜ੍ਹ ਵਿਚ ਰੁੜ੍ਹਨਾ ਨਹੀਂ ਚਾਹੇਗੀ।"

ਮਾਨਟੇਗੂ-ਚੈਮਸਫੋਰਡ ਤਜਵੀਜ਼ਾਂ ਬਾਰੇ ਬਹਿਸ ਪੰਜਾਬ ਲੈਜਿਸਲੇਟਿਵ ਕੌਂਸਲ ਦੀ ਸਾਂਝੀ ਕਮੇਟੀ ਵਿਚ ਹੋਈ। ਮੀਆਂ ਫ਼ਜ਼ਲ ਹੁਸੈਨ ਨੇ ਕੋਸ਼ਿਸ਼ ਕੀਤੀ ਕਿ ਇਕ ਮਤਾ ਪਾਸ ਕਰਵਾਏ ਕਿ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਮੁਸਲਮਾਨਾਂ ਦਾ ਹਿੱਸਾ ਲਖਨਊ ਪੈਕਟ ਦੇ ਆਧਾਰ ਤੇ ਹੋਣਾ ਚਾਹੀਦਾ ਹੈ। ਸਰਦਾਰ ਗੱਜਣ ਸਿੰਘ ਨੇ ਤਜਵੀਜ਼ ਰੱਖੀ ਕਿ ਮਤੇ ਵਿਚ "ਸਿੱਖਾਂ ਦੇ ਉਚਿਤ ਹੱਕਾਂ ਦਾ ਧਿਆਨ ਰਖਦੇ ਹੋਏ" ਸ਼ਬਦਾਂ ਦਾ ਵਾਧਾ ਕੀਤਾ ਜਾਵੇ।

ਸਰਦਾਰ ਗੱਜਣ ਸਿੰਘ ਨੇ ਇਹ ਵੀ ਸਪੱਸ਼ਟ ਕੀਤਾ ਕਿ "ਸਿੱਖਾਂ ਦੇ ਉਚਿਤ ਅਧਿਕਾਰ ਤੋਂ ਕੀ ਭਾਵ ਹੈ ?" ਉਨ੍ਹਾਂ ਕਿਹਾ, "1911 ਦੀ ਮਰਦਮਸ਼ੁਮਾਰੀ ਅਨੁਸਾਰ ਸਿੱਖ ਪੰਜਾਬ ਦੀ ਕੁਲ ਆਬਾਦੀ ਦਾ 12 ਪ੍ਰਤੀਸਤ ਹਨ (24,187,750 ਦੀ ਵੱਸੋਂ ਵਿਚ 2,883,729)। ਪਰ ਦੇਸ਼ ਅੰਦਰ ਉਨ੍ਹਾਂ ਦਾ ਪੱਧਰ ਮਹੱਤਤਾ ਅਤੇ ਫ਼ੌਜ ਵਿਚ ਉਨ੍ਹਾਂ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਜਿਹੀ ਮਿਸਾਲ ਦੇਸ਼ ਦੇ ਹੋਰ ਕਿਸੇ ਕੌਮ ਵਿਚ ਨਹੀਂ ਮਿਲਦੀ। ਭਾਰਤੀ ਫ਼ੌਜ ਵਿਚ ਸਾਡੀ ਸ਼ਕਤੀ 20 ਪ੍ਰਤੀਸ਼ਤ ਹੈ ਅਤੇ ਪੰਜਾਬ, ਵਿਚ ਯੂਨਿਟਾਂ ਲਈ ਰੰਗਰੂਟਾਂ ਦੀ ਭਰਤੀ ਭਾਰਤੀ ਕੌਮਾਂ ਦੇ ਹਿਸਾਬ ਨਾਲ 60 ਪ੍ਰਤੀਸ਼ਤ ਹੈ। ਸਾਰੀ ਮਨੁੱਖੀ ਸ਼ੌਤਾ ਵਿਚ ਸਾਡਾ ਤੀਜਾ ਹਿੱਸਾ ਯੋਗਦਾਨ ਹੈ। ਵਰਤਮਾਨ ਜੰਗ ਵਿਚ ਭਾਰਤੀ ਫ਼ੌਜ ਲਈ ਐਲਾਨ ਕੀਤੇ ਐਵਾਰਡਾਂ ਵਿਚ ਸਾਡੀ ਕੌਮ ਨੇ ਤੀਜਾ ਹਿੱਸਾ ਨਾਮਣਾ ਖੱਟਿਆ ਹੈ। ਭਾਰਤੀ ਫ਼ੌਜ ਦੀ ਲੜਾਕੂ ਸ਼ਕਤੀ ਬਰਕਰਾਰ ਰੱਖਣ ਲਈ ਵੀ ਭਾਰੀ ਗਿਣਤੀ ਵਿਚ ਸਾਡੇ ਪਾਸ ਰੰਗਰੂਟ ਹਨ। ਸਾਡੀ ਇਹ ਆਦਤ ਨਹੀਂ ਕਿ ਅਸੀਂ ਸਰਕਾਰ ਪਾਸੋਂ ਆਪਣੇ ਲਈ ਰਿਆਇਤਾਂ ਮੰਗੀਏ। ਸ਼ਾਇਦ ਇਹੋ ਹੀ ਕਾਰਨ ਹੈ ਕਿ ਹੁਣ ਤਕ ਰਾਜ-ਪ੍ਰਬੰਧ ਵਿਚ ਕੋਈ ਸੁਧਾਰ ਅਤੇ ਵਿਕਾਸ ਦੀਆਂ ਸਕੀਮਾਂ ਵਿਚ ਬਾਕੀਆਂ ਦੇ ਮੁਕਾਬਲੇ ਵਿਚ ਸਿੱਖਾਂ ਨੇ ਵਧੇਰੇ ਬਰਦਾਸ਼ਤ ਕੀਤਾ ਹੈ।"

ਕਿਸੇ ਨੂੰ ਹਾਨੀ ਨਾ ਪਹੁੰਚਾਉਣ ਵਾਲੀ ਇਸ ਤਰਮੀਮ (ਸੋਧ) ਦੀ ਭਰਵੀਂ ਵਿਰੋਧਤਾ ਮੁਸਲਮਾਨ ਅਤੇ ਹਿੰਦੂ ਮੈਂਬਰਾਂ ਨੇ ਕੀਤੀ। ਚੇਅਰਮੈਨ ਨੇ ਉਨ੍ਹਾਂ ਦਾ ਧਿਆਨ ਉਸ ਅਨਿਆਂ ਵੱਲ ਦੁਆਇਆ ਜਿਹੜਾ ਉਹ ਸਿੱਖਾਂ ਨਾਲ ਕਰ ਰਹੇ ਸਨ। ਉਨ੍ਹਾਂ ਕਿਹਾ, "ਤੁਸੀਂ ਉਨ੍ਹਾਂ ਨੂੰ ਸਹੀ ਸਾਬਤ ਕਰ ਦਿੱਤਾ ਹੈ, ਜਿਹੜੇ ਇਹ ਕਹਿੰਦੇ ਹਨ ਕਿ ਭਾਰਤੀ ਆਪਣੇ ਮਾਮਲਿਆਂ ਦਾ ਆਪ ਪ੍ਰਬੰਧ ਕਰਨ ਦੇ ਯੋਗ ਨਹੀਂ ਹਨ ਕਿਉਂਕਿ ਉਹ ਫ਼ਿਰਕਿਆਂ ਨਾਲ ਸੰਬੰਧਤ ਮਸਲਿਆਂ ਨੂੰ ਤੁਅੱਸਬ ਦੀ ਭਾਵਨਾ ਤੋਂ ਬਿਨਾਂ ਵਿਚਾਰ ਨਹੀਂ ਕਰ ਸਕਦੇ। ਇਹ ਉੱਕਾ ਹੀ ਸਪੱਸ਼ਟ ਹੈ ਕਿ ਜੇਕਰ ਸਰਦਾਰ ਗੱਜਣ ਸਿੰਘ ਦੀ ਇਹ ਸੋਧ ਕੌਂਸਲ ਅੱਗੇ ਰੱਖੀ ਗਈ ਤਾਂ ਇਹ ਜ਼ਰੂਰ ਹੀ ਰੱਦ ਕਰ ਦਿੱਤੀ ਜਾਵੇਗੀ ਕਿਉਂਕਿ ਉਸ ਵਿਚ ਸਿੱਖ ਕੇਵਲ ਦੋ ਹੀ ਹਨ। ਤਾਂ ਵੀ ਇਹ ਸਪੱਸ਼ਟ ਹੈ ਕਿ ਇਸ ਦਾ ਰੂਪ ਭਾਵੇਂ ਕੁਝ ਵੀ ਹੋਵੇ ਪਰ ਵਿਸ਼ੇ ਪੱਖੋਂ ਅਤੇ ਭਾਵਨਾ ਵਜੋਂ ਇਹ ਦਾਅਵਾ ਬਹੁਤ ਸੁੱਚਾ ਅਤੇ ਯੋਗ ਹੈ।"

ਸੋਧ ਲਈ ਵੋਟਾਂ ਪਾਈਆਂ ਗਈਆਂ ਅਤੇ ਜਿਵੇਂ ਕਿ ਸਪੱਸ਼ਟ ਹੀ ਸੀ ਇਹ ਛੇ ਦੇ ਮੁਕਾਬਲੇ ਦੇ ਵੋਟਾਂ ਨਾਲ ਰੱਦ ਹੋ ਗਈ। ਸਰਦਾਰ ਗੱਜਨ ਸਿੰਘ ਨੇ ਅੱਗੋਂ ਇਹ ਮਤਾ ਪੇਸ਼ ਕੀਤਾ ਕਿ ਕੌਂਸਲ ਦੀਆਂ ਇਕ ਤਿਹਾਈ ਸੀਟਾਂ ਸਿੱਖਾਂ ਲਈ ਰਾਖਵੀਆਂ ਕੀਤੀਆਂ ਜਾਣ। ਇਸ ਮਤੇ ਦਾ ਹਸ਼ਰ ਵੀ ਉਹੋ ਹੀ ਹੋਇਆ। ਹਿੰਦੂ-ਮੁਸਲਿਮ ਗੁੱਟ ਨੇ ਸਿੱਖਾਂ ਦੇ ਵਿਰੁੱਧ ਵੋਟ ਪਾਏ। ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿਚ ਸਰ ਸੁੰਦਰ ਸਿੰਘ ਮਜੀਠੀਆ ਵੀ ਕੁਝ ਨਾ ਸੰਵਾਰ ਸਕਿਆ। ਸਿੱਖਾਂ ਦੀ ਆਵਾਜ਼ ਗ਼ੈਰ-ਸਰਕਾਰੀ ਹਿੰਦੂਆਂ ਅਤੇ ਮੁਸਲਮਾਨਾਂ ਨੇ ਅਣਸੁਣੀ ਕਰ ਦਿੱਤੀ।

ਚੀਫ਼ ਖ਼ਾਲਸਾ ਦੀਵਾਨ ਸਿੱਖ ਹੱਕਾਂ ਦੀ ਮੰਗ ਲਈ ਲੜਦਾ ਰਿਹਾ। ਇਸ ਨੂੰ ਜੇਕਰ ਇਸ ਜੱਦੋਜਹਿਦ ਵਿਚ ਕੋਈ ਹਮਾਇਤ ਮਿਲੀ, ਤਾਂ ਪੰਜਾਬ ਸਰਕਾਰ ਪਾਸੋਂ, ਜਿਸ ਫ਼ਰੈਂਚਾਈਜ਼ (ਮਤ ਅਧਿਕਾਰ) ਕਮੇਟੀ ਨੂੰ ਇਹ ਸ਼ਬਦ ਲਿਖੇ, "ਇਨ੍ਹਾਂ (ਸਿੱਖਾਂ) ਦੀ ਸੂਬੇ ਅੰਦਰ ਵਕਾਰ ਦੀ ਪੋਜ਼ੀਸ਼ਨ, ਜਿਹੜੀ ਕੁਝ ਇਤਿਹਾਸਕ ਅਤੇ ਰਾਜਸੀ ਪੱਖਾਂ ਕਾਰਨ ਹੈ, ਕੁਝ ਫ਼ੌਜੀ ਸ਼ਾਨ ਸਦਕਾ ਹੈ ਅਤੇ ਕੁਝ ਉਨ੍ਹਾਂ ਦਾ ਉੱਚੇ ਵਿਦਿਅਕ ਅਤੇ ਆਰਥਿਕ ਮਹੱਤਤਾ ਕਾਰਨ ਹੈ ਜਿਹੜੀ ਕੇਂਦਰ ਅਤੇ ਕਾਲੋਨੀ ਜ਼ਿਲ੍ਹਿਆਂ ਵਿਚ ਉਨ੍ਹਾਂ ਨੂੰ ਪ੍ਰਾਪਤ ਹੈ, ਦੇ ਸਦਕਾ ਉਹ ਬਹੁਤ ਜ਼ਿਆਦਾ ਪ੍ਰਤੀਨਿਧਤਾ ਦੇ ਹੱਕਦਾਰ ਹਨ ਜਿਸ ਨੂੰ ਕੇਵਲ ਗਿਣਤੀ ਨਾਲ ਨਹੀਂ ਨਾਪਿਆ-ਤੋਲਿਆ ਜਾਣਾ ਚਾਹੀਦਾ। ਹੁਣ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਫ਼ੌਜ ਵਿਚ ਸਿੱਖਾਂ ਦੀ ਵਰਤਮਾਨ ਸੰਖਿਆ 80,000 ਤੋਂ ਵੱਧ ਹੈ ਅਤੇ ਇਹ ਭਾਗ ਹੋਰ ਕੌਮਾਂ ਨਾਲੋਂ ਕਿਤੇ ਵੱਧ ਹੈ। ਇਸ ਦੇ ਨਾਲ ਹੀ ਜੋ ਭੂਮੀ ਦਾ ਮਾਲੀਆ ਉਹ ਤਾਰਦੇ ਹਨ ਅਤੇ ਜੋ ਨਹਿਰਾਂ ਲਈ ਖ਼ਰਚ ਦਿੰਦੇ ਹਨ, ਉਹ ਇਨ੍ਹਾਂ ਦੀ ਸੰਖਿਆ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਹੈ।

ਪੰਜਾਬ ਸਰਕਾਰ ਦੀ ਲਿਖਤ ਵਿਚ ਇਸ ਗੱਲ ਵੱਲ ਵੀ ਧਿਆਨ ਖਿੱਚਿਆ ਗਿਆ ਕਿ ਸਿੱਖਾਂ ਵਿਚ ਵੋਟ ਦੇਣ ਵਾਲਿਆਂ ਦੀ ਸੰਖਿਆ ਵੀ ਬਹੁਤ ਜ਼ਿਆਦਾ ਹੈ ਅਤੇ ਉਨ੍ਹਾਂ ਸੁਝਾਅ ਪੇਸ਼ ਕੀਤਾ ਕਿ ਉਨ੍ਹਾਂ ਨੂੰ ਗ਼ੈਰ-ਸਰਕਾਰੀ 26 ਸੀਟਾਂ ਵਿਚੋਂ 5 ਦੇਣੀਆਂ ਚਾਹੀਦੀਆਂ ਹਨ। ਜਿਸ ਦਾ ਭਾਵ ਸੀ 19 ਪ੍ਰਤੀਸ਼ਤ ਪ੍ਰਤੀਨਿਧਤਾ। ਫ਼ਰੈਂਚਾਈਜ਼ ਕਮੇਟੀ ਨੇ ਇਸ ਤਜਵੀਜ਼ ਨੂੰ ਅੱਖੋਂ ਓਹਲੇ ਕਰ ਦਿੱਤਾ ਅਤੇ ਕੇਵਲ ਇਹ ਪਰਵਾਨ ਕੀਤਾ : "ਇਕ ਵੱਖਰੀ ਮਤ-ਦਾਤਾ ਸੂਚੀ ਅਤੇ ਸਿੱਖਾਂ ਲਈ ਵੱਖਰੇ ਚੋਣ ਹਲਕੇ।"

ਕਮੇਟੀ ਨੇ ਇਹ ਸਿਫ਼ਾਰਸ਼ ਕੀਤੀ ਕਿ ਸਿੱਖਾਂ ਨੂੰ ਗ਼ੈਰ-ਸਰਕਾਰੀ 54 ਸੀਟਾਂ ਵਿਚੋਂ 8 ਦਿੱਤੀਆਂ ਜਾਣ (15 ਪ੍ਰਤੀਸ਼ਤ)। ਚੀਫ਼ ਖ਼ਾਲਸਾ ਦੀਵਾਨ ਨੇ ਫ਼ਰੈਂਚਾਈਜ਼ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ "ਅਹਿਮ ਅਤੇ ਗੰਭੀਰ ਖ਼ਤਰੇ ਦੇ ਭਾਵ" ਪ੍ਰਗਟ ਕੀਤੇ।

ਗੌਰਮਿੰਟ ਆਫ਼ ਇੰਡੀਆ ਐਕਟ 1919 ਨੇ ਸਿੱਖਾਂ ਨੂੰ 33 ਪ੍ਰਤੀਸ਼ਤ ਦਾ ਹੱਕ ਨਹੀਂ ਦਿੱਤਾ ਜਿਸ ਦੀ ਆਸ ਉਨ੍ਹਾਂ (ਸਿੱਖਾਂ) ਆਪਣੀਆਂ ਸੇਵਾਵਾਂ ਅਤੇ ਪੰਜਾਬ ਵਿਚ ਵਿਖਾਈ ਗਈ ਆਰਥਿਕ ਉੱਨਤੀ ਦੇ ਇਨਾਮ ਵਜੋਂ ਪ੍ਰਾਪਤ ਹੋਣ ਦੀ ਕੀਤੀ ਸੀ। ਅਸਲ ਵਿਚ ਇਨ੍ਹਾਂ ਨੂੰ ਪੰਜਾਬ ਵਿਚ ਘੱਟ ਰਿਆਇਤ ਮਿਲੀ ਜਦਕਿ ਹੋਰ ਸੂਬਿਆਂ ਵਿਚ ਮੁਸਲਮਾਨਾਂ ਨੂੰ ਵੱਧ ਪ੍ਰਾਪਤ ਹੋਈ ਜਿਥੇ ਉਹ ਘੱਟ-ਗਿਣਤੀ ਵਿਚ ਸਨ। ਅੰਕੜੇ ਇਸ ਪ੍ਰਕਾਰ ਸਨ : ਸਿੱਖਾਂ ਦੀ ਪੰਜਾਬ ਵਿਚ ਆਬਾਦੀ 12 ਪ੍ਰਤੀਸ਼ਤ ਸੀ, ਪਰ ਪ੍ਰਤੀਨਿਧਤਾ 18 ਪ੍ਰਤੀਸ਼ਤ ਮਿਲੀ। ਬਿਹਾਰ ਅਤੇ ਉੜੀਸਾ ਵਿਚ ਮੁਸਲਮਾਨਾਂ ਦੀ ਆਬਾਦੀ 11 ਪ੍ਰਤੀਸ਼ਤ ਸੀ ਪਰ ਉਨ੍ਹਾਂ ਨੂੰ 25 ਪ੍ਰਤੀਸ਼ਤ ਦੀ ਪ੍ਰਤੀਨਿਧਤਾ ਦਿੱਤੀ ਗਈ। ਨਵੇਂ ਸੰਵਿਧਾਨ ਅਨੁਸਾਰ ਪੰਜਾਬ ਲੈਜਿਸਲੇਟਿਵ ਕੌਂਸਲ ਦੇ 93 ਮੈਂਬਰਾਂ ਵਿਚ 15 ਮੈਂਬਰ ਸਨ, ਜਿਨ੍ਹਾਂ ਦੀ ਚੋਣ ਸਿੱਖ ਚੋਣ-ਹਲਕਿਆਂ ਤੋਂ ਹੋਣੀ ਸੀ। ਗਵਰਨਰ ਨੂੰ ਨਾਮਜ਼ਦ ਜਾਂ ਮਨੋਨੀਤ ਕਰਨ ਦੀ ਤਾਕਤ ਸੀ ਅਤੇ 1920 ਵਿਚ ਤਿੰਨ ਵਾਧੂ

ਸਿੱਖ ਮੈਂਬਰ ਪਰੀਸ਼ਦ ਵਿਚ ਮਨੋਨੀਤ ਕੀਤੇ ਗਏ। ਸੈਂਟਰਲ ਅਸੈਂਬਲੀ ਦੇ 145 ਮੈਂਬਰ ਸਨ ਜਿਨ੍ਹਾਂ ਵਿਚੋਂ ਤਿੰਨ ਸਿੱਖ ਹੋਣੇ ਸਨ। ਕੌਂਸਲ ਆਫ਼ ਸਟੇਟਸ ਦੇ 60 ਮੈਂਬਰ ਹੋਣੇ ਸਨ ਜਿਨ੍ਹਾ ਵਿਚੋਂ ਇਕ ਸਿੱਖ ਹੋਣਾ ਸੀ।

ਸੂਬਾਈ ਸਰਕਾਰਾਂ ਵਿਚ ਦੋ ਪ੍ਰਕਾਰ ਦੀ ਐਗਜ਼ੈਕਟਿਵ ਹੋਣੀ ਸੀ, ਇਕ ਮਨੋਨੀਤ ਹੋਏ ਮੈਂਬਰਾਂ ਦੀ ਜਿਨ੍ਹਾਂ 'ਰਾਖਵੇਂ ਵਿਸ਼ਿਆਂ' ਦਾ ਕਾਰਜ ਕਰਨਾ ਸੀ (ਜਿਵੇਂ ਕਿ ਅਮਨ-ਕਾਨੂੰਨ ਅਤੇ ਭੂਮੀ ਮਾਲੀਆ) ਅਤੇ ਦੂਜੀ ਵਿਚ ਚੁਣੇ ਹੋਏ ਮੈਂਬਰਾਂ ਵਿਚੋਂ ਹੋਣੇ ਸਨ ਜਿਸ ਦਾ ਅਧਿਕਾਰ 'ਸੌਂਪੇ ਵਿਸ਼ਿਆਂ' ਦਾ ਸੀ। ਦੋਹਾਂ ਐਗਜ਼ੈਕਟਿਵਾਂ ਦੀ ਪ੍ਰਧਾਨਗੀ ਗਵਰਨਰ ਨੇ ਕਰਨੀ ਸੀ। ਇਸ ਪ੍ਰਣਾਲੀ ਨੂੰ ਐਗਜ਼ੈਕਟਿਵ ਦੀ ਦੂਹਰੀ ਡਾਇਆਰਕੀ (ਦੋ-ਅਮਲੀ ਰਾਜ) ਦਾ ਨਾ ਦਿੱਤਾ ਗਿਆ।

ਚੀਫ਼ ਖਾਲਸਾ ਦੀਵਾਨ ਨੇ ਇਕ ਆਖ਼ਰੀ ਯਤਨ ਕੀਤਾ ਕਿ ਅੰਗਰੇਜ਼ ਗਵਰਨਰ ਨੂੰ ਆਪਣੇ ਫ਼ੈਸਲੇ ਨੂੰ ਸੋਧਣ ਲਈ ਪ੍ਰਭਾਵਿਤ ਕੀਤਾ ਜਾਵੇ। (ਇਹ ਉੱਦਮ ਉਨ੍ਹਾਂ ਨੂੰ ਛੇ ਮਹੀਨੇ ਪਹਿਲਾਂ ਕਰਨਾ ਉਚਿਤ ਸੀ।) ਚਾਰ ਸਿੱਖਾਂ ਦਾ ਇਕ ਡੈਲੀਗੇਸ਼ਨ ਲੰਦਨ ਪੁੱਜਾ, ਜਦੋਂ ਕਿ ਸਾਡੀ ਪਾਰਲੀਮਾਨੀ ਕਮੇਟੀ ਆਪਣੀ ਰਿਪੋਰਟ ਇਕ ਹਫ਼ਤਾ ਪਹਿਲਾਂ ਹੀ ਪੇਸ਼ ਕਰ ਚੁੱਕੀ ਸੀ।) ਇਹ ਸਨ : ਸਰਦਾਰ ਸ਼ਿਵਦੇਵ ਸਿੰਘ ਉਬਰਾਏ, ਸਰਦਾਰ ਸੋਹਨ ਸਿੰਘ, ਸਰਦਾਰ ਸੇਵਾ ਰਾਮ ਸਿੰਘ ਅਤੇ ਸਰਦਾਰ ਉੱਜਲ ਸਿੰਘ—ਅੰਤਲੇ ਨਾਂ ਵਾਲਾ ਸਿੱਖਾਂ ਦੇ ਸੰਵਿਧਾਨਕ ਹੱਕਾਂ ਦਾ ਬੁਲਾਰਾ ਹੋ ਗਿਆ। ਪਰ ਇਸ ਜਾਣਕਾਰੀ ਨਾਲ ਥੋੜ੍ਹੀ ਤਸੱਲੀ ਹੋਈ ਕਿ ਕਮੇਟੀ ਨੇ ਆਪਣੀ ਪਹਿਲਕਦਮੀ ਨਾਲ ਪੰਜਾਬ ਵਿਚ ਸਿੱਖਾਂ ਦੀ ਪ੍ਰਤੀਨਿਧਤਾ ਵਿਚ ਦੋ ਪ੍ਰਤੀਸ਼ਤ ਦਾ ਵਾਧਾ ਕਰ ਦਿੱਤਾ ਸੀ।

ਨਵੇਂ ਐਕਟ ਦੇ ਅਧੀਨ ਪਹਿਲੀ ਚੋਣ 1920 ਵਿਚ ਹੋਈ। ਗ਼ਦਰੀ ਬਾਬਿਆਂ ਨਾਲ ਕੀਤਾ ਸਲੂਕ, ਜੱਲ੍ਹਿਆਂਵਾਲਾ ਬਾਗ਼ ਦੀ ਅੰਧਾਧੁੰਦ ਖ਼ੂਨੀ ਹੋਲੀ ਅਤੇ ਮਾਰਸ਼ਲ-ਲਾਅ ਅਧਿਕਾਰੀਆਂ ਦੀ ਨਿਰਦਈ ਨੀਤੀ ਲੋਕਾਂ ਦੇ ਦਿਲਾਂ ਅੰਦਰ ਸੱਜਰੀ ਸੀ। ਨੈਸ਼ਨਲਿਸਟਾਂ ਨੇ ਚੋਣ ਦਾ ਬਾਈਕਾਟ ਕੀਤਾ। ਆਮ ਸਿੱਖ ਲੋਕਾਂ ਵਿਚ ਚੀਫ਼ ਖਾਲਸਾ ਦੀਵਾਨ ਦਾ ਵਕਾਰ ਘਟਣ ਲੱਗ ਪਿਆ। ਪਰ ਹੋਰ ਕੋਈ ਰਾਜਸੀ ਪਾਰਟੀ ਇਸ ਦੀ ਥਾਂ ਉੱਭਰੀ ਨਹੀਂ ਸੀ। ਸੀਮਿਤ ਚੋਣ-ਅਧਿਕਾਰੀ ਹੋਣ ਕਾਰਨ ਸਰਦੇ-ਪੁਜਦੇ ਲੋਕ ਹੀ ਵੋਟ ਦੇ ਸਕਦੇ ਸਨ ਅਤੇ ਉਹੋ ਹੀ ਚੋਣ ਲੜ ਸਕਦੇ ਸਨ। ਇਹ ਵਿਅਕਤੀ ਸੁਤੰਤਰ ਹੁੰਦੇ ਸਨ। (ਚੁਣੇ ਹੋਏ ਸਿੱਖਾਂ ਵਿਚੋਂ ਕੇਵਲ ਦੋ ਨੂੰ ਹੀ ਕੌਮ ਦੀ ਪੂਰੀ ਹਮਾਇਤ ਹਾਸਲ ਸੀ : ਸਰਦਾਰ ਮਹਿਤਾਬ ਸਿੰਘ, ਅਕਾਲੀ ਨੇਤਾ, ਜਿਸ ਨੂੰ ਲਾਹੌਰ ਤੋਂ ਚੁਣਿਆ ਗਿਆ ਸੀ ਅਤੇ ਉਹ ਕੌਂਸਲ ਦਾ ਡਿਪਟੀ ਪ੍ਰੈਜ਼ੀਡੈਂਟ ਬਣਿਆ ਅਤੇ ਦੂਜਾ ਸੀ ਸਰਦਾਰ ਦਸੌਂਧਾ ਸਿੰਘ, ਜਿਹੜਾ ਲੁਧਿਆਣੇ ਦਾ ਜੱਟ ਸੀ। ਇਹ ਦੋਵੇਂ ਵਕੀਲ ਸਨ।) ਲੈਫ਼ਟੀਨੈਂਟ ਗਵਰਨਰ ਨੇ ਤਿੰਨ ਹੋਰ ਸਿੱਖ ਮਨੋਨੀਤ ਕੀਤੇ ਜਿਨ੍ਹਾਂ ਵਿਚ ਸਰ ਸੁੰਦਰ ਸਿੰਘ ਮਜੀਠੀਆ ਸ਼ਾਮਲ ਸੀ ਅਤੇ ਉਹ ਚੀਫ਼ ਖਾਲਸਾ ਦੀਵਾਨ ਦਾ ਪ੍ਰਤੀਨਿਧ ਸੀ। ਮਜੀਠੀਆ ਨੂੰ ਗਵਰਨਰ ਦੀ ਐਗਜ਼ੈਕਟਿਵ ਕੌਂਸਲ ਦਾ ਮੈਂਬਰ ਮਨੋਨੀਤ ਕੀਤਾ ਗਿਆ ਅਤੇ ਉਸ ਨੂੰ ਮਾਲੀਏ ਦੇ ਮਾਮਲੇ ਸੌਂਪੇ ਗਏ। ਸੈਂਟਰਲ ਅਸੈਂਬਲੀ ਲਈ ਚੁਣੇ ਗਏ ਤਿੰਨ ਸਿੱਖ ਮੈਂਬਰਾਂ ਵਿਚੋਂ ਕਿਸੇ ਦਾ ਵੀ ਰਾਜਸੀ ਸੰਬੰਧ ਨਹੀਂ ਸੀ। ਕੌਂਸਲ ਆਫ਼ ਸਟੇਟਸ ਲਈ ਚੁਣਿਆ ਗਿਆ ਸਰ ਜੋਗਿੰਦਰਾ ਸਿੰਘ ਵੀ ਗ਼ੈਰ-ਪਾਰਟੀ ਵਿਅਕਤੀ ਸੀ (ਇਨ੍ਹਾਂ ਅੰਗਰੇਜ਼ੀ ਵਿਚ ਕਈ ਪੁਸਤਕਾਂ ਲਿਖੀਆਂ। ਕੁਝ ਸਿੱਖ ਧਰਮ ਸੰਬੰਧੀ ਸਨ ਅਤੇ ਦੋ ਨਾਵਲ ਸਨ—'ਕਮਲਾ' ਅਤੇ 'ਨੂਰਜਹਾਂ')।

1920 ਦੀਆ ਚੋਣਾਂ ਵਿਚ ਯੂਨੀਅਨਿਸਟ ਪਾਰਟੀ ਅੱਗੇ ਆਈ ਜਿਸ ਦੇ ਮੁਖੀ ਸਨ

ਮੀਆਂ ਫ਼ਜ਼ਲ-ਇ-ਹੁਸੈਨ ਅਤੇ ਚੌਧਰੀ ਛੋਟੂਰਾਮ। ਇਸ ਪਾਰਟੀ ਵਿਚ ਵਧੇਰੇ ਕਰਕੇ ਮੁਸਲਮਾਨ ਜਗੀਰਦਾਰ ਅਤੇ ਹਰਿਆਣਾ ਦੇ ਹਿੰਦੂ ਜਾਟ ਸਨ। ਇਹ ਲੋਕ ਅੰਗਰੇਜ਼ਾਂ ਦੇ ਵਫ਼ਾਦਾਰ ਸਨ ਅਤੇ ਸ਼ਹਿਰੀ ਹਿੰਦੂਆਂ ਅਤੇ ਸਿੱਖਾਂ ਨਾਲ ਨਫ਼ਰਤ ਕਰਦੇ ਸਨ। ਇਸ ਪਾਰਟੀ ਵਿਚ ਸਾਰੇ ਦੇ ਸਾਰੇ 'ਕਾਸ਼ਤਕਾਰ', ਖੇਤੀਬਾੜੀ ਕਰਨ ਵਾਲੇ ਸਨ। ਭਾਵੇਂ ਸਿੱਖਾਂ ਦੀ ਬਹੁ-ਗਿਣਤੀ ਜੱਟਾਂ ਅਤੇ ਖੇਤੀਬਾੜੀ ਕਰਨ ਵਾਲਿਆਂ ਦੀ ਸੀ ਪਰ ਚੀਫ਼ ਖਾਲਸਾ ਦੀਵਾਨ ਨੂੰ ਯੂਨੀਅਨਿਸਟਾਂ ਦਾ ਜਾਤੀ ਅਤੇ ਨਸਲੀ ਭੇਦ-ਭਾਵ ਸਿੱਖੀ ਦੇ ਅਸੂਲਾਂ ਵਿਰੁੱਧ ਜਾਪਿਆ ਅਤੇ ਉਨ੍ਹਾਂ ਇਸ ਪਾਰਟੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਪਰ ਕੁਝ ਹੀ ਸਾਲਾਂ ਉਪਰੰਤ ਸਿੱਖ ਜੱਟਾਂ ਦੇ ਇਕ ਵਰਗ ਨੇ ਇਹ ਭਾਂਪ ਲਿਆ ਕਿ ਉਨ੍ਹਾਂ ਦੇ ਖੱਤਰੀ ਅਤੇ ਅਰੋੜੇ ਸਿੱਖ ਭਾਈ, ਵਧੇਰੇ ਵਿਦਿਆ ਪ੍ਰਾਪਤ ਕਰ ਜਾਣ ਨਾਲ ਬਹੁਤ ਅੱਛੀਆਂ ਨੌਕਰੀਆਂ ਅਤੇ ਪਦਾਂ 'ਤੇ ਜਾ ਰਹੇ ਸਨ ਅਤੇ ਇਸ ਲਈ ਉਹ ਯੂਨੀਅਨਿਸਟਾਂ ਵਿਚ ਸ਼ਾਮਲ ਹੋ ਗਏ। ਯੂਨੀਅਨਿਸਟਾਂ ਦੇ ਘੇਰੇ ਵਿਚ ਇਸ ਗੱਲ ਦਾ ਕੋਈ ਲਿਹਾਜ਼ ਨਹੀਂ ਸੀ ਕਿ ਕੋਈ ਪੰਜਾਬੀ ਮੁਸਲਮਾਨ, ਹਿੰਦੂ ਜਾਂ ਸਿੱਖ ਹੈ ਜਾਂ ਚੰਗਾ ਪੜ੍ਹਿਆ-ਲਿਖਿਆ ਅਤੇ ਉੱਚੇ ਪਦ 'ਤੇ ਹੈ, ਬੱਸ ਉਸ ਲਈ ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਉਹ ਕਾਸ਼ਤਕਾਰ ਕਬੀਲੇ ਦਾ ਹੈ।

ਸਿੱਖ ਅਕਾਲੀਆਂ ਅਤੇ ਨੈਸ਼ਨਲਿਸਟਾਂ ਨੇ ਆਪਣੀ ਪਹੁੰਚ ਆਮ ਲੋਕਾਂ ਤਕ ਬਣਾ ਲਈ ਅਤੇ ਉਹ ਇਸ ਯੋਗ ਹੋ ਗਏ ਕਿ 1923 ਵਿਚ ਪੰਜਾਬ ਲੈਜਿਸਲੇਚਰ ਵਿਚ ਕੁਝ ਸੀਟਾਂ ਲੈ ਗਏ। ਪਰ ਸਰ ਸੁੰਦਰ ਸਿੰਘ ਮਜੀਠੀਆ ਗਵਰਨਰ ਦੀ ਐਗਜ਼ੈਕਟਿਵ ਕੌਂਸਲ ਦੇ ਵਿਚ ਮੁੜ ਨਿਯੁਕਤ ਕੀਤੇ ਗਏ ਅਤੇ ਮਾਲ ਮੰਤਰੀ ਦਾ ਕਾਰਜ ਉਨ੍ਹਾਂ ਨੂੰ ਸੌਂਪਿਆ ਗਿਆ।

ਗੋਲਮੇਜ਼ ਕਾਨਫ੍ਰੰਸਾਂ ਅਤੇ ਭਾਰਤ ਸਰਕਾਰ ਐਕਟ 1935

ਸਾਈਮਨ ਕਮਿਸ਼ਨ ਅਤੇ ਨਹਿਰੂ ਰਿਪੋਰਟ

1927 ਦੀ ਪਤਝੜ ਦੀ ਰੁੱਤੇ ਅੰਗਰੇਜ਼ ਸਰਕਾਰ ਨੇ ਐਲਾਨ ਕੀਤਾ ਕਿ ਸਰ ਜਾਨ ਸਾਈਮਨ ਦੀ ਪ੍ਰਧਾਨਗੀ ਹੇਠ ਇਕ ਕਮਿਸ਼ਨ ਭਾਰਤ ਵਿਚ ਇਸ ਲਈ ਭੇਜਿਆ ਜਾਵੇਗਾ ਕਿ ਉਹ ਗੌਰਮਿੰਟ ਆਫ਼ ਇੰਡੀਆ ਐਕਟ 1919 ਦੇ ਕਾਰਜ 'ਤੇ ਨਜ਼ਰ ਮਾਰੇ। ਇਸ ਕਮਿਸ਼ਨ ਨਾਲ ਕੋਈ ਵੀ ਭਾਰਤਵਾਸੀ ਸੰਬੰਧਿਤ ਨਾ ਹੋਣ ਕਾਰਨ ਆਪਣੀਆਂ ਇਕੱਤਰਤਾਵਾਂ ਵਿਚ ਇਹ ਮਤਾ ਪਾਸ ਕੀਤਾ ਕਿ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਲੀਗ ਦੋਵੇਂ ਹੀ ਇਸ ਦਾ ਬਾਈਕਾਟ ਕਰਨਗੀਆਂ। ਸਿੱਟੇ ਵਜੋਂ ਜਦੋਂ ਕਮਿਸ਼ਨ ਭਾਰਤ ਪੁੱਜਾ ਤਾਂ ਇਸ ਵਿਰੁੱਧ ਕਾਲੀਆਂ ਝੰਡੀਆਂ ਵਿਖਾਈਆਂ ਗਈਆਂ ਅਤੇ ਲੋਕਾਂ ਨੇ 'ਸਾਈਮਨ ਗੋ ਬੈਕ' ਦੇ ਨਾਅਰੇ ਲਾਏ । ਕਈ ਥਾਵਾਂ ਤੇ ਪੁਲਿਸ ਨੇ ਭੀੜ ਨੂੰ ਜ਼ੋਰ-ਜਬਰ ਨਾਲ ਤਿੱਤਰ-ਖਿੱਤਰ ਕੀਤਾ। ਅਜਿਹੀ ਇਕ ਭੀੜ ਵਿਚ ਲਾਲਾ ਲਾਜਪਤ ਰਾਏ ਲਾਹੌਰ ਵਿਖੇ ਫੱਟੜ ਹੋ ਗਏ। ਆਮ ਵਿਸ਼ਵਾਸ ਇਹ ਸੀ ਕਿ ਪੰਜਾਬ ਪੁਲਿਸ ਦੇ ਇੰਸਪੈਕਟਰ ਸਾਂਡਰਸ ਨੇ ਲਾਲਾ ਜੀ ਤੇ ਹਮਲਾ ਕੀਤਾ ਸੀ। ਅੱਗੋਂ ਸਾਂਡਰਸ ਦੀ ਹੱਤਿਆ ਕਰ ਦਿੱਤੀ ਗਈ। ਤਿੰਨ ਨੌਜਵਾਨਾਂ—ਸਰਦਾਰ ਭਗਤ ਸਿੰਘ, ਸ੍ਰੀ ਰਾਜਗੁਰੂ, ਅਤੇ ਸ੍ਰੀ ਸੁਖਦੇਵ ਤੇ ਕਤਲ ਦਾ ਦੋਸ਼ ਥੋਪਿਆ ਗਿਆ ਅਤੇ ਉਨ੍ਹਾਂ ਨੂੰ 23 ਮਾਰਚ 1923 ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਭਾਰਤ ਦੇ ਇਨਕਲਾਬੀ ਇਤਿਹਾਸ ਵਿਚ ਸਰਦਾਰ ਭਗਤ ਸਿੰਘ ਅਤਿਵਾਦੀਆਂ ਵਿਚ ਸਭ ਤੋਂ ਵੱਧ ਪ੍ਰਸਿੱਧ ਹੋਇਆ। ਮਹਾਤਮਾ ਗਾਂਧੀ ਨੇ ਲਿਖਿਆ : "ਜਿਥੋਂ ਤਕ ਮੇਰੀ ਯਾਦਦਾਸ਼ਤ ਦਾ ਸੰਬੰਧ ਹੈ, ਕਿਸੇ ਦੇ ਵੀ ਜੀਵਨ ਦੁਆਲੇ ਏਨਾ ਰੋਮਾਂਸ ਨਹੀਂ ਵੇਖਿਆ ਗਿਆ ਜਿੰਨਾ ਸਰਦਾਰ ਭਗਤ

ਸਿੰਘ ਦੇ ਜੀਵਨ ਦੇ ਦੁਆਲੇ ਰਿਹਾ।"

ਪੰਜਾਬ ਲੈਜਿਸਲੇਟਿਵ ਕੌਂਸਲ ਨੇ ਇਕ ਕਮੇਟੀ ਨਾਮਜ਼ਦ (ਮਨੋਨੀਤ) ਕੀਤੀ, ਜਿਸ ਦੇ ਪ੍ਰਧਾਨ ਸਰ ਸਿਕੰਦਰ ਹਯਾਤ ਖ਼ਾਨ ਸਨ ਅਤੇ ਇਸ ਦੇ ਸਕੱਤਰ ਸਨ ਸਰਦਾਰ ਉੱਜਲ ਸਿੰਘ। ਇਸ ਕਮੇਟੀ ਨੇ ਕਮਿਸ਼ਨ ਅੱਗੇ ਸਬੂਤ ਪੇਸ਼ ਕਰਨੇ ਸਨ। ਇਕ ਯਾਦ-ਪੱਤਰ ਸਿੱਖਾਂ ਦੀ ਪ੍ਰਤੀਨਿਧਤਾ ਬਾਰੇ ਕਮਿਸ਼ਨ ਨੂੰ ਪੇਸ਼ ਕੀਤਾ ਗਿਆ। ਇਸ ਵਿਚ ਕਿਹਾ ਗਿਆ ਸੀ : "ਭਾਵੇਂ ਕੌਮੀ ਤੌਰ ਤੇ ਆਪਣੀ ਵੱਖਰੀ ਪਛਾਣ ਲਈ ਚਿੰਤਾਤੁਰ ਹਨ, ਪਰ ਉਹ (ਸਿੱਖ) ਆਪਣੀਆਂ ਸਾਥੀ ਕੌਮਾਂ ਨੂੰ ਪੂਰਾ-ਪੂਰਾ ਸਹਿਯੋਗ ਦੇਣ ਲਈ ਤਿਆਰ ਹਨ ਤਾਂ ਜੋ ਸਾਂਝੇ ਰਾਸ਼ਟਰ ਦਾ ਵਿਕਾਸ ਹੋ ਸਕੇ। ਇਸ ਲਈ ਉਹ ਉਸ ਐਲਾਨ ਦਾ ਸੁਆਗਤ ਕਰਨ ਲਈ ਪਹਿਲੇ ਹੋਣਗੇ ਕਿ ਇਸ ਦੇਸ਼ ਅੰਦਰ ਰਾਸ਼ਟਰੀ ਸਰਕਾਰ ਦੇ ਗਠਨ ਵਿਚ ਜਾਤੀ ਅਤੇ ਧਰਮ ਦਾ ਕੋਈ ਲਿਹਾਜ਼ ਨਹੀਂ ਰਖਿਆ ਜਾਵੇਗਾ। ਉਹ ਕੇਵਲ ਯੋਗਤਾ ਦੇ ਆਧਾਰ ਤੇ ਖੜ੍ਹੇ ਹੋ ਸਕਦੇ ਹਨ। ਪਰ ਇਸ ਸ਼ਰਤ 'ਤੇ ਕਿ ਹੋਰਨਾਂ ਦੇ ਨਾਲ ਉਨ੍ਹਾਂ ਨੂੰ ਉੱਨਤੀ ਪ੍ਰਾਪਤ ਕਰਨ ਵਿਚ ਕੋਈ ਰੋਕ ਨਾ ਖੜ੍ਹੀ ਕੀਤੀ ਜਾਵੇ, ਜਿਵੇਂ ਕਿ ਕਿਸੇ ਹੋਰ ਕੌਮ ਲਈ ਰਾਖਵਾਂਪਨ।"

ਪਰ ਜੇਕਰ ਵੱਖਰੀ ਰਿਆਇਤ ਜਾਰੀ ਰੱਖੀ ਜਾਣੀ ਹੈ ਤ੍ਹਾਂ ਯਾਦ-ਪੱਤਰ ਵਿਚ ਮੰਗ ਰੱਖੀ ਗਈ ਕਿ ਪੰਜਾਬ ਲੈਜਿਸਲੇਟਿਵ ਅਸੈਂਬਲੀ ਸੰਪਰਦਾਇਕ ਭਾਗੀਦਾਰੀ ਇਸ ਪ੍ਰਕਾਰ ਨਿਯਮਿਤ ਕਰਨੀ ਚਾਹੀਦੀ ਹੈ—40 ਪ੍ਰਤੀਸ਼ਤ ਮੁਸਲਮਾਨ, 30 ਪ੍ਰਤੀਸ਼ਤ ਹਿੰਦੂ ਅਤੇ 30 ਪ੍ਰਤੀਸ਼ਤ ਹੀ ਸਿੱਖ। ਸਿੰਧ (ਜੇਕਰ ਇਹ ਵੱਖਰਾ ਸੂਬਾ ਬਣਾਇਆ ਗਿਆ), ਦਿੱਲੀ ਅਤੇ ਉੱਤਰ-ਪੱਛਮੀ ਸੀਮਾ ਸੂਬੇ ਵਿਚ ਸਿੱਖਾਂ ਦੀ ਪ੍ਰਤੀਨਿਧਤਾ ਲਈ ਦਾਅਵਾ ਕੀਤਾ ਗਿਆ।

ਜਦੋਂ ਕਮਿਸ਼ਨ ਕਾਰਜ ਕਰ ਹੀ ਰਿਹਾ ਸੀ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਵਾਰ ਮੁੜ ਯਤਨ ਕੀਤਾ ਜਿਵੇਂ ਕਿ 1916 ਵਿਚ ਕੀਤਾ ਗਿਆ ਸੀ, ਕਿ ਅੰਗਰੇਜ਼ ਸਰਕਾਰ ਸੰਵਿਧਾਨ ਦਾ ਉਹ ਮਸੌਦਾ ਪੇਸ਼ ਕਰੇ ਜਿਹੜਾ ਭਾਰਤਵਾਸੀਆਂ ਨੂੰ ਮਨਜ਼ੂਰ ਹੋਵੇ। ਫ਼ਰਵਰੀ 1928 ਵਿਚ ਸਾਰੀਆਂ ਮਹੱਤਵਪੂਰਨ ਭਾਰਤੀ ਪਾਰਟੀਆਂ ਦੀ ਇਕ ਕਾਨਫ਼ਰੰਸ ਬੁਲਾਈ ਗਈ ਜਿਸ ਵਿਚ ਇਹ ਵਿਚਾਰਨਾ ਅਤੇ ਨਿਸਚਿਤ ਕਰਨਾ ਸੀ ਕਿ ਭਾਰਤ ਲਈ ਸੰਵਿਧਾਨ ਲਈ ਕੀ ਨਿਯਮ ਹੋਣ।" ਇਸ ਕਾਨਫ਼ਰੰਸ ਦੀ ਰੂਹੇ-ਰਵਾਂ ਸ੍ਰੀ ਮੋਤੀ ਲਾਲ ਨਹਿਰੂ ਅਤੇ ਉਨ੍ਹਾਂ ਦੇ ਸਪੁੱਤਰ ਪੰਡਤ ਜਵਾਹਰ ਲਾਲ ਨਹਿਰੂ ਸਕੱਤਰ ਸੀ। ਸਿੱਖਾਂ ਦੀ ਪ੍ਰਤੀਨਿਧਤਾ ਸਰਦਾਰ ਮੰਗਲ ਸਿੰਘ ਗਿੱਲ ਨੇ ਕੀਤੀ। ਨਹਿਰੂ ਰਿਪੋਰਟ ਨੇ ਵੱਖਰੀਆਂ ਚੋਣਾਂ ਖ਼ਤਮ ਕਰਨ ਦੀ ਸਿਫ਼ਾਰਸ਼ ਕੀਤੀ। ਪਰ ਮੁਸਲਮਾਨਾਂ ਲਈ ਰਾਖਵਾਂਕਰਨ ਉਨ੍ਹਾਂ ਕੇਂਦਰ ਅਤੇ ਉਨ੍ਹਾਂ ਸੂਬਿਆਂ ਲਈ ਸਵੀਕਾਰ ਕਰ ਲਿਆ ਜਿਨ੍ਹਾਂ ਵਿਚ ਮੁਸਲਮਾਨ ਘੱਟ-ਗਿਣਤੀ ਵਿਚ ਸਨ। ਹੋਰ ਜਿਨ੍ਹਾਂ ਲੋਕਾਂ ਲਈ ਇਸ ਰਿਆਇਤ ਦੀ ਸਿਫ਼ਾਰਸ਼ ਕੀਤੀ ਗਈ ਉਹ ਉੱਤਰ-ਪੱਛਮੀ ਸੀਮਾ ਸੂਬੇ ਦੇ ਗ਼ੈਰ-ਮੁਸਲਮਾਨ ਸਨ। ਸਰਦਾਰ ਮੰਗਲ ਸਿੰਘ ਨੇ ਆਪਣੀ ਕੌਮ ਵਾਸਤੇ ਆਪਣੇ ਸੂਬੇ ਜਾਂ ਕੇਂਦਰ ਵਿਚ ਵਿਸ਼ੇਸ਼ ਹੱਕਾਂ ਲਈ ਜ਼ੋਰ ਨਹੀਂ ਦਿੱਤਾ।

ਨਹਿਰੂ ਰਿਪੋਰਟ, ਸਿਆਸੀ ਸੌਦੇਬਾਜ਼ੀ ਦਾ ਇਕ ਸ਼ਾਨਦਾਰ ਅਭਿਆਸ ਸੀ। ਪਰ ਮੁਸਲਮਾਨਾਂ ਨੇ ਇਸ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਅਤੇ ਸਿੱਖਾਂ ਨੇ ਇਸ ਨੂੰ ਰੱਦ ਕਰ ਦਿੱਤਾ। ਬਾਬਾ ਖੜਕ ਸਿੰਘ ਦੀ ਅਗਵਾਈ ਹੇਠ ਚੱਲਣ ਵਾਲਾ ਗੁੱਟ ਤਾਂ ਏਨਾ ਨਾਰਾਜ਼ ਹੋਇਆ ਕਿ ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲੋਂ ਨਾਤਾ ਹੀ ਤੋੜ ਲਿਆ। ਦੂਸਰਾ ਗਰੁੱਪ ਜਿਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਕਰ ਰਹੇ ਸਨ, ਵੀ ਰਿਪੋਰਟ ਦੀਆਂ ਤਜਵੀਜ਼ਾਂ ਨੂੰ ਰੱਦ ਕਰਨ ਵਿਚ ਬਰਾਬਰ ਦਾ ਭਾਈਵਾਲ ਸੀ ਪਰ ਉਸ ਨੇ ਕਾਂਗਰਸ ਦਾ ਸਾਥ

ਨਿਭਾਉਣਾ ਜਾਰੀ ਰਖਿਆ ਅਤੇ ਇਸ ਪ੍ਰਕਾਰ ਨੈਸ਼ਨਲ ਰਾਜਨੀਤੀ ਦੀ ਧਾਰਾ ਵਿਚ ਜੁੜਿਆ ਰਿਹਾ। ਨਹਿਰੂ ਰਿਪੋਰਟ ਨੂੰ ਆਦਰ ਸਹਿਤ ਨੈਸ਼ਨਲ ਕਾਂਗਰਸ ਦੇ ਪੁਰਾਲੇਖ ਭਵਨ (ਆਰਕਾਈਵ) ਵਿਚ ਦਫ਼ਨ ਕਰ ਦਿੱਤਾ ਗਿਆ।

ਸਾਈਮਨ ਕਮਿਸ਼ਨ ਅਜੇ ਆਪਣੀਆਂ ਤਜਵੀਜ਼ਾਂ ਦਾ ਮਸੌਦਾ ਤਿਆਰ ਕਰ ਹੀ ਰਿਹਾ ਸੀ ਕਿ ਲਾਰਡ ਇਰਵਿਨ ਨੇ ਐਲਾਨ ਕਰ ਦਿੱਤਾ ਕਿ ਲੰਡਨ ਵਿਚ ਅੰਗਰੇਜ਼ੀ ਰਾਜ ਵਾਲੇ ਭਾਰਤ ਅਤੇ ਭਾਰਤੀ ਰਿਆਸਤਾਂ ਦੇ ਪ੍ਰਤੀਨਿਧੀਆਂ ਦੀ ਇਕ ਕਾਨਫ਼੍ਰੰਸ ਬੁਲਾਈ ਜਾਵੇਗੀ, ਜਿਸ ਵਿਚ ਭਾਰਤ ਨੂੰ ਡੋਮੀਨੀਅਨ ਦਰਜਾ ਦੇਣ ਬਾਰੇ ਵਿਚਾਰ ਕੀਤੀ ਜਾਵੇਗੀ। ਇੰਡੀਅਨ ਨੈਸ਼ਨਲ ਕਾਂਗਰਸ ਨੇ ਅਜਿਹੇ ਐਲਾਨ ਦੀ ਮੰਗ ਕੀਤੀ ਕਿ ਕਾਨਫ਼੍ਰੰਸ ਭਾਰਤ ਲਈ ਡੋਮੀਨੀਅਨ ਸੰਵਿਧਾਨ ਤਿਆਰ ਕਰੇਗੀ ਅਤੇ ਕੇਵਲ ਇਸ ਬਹਿਸ ਵਿਚ ਨਹੀਂ ਉਲਝੀ ਰਹੇਗੀ ਕਿ ਕਦੋਂ ਅਤੇ ਕਿਵੇਂ ਇਹ ਦਰਜਾ ਭਾਰਤ ਨੂੰ ਦੇਣਾ ਹੈ ਕਿਉਂਕਿ ਅਜਿਹਾ ਐਲਾਨ ਜਾਰੀ ਨਹੀਂ ਹੋਇਆ ਸੀ। ਇਸ ਲਈ ਕਾਂਗਰਸ ਨੇ ਇਸ ਕਾਨਫ਼੍ਰੰਸ ਵਿਚ ਭਾਗ ਨਾ ਲੈਣ ਦਾ ਫ਼ੈਸਲਾ ਲਾਹੌਰ ਦੇ ਦਸੰਬਰ 1929 ਦੇ ਇਜਲਾਸ ਵਿਚ ਕੀਤਾ। ਇਸ ਇਜਲਾਸ ਵਿਚ (ਡੋਮੀਨੀਅਨ ਦਰਜੇ ਦੀ ਥਾਂ) ਭਾਰਤ ਲਈ ਪੂਰਨ ਸਵਰਾਜ ਦੀ ਮੰਗ ਦਾ ਮਤਾ ਪਾਸ ਕੀਤਾ। ਇੰਗਲੈਂਡ ਵਿਚ ਸਿਆਸੀ ਰਾਏ ਨੈਸ਼ਨਲਿਸਟਾਂ ਦੇ ਵਿਰੁੱਧ ਹੋ ਗਈ।

ਮਾਰਚ 1930 ਵਿਚ ਮਹਾਤਮਾ ਗਾਂਧੀ ਨੇ ਨਮਕ ਤਿਆਰ ਕਰਕੇ ਕਾਨੂੰਨ ਤੋੜਨ ਲਈ ਇਕ ਅੰਦੋਲਨ ਚਲਾਇਆ, ਕਿਉਂਕਿ ਇਸ 'ਤੇ ਸਰਕਾਰ ਦਾ ਏਕਾਧਿਕਾਰ (ਮੋਨੋਪਲੀ) ਸੀ। ਮਹਾਤਮਾ ਜੀ ਅਤੇ ਹੋਰ ਨੈਸ਼ਨਲ ਲੀਡਰ ਗ੍ਰਿਫ਼ਤਾਰ ਕਰ ਲਏ ਗਏ। ਇਸ ਪ੍ਰਕਾਰ ਪਹਿਲੀ ਲੰਡਨ ਕਾਨਫ਼੍ਰੰਸ ਵਿਚ ਸਭ ਤੋਂ ਮਹੱਤਵਪੂਰਨ ਸਿਆਸੀ ਪਾਰਟੀ ਬਿਨਾਂ ਕਿਸੇ ਪ੍ਰਤੀਨਿਧਤਾ ਦੇ ਰਹਿ ਗਈ।

ਮਈ 1930 ਵਿਚ ਸਾਈਮਨ ਕਮਿਸ਼ਨ ਨੇ ਆਪਣੀ ਰੀਪੋਰਟ ਪੇਸ਼ ਕੀਤੀ ਜਿਸ ਵਿਚ ਇਹ ਤਜਵੀਜ਼ ਸੀ ਕਿ ਫ਼ੈਡਰਲ (ਸੰਘਿਕ) ਸੰਵਿਧਾਨ ਹੋਵੇਗਾ। ਕੇਂਦਰ ਵਿਚ ਲੈਜਿਸਲੇਚਰ ਦੇ ਦੋ ਹਾਊਸ ਹੋਣਗੇ ਅਤੇ ਸੂਬਿਆਂ ਦੇ ਅੰਗ ਅਤੇ ਰਾਜਿਆਂ ਦੀਆਂ ਰਿਆਸਤਾਂ ਲਈ ਖ਼ੁਦਮੁਖ਼ਤਾਰੀ (ਆਟੋਨਮੀ) ਦਾ ਦਰਜਾ ਹੋਵੇਗਾ। ਜਿਥੋਂ ਤਕ ਸੂਬਿਆਂ ਦਾ ਸੰਬੰਧ ਸੀ, ਇਹ ਸਿਫ਼ਾਰਸ਼ਾਂ ਇਕ ਕਦਮ ਅੱਗੇ ਵੱਲ ਸਨ ਕਿਉਂਕਿ ਸੂਬਿਆਂ ਵਿਚ ਦੋ-ਅਮਲੀ ਪ੍ਰਥਾ (ਡਾਇਆਰਕੀ) ਨੂੰ ਤਿਲਾਂਜਲੀ ਦੇ ਕੇ ਉਨ੍ਹਾਂ ਨੂੰ ਆਪਣੇ ਘਰ ਵਿਚ ਮਾਲਕ ਹੋਣ ਦੀ ਸੱਤਾ ਪ੍ਰਦਾਨ ਕਰਨੀ ਸੀ। ਪਰ ਰੀਪੋਰਟ ਵਿਚ ਕੇਂਦਰੀ ਸਰਕਾਰ ਲਈ ਵਿਸ਼ਾਲ ਸ਼ਕਤੀਆਂ ਦੀ ਕੋਈ ਸਿਫ਼ਾਰਸ਼ ਨਹੀਂ ਸੀ। ਇਸ ਕਮਿਸ਼ਨ ਦੀ ਰੀਪੋਰਟ ਵਿਚ ਸਿੱਖਾਂ ਨੂੰ ਕਿਸੇ ਹੱਦ ਤਕ ਮੁੜ ਵਿਸ਼ਵਾਸ ਦਿਵਾਇਆ ਗਿਆ ਕਿ "ਇਹ ਨਿਆਂ ਨਹੀਂ ਹੋਵੇਗਾ ਕਿ ਮੁਸਲਮਾਨ ਤਾਂ ਉਹੋ ਵਾਧੂ ਅਧਿਕਾਰ (ਵੇਟੇਜ) ਦਾ ਆਨੰਦ ਮਾਣਦੇ ਰਹਿਣ ਜਿਹੜੇ ਹੁਣ ਉਨ੍ਹਾਂ ਨੂੰ ਛੇ ਸੂਬਿਆਂ ਵਿਚ ਮਿਲੇ ਹੋਏ ਹਨ ਅਤੇ ਇਸ ਦੇ ਨਾਲ ਹੀ ਹਿੰਦੂਆਂ ਅਤੇ ਸਿੱਖਾਂ ਦੀ ਵਿਰੋਧਤਾ ਦੇ ਬਾਵਜੂਦ ਮਤਦਾਤਾਵਾਂ ਨੂੰ ਅਪੀਲ ਕਰਕੇ ਪੰਜਾਬ ਅਤੇ ਬੰਗਾਲ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਥੋਪੀ ਜਾਵੇ।"

ਇਨ੍ਹਾਂ ਸਿਫ਼ਾਰਸ਼ਾਂ ਨਾਲ ਭਾਰਤ ਅਤੇ ਇੰਗਲੈਂਡ ਦੀ ਪ੍ਰਗਤੀਵਾਦੀ ਧਾਰਾ ਨੂੰ ਧੱਕਾ ਵੱਜਾ। ਸਤੰਬਰ ਵਿਚ ਵਾਇਸਰਾਇ ਨੇ 66 ਭਾਰਤਵਾਸੀਆਂ (50 ਅੰਗਰੇਜ਼ੀ ਰਾਜ ਵਾਲੇ ਭਾਰਤ ਵਿਚੋਂ ਅਤੇ 16 ਰਿਆਸਤਾਂ ਵਿਚੋਂ) ਨੂੰ ਸੱਦਾ-ਪੱਤਰ ਭੇਜੇ ਕਿ ਉਹ ਲੰਡਨ ਵਿਚ ਇਨ੍ਹਾਂ ਤਜਵੀਜ਼ਾਂ ਦੇ ਬਾਰੇ ਵਿਚਾਰ-ਵਟਾਂਦਰਾ ਕਰਨ। ਸੱਦੇ ਜਾਣ ਵਾਲੇ ਸਿੱਖਾਂ ਵਿਚ ਸਰਦਾਰ ਸੰਪੂਰਨ ਸਿੰਘ ਅਤੇ ਸਰਦਾਰ ਉੱਜਲ ਸਿੰਘ ਸਨ ਅਤੇ ਇਨ੍ਹਾਂ ਤੋਂ ਇਲਾਵਾ ਪਟਿਆਲੇ ਦੇ ਮਹਾਰਾਜਾ

ਭੁਪਿੰਦਰ ਸਿੰਘ ਸਨ, ਜਿਨ੍ਹਾਂ ਨੂੰ ਚੈਂਬਰ ਆਫ਼ ਪ੍ਰਿੰਸਜ਼ ਦੇ ਚਾਂਸਲਰ ਵਜੋਂ ਸੱਦਾ ਦਿੱਤਾ ਗਿਆ ਸੀ। ਪੁੱਛ-ਪ੍ਰਤੀਤ ਵਾਲੀ ਪਾਰਟੀ ਵਿਚ ਸਾਰੇ ਅਕਾਲੀ ਜੱਥੇਦਾਰ ਸਨ ਅਤੇ ਉਹ ਸੰਵਿਧਾਨਕ ਨੁਕਤਿਆਂ ਅਤੇ ਸੂਖਮਤਾ ਦੀ ਪਕੜ ਨਹੀਂ ਕਰ ਸਕਦੇ ਸਨ, ਚੋਣ ਵਿਚ ਅਕਾਲੀਆਂ ਨੂੰ ਚੁੱਪਚਾਪ ਰਜ਼ਾਮੰਦ ਕਰ ਲਿਆ ਗਿਆ।

ਪਹਿਲੀ ਗੋਲਮੇਜ਼ ਕਾਨਫ਼੍ਰੰਸ

ਪਹਿਲੀ ਗੋਲਮੇਜ਼ ਕਾਨਫ਼੍ਰੰਸ ਦਾ ਅਰੰਭ ਲੰਡਨ ਵਿਚ ਨਵੰਬਰ 1, 1930 ਨੂੰ ਹੋਇਆ। ਇਸ ਦੀ ਪ੍ਰਧਾਨਗੀ, ਪ੍ਰਧਾਨ ਮੰਤਰੀ ਸ੍ਰੀ ਰਮਜ਼ੇ ਮੈਕਡੋਨਾਲਡ ਨੇ ਕੀਤੀ। ਉਸ ਨੇ ਭਾਰਤ ਲਈ ਸਾਈਮਨ ਕਮਿਸ਼ਨ ਦੀ ਸੰਘਿਕ ਸਕੀਮ ਨੂੰ ਉਲੀਕਿਆ। ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦੇ ਬਿਨਾਂ ਸਭ ਰਿਆਸਤੀ ਰਾਜਿਆਂ-ਮਹਾਰਾਜਿਆਂ ਨੇ ਹਾਂ ਵਿਚ ਹਾਂ ਮਿਲਾਈ। ਸਭ ਤੋਂ ਵੱਡੀ ਅੜਚਣ ਸੀ ਸੰਪਰਦਾਇਕ ਪ੍ਰਤੀਨਿਧਤਾ। ਸਿੱਖ ਡੈਲੀਗੇਟਾਂ ਨੇ ਇਹ ਤਾਂ ਪਰਵਾਨ ਕਰ ਲਿਆ ਕਿ ਸਾਂਝੀਆਂ ਚੋਣਾਂ ਵਿਚ ਘੱਟ-ਗਿਣਤੀਆਂ ਲਈ ਰਾਖਵੇਂ ਸਥਾਨ ਹੋ ਸਕਦੇ ਹਨ ਪਰ ਉਨ੍ਹਾਂ ਵੱਖਰੀਆਂ ਚੋਣਾਂ ਰਾਹੀਂ ਸੰਪਰਦਾਇਕ ਬਹੁ-ਗਿਣਤੀਆਂ ਦੀ ਜ਼ੋਰਦਾਰ ਵਿਰੋਧਤਾ ਕੀਤੀ। ਮੁਸਲਮਾਨ ਸਾਂਝੀਆਂ ਚੋਣਾਂ ਨੂੰ ਮੰਨਣ ਲਈ ਕਿਸੇ ਵੀ ਸ਼ਰਤ ਤੇ ਰਾਜ਼ੀ ਨਹੀਂ ਸਨ। ਸੰਪਰਦਾਇਕ ਚੋਣਾਂ ਦੀ ਜਿੱਤ ਦਾ ਦਿਨ ਚੜ੍ਹਿਆ—ਨਾ ਕੇਵਲ ਮੁਸਲਮਾਨਾਂ ਲਈ, ਸਗੋਂ ਸਿੱਖਾਂ, ਭਾਰਤੀ ਈਸਾਈਆਂ, ਐਂਗਲੋ-ਇੰਡੀਅਨਜ਼ ਅਤੇ ਅਛੂਤਾਂ ਲਈ ਵੀ।

ਪਹਿਲੀ ਗੋਲਮੇਜ਼ ਕਾਨਫ਼੍ਰੰਸ ਨੇ ਅੰਗਰੇਜ਼ ਸਰਕਾਰ ਅਤੇ ਹੋਰ ਹਿੱਸਾ ਲੈਣ ਵਾਲਿਆਂ ਦੀ ਆਸ ਤੋਂ ਵੱਧ ਪ੍ਰਾਪਤੀ ਕਰਵਾਈ। ਇਸ ਨਾਲ ਲਾਰਡ ਇਰਵਿਨ ਦਾ ਹੌਸਲਾ ਵਧਿਆ ਕਿ ਮਹਾਤਮਾ ਗਾਂਧੀ ਵੱਲ ਦੋਸਤੀ ਦਾ ਹੱਥ ਵਧਾਵੇ। ਮਾਰਚ 5, 1931 ਨੂੰ ਉਨ੍ਹਾਂ ਇਕ ਸਮਝੌਤੇ ਤੇ ਹਸਤਾਖਰ ਕੀਤੇ। ਇਸ ਨੂੰ 'ਗਾਂਧੀ-ਇਰਵਿਨ ਸਮਝੌਤੇ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਦੇ ਆਧਾਰ ਤੇ ਨੈਸ਼ਨਲਿਸਟਾਂ ਨੂੰ ਜੇਲ੍ਹਾਂ ਵਿਚੋਂ ਰਿਹਾ ਕੀਤਾ ਗਿਆ, ਵਿਰੋਧਤਾ ਦੀ ਸ਼ਾਂਤਮਈ ਲਹਿਰ ਬੰਦ ਕਰ ਦਿੱਤੀ ਗਈ ਅਤੇ ਮਹਾਤਮਾ ਗਾਂਧੀ ਨੇ ਦੂਜੀ ਗੋਲਮੇਜ਼ ਕਾਨਫ਼੍ਰੰਸ ਵਿਚ ਭਾਗ ਲੈਣ ਲਈ ਲੰਡਨ ਜਾਣ ਦਾ ਸੱਦਾ-ਪੱਤਰ ਮੰਨਜ਼ੂਰ ਕਰ ਲਿਆ। ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕੋ-ਇਕ ਪ੍ਰਤੀਨਿਧ ਮੰਨੇ ਗਏ। ਪਹਿਲੀ ਕਾਨਫ਼੍ਰੰਸ ਦੇ ਡੈਲੀਗੇਟਾਂ ਨੂੰ ਮੁੜ ਸੱਦਾ ਦਿੱਤਾ ਗਿਆ।

ਦੂਜੀ ਗੋਲਮੇਜ਼ ਕਾਨਫ਼੍ਰੰਸ

ਦੂਜੀ ਗੋਲਮੇਜ਼ ਕਾਨਫ਼੍ਰੰਸ ਦੀ ਇਕੱਤਰਤਾ ਅਣਸੁਖਾਵੇਂ ਹਾਲਾਤ ਵਿਚ ਹੋਈ। ਪ੍ਰਗਤੀਵਾਦੀ ਲੇਬਰ ਸਰਕਾਰ ਚੋਣਾਂ ਹਾਰ ਗਈ ਅਤੇ ਇਸ ਵਾਰ ਰਮਜ਼ੇ ਮੈਕਡੋਨਾਲਡ ਨੇ ਕੁਲੀਸ਼ਨ (ਮਿਲੀ-ਜੁਲੀ ਸਰਕਾਰ) ਦੀ ਪ੍ਰਧਾਨਗੀ ਸੰਭਾਲੀ, ਜਿਸ ਵਿਚ ਭਾਰੀ ਗਿਣਤੀ ਕਨਜ਼ਰਵੇਟਿਵ (ਰੂੜ੍ਹੀਵਾਦੀ) ਸਨ। ਵੈਂਗਵੁਡ ਦੀ ਥਾਂ ਸੈਮੂਅਲ ਹੋਰੇ ਸੈਕ੍ਰੇਟਰੀ ਆਫ਼ ਸਟੇਟ (ਰਾਜ ਸਕੱਤਰ) ਬਣਿਆ ਜਿਹੜਾ ਪ੍ਰਤੀਗਾਮੀ ਸੀ। ਏਧਰ ਹੋਮ ਵਿਖੇ ਜੈਂਟਲ ਇਰਵਿਨ ਦੀ ਥਾਂ ਪਾਟੇ ਖਾਂ ਵਲਿੰਗਡਨ ਨੇ ਵਾਇਸਰਾਏ ਦੀ ਗੱਦੀ ਸੰਭਾਲੀ।

ਕਾਨਫ਼੍ਰੰਸ ਸੰਪਰਦਾਇਕ ਪ੍ਰਤੀਨਿਧਤਾ ਦੇ ਸਵਾਲ 'ਤੇ ਆ ਕੇ ਦਲਦਲ ਵਿਚ ਧਸ ਗਈ। ਮਹਾਤਮਾ ਗਾਂਧੀ ਨੇ ਮਾਮਲੇ ਨੂੰ ਕਾਨਫ਼੍ਰੰਸ ਹਾਲ ਦੇ ਬਾਹਰ ਨਿੱਜੀ ਗੱਲ-ਬਾਤ ਰਾਹੀਂ ਸੁਲਝਾਉਣ ਦਾ ਯਤਨ ਕੀਤਾ। ਪਰ ਉਨ੍ਹਾਂ ਦੇ ਯਤਨ ਅਸਫਲ ਹੀ ਰਹੇ ਕਿਉਂਕਿ ਸ੍ਰੀ ਜਿਨਾਹ

ਨੇ ਮੁਸਲਮਾਨਾਂ ਲਈ ਵੱਖਰੀ ਚੋਣ ਦੇ ਇਰਾਦੇ ਨੂੰ ਤਰਕ ਕਰਨ ਤੋਂ ਨਾਹ ਕਰ ਦਿੱਤੀ। ਸਿੱਖਾਂ ਦੇ ਸੰਬੰਧ ਵਿਚ ਸਰਦਾਰ ਉੱਜਲ ਸਿੰਘ ਨੇ ਮੁੜ ਦੁਹਰਾਇਆ ਕਿ ਸਿੱਖ ਸਾਂਝੀਆਂ ਚੋਣਾਂ ਦੇ ਹਾਮੀ ਹਨ ਪਰ ਜੇਕਰ ਕਿਸੇ ਕੌਮ ਲਈ ਵੱਖਰੀ ਚੋਣ-ਪ੍ਰਣਾਲੀ ਮੰਨਜ਼ੂਰ ਕਰ ਲਈ ਗਈ, ਵਿਸ਼ੇਸ਼ ਕਰਕੇ ਮੁਸਲਮਾਨਾਂ ਵਾਸਤੇ, ਤਾਂ ਅਜਿਹੀ ਵੱਖਰੀ ਚੋਣ ਲਈ ਸਿੱਖ ਵੀ ਜ਼ੋਰ ਦੇਣਗੇ। ਉਨ੍ਹਾਂ ਅੱਗੋਂ ਕਿਹਾ, "ਜਦੋਂ ਤਾਈਂ ਸੰਪਰਦਾਇਕ ਸਵਾਲ, ਪੰਜਾਬ ਅੰਦਰ ਜਿਸ ਦਾ ਅਰਥ ਹੈ, ਸਿੱਖ-ਮੁਸਲਮਾਨ ਸਵਾਲ ਸੁਲਝਾਇਆ ਨਹੀਂ ਜਾਂਦਾ—ਸਿੱਖਾਂ ਲਈ ਸੰਭਵ ਨਹੀਂ ਕਿ ਸੰਘਿਕ ਸਕੀਮ ਲਈ ਆਪਣੇ-ਆਪ ਨੂੰ ਵਚਨ-ਬੱਧ ਕਰਨ, ਜਿਸ ਵਿਚ ਪੰਜਾਬ ਇਕ ਖ਼ੁਦਮੁਖਤਾਰ ਸੂਬਾ ਹੋਵੇਗਾ।"

ਸਰਦਾਰ ਉੱਜਲ ਸਿੰਘ ਅਤੇ ਸਰਦਾਰ ਸੰਪੂਰਨ ਸਿੰਘ ਨੇ ਸਿੱਖਾਂ ਲਈ ਪੰਜਾਬ ਵਿਚ 30 ਪ੍ਰਤੀਸ਼ਤ ਅਤੇ ਕੇਂਦਰ ਵਿਚ 5 ਪ੍ਰਤੀਸ਼ਤ ਦੀ ਮੰਗ ਰੱਖੀ ਅਤੇ ਨਾਲ ਹੀ ਇਹ ਵੀ ਕਿਹਾ ਕਿ ਘੱਟੋ-ਘੱਟ ਇਕ ਸਿੱਖ ਮੈਂਬਰ ਕੇਂਦਰੀ ਮੰਤਰੀ-ਮੰਡਲ ਵਿਚ ਵੀ ਹੋਵੇ। ਸਰਦਾਰ ਉੱਜਲ ਸਿੰਘ ਨੇ ਇਕ ਬਦਲੇ ਹੋਏ ਰੂਪ ਦੀ ਇਕ ਹੋਰ ਸਕੀਮ ਵੀ ਪੇਸ਼ ਕੀਤੀ ਜਿਸ ਵਿਚ ਪੰਜਾਬ ਦੀ ਇਲਾਕਾਈ ਅਦਲਾ-ਬਦਲੀ ਸੀ। ਉਨ੍ਹਾਂ ਨੇ ਤਜਵੀਜ਼ ਰੱਖੀ ਕਿ ਰਾਵਲਪਿੰਡੀ ਅਤੇ ਮੁਲਤਾਨ ਡਵੀਜ਼ਨਾਂ ਨੂੰ (ਲਾਇਲਪੁਰ ਅਤੇ ਮਿੰਟਗੁਮਰੀ ਦੇ ਜ਼ਿਲ੍ਹਿਆਂ ਤੋਂ ਇਲਾਵਾ) ਪੰਜਾਬ ਨਾਲੋਂ ਵੱਖਰੇ ਕਰਕੇ ਉੱਤਰ-ਪੱਛਮੀ ਸਰਹੱਦੀ ਸੂਬੇ ਨਾਲ ਮਿਲਾ ਦਿੱਤਾ ਜਾਵੇ। ਇਸ ਨਾਲ ਪੰਜਾਬ ਵਿਚ ਸੰਪਰਦਾਇਕ ਅੰਸ਼ 43.3 ਪ੍ਰਤੀਸਤ ਮੁਸਲਮਾਨ, 42.3 ਪ੍ਰਤੀਸ਼ਤ ਹਿੰਦੂ ਅਤੇ 14.4 ਪ੍ਰਤੀਸ਼ਤ ਸਿੱਖਾਂ ਦਾ ਹੋ ਜਾਵੇਗਾ। ਸਿੱਖ ਕਿਸੇ ਰਿਆਇਤ (ਵੇਟੇਜ) ਦੀ ਮੰਗ ਵੀ ਨਹੀਂ ਕਰਨਗੇ। ਹਾਂ, ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਇਸ ਦੀ ਮੰਗ ਕਰਨਗੇ ਜੇਕਰ ਉਹ ਹੱਕ ਮੁਸਲਮਾਨਾਂ ਨੂੰ ਹੋਰ ਸੂਬਿਆਂ ਵਿਚ ਪ੍ਰਾਪਤ ਹੋਇਆ। ਇਹ ਤਜਵੀਜ਼ ਬਹੁਤ ਦਾਨਾਈ ਵਾਲੀ ਸੀ ਅਤੇ ਉਸਾਰੂ ਵੀ ਸੀ। ਪਰ ਕਾਨਫ਼੍ਰੰਸ ਵਿਚ ਇਸ ਤੇ ਕੰਨ ਹੀ ਨਾ ਧਰੇ ਗਏ। ਇਹ ਇਹੋ ਜਿਹੀ ਇਕ ਹੋਰ ਤਜਵੀਜ਼ ਸਮੇਤ ਰੱਦ ਕਰ ਦਿੱਤੀ ਗਈ, ਜਿਸ ਨੂੰ ਐਸ.ਡਬਲਿਊ.ਜੀ. ਕਾਰਬਟ ਨੇ ਪੇਸ਼ ਕੀਤਾ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਪੰਜਾਬ ਨਾਲੋਂ ਅੰਬਾਲਾ, ਡਵੀਜ਼ਨ ਨੂੰ ਵੱਖ ਕਰਕੇ ਯੂਨਾਈਟਿਡ ਪ੍ਰਾਵਿੰਸ (ਸੰਯੁਕਤ ਸੂਬੇ) ਨਾਲ ਮਿਲਾ ਦਿੱਤਾ ਜਾਵੇ।

ਭਾਰਤੀ ਡੈਲੀਗੇਟਾਂ ਵਿਚ ਕਿਸੇ ਪ੍ਰਕਾਰ ਦੇ ਸਮਝੌਤੇ ਦੀ ਅਣਹੋਂਦ ਵਿਚ ਰਮਜ਼ੇ ਮੈਕਡੋਨਾਲਡ ਨੇ ਸਾਂਝੀਆਂ ਅਤੇ ਵੱਖਰੀਆਂ ਚੋਣਾਂ ਅਤੇ ਸੰਪਰਦਾਇਕ ਪ੍ਰਤੀਨਿਧਤਾ ਦੇ ਅੰਸ਼ ਬਾਰੇ ਨਿਆਂ ਕਰਨ ਦਾ ਹੱਕ ਸੰਭਾਲ ਲਿਆ ਸੀ। ਦੂਜੀ ਗੋਲਮੇਜ਼ ਕਾਨਫ਼੍ਰੰਸ ਇਉਂ ਭੈੜੇ ਰੰਗ ਵਿਚ ਅਸਫ਼ਲ ਰਹੀ।

ਮਹਾਤਮਾ ਗਾਂਧੀ ਜਦੋਂ ਸਵਦੇਸ ਪਰਤੇ ਤਾਂ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਕੈਦ ਵਿਚ ਸਨ। ਸੰਯੁਕਤ ਸੂਬੇ ਵਿਚ 'ਕਰਾਇਆ ਨਹੀਂ' ਦਾ ਮੋਰਚਾ ਚਾਲੂ ਹੋ ਗਿਆ। ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ 'ਲਾਲ ਕੁੜਤੀ ਲਹਿਰ' ਜ਼ੋਰਾਂ ਤੇ ਸੀ ਅਤੇ ਅਤਿਵਾਦੀਆਂ ਨੇ ਵੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਮਹਾਤਮਾ ਜੀ ਨੇ ਵਿਲਿੰਗਡਨ ਦੇ ਅੱਤਿਆਚਾਰ ਵਿਰੁੱਧ ਰੋਸ ਪ੍ਰਗਟ ਕੀਤਾ। ਵਿਲਿੰਗਡਨ ਨੇ ਮਹਾਤਮਾ ਜੀ ਨੂੰ ਜੇਲ੍ਹ ਅੰਦਰ ਬੰਦ ਕਰਨ ਵਿਚ ਢਿੱਲ ਨਾ ਕੀਤੀ।

ਕਮਿਊਨਲ ਅਵਾਰਡ

ਅਪ੍ਰੈਲ 16, 1932 ਨੂੰ ਰਮਜ਼ੇ ਮੈਕਡੋਨਾਲਡ ਨੇ ਸੰਪਰਦਾਇਕ ਪ੍ਰਤੀਨਿਧੀਆਂ ਬਾਰੇ

ਆਪਣਾ ਫ਼ੈਸਲਾ ਸੁਣਾਇਆ। ਸਾਰੀਆਂ ਘੱਟ-ਗਿਣਤੀਆਂ ਲਈ ਵੱਖਰੀਆਂ ਚੋਣਾਂ ਦਾ ਨਿਰਣਾ ਹੋ ਗਿਆ; ਮੁਸਲਮਾਨ, ਈਸਾਈ, ਸਿੱਖ ਅਤੇ ਨਾਲ-ਨਾਲ ਅਛੂਤ ਵੀ। ਅੰਤਲਾ (ਅਛੂਤਾਂ) ਅੰਸ਼ ਮਹਾਤਮਾ ਗਾਂਧੀ ਅਤੇ ਡਾ: ਅੰਬੇਦਕਰ ਵਿਚਕਾਰ ਹੋਏ 'ਪੂਨਾ ਐਕਟ' ਦੇ ਅਧੀਨ ਰੱਦ ਕਰ ਦਿੱਤਾ ਗਿਆ। ਅਛੂਤਾਂ ਨੂੰ ਹਿੰਦੂਆਂ ਦੀਆਂ ਸਾਂਝੀਆਂ ਸੀਟਾਂ ਵਿਚ ਭਾਰੀ 'ਵੇਟੇਜ' (ਰਿਆਇਤਾਂ) ਦਿੱਤੀ ਗਈ। ਮੁਸਲਮਾਨਾਂ ਨੂੰ ਕੇਂਦਰ ਵਿਚੋਂ 33.1/3 ਪ੍ਰਤੀਸ਼ਤ ਦੀ ਵੇਟੇਜ ਦਿੱਤੀ ਗਈ ਅਤੇ ਪੰਜਾਬ ਵਿਚ 175 ਸੀਟਾਂ ਵਿਚੋਂ 86 ਸੀਟਾਂ ਦਿੱਤੀਆਂ ਗਈਆਂ ਪਰ ਸਿੱਖਾਂ ਦੀ ਪੁਜ਼ੀਸ਼ਨ ਮੁਸਲਮਾਨਾਂ ਵਾਂਗ ਨਹੀਂ ਸੀ। ਉਨ੍ਹਾਂ ਦੀ ਪੋਜ਼ੀਸ਼ਨ ਇਸ ਪ੍ਰਕਾਰ ਸੀ : 175 ਵਿਚੋਂ 33 ਸੀਟਾਂ ਵਿਧਾਨ ਸਭਾ ਪੰਜਾਬ ਵਿਚ; 50 ਵਿਚੋਂ 3 ਸੀਟਾਂ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ; 250 ਵਿਚੋਂ 6 ਸੀਟਾਂ ਫੈਡਰਲ ਲੈਜਿਸਲੇਟਿਵ ਅਸੈਂਬਲੀ ਵਿਚ ਅਤੇ 150 ਵਿਚੋਂ ਕੌਂਸਲ ਆਫ਼ ਸਟੇਟਸ ਵਿਚ।

ਸੰਯੁਕਤ ਸੂਬੇ (ਯੂ.ਪੀ.) ਅਤੇ ਸਿੰਧ ਵਿਚ ਸਿੱਖਾਂ ਨੂੰ ਕੋਈ ਰਿਆਇਤ ਨਾ ਦਿੱਤੀ ਗਈ ਜਿਥੇ ਉਨ੍ਹਾਂ ਦੀ ਕਾਫ਼ੀ ਆਬਾਦੀ ਸੀ।

ਸਿੱਖਾਂ ਲਈ ਅਵਾਰਡ ਜਾਂ ਫ਼ੈਸਲਾ ਇਕ ਕਰਾਰੀ ਸੱਟ ਸੀ। ਇਸ ਨੇ ਮੁਸਲਮਾਨਾਂ ਨੂੰ ਪੰਜਾਬ ਅੰਦਰ ਇਕ ਸਥਾਈ ਗਿਣਤੀ ਦਿੱਤੀ। ਸਰਦਾਰ ਸੰਪੂਰਨ ਸਿੰਘ ਅਤੇ ਸਰਦਾਰ ਉੱਜਲ ਸਿੰਘ ਨੇ ਜਾਰੀ ਕੀਤੇ ਸਾਂਝੇ ਬਿਆਨ ਵਿਚ ਅਵਾਰਡ ਦੀ ਸਖ਼ਤ ਆਲੋਚਨਾ ਕੀਤੀ ਅਤੇ ਰੋਸ ਵਜੋਂ ਕਾਨਫ਼੍ਰੰਸ ਤੋਂ ਬਾਹਰ ਹੋ ਗਏ।

ਤੀਜੀ ਗੋਲਮੇਜ਼ ਕਾਨਫ਼੍ਰੰਸ

ਤੀਜੀ ਗੋਲਮੇਜ਼ ਕਾਨਫ਼੍ਰੰਸ ਉਨ੍ਹਾਂ ਕਮੇਟੀਆਂ ਦੀਆਂ ਰਿਪੋਰਟਾਂ ਬਾਰੇ ਵਿਚਾਰ ਕਰਨ ਲਈ ਬੁਲਾਈ ਗਈ, ਜਿਨ੍ਹਾਂ ਬਾਰੇ ਬੀਤੇ ਮਹੀਨਿਆਂ ਅੰਦਰ ਚਰਚਾ ਹੁੰਦੀ ਰਹੀ। ਇਸ ਵਿਚ ਕੇਵਲ 46 ਭਾਰਤੀ ਬੁਲਾਏ ਗਏ ਸਨ। ਫ਼ੀਰੋਜ਼ਪੁਰ ਦੇ ਸਰਦਾਰ ਤਾਰਾ ਸਿੰਘ ਨੇ ਸੂਬਿਆਂ ਦੀ ਖ਼ੁਦਮੁਖ਼ਤਾਰੀ ਤੇ ਸਖ਼ਤ ਰੋਸ ਪ੍ਰਗਟ ਕੀਤਾ ਕਿਉਂਕਿ ਇਸ ਅਧੀਨ ਪੰਜਾਬ ਅੰਦਰ ਮੁਸਲਮਾਨਾਂ ਦੀ ਹਾਕਮਾਨਾ ਬਹੁ-ਗਿਣਤੀ ਪੱਕੇ ਤੌਰ ਤੇ ਲਾਗੂ ਹੁੰਦੀ ਸੀ। ਉਸ ਨੇ ਬਚਾਓ ਸਾਧਨਾਂ ਦੀ ਹਮਾਇਤ ਕੀਤੀ ਜਿਨ੍ਹਾਂ ਅਨੁਸਾਰ ਘੱਟ-ਗਿਣਤੀ ਤੇ ਪ੍ਰਭਾਵ ਪਾਉਣ ਵਾਲਾ ਕੋਈ ਕਾਨੂੰਨ ਪਾਸ ਨਹੀਂ ਕੀਤਾ ਜਾਵੇਗਾ ਜਿਸ ਨੂੰ ਸੰਬੰਧਤ ਘੱਟ-ਗਿਣਤੀ ਦੀ ਪੰਜਾਬ ਵਿਚੋਂ ਤਿੰਨ ਹਿੱਸੇ ਦੀ ਗਿਣਤੀ ਨੇ ਮੰਨਜ਼ੂਰੀ ਨਾ ਦਿੱਤੀ ਹੋਵੇ ਅਤੇ ਗਵਰਨਰ ਦੀ ਵੀਟੋ ਸੱਤਾ ਜਾਂ ਨਿਸ਼ੇਧ ਅਧਿਕਾਰ ਲਾਗੂ ਹੋਵੇਗਾ। ਉਸ ਨੇ ਫ਼ੌਜ ਵਿਚ ਵੀ ਰਿਆਇਤਾਂ (ਵੇਟੇਜ) ਦੀ ਮੰਗ ਕੀਤੀ, ਫ਼ੈਡਰਲ ਲੈਜਿਸਲੇਚਰ ਵਿਚ 5 ਪ੍ਰਤੀਸ਼ਤ ਅਤੇ ਸਿੰਧ ਵਿਚ ਸਿੱਖਾਂ ਦੀ ਪ੍ਰਤੀਨਿਧਤਾ।

ਕਾਨਫ਼੍ਰੰਸ ਦੇ ਸਿੱਟੇ ਸਫ਼ੇਦ ਪੱਤਰ (ਵ੍ਹਾਈਟ ਪੇਪਰ) ਦੇ ਰੂਪ ਵਿਚ ਮਾਰਚ 1933 ਵਿਚ ਪ੍ਰਕਾਸ਼ਤ ਕੀਤੇ ਗਏ। ਬਰਤਾਨਵੀ ਸੰਸਦ ਦੇ ਦੋਹਾਂ ਸਦਨਾਂ ਦੀ ਸਾਂਝੀ ਕਮੇਟੀ ਲਾਰਡ ਲਿਨਲਿਥਗੋ (ਉਪਰੰਤ ਵਾਇਸਰਾਏ ਆਫ਼ ਇੰਡੀਆ) ਦੇ ਅਧੀਨ ਥਾਪੀ ਗਈ ਤਾਂ ਜੋ ਭਾਰਤ ਅੰਦਰ ਭਵਿੱਖ ਸਰਕਾਰ ਦੇ ਵੇਰਵੇ ਬਾਰੇ ਵਿਚਾਰ ਹੋ ਸਕੇ। ਕੁਝ ਭਾਰਤੀਆਂ ਨੂੰ ਵੀ ਕਮੇਟੀ ਦੀ ਚਰਚਾ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਸੀ। ਸਿੱਖਾਂ ਦੀ ਪ੍ਰਤੀਨਿਧਤਾ ਸਰਦਾਰ ਬੂਟਾ ਸਿੰਘ ਵਿਰਕ ਨੇ ਕੀਤੀ, ਜਿਹੜਾ ਸ਼ੇਖ਼ੂਪੁਰੇ ਦਾ ਵਕੀਲ ਸੀ ਅਤੇ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਵੀ ਸੀ।

ਗੌਰਮਿੰਟ ਆਫ ਇੰਡੀਆ ਐਕਟ, 1935

ਅਗਸਤ 4, 1935 ਨੂੰ ਗੌਰਮਿੰਟ ਆਫ ਇੰਡੀਆ ਐਕਟ ਨੂੰ ਸ਼ਾਹੀ ਮੰਜ਼ੂਰੀ ਮਿਲ ਗਈ। ਇਸ ਅਨੁਸਾਰ ਭਾਰਤ ਦੇ ਸੂਬਿਆਂ ਅਤੇ ਰਿਆਸਤਾਂ ਨੂੰ ਸੰਘ ਦਾ ਰੂਪ ਦੇਣਾ ਸੀ। ਕੇਂਦਰ ਵਿਚ ਸੰਸਦ ਦੇ ਦੋ ਸਦਨ : ਕੇਂਦਰੀ ਵਿਧਾਨ ਸਭਾ ਅਤੇ ਰਾਜ ਪ੍ਰੀਸ਼ਦ ਬਣਾਉਣੇ ਸਨ। ਛੇ ਵੱਡੇ ਸੂਬਿਆਂ ਵਿਚ ਆਪਣੀਆਂ ਦੋ ਵਿਧਾਨ ਸਭਾਵਾਂ ਹੋਣੀਆਂ ਸਨ ਅਤੇ ਪੰਜਾਬ ਸਹਿਤ ਬਾਕੀਆਂ ਵਿਚ ਕੇਵਲ ਇਕ। ਸਾਰੀ ਆਬਾਦੀ ਦੇ 11.5 ਪ੍ਰਤੀਸ਼ਤ ਨੂੰ ਚੋਣਾਂ ਦਾ ਅਧਿਕਾਰ ਮਿਲ ਜਾਣਾ ਸੀ, ਲਗਭਗ 30 ਮਿਲੀਅਨ ਮਤ-ਦਾਤਾ। ਆਪਣੇ-ਆਪਣੇ ਇਲਾਕੇ ਵਿਚ ਸੂਬਿਆਂ ਨੂੰ ਸੰਪੂਰਨ ਅਧਿਕਾਰ ਹੋਣੇ ਸਨ (ਗਵਰਨਰਾਂ ਨੂੰ ਰਾਖਵੀਂ ਵਿਸ਼ੇਸ਼ ਸੱਤਾ ਅਧੀਨ ਹਸਤਖੇਪ ਕਰਨ ਦਾ ਅਧਿਕਾਰ ਸੀ), ਕੇਂਦਰ ਵਿਚ ਪਹਿਲੇ ਵਾਲੀ ਸਥਿਤੀ ਰਹਿਣ ਦਿੱਤੀ ਗਈ ਜੋ ਗਵਰਨਰ ਜਨਰਲ ਦੇ ਨਿਯੰਤਰਣ ਅਧੀਨ ਸੀ। ਡਾਇਆਰਕੀ, ਦੂਹਰੀ ਸੱਤਾ, ਜਿਹੜੀ ਸੂਬਿਆਂ ਵਿਚ ਹਟਾਈ ਗਈ ਸੀ, ਉਹ ਕੇਂਦਰ ਵਿਚ ਲਾਗੂ ਕਰ ਦਿੱਤੀ ਗਈ। ਇਸ ਲਈ ਸੁਰੱਖਿਆ ਅਤੇ ਵਿਦੇਸ਼ੀ ਮਾਮਲਿਆਂ ਜਿਹੇ ਵਿਸ਼ਿਆਂ ਨੂੰ 'ਰਾਖਵੇਂ' ਰੂਪ ਵਿਚ ਗਵਰਨਰ ਜਨਰਲ ਦੇ ਵਿਸ਼ੇਸ਼ ਅਧਿਕਾਰ ਅਧੀਨ ਰਖਿਆ ਗਿਆ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਗੌਰਮਿੰਟ ਆਫ ਇੰਡੀਆ ਐਕਟ, 1935 ਰੱਦ ਕਰ ਦਿੱਤਾ ਕਿਉਂਕਿ ਇਸ ਅਨੁਸਾਰ ਗਵਰਨਰਾਂ ਨੂੰ ਦਖ਼ਲ ਦੇਣ ਜਾਂ ਹਸਤਖੇਪ ਕਰਨ ਦਾ ਅਧਿਕਾਰ ਦਿੱਤਾ ਗਿਆ ਅਤੇ ਕੇਂਦਰ ਵਿਚ ਦੂਹਰੀ ਸਰਕਾਰ ਦੀ ਵਿਵਸਥਾ ਸੀ। ਇਸ ਨੇ ਇਹ ਦ੍ਰਿੜ੍ਹ ਨਿਸਚਾ ਕੀਤਾ ਕਿ ਪਹਿਲਾਂ ਸੱਤਾ ਪ੍ਰਾਪਤ ਕਰ ਲਈ ਜਾਵੇ ਉਪਰੰਤ ਸੰਵਿਧਾਨ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਮੁਸਲਿਮ ਲੀਗ ਨੇ ਵੀ ਇਹੋ ਵਤੀਰਾ ਅਪਣਾਇਆ ਪਰ ਇਹ ਹੱਕ ਰਖਿਆ ਕਿ ਸੂਬਿਆਂ ਦੀ ਸਕੀਮ ਦੀ ਅਜ਼ਮਾਇਸ਼ ਕੀਤੀ ਜਾਵੇਗੀ। 'ਜਿਸ ਜੋਗੀ ਇਹ ਹੈ'। ਰਾਜਿਆਂ-ਮਹਾਰਾਜਿਆਂ ਅਤੇ ਨਵਾਬਾਂ ਨੇ ਬੜੇ ਚਾਅ ਨਾਲ ਸੰਘ-ਰੂਪ ਸਵੀਕਾਰ ਕੀਤਾ ਪਰ ਬਿਲਕੁਲ ਸੁੰਨ ਹੋ ਗਏ ਜਦੋਂ ਇਹ ਸਮਝ ਆਈ ਕਿ ਇਸ ਅਨੁਸਾਰ ਤਾਂ ਅਪਣੀ 'ਪ੍ਰਭੂ-ਸੱਤਾ' ਨੂੰ ਅਰਪਣ ਕਰਨ ਦੀ ਦਸ਼ਾ ਸੀ। ਸਿੱਖ ਪਾਰਟੀਆਂ ਨੇ ਪਹਿਲਾਂ ਹੀ ਕਮਿਊਨਲ ਅਵਾਰਡ ਜਾਂ ਸੰਪਰਦਾਇਕ ਰੂਪ ਰੱਦ ਕਰ ਦਿੱਤਾ ਸੀ। ਉਨ੍ਹਾਂ ਵੀ ਰੱਦ ਕਰਨ ਦੇ ਨਾਅਰਿਆਂ ਵਿਚ ਆਪਣਾ ਜੈਕਾਰਾ ਬੁਲਾਇਆ।


ਨਵੇਂ ਐਕਟ ਦੇ ਅਧੀਨ 1936-37 ਦੀ ਸਰਦ ਰੁੱਤ ਵਿਚ ਚੋਣਾਂ ਹੋਈਆਂ। ਸਿੱਖਾਂ ਨੂੰ ਖੁੱਲ੍ਹ ਸੀ ਕਿ ਕਾਂਗਰਸ ਜਾਂ ਯੂਨੀਅਨਿਸਟਾਂ ਦੀ ਹਮਾਇਤ ਕਰਨ। ਉਨ੍ਹਾਂ ਦੋਹਾਂ ਵੱਲੋਂ ਮੁੱਖ ਮੋੜਿਆ, ਕਾਂਗਰਸੀ ਆਗੂਆਂ ਵਿਚ ਆਰੀਆ ਸਮਾਜੀ ਅਨਸਰ ਵਧੇਰੇ ਸੀ, ਜਿਨ੍ਹਾਂ ਦਾ ਵਤੀਰਾ ਸਿੱਖ-ਵਿਰੋਧੀ ਸੀ ਅਤੇ ਦੂਜੇ ਪਾਸੇ ਭਾਵੇਂ ਯੂਨੀਅਨਿਸਟ ਕਿਸਾਨਾਂ (ਖੇਤੀਬਾੜੀ ਕਰਨ ਵਾਲਿਆਂ ਦਾ) ਦਾ ਹੀ ਪੱਖ ਪੂਰ ਰਹੇ ਸਨ (ਸਿੱਖ ਕਿਸਾਨਾਂ ਦਾ ਝੁਕਾਓ ਇਨ੍ਹਾਂ ਵੱਲ ਸੀ) ਪਰ ਉਹ ਪ੍ਰਮੁੱਖ ਤੌਰ ਤੇ ਮੁਸਲਮਾਨ ਜੱਟਾਂ ਦਾ ਹਿਤ ਪਾਲ ਰਹੇ ਸਨ। ਸਿੱਖ ਕਿਸੇ ਇਕ ਪਾਰਟੀ ਨਾਲ ਗਠਜੋੜ ਕਰ ਸਕਦੇ ਸਨ। ਪਰ ਕਿਸੇ ਵੀ ਨੇਤਾ ਵਿਚ ਅਜਿਹਾ ਕਰਨ ਦੀ ਦੂਰ-ਅੰਦੇਸ਼ੀ ਅਤੇ ਹਮਾਇਤੀ ਨਹੀਂ ਸੀ। ਸਗੋਂ ਉਹ ਅਕਾਲੀ ਅਤੇ ਅਕਾਲੀ ਵਿਰੋਧੀ ਗੁੱਟਾਂ (ਖ਼ਾਲਸਾ ਨੈਸ਼ਨਲ ਪਾਰਟੀ ਨਾਂ ਦੇ) ਵਿਚ ਵੰਡੇ ਗਏ। ਉਹ ਸੂਬੇ ਦੇ ਮਾਮਲਿਆਂ ਵਿਚ ਤਾਂ ਕੁਝ ਮਹੱਤਵ ਰਖਦੇ ਸਨ ਪਰ ਰਾਸ਼ਟਰੀ ਪੱਧਰ ਤੇ ਕੋਈ ਗਿਣਤੀ ਨਹੀਂ ਰਖਦੇ ਸਨ।

ਬੰਗਾਲ, ਸਿੰਧ ਅਤੇ ਪੰਜਾਬ ਦੇ ਬਿਨਾਂ ਬਾਕੀ ਸਾਰੇ ਸੂਬਿਆਂ ਵਿਚ ਕਾਂਗਰਸ ਚੋਣਾਂ ਜਿੱਤ ਗਈ। ਵੱਡੀ ਹਾਰ ਪੰਜਾਬ ਵਿਚ ਹੋਈ, ਜਿਥੇ ਇਸ ਨੂੰ ਕੇਵਲ 10 ਪ੍ਰਤੀਸ਼ਤ ਵੋਟ ਮਿਲੇ। ਕੁਲ 175 ਸੀਟਾਂ ਵਿਚੋਂ ਯੂਨੀਅਨਿਸਟਾਂ ਨੂੰ 96 ਮਿਲੀਆਂ ਅਤੇ ਨੈਸ਼ਨਲਿਸਟ ਪਾਰਟੀ

ਕੁਲ 175 ਸੀਟਾਂ ਵਿਚੋਂ ਯੂਨੀਅਨਿਸਟਾਂ ਨੂੰ 96 ਮਿਲੀਆਂ ਅਤੇ ਨੈਸ਼ਨਲਿਸਟ ਪਾਰਟੀ ਕੇਵਲ 15-20 ਹੀ ਜਿੱਤ ਸਕੀ। ਇਸ ਦਾ ਕਾਰਨ ਇਹ ਸੀ ਕਿ ਕੁਝ ਨੇਤਾ ਲਗਾਤਾਰ ਦਲ ਬਦਲੀ ਜਾਂ ਵਫ਼ਾਦਾਰੀ ਬਦਲਨ ਵਿਚ ਲੱਗੇ ਰਹੇ ਅਤੇ ਬਾਕੀਆਂ ਨੇ ਕਾਂਗਰਸ, ਮੁਸਲਿਮ ਲੀਗ, ਕਮਿਊਨਿਸਟਾਂ ਅਤੇ ਸੁਤੰਤਰ ਉਮੀਦਵਾਰਾਂ ਦੀ ਹਮਾਇਤ ਕੀਤੀ। ਸਰ ਸਿਕੰਦਰ ਹਯਾਤ ਖ਼ਾਨ ਨੇ ਆਪਣੇ ਮੰਤਰੀ-ਮੰਡਲ ਲਈ ਤਿੰਨ ਮੁਸਲਮਾਨ, ਦੋ ਹਿੰਦੂ ਅਤੇ ਇਕ ਸਿੱਖ (ਸਰ ਸੁੰਦਰ ਸਿੰਘ ਮਜੀਠੀਆ) ਨੂੰ ਸ਼ਾਮਲ ਕੀਤਾ। ਪਹਿਲੇ ਵਾਂਗ ਦੇਹਾਤੀ ਜਾਟਾਂ ਦਾ ਪੱਖ ਪ੍ਰਤੱਖ ਸੀ ; ਛੇ ਮੰਤਰੀਆਂ ਵਿਚ ਕੇਵਲ ਇਕ ਹਿੰਦੂ ਅਜਿਹਾ ਸੀ ਜਿਹੜਾ ਸ਼ਹਿਰੀ ਪਿਛੋਕੜ ਵਾਲਾ ਸੀ ਅਤੇ ਗ਼ੈਰ-ਕਾਸ਼ਤਕਾਰ ਸੀ। ਯੂਨੀਅਨਿਸਟ ਸਰਕਾਰ ਲਈ ਵੀ ਸੱਤਾ ਸੰਭਾਲਣੀ ਅਤੇ ਵਰਤਣੀ ਸਹਿਜ-ਸੌਖ ਵਾਲੀ ਨਹੀਂ ਸੀ। ਹਿਟਲਰੀ ਜਰਮਨੀ ਦੀਆ ਹੁੱਲੜਬਾਜ਼ੀਆਂ ਅਤੇ ਜੰਗ ਦੀਆਂ ਅਫ਼ਵਾਹਾਂ ਵਾਤਾਵਰਣ ਵਿਚ ਫੈਲ ਗਈਆਂ। ਰਾਸ਼ਟਰੀ ਭਾਵਨਾ ਦੀ ਲਹਿਰ ਰੰਗ ਫੜਨ ਲੱਗੀ ਅਤੇ ਸਿਆਸੀ ਤਾਪਮਾਨ ਵਿਚ ਤਬਦੀਲੀ ਆਈ। ਲੋਕ ਇਹ ਜਾਣ ਗਏ ਕਿ ਛੇਤੀ ਹੀ ਭਾਰਤ ਸੁਤੰਤਰਤਾ ਪ੍ਰਾਪਤ ਕਰ ਲਵੇਗਾ, ਪਰ ਪੰਜਾਬ ਦੀ ਰਾਜ-ਗੱਦੀ ਤੇ ਕੌਣ ਬਿਰਾਜਮਾਨ ਹੋਵੇਗਾ ? ਮੁਸਲਮਾਨ ਜਾਂ ਸਿੱਖ ?

ਸਿੱਖ ਹਿਸਟਰੀ


(1469-1988)



ਖ਼ੁਸ਼ਵੰਤ ਸਿੰਘ

ਭਾਗ—VIII

ਬਟਵਾਰੇ ਦੀ ਸਿਆਸਤ : ਸੁਤੰਤਰਤਾ ਅਤੇ ਸਿੱਖ ਹੋਮਲੈਂਡ ਦੀ ਮੰਗ



PUNJABI SUBA

ਕਾਂਡ—33

ਸਿੱਖ ਅਤੇ ਦੂਜੀ ਵਿਸ਼ਵ-ਜੰਗ (1939-1945)

ਬਟਵਾਰੇ ਦੀ ਰਾਜਨੀਤੀ (1939-45)

ਸਿੱਖ ਹੋਮਲੈਂਡ ਦੀ ਮੰਗ

ਮਾਰਚ 1940 ਵਿਚ ਮੁਸਲਿਮ ਲੀਗ ਨੇ ਇਕ ਮਤਾ ਪਾਸ ਕੀਤਾ ਜਿਸ ਰਾਹੀਂ ਮੁਸਲਿਮ ਹਕੂਮਤ ਦੀ ਮੰਗ ਕੀਤੀ ਗਈ ਜਿਸ ਵਿਚ ਭਾਰਤ ਦੇ ਮੁਸਲਮਾਨੀ ਵੱਸੋਂ ਵਾਲੇ ਖੇਤਰ ਅਤੇ ਬਹੁਤ ਸਾਰਾ ਪੰਜਾਬ ਦਾ ਇਲਾਕਾ ਸ਼ਾਮਲ ਸੀ। ਇਸ ਮੰਗ ਨਾਲ ਸਿੱਖਾਂ ਅੰਦਰ ਬਹੁਤ ਬੇਚੈਨੀ ਫੈਲ ਗਈ। ਸਦੀਆਂ ਤੋਂ ਚਲਦੇ ਆ ਰਹੇ ਸਿੱਖਾਂ-ਮੁਸਲਮਾਨਾਂ ਦੇ ਇਰਾਦਿਆਂ ਨੇ ਉਨ੍ਹਾਂ ਦੇ ਦਿਲਾਂ ਅੰਦਰ ਅਵਿਸ਼ਵਾਸ ਪੈਦਾ ਕਰ ਦਿੱਤਾ ਸੀ। ਸਿੱਖਾਂ ਵਾਸਤੇ ਕੇਵਲ ਇਕ ਹੀ ਰਾਹ ਰਹਿ ਗਿਆ ਸੀ ਕਿ ਜਾਂ ਤਾਂ ਉਹ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਜੁੜ ਜਾਣ ਅਤੇ ਭਾਰਤ ਦੇ ਬਟਵਾਰੇ ਲਈ ਮੁਸਲਿਮ ਮੰਗ ਦੀ ਵਿਰੋਧਤਾ ਕਰਨ ਜਾਂ ਫਿਰ ਆਪਣੇ ਲਈ ਵੱਖਰੇ ਰਾਜ ਦੀ ਮੰਗ ਕਰਨ।

ਜੰਗ ਦੇ ਸਾਲਾਂ ਦੌਰਾਨ (1939-45) ਸਿੱਖ ਸਿਆਸਤਦਾਨ ਪਾਕਿਸਤਾਨ ਬਣਾਉਣ ਦੀ ਲਹਿਰ ਵਿਰੁੱਧ ਅਸਫਲ ਜੰਗ ਲੜਦੇ ਰਹੇ। ਜਦੋਂ ਮੁਸਲਮਾਨ ਜਿੱਤ ਗਏ ਤਾਂ ਪੱਛਮੀ ਪੰਜਾਬ ਦੇ ਸਿੱਖਾਂ ਨੂੰ ਆਪਣੇ ਘਰਾਂ, ਜ਼ਮੀਨਾਂ ਅਤੇ ਗੁਰਧਾਮਾਂ ਨੂੰ ਛੱਡ ਕੇ ਭਾਰਤ ਆਉਣਾ ਪਿਆ। ਪਰ ਭਾਰਤ ਸਰਕਾਰ ਦੇ ਠੰਡੇ ਵਤੀਰੇ ਅਤੇ ਹਿੰਦੂਵਾਦ ਦੇ ਉੱਭਰਨ ਨਾਲ ਉਨ੍ਹਾਂ ਅੰਦਰ ਸਿੱਖ ਹੋਮਲੈਂਡ ਦੀ ਮੰਗ ਨੇ ਜ਼ੋਰ ਫੜਿਆ।

ਜਾਅਲੀ ਜੰਗ ਸਮੇਂ (1939-40) ਭਾਰਤੀ ਸਿਆਸਤ

ਮਹਾਨ ਬਰਤਾਨੀਆਂ ਨੇ ਸਤੰਬਰ 3, 1939 ਨੂੰ ਨਾਜ਼ੀ ਜਰਮਨ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਭਾਰਤ ਦੇ ਨਾਂ ਤੇ ਇਸੇ ਪ੍ਰਭਾਵ ਦੇ ਐਲਾਨ ਨੂੰ ਵਾਇਸਰਾਏ ਨੇ ਜਾਰੀ ਕੀਤਾ। ਭਾਵੇਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਫਾਸ਼ਿਜ਼ਮ ਵਿਰੁੱਧ ਵਿਚਾਰ ਪ੍ਰਗਟ ਕੀਤੇ ਸਨ, ਪਰ ਇਸ ਨੇ ਇਸ ਗੱਲ ਦਾ ਵਿਰੋਧ ਪ੍ਰਗਟ ਕੀਤਾ ਕਿ ਜੰਗ ਦੀ ਪ੍ਰਤੀਬੱਧਤਾ ਤੋਂ ਪਹਿਲਾਂ ਭਾਰਤੀਆਂ ਨੂੰ ਵਿਸ਼ਵਾਸ ਵਿਚ ਨਹੀਂ ਲਿਆ ਗਿਆ। ਮੁਸਲਿਮ ਲੀਗ ਨੇ ਵੀ ਵਾਇਸਰਾਏ ਦੇ ਐਲਾਨ ਦੀ ਆਲੋਚਨਾ ਕੀਤੀ। ਪਰ ਸਰ ਸਿਕੰਦਰ ਹਯਾਤ ਖ਼ਾਨ ਅਤੇ ਯੂਨੀਅਨਿਸਟ ਮੁਸਲਮਾਨਾਂ ਨੇ—ਜਿਹੜੇ ਤਕਨੀਕੀ ਰੂਪ ਵਿਚ ਲੀਗ ਦੇ ਮੈਂਬਰ ਸਨ—ਅੰਗਰੇਜ਼ਾਂ ਦੀ ਪੂਰੀ-ਪੂਰੀ ਹਿਮਾਇਤ ਦਾ ਪ੍ਰਗਟਾਵਾ ਕੀਤਾ। ਸਿੱਖ ਨੇਤਾਵਾਂ ਲਈ ਜੰਗ ਨੇ ਜ਼ਮੀਰ ਦਾ ਸੰਕਟ ਪੈਦਾ ਕਰ ਦਿੱਤਾ: ਪਿਛਲੇ ਵੀਹ ਸਾਲਾਂ ਦੀਆਂ ਘਟਨਾਵਾਂ ਕਾਰਨ ਉਨ੍ਹਾਂ ਦੀ ਰਾਜ ਪ੍ਰਤੀ ਵਫ਼ਾਦਾਰੀ ਹਲਕੀ ਪੈ ਗਈ ਸੀ। ਪਰ ਉਹ ਹਥਿਆਰਬੰਦ ਫ਼ੌਜਾਂ ਵਿਚ ਆਪਣੇ ਕੌਮ ਦੀ ਆਹਲਾ ਪੋਜ਼ੀਸ਼ਨ ਨੂੰ ਅਜਾਈਂ ਨਹੀਂ ਗੰਵਾਉਣਾ ਚਾਹੁੰਦੇ ਸਨ। ਕਾਂਗਰਸ ਅਤੇ ਮੁਸਲਿਮ ਲੀਗ ਦੇ

ਵਿਰੁੱਧ ਜਿਨ੍ਹਾਂ ਦਾ ਸੂਰਬੀਰਾਂ ਵਾਲੀ ਆਬਾਦੀ 'ਤੇ ਕੋਈ ਪ੍ਰਭਾਵ ਨਹੀਂ ਸੀ. ਸਿੱਖ ਸਿਆਸਤਦਾਨਾਂ ਨੂੰ ਸਿਆਸੀ ਗਾਈਡ ਅਤੇ ਭਰਤੀ ਕਰਨ ਵਾਲੇ ਏਜੰਟਾਂ ਦਾ ਕਾਰੋਬਾਰ ਕਰਨਾ ਪਿਆ। ਚੀਫ਼ ਖਾਲਸਾ ਦੀਵਾਨ ਦੇ ਖ਼ਿਤਾਬ ਪ੍ਰਾਪਤ ਪਤਵੰਤਿਆਂ ਨੇ ਤੁਰੰਤ ਅੰਗਰੇਜ਼ਾਂ ਦੀ ਸਹਾਇਤਾ ਦਾ ਐਲਾਨ ਕੀਤਾ। ਕਾਂਗਰਸੀ ਸਿੱਖਾਂ ਨੇ ਕਾਂਗਰਸ ਦਾ ਰਾਹ ਅਪਨਾਉਂਦਿਆਂ ਹਮਦਰਦੀ ਪ੍ਰਗਟ ਕੀਤੀ ਪਰ ਹਮਾਇਤ ਦੀ ਗੱਲ ਨਹੀਂ ਕੀਤੀ। ਕੇਂਦਰੀ ਜ਼ਿਲ੍ਹਿਆਂ ਵਿਚ ਪ੍ਰਭਾਵ ਪ੍ਰਾਪਤ ਕਰ ਲੈਣ ਵਾਲੇ ਕਮਿਊਨਿਸਟਾਂ ਨੇ ਪਾਰਟੀ ਦੀ ਲੀਹ ਅਪਣਾਈ ਜਿਸ ਅਨੁਸਾਰ ਯੂਰਪ ਦੀ ਜੰਗ ਨੂੰ ਸਾਮਰਾਜੀ ਕਿਹਾ ਗਿਆ ਸੀ। ਉਨ੍ਹਾਂ ਦੇ ਏਜੰਟ ਸਿੱਖ ਸਿਪਾਹੀਆਂ ਅੰਦਰ ਜੰਗ ਵਿਰੋਧੀ ਪ੍ਰਾਪੇਗੰਡਾ ਕਰਦੇ ਰਹੇ। ਅਕਾਲੀਆਂ ਨੇ, ਜਿਹੜੇ ਸਾਰੀਆਂ ਪਾਰਟੀਆਂ ਦੇ ਕੁਲ ਪ੍ਰਭਾਵ ਨਾਲੋਂ ਵੀ ਵੱਧ ਆਸ ਰਖਦੇ ਸਨ, ਸਭ ਤੋਂ ਵੱਧ ਉਲਝਣ ਵਾਲਾ ਵਤੀਰਾ ਦਰਸਾਇਆ। ਜਿਨ੍ਹਾਂ ਨੇਤਾਵਾਂ ਨੇ ਗੁਰਦੁਆਰਿਆਂ ਦੀ ਜੱਦੋਜਹਿਦ ਸਮੇਂ ਜੇਲ੍ਹਾਂ ਵਿਚ ਦਿਨ ਕੱਟੇ ਸਨ, ਉਨ੍ਹਾਂ ਅੰਦਰ ਅੰਗਰੇਜ਼ਾਂ ਲਈ ਕੋਈ ਹਮਦਰਦੀ ਨਹੀਂ ਸੀ। ਉਹ ਮੁਸਲਿਮ ਲੀਗ ਦੇ ਵੀ ਵਿਰੁੱਧ ਸਨ ਅਤੇ ਅੰਗਰੇਜ਼-ਪ੍ਰਸਤ ਯੂਨੀਅਨਿਸਟਾਂ ਦੇ ਵੀ। ਪਰ ਉਹ ਚਾਹੁੰਦੇ ਸਨ ਕਿ ਹਥਿਆਰਬੰਦ ਫ਼ੌਜਾਂ ਵਿਚ ਗਿਣਤੀ ਬਣੀ ਰਹੇ ਤਾਂ ਜੋ ਜਦੋਂ ਅੰਗਰੇਜ਼ਾਂ ਦੇ ਜਾਣ ਦਾ ਦਿਨ ਆਵੇ ਤਾਂ ਇਨ੍ਹਾਂ ਦੀ ਆਪਣੀ ਹੀ ਫ਼ੌਜ ਹੋਵੇ। ਅਕਾਲੀਆਂ ਨੇ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਕਰਨੀ ਸਵੀਕਾਰ ਕੀਤੀ ਅਤੇ ਭਰਤੀ ਵਿਚ ਵਧੇਰੇ ਸਿੱਖਾਂ ਲਈ ਜ਼ੋਰ ਦਿੱਤਾ। ਨਾਲ ਹੀ ਇਨ੍ਹਾਂ ਨਕਾਰੀਆਂ ਜਿਹੀਆਂ ਗੱਲਾਂ ਵੱਲ ਵੀ ਵਧੇਰੇ ਧਿਆਨ ਸਰਕਾਰ ਦਾ ਖਿੱਚਿਆ। ਮਿਸਾਲ ਵਜੋਂ ਝਟਕੇ ਦੀ ਸਟੇਸ਼ਨਾਂ ਤੇ ਅਣ-ਉਪਲਬਧੀ, ਜੇਲ੍ਹ ਦੇ ਅਧਿਕਾਰੀਆਂ ਵੱਲੋਂ ਕੈਦੀਆਂ ਨੂੰ ਕਿਰਪਾਨ ਪਹਿਨਣ ਦੀ ਮਨਾਹੀ ਆਦਿ।

ਜੰਗ ਦੇ 'ਸਾਮਰਾਜੀ' ਚਰਨ ਵਿਚ ਅਕਾਲੀਆਂ ਦੀ ਜੋਸ਼-ਰਹਿਤ ਹਮਾਇਤ ਅਤੇ ਕਮਿਊਨਿਸਟਾਂ ਦੇ ਵਿਰੋਧ ਦਾ ਅਸਰ ਇਹ ਹੋਇਆ ਕਿ ਸਿੱਖ ਕਿਸਾਨ ਭਰਤੀ ਲਈ ਨਾਂਹ-ਨੁੱਕਰ ਕਰਦੇ ਰਹੇ ਅਤੇ ਕੁਝ ਰਜਮੈਂਟਾਂ ਅੰਦਰ ਵਿਦਰੋਹ ਦੀ ਭਾਵਨਾ ਵੀ ਉੱਭਰੀ। ਸੈਂਟਰਲ ਇੰਡੀਆ ਹਾਰਸ ਦੇ ਸਿੱਖ ਸੁਕਾਰਡਨ ਨੇ ਸਾਗਰੋਂ ਪਾਰ ਜਾਣ ਲਈ ਨਾਂਹ ਕਰ ਦਿੱਤੀ; ਸਿੱਟੇ ਵਜੋਂ ਸੌ ਤੋਂ ਵੱਧ ਦਾ ਤਾਂ ਕੋਰਟ-ਮਾਰਸ਼ਲ ਹੋਇਆ ਅਤੇ ਕੁਝ ਨੂੰ ਫਾਂਸੀ ਦਿੱਤੀ ਗਈ। ਅਫ਼ਰੀਕਾ ਵਿਚ ਸੇਵਾ ਕਰ ਰਹੇ ਰਾਇਲ ਇੰਡੀਅਨ ਆਰਮੀ ਸਪਲਾਈ ਕੋਰ ਦੇ ਸਿੱਖਾਂ ਨੇ ਇਸ ਵਜਾਹ ਤੇ ਮਾਲ ਲੱਦਣ ਤੋਂ ਇਨਕਾਰ ਕਰ ਦਿੱਤਾ ਕਿ ਉਹ 'ਕੁਲੀ' ਨਹੀਂ ਹਨ। ਇਨ੍ਹਾਂ ਅਤੇ ਅਜਿਹੀਆਂ ਹੋਰ ਘਟਨਾਵਾਂ ਨੇ ਅਧਿਕਾਰੀਆਂ ਨੂੰ ਸਿੱਖਾਂ ਦੀ ਭਰਤੀ ਆਰਜ਼ੀ ਤੌਰ 'ਤੇ ਰੋਕਣ ਲਈ ਮਜਬੂਰ ਕਰ ਦਿੱਤਾ। ਹਾਲਾਤ ਤੇ ਵਿਚਾਰ ਕਰਨ ਲਈ ਕਮੇਟੀ ਦਾ ਗਠਨ ਹੋਇਆ। ਇਸ ਨੂੰ ਸਿਪਾਹੀਆਂ ਅੰਦਰ ਕਮਿਊਨਿਸਟਾਂ ਦੀ ਘੁਸਪੈਠ ਦੇ ਸਬੂਤ ਮਿਲੇ ਅਤੇ ਨਾਲ ਹੀ ਇਹ ਪਤਾ ਲੱਗਾ ਕਿ ਯੂਨੀਅਨਿਸਟ ਸਰਕਾਰ ਦੀ ਮੁਸਲਿਮ ਲੀਗ ਨਾਲ ਗਠਜੋੜ ਅਤੇ ਉਸ ਦੀ ਪੰਜਾਬ ਨੂੰ ਮੁਸਲਿਮ ਰਾਜ ਬਣਾਉਣ ਦੀ ਗੱਲ ਸਿੱਖਾਂ ਨੂੰ ਅੱਛੀ ਨਹੀ ਲੱਗੀ। ਸਿੱਖਾਂ ਦੇ 'ਰੋਸ' ਦੂਰ ਕੀਤੇ ਗਏ। ਭਰਤੀ ਨੂੰ ਤੇਜ਼ ਕਰਨ ਲਈ ਮਹਾਰਾਜਾ ਪਟਿਆਲਾ ਦੀ ਪ੍ਰਧਾਨਗੀ ਹੇਠ 'ਖਾਲਸਾ ਡੀਫੈਂਸ ਆਫ਼ ਇੰਡੀਆ ਲੀਗ' ਕਾਇਮ ਕੀਤੀ ਗਈ। ਸਿੱਖਾਂ ਉਪਰ ਭਰਤੀ ਲਈ ਲੱਗੀ ਬੰਦਸ਼ ਹਟਾਈ ਗਈ।

ਪਰ ਮਸਲਾ ਅੰਗਰੇਜ਼ ਦੇ ਜੰਗੀ ਯਤਨਾਂ ਲਈ 'ਹਾਂ' ਜਾਂ 'ਨਾਂਹ' ਦਾ ਸਿੱਧਾ-ਸਾਦਾ ਰਹਿਣ ਦੀ ਥਾਂ ਉਲਝਣ ਵਾਲਾ ਹੋ ਗਿਆ। ਸਿੱਖਾਂ ਨੂੰ ਸਾਥੀ ਭਾਰਤਵਾਸੀਆਂ ਨਾਲ ਕੁਝ ਸ਼ਰਤਾਂ ਮੰਨਣੀਆਂ-ਮਨਾਉਣੀਆਂ ਪਈਆਂ—ਹਿੰਦੂਆਂ ਨਾਲ ਜਿਨ੍ਹਾਂ ਦੀ ਬਹੁ-ਗਿਣਤੀ ਕਾਂਗਰਸ ਦੀ ਹਾਮੀ ਸੀ ਅਤੇ ਮੁਸਲਮਾਨਾਂ ਨਾਲ ਜਿਨ੍ਹਾਂ ਦਾ ਪਿਆਰ ਆਜ਼ਾਦ ਮੁਸਲਿਮ ਰਾਜ ਲਈ ਉੱਭਰ

ਆਇਆ ਸੀ। ਪਰ ਆਪਣੇ ਹੀ ਦੇਸ਼ਵਾਸੀਆਂ ਨਾਲ ਵਿਚਾਰ-ਵਟਾਂਦਰੇ ਵਿਚ ਸਿੱਖ ਨੇਤਾ ਉਲਝਣ ਵਿਚ ਫਸ ਗਏ ਕਿਉਂਕਿ ਸਹੀ ਸਿੱਖ ਦ੍ਰਿਸ਼ਟੀਕੋਣ ਦਾ ਅਭਾਵ ਸੀ।

ਜੰਗ ਲੜਨ ਲਈ ਭਾਰਤੀ ਰਾਜਸੀ ਪਾਰਟੀਆਂ ਦਾ ਸਹਿਯੋਗ ਪ੍ਰਾਪਤ ਕਰਨ ਵਿਚ ਵਾਇਸਰਾਇ ਦੇ ਯਤਨ ਅਸਫਲ ਰਹੇ। ਕਾਂਗਰਸ ਮੰਤਰੀ-ਮੰਡਲਾਂ ਦੇ ਅਸਤੀਫ਼ਾ ਦੇਣ ਨਾਲ ਗਵਰਨਰਾਂ ਨੇ ਸੱਤਾਂ ਸੂਬਿਆਂ ਦੀ ਵਾਗਡੋਰ ਸੰਭਾਲੀ। ਕੇਵਲ ਚਾਰ ਸੂਬਿਆਂ ਵਿਚ (ਪੰਜਾਬ ਵਿਚ ਯੂਨੀਅਨਿਸਟ ਸਨ) ਮੁਲਸਿਮਲ ਲੀਗ ਦੀਆਂ ਸਰਕਾਰਾਂ ਚੁਣੇ ਹੋਏ ਪ੍ਰਤੀਨਿਧੀਆਂ ਦੁਆਰਾ ਸਰਕਾਰਾਂ ਦਾ ਕਾਰਜ ਨਿਭਾਉਂਦੀਆਂ ਰਹੀਆਂ। ਮੁਸਲਿਮ ਲੀਗ ਸੱਤਾ ਦੇ ਖੱਪੇ ਨੂੰ ਗਰਮਜੋਸ਼ੀ ਨਾਲ ਭਰਦੀ ਰਹੀ, ਪਰ ਕਾਂਗਰਸ ਆਪਣੇ ਨਾ-ਮਿਲਵਰਤਣ ਦੇ ਫ਼ੈਸਲੇ ਤੇ ਡਟੀ ਰਹੀ ਅਤੇ ਹੋਰ ਵੀ ਦੂਰ-ਦੂਰ ਹੋ ਗਈ। ਸੁਭਾਸ਼ ਚੰਦਰ ਬੋਸ ਅਤੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਦੀ ਅਗਵਾਈ ਹੇਠ ਇਕ ਗਰੁੱਪ ਮੁੱਖ ਪਾਰਟੀ ਨਾਲੋਂ ਵੱਖ ਹੋਗਿਆ ਤਾਂ ਜੋ ਅੰਗਰੇਜ਼ਾਂ ਦੀ ਕੱਰੜੀ ਵਿਰੋਧਤਾ ਲਈ ਇਕ ਸੰਸਥਾ ਦਾ ਗਠਨ ਕੀਤਾ ਜਾਵੇ। ਕੁਝ ਦਿਨਾਂ ਉਪਰੰਤ ਲਾਹੌਰ ਦੇ ਇਜਲਾਸ ਵਿਚ ਮੁਸਲਿਮ ਲੀਗ ਨੇ ਔਪਚਾਰਿਕ ਰੂਪ ਵਿਚ ਮਤਾ ਪਾਸ ਕੀਤਾ ਕਿ ਇਸ ਦਾ ਮੁੱਖ ਉਦੇਸ਼ ਆਜ਼ਾਦ ਮੁਸਲਿਮ ਰਾਜ ਸੀ। ਭਾਵੇਂ ਮਤੇ ਵਿਚ 'ਪਾਕਿਸਤਾਨ' ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਪਰ ਇਰਾਦਾ ਸਪੱਸ਼ਟ ਸੀ ਕਿ ਕੋਈ ਵੀ ਸੰਵਿਧਾਨਕ ਵਿਉਂਤ ਸਵੀਕਾਰ ਨਹੀਂ ਕੀਤੀ ਜਾਵੇਗੀ, ਜਿਸ ਵਿਚ ਬੁਨਿਆਦੀ ਅਸੂਲਾਂ ਨੂੰ ਧਿਆਨ ਵਿਚ ਨਹੀਂ ਰਖਿਆ ਜਾਵੇਗਾ, ਜਿਵੇਂ ਕਿ ਭੂਗੋਲਿਕ ਤੌਰ ਤੇ ਨਾਲ-ਨਾਲ ਲਗਦੇ ਖੇਤਰਾਂ ਦਾ ਇਕ ਅਜਿਹਾ ਰੂਪ ਗਠਿਤ ਕੀਤਾ ਜਾਵੇਗਾ ਜਿਸ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਹੋਵੇ—ਮਿਸਾਲ ਵਜੋਂ ਭਾਰਤ ਦੇ ਉੱਤਰ-ਪੱਛਮੀ ਅਤੇ ਪੂਰਬੀ ਇਲਾਕੇ—ਲੋੜ ਅਨੁਸਾਰ ਕੁਝ ਇਲਾਕੇ ਦੀ ਅਦਲ-ਬਦਲ ਕਰ ਲਈ ਜਾਵੇ।

ਮਿਸਟਰ ਮੁਹੰਮਦ ਅਲੀ ਜਿਨਾਹ ਨੇ ਸਿੱਖਾਂ ਨੂੰ ਭਰੋਸਾ ਦੁਆਇਆ ਕਿ ਉਨ੍ਹਾਂ ਨੂੰ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ। ਸਰ ਸਿਕੰਦਰ ਹਯਾਤ ਖ਼ਾਨ ਨੇ, ਜਿਸ ਨੇ ਲਾਹੌਰ ਦੇ ਮਤੇ ਦਾ ਮੂਲ ਮਸੌਦਾ ਪੇਸ਼ ਕੀਤਾ ਸੀ, ਹੋਰ ਵੀ ਯਤਨ ਕੀਤੇ ਕਿ ਗ਼ੈਰ-ਮੁਸਲਮਾਨ ਲੋਕਾਂ ਦੇ ਭੁਲੇਖੇ ਵੀ ਦੂਰ ਹੋਣ। ਉਨ੍ਹਾਂ ਕਿਹਾ, "ਅਸੀਂ ਅਜਿਹੀ ਆਜ਼ਾਦੀ ਦੇ ਹੱਕ ਵਿਚ ਨਹੀਂ ਹਾਂ ਕਿ ਮੁਸਲਮਾਨੀ ਰਾਜ ਇਥੇ ਹੋਵੇ ਅਤੇ ਹਿੰਦੂ ਰਾਜ ਕਿਸੇ ਹੋਰ ਥਾਂ। ਜੇਕਰ ਪਾਕਿਸਤਾਨ ਦੇ ਇਹ ਅਰਥ ਹਨ ਤਾਂ ਮੇਰਾ ਇਸ ਨਾਲ ਕੋਈ ਸਰੋਕਾਰ ਨਹੀਂ। ਜੇਕਰ ਤੁਸੀਂ ਪੰਜਾਬ ਲਈ ਅਸਲੀ ਆਜ਼ਾਦੀ ਚਾਹੁੰਦੇ ਹੋ, ਭਾਵ ਅਜਿਹਾ ਪੰਜਾਬ ਜਿਥੇ ਸਭ ਕੌਮਾਂ ਦੇ ਆਰਥਿਕ ਅਤੇ ਸਰਕਾਰੀ ਹਿਤ ਸਾਂਝੇ ਹੋਣਗੇ, ਉਹ ਬਰਾਬਰ ਦੇ ਭਾਈਵਾਲ ਹੋਣਗੇ ਤਾਂ ਉਹ ਪੰਜਾਬ ਪਾਕਿਸਤਾਨ ਨਹੀਂ ਹੋਵੇਗਾ ਸਗੋਂ ਬਸ ਪੰਜਾਬ ਹੀ ਹੋਵੇਗਾ। ਪੰਜਾਂ ਦਰਿਆਵਾਂ ਦੀ ਧਰਤੀ, ਪੰਜਾਬ ਤਾਂ ਪੰਜਾਬ ਹੀ ਰਹੇਗਾ ਭਾਵੇਂ ਕੋਈ ਕੁਝ ਵੀ ਆਖੇ। ਇਹ ਹੈ ਸਿਆਸੀ ਭਵਿੱਖ ਜਿਸ ਦੇ ਖ਼ਵਾਬ ਮੈਂ ਲੈ ਰਿਹਾ ਹਾਂ ਆਪਣੇ ਸੂਬੇ ਲਈ, ਆਪਣੇ ਦੇਸ਼ ਲਈ, ਕਿਸੇ ਵੀ ਨਵੇਂ ਸੰਵਿਧਾਨ ਜਾਂ ਆਈਨ ਦੇ ਅਧੀਨ।"

ਇਨ੍ਹਾਂ ਸ਼ਬਦਾਂ ਦੀ ਜਾਦੂਗਰੀ ਸਿੱਖ ਨੇਤਾਵਾਂ ਨੂੰ ਪ੍ਰਭਾਵਿਤ ਨਾ ਕਰ ਸਕੀ। ਇਸ ਦੇ ਉਲਟ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਮੁਸਲਿਮ ਯੂਨੀਅਨਿਸਟ ਕੇਵਲ ਡਾਕਟਰ ਜੇਕਿਲ ਸੀ, ਜਿਹੜਾ ਮੁਸਲਿਮ ਲੀਗ ਦੇ ਮਿਸਟਰ ਹਾਈਡ ਦੇ ਰੂਪ ਦਾ ਸੀ ਅਤੇ ਸਰ ਸਿਕੰਦਰ ਹਯਾਤ ਖ਼ਾਨ ਦੋ-ਮੂੰਹਾਂ ਸਿਆਸਤਦਾਨ ਸੀ।

ਸਿੱਖ ਹਾਲਾਤ ਦੀ ਅਜੀਬ ਕੁੜਿੱਕੀ ਵਿਚ ਫਸੇ ਹੋਏ ਸਨ। ਉਹ ਦੋ ਵਿਰੋਧੀ ਸੁਤੰਤਰਤਾ ਲਹਿਰਾਂ ਵਿਚ ਘਿਰੇ ਹੋਏ ਸਨ : ਇਕ ਦੀ ਅਗਵਾਈ ਨੈਸ਼ਨਲ ਕਾਂਗਰਸ ਸਮੁੱਚੇ ਦੇਸ਼ ਦੀ

ਆਜ਼ਾਦੀ ਲਈ ਕਰ ਰਹੀ ਸੀ; ਦੂਜੀ ਦੀ ਵਾਗਡੋਰ ਮੁਸਲਿਮ ਲੀਗ ਦੇ ਹੱਥ ਸੀ ਜਿਹੜੀ ਆਜ਼ਾਦ ਮੁਸਲਿਮ ਰਾਜ ਦੇ ਹੱਕ ਵਿਚ ਸੀ ਜਿਸ ਨਾਲ ਦੇਸ਼ ਦਾ ਬਟਵਾਰਾ ਹੋਣਾ ਸੀ ਅਤੇ ਉਸ ਭੂਮੀ ਵਿਚ ਲੀਕ ਪੈਣੀ ਸੀ ਜਿਸ ਵਿਚ ਸਿੱਖ ਵੱਸਦੇ ਸਨ। ਕਾਂਗਰਸੀ ਨੇਤਾ ਸਿੱਖਾਂ ਨੂੰ ਆਪਣੇ ਵੱਲ ਲਿਆਉਣਾ ਚਾਹੁੰਦੇ ਸਨ ਪਰ ਉਹ ਸਿੱਖਾਂ ਨੂੰ ਉਹ ਮਾਣ ਰਿਆਇਤਾਂ ਦੇਣ ਲਈ ਰਾਜ਼ੀ ਨਹੀਂ ਸਨ ਜਿਹੜੀਆਂ ਅੰਗਰੇਜ਼ੀ ਸਰਕਾਰ ਉਨ੍ਹਾਂ ਨੂੰ ਚੁਟਾ ਰਹੀ ਸੀ। ਸਗੋਂ ਇਸ ਦੇ ਉਲਟ ਜਿਹੜੀ ਵਿਵਸਥਾ ਨੈਸ਼ਨਲਿਸਟਾਂ ਵੱਲੋਂ ਕਲਪੀ ਅਤੇ ਉਲੀਕੀ ਜਾ ਰਹੀ ਸੀ, ਉਸ ਵਿਚ ਵੱਖਰੀ ਚੋਣ ਅਤੇ ਜਾਤੀ ਜਾਂ ਧਰਮ ਦੇ ਆਧਾਰ ਤੇ ਦਿੱਤੇ ਜਾ ਰਹੇ ਮਾਣ ਅਤੇ ਰਿਆਇਤਾਂ ਨੂੰ ਖ਼ਤਮ ਕਰ ਦੇਣਾ ਸੀ। ਲੀਗ ਨੇ ਬਹੁਤ ਥੋੜ੍ਹੇ ਦਾ ਵਚਨ ਦਿੱਤਾ ਅਤੇ ਜੋ ਥੋੜ੍ਹਾ-ਬਹੁਤ ਪੇਸ਼ ਕੀਤਾ ਜਾ ਰਿਹਾ ਸੀ, ਉਸ ਵਿਚ ਵੀ ਸਿੱਖਾਂ ਨੂੰ ਵਿਸ਼ਵਾਸ ਨਹੀਂ ਸੀ। ਸਿੱਖ ਕਿਹੜਾ ਰਾਹ ਅਪਣਾਉਂਦੇ ? ਕਾਂਗਰਸ ਪਾਸੋਂ ਜੋ ਵੀ ਸ਼ਰਤਾਂ ਮੰਨਵਾ ਸਕੇ ਉਨ੍ਹਾਂ ਦੇ ਨਾਲ ਸੁਤੰਤਰ ਅਤੇ ਸਾਂਝੇ ਭਾਰਤ ਦੀ ਹਮਾਇਤ ਕਰੇ। ਕਾਂਗਰਸ-ਲੀਗ ਦੇ ਵਿਰੋਧ ਦਾ ਲਾਹਾ ਖੱਟਦੇ ਅਤੇ ਦੋਹਾਂ ਪਾਸੋਂ ਰਿਆਇਤਾਂ ਮੰਨਵਾਉਂਦੇ ? ਜਾਂ ਕਾਂਗਰਸ ਅਤੇ ਲੀਗ ਨੂੰ ਠੁਕਰਾ ਦਿੰਦੇ ਅਤੇ ਆਪਣੀ ਵੱਖਰੀ ਖ਼ੁਦਮੁਖ਼ਤਾਰ ਸਰਕਾਰ ਕਾਇਮ ਕਰਦੇ ? ਕੁਝ ਰਾਜਸੀ ਨੇਤਾ ਇਕ ਪ੍ਰਕਾਰ ਦੀ ਨੀਤੀ ਤੇ ਚੱਲਣ ਲਈ ਕਹਿੰਦੇ, ਦੂਜੇ ਉਸ ਦੇ ਬਿਲਕੁਲ ਹੀ ਉਲਟ। ਹਾਲਾਤ ਇਸ ਤੇਜ਼ੀ ਨਾਲ ਬਦਲਣ ਲੱਗੇ ਕਿ ਸੁਸਤਾਉਣ ਦੀ ਕੋਈ ਘੜੀ ਨਹੀਂ ਸੀ। ਹਾਲਾਤ ਤੇ ਗੌਰ ਕਰਨ ਦਾ ਵੇਲਾ ਨਹੀਂ ਸੀ, ਜਿਸ ਉਪਰੰਤ ਸਿੱਖ ਰਾਜਸੀ ਰਾਏ ਦਾ ਸਾਂਝਾ ਮੋਰਚਾ ਪੇਸ਼ ਕੀਤਾ ਜਾ ਸਕੇ।

ਯੂਰਪ ਵਿਚ 'ਜਾਅਲੀ ਜੰਗ' ਦੇ ਸਮਾਪਤ ਹੋਣ ਨਾਲ ਭਾਰਤ ਵਿਚ ਸਿਆਸੀ ਸਿੱਲ੍ਹ ਸਮਾਪਤ ਹੋ ਗਈ। ਅਪ੍ਰੈਲ 1940 ਵਿਚ ਨਾਜ਼ੀਆਂ ਨੇ ਨਾਰਵੇ, ਡੈਨਮਾਰਕ, ਹਾਲੈਂਡ, ਬੈਲਜ਼ੀਅਮ 'ਤੇ ਕਬਜ਼ਾ ਕਰ ਲਿਆ ਅਤੇ ਅੰਗਰੇਜ਼-ਫ਼ਰਾਂਸ ਦੇ ਰੱਖਿਆ ਮੋਰਚੇ ਤਬਾਹ ਕਰ ਦਿੱਤੇ। ਫ਼ਰਾਂਸ ਦੀ ਰੋਕ ਢਹਿ-ਢੇਰੀ ਹੋ ਗਈ। ਅੰਗਰੇਜ਼ਾਂ ਨੇ ਡੈਨਮਾਰਕ ਵਿਖੇ ਤਬਾਹੀ ਨੂੰ ਮਸਾਂ-ਮਸਾਂ ਟਾਲਿਆ। ਮਈ ਵਿਚ ਸਰ ਵਿਨਸਟਨ ਚਰਚਿਲ ਪ੍ਰਧਾਨ ਮੰਤਰੀ ਚੁਣਿਆ ਗਿਆ ਅਤੇ ਮਿਸਟਰ ਐਮ.ਐਲ. ਏਮਰੀ ਉਸ ਦਾ ਸੈਕ੍ਰੇਟਰੀ ਆਫ਼ ਸਟੇਟ ਫ਼ਾਰ ਇੰਡੀਆ ਥਾਪਿਆ ਗਿਆ।

ਲਾਰਡ ਲਿਨਲਿਥਗੋ ਨੇ ਭਾਰਤੀ ਡੈਡਲਾਕ ਨੂੰ ਖ਼ਤਮ ਕਰਨ ਦੇ ਯਤਨ ਅਰੰਭੇ। ਅਗਸਤ ਵਿਚ ਉਸ ਨੇ ਐਗਜ਼ੇਕਟਿਵ ਕੌਂਸਲ ਨੂੰ ਵਧਾਉਣ ਦੀ ਪੇਸ਼ਕਸ਼ ਕੀਤੀ ਅਤੇ ਭਾਰਤੀ ਮੈਂਬਰਾਂ ਸਹਿਤ ਜੰਗੀ ਸਲਾਹਕਾਰ ਪ੍ਰੀਸ਼ਦ ਕਾਇਮ ਕੀਤੀ; ਉਸ ਨੇ ਨਵੇਂ ਸੰਵਿਧਾਨ ਦੀ ਤਜਵੀਜ਼ ਰੱਖੀ ਜਿਸ ਵਿਚ ਜੰਗ ਦੀ ਸਫ਼ਲ ਸਮਾਪਤੀ ਨਾਲ ਘੱਟ-ਗਿਣਤੀਆਂ ਲਈ ਉਚਿਤ ਰੱਖਿਆ ਸਾਧਨ ਹੋਣਗੇ। ਕਾਂਗਰਸ ਅਤੇ ਮੁਸਲਿਮ ਲੀਗ ਦੋਹਾਂ ਨੇ ਇਸ 'ਸ਼ਾਨਦਾਰ ਪੇਸ਼ਕਸ਼' ਨੂੰ ਠੁਕਰਾ ਦਿੱਤਾ। ਕਾਂਗਰਸ ਹੋਰ ਅੱਗੇ ਵਧੀ ਅਤੇ ਇਕ ਹੋਰ ਨਾਗਰਿਕ ਨਾ-ਫ਼ਰਮਾਨੀ ਦੀ ਲਹਿਰ ਚਲਾ ਦਿੱਤੀ। ਜਨਵਰੀ 1941 ਵਿਚ, ਸੁਭਾਸ਼ ਚੰਦਰ ਬੋਸ ਆਪਣੇ ਕਲਕੱਤੇ ਦੇ ਘਰ 'ਚੋਂ ਗ਼ਾਇਬ ਹੋ ਗਿਆ। ਕੁਝ ਹਫ਼ਤੇ ਉਪਰੰਤ ਉਸ ਦੀ ਆਵਾਜ਼ ਬਰਲਿਨ ਰੇਡੀਓ ਤੋਂ ਸੁਣਾਈ ਗਈ ਜਿਸ ਰਾਹੀਂ ਉਹ ਆਪਣੇ ਦੇਸ਼ਵਾਸੀਆਂ ਨੂੰ ਅੰਗਰੇਜ਼ਾਂ ਵਿਰੁੱਧ ਉਠਣ ਲਈ ਜ਼ੋਰ ਦੇ ਰਿਹਾ ਸੀ।

1941 ਦੀ ਗਰਮੀ ਦੀ ਰੁੱਤ ਵਿਚ ਜੰਗ ਇਕ ਸੰਕਟਮਈ ਮੋੜ ਤੇ ਆ ਗਈ। ਫ਼ਾਸ਼ਿਸਟ ਸ਼ਕਤੀਆਂ ਨੇ ਯੋਗੋਸਲਾਵੀਆ ਅਤੇ ਯੂਨਾਨ 'ਤੇ ਹਮਲਾ ਕਰ ਦਿੱਤਾ। ਜਰਮਨੀ ਨੇ ਰੂਸ ਤੇ ਧਾਵਾ ਬੋਲਿਆ ਅਤੇ ਨਾਜ਼ੀ ਬਖ਼ਤਰਬੰਦ ਨੇ ਮਾਸਕੋ ਤਕ ਰਾਹ ਬਣਾ ਲਿਆ। ਜਨਰਲ

ਰੋਮੇਲ ਨੇ ਮੱਧ ਪੂਰਬ ਵਿਚ ਡਰ ਅਤੇ ਖ਼ਤਰਾ ਪੈਦਾ ਕੀਤਾ। ਜੇਰੂਸ਼ਲਮ ਮੁਫ਼ਤੀ ਦੇ ਅਰਬੀ ਪੈਰੋਕਾਰਾਂ ਨੇ ਗਠਜੋੜ (ਐਕਸਿਜ਼) ਸ਼ਕਤੀਆਂ ਦੇ ਹੱਕ ਵਿਚ ਐਲਾਨ ਕੀਤਾ।

ਮਿੱਤਰ-ਸ਼ਕਤੀਆਂ ਦੇ ਲਗਾਤਾਰ ਹਾਰ ਤੇ ਹਾਰ ਖਾਣ ਨਾਲ ਭਾਰਤ 'ਤੇ ਸਹਿਮ ਦਾ ਹਨੇਰਾ ਪੱਸਰ ਗਿਆ। ਅੰਗਰੇਜ਼ ਹੋਰ ਕਿੰਨਾ ਚਿਰ ਟਿਕ ਸਕਣਗੇ ? ਕੀ ਭਾਰਤ 'ਤੇ ਫ਼ਾਸ਼ਿਸਟ ਕਬਜ਼ਾ ਕਰ ਲੈਣਗੇ ? ਕੀ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਘਰੇਲੂ ਜੰਗ ਛਿੜ ਜਾਵੇਗੀ ? ਇਹੋ ਜਿਹੇ ਸਵਾਲ ਲੋਕ ਇਕ-ਦੂਜੇ ਨੂੰ ਕਰਦੇ। ਸਿੱਖ ਹੋਰ ਵੀ ਬੇਚੈਨ ਹੋਏ। ਇਹ ਵੀ ਅਫ਼ਵਾਹ ਸੀ ਕਿ ਖਾਲਸਾ ਵਿਦਰੋਹ ਯੂਨੀਅਨਿਸਟ ਸਰਕਾਰ ਵਿਰੁੱਧ ਉਠ ਖੜਾ ਹੋਵੇਗਾ। ਅੰਮ੍ਰਿਤਸਰ ਵਿਚ ਹੋਏ ਇਕ ਭਾਰੀ ਇਕੱਠ ਵਿਚ ਯੂਨੀਅਨਿਸਟ ਮਨਿਸਟਰੀ ਅਤੇ ਮੁਸਲਿਮ ਰਾਜ ਨੂੰ ਨਿੰਦਣ ਵਾਲੇ ਮਤੇ ਪਾਸ ਕੀਤੇ ਗਏ। ਇਸ ਤਰ੍ਹਾਂ ਦਿਲ ਦੀ ਭੜਾਸ ਕੱਢ ਲੈਣ ਉਪਰੰਤ ਆਗੂ ਸੋਗੀ ਅਤੇ ਉਲਝਣ ਵਾਲੀ ਚੁੱਪ ਵੱਟ ਗਏ।

ਕਾਂਗਰਸ ਅਤੇ ਲੀਗ ਵਿਚਕਾਰ ਸਮਝੌਤਾ ਕਰਵਾਉਣ ਦੇ ਯਤਨਾਂ ਨੂੰ ਲਾਰਡ ਲਿਨਲਿਥਗੋ ਨੇ ਤਿਲਾਂਜਲੀ ਦਿੱਤੀ। ਜੁਲਾਈ 1941 ਵਿਚ ਉਸ ਨੇ ਆਪਣੀ ਐਗਜ਼ੈਕਟਿਵ ਨੂੰ ਵਧਾਉਣ ਦਾ ਐਲਾਨ ਕੀਤਾ। ਮੈਂਬਰਾਂ ਦੀ ਸੰਖਿਆ ਵਧਾ ਕੇ 7 ਤੋਂ 12 ਕਰ ਦਿੱਤੀ ਜਾਵੇਗੀ ਜਿਸ ਵਿਚ 8 ਭਾਰਤੀ ਹੋਣਗੇ। ਉਸ ਨੇ 30 ਮੈਂਬਰੀ ਨੈਸ਼ਨਲ ਡੀਫ਼ੈਂਸ ਕੌਂਸਲ ਵੀ ਮਨੋਨੀਤ ਕੀਤੀ। ਡੀਫ਼ੈਂਸ ਕੌਂਸਲ ਵਿਚ 2 ਸਿੱਖ ਮਨੋਨੀਤ ਕੀਤੇ ਗਏ—ਮਹਾਰਾਜਾ ਪਟਿਆਲਾ ਅਤੇ ਨੌਨਿਹਾਲ ਸਿੰਘ। ਇਕ ਸਾਲ ਉਪਰੰਤ ਸਰ ਜੋਗਿੰਦਰਾ ਸਿੰਘ ਨੂੰ ਐਗਜ਼ੈਕਟਿਵ ਕੌਂਸਲ ਵਿਚ ਵਿਦਿਆ ਦਾ ਕਾਰਜ ਭਾਰ ਸੰਭਾਲਣ ਲਈ ਸੱਦਾ ਦਿੱਤਾ ਗਿਆ।

ਏਸ਼ੀਆ ਵਿਚ ਜੰਗ ਬਾਰੇ ਸਿੱਖ ਵਤੀਰਾ : ਆਜ਼ਾਦ ਹਿੰਦ ਫ਼ੌਜ

ਪਰਲ ਹਾਰਬਰ (ਦਸੰਬਰ 7, 1941) ਤੋਂ ਕੁਝ ਮਹੀਨੇ ਪਹਿਲਾਂ ਜਾਪਾਨੀ ਏਜੰਟਾਂ ਨੇ ਥਾਈਲੈਂਡ, ਚੀਨ, ਹਾਂਗਕਾਂਗ, ਕੰਬੋਡੀਆ, ਫ਼ਿਲਪੀਨਜ਼, ਬਰਮਾ, ਮਲਾਇਆ ਅਤੇ ਸਿੰਘਾਪੁਰ ਦੇ ਭਾਰਤੀ ਸਮੁਦਾਇਆਂ (ਭਾਈਚਾਰਿਆਂ) ਦੇ ਨੇਤਾਵਾਂ ਨਾਲ ਸੰਪਰਕ ਕਾਇਮ ਕਰ ਲਏ। ਇਨ੍ਹਾਂ ਦੇਸ਼ਾਂ ਦੇ ਭਾਰਤੀ ਵਸਨੀਕਾਂ ਦੀ ਸੰਖਿਆ ਦਾ ਅਨੁਮਾਨ ਦੋ ਮਿਲੀਅਨ ਤੋਂ ਉਪਰ ਸੀ ਅਤੇ ਇਹ ਲੋਕ ਅੰਗਰੇਜ਼ਾਂ ਪ੍ਰਤੀ ਵਿਰੋਧੀ ਭਾਵਨਾ ਰਖਦੇ ਸਨ। ਭਾਰਤੀ ਸਹਿਯੋਗ ਪ੍ਰਾਪਤ ਕਰਨ ਲਈ ਜਾਪਾਨੀਆਂ ਨੇ ਸ੍ਰੀ ਰਾਸ਼ ਬਿਹਾਰੀ ਬੋਸ ਦੀ ਚੋਣ ਕੀਤੀ। ਭਾਰਤੀ ਦੇਸ਼ਭਗਤਾਂ ਵਿਚ ਸ੍ਰੀ ਬੋਸ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਸੀ ਅਤੇ ਕਿਉਂਕਿ ਉਸ ਦੇ ਪਹਿਲੇ ਸੰਬੰਧ ਗ਼ਦਰ ਬਗ਼ਾਵਤ ਵਿਦਰੋਹੀਆਂ ਨਾਲ ਸਨ, ਇਸ ਲਈ ਸਿੱਖਾਂ ਅੰਦਰ ਵੀ ਉਨ੍ਹਾਂ ਵਾਸਤੇ ਵਿਸ਼ੇਸ਼ ਉਲਸ ਸੀ। ਸ੍ਰੀ ਬੋਸ ਜਾਪਾਨ ਵਿਚ 1915 ਤੋਂ ਰਹਿ ਰਹੇ ਸਨ ਅਤੇ ਉਨ੍ਹਾਂ ਬਲੈਕ ਡਰੈਗਨ ਸੋਸਾਇਟੀ ਦੇ ਮੁਖੀ ਦੀ ਲੜਕੀ ਨਾਲ ਵਿਆਹ ਕਰਵਾ ਲਿਆ ਸੀ। ਸ੍ਰੀ ਰਾਸ਼ ਬਿਹਾਰੀ ਬੋਸ ਨੇ ਜਾਪਾਨ ਸਰਕਾਰ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਸੀ ਕਿ ਜੇਕਰ ਅੰਗਰੇਜ਼ਾਂ ਨਾਲ ਯੁੱਧ ਛਿੜ ਪਿਆ ਤਾਂ ਭਾਰਤੀਆਂ ਨੂੰ ਦੁਸ਼ਮਣ ਦੀ ਰਿਆਇਆ ਨਹੀਂ ਸਮਝਿਆ ਜਾਵੇਗਾ ਅਤੇ ਉਨ੍ਹਾਂ ਨੂੰ ਫੜਿਆ ਵੀ ਨਹੀਂ ਜਾਵੇਗਾ। ਸਗੋਂ ਭਾਰਤੀ ਫ਼ੌਜੀ ਅਮਲਾ ਉਸ ਨੂੰ ਸੌਂਪਿਆ ਜਾਵੇਗਾ। ਜਾਪਾਨ ਦੇ ਖ਼ੁਫ਼ੀਆ ਜਾਂ ਗੁਪਤਚਰ ਮੇਜਰ ਫੌਜੀਵਾੜਾ ਨੂੰ ਸੰਪਰਕ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਉਸ ਦੇ ਬਿਊਰੋ ਦਾ ਨਾਮ ਉਸ ਦੇ ਨਾਮ ਨਾਲ ਜੋੜ ਕੇ 'ਫੌਜੀਵਾੜਾ ਕੀਕਾਨ' ਰਖਿਆ ਗਿਆ।

ਸ੍ਰੀ ਰਾਸ਼ ਬਿਹਾਰੀ ਬੋਸ ਨੇ ਵੀ ਸਿੱਖਾਂ ਪ੍ਰਤੀ ਪ੍ਰਾਥਮਿਕਤਾ ਦਰਸਾਈ। ਪਟਿਆਲੇ ਦੇ ਮਹਾਰਾਜਾ ਸਾਹਿਬ ਅਤੇ ਸਰਦਾਰ ਨੌਨਿਹਾਲ ਸਿੰਘ ਨੂੰ ਰੱਖਿਆ ਪ੍ਰੀਸ਼ਦ ਵਿਚ ਮਨੋਨੀਤ ਕੀਤਾ ਗਿਆ। ਥਾਈਲੈਂਡ ਵਿਚ ਉਨ੍ਹਾਂ ਨਾਲ ਸਹਿਯੋਗ ਦੇਣ ਵਾਲੇ ਸਨ ਸਰਦਾਰ ਅਮਰ ਸਿੰਘ, ਜਿਨ੍ਹਾਂ ਲਗਭਗ ਵੀਹ ਸਾਲ ਤਕ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਦਿਨ ਕੱਟੇ ਸਨ, ਗਿਆਨੀ ਪ੍ਰੀਤਮ ਸਿੰਘ ਜਿਹੜਾ ਬੈਂਕਾਕ ਦੇ ਗੁਰਦੁਆਰੇ ਦਾ ਗ੍ਰੰਥੀ ਸੀ ਅਤੇ ਸਰਦਾਰ ਚੰਦਾ ਸਿੰਘ ਜਿਸ ਦਾ ਥਾਨਾ ਵਿਚ ਰਬੜ ਦਾ ਜੰਗਲ ਸੀ। ਇਹ ਲੋਕ 'ਭਾਰਤ ਕਲਚਰਲ ਲਾਜ' ਬੈਂਕਾਕ ਦੇ ਮੈਂਬਰ ਸਨ, ਜਿਸ ਦੇ ਸੰਚਾਲਕ ਸੁਆਮੀ ਸੱਤਿਆਨੰਦ ਪੁਰੀ ਸਨ। ਮਲਾਇਆ ਵਿਚ ਸ੍ਰੀ ਬੋਸ ਦਾ ਸਹਾਇਕ ਸਰਦਾਰ ਬੁੱਧ ਸਿੰਘ ਸੀ, ਜਿਸ ਨੂੰ ਆਮ ਕਰਕੇ 'ਮਲਾਇਆ ਦਾ ਗਾਂਧੀ' ਸਮਝਿਆ ਜਾਂਦਾ ਸੀ।

ਸ੍ਰੀ ਰਾਸ਼ ਬਿਹਾਰੀ ਬੋਸ ਨੇ ਥਾਈਲੈਂਡ ਅਤੇ ਮਲਾਇਆ ਦੀਆਂ ਸਿੱਖ ਜੱਥੇਬੰਦੀਆਂ ਅਤੇ ਸਿੱਖ ਰਜਮੈਂਟਾਂ ਵਿਚ ਨਿਯੁਕਤ ਕੀਤੇ ਹੋਏ ਗ੍ਰੰਥੀਆਂ ਨਾਲ ਸੰਪਰਕ ਕਾਇਮ ਕੀਤੇ। ਸ੍ਰੀ ਰਾਸ਼ ਬਿਹਾਰੀ ਬੋਸ ਨੇ ਜਾਪਾਨ ਦੀ ਅੱਗੇ ਵਧ ਰਹੀ ਫ਼ੌਜ ਨਾਲ ਚਾਲ ਬਣਾਈ ਰੱਖੀ। ਜਿਥੇ-ਜਿਥੇ ਵੀ ਉਹ ਗਏ ਉਨ੍ਹਾਂ 'ਇੰਡੀਅਨ ਇੰਡੀਪੈਂਡੈਂਸ ਲੀਗ' ਦੀਆਂ ਸ਼ਾਖਾਵਾਂ ਖੋਲ੍ਹੀਆਂ।

ਜਾਪਾਨੀ ਫ਼ੌਜ ਥਾਈ-ਮਲਾਇਆ ਸੀਮਾ ਨੂੰ ਪਾਰ ਕਰ ਗਈ ਅਤੇ ਉਸ ਨੇ ਟਾਕਰਾ ਕਰ ਰਹੀ ਅੰਗਰੇਜ਼ਾਂ ਅਧੀਨ ਲੜ ਰਹੀ ਭਾਰਤੀ ਫ਼ੌਜ ਨੂੰ ਜਿੱਤ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਫ਼ੌਜ ਦੇ ਜੰਗੀ ਕੈਦੀਆਂ ਵਿਚ ਕੈਪਟਨ ਮੋਹਨ ਸਿੰਘ ਵੀ ਸੀ, ਜਿਹੜਾ 1/14 ਪੰਜਾਬ ਰਜਮੈਂਟ ਵਿਚ 1927 ਵਿਚ ਸਿਪਾਹੀ ਦੇ ਤੌਰ ਤੇ ਭਰਤੀ ਹੋਇਆ ਸੀ। ਉਹ ਸਿਆਲਕੋਟ (ਪਾਕਿਸਤਾਨ) ਜ਼ਿਲ੍ਹੇ ਦੇ ਉਗੋਕੇ ਪਿੰਡ ਦੇ ਘੁਮਾਣ ਜੱਟ ਸਨ। ਕੈਪਟਨ ਮੋਹਨ ਸਿੰਘ ਨੇ ਆਪਣੀਆਂ ਸੇਵਾਵਾਂ ਜਾਪਾਨੀ ਕਮਾਂਡਰ ਨੂੰ ਪੇਸ਼ ਕੀਤੀਆਂ।

ਅਲੋਰ ਸਟਾਰ ਕੈਂਪ ਦੇ ਭਾਰਤੀ ਜੰਗੀ ਕੈਦੀਆਂ ਨੂੰ ਕੈਪਟਨ ਮੋਹਨ ਸਿੰਘ ਦੀ ਨਿਗਰਾਨੀ ਹੇਠ ਕਰ ਦਿੱਤਾ ਗਿਆ। ਉਨ੍ਹਾਂ ਦਾ ਰੈਂਕ ਵਧਾ ਕੇ ਜਨਰਲ ਦਾ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਨਿਯੁਕਤੀ ਸਥਾਪਤ ਕੀਤੀ ਇੰਡੀਅਨ ਨੈਸ਼ਨਲ ਆਰਮੀ ਜਾਂ ਆਜ਼ਾਦ ਹਿੰਦ ਫ਼ੌਜ ਦੇ ਕਮਾਂਡਿੰਗ ਅਫ਼ਸਰ ਦੇ ਤੌਰ ਤੇ ਕਰ ਦਿੱਤੀ ਗਈ। ਅੱਗੋਂ ਇਹ ਆਈ.ਐਨ.ਏ. ਦੇ ਸੰਖੇਪ ਰੂਪ ਨਾਲ ਪ੍ਰਸਿੱਧ ਹੋਈ। ਆਈ.ਐਨ.ਏ. ਦੇ ਪਹਿਲੇ ਬ੍ਰਿਗੇਡ ਨੇ ਜਾਪਾਨੀ ਹਮਲੇ ਵਿਚ ਸਿੰਘਾਪੁਰ ਤੇ ਚੜ੍ਹਾਈ ਕੀਤੀ ਅਤੇ ਫ਼ਰਵਰੀ 15, 1942 ਨੂੰ ਇਸ 'ਤੇ ਕਬਜ਼ਾ ਕਰ ਲਿਆ। ਸਿੰਘਾਪੁਰ ਵਿਖੇ 45,000 ਭਾਰਤੀ ਜੰਗੀ ਕੈਦੀ ਇਕੱਠੇ ਕੀਤੇ ਗਏ ਜਿਨ੍ਹਾਂ ਵਿਚੋਂ 22,000 ਨੇ ਆਈ.ਐਨ.ਏ. ਵਿਚ ਭਰਤੀ ਹੋਣ ਲਈ ਆਪਣੇ-ਆਪ ਨੂੰ ਪੇਸ਼ ਕੀਤਾ। ਉਨ੍ਹਾਂ ਵਿਚ ਬਹੁ-ਗਿਣਤੀ ਸਿੱਖਾਂ ਦੀ ਸੀ। ਸਿੱਖ ਅਫ਼ਸਰ ਸਨ—ਕਰਨਲ ਨਿਰੰਜਨ ਸਿੰਘ ਗਿੱਲ, ਮੇਜਰ ਮਹਾਂਬੀਰ ਸਿੰਘ ਢਿੱਲੋਂ, ਮੇਜਰ ਨ੍ਰਿਪਇੰਦਰ ਸਿੰਘ ਭਗਤ, ਕੈਪਟਨ ਗੁਰਬਖਸ਼ ਸਿੰਘ ਢਿੱਲੋਂ ਅਤੇ ਕੈਪਟਨ ਠਾਕੁਰ ਸਿੰਘ। ਸਰਦਾਰ ਈਸ਼ਰ ਸਿੰਘ ਨਰੂਲਾ ਅਨੁਸਾਰ ਜਿਹੜਾ ਅੱਗੋਂ ਆਰਜ਼ੀ ਸਰਕਾਰ ਵਿਚ ਵਿੱਤ ਮੰਤਰੀ ਬਣਿਆ। ਆਈ.ਐਨ.ਏ. ਵਿਚ ਅੱਧੇ ਨਾਲੋਂ ਵੱਧ ਸਿੱਖ ਸਨ। ਜਨਰਲ ਮੋਹਨ ਸਿੰਘ ਅਨੁਸਾਰ ਸਿੱਖ ਤੀਜਾ ਹਿੱਸਾ ਸਨ ਅਤੇ ਬਾਕੀ ਪਠਾਣ, ਡੋਗਰੇ ਅਤੇ ਹਿੰਦੂ ਜਾਟ ਸਨ। (ਜਨਰਲ ਮੋਹਨ ਸਿੰਘ ਦੀ ਇਹ ਖ਼ੂਬੀ ਸੀ ਕਿ ਉਸ ਨੇ ਸਾਰਿਆਂ ਨੂੰ ਇਕਮੁੱਠ ਕੀਤਾ ਅਤੇ ਜਾਤੀ ਭੇਦ-ਭਾਵ ਨੂੰ ਦੂਰ ਕੀਤਾ। ਇਹ ਭਾਵ ਆਪ ਜਨਰਲ ਮੋਹਨ ਸਿੰਘ ਨੇ ਨਵੀਂ ਦਿੱਲੀ ਵਿਖੇ ਇਕ ਇਕੱਤਰਤਾ ਵਿਚ ਪ੍ਰਗਟ ਕੀਤੇ ਸਨ।) ਸਿੰਘਾਪੁਰ ਵਿਖੇ ਜਨਰਲ ਮੋਹਨ ਸਿੰਘ ਨੇ ਆਪਣਾ ਮੁਖਿਆਲਾ ਫ਼ੌਜੀਵਾੜਾ ਕੀਕਾਨ ਦੇ ਨਾਲ ਹੀ ਕਾਇਮ ਕੀਤਾ। ਉਸ ਨੇ ਫੀਲਡ ਮਾਰਸ਼ਲ ਕਾਊਂਟ ਤੇਰਾਊਚੀ ਨਾਲ ਸਾਇਗਾਨ ਵਿਖੇ ਮੁਲਾਕਾਤ

ਕੀਤੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਆਈ.ਐਨ.ਏ. ਦੇ ਯੋਗਦਾਨ ਬਾਰੇ ਜਾਪਾਨੀਆਂ ਦੇ ਮਨ ਵਿਚ ਕੀ ਹੈ ? ਉਨ੍ਹਾਂ ਨੂੰ ਇਹ ਦੱਸਿਆ ਗਿਆ ਕਿ ਸ੍ਰੀ ਰਾਸ਼ ਬਿਹਾਰੀ ਬੋਸ ਨੇ ਇਕ ਇਕੱਤਰਤਾ ਟੋਕੀਓ ਵਿਖੇ ਬੁਲਾਈ ਹੈ ਜਿਸ ਵਿਚ ਇਸ ਮੁੱਦੇ ਤੇ ਵਿਚਾਰ ਕੀਤੀ ਜਾਵੇਗੀ।

ਮਾਰਚ 28, 1942 ਨੂੰ ਹੋਈ ਟੋਕੀਓ ਕਾਨਫ਼ਰੰਸ ਨੇ ਮਤਾ ਪਾਸ ਕੀਤਾ ਕਿ "ਪੂਰਨ ਸਵਰਾਜ ਜਿਹੜਾ ਕਿਸੇ ਵੀ ਪ੍ਰਕਾਰ ਦੇ ਵਿਦੇਸ਼ੀ ਅਧਿਕਾਰਾਂ ਅਤੇ ਨਿਯੰਤਰਣ ਤੋਂ ਸੁਤੰਤਰ ਹੋਵੇਗਾ ਲਹਿਰ ਦਾ ਉਦੇਸ਼ ਹੋਵੇਗਾ।" ਇਕ ਹੋਰ ਮਤੇ ਵਿਚ ਇਹ ਕਿਹਾ ਕਿਆ ਕਿ ਭਾਰਤ ਵਿਰੁੱਧ ਸੈਨਿਕ ਅਮਲ ਦਾ ਕਾਰਜ ਕੇਵਲ ਆਈ.ਐਨ.ਏ. ਨੂੰ ਹੋਵੇਗਾ। ਇਸ ਦੇ ਨਾਲ ਸੈਨਾ, ਨੌ-ਸੈਨਾ ਅਤੇ ਵਾਯੂ ਸੈਨਾ ਦਾ ਸਹਿਯੋਗ ਹੋਵੇਗਾ ਜਿਸ ਵਾਸਤੇ ਇੰਡੀਅਨ ਇੰਡੀਪੈਂਡੈਂਸ ਲੀਗ ਦੀ ਅਮਲ ਪ੍ਰੀਸ਼ਦ ਜਾਪਾਨੀ ਅਧਿਕਾਰੀਆਂ ਤੋਂ ਮੰਗ ਕਰੇਗੀ।" ਕਾਨਫ੍ਰੰਸ ਵਿਚ ਹੋਈ ਕਾਰਵਾਈ ਬਾਰੇ ਜਾਪਾਨ ਦੇ ਪ੍ਰਧਾਨ ਮੰਤਰੀ ਜਨਰਲ ਟੋਜੋ ਨੇ ਡੂੰਘੀ ਦਿਲਚਸਪੀ ਵਿਖਾਈ।

ਜੂਨ 15, 1942 ਦੀ ਬੈਂਕਾਕ ਕਾਨਫ੍ਰੰਸ ਵਿਚ ਏਸ਼ਿਆਈ ਦੇਸ਼ਾਂ ਦੇ ਭਾਰਤੀ ਪ੍ਰਤੀਨਿਧੀ ਸ਼ਾਮਲ ਹੋਏ ਜਨਰਲ ਮੋਹਨ ਸਿੰਘ ਦੇ ਨਾਲ 30 ਅਫ਼ਸਰ ਸਨ। ਐਕਸਿਜ਼ ਸ਼ਕਤੀਆਂ ਦੇ ਪ੍ਰਤੀਨਿਧ ਅਤੇ ਥਾਈਲੈਂਡ ਦਾ ਵਿਦੇਸ਼ ਮੰਤਰੀ ਵੀ ਹਾਜ਼ਰ ਹੋਇਆ ਸੀ। ਕਾਨਫ੍ਰੰਸ ਵਿਚ ਮੰਗ ਦੁਹਰਾਈ ਗਈ ਕਿ ਜਾਪਾਨ ਦੀ ਸਰਕਾਰ ਭਾਰਤ ਬਾਰੇ ਆਪਣੀ ਨੀਤੀ ਸਪੱਸ਼ਟ ਕਰੇ।

ਜਾਪਾਨ ਦੀ ਸਰਕਾਰ ਦਾ ਵਤੀਰਾ ਬੈਂਕਾਕ ਮਤਿਆਂ ਪ੍ਰਤੀ ਅਣਸੁਖਾਵਾਂ ਸੀ। ਕਾਨਫ੍ਰੰਸ ਦਾ ਆਰੰਭ ਅਪਸ਼ਗਨੀ ਨਾਲ ਹੋਇਆ। ਜਿਸ ਹਵਾਈ ਜਹਾਜ਼ ਵਿਚ ਸੁਆਮੀ ਸੱਤਿਆਨੰਦ ਪੁਰੀ ਅਤੇ ਗਿਆਨੀ ਪ੍ਰੀਤਮ ਸਿੰਘ ਬੈਠ ਕੇ ਜਾ ਰਹੇ ਸਨ, ਉਸ ਦੀ ਟੱਕਰ ਹੋ ਗਈ ਅਤੇ ਸਾਰੇ ਦੇ ਸਾਰੇ ਮਾਰੇ ਗਏ। ਬੈਂਕਾਕ ਮਤੇ ਬਾਰੇ ਕਰਨਲ ਇਵਾਗੁਰੋ ਨੇ, ਜਿਹੜਾ ਕਰਨਲ ਫੋਜੀਵਾੜਾ ਦੀ ਥਾਂ ਸੰਪਰਕ ਅਧਿਕਾਰੀ ਨਿਯੁਕਤ ਹੋਇਆ ਸੀ, ਖੁੱਲ੍ਹੇ ਅਤੇ ਸਪੱਸ਼ਟ ਰੂਪ ਵਿਚ ਕਿਹਾ ਕਿ ਉਸ ਦੀ ਸਰਕਾਰ ਹੋਰ ਕੋਈ ਬਿਆਨ ਜਾਂ ਘੋਸ਼ਣਾ ਕਰਨ ਲਈ ਤਿਆਰ ਨਹੀਂ। ਹੋਰ ਚੀਜ਼ਾਂ ਨਾਲ ਜਨਰਲ ਮੋਹਨ ਸਿੰਘ ਦਾ ਵਿਸ਼ਵਾਸ ਜਾਪਾਨੀਆਂ ਤੋਂ ਉਠ ਗਿਆ। ਉਹ ਆਈ.ਐਨ.ਏ. ਦਾ ਰੇਡੀਓ ਪ੍ਰਸਾਰਣ ਸੈਂਸਰ ਕਰਨ ਲੱਗੇ। ਸਿੱਟੇ ਵਜੋਂ ਭਾਰਤੀ ਜੰਗੀ ਕੈਦੀਆਂ ਉਪਰ ਜਾਪਾਨੀਆਂ ਦਾ ਵਤੀਰਾ ਸਖ਼ਤ ਹੋ ਗਿਆ। ਆਪਣੇ ਫ਼ੈਸਲੇ ਦੇ ਵਿਰੁੱਧ ਉਨ੍ਹਾਂ ਆਈ.ਐਨ.ਏ. ਦੇ ਅਮਲੇ ਦੀ ਬਰਮਾ ਵਿਚ ਨਿਕਾਸੀ ਜਾਇਦਾਦ 'ਤੇ ਕਬਜ਼ਾ ਕਰ ਲਿਆ। ਇਹ ਵੀ ਯਤਨ ਕੀਤੇ ਗਏ ਕਿ ਆਈ.ਐਨ.ਏ. ਦੇ ਫ਼ਸਟ ਡਵੀਜ਼ਨਾਂ ਨੂੰ 'ਜਾਪਾਨੀ' ਰੰਗ ਚੜ੍ਹਾਇਆ ਜਾਵੇ। ਜਾਪਾਨੀ ਰੰਗ ਵਿਚ ਰੰਗੇ ਹੋਏ ਸ੍ਰੀ ਰਾਸ਼ ਬਿਹਾਰੀ ਬੋਸ ਨਾਲ ਜਨਰਲ ਮੋਹਨ ਸਿੰਘ ਦੇ ਸੰਬੰਧ ਠੰਡੇ ਹੋ ਗਏ ਸਨ। ਕੌਂਸਲ ਆਫ਼ ਐਕਸ਼ਨ (ਕਾਰਵਾਈ ਪ੍ਰੀਸ਼ਦ) ਨੇ ਇਕ ਹੋਰ ਦਸਤਾਵੇਜ਼ ਕਰਨਲ ਈਵਾਗੁਰੋ ਨੂੰ ਪੇਸ਼ ਕੀਤਾ ਜਿਸ ਵਿਚ ਮੰਗ ਕੀਤੀ ਗਈ ਸੀ ਕਿ ਭਾਰਤ ਪ੍ਰਤੀ ਜਾਪਾਨ ਦੀ ਨੀਤੀ ਸਪੱਸ਼ਟ ਕੀਤੀ ਜਾਵੇ। ਇਹ ਵੀ ਮੰਗ ਕੀਤੀ ਗਈ ਸੀ ਕਿ ਆਈ.ਐਨ.ਏ., ਇੰਡੀਅਨ ਇੰਡੀਪੈਂਡੈਂਸ ਲੀਗ ਅਤੇ ਕੌਂਸਲ ਆਫ਼ ਐਕਸ਼ਨ ਨੂੰ ਮਾਨਤਾ ਪ੍ਰਦਾਨ ਕੀਤੀ ਜਾਵੇ। ਕਰਨਲ ਈਵਾਗੁਰੋ ਕਰੋਧ ਵਿਚ ਆ ਗਿਆ। ਉਸ ਦਾ ਤੇਜ਼ਵਾਂ ਜਵਾਬ ਸੀ, "ਜਦੋਂ ਕੰਮ ਕਰਨਾ ਹੋਵੇ ਤਾਂ ਕਾਨੂੰਨੀ ਮੀਨ-ਮੇਖ ਨਹੀਂ ਕੱਢੀ ਜਾਂਦੀ।"

ਦੋਹੀਂ ਪਾਸੀਂ ਅਵਿਸ਼ਵਾਸ ਪੈਦਾ ਹੋ ਗਿਆ। ਜਾਪਾਨੀ ਜਨਰਲ ਮੋਹਨ ਸਿੰਘ ਦੇ

ਸਾਥੀਆਂ 'ਤੇ ਸ਼ੱਕ ਕਰਨ ਲੱਗੇ। ਵਿਸ਼ੇਸ਼ ਕਰਕੇ ਕਰਨਲ ਨਿਰੰਜਨ ਸਿੰਘ ਬਾਰੇ, ਜਿਸ ਨੂੰ ਬਰਮਾ ਦਾ ਇੰਚਾਰਜ ਬਣਾਇਆ ਗਿਆ ਸੀ। ਦਸੰਬਰ 1942 ਵਿਚ ਮਾਮਲਾ ਸਿਖਰ 'ਤੇ ਆ ਗਿਆ ਜਦੋਂ ਕਰਨਲ ਗਿੱਲ ਨੂੰ ਫੜਿਆ ਗਿਆ ਤਾਂ ਜਨਰਲ ਮੋਹਨ ਸਿੰਘ ਨੇ ਆਈ.ਐਨ.ਏ. ਖ਼ਤਮ ਕਰ ਦਿੱਤੀ ਅਤੇ ਆਪ ਵੀ ਅਸਤੀਫ਼ਾ ਦੇ ਦਿੱਤਾ। ਉਸ ਨੂੰ ਵੀ ਕੈਦ ਕਰ ਲਿਆ ਗਿਆ।

ਦੋ ਮਹੀਨੇ ਤਕ ਉਸ ਨੂੰ ਇਕ ਬੰਗਲੇ ਵਿਚ ਨਜ਼ਰਬੰਦ ਕਰਕੇ ਦਸੰਬਰ 1943 ਤਕ ਰਖ ਕੇ ਉਸ ਨੂੰ ਸਮਾਟਰਾ ਦੀਪ ਵਿਚ ਭੇਜ ਦਿੱਤਾ ਗਿਆ। ਇਥੋਂ ਅੰਗਰੇਜ਼ਾਂ ਨੇ ਉਸ ਨੂੰ ਫੜ ਲਿਆ। ਨਵੰਬਰ 1945 ਵਿਚ ਉਸ ਨੂੰ ਭਾਰਤ ਲੈ ਆਏ ਅਤੇ ਮਈ 1945 ਵਿਚ ਬਿਨਾਂ ਕਿਸੇ ਸ਼ਰਤ 'ਤੇ ਮੁਕਤ ਕਰ ਦਿੱਤਾ। 1962 ਵਿਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ।

ਜਨਰਲ ਮੋਹਨ ਸਿੰਘ ਅਤੇ ਕਰਨਲ ਗਿੱਲ ਦੀ ਗ੍ਰਿਫ਼ਤਾਰੀ ਨਾਲ ਆਈ.ਐਨ.ਏ. ਪ੍ਰਤੀ ਸਿੱਖ-ਭਾਵਨਾ ਮੱਠੀ ਪੈ ਗਈ।

ਸ੍ਰੀ ਰਾਸ਼ ਬਿਹਾਰੀ ਬੋਸ ਨੇ ਆਈ.ਐਨ.ਏ. ਨੂੰ ਮੁੜ ਸੰਗਠਨ ਦਾ ਰੂਪ ਦੇਣਾ ਚਾਹਿਆ ਪਰ ਜਵਾਨਾਂ ਅੰਦਰ ਪਹਿਲੇ ਵਾਲਾ ਜੋਸ਼ ਅਤੇ ਉਤਸ਼ਾਹ ਨਹੀਂ ਸੀ। ਉਹ ਵੀ ਜੂਨ 1943 ਵਿਚ ਇਸ ਤੋਂ ਲਾਂਭੇ ਹੋ ਗਏ। ਉਸ ਵੇਲੇ ਸ੍ਰੀ ਸੁਭਾਸ਼ ਚੰਦਰ ਬੋਸ ਜਰਮਨੀ ਤੋਂ ਪਹੁੰਚ ਗਏ। ਉਨ੍ਹਾਂ 'ਇੰਡੀਅਨ ਇੰਡੀਪੈਂਡੈਂਸ ਲੀਗ' ਦੀ ਪ੍ਰਧਾਨਗੀ ਸੰਭਾਲੀ ਅਤੇ ਆਈ.ਐਨ.ਏ. ਦੇ ਸੁਪਰੀਮ ਕਮਾਂਡਰ ਬਣ ਗਏ।

ਸ੍ਰੀ ਸੁਭਾਸ਼ ਚੰਦਰ ਬੋਸ ਨੇ ਇਕ ਰੈਲੀ ਸਿੰਘਾਪੁਰ ਵਿਚ ਆਯੋਜਿਤ ਕੀਤੀ, ਜਿਸ ਵਿਚ ਉਨ੍ਹਾਂ ਆਜ਼ਾਦ ਹਿੰਦ ਦੀ ਆਰਜ਼ੀ ਸਰਕਾਰ ਦਾ ਐਲਾਨ ਕੀਤਾ। ਉਹ ਆਪ ਇਸ ਦੇ ਮੁਖੀ ਬਣ ਗਏ ਅਤੇ ਆਪਣੇ ਨਾਲ ਚਾਰ ਹੋਰ ਵਜ਼ੀਰ ਲੈ ਲਏ। ਨਾਲ ਹੀ ਹਥਿਆਰਬੰਦ ਫ਼ੌਜ ਦੇ 8 ਪ੍ਰਤੀਨਿਧੀ ਲੈ ਲਏ। ਆਰਜ਼ੀ ਸਰਕਾਰ ਵਿਚ ਦੋ ਅਫ਼ਸਰ ਨਿਪਇੰਦਰਾ ਸਿੰਘ ਭਗਤ ਅਤੇ ਲੈਫ਼ਟੀਨੈਂਟ ਕਰਨਲ ਗੁਲਜ਼ਾਰਾ ਸਿੰਘ ਅਤੇ ਇਕ ਸਿਵਿਲੀਅਨ ਬੈਂਕਾਕ ਤੋਂ ਸਰਦਾਰ ਈਸ਼ਰ ਸਿੰਘ ਨਰੂਲਾ ਸਿੱਖ ਸਨ।

ਐਕਸਿਜ਼ ਸ਼ਕਤੀਆਂ ਨੇ ਆਰਜ਼ੀ ਸਰਕਾਰ ਅਤੇ ਉਨ੍ਹਾਂ ਦੇ ਬਲੀਦਾਨ ਨੂੰ ਮਾਨਤਾ ਦਿੱਤੀ। ਇਸ ਨੇ ਅੰਗਰੇਜ਼ਾਂ ਅਤੇ ਅਮਰੀਕਾ ਵਿਰੁੱਧ ਜੰਗ ਦਾ ਐਲਾਨ ਕੀਤਾ।

ਜਿਉਂ ਹੀ ਜੰਗ ਦੇ ਉਛਾਲ ਵਿਚ ਮੋੜ ਆਇਆ ਤਾਂ ਜਾਪਾਨੀ ਬੋਸ ਦੀ ਆਈ.ਐਨ.ਏ. ਪ੍ਰਤੀ ਜਨਰਲ ਮੋਹਨ ਸਿੰਘ ਦੀ ਆਈ.ਐਨ.ਏ. ਨਾਲੋਂ ਵਧੇਰੇ ਸਹਿਯੋਗ ਦੇਣ ਲੱਗ ਪਏ। ਸੁਭਾਸ਼ ਚੰਦਰ ਨੂੰ 'ਨੇਤਾ ਜੀ' ਦੇ ਖਿਤਾਬ ਨਾਲ ਬੁਲਾਇਆ ਜਾਣ ਲੱਗਾ। ਜਦੋਂ ਉਹ ਨਵੰਬਰ 1943 ਵਿਚ ਟੋਕੀਓ ਵਿਖੇ ਗ੍ਰੇਟ ਈਸਟ-ਏਸ਼ੀਆਈ ਨੈਸ਼ਨਲ ਕਾਨਫ਼੍ਰੰਸ ਵਿਚ ਭਾਗ ਲੈਣ ਲਈ ਆਏ ਤਾਂ ਉਨ੍ਹਾਂ ਨਾਲ ਵਿਲੱਖਣ ਸਲੂਕ ਕੀਤਾ ਗਿਆ। ਅੰਡੇਮਾਨ ਅਤੇ ਨਿਕੋਬਾਰ ਦੀਪਾਂ ਨੂੰ ਆਜ਼ਾਦ ਹਿੰਦ ਸਰਕਾਰ ਨੂੰ ਸੌਂਪ ਦਿੱਤਾ।

ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਪਣਾ ਮੁਖਿਆਲਾ ਰੰਗੂਨ ਵਿਚ ਬਦਲਿਆ ਅਤੇ ਆਈ.ਐਨ.ਏ. ਨੂੰ ਬਰਮਾ-ਭਾਰਤ ਮੋਰਚੇ ਤੇ ਭੇਜਿਆ ਗਿਆ। ਫ਼ਰਵਰੀ 1944 ਦੇ ਮੁੱਢਲੇ ਦਿਨਾਂ ਵਿਚ ਇਸ ਦੀ ਟੱਕਰ ਅੰਗਰੇਜ਼ ਫ਼ੌਜਾਂ ਨਾਲ ਹੋਈ ਅਤੇ ਇਹ ਭਾਰਤੀ ਇਲਾਕੇ ਵਿਚ ਘੁਸ ਜਾਣ ਵਿਚ ਸਫ਼ਲ ਹੋ ਗਏ। ਨੇਤਾ ਜੀ ਦੇ ਮੁਖਿਆਲਾ ਵਿਚ ਕਾਫ਼ੀ ਖ਼ੁਸ਼ੀ ਮਨਾਈ ਗਈ।

ਅਗਲੇ ਦੋ ਮਹੀਨਿਆਂ ਤਕ ਆਈ.ਐਨ.ਏ. ਨੇ ਅਰਾਕਾਨ ਵਿਚ ਮੋਰਚਾ ਬਣਾਈ

ਰਖਿਆ ਅਤੇ ਇੰਫਾਲ ਤੇ ਕਬਜ਼ਾ ਕਰਨ ਦਾ ਨਿਸ਼ਾਨਾ ਰਖਿਆ । ਪਰ ਮਈ ਤਕ ਇਹ ਜੋਸ਼ ਠੰਡਾ ਹੁੰਦਾ-ਹੁੰਦਾ ਸਮਾਪਤ ਹੋ ਗਿਆ । ਇਸ ਵੇਲੇ ਤਕ ਮਾਨਸੂਨ ਦੀ ਵਰਖਾ ਸ਼ੁਰੂ ਹੋ ਗਈ ਅਤੇ ਅੰਗਰੇਜ਼ ਦੇ ਹੱਥ ਪਹਿਲਕਦਮੀ ਆ ਗਈ । ਆਈ.ਐਨ.ਏ. ਪਿੱਛੇ ਹਟਣ ਲੱਗੀ । ਖਾਣ ਨੂੰ ਤੰਗੀ ਸੀ, ਪਹਿਨਣ ਨੂੰ ਘੱਟ ਸੀ ਅਤੇ ਮੁਕਾਬਲੇ ਤੇ ਸਿੱਖਿਆ ਵੀ ਬਹੁਤ ਘੱਟ ਸੀ । ਜਾਪਾਨੀਆਂ ਨੇ ਇਸ ਨੂੰ ਆਪਣੇ ਆਰਮਰ, ਤੋਪਖ਼ਾਨਾ ਅਤੇ ਹਵਾਈ ਫ਼ੌਜ ਦਾ ਸਹਾਰਾ ਨਾ ਦਿੱਤਾ । 6,000 ਦੀ ਫ਼ੌਜੀ ਟੁਕੜੀ ਇੰਫਾਲ ਤੇ ਕਬਜ਼ਾ ਕਰਨ ਲਈ ਭੇਜੀ ਗਈ ਸੀ । ਉਸ ਵਿਚੋਂ 1,500 ਤੋਂ ਉਪਰ ਫ਼ੌਜੀ ਅੰਗਰੇਜ਼ਾਂ ਨਾਲ ਜਾ ਮਿਲੇ ਜਾਂ ਬਿਨਾਂ ਲੜੇ ਹੀ ਹਥਿਆਰ ਸੁੱਟ ਦਿੱਤੇ । ਜੰਗ ਵਿਚ 400 ਮਾਰੇ ਗਏ । 1,500 ਦੇ ਕਰੀਬ ਬਿਮਾਰੀ ਜਾਂ ਭੁੱਖ ਦਾ ਸ਼ਿਕਾਰ ਹੋਏ । ਜਿਹੜੇ ਬਾਕੀ ਪਰਤ ਸਕੇ ਉਨ੍ਹਾਂ ਨੂੰ ਹਸਪਤਾਲਾਂ ਵਿਚ ਦਾਖ਼ਲ ਕਰਨਾ ਪਿਆ ।

ਆਈ.ਐਨ.ਏ. ਦੀ ਕਮਜ਼ੋਰੀ ਨੇਤਾ ਜੀ ਲਈ ਨਮੋਸ਼ੀ ਸਾਬਤ ਹੋਈ ਪਰ ਉਹ ਨਿਰਾਸ਼ ਨਹੀਂ ਹੋਏ । ਜਿਉਂ ਹੀ ਮਾਨਸੂਨ ਖ਼ਤਮ ਹੋਈ, ਉਨ੍ਹਾਂ ਜੰਗ ਲਈ ਦੋ ਬ੍ਰਿਗੇਡ ਹੋਰ ਖੜ੍ਹੇ ਕਰ ਲਏ । ਜਨਵਰੀ 1945 ਵਿਚ ਆਈ.ਐਨ.ਏ. ਨੇ ਅੰਗਰੇਜ਼ਾਂ ਦੀ 14ਵੀਂ ਅਰਮੀ ਨਾਲ ਦੂਜੀ ਜੰਗ ਲੜੀ । ਇਹ ਇਰਾਵਦੀ ਦੇ ਸਥਾਨ ਤੇ ਹੋਈ ਸੀ । ਦੂਜੀ, ਆਈ.ਐਨ.ਏ. ਦੇ ਸੈਨਿਕਾਂ ਦੀ ਹਾਲਤ ਹੋਰ ਵੀ ਭੈੜੀ ਸੀ । ਭਗੌੜਿਆਂ ਅਤੇ ਹਥਿਆਰ ਸੁੱਟਣ ਵਾਲਿਆਂ ਨੇ ਇਸ ਦੀ ਸੰਖਿਆ ਬਹੁਤ ਘਟਾ ਦਿੱਤੀ । ਮਈ ਦੇ ਅੱਧ ਤਕ ਆਈ.ਐਨ.ਏ. ਦੀ 'ਵੀਰਤਾ' ਦੀ ਗਾਥਾ ਦਾ ਭੋੜਾ ਅੰਤ ਹੋਇਆ ।

ਨੇਤਾ ਜੀ ਸੁਭਾਸ਼ ਚੰਦਰ ਬੋਸ ਰੰਗੂਨ ਛੱਡ ਕੇ ਸਿੰਘਾਪੁਰ ਅਤੇ ਉਥੋਂ ਬੰਕਾਕ ਚਲੇ ਗਏ । ਅਗਸਤ 18, 1945 ਨੂੰ ਜਿਸ ਜਹਾਜ਼ ਰਾਹੀਂ ਟੋਕੀਓ ਜਾ ਰਹੇ ਸਨ, ਉਹ ਅੱਗ ਦੀ ਲਪੇਟ ਵਿਚ ਆ ਗਿਆ । ਇਸ ਪ੍ਰਕਾਰ ਉਨ੍ਹਾਂ ਦਾ ਗਤੀਸ਼ੀਲ ਸੇਵਾ ਕਾਲ ਜੀਵਨ ਸਮਾਪਤ ਹੋ ਗਿਆ ।

ਕ੍ਰਿਪਸ ਮਿਸ਼ਨ, ਮਾਰਚ ਅਪ੍ਰੈਲ 1942

ਜਦੋਂ ਜਾਪਾਨੀ ਫ਼ੌਜਾਂ ਦੇ ਝੱਖੜ ਏਸ਼ੀਆ ਦੁਆਲੇ ਝੁੱਲ ਰਹੇ ਸਨ ਤਾਂ ਭਾਰਤ ਦਾ ਸਿਆਸੀ ਤਾਪਮਾਨ (ਬੈਰੋਮੀਟਰ) ਲਗਾਤਾਰ 'ਕੋਈ ਤਬਦੀਲੀ ਨਹੀਂ' ਦੇ ਨਿਸ਼ਾਨ 'ਤੇ ਰੁਕਿਆ ਹੋਇਆ ਸੀ । ਵਾਇਸਰਾਏ ਨੇ ਕਾਂਗਰਸੀ ਨੇਤਾਵਾਂ ਨੂੰ ਰਿਹਾ ਤਾਂ ਕਰ ਦਿੱਤਾ ਪਰ ਉਨ੍ਹਾਂ ਦੇ ਦਿਲ ਨਾ ਜਿੱਤ ਸਕਿਆ । 1942 ਦੀ ਬਸੰਤ ਰੁੱਤ ਵਿਚ ਵੀ ਜਦੋਂ ਜਾਪਾਨੀ ਅਤੇ ਆਈ.ਐਨ.ਏ. (ਆਜ਼ਾਦ ਹਿੰਦ ਫ਼ੌਜ) ਬ੍ਰਿਗੇਡ ਭਾਰਤ-ਬਰਮਾ ਸੀਮਾ ਤੇ ਇਕੱਠੇ ਹੋਏ ਸਨ, ਉਦੋਂ ਜਦੋਂ ਜਾਪਾਨੀ ਹਵਾਈ ਜਹਾਜ਼ ਕਲਕੱਤਾ ਅਤੇ ਮਦਰਾਸ 'ਤੇ ਬੰਬ ਸੁੱਟ ਰਹੇ ਸਨ, ਨਾ ਕਾਂਗਰਸ ਨੇ ਅਤੇ ਨਾ ਹੀ ਮੁਸਲਿਮ ਲੀਗ ਨੇ ਦੇਸ਼ ਦੀ ਹੋ ਰਹੀ ਤਬਾਹੀ ਵੱਲ ਧਿਆਨ ਦਿੱਤਾ । ਪਰ ਅੰਗਰੇਜ਼ ਸਰਕਾਰ ਨੇ ਵੇਲੇ ਨੂੰ ਸਮਝਿਆ । ਉਸ ਨੇ ਸਰ ਸਟੈਫੋਰਡ ਕ੍ਰਿਪਸ ਨੂੰ ਭੇਜਿਆ, ਜਿਸ ਨੂੰ ਭਾਰਤ ਵਿਚ ਬਹੁਤ ਸਰਾਹਿਆ ਜਾਂਦਾ ਸੀ, ਤਾਂ ਜੋ ਉਹ ਭਾਰਤੀਆਂ ਨੂੰ ਸਹਿਯੋਗ ਦੇਣ ਲਈ ਪ੍ਰੇਰ ਸਕੇ ।

ਮਾਸਟਰ ਤਾਰਾ ਸਿੰਘ, ਸਰਦਾਰ ਬਲਦੇਵ ਸਿੰਘ, ਸਰ ਜੋਗਿੰਦਰਾ ਸਿੰਘ ਅਤੇ ਸਰਦਾਰ ਬਹਾਦਰ ਉੱਜਲ ਸਿੰਘ ਨੂੰ ਸਿੱਖ ਕੌਮ ਦੀ ਪ੍ਰਤੀਨਿਧਤਾ ਲਈ ਚੁਣਿਆ ਗਿਆ ।

ਸਰਦਾਰ ਬਲਦੇਵ ਸਿੰਘ (1902-1961) ਅੰਬਾਲਾ ਜ਼ਿਲ੍ਹੇ ਦੇ ਪਿੰਡ ਦੁਮਾਨਾ ਦੇ ਜੱਟ (ਚੋਕਰ) ਪਰਿਵਾਰ ਦਾ ਸੀ । ਉਹ ਇਕ ਅਮੀਰ ਬਾਪ ਦਾ ਸਪੁੱਤਰ ਸੀ, ਜਿਸ ਦਾ ਸਟੀਲ ਦਾ ਕਾਰੋਬਾਰ ਸੀ । 1937 ਵਿਚ ਪੰਜਾਬ ਵਿਧਾਨ ਸਭਾ ਦੀ ਚੋਣ ਜਿੱਤ ਜਾਣ ਨਾਲ ਉਹ

ਸਿਆਸੀ ਅਖਾੜੇ ਵਿਚ ਆਇਆ ਸੀ। ਉਸ ਨੇ ਅਨੇਕਾਂ ਹੀ ਅਕਾਲੀ ਸਰਗਰਮੀਆਂ ਨੂੰ ਮਾਲੀ ਸਹਾਇਤਾ ਜੁਟਾਈ, ਜਿਨ੍ਹਾਂ ਵਿਚ ਲਾਹੌਰ ਦਾ ਸਿੱਖ ਨੈਸ਼ਨਲ ਕਾਲਜ ਵੀ ਸ਼ਾਮਲ ਸੀ। ਜੂਨ 1942 ਵਿਚ ਉਸ ਨੇ ਯੂਨੀਅਨਿਸਟਾਂ ਨਾਲ 'ਸਿਕੰਦਰ-ਬਲਦੇਵ ਸਿੰਘ ਪੈਕਟ' ਨਾਂ ਦਾ ਸਮਝੌਤਾ ਕੀਤਾ। ਇਸ ਨਾਲ ਅਕਾਲੀਆਂ ਨੇ ਸਿਕੰਦਰ ਹਯਾਤ ਖ਼ਾਨ ਵਿਰੁੱਧ ਲਾਇਆ ਮੋਰਚਾ ਬੰਦ ਕਰ ਦਿੱਤਾ। ਇਸ ਸਮਝੌਤੇ ਦੀ ਇਕ ਸ਼ਰਤ ਅਨੁਸਾਰ ਉਸ ਨੂੰ ਸਰਦਾਰ ਦਸੌਂਧਾ ਸਿੰਘ ਦੀ ਥਾਂ ਪੰਜਾਬ ਮੰਤਰੀ-ਮੰਡਲ ਵਿਚ ਲਿਆ ਗਿਆ। ਸੱਤਾ ਦੀ ਤਬਦੀਲੀ ਸਮੇਂ ਸਰਦਾਰ ਬਲਦੇਵ ਸਿੰਘ ਸਿੱਖਾਂ ਦਾ ਪ੍ਰਤੀਨਿਧ ਸੀ। ਨਹਿਰੂ ਸਰਕਾਰ ਵਿਚ ਉਹ ਪਹਿਲਾ ਰੱਖਿਆ ਮੰਤਰੀ ਸੀ। 1957 ਤਕ ਉਹ ਸਿੱਖਾਂ ਦੇ ਮਸਲਿਆਂ ਨਾਲ ਸੰਬੰਧਤ ਰਿਹਾ। ਪਰ ਉਸ ਤੋਂ ਉਪਰੰਤ ਉਸ ਦੀ ਥਾਂ ਸਰਦਾਰ ਸਵਰਨ ਸਿੰਘ ਆਏ।

ਮਾਰਚ 26, 1942 ਨੂੰ ਇਕ ਸਰਬ-ਦਲੀ ਸਿੱਖ ਕਾਨਫ੍ਰੰਸ ਦਿੱਲੀ ਵਿਚ ਬੁਲਾਈ ਗਈ ਤਾਂ ਜੋ ਪ੍ਰਤੀਨਿਧੀਆਂ ਨੂੰ ਸੰਖੇਪ ਹਿਦਾਇਤਾਂ ਦਿੱਤੀਆਂ ਜਾਣ। ਸਰ ਸਟੈਫੋਰਡ ਕ੍ਰਿਪਸ ਨੇ ਤਜਵੀਜ਼ਾਂ ਦਾ ਮਸੌਦਾ ਪਹਿਲਾਂ ਹੀ ਘੁਮਾ ਦਿੱਤਾ ਸੀ। ਇਸ ਵਿਚ ਸਰਕਾਰ ਦੇ ਨਾਂ 'ਤੇ ਇਕ ਵਚਨ ਦਿੱਤਾ ਗਿਆ ਸੀ ਕਿ ਜਿਉਂ ਹੀ ਜੰਗ ਸਮਾਪਤ ਹੋ ਜਾਵੇਗੀ ਤਾਂ ਚੁਣੇ ਹੋਏ ਭਾਰਤੀਆਂ ਦੀ ਇਕ ਸੰਸਥਾ ਬੁਲਾਈ ਜਾਵੇਗੀ ਤਾਂ ਜੋ ਭਾਰਤ ਲਈ ਨਵਾਂ ਸੰਵਿਧਾਨ ਤਿਆਰ ਕਰੇ। ਇਸ ਵਿਚ ਇਹ ਵੀ ਅਧਿਕਾਰ ਸੀ ਕਿ ਜੇਕਰ ਕੋਈ ਸੂਬਾ ਇੰਡੀਅਨ ਯੂਨੀਅਨ ਵਿਚੋਂ ਵੱਖ ਹੋਣਾ ਚਾਹੇ ਤਾਂ ਹੋ ਸਕਦਾ ਸੀ। ਜਦੋਂ 29 ਮਾਰਚ ਨੂੰ ਹੋਈ ਪ੍ਰੈੱਸ ਕਾਨਫ੍ਰੰਸ ਵਿਚ ਸਰ ਸਟੈਫੋਰਡ ਨੂੰ ਪੁੱਛਿਆ ਗਿਆ ਕਿ ਇਸ ਅਧਿਕਾਰ ਦਾ ਭਾਵ ਤਾਂ ਇਹ ਹੈ ਕਿ ਪਾਕਿਸਤਾਨ ਦੀ ਮੰਗ ਪਹਿਲਾਂ ਹੀ ਮੰਨਜ਼ੂਰ ਕਰ ਲਈ ਗਈ ਹੈ ਤਾਂ ਉਸ ਦਾ ਉੱਤਰ ਸੀ "ਉੱਕੀ ਨਾਂਹ"। ਕਾਂਗਰਸ ਪਾਰਟੀ ਨੇ ਸੱਤਾ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਰੱਖਿਆ ਵਿਭਾਗ ਦੇ ਨਿਯੰਤਰਣ ਦਾ ਮਾਮਲਾ ਵੱਖ ਰਖਿਆ ਗਿਆ ਸੀ। ਮਿਸਟਰ ਜਿਨਾਹ ਨੇ ਇਸ ਨੂੰ ਇਸ ਲਈ ਰੱਦ ਕਰ ਦਿੱਤਾ ਕਿ ਇਸ ਵਿਚ ਪਾਕਿਸਤਾਨ ਦੀ ਪ੍ਰਵਾਨਗੀ ਸ਼ਾਮਲ ਨਹੀਂ ਸੀ।

ਸਿੱਖਾਂ ਨੇ ਕਾਂਗਰਸ ਤੇ ਭਰੋਸਾ ਰਖਿਆ ਕਿਉਂਕਿ ਮਹਾਤਮਾ ਗਾਂਧੀ ਤੋਂ ਲੈ ਕੇ ਛੋਟੇ ਤੋਂ ਛੋਟਾ ਕਾਂਗਰਸੀ ਵੀ ਇਹ ਸਹੁੰ ਖਾਂਦਾ ਸੀ ਕਿ ਕਿਸੇ ਵੀ ਕੀਮਤ ਤੇ ਦੇਸ਼ ਨੂੰ ਖੰਡ-ਖੰਡ ਨਹੀਂ ਹੋਣ ਦਿੱਤਾ ਜਾਵੇਗਾ। ਸਰ ਸਟੈਫੋਰਡ ਕ੍ਰਿਪਸ ਦੇ ਚਲੇ ਜਾਣ ਦੇ ਕੁਝ ਦਿਨਾਂ ਉਪਰੰਤ ਸਿੱਖਾਂ ਦਾ ਵਿਸ਼ਵਾਸ ਬੁਰੀ ਤਰ੍ਹਾਂ ਡੋਲ ਗਿਆ। ਇਸ ਦਾ ਕਾਰਨ ਇਹ ਸੀ ਕਿ ਮਦਰਾਸ ਵਿਧਾਨ ਸਭਾ ਦੇ ਕਾਂਗਰਸੀ ਮੈਂਬਰਾਂ ਦੇ ਇਕ ਗੁੱਟ ਨੇ ਇਕ ਮਤਾ ਪਾਸ ਕੀਤਾ ਕਿ ਮੁਸਲਮਾਨਾਂ ਦੇ 'ਇਕ ਵੱਖਰੇ ਰਾਜ' ਦੀ ਮੰਗ ਦੇ ਦਾਅਵੇ ਨੂੰ ਪਰਵਾਨ ਕੀਤਾ ਜਾਵੇ। ਇਸ ਗੁੱਟ ਦੇ ਨੇਤਾ ਸ੍ਰੀ ਸੀ. ਰਾਜ ਗੋਪਾਲਾਚਾਰੀਆ ਸਨ, ਜਿਨ੍ਹਾਂ ਦਾ ਸੰਗਠਨ ਅੰਦਰ ਬਹੁਤ ਆਦਰ-ਮਾਣ ਸੀ। ਉਨ੍ਹਾਂ 'ਤੇ ਮਹਾਤਮਾ ਗਾਂਧੀ ਨੂੰ ਵੀ ਪੂਰਾ ਵਿਸ਼ਵਾਸ ਸੀ। ਕਾਂਗਰਸ ਦੀ ਕਾਰਜਕਾਰਨੀ ਕਮੇਟੀ ਨੇ ਇਸ ਮਤੇ ਨੂੰ ਰੱਦ ਕਰ ਦਿੱਤਾ ਅਤੇ ਸ੍ਰੀ ਸੀ. ਰਾਜ ਗੋਪਾਲਾਚਾਰੀਆ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ। ਪਰ ਦੁਫੇੜ ਪੈ ਚੁੱਕੀ ਸੀ। ਬਸ ਕਸਰ ਸੀ ਤਾਂ ਮੁਸਲਿਮ ਲੀਗ ਵੱਲੋਂ ਜ਼ੋਰ ਦੇਣ ਦੀ ਕਿ ਭਾਰਤ ਦੀ ਏਕਤਾ ਨੂੰ ਭੰਗ ਕੀਤਾ ਜਾਵੇ।

ਨੈਸ਼ਨਲ ਕਾਂਗਰਸ ਆਪਣੀ ਗੱਲ ਤੇ ਅੜੀ ਰਹੀ ਅਤੇ ਅਗਸਤ 1942 ਵਿਚ ਇਕ ਲਹਿਰ ਅੰਗਰੇਜ਼ਾਂ ਵਿਰੁੱਧ 'ਭਾਰਤ ਛੱਡੋ' ਦੀ ਚਲਾਈ ਗਈ। ਮਹਾਤਮਾ ਗਾਂਧੀ ਸਮੇਤ ਸਾਰੇ ਮੁਖੀ ਕਾਂਗਰਸੀ ਨੇਤਾ ਕੈਦ ਕਰ ਲਏ ਗਏ। ਕਾਂਗਰਸ ਪਾਰਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ। ਪੂਰਬੀ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਰੇਲਾਂ ਦੀਆਂ ਪਟੜੀਆਂ ਉਖਾੜ ਦਿੱਤੀਆਂ ਗਈਆਂ ਤਾਂ ਜੋ ਪੂਰਬੀ ਮੋਰਚੇ ਨਾਲ ਸੰਪਰਕ ਅਤੇ ਆਵਾਜਾਈ ਟੁੱਟ ਜਾਵੇ।

ਸਰਕਾਰ ਨੂੰ ਲਹਿਰ ਦੇ ਦਬਾਉਣ ਵਿਚ ਕੋਈ ਕਠਿਨਾਈ ਨਹੀਂ ਹੋਈ। ਪੰਜਾਬ ਅੰਦਰ ਅਮਨ-ਸ਼ਾਂਤੀ ਰਹੀ। ਕਾਂਗਰਸ ਦੀ ਪਕੜ-ਧਕੜ ਵੱਲ ਲੋਕਾਂ ਵੱਲੋਂ ਘੱਟ ਹੀ ਧਿਆਨ ਦਿੱਤਾ ਗਿਆ।

ਵਾਇਸਰਾਇ ਨੇ ਆਪਣਾ ਰੁਖ਼ ਉਨ੍ਹਾਂ ਪਾਰਟੀਆ ਵੱਲ ਮੋੜਿਆ, ਜਿਹੜੀਆਂ ਜੰਗ ਦੇ ਯਤਨਾਂ ਵਿਚ ਯੋਗਦਾਨ ਦੇਣ ਲਈ ਤਿਆਰ ਸਨ। ਕਮਿਊਨਿਸਟ ਪਾਰਟੀ ਉਪਰ ਲਾਈ ਗਈ ਬੰਦਸ਼ ਹਟਾ ਦਿੱਤੀ ਗਈ। ਪੰਜਾਬ ਦੇ ਕਮਿਊਨਿਸਟਾਂ ਵਿਚ ਭਾਰੀ ਗਿਣਤੀ ਸਿੱਖਾਂ ਦੀ ਸੀ। ਉਨ੍ਹਾਂ ਲਾਹੌਰ ਅੰਦਰ ਇਕ ਵੱਡੀ ਇਮਾਰਤ ਲੈ ਲਈ ਅਤੇ ਅਨੇਕ ਭਾਸ਼ਾਵਾਂ ਵਿਚ ਜਿਨ੍ਹਾਂ ਵਿਚ ਗੁਰਮੁਖੀ ਵੀ ਸ਼ਾਮਲ ਸੀ, ਪ੍ਰਾਪੇਗੰਡਾ ਪ੍ਰਕਾਸ਼ਿਤ ਕਰਨਾ ਆਰੰਭ ਕਰ ਦਿੱਤਾ। ਉਨ੍ਹਾਂ ਦੇ ਸਪਤਾਹਿਕ 'ਜੰਗੇ-ਏ-ਆਜ਼ਾਦੀ' ਨੇ ਮੁਸਲਮਾਨਾਂ ਦੀ ਪਾਕਿਸਤਾਨ ਦੀ ਮੰਗ ਦੀ ਹਮਾਇਤ ਕੀਤੀ।

ਸਾਰਾ ਮੈਦਾਨ ਹੁਣ ਮੁਸਲਿਮ ਲੀਗੀਆਂ ਦੇ ਹੱਥ ਸੀ। ਦਸੰਬਰ 1942 ਵਿਚ ਸਰ ਸਿਕੰਦਰ ਹਯਾਤ ਖ਼ਾਨ ਦੀ ਮੌਤ ਨਾਲ ਮਿਸਟਰ ਜਿਨਾਹ ਦੇ ਮੁਸਲਮਾਨਾਂ ਦੇ ਇਕੋ-ਇਕ ਨੇਤਾ ਹੋਣ ਵਿਚ ਜੋ ਰੋੜਾ ਸੀ, ਉਹ ਨਿਕਲ ਗਿਆ। 1943 ਦੀਆਂ ਗਰਮੀਆਂ ਵਿਚ ਇਕ ਹੋਰ ਸੱਟ ਪਈ ਜਦੋਂ ਉੱਤਰ-ਪੱਛਮੀ ਸੀਮਾ ਪ੍ਰਦੇਸ਼ ਵਿਚ ਮੁਸਲਿਮ ਲੀਗ ਮਨਿਸਟਰੀ ਕਾਇਮ ਕਰਨ ਵਿਚ ਸਫਲ ਹੋ ਗਈ। ਕੇਵਲ ਪੰਜਾਬ ਸਰ ਸਿੰਕਦਰ ਹਯਾਤ ਖ਼ਾਨ ਦੇ ਉੱਤਰਾ-ਧਿਕਾਰੀ ਸਰ ਖ਼ਿਜ਼ਰ ਹਯਾਤ ਖ਼ਾਨ ਨੇ ਮੁਸਲਿਮ ਲੀਗ ਦੀ ਮੰਗ ਬਾਰੇ ਸ਼ਰਤ ਵਾਲਾ ਯੋਗਦਾਨ ਦਿੱਤਾ, ਭਾਵ ਉਸ ਨੇ ਸਾਂਝੇ ਪੰਜਾਬ ਦੀ ਮੰਗ ਕੀਤੀ। ਮਿਸਟਰ ਜਿਨਾਹ ਨੇ ਆਪਣੇ ਸੰਗਠਨ ਦਾ ਪੂਰਾ ਦਬਾਅ ਯੂਨੀਅਨਿਸਟਾਂ ਉਪਰ ਪਾਇਆ। ਉਹ ਲਾਹੌਰ ਆਇਆ ਅਤੇ ਮੰਗ ਕੀਤੀ ਕਿ ਸਰ ਖ਼ਿਜ਼ਰ ਹਯਾਤ ਖ਼ਾਨ ਆਪਣੇ 'ਯੂਨੀਅਨਿਸਟਾਂ' ਦੇ ਖ਼ਿਤਾਬ ਨੂੰ ਤਿਲਾਂਜਲੀ ਦੇ ਦੇਵੇ ਅਤੇ ਆਪਣੀ ਸਰਕਾਰ ਨੂੰ 'ਮੁਸਲਿਮ ਲੀਗ ਕੋਲੀਸ਼ਨ' ਦਾ ਨਾਂ ਦੇਵੇ। ਪਰ ਖ਼ਿਜ਼ਰ ਹਯਾਤ ਖ਼ਾਨ ਨੇ ਇਨਕਾਰ ਕਰ ਦਿੱਤਾ। ਉਸ ਨਾਲੋਂ ਮੁਸਲਮਾਨ ਟੁੱਟਣੇ ਆਰੰਭ ਹੋ ਗਏ। ਅੰਤ ਵਿਚ ਉਸ ਦੀ ਸਰਕਾਰ ਕੁਝ ਯੂਨੀਅਨਿਸਟਾਂ ਅਤੇ ਅਕਾਲੀਆਂ ਦੀ ਹਮਾਇਤ ਤੇ ਚੱਲਣ ਲੱਗੀ।

ਇਸ ਦੌਰਾਨ ਸ੍ਰੀ ਸੀ. ਰਾਜ ਗੋਪਾਲਾਚਾਰੀਆ ਨੇ ਸਾਂਝੇ ਭਾਰਤ ਦੇ ਦਿਲ ਵਿਚ ਪਾਕਿਸਤਾਨ ਦੀ ਦੂਫੇੜ ਹੋਰ ਚੋਭ ਦਿੱਤੀ। ਜੁਲਾਈ 10, 1944 ਨੂੰ ਉਸ ਨੇ ਆਪਣਾ ਮਸ਼ਹੂਰ 'ਫ਼ਾਰਮੂਲਾ' ਪ੍ਰਕਾਸ਼ਿਤ ਕੀਤਾ। ਇਸ ਅਨੁਸਾਰ ਜੇਕਰ ਮੁਸਲਿਮ ਲੀਗ ਤੁਰੰਤ ਆਜ਼ਾਦੀ ਦੀ ਮੰਗ ਪਰਵਾਨ ਕਰ ਲਵੇ ਤਾਂ ਇਕ ਕਮਿਸ਼ਨ ਦੀ ਨਿਯੁਕਤੀ ਕੀਤੀ ਜਾਵੇਗੀ ਤਾਂ ਜੋ ਉੱਤਰ-ਪੱਛਮ ਅਤੇ ਉੱਤਰ ਵਿਚ ਉਨ੍ਹਾਂ ਜ਼ਿਲ੍ਹਿਆਂ ਦੀ ਹੱਦਬੰਦੀ ਕੀਤੀ ਜਾ ਸਕੇ ਜਿਥੇ ਮੁਸਲਮਾਨ ਅਵਿਰਲ (ਕਾਨਟੀਗੁਆਸ) ਬਹੁਤ ਗਿਣਤੀ ਵਿਚ ਸਨ। ਇਨ੍ਹਾਂ ਇਲਾਕਿਆਂ ਵਿਚ ਜਨਮਤ ਕਰਵਾਇਆ ਜਾ ਸਕੇ ਕਿ ਉਹ ਵੱਖਰਾ ਰਾਜ ਚਾਹੁੰਦੇ ਹਨ ਜਾਂ ਭਾਰਤ ਵਿਚ ਰਹਿਣਾ ਚਾਹੁੰਦੇ ਹਨ। ਸ੍ਰੀ ਰਾਜ ਗੋਪਾਲਾਚਾਰੀਆ ਨੇ ਇਹ ਵੀ ਦਾਅਵਾ ਕੀਤਾ (ਮਈ 1944 ਵਿਚ ਜਾਰੀ ਕੀਤਾ) ਕਿ ਮਹਾਤਮਾ ਗਾਂਧੀ ਉਸ ਨਾਲ ਸਹਿਮਤ ਸਨ। ਕਾਂਗਰਸ ਦੇ ਘੇਰੇ ਵਿਚ ਇਨ੍ਹਾਂ ਦੋ ਮਹਾਨ ਹਸਤੀਆਂ ਦੇ ਸਥਾਨ ਨੂੰ ਮੁੱਖ ਰੱਖਦੇ ਹੋਏ, ਸਿੱਖਾਂ ਨੇ ਇਹ ਮਹਿਸੂਸ ਕੀਤਾ ਕਿ ਕਾਂਗਰਸ ਪਾਕਿਸਤਾਨ ਦੀ ਹਮਾਇਤ ਦੇ ਹੱਕ ਵਿਚ ਹੈ।

ਸਿੱਖਾਂ ਨੇ ਰਾਜ ਗੋਪਾਲਾਚਾਰੀਆ-ਗਾਂਧੀ ਵਿਚਾਰਾਂ ਪ੍ਰਤੀ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ। ਅਗਸਤ 20, 1944 ਨੂੰ ਅੰਮ੍ਰਿਤਸਰ ਵਿਖੇ ਇਕ ਭਾਰਤੀ ਇਕੱਠ ਹੋਇਆ ਜਿਸ ਵਿਚ ਸਾਰੀਆਂ ਸਿੱਖ ਪਾਰਟੀਆਂ ਦੇ ਆਗੂਆਂ ਨੇ ਭਾਗ ਲਿਆ। ਮਹਾਤਮਾ ਗਾਂਧੀ ਦੀ

ਲੀਡਰਸ਼ਿਪ ਦੀ ਸਖ਼ਤ ਆਲੋਚਨਾ ਕੀਤੀ ਗਈ। ਗਿਆਨੀ ਕਰਤਾਰ ਸਿੰਘ ਨੇ ਤਾਂ ਇਥੋਂ ਤਕ ਕਿਹਾ, "ਆਓ ਹੁਣੇ ਆਪਣੇ ਹਿੱਤਾਂ ਦੀ ਰਾਖੀ ਲਈ ਮਹਾਤਮਾ ਗਾਂਧੀ ਦੀ ਆਸ ਲਾਹ ਦੇਈਏ।"

ਅਗਸਤ 21, 1944 ਦੇ ਸਿਵਿਲ ਐਂਡ ਮਿਲਟਰੀ ਗਜ਼ਟ ਦੇ ਅਖ਼ਬਾਰ ਵਿਚ ਗਿਆਨੀ ਕਰਤਾਰ ਸਿੰਘ ਦਾ ਬਿਆਨ ਛਪਿਆ : "ਜੇਕਰ ਅੰਗਰੇਜ਼ਾਂ ਦੀਆਂ ਗੋਲੀਆਂ ਅਤੇ ਖੰਜਰਾਂ ਨਾਲ ਸਿੱਖਾਂ ਉਤੇ ਪਾਕਿਸਤਾਨ ਥੋਪਿਆ ਗਿਆ ਤਾਂ ਅਸੀਂ ਇਹਦੇ ਬਖੀਏ ਉਧੇੜ ਦੇਵਾਂਗੇ, ਲੀਰਾਂ-ਲੀਰਾਂ ਕਰ ਦੇਵਾਂਗੇ, ਜਿਵੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਹਕੂਮਤ ਦਾ ਮਲੀਆਮੇਟ ਕੀਤਾ ਸੀ।" ਗਿਆਨੀ ਕਰਤਾਰ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਨਾਗੋਕੇ ਪਿੰਡ ਦਾ ਢਿੱਲੋਂ ਜੱਟ ਸੀ, ਜਿਸ ਦਾ ਜਨਮ 1905 ਵਿਚ ਹੋਇਆ। ਉਹ ਲਾਇਲਪੁਰ (ਹੁਣ ਪਾਕਿਸਤਾਨ) ਦੇ ਚੱਕ ਨੰਬਰ 40 ਵਿਚ ਜਾ ਵੱਸੇ ਸਨ। 19 ਵਰ੍ਹੇ ਦੀ ਉਮਰ ਵਿਚ ਉਹ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਨ੍ਹਾਂ ਨੂੰ ਅਕਾਲੀ ਪਾਰਟੀ ਦਾ ਦਿਮਾਗ਼ ਮੰਨਿਆ ਜਾਂਦਾ ਸੀ ਅਤੇ ਉਹ ਸਿੱਖ ਸਟੇਟ ਦਾ ਸਿਧਾਂਤ ਪੇਸ਼ ਕਰਨ ਵਾਲਾ ਵੀ। ਉਹ ਮਾਸਟਰ ਤਾਰਾ ਸਿੰਘ ਦੇ ਨਿਕਟ ਸਾਥੀ ਸਨ, ਪਰ ਕਈ ਵਾਰ ਉਨ੍ਹਾਂ ਦੇ ਕੱਟੜ ਵਿਰੋਧੀ ਵੀ। ਸੁਤੰਤਰਤਾ ਉਪਰੰਤ ਗਿਆਨੀ ਜੀ ਪੰਜਾਬ ਸਰਕਾਰ ਦੇ ਮੈਂਬਰ ਰਹੇ।

ਸ੍ਰੀ ਰਾਜ ਗੋਪਾਲਾਚਾਰੀਆ ਅਤੇ ਮਹਾਤਮਾ ਗਾਂਧੀ ਦੀ ਸੋਚ ਦੇ ਪ੍ਰਤੀਕਰਮ ਵਜੋਂ ਮਾਸਟਰ ਤਾਰਾ ਸਿੰਘ ਨੇ ਪਹਿਲੀ ਵਾਰ ਇਹ ਬਿਆਨ ਦਿੱਤਾ ਕਿ ਸਿੱਖ ਇਕ ਵੱਖਰੀ ਨੇਸ਼ਨ (ਕੌਮ) ਹੈ। ਪਰ 'ਆਜ਼ਾਦ ਪੰਜਾਬ' ਦਾ ਜ਼ਿਕਰ ਸਤੰਬਰ 1942 ਵਿਚ ਅਤੇ ਮਾਰਚ 1945 ਦੀਆਂ ਅਕਾਲੀ ਕਾਨਫ਼੍ਰੰਸ ਨੂੰ ਸੰਬੋਧਨ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਕਿਹਾ, "ਆਜ਼ਾਦ ਪੰਜਾਬ ਦੀਆਂ ਸਰਹੱਦਾਂ ਨਿਰਧਾਰਤ ਕਰਨ ਵੇਲੇ ਜੇਕਰ ਜਾਇਦਾਦ, ਭੂਮੀ ਦਾ ਮਾਲੀਆ ਅਤੇ ਹਰ ਕੌਮ ਦੀਆਂ ਇਤਿਹਾਸਕ ਰਵਾਇਤਾਂ ਨੂੰ ਧਿਆਨ ਵਿਚ ਰਖਿਆ ਗਿਆ ਅਤੇ ਨਵੀਆਂ ਹੱਦਾਂ ਵੇਲੇ ਉਪ੍ਰੋਕਤ ਆਧਾਰ ਰਿਹਾ ਤਾਂ ਆਜ਼ਾਦ ਪੰਜਾਬ ਵਿਚ ਅੰਬਾਲਾ, ਮੁਲਤਾਨ ਡਵੀਜ਼ਨ ਦਾ ਲਾਇਲਪੁਰ ਜ਼ਿਲ੍ਹਾ, ਮਿੰਟਗੁਮਰੀ ਦੇ ਜ਼ਿਲ੍ਹੇ ਦਾ ਕੁਝ ਹਿੱਸਾ ਅਤੇ ਮੁਲਤਾਨ ਦਾ ਜ਼ਿਲ੍ਹਾ ਹੋਵੇਗਾ। (ਇੰਡੀਅਨ ਐਨੂਅਲ ਰਜਿਸਟਰ, 1943)

ਪਰ ਜਦੋਂ 'ਸੁਤੰਤਰ ਸਿੱਖ ਪ੍ਰਭੂ-ਸੱਤਾ ਸਟੇਟ' ਦਾ ਮਤਾ ਪੇਸ਼ ਕੀਤਾ ਤਾਂ ਇਸ ਨੂੰ 'ਅਸੰਭਵ ਮੰਗ' ਕਹਿ ਕੇ ਠੁਕਰਾ ਦਿੱਤਾ ਗਿਆ। ਸਰਦਾਰ ਬਹਾਦਰ ਉਜੱਲ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਸਪੱਸ਼ਟ ਤੌਰ ਤੇ ਕਿਹਾ, "ਆਜ਼ਾਦ ਪੰਜਾਬ ਤਾਂ ਪਾਕਿਸਤਾਨ ਦਾ ਤੋੜ ਜਾਂ ਮੋੜਵੀਂ ਭਾਜੀ ਸੀ। ਮਾਸਟਰ ਤਾਰਾ ਸਿੰਘ ਨੂੰ ਇਹ ਅਧਿਕਾਰ ਦਿੱਤੇ ਜਾਂਦੇ ਹਨ ਕਿ ਪੰਜਾਬ ਦੇ ਬਟਵਾਰੇ ਦੇ ਵਿਰੋਧ ਲਈ ਸਿੱਖ ਸੰਗਠਨ ਪੈਦਾ ਕਰਨ।" ਸਤੰਬਰ 3 ਦੀ ਤਾਰੀਖ਼ 'ਵਿਰੋਧ ਦਿਵਸ' ਲਈ ਨਿਸਚਿਤ ਹੋਈ। ਮਾਸਟਰ ਤਾਰਾ ਸਿੰਘ ਨੇ ਇਕ ਸਬ-ਕਮੇਟੀ ਕਾਇਮ ਕੀਤੀ, ਜਿਹੜੀ ਹੋਰ ਸਿੱਖ ਗਰੁੱਪਾਂ ਨਾਲ ਅਸਰਦਾਇਕ ਸੰਪਰਕ ਪੈਦਾ ਕਰੇ ਤਾ ਜੋ ਇਕ ਸਾਂਝਾ ਮੋਰਚਾ ਤਿਆਰ ਹੋ ਜਾਵੇ।

ਸਰ ਤੇਜ ਬਹਾਦਰ ਸਪਰੂ ਅਤੇ ਸ੍ਰੀ ਜੈਕਾਰ ਨੇ ਇਕ ਹੋਰ ਯਤਨ ਕੀਤਾ ਕਿ ਸੰਪਰਦਾਇਕ ਮਾਮਲਾ ਹੱਲ ਹੋ ਸਕੇ। ਪਰ ਮੁਸਲਮਾਨਾਂ ਦੇ ਸਹਿਯੋਗ ਦੇਣ ਤੋਂ ਇਨਕਾਰ ਕਰਨ ਨਾਲ ਸਪਰੂ ਕਮੇਟੀ ਦੀ ਮਿਹਨਤ ਸਫਲ ਨਾ ਹੋ ਸਕੀ। ਸਿੱਖ ਮੰਗਾਂ ਦਾ ਯਾਦ-ਪੱਤਰ ਸਰਦਾਰ ਬਹਾਦਰ ਉੱਜਲ ਸਿੰਘ ਨੇ ਤਿਆਰ ਕੀਤਾ ਅਤੇ ਇਕ ਡੈਲੀਗੇਸ਼ਨ ਨੇ ਸਿੱਖ ਮਾਮਲੇ ਦੇ ਬਾਰੇ ਦਲੀਲਾਂ ਦਿੱਤੀਆਂ ਜਿਸ ਦੇ ਮੈਂਬਰ ਸਨ : ਮਾਸਟਰ ਤਾਰਾ ਸਿੰਘ, ਸਰਦਾਰ ਸੰਪੂਰਨ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਈਸ਼ਰ ਸਿੰਘ ਮਝੈਲ ਅਤੇ ਜੱਥੇਦਾਰ ਊਧਮ

ਸਿੰਘ ਨਾਰੰਗੇ।

ਜੰਗ ਦਾ ਅੰਤ

ਮਈ 7, 1945 ਨੂੰ ਨਾਜ਼ੀ ਜਰਮਨੀ ਨੇ ਹਥਿਆਰ ਸੁੱਟ ਦਿੱਤੇ। ਜਾਪਾਨੀ ਸਾਰੇ ਮੋਰਚਿਆਂ ਤੋਂ ਹਟ ਰਹੇ ਸਨ। ਸਰਕਾਰ ਨੇ ਇਕ ਵਾਰ ਮੁੜ ਸੋਚਿਆ ਕਿ ਭਾਰਤੀ ਸਿਆਸਤਦਾਨਾਂ ਨੂੰ ਆਪਣੇ ਵੱਲ ਖਿੱਚਿਆ ਜਾਵੇ। ਕਾਂਗਰਸੀ ਨੇਤਾਵਾਂ ਨੂੰ ਰਿਹਾ ਕਰ ਦਿੱਤਾ ਗਿਆ। ਲਾਰਡ ਵੇਵਲ, ਜਿਸ ਨੇ ਵਾਇਸਰਾਏ ਦਾ ਪਦ ਸੰਭਾਲ ਲਿਆ ਸੀ, ਨੇ ਮਾਸਟਰ ਤਾਰਾ ਸਿੰਘ ਸਹਿਤ ਭਾਰਤੀ ਨੇਤਾਵਾਂ ਨੂੰ ਮਿਲਣ ਲਈ ਸੱਦਾ ਦਿੱਤਾ। ਕ੍ਰਿਪਸ ਤਜਵੀਜ਼ਾਂ ਨੂੰ ਮੁੜ ਪੇਸ਼ ਕੀਤਾ ਗਿਆ ਜੇਕਰ ਲੰਮੀ ਮਿਆਦ ਦਾ ਸਮਝੌਤਾ ਹੋ ਸਕੇ। ਨਵੀਂ ਤੁਰੰਤ ਵਿਉਂਤ ਇਹ ਸੀ ਕਿ ਵਾਇਸਰਾਏ ਅਤੇ ਕਮਾਂਡਰ-ਇਨ-ਚੀਫ਼ ਤੋਂ ਇਲਾਵਾ ਸਾਰੀ ਦੀ ਸਾਰੀ ਐਗਜ਼ੈਕਟਿਵ ਕੌਂਸਲ ਭਾਰਤੀਆਂ ਦੀ ਹੋਵੇ। ਅੰਗਰੇਜ਼ੀ ਇਲਾਕੇ (ਬ੍ਰਿਟਿਸ਼ ਇੰਡੀਆ) ਦੇ ਵਿਦੇਸ਼ੀ ਮਾਮਲੇ ਭਵਿੱਖ ਵਿਚ ਕਿਸੇ ਭਾਰਤੀ ਵੱਲੋਂ ਨਿਪਟਾਏ ਜਾਣ।

ਜੂਨ 1945 ਦੇ ਅਖ਼ੀਰਲੇ ਹਫ਼ਤੇ ਵਿਚ ਨੇਤਾ ਇਕੱਠੇ ਹੋਏ ਪਰ ਕਾਨਫ਼੍ਰੰਸ ਇਸ ਕਾਰਨ ਫ਼ੇਲ੍ਹ ਹੋਈ ਕਿ ਮਿਸਟਰ ਜਿਨਾਹ ਇਸ ਗੱਲ ਤੇ ਅੜੇ ਹੋਏ ਸਨ ਕਿ ਐਗਜ਼ੈਕਟਿਵ ਕੌਂਸਲ ਵਿਚ ਭਾਰਤੀ ਮੁਸਲਮਾਨਾਂ ਦੀ ਪ੍ਰਤੀਨਿਧਤਾ ਮੁਸਲਿਮ ਲੀਗ ਹੀ ਕਰੇ। ਇਹ ਦਾਅਵਾ ਨਿਰਮੂਲ ਸੀ।

ਮਿਸਟਰ ਜਿਨਾਹ ਦੇ ਵਤੀਰੇ ਨੇ ਅਨੇਕਾਂ ਕਾਂਗਰਸੀ ਨੇਤਾਵਾਂ ਨੂੰ ਇਹ ਵਿਸ਼ਵਾਸ ਕਰਵਾ ਦਿੱਤਾ ਕਿ ਮੁਸਲਿਮ ਲੀਗ ਨਾਲ ਕਿਸੇ ਪ੍ਰਕਾਰ ਦੀ ਸਾਂਝੇਦਾਰੀ ਦੀ ਗੱਲ ਚਲਾਉਣੀ ਵਿਅਰਥ ਹੈ। ਤਾਂ ਵੀ ਉਨ੍ਹਾਂ ਵਿਚੋਂ ਕੁਝ ਨੇ ਇਹ ਮਹਿਸੂਸ ਕੀਤਾ ਕਿ ਜੇਕਰ ਉਨ੍ਹਾਂ ਵੱਖ ਹੋਣ ਬਾਰੇ ਹੱਕ ਮੰਗਿਆ ਤਾਂ ਉਹ ਪਰਵਾਨ ਕਰਨਾ ਪਵੇਗਾ। "ਜੇਕਰ ਉਹ ਉਨ੍ਹਾਂ ਮੁਸਲਮਾਨਾਂ ਨੂੰ ਨਾਲ ਨਾ ਘਸੀਟਣ, ਜਿਹੜੇ ਅਜਿਹਾ ਨਹੀਂ ਚਾਹੁੰਦੇ।" (ਅਗਸਤ 29, 1945 ਦੀ ਜਵਾਹਰ ਲਾਲ ਨਹਿਰੂ ਦੀ ਪ੍ਰੈੱਸ ਕਾਨਫ਼੍ਰੰਸ ਦੇ ਆਧਾਰ 'ਤੇ—'ਟ੍ਰਿਬਿਊਨ' ਅਗਸਤ 30, 1945)। ਦੂਸਰੇ ਸ਼ਬਦਾਂ ਵਿਚ, "ਜੇਕਰ ਇਹ ਮੰਨ ਲਿਆ ਜਾਵੇ ਤਾਂ ਪੰਜਾਬ (ਅਤੇ ਬੰਗਾਲ) ਦਾ ਵਿਭਾਜਨ ਕਰਨਾ ਹੀ ਪਵੇਗਾ ਅਤੇ ਕੱਟਣ ਵਾਲੀ ਛੁਰੀ ਸਿੱਖਾਂ ਦੀ ਨਸ ਉਪਰ ਰੱਖੀ ਗਈ।

ਕਾਂਡ—34

ਭਾਰਤ ਦੇ ਬਟਵਾਰੇ ਦਾ ਪਿਛਕੋੜ

1945-46 ਦੀਆਂ ਆਮ ਚੋਣਾਂ

1945-46 ਦੇ ਸਿਆਲ ਦੀਆਂ ਚੋਣਾਂ ਪੰਜਾਬ ਦੇ ਇਤਿਹਾਸ ਵਿਚ ਯਾਦ ਰਹਿਣ ਵਾਲੀਆਂ ਸਨ। ਇੰਗਲੈਂਡ ਦੀ ਸਮਾਜਵਾਦੀ ਸਰਕਾਰ ਭਾਰਤ ਨੂੰ ਆਜ਼ਾਦ ਕਰਨ ਲਈ ਦ੍ਰਿੜ੍ਹ ਸੀ। ਉਹ ਉਸ ਸੰਸਥਾ ਜਾਂ ਪਾਰਟੀ ਦੀ ਭਾਲ ਵਿਚ ਉਤਸੁਕ ਸਨ, ਜਿਸ ਨੂੰ ਸੱਤਾ ਸੌਂਪੀ ਜਾਵੇ। ਵਰਤਮਾਨ ਵਿਧਾਨ ਸਭਾਵਾਂ ਦੇ ਮੈਂਬਰ ਇਸ ਭੂਮਿਕਾ ਦੇ ਯੋਗ ਨਹੀਂ ਸਨ, ਕਿਉਂਕਿ ਉਹ ਦੇਸਵਾਸੀਆਂ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਮਹੱਤਵਪੂਰਨ ਮੁੱਦਿਆ ਬਾਰੇ ਨਹੀਂ ਕਰਦੇ ਸਨ ਕਿ ਭਾਰਤ ਇਕ ਇਕਾਈ ਰੂਪ 'ਚ ਰਹੇਗਾ ਜਾਂ ਵੰਡਿਆ ਜਾਵੇਗਾ? ਕੇਂਦਰੀ ਵਿਧਾਨ ਸਭਾ ਦੀ ਚੋਣ 1934 ਵਿਚ ਹੋਈ ਸੀ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆ ਚੋਣਾਂ 1936 ਵਿਚ ਹੋਈਆਂ। ਸਿੱਟੇ ਵਜੋਂ ਅੰਗਰੇਜ਼ ਸਰਕਾਰ ਨੇ ਸੱਜਰੀਆ ਚੋਣਾਂ ਕਰਵਾਉਣ ਅਤੇ ਜੇਤੂ ਮੈਂਬਰਾਂ ਦੀ ਸੰਵਿਧਾਨਕ ਸਭਾ ਬਣਾਉਣ ਦਾ ਫ਼ੈਸਲਾ ਕੀਤਾ ਜਿਹੜੀ ਭਾਰਤ ਲਈ ਸੰਵਿਧਾਨ ਤਿਆਰ ਕਰੇ।

ਕਾਂਗਰਸ ਪਾਰਟੀ ਨੇ ਇਨ੍ਹਾਂ ਚੋਣਾਂ ਦੇ ਮਹੱਤਵ ਨੂੰ ਸਮਝਿਆ ਅਤੇ ਵੋਟਰਾਂ ਨੂੰ ਸਾਂਝੇ ਅਤੇ ਸੁਤੰਤਰ ਭਾਰਤ ਵਾਸਤੇ ਵੋਟ ਦੇਣ ਲਈ ਅਪੀਲ ਕੀਤੀ। ਇਸ ਨੂੰ ਵਿਸ਼ਵਾਸ ਸੀ ਕਿ ਗੈਰ-ਮੁਸਲਮਾਨਾਂ ਦੀਆਂ ਵੋਟਾਂ ਇਹ ਜਿੱਤ ਲਏਗੀ ਪਰ ਇਹ ਕੋਈ ਅਵਸਰ ਗੁਆਉਣਾ ਨਹੀਂ ਚਾਹੁੰਦੀ ਸੀ। ਇਸ ਨੂੰ ਪਤਾ ਸੀ ਕਿ ਆਈ.ਐਨ.ਏ. ਦੇ 'ਜਾਦੂ' ਨੇ ਲੋਕਾਂ ਦੇ ਦਿਲਾਂ ਵਿਚ ਜੋਸ਼ ਭਰ ਦਿੱਤਾ ਸੀ। ਸਿੱਟੇ ਵਜੋਂ ਪੰਡਿਤ ਨਹਿਰੂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਪਹਿਲੇ ਵਿਰੋਧ ਹੁੰਦੇ ਹੋਏ ਆਪਣੇ ਫ਼ਾਸਿਸਟ ਤਾਕਤਾਂ ਬਾਰੇ ਵੱਖਰੇ ਵਿਚਾਰ ਹੁੰਦੇ ਹੋਏ, ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਅਤੇ ਜਵਾਨਾਂ ਨੂੰ ਆਜ਼ਾਦੀ ਦੇ ਪਰਵਾਨਿਆਂ ਵਜੋਂ ਸਵੀਕਾਰ ਕੀਤਾ। ਪੰਡਤ ਨਹਿਰੂ ਨੇ ਅਗਸਤ 20, 1945 ਦੇ 'ਸਟੇਟਸਮੈਨ' ਦੈਨਿਕ ਵਿਚ ਛਪੇ ਇਕ ਬਿਆਨ ਵਿਚ ਕਿਹਾ, "ਮੇਰੀ ਤਿੰਨ ਸਾਲ ਪਹਿਲਾਂ ਇਹ ਰਾਏ ਸੀ ਅਤੇ ਅੱਜ ਵੀ ਹੈ ਕਿ ਫ਼ੌਜ ਦੇ ਬਹੁਤ ਸਾਰੇ ਅਫ਼ਸਰਾਂ ਅਤੇ ਜਵਾਨਾਂ ਨੂੰ ਕੁਰਾਹੇ ਪਾਇਆ ਗਿਆ ਅਤੇ ਉਹ ਜਾਪਾਨੀਆਂ ਨਾਲ ਆਪਣੇ ਗੂੜ੍ਹੇ ਸੰਬੰਧਾਂ ਦੇ ਸਿੱਟਿਆਂ ਨੂੰ ਸਮਝ ਨਾ ਸਕੇ।" ਲਾਰਡ ਵੇਵਲ ਨੇ ਵੀ ਖੁੱਲ੍ਹੇ ਸ਼ਬਦਾਂ ਵਿਚ ਆਈ.ਐਨ.ਏ. ਦੇ ਜਵਾਨਾਂ ਦੀ ਸਪਥ ਦੀ ਉਲੰਘਣਾ ਲਈ ਨਿਖੇਧੀ ਕੀਤੀ। "ਤੁਹਾਡੇ ਰਾਜਸੀ ਵਿਚਾਰ ਭਾਵੇਂ ਕੁਝ ਵੀ ਹੋਣ, ਜੇਕਰ ਇਕ ਵਿਅਕਤੀ ਆਪਣੇ ਗੌਰਵ ਲਈ ਸੁਖ-ਸੁਆਦ ਨਹੀਂ ਵਾਰ ਸਕਦਾ, ਅਤੇ ਆਪੱਤੀ ਵੇਲੇ ਆਪਣੀ ਪ੍ਰਤੀਬੱਧਤਾ ਦੇ ਉਲਟ ਜਾਂਦਾ ਹੈ ਤਾਂ ਆਚਰਣ ਬਾਰੇ ਤੁਹਾਡੇ ਵਿਚਾਰ ਕਮਜ਼ੋਰ ਹਨ, ਜਿਨ੍ਹਾਂ ਤੇ ਰਾਸ਼ਟਰ ਦੀ ਉਸਾਰੀ ਹੁੰਦੀ ਹੈ। ਪਿਛਲੇ ਪੰਜ-ਛੇ ਸਾਲਾਂ ਵਿਚ ਵਿਸ਼ਵ ਅੰਦਰ ਭਾਰਤੀ ਜਵਾਨਾਂ ਦੀ ਸਹਿਣਸ਼ੀਲਤਾ ਨੂੰ ਬਹੁਤ ਵੱਧ ਸਰਾਹਿਆ ਗਿਆ ਹੈ, ਵਿਸ਼ੇਸ਼ ਕਰਕੇ ਬਿਪਤਾ ਸਮੇਂ।" ਲਾਰਡ ਵੇਵਲ ਨੇ ਆਪਣੀ ਗੱਲ ਨੂੰ ਅੰਕੜਿਆਂ ਨਾਲ ਇਕ ਬਿਆਨ ਰਾਹੀਂ ਸਿੱਧ ਕੀਤਾ ਜਿਹੜਾ 'ਸਟੇਟਸਮੈਨ' ਅਖ਼ਬਾਰ ਦੇ

ਦਸੰਬਰ 11, 1945 ਦੇ ਅੰਕ ਵਿਚ ਪ੍ਰਕਾਸ਼ਿਤ ਹੋਇਆ। ਬਿਨਾਂ ਪੂਰਾ ਵਿਚਾਰ ਕੀਤਿਆਂ ਸਰਕਾਰ ਰਾਸ਼ਟਰਵਾਦੀਆਂ ਦੇ ਹੱਥਾਂ ਵਿਚ ਖੇਡ ਗਈ ਅਤੇ ਤਿੰਨ ਅਫਸਰਾਂ ਨੂੰ ਬਗਾਵਤ ਜਾਂ ਵਿਦਰੋਹ ਕਰਨ ਲਈ ਅਪਰਾਧੀ ਠਹਿਰਾਇਆ ਗਿਆ, ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਸਿੱਖ। ਉਨ੍ਹਾਂ ਤੇ ਮੁਕੱਦਮਾ ਇਤਿਹਾਸਕ ਲਾਲ ਕਿਲ੍ਹੇ ਵਿਚ ਚਲਿਇਆ ਗਿਆ। ਇਹ ਸਥਾਨ 1857 ਦੀ ਭਾਰਤੀ ਬਗਾਵਤ (ਜਾਂ ਭਾਰਤ ਦੀ ਆਜ਼ਾਦੀ ਲਈ ਪਹਿਲੀ ਜੰਗ) ਦਾ ਧੁਰਾ ਸੀ। ਪੰਡਤ ਨਹਿਰੂ ਨੇ ਮੁੱਖ ਤੌਰ ਤੇ ਮੁਕੱਦਮੇ ਦੀ ਪੈਰਵੀ ਕੀਤੀ ਅਤੇ ਜਦੋਂ ਉਹ ਬਰੀ ਹੋ ਗਏ ਤਾਂ ਉਨ੍ਹਾਂ ਨੂੰ ਸਾਰੇ ਦੇਸ਼ ਅੰਦਰ ਘੁਮਾਇਆ ਗਿਆ। ਉਹ ਜਿਥੇ-ਜਿਥੇ ਵੀ ਗਏ ਲੋਕਾਂ ਦੀ ਭਾਰੀ ਭੀੜ ਨੇ ਉਨ੍ਹਾਂ ਦਾ ਸੁਆਗਤ ਆਈ.ਐਨ.ਏ. (ਆਜ਼ਾਦ ਹਿੰਦ ਫ਼ੌਜ) ਦੇ ਜੰਗੀ ਨਾਅਰੇ 'ਜੈ ਹਿੰਦ' ਨਾਲ ਕੀਤਾ। ਦੂਜਾ ਜੈਕਾਰਾ ਸੀ 'ਦਿੱਲੀ ਚਲੋ'। ਕੁਝ ਹਫਤਿਆਂ ਪਿਛੋਂ ਚੋਣਾਂ ਹੋਈਆਂ।

ਭਾਵੇਂ ਚੋਣਾਂ ਅੰਦਰ ਕਾਂਗਰਸ ਦੀ ਸ਼ਾਨਦਾਰ ਜਿੱਤ ਹੋਈ, ਪਰ ਇਹ ਮੁਸਲਮਾਨਾਂ ਉਪਰ ਪਏ ਮੁਸਲਿਮ ਲੀਗ ਦੇ ਪ੍ਰਭਾਵ ਨੂੰ ਖ਼ਤਮ ਕਰਨ ਵਿਚ ਅਸਫਲ ਰਹੀ। ਲੀਗ ਨੇ ਚੋਣ ਪਾਕਿਸਤਾਨ ਨੂੰ ਮੁੱਦਾ ਬਣਾ ਕੇ ਲੜੀ ਅਤੇ ਕੇਂਦਰੀ ਵਿਧਾਨ ਸਭਾ ਦੀ ਹਰ ਮੁਸਲਿਮ ਸੀਟ ਤੇ ਜਿੱਤ ਪ੍ਰਾਪਤ ਕੀਤੀ। ਸੂਬਿਆਂ ਵਿਚ ਵੀ (ਉੱਤਰ-ਪੱਛਮੀ ਸੀਮਾ ਦੇ ਸੂਬੇ ਬਿਨਾਂ) ਇਸ ਚੋਣ ਵਿਚ 90 ਪ੍ਰਤੀਸ਼ਤ ਮੁਸਲਮਾਨਾਂ ਦੀਆਂ ਵੋਟਾਂ ਪ੍ਰਾਪਤ ਕੀਤੀਆਂ। ਹਾਲਾਤ ਨੂੰ ਸਾਦੇ ਢੰਗ ਵਿਚ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ ਕਿ ਮੁਸਲਮਾਨ ਪਾਕਿਸਤਾਨ ਬਣਾਉਣ ਦੇ ਹੱਕ ਵਿਚ ਸਨ ਅਤੇ ਗ਼ੈਰ-ਮੁਸਲਿਮ ਸਾਂਝੇ ਦੇਸ਼ ਦੇ ਹਾਮੀ ਸਨ।

ਸਿੱਖਾਂ ਨੇ ਪਾਕਿਸਤਾਨ ਦੀ ਵਿਰੋਧਤਾ ਪ੍ਰਗਟ ਕਰਨ ਲਈ ਚੋਣ ਲੜੀ। ਚੋਣਾਂ ਵਿਚ ਹਿੱਸਾ ਲੈਣ ਲਈ ਕਮਿਊਨਿਸਟਾਂ ਤੋਂ ਬਿਨਾਂ ਸਾਰੀਆਂ ਪਾਰਟੀਆਂ ਦੀ ਪ੍ਰਤੀਨਿਧਤਾ ਵਾਸਤੇ ਇਕ ਪੰਥਕ ਬੋਰਡ ਕਾਇਮ ਕੀਤਾ ਗਿਆ। ਸਿੱਖ ਜਨਤਾ ਨੇ ਪੰਥਕ ਪਾਰਟੀ ਦੀ ਹਮਾਇਤ ਕੀਤੀ। ਚੁਣੇ ਹੋਏ ਵਿਅਕਤੀਆਂ ਨੇ ਪੰਜਾਬ ਵਿਧਾਨ ਸਭਾ ਵਿਚ ਪੰਥਕ ਪਾਰਟੀ-ਨੇਤਾ ਕਾਇਮ ਕੀਤਾ ਸੀ। ਇਸ ਦਾ ਨੇਤਾ ਵਿਕਾਸ ਮੰਤਰੀ ਸਰਦਾਰ ਬਲਦੇਵ ਸਿੰਘ ਨੂੰ ਚੁਣਿਆ। ਸਰਦਾਰ ਬਹਾਦਰ ਉਜੱਲ ਸਿੰਘ ਅਤੇ ਸਰਦਾਰ ਸਵਰਨ ਸਿੰਘ ਡਿਪਟੀ ਲੀਡਰ ਚੁਣੇ ਗਏ। ਸਰਦਾਰ ਅਜੀਤ ਸਿੰਘ ਨੂੰ ਸਕੱਤਰ ਥਾਪਿਆ ਗਿਆ। ਕਮਿਊਨਿਸਟਾਂ ਦਾ ਗਰੁੱਪ ਜਿਹੜਾ ਸਿੱਖਾਂ ਵੱਲੋਂ ਪਾਕਿਸਤਾਨ ਦੀ ਡਟ ਕੇ ਵਿਰੋਧਤਾ ਕਰਦਾ ਸੀ, ਪੂਰੀ ਤਰ੍ਹਾਂ ਪਛਾੜਿਆ ਗਿਆ।

ਪੰਜਾਬ ਵਿਚ ਜਿਹੜੇ ਸਿਆਸੀ ਹਾਲਾਤ ਉੱਭਰੇ ਉਹ ਇਸ ਪ੍ਰਕਾਰ ਸਨ : ਕੁਲ ਸੀਟਾਂ 175 ਸਨ। ਮੁਸਲਿਮ ਲੀਗ ਨੇ 79 ਜਿੱਤੀਆਂ, ਕਾਂਗਰਸ ਦੀਆਂ 51 ਅਤੇ ਪੰਥਕ ਉਮੀਦਵਾਰ 22 ਸਫਲ ਹੋਏ। ਯੂਨੀਅਨਿਸਟ ਅਤੇ ਆਜ਼ਾਦ ਉਮੀਦਵਾਰਾਂ ਦੇ ਹਿੱਸੇ ਦਸ-ਦਸ ਸੀਟਾਂ ਆਈਆਂ। (ਬਾਕੀ ਤਿੰਨਾਂ ਵਿਚ ਜ਼ਿਮਨੀ ਚੋਣਾਂ ਹੋਈਆਂ।) ਪਾਕਿਸਤਾਨ ਦੇ ਮੁੱਦੇ ਤੇ ਆ ਕੇ ਮੁਸਲਿਮ ਲੀਗ, ਕਾਂਗਰਸ ਅਤੇ ਪੰਥਕ ਪਾਰਟੀ ਵਿਚਕਾਰ ਸਮਝੌਤੇ ਦੀ ਗੱਲ-ਬਾਤ ਅਸਫਲ ਹੋ ਗਈ। ਅੰਤ ਕਾਂਗਰਸ ਅਤੇ ਪੰਥਕ ਹਮਾਇਤ ਨਾਲ ਸਰ ਖ਼ਿਜ਼ਰ ਹਯਾਤ ਖ਼ਾਨ ਨੇ ਸਰਕਾਰ ਦਾ ਮੁੜ ਗਠਨ ਕੀਤਾ।

ਕੈਬਨਿਟ ਮਿਸ਼ਨ

1946 ਦੀ ਬਸੰਤ ਰੁੱਤ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਮੰਤਰੀ ਮਿਸਟਰ ਐਟਲੀ ਨੇ ਐਲਾਨ ਕੀਤਾ ਕਿ ਮੰਤਰੀ-ਮੰਡਲ (ਕੈਬਨਿਟ ਮਨਿਸਟਰਾਂ) ਦੀ ਇਕ ਟੀਮ ਭਾਰਤ ਦਾ ਦੌਰਾ ਕਰੇਗੀ ਤਾਂ ਜੋ ਭਾਰਤ ਨੂੰ ਸੁਤੰਤਰਤਾ ਦੇਣ ਲਈ ਅਗਲੇ ਕਦਮਾਂ ਬਾਰੇ ਵਿਚਾਰ ਕੀਤੀ ਜਾ

ਸਕੇ। ਇਕ ਮਹੀਨੇ ਉਪਰੰਤ ਇਸ ਵਿਸ਼ੇ ਤੇ ਬਹਿਸ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਘੱਟ ਗਿਣਤੀਆਂ ਦੇ ਅਧਿਕਾਰਾਂ ਪ੍ਰਤੀ ਸੁਚੇਤ ਹਾਂ ਅਤੇ ਘੱਟ-ਗਿਣਤੀਆਂ ਨੂੰ ਬਿਨਾਂ ਕਿਸੇ ਡਰ ਦੇ ਜੀਅ ਸਕਣਾ ਚਾਹੀਦਾ ਹੈ। ਨਾਲ ਹੀ ਅਸੀਂ ਇਹ ਖੁੱਲ੍ਹ ਵੀ ਨਹੀਂ ਦੇ ਸਕਦੇ ਕਿ ਕੋਈ ਘੱਟ-ਗਿਣਤੀ ਕਿਸੇ ਬਹੁ-ਗਿਣਤੀ ਦੇ ਵਿਕਾਸ ਦੇ ਰਾਹ ਦਾ ਰੋੜਾ ਬਣੇ।" ਸ੍ਰੀ ਜਿਨਾਹ ਨੇ ਇਨ੍ਹਾਂ ਸ਼ਬਦਾਂ ਦਾ ਮੋੜਵਾਂ ਜਵਾਬ ਦਿੱਤਾ ਕਿ "ਭਾਰਤ ਦੇ ਮੁਸਲਮਾਨ ਇਕ 'ਘੱਟ-ਗਿਣਤੀ' ਨਹੀਂ ਸਗੋਂ ਇਕ 'ਨੇਸ਼ਨ' ਰਾਸ਼ਟਰ ਸਨ।" ਐਲਾਨ ਦੇ ਨੌਂ ਦਿਨ ਉਪਰੰਤ ਕੈਬਨਿਟ ਮਿਸ਼ਨ ਟੀਮ ਭਾਰਤ ਆਈ, ਜਿਸ ਵਿਚ ਸਨ : ਲਾਰਡ ਪੈਥਿਕ ਲਾਰੇਂਸ, ਸਰ ਸਟੈਫੋਰਡ ਕ੍ਰਿਪਸ ਅਤੇ ਮਿਸਟਰ ਏ.ਵੀ. ਅਲੈਗਜ਼ੇਂਡਰ। ਇਸ ਮਿਸ਼ਨ ਦੇ ਨਾਲ ਮੇਜਰ ਸ਼ਾਰਟ ਸੀ, ਜਿਸ ਨੇ ਸਿੱਖਾਂ ਦਾ ਮਿੱਤਰ ਅਤੇ ਸਲਾਹਕਾਰ ਹੋਣ ਦੀ ਪ੍ਰਸਿੱਧੀ ਖੱਟੀ ਹੋਈ ਸੀ।

ਕੈਬਨਿਟ ਮਿਸ਼ਨ ਨੇ ਪਹਿਲਾਂ ਭਾਰਤੀ ਨੇਤਾਵਾਂ ਨਾਲ ਭੇਂਟ-ਵਾਰਤਾ ਕੀਤੀ। ਇਸ ਵਿਚ ਸੰਵਿਧਾਨ ਸੰਬੰਧੀ ਉਨ੍ਹਾਂ ਦੇ ਵਿਚਾਰ ਜਾਨਣ ਦਾ ਯਤਨ ਸੀ ਕਿ ਭਾਰਤ ਲਈ ਉਹ ਕਿਹੋ ਜਿਹਾ ਸੰਵਿਧਾਨ ਚਾਹੁੰਦੇ ਹਨ। ਮੁੱਖ ਮਨੋਰਥ ਇਹ ਸੀ ਕਿ ਪਾਕਿਸਤਾਨ ਬਾਰੇ ਉਨ੍ਹਾਂ ਦੀ ਪ੍ਰਤੀਕਿਰਿਆ ਦਾ ਅਨੁਮਾਨ ਲਾਇਆ ਜਾ ਸਕੇ।

ਮੁਸਲਿਮ ਲੀਗ ਨੇ ਨਵੀਂ ਦਿੱਲੀ ਵਿਚ ਅਪ੍ਰੈਲ 7-9, 1946 ਨੂੰ ਇਕ ਕਨਵੈਨਸ਼ਨ ਕੀਤੀ, ਜਿਸ ਵਿਚ ਖੁੱਲ੍ਹੇ ਸ਼ਬਦਾਂ ਵਿਚ ਕਿਹਾ ਗਿਆ ਕਿ ਜੇਕਰ ਪਾਕਿਸਤਾਨ ਕਾਇਮ ਕਰਨ ਦੀ ਮੰਗ ਨਾ ਮੰਨੀ ਗਈ ਤਾਂ ਨਤੀਜਾ ਬਹੁਤ ਹੀ ਖ਼ਤਰਨਾਕ ਹੋਵੇਗਾ। ਸਭ ਤੋਂ ਵੱਧ ਜੋਸ਼ੀਲਾ ਭਾਸ਼ਣ ਸਰ ਫ਼ੀਰੋਜ਼ ਨੂਨ ਖ਼ਾਨ ਦਾ ਸੀ। ਉਨ੍ਹਾਂ ਹਲਾਕੂ ਅਤੇ ਚੰਗੇਜ਼ ਖ਼ਾਨ ਦੇ ਜ਼ੁਲਮਾਂ ਦੀ ਯਾਦ ਦਿਲਾਈ। ਇਸ ਕਨਵੈਨਸ਼ਨ ਵਿਚ ਗਿਆਨੀ ਕਰਤਾਰ ਸਿੰਘ ਵਿਸ਼ੇਸ਼ ਦਰਸ਼ਕ ਵੱਜੋਂ ਹਾਜ਼ਰ ਹੋਏ। ਸਿੱਖਾਂ ਦੀ ਪ੍ਰਤੀਨਿਧਤਾ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਹਰਨਾਮ ਸਿੰਘ (ਲਾਹੌਰ ਦੇ ਇਕ ਵਕੀਲ) ਅਤੇ ਉਪਰੰਤ ਸਰਦਾਰ ਬਲਦੇਵ ਸਿੰਘ ਨੇ ਕੀਤੀ ਜਿਹੜੇ ਉਸ ਵੇਲੇ ਪੰਜਾਬ ਸਰਕਾਰ ਵਿਚ ਵਿਕਾਸ ਮੰਤਰੀ ਦੇ ਪਦ ਤੇ ਸਨ।

ਬਾਬਾ ਖੜਕ ਸਿੰਘ ਦੇ ਸੈਂਟਰਲ ਅਕਾਲੀ ਦਲ ਨੇ ਆਪਣਾ ਯਾਦ-ਪੱਤਰ ਪੇਸ਼ ਕੀਤਾ। ਇਸ ਵਿਚ ਮਰਦਮਸ਼ੁਮਾਰੀ (ਜਨ-ਗਣਨਾ) ਦੀਆਂ ਤਰੁੱਟੀਆਂ ਵੱਲ ਧਿਆਨ ਖਿੱਚਿਆ ਗਿਆ ਸੀ, ਜਿਨ੍ਹਾਂ ਅਨੁਸਾਰ ਮੁਸਲਮਾਨਾਂ ਦੀ ਬਹੁ-ਗਿਣਤੀ ਦਰਸਾਈ ਗਈ। ਇਸ ਵਿਚ ਪੰਜਾਬ ਦੇ ਬਟਵਾਰੇ ਦੀ ਵਿਰੋਧਤਾ ਕੀਤੀ ਅਤੇ ਚੀਫ਼ ਖਾਲਸਾ ਦੀਵਾਨ ਦੀ ਮੰਗ ਨੂੰ ਦੁਹਰਾਇਆ ਗਿਆ। ਜਿਸ ਅਨੁਸਾਰ ਕੇਂਦਰ ਵਿਚ 5 ਪ੍ਰਤੀਸ਼ਤ ਅਤੇ ਪੰਜਾਬ ਵਿਧਾਨ ਸਭਾ ਵਿਚ 33 ਪ੍ਰਤੀਸ਼ਤ ਦੀ ਅਤੇ ਕੇਂਦਰੀ ਸਰਕਾਰ ਵਿਚ ਇਕ ਸਿੱਖ ਮੰਤਰੀ ਦੀ ਮੰਗ ਸ਼ਾਮਲ ਸੀ।

ਪਾਕਿਸਤਾਨ ਦੀ ਵਿਰੋਧਤਾ ਲਈ ਸਿੱਖ ਡੈਲੀਗੇਸ਼ਨ ਇਕਮੁੱਠ ਸੀ। ਸਿੱਖ ਡੈਲੀਗੇਸ਼ਨ ਨੇ ਸਭ ਦਲੀਲਾਂ ਪੇਸ਼ ਕੀਤੀਆਂ ਕਿ ਨਾ ਤਾਂ ਸਿੱਖ ਮੁਸਲਮਾਨਾਂ ਦੇ ਅਧੀਨ ਰਹਿ ਸਕਦੇ ਹਨ ਅਤੇ ਨਾ ਹੀ ਉਸ ਇਲਾਕੇ ਨੂੰ ਮੁਸਲਮਾਨਾਂ ਨੂੰ ਦੇਣ ਦੀ ਖੁੱਲ੍ਹ, ਜਿਸ ਵਿਚ ਉਹ ਆਬਾਦ ਹਨ। ਸਿੱਖਾਂ ਦੇ ਪ੍ਰਵਕਤਾ, ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਸਿੱਖ ਸਾਂਝੇ ਭਾਰਤ ਦੇ ਹੱਕ ਵਿਚ ਹਨ, ਪਰ ਜੇਕਰ ਪਾਕਿਸਤਾਨ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਦੀ ਮੰਗ ਵੱਖਰੇ ਸਿੱਖ ਰਾਜ ਦੀ ਹੋਵੇਗੀ ਜਿਸ ਨੂੰ ਇਹ ਅਧਿਕਾਰ ਹੋਵੇ ਕਿ ਭਾਰਤ ਜਾਂ ਪਾਕਿਸਤਾਨ ਨਾਲ ਸੰਘਿਕ ਸੰਬੰਧ ਕਾਇਮ ਕਰ ਸਕੇ। ਇਸ ਦੀ ਵਿਆਖਿਆ ਗਿਆਨੀ ਕਰਤਾਰ ਸਿੰਘ ਨੇ ਇਸ ਪ੍ਰਕਾਰ ਕੀਤੀ ਕਿ "ਉਨ੍ਹਾਂ (ਸਿੱਖਾਂ) ਦਾ ਆਪਣਾ ਇਕ ਸੂਬਾ ਹੋਵੇਗਾ ਜਿਸ ਵਿਚ ਉਹ ਉੱਚੀ ਪੋਜ਼ੀਸ਼ਨ

ਜਾਂ ਇਸ ਵਰਗੀ ਪੋਜ਼ੀਸ਼ਨ ਵਿਚ ਹੋਣਗੇ। ਅਜਿਹੇ ਸੂਬੇ ਵਿਚ ਜਲੰਧਰ ਅਤੇ ਲਾਹੌਰ ਡਵੀਜ਼ਨ ਦਾ ਪੂਰਾ ਹਿੱਸਾ, ਨਾਲ ਹੀ ਅੰਬਾਲਾ ਡਵੀਜ਼ਨ ਦੇ ਹਿਸਾਰ, ਕਰਨਾਲ ਅਤੇ ਸ਼ਿਮਲਾ ਦੇ ਜ਼ਿਲ੍ਹੇ ਅਤੇ ਮਿੰਟਗੁਮਰੀ ਅਤੇ ਲਾਇਲਪੁਰ ਦੇ ਜ਼ਿਲ੍ਹੇ ਸ਼ਾਮਲ ਹੋਣਗੇ। ਸਰਦਾਰ ਬਲਦੇਵ ਸਿੰਘ ਨੇ ਵੀ ਸਿੱਖ ਸਟੇਟ ਦੀ ਵਿਆਖਿਆ ਲਗਭਗ ਇਸੇ ਪ੍ਰਕਾਰ ਕੀਤੀ। ਉਸ ਅਨੁਸਾਰ ਇਸ ਵਿਚ "ਪੰਜਾਬ ਦਾ ਇਲਾਕਾ ਮੁਲਤਾਨ ਅਤੇ ਰਾਵਲਪਿੰਡੀ ਤੋਂ ਬਿਨਾਂ ਹੋਵੇਗਾ। ਸਰਹੱਦ ਲਗਭਗ ਚਨਾਬ ਤਕ ਹੋਵੇਗੀ। ਇਸ ਇਲਾਕੇ ਵਿਚ ਅੰਬਾਲਾ, ਡਵੀਜ਼ਨ, ਜਲੰਧਰ ਡਵੀਜ਼ਨ ਅਤੇ ਲਾਹੌਰ ਡਵੀਜ਼ਨ ਦੇ ਜ਼ਿਲ੍ਹੇ ਸ਼ਾਮਲ ਹੋਣਗੇ।"

ਪਰ ਜਿਨ੍ਹਾਂ ਸ਼ਬਦਾਂ ਰਾਹੀਂ ਸਿੱਖ ਮੰਗਾਂ ਬਾਰੇ ਪ੍ਰਵਕਤੇ ਆਪਣੇ ਵਿਚਾਰ ਪ੍ਰਗਟ ਕਰਦੇ ਰਹੇ ਉਨ੍ਹਾਂ ਵਿਚ ਸਿੱਖ ਰਾਜ ਦੀ ਮੂਲ ਇੱਛਾ ਘੱਟ ਝਲਕਦੀ ਸੀ ਅਤੇ ਪਾਕਿਸਤਾਨ ਦੀ ਵਿਰੋਧਤਾ ਵਧੇਰੇ ਸੀ। ਇਸ ਕਾਰਨ ਇਸ ਮੰਗ ਬਾਰੇ ਕੋਈ ਡੂੰਘੇ ਵਿਚਾਰ ਦਾ ਮਾਹੌਲ ਨਾ ਬਣਿਆ। ਸਿੱਟੇ ਵਜੋਂ ਕੈਬਨਿਟ ਮਿਸ਼ਨ ਨੇ ਸਿੱਖਸਤਾਨ, ਆਜ਼ਾਦ ਪੰਜਾਬ ਬਾਰੇ ਕੋਈ ਧਿਆਨ ਨਾ ਦਿੱਤਾ। ਉਨ੍ਹਾਂ ਸਿੱਖਾਂ ਦੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਦਾਅਵੇ ਨੂੰ ਰਿਆਇਤ ਪ੍ਰਾਪਤ ਕਰਨ ਵਜੋਂ ਸਮਝਿਆ ਜਿਵੇਂ ਕਿ ਕੁਝ ਅਜਿਹਾ (ਇੰਡੀਅਨ ਨੈਸ਼ਨਲ ਕਾਂਗਰਸ ਵਾਂਗ), ਜਿਸ ਨਾਲ ਮੁਸਲਮਾਨਾਂ ਦੀ ਮੰਗ ਰੋਕੀ ਜਾ ਸਕੇ।

ਭਾਰਤੀ ਨੇਤਾਵਾਂ ਨਾਲ ਗੱਲ-ਬਾਤ ਕਰਨ ਉਪਰੰਤ ਕੈਬਨਿਟ ਮਿਸ਼ਨ ਨੇ ਇਕ ਸਕੀਮ ਸ਼ਿਮਲਾ ਕਾਨਫ਼੍ਰੰਸ ਤੇ ਵਿਚਾਰਗੋਚਰੇ ਰੱਖੀ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕਾਂਗਰਸ ਅਤੇ ਮੁਸਲਿਮ ਲੀਗ ਕਿਸ ਆਧਾਰ ਤੇ ਸਮਝੌਤੇ ਲਈ ਤਿਆਰ ਹਨ। ਇਸ ਸਕੀਮ ਵਿਚ ਕੇਂਦਰ ਸਰਕਾਰ ਦਾ ਢਾਂਚਾ ਉਲੀਕਿਆ ਗਿਆ ਜਿਸ ਦੇ ਆਧਾਰ 'ਤੇ ਅਧਿਕਾਰ ਵਿਚ ਸੁਰੱਖਿਆ, ਵਿਦੇਸ਼ੀ ਮਾਮਲੇ ਅਤੇ ਸੰਚਾਰ ਵਿਵਸਥਾ ਸੀ ਅਤੇ ਦੋ ਪ੍ਰਕਾਰ ਦੇ ਸੂਬੇ ਸਨ—ਇਕ ਉਹ ਜਿਨ੍ਹਾਂ ਵਿਚ ਮੁਸਲਮਾਨਾਂ ਦੀ ਜ਼ਿਆਦਾ ਆਬਾਦੀ ਸੀ ਅਤੇ ਦੂਜੇ ਉਹ ਜਿਨ੍ਹਾਂ ਵਿਚ ਜ਼ਿਆਦਾ ਆਬਾਦੀ ਗ਼ੈਰ-ਮੁਸਲਮਾਨਾਂ ਦੀ ਸੀ। ਇਹ ਸੂਬੇ ਉਨ੍ਹਾਂ ਵਿਸ਼ਿਆਂ ਨੂੰ ਨਿਪਟਾਉਣ ਵਿਚ ਨਿਪੁੰਨ ਹੋਣਗੇ ਜਿਨ੍ਹਾਂ ਤੇ ਕੇਂਦਰੀ ਸਰਕਾਰ ਦਾ ਅਧਿਕਾਰ ਨਹੀਂ। ਰਿਆਸਤਾਂ ਦੇ ਰਾਜੇ ਅਤੇ ਨਵਾਬ ਕੇਂਦਰੀ ਸਰਦਾਰ ਨਾਲ ਗੱਲ-ਬਾਤ ਕਰਨਗੇ। ਕਾਂਗਰਸ ਅਤੇ ਮੁਸਲਿਮ ਲੀਗ ਵਿਚਕਾਰ ਪਾੜ ਏਨਾ ਵਧ ਚੁੱਕਾ ਸੀ ਕਿ ਗੱਲ-ਬਾਤ ਰਾਹੀਂ ਮਿਟਾਇਆ ਨਹੀਂ ਜਾ ਸਕਦਾ ਸੀ। ਇਸ ਲਈ ਮਈ 16 ਨੂੰ ਕੈਬਨਿਟ ਮਿਸ਼ਨ ਨੇ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਉਹ ਤਜਵੀਜ਼ਾਂ ਉਲੀਕੀਆਂ ਗਈਆਂ ਜਿਨ੍ਹਾਂ ਬਾਰੇ ਦੋਹਾਂ ਪਾਰਟੀਆਂ ਦੀ ਮੋਟੇ ਤੌਰ ਤੇ ਸਹਿਮਤੀ ਸੀ ਅਤੇ ਜਿਨ੍ਹਾਂ ਬਾਰੇ ਮਿਸ਼ਨ ਨੂੰ ਆਸ ਸੀ ਕਿ ਭਵਿੱਖ ਵਿਚ ਭਾਰਤਵਾਸੀ ਆਪਣੇ-ਆਪ ਕੋਈ ਆਧਾਰ ਪਰਵਾਨ ਕਰ ਲੈਣਗੇ ਕਿ ਭਾਰਤ ਦਾ ਸੰਵਿਧਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ। ਇਸ ਵਿਚ ਥੋੜ੍ਹਾ ਧਿਆਨ ਇਸ ਗੱਲ ਵੱਲ ਦਿੱਤਾ ਗਿਆ ਕਿ ਸਿੱਖ ਇਸ ਗੱਲ ਦੇ ਵਿਰੁੱਧ ਸਨ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਮਿਲਾਏ ਜਾਣ ਲਈ ਮਜਬੂਰ ਕੀਤਾ ਜਾਵੇ।

ਇਸ ਵਿਚ ਤਿੰਨ ਪੱਖਾਂ ਵਾਲਾ ਸੰਵਿਧਾਨ ਉਲੀਕਿਆ ਗਿਆ—ਯੂਨੀਅਨ (ਜਿਸ ਦਾ ਅਧਿਕਾਰ ਖੇਤਰੀ ਸੁਰੱਖਿਆ, ਵਿਦੇਸ਼ੀ ਮਾਮਲੇ ਅਤੇ ਸੰਚਾਰ ਦਾ ਹੋਵੇਗਾ), ਸੂਬਿਆਂ ਦਾ ਸਮੂਹ ਜਿਨ੍ਹਾਂ ਦਾ ਅਧਿਕਾਰ ਖੇਤਰ ਉਹ ਵਿਸ਼ੇ ਹੋਣਗੇ ਜਿਹੜੇ ਕੇਂਦਰ ਉਨ੍ਹਾਂ ਨੂੰ ਡੈਲੀਗੇਟ (ਸੌਂਪੇਗਾ) ਕਰੇਗਾ। ਇਸ ਦੇ ਨਾਲ ਵਿਅਕਤੀਗਤ ਸੂਬੇ ਹੋਣਗੇ ਜਿਹੜੇ ਬਾਕੀ ਰਹਿੰਦੇ ਵਿਸ਼ਿਆਂ ਦੇ ਅਧਿਕਾਰੀ ਹੋਣਗੇ। ਜੇਕਰ ਉਹ ਚਾਹੁਣ ਤਾਂ ਸੂਬਿਆਂ ਨੂੰ ਅਧਿਕਾਰ ਹੋਵੇਗਾ ਕਿ ਦਸ ਸਾਲ ਉਪਰੰਤਦ ਉਹ ਸੰਵਿਧਾਨ ਬਾਰੇ ਮੁੜ ਵਿਚਾਰ ਕਰਨ ਦੀ ਮੰਗ ਕਰ

ਸਕਦੇ ਸਨ।

ਮਈ 16, 1946 ਦੀ ਤਜਵੀਜ਼ ਅਨੁਸਾਰ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਨੇ ਸੰਵਿਧਾਨਕ ਸਭਾ ਦੀ ਚੋਣ ਕਰਨੀ ਸੀ ਤਾਂ ਜੋ ਉਹ ਸੰਵਿਧਾਨ ਦਾ ਮਸੌਦਾ ਤਿਆਰ ਕਰੇ। ਮੁੱਢਲੇ ਇਜਲਾਸ ਉਪਰੰਤ ਸੰਵਿਧਾਨਕ ਸਭਾ ਨੇ ਤਿੰਨ ਭਾਗਾਂ ਵਿਚ ਵੰਡਿਆ ਜਾਣਾ ਸੀ। ਭਾਗ-1 ਵਿਚ ਗੈਰ-ਮੁਸਲਿਮ ਸੂਬਿਆਂ ਦੇ ਪ੍ਰਤੀਨਿਧ ਹੋਣੇ ਸਨ। ਭਾਗ-2 ਵਿਚ ਪੰਜਾਬ, ਉੱਤਰ-ਪੱਛਮੀ ਸੀਮਾ ਅਤੇ ਸਿੰਧ ਸੂਬਿਆਂ ਦੇ ਪ੍ਰਤੀਨਿਧ ਹੋਣੇ ਸਨ। ਭਾਗ-3 ਵਿਚ ਵਿਚ ਬੰਗਾਲ, ਆਸਾਮ ਦੇ ਪ੍ਰਤੀਨਿਧ ਹੋਣੇ ਸਨ।

ਕੈਬਨਿਟ ਮਿਸ਼ਨ ਦਾ ਸੁਝਾਅ ਸੀ ਕਿ ਜਦੋਂ ਤਾਈਂ ਸੰਵਿਧਾਨ ਤਿਆਰ ਹੁੰਦਾ ਹੈ, ਸਰਕਾਰ ਦੀ ਵਾਗਡੋਰ ਭਾਰਤੀ ਹੱਥਾਂ ਵਿਚ ਮੁਕੰਮਲ ਤੌਰ ਤੇ ਦੇ ਦਿੱਤੀ ਜਾਵੇ।

ਨਵੀਂ ਤਜਵੀਜ਼ ਦਾ ਸੁਆਗਤ ਕਾਂਗਰਸ ਅਤੇ ਮੁਸਲਿਮ ਲੀਗ ਨੇ ਬੜੇ ਧਿਆਨ ਨਾਲ ਕੀਤਾ। ਮਿਸਟਰ ਜਿਨਾਹ ਨੇ ਇਹ ਤਜਵੀਜ਼ ਇਸ ਆਸ ਨਾਲ ਸਵੀਕਾਰ ਕੀਤੀ ਕਿ ਅੰਤਿਮ ਰੂਪ ਵਿਚ ਆਜ਼ਾਦ ਮੁਸਲਿਮ ਰਾਜ ਕਾਇਮ ਹੋ ਜਾਵੇਗਾ। ਸਿੱਖਾਂ ਨੇ ਇਹ ਤਜਵੀਜ਼ ਉੱਕਾ ਹੀ ਰੱਦ ਕਰ ਦਿੱਤੀ ਤਾਂ ਜੋ ਉਹ ਪੰਜਾਬ ਦੀ ਸੱਤਾ ਸੰਭਾਲ ਸਕਣ।

ਜੂਨ 10 ਨੂੰ ਸਿੱਖਾਂ ਦੀਆਂ ਰਾਜਸੀ ਜੱਥੇਬੰਦੀਆਂ ਦੀ ਸਾਂਝੀ ਇਕੱਤਰਤਾ ਅੰਮ੍ਰਿਤਸਰ ਵਿਖੇ ਹੋਈ। ਇਸ ਵਿਚ ਸਰਦਾਰ ਨਿਰੰਜਣ ਸਿੰਘ ਗਿੱਲ ਨੂੰ ਸਿੱਖ ਕੌਂਸਲ ਆਫ਼ ਐਕਸ਼ਨ ਡਿਕਟੇਟਰ ਥਾਪਿਆ ਗਿਆ ਤਾਂ ਜੋ ਕੈਬਨਿਟ ਮਿਸ਼ਨ ਦੀ ਤਜਵੀਜ਼ ਦੀ ਵਿਰੋਧਤਾ ਕਰੇ। ਇਸ ਕੌਂਸਲ ਦੇ ਹੋਰ ਮੈਂਬਰ ਸਨ : ਮਾਸਟਰ ਤਾਰਾ ਸਿੰਘ, ਸਰਦਾਰ ਬਲਦੇਵ ਸਿੰਘ, ਸਰਦਾਰ ਬਸੰਤ ਸਿੰਘ ਮੋਗਾ, ਸਰਦਾਰ ਬਹਾਦਰ ਉੱਜਲ ਸਿੰਘ, ਸਰਦਾਰ ਇੰਦਰ ਸਿੰਘ, ਸਰਦਾਰ ਦਰਸ਼ਨ ਸਿੰਘ ਫੇਰੂਮਾਨ, ਸਰਦਾਰ ਅਜੀਤ ਸਿੰਘ, ਸਰਦਾਰ ਪ੍ਰੀਤਮ ਸਿੰਘ ਗੋਜਰਾਂ, ਸਰਦਾਰ ਈਸ਼ਰ ਸਿੰਘ ਮਝੈਲ, ਭਾਈ ਜੋਧ ਸਿੰਘ, ਸਰਦਾਰ ਸਰਮੁਖ ਸਿੰਘ ਚਮਕ, ਸਰਦਾਰ ਨਿਧਾਨ ਸਿੰਘ ਆਲਮ ਨਾਮਧਾਰੀ, ਗਿਆਨੀ ਕਰਤਾਰ ਸਿੰਘ ਅਤੇ ਬਾਬਾ ਹਰਕਿਸ਼ਨ ਸਿੰਘ।

ਜਦੋਂ ਵਾਇਸਰਾਏ ਨੇ ਅੰਤ੍ਰਿਮ ਸਰਕਾਰ ਦੀ ਘੋਸ਼ਣਾ ਕੀਤੀ ਤਾਂ ਸਿੱਖਾਂ ਦੇ ਨਾਮਜ਼ਦ ਸਰਦਾਰ ਬਲਦੇਵ ਸਿੰਘ ਨੂੰ ਰਾਜ਼ੀ ਕਰ ਲਿਆ ਗਿਆ ਕਿ ਇਸ ਪੇਸ਼ਕਸ਼ ਨੂੰ ਠੁਕਰਾ ਦੇਵੇ। ਸਰਦਾਰ ਬਲਦੇਵ ਨੇ ਸਿੰਘ ਪ੍ਰਧਾਨ ਮੰਤਰੀ ਮਿਸਟਰ ਕਲੀਮੈਂਟ ਐਟਲੀ ਨੂੰ ਲਿਖਿਆ ਕਿ ਸਿੱਖਾਂ ਨਾਲ ਬਹੁਤ ਅਨਿਆਏ ਹੋ ਰਿਹਾ ਹੈ। ਮਿਸਟਰ ਐਟਲੀ ਦਾ ਉੱਤਰ ਸੀ, "ਸਿੱਖਾਂ ਦੀਆਂ ਲੋੜਾਂ ਅਨੁਸਾਰ ਤਬਦੀਲੀ ਨਹੀਂ ਕੀਤੀ ਜਾ ਸਕਦੀ। ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪ੍ਰਤੀਨਿਧੀ ਚੁਣ ਕੇ ਸੰਵਿਧਾਨਕ ਸਭਾ ਵਿਚ ਭੇਜਣ ਅਤੇ ਸੰਵਿਧਾਨ ਦਾ ਮਸੌਦਾ ਤਿਆਰ ਕਰਨ ਵਿਚ ਭਾਗ ਲੈਣ।

ਇਸ ਸੰਬੰਧ ਵਿਚ ਜੁਲਾਈ 18, 1946 ਨੂੰ ਸਰ ਸਟੈਫ਼ੋਰਡ ਕ੍ਰਿਪਸ ਨੇ ਬਰਤਾਨਵੀ ਸੰਸਦ ਕੈਬਨਿਟ ਮਿਸ਼ਨ ਦੇ ਭਾਰਤ ਵਿਚ ਕੀਤੇ ਕਾਰਜ ਬਾਰੇ ਲੰਮੀ ਤਕਰੀਰ ਕੀਤੀ। ਸਿੱਖਾਂ ਬਾਰੇ ਉਸ ਨੇ ਕਿਹਾ, "ਸਾਡੇ ਵਾਸਤੇ ਬੜੀ ਨਿਰਾਸ਼ਾ ਦੀ ਗੱਲ ਹੈ ਕਿ ਸਿੱਖ ਇਹ ਮਹਿਸੂਸ ਕਰਨ ਕਿ ਉਨ੍ਹਾਂ ਨੂੰ ਇਕ ਮਹੱਤਵਪੂਰਨ ਸੈਕਸ਼ਨ ਵੱਜੋਂ ਉਹ ਸਲੂਕ ਪ੍ਰਾਪਤ ਨਹੀਂ ਹੋਇਆ ਜਿਸ ਦੇ ਉਹ ਯੋਗ ਸਨ। ਕਠਿਨਾਈ ਇਸ ਗੱਲ ਦੀ ਨਹੀਂ ਸੀ ਕਿ ਸਿੱਖ ਕੌਮ ਨੂੰ ਕੋਈ ਮਹੱਤਤਾ ਨਹੀਂ ਸੀ ਦਿੱਤੀ ਗਈ, ਸਗੋਂ ਔਖ ਤਾਂ ਭੂਗੋਲਿਕ ਰੂਪ ਦੀ ਸੀ। ਸਿੱਖਾਂ ਦੀ ਵਿਸ਼ੇਸ਼ ਹੱਕਾਂ ਦੀ ਮੰਗ ਸੀ ਜਿਹੜੇ ਮੁਸਲਮਾਨਾਂ ਦੇ ਬਰਾਬਰ ਜਿਹੇ ਸਨ। ਮੁਸਲਮਾਨਾਂ ਦੀ ਆਬਾਦੀ 9 ਕਰੋੜ ਦੇ ਮੁਕਾਬਲੇ ਇਨ੍ਹਾਂ ਦੀ ਆਬਾਦੀ ਕੇਵਲ 55 ਲੱਖ

ਹੈ, ਅਤੇ ਭੂਗੋਲਿਕ ਸਥਿਤੀ ਇਹ ਹੈ ਕਿ ਕਿਸੇ ਵੀ ਇਲਾਕੇ ਵਿਚ ਇਨ੍ਹਾਂ ਦੀ ਬਹੁ-ਗਿਣਤੀ ਨਹੀਂ ਬਣਦੀ।"

ਇਹ ਬਿਆਨ ਦੈਨਿਕ 'ਸਟੇਟਸਮੈਨ' ਦੇ ਜੁਲਾਈ 19, 1946 ਦੇ ਅੰਕ ਵਿਚ ਛਪਿਆ।

ਕਾਂਗਰਸ ਪਾਰਟੀ ਦਾ ਵਤੀਰਾ ਕੈਬਨਿਟ ਮਿਸ਼ਨ ਦੀਆਂ ਤਜਵੀਜ਼ਾਂ ਨੂੰ ਅਮਲੀ ਰੂਪ ਦੇਣ ਵਿਚ ਸਯੋਜਟ ਸੀ ਪਰ ਸੱਚੇ ਦਿਲੋਂ ਨਹੀਂ। ਭਾਵੇਂ ਕਾਂਗਰਸ ਵਰਕਿੰਗ ਕਮੇਟੀ ਨੇ ਪੁਸ਼ਟੀ ਕਰ ਦਿੱਤੀ ਸੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਦੀ ਵਾਗਡੋਰ ਸੰਭਾਲ ਲਈ ਸੀ, ਪਰ ਉਸ ਨੇ ਇਹ ਮੰਨਿਆ ਕਿ 16 ਮਈ ਦੀ ਤਜਵੀਜ਼ ਬੇਸ਼ੱਕ ਕਾਂਗਰਸ ਨੇ ਪਰਵਾਨ ਕਰ ਲਈ ਹੈ ਪਰ ਜ਼ਰੂਰੀ ਨਹੀਂ ਕਿ ਸੂਬਿਆਂ ਦੇ ਗਠਜੋੜ ਨੂੰ ਮੰਨਿਆ ਜਾਵੇ। ਉਹ ਕਾਫ਼ੀ ਉਤਸੁਕ ਸਨ ਕਿ ਨਵੇਂ ਸੰਵਿਧਾਨ ਦਾ ਮਸੌਦਾ ਤਿਆਰ ਕੀਤਾ ਜਾਵੇ ਪਰ ਉਹ ਅੰਤ੍ਰਿਮ ਸਰਕਾਰ ਦੁਆਰਾ ਸੁਝਾਏ ਹੋਏ ਆਧਾਰ ਤੇ ਦਾਖ਼ਲ ਨਹੀਂ ਹੋਣਾ ਚਾਹੁੰਦੇ ਸਨ। ਮਿਸਟਰ ਜਿਨਾਹ ਨੇ ਇਹ ਸਿੱਟਾ ਕੱਢਿਆ ਕਿ ਕਾਂਗਰਸ ਨੇ 16 ਮਈ ਦੀ ਤਜਵੀਜ਼ ਰੱਦ ਕਰ ਦਿੱਤੀ ਹੈ। ਮਿਸਟਰ ਜਿਨਾਹ ਨੇ ਅੰਤ੍ਰਿਮ ਸਰਕਾਰ ਬਨਾਉਣ ਦੀ ਪੇਸ਼ਕਸ਼ ਕੀਤੀ। ਜੇਕਰ ਵਾਇਸਰਾਏ ਅਜਿਹਾ ਕਰਨ ਲਈ ਉਸ ਨੂੰ ਸੱਦਾ ਨਾ ਦੇਣ ਤਾਂ ਉਹ ਮੁਸਲਿਮ ਲੀਗ ਹੱਥੋਂ 16 ਮਈ ਦੀ ਸਾਰੀ ਦੀ ਸਾਰੀ ਤਜਵੀਜ਼ ਰੱਦ ਕਰਵਾ ਦੇਵੇਗਾ। ਮੁਸਲਿਮ ਲੀਗ ਨੇ ਆਪਣੇ ਮੈਂਬਰਾਂ ਨੂੰ ਕਿਹਾ ਕਿ ਸਰਕਾਰ ਦੇ ਵਤੀਰੇ ਵਿਰੁੱਧ ਰੋਸ ਪ੍ਰਗਟ ਕਰਨ ਅਤੇ ਇਸ ਦਾ ਵਿਖਾਵਾ ਸਰਕਾਰੀ ਖ਼ਿਤਾਬ ਵਾਪਸ ਕਰਕੇ ਕਰਨ। ਮੁਸਲਿਮ ਲੀਗ ਨੇ 'ਡਾਇਰੈਕਟ ਐਕਸ਼ਨ' ਦੀ ਵਿਉਂਤ ਬਣਾਈ।

'ਡਾਇਰੈਕਟ ਐਕਸ਼ਨ' ਜਾਂ ਸਿੱਧੇ ਅਮਲ ਬਾਰੇ ਮਿਸਟਰ ਮੁਹੰਮਦ ਅਲੀ ਜਿਨਾਹ ਨੇ ਕਿਹਾ, "ਅੱਜ ਅਸੀਂ ਸੰਵਿਧਾਨਕ ਢੰਗ-ਤਰੀਕਿਆਂ ਨੂੰ ਛਿੱਕੇ 'ਤੇ ਟੰਗਦੇ ਹਾਂ, ਅੱਜ ਅਸੀਂ ਪਿਸਤੌਲ ਢਾਲ ਲਿਆ ਹੈ ਅਤੇ ਇਸ ਨੂੰ ਵਰਤਣ ਲਈ ਤਿਆਰ ਹਾਂ।" ਅਗਸਤ 16, 1946 ਨੂੰ 'ਡਾਇਰੈਕਟ ਐਕਸ਼ਨ' ਦਿਨ ਮਨਾਇਆ ਜਾਣਾ ਸੀ। ਇਸ ਦੇ ਫਲਸਰੂਪ ਪੂਰੇ ਦੇਸ਼ ਅੰਦਰ ਹਿੰਸਾ ਫੈਲ ਗਈ।

ਮਨਮਾਨੀ ਰੂਪ ਵਿਚ ਵਾਇਸਰਾਏ ਨੇ ਕਾਂਗਰਸ ਨੂੰ ਸਰਕਾਰ ਬਨਾਉਣ ਦੀ ਆਸ ਨਾਲ ਸੱਦਾ ਦਿੱਤਾ ਕਿ ਉਹ ਲੀਗ ਦੇ ਦਿਲ ਨੂੰ ਜਿੱਤ ਲਵੇਗੀ। ਪਰ ਕਾਂਗਰਸ ਲੀਗ ਨੂੰ ਜਿੱਤਣ ਵਿਚ ਅਸਫਲ ਰਹੀ। ਪਰ ਉਹ ਇਸ ਗੱਲ ਵਿਚ ਸਫਲ ਹੋ ਗਈ ਕਿ ਸਿੱਖ ਵਿਰੋਧ ਕਰਨਾ ਤਿਆਗ ਦੇਣ।

ਪੰਥਕ ਬੋਰਡ ਦੀ ਇਕੱਤਰਤਾ ਅਗਸਤ 14, 1946 ਨੂੰ ਬੁਲਾਈ ਗਈ ਜਿਸ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਕਾਂਗਰਸ ਦੀ ਅਪੀਲ ਨੂੰ ਸਵੀਕਾਰ ਕਰਦਿਆਂ 16 ਮਈ ਦੇ ਬਿਆਨ ਨੂੰ ਮੰਨ ਲਿਆ ਜਾਵੇ। ਇਹ ਗੱਲ ਮੰਨ ਲਈ ਗਈ ਪਰ ਉਨ੍ਹਾਂ ਮਿਸ਼ਨ ਦੀ ਤਜਵੀਜ਼ ਬਾਰੇ ਆਪਣੀਆਂ ਸ਼ਰਤਾਂ ਨਾ ਛੱਡੀਆਂ। ਬੋਰਡ ਨੇ ਆਪਣੇ ਪੰਜਾਬ ਵਿਧਾਨ ਸਭਾ ਦੇ ਸਿੱਖ ਮੈਂਬਰਾਂ ਨੂੰ ਸੰਵਿਧਾਨਕ ਸਭਾ ਲਈ ਪ੍ਰਤੀਨਿਧੀ ਚੁਣਨ ਵਾਸਤੇ ਕਿਹਾ।.

ਸਤੰਬਰ 2, 1946 ਨੂੰ ਨਹਿਰੂ ਸਰਕਾਰ ਦੇ ਮੰਤਰੀ-ਮੰਡਲ ਨੇ ਸ਼ਪਥ ਗ੍ਰਹਿਣ ਕੀਤੀ। ਸਰਦਾਰ ਬਲਦੇਵ ਸਿੰਘ ਰੱਖਿਆ ਮੰਤਰੀ ਬਣੇ।

ਕੁਝ ਹਫਤਿਆਂ ਮਗਰੋਂ ਜਦੋਂ ਹਿੰਦੂ-ਮੁਸਲਿਮ ਦੰਗਾ-ਫ਼ਸਾਦ ਭੜਕਿਆ ਤਾਂ ਲੀਗ ਨੇ ਸਰਕਾਰ ਵਿਚ ਸ਼ਾਮਲ ਹੋਣਾ ਸਵੀਕਾਰ ਕਰ ਲਿਆ। ਅਕਤੂਬਰ 26, 1946 ਨੂੰ ਮੰਤਰੀ-ਮੰਡਲ ਦਾ ਪੁਨਰਗਠਨ ਕੀਤਾ ਗਿਆ। ਵਾਇਸਰਾਏ ਨੇ ਆਪਣੇ ਯਤਨ ਦੁਗਣੇ ਕੀਤੇ ਤਾਂ ਜੋ ਦੋ ਵੱਡੀਆਂ ਕੌਮਾਂ ਵਿਚ ਸਮਝੌਤਾ ਹੋ ਜਾਵੇ ਅਤੇ ਇਲਾਕੇ ਅੰਦਰ ਅਮਨ-ਕਾਨੂੰਨ ਦੀ

ਸਥਿਤੀ ਬਣਾਈ ਜਾਵੇ। ਕਾਂਗਰਸ ਅਤੇ ਲੀਗ ਦੇ ਨੇਤਾ ਅਤੇ ਸਰਦਾਰ ਬਲਦੇਵ ਸਿੰਘ ਨੂੰ ਵਲਾਇਤ ਆਉਣ ਦਾ ਸੱਦਾ ਦਿੱਤਾ ਗਿਆ। ਇਸ ਇਕੱਤਰਤਾ ਦਾ ਮੁੱਖ ਉਦੇਸ਼ ਇਹ ਸੀ ਕਿ ਸੰਵਿਧਾਨ ਸਭਾ ਲਈ ਸਾਰੀਆਂ ਪਾਰਟੀਆਂ ਦਾ ਸਹਿਯੋਗ ਮਿਲ ਸਕੇ, ਲੀਗ ਇਸ ਵਿਚ ਸਹਿਯੋਗ ਦੇਣ ਲਈ ਤਿਆਰ ਨਹੀਂ ਸੀ। ਵਾਦ-ਵਿਵਾਦ ਦਾ ਮੁੱਦਾ ਸੂਬਿਆਂ ਨੂੰ ਗਠਜੋੜ ਕਰਨ ਬਾਰੇ ਸੀ ਕਿਉਂਕਿ ਇਸ ਨਾਲ ਸੰਬੰਧਤ ਧਾਰਾ ਦੀ ਵਿਆਖਿਆ ਆਪਣੇ-ਆਪਣੇ ਢੰਗ ਨਾਲ ਕੀਤੀ ਜਾਂਦੀ ਸੀ। ਕੈਬਨਿਟ ਮਿਸ਼ਨ ਦੀ ਵਿਆਖਿਆ ਨੂੰ ਕਾਂਗਰਸ ਨੇ ਸਵੀਕਾਰ ਨਹੀਂ ਕੀਤਾ ਪਰ ਇਸ ਨੂੰ ਲੀਗ ਨੇ ਮੰਨ ਲਿਆ ਸੀ। ਇਕੱਤਰਤਾ ਦੀ ਸਮਾਪਤੀ ਵੇਲੇ ਬਰਤਾਨਵੀ ਸਰਕਾਰ ਨੇ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਇਹ ਕਿਹਾ ਗਿਆ ਕਿ ਇਹ ਧਾਰਾਵਾਂ ਸਕੀਮ ਦਾ ਜ਼ਰੂਰੀ ਭਾਗ ਹਨ ਅਤੇ ਇਹ ਆਸ ਪ੍ਰਗਟ ਕੀਤੀ ਕਿ ਜੇਕਰ ਮੁਸਲਿਮ ਲੀਗ ਸੰਵਿਧਾਨ ਸਭਾ ਵਿਚ ਭਾਗ ਲੈਣ ਲਈ ਕੋਈ ਰਾਹ ਕੱਢ ਲਵੇ ਤਾਂ ਜਿਵੇਂ ਵਿਆਖਿਆ ਬਾਰੇ ਕਾਂਗਰਸ ਦਾ ਮਤ ਹੈ, ਇਹ ਮਾਮਲਾ ਫ਼ੈਡਰਲ ਕੋਰਟ ਅੱਗੇ ਪੇਸ਼ ਕੀਤਾ ਜਾ ਸਕਦਾ ਹੈ। ਜਦੋਂ ਤਿੰਨ ਦਿਨਾਂ ਪਿੱਛੋਂ ਸੰਵਿਧਾਨ ਸਭਾ ਦੀ ਇਕੱਤਰਤਾ ਹੋਈ ਤਾਂ ਲੀਗ ਦੇ ਪ੍ਰਤੀਨਿਧ ਇਸ ਵਿਚ ਸ਼ਾਮਲ ਨਾ ਹੋਏ। ਇਨ੍ਹਾਂ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ ਪਾਕਿਸਤਾਨ ਦੇ ਸੂਬਿਆਂ ਵਾਲੇ ਗਠਜੋੜ ਦੀਆਂ ਘੱਟ-ਗਿਣਤੀ ਕੌਮਾਂ ਆਸਾਮ, ਬੰਗਾਲ ਅਤੇ ਪੰਜਾਬ ਵਿਚ ਸੰਗਠਿਤ ਹੋਣ ਲੱਗੀਆਂ। ਸਿੱਖਾਂ ਨੇ ਪੰਜਾਬ ਅੰਦਰ ਉਹ ਰਾਖਵੇਂਪਨ ਮੰਗੇ ਜਿਹੜੇ ਸੰਵਿਧਾਨ ਸਭਾ ਵਿਚ ਮੁਸਲਮਾਨਾਂ ਨੂੰ ਦਿੱਤੇ ਗਏ ਸਨ। ਉਨ੍ਹਾਂ ਨੇ ਨਵੇਂ ਸਿਰਿਓਂ ਆਪਣੇ ਸੂਬੇ ਦੇ ਬਟਵਾਰੇ ਦੀ ਮੰਗ ਕੀਤੀ।

ਸੰਵਿਧਾਨ ਸਭਾ ਲਈ ਚੁਣੇ ਗਏ ਚਾਰ ਸਿੱਖ ਪ੍ਰਤੀਨਿਧੀਆਂ ਨੇ ਪਹਿਲੀ ਵਾਰ ਵਿਚਾਰ-ਵਟਾਂਦਰੇ ਵਿਚ ਭਾਗ ਲੈਣ ਤੋਂ ਇਨਕਾਰ ਕੀਤਾ ਪਰ ਕਾਂਗਰਸ ਵੱਲੋਂ ਭਰੋਸਾ ਦਿਵਾਉਣ ਤੇ ਉਹ ਇਸ ਵਿਚ ਹਿੱਸਾ ਲੈਣ ਲਈ ਰਾਜ਼ੀ ਹੋ ਗਏ। ਜਨਵਰੀ 17, 1947 ਨੂੰ ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਬਹਾਦਰ ਉੱਜਲ ਸਿੰਘ ਨੇ ਪੱਤਰਕਾਰਾਂ ਨੂੰ ਸਪੱਸ਼ਟ ਕੀਤਾ ਕਿ ਵੀਟੋ, ਨਿਸ਼ੇਧ-ਅਧਿਕਾਰ, ਤੋਂ ਉਨ੍ਹਾਂ ਦਾ ਇਹ ਭਾਵ ਸੀ ਕਿ ਕੋਈ ਸਿੱਖਾਂ ਨਾਲ ਸੰਬੰਧਤ ਫ਼ੈਸਲਾ ਉਨ੍ਹਾਂ ਦੀ ਆਪਣੀ ਮੰਜ਼ੂਰੀ ਤੋਂ ਬਿਨਾਂ ਨਾ ਕੀਤਾ ਜਾਵੇ। ਪੰਜ ਦਿਨਾਂ ਪਿੱਛੋਂ ਗਿਆਨੀ ਕਰਤਾਰ ਸਿੰਘ, ਸਰਦਾਰ ਬਹਾਦਰ ਉੱਜਲ ਸਿੰਘ ਅਤੇ ਸਰਦਾਰ ਹਰਨਾਮ ਸਿੰਘ ਲਾਰਡ ਵੇਵਲ ਨੂੰ ਮਿਲੇ ਅਤੇ ਉਸ ਕਾਨੂੰਨ ਨੂੰ ਵੀਟੋ ਕਰਨ ਦਾ ਹੱਕ ਮੰਗਿਆ ਜਿਸ ਦੀ ਤਜਵੀਜ਼ ਸੂਬਿਆਂ ਦੇ ਗਠਜੋੜ ਦੇ ਸੈਕਸ਼ਨ 'ਬੀ' ਵਿਚ ਦਿੱਤੀ ਗਈ ਸੀ। ਜਨਵਰੀ 5,1947 ਨੂੰ ਕਾਂਗਰਸ ਨੇ ਆਪਣੇ ਦਿੱਲੀ ਦੇ ਇਜਲਾਸ ਵਿਚ ਕਾਂਗਰਸ ਨੇ ਘੱਟ-ਗਿਣਤੀ ਵਰਗ ਲਈ ਹਮਾਇਤ ਦੁਹਰਾਈ, ਵਿਸ਼ੇਸ਼ ਕਰਕੇ ਸਿੱਖਾਂ ਲਈ।

ਇਸ ਦੌਰਾਨ ਜਨਵਰੀ 5, 1947 ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇਹ ਮਤਾ ਪਾਸ ਕੀਤਾ ਜਿਸ ਵਿਚ ਇਹ ਸੁਝਾਅ ਮੰਨਿਆ ਗਿਆ ਕਿ ਤਜਵੀਜ਼ਾਂ ਦੀ ਬਰਤਾਨਵੀ ਸਰਕਾਰ ਦੀ ਵਿਆਖਿਆ ਅਨੁਸਾਰ ਅਮਲ ਕੀਤਾ ਜਾਵੇ। ਬਾਕੀ ਮਤੇ ਦੀਆ ਸ਼ਰਤਾਂ ਪੂਰਵਕ ਧਾਰਾਵਾਂ ਤੋਂ ਮੁਸਲਿਮ ਲੀਗ ਨੇ ਇਹ ਸਮਝਿਆ ਕਿ ਕਾਂਗਰਸ ਆਪਣੇ ਕਥਿਤ ਸਮਝੌਤੇ ਨੂੰ ਲਾਗੂ ਕਰਨ ਵਿਚ ਰਜ਼ਾਮੰਦ ਨਹੀਂ। ਮੁਸਲਿਮ ਲੀਗ ਨੇ ਕਾਂਗਰਸ ਤੇ ਇਹ ਦੋਸ਼ ਲਾਇਆ ਕਿ ਉਹ ਸੰਵਿਧਾਨ ਸਭਾ ਨੂੰ ਰੰਪ ਪਾਰਲੀਮੈਂਟ ਸਮਝਦੀ ਹੈ ਅਤੇ ਉਨ੍ਹਾ ਇਸ ਨੂੰ ਭੰਗ ਕਰਨ ਦੀ ਮੰਗ ਕੀਤੀ। ਮੁਸਲਿਮ ਲੀਗ ਦੇ ਸੰਵਿਧਾਨ ਸਭਾ ਵਿਚ ਭਾਗ ਨਾ ਲੈਣ ਕਾਰਨ ਕਾਂਗਰਸ ਨੇ ਇਸ ਦੇ ਮੈਂਬਰਾਂ ਦਾ ਅਸਤੀਫ਼ਾ ਅੰਤ੍ਰਿਮ ਸਰਕਾਰ ਵਿਚੋਂ ਮੰਗਿਆ। ਲਾਰਡ ਵੇਵਲ ਨੇ ਭਾਰਤੀ ਨੇਤਾਵਾ ਨੂੰ ਚੌਕੰਨਾ ਕੀਤਾ ਕਿ ਦੰਗੇ-ਫ਼ਸਾਦ ਇਸ ਹੱਦ ਤਕ ਵਧ ਗਏ ਹਨ ਕਿ ਇਨ੍ਹਾਂ

ਦੀ ਰੋਕ ਪੁਲਿਸ ਅਤੇ ਫ਼ੌਜ ਦੇ ਵੱਸ ਦੀ ਵੀ ਗੱਲ ਨਹੀਂ ਰਹੀ।

ਹਾਲਾਤ ਨੂੰ ਮੁੱਖ ਰੱਖਦਿਆ ਫ਼ਰਵਰੀ 20, 1947 ਨੂੰ ਮਿਸਟਰ ਐਟਲੀ ਨੇ ਬਰਤਾਨਵੀ ਸੰਸਦ ਵਿਚ ਐਲਾਨ ਕੀਤਾ ਕਿ ਬਰਤਾਨਵੀ ਸਰਕਾਰ ਜੂਨ 1948 ਤਕ ਭਾਰਤ ਵਿਚ ਆਪਣੀ ਸੱਤਾ ਖ਼ਤਮ ਕਰ ਦੇਵੇਗੀ। ਲਾਰਡ ਵੇਵਲ ਦੀ ਥਾਂ ਲਾਰਡ ਮਾਊਂਟਬੇਟਨ ਨੂੰ ਭਾਰਤ ਦਾ ਵਾਇਸਰਾਏ ਥਾਪਿਆ ਜਾਵੇਗਾ ਅਤੇ ਸੱਤਾ ਸੌਂਪਣ ਦਾ ਕਾਰਜ ਉਹ ਪੂਰਾ ਕਰਨਗੇ। ਮਿਸਟਰ ਐਟਲੀ ਨੂੰ ਆਸ ਸੀ ਕਿ ਵੇਲੇ ਦੀ ਨਜ਼ਾਕਤ ਨੂੰ ਸਮਝਦਿਆਂ ਜ਼ਿੰਮੇਵਾਰੀ ਦਾ ਅਹਿਸਾਸ ਜਾਗੇਗਾ ਅਤੇ ਵਿਰੋਧੀ ਧੜਿਆਂ ਨੂੰ ਇਕਮੁੱਠ ਹੋਣ ਲਈ ਮਜਬੂਰ ਕਰੇਗਾ।

ਜਦੋਂ ਸਿਆਸੀ ਹੱਲ ਢੂੰਡਿਆ ਜਾ ਰਿਹਾ ਸੀ ਤਾਂ ਖ਼ਾਨਾਜੰਗੀ ਦੀ ਅਤਿ ਹੋ ਗਈ। ਸਾਨੂੰ ਇਸ ਗੱਲ ਤੇ ਝਾਤ ਪਾਉਣੀ ਚਾਹੀਦੀ ਹੈ ਕਿ ਇਹ ਕੁਝ ਕਿਵੇਂ ਵਾਪਰਿਆ?

ਪੰਜਾਬ ਵਿਚ ਘਰੇਲੂ ਜੰਗ

1946 ਤਕ ਜਨਾਬ ਖ਼ਿਜ਼ਰ ਹਯਾਤ ਖ਼ਾਨ, ਜਿਸ ਨੂੰ 1944 ਵਿਚ ਮੁਸਲਿਮ ਲੀਗ ਵਿਚੋਂ ਕੱਢ ਦਿੱਤਾ ਗਿਆ ਸੀ, ਯੂਨੀਅਨਿਸਟਾਂ ਅਤੇ ਹੋਰ ਪਾਰਟੀਆਂ ਦੇ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੀ ਹਮਾਇਤ ਨਾਲ ਬਹੁਤ ਹੀ ਪਤਲੀ ਧਾਰ ਤੇ ਚਲਦਾ ਰਿਹਾ। ਪਰ ਪੰਜਾਬ ਸਰਕਾਰ ਨਾਲ ਸੰਪਰਦਾਇਕ ਹੜ੍ਹ ਅੱਗੇ ਖਲੋ ਨਾ ਸਕੀ। ਇਸ ਲਈ ਜਨਵਰੀ 24, 1947 ਨੂੰ ਇਕ ਆਦੇਸ਼ ਪਾਸ ਕੀਤਾ ਗਿਆ ਜਿਸ ਅਧੀਨ ਰਾਸ਼ਟਰੀ ਸੁਐਮ ਸੇਵਕ ਸੰਘ, ਅਕਾਲੀ ਦਲ ਅਤੇ ਮੁਸਲਿਮ ਲੀਗ ਨੈਸ਼ਨਲ ਗਾਰਡਜ਼ ਤੇ ਪਾਬੰਦੀ ਲਾਈ ਗਈ। ਲੀਗ ਨੇ ਇਸ ਅਵਸਰ ਦਾ ਪੂਰਾ ਲਾਭ ਉਠਾਇਆ ਅਤੇ ਇਸ ਆਦੇਸ਼ ਦੀ ਕੱਟੜ ਉਲੰਘਣਾ ਕੀਤੀ। ਕੁਝ ਦਿਨਾਂ ਉਪਰੰਤ ਇਹ ਆਦੇਸ਼ ਵਾਪਸ ਲੈ ਲਿਆ ਗਿਆ ਅਤੇ ਜਿਹੜੇ ਮੁਸਲਮਾਨ ਲੀਡਰ ਪਕੜੇ ਗਏ ਸਨ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਇਉਂ ਪਿੱਛੇ ਹਟਣਾ ਅੱਛਾ ਨਹੀਂ ਸੀ ਅਤੇ ਇਸ ਦਾ ਪ੍ਰਭਾਵ ਪੂਰੀ ਤਰ੍ਹਾਂ ਗੋਡੇ ਟੇਕਣਾ ਹੋਇਆ। ਮਾਰਚ 2, 1947 ਨੂੰ ਖ਼ਿਜ਼ਰ ਹਯਾਤ ਖ਼ਾਨ ਨੇ ਅਸਤੀਫ਼ਾ ਦੇ ਦਿੱਤਾ। ਪੰਜਾਬ ਦੀ ਵਿਧਾਨ ਸਭਾ ਦੀ ਲਾਹੌਰ ਦੀ ਇਮਾਰਤ ਵਿਚ ਬਹੁਤ ਭਾਰੀ ਜੋਸ਼ ਸੀ। ਮਾਸਟਰ ਤਾਰਾ ਸਿੰਘ ਨੇ, ਜਿਹੜਾ ਵਿਧਾਨ ਸਭਾ ਦਾ ਮੈਂਬਰ ਨਹੀਂ ਸੀ, ਮਿਆਨ ਵਿਚੋਂ ਕਿਰਪਾਨ ਕੱਢੀ ਅਤੇ 'ਪਾਕਿਤਸਾਨ ਮੁਰਦਾਬਾਦ' ਦਾ ਜੈਕਾਰਾ ਛੱਡਿਆ। ਦੋ ਦਿਨਾਂ ਬਾਅਦ ਸਿੱਖ ਅਤੇ ਹਿੰਦੂ ਵਿਦਿਆਰਥੀਆਂ ਦੀ ਟੱਕਰ ਲਾਹੌਰ ਦੇ ਬਾਜ਼ਾਰ ਵਿਚ ਮੁਸਲਮਾਨਾਂ ਨਾਲ ਹੋ ਗਈ। ਰਾਜਧਾਨੀ ਵਿਚ ਛਿੜੇ ਦੰਗੇ ਰਾਵਲਪਿੰਡੀ, ਅੰਮ੍ਰਿਤਸਰ, ਗੁਜਰਾਤ, ਮੁਲਤਾਨ ਅਤੇ ਕੈਮਲਪੁਰ ਵਿਚ ਦੰਗੇ-ਫ਼ਸਾਦਾਂ ਲਈ ਇਸ਼ਾਰਾ ਬਣ ਗਏ।

ਮਾਰਚ ਦੇ ਦੰਗਿਆਂ ਵਿਚ ਸਭ ਤੋਂ ਵੱਧ ਮਰਨ ਵਾਲਿਆਂ ਵਿਚ ਸਿੱਖ ਸਨ। ਸਿੱਖਾਂ ਦੀ ਪਛਾਣ ਝੱਟ ਹੋ ਸਕਦੀ ਸੀ, ਇਸ ਲਈ ਉਨ੍ਹਾਂ ਉਪਰ ਚੋਰੀ-ਛਿਪੇ ਵਾਰ ਕਰਕੇ ਨੱਸ ਜਾਣ ਦੀਆਂ ਵਾਰਦਾਤਾਂ ਆਮ ਸਨ, ਪਰ ਹਿੰਦੂਆਂ ਅਤੇ ਮੁਸਲਮਾਨਾਂ ਦੇ ਸੰਬੰਧ ਵਿਚ ਇਹ ਔਖ ਸੀ ਕਿ ਉਨ੍ਹਾਂ ਦੇ ਕਪੜੇ ਉਤਾਰ ਕੇ ਇਹ ਵੇਖਣਾ ਪੈਂਦਾ ਸੀ ਕਿ ਵਿਅਕਤੀ ਦੀ ਸੁੰਨਤ ਹੋਈ ਹੋਈ ਹੈ ਜਾਂ ਨਹੀਂ? ਸਿੱਖਾਂ ਨੇ ਬਹੁਤ ਮਾਰ ਖਾਧੀ। ਸਭ ਤੋਂ ਵੱਧ ਤਬਾਹੀ ਰਾਵਲਪਿੰਡੀ ਜ਼ਿਲ੍ਹੇ ਦੇ ਨੇੜੇ ਕਹੂਟਾ ਪਿੰਡ ਵਿਚ ਹੋਈ। ਅਪ੍ਰੈਲ ਵਿਚ ਆਪਣੀ ਪਾਰਟੀ ਸਹਿਤ ਲਾਰਡ ਮਾਊਂਟਬੇਟਨ ਇਸ ਸਥਾਨ ਦੇ ਦੌਰੇ ਤੇ ਆਇਆ। ਉਸ ਦੇ ਪ੍ਰੈੱਸ-ਅਧਿਕਾਰੀ ਨੇ ਰੀਕਾਰਡ ਕੀਤਾ : "ਜਦੋਂ ਅਸੀਂ ਮਲਬੇ ਤੋਂ ਲੰਘ ਕੇ ਗਏ ਤਾਂ ਜਾਪਿਆ ਕਿ ਤਬਾਹੀ ਏਨੀ ਭਾਰੀ ਸੀ ਜਿਵੇਂ ਜੰਗ ਵਿਚ ਕਿਸੇ ਫ਼ੌਜ ਨੇ ਬੰਬ ਸੁੱਟੇ ਹੋਣ। ਇਸ ਲੜਾਈ ਨਾਲ ਸਿੱਖਾਂ ਅਤੇ ਉਨ੍ਹਾਂ ਦੀ ਉਪਜੀਵਕਾ ਦੀ ਤਬਾਹੀ ਹੋਈ ਅਤੇ ਜੀਉਣਾ ਔਖਾ ਹੋ ਗਿਆ। ਇਸ ਦੀ ਰੋਕ ਔਖੀ

ਸੀ ਅਤੇ ਮੁਸਲਮਾਨ ਖ਼ੁਸ਼ੀ ਨਾਲ ਉੱਛਲ ਰਹੇ ਸਨ।"

ਮਾਰਚ 6, 1947 ਨੂੰ ਸਰਦਾਰ ਬਹਾਦਰ ਉੱਜਲ ਸਿੰਘ ਦੀ ਅਗਵਾਈ ਹੇਠ ਇਕ ਵਫ਼ਦ ਪੰਜਾਬ ਦੇ ਗਵਰਨਰ ਸਰ ਏਵਾਨ ਜੈਨਕਿਨ ਨੂੰ ਮਿਲਿਆ ਅਤੇ ਸ਼ਹਿਰਾਂ ਵਿਚ ਵੱਸਦੇ ਸਿੱਖਾਂ ਅਤੇ ਹਿੰਦੂਆਂ ਦੀ ਸਲਾਮਤੀ ਲਈ ਫ਼ੌਜ ਤਾਇਨਾਤੀ ਦੀ ਮੰਗ ਕੀਤੀ।

ਅਪ੍ਰੈਲ 12, 1947 ਨੂੰ ਸ੍ਰੀ ਭੀਮਸੈਨ ਸੱਚਰ ਅਤੇ ਸਰਦਾਰ ਸਵਰਨ ਸਿੰਘ ਨੇ ਪੰਜਾਬ ਬਟਵਾਰੇ ਦੀ ਮੰਗ ਕੀਤੀ, ਜਿਸ ਵਿਚ ਦੋ ਵਿਧਾਨ ਸਭਾਵਾਂ ਹੋਣ, ਇਕ ਮੁਸਲਮਾਨਾਂ ਲਈ ਅਤੇ ਦੂਜੀ ਗੈਰ-ਮੁਸਲਮਾਨਾਂ ਲਈ।

ਮਾਰਚ 1947 ਦੇ ਫ਼ਸਾਦਾਂ ਨੇ ਇਹ ਸਾਬਤ ਕਰ ਦਿੱਤਾ ਅਕਾਲੀ ਦਲ, ਅਕਾਲੀ ਫ਼ੌਜ ਅਤੇ ਅਕਾਲੀ ਸੈਨਾ ਕਾਗਜ਼ੀ ਜੱਥੇਬੰਦੀਆਂ ਸਨ ਅਤੇ ਇਨ੍ਹਾਂ ਦੇ ਨੇਤਾ ਕਾਗਜ਼ੀ ਸ਼ੇਰ। ਹੱਤਿਆ ਵੇਲੇ ਪੁਲਿਸ ਦਾ ਝੁਕਾਅ ਬਹੁਤ ਮਹੱਤਵਪੂਰਨ ਸੀ। ਪੰਜਾਬ ਵਿਚ 74 ਪ੍ਰਤੀਸ਼ਤ ਤੋਂ ਵੱਧ ਪੁਲਿਸ ਵਿਚ ਗਿਣਤੀ ਮੁਸਲਮਾਨਾਂ ਦੀ ਸੀ। ਪੰਜਾਬ ਵਿਚ ਪੁਲਿਸ ਦੀ ਕੁਲ ਸੰਖਿਆ 24,095 ਸੀ, ਜਿਸ ਵਿਚ 17848 ਮੁਸਲਮਾਨ, 6,167 ਹਿੰਦੂ ਅਤੇ ਸਿੱਖ ਅਤੇ 80 ਯੂਰਪੀ ਤੇ ਜਾਂ ਐਂਗਲੋ-ਇੰਡੀਅਨ। ਇਨ੍ਹਾਂ ਤੋਂ ਇਲਾਵਾ ਅਤਿਰਿਕਤ ਪੁਲਿਸ ਬਲ ਵਿਚ 6,000 ਸਿਪਾਹੀ ਸਨ ਜਿਨ੍ਹਾਂ ਨੂੰ ਸਰ ਸਿਕੰਦਰ ਹਯਾਤ ਖ਼ਾਨ ਨੇ ਜੰਗ ਸਮੇਂ ਭਰਤੀ ਕਰ ਲਿਆ ਸੀ। ਇਸ ਵਿਚ ਵਧੇਰੇ ਮੁਸਲਮਾਨ ਸਨ ਅਤੇ ਗੈਰ-ਮੁਸਲਮਾਨ ਇਸ ਬਲ ਨੂੰ ਪਾਕਿਸਤਾਨ ਦੀ ਫ਼ੌਜ ਦੀ ਕੜੀ ਖਿਆਲ ਕਰਦੇ ਸਨ।

ਇਨ੍ਹਾਂ ਦੰਗਿਆਂ ਨੇ ਸਿੱਖਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਹੁਣ ਇਹ ਗੱਲ ਖ਼ਤਮ ਹੋ ਗਈ ਸੀ ਕਿ ਉਨ੍ਹਾਂ ਦਾ ਨਾਂ ਲੈਣ ਨਾਲ ਡਰ ਪੈਦਾ ਹੋ ਜਾਂਦਾ ਸੀ। ਉਨ੍ਹਾਂ ਦੀ ਬੀਰ-ਰਸ ਵਾਲੀ ਕੌਮ ਅਖਵਾਉਣ ਦੇ ਅਰਥ ਉੱਡ ਚੁੱਕੇ ਸਨ, ਜਿਵੇਂ ਇਹ ਕਮਜ਼ੋਰ ਹੋ ਰਹੀ ਕੌਮ ਦਾ ਫੋਕਾ ਨਾਅਰਾ ਹੋਵੇ। ਨਮੋਸ਼ੀ ਨਾਲ ਸਿੱਖਾਂ ਅੰਦਰ ਨਫ਼ਰਤ ਪੈਦਾ ਹੋ ਗਈ। ਉਹ ਕਿਸੇ ਸਮਝੌਤੇ ਦੀ ਥਾਂ ਮੁਸਲਮਾਨਾਂ ਪਾਸੋਂ ਬਦਲਾ ਲੈਣ ਦੇ ਜੋਸ਼ ਵਿਚ ਸਨ। ਚੀਫ਼ ਸਕੱਤਰਾਂ ਦੀ ਰੀਪੋਰਟ ਸੀ ਕਿ ਸਿੱਖ ਬਟਵਾਰੇ ਤੋਂ ਬਿਨਾਂ ਕਿਸੇ ਸਮਝੌਤੇ ਲਈ ਤਿਆਰ ਨਹੀਂ ਸਨ, ਇਸ ਲਈ ਹਮਲਾ ਕਰਨ ਖ਼ਾਤਰ ਜੱਥੇ ਤਿਆਰ ਕਰ ਰਹੇ ਸਨ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ "ਇਸ ਜੱਥੇਬੰਦੀ ਵਿਚ ਪੰਜਾਬ ਦੀ ਪੂਰੀ ਕੌਮ ਅਤੇ ਨਾਲ ਲਗਦੀਆਂ ਰਿਆਸਤਾਂ ਦੇ ਸਿੱਖ ਵੀ ਸ਼ਾਮਲ ਸਨ। ਸਿੱਖਾਂ ਨੂੰ ਹਥਿਆਰਬੰਦ ਕੀਤਾ ਜਾ ਰਿਹਾ ਹੈ ਅਤੇ ਭਾਸ਼ਣਾਂ ਤੇ ਲਿਖਤਾਂ ਦੁਆਰਾ ਉਨ੍ਹਾਂ ਦਾ ਜੋਸ਼ ਉਭਾਰਿਆ ਜਾ ਰਿਹਾ ਹੈ। ਜਿਨ੍ਹਾਂ ਸਿੱਖਾਂ ਨੇ ਮੁਸਲਮਾਨਾਂ ਹੱਥੋਂ ਤਬਾਹੀ ਹੁੰਦੀ ਵੇਖੀ ਹੈ ਜਾਂ ਸਿਰ ਤੇ ਝੱਲੀ ਹੈ, ਉਨ੍ਹਾਂ ਦੀਆਂ ਕਹਾਣੀਆਂ ਸੁਣਨ ਨਾਲ ਬਦਲੇ ਦੀ ਭਾਵਨਾ ਹੋਰ ਜ਼ਹਿਰੀਲੀ ਹੋ ਗਈ ਹੈ। ਸਿੱਖਾਂ ਬਾਰੇ ਮਹੱਤਵਪੂਰਨ ਪ੍ਰਸ਼ਨ ਇਹ ਨਹੀਂ ਸੀ ਕਿ ਉਹ ਕਦੋਂ ਲੜਨਗੇ ? ਸਗੋਂ ਇਹ ਸੀ ਕਿ ਸਿੱਖ ਨੇਤਾ ਅਜਿਹਾ ਸਿੱਖਾਂ ਦਾ ਜੋਸ਼ ਬਣਾਈ ਰੱਖਣਗੇ ਤਾਂ ਉਨ੍ਹਾਂ ਦੀ ਆਪਣੀ ਜੱਥੇਦਾਰੀ ਕਾਇਮ ਰਹੇਗੀ ਅਤੇ ਬੰਧੇਜ ਬਣਾਈ ਰੱਖ ਸਕਣਗੇ।

ਵੈਸਾਖੀ ਵਾਲੇ ਦਿਹਾੜੇ ਅਪ੍ਰੈਲ 13, 1947 ਨੂੰ ਮਾਸਟਰ ਤਾਰਾ ਸਿੰਘ ਨੇ 280 ਜੱਥੇਦਾਰਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਹ ਸਹੁੰ ਚੁੱਕੀ ਕਿ ਉਹ ਆਪਣੀ ਕੌਮ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਦੇਣਗੇ। ਇਸ ਤੋਂ ਉਪਰੰਤ ਮੁੜ ਜੱਥੇ ਤਿਆਰ ਕੀਤੇ ਜਾਣ ਲੱਗੇ ਅਤੇ ਸ਼ਹਿਰਾਂ ਅਤੇ ਪਿੰਡਾਂ ਵਿਚ ਉਨ੍ਹਾਂ ਨੂੰ ਕਿਰਪਾਨਾਂ ਅਤੇ ਬੰਦੂਕਾਂ ਆਦਿ ਨਾਲ ਲੈਸ ਕੀਤਾ ਜਾਣ ਲੱਗਾ।

ਇਸ ਸੰਬੰਧ ਵਿਚ ਮੁੱਖ ਭਾਗ ਲੈਣ ਵਾਲੇ ਲੀਡਰ ਸਨ : ਮਾਸਟਰ ਤਾਰਾ ਸਿੰਘ,

ਗਿਆਨੀ ਕਰਤਾਰ ਸਿੰਘ, ਜਿਹੜਾ ਅਪ੍ਰੈਲ 16, 1947 ਨੂੰ ਅਕਾਲੀ ਦਲ ਦਾ ਪ੍ਰਧਾਨ ਬਣਿਆ, ਜੱਥੇਦਾਰ ਊਧਮ ਸਿੰਘ ਨਾਗੋਕੇ, ਜੱਥੇਦਾਰ ਈਸ਼ਰ ਸਿੰਘ ਮਝੈਲ, ਜੱਥੇਦਾਰ ਮੋਹਨ ਸਿੰਘ, ਸਰਦਾਰ ਸੋਹਣ ਸਿੰਘ ਜਲਾਲਉਸਮਾਨ, ਸਰਦਾਰ ਸਰਮੁਖ ਸਿੰਘ ਚਮਕ, ਸਰਦਾਰ ਅਮਰ ਸਿੰਘ ਦੁਸਾਂਝ, ਜਨਰਲ ਮੋਹਨ ਸਿੰਘ ਅਤੇ ਕਰਨਲ ਐਨ.ਐਸ. ਗਿੱਲ। ਆਰੰਭ ਵਿਚ ਸਿੱਖ ਜੱਥਿਆਂ ਦਾ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਦੇ ਗਿਆਨੀ ਨੇ ਕੀਤਾ ਸੀ, ਜਿਹੜਾ ਕਤਲ ਦੇ ਅਪਰਾਧ ਵਿਚ ਭਗੌੜਾ ਹੋ ਗਿਆ ਸੀ। ਉਸ ਨੂੰ ਅੱਗੋਂ ਫੜ ਲਿਆ ਗਿਆ ਅਤੇ ਫਾਹੇ ਲਾ ਦਿੱਤਾ ਗਿਆ। ਆਜ਼ਾਦ ਹਿੰਦ ਫੌਜ ਨੇ ਆਪਣਾ ਮੁਖਿਆਲਾ ਅੰਮ੍ਰਿਤਰ ਵਿਖੇ ਮਜੀਠੀਆ ਹਾਊਸ ਵਿਚ ਕਾਇਮ ਕੀਤਾ, ਜਿਹੜਾ ਸਰਦਾਰ ਸੁਰਜੀਤ ਸਿੰਘ ਮਜੀਠੀਆ ਦਾ ਨਿਵਾਸ ਸਥਾਨ ਸੀ। ਇਹ ਸਰ ਸੁੰਦਰ ਸਿੰਘ ਮਜੀਠੀਆ ਦਾ ਪੁੱਤਰ ਸੀ, ਜਿਹੜਾ ਨੇਪਾਲ ਵਿਚ ਭਾਰਤ ਦਾ ਰਾਜਦੂਤ ਰਿਹਾ, ਅੱਗੋਂ ਪਾਰਲੀਮੈਂਟ ਵਿਚ ਮੈਂਬਰ ਸੀ ਅਤੇ ਫਿਰ ਰੱਖਿਆ ਮੰਤਰਾਲਾ ਵਿਚ ਡਿਪਟੀ ਡੀਫੈਂਸ ਮਨਿਸਟਰ ਦੇ ਪਦ 'ਤੇ ਰਿਹਾ।

ਅਚਾਨਕ ਹੀ ਨਿਹੰਗਾਂ ਦੀ ਗਿਣਤੀ ਵਧਣ ਲੱਗੀ। ਆਰ.ਐਸ.ਐਸ. ਅਤੇ ਸਿੱਖ ਰਿਆਸਤਾਂ ਨਾਲ ਸੰਪਰਕ ਵਧਾਏ ਜਾਣ ਲੱਗੇ। ਆਜ਼ਾਦ ਹਿੰਦ ਫੌਜ ਦੇ ਮੈਂਬਰਾਂ ਨੂੰ ਸਵਰਨ ਮੰਦਰ ਅਤੇ ਹੋਰ ਗੁਰਦੁਆਰਿਆਂ ਦੀ ਰਾਖੀ ਲਈ ਭਰਤੀ ਕੀਤਾ ਗਿਆ। 50 ਲੱਖ ਰੁਪਏ ਦਾ ਫੰਡ ਇਕੱਤਰ ਕੀਤਾ ਗਿਆ। ਇਥੇ ਇਹ ਜ਼ਿਕਰ ਕੀਤਾ ਜਾਂਦਾ ਹੈ ਕਿ ਅਕਾਲੀਆਂ ਨੇ 10-12 ਲੱਖ ਰੁਪਏ ਇਕੱਠੇ ਕੀਤੇ। ਲਾਰਡ ਮਾਊਂਟਬੇਟਨ ਨੇ ਪੰਜਾਬ ਦੇ ਗਵਰਨਰ ਸਾਹਮਣੇ ਸਰਦਾਰ ਬਲਦੇਵ ਸਿੰਘ ਨੂੰ ਚੁਣੌਤੀ ਦਿੱਤੀ ਕਿ ਕੀ ਉਹ ਸਿੱਖਾਂ ਦੇ ਰੱਖਿਆ ਫੰਡ ਦਾ ਖ਼ਜ਼ਾਨਚੀ ਸੀ? ਪਰ ਸਰਦਾਰ ਬਲਦੇਵ ਸਿੰਘ ਨੇ ਇਸ ਬਾਰੇ ਕਿਸੇ ਨੂੰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

ਮਾਰਚ 22, 1947 ਨੂੰ ਲਾਰਡ ਮਾਊਂਟਬੇਟਨ ਨੇ ਲਾਰਡ ਵੇਵਲ ਪਾਸੋਂ ਵਾਇਸਰਾਏ ਦਾ ਪਦ ਸੰਭਾਲਿਆ। ਉਸ ਨੂੰ ਸੰਖੇਪ ਰੂਪ ਵਿਚ ਕਿਹਾ ਗਿਆ ਸੀ ਕਿ ਛੇਤੀ ਤੋਂ ਛੇਤੀ ਸਰਕਾਰ ਦੀ ਵਾਗਡੋਰ ਭਾਰਤੀ ਨੇਤਾਵਾਂ ਦੇ ਹੱਥ ਸੌਂਪੀ ਜਾਵੇ। ਉਸ ਨੇ ਭਾਰਤੀ ਨੇਤਾਵਾਂ ਨਾਲ ਮਿਲਣਾ-ਜੁਲਣਾ ਆਰੰਭ ਕੀਤਾ ਤਾਂ ਜੋ ਉਨ੍ਹਾਂ ਦੇ ਵਿਚਾਰ ਜਾਣ ਸਕੇ ਕਿ ਕੀ ਉਹ ਸਾਂਝਾ ਭਾਰਤ ਚਾਹੁੰਦੇ ਹਨ ਜਾਂ ਪਾਕਿਸਤਾਨ? ਉਨ੍ਹਾਂ ਸੂਬਿਆਂ ਦੇ ਗਵਰਨਰਾਂ ਦੀ ਵੀ ਸਲਾਹ ਲਈ। ਪੰਜਾਬ ਦੇ ਗਵਰਨਰ ਸਰ ਏਵਾਨ ਜੈਨਕਿਨ ਨੇ ਉਸ ਨੂੰ ਖ਼ਬਰਦਾਰ ਕੀਤਾ ਕਿ ਪੰਜਾਬ ਦਾ ਬਟਵਾਰਾ ਸੰਪਰਦਾਇਕ ਲੀਹਾਂ ਤੇ ਕਰਨ ਨਾਲ ਤਬਾਹੀ ਦਾ ਖ਼ਤਰਾ ਹੈ ਕਿਉਂਕਿ ਹਰ ਜ਼ਿਲ੍ਹੇ ਵਿਚ ਹਿੰਦੂ-ਮੁਸਲਿਮ ਅਤੇ ਸਿੱਖ ਘਿਉ-ਖਿਚੜੀ ਵਾਂਗ ਘੁਲੇ-ਮਿਲੇ ਹੋਏ ਹਨ।

ਪਰ ਦੇਸ਼ ਦੀ ਆਮ ਰਾਏ ਬਟਵਾਰੇ ਦੇ ਹੱਕ ਵਿਚ ਸੀ। ਪੰਜਾਬ ਸਭਾ, ਕੇਂਦਰੀ ਵਿਧਾਨ ਸਭਾ ਅਤੇ ਸੰਵਿਧਾਨ ਸਭਾ ਦੇ ਸਿੱਖ ਅਤੇ ਪੰਜਾਬੀ ਹਿੰਦੂ ਮੈਂਬਰਾਂ ਨੇ ਮੰਗ ਕੀਤੀ ਕਿ ਪੰਜਾਬ ਦੇ ਸੂਬੇ ਦਾ ਬਟਵਾਰਾ "ਨਿਆਂ ਅਤੇ ਬਰਾਬਰੀ ਦੇ ਅਸੂਲ ਨਾਲ ਆਬਾਦੀ ਅਤੇ ਜਾਇਦਾਦ ਨੂੰ ਮੁੱਖ ਰੱਖ ਕੇ ਕੀਤਾ ਜਾਵੇ।" ਅਕਾਲੀਆਂ ਅਤੇ ਕਮਿਊਨਿਸਟਾਂ ਨੇ ਪਾਕਿਸਤਾਨ ਬਣਨ ਦੀ ਹਮਾਇਤ ਕੀਤੀ ਅਤੇ ਨਾਲ ਹੀ ਸਿੱਖ ਰਾਜ ਜਾਂ ਖਾਲਿਸਤਾਨ ਦਾ ਮੁਤਾਲਬਾ ਵੀ ਕੀਤਾ।

ਲਾਰਡ ਮਾਊਂਟਬੇਟਨ ਵਲਾਇਤ ਵਾਪਸ ਗਿਆ ਤਾਂ ਜੋ ਆਪਣੀ ਬਰਤਾਨਵੀ ਸਰਕਾਰ ਨੂੰ ਵਰਤਮਾਨ ਹਾਲਾਤ ਤੋਂ ਜਾਣੂ ਕਰਵਾਏ ਅਤੇ ਪ੍ਰਾਪਤ ਸੰਖੇਪ ਆਦੇਸ਼ ਵਿਚ ਸੋਧ ਕਰਵਾਏ। ਬਰਤਾਨਵੀ ਸਰਕਾਰ ਨੇ ਇਹ ਸਵੀਕਾਰ ਕੀਤਾ ਕਿ ਜੇਕਰ ਭਾਰਤਵਾਸੀ ਇਹੋ ਹੀ ਚਾਹੁੰਦੇ ਹਨ ਤਾਂ ਭਾਰਤ ਦਾ ਬਟਵਾਰਾ ਕਰ ਦਿੱਤਾ ਜਾਵੇ। ਪੰਜਾਬ ਅਤੇ ਬੰਗਾਲ ਦੇ ਸੂਬਿਆਂ ਬਾਰੇ ਤਜਵੀਜ਼

ਕੀਤਾ ਹੋਇਆ ਢੰਗ-ਤਰੀਕਾ ਇਹ ਸੀ ਕਿ ਉਨ੍ਹਾਂ ਦੀਆਂ ਸੰਬੰਧਤ ਵਿਧਾਨ ਸਭਾਵਾਂ ਨੂੰ ਦੋ-ਦੋ ਗੁੱਟਾਂ ਵਿਚ ਵੰਡ ਦਿੱਤਾ ਜਾਵੇ। ਇਕ ਮੁਸਲਮਾਨਾਂ ਦੇ ਜ਼ਿਲ੍ਹਿਆਂ ਦੀ ਅਤੇ ਦੂਜਾ ਬਾਕੀ ਦੇ ਜ਼ਿਲ੍ਹਿਆਂ ਦੀ ਪ੍ਰਤੀਨਿਧਤਾ ਕਰੇ। ਹਰ ਗਰੁੱਪ ਪਾਕਿਸਤਾਨ ਦੇ ਹੱਕ ਜਾਂ ਵਿਰੋਧ ਵਿਚ ਰਾਏ ਦੇਵੇ। ਜੇਕਰ ਕਿਸੇ ਇਕ ਗਰੁੱਪ ਨੇ ਪਾਕਿਸਤਾਨ ਦੇ ਹੱਕ ਵਿਚ ਰਾਏ ਦਿੱਤੀ ਤਾਂ ਬਟਵਾਰਾ ਕਰਨ ਲਈ ਕਮਿਸ਼ਨ ਥਾਪਿਆ ਜਾਵੇਗਾ।

ਕਾਂਡ—35

ਘਰੇਲੂ ਸੰਘਰਸ਼, ਨਿਕਾਸ ਅਤੇ ਮੁੜ-ਵਸੇਬਾ

ਭੂਮਿਕਾ

ਭਾਰਤ ਜਿਹਾ ਵੱਧ ਆਬਾਦੀ ਵਾਲਾ ਗ਼ਰੀਬ ਦੇਸ਼ ਅਨੇਕਾਂ ਧਰਮਾਂ, ਮਤ-ਮਤਾਂਤਰਾਂ ਅਤੇ ਜਾਤੀਆਂ ਦੇ ਨਾਲ-ਨਾਲ ਰਹਿਣ-ਸਹਿਣ ਦੇ ਢੰਗਾਂ ਕਾਰਨ ਵੰਡਿਆ ਹੋਇਆ ਹੁੰਦਾ ਹੈ। ਮੁਸਲਮਾਨਾਂ ਦੇ ਹਮਲਿਆਂ ਦੇ ਸਮੇਂ ਤੋਂ ਉੱਤਰੀ ਭਾਰਤ ਵਿਚ ਹਮਲਾ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਹਾਮੀਆਂ ਨਾਲ ਦੇਸਵਾਸੀਆਂ ਦੀ ਸੰਪਰਦਾਇਕ ਟੱਕਰ ਚਲਦੀ ਰਹੀ ਸੀ। ਕੁਝ ਹਾਕਮਾਂ ਨੇ ਆਪਣੀ ਦਾਨਾਈ ਨਾਲ ਇਸ ਤਣਾਅ ਨੂੰ ਦੂਰ ਕਰਨ ਦਾ ਯਤਨ ਕੀਤਾ ਅਤੇ ਕਿਸੇ ਹੱਦ ਤਕ ਮਹਾਰਾਜਾ ਰਣਜੀਤ ਸਿੰਘ ਇਸ ਕਾਰਜ ਵਿਚ ਸਫਲ ਵੀ ਰਿਹਾ। ਪਰ ਕੁਝ ਹਾਕਮ ਆਪਣੀ ਹੈਂਕੜ ਥੋਪਦੇ ਰਹੇ ਅਤੇ ਅੰਗਰੇਜ਼ ਹਾਕਮ ਇਸ ਸੰਪਰਦਾਇਕ ਅੰਤਰ ਤੋਂ ਸਿਆਸੀ ਲਾਭ ਉਠਾਉਂਦੇ ਰਹੇ। ਬਕਰ-ਈਦ ਦੇ ਤਿਉਹਾਰ ਸਮੇਂ ਮੁਸਲਮਾਨ ਬੱਕਰੇ ਅਤੇ ਲੇਲਿਆਂ ਦੀ ਕੁਰਬਾਨੀ ਦਿੰਦੇ ਤਾਂ ਹਿੰਦੂ-ਮੁਸਲਮਾਨਾਂ ਦੀ ਆਪੋ ਵਿਚ ਟੱਕਰ ਦਾ ਨਾ ਹੋਣਾ ਭਾਗਾਂ ਵਾਲੀ ਗੱਲ ਸੀ। ਇਸੇ ਤਰ੍ਹਾਂ ਉੱਚੀ-ਉੱਚੀ ਜੈਕਾਰੇ ਗਜਾਉਂਦੇ ਹਿੰਦੂਆਂ ਅਤੇ ਸਿੱਖਾਂ ਦੇ ਜਲੂਸ ਜਾਣ-ਬੁੱਝ ਕੇ ਮੁਸਲਮਾਨਾਂ ਦੀਆਂ ਮਸਜਿਦਾਂ ਅੱਗੋਂ ਲੰਘਦੇ ਤਾਂ ਉਹ ਖਾਰ ਖਾ ਕੇ ਜਲੂਸ ਉਪਰ ਇੱਟਾਂ-ਪੱਥਰ ਮਾਰਦੇ।

1920 ਅਤੇ 1930 ਦੇ ਦਹਾਕੇ ਪੰਜਾਬ ਵਿਚ ਪਰਸਪਰ ਨਫ਼ਰਤ ਪੈਦਾ ਕਰਨ ਲਈ ਪ੍ਰਸਿੱਧ ਸਨ। ਆਰੀਆ ਸਮਾਜ ਨੇ ਸ਼ੁੱਧੀ ਦੀ ਲਹਿਰ ਚਲਾਈ ਤਾਂ ਇਸ ਦੇ ਮੁਕਾਬਲੇ ਤੇ ਮੁਸਲਮਾਨਾਂ ਨੇ ਤਨਜ਼ੀਮ ਦੀ ਲਹਿਰ ਚਲਾਈ। ਸਿੱਖਾਂ ਅਤੇ ਮੁਸਲਮਾਨਾਂ ਦਾ ਤਣਾਓ ਸ਼ਹੀਦ ਗੰਜ ਦੇ ਵਿਵਾਦ ਨਾਲ ਵਧਿਆ। ਸਿੱਖ ਇਹ ਜ਼ੋਰ ਦਿੰਦੇ ਸਨ ਕਿ ਇਥੇ ਸਿੱਖ ਸ਼ਹੀਦ ਹੋਏ ਇਸ ਲਈ ਇਹ ਸਿੱਖ ਧਾਰਮਿਕ ਅਸਥਾਨ ਜਾਂ ਗੁਰਦੁਆਰਾ ਹੈ। ਪਰ ਮੁਸਲਮਾਨ ਇਸ ਦੇ ਵਿਰੁੱਧ ਦਾਅਵਾ ਕਰਦੇ ਕਿ ਇਹ ਉਨ੍ਹਾਂ ਦੀ ਮਸਜਿਦ ਹੈ। ਸਿੱਖਾਂ ਨੇ ਮੁਕੱਦਮਾ ਜਿੱਤਿਆ ਤਾਂ ਉਨ੍ਹਾਂ ਪੁਰਾਣੇ ਮੁਸਲਮਾਨੀ ਢਾਂਚੇ ਨੂੰ ਢਹਿ-ਢੇਰੀ ਕਰ ਦਿੱਤਾ ਜਿਸ ਨਾਲ ਮੁਸਲਮਾਨਾਂ ਦੀ ਭਾਵੁਕਤਾ ਭੜਕ ਉਠੀ। ਸਿੱਖਾਂ ਦੀ ਤਿੰਨ-ਫੁਟੀ ਕਿਰਪਾਨ ਪਹਿਨਣ ਦੀ ਧਾਰਨਾ ਨਲ ਮੁਸਲਮਾਨਾਂ ਅੰਦਰ ਹੋਰ ਰੰਜਸ਼ ਵਧੀ। ਇਸ ਨਾਲ ਇਨ੍ਹਾਂ ਦਹਾਕਿਆਂ ਵਿਚ ਸੰਪਰਦਾਇਕ ਮਿਲੀਸ਼ੀਆ ਦਾ ਵੀ ਵਾਧਾ ਹੋਇਆ। ਮੁਸਲਮਾਨਾਂ ਦੇ ਖ਼ਾਕਸਾਰ, ਹਿੰਦੂਆਂ ਦੇ ਰਾਸ਼ਟਰੀ ਸੁਐਮ ਸੰਘ ਅਤੇ ਸਿੱਖਾਂ ਦੇ ਸਿੱਖ ਦਲ।

ਸੰਪਰਦਾਇਕਤਾ ਦਾ ਰੂਪ ਸ਼ਹਿਰਾਂ ਵਿਚ ਉੱਭਰਵਾਂ ਸੀ ਪਰ ਪਿੰਡਾਂ ਵਿਚ ਇਸ ਦੀ ਅਣਹੋਂਦ ਸੀ। ਪਿੰਡਾਂ ਵਿਚ ਆਮ ਕਰਕੇ ਇਕ ਨਾ ਇਕ ਜਾਤੀ ਦੀ ਪ੍ਰਧਾਨਤਾ ਜਾਂ ਬਹੁ-ਗਿਣਤੀ ਹੁੰਦੀ ਪਰ ਲੋਕ ਆਪੋ ਵਿਚ ਰਲ-ਮਿਲ ਕੇ ਰਹਿੰਦੇ। ਇਕ ਪ੍ਰਕਾਰ ਦਾ ਮਾਨਵੀ ਸੰਬੰਧ ਬਣਿਆ ਰਹਿੰਦਾ। ਭਾਵੇਂ ਗ਼ੈਰ-ਯਕੀਨੀ ਦੇ ਜਜ਼ਬਾਤ ਪਨਪਦੇ ਪਰ ਪਿੰਡਾਂ ਦੇ ਲੋਕ ਘਿਉ-ਖਿਚੜੀ ਵਾਂਗ ਰਲ-ਮਿਲ ਕੇ ਸਮਾਂ ਲੰਘਾਉਂਦੇ ਸਨ। ਪਰ ਹੁਣ ਲੋਕ ਇਕ-ਦੂਜੇ ਤੇ ਸੰਦੇਹ

ਕਰਨ ਲੱਗ ਗਏ ਸਨ ਅਤੇ ਇਹ ਮਿਟਾਏ ਨਹੀਂ ਜਾ ਸਕੇ। ਭਾਵੇਂ ਭਰਾਵਾਂ ਵਾਲੀਆਂ ਜੱਫੀਆਂ ਪੀਢੀਆਂ ਰਹੀਆਂ। ਪਰ ਅਕਸਰ ਸੰਦੇਹ ਅਤੇ ਸਹਿਮ ਦੀ ਚੋਭ ਵੀ ਬਣੀ ਰਹਿੰਦੀ। ਅਜਿਹੀ ਹਾਲਤ ਨੇ ਮਿਸਟਰ ਜਿਨਾਹ ਨੂੰ ਇਹ ਸਿਧਾਂਤ ਘੜਨ ਲਈ ਉਕਸਾਇਆ ਕਿ ਭਾਰਤ ਵਿਚ ਇਕ ਕੌਮ ਜਾਂ ਰਾਸ਼ਟਰ ਨਹੀਂ ਸਗੋਂ ਦੋ ਸਨ—ਮੁਸਲਮਾਨ ਅਤੇ ਗ਼ੈਰ-ਮਸਲਮਾਨ। ਇਸ ਭਾਵਨਾ ਨਾਲ ਭਾਰਤ ਵਿਚ 1940 ਦੇ ਦਹਾਕੇ ਅੰਦਰ ਪਰਸਪਰ ਵਿਰੋਧੀ ਭਾਵਨਾ ਜਾਗੀ।

1946 ਅਤੇ 1947 ਦੇ ਦੰਗੇ-ਫ਼ਸਾਦ ਪਹਿਲਾਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦੇ ਸਨ। ਪਹਿਲੇ ਤਾਂ ਅਜਿਹੇ ਦੰਗੇ ਲਾਠੀਆਂ, ਹੂਰਾ-ਮੁੱਕੀ, ਇੱਟਾਂ-ਪੱਥਰ ਜਾਂ ਬੋਤਲਾਂ ਆਦਿ ਦੇ ਸੁੱਟਣ ਤਕ ਹੀ ਸੀਮਤ ਸਨ। ਘੱਟ-ਵੱਧ ਹੀ ਕੋਈ ਦੰਗਾ ਹੁੰਦਾ ਜਿਸ ਵਿਚ ਗੋਲੀ-ਸਿੱਕੇ ਦੀ ਵਰਤੋਂ ਕੀਤੀ ਜਾਂਦੀ ਸੀ। ਅਜਿਹਾ ਵੀ ਘੱਟ ਹੀ ਦੇਖਿਆ ਜਾਂਦਾ ਕਿ ਲੋਕ ਸੱਟ-ਫੇਟ ਕਾਰਨ ਦਮ ਤੋੜ ਜਾਣ। ਇਸਤਰੀਆਂ ਨਾਲ ਕੋਈ ਬੇਸ਼ਰਮੀ ਵਾਲਾ ਵਤੀਰਾ ਨਾ ਹੁੰਦਾ। ਬਜ਼ੁਰਗ ਮਰਦਾਂ, ਇਸਤਰੀਆਂ ਤੇ ਬੱਚਿਆਂ ਉਪਰ ਕੋਈ ਹੱਥ ਨਾ ਚੁੱਕਦਾ। ਝਗੜੇ ਤਾਂ ਹੁੰਦੇ ਪਰ ਅਮਨ-ਚੈਨ ਦਾ ਮਾਹੌਲ ਬਣਿਆ ਰਹਿੰਦਾ ਅਤੇ ਇਕ-ਦੂਜੇ ਦੀ ਰਾਖੀ ਲਈ ਕਸਮਾਂ ਖਾਧੀਆਂ ਜਾਂਦੀਆਂ।

ਪਰ ਇਸ ਦੇ ਮੁਕਾਬਲੇ ਜੋ ਕੁਝ 1946-47 ਵਿਚ ਵਾਪਰਿਆ ਉਸ ਨੂੰ ਘੱਲੂਘਾਰਾ ਜਾਂ ਕਤਲੇ-ਆਮ ਕਿਹਾ ਜਾ ਸਕਦਾ ਹੈ। ਲਿੰਗ-ਭੇਦ ਜਾਂ ਉਮਰ ਦੇ ਲਿਹਾਜ਼ ਛਿੱਕੇ ਤੇ ਟੰਗੇ ਗਏ। ਅਤੀਤ ਦੇ ਦੰਗਿਆਂ ਵਿਚ ਗੁੰਡੇ ਪ੍ਰਧਾਨ ਹੁੰਦੇ। ਪਰ 1947 ਦੇ ਫ਼ਸਾਦਾਂ ਦੀ ਵਿਉਂਤ ਸਿਆਸਤਦਾਨਾਂ ਦੇ ਦਿਮਾਗ਼ਾਂ ਦੀ ਕਾਢ ਸੀ ਅਤੇ ਇਸ ਤੇ ਅਮਲ ਕਰਨ ਵਾਲੇ ਜੱਥੇ ਹਰ ਜਮਾਤ ਦੇ ਸਨ, ਜਿਹੜੇ ਹਰ ਪ੍ਰਕਾਰ ਦੇ ਆਧੁਨਿਕ ਹਥਿਆਰਾਂ ਨਾਲ ਲੈਸ ਸਨ। ਕੋਈ ਵੀ ਧਿਰ ਦੰਗਾ-ਫ਼ਸਾਦ ਆਰੰਭ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਨਾ ਲੈਂਦੀ ਅਤੇ ਇਹ ਦਲੀਲ ਦੇ ਕੇ ਆਪਣੇ ਪੱਖ ਦੀ ਸਫ਼ਾਈ ਦਿੱਤੀ ਜਾਂਦੀ ਕਿ ਉਨ੍ਹਾਂ ਤਾਂ ਆਪਣੀ ਸੁਰੱਖਿਆ ਲਈ ਮੁਕਾਬਲਾ ਕਰਨ ਲਈ ਅਮਲ ਕੀਤਾ ਸੀ। ਇਥੇ ਇਕ ਗੱਲ ਕਰਨੀ ਉਚਿਤ ਹੈ ਕਿ ਭਵਿੱਖ ਦੇ ਇਤਿਹਾਸਕਾਰ ਜਦੋਂ ਬਟਵਾਰੇ ਦੇ ਦਸਤਾਵੇਜ਼ ਵਾਚਣਗੇ ਤਾਂ ਉਨ੍ਹਾਂ ਨੂੰ ਕਈ ਚੀਜ਼ਾਂ ਜਾਂ ਘਟਨਾਵਾਂ ਸ੍ਵੈ-ਵਿਰੋਧੀ ਜਾਪਣਗੀਆਂ। ਇਸ ਲਈ ਉਨ੍ਹਾਂ ਨੂੰ ਸਹੀ ਤਸਵੀਰ ਜਾਂ ਹਾਲਾਤ ਦਾ ਜਾਇਜ਼ਾ ਲੈਣ ਲਈ ਪੱਖ-ਪਾਤ ਤੋਂ ਉੱਚਾ ਉਠਣਾ ਪਵੇਗਾ। ਅੱਛਾ ਤਾਂ ਇਹ ਹੋਵੇਗਾ ਕਿ ਉਹ ਹਿੰਦੂ-ਸਿੱਖ ਅਤੇ ਮੁਸਲਮਾਨਾਂ ਦੇ ਸਾਹਿਤ ਨੂੰ ਅਧਿਐਨ ਕਰਕੇ ਨਿਰਪੱਖ ਧਾਰਨਾ ਬਣਾਉਣ।

ਹਿੰਦੂ-ਮੁਸਲਿਮ ਦੰਗਿਆਂ ਅੰਦਰ ਸਿੱਖਾਂ ਦੀ ਪੋਜ਼ੀਸ਼ਨ ਬਹੁਤ ਵਿਲੱਖਣ ਸੀ। ਉਹ ਨਿਰਪੱਖ ਧਾਰਨਾ ਰਖਦੇ ਸਨ ਪਰ ਹਿੰਦੂ ਸਮਾਜ ਦਾ ਅਨਿੱਖੜਵਾਂ ਅੰਗ ਸਨ। ਪੰਜਾਬ ਵਿਚ ਉਹ ਧਨਾਢ ਸਨ ਅਤੇ ਫ਼ੌਜੀ ਵਕਾਰ ਵਾਲੇ ਸਨ। ਉਹ ਆਪਣੀ ਗਿਣਤੀ ਨਾਲੋਂ ਕਿਤੇ ਵੱਧ ਸਿਰਕੱਢ ਸਨ। ਉਹ ਵੱਡੇ-ਵੱਡੇ ਜ਼ਿਮੀਂਦਾਰ ਅਤੇ ਜਗੀਰਦਾਰ ਸਨ। ਆਮ ਤੌਰ ਤੇ ਸਿੱਖ ਅਮਨ-ਚੈਨ ਦਾ ਵਾਤਾਵਰਨ ਪੈਦਾ ਕਰਨ ਲਈ ਜ਼ੋਰ ਲਾਉਂਦੇ ਪਰ ਭਾਰੀ ਫ਼ਸਾਦਾਂ ਵਿਚ ਹਿੰਦੂ ਸਮਾਜ ਦਾ ਅੰਗ ਹੋਣ ਕਰਕੇ ਉਨ੍ਹਾਂ ਦਾ ਵਤੀਰਾ ਉਲਾਰ ਹੋ ਜਾਂਦਾ, ਜਿਸ ਕਾਰਨ ਮੁਸਲਮਾਨਾਂ ਨੇ ਸਿੱਖ-ਵਿਰੋਧੀ ਵਤੀਰਾ ਅਪਣਾਇਆ। ਮੁਸਲਮਾਨਾਂ ਅੰਦਰ ਇਹ ਭਾਵਨਾ ਪ੍ਰਬਲ ਹੋਈ ਕਿ ਜੇਕਰ ਪਾਕਿਸਤਾਨ ਅੰਦਰ ਮੁਸਲਮਾਨਾਂ ਨੇ ਖ਼ੁਸ਼ਹਾਲੀ ਮਾਣਨੀ ਹੈ ਤਾਂ ਸਿੱਖਾਂ ਨੂੰ ਉਨ੍ਹਾਂ ਦੀ ਭੂਮੀ ਨਾਲੋਂ ਵੱਖ ਕਰਨਾ ਪਵੇਗਾ। ਸਭ ਤੋਂ ਪਹਿਲਾਂ ਪਾਕਿਸਤਾਨ ਦੀ ਵਿਉਂਤ ਬਣਾਉਣ ਵਾਲੇ ਚੌਧਰੀ ਰਹਿਮਤ ਅਲੀ ਦੀ ਰਾਏ ਸੀ ਕਿ "ਅਸੀਂ ਆਪਣੀ ਘੱਟ-ਗਿਣਤੀ ਹਿੰਦੂਆਂ ਅਤੇ

ਸਿੱਖਾਂ ਦੇ ਅਧੀਨ ਨਹੀਂ ਰੱਖਣਾ ਚਾਹੁੰਦੇ ਭਾਵੇਂ ਇਸ ਵਾਸਤੇ ਅੰਗਰੇਜ਼ ਹਾਕਮ ਕੁਝ ਵੀ ਭਰੋਸਾ ਦਿਵਾਉਣ ਜਾਂ ਸੁਰੱਖਿਆ ਦਾ ਦਮ ਭਰਨ। ਕੌਮੀਅਤ ਜਾਂ ਰਾਸ਼ਟਰੀਅਤਾ ਉਨ੍ਹਾਂ ਦਾ ਜਨਮ-ਸਿੱਧ ਅਧਿਕਾਰ ਹੈ ਅਤੇ ਇਸ ਨਾਲ ਕਿਸੇ ਪ੍ਰਕਾਰ ਦਾ ਸਮਝੌਤਾ ਸਵੀਕਾਰ ਨਹੀਂ ਕੀਤਾ ਜਾ ਸਕਦਾ। ਨਾਲ ਹੀ ਸਾਨੂੰ ਹਿੰਦੂ-ਸਿੱਖਾਂ ਦੀ ਘੱਟ-ਗਿਣਤੀ ਆਪਣੇ ਨਾਲ ਨਹੀਂ ਰਖਣੀ ਚਾਹੀਦੀ ਭਾਵੇਂ ਉਹ ਆਪ ਕਿਸੇ ਤਰ੍ਹਾਂ ਦੇ ਹੱਕਾਂ ਅਧੀਨ ਸਾਡੇ ਨਾਲ ਰਹਿਣਾ ਚਾਹੁਣ। ਉਹ ਕਦੇ ਵੀ ਸਾਡੇ ਆਪਣੇ ਨਹੀਂ ਬਣ ਸਕਦੇ। ਆਮ ਹਾਲਤ ਵਿਚ ਉਹ ਸਾਡੇ ਉੱਨਤੀ ਦੇ ਰਾਹ ਦਾ ਰੋੜਾ ਬਨਣੇਗੇ ਅਤੇ ਸੰਕਟ ਸਮੇਂ ਉਹ ਸਾਡੇ ਨਾਲ ਧੋਖਾ ਕਰਕੇ ਸਾਡੀ ਤਬਾਹੀ ਦਾ ਕਾਰਨ ਸਿੱਧ ਹੋਣਗੇ।"

ਉਪ੍ਰੋਕਤ ਧਾਰਨਾ ਦੀ ਵਿਆਖਿਆ ਜਾਂ ਪ੍ਰੋੜ੍ਹਤਾ ਇਸ ਪ੍ਰਕਾਰ ਹੋਈ। ਚੌਧਰੀ ਰਹਿਮਤ ਅਲੀ ਨੇ ਆਪਣੀ ਪੁਸਤਕ 'ਮੁਸਲਿਮ ਲੀਗ ਅਟੈਕ ਆਨ ਸਿੱਖ ਐਂਡ ਹਿੰਦੂ' ਵਿਚ ਸਪਸ਼ਟ ਕੀਤਾ ਕਿ ਮੁਸਲਿਮ ਲੀਗ ਨੇ ਸਿੱਖਾਂ ਨੂੰ ਕੋਈ ਭਰੋਸਾ ਨਹੀਂ ਦਿਵਾਇਆ ਅਤੇ ਨਾ ਹੀ ਪਾਕਿਸਤਾਨ ਕਾਇਮ ਕਰਨ ਲਈ ਉਨ੍ਹਾਂ ਪਾਸੋਂ ਹਮਾਇਤ ਦੀ ਮੰਗ ਕੀਤੀ। ਸਗੋਂ ਮਿਸਟਰ ਜਿਨਾਹ ਨੇ ਬਿਆਨ ਦਿੱਤਾ ਕਿ ਪਾਕਿਸਤਾਨ ਕੇਵਲ ਮੁਸਲਮਾਨੀ ਰਾਜ ਹੋਵੇਗਾ। ਲੰਦਨ ਵਿਚ ਅਕਤੂਬਰ 1946 ਵਿਚ ਉਸ ਬਟਵਾਰੇ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਨ ਲਈ ਕਿਹਾ, "ਹਿਦੂਆਂ ਦਾ ਕੀ ਵਿਗੜੇਗਾ ? ਨਕਸ਼ੇ ਤੇ ਧਿਆਨ ਮਾਰੋ। ਉਨ੍ਹਾਂ ਪਾਸ ਦੇਸ਼ ਦਾ ਉੱਤਮ ਭਾਗ ਹੋਵੇਗਾ। ਉਨ੍ਹਾਂ ਦੀ ਆਬਾਦੀ 20 ਕਰੋੜ ਤਕ ਹੋਵੇਗੀ। ਪਾਕਿਸਤਾਨ ਦਾ ਇਲਾਕਾ ਭਾਰਤ ਦੀ ਭੂਮੀ ਵਰਗਾ ਉੱਤਮ ਨਹੀਂ। ਸਾਡੀ ਆਬਾਦੀ ਨਿਰੋਲ ਮੁਸਲਮਾਨਾਂ ਦੀ ਹੀ 10 ਕਰੋੜ ਹੋਣੀ ਚਾਹੀਦੀ ਹੈ।"

ਹੈਰਾਨੀ ਦੀ ਗੱਲ ਨਹੀਂ ਕਿ ਸਿੱਖਾਂ ਦਾ ਪਾਕਿਸਤਾਨ ਪ੍ਰਤੀ ਵਤੀਰਾ ਸਮਝੌਤੇ ਵਾਲਾ ਨਹੀਂ ਸੀ। ਬਹੁ-ਗਿਣਤੀ ਮੁਸਲਮਾਨ ਪਾਕਿਸਤਾਨ ਦੇ ਕਾਇਮ ਕਰਨ ਦੇ ਹੱਕ ਵਿਚ ਸਨ, ਇਸ ਲਈ ਸਿੱਖਾਂ ਦੀ ਪਾਕਿਸਤਾਨ ਦੀ ਸਥਾਪਨਾ ਨਾਲ ਵਿਰੋਧਤਾ ਮੁਸਲਮਾਨਾਂ ਨਾਲ ਦੁਸ਼ਮਣੀ ਦੀ ਕੜੀ ਸਮਝੀ ਗਈ।

"ਸਿੱਧੀ ਟੱਕਰ ਦਿਵਸ" ਅਤੇ ਉਸ ਦੇ ਸਿੱਟੇ

ਮੁਸਲਿਮ ਲੀਗ ਨੇ ਜਿਹੜਾ "ਸਿੱਧੀ ਟੱਕਰ ਦਿਵਸ" ਦਾ ਪ੍ਰੋਗਰਾਮ ਉਲੀਕਿਆ ਸੀ, ਉਸ ਦੀ ਪਹਿਲ ਕਲਕੱਤੇ ਵਿਖੇ ਅਗਸਤ 16, 1946 ਨੂੰ ਬੰਗਾਲ ਦੇ ਮੁੱਖ ਮੰਤਰੀ ਜਨਾਬ ਸੁਹਰਾਵਰਦੀ ਨੇ ਆਮ ਛੁੱਟੀ ਦਾ ਐਲਾਨ ਕੀਤਾ ਅਤੇ ਦੁਪਹਿਰ ਬਾਅਦ ਮੁਸਲਿਮ ਲੀਗ ਦਾ ਜਲਸਾ ਹੋਇਆ। ਜਲਸੇ ਤੋਂ ਵਾਪਸ ਜਾਂਦਿਆਂ ਮੁਸਲਮਾਨਾਂ ਦੀਆਂ ਟੋਲੀਆਂ ਦਾ ਝਗੜਾ ਹਿੰਦੂਆਂ ਨਾਲ ਹੋ ਗਿਆ। ਮਹਾਂਨਗਰ ਦਾ ਜੀਵਨ 4-5 ਦਿਨਾਂ ਲਈ ਬਿਲਕੁਲ ਠੱਪ ਹੋ ਗਿਆ। ਸਰਕਾਰੀ ਅਨੁਮਾਨ ਅਨੁਸਾਰ ਇਨ੍ਹਾਂ ਦੰਗਿਆਂ ਵਿਚ 5,000 ਲੋਕ ਮਾਰੇ ਗਏ, 15,000 ਫੱਟੜ ਹੋਏ ਅਤੇ ਇਕ ਲੱਖ ਲੋਕ ਬੇਘਰ ਹੋ ਗਏ। ਇਹ ਫ਼ਸਾਦ ਲਗਾਤਾਰ ਕਈ ਮਹੀਨਿਆਂ ਤਕ ਜਾਰੀ ਰਹੇ।

ਇਨ੍ਹਾਂ ਫ਼ਸਾਦਾਂ ਬਾਰੇ ਰਾਏ ਵੱਖ-ਵੱਖ ਹੈ। ਅੰਗਰੇਜ਼ਾਂ ਦੇ ਅਖ਼ਬਾਰ 'ਸਟੇਟਸਮੈਨ' ਨੇ ਇਨ੍ਹਾਂ ਦੰਗਿਆਂ ਲਈ ਸਾਰਾ ਦੋਸ਼ ਮੁਸਲਿਮ ਲੀਗ ਅਤੇ ਬੰਗਾਲ ਦੇ ਮੁੱਖ ਮੰਤਰੀ ਜਨਾਬ ਸੁਹਰਾਵਰਦੀ ਤੇ ਥੋਪਿਆ। ਪਰ ਮੁਸਲਿਮ ਲੀਗ ਦੇ ਤਰਜਮਾਨ ਅਖ਼ਬਾਰ 'ਡਾਨ' ਨੇ ਇਨ੍ਹਾਂ ਫ਼ਸਾਦਾਂ ਲਈ ਹਿੰਦੂਆਂ ਨੂੰ ਦੋਸ਼ੀ ਠਹਿਰਾਇਆ ਅਤੇ 'ਸਟੇਟਸਮੈਨ' ਦੀ ਖ਼ਬਰ ਨੂੰ ਝੁਠਲਾਉਂਦਿਆਂ ਲਿਖਿਆ ਕਿ ਇਕ ਹਿੰਦੂ ਦੇ ਮੁਕਾਬਲੇ ਇਨ੍ਹਾਂ ਦੰਗਿਆਂ ਵਿਚ 4 ਮੁਸਲਮਾਨਾਂ

ਦੀ ਹੱਤਿਆ ਹੋਈ। ਮੁਸਲਿਮ ਲੀਗ ਦੇ ਜਨਰਲ ਸਕੱਤਰ ਅਤੇ ਉਪਰੰਤ ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਜਨਾਬ ਲਿਆਕਤ ਅਲੀ ਖ਼ਾਨ ਨੇ ਅਗਸਤ 28, 1946 ਨੂੰ ਬਿਆਨ ਦਿੱਤਾ ਕਿ ਅਸਲ ਵਿਚ ਇਹ ਝਗੜੇ ਹਿੰਦੂਆਂ ਨੇ ਕਰਵਾਏ ਤਾਂ ਜੋ ਮੁਲਿਮ ਲੀਗ ਸਰਕਾਰ ਨੂੰ ਬਦਨਾਮ ਕਰ ਸਕਣ। ਮਿਸਟਰ ਜਿਨਾਹ ਨੇ ਵੀ ਬਿਆਨ ਦਿੱਤਾ ਕਿ ਅਸਲ ਵਿਚ ਇਹ ਕਾਂਗਰਸ ਦੀ ਚਾਲ ਸੀ ਕਿ ਸਾਡੀ ਸਰਕਾਰ ਦੇ ਕਾਰਜ ਵਿਚ ਵਿਘਨ ਪਾ ਕੇ ਇਸ ਨੂੰ ਬਦਨਾਮ ਕਰੇ।

1946 ਵਿਚ ਕਲਕੱਤੇ ਅੰਦਰ 10 ਤੋਂ 20 ਹਜ਼ਾਰ ਸਿੱਖ ਸਨ, ਜਿਨ੍ਹਾਂ ਦੀ ਬਹੁ-ਗਿਣਤੀ ਟੈਕਸੀ ਡਰਾਈਵਰਾਂ ਦੀ ਸੀ ਜਾਂ ਥੋੜ੍ਹੇ ਛੋਟੇ ਵਪਾਰੀ ਸਨ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਸਿੱਖ ਕੌਮ ਹਿੰਦੂ ਜਾਤੀ ਦੀ ਰੱਖਿਆ ਲਈ ਪੈਦਾ ਹੋਈ ਹੈ। ਇਸ ਲਈ ਉਨ੍ਹਾਂ ਅਨੇਕਾਂ ਸਿੱਖਾਂ ਦੀ ਵੀ ਹੱਤਿਆ ਕੀਤੀ। ਪਰ ਸਿੱਖ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਮਝੌਤਾ ਜਾਂ ਸੁਲਾਹ-ਸਫ਼ਾਈ ਕਰਵਾਉਣ ਵਿਚ ਸਫਲ ਹੋਏ। ਉਨ੍ਹਾਂ ਦੋਹਾਂ ਕੌਮਾਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਬਚਾਇਆ ਅਤੇ ਆਪਣੇ ਗੁਰਦੁਆਰਿਆਂ ਅੰਦਰ ਪਨਾਹ ਦਿੱਤੀ, ਲੰਗਰ ਛਕਾਏ ਅਤੇ ਆਸਰਾ ਦਿੱਤਾ। ਮੁੱਖ ਮੰਤਰੀ ਜਨਾਬ ਸੁਹਰਾਵਰਦੀ ਨੇ ਇਕ ਬਿਆਨ ਜਾਰੀ ਕੀਤਾ ਜਿਸ ਰਾਹੀਂ ਸਾਰੇ ਸਿੱਖਾਂ ਨੂੰ ਨਿਰਦੋਸ਼ ਦੱਸਿਆ ਅਤੇ ਰਾਹਤ ਕਾਰਜਾਂ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।

ਕਲਕੱਤੇ ਦੇ ਦੰਗਿਆਂ ਤੋਂ ਇਸ਼ਾਰਾ ਸਮਝ ਕੇ ਭਾਰਤ ਦੇ ਹੋਰ ਇਲਾਕਿਆਂ ਵਿਚ ਵੀ, ਖ਼ਾਸਕਰ ਬੰਬਈ ਅਤੇ ਅਹਿਮਦਾਬਾਦ ਵਿਚ ਦੰਗੇ-ਫ਼ਸਾਦ ਹੋਏ। ਮੁਸਲਿਮ ਲੀਗ ਨੇ ਸਮਝਿਆ ਕਿ ਜੇਕਰ ਸਾਰੀ ਸੱਤਾ ਕਾਂਗਰਸ ਦੇ ਹੱਥ ਆ ਗਈ ਤਾਂ ਠੀਕ ਨਹੀਂ ਹੋਵੇਗਾ। ਇਸ ਲਈ ਉਨ੍ਹਾਂ ਸਰਕਾਰ ਵਿਚ ਮਿਲਣਾ ਸਵੀਕਾਰ ਕਰ ਲਿਆ। ਅਕਤੂਬਰ 15, 1946 ਨੂੰ ਕੇਂਦਰੀ ਮੰਤਰੀ-ਮੰਡਲ ਦਾ ਮੁੜ ਗਠਨ ਹੋਇਆ ਅਤੇ ਚਾਰ ਮੁਸਲਿਮ ਲੀਗ ਅਤੇ ਇਸ ਵੱਲੋਂ ਮਨੋਨੀਤ ਕੀਤਾ ਇਕ ਹਰੀਜਨ ਮੰਤਰੀ-ਮੰਡਲ ਵਿਚ ਸ਼ਾਮਲ ਕੀਤੇ ਗਏ। ਪਰ ਇਸ ਨਾਲ ਦੰਗੇ-ਫ਼ਸਾਦ ਰੁਕੇ ਨਹੀਂ, ਸਗੋਂ ਪੂਰਬੀ ਬੰਗਾਲ ਵਿਚ ਫ਼ਸਾਦ ਆਰੰਭ ਹੋ ਗਏ। ਮੁੱਖ ਰੂਪ ਵਿਚ ਪ੍ਰਭਾਵਿਤ ਹੋਣ ਵਾਲੇ ਦੋ ਜ਼ਿਲ੍ਹੇ ਨੋਆਖਲੀ ਅਤੇ ਤਿਪਰਾਹ ਸਨ। ਇਥੇ ਵਧੇਰੇ ਆਬਾਦੀ ਮੁਸਲਮਾਨਾਂ ਦੀ ਸੀ ਅਤੇ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਸਾਰੇ ਹਿੰਦੂ ਸਨ। ਹਿੰਦੂਆਂ ਦੀ ਹੱਤਿਆ ਦੇ ਸਮਾਚਾਰ ਦੇਸ਼ ਭਰ ਵਿਚ ਫੈਲ ਗਏ ਅਤੇ ਇਸ ਦਾ ਪ੍ਰਭਾਵ ਬਿਹਾਰ ਵਿਚ ਹੋਇਆ ਜਿਥੇ ਬਹੁ-ਗਿਣਤੀ ਹਿੰਦੂਆਂ ਦੀ ਸੀ। ਬਿਹਾਰ ਵਿਚ ਹੋਈ ਮੁਸਲਮਾਨਾਂ ਦੀ ਹੱਤਿਆ ਦੇ ਆਂਕੜੇ 10,000 ਤੋਂ ਵੱਧ ਸਨ। ਗੜ੍ਹਮੁਕਤੇਸ਼ਵਰ ਵਿਚ ਫ਼ਸਾਦਾਂ ਦੀ ਅੱਗ ਵਧੇਰੇ ਭੜਕੀ ਜਿਥੇ ਭਾਰੀ ਗਿਣਤੀ ਵਿਚ ਮੁਸਲਮਾਨ ਕਿਸਾਨ ਮਾਰੇ ਗਏ।

ਕਲਕੱਤਾ, ਪੂਰਬੀ ਬੰਗਾਲ, ਬਿਹਾਰ, ਯੂ.ਪੀ. ਅਤੇ ਮੱਧ ਭਾਰਤ ਵਿਚ ਥੋੜ੍ਹੇ ਸਿੱਖ ਵੀ ਦੰਗੇ-ਫ਼ਸਾਦਾਂ ਵਿਚ ਸੰਬੰਧਤ ਹੋਏ। ਪਰ ਇਨ੍ਹਾਂ ਦੇ ਸਭ ਤੋਂ ਵੱਧ ਅੱਤਿਆਚਾਰ ਸਰਦੀ ਦੀ ਰੁੱਤ ਵਿਚ ਹਜ਼ਾਰਾ ਵਿਖੇ ਹੋਏ ਜਿਥੇ ਮੁਸਲਮਾਨਾਂ ਦੀ ਵੱਸੋਂ 95 ਪ੍ਰਤੀਸ਼ਤ ਸੀ। ਜੋਸ਼ ਨਾਲ ਭਰੇ-ਪੀਤੇ ਮੁਸਲਮਾਨਾਂ ਨੇ ਆਪਣੇ ਮੁਸਲਮਾਨ ਭਰਾਵਾਂ ਦੀ ਹੱਤਿਆ ਦਾ ਬਦਲਾ ਸਿੱਖਾਂ ਤੋਂ ਲਿਆ। ਉੱਤਰ-ਪੱਛਮੀ ਸਰਹੱਦ ਦੇ ਸਿੱਖ ਜਿਨ੍ਹਾਂ ਵਿਚ ਕੈਮਲਪੁਰ, ਰਾਵਲਪਿੰਡੀ ਅਤੇ ਮੁਲਤਾਨ ਵੀ ਜੋੜੇ ਜਾ ਸਕਦੇ ਹਨ, ਵਧੇਰੇ ਕਰਕੇ ਕਰਿਆਨਾ ਅਤੇ ਕਪੜੇ ਆਦਿ ਦੇ ਛੋਟੇ ਵਪਾਰੀ ਸਨ ਅਤੇ ਇਹ ਦੂਜੇ ਸਿੱਖ ਭਰਾਵਾਂ ਵਾਂਗ ਫ਼ੌਜੀ ਰੂਪ ਦੇ ਨਹੀਂ ਸਨ। ਦਸੰਬਰ 1946 ਵਿਚ ਹਜ਼ਾਰਾ ਦੇ ਪਿੰਡਾਂ ਵਿਚ ਭਾਰੀ ਗਿਣਤੀ ਵਿਚ ਸਿੱਖ ਮਾਰ ਦਿੱਤੇ

ਗਏ । ਸਿੱਖ ਸ਼ਰਨਾਰਥੀ ਕੇਂਦਰੀ ਅਤੇ ਪੂਰਬੀ ਪੰਜਾਬ ਵਿਚ ਆਉਣ ਲੱਗੇ ਅਤੇ ਉਨ੍ਹਾਂ ਆਪਣੇ ਨਾਲ ਹੋਈ ਹੱਤਿਆ, ਲੁੱਟ-ਖਸੁੱਟ, ਬਲਾਤਕਾਰ, ਉਧਾਲੇ ਅਤੇ ਨਮੋਸ਼ੀ ਦੀਆਂ ਕਹਾਣੀਆਂ ਸੁਣਾਈਆਂ ।

ਪ੍ਰਧਾਨ ਮੰਤਰੀ ਯੂ.ਕੇ. ਮਿਸਟਰ ਐਟਲੀ ਨੇ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਿਸਟਰ ਜਿਨਾਹ ਨੂੰ ਅਪੀਲ ਕੀਤੀ ਕਿ ਅਮਨ-ਸ਼ਾਂਤੀ ਦਾ ਵਾਤਾਵਰਨ ਬਨਾਉਣ ਤਾਂ ਜੋ ਸੰਵਿਧਾਨਕ ਸਭਾ ਦਾ ਗਠਨ ਅਤੇ ਸੱਤਾ ਸੌਂਪਣ ਦਾ ਕਾਰਜ ਨਿਭਾਇਆ ਜਾ ਸਕੇ । ਭਾਰਤੀ ਨੇਤਾਵਾਂ ਨੇ ਆਮ ਲੋਕਾਂ ਨੂੰ ਹਿੰਸਾ ਦਾ ਰਾਹ ਛੱਡਣ ਲਈ ਅਪੀਲ ਕੀਤੀ, ਪਰ ਇਨ੍ਹਾਂ ਦਾ ਕੋਈ ਅਸਰ ਨਾ ਹੋਇਆ । ਸਗੋਂ ਸੱਤਾ ਸੌਂਪਣ ਦੇ ਬਿਆਨ ਨਾਲ ਫ਼ਸਾਦ ਹੋਰ ਭੜਕ ਉਠੇ ।

ਲਾਰਡ ਮਾਊਂਟਬੇਟਨ ਵਲਾਇਤ ਤੋਂ ਵਾਪਸ ਭਾਰਤ ਆਇਆ ਅਤੇ ਦੇਸ਼ ਦੇ ਬਟਵਾਰੇ ਦੀ ਤਜਵੀਜ਼ ਭਾਰਤੀ ਨੇਤਾਵਾਂ ਅੱਗੇ ਪੇਸ਼ ਕੀਤੀ । ਆਪਣੇ ਆਰੰਭਕ ਭਾਸ਼ਣ ਵਿਚ ਲਾਰਡ ਮਾਊਂਟਬੇਟਨ ਨੇ ਸਪੱਸ਼ਟ ਕੀਤਾ ਕਿ ਉਹ ਸਿੱਖ ਕੌਮ ਪ੍ਰਤੀ ਵਧੇਰੇ ਚਿੰਤਾ ਕਰਦੇ ਹਨ ਕਿਉਂਕਿ ਬਰਤਾਨਵੀ ਪਾਰਲੀਮੈਂਟ ਉਨ੍ਹਾਂ ਦੇ ਹਿਤਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ ।

ਇਥੇ ਇਹ ਵਰਣਨਯੋਗ ਹੈ ਕਿ ਸਿੱਖਾਂ ਦੀ ਤਰਸਯੋਗ ਹਾਲਤ ਸੰਬੰਧੀ ਅਨੇਕਾਂ ਪਾਰਲੀਮੈਂਟ ਦੇ ਮੈਂਬਰਾਂ ਨੇ ਚਿੰਤਾ ਪ੍ਰਗਟ ਕੀਤੀ । ਜੁਲਾਈ 15, 1946 ਨੂੰ ਮਿਸਟਰ ਆਰ. ਏ. ਬਟਲਰ ਨੇ ਹਾਊਸ ਆਫ਼ ਕਾਮਨਜ਼, ਲੋਕ ਸਭਾ, ਵਿਚ ਕਿਹਾ ਕਿ "ਅੰਗਰੇਜ਼ਾਂ ਦੇ ਸੰਬੰਧ ਸਿੱਖ ਕੌਮ ਨਾਲ ਸਭ ਤੋਂ ਵੱਧ ਅੱਛੇ ਰਹੇ ਹਨ। ਵਿਸ਼ਵ ਦੀਆਂ ਸਾਰੀਆਂ ਸੂਰਬੀਰ ਕੌਮਾਂ ਵਿਚੋਂ ਸਿੱਖਾਂ ਨੇ ਆਪਣੀ ਉੱਚਤਮ ਪੋਜ਼ੀਸ਼ਨ ਬਣਾ ਲਈ ਹੈ । ਸਿੱਖ ਕੌਮ ਦੀ ਮੰਦੀ ਹਾਲਤ ਨੂੰ ਦੂਰ ਕਰਨ ਦਾ ਇਕੋ-ਇਕ ਰਾਹ ਹੈ ਕਿ ਸੀਮਾ ਨਿਰਧਾਰਤ ਕਰਨ ਵੇਲੇ ਸੀਮਾ ਆਯੋਗ ਇਸ ਗੱਲ ਨੂੰ ਧਿਆਨ ਵਿਚ ਰੱਖੇ ਕਿ ਵੱਧ ਤੋਂ ਵੱਧ ਸਿੱਖ ਇਕ ਘੇਰੇ ਹੋਏ ਇਲਾਕੇ ਵਿਚ ਸਮੇਟੇ ਜਾਣ ।"

ਵਾਇਸਰਾਏ ਨੇ ਹਾਮੀ ਭਰੀ ਕਿ ਉਹ ਬਾਰ-ਬਾਰ ਸਿੱਖ ਨੇਤਾਵਾਂ ਤੋਂ ਪੁੱਛ ਚੁੱਕੇ ਸਨ ਕਿ ਕੀ ਉਹ ਸੱਚਮੁੱਚ ਹੀ ਪੰਜਾਬ ਦਾ ਬਟਵਾਰਾ ਚਾਹੁੰਦੇ ਹਨ ਜਿਸ ਨਾਲ ਉਨ੍ਹਾਂ ਦੀ ਵੱਸੋਂ ਦੀ ਦੋ ਹਿੱਸਿਆਂ ਵਿਚ ਵੰਡ ਹੋ ਜਾਵੇਗੀ । ਹਰ ਇਕ ਸਿੱਖ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਪਾਕਿਸਤਾਨ ਵਿਚ ਦਿਨ ਕੱਟਣ ਨਾਲੋਂ ਪੰਜਾਬ ਦੇ ਬਟਵਾਰੇ ਨੂੰ ਬੇਹਤਰ ਸਮਝਦਾ ਹੈ ।

ਕਾਂਗਰਸ ਅਤੇ ਮੁਸਲਿਮ ਲੀਗ ਨੇ ਇਹ ਤਜਵੀਜ਼ਾਂ ਅਸੂਲੀ ਤੌਰ ਤੇ ਮੰਨ ਲਈਆਂ । ਸਰਦਾਰ ਬਲਦੇਵ ਸਿੰਘ ਦੇ ਵਿਚਾਰ ਪਹਿਲਾਂ ਹੀ ਪ੍ਰਾਪਤ ਕੀਤੇ ਜਾ ਚੁੱਕੇ ਸਨ । ਇਸ ਵੇਲੇ ਉਸ ਨੇ ਕੇਵਲ ਏਨਾ ਹੀ ਵਾਧਾ ਕੀਤਾ ਕਿ ਸੀਮਾ ਆਯੋਗ ਨੂੰ ਜ਼ਿੰਮੇਵਾਰੀ ਸੌਂਪਣ ਵੇਲੇ ਸਿੱਖਾਂ ਦੀ ਪੋਜ਼ੀਸ਼ਨ ਨੂੰ ਧਿਆਨ ਵਿਚ ਰੱਖਣ ।

ਸਿੱਖ ਨੇਤਾ ਆਪੋ ਵਿਚ ਲਗਾਤਾਰ ਵਿਚਾਰ-ਵਟਾਂਦਰਾ ਕਰਦੇ ਰਹੇ । ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਇਕੱਤਰਤਾ ਦਿੱਲੀ ਵਿਚ ਜੂਨ 2, 1947 ਨੂੰ ਹੋਈ । ਇਸ ਇਕੱਤਰਤਾ ਵਿਚ ਸ਼ਾਮਲ ਹੋਣ ਵਾਲੇ ਸਨ : ਗਿਆਨੀ ਕਰਤਾਰ ਸਿੰਘ, ਪ੍ਰਧਾਨ, ਮਾਸਟਰ ਤਾਰਾ ਸਿੰਘ, ਸਰਦਾਰ ਅਮਰ ਸਿੰਘ ਦੁਸਾਂਝ, ਸਰਦਾਰ ਪ੍ਰੀਤਮ ਸਿੰਘ ਗੋਜਰਾਂ, ਸਰਦਾਰ ਮੰਗਲ ਸਿੰਘ ਗਿੱਲ, ਸਰਦਾਰ ਸਵਰਨ ਸਿੰਘ, ਸਰਦਾਰ ਬਹਾਦਰ ਉੱਜਲ ਸਿੰਘ ਅਤੇ ਸਰਦਾਰ ਬਲਦੇਵ ਸਿੰਘ । ਆਪਣੇ ਭਾਸ਼ਣ ਵਿਚ ਸਰਦਾਰ ਬਲਦੇਵ ਸਿੰਘ ਨੇ ਰਿਪੋਰਟ ਦਿੱਤੀ ਕਿ ਨੇਤਾਵਾਂ ਨੇ ਪੰਜਾਬ ਦੇ ਬਟਵਾਰੇ ਬਾਰੇ ਮੰਗ ਕੀਤੀ ਪਰ ਨਾਲ ਹੀ ਕੌਮ ਦੀ ਏਕਤਾ ਬਣਾਈ ਰੱਖਣ ਲਈ

ਸਰਹੱਦ ਚਨਾਬ ਦਰਿਆ ਤੇ ਬਨਣੀ ਚਾਹੀਦੀ ਹੈ। ਅਜਿਹੀਆਂ ਇਕੱਤਰਤਾਵਾਂ ਲਾਹੌਰ ਵਿਖੇ ਵੀ ਹੋਈਆਂ।

ਜੂਨ 3, 1947 ਨੂੰ ਵਾਇਸਰਾਏ ਵੱਲੋਂ ਆਪਣੇ ਰੇਡੀਓ ਪ੍ਰਸਾਰਨ ਵਿਚ ਸਿੱਖਾਂ ਦੀ ਹਾਲਤ ਬਾਰੇ ਪ੍ਰਕਾਸ਼ ਪਾਇਆ ਗਿਆ :

"ਅਸੀਂ ਸਿੱਖਾਂ ਦੀ ਪੋਜ਼ੀਸ਼ਨ ਵੱਲ ਪੂਰਾ-ਪੂਰਾ ਧਿਆਨ ਦਿੱਤਾ ਹੈ। ਇਸ ਕੌਮ ਦੀ ਆਬਾਦੀ ਪੰਜਾਬ ਵਿਚ ਅੱਠਵਾਂ ਹਿੱਸਾ ਹੈ। ਪਰ ਇਨ੍ਹਾਂ ਦੀ ਹਾਲਤ ਅਜਿਹੀ ਖਿੱਲਰਵੀਂ ਹੈ ਕਿ ਕਿਸੇ ਪ੍ਰਕਾਰ ਦਾ ਬਟਵਾਰਾ ਇਨ੍ਹਾਂ ਨੂੰ ਵੰਡ ਦੇਵੇਗਾ। ਇਨ੍ਹਾਂ ਨਾਲ ਹਮਦਰਦੀ ਰੱਖਣ ਵਾਲੇ ਅਤੇ ਦਿਲੋਂ ਕਦਰ ਕਰਨ ਵਾਲੇ ਅਸੀਂ ਇਹ ਸਮਝਦੇ ਹਾਂ ਕਿ ਪੰਜਾਬ ਦਾ ਬਟਵਾਰਾ, ਜਿਸ ਦੀ ਮੰਗ ਇਹ ਆਪ ਕਰਦੇ ਹਨ, ਇਨ੍ਹਾਂ ਨੂੰ ਵੰਡੇ ਜਾਣ ਤੋਂ ਬਚਾ ਨਹੀਂ ਸਕਦਾ। ਪਰ ਬਟਵਾਰੇ ਨਾਲ ਇਨ੍ਹਾਂ ਦੀ ਕੀ ਪੋਜ਼ੀਸ਼ਨ ਰਹਿੰਦੀ ਹੈ, ਉਸ ਬਾਰੇ ਆਯੋਗ ਤੋਂ ਹੀ ਪਤਾ ਚਲ ਸਕੇਗਾ, ਜਿਸ ਵਿਚ ਇਨ੍ਹਾਂ ਦੀ ਪ੍ਰਤੀਨਿਧਤਾ ਜ਼ਰੂਰ ਹੋਵੇਗੀ।"

ਅਗਲੇ ਦਿਨ ਪੱਤਰਕਾਰ ਸੰਮੇਲਨ ਵਿਚ ਵਾਇਸਰਾਏ ਨੇ ਮੁੜ ਕਿਹਾ, "ਇਸ ਵਿਉਂਤ ਵਿਚ ਦੋ ਮੁੱਖ ਪਾਰਟੀਆਂ ਹਨ, ਕਾਂਗਰਸ ਅਤੇ ਮੁਸਲਿਮ ਲੀਗ। ਪਰ ਇਕ ਤੀਜੀ ਧਿਰ ਹੈ। ਜਿਹੜੀ ਕਿਸੇ ਤਰ੍ਹਾਂ ਵੀ ਘੱਟ ਮਹੱਤਤਾ ਨਹੀਂ ਰਖਦੀ। ਇਹ ਹੈ ਸਿੱਖ ਕੌਮ, ਜਿਸ ਬਾਰੇ ਵਿਚਾਰ ਕਰਨੀ ਹੋਵੇਗੀ। ਮੈਂ ਦੇਖਿਆ ਕਿ ਕਾਂਗਰਸ ਨੇ ਭਾਰਤ ਦੇ ਬਟਵਾਰੇ ਲਈ ਜਿਹੜਾ ਮਤਾ ਪੇਸ਼ ਕੀਤਾ ਹੈ ਉਹ ਸਿੱਖ ਕੌਮ ਦੇ ਜ਼ੋਰ ਦੇਣ ਨਾਲ ਹੀ ਕੀਤਾ ਹੈ। ਤੁਸੀਂ ਯਾਦ ਰੱਖੋਗੇ ਕਿ ਉਸ ਮਤੇ ਰਾਹੀਂ ਮੰਗ ਕੀਤੀ ਗਈ ਸੀ ਕਿ ਪੰਜਾਬ ਦਾ ਬਟਵਾਰਾ ਮੁਸਲਮਾਨਾਂ ਅਤੇ ਗੈਰ-ਮੁਸਲਮਾਨਾਂ ਵਿਚ ਕੀਤਾ ਜਾਵੇ। ਸਿੱਖਾਂ ਦੀ ਇਸ ਮੰਗ ਦੇ ਆਧਾਰ ਤੇ ਹੀ ਬਟਵਾਰੇ ਦੀ ਵਿਉਂਤ ਨੂੰ ਆਧਾਰ ਬਣਾਇਆ ਗਿਆ। ਜਦੋਂ ਸੁਝਾਅ ਦਿੱਤਾ ਗਿਆ ਸੀ ਤਾਂ ਮੈਂ ਪੂਰੇ ਵੇਰਵੇ ਤੋਂ ਜਾਣੂ ਨਹੀਂ ਸਾਂ। ਪਰ ਜਦੋਂ ਮੈਂ ਨਕਸ਼ਾ ਮੰਗਵਾਇਆ ਅਤੇ ਸਿੱਖਾਂ ਦੀ ਇਸ ਤਜਵੀਜ਼ ਦਾ ਅਧਿਐਨ ਕੀਤਾ ਤਾਂ ਮੈਂ ਹੈਰਾਨ ਰਹਿ ਗਿਆ ਕਿ ਜਿਹੜੀ ਮੰਗ ਇਨ੍ਹਾਂ ਆਪ ਮੰਗੀ ਉਸ ਨਾਲ ਇਹ ਦੋ ਬਰਾਬਰ-ਬਰਾਬਰ ਭਾਗਾਂ ਵਿਚ ਵੰਡੇ ਗਏ। ਇਸ ਸਮੱਸਿਆ 'ਤੇ ਮੈਂ ਭਾਰਤ ਅਤੇ ਵਲਾਇਤ ਵਿਚ ਪੂਰਾ ਧਿਆਨ ਦਿੱਤਾ ਹੈ ਤਾਂ ਜੋ ਕੋਈ ਅਜਿਹਾ ਹੱਲ ਨਿਕਲ ਸਕੇ ਜਿਸ ਨਾਲ ਸਿੱਖ ਕੌਮ ਵੱਧ ਤੋਂ ਵੱਧ ਇਕੱਠੀ ਰਹਿ ਸਕੇ। ਉਨ੍ਹਾਂ ਅਸੂਲਾਂ ਦੇ ਆਧਾਰ ਤੇ ਜਿਹੜੇ ਸੌਖੇ ਸਮਝ ਆ ਸਕਦੇ ਹਨ, ਉਨ੍ਹਾਂ ਅਸੂਲਾਂ 'ਤੇ ਜਿਹੜੇ ਇਕ ਪਾਸੇ ਮੰਗੇ ਗਏ ਅਤੇ ਦੂਜੇ ਪਾਸੇ ਮੰਨ ਲਏ ਗਏ। ਮੈਂ ਕੋਈ ਕ੍ਰਿਸ਼ਮਾਕਾਰ ਨਹੀਂ ਅਤੇ ਨਾ ਹੀ ਮੈਂ ਉਹ ਹੱਲ ਲੱਭ ਸਕਿਆ ਹਾਂ।"

ਲਾਰਡ ਮਾਊਂਟਬੇਟਨ ਪਾਸੋਂ ਇਹ ਪੁੱਛਿਆ ਗਿਆ ਕਿ ਸੀਮਾ ਨਿਰਧਾਰਤ ਕਰਨ ਵੇਲੇ ਧਰਮ ਨੂੰ ਮੁੱਖ ਰਖਿਆ ਜਾਵੇਗਾ ਜਾਂ ਜਾਇਦਾਦ ਅਤੇ ਅਰਥਚਾਰੇ ਆਦਿ ਦੇ ਹੋਰ ਪੱਖਾਂ ਨੂੰ ਵੀ ਆਯੋਗ ਦੇ ਹਵਾਲੇ ਵਿਚ ਰਖਿਆ ਜਾਵੇਗਾ ? ਲਾਰਡ ਮਾਊਂਟਬੇਟਨ ਨੇ ਸਪੱਸ਼ਟ ਕੀਤਾ ਕਿ ਲੇਬਰ ਸਰਕਾਰ ਜਾਇਦਾਦ ਨੂੰ ਬਟਵਾਰੇ ਜਾਂ ਸੀਮਾ ਦਾ ਆਧਾਰ ਬਣਾਉਣਾ ਸਵੀਕਾਰ ਨਹੀਂ ਕਰ ਸਕੇਗੀ।

ਜੇਕਰ ਸਿੱਖਾਂ ਦੇ ਦਿਲਾਂ ਅੰਦਰ ਕੋਈ ਭੁਲੇਖਾ ਸੀ ਕਿ ਜ਼ਮੀਨੀ ਜਾਂ ਤਾਰੇ ਜਾ ਰਹੇ ਮਾਲੀਏ ਦੇ ਅਧਾਰ ਤੇ ਕੋਈ ਆਧਾਰ ਮੰਨਿਆ ਜਾਵੇਗਾ ਤਾਂ ਉਹ ਇਸ ਬਿਆਨ ਨਾਲ ਦੂਰ ਹੋ ਜਾਣਾ ਚਾਹੀਦਾ ਸੀ। ਪਰ ਉਹ ਆਪਣੇ ਘੜੇ ਸੁਪਨਿਆਂ ਦੇ ਸੰਸਾਰ ਵਿਚ ਵਸਦੇ ਸਨ। ਕੁਝ ਦਿਨਾਂ ਉਪਰੰਤ ਲਾਹੌਰ ਅੰਦਰ ਸਰਵ-ਦਲੀ ਕਾਨਫ੍ਰੰਸ ਬੁਲਾਈ ਗਈ ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸਿੱਖ ਉਸ ਸੀਮਾ ਨੂੰ ਸਵੀਕਾਰ ਨਹੀਂ ਕਰਨਗੇ ਜਿਸ ਵਿਚ ਉਨ੍ਹਾਂ ਦੀ

ਅਖੰਡਤਾ ਅਤੇ ਏਕਤਾ ਦੀ ਰਾਖੀ ਨਹੀਂ ਕੀਤੀ ਜਾਵੇਗੀ।

ਸਿੱਖਾਂ ਦਾ ਪ੍ਰਤੀਕਰਮ ਅਤੇ ਜੋਸ਼ ਚੀਫ ਸਕੱਤਰ ਦੀ ਰਿਪੋਰਟ ਤੋਂ ਲਾਇਆ ਜਾ ਸਕਦਾ ਹੈ : "ਬਟਵਾਰੇ ਦੀ ਤਜਵੀਜ ਨਾਲ ਸਿੱਖ ਦੋਹੀਂ ਪਾਸੀਂ ਘੱਟ-ਗਿਣਤੀ ਵਿਚ ਰਹਿ ਜਾਂਦੇ ਹਨ। ਇਸ਼ ਲਈ ਮਜਬੂਰ ਹੋ ਗਏ ਹਨ ਅਤੇ ਆਪਣੇ ਬਲ ਨੂੰ ਸਹੀ ਰੂਪ ਵਿਚ ਸੰਗਠਿਤ ਕਰ ਰਹੇ ਹਨ। ਇੰਨ੍ਹਾਂ ਦੀ ਦਿਸ਼ਾਂ ਦੋਹਾਂ ਹਾਲਤਾਂ ਵਿਚ ਗੁਣਾਤਮਕ ਰੂਪ ਹੈ। ਸਿੱਖਾਂ ਦੀਆਂ ਆਸਾਂ ਸੀਮਾ ਆਯੋਗ ਅਤੇ ਕਾਂਗਰਸ ਨਾਲ ਜੁੜੀਆਂ ਹੋਈਆਂ ਹਨ। ਪਰ ਜਿਹੜੀ ਫਿਰਕੂ ਚਿੱਠੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੀ ਗਈ ਹੈ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਪੰਥ ਦੀ ਤਾਕਤ ਦੇ ਵਿਸ਼ਵਾਸ ਬਾਰੇ ਕੋਈ ਨਾ ਕੋਈ ਕਮੀ ਦਰਸਾਈ ਗਈ ਹੈ ਅਤੇ ਨਾ ਹੀ ਉਸ ਨੂੰ ਕੋਈ ਹਾਨੀ ਆਉਣ ਦਿੱਤੀ ਹੈ। ਇਸ ਫ਼ਿਰਕੂ ਚਿੱਠੀ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਅਰਥ ਹਨ ਸਿੱਖ ਪੰਥ ਦਾ ਉੱਕਾ ਹੀ ਖਾਤਮਾ ਕਰਨਾ। ਸਿੱਖਾਂ ਵਿਚ ਇਸ ਗੱਲ ਦੀ ਦ੍ਰਿੜ੍ਹਤਾ ਹੈ ਕਿ ਉਹ ਸੰਪੂਰਨ ਰਾਜ ਪ੍ਰਾਪਤ ਕਰਨਗੇ ਜਿਸਦੀਆਂ ਸੀਮਾਵਾਂ ਚਨਾਬ ਅਤੇ ਰਾਵੀ ਹੋਣਗੀਆਂ। ਦਲ ਦੇ ਝੰਡੇ ਹੇਠ ਇਸ ਪ੍ਰਾਪਤੀ ਲਈ ਲੜਨ ਦੀ ਅਪੀਲ ਕੀਤੀ ਗਈ।"

ਪੰਜਾਬ ਅਤੇ ਬੰਗਾਲ ਦੇਬਟਵਾਰੇ ਦਾ ਢੰਗ-ਤਰੀਕਾ ਤੁਰੰਤ ਲਾਗੂ ਕੀਤਾ ਗਿਆ। ਪੰਜਾਬ ਵਿਧਾਨ ਸਭਾ ਦਾ ਇਜਲਾਸ ਬੁਲਾਇਆ ਗਿਆ ਅਤੇ ਪੰਜਾਬ ਦੇ ਬਟਵਾਰੇ ਬਾਰੇ ਰਾਏ ਲਈ ਗਈ। ਸਾਰੇ ਮੁਸਲਿਮ ਮੈਂਬਰ ਇਸ ਬਟਵਾਰੇ ਦੇ ਵਿਰੁੱਧ ਸਨ ਪਰ ਗ਼ੈਰ-ਮੁਸਲਿਮ ਮੈਂਬਰਾਂ ਨੇ ਇਸ ਬਟਵਾਰੇ ਦੇ ਹੱਕ ਵਿਚ ਰਾਏ ਦਿੱਤੀ।

ਸੀਮਾ ਆਯੋਗ ਸਰ ਸਿਰਿਲ ਰੈਡਕਲਿਫ ਦੀ ਪ੍ਰਧਾਨਗੀ ਹੇਠ ਗਠਿਤ ਕੀਤਾ ਗਿਆ। ਹਰ ਕਮਿਸ਼ਨ ਵਿਚ ਚਾਰ ਜੱਜ ਲਏ ਗਏ। ਦੋ ਮੁਸਲਮਾਨ ਅਤੇ ਦੋ ਗ਼ੈਰ-ਮੁਸਲਮਾਨ। ਪੰਜਾਬ ਕਮਿਸ਼ਨ ਦੇ ਸਿੱਖ ਮੈਂਬਰ ਸਰਦਾਰ ਤੇਜਾ ਸਿੰਘ ਸਨ, ਜਿਹੜੇ ਪੰਜਾਬ ਹਾਈ ਕੋਰਟ ਦੇ ਜੱਜ ਸਨ। ਸੀਮਾ ਆਯੋਗ ਦੀ ਜ਼ਿੰਮੇਵਾਰੀ ਵਿਚ ਹਵਾਲਾ ਸੀ ਕਿ ਸੀਮਾ-ਰੇਖਾ ਮੁਸਲਮਾਨਾਂ ਦੀ ਨਾਲ-ਨਾਲ ਲਗਦੀ ਆਬਾਦੀ ਵਾਲੇ ਇਲਾਕੇ ਦੇ ਆਧਾਰ ਤੇ ਰੱਖੀ ਜਾਵੇ ਅਤੇ ਇਉਂ ਅਮਲ ਕਰਦਿਆਂ ਹੋਰ ਪੱਖਾਂ ਨੂੰ ਵੀ ਧਿਆਨ ਵਿਚ ਰਖਿਆ ਜਾਵੇ।

ਸਿੱਖਾਂ ਨੇ ਆਸ ਰੱਖੀ ਕਿ ਸੀਮਾ ਆਯੋਗ ਸੀਮਾ-ਰੇਖਾ ਖਿੱਚਣ ਵੇਲੇ ਹੋਰ ਪੱਖਾਂ ਦੇ ਅਧੀਨ ਉਨ੍ਹਾਂ ਦੀ ਜ਼ਮੀਨ, ਜਾਇਦਾਦ ਅਤੇ ਹੋਰ ਆਰਥਿਕ ਪੱਖਾਂ ਨੂੰ ਧਿਆਨ ਵਿਚ ਰੱਖੇਗਾ। ਪੰਜਾਬ ਸੀਮਾ ਆਯੋਗ ਨੂੰ 32 ਸਿੱਖ ਵਿਧਾਇਕਾਂ ਦਾ ਹਸਤਾਖਰ ਹੋਇਆ ਇਕ ਯਾਦ-ਪੱਤਰ ਪੇਸ਼ ਕੀਤਾ ਗਿਆ। ਇਸ ਵਿਚ ਜਨ-ਸੰਖਿਆ ਦੀਆਂ ਤਰੁੱਟੀਆਂ ਵੱਲ ਧਿਆਨ ਦੁਆਇਆ ਗਿਆ, ਮੁਸਲਮਾਨਾਂ ਦੀ ਟੱਪਰੀਵਾਸਾਂ ਦੀ ਫ਼ਿਰਕੂ ਆਬਾਦੀ ਦਾ ਹਵਾਲਾ ਦਿੱਤਾ ਗਿਆ ਅਤੇ ਨਾਲ ਹੀ ਪੰਜਾਬ ਵਿਚ ਸਿੱਖਾਂ ਦੀ ਜ਼ਮੀਨ-ਜਾਇਦਾਦ ਅਤੇ ਧਾਰਮਿਕ ਅਸਥਾਨਾਂ ਦਾ ਵੇਰਵਾ ਵੀ ਦਿੱਤਾ ਗਿਆ। ਯਾਦ-ਪੱਤਰ ਵਿਚ ਮੰਗ ਕੀਤੀ ਗਈ ਕਿ ਪੰਜਾਬ ਦੀ ਸੀਮਾ ਚਨਾਬ ਤੇ ਰੱਖੀ ਜਾਵੇ ਜਿਸ ਨਾਲ ਸਿੱਖਾਂ ਦੀ 90 ਪ੍ਰਤੀਸ਼ਤ ਆਬਾਦੀ ਇਕ ਹਿੱਸੇ ਵਿਚ ਆ ਜਾਵੇਗੀ। ਇੰਡੀਅਨ ਨੈਸ਼ਨਲ ਕਾਂਗਰਸ ਨੇ ਸੀਮਾ ਆਯੋਗ ਨੂੰ ਇਕ ਵੱਖਰਾ ਯਾਦ-ਪੱਤਰ ਪੇਸ਼ ਕੀਤਾ।

ਮੁਸਲਮਾਨਾਂ ਦੀ ਪ੍ਰਤੀਨਿਧਤਾ ਕਰ ਰਹੇ ਯਾਦ-ਪੱਤਰ ਵਿਚ ਇਹ ਮੰਗ ਕੀਤੀ ਗਈ ਜਿਸ ਵਿਚ ਨਾ ਕੇਵਲ ਲਾਹੌਰ, ਰਾਵਲਪਿੰਡੀ ਅਤੇ ਮੁਲਤਾਨ ਡਵੀਜਨ ਤੇ ਦਾਅਵਾ ਕੀਤਾ ਗਿਆ ਸਗੋਂ ਜਲੰਧਰ ਅਤੇ ਅੰਬਾਲਾ ਜਿਲ੍ਹਿਆਂ ਦੀਆਂ ਅਨੇਕਾਂ ਤਹਿਸੀਲਾਂ ਤੇ ਵੀ ਹੱਕ ਦਰਸਾਇਆ ਗਿਆ।

ਬਟਵਾਰੇ ਸੰਬੰਧੀ ਮੁਸਲਮਾਨਾਂ ਅਤੇ ਗੈਰ-ਮੁਸਲਮਾਨਾਂ ਦੇ ਪ੍ਰਤੀਨਿਧਤਾ ਪੱਤਰਾਂ ਵਿਚ ਵੇਰਵੇ ਦਾ ਕਾਫੀ ਵਿਰੋਧ-ਭਾਵ ਸੀ। ਇਸ ਲਈ ਅੰਤਮ ਫ਼ੈਸਲਾ ਪੂਰੇ ਤੌਰ ਤੇ ਸਰ ਸਿਰਿਲ ਰੈਡਕਲਿਫ ਨੇ ਹੀ ਦੇਣਾ ਸੀ।

ਸਰ ਰੈਡਕਲਿਫ ਨੇ ਪੂਰਬੀ ਪੰਜਾਬ ਨੂੰ 13 ਜ਼ਿਲ੍ਹੇ ਦਿੱਤੇ; ਅੰਬਾਲਾ ਅਤੇ ਜਲੰਧਰ ਡਵੀਜ਼ਨਾਂ ਦੇ ਜ਼ਿਲ੍ਹੇ, ਅੰਮ੍ਰਿਤਸਰ ਦਾ ਜ਼ਿਲ੍ਹਾ ਅਤੇ ਕੁਝ ਤਹਿਸੀਲਾਂ ਲਾਹੌਰ ਅਤੇ ਗੁਰਦਾਸਪੁਰ ਦੀਆਂ। ਉਸ ਸਤਲੁਜ, ਬਿਆਸ ਅਤੇ ਰਾਵੀ ਪਾਰ ਦੇ ਇਲਾਕੇ ਵੀ ਪੂਰਬੀ ਪੰਜਾਬ ਨੂੰ ਦਿੱਤੇ। ਬਾਕੀ ਸੂਬੇ ਦੇ ਖੇਤਰ ਦਾ 62 ਪ੍ਰਤੀਸ਼ਤ ਅਤੇ ਜਨ-ਸੰਖਿਆ ਦਾ 55 ਪ੍ਰਤੀਸ਼ਤ ਪਾਕਿਸਤਾਨ ਨੂੰ ਦਿੱਤਾ ਗਿਆ।

ਸਰ ਰੈਡਕਲਿਫ ਦਾ ਅਵਾਰਡ ਮੁਸਲਮਾਨਾਂ ਅਤੇ ਹਿੰਦੂਆਂ ਨਾਲ ਪੂਰਾ-ਪੂਰਾ ਨਿਆਂ ਕਰਦਾ ਸੀ, ਜਿਥੋਂ ਤਕ ਹੋ ਸਕਦਾ ਸੀ। ਪਰ ਇਕ ਕੌਮ ਅਜਿਹੀ ਸੀ, ਜਿਸ ਨਾਲ ਸੀਮਾ ਦਾ ਨਿਆਂ ਕਰਨ ਲਈ ਹੋਰਨਾਂ ਨਾਲ ਅਨਿਆਂ ਕਰਨਾ ਪੈਂਦਾ ਸੀ। ਇਹ ਸੀ ਸਿੱਖ ਕੌਮ। ਉਨ੍ਹਾਂ ਦੀ ਉਪਜਾਊ ਭੂਮੀ, 150 ਤੋਂ ਉਪਰ ਇਤਿਹਾਸਕ ਗੁਰਧਾਮ ਅਤੇ ਉਨ੍ਹਾਂ ਦੀ ਅੱਧੀ ਜਨ-ਸੰਖਿਆ ਬਟਵਾਰੇ ਦੀ ਰੇਖਾ ਦੇ ਪਾਕਿਸਤਾਨ ਦੇ ਇਲਾਕੇ ਵਿਚ ਰਹਿ ਗਈ।

ਅਜੇ ਸੀਮਾ ਆਯੋਗ ਆਪਣੇ ਕਾਰਜ ਵਿਚ ਜੁਟਿਆ ਹੋਇਆ ਸੀ ਕਿ ਪੰਜਾਬ ਦੀ ਅਮਨ ਅਤੇ ਕਾਨੂੰਨ ਦੀ ਹਾਲਤ ਵਿਗੜਦੀ ਚਲੀ ਗਈ। ਮਾਰਚ 1947 ਵਿਚ ਉਠੀਆ ਅੱਗ ਦੀਆਂ ਲਾਟਾ ਦੇ ਸਮੇਂ ਤੋਂ ਹੀ ਮਿਲੀਟੈਂਟ ਸੰਗਠਨ ਰੰਗਰੂਟ ਭਰਤੀ ਕਰਨ ਅਤੇ ਹਥਿਆਰਾਂ ਦੀ ਪ੍ਰਾਪਤੀ ਲਈ ਸਰਗਰਮ ਸਨ। ਮੁਸਲਮਾਨਾਂ ਨੂੰ ਉੱਤਰ-ਪੱਛਮੀ ਸੀਮਾ ਸੂਬੇ ਦੇ ਕਬਾਇਲੀ ਲੋਕਾਂ ਤੋਂ ਹਥਿਆਰ ਮਿਲ ਰਹੇ ਸਨ ਅਤੇ ਸਿੱਖਾਂ ਲਈ ਸਭ ਤੋਂ ਵੱਡਾ ਸਰੋਤ ਸਿੱਖ ਰਿਆਸਤਾਂ ਸਨ। ਮੁੱਖ ਰੂਪ ਵਿਚ ਪਟਿਆਲਾ, ਕਪੂਰਥਲਾ ਅਤੇ ਫ਼ਰੀਦਕੋਟ। ਹੋਰ ਸਿੱਖ ਮਿਲੀਟੈਂਟਾਂ ਦੇ ਜੱਥੇ ਆਪਣੇ ਰਵਾਇਤੀ ਸ਼ਸਤਰ ਕਿਰਪਾਨਾਂ ਅਤੇ ਭਾਲਿਆਂ ਨਾਲ ਲੈਸ ਸਨ।

ਮੁਸਲਿਮ ਲੀਗ ਨੇ ਹਥਿਆਰਾਂ ਦਾ ਭੰਡਾਰ ਦਸੰਬਰ 1946 ਤੋਂ ਹੀ ਬਨਾਉਣਾ ਸ਼ੁਰੂ ਕਰ ਦਿੱਤ ਸੀ। ਇਕ ਗੁਪਤ ਫ਼ੰਡ ਭਾਵ ਗੁਪਤ ਸੰਦੂਕ ਦ ਪ੍ਰਬੰਧ ਕੀਤਾ ਗਿਆ ਅਤੇ ਉੱਤਰ-ਪੂਰਬ ਸੀਮਾ ਸੂਬੇ ਤੋਂ ਹਥਿਆਰ ਪ੍ਰਾਪਤ ਕੀਤੇ ਗਏ। ਜਦੋਂ ਪਾਕਿਸਤਾਨ ਸਰਕਾਰ ਨੇ ਮਮਦੋਤ ਦੇ ਖ਼ਾਨ ਦੇ ਵਿਰੁੱਧ ਜਾਂਚ ਕਰਵਾਈ ਤਾਂ ਇਹ ਗੱਲ ਸਾਬਤ ਹੋ ਗਈ। ਉਸ ਕਾਰਵਾਈ ਦੇ ਕੁਝ ਅੰਸ਼ ਇਸ ਪ੍ਰਕਾਰ ਹਨ :

ਮਮਦੋਤ ਜਾਂਚ ਦੇ ਸੰਬੰਧ ਵਿਚ ਸਫ਼ਾਈ ਵਕੀਲ ਦੇ ਸਵਾਲਾਂ ਦੇ ਜਵਾਬ ਵਿਚ ਸਾਬਕਾ ਐਮ.ਐਲ.ਏ. ਚੌਧਰੀ ਮੁਹੰਮਦ ਹਸਨ ਨੇ ਇਹ ਸਵੀਕਾਰ ਕੀਤਾ ਕਿ "ਪੰਜਾਬ ਸੂਬੇ ਦੇ ਮੁਸਲਿਮ ਲੀਗ ਮੈਂਬਰਾਂ ਦੀ ਵਰਕਿੰਗ ਕਮੇਟੀ ਅਤੇ ਪਤਵੰਤੇ ਮੁਸਲਿਮ ਲੀਗ ਨੇਤਾਵਾਂ ਦੀ ਗੁਪਤ ਇਕੱਤਰਤਾ ਮਮਦੋਤ ਵਿਲਾ ਵਿਚ ਹੋਈ। ਇਸ ਵਿਚ ਸ਼ਾਮਲ ਹੋਣ ਵਾਲੇ ਸਨ, ਮਦਦੋਤ ਦੇ ਖ਼ਾਨ ਮੀਆ ਅਬਦੁਲ ਬਾਰੀ ਅਤੇ ਇਹ ਗਵਾਹ।

"ਇਹ ਇਕੱਤਰਤਾ ਉਸ ਵੇਲੇ ਹੋਈ ਜਦੋਂ ਕਲਕੱਤਾ ਅਤੇ ਬੰਬਈ ਵਿਚ ਫ਼ਿਰਕੂ ਦੰਗੇ ਪੂਰੀ ਤਰ੍ਹਾਂ ਸਮਾਪਤ ਨਹੀਂ ਸਨ ਹੋਏ। ਇਹ ਫ਼ੈਸਲਾ ਕੀਤਾ ਗਿਆ ਕਿ ਇਕ ਗੁਪਤ ਫ਼ੰਡ ਇਕੱਤਰ ਕੀਤਾ ਜਾਵੇ ਜਿਸ ਨੂੰ 'ਗੁਪਤ ਸੰਦੂਕ' ਦਾ ਨਾਮ ਦਿੱਤਾ ਜਾਵੇ ਅਤੇ ਇਸ ਪੈਸੇ ਨਾਲ ਜੀਪਾਂ, ਟਰੱਕ, ਹਥਿਆਰ ਅਤੇ ਗੋਲੀ-ਸਿੱਕਾ ਅਤੇ ਕੰਬਲ ਖ਼ਰੀਦੇ ਜਾਣ।"

ਗਵਾਹ ਨੇ ਅੱਗੋਂ ਕਿਹਾ, "ਸਿੱਟੇ ਵਜੋਂ ਇਕ ਹੋਰ ਇਕੱਤਰਤਾ ਬੁਲਾਈ ਗਈ ਅਤੇ ਮਮਦੋਤ ਦੇ ਖ਼ਾਨ ਨੇ ਰਾਣਾ ਨਸਰੁੱਲਾ ਖ਼ਾਨ ਨੂੰ ਹਦਾਇਤ ਦਿੱਤੀ ਕਿ ਆਪਣੇ ਭਰਾ ਰਾਹੀਂ

ਸੌ ਜੈਕਟਾਂ ਖ਼ਰੀਦੇ। ਇਸ ਦੇ ਨਾਲ ਹੀ ਬੇਗ਼ਮ ਸ਼ਾਹਨਵਾਜ਼ ਨੂੰ ਕਿਹਾ ਗਿਆ ਆਪਣੀ ਬੇਟੀ, ਮਰਹੂਮ ਮਿਸ ਮੁਮਤਾਜ਼ ਸ਼ਾਹਨਿਵਾਜ਼ ਦੇ ਰਾਹੀਂ ਹੱਥਗੋਲੇ ਖ਼ਰੀਦੇ।"

ਹੋਰ ਸਵਾਲਾਂ ਦੇ ਜਵਾਬ ਵਿਚ ਗਵਾਹ ਨੇ ਬਿਆਨ ਦਿੱਤਾ ਕਿ "ਇਹ ਸੱਚ ਹੈ ਕਿ ਸਰਦਾਰ ਰਸ਼ੀਦ ਅਹਿਮਦ ਅਤੇ ਬੇਗ਼ਮ ਸ਼ਾਹਨਿਵਾਜ਼ ਦੇ ਦਾਮਾਦ ਨੂੰ ਵੀ ਹਦਾਇਤ ਕੀਤੀ ਗਈ ਕਿ ਉਹ ਹਥਿਆਰ ਅਤੇ ਗੋਲੀ-ਸਿੱਕਾ ਸਰਹੱਦੀ ਸੂਬੇ ਤੋਂ ਖ਼ਰੀਦੇ। ਇਨ੍ਹਾਂ ਨੂੰ ਵੰਡਣ ਲਈ ਇਥੇ ਲਿਆਂਦਾ ਜਾਵੇ। ਲੋੜ ਅਨੁਸਾਰ ਫ਼ੰਡ ਜੁਟਾਇਆ ਗਿਆ ਅਤੇ ਮਿਲਟਰੀ ਸਟੋਰ ਤੋਂ ਸੱਤ ਹਜ਼ਾਰ ਸਟੀਲ ਹੈਲਮੈਟਸ ਖ਼ਰੀਦੀਆਂ ਗਈਆਂ।" ਇਹ ਸਮਾਚਾਰ ਅਕਤੂਬਰ 22, 1949 ਦੇ 'ਡਾਨ' ਵਿਚ ਪ੍ਰਕਾਸ਼ਿਤ ਹੋਇਆ।

ਮਮਦੋਤ ਦਾ ਨਵਾਬ ਇਹ ਸਾਬਤ ਨਾ ਕਰ ਸਕਿਆ ਕਿ ਸੱਚਮੁੱਚ ਹੀ ਫ਼ੰਡ ਹਥਿਆਰ ਖ਼ਰੀਦ ਕੇ ਮੁਸਲਮਾਨਾਂ ਨੂੰ ਲੈਸ ਕਰਨ ਲਈ ਖ਼ਰਚੇ ਗਏ ਸਨ। ਉਸ ਨੂੰ ਫ਼ੰਡ ਦੀ ਦੁਰਵਰਤੋਂ ਦੇ ਅਪਰਾਧ ਤੋਂ ਮੁਕਤ ਕਰ ਦਿੱਤਾ ਗਿਆ।

ਜੂਨ 14, 1947 ਨੂੰ ਗਵਰਨਰ ਜਨਰਲ ਲਾਰਡ ਮਾਊਂਟਬੇਟਨ ਨੇ ਇਸ ਪ੍ਰਕਾਰ ਲਿਖਿਆ :

"ਏਥੇ ਅਸੀਂ ਸਿੱਖ ਦੇਸ਼ ਦੇ ਧੁਰ ਅੰਦਰ ਹਾਂ ਅਤੇ ਮਾਹੌਲ ਪੂਰੀ ਤਰ੍ਹਾਂ ਤਨਾਅ-ਭਰਪੂਰ ਅਤੇ ਡੂੰਘੀ ਸੋਚ ਵਾਲਾ ਹੈ। ਸਿੱਖ ਇਹ ਮਹਿਸੂਸ ਕਰਦੇ ਹਨ ਕਿ ਦੇਸ਼ ਦਾ ਬਟਵਾਰਾ, ਅਸਲ ਵਿਚ ਸਿੱਖ ਕੌਮ ਦਾ ਬਟਵਾਰਾ ਹੈ ਜਿਹੜਾ ਪੂਰੇ ਤੌਰ ਤੇ ਹੈ ਅਤੇ ਕਿਸੇ ਵੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ। ਉਹ ਇਹ ਸਮਝਦੇ ਹਨ ਕਿ ਮੁਸਲਮਾਨਾਂ ਦੀਆਂ ਅਕਾਂਖਿਆਵਾਂ ਅਤੇ ਹਿੰਦੂਆਂ ਦੇ ਅਵਸਰਵਾਦ ਲਈ ਉਨ੍ਹਾਂ ਦੀ ਕੁਰਬਾਨੀ ਦਿੱਤੀ ਜਾ ਰਹੀ ਹੈ। ਸੀਮਾ ਆਯੋਗ ਦਾ ਕਿਸੇ ਪ੍ਰਕਾਰ ਦਾ ਕ੍ਰਿਸ਼ਮਾ ਉਨ੍ਹਾਂ ਦੇ ਟੋਟੇ ਹੋ ਜਾਣ ਲਈ ਸਹਾਈ ਨਹੀਂ ਹੋ ਸਕਦਾ। ਉਨ੍ਹਾਂ ਦਾ ਪ੍ਰਤੀਕਰਮ ਵੀ ਇਸੇ ਅਨੁਕੂਲ ਹੈ ਅਤੇ ਉਨ੍ਹਾਂ ਦੇ ਨੇਤਾ ਰਾਜਸੀ ਖੇਤਰ ਵਿਚ ਦਾਅ-ਪੇਚ ਦਾ ਸ਼ਿਕਾਰ ਹੋ ਗਏ ਹਨ। ਉਹ ਪੁਰਾਤਨ ਢੰਗ-ਤਰੀਕੇ ਅਪਨਾ ਰਹੇ ਹਨ। ਹੁਣ ਸੱਤਾ ਮਾਸਟਰ ਤਾਰਾ ਸਿੰਘ ਜਿਹੇ ਜੋਸ਼ੀਲੇ ਅਤੇ ਕੁਝ ਨੌਜਵਾਨ ਆਈ.ਐਨ.ਏ. ਦੇ ਅਫ਼ਸਰਾਂ ਹੱਥ ਜਾ ਰਹੀ ਹੈ। ਅੱਗੋਂ ਦਾ ਸਾਡੇ ਅੱਗੇ ਮੌਸਮ ਹਨੇਰਾ ਅਤੇ ਤੂਫ਼ਾਨ ਵਰਗਾ ਹੈ।" (ਕੈਂਬਲ ਜਾਨਸਨ, ਮਿਸ਼ਨ ਵਿਚ ਮਾਊਂਟਬੇਟਨ, ਪੰਨਾ 1148)

ਇਹ ਸਪੱਸ਼ਟ ਹੋ ਗਿਆ ਸੀ ਕਿ ਜਿਉਂ ਹੀ ਦੇਸ਼ ਦੇ ਬਟਵਾਰੇ ਦੀ ਰੇਖਾ ਖਿੱਚੀ ਗਈ ਤਾਂ ਇਨ੍ਹਾਂ ਕੌਮਾਂ ਦੀਪ ਆਪਸ ਵਿਚ ਜੰਗ ਛਿੜ ਜਾਵੇਗੀ ਅਤੇ ਆਬਾਦੀ ਦਾ ਤਬਾਦਲਾ ਹੋ ਜਾਵੇਗਾ। ਇਸ ਸੰਬੰਧ ਵਿਚ ਗਿਆਨੀ ਕਰਤਾਰ ਸਿੰਘ ਨਾਲ ਹੋਈ ਮੁਲਾਕਾਤ ਬਾਰੇ ਸਰ ਏਵਨ ਜੈਨਕਿਨ ਦਾ ਲਾਰਡ ਮਾਊਂਟਬੇਟਨ ਦੇ ਨਾਮ ਲਿਖਿਆ ਜੁਲਾਈ 10, 1947 ਦਾ ਪੱਤਰ ਬਹੁਤ ਸਪੱਸ਼ਟ ਹੈ।

"ਗਿਆਨੀ ਜੀ ਸਿੱਖਾਂ ਦੇ ਵਤੀਰੇ ਬਾਰੇ ਬਹੁਤ ਸਪੱਸ਼ਟ ਅਤੇ ਮੂੰਹ-ਫੱਟ ਸਨ ਜੋ ਕੁਝ ਉਨ੍ਹਾਂ ਕਿਹਾ ਉਸ ਨਾਲ ਮੇਰੇ ਵਿਚਾਰਾਂ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਹ ਦੇਸ਼ ਅੰਦਰ ਹੱਲਾ-ਗੁੱਲਾ ਕਰਨਾ ਚਾਹੁੰਦੇ ਹਨ, ਜੇਕਰ ਸੀਮਾ ਆਯੋਗ ਦਾ ਨਿਰਣਾ ਉਨ੍ਹਾਂ ਦੇ ਅਨੁਸਾਰ ਨਾ ਹੋਇਆ ਅਤੇ ਜੇਕਰ ਨਿਰਣਾ ਹੋਣ ਤੋਂ ਪਹਿਲਾਂ ਹੀ ਪਾਕਿਸਤਾਨ ਅਤੇ ਭਾਰਤ ਦੀਆਂ ਸਰਕਾਰਾਂ ਦਾ ਗਠਨ ਹੋ ਗਿਆ।"

ਸਰ ਏਵਨ ਜੈਨਕਿਨ ਨੇ ਆਪਣੇ ਪੱਤਰ ਦੇ ਨਾਲ ਇਕ ਟਿੱਪਣੀ ਵੀ ਲਗਾਈ :

"ਅੱਜ ਗਿਆਨੀ ਕਰਤਾਰ ਸਿੰਘ ਮੈਨੂੰ ਮਿਲਣ ਵਾਸਤੇ ਆਏ। ਉਨ੍ਹਾਂ ਕਿਹਾ ਕਿ ਉਹ ਮੈਨੂੰ ਇੰਡੀਅਨ ਇੰਡੀਪੈਂਡੈਂਸ ਬਿੱਲ—ਭਾਰਤੀ ਸੁਤੰਤਰਤਾ ਬਿੱਲ ਅਤੇ ਸੀਮਾ ਆਯੋਗ ਦੇ

ਸੰਬੰਧ ਵਿਚ ਮਿਲਣ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਹੁਤ ਵੱਡੇ ਪੱਧਰ ਤੇ ਆਬਾਦੀ ਦਾ ਤਬਾਦਲਾ ਹੋਵੇਗਾ। ਕੀ ਅੰਗਰੇਜ਼ ਇਸ ਨੂੰ ਲਾਗੂ ਕਰਨ ਲਈ ਤਿਆਰ ਹਨ ? ਉਸ ਨੂੰ ਸ਼ੱਕ ਸੀ ਕਿ ਅਜਿਹਾ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਸਿੱਖਾਂ ਦੀ ਅਖੰਡਤਾ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਟੱਕਰ ਟਾਲੀ ਨਹੀਂ ਜਾ ਸਕੇਗੀ। ਸਾਲਾਂ-ਬੱਧੀ ਅੰਗਰੇਜ਼ ਇਹ ਕਹਿੰਦੇ ਆ ਰਹੇ ਹਨ ਕਿ ਉਹ ਘੱਟ-ਗਿਣਤੀਆਂ ਦੀ ਰਾਖੀ ਕਰਨਗੇ ਪਰ ਹੋਇਆ ਕੀ ਹੈ ? ਵਰਤਮਾਨ ਹਾਲਤ ਇਸ ਗੱਲ ਦਾ ਸਬੂਤ ਹੈ ਕਿ ਅੰਗਰੇਜ਼ਾਂ ਨੇ ਧੋਖਾ ਦਿੱਤਾ ਹੈ।

"ਮੇਰਾ ਉੱਤਰ ਸੀ ਕਿ ਮੈਂ ਭਲੀ ਪ੍ਰਕਾਰ ਸਮਝਦਾ ਹਾਂ ਕਿ ਸਿੱਖ ਅਸੰਤੁਸ਼ਟ ਹਨ ਪਰ ਜਦੋਂ ਵੀ ਕੋਈ ਦੇਸ਼ ਸੁਤੰਤਰ ਹੋਇਆ ਹੈ ਤਾਂ ਆਪਣੇ-ਆਪ ਨੂੰ ਸੁਰੱਖਿਅਤ ਸਮਝਣ ਵਾਲੀਆਂ ਜਮਾਤਾਂ ਕੁਝ ਡਾਵਾਂਡੋਲ ਹੋ ਜਾਂਦੀਆਂ ਹਨ ਅਤੇ ਕਸ਼ਟ ਉਠਾਉਂਦੀਆਂ ਹਨ। ਪਰ ਨਾਲ ਹੀ ਮੈਂ ਇਹ ਖ਼ਿਆਲ ਕੀਤਾ ਕਿ ਇਸ ਦੁਖਦਾਈ ਦਸ਼ਾ ਲਈ ਉਹ ਆਪ ਜ਼ਿੰਮੇਵਾਰ ਹਨ। ਗਿਆਨੀ ਜੀ ਨੇ ਆਪ ਹੀ ਬਟਵਾਰੇ ਦੀ ਪੇਸ਼ਕਸ਼ ਕੀਤੀ ਸੀ ਅਤੇ ਸਰਦਾਰ ਬਲਦੇਵ ਸਿੰਘ ਨੇ ਇਸ ਵਿਉਂਤ ਨੂੰ ਸਵੀਕਾਰ ਕੀਤਾ ਸੀ।

"ਗਿਆਨੀ ਜੀ ਨੇ ਅੱਗੋਂ ਕਿਹਾ ਕਿ ਕਿਸੇ ਵੱਲੋਂ ਵੀ ਕੇਵਲ ਆਬਾਦੀ ਦੇ ਆਧਾਰ ਤੇ ਬਟਵਾਰੇ ਦਾ ਖ਼ਿਆਲ ਨਹੀਂ ਕੀਤਾ ਗਿਆ। ਜਿਵੇਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣਾ ਇਲਾਕਾ ਮਿਲ ਗਿਆ ਹੈ, ਉਸੇ ਤਰ੍ਹਾਂ ਸਿੱਖ ਵੀ ਆਪਣੇ ਇਲਾਕੇ ਦੇ ਹੱਕਦਾਰ ਹਨ। ਨਨਕਾਣਾ ਸਾਹਿਬ ਦੇ ਗੁਰਧਾਮ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ, ਘੱਟ ਤੋਂ ਘੱਟ ਇਕ ਨਿਹੱਥੀ ਪ੍ਰਣਾਲੀ ਅਤੇ ਇਹ ਪ੍ਰਬੰਧ ਵੀ ਜ਼ਰੂਰ ਕੀਤਾ ਜਾਵੇ ਕਿ ਸਿੱਖਾਂ ਦੀ ਤਿੰਨ ਚੁਥਾਈ ਆਬਾਦੀ ਪੱਛਮ ਤੋਂ ਪੂਰਬੀ ਪੰਜਾਬ ਵਿਚ ਭੇਜੀ ਜਾਵੇ। ਮੁਸਲਮਾਨਾਂ ਨਾਲੋਂ ਸਿੱਖਾਂ ਦਾ ਜੀਵਨ ਪੱਧਰ ਉਚਾ ਹੈ, ਇਸ ਲਈ ਆਬਾਦੀ ਅਤੇ ਜਾਇਦਾਦ ਦੇ ਤਬਾਦਲੇ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਗਿਆਨੀ ਜੀ ਨੇ ਕਿਹਾ ਕਿ ਜਦੋਂ ਤਾਈਂ ਇਹ ਗੱਲ ਵਲਾਇਤ ਦੀ ਸਰਕਾਰ, ਵਾਇਸਰਾਏ ਅਤੇ ਪਾਰਟੀ ਦੇ ਨੇਤਾਵਾਂ ਨੇ ਸਵੀਕਾਰ ਨਾ ਕੀਤੀ ਕਿ ਸਿੱਖਾਂ ਦਾ ਮੁੱਦਾ ਅਹਿਮ ਸੀ, ਗੜਬੜ ਹੋ ਕੇ ਰਹੇਗੀ। ਉਨ੍ਹਾਂ ਨੂੰ ਟੱਕਰ ਲੈਣ ਲਈ ਮਜਬੂਰ ਹੋਣਾ ਪਵੇਗਾ। ਸਿੱਖ ਇਹ ਵੀ ਜਾਣਦੇ ਸਨ ਕਿ ਉਨ੍ਹਾਂ ਦੀ ਪੋਜ਼ੀਸ਼ਨ ਖ਼ਰਾਬ ਹੋਵੇ ਗੀ ਪਰ ਉਨ੍ਹਾਂ ਨੂੰ ਇਨਕਲਾਬੀ ਲੀਹਾਂ ਤੇ ਲੜਨਾ ਪਵੇਗਾ, ਅਫ਼ਸਰਾਂ ਦੀ ਹੱਤਿਆ ਕਰਨੀ ਪਵੇਗੀ, ਰੇਲਵੇ ਲਾਈਨਾਂ ਕੱਟਣੀਆਂ ਪੈਣਗੀਆਂ, ਨਹਿਰਾਂ ਦੇ ਹੈਡਵਰਕਸ ਆਦਿ ਤਬਾਹ ਕਰਨੇ ਪੈਣਗੇ।

"ਮੈਂ ਕਿਹਾ ਕਿ ਇਹ ਨੀਤੀ ਪਾਗਲਾਂ ਵਾਲੀ ਹੋਵੇਗੀ। ਜਿਸ ਬਾਰੇ ਗਿਆਨੀ ਜੀ ਦਾ ਉੱਤਰ ਸੀ ਕਿ ਜੇਕਰ ਬਰਤਾਨੀਆਂ ਤੇ ਹਮਲਾ ਹੋਇਆ ਤਾਂ ਨਿਰਸੰਦੇਹ ਮੇਰੇ ਅਹਿਸਾਸ ਵੀ ਉਸ ਜਿਹੇ ਹੀ ਹੋਣਗੇ। ਸਿੱਖਾਂ ਬਾਰੇ, ਉਨ੍ਹਾਂ ਦੇ ਦਰਮਿਆਨ ਮੁਸਲਮਾਨ ਕੁਝ ਨਰਮ ਅਤੇ ਸਮਝੌਤੇ ਵਾਲਾ ਵਤੀਰਾ ਅਪਨਾ ਰਹੇ ਹਨ। ਪਰ ਉਨ੍ਹਾਂ ਦਾ ਇਰਾਦਾ ਇਕ ਸ਼ਿਕਾਰੀ ਵਾਲਾ ਹੈ ਜਿਹੜਾ ਉਨ੍ਹਾਂ ਪੰਛੀਆਂ ਨੂੰ ਨਹੀਂ ਛੇੜਦਾ ਜਿਨ੍ਹਾਂ ਨੂੰ ਉਸ ਨੇ ਨਿਸ਼ਾਨਾ ਬਣਾਉਣਾ ਹੁੰਦਾ ਹੈ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਮੁਸਲਮਾਨਾਂ ਦਾ ਇਹ ਯਤਨ ਹੋਵੇਗਾ ਕਿ ਪੱਛਮੀ ਪੰਜਾਬ ਦੇ ਸਿੱਖ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਅੱਗੋਂ ਉਨ੍ਹਾਂ ਨਾਲ ਆਪੇ ਨਜਿੱਠ ਲੈਣਗੇ।"

ਸਰ ਏਵਨ ਜੈਨਕਿਨ ਨੇ ਆਪਣਾ ਪੱਤਰ ਇਸ ਪ੍ਰਕਾਰ ਸਮਾਪਤ ਕੀਤਾ :

"ਅਖੀਰ ਗਿਆਨੀ ਜੀ ਨੇ ਮੈਨੂੰ ਬੇਨਤੀ ਕੀਤੀ ਕਿ ਇਸ ਮਹਾਨ ਸੰਕਟ ਸਮੇਂ ਮੈਂ,

ਵੱਧ ਤੋਂ ਵੱਧ ਸਿੱਖਾਂ ਦੀ ਸਹਾਇਤਾ ਕਰਾਂ। ਉਨ੍ਹਾਂ ਮੈਨੂੰ ਕਿਹਾ ਕਿ ਮੈਂ ਅੱਛਾ ਨਹੀਂ ਸਮਝਾਂਗਾ ਕਿ ਪੰਜਾਬ ਨੂੰ ਹੰਝੂਆਂ ਦੇ ਹੜ੍ਹ ਵਿਚ ਛੱਡ ਕੇ ਜਾਵਾਂ। ਇਥੇ ਹੰਝੂ ਅਤੇ ਖੂਨ-ਖਰਾਬਾ ਹੋ ਸਕਦਾ ਹੈ ਜੇਕਰ ਸੀਮਾ ਦਾ ਸਮਾਧਾਨ ਠੀਕ ਤਰ੍ਹਾਂ ਨਾ ਹੋ ਸਕਿਆ। ਗਿਆਨੀ ਜੀ ਦਾ ਗੱਲ-ਬਾਤ ਦੇ ਦੌਰਾਨ ਵਤੀਰਾ ਯਥਾਰਥਕ ਅਤੇ ਸ਼ਾਂਤ ਸੀ। ਪਰ ਜਦੋਂ ਉਨ੍ਹਾਂ ਅਖੀਰ ਵਿਚ ਅਪੀਲ ਕੀਤੀ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਸਨ। ਇਹ ਇਕ ਪ੍ਰਕਾਰ ਦਾ ਅਲਟੀਮੇਟਮ ਸੀ। ਨਿਰ-ਸੰਦੇਹ ਉਹ ਭੰਬਲਭੂਸੇ ਵਿਚ ਹਨ ਅਤੇ ਨਾਖੁਸ਼ ਹਨ। ਮੈਨੂੰ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਜਿਸ ਤੋਂ ਇਹ ਖਿਆਲ ਕਰਾਂ ਕਿ ਉਹ ਆਪਣੀ ਪੁਆੜਾ ਪਾਉਣ ਵਾਲੀ ਹਾਲਤ ਛੱਡ ਚੁੱਕੇ ਹਨ ਜਿਹੜੀ ਇਕ ਸਦੀ ਤੋਂ ਉਨ੍ਹਾਂ ਦਾ ਅੰਗ ਬਣੀ ਰਹੀ ਹੈ।"

ਸਰ ਜੈਨਕਿਨ ਨੇ 13 ਜੁਲਾਈ ਨੂੰ ਮਾਊਂਟਬੇਟਨ ਦੇ ਨਾਂ ਇਕ ਹੋਰ ਪੱਤਰ ਲਿਖਿਆ ਜਿਸ ਵਿਚ ਉਸ ਹਾਲਾਤ ਦੇ ਖਤਰਨਾਕ ਹੋਣ ਬਾਰੇ ਚੇਤਾਵਨੀ ਦੁਹਰਾਈ। ਉਸ ਨੇ ਕਿਹਾ, "ਫਿਰਕੂ ਜੋਸ਼ ਭੜਕ ਉਠਿਆ ਹੈ। ਸਿੱਖਾਂ ਦਾ ਇਹ ਵਿਸ਼ਵਾਸ ਹੈ ਕਿ ਪੱਛਮੀ ਪੰਜਾਬ ਵਿਚ ਉਨ੍ਹਾਂ ਨੂੰ ਚੁਣ-ਚੁਣ ਕੇ ਕਤਲ ਕੀਤਾ ਜਾਵੇਗਾ ਅਤੇ ਪੂਰਬੀ ਪੰਜਾਬ ਵਿਚ ਆਮ ਹਿੰਦੂ ਅਤੇ ਕਾਂਗਰਸੀ ਉਨ੍ਹਾਂ ਲਈ ਸਾਹ ਲੈਣਾ ਔਖਾ ਕਰ ਦੇਣਗੇ। ਇਸ ਲਈ ਉਹ ਛੇਤੀ ਹੀ ਭੜਕ ਉਠਣ ਦਾ ਡਰਾਵਾ ਦੇ ਰਹੇ ਹਨ।"

ਸਮੱਸਿਆ ਦਾ ਨਿਪਟਾਰਾ ਕਰਨ ਲਈ 'ਪਾਰਟੀਸ਼ਨ ਕੌਂਸਲ ਬਟਵਾਰਾ ਪ੍ਰੀਸ਼ਦ' ਕਾਇਮ ਕੀਤੀ ਗਈ। ਮੇਜਰ ਜਨਰਲ ਰੀਸ ਦੇ ਅਧੀਨ ਵਿਚ ਇਕ ਬਾਊਂਡਰੀ ਫ਼ੋਰਸ—ਸੀਮਾ ਬਲ, ਜਿਸ ਦੀ ਸਹਾਇਤਾ ਲਈ ਬ੍ਰਿਗੇਡੀਅਰ ਦਿਗੰਬਰ ਸਿੰਘ ਬਰਾੜ ਅਤੇ ਕਰਨਲ ਅਯੂਬ ਖ਼ਾਨ (ਉਪਰੰਤ ਪਾਕਿਸਤਾਨ ਦਾ ਰਾਸ਼ਟਰਪਤੀ), ਅਤੇ ਢਾਈ ਡਵੀਜ਼ਨਾ ਸਹਿਤ ਸਿਆਲਕੋਟ, ਲਾਇਲਪੁਰ, ਮਿੰਟਗੁਮਰੀ, ਲਾਹੌਰ, ਫ਼ਿਰੋਜ਼ਪੁਰ ਅਤੇ ਲੁਧਿਆਣਾ ਦੇ ਜ਼ਿਲ੍ਹਿਆਂ ਦੀ ਆਬਾਦੀ ਦੇ ਅਦਲਾ-ਬਦਲੀ ਦੇ ਆਉਣ-ਜਾਣ ਬਾਰੇ ਨਿਯੰਤਰਣ ਦੀ ਜ਼ਿੰਮੇਵਾਰੀ ਸੌਂਪੀ ਗਈ।

ਅਗਸਤ 15, 1947 ਨੂੰ ਜਦੋਂ ਭਾਰਤ ਸੁਤੰਤਰਤਾ ਦਾ ਜਸ਼ਨ ਮਨਾ ਰਿਹਾ ਸੀ ਤਾਂ ਦਸ ਮਿਲੀਅਨ ਪੰਜਾਬੀ ਇਕ-ਦੂਜੇ ਦਾ ਗਲਾ ਵੱਢਣ ਤੇ ਤੁਲੇ ਹੋਏ ਸਨ। ਪੂਰਬੀ ਪੰਜਾਬ ਵਿਚ ਮੁਸਲਮਾਨ ਪੁਲਿਸ ਨਿਹੱਥੀ ਕਰ ਦਿੱਤੀ ਗਈ ਅਤੇ ਮੁਸਲਮਾਨ ਸਿੱਖਾਂ ਦੇ ਜੱਥਿਆਂ ਅਤੇ ਆਰ.ਐਸ.ਐਸ. ਦੇ ਤਰਸ 'ਤੇ ਰਹਿ ਗਏ। ਸਿੱਖਾਂ ਵੱਲੋਂ ਕੀਤੀ ਜਾ ਰਹੀ ਹੱਤਿਆ ਸਤੰਬਰ 1947 ਵਿਚ ਆਪਣੇ ਸਿਖਰ ਤੇ ਸੀ। ਲਾਰਡ ਮਾਊਂਟਬੇਟਨ ਨੇ ਸਿੱਖਾਂ ਦੇ ਉਦੇਸ਼ ਬਾਰੇ ਪੁੱਛ ਕੀਤੀ ਕਿ "ਕੀ ਉਨ੍ਹਾਂ ਦਾ ਦਾ ਨਿਸ਼ਾਨਾ ਸਿੱਖ ਸਟੇਟ ਦਾ ਸੀ ?" ਤਾਂ ਸ੍ਰੀ ਵੀ.ਪੀ. ਮੇਨਨ ਨੇ ਉੱਤਰ ਨਾਂਹ ਵਿਚ ਦਿੱਤਾ। ਸਿਆਸੀ ਤੌਰ ਤੇ ਉਹ ਸਭ ਕੁਝ ਗੁਆ ਬੈਠੇ ਹਨ। ਜਲੰਧਰ ਡਵੀਜ਼ਨ ਵੀ ਪੂਰਾ ਨਹੀਂ ਮਿਲਿਆ। ਬਸ ਉਹ ਤਾਂ ਕੇਵਲ ਬਦਲਾ ਲੈਣ ਦੀ ਭਾਵਨਾ ਰੱਖਦੇ ਸਨ।

ਸੀਮਾ ਬਲ ਦੇ ਜਨਰਲ ਰੀਸ ਨੇ ਇਸ ਪ੍ਰਕਾਰ ਰਿਪੋਰਟ ਦਿੱਤੀ :

"ਜੱਥਿਆਂ ਦੀ ਸ਼ਕਤੀ ਕਈ ਪ੍ਰਕਾਰ ਦੀ ਸੀ। 20 ਤੋਂ 30 ਦੇ ਸਨ ਅਤੇ 5 ਸੌ ਤੋਂ 6 ਸੌ ਤਕ ਅਤੇ ਵੱਧ ਦੇ ਵੀ ਸਨ। ਜਿਥੇ ਸੀਮਿਤ ਮੁਹਿੰਮ ਸੀ, ਉਥੇ ਜੱਥੇ ਦੀ ਗਿਣਤੀ ਉਨੀ ਹੀ ਰਹੀ ਜਿੰਨੀ ਪਹਿਲਾਂ ਨਿਰਧਾਰਤ ਕੀਤੀ ਗਈ ਸੀ। ਪਰ ਜੇਕਰ ਆਪਰੇਸ਼ਨ ਕਿਸੇ ਪਿੰਡ ਤੇ ਹਮਲਾ ਕਰਨ ਦਾ ਸੀ ਜਾਂ ਕਾਨਵਾਈ ਜਾਂ ਗੱਡੀ ਲੁੱਟਣ ਦਾ ਸੀ, ਤਾਂ ਸਥਾਨਕ ਪਿੰਡਾਂ ਦੇ ਲੋਕ ਵੀ ਨਾਲ ਮਿਲ ਜਾਂਦੇ ਅਤੇ ਹਥਿਆਰਾਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋ ਜਾਂਦਾ।

ਉਨ੍ਹਾਂ ਦੇ ਮੰਨੇ-ਪਰਮੰਨੇ ਨੇਤਾ ਸਨ, ਮੁੱਖ ਅੱਡੇ ਸਨ ਜਿਨ੍ਹਾਂ ਦੇ ਸਥਾਨ ਅਕਸਰ ਬਦਲਦੇ ਰਹਿੰਦੇ ਅਤੇ ਸੰਦੇਸ਼ਵਾਹਕ ਸਨ ਜਿਹੜੇ ਪੈਦਲ, ਘੋੜਿਆਂ ਅਤੇ ਰੇਲ-ਗੱਡੀਆਂ ਤਕ ਦੀ ਵਰਤੋਂ ਕਰ ਲੈਂਦੇ ਸਨ। ਪਿੰਡਾਂ ਤੇ ਹਮਲਾ ਕਰਨ ਦੇ ਇਲਾਵਾ ਆਮ ਢੰਗ-ਤਰੀਕਾ ਘਾਤ ਲਾ ਕੇ ਹੱਲਾ ਬੋਲਣ ਦਾ ਸੀ। ਕਾਨਵਾਈਆਂ ਅਤੇ ਰੇਲ-ਗੱਡੀਆਂ ਦੀ ਆਵਾਜਾਈ ਬਾਰੇ ਸੂਚਨਾ ਪ੍ਰਾਪਤ ਕਰਨੀ ਸੌਖੀ ਸੀ। ਫ਼ਸਲਾਂ ਉਚੀਆਂ ਹੋਣ ਕਾਰਨ, ਸ਼ਰਨਾਰਥੀਆਂ ਦੇ ਦਸਤਿਆਂ ਤੇ ਘਾਤ ਲਾ ਕੇ ਹਮਲਾ ਕਰਨਾ ਬਿਲਕੁਲ ਸੌਖਾ ਸੀ। ਹਮਲਾ ਕਰਨ ਵਾਲੇ ਅਖ਼ੀਰ ਤਕ ਛਿਪੇ ਰਹਿੰਦੇ ਅਤੇ ਫਿਰ ਇਕਦਮ ਟੁੱਟ ਪੈਂਦੇ। ਆਮ ਤੌਰ ਤੇ ਇਹ ਉੱਤਰ-ਪੱਛਮੀ ਸੀਮਾ ਜਿਹਾ ਅਮਲ ਸੀ। ਇਹ ਉਲਟੇ ਪਾਸਿਓਂ ਹੁੰਦਾ ਜਿਥੇ ਹਤਿਆਰੇ ਛੁਪ ਕੇ ਉਡੀਕ ਕਰ ਰਹੇ ਹੁੰਦੇ। ਭਾਵੇਂ ਰਾਖੀ ਕਰਨ ਵਾਲੇ ਸ਼ਰਨਾਰਥੀਆਂ ਨੂੰ ਇਕੱਠੇ ਚਲਦੇ ਰਹਿਣ ਲਈ ਬਹੁਤ ਯਤਨ ਕਰਦੇ ਤਾਂ ਵੀ ਡਰ ਦੇ ਮਾਰੇ ਸ਼ਰਨਾਰਥੀਆਂ ਵਿਚ ਭਗਦੜ ਮੱਚ ਜਾਂਦੀ ਸੀ। ਤਲਵਾਰਾਂ ਅਤੇ ਬਰਛੇ ਵਾਲੇ ਗਰੁੱਪਾਂ ਨੂੰ ਉਨ੍ਹਾਂ ਉਤੇ ਟੁੱਟ ਪੈਣ ਦਾ ਮੌਕਾ ਮਿਲ ਜਾਂਦਾ। ਜਦੋਂ ਹਮਲੇ ਦਾ ਸ਼ਿਕਾਰ ਬਣੇ ਲੋਕ ਅਤੇ ਹਮਲਾ ਕਰਨ ਵਾਲੇ ਲੋਕ ਇਕ-ਦੂਜੇ ਵਿਚ ਰਲ-ਮਿਲ ਜਾਂਦੇ ਤਾਂ ਰਾਹ ਵਿਚ ਰਾਖੀ ਕਰਨ ਵਾਲਿਆਂ ਲਈ ਨਿਖੇੜਾ ਕਰਨਾ ਔਖਾ ਹੋ ਜਾਂਦਾ ਅਤੇ ਉਹ ਆਪਣੀ ਜ਼ਿੰਮੇਵਾਰੀ ਨਾ ਨਿਭਾ ਸਕਦੇ।

ਪਾਕਿਸਤਾਨ ਅਤੇ ਭਾਰਤ ਦੇ ਦੋਵੇਂ ਪਾਸਿਆਂ ਤੇ ਅਤਿ ਦੇ ਜ਼ੁਲਮ ਢਾਏ ਗਏ। ਪੈਦਲ ਚੱਲ ਰਹੇ ਸ਼ਰਨਾਰਥੀਆਂ ਦੀ ਹੱਤਿਆ ਅਜਿਹੀ ਕੀਤੀ ਗਈ ਕਿ ਲੋਥਾਂ ਨਾਲ ਸੜਕਾਂ ਰੁਕ ਗਈਆਂ। ਗੱਡੀਆਂ ਦੇ ਮੁਸਾਫ਼ਰਾਂ ਦੀ ਹੱਤਿਆ ਕੀਤੀ ਗਈ ਅਤੇ ਲਾਸ਼ਾਂ ਨਾਲ ਲੱਦੇ ਡੱਬੇ ਏਧਰ ਆਉਂਦੇ ਅਤੇ ਏਧਰੋਂ ਓਧਰ ਜਾਂਦੇ। ਬੁੱਢਿਆਂ, ਬਿਮਾਰਾਂ, ਅਤੇ ਬੱਚਿਆਂ ਪ੍ਰਤੀ ਵੀ ਕੋਈ ਦਇਆ ਨਹੀਂ ਦਿਖਾਈ ਗਈ। ਮੁਟਿਆਰਾਂ ਨੂੰ ਕੁਝ ਨਾ ਕਿਹਾ ਜਾਂਦਾ। ਪਰ ਅੱਗੋਂ ਉਨ੍ਹਾਂ ਦੀ ਬੇਪਤੀ ਅਤੇ ਹੱਤਿਆ ਕਰ ਦਿੱਤੀ ਜਾਂਦੀ। ਵਿਸ਼ਵ ਭਰ ਦੇ ਇਤਿਹਾਸ ਵਿਚ ਆਬਾਦੀ ਦੀ ਅਦਲਾ-ਬਦਲੀ ਨਾਲ ਏਨਾ ਖ਼ੂਨ-ਖ਼ਰਾਬਾ ਕਦੇ ਨਾ ਹੋਇਆ। ਪੰਜਾਬ ਦੇ ਦੰਗੇ-ਫ਼ਸਾਦਾਂ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਪਹਿਲਾਂ ਦੋ ਲੱਖ ਤੋਂ ਉਪਰ ਦੱਸੀ ਜਾਂਦੀ ਸੀ। ਪਰ ਪੈਂਦਰੇਲ ਮੂਨ ਅਤੇ ਪੱਛਮੀ ਪੰਜਾਬ ਦੇ ਰਾਜਪਾਲ ਸਰ ਫ਼ਰਾਂਸਿਸ ਮੂਡੀ ਅਨੁਸਾਰ ਬਹਾਵਲਪੁਰ ਅਤੇ ਉਸ ਦੇ ਨਾਲ ਲਗਦੇ ਜ਼ਿਲ੍ਹਿਆਂ ਵਿਚ ਅਤੇ ਪੂਰਬੀ ਪੰਜਾਬ ਵਿਚ 60,000 ਦੇ ਲਗਭਗ ਦੋਵੇਂ ਪਾਸੇ ਮਾਰੇ ਗਏ। ਪੂਰਬੀ ਪੰਜਾਬ ਵਿਚ ਕੁਝ ਥੋੜ੍ਹੇ ਵੱਧ ਹੋਣਗੇ।

ਧਰਤੀ ਤੇ ਖ਼ੂਨ ਦੀਆਂ ਨਦੀਆਂ ਅਤੇ ਲਾਸ਼ਾਂ ਦੇ ਢੇਰ ਸਨ। ਅੰਬਰ ਤੋਂ ਮੋਹਲੇਧਾਰ ਵਰਖਾ ਹੋਣ ਲੱਗ ਪਈ। ਜਦੋਂ ਮਾਨਸੂਨ ਦੀਆਂ ਝੜੀਆਂ ਲੱਗੀਆਂ ਤਾਂ ਹੜ੍ਹਾਂ ਵਿਚ ਸੜਕਾਂ ਡੁੱਬ ਗਈਆਂ, ਪੁਲ ਬਹਿ ਗਏ, ਰੇਲ ਦੀਆਂ ਪਟੜੀਆਂ ਰੁੜ੍ਹ ਗਈਆਂ। ਸ਼ਰਨਾਰਥੀ ਕੈਂਪਾਂ ਵਿਚ ਹੈਜ਼ਾ ਫੈਲ ਗਿਆ। ਧਰਤੀ ਮਾਤਾ ਦਾ ਲਹੂ-ਲਿਬੜਿਆ ਚੇਹਰਾ ਅੰਬਰ ਦੀ ਵਰਖਾ ਦੇ ਜਲ ਨਾਲ ਧੋਤਾ ਗਿਆ।

ਉਜਾੜਾ ਅਤੇ ਪੂਰਬੀ ਪੰਜਾਬ ਵਿਚ ਮੁੜ ਵਸੇਬਾ

1946-47 ਦੀ ਸਿਆਲ ਦੀ ਰੁੱਤ ਵਿਚ ਉੱਤਰ-ਪੱਛਮੀ ਸੀਮਾ ਸੂਬੇ ਤੋਂ ਸਿੱਖ ਸ਼ਰਨਾਰਥੀ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿਚ ਆਉਣੇ ਆਰੰਭ ਹੋ ਗਏ। ਮਾਰਚ 1947 ਦੀ ਹੱਤਿਆ ਦੇ ਦੂਜੇ ਹੱਲੇ ਨੇ ਇਹ ਦਰਸਾ ਦਿੱਤਾ ਕਿ ਲਾਹੌਰ ਅਤੇ ਅੰਮ੍ਰਿਤਸਰ ਜਿਹੇ ਸ਼ਹਿਰਾਂ ਵਿਚ ਮੁਸਲਮਾਨ ਠੱਗ ਹਿੰਦੂ ਜਾਂ ਸਿੱਖ ਸ਼ਰਨਾਰਥੀਆਂ ਤੇ ਭਾਰੂ ਸਨ। ਸ਼ਰਨਾਰਥੀਆਂ ਦੇ ਟੋਲੇ ਦੱਖਣ

ਵੱਲ ਉਨ੍ਹਾਂ ਜ਼ਿਲ੍ਹਿਆਂ ਵਿਚ ਜਾ ਰਹੇ ਸਨ ਜਿਥੇ ਉਨ੍ਹਾਂ ਦੇ ਧਰਮ ਦੇ ਸਾਥੀ ਸੁਰੱਖਿਆ ਦਾ ਭਰੋਸਾ ਦੇ ਰਹੇ ਸਨ।

ਅਗਸਤ ਵਿਚ ਦੰਗੇ, ਘਰੇਲੂ ਜੰਗ ਦਾ ਰੂਪ ਧਾਰ ਗਏ ਤਾਂ ਲੋਕਾਂ ਨੇ ਬੋਰੀਆ-ਬਿਸਤਰਾ ਬੰਨ੍ਹ ਲਿਆ ਅਤੇ ਆਪਣੇ ਨੇਤਾਵਾਂ ਦੀਆਂ ਹਦਾਇਤਾਂ ਦੀ ਉਡੀਕ ਕਰਨ ਲੱਗੇ ਕਿ ਅੱਗੋਂ ਕਿਹੜਾ ਕਦਮ ਉਠਾਉਣਾ ਹੈ। ਬਟਵਾਰੇ ਦੀ ਯੋਜਨਾ ਦੇ ਕਰਤਾ-ਧਰਤਾ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਪਹਿਲੇ ਪੱਛਮੀ ਪੰਜਾਬ ਦੇ ਸਿੱਖਾਂ ਨੂੰ ਆਪਣੇ ਥਾਵਾਂ 'ਤੇ ਟਿਕੇ ਰਹਿਣ ਲਈ ਜ਼ੋਰ ਦਿੱਤਾ ਅਤੇ ਨਾਲੇ ਕਿਹਾ ਕਿ ਪਾਕਿਸਤਾਨ ਨਾਲ ਆਪਣੀਆਂ ਸ਼ਰਤਾਂ ਦਾ ਨਿਰਣਾ ਕਰ ਲੈਣ। ਇਸੇ ਪ੍ਰਕਾਰ ਦੀਆ ਅਪੀਲਾਂ ਮਹਾਤਮਾ ਗਾਂਧੀ ਨੇ ਪੂਰਬੀ ਪੰਜਾਬ ਦੇ ਮੁਸਲਮਾਨਾਂ ਨਾਲ ਕੀਤੀਆਂ ਕਿ ਉਹ ਭਾਰਤ ਵਿਚ ਹੀ ਰਹਿਣ। ਪਰ ਨਫ਼ਰਤ ਦਾ ਅਜਿਹਾ ਝੱਖੜ ਝੁੱਲਿਆ ਜਿਸ ਨੇ ਸੂਬੇ ਦੇ ਪਾਕਿਸਤਾਨ ਦੇ ਹਿੰਦੂ-ਸਿੱਖਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਇਲਾਕਾ ਛੱਡ ਕੇ ਭਾਰਤ ਚਲੇ ਜਾਣ ਅਤੇ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਦੀ ਪਨਾਹ ਲਈ ਦੋਹਾਂ ਪਾਸਿਆ ਤੋਂ ਉਜਾੜਾ ਸ਼ੁਰੂ ਹੋ ਗਿਆ।

ਇਸ ਸੰਬੰਧ ਵਿਚ ਸ੍ਰੀ ਜੀ. ਡੀ. ਖੋਸਲਾ ਦੀ ਪੁਸਤਕ ਵਿਚ ਹਵਾਲਾ ਹੈ ਕਿ ਪੱਛਮੀ ਪੰਜਾਬ—ਪਾਕਿਸਤਾਨ ਦੇ ਗਵਰਨਰ ਸਰ ਫ਼ਰਾਂਸਿਸ ਮੂਡੀ ਨੇ ਸਤੰਬਰ 5, 1947 ਨੂੰ ਮਿਸਟਰ ਜਿਨਾਹ ਨੂੰ ਲਾਇਲਪੁਰ ਦੀਆ ਕਾਲੋਨੀਆਂ ਵਿਚ ਸਿੱਖਾਂ ਨੂੰ ਉਠਾਏ ਜਾਣ ਬਾਰੇ ਇੱਛਾ ਪ੍ਰਗਟ ਕੀਤੀ : "ਮੈਂ ਹਰ ਇਕ ਨੂੰ ਦੱਸ ਰਿਹਾ ਹਾਂ ਕਿ ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਸਿੱਖ ਸੀਮਾ ਕਿਵੇਂ ਪਾਰ ਕਰਦੇ ਹਨ? ਵੱਡੀ ਗੱਲ ਤਾਂ ਇਹ ਕਿ ਜਿੰਨੀ ਛੇਤੀ ਸੰਭਵ ਹੋਵੇ, ਉਨ੍ਹਾਂ ਪਾਸੋਂ ਛੁਟਕਾਰਾ ਪਾਇਆ ਜਾਵੇ। ਲਾਇਲਪੁਰ ਦੇ ਇਲਾਕੇ ਵਿਚ ਤਿੰਨ ਲੱਖ ਸਿੱਖ ਹਨ, ਪਰ ਕੋਈ ਵੀ ਹਿੱਲ ਨਹੀਂ ਰਿਹਾ। ਪਰ ਅਖੀਰ ਉਨ੍ਹਾਂ ਨੂੰ ਜਾਣਾ ਜ਼ਰੂਰ ਪਵੇਗਾ।"

ਸੰਤਬਰ ਦੇ ਪਹਿਲੇ ਹਫ਼ਤੇ ਵਿਚ ਮਿਲਟਰੀ ਅਵੈਕੁਏਸ਼ਨ ਆਰਗੇਨਾਈਜ਼ੇਸ਼ਨ ਦਾ ਗਠਨ ਕੀਤਾ ਗਿਆ। ਪਾਕਿਸਤਾਨੀ ਪੰਜਾਬ ਤੋਂ ਭਾਰਤ ਦੇ ਪੰਜਾਬ ਵਿਚ ਆਉਣ ਲਈ ਚਾਰ ਮੁੱਖ ਰਾਹ ਸਨ : ਨਾਰੋਵਾਲ—ਡੇਰਾ ਬਾਬਾ ਨਾਨਕ; ਲਾਹੌਰ—ਅੰਮ੍ਰਿਤਸਰ, ਕਸੂਰ—ਫ਼ਿਰੋਜ਼ਪੁਰ ਅਤੇ ਮਿੰਟਗੁਮਰੀ—ਫ਼ਾਜ਼ਿਲਕਾ। ਐਮ.ਈ.ਓ. ਅਤੇ ਸੀਮਾ ਬਲ ਨੇ ਯਤਨ ਕੀਤੇ ਕਿ ਵਿਰੋਧੀ ਦਿਸ਼ਾਵਾਂ ਤੋਂ ਆਉਂਦੀਆਂ ਕਾਨਵਾਈਆਂ ਵਿਚ ਘੱਟ ਤੋਂ ਘੱਟ ਟੱਕਰ ਹੋਵੇ। ਉਨ੍ਹਾਂ ਟੋਲਿਆਂ ਨਾਲ ਲੜਿਆ ਜਾਵੇ ਜਿਹੜੇ ਸ਼ਿਕਾਰੀ ਵਾਂਗ ਉਨ੍ਹਾਂ ਤੇ ਟੁੱਟ ਕੇ ਪੈਂਦੇ ਹਨ। ਭਾਰਤ ਸਰਕਾਰ ਨੇ ਗ਼ੈਰ-ਮੁਸਲਿਮ ਸ਼ਰਨਾਰਥੀਆਂ ਲਈ ਕੈਂਪ ਲਗਵਾਏ ਪਰ ਬਹੁਤ ਵੱਡਾ ਸ਼ਰਨਾਰਥੀ ਕੈਂਪ ਕੁਰੁਕਸ਼ੇਤਰ ਵਿਚ ਸੀ। ਅਕਤੂਬਰ 1947 ਵਿਚ ਪੱਛਮੀ ਪੰਜਾਬ ਤੋਂ ਆਏ ਸ਼ਰਨਥੀਆਂ ਦੀ ਆਬਾਦੀ 7,20,000 ਤੋਂ ਵੱਧ ਸੀ।

ਨਵੀਆਂ ਸਰਕਾਰਾਂ ਨੂੰ ਸਮੱਸਿਆ ਦੀ ਸਹੀ ਸੋਝੀ ਨਹੀਂ ਸੀ। ਕੀ ਇਹ ਪਰਵਾਸ ਸਥਾਈ ਰੂਪ ਵਿਚ ਸੀ। ਅਜਿਹੀ ਗ਼ੈਰ-ਯਕੀਨੀ ਦੀ ਹਾਲਤ ਵਿਚ ਭਾਰਤੀ ਅਧਿਕਾਰੀਆਂ ਨੇ ਮੁੜ ਵਸੇਬੇ ਦੇ ਕਾਰਜ ਨੂੰ ਸ਼ਲਾਘਾਯੋਗ ਢੰਗ ਨਾਲ ਨਿਪਟਾਇਆ। 8,000 ਪਟਵਾਰੀਆਂ ਅਤੇ ਦੇਹਾਤੀ ਅਫ਼ਸਰਾਂ ਨਾਲ ਜਲੰਧਰ ਵਿਖੇ ਵਿਭਾਗ ਕਾਇਮ ਕੀਤਾ ਗਿਆ। ਇਸ ਸਮੱਸਿਆ ਦੇ ਹੱਲ ਕਰਨ ਲਈ ਸਰਦਾਰ ਤਰਲੋਕ ਸਿੰਘ ਅਤੇ ਸਰਦਾਰ ਮਹਿੰਦਰ ਸਿੰਘ ਰੰਧਾਵਾ ਜਿਹੇ ਦੋ ਸ਼ਹਿਰੀ ਅਫ਼ਸਰਾਂ ਨੂੰ ਨਿਯੁਕਤ ਕੀਤਾ ਗਿਆ। ਸਰਦਾਰ ਤਰਲੋਕ ਸਿੰਘ ਨੇ ਅੱਗੋਂ ਅਪਨਾਈ ਜਾਣ ਵਾਲੀ ਭੂਮੀ ਤੇ ਮੁੜ ਵਸੇਬੇ ਦੀ ਨੀਤੀ ਦੀ ਰੂਪ-ਰੇਖਾ ਉਲੀਕੀ। ਸਰਕਾਰ

ਨੇ ਮੁਸਲਮਾਨਾਂ ਦੀ ਨਿਕਾਸੀ ਭੂਮੀ ਅਤੇ ਘਰਾਂ ਦਾ ਜਾਇਜ਼ਾ ਲਿਆ। ਸੀਮਾ ਪਾਰ ਕਰਨ ਵਾਲੇ ਹਿੰਦੂ ਅਤੇ ਸਿੱਖ ਸ਼ਰਨਾਰਥੀਆਂ ਨੂੰ ਅਤੇ ਨਾਲ ਹੀ ਕੈਂਪਾਂ ਵਿਚ ਰਹਿ ਰਹੇ ਸ਼ਰਨਾਰਥੀਆਂ ਨੂੰ ਨਿਰਧਾਰਤ ਸ਼ਹਿਰਾਂ ਅਤੇ ਪਿੰਡਾਂ ਵਿਚ ਜਾਣ ਦੀ ਹਦਾਇਤ ਕੀਤੀ ਗਈ। ਇਸ ਗੱਲ ਵੱਲ ਧਿਆਨ ਨਾ ਦਿੰਦੇ ਹੋਏ ਕਿ ਕੋਈ ਕੀ ਪਾਕਿਸਤਾਨ ਵਿਚ ਛੱਡ ਆਇਆ ਹੈ, ਹਰੇਕ ਪਰਿਵਾਰ ਨੂੰ 'ਹਲ-ਇਕਾਈ' ਭਾਵ ਦਸ ਏਕੜ ਭੂਮੀ ਆਰਜ਼ੀ ਤੌਰ 'ਤੇ ਅਲਾਟ ਕੀਤੀ ਗਈ। ਇਸ ਦੇ ਨਾਲ ਹੀ ਕਰਜ਼ਾ ਵੀ ਦਿੱਤਾ ਗਿਆ ਤਾਂ ਜੋ ਬੀਜ ਅਤੇ ਖੇਤੀਬਾੜੀ ਦੇ ਉਪਕਰਨ ਖ਼ਰੀਦੇ ਜਾ ਸਕਣ।

ਜਦੋਂ ਤਾਈਂ ਸਰਦੀਆਂ ਦੀ ਫ਼ਸਲ ਕੱਟ ਕੇ ਇਕੱਠੀ ਕੀਤੀ ਗਈ ਤਾਂ ਇਹ ਸਪੱਸ਼ਟ ਹੋ ਗਿਆ ਕਿ ਪਰਵਾਸ ਇਕ ਪ੍ਰਕਾਰ ਦਾ ਆਬਾਦੀ ਦਾ ਪੱਕਾ ਤਬਾਦਲਾ ਸੀ। ਆਰਜ਼ੀ ਅਲਾਟਮੈਂਟ ਨੂੰ ਸਥਾਈ ਰੂਪ ਦੇ ਦਿੱਤਾ ਗਿਆ ਅਤੇ ਸ਼ਰਨਾਰਥੀਆਂ ਨੂੰ ਉਸ ਸੰਪਤੀ ਵਜੋਂ ਮੁਆਵਜ਼ਾ ਦਿੱਤਾ ਗਿਆ ਜੋ ਕੁਝ ਮੁਸਲਮਾਨ ਪਿੱਛੇ ਛੱਡ ਕੇ ਗਏ ਸਨ। ਇਹ ਕੰਮ ਕੋਈ ਸੌਖਾ ਨਹੀਂ ਸੀ। ਕਾਰਨ ਇਹ ਕਿ ਜਿਹੜੇ ਸ਼ਰਨਾਰਥੀ ਪੱਛਮੀ ਪੰਜਾਬ ਅਤੇ ਉੱਤਰ-ਪੱਛਮੀ ਸੀਮਾ ਸੂਬੇ ਤੋਂ ਆਏ ਸਨ, ਉਨ੍ਹਾਂ ਦੀ ਗਿਣਤੀ ਪੂਰਬੀ ਪੰਜਾਬ ਤੋਂ ਗਏ ਮੁਸਲਮਾਨਾਂ ਨਾਲੋਂ ਬਹੁਤ ਵੱਧ ਸੀ। 42,86,755 ਦੇ ਮੁਕਾਬਲੇ 43,51,477। ਇਸ ਤੋਂ ਇਲਾਵਾ ਜਿਹੜੀ ਭੂਮੀ ਮੁਸਲਮਾਨ ਪਿੱਛੇ ਛੱਡ ਕੇ ਗਏ ਸਨ ਉਹ ਸੰਖਿਆ ਅਤੇ ਗੁਣਾਤਮਕ ਦ੍ਰਿਸ਼ਟੀਕੋਣ ਤੋਂ ਬਹੁਤ ਜ਼ਿਆਦਾ ਅੰਤਰ ਵਾਲੀ ਸੀ। ਹਿੰਦੂ ਅਤੇ ਸਿੱਖ ਉੱਤਮ ਪ੍ਰਕਾਰ ਦੀ 67 ਲੱਖ ਏਕੜ ਭੂਮੀ ਪਿੱਛੇ ਛੱਡ ਕੇ ਆਏ ਸਨ। ਪੂਰਬੀ ਪੰਜਾਬ ਦੇ ਮੁਸਲਮਾਨ 67 ਲੱਖ ਏਕੜ ਭੂਮੀ ਜਿਹੜੀ ਪਿੱਛੇ ਛੱਡ ਕੇ ਗਏ, ਉਹ ਘਟੀਆ ਪ੍ਰਕਾਰ ਦੀ ਸੀ। ਇਸ ਸਮੱਸਿਆ ਵਿਚ ਇਕ ਹੋਰ ਉਲਝਣ ਸੀ ਕਿ ਜਿਹੜੀ ਮੁਸਲਮਾਨਾਂ ਦੀ ਮਾਲਕੀ ਵਾਲੀ ਭੂਮੀ ਕਰਨਾਲ ਜਿਹੇ ਜ਼ਿਲ੍ਹਿਆਂ ਵਿਚ ਸੀ, ਉਹ ਹਿੰਦੂ ਮੁਜ਼ਾਰਿਆਂ ਪਾਸ ਸੀ ਅਤੇ ਉਹ ਅਜਿਹੀ ਭੂਮੀ ਸ਼ਰਨਾਰਥੀਆਂ ਨੂੰ ਕਾਸ਼ਤ ਲਈ ਦੇਣ ਤੋਂ ਕਤਰਾਉਂਦੇ ਸਨ।

ਸਰਦਾਰ ਤਰਲੋਕ ਸਿੰਘ ਨੇ ਸਥਾਈ ਮੁੜ ਵਸੇਬੇ ਲਈ ਵਿਸ਼ਾਲ ਸਕੀਮ ਤਿਆਰ ਕੀਤੀ। ਚੂੰਕਿ ਭੂਮੀ ਦੀ ਉਪਜਾਊ ਸ਼ਕਤੀ ਵਿਚ ਅੰਤਰ ਸੀ, ਇਸ ਲਈ ਉਸ ਨੇ ਮੁਆਵਜ਼ੇ ਦੀ ਦਰ ਨਿਰਧਾਰਤ ਕਰਨ ਲਈ 'ਸਟੈਂਡਰਡ ਏਕੜ ਭੂਮੀ' ਦੀ ਵਿਉਂਤ ਬਣਾਈ। ਭਾਵ ਅਜਿਹਾ ਏਕੜ ਜਿਹੜਾ 10 ਤੋਂ 12 ਮਣ ਦਾ ਝਾੜ ਦੇਵੇ। ਸਟੈਂਡਰਡ ਏਕੜ ਦੇ ਮਾਪ-ਤੋਲ ਲਈ ਇਕ ਰੁਪਏ ਦਾ ਨਾਪ-ਤੋਲ ਰਖਿਆ ਅਤੇ ਸਟੈਂਡਰਡ ਏਕੜ ਦੇ ਅੰਸ਼ਾਂ ਨੂੰ ਆਨਿਆਂ (ਨਵੇਂ 6 ਪੈਸੇ) ਦੇ ਹਿਸਾਬ ਵਿਚ ਲਿਆ। ਉਸ ਸਮੇਂ ਇਕ ਰੁਪਏ ਵਿਚ ਸੋਲਾਂ ਆਨੇ ਹੁੰਦੇ ਸਨ। ਇਸ ਸਟੈਂਡਰਡ ਏਕੜ ਦੇ ਹਿਸਾਬ ਨਾਲ ਹਿੰਦੂ ਸ਼ਰਨਾਰਥੀ, ਜਿਹੜੇ ਆਪਣੇ ਪਿੱਛੇ ਕਰੀਬ 40,00,000 ਇਕਾਈਆਂ ਛੱਡ ਕੇ ਆਏ ਸਨ, ਉਨ੍ਹਾਂ ਨੂੰ 25,000 ਤੋਂ ਵੀ ਘੱਟ ਇਕਾਈਆਂ ਨਾਲ ਮੁਆਵਜ਼ਾ ਦੇਣਾ ਪਿਆ। ਇਸ ਗੱਲ ਨੂੰ ਮੁੱਖ ਰੱਖ ਕੇ ਕਿ ਭੂਮੀ ਦਾ ਵਿਤਰਣ ਬਰਾਬਰ ਦਾ ਹੋਵੇ, ਇਕ ਚਰਨ-ਵਾਰ ਕਟੌਤੀ ਦੀ ਵਿਉਂਤ ਤਿਆਰ ਕੀਤੀ ਗਈ ਜਿਸ ਅਨੁਸਾਰ ਥੋੜ੍ਹੀ ਭੂਮੀ ਵਾਲਿਆਂ ਨੂੰ ਬਹੁਤ ਥੋੜ੍ਹਾ ਨੁਕਸਾਨ ਹੋਵੇ ਪਰ ਅਮੀਰ ਜ਼ਿਮੀਂਦਾਰਾਂ ਨੂੰ ਨਿਸਬਤ ਨਰਮ ਹਿੱਸਾ ਮਿਲੇ।

ਬਟਵਾਰੇ ਨਾਲ ਪੰਜਾਬ ਵਿਚ ਆਰਥਿਕ, ਸਮਾਜਿਕ ਅਤੇ ਰਾਜਸੀ ਢਾਂਚੇ ਵਿਚ ਇਨਕਲਾਬੀ ਤੌਰ ਤੇ ਤਬਦੀਲੀਆਂ ਆਈਆਂ। ਸਭ ਤੋਂ ਵੱਧ ਖ਼ੁਸ਼ਹਾਲੀ ਮਾਨਣ ਵਾਲੀ ਸਿੱਖ ਕੌਮ ਦੂਜੀਆਂ ਭਾਰਤੀ ਕੌਮਾਂ ਤੋਂ ਨੀਵੇਂ ਪੱਧਰ ਤੇ ਕਰ ਦਿੱਤੀ ਗਈ। ਇਹ ਹਾਲਤ ਖੇਤੀਬਾੜੀ ਕਰਨ ਵਾਲਿਆਂ ਅਤੇ ਵਪਾਰ ਕਰਨ ਵਾਲਿਆਂ ਤੇ ਇਕੋ ਜਿਹੀ ਲਾਗੂ ਹੁੰਦੀ ਸੀ। ਪੱਛਮੀ

ਪੰਜਾਬ ਦੇ ਸਿੱਖ ਕਿਸਾਨਾਂ ਪਾਸ ਬਹੁਤ ਵੱਡੀਆਂ ਜਾਇਦਾਦਾਂ-ਜ਼ਮੀਨਾਂ ਸਨ ਮੁੜ ਵਸੇਬੇ ਦੇ ਢੰਗ ਵਿਚ ਘਟਾਈਆਂ ਗਈਆਂ। ਜਿਹੜੇ ਸਿੱਖ ਪੂਰਬੀ ਪੰਜਾਬ ਵਿਚ ਸਨ, ਉਹ ਉਪਰ ਉਠ ਕੇ ਇਕ ਪੱਧਰ ਤੇ ਆ ਗਏ ਕਿਉਂਕਿ ਜ਼ਮੀਨਾਂ ਦੀ ਮਲਕੀਅਤ ਦਾ ਕਾਨੂੰਨ ਪਾਸ ਕਰ ਦਿੱਤਾ ਗਿਆ ਕਿ ਵੱਧ ਤੋਂ ਵੱਧ 30 ਏਕੜ ਹੋਣੀ ਚਾਹੀਦੀ ਹੈ। ਕਿਸਾਨ ਨਾਲੋਂ ਵੱਧ ਸੱਟ ਸ਼ਹਿਰੀ ਸਿੱਖ ਤੇ ਵੱਜੀ। ਮੁਸਲਮਾਨਾਂ ਦੀ ਪਿੱਛੇ ਛੱਡੀ ਗਈ ਜਾਇਦਾਦ ਬਸ ਨਾਂ-ਮਾਤਰ ਸੀ, ਉਸ ਜਾਇਦਾਦ ਦੇ ਮੁਕਾਬਲੇ ਜਿਹੜੀ ਸਿੱਖ ਪਾਕਿਸਤਾਨ ਵਿਚ ਛੱਡ ਕੇ ਆਏ ਸਨ। ਇਸ ਦੇ ਨਾਲ ਹੀ ਸਿੱਖ ਵਪਾਰੀਆਂ ਨੂੰ ਹਿੰਦੂ ਸ਼ਰਨਾਰਥੀਆਂ ਅਤੇ ਪਹਿਲਾਂ ਹੀ ਪੱਕੇ ਪੈਰੀਂ ਬੈਠੇ ਹਿੰਦੂ ਦੁਕਾਨਦਾਰਾਂ ਨਾਲ ਮੁਕਾਬਲਾ ਕਰਨਾ ਪਿਆ।

ਜਮਾਤੀ ਸੀਮਾਵਾਂ ਘੱਟ ਹੋ ਗਈਆਂ। 1947 ਦੀ ਆਰਜ਼ੀ ਅਲਾਟਮੈਂਟ ਨਾਲ ਬਰਾਬਰ ਦੀ ਭੂਮੀ ਪ੍ਰਾਪਤ ਕਰਕੇ ਕੰਮੀ, ਚੂਹੜੇ-ਚਮਾਰ ਮੋਚੀ ਅਤੇ ਜੁਲਾਹੇ ਜੱਟ ਅਤੇ ਰਾਜਪੂਤ ਕਿਸਾਨਾਂ ਦੇ ਪੱਧਰ ਤੇ ਆ ਗਏ। 30 ਏਕੜ ਦੀ ਸੀਮਾ ਅਤੇ ਸਹਿਕਾਰੀ ਖੇਤੀਬਾੜੀ ਨਾਲ ਬਾਰਬਰੀ ਦਾ ਪੱਧਰ ਹੋਰ ਵੀ ਅੱਗੇ ਵਧਿਆ।

ਬੁਰੇ ਦਿਨਾਂ ਵਿਚ ਵੀ ਭਲਾਈ ਦੀ ਕਿਰਨ ਹੁੰਦੀ ਹੈ। ਖੇਤੀਬਾੜੀ ਦੀਆਂ ਜ਼ਮੀਨਾਂ ਦੀ ਮਲਕੀਅਤ ਵਿਚ ਕਟੌਤੀ ਹੋ ਜਾਣ ਕਾਰਨ ਮਾਲਕਾਂ ਨੂੰ ਆਪ ਜ਼ਮੀਨਾਂ ਦੀ ਵਾਹੀ ਰਾਹੀਂ ਅਤੇ ਪੈਦਾਵਾਰ ਲਈ ਕੰਮ ਕਰਨਾ ਪਿਆ। ਹੁਣ ਮੁਜਾਰਿਆਂ ਨੂੰ ਜਾਂ ਹਾਲੇ-ਭੌਲੀ ਤੇ ਦੇਣ ਦਾ ਕੰਮ ਹਟ ਗਿਆ। ਗ਼ੈਰ-ਹਾਜ਼ਰੀ ਵਾਲੀ ਜਗੀਰਦਾਰੀ ਲਗਭਗ ਖ਼ਤਮ ਹੋ ਗਈ। ਕਿਸਾਨਾਂ ਨੇ ਆਪਣੀ ਪੂੰਜੀ ਬੱਚਤ ਟਰੈਕਟਰਾਂ, ਟਿਊਬ-ਵੈੱਲਾਂ ਅਤੇ ਪੈਦਾਵਾਰ ਦੇ ਆਧੁਨਿਕ ਢੰਗ-ਤਰੀਕਿਆਂ ਵਿਚ ਲਾਈ। ਖੇਤੀਬਾੜੀ ਦੀਆਂ ਸਹਿਕਾਰੀ ਸੰਸਥਾਵਾਂ ਰਾਹੀਂ ਪਿੰਡਾਂ ਵਿਚ ਅੱਛੇ ਬੀਜ, ਖਾਦ ਅਤੇ ਭੰਡਾਰ ਕਰਨ ਵਿਚ ਬਹੁਤ ਉਨੰਤੀ ਹੋਈ। ਪਸ਼ੂ-ਪਾਲਣ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ। ਕਮਿਊਨਿਟੀ ਪ੍ਰਜੈਕਟ ਮੂਵਮੈਂਟ—ਕੌਮੀ ਪਰਿਯੋਜਨਾ ਲਹਿਰ ਨਾਲ ਮੁੱਖ ਪਿੰਡਾਂ ਵਿਚ ਗਰਭਣ, ਕਮਜ਼ੋਰ ਨਸਲ ਦੇ ਸਾਨ੍ਹਾਂ ਨੂੰ ਖੱਸੀ ਕਰਨ, ਡਾਕਟਰੀ ਸੇਵਾਵਾਂ ਅਤੇ ਡੇਰੀ ਫ਼ਾਰਮਿੰਗ ਦੀਆਂ ਸਹੂਲਤਾਂ ਸਦਕਾ ਅੱਛੀ ਆਮਦਨ ਦੇ ਸਾਧਨ ਬਣ ਗਏ। ਇਕ ਹੋਰ ਨਵੀਂ ਹਾਲਤ ਮੁਰਗੀ-ਪਾਲਣ ਨਾਲ ਆਈ ਜਿਸ ਵੱਲ ਕਾਫ਼ੀ ਸਮੇਂ ਤੋਂ ਧਿਆਨ ਨਹੀਂ ਦਿੱਤਾ ਗਿਆ ਸੀ। ਬਹੁਤ ਸਾਰੇ ਕਿਸਾਨਾਂ ਨੇ ਉਹ ਪੰਛੀ ਪਾਲਣੇ ਆਰੰਭ ਕੀਤੇ ਜਿਨ੍ਹਾਂ ਨੂੰ ਵਿਦੇਸ਼ਾਂ ਤੋਂ ਮੰਗਵਾਇਆ ਗਿਆ ਸੀ। ਇਨ੍ਹਾਂ ਸਾਰੇ ਖੇਤੀਬਾੜੀ ਨਾਲ ਜੁੜੇ ਕੰਮਾਂ ਵਿਚ ਸਿੱਖ ਕਿਸਾਨਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਕੁਝ ਹੀ ਸਾਲਾਂ ਵਿਚ ਪੂਰਬੀ ਪੰਜਾਬ ਘਾਟੇ ਵਾਲੇ ਖੇਤਰ ਦੀ ਥਾਂ ਫ਼ਾਲਤੂ ਵਾਲਾ ਇਲਾਕਾ ਬਣ ਗਿਆ। ਸਿੱਖ ਕਿਸਾਨਾਂ ਦੀ ਮਸ਼ਹੂਰੀ ਪੰਜਾਬ ਤੋਂ ਬਾਹਰ ਵੀ ਹੋ ਗਈ। ਵਾਹੀ-ਗਾਹੀ ਵਾਲੀ ਭੂਮੀ ਦੀ ਘਾਟ ਹੋਣ ਕਾਰਨ ਬਹੁਤ ਸਾਰੇ ਸਿੱਖ ਕਿਸਾਨਾਂ ਨੂੰ ਉੱਤਰ ਪ੍ਰਦੇਸ਼ ਦੇ ਤਰਾਈ ਦੇ ਮਲੇਰੀਆ ਵਾਲੇ ਜੰਗਲਾਂ ਵਿਚ ਅਤੇ ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੀ ਘਾਹ-ਫੂਸ ਵਾਲੀ ਭੂਮੀ ਤੇ ਵਸਾਇਆ। ਸਿੱਖ ਸ਼ਰਨਾਰਥੀ ਕਿਸਾਨਾਂ ਨੇ ਆਪਣੇ ਬਜ਼ੁਰਗਾਂ ਵਾਂਗ, ਜਿਨ੍ਹਾਂ ਬਾਰ ਦੇ ਇਲਾਕੇ ਨੂੰ ਉਪਜਾਊ ਬਣਾਇਆ ਸੀ, ਜੰਗਲਾਂ ਨੂੰ ਕੱਟਿਆ, ਘਾਹ-ਫੂਸ ਕੱਢਿਆ ਅਤੇ ਬੰਜਰ-ਬਾਂਝ ਧਰਤੀ ਨੂੰ ਵਾਹੀ-ਰਾਹੀ ਯੋਗ ਬਣਾਇਆ। ਇਸ ਪ੍ਰਕਾਰ ਸਿੱਖਾਂ ਦੇ ਵਪਾਰੀ ਤਬਕੇ ਨੇ ਵੀ ਕਿਸਾਨ ਭਰਾਵਾਂ ਵਾਂਗ ਆਪਣੇ ਪੇਸ਼ਿਆਂ ਵਿਚ ਕਮਾਲ ਦੀ ਮਿਹਨਤ ਕੀਤੀ। ਬਹੁਤ ਸਾਰੇ ਤਾਂ ਬਟਵਾਰੇ ਨੇ ਕੰਗਾਲ ਕਰ ਦਿੱਤੇ ਸਨ। ਕਈ ਖ਼ੁਸ਼ਹਾਲ ਵਪਾਰੀਆਂ ਦੀ ਅਜਿਹੀ ਹਾਲਤ ਹੋਈ ਕਿ ਚੀਜ਼ਾਂ ਵੇਚਣ ਲਈ ਗਲੀ-ਗਲੀ ਵਿਚ ਹੋਕਾ ਦੇਣ ਲੱਗੇ। ਲੜਕੀਆਂ ਨੇ ਟਾਂਗੇ ਚਲਾਏ, ਛੋਟੇ ਭਰਾਵਾਂ ਨੇ ਬੂਟ-ਪਾਲਿਸ਼ ਦਾ ਕੰਮ ਕੀਤਾ। ਪਰ ਗੌਰਵ ਦੀ ਗੱਲ ਹੈ ਕਿ ਕੋਈ ਸਿੱਖ ਮਰਦ, ਇਸਤਰੀ ਜਾਂ

ਬੱਚਾ ਹੱਥ ਅੱਡ ਕੇ ਮੰਗਦਾ ਕਿਸੇ ਗਲੀ ਵਿਚ ਨਹੀਂ ਦੇਖਿਆ ਗਿਆ। ਇਕ ਵਾਰ ਮੁੜ ਸਿੱਖਾਂ ਨੇ ਆਪਣੇ ਸਾਥੀਆਂ ਪਾਸੋਂ ਸਬਰ-ਸੰਤੋਖ ਅਤੇ ਹੌਂਸਲੇ ਵਾਲੇ ਮਨੁੱਖਾਂ ਵੱਜੋਂ ਮਾਣ-ਸਨਮਾਨ ਖੱਟਿਆ।

ਸਿੱਖ ਕੌਮ ਦੇ ਰਾਜਸੀ ਚਿਹਰੇ 'ਤੇ ਵੀ ਵਿਲੱਖਣ ਪ੍ਰਕਾਰ ਦੀ ਤਬਦੀਲੀ ਆਈ। ਨਿਕਾਸ ਜਾਂ ਉਜਾੜੇ ਨਾਲ ਸਿੱਖ ਨੇਤਾਵਾਂ ਦੇ ਪੱਛਮੀ ਪੰਜਾਬ ਦੇ ਮੰਨਣ ਵਾਲੇ ਖਿਲਰ ਗਏ ਅਤੇ ਉਨ੍ਹਾਂ ਦੀ ਸੱਤਾ ਕਮਜ਼ੋਰ ਹੋ ਗਈ। ਮਾਸਟਰ ਤਾਰਾ ਸਿੰਘ ਨੇ ਆਮ ਲੋਕਾਂ ਅੰਦਰ ਆਪਣਾ ਵਕਾਰ ਬਣਾਈ ਰਖਿਆ ਕਿਉਂਕਿ ਉਹ ਦੁਖੀ ਅਤੇ ਪੀੜਿਤ ਸ਼ਰਨਾਰਥੀਆਂ ਦਾ ਬੁਲਾਰਾ ਬਣ ਗਿਆ। ਪਰ ਹੋਰ ਗਿਆਨੀ ਕਰਤਾਰ ਸਿੰਘ ਜਿਹੇ ਅਤੇ ਸਰਦਾਰ ਬਹਾਦਰ ਉੱਜਲ ਸਿੰਘ ਅਤੇ ਸਰਦਾਰ ਹੁਕਮ ਸਿੰਘ ਸ਼ਹਿਰੀ ਗੈਰ-ਜੱਟ ਆਪਣੇ ਭਵਿੱਖ ਲਈ ਸੱਤਾਧਾਰੀ ਪਾਰਟੀ ਨਾਲ ਸਹਿਯੋਗ ਰੱਖਣ ਲਈ ਮਜਬੂਰ ਹੋ ਗਏ।

ਸਰਦਾਰ ਹੁਕਮ ਸਿੰਘ ਦਾ ਜਨਮ 1895 ਈਸਵੀ ਵਿਚ ਹੋਇਆ। ਉਹ ਮਿੰਟਗੁਮਰੀ ਦੇ ਅਰੋੜਾ ਵਕੀਲ ਸਨ। ਬਟਵਾਰੇ ਉਪਰੰਤ ਉਹ ਅਕਾਲੀ ਸਿਆਸਤ ਵਿਚ ਉੱਭਰੇ। ਉਨ੍ਹਾਂ ਨੇ ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਨਾਲ ਮਿਲ ਕੇ ਪਹਿਲਾਂ ਪੰਜਾਬੀ ਸੂਬੇ ਦੀ ਮੰਗ ਰੱਖੀ। ਉਹ ਦੋ ਵਾਰ ਲੋਕ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਨ੍ਹਾਂ ਨੂੰ ਡਿਪਟੀ ਸਪੀਕਰ ਬਣਾਇਆ ਗਿਆ।

1961 ਵਿਚ ਉਨ੍ਹਾਂ 'ਸੂਬੇ' ਦੀ ਮੰਗ ਛੱਡ ਦਿੱਤੀ। 1962 ਵਿਚ ਉਹ ਕਾਂਗਰਸ ਦੀ ਹਮਾਇਤ ਨਾਲ ਲੋਕ ਸਭਾ ਦੇ ਸਪੀਕਰ ਚੁਣੇ ਗਏ।

ਅੱਗੋਂ ਪੂਰਬੀ ਪੰਜਾਬ ਦੇ ਜ਼ਿਲ੍ਹਿਆਂ ਦੇ ਰਾਜਸੀ ਨੇਤਾ ਵੀ ਸੱਤਾ ਪਕੜ ਗਏ ਅਤੇ ਉੱਚੇ ਰਾਜਸੀ ਕੱਦ-ਕਾਠ ਵਾਲੇ ਹੋ ਗਏ। ਸੁਤੰਤਰਤਾ ਤੋਂ ਉਪਰੰਤ ਦੇ ਸਮੇਂ ਵਿਚ ਸਰਦਾਰ ਪਰਤਾਪ ਸਿੰਘ ਕੈਰੋਂ, ਸਰਦਾਰ ਸਵਰਨ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਜਿਹੇ ਨੇਤਾ ਨਿੱਤਰੇ।

ਸਰਦਾਰ ਪ੍ਰਤਾਪ ਸਿੰਘ ਕੈਰੋਂ (1901-1965) ਕੈਰੋਂ ਦਾ ਵਾਸੀ ਢਿੱਲੋਂ ਜੱਟ ਸੀ। ਉਸ ਮਿਚੀਗਨ ਦੀ ਯੂਨੀਵਰਸਿਟੀ ਤੋਂ ਰਾਜ-ਸ਼ਾਸਤਰ (ਪੋਲੀਟੀਕਲ ਸਾਇੰਸ) ਦੀ ਉਪਾਧੀ ਪ੍ਰਾਪਤ ਕੀਤੀ। ਉਹ 1929 ਵਿਚ ਕਾਂਗਰਸ ਵਿਚ ਦਾਖ਼ਲ ਹੋਏ। 1932 ਵਿਚ ਉਹ ਪੰਜ ਸਾਲ ਲਈ ਜੇਲ੍ਹ ਭੇਜੇ ਗਏ। ਉਹ ਪੰਜਾਬ ਵਿਧਾਨ ਸਭਾ ਦੇ 1936 ਅਤੇ ਉਪਰੰਤ 1946 ਵਿਚ ਮੈਂਬਰ ਚੁਣੇ ਗਏ। ਉਹ ਸੰਵਿਧਾਨ ਸਭਾ ਦੇ ਵੀ ਮੈਂਬਰ ਸਨ। ਉਹ ਭਾਰਗਵ ਮੰਤਰੀ-ਮੰਡਲ ਵਿਚ 1947-49 ਤਕ ਅਤੇ ਸੱਚਰ ਮੰਤਰੀ-ਮੰਡਲ ਵਿਚ 1952-56 ਤਕ ਮੰਤਰੀ ਬਣੇ ਰਹੇ। ਉਹ 1956 ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ। ਉਹ 'ਸੂਬੇ' ਦੀ ਮੰਗ ਦੇ ਕੱਟੜ ਵਿਰੋਧੀ ਸਨ ਅਤੇ ਇਸ ਦੀ ਹਮਾਇਤ ਵਿਚ ਚਲਾਈਆਂ ਦੋ ਲਹਿਰਾਂ ਨੂੰ ਉਨ੍ਹਾਂ ਬੁਰੀ ਤਰ੍ਹਾਂ ਦਬਾ ਦਿੱਤਾ। ਸਰਕਾਰੀ ਕੰਮ-ਕਾਰ ਕਰਨ ਦਾ ਉਨ੍ਹਾਂ ਦਾ ਢੰਗ ਨਿਰਾਲਾ ਸੀ ਜਿਹੜਾ ਗੈਰ-ਪਰੰਪਰਾਵਾਦੀ ਵੀ ਸੀ। ਅਦਾਲਤ ਵੱਲੋਂ ਉਨ੍ਹਾਂ ਦੇ ਪਰਿਵਾਰ ਤੇ ਲਾਏ ਗਏ ਭ੍ਰਿਸ਼ਟਾਚਾਰ ਦੇ ਆਰੋਪਾਂ ਕਾਰਨ ਉਨ੍ਹਾਂ ਨੂੰ ਜੂਨ 1964 ਵਿਚ ਅਸਤੀਫ਼ਾ ਦੇਣਾ ਪਿਆ। ਫ਼ਰਵਰੀ 6, 1965 ਨੂੰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ।

ਸਰਦਾਰ ਸਵਰਨ ਸਿੰਘ ਦਾ ਜਨਮ 1907 ਈਸਵੀ ਵਿਚ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ੰਕਰ ਵਿਚ ਹੋਇਆ। ਉਹ ਪੁਰੇਵਾਲ ਜੱਟ ਵਕੀਲ ਸਨ। ਉਹ 1946 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਵਿਕਾਸ ਮੰਤਰੀ ਥਾਪੇ ਗਏ। ਉਹ ਬਟਵਾਰੇ ਉਪੰਰਤ ਵੀ ਸਰਕਾਰ ਵਿਚ ਰਹੇ। 1952 ਵਿਚ ਉਹ ਪੰਡਤ ਨਹਿਰੂ ਦੀ ਕੈਬਨਿਟ ਵਿਚ ਵਰਕਸ,

ਹਾਊਸਿੰਗ ਅਤੇ ਸਟੀਲ, ਮਾਈਨਜ਼ ਅਤੇ ਫਿਊਲ ਦੇ ਮੰਤਰੀ ਬਣੇ। 1962 ਵਿਚ ਰੇਲਵੇ ਮੰਤਰੀ ਅਤੇ 1963 ਵਿਚ ਵਿਚ ਉਨ੍ਹਾਂ ਨੇ ਫੂਡ ਅਤੇ ਐਗਰੀਕਲਰਚਰਲ ਮੰਤਰੀ ਦੀ ਜ਼ਿੰਮੇਵਾਰੀ ਨਿਭਾਈ। 1964 ਵਿਚ ਉਹ ਲਾਲ ਬਹਾਦੁਰ ਸ਼ਾਸਤਰੀ ਦੇ ਮੰਤਰੀ-ਮੰਡਲ ਵਿਚ ਵਿਦੇਸ਼ ਮੰਤਰੀ ਸਨ।

ਸਰਦਾਰ ਗਿਆਨ ਸਿੰਘ ਰਾੜੇਵਾਲਾ ਦਾ ਜਨਮ 1901 ਵਿਚ ਪਟਿਆਲਾ ਰਿਆਸਤ ਦੇ ਰਾੜਾ ਪਿੰਡ ਵਿਚ ਹੋਇਆ। ਉਹ ਚੀਮਾ ਜੱਟ ਸਨ। ਉਹ ਪੈਪਸੂ ਦੇ ਮੁੱਖ ਮੰਤਰੀ ਸਨ। 1962 ਤਕ ਕੈਰੋਂ ਸਰਕਾਰ ਵਿਚ ਮੰਤਰੀ ਪਦ ਤੇ ਰਹੇ। ਪਰ ਅੱਗੋਂ ਉਹ ਸਰਦਾਰ ਕੈਰੋਂ ਦੇ ਕੱਟੜ ਵਿਰੋਧੀ ਹੋ ਗਏ।

ਬਟਵਾਰੇ ਅਤੇ ਪਰਵਾਸ ਦਾ ਵਿਲੱਖਣ ਪ੍ਰਭਾਵ ਇਹ ਹੋਇਆ ਕਿ ਪੂਰਬੀ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਸਿੱਖਾਂ ਦੀ ਆਬਾਦੀ ਇਕ ਥਾਂ ਇਕੱਠੀ ਹੋ ਗਈ। ਭਾਵੇਂ ਸਿੱਖ ਪਰਵਾਸੀ ਸਾਰੇ ਭਾਰਤ ਵਿਚ ਫੈਲ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਵਿਦੇਸ਼ਾਂ ਨੂੰ ਚਲੇ ਗਏ ਪਰ ਉਨ੍ਹਾਂ ਦੀ ਤਿੰਨ-ਚੁਥਾਈ ਆਬਾਦੀ ਸਿੱਖੀ ਦੇ ਗੜ੍ਹ ਮਾਲਵਾ ਵਿਚ ਇਕੱਠੀ ਹੋ ਗਈ। ਇਸ ਪੱਖ ਅਤੇ ਹੋਰ ਕਾਰਨਾਂ ਕਰਕੇ ਸਿੱਖ ਸਟੇਟ ਦੀ ਮੰਗ ਸੁਰਜੀਤ ਹੋ ਗਈ।

ਪੂਰਬੀ ਪੰਜਾਬ ਵਿਧਾਨ ਸਭਾ ਦੇ ਕੁਝ ਸਿੱਖ ਮੈਂਬਰਾਂ ਨੇ ਸੰਵਿਧਾਨ ਸਭਾ ਅੱਗੇ 13 ਮੰਗਾਂ ਰੱਖੀਆਂ। ਉਨ੍ਹਾਂ ਪੂਰਬੀ ਪੰਜਾਬ ਦੀ ਵਿਧਾਨ ਸਭਾ ਵਿਚ 50 ਪ੍ਰਤੀਸ਼ਤ ਪ੍ਰਤੀਨਿਧਤਾ ਦੀ ਮੰਗ ਕੀਤੀ। ਪੂਰਬੀ ਪੰਜਾਬ ਵਿਚ ਰਾਜਪਾਲ ਅਤੇ ਮੁੱਖ ਮੰਤਰੀ ਦੇ ਪਦਾਂ ਲਈ ਵਾਰੀ-ਵਾਰੀ ਹਿੰਦੂ ਅਤੇ ਸਿੱਖ ਨਿਯੁਕਤੀ ਦੀ ਮੰਗ ਸੀ; ਸੂਬਾਈ ਸਰਵਿਸ ਵਿਚ ਸਿੱਖਾਂ ਦੀ ਪ੍ਰਤੀਨਿਧਤਾ 40 ਪ੍ਰਤੀਸ਼ਤ ਹੋਵੇ; ਸੈਂਟਰਲ ਲੈਜਿਸਲੇਚਰ ਵਿਚ 5 ਪ੍ਰਤੀਸ਼ਤ ਦੀ ਪ੍ਰਤੀਨਿਧਤਾ ਹੋਵੇ ਅਤੇ ਕੇਂਦਰੀ ਮੰਤਰੀ-ਮੰਡਲ ਵਿਚ ਘੱਟ ਤੋਂ ਘੱਟ ਇਕ ਮੰਤਰੀ ਅਤੇ ਇਕ ਉਪ-ਮੰਤਰੀ ਹੋਵੇ। ਹਸਤਾਖ਼ਰ ਕਰਨ ਵਾਲਿਆਂ ਨੇ ਕਿਹਾ ਕਿ ਜੇਕਰ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਵੱਖਰੇ ਸਿੱਖ ਸੂਬੇ ਲਈ ਜ਼ੋਰ ਦੇਣਗੇ।

ਪੂਰਬੀ ਪੰਜਾਬ ਸਰਕਾਰ ਦਾ ਗਠਨ ਕੀਤਾ ਗਿਆ। ਇਸ ਦੀ ਆਰਜ਼ੀ ਰਾਜਧਾਨੀ ਸ਼ਿਮਲਾ ਵਿਖੇ ਬਣੀ। ਸਰ ਚੰਦੂ ਲਾਲ ਤ੍ਰਿਵੇਦੀ ਰਾਜਪਾਲ ਨਿਯੁਕਤ ਹੋਏ। ਜਿਹੜੇ ਵਿਧਾਇਕ ਭਾਰਤ ਆਏ ਉਨ੍ਹਾਂ ਸ੍ਰੀ ਗੋਪੀ ਚੰਦ ਭਾਰਗੋ ਨੂੰ ਮੁੱਖ ਮੰਤਰੀ ਚੁਣਿਆ।

1948 ਵਿਚ ਪੰਜਾਬ ਦੀਆਂ ਸਿੱਖ ਰਿਆਸਤਾਂ ਨੂੰ ਮਲੇਰਕੋਟਲਾ ਅਤੇ ਨਾਲਾਗੜ੍ਹ ਮਿਲਾ ਕੇ ਪਟਿਆਲਾ ਅਤੇ ਈਸਟ ਪੰਜਾਬ ਯੂਨੀਅਨ—ਪੈਪਸੂ ਦਾ ਗਠਨ ਹੋਇਆ। ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਰਿਆਸਤਾਂ ਨੂੰ ਭਾਰਤ ਯੂਨੀਅਨ ਨਾਲ ਮਿਲਣ ਲਈ ਪ੍ਰੇਰਨ ਵਿਚ ਮੁੱਖ ਯੋਗਦਾਨ ਪਾਇਆ। ਉਹ ਪੈਪਸੂ ਦੇ ਰਾਜਪਾਲ (ਰਾਜਪ੍ਰਮੁੱਖ) ਥਾਪੇ ਗਏ ਅਤੇ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਮੁੱਖ ਮੰਤਰੀ ਬਣਾਇਆ ਗਿਆ। ਪੈਪਸੂ ਵਿਚ ਸਿੱਖਾਂ ਦੀ ਆਬਾਦੀ ਬਹੁ-ਗਿਣਤੀ ਵਾਲੀ ਸੀ।

ਪੈਪਸੂ ਦਾ ਰਾਜਕਾਲ ਸਥਿਰ ਨਹੀਂ ਸੀ। ਅਕਾਲੀ ਅਤੇ ਕਾਂਗਰਸ ਦੀ ਸੱਤਾ ਬਰਾਬਰ ਦੀ ਸੀ। ਸਰਦਾਰ ਗਿਆਨ ਸਿੰਘ ਰਾੜੇਵਾਲਾ ਦੀ ਥਾਂ ਕਾਂਗਰਸੀ ਰੁਝਾਨ ਵਾਲੇ ਸਰਦਾਰ ਰਘੁਬੀਰ ਸਿੰਘ ਨੂੰ ਨਿਯੁਕਤ ਕੀਤਾ ਗਿਆ। ਜਦੋਂ ਥ੍ਰਿਸਭਾਨ ਨੇ ਇਹ ਪਦ ਸੰਭਾਲਿਆ ਤਾਂ ਸਿੱਖਾਂ ਦੀ ਆਬਾਦੀ ਇਕ ਥਾਂ ਇਕੱਠੀ ਹੋ ਜਾਣ ਅਤੇ ਅਕਾਲੀਆਂ ਦੀਆਂ ਚਲਾਕੀਆਂ ਕਾਰਨ 1956 ਵਿਚ ਪੈਪਸੂ ਨੂੰ ਖ਼ਤਮ ਕਰਕੇ ਇਸ ਇਲਾਕੇ ਨੂੰ ਪੂਰਬੀ ਪੰਜਾਬ ਵਿਚ ਮਿਲਾ ਦਿੱਤਾ ਗਿਆ।

1952 ਦੀਆਂ ਆਮ ਚੋਣਾਂ ਵਿਚ ਪੰਜਾਬ ਅੰਦਰ ਕਾਂਗਰਸ ਨੂੰ ਸੰਪੂਰਨ ਬਹੁਮਤ ਪ੍ਰਾਪਤ

ਹੋਇਆ। ਸ੍ਰੀ ਭੀਮਸੈਨ ਸੱਚਰ ਨੂੰ ਮੁੱਖ ਮੰਤਰੀ ਬਣਾਇਆ ਗਿਆ। ਇਨ੍ਹਾਂ ਦੀ ਸਰਕਾਰ ਸਮੇਂ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਉਸਾਰੀ ਗਈ। ਇਹ ਸਥਾਨ ਹਿਮਾਲੀਆ ਦੀ ਤਲਹਟੀ ਵਿਚ ਹੈ।

1956 ਵਿਚ ਸ੍ਰੀ ਸੱਚਰ ਦੀ ਥਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਬਦਲਿਆ ਗਿਆ। ਕਾਂਗਰਸ ਪਾਰਟੀ ਨੇ ਮੁੜ 1957 ਅਤੇ 1962 ਦੀਆਂ ਆਮ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ। ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਗੱਦੀ ਸੁਰੱਖਿਅਤ ਰਹੀ। ਉਨ੍ਹਾਂ ਨੂੰ ਇਸ ਪਦ ਤੋਂ 1964 ਵਿਚ ਹਟਾਇਆ ਗਿਆ।

ਕਾਂਡ—36

ਇਕ ਆਪਣਾ ਰਾਜ

ਸੰਪੂਰਨ ਸਿੱਖ ਰਾਜ ਦਾ ਨਿਸ਼ਾਨਾ ਕਿਸੇ ਵੇਲੇ ਵੀ ਸਿੱਖਾਂ ਦੇ ਮਨ ਤੋਂ ਦੂਰ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸਿੱਖਾਂ ਦੇ ਹਰ ਇਕੱਠ ਵਿਚ ਗੂੰਜਦਾ ਰਹਿੰਦਾ ਹੈ— 'ਰਾਜ ਕਰੇਗਾ ਖਾਲਸਾ।' ਇਹ ਉਨ੍ਹਾਂ ਦੀ ਰੋਜ਼ ਦੀ ਅਰਦਾਸ ਦਾ ਅਨਿੱਖੜਵਾਂ ਅੰਗ ਹੈ। ਅਨੇਕਾਂ ਹੀ ਸਿੱਖਾਂ ਨੇ ਇਸ ਆਦਰਸ਼ ਦੀ ਪ੍ਰਾਪਤੀ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋ ਜਾਣ ਨਾਲ ਸਿੱਖਾਂ ਦਾ ਸਿਰ ਵਿਸ਼ਵਾਸ ਨਾਲ ਦ੍ਰਿੜ੍ਹ ਹੋਇਆ ਕਿ ਪੰਜਾਬ ਤੇ ਰਾਜ ਕਰਨਾ ਉਨ੍ਹਾਂ ਦੇ ਭਾਗਾਂ ਵਿਚ ਸੀ। ਰਾਜ ਦੇ ਖੁੱਸ ਜਾਣ ਨੂੰ ਆਰਜ਼ੀ ਧੱਕਾ ਸਮਝਿਆ ਗਿਆ। ਭਾਵੇਂ ਪਹਿਲਾਂ ਸਿੱਖਾਂ ਦੀ ਵਫ਼ਾਦਾਰੀ ਅੰਗਰੇਜ਼ਾਂ ਪ੍ਰਤੀ ਸੀ ਪਰ ਜਦੋਂ ਭਾਰਤ ਲਈ ਸ੍ਵੈ-ਰਾਜ—'ਹੋਮ-ਰੂਲ' ਦੀ ਤਜਵੀਜ਼ ਪਹਿਲਾਂ ਪੇਸ਼ ਹੋਈ ਤਾਂ ਸਿੱਖ ਨੇਤਾਵਾਂ ਨੇ ਇਹ ਕਿਹਾ :

"ਜੇਕਰ ਅੰਗਰੇਜ਼ਾਂ ਨੇ ਜਾਣਾ ਹੀ ਹੈ ਤਾਂ ਇਹ ਬੇਹਤਰ ਹੋਵੇਗਾ ਕਿ ਉਹ ਪੰਜਾਬ ਸਿੱਖਾਂ ਨੂੰ ਸੌਂਪ ਦੇਣ ਜਿਨ੍ਹਾਂ ਪਾਸੋਂ ਚਾਲਾਕੀ ਨਾਲ ਉਨ੍ਹਾਂ ਹਥਿਆਇਆ ਸੀ।"

ਪਰ ਸਿੱਖਾਂ ਨੂੰ ਸਰਕਾਰ ਦੇ ਬਦਲਦੇ ਸਿਧਾਂਤਾਂ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਖ਼ਿਆਲਾਂ ਨਾਲ ਸਮਝੌਤਾ ਕਰਨਾ ਪਿਆ। ਅੰਗਰੇਜ਼ਾਂ ਨੇ ਬਹੁ-ਗਿਣਤੀ ਦੇ ਰਾਜ ਦੀ ਧਾਰਨਾ ਦਿੱਤੀ। ਇਸ ਦਾ ਭਾਵ ਇਹ ਸੀ ਕਿ ਜਾਇਦਾਦ ਜਾਂ ਬਹਾਦਰੀ ਦਾ ਕੋਈ ਖ਼ਿਆਲ ਨਹੀਂ, ਜੇਕਰ ਕੋਈ ਮਾਪ-ਦੰਡ ਹੈ ਤਾਂ ਗਿਣਤੀ। ਅਤੇ ਜਿਥੋਂ ਤਕ ਗਿਣਤੀ ਦਾ ਸਵਾਲ ਸੀ, ਪੰਜਾਬ ਦੀ ਆਬਾਦੀ ਵਿਚ ਸਿੱਖਾਂ ਦੀ ਗਿਣਤੀ ਮਸਾਂ 12-13 ਪ੍ਰਤੀ ਸ਼ਤ ਸੀ। ਇਸ ਦਾ ਅਰਥ ਇਹ ਸੀ ਕਿ ਦੇਸ਼ ਦੀ ਕੁਲ ਆਬਾਦੀ ਦਾ ਇਕ ਪ੍ਰਤੀ ਸ਼ਤ ਤੋਂ ਥੋੜ੍ਹਾ ਜਿਹਾ ਵੱਧ। ਜੇਕਰ ਹਕੂਮਤ ਕਰਨ ਦੇ ਹੱਕ ਨੂੰ ਸਿਰਾਂ ਦੀ ਗਿਣਤੀ ਦੇ ਆਧਾਰ ਤੇ ਨਿਰਧਾਰਤ ਕੀਤਾ ਜਾਣਾ ਹੈ ਤਾਂ ਭਾਰਤ ਦਾ ਵਧੇਰੇ ਹਿੱਸਾ ਹਿੰਦੂਆਂ ਦੇ ਅਧੀਨ ਹੋਵੇਗਾ ਅਤੇ ਪੰਜਾਬ ਸਹਿਤ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੇ ਇਲਾਕਿਆਂ ਵਿਚ ਮੁਸਲਮਾਨਾਂ ਦੀ ਹਕੂਮਤ ਹੋਵੇਗੀ। ਇਸ ਲਈ ਸਿੱਖਾਂ ਦੀ ਤਾਕਤ ਇਕ ਹੀ ਨਿਸ਼ਾਨੇ ਵੱਲ ਲਾਈ ਗਈ। ਪੰਜਾਬ ਉਪਰ ਮੁਸਲਮਾਨਾਂ ਦੀ ਹਕੂਮਤ ਨੂੰ ਬਨਣ ਤੋਂ ਵਿਫਲ ਕੀਤਾ ਜਾਵੇ।

ਸਿੱਖ ਨੇਤਾਵਾਂ ਦੀ ਪਹਿਲੀ ਚਾਲ ਇਹ ਸੀ ਕਿ ਲੋਕ-ਰਾਜੀ ਦਲੀਲ ਨੂੰ ਮੁਸਲਮਾਨਾਂ ਦੇ ਵਿਰੁੱਧ ਵਰਤਿਆ ਜਾਵੇ। ਉਹ ਹਿੰਦੂਆਂ ਨਾਲ ਮਿਲ ਕੇ ਸਾਂਝੀਆਂ ਚੋਣਾਂ ਦੀ ਮੰਗ ਕਰਨ ਲੱਗੇ ਅਤੇ ਘੱਟ-ਗਿਣਤੀ ਕੌਮਾਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਨੂੰ ਖ਼ਤਮ ਕਰਵਾਉਣ ਦੇ ਹੱਕ ਵਿਚ ਹੋਏ ਤਾਂ ਜੋ ਮੁਸਲਮਾਨਾਂ ਦੀ ਫ਼ਿਰਕੇਦਾਰੀ ਨੂੰ ਫਿੱਕਾ ਕੀਤਾ ਜਾਵੇ। ਜਦੋਂ ਮੁਸਲਮਾਨ ਵੱਖਰੇ ਚੋਣ ਅਧਿਕਾਰ ਅਤੇ ਰਿਆਇਤਾਂ ਪ੍ਰਾਪਤ ਕਰਨ ਵਿਚ ਸਫਲ ਹੋ ਗਏ ਤਾਂ ਸਿੱਖ ਵੀ ਅਜਿਹੇ ਹੱਕਾਂ ਲਈ ਜ਼ੋਰ ਦੇਣ ਲੱਗੇ। ਆਪਣੇ ਲਈ ਵਾਧੂ ਪ੍ਰਤੀਨਿਧਤਾ ਦੀ ਮੰਗ ਕਰਨ ਲੱਗੇ ਤਾਂ ਜੋ ਉਨ੍ਹਾਂ ਦੀ ਤਾਕਤ ਅਤੇ ਹਿੰਦੂਆਂ ਦੀ ਸ਼ਕਤੀ ਮਿਲ ਕੇ ਮੁਸਲਮਾਨਾਂ ਤੇ ਭਾਰੂ ਹੋ ਸਕੇ। ਇਹ ਜੁਗਤਾਂ ਉਹ ਵੀਹ ਸਾਲ ਤਕ ਅਪਣਾਉਂਦੇ ਰਹੇ ਜਦੋਂ ਤਾਈਂ ਇਹ

ਸਮਝ ਨਹੀਂ ਆ ਗਈ ਕਿ ਕੋਈ ਵੀ ਸਰਕਾਰ ਮੁਸਲਮਾਨਾਂ ਦੀ ਬਹੁ-ਗਿਣਤੀ ਨੂੰ ਘੱਟ-ਗਿਣਤੀ ਵਿਚ ਨਹੀਂ ਬਦਲ ਸਕਦੀ। ਉਪਰੰਤ ਤੀਜੇ ਪ੍ਰਕਾਰ ਦਾ ਢੰਗ ਅਪਣਾਇਆ ਗਿਆ। ਇਸ ਅਨੁਸਾਰ ਪੰਜਾਬ ਦੀਆਂ ਸੀਮਾਵਾਂ ਨੂੰ ਇਸ ਪ੍ਰਕਾਰ ਮੁੜ-ਨਿਰਧਾਰਤ ਕਰਨ ਤੇ ਜ਼ੋਰ ਦਿੱਤਾ ਗਿਆ ਕਿ ਪੱਛਮ ਦੇ ਪੂਰੀ ਮੁਸਲਮਾਨ ਵੱਸੋਂ ਵਾਲੇ ਇਲਾਕੇ ਪੂਰਬ ਦੇ ਗ਼ੈਰ-ਮੁਸਲਿਮ ਇਲਾਕਿਆਂ ਨਾਲੋਂ ਵੱਖ ਕੀਤੇ ਜਾਣ। ਪਰ ਇਸ ਤਜਵੀਜ਼ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਇਹ ਤਜਵੀਜ਼ ਦੂਜੀ ਗੋਲਮੇਜ਼ ਕਾਨਫ਼੍ਰੰਸ, 1931 ਵਿਚ ਸਾਹਮਣੇ ਆਈ। ਗੌਰਮਿੰਟ ਆਫ਼ ਇੰਡੀਆ ਐਕਟ 1935 ਨੇ ਸਿੱਖਾਂ ਦੇ ਮਨਾਂ ਅੰਦਰ ਦੇ ਡਰਾਂ ਦੀ ਪ੍ਰੋੜ੍ਹਤਾ ਕਰ ਦਿੱਤੀ। ਭਾਰਤ ਦੇ ਹੋਰ ਸੂਬਿਆਂ ਵਾਂਗ ਪੰਜਾਬ ਨੂੰ ਵੀ ਸਵਰਾਜ ਪ੍ਰਾਪਤ ਹੋਇਆ। ਮੁਸਲਮਾਨਾਂ ਦੇ ਜ਼ੋਰ ਵਾਲੀ ਯੂਨੀਅਨਿਸਟ ਪਾਰਟੀ ਦੇ ਹੱਥ ਵਾਗਡੋਰ ਆਈ ਅਤੇ ਵਧੇਰੇ ਸੱਤਾ ਪ੍ਰਾਪਤੀ ਸਦਕਾ ਉਨ੍ਹਾਂ ਸਿੱਖਾਂ ਦੀ ਪ੍ਰਤੀਨਿਧਤਾ ਨੂੰ ਘਟਾਈ ਜਾਣ ਵਾਲੀ ਨੀਤੀ ਜਾਰੀ ਰੱਖੀ ਜਿਹੜੀ ਗਿਣਤੀ ਵਜੋਂ ਟਾਵੀਂ-ਟਾਵੀਂ ਰਹਿ ਗਈ।

ਸਿੱਖ ਰਾਜ ਦੇ ਸਿਧਾਂਤ ਨੂੰ ਕਦੇ ਤਿਲਾਂਜਲੀ ਨਹੀਂ ਦਿੱਤੀ ਗਈ ਸੀ, ਉਸ ਮੰਗ ਨੂੰ ਮੁੜ ਸੁਰਜੀਤ ਕੀਤਾ ਗਿਆ। ਇਹ ਮੰਗ ਜ਼ੋਰ ਪਕੜਦੀ ਗਈ ਕਿਉਂਕਿ ਮੁਸਲਮਾਨਾਂ ਅੰਦਰ ਪਾਕਿਸਤਾਨ ਬਨਾਉਣ ਲਈ ਜਜ਼ਬਾ ਉਭਾਰਿਆ ਗਿਆ। ਪਰ ਅੰਗਰੇਜ਼ਾਂ ਦੇ ਸੱਤਾ ਸੌਂਪ ਜਾਣ ਦੇ ਪਹਿਲਾਂ ਦੇ ਨਾਜ਼ੁਕ ਵਰ੍ਹਿਆਂ ਵਿਚ ਸਿੱਖ ਨੇਤਾਵਾਂ ਨੇ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਦੀ ਅਗਵਾਈ ਅਨੁਕੂਲ ਚੱਲਣਾ ਆਰੰਭ ਕਰ ਦਿੱਤਾ। ਖੁੱਲ੍ਹ ਕੇ ਸਿੱਖ ਰਾਜ ਦੀ ਮੰਗ ਕਰਨ ਦੀ ਥਾਂ, ਜਿਵੇਂ ਕਿ ਆਮ ਸਿੱਖ ਚਾਹੁੰਦੇ ਸਨ, ਇਸ ਨੂੰ ਪਾਕਿਸਤਾਨ ਦੇ ਵਿਰੁੱਧ ਨਾਂ-ਮਾਤਰ ਦਲੀਲ ਵਜੋਂ ਪੇਸ਼ ਕੀਤਾ। ਪੰਜਾਬ ਦੇ ਗ਼ੈਰ-ਮੁਸਲਮਾਨੀ ਇਲਾਕੇ ਨੂੰ ਦੱਸਣ ਲਈ ਹਰ ਪ੍ਰਕਾਰ ਦੀਆਂ ਇਤਿਹਾਸਕ, ਆਰਥਿਕ, ਜਲ-ਸਰਵੇਖਕ ਅਤੇ ਭੂਗੋਲਿਕ ਦਲੀਲਾਂ ਹਰ ਢੰਗ-ਤਰੀਕੇ ਨਾਲ ਅੱਗੇ ਲਿਆਂਦੀਆਂ ਤਾਂ ਜੋ ਬਾਕੀ ਬਚੇ ਪਾਕਿਸਤਾਨ ਦੀ ਹਾਸੋ-ਹੀਣੀ ਤਸਵੀਰ ਹੋਵੇ। ਸਿੱਖ ਨੇਤਾਵਾਂ ਨੇ ਸਿੱਖ ਰਾਜ ਦੀ ਮੰਗ ਪੂਰੀ ਗੰਭੀਰਤਾ ਨਲ ਪੇਸ਼ ਨਹੀਂ ਕੀਤੀ। ਇਨ੍ਹਾਂ ਦੇ ਹੱਕਾਂ ਜਾਂ ਮੰਗਾਂ ਵੱਲ ਕਿਸੇ ਗੰਭੀਰਤਾ ਨਾਲ ਧਿਆਨ ਹੀ ਨਾ ਦਿੱਤਾ। ਜੰਗ ਦੀ ਸਮਾਪਤੀ ਸਮੇਂ ਕਮਿਊਨਿਸਟਾਂ ਨੇ 'ਸਿੱਖ ਹੋਮਲੈਂਡ' ਦੀ ਵਿਉਂਤ ਤਿਆਰ ਕੀਤੀ। ਉਸ ਵੇਲੇ 1945-46 ਦੀਆਂ ਚੋਣਾਂ ਹੋਣ ਵਾਲੀਆਂ ਸਨ ਅਤੇ ਇਸ ਦਾ ਨਿਸ਼ਾਨਾ ਆਮ ਸਿੱਖਾਂ ਦੀ ਚਾਪਲੂਸੀ ਕਰਨਾ ਸੀ ਕਿਉਂਕਿ ਉਹ ਕਮਿਊਨਿਸਟਾਂ ਦੀ ਪਾਕਿਸਤਾਨ ਲਈ ਹਮਾਇਤ ਤੋਂ ਨਾਰਾਜ਼ ਸਨ। ਇਹ ਸਕੀਮ ਸ੍ਰੀ ਜੀ. ਅਧਿਕਾਰੀ ਨੇ ਤਿਆਰ ਕੀਤੀ ਸੀ, ਜਿਸ ਕੇਵਲ ਦੋ ਸਾਲ ਪਹਿਲਾਂ ਇਸ ਨੂੰ ਨਕਾਰਿਆ ਸੀ ਕਿ 'ਅਜ਼ਾਦ ਪੰਜਾਬ' ਦੀ ਮੰਗ ਪ੍ਰਗਤੀਵਾਦੀ ਸਿੱਖ ਰਾਸ਼ਟਰਵਾਦ ਦੀ ਨਹੀਂ ਸੀ।

ਜਿਉਂ ਹੀ ਪੰਜਾਬ ਦੇ ਬਟਵਾਰੇ ਦੀ ਤਾਰੀਖ਼ ਨੇੜੇ ਆ ਗਈ, ਸਿੱਖ ਨੇਤਾਵਾਂ ਨੇ ਆਪਣੇ-ਆਪ ਨੂੰ ਦੁਚਿੱਤੀ ਵਿਚ ਫਾਥਾ ਦੇਖਿਆ। ਉਹ ਨਹੀਂ ਜਾਣਦੇ ਸਨ ਕਿ ਉਹ ਭਾਰਤ ਦਾ ਸਾਥ ਦੇਣ ਜਾਂ ਪਾਕਿਸਤਾਨ ਵੱਲ ਝੁਕਣ। ਜਿਨਾਹ ਨੇ ਉਨ੍ਹਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੇ ਪਾਕਿਸਤਾਨ ਨੂੰ ਚੁਣਿਆ ਤਾਂ ਉਹ ਉਨ੍ਹਾ ਦੇ ਜੀਵਨ, ਜਾਇਦਾਦ ਦੀ ਗਾਰੰਟੀ ਦੇਵੇਗਾ ਅਤੇ ਧਾਰਮਿਕ ਰਹੁ-ਰੀਤ ਨਿਭਾਉਣ ਲਈ ਉਨ੍ਹਾਂ ਨੂੰ ਪੂਰੀ ਸੁਤੰਤਰਤਾ ਨਾਲ ਹੀ ਉਨ੍ਹਾ ਨੂੰ ਉਹ ਵੀ ਹੱਕ ਮਿਲ ਜਾਣਗੇ ਜਿਹੜੇ ਉਹ ਅੰਗਰੇਜ਼ ਹਕੂਮਤ ਵਿਚ ਮਾਣਦੇ ਰਹੇ ਹਨ। ਦੂਜੇ ਪਾਸੇ ਮੁਸਲਿਮ ਲੀਗ ਨਾਲੋਂ ਕਾਂਗਰਸ ਦਾ ਨੇੜ ਵਧੇਰੇ ਸੀ। ਕਾਂਗਰਸ ਵੱਲੋਂ ਅਕਸਰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਭਾਰਤ ਨੂੰ ਆਪਣਾ ਘਰ ਸਮਝਣ। ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਮਾਰਚ 1931 ਵਿਚ ਮਹਾਤਮਾ ਗਾਂਧੀ ਨੇ ਕਿਹਾ ਸੀ : "ਸਿੱਖ ਦੋਸਤਾਂ

ਨੂੰ ਇਹ ਤੌਖ਼ਲਾ ਨਹੀਂ ਹੋਣਾ ਚਾਹੀਦਾ ਕਿ ਕਾਂਗਰਸ ਪਾਰਟੀ ਉਨ੍ਹਾਂ ਨੂੰ ਧੋਖਾ ਦੇਵੇਗੀ। ਜੇਕਰ ਕਿਸੇ ਛਿਣ ਕਾਂਗਰਸ ਨੇ ਅਜਿਹਾ ਕੀਤਾ ਤਾਂ ਇਹ ਨਾ ਕੇਵਲ ਆਪਣੀ ਹੀ ਸਗੋਂ ਦੇਸ਼ ਦੀ ਹੋਣੀ ਨੂੰ ਖ਼ਤਮ ਕਰ ਦੇਵੇਗੀ। ਸਿੱਖ ਤਾਂ ਬਹਾਦਰ ਕੌਮ ਹੈ। ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਆਪਣੇ ਅਧਿਕਾਰਾਂ ਦੀ ਰਾਖੀ ਕਿਵੇਂ ਕਰਨੀ ਹੈ, ਲੋੜ ਪਵੇ ਤਾਂ ਸ਼ਸਤਰ ਨਾਲ ਵੀ।"

ਜਦੋਂ ਅੰਗਰੇਜ਼ਾਂ ਵੱਲੋਂ ਭਾਰਤ ਨੂੰ ਸੱਤਾ ਸੰਭਾਲਣ ਲਈ ਸਮਝੌਤੇ ਦੀਆਂ ਗੱਲਾਂ ਚੱਲ ਰਹੀਆਂ ਸਨ, ਤਾਂ ਕਲਕੱਤਾ ਵਿਖੇ ਜੁਲਾਈ 1946 ਵਿਚ ਚੱਲ ਰਹੀ ਕਾਂਗਰਸ ਕਮੇਟੀ ਦੀ ਇਕੱਤਰਤਾ ਵਿਚ ਜਵਾਹਰ ਲਾਲ ਨਹਿਰੂ ਨੇ ਇਹ ਗੱਲ ਜ਼ੋਰ ਦੇ ਕੇ ਦੁਹਰਾਈ, "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਧਿਆਨ ਦੇ ਹੱਕਦਾਰ ਹਨ। ਉੱਤਰ ਵਿਚ ਮੈਨੂੰ ਉਸ ਇਲਾਕੇ ਵਿਚ ਕੋਈ ਗ਼ਲਤੀ ਦਿਖਾਈ ਨਹੀਂ ਦਿੰਦੀ ਜਿਥੇ ਸਿੱਖ ਵੀ ਸੁਤੰਤਰਤਾ ਦੇ ਸ਼ੌਕ ਅਤੇ ਚਾਅ ਨੂੰ ਅਨੁਭਵ ਕਰ ਸਕਣ।"

ਸਿੱਖਾਂ ਨੇ ਫ਼ੈਸਲਾ ਕੀਤਾ ਕਿ ਉਹ ਆਪਣਾ ਭਵਿੱਖ ਉਨ੍ਹਾਂ ਦੇ ਹੱਥ ਵਿਚ ਨਹੀਂ ਦੇਣਗੇ, ਜਿਨ੍ਹਾਂ ਉੱਤਰ-ਪੱਛਮੀ ਪੰਜਾਬ ਵਿਚ ਸਿੱਖਾਂ ਉਪਰ ਮੁਸਲਮਾਨਾਂ ਦੀ ਬੇਰਹਿਮੀ ਲਈ ਕੁਝ ਨਹੀਂ ਕੀਤਾ ਜਿਨ੍ਹਾਂ ਨਾਲ ਗੱਲ-ਬਾਤ ਕਰਨ ਲਈ ਸਦੀਆਂ ਤੋਂ ਚਲਦੀ ਆ ਦੁਸ਼ਮਣੀ ਵੀ ਰੋਕ ਬਣੀ। ਹਿੰਦੂਆਂ ਵਿਚ ਉਨ੍ਹਾਂ ਸੁਰੱਖਿਆ ਮਹਿਸੂਸ ਕੀਤੀ, ਜਿਨ੍ਹਾਂ ਨਾਲ ਉਹ ਅਨੇਕਾਂ ਗੱਲਾਂ ਵਿਚ ਸਾਂਝੇ ਸਨ, ਪਰ ਮੁਸਲਮਾਨਾਂ ਨਾਲ ਨਹੀਂ। ਜਦੋਂ ਬਟਵਾਰੇ ਦੀ ਰੇਖਾ ਅੰਤ ਵਿਚ ਖਿੱਚੀ ਗਈ ਤਾਂ ਉਨ੍ਹਾਂ ਦੀ ਅੱਧੀ ਆਬਾਦੀ ਨੂੰ ਸਰਹੱਦ ਤੋਂ ਪਾਰ ਪਾਕਿਸਤਾਨ ਵਿਚ ਆਪਣੇ ਘਰਾਂ, ਜ਼ਮੀਨਾਂ, ਜਾਇਦਾਦਾਂ ਨੂੰ ਤਿਲਾਂਜਲੀ ਦੇ ਕੇ ਭਾਰਤ ਆਉਣਾ ਪਿਆ ਜਿਥੇ ਭਵਿੱਖ ਗ਼ੈਰ-ਭਰੋਸੇ ਵਾਲਾ ਸੀ, ਜਿਹੜੇ ਪਾਕਿਸਤਾਨ ਛੱਡਣੋਂ ਝਿਕਦੇ ਸਨ, ਉਨ੍ਹਾਂ ਨੂੰ ਹਿੰਸਾ ਨਾਲ ਕੱਢ ਦਿੱਤਾ ਗਿਆ।

ਦੇਸ਼ ਦੇ ਬਟਵਾਰੇ ਦੇ ਦਿਨਾਂ ਅੰਦਰ ਜਿਹੜਾ ਅਮਨ-ਕਾਨੂੰਨ ਅਤੇ ਹਿੰਸਾ ਦਾ ਵਾਤਾਵਰਣ ਫੈਲਿਆ ਉਸ ਵਿਚ ਕੁਝ ਸਿੱਖਾਂ ਨੂੰ ਉਕਸਾਇਆ ਗਿਆ ਸੀ ਕਿ ਉਹ ਪੂਰਬੀ ਪੰਜਾਬ ਵਿਚ ਆਪਣੀ ਸਰਕਾਰ ਕਾਇਮ ਕਰ ਲੈਣ। 'ਸੌ ਸਾਖੀ' ਦਾ ਇਕ ਹੋਰ ਰੂਪ ਲੱਭਿਆ ਗਿਆ, ਜਿਸ ਵਿਚ ਪਟਿਆਲੇ ਦੇ ਮਹਾਰਾਜਾ ਯਾਦਵਿੰਦਰ ਸਿੰਘ ਦੇ ਸਿਰ ਤੇ ਸੰਮਤ 1890 ਵਿਚ ਤਾਜ ਰੱਖੇ ਜਾਣ ਦੀ ਭਵਿੱਖਬਾਣੀ ਸੀ। ਮੋਤੀ ਬਾਗ਼ ਦੇ ਮਹਿਲਾਂ ਵਿਚ ਰਾਤ ਦੇ ਖਾਣੇ ਉਪਰੰਤ ਗੱਲ-ਬਾਤ ਲਈ ਦਿਲਚਸਪ ਵਿਸ਼ਾ 'ਮਹਾਂ-ਪਟਿਆਲਾ' ਦਾ ਹੁੰਦਾ ਸੀ। ਵਧੇਰੇ ਯਥਾਰਥਵਾਦੀ ਫ਼ਰੀਦਕੋਟ ਦੇ ਮਹਾਰਾਜਾ ਹਰਿੰਦਰਾ ਸਿੰਘ ਨੇ ਅਜਿਹੇ ਸਿੱਖ ਰਾਜ ਦਾ ਪ੍ਰਚਾਰ ਕੀਤਾ ਜਿਸ ਵਿਚ ਪਟਿਆਲਾ ਦਾ ਮਹਾਰਾਜਾ ਨਹੀਂ ਹੋਵੇਗਾ। ਆਜ਼ਾਦ ਹਿੰਦ ਫ਼ੌਜ ਦੇ ਸਿੱਖ ਸੈਨਿਕ ਰਾਜ ਦਾ ਪਲਟਾ ਲਿਆਉਣ ਲਈ ਆਪਣੀ ਯੋਗਤਾ ਦਰਸਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਨਿਸ਼ਾਨਾ ਵੀ ਰਾਜੇ-ਰਜਵਾੜਿਆਂ ਵਾਂਗ ਦਿਲਾਂ ਵਿਚ ਆਏ ਵਕਤੀ ਉਬਾਲ ਵਾਂਗ ਸੀ ਜਿਹੜੇ ਸੁਪਨੇ ਵਧ ਘੜਦੇ ਹਨ ਪਰ ਅਮਲੀ ਕਦਮ ਘੱਟ ਹੀ ਚੁੱਕਦੇ ਹਨ।

ਬਟਵਾਰੇ ਨੇ ਨਵੇਂ ਹਾਲਾਤ ਪੈਦਾ ਕਰ ਦਿੱਤੇ। ਪੱਛਮੀ ਪੰਜਾਬ ਤੋਂ ਆਏ ਸਿੱਖ ਪਰਵਾਸੀ ਕਾਸ਼ਤਕਾਰਾਂ ਨੂੰ ਘੱਗਰ ਦਰਿਆ ਨੇੜੇ ਰੋਕ ਦਿੱਤਾ ਗਿਆ। ਜਿਸ ਦਾ ਸਿੱਟਾ ਇਹ ਹੋਇਆ ਕਿ ਪੂਰਬੀ ਪੰਜਾਬ ਦੀਆਂ ਕੁਝ ਤਹਿਸੀਲਾਂ ਅਤੇ ਰਾਜਿਆਂ ਦੀਆਂ ਰਿਆਸਤਾਂ ਦੀ ਆਬਾਦੀ ਵਿਚ ਸਿੱਖਾਂ ਦੀ ਗਿਣਤੀ ਵਧ ਗਈ। ਹੇਠਾਂ ਦਿੱਤੀ ਤਾਲਿਕਾ ਤੋਂ ਇਹ ਵੇਰਵਾ ਸਪੱਸ਼ਟ ਹੋ ਜਾਵੇਗਾ :

ਉੱਤਰ-ਪੱਛਮੀ ਜ਼ਿਲ੍ਹੇ	ਹਿੰਦੂ %	ਸਿੱਖ %	ਉੱਤਰ ਅਤੇ ਦੱਖਣ-ਪੂਰਬੀ ਜ਼ਿਲ੍ਹੇ	ਹਿੰਦੂ %	ਸਿੱਖ %
(ੳ) ਪੰਜਾਬ			(ੳ) ਪੰਜਾਬ		
ਹੁਸ਼ਿਆਪੁਰ	73.2	26.2	ਹਿਸਾਰ	91.3	7.7
ਜਲੰਧਰ	42.6	56.5	ਰੋਹਤਕ	98.5	0.7
ਲੁਧਿਆਣਾ	37.4	61.7	ਗੁੜਗਾਓਂ	82.1	0.7
ਫ਼ੀਰੋਜ਼ਪੁਰ	38.7	59.6	ਕਰਨਾਲ	90.3	8.9
ਅੰਮ੍ਰਿਤਸਰ	27.7	70.7	ਅੰਬਾਲਾ	72.2	24.6
ਗੁਰਦਾਸਪੁਰ	45.5	46.6			
(ਅ) ਪੈਪਸੂ			(ਅ) ਪੈਪਸੂ		
ਪਟਿਆਲਾ	52.1	47.1	ਸੰਗਰੂਰ	65.4	33.4
ਬਰਨਾਲਾ	21.0	71.0	ਮਹਿੰਦਰ ਗੜ੍ਹ	99.0	0.6
ਬਠਿੰਡਾ	21.6	78.1	ਕੋਹਿਸਤਾਨ	89.0	9.0
ਕਪੂਰਥਲਾ	35.5	63.6			
ਫ਼ਤਹਿਗੜ੍ਹ ਸਾਹਿਬ	33.6	65.2			

ਇਲਾਕਾ	ਹਿੰਦੂ	ਸਿੱਖ	ਹੋਰ
ਪੰਜਾਬ	63.5	33.4	3.1
ਪੈਪਸੂ	48.8	48.8	1.9
ਪੰਜਾਬ ਅਤੇ ਪੈਪਸੂ	62.3	35.0	2.7

ਭਾਰਤ ਗਣਰਾਜ ਦੀ ਜਨ-ਸੰਖਿਆ 1951 ਤੋਂ ਪ੍ਰਾਪਤ ਕੀਤੇ ਅੰਕੜੇ ।

ਪਹਿਲੀ ਵਾਰ ਲੋਕਤੰਤਰ ਦੀ ਦਲੀਲ ਕਿ ਬਹੁ-ਗਿਣਤੀ ਦੀ ਇੱਛਾ ਨੂੰ ਸਿੱਖ ਰਾਜ ਦੀ ਸਥਾਪਤੀ ਲਈ ਕੁਝ ਹਿੱਸਿਆਂ ਤੇ ਪੇਸ਼ ਕੀਤਾ ਜਾ ਸਕਦਾ ਸੀ । ਬਟਵਾਰੇ ਦੇ ਉਪਰੰਤ ਦੇ ਹਾਲਾਤ ਨੂੰ ਮੁੱਖ ਰੱਖ ਕੇ ਅਨੇਕਾਂ ਸਿੱਖ ਇਸ ਦਾਨਾਈ ਤੇ ਸ਼ੱਕ ਕਰਨ ਲੱਗ ਪਏ ਕਿ ਉਨ੍ਹਾਂ ਆਪਣੇ ਨਸੀਬ ਹਿੰਦੂਆਂ ਨਾਲ ਕਿਉਂ ਜੋੜ ਲਏ ? ਮੁਸਲਮਾਨਾਂ ਦੀ ਪਿੱਛੇ ਰਹਿ ਗਈ ਜਾਇਦਾਦ ਅਤੇ ਭੂਮੀ ਦੀ ਵੰਡ ਨਾਲ ਹਿੰਦੂ ਅਤੇ ਸਿੱਖ ਸ਼ਰਨਾਰਥੀਆਂ ਵਿਚਕਾਰ ਰੜਕ ਤੇ ਖੁੰਦਕ ਪੈਦਾ ਹੋ ਗਈ । ਹਰਿਆਣੇ ਦੇ ਹਿੰਦੂਆਂ ਵਿਰੁੱਧ ਵੀ ਖਾਰ ਪੈਦਾ ਹੋਈ ਕਿਉਂਕਿ ਉਨ੍ਹਾਂ ਮੁਸਲਮਾਨਾਂ ਦੀ ਪਿੱਛੇ ਛੱਡੀ ਹੋਈ ਭੂਮੀ 'ਤੇ ਕਬਜ਼ਾ ਕਰ ਲਿਆ ਸੀ । ਵਾਹੀ ਕਰਨ ਵਾਲੇ ਸਿੱਖਾਂ ਨੂੰ ਸਰਕਾਰੀ ਮਸ਼ੀਨਰੀ ਨਾਲ ਵੀ ਰੋਸ ਸੀ ਕਿਉਂਕਿ ਮੁੜ ਵਸੇਬੇ ਲਈ ਮੰਜ਼ੂਰ ਕੀਤੇ ਜਾ ਰਹੇ ਕਰਜ਼ਿਆਂ 'ਚ ਬਹੁਤ ਦੇਰ ਲਗਾਈ ਜਾਂਦੀ ਸੀ । ਪੱਛਮੀ ਪੰਜਾਬ ਦੇ ਵਪਾਰੀ ਤਬਕੇ ਨੂੰ ਬਹੁਤ ਭਾਰਾ ਧੱਕਾ ਲੱਗਿਆ । ਉਨ੍ਹਾਂ ਦੀ ਪੂੰਜੀ ਲੁੱਟੀ-ਪੁੱਟੀ ਗਈ ਸੀ । ਪੂਰਬੀ ਪੰਜਾਬ 'ਚ ਮੁਸਲਮਾਨ ਵਪਾਰੀ ਨਹੀਂ ਸਨ ਜਿਨ੍ਹਾਂ ਦੀ ਥਾਂ ਉਹ ਲੈ ਸਕਦੇ । ਸਰਕਾਰ ਪਾਸ ਇਹ ਸਮਰੱਥਾ ਨਹੀਂ ਸੀ ਕਿ ਆਪਣੇ ਵਪਾਰ ਨੂੰ ਮੁੜ ਚਾਲੂ ਕਰਨ ਲਈ ਵਧੇਰੇ ਕਰਜ਼ਾ ਜੁਟਾ ਸਕੇ । ਸਿੱਖਾਂ ਦਾ ਵਕਾਰ ਹੱਥ ਅੱਡਣ ਦੀ ਇਜਾਜ਼ਤ ਨਹੀਂ ਦਿੰਦਾ ਸੀ । ਇਸ ਲਈ ਉਹ ਸਰਕਾਰ ਨਾਲ ਤੰਗ ਹੋ ਜਾਂਦੇ, ਜਿਸ ਉਨ੍ਹਾਂ ਲਈ ਕੁਝ ਨਾ ਕੀਤਾ । ਹਿੰਦੂਆਂ ਨਾਲ ਇਸ

ਗੱਲ ਦੀ ਸ਼ਿਕਾਇਤ ਰਹੀ ਕਿਉਂਕਿ ਉਹ ਇਨ੍ਹਾਂ ਦੇ ਦੁੱਖ-ਦਰਦ ਨੂੰ ਠੀਕ ਸਮਝਣ ਦੀ ਥਾਂ ਅਣਗੌਲਿਆ ਕਰਦੇ ਸਨ। ਉਹ ਆਪਣੇ-ਆਪ ਤੋਂ ਪੁੱਛਦੇ : "ਪਾਕਿਸਤਾਨ ਤਾਂ ਮੁਸਲਮਾਨਾਂ ਨੇ ਲੈ ਲਿਆ, ਹਿੰਦੂਆਂ ਨੂੰ ਹਿੰਦੁਸਤਾਨ ਮਿਲ ਗਿਆ ਪਰ ਇਸ 'ਚੋਂ ਸਿੱਖਾਂ ਦੇ ਪੱਲੇ ਕੀ ਪਿਆ ?"

ਅਜਿਹੀ ਮਨੋ-ਸਥਿਤੀ ਵਿਚ ਹੋਣੀ ਵਿਰੁੱਧ ਉਨ੍ਹਾਂ ਦੇ ਮਨਾਂ ਅੰਦਰ ਸੁਲਗਦੀ ਚਿੰਗਾਰੀ ਨੂੰ ਝੱਲ-ਮਾਰ ਕੇ ਲਟ-ਲਟ ਬਲਦੇ ਭਾਂਬੜ ਦਾ ਰੂਪ ਦਿੱਤਾ ਜਾ ਸਕਦਾ ਸੀ ਅਤੇ ਸਿੱਖ ਆਦਰਸ਼ਕ ਰਾਜ਼ ਦਾ ਢਾਂਚਾ ਖੜ੍ਹਾ ਕੀਤਾ ਜਾ ਸਕਦਾ ਸੀ।

ਸਿੱਖਾਂ ਨਾਲ ਕੀਤੇ ਜਾ ਰਹੇ ਸਰਕਾਰੀ ਸਲੂਕ ਵਿਚ ਵੀ ਸਿਆਣਪ ਘੱਟ ਵਰਤੀ ਗਈ। ਸੜਕ ਰਾਹੀਂ ਸਾਮਾਨ ਦੀ ਢੋਆ-ਢੁਆਈ ਵਿਚ ਸਿੱਖਾਂ ਦਾ ਲਗਭਗ ਏਕਾਧਿਕਾਰ ਸੀ ਪਰ ਉਸ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚੋਂ ਸਿੱਖ ਆਬਾਦਕਾਰਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਅਤੇ ਓਪਰੇ ਵਿਦੇਸੀਆਂ ਵਾਲਾ ਸਲੂਕ ਕੀਤਾ ਜਾਂਦਾ। ਕਲਕੱਤੇ ਵਿਚ ਟੈਕਸੀਆਂ ਅਤੇ ਬੱਸਾਂ ਦਾ ਕਾਰੋਬਾਰ ਸਿੱਖਾਂ ਦੇ ਹੱਥ ਸੀ। ਪੂਰਬੀ ਬੰਗਾਲ ਤੋਂ ਆਏ ਹਿੰਦੂ ਸ਼ਰਨਾਰਥੀਆਂ ਨੂੰ ਰੋਜ਼ਗਾਰ ਦਿਵਾਉਣ ਲਈ ਇਹ ਵੀ ਖ਼ਤਮ ਕਰ ਦਿੱਤਾ ਗਿਆ। ਵੱਖਰੇ ਮਤਦਾਤਾਵਾਂ, ਵੱਖ-ਵੱਖ ਫ਼ਿਰਕਿਆਂ ਜਾਂ ਸੰਪਰਦਾਵਾਂ ਦੇ ਵਿਸ਼ੇਸ਼ ਅਧਿਕਾਰ ਦੇ ਮਨਸੂਖ਼ ਕਰ ਦੇਣ ਅਤੇ ਸਰਵਿਸਜ਼—ਹਥਿਆਰਬੰਦ ਫ਼ੌਜਾਂ ਦੇ ਅਧਿਕਾਰੀ ਕਾਡਰ ਸਹਿਤ, ਵਿਚ ਦਾਖ਼ਲ ਹੋਣ ਲਈ ਪੱਤਰ-ਪ੍ਰੀਖਿਆ—ਪ੍ਰਤੀਯੋਗਤਾ—ਕੰਪੀਟੇਟਿਵ ਪੇਪਰ ਐਗਜ਼ਾਮੀਨੇਸ਼ਨ ਦੇ ਜ਼ਰੂਰੀ ਕੀਤੇ ਜਾਣ ਨਾਲ ਸਿੱਖਾਂ ਨਾਲ ਭਾਰੀ ਧੱਕਾ ਹੋਇਆ। ਇਸ ਨਾਲ ਸੈਨਾ ਅਤੇ ਸ਼ਹਿਰੀ ਖੇਤਰ ਵਿਚ ਪਤਿਤ ਹੋਣ ਵਾਲਿਆਂ ਦੀ ਸੰਖਿਆ ਦਾ ਜ਼ੋਰ ਵਧ ਗਿਆ। ਬਹੁਤ ਸਾਰੇ ਸਿੱਖ ਸ਼ਹਿਰੀ ਅਧਿਕਾਰੀਆਂ, ਕਰਮਚਾਰੀਆਂ ਅਤੇ ਸੈਨਿਕ ਜਵਾਨਾਂ ਦੀ ਇਹ ਧਾਰਨਾ ਹੋ ਗਈ ਕਿ ਧਰਮ-ਨਿਰਪੇਖ ਰਾਜ ਵਿਚ ਆਪਣੀਆਂ ਨੌਕਰੀਆਂ ਬਰਕਰਾਰ ਰੱਖਣ ਲਈ ਕੇਸਾਧਾਰੀ ਹੋਣਾ ਜਾਂ ਰਹਿਣਾ ਲਾਜ਼ਮੀ ਨਹੀਂ। ਜੇਕਰ ਉਹ ਦਾੜ੍ਹੀ-ਕੇਸ ਰਹਿਤ ਹੋਣ ਤਾਂ ਉਨ੍ਹਾਂ ਲਈ ਪਦ-ਉਨਤੀ ਵਿਚ ਵੀ ਕਿਸੇ ਪ੍ਰਕਾਰ ਦੀ ਰੋਕ ਨਹੀਂ ਪਵੇਗੀ। ਰਹਿਤ-ਮਰਿਆਦਾ ਵਾਲੇ ਸਿੱਖਾਂ ਨੇ ਸੁਭਾਵਿਕ ਹੀ ਇਸ ਦਾ ਕਾਰਨ ਹਿੰਦੂ ਸਰਕਾਰ ਦੀ ਚਾਲਾਕੀ ਸਮਝਿਆ।

ਸੁਤੰਤਰ ਭਾਰਤ ਵਿਚ ਸਿੱਖ ਕੌਮ ਦੀ ਬੇਚੈਨੀ ਦਾ ਮੁੱਖ ਕਾਰਨ ਇਹ ਸੀ ਕਿ ਹਿੰਦੂਵਾਦ ਦੀ ਪੁਨਰ-ਸੁਰਜੀਤੀ ਕਾਰਨ ਦੇਸ਼ ਦੀਆਂ ਘੱਟ-ਗਿਣਤੀ ਕੌਮਾਂ ਖ਼ਤਰੇ ਦੇ ਵਾਤਾਵਰਣ ਵਿਚ ਘਿਰ ਗਈਆਂ। ਪੁਨਰ-ਉੱਭਰੇ ਹਿੰਦੂਵਾਦ ਦਾ ਰੂਪ ਪ੍ਰਤੱਖ ਤੌਰ ਤੇ ਹਿੰਦੂਆਂ ਦੀਆਂ ਧਾਰਮਿਕ ਜੱਥੇਬੰਦੀਆਂ ਦੀ ਵਧਦੀ ਗਿਣਤੀ, ਸੰਸਕ੍ਰਿਤ ਭਾਸ਼ਾ ਦੀ ਮੁੜ ਬਹਾਲੀ ਅਤੇ ਹਿੰਦੀ ਭਾਸ਼ਾ ਦੇ ਪ੍ਰਚਲਨ ਵਿਚ ਜ਼ੋਰ ਦੇਣ ਵਿਚ ਉੱਭਰਿਆ। ਦੂਜੇ ਸੂਬਿਆਂ ਦੇ ਹਿੰਦੂਆਂ ਨਾਲੋਂ ਪੰਜਾਬ ਦੇ ਹਿੰਦੂਆਂ ਵਿਚ ਕੁਝ ਵਧੇਰੇ ਹੀ ਟੱਕਰ ਲੈਣ ਵਾਲਾ ਜੋਸ਼ ਸੀ।

ਇਸ ਸੰਬੰਧ ਵਿਚ ਸਰਦਾਰ ਹੁਕਮ ਸਿੰਘ ਦਾ ਸਤੰਬਰ 29, 1950 ਵਿਚ 'ਟ੍ਰਿਬਿਊਨ' ਅੰਗਰੇਜ਼ੀ ਵਿਚ ਛਪਿਆ ਪੱਤਰ ਪ੍ਰਸੰਗਿਕ ਹੈ :

"ਹਿੰਦੂ ਅਚਾਨਕ ਹੀ ਜ਼ੋਰਾਵਰ, ਰਾਜਸੀ ਤੌਰ ਤੇ ਜਾਗ੍ਰਿਤ ਘੱਟ-ਗਿਣਤੀ, ਜਿਹੜੀ ਅਤਿ ਕੁਚਲੇ ਹੋਏ ਭਾਵ ਦੀ ਨਮੋਸ਼ੀ ਵਿਚ ਸੀ, ਉਹ ਪੂਰਬੀ ਪੰਜਾਬ ਵਿਚ ਕਾਨੂੰਨੀ ਰੂਪ ਦੀ ਬਹੁ-ਗਿਣਤੀ ਬਣ ਗਈ। ਉਨ੍ਹਾਂ ਆਪਣੇ ਬੀਤੇ ਸਮੇਂ ਦੇ ਹੀਣ-ਭਾਵ ਇਕਦਮ ਭੁਲਾ ਦਿੱਤੇ ਅਤੇ ਅਤਿ ਦੀ ਤੀਬਰਤਾ ਵਾਲੀ ਕੱਟੜ ਫ਼ਿਰਕੇਦਾਰੀ ਚੇਤਨਾ ਦਾ ਪ੍ਰਗਟਾਵਾ ਕੀਤਾ...

"ਹੋਰ ਤਾਂ ਹੋਰ ਪੰਡਤ ਨਹਿਰੂ ਵੀ ਮਿਲੀਟੈਂਟ ਹਿੰਦੂ ਘੋਰ ਦੇਸ਼ਭਗਤੀਵਾਦ—ਸ਼ੋਵਨਿਜ਼ਮ,

ਦਾ ਮੁਖੀ ਹੈ। ਭਾਵੇਂ ਉਹ ਰਾਸ਼ਟਰਵਾਦ ਦੀ ਚਿਕਨੀ-ਚੋਪੜੀ ਗੱਲ ਕਹਿੰਦੇ ਹਨ। ਉਹ ਲੋਕੰਤਤਰ ਦਾ ਨਾਅਰਾ ਬੁਲੰਦ ਕਰਦੇ ਹਨ ਅਤੇ ਉਹ ਗੋਬਲੀਅਨ ਝੂਠ ਹੁੰਦਾ ਹੈ। ਸੰਖੇਪ ਵਿਚ ਇਸ ਨੂੰ ਸਿਆਸੀ ਧੋਖੇਬਾਜ਼ੀ ਕਿਹਾ ਜਾ ਸਕਦਾ ਹੈ। ਭਾਰਤੀ ਪ੍ਰਤੀਕਰਮ ਦੀ ਸੇਵਾ ਵਿਚ ਇਹ ਵਤੀਰਾ ਹੇਰਾਫੇਰੀ ਅਤੇ ਦੂਹਰੀ ਨੀਤੀ ਵਾਲਾ ਹੈ।"

ਉਨ੍ਹਾਂ ਸੰਗਠਨਾ ਨੇ, ਜਿਨ੍ਹਾਂ ਦਾ ਸੰਬੰਧ ਆਰੀਆ ਸਮਾਜ ਨਾਲ ਸੀ ਅਤੇ ਸਿਆਸੀ ਭਾਗ ਜਨਸੰਘ ਨੇ ਪੰਜਾਬੀ-ਭਾਸ਼ੀ ਹਿੰਦੂਆਂ ਅੰਦਰ ਪ੍ਰੇਰਨਾ ਦੀ ਲਹਿਰ ਜ਼ੋਰਾਂ 'ਤੇ ਚਲਾਈ ਕਿ ਉਹ ਆਪਣੀ ਮਾਤ-ਭਾਸ਼ਾ ਤੋਂ ਨਾਬਰ ਹੋ ਕੇ ਹਿੰਦੀ ਨੂੰ ਅਪਨਾਉਣ। ਇਸ ਸੰਦਰਭ ਵਿਚ 1951 ਦੀ ਜਨ-ਗਣਨਾ ਵਿਚ ਹਿੰਦੂ ਜਮਾਤਾਂ ਅਤੇ ਸੰਗਠਨਾਂ ਨੇ ਲਹਿਰ ਚਲਾਈ ਕਿ ਪੰਜਾਬੀ ਬੋਲਣ ਵਾਲੇ ਹਿੰਦੂ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਉਣ। ਜਨ-ਗਣਨਾ ਦੇ ਕਾਰਜ ਸਮੇਂ ਹਿੰਦੂ-ਸਿੱਖ ਝਗੜੇ ਵੀ ਹੋਏ।

ਹਿੰਦੂਵਾਦ ਮੁੜ ਉਭੱਰਨ ਅਤੇ ਪਤਿਤ ਹੋਣ ਵਾਲਿਆਂ ਵਿਚ ਸਿੱਖਾਂ ਦੀ ਵਧਦੀ ਗਿਣਤੀ ਕਾਰਨ, ਪਤਿਤ ਹੋਣ ਦਾ ਤਾਂ ਸਿੱਧਾ ਅਰਥ ਸੀ ਕਿ ਮੁੜ ਹਿੰਦੂਵਾਦ ਵਿਚ ਰਲ ਜਾਣਾ। ਸਿੱਖ ਆਗੂਆਂ ਨੂੰ ਵੀ ਚਿੰਤਾ ਹੋਈ ਕਿ ਇਹ ਇਕ ਚੁਣੌਤੀ ਸੀ। ਅਜਿਹੇ ਰਾਜ ਵਿਚ ਸਿੱਖ ਕੌਮ ਕਿਵੇਂ ਆਪਣੀ ਵੱਖਰੀ ਤੇ ਵਿਲੱਖਣ ਪਛਾਣ ਕਾਇਮ ਰੱਖ ਸਕਦੀ ਸੀ ਜਦੋਂ ਉਪਰੇ ਤੌਰ ਤੇ ਧਰਮ-ਨਿਰਪੇਖਤਾ ਦੀ ਵਚਨਬੱਧਤਾ ਹੋਵੇ ਅਤੇ ਅਮਲੀ ਰੂਪ ਵਿਚ ਵੱਧ ਤੋਂ ਵੱਧ ਹਿੰਦੂ ਰੂਪ ਹੋਵੇ ? ਆਰਥਿਕ ਜਾਂ ਸਿਆਸੀ ਰਿਆਇਤਾਂ ਜਾਂ ਅਧਿਕਾਰਾਂ ਦਾ ਕੋਈ ਅਰਥ ਨਹੀਂ ਸੀ। ਇਕ ਹੀ ਆਸ ਸੀ ਕਿ ਅਜਿਹਾ ਸੂਬਾ ਜਾਂ ਰਾਜ ਹੋਵੇ ਜਿਸ ਵਿਚ ਉਹ ਪੰਜਾਬੀ ਭਾਸ਼ਾ, ਸਿੱਖ ਗ੍ਰੰਥਾਂ ਅਤੇ ਇਤਿਹਾਸ ਦੇ ਸਿੱਖਣ ਲਈ ਜ਼ੋਰ ਦੇ ਸਕਣ ਅਤੇ ਇਸ ਪ੍ਰਕਾਰ ਨੌਜਵਾਨ ਪੀੜ੍ਹੀ ਖਾਲਸੇ ਦੀ ਰਵਾਇਤ ਦਾ ਭਾਵ ਉਜਾਗਰ ਹੋ ਸਕੇ।

1948 ਵਿਚ ਸਰਕਾਰ ਨੇ ਦੋ ਅਜਿਹੇ ਕਦਮ ਉਠਾਏ ਜਿਨ੍ਹਾਂ ਨਾਲ ਸਿੱਖ ਰਾਜ ਦਾ ਸਿਧਾਂਤ ਪੱਲਰਿਆ। ਪੰਜਾਬ ਦੀਆਂ ਰਾਜਿਆਂ-ਮਹਾਰਾਜਿਆਂ ਦੀਆਂ ਰਿਆਸਤਾਂ ਨੂੰ ਮਿਲਾ ਕੇ ਇਕ ਇਕਾਈ ਬਣਾਈ ਗਈ। ਇਹ ਸੀ ਪਟਿਆਲਾ, ਈਸਟ ਪੰਜਾਬ ਸਟੇਟਸ ਯੂਨੀਅਨ—ਪੈਪਸੂ ਦੀ ਯੂਨੀਅਨ ਦਾ ਸੋਹਣਾ-ਸੁਲੱਖਾ ਸਿੱਖ ਮਹਾਰਾਜਾ ਯਾਦਵਿੰਦਰ ਸਿੰਘ ਇਸ ਦਾ 'ਰਾਜਪ੍ਰਮੁੱਖ' ਥਾਪਿਆ ਗਿਆ। ਇਕ ਸਿੱਖ ਰਜਵਾੜਾ, ਸਰਦਾਰ ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਅਤੇ ਇਸ ਇਲਾਕੇ ਦੀ ਬਹੁ-ਗਿਣਤੀ ਵੱਸੋਂ ਸਿੱਖਾਂ ਦੀ ਸੀ। ਬਸ ਏਨਾ ਹੀ ਕਰਨ ਦੀ ਲੋੜ ਸੀ ਕਿ ਪੂਰਬੀ ਪੰਜਾਬ ਦੇ ਸਿੱਖ ਬਹੁ-ਗਿਣਤੀ ਵਾਲੇ ਇਲਾਕੇ ਪੈਪਸੂ ਨਾਲ ਜੋੜ ਦਿੱਤੇ ਜਾਂਦੇ ਤਾਂ ਸਿੱਖ ਰਾਜ ਇਕ ਸੱਚਾਈ ਬਣ ਜਾਂਦਾ।

ਦੂਜੇ ਕਦਮ ਰਾਹੀਂ ਸਿੱਖਾਂ ਨੂੰ ਇਕ ਬਹਾਨਾ ਮਿਲ ਗਿਆ ਜਿਸ ਦੀ ਉਹ ਉਡੀਕ ਕਰ ਰਹੇ ਸਨ। ਪੰਜਾਬ ਨੂੰ ਦੋ-ਭਾਸ਼ੀ ਰਾਜ ਘੋਸ਼ਿਤ ਕਰ ਦਿੱਤਾ ਗਿਆ ਅਤੇ ਇਸਦੀਆਂ ਭਾਸ਼ਾਵਾਂ ਪੰਜਾਬੀ ਅਤੇ ਹਿੰਦੀ ਦੋਵੇਂ ਸਵੀਕਾਰ ਕਰ ਲਈਆਂ ਗਈਆਂ। ਭਾਸ਼ਾ ਦੇ ਮੁੱਦੇ ਬਾਰੇ ਤਾਂ ਸਿੱਖਾਂ ਨੇ ਆਪਣਾ ਰੋਸ ਤੁਰੰਤ ਪ੍ਰਗਟ ਕੀਤਾ ਅਤੇ ਇਸ ਮਾਮਲੇ ਵਿਚ ਕੌਮ ਵਾਸਤੇ ਅਕਾਲੀ ਬੁਲਾਰੇ ਸਨ।

ਯਾਦ ਰਹੇ ਕਿ ਇੰਡੀਅਨ ਨੈਸ਼ਨਲ ਕਾਂਗਰਸ ਬਾਰ-ਬਾਰ ਭਾਸ਼ਾ ਦੇ ਆਧਾਰ ਵਾਲੇ ਸੂਬਿਆਂ ਦੇ ਅਸੂਲ ਦੀ ਪ੍ਰਤੀਬੱਧ ਰਹੀ। ਪਰ ਸੁਤੰਤਰਤਾ ਉਪਰੰਤ ਇਸ ਦਾ ਵਤੀਰਾ ਬਦਲ ਗਿਆ, ਵਿਸ਼ੇਸ਼ ਕਰਕੇ ਜਿਥੋਂ ਤਕ ਇਸ ਦਾ ਸੰਬੰਧ ਪੰਜਾਬ ਅਤੇ ਸਿੱਖ ਕੌਮ ਨਾਲ ਸੀ। ਜਸਟਿਸ ਦਾਰ ਦੇ ਅਧੀਨ, ਸੰਵਿਧਾਨ ਸਭਾ ਨੇ ਰਾਜਾਂ ਦੀਆਂ ਸੀਮਾਵਾਂ ਨੂੰ ਮੁੜ ਉਲੀਕਣ ਦੀਆਂ ਸੰਭਾਵਨਾਵਾਂ ਬਾਰੇ ਕਮਿਸ਼ਨ ਨਿਯੁਕਤ ਕੀਤਾ ਅਤੇ ਰਿਪੋਰਟ ਕਰਨ ਲਈ ਕਿਹਾ। ਪਰ

ਇਸ ਦੇ ਅਧਿਕਾਰ ਖੇਤਰ ਵਿਚ ਪੰਜਾਬ ਨੂੰ ਸ਼ਾਮਲ ਨਾ ਕੀਤਾ ਗਿਆ। ਕਮਿਸ਼ਨ ਨੇ ਕਿਸੇ ਵੀ ਤਬਦੀਲੀ ਵਿਰੁੱਧ ਰਾਏ ਪ੍ਰਗਟ ਕੀਤੀ ਅਤੇ ਨਿਰਧਾਰਤ ਸੀਮਾਵਾਂ ਦੇ ਬਾਵਜੂਦ ਇਹ ਵਿਚਾਰ ਪ੍ਰਗਟ ਕੀਤੇ : "ਇਹ ਯਕੀਨੀ ਹੈ ਕਿ ਭਾਸ਼ਾ ਦੇ ਆਧਾਰ ਤੇ ਸੂਬਿਆਂ ਦੀ ਸਥਾਪਨਾ ਕਰਨ ਨਾਲ ਹੋਰ-ਹੋਰ ਥਾਵਾਂ ਦੇ ਭਾਸ਼ਾਈ ਗਰੁੱਪ ਵੀ ਵੱਖ ਸਥਾਪਤੀ ਦੀ ਮੰਗ ਕਰਨਗੇ। ਸਿੱਖਾਂ, ਜਾਟਾਂ ਅਤੇ ਹੋਰਨਾਂ ਵੱਲੋਂ ਅਜਿਹੇ ਦਾਅਵੇ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ ਅਤੇ ਸਮੇਂ ਦੇ ਨਾਲ ਇਹ ਹੋਰ ਤੇਜ਼ ਹੋ ਕੇ ਅੱਗੇ ਆਉਣਗੇ ਅਤੇ ਇਹ ਭਖਦੇ ਮੁੱਦੇ ਬਣ ਜਾਣਗੇ। ਜੇਕਰ ਇਕ ਵਾਰ ਭਾਸ਼ਾ ਦੇ ਆਧਾਰ ਤੇ ਸੂਬੇ ਕਾਇਮ ਕਰਨ ਦਾ ਫ਼ੈਸਲਾ ਹੋ ਗਿਆ।"

ਦਾਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਇਕ ਹੋਰ ਕਮਿਸ਼ਨ ਨੇ ਵੀ ਬਲ ਦਿੱਤਾ, ਜਿਸ ਨੂੰ ਸੰਵਿਧਾਨ ਸਭਾ ਨੇ ਨਿਯੁਕਤ ਕੀਤਾ ਸੀ। ਜੇ.ਵੀ.ਪੀ.—ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ ਅਤੇ ਪੱਟਾਭੀ ਸੀਤਾਰਮੱਈਆ ਨੇ ਦਾਰ ਕਮਿਸ਼ਨ ਦੇ ਸਿੱਟਿਆਂ ਦੀ ਸਮੀਖਿਆ ਕੀਤੀ ਅਤੇ ਇਉਂ ਰੀਪੋਰਟ ਕੀਤੀ : "ਸਾਡੀ ਸਪੱਸ਼ਟ ਰੂਪ ਵਿਚ ਇਹ ਧਾਰਨਾ ਹੈ ਕਿ ਉੱਤਰ ਭਾਰਤ ਦੇ ਸੂਬਿਆਂ ਵਿਚ ਕੋਈ ਫੇਰ-ਬਦਲ, ਇਸ ਵੇਲੇ ਉੱਕਾ ਹੀ ਨਾ ਕੀਤਾ ਜਾਵੇ, ਭਾਵੇਂ ਤਜਵੀਜ਼ਾਂ ਦੀ ਯੋਗਤਾ ਜਾਂ ਉਚਿਤਤਾ ਕੁਝ ਵੀ ਹੋਵੇ ਪਰ ਇਸ ਦਾ ਇਹ ਅਰਥ ਨਾ ਲਿਆ ਜਾਵੇ ਕਿ ਸੂਬਿਆਂ ਦੀਆਂ ਸੀਮਾਵਾਂ ਨੂੰ ਭਾਸ਼ਾਈ ਆਧਾਰ ਤੇ ਉਲੀਕਣ ਦੀਆਂ ਮੰਗਾਂ ਵਾਜਬ ਨਹੀਂ ਜਾਂ ਉਚਿਤ ਨਹੀਂ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਨ੍ਹਾਂ ਵਿਚ ਕੁਝ-ਕੁਝ ਜ਼ੋਰ ਹੈ ਜਾਂ ਕਿਸੇ ਪ੍ਰਕਾਰ ਦਾ ਫੇਰ-ਬਦਲ ਅਖ਼ੀਰ ਤੇ ਕਰਨ ਦੀ ਲੋੜ ਪੈ ਜਾਵੇ।"

'ਸੱਚਰ ਫ਼ਾਰਮੂਲੇ' ਅਧੀਨ ਪੰਜਾਬ ਨੂੰ ਤਿੰਨ ਇਲਾਕਿਆਂ ਵਿਚ ਵੰਡਿਆ ਗਿਆ। ਪੰਜਾਬੀ ਬੋਲਣ ਵਾਲਾ, ਹਿੰਦੀ ਬੋਲਣ ਵਾਲਾ ਅਤੇ ਦੋਵੇਂ ਭਾਸ਼ਾ ਬੋਲਣ ਵਾਲਾ। ਪਹਿਲੇ ਵਿਚ ਛੇ ਜ਼ਿਲ੍ਹੇ ਸਨ : ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫ਼ੀਰੋਜ਼ਪੁਰ, ਲੁਧਿਆਣਾ, ਹੁਸ਼ਿਆਰਪੁਰ, ਅਤੇ ਅੰਬਾਲੇ ਦੀਆ ਦੋ ਤਹਿਸੀਲਾਂ ਸਨ—ਰੋਪੜ ਤੇ ਖਰੜ, ਚੰਡੀਗੜ੍ਹ ਤੋਂ ਬਿਨਾਂ। ਹਿੰਦੀ ਬੋਲਣ ਵਾਲੇ ਇਲਾਕੇ ਵਿਚ ਪੰਜ ਜ਼ਿਲ੍ਹੇ ਸਨ—ਰੋਹਤਕ, ਗੁੜਗਾਉਂ, ਕਰਨਾਲ, ਕਾਂਗੜਾ ਅਤੇ ਹਿਸਾਰ, ਪਰ ਸਰਸਾ ਤਹਿਸੀਲ ਤੋਂ ਬਿਨਾਂ। ਅਤੇ ਅੰਬਾਲੇ ਦੀਆਂ ਦੋ ਤਹਿਸੀਲਾਂ ਸਨ—ਜਗਾਧਰੀ ਅਤੇ ਨਰਾਇਣਗੜ੍ਹ। ਬਾਕੀ ਦਾ ਇਲਾਕਾ ਸ਼ਿਮਲਾ, ਅੰਬਾਲਾ, ਚੰਡੀਗੜ੍ਹ ਅਤੇ ਸਰਸਾ ਦੋ-ਭਾਸ਼ੀ ਘੋਸ਼ਿਤ ਕੀਤੇ ਗਏ। ਇਹ ਵੀ ਮੰਨਿਆ ਗਿਆ ਕਿ ਸੰਬੰਧਤ ਇਲਾਕਿਆਂ ਵਿਚ ਸਿੱਖਿਆ ਦਾ ਮਾਧਿਅਮ ਇਲਾਕੇ ਦੀ ਭਾਸ਼ਾ ਵਿਚ ਮੈਟ੍ਰਿਕੁਲੇਸ਼ਨ—ਦਸਵੀਂ ਜਮਾਤ ਤਕ ਹੋਵੇਗਾ ਪਰ ਦੂਜੀਆਂ ਭਾਸ਼ਾਵਾਂ ਵੀ ਮੁੱਢਲੇ ਤੌਰ ਤੇ ਪੜ੍ਹਾਈਆਂ ਜਾਣਗੀਆਂ। ਲੜਕੀਆਂ ਵਾਸਤੇ ਇਹ ਕੇਵਲ ਮਿਡਲ—ਅੱਠਵੀਂ ਤਕ ਹੋਵੇਗਾ। ਉਨ੍ਹਾਂ ਬੱਚਿਆਂ ਵੱਲ ਵੀ ਧਿਆਨ ਦਿੱਤਾ ਗਿਆ ਜਿਨ੍ਹਾਂ ਦੀ ਇਕ ਇਲਾਕੇ ਵਿਚ ਪੜ੍ਹਦਿਆਂ ਮਾਤ-ਭਾਸ਼ਾ ਉਸ ਇਲਾਕੇ ਨਾਲੋਂ ਵੱਖਰੀ ਸੀ। ਇਸ ਹਾਲਤ ਵਿਚ ਸਕੂਲ ਅੰਦਰ 40 ਵਿਦਿਆਰਥੀ ਜਾਂ ਹਰ ਜਮਾਤ ਵਿਚ 10 ਹੋਣ, ਜਿਨ੍ਹਾਂ ਲਈ ਦੂਜੀ ਭਾਸ਼ਾ ਦੀ ਲੋੜ ਹੋਵੇ। ਵਿਦਿਆ ਦੇ ਭਾਵ ਨਾਲ ਪੈਪਸੂ ਨੂੰ ਵੀ ਭਾਸ਼ਾ ਦੇ ਆਧਾਰ ਤੇ ਵੰਡਿਆ ਗਿਆ। ਹਿੰਦੀ ਬੋਲਦੇ ਇਲਾਕੇ ਵਿਚ ਸ਼ਾਮਲ ਜ਼ਿਲ੍ਹੇ ਸਨ : ਮਹਿੰਦਰਗੜ੍ਹ ਅਤੇ ਕੋਹਿਸਤਾਨ—ਚੰਡੀਗੜ੍ਹ ਸਹਿਤ ਪਰ ਡੇਰਾਬੱਸੀ ਤੋਂ ਬਿਨਾ, ਅਤੇ ਜੀਂਦ ਅਤੇ ਨਰਵਾਣਾ ਦੀਆਂ ਤਹਿਸੀਲਾਂ।

ਬਾਕੀ ਦੇ ਸਾਰੇ ਰਾਜ ਨੂੰ ਪੰਜਾਬੀ ਬੋਲਦਾ ਇਲਾਕਾ ਘੋਸ਼ਿਤ ਕਰ ਦਿੱਤਾ ਗਿਆ। ਇਕ ਖੇਤਰ ਵਿਚ ਦੇਵਨਾਗਰੀ ਲਿਪੀ ਵਿਚ ਹਿੰਦੀ ਅਤੇ ਦੂਜੇ ਵਿਚ ਗੁਰਮੁਖੀ ਲਿਪੀ ਵਿਚ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਰਖਿਆ ਗਿਆ। ਨਾਲ ਹੀ ਦੋਹਾਂ ਵਿਚ ਦੂਜੀਆਂ ਭਾਸ਼ਾਵਾਂ ਚੌਥੀ ਮੁੱਢਲੀ ਕਲਾਸ ਤੋਂ ਲਾਜ਼ਮੀ ਕਰ ਦਿੱਤੀਆਂ ਗਈਆਂ। ਪੰਜਾਬ ਵਿਚ ਸਿੱਖਿਆ ਦੇ ਮਾਧਿਅਮ

ਲਈ ਰੋਣ ਲਈ ਕੋਈ ਗੁੰਜਾਇਸ਼ ਨਹੀਂ ਸੀ।

ਅਕਾਲੀਆਂ ਨੇ ਇਹ ਦਲੀਲ ਦਿੱਤੀ ਕਿ ਹਰਿਆਣੇ ਤੋਂ ਬਿਨਾਂ ਪੰਜਾਬ ਦੀ ਭਾਸ਼ਾ ਪੰਜਾਬੀ ਸੀ ਅਤੇ ਲਗਭਗ ਸਾਰੇ ਦਾ ਸਾਰਾ ਪੰਜਾਬੀ ਸਾਹਿਤ, ਸੂਫ਼ੀਆਂ ਦੀਆਂ ਰਚਨਾਵਾਂ ਤੋਂ ਬਿਨਾਂ, ਗੁਰਮੁਖੀ ਲਿਪੀ ਵਿਚ ਸੀ। ਇਸ ਲਈ ਹਰਿਆਣਾ ਦਾ ਰੇਤਲਾ ਅਤੇ ਅਣ-ਉਪਜਾਊ ਇਲਾਕਾ ਜਿਹੜਾ ਪੰਜਾਬ ਨਾਲ 1857 ਦੀ ਬਗ਼ਾਵਤ ਦੇ ਅੰਤ ਵਿਚ ਜੋੜ ਦਿੱਤਾ ਗਿਆ ਸੀ, ਵੱਖ ਕਰਕੇ ਹਿੰਦੀ ਬੋਲਦੇ ਪੂਰਬੀ ਗੁਆਂਢੀਆਂ ਨਾਲ ਜੋੜ ਦਿੱਤਾ ਜਾਵੇ ਅਤੇ ਸੂਬੇ ਦੀ ਭਾਸ਼ਾ ਗੁਰਮੁਖੀ ਲਿਪੀ ਵਿਚ ਪੰਜਾਬੀ ਪਰਵਾਨ ਕਰਨ ਲਈ ਜਾਵੇ। ਇਸ ਵਿਚ ਕੋਈ ਓਹਲੇ ਜਾਂ ਹਨੇਰੇ ਵਿਚ ਰੱਖਣ ਵਾਲੀ ਗੱਲ ਨਹੀਂ ਸੀ ਕਿ ਪੰਜਾਬੀ ਸੂਬੇ ਵਿਚ ਬਹੁ-ਗਿਣਤੀ ਸਿੱਖਾਂ ਦੀ ਹੋਵੇਗੀ ਅਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਆਧਾਰ ਸਿੱਖਾਂ ਦੀਆਂ ਧਾਰਮਿਕ ਰਚਨਾਵਾਂ ਸਨ। ਸੂਬੇ ਦੀ ਮੰਗ ਅਸਲ ਵਿਚ ਸਿੱਖ ਰਾਜ ਦੀ ਮੰਗ ਸੀ। ਭਾਸ਼ਾ ਦੀ ਗੱਲ ਤਾਂ ਖੰਡ ਦਾ ਗਲੇਫ ਚਾੜ੍ਹਨ ਵਾਲੀ ਸੀ। ਤੇਲਗੂ ਭਾਸ਼ਾ ਲੋਕਾਂ ਦੀ ਜੱਦੋਜਹਿਦ ਦੇ ਫਲਸਰੂਪ ਆਂਧਰਾ ਪ੍ਰਦੇਸ਼ ਅਤੇ ਮਰਾਠੀ ਭਾਸ਼ੀ ਰਾਜ ਦੀ ਮੰਗ ਨਾਲ ਪੰਜਾਬੀ ਸੂਬੇ ਦੀ ਮੰਗ ਲਈ ਸਿੱਖ ਜੱਦੋਜਹਿਦ ਨੂੰ ਹੌਸਲਾ ਮਿਲਿਆ।

ਕੁਝ ਸਮੇਂ ਤਕ ਅਕਾਲੀਆਂ ਅਤੇ ਸਰਕਾਰ ਨੇ ਪੱਜ ਬਣਾਈ ਰਖਿਆ ਅਤੇ ਇਹ ਮੁੱਦਾ ਇਕ ਭਾਸ਼ਾ ਬਣਿਆ ਰਿਹਾ। ਪੰਜਾਬ ਸਰਕਾਰ ਨੇ ਸਕੂਲਾਂ ਵਿਚ ਮੁੱਢਲੀ ਸਿੱਖਿਆ ਲਈ ਦੋਵੇਂ ਭਾਸ਼ਾਵਾਂ, ਗੁਰਮੁਖੀ ਲਾਜ਼ਮੀ ਤੌਰ ਤੇ ਲਾਗੂ ਕੀਤੀ। ਮੁੱਖ ਮੰਤਰੀ, ਸ੍ਰੀ ਭੀਮ ਸੈਨ ਸੱਚਰ ਦੇ ਨਾਮ ਤੇ ਲਾਗੂ ਕੀਤੇ, 'ਸੱਚਰ ਫ਼ਾਰਮੂਲੇ' ਨੇ ਇਸ ਇਤਰਾਜ਼ ਦੀ ਕਾਟ ਕੀਤੀ ਕਿ ਪੰਜਾਬੀ ਨੂੰ ਸੈਕੰਡ ਕਲਾਸ ਜਾਂ ਘਟੀਆ ਦਰਜਾ ਦਿੱਤਾ ਗਿਆ ਹੈ। ਅਕਾਲੀਆਂ ਨੇ ਖੁੱਲ੍ਹੇ ਤੌਰ ਤੇ ਹਿ ਸਿੱਖ ਬਹੁ-ਗਿਣਤੀ ਵਾਲੇ ਰਾਜ ਦੀ ਮੰਗ ਕੀਤੀ ਪਰ ਨਾਲ ਦੇ ਨਾਲ ਉਹ ਇਹ ਵੀ ਚਾਹੁੰਦੇ ਸਨ ਕਿ ਪੰਜਾਬ ਇਕ-ਭਾਸ਼ੀ ਰਾਜ ਹੋਵੇ। ਇਸ ਲਈ ਭਾਸ਼ਾ ਦੇ ਮਸਲੇ ਨੂੰ ਤਿਲਾਂਜਲੀ ਨਹੀਂ ਦਿੱਤੀ ਗਈ।

ਸ਼੍ਰੋਮਣੀ ਅਕਾਲੀ ਦਲ ਨੇ ਇਕ ਘੋਸ਼ਣਾ-ਪੱਤਰ ਜਾਰੀ ਕੀਤਾ ਜਿਸ ਵਿਚ ਕਿਹਾ ਗਿਆ ਸੀ : ਲੋਕਤੰਤਰ ਦੀ ਸੱਚੀ ਪ੍ਰੀਖਿਆ, ਸ਼੍ਰੋਮਣੀ ਅਕਾਲੀ ਦਲ ਦੀ ਰਾਏ ਵਿਚ, ਇਹ ਹੈ ਕਿ ਘੱਟ-ਗਿਣਤੀਆਂ ਮਹਿਸੂਸ ਕਰਨ ਕਿ ਉਹ ਸੁਤੰਤਰ ਹਨ ਅਤੇ ਦੇਸ਼ ਦੀ ਹੋਣੀ ਵਿਚ ਬਰਾਬਰ ਦੇ ਭਾਗੀਦਾਰ ਹਨ; ਸਿੱਖਾਂ ਅੰਦਰ ਅਜਿਹੀ ਭਾਵਨਾ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਪੰਜਾਬੀ ਬੋਲਦੀ ਭਾਸ਼ਾ ਅਤੇ ਸਭਿਆਚਾਰ ਹੋਵੇ। ਅਜਿਹਾ ਨਾ ਕੇਵਲ ਕਾਂਗਰਸ ਦੇ ਬਟਵਾਰੇ ਤੋਂ ਪੂਰਵ ਕੀਤੇ ਬਚਨਾਂ ਦੀ ਪਾਲਣਾ ਹੋਵੇਗੀ ਅਤੇ ਪ੍ਰੋਗਰਾਮ ਹੋਵੇਗਾ ਸਗੋਂ ਸੂਬਿਆਂ ਦੀ ਬਣਤਰ ਲਈ ਵਿਸ਼ਵ ਰੂਪ ਵਿਚ ਪਰਵਾਨ ਕੀਤੇ ਗਏ ਦਿਸ਼ਾ-ਨਿਰਧਾਰਨ ਨਿਯਮ ਹੋਣਗੇ, ਸ਼੍ਰੋਮਣੀ ਅਕਾਲੀ ਦਲ ਇਸ ਹੱਕ ਵਿਚ ਹੈ ਕਿ ਸਾਰੇ ਦੇਸ਼ ਦੇ ਸੂਬਿਆਂ ਦਾ ਮੁੜ-ਨਿਰਧਾਰਨ ਭਾਸ਼ਾਵਾਂ ਅਤੇ ਸਭਿਆਚਾਰ ਦੇ ਆਧਾਰ ਤੇ ਹੋਣਾ ਚਾਹੀਦਾ ਹੈ, ਪਰ ਇਹ ਸਿੱਖਾਂ ਵਾਸਤੇ ਜੀਵਨ ਅਤੇ ਮਰਨ ਦਾ ਸਵਾਲ ਹੈ ਅਤੇ ਜਿੰਨੀ ਜਲਦੀ ਹੋ ਸਕੇ ਨਵਾਂ ਪੰਜਾਬ ਬਣਾਇਆ ਜਾਵੇ; ਸ਼੍ਰੋਮਣੀ ਅਕਾਲੀ ਦਲ ਨੂੰ ਇਹ ਵਿਸ਼ਵਾਸ ਹੈ ਕਿ ਪੰਜਾਬੀ ਭਾਸ਼ੀ ਸੂਬਾ ਸਿੱਖਾਂ ਨੂੰ ਲੋੜੀਂਦੀ ਸਿੱਖਿਆ ਪਰਦਾਨ ਕਰੇਗਾ। ਇਸ ਦਾ ਵਿਸ਼ਵਾਸ ਹੈ ਕਿ ਖੁਦਮੁਖਤਾਰ ਇਕਾਈ ਵਜੋਂ ਪੰਜਾਬੀ-ਭਾਸ਼ੀ ਸੂਬਾ ਭਾਰਤ ਦਾ ਇਕ ਅੰਗ ਹੋਵੇਗਾ।'' ਇਹ ਅੰਸ਼ ਅਗਸਤ 29, 1951 ਦੇ 'ਦੀ ਸਪੋਕਸਮੇਨ ਵੀਕਲੀ' ਵਿਚੋਂ ਹਨ।

1953 ਦੀ ਸਰਦੀ ਦੀ ਰੁੱਤ ਵਿਚ ਭਾਰਤ ਸਰਕਾਰ ਨੇ ਇਕ ਕਮਿਸ਼ਨ ਨਿਯੁਕਤ ਕੀਤਾ ਤਾਂ ਜੋ ਰਾਜ ਦੀਆਂ ਸੀਮਾਵਾਂ ਮੁੜ ਉਲੀਕਣ ਦੀ ਸਮੱਸਿਆ ਦੇ ਹੱਲ ਲਈ ਸੁਝਾਓ ਦੇਵੇ।

ਭਾਵੇਂ ਉਸ ਵੇਲੇ ਸਭ ਤੋਂ ਵੱਧ ਝਗੜੇ ਵਾਲਾ ਮੁੱਦਾ ਪੰਜਾਬ ਦਾ ਸੀ, ਪਰ ਇਸ ਕਮਿਸ਼ਨ ਵਿਚ ਕਿਸੇ ਸਿੱਖ ਨੂੰ ਮਨੋਨੀਤ ਨਾ ਕੀਤਾ ਗਿਆ।

ਅਕਾਲੀਆਂ ਨੇ ਪੰਜਾਬੀ ਸੂਬੇ ਦੀ ਮੰਗ ਪੇਸ਼ ਕੀਤੀ। ਅਨੇਕਾਂ ਹਿੰਦੂ ਸੰਗਠਨਾ ਨੇ ਇਸ ਦਾ ਵਿਰੋਧ ਕੀਤਾ ਅਤੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੂੰ ਮਿਲਾ ਕੇ 'ਮਹਾ-ਪੰਜਾਬ' ਬਨਾਉਣ ਦੀ ਮੰਗ ਰੱਖੀ। ਹਿਮਾਚਲ ਪ੍ਰਦੇਸ਼ ਦੀ ਲਗਭਗ ਸਾਰੀ ਵੱਸੋਂ ਹਿੰਦੂਆਂ ਦੀ ਸੀ। ਦੋ ਸਾਲਾ ਉਪਰੰਤ ਕਮਿਸ਼ਨ, ਜਿਸ ਦੇ ਮੈਂਬਰ ਜਨਾਬ ਐਸ. ਫ਼ਜ਼ਲ ਅਲੀ, ਸ੍ਰੀ ਹਿਰਦੇ ਨਾਥ ਕੁਨਜ਼ੁਰ ਅਤੇ ਸ੍ਰੀ ਐਮ.ਕੇ. ਪਾਨੀਕਰ ਸਨ, ਨੇ ਆਪਣੀ ਰਿਪੋਰਟ ਦੋ ਸਾਲਾਂ ਪਿੱਛੋਂ ਪੇਸ਼ ਕੀਤੀ ਜਿਸ ਵਿਚ ਪੰਜਾਬੀ ਭਾਸ਼ੀ ਸੂਬੇ ਦੀ ਮੰਗ ਇਸ ਆਧਾਰ ਤੇ ਰੱਦ ਕਰ ਦਿੱਤੀ ਗਈ ਕਿ "ਕਿਸੇ ਤਬਦੀਲੀ ਦੇ ਲਿਆਉਣ ਲਈ ਲੋੜੀਂਦੀ ਘੱਟ ਤੋਂ ਘੱਟ ਆਪਸੀ ਸਹਿਮਤੀ" ਮੌਜੂਦਾ ਢਾਂਚੇ ਵਿਚ ਨਹੀਂ ਸੀ।

ਮਾਸਟਰ ਤਾਰਾ ਸਿੰਘ ਨੇ ਇਸ ਰੀਪੋਰਟ ਦੀ ਨਿਖੇਧੀ ਕੀਤੀ ਕਿ ਇਹ ਸਿੱਖਾਂ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਨਾ ਹੁੰਦੇ ਤਾਂ ਪੰਜਾਬੀ ਭਾਸ਼ਾ ਨੂੰ ਵੀ ਬਾਕੀ ਦੀਆਂ ਮੁੱਖ ਭਾਸ਼ਾਵਾਂ ਵਾਂਗ ਜਿਹੜੀਆਂ ਸੰਵਿਧਾਨ ਵਿਚ ਪਰਵਾਨ ਕਰ ਲਈਆਂ ਗਈਆਂ ਸਨ, ਆਪਣਾ ਹੀ ਰਾਜ ਦੇ ਦਿੱਤਾ ਜਾਂਦਾ। ਇਸ ਲਈ ਪੰਜਾਬੀ ਭਾਸ਼ੀ ਸੂਬਾ ਬਨਾਉਣ ਤੋਂ ਇਨਕਾਰ ਕਰਨ ਦਾ ਅਰਥ ਇਹ ਹੈ ਕਿ ਸਿੱਖਾਂ ਪ੍ਰਤੀ ਵਿਤਕਰੇ ਦੀ ਭਾਵਨਾ ਰੱਖੀ ਜਾ ਰਹੀ ਹੈ। ਉਨ੍ਹਾਂ ਸ਼ਾਂਤਮਈ ਵਿਰੋਧੀ ਲਹਿਰ ਚਲਾਉਣ ਦਾ ਡਰਾਵਾ ਦਿੱਤਾ। ਆਰੀਆ ਸਮਾਜ ਅਤੇ ਜਨਸੰਘ ਦੀ ਅਗਵਾਈ ਹੇਠ ਹਿੰਦੂਆਂ ਨੇ ਜਵਾਬੀ ਲਹਿਰ 'ਹਿੰਦੀ ਬਚਾਓ' ਚਲਾਈ। ਸਿੱਟੇ ਵਜੋਂ ਅਨੇਕਾਂ ਸ਼ਹਿਰਾਂ ਵਿਚ ਸੰਪਰਦਾਇਕ ਤਨਾਓ ਕਾਰਨ ਹਿੰਦੂਆਂ ਅਤੇ ਸਿੱਖਾਂ ਅੰਦਰ ਦੰਗੇ ਹੋਏ।

ਪੰਜਾਬ ਸਰਕਾਰ ਨੇ ਨਾਅਰੇਬਾਜ਼ੀ ਤੇ ਬੰਦਸ਼ ਲਾਈ। ਅਕਾਲੀਆਂ ਨੇ ਸ਼ਹਿਰੀ ਆਜ਼ਾਦੀ 'ਤੇ ਉਲੰਘਣਾ ਦੱਸ ਕੇ ਇਸ ਬੰਦਸ਼ ਦਾ ਵਿਰੋਧ ਕੀਤਾ। 12,000 ਤੋਂ ਵੱਧ ਬੰਦੀ ਬਣਾਏ ਗਏ, ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਹੁਕਮ ਸਿੰਘ ਸ਼ਾਮਲ ਸਨ।

ਸੂਬੇ ਦੇ ਵਿਰੋਧ ਅਤੇ ਹੱਕ ਵਿਚ ਲਾਏ ਗਏ ਦੋ ਨਾਅਰੇ ਹੀ ਪੂਰੀ ਗੱਲ ਸਪੱਸ਼ਟ ਕਰ ਦਿੰਦੇ ਹਨ। ਹਿੰਦੂ ਅੰਦੋਲਨਕਾਰੀ—'ਹਿੰਦੀ, ਹਿੰਦੂ, ਹਿੰਦੁਸਤਾਨ।' ਸਿੱਖਾਂ ਦਾ ਜੈਕਾਰਾ ਸੀ—'ਧੋਤੀ, ਟੋਪੀ ਜਮਨਾ ਪਾਰ।'

ਛੇਤੀ ਹੀ ਸਰਕਾਰ ਨੂੰ ਇਸ ਕੌੜੀ ਸੱਚਾਈ ਦੀ ਸੋਝੀ ਹੋਈ ਕਿ ਸਿੱਖਾਂ ਦੇ ਦਿਲਾਂ ਅੰਦਰ ਸਿੱਖ ਰਾਜ ਦਾ ਭਾਵ ਇਕ ਵਾਰ ਮੁੜ ਸੁਰਜੀਤ ਹੋਇਆ ਹੈ। ਇਕ ਪ੍ਰਕਾਰ ਨਾਲ ਪੈਪਸੂ ਸਿੱਖਸਤਾਨ ਦਾ ਕੇਂਦਰ ਜਾਂ ਧੁਰਾ ਬਣ ਗਿਆ। ਇਸ ਲਈ ਸਰਕਾਰ ਨੇ ਉਚਿਤ ਸਮਝਿਆ ਕਿ ਪੈਪਸੂ ਨੂੰ ਪੰਜਾਬ ਨਾਲ ਮਿਲਾਂ ਦਿੱਤਾ ਜਾਵੇ ਤਾਂ ਅਜਿਹਾ ਰਾਜ ਬਣ ਜਾਵੇਗਾ, ਜਿਸ ਵਿਚ ਹਿੰਦੂਆਂ ਦੀ ਪੱਕੀ ਗਿਣਤੀ 65 ਪ੍ਰਤੀਸ਼ਤ ਹੋ ਜਾਵੇਗੀ ਅਤੇ ਸਿੱਖਾਂ ਦੀ ਮਹਿਜ਼ 35 ਪ੍ਰਤੀਸ਼ਤ। ਅਕਾਲੀ ਨੇਤਾਵਾਂ ਨੂੰ ਇਹ ਝਾਂਸਾ ਦਿੱਤਾ ਗਿਆ ਕਿ ਪੈਪਸੂ ਅਤੇ ਪੰਜਾਬ ਦਾ ਇਕ ਕਰਨਾ ਪੰਜਾਬੀ ਸੂਬਾ ਕਾਇਮ ਕਰਨ ਲਈ ਇਕ ਹੋਰ ਕਦਮ ਉਠਾਉਣ ਵਾਂਗ ਹੈ। ਸਾਰੇ ਦੇ ਸਾਰੇ ਅਕਾਲੀ ਨੇਤਾ ਇਕਦਮ ਕਾਂਗਰਸ ਵਿਚ ਜਾ ਮਿਲੇ।

ਪੰਜਾਬ ਅਤੇ ਪੈਪਸੂ ਦਾ ਮੇਲ 'ਰੀਜਨਲ ਫਾਰਮੂਲੇ' ਰਾਹੀਂ ਕੀਤਾ ਗਿਆ। ਇਸ ਅਨੁਸਾਰ ਪੰਜਾਬ ਵਿਧਾਨ ਸਭਾ ਦੋ ਦਲਾਂ ਵਿਚ ਵੰਡੀ ਗਈ। ਇਕ ਵਿਚ ਪੰਜਾਬੀ ਭਾਸ਼ੀ ਖੇਤਰ ਦੇ ਚੁਣੇ ਹੋਏ ਮੈਂਬਰ ਆ ਗਏ ਅਤੇ ਦੂਜੇ ਵਿਚ ਹਿੰਦੀ ਭਾਸ਼ੀ ਖੇਤਰ ਦੇ ਚੁਣੇ ਹੋਏ

ਮੈਂਬਰ ਆ ਗਏ। ਇਹ ਫ਼ੈਸਲਾ ਕੀਤਾ ਗਿਆ ਕਿ ਕੋਈ ਵੀ ਮੁੱਦਾ ਜਾਂ ਮਸਲਾ ਜਿਸ ਦਾ ਸੰਬੰਧ ਵਿਸ਼ੇਸ਼ ਖੇਤਰ ਨਾਲ ਹੋਵੇ, ਉਹ ਪਹਿਲਾਂ ਉਸ ਖੇਤਰ ਦੇ ਮੈਂਬਰਾਂ ਅਧੀਨ ਵਿਚਾਰਾਧੀਨ ਆਵੇਗਾ ਅਤੇ ਉਪਰੰਤ ਪਰਿਪੂਰਨ ਸਭਾ ਦੇ ਗੋਚਰੇ ਕੀਤਾ ਜਾਵੇਗਾ।

ਅਕਾਲੀ ਭੋਲੇ-ਭਾਲੇ ਸਨ, ਜਿਹੜੇ ਇਹ ਸਮਝ ਬੈਠੇ ਕਿ ਪੈਪਸੂ ਦਾ ਖ਼ਤਮ ਕਰਨਾ ਅਤੇ 'ਰੀਜਨਲ ਫ਼ਾਰਮੂਲੇ' ਦਾ ਲਾਗੂ ਕੀਤੇ ਜਾਣਾ 'ਪੰਜਾਬੀ ਸੂਬੇ' ਲਈ ਲੜੀ ਜਾ ਰਹੀ ਜੰਗ ਵਿਚ ਪਹਿਲੀ ਜਿੱਤ ਸੀ। ਸੱਚਰ-ਭਾਸ਼ਾ ਫ਼ਾਰਮੂਲਾ ਵੀ ਲਾਗੂ ਰਹਿਣਾ ਸੀ। ਇਸ ਤੋਂ ਇਲਾਵਾ ਇਹ ਸਵੀਕਾਰ ਕਰ ਲਿਆ ਗਿਆ ਕਿ ਹਰ ਖੇਤਰ ਵਿਚ ਜ਼ਿਲ੍ਹਾ ਪੱਧਰ ਤਕ ਅਤੇ ਉਸ ਤੋਂ ਹੇਠਾਂ ਸਰਕਾਰੀ ਭਾਸ਼ਾ ਉਸੇ ਖੇਤਰ ਦੀ ਭਾਸ਼ਾ ਹੋਵੇਗੀ। ਅਸਲ ਵਿਚ ਪੰਜਾਬ ਨੂੰ ਦੋ-ਭਾਸ਼ੀ ਰਾਜ ਘੋਸ਼ਿਤ ਕੀਤਾ ਗਿਆ ਅਤੇ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਅਤੇ ਦੇਵ-ਨਾਗਰੀ ਅੱਖਰ ਵਿਚ ਹਿੰਦੀ, ਦੋਵੇਂ ਹੀ ਰਾਜ ਦੀਆ ਸਰਕਾਰੀ ਭਾਸ਼ਾਵਾਂ ਮੰਨੀਆਂ ਗਈਆਂ। ਪੰਜਾਬੀ ਅਤੇ ਹਿੰਦੀ ਲਈ ਵਿਭਾਗ ਕਾਇਮ ਕੀਤੇ ਗਏ। ਪੰਜਾਬੀ ਵਿਸ਼ਵ ਵਿਦਿਆਲਾ ਕਾਇਮ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ। ਇਹ ਪਟਿਆਲਾ ਵਿਖੇ 1962 ਵਿਚ ਕਾਇਮ ਕੀਤਾ ਗਿਆ।

ਕੁਝ ਹੀ ਮਹੀਨੇ ਬੀਤੇ ਤਾਂ ਅਸਲੀਅਤ ਉਨ੍ਹਾਂ ਦੇ ਸਾਹਮਣੇ ਆ ਗਈ। ਪੈਪਸੂ ਦੇ ਖ਼ਤਮ ਕਰਨ ਨਾਲ ਜਿਹੜੀ ਆਸ ਦੀ ਕਿਰਨ ਚਮਕੀ ਸੀ, ਉਹ ਮ੍ਰਿਗ-ਤ੍ਰਿਸ਼ਨਾ ਸੀ ਅਤੇ ਪੰਜਾਬੀ ਸੂਬੇ ਦੀ ਪ੍ਰਾਪਤੀ ਦਾ ਭਾਵ ਕੋਹਾਂ ਦੂਰ ਹੋ ਗਿਆ।

ਇਸ ਨਾਜ਼ੁਕ ਘੜੀ ਵਿਚ ਸਿੱਖ ਆਗੂਆਂ ਨੇ ਏਕਤਾ ਦੀ ਦੁਖ ਭਰੀ ਅਣਹੋਂਦ ਪ੍ਰਦਰਸ਼ਿਤ ਕੀਤੀ। ਪੰਜਾਬੀ ਸੂਬੇ ਦੀ ਮੰਗ ਲਈ ਮਾਸਟਰ ਤਾਰਾ ਸਿੰਘ ਦੇ ਹਮਾਇਤੀ ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਹੁਕਮ ਸਿੰਘ ਸਨ। ਇਹ ਦੋਵੇਂ ਪੱਛਮੀ ਪੰਜਾਬ ਤੋਂ ਸਨ ਅਤੇ ਆਪਣੇ ਸਿਆਸੀ ਭਵਿੱਖ ਬਾਰੇ ਡਾਵਾਂਡੋਲ ਸਨ। ਦੋਵੇਂ ਸ਼ਾਂਤ ਹੋ ਗਏ ਅਤੇ ਕਾਂਗਰਸ ਵਿਚ ਦਾਖ਼ਲ ਹੋ ਗਏ। ਇਕ ਪੰਜਾਬ ਵਿਧਾਨ ਸਭਾ ਵਿਚ ਮੰਤਰੀ ਬਣ ਗਿਆ ਅਤੇ ਦੂਜੇ ਨੂੰ ਲੋਕ ਸਭਾ ਵਿਚ ਸਪੀਕਰ ਦੀ ਥਾਂ ਮਿਲ ਗਈ। ਕਾਂਗਰਸ ਪਾਰਟੀ ਦੀ ਵੀ ਕਿਸਮਤ ਅੱਛੀ ਸੀ ਜੋ ਉਸ ਨੂੰ ਪੰਜਾਬ ਲਈ ਸਰਦਾਰ ਪ੍ਰਤਾਪ ਸਿੰਘ ਕੈਰੋਂ ਜਿਹਾ ਗਤੀਸ਼ੀਲ ਸ਼ਕਤੀ ਵਾਲਾ ਮੁੱਖ ਮੰਤਰੀ ਮਿਲ ਗਿਆ ਅਤੇ ਨਾਲ ਹੀ ਉਹ ਅਕਾਲੀਆਂ ਦਾ ਕੱਟੜ ਵਿਰੋਧੀ ਵੀ ਸੀ।

ਅਖ਼ੀਰ ਪੰਜਾਬੀ ਸੂਬੇ ਦੀ ਜੱਦੋਜਹਿਦ ਦੀ ਅਗਵਾਈ ਕਰਨ ਲਈ ਮਾਸਟਰ ਤਾਰਾ ਸਿੰਘ ਇਕੱਲੇ ਰਹਿ ਗਏ। ਸਿੱਖ ਮਤਦਾਤਾਵਾਂ ਨੇ ਉਨ੍ਹਾਂ ਦੀ ਪੂਰੀ ਹਮਾਇਤ ਕੀਤੀ। 1957 ਦੀਆਂ ਆਮ ਚੋਣਾਂ ਵਿਚ ਕਾਂਗਰਸ ਨੇ ਬਹੁ-ਗਿਣਤੀ ਸੀਟਾਂ ਜਿੱਤੀਆਂ। ਸਿੱਖ ਹਲਕਿਆਂ ਵਿਚ ਵਧੇਰੇ ਵੋਟਾਂ ਅਕਾਲੀਆਂ ਨੂੰ ਮਿਲੀਆਂ। ਪੰਜਾਬ ਵਿਧਾਨ ਸਭਾ ਵਿਚ ਅਕਾਲੀਆਂ ਦੇ 19 ਮੈਂਬਰ ਹੋ ਗਏ। ਪੈਪਸੂ ਦਾ ਮੁੱਖ ਮੰਤਰੀ ਸ੍ਰੀ ਬ੍ਰਿਸ਼ ਭਾਨ ਸੀ ਅਤੇ ਉਹ ਪੰਜਾਬ ਦਾ ਅਤੇ ਪੈਪਸੂ ਨੂੰ ਮਿਲਾਉਣ ਦਾ ਹਾਮੀ ਸੀ, ਪਰ ਚੋਣ ਵਿਚ ਅਕਾਲੀ ਉਮੀਦਵਾਰ ਦੇ ਮੁਕਾਬਲੇ ਵਿਚ ਹਾਰ ਗਿਆ। ਤਿੰਨ ਸਾਲ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਹੋਈਆਂ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਕਾਂਗਰਸ, ਕਮਿਊਨਿਸਟ ਅਤੇ ਪੰਜਾਬੀ ਸੂਬਾ ਵਿਰੋਧੀ ਅਨਸਰ ਦੇ ਸਾਂਝੇ ਜੁਟ ਤੇ ਹਾਵੀ ਹੋਏ। ਉਨ੍ਹਾਂ ਨੂੰ 140 ਸੀਟਾਂ ਵਿਚੋਂ 136 ਸੀਟਾਂ ਪ੍ਰਾਪਤ ਹੋਈਆਂ। ਇਸ ਤੋਂ ਉਪਰੰਤ ਜ਼ਰਾ ਜਿੰਨਾ ਵੀ ਸੰਦੇਹ ਨਹੀਂ ਰਹਿਣਾ ਚਾਹੀਦਾ ਕਿ ਸਿੱਖਾਂ ਦੀ ਬਹੁ-ਗਿਣਤੀ ਪੰਜਾਬੀ ਸੂਬੇ ਦੇ ਹੱਕ ਵਿਚ ਸੀ।

ਇਸ ਜਿੱਤ ਦੇ ਹੌਸਲੇ ਨਾਲ ਮਾਸਟਰ ਤਾਰਾ ਸਿੰਘ ਨੇ ਇਕ ਮਤਾ ਪਾਸ ਕੀਤਾ :

"ਹੁਣ ਨਹੀਂ ਤਾਂ ਕਦੇ ਨਹੀਂ।" ਅਪ੍ਰੈਲ 30, 1960

ਇਸ ਤੋਂ ਪਹਿਲਾ ਕਿ ਉਨ੍ਹਾਂ ਦੀਆਂ ਵਿਉਂਤਾਂ ਸਿਰੇ ਚੜ੍ਹਦੀਆਂ, ਮੁੱਖ ਮੰਤਰੀ ਕੈਰੋਂ ਨੇ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਅਕਾਲੀ ਦਲ ਸਮਰਥਕਾਂ ਨੂੰ ਬੰਦੀ ਬਣਾ ਲਿਆ। ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਅਕਾਲੀ ਸਮਰਥਕਾਂ ਨੂੰ ਬੰਦੀ ਬਣਾ ਲਿਆ। ਮਾਸਟਰ ਤਾਰਾ ਸਿੰਘ ਨੇ ਗ੍ਰੰਥੀ ਅਤੇ ਸਮਾਜ-ਸੇਵੀ ਸੰਤ ਫਤਹ ਸਿੰਘ ਨੂੰ 'ਡਾਇਰੈਕਟਰ' ਵਜੋਂ ਕੰਮ ਕਰਨ ਲਈ ਥਾਪਿਆ ਅਤੇ ਪੰਜਾਬੀ ਸੂਬੇ ਦੀ ਜੱਦੋਜਹਿਦ ਜਾਰੀ ਰੱਖਣ ਲਈ ਹਦਾਇਤ ਕੀਤੀ। ਸੰਤ ਫ਼ਤਹ ਸਿੰਘ ਨੇ ਭਾਰੀ ਪੱਧਰ ਤੇ ਸ਼ਾਂਤਮਈ ਜੱਦੋਜਹਿਦ ਦਾ ਸੰਚਾਲਨ ਕੀਤਾ। ਅਕਾਲੀਆਂ ਅਨੁਸਾਰ 57,000 ਅਤੇ ਸਰਕਾਰ ਅਨੁਸਾਰ 23,000 ਇਸ ਲਹਿਰ ਵਿਚ ਜੇਲ੍ਹਾਂ ਅੰਦਰ ਡੱਕੇ ਗਏ। ਉਸ ਵੇਲੇ ਹਾਲਾਤ ਹੋਰ ਵਿਗੜ ਗਏ ਜਦੋਂ ਸੰਤ ਫਤਹ ਸਿੰਘ ਨੇ ਮਰਨ-ਵਰਤ ਰਖਿਆ। ਸ਼ਾਂਤਮਈ ਅੰਦੋਲਨ ਅਤੇ ਮਰਨ-ਵਰਤ ਦੀ ਜਨਵਰੀ 9, 1961 ਨੂੰ ਸਮਾਪਤੀ ਹੋਈ ਜਦੋਂ ਸਰਕਾਰ ਨੇ ਭਰੋਸਾ ਦੁਆਇਆ ਕਿ ਸਿੱਖਾਂ ਦੀਆਂ ਸ਼ਿਕਾਇਤਾਂ ਵੱਲ ਧਿਆਨ ਦਿੱਤਾ ਜਾਵੇਗਾ।

ਆਪਣੇ ਸੁਭਾਅ ਅਨੁਕੂਲ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਸੂਬੇ ਦੀ ਮੰਗ ਦਾ ਮੁੱਖ ਮੰਤਵ "ਸਿੱਖ ਧਰਮ ਅਤੇ ਸਿੱਖਾਂ ਦੇ ਵਕਾਰ" ਨੂੰ ਬਰਕਰਾਰ ਰੱਖਣਾ ਹੈ; ਭਾਸ਼ਾ ਦੀ ਗੱਲ ਦੂਜੇ ਦਰਜੇ ਦੀ ਸੀ। ਉਨ੍ਹਾਂ ਕਿਹਾ, "ਤੁਸੀਂ ਜੇਕਰ ਪੰਜਾਬੀ ਨੂੰ ਸਾਰੇ ਭਾਰਤ ਦੀ ਭਾਸ਼ਾ ਘੋਸ਼ਿਤ ਕਰ ਦਿਓ, ਤਾਂ ਕੀ ਇਸ ਨਾਲ ਸਿੱਖਾਂ ਦਾ ਕੁਝ ਸੁਆਰਿਆ ਜਾ ਸਕੇਗਾ?" ਮਾਸਟਰ ਤਾਰਾ ਸਿੰਘ ਨੇ ਆਪਣੀ ਮੰਗ ਦਾ ਖੁਲਾਸਾ ਕਰਦਿਆਂ ਕਿਹਾ ਕਿ ਰਾਜ ਵਿਚ ਉਨ੍ਹਾਂ ਦਾ ਪੱਧਰ ਸਿੱਖ ਬਹੁ-ਗਿਣਤੀ ਨਾਲ ਹੀ ਉੱਚਾ ਹੋ ਸਕਦਾ ਹੈ। ਇਸ ਨਾਲ ਗੁਰਦੁਆਰਿਆਂ ਅੰਦਰ ਸਰਕਾਰੀ ਦਖ਼ਲ ਬੰਦ ਹੋਵੇਗਾ। ਇਸ ਨਾਲ ਪੰਜਾਬੀ ਭਾਸ਼ਾ ਦੀ ਉਨਤੀ ਹੋ ਸਕੇਗੀ ਅਤੇ ਇਸ ਦੀ ਇਕੋ-ਇਕ ਲਿਪੀ ਗੁਰਮੁਖੀ ਪਰਵਾਨ ਹੋ ਜਾਵੇਗੀ। ਇਸ ਬਿਆਨ ਨਾਲ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹ ਸਿੰਘ ਵਿਚਕਾਰ ਵਿਵਾਦ ਹੋ ਗਿਆ। ਦੂਜੀ ਧਿਰ ਦੇ ਇਸ ਕਥਨ ਨੂੰ, ਕਿ ਮੰਗ ਨਿਰੋਲ ਭਾਸ਼ਾਈ ਸੀ, ਮਾਸਟਰ ਤਾਰਾ ਸਿੰਘ ਨੇ ਆਪਣਾ ਦ੍ਰਿਸ਼ਟਕੋਣ ਸਪੱਸ਼ਟ ਕਰਨ ਲਈ ਕਿਹਾ, "ਸੰਤ ਫਤਹ ਸਿੰਘ ਇਕ ਧਾਰਮਿਕ ਵਿਅਕਤੀ ਹੈ। ਉਹ ਸਿਆਸਤਦਾਨ ਨਹੀਂ, ਇਸ ਲਈ ਉਸ ਨੂੰ ਗ਼ਲਤ ਰਾਹ ਤੇ ਪਾਇਆ ਗਿਆ ਹੈ।"

ਸਰਕਾਰ ਨਾਲ ਕੀਤੀ ਗੱਲ-ਬਾਤ ਦਾ ਵੀ ਕੋਈ ਫਲ ਪ੍ਰਾਪਤ ਨਾ ਹੋਇਆ। ਪੰਡਤ ਨਹਿਰੂ ਨੇ ਇਸ ਧਾਰਨਾ ਨੂੰ ਰੱਦ ਕੀਤਾ ਕਿ ਪੰਜਾਬੀ ਸੂਬੇ ਦੀ ਮੰਗ ਦਾ ਨਾ ਮੰਨਿਆ ਜਾਣਾ ਕਿਸੇ ਪ੍ਰਕਾਰ ਦਾ ਸਿੱਖਾਂ ਨਾਲ ਧੱਕਾ ਜਾਂ ਵਿਤਕਰਾ ਹੈ। ਇਸ ਨਾਲ ਮਾਸਟਰ ਤਾਰਾ ਸਿੰਘ ਜੋਸ਼ ਵਿਚ ਆ ਗਏ ਅਤੇ ਉਨ੍ਹਾਂ ਨੇ ਉਸ ਵੇਲੇ ਤਕ ਮਰਨ-ਵਰਤ ਰੱਖ ਲਿਆ ਜਦੋਂ ਤਾਈਂ ਪੰਜਾਬੀ ਸੂਬੇ ਦੀ ਮੰਗ ਨਹੀਂ ਮੰਨ ਲਈ ਜਾਂਦੀ। ਉਨ੍ਹਾਂ ਆਪਣਾ ਮਰਨ-ਵਰਤ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਅਗਸਤ 15, 1961 ਨੂੰ ਆਰੰਭ ਕਰ ਦਿੱਤਾ। ਵਰਤ ਦੇ ਦੌਰਾਨ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਰਾਹੀਂ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਖੁੱਲ੍ਹੇ ਦਿਲ ਨਾਲ ਵਿਚਾਰ ਕਰੇ ਤਾਂ ਸਮੁੱਚੀ ਹਾਲਤ ਤਿੰਨ ਵਾਕਾਂ ਵਿਚ ਸਪੱਸ਼ਟ ਕੀਤੀ ਜਾ ਸਕਦੀ ਹੈ:

1. ਇਹ ਰਾਸ਼ਟਰੀ ਅਸੂਲ ਅਪਣਾ ਲਿਆ ਜਾਵੇ ਕਿ ਲੋਕਾਂ ਨੂੰ ਆਜ਼ਾਦੀ ਦਾ ਰੰਗ ਮਾਨਣ ਲਈ ਰਾਜਾਂ ਨੂੰ ਨਾਲ-ਨਾਲ ਲਗਦੀ ਭਾਸ਼ਾ ਦੇ ਆਧਾਰ ਤੇ ਕਾਇਮ ਕਰਨਾ ਚਾਹੀਦਾ ਹੈ ਤਾਂ ਜੋ ਰਾਜ ਅੰਦਰ ਇਕ ਰਾਸ਼ਟਰੀ ਭਾਸ਼ਾ ਵਿਕਸਿਤ ਹੋ ਸਕੇ।
2. ਇਹ ਅਸੂਲ ਭਾਰਤ ਦੇ ਹੋਰ ਰਾਜਾਂ ਵਿਚ ਲਾਗੂ ਕੀਤਾ ਗਿਆ ਹੈ ਅਤੇ ਪੰਜਾਬ ਵਿਚ ਵੀ ਇਕ ਇਲਾਕਾ ਉਲੀਕਿਆ ਗਿਆ ਹੈ ਜਿਸ ਬਾਰੇ ਸਰਕਾਰ ਮਹਿਸੂਸ ਕਰਦੀ ਹੈ

ਕਿ ਉਹ ਪੰਜਾਬੀ ਭਾਸ਼ੀ ਇਲਾਕਾ ਹੈ।

3. ਇਸ ਪੰਜਾਬੀ ਭਾਸ਼ੀ ਇਲਾਕੇ ਨੂੰ ਮਾਹਿਰਾਂ ਦੀ ਰਾਏ ਅਨੁਸਾਰ ਲੋੜੀਂਦੀ ਤਬਦੀਲ ਜਾਂ ਸੋਧ ਕਰਕੇ ਵੀ ਰਾਜ ਦਾ ਦਰਜਾ ਇਸ ਲਈ ਨਹੀਂ ਦਿੱਤਾ ਜਾਂਦਾ, ਕਿਉਂਕਿ ਹਿੰਦੂਆਂ ਨੂੰ ਅਜਿਹਾ ਮੰਜ਼ੂਰ ਨਹੀਂ।

ਪਰ ਸਰਕਾਰ ਟੱਸ ਤੋਂ ਮੱਸ ਨਾ ਹੋਈ—ਝੁਕੀ ਨਹੀਂ। 13 ਦਿਨਾਂ ਬਾਅਦ ਬਜ਼ੁਰਗ ਲੜਾਕਾ ਬਿਨਾਂ ਖਾਧੇ-ਪੀਤੇ ਨਿਤਾਣਾ ਹੋ ਗਿਆ ਅਤੇ ਆਪਣੇ-ਆਪ ਸਹੇੜਿਆ ਸੰਕਟ ਖ਼ਤਮ ਕਰ ਦਿੱਤਾ।

ਮਾਸਟਰ ਤਾਰਾ ਸਿੰਘ ਨੇ ਆਪਣੀ ਜਾਨ ਤਾਂ ਬਚਾ ਲਈ ਪਰ ਆਪਣੇ ਸਿਆਸੀ ਜੀਵਨ ਦਾ ਘਾਤ ਕਰ ਲਿਆ ਅਤੇ ਸਿੱਖ ਰਾਜ ਦੇ ਕਾਜ਼ ਨੂੰ ਬਹੁਤ ਭਾਰੀ ਧੱਕਾ ਲਾਇਆ। ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਸਹੁੰ ਪ੍ਰਤੀ ਝੂਠੇ ਹੋਣ ਲਈ ਅਪਰਾਧੀ ਮੰਨਿਆ ਗਿਆ ਅਤੇ ਸ਼ਹੀਦਾਂ ਦੀ ਰਵਾਇਤ ਦੀ ਘੋਰ ਉਲੰਘਣਾ ਕਰਨ ਵਾਲਾ। ਉਨ੍ਹਾਂ ਨੂੰ ਪੰਜ ਦਿਨਾਂ ਤਕ ਸੰਗਤ ਦੇ ਜੋੜੇ ਸਾਫ਼ ਕਰਨ ਦੀ ਤਨਖ਼ਾਹ ਲਾਈ ਗਈ। ਭਾਵੇਂ ਉਨ੍ਹਾਂ ਨੇ ਇਹ ਪ੍ਰਾਸਚਿਤ ਪੂਰਾ ਕੀਤਾ ਪਰ ਕੌਮ ਨੇ ਉਨ੍ਹਾਂ ਨੂੰ ਮੁਆਫ਼ ਨਾ ਕੀਤਾ। ਅਗਲੇ ਕੁਝ ਹੀ ਮਹੀਨਿਆਂ ਵਿਚ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੀਆਂ ਗੱਦੀਆਂ ਤੋਂ ਉਤਾਰ ਦਿੱਤਾ ਗਿਆ। ਉਨ੍ਹਾਂ ਦੀ ਥਾਂ ਸੰਤ ਫਤਹ ਸਿੰਘ ਨੂੰ ਨੇਤਾ ਦਾ ਪਦ ਸੌਂਪਿਆ ਗਿਆ।

ਸਿੱਖ ਰਾਜ ਦੇ ਹਾਮੀਆਂ ਵਿਰੁੱਧ ਜਿੱਤ ਪ੍ਰਾਪਤ ਕਰਕੇ ਸਰਕਾਰ ਨੇ ਅਪਣਾ ਡੰਕਾ ਵਜਾਇਆ। ਪੰਜਾਬ ਵਿਧਾਨ ਸਭਾ ਵਿਚ ਮੁੱਖ ਮੰਤਰੀ ਕੈਰੋਂ ਨੇ ਜੱਕੋ-ਤੱਕੇ ਕਰਨ ਵਾਲੇ ਮੈਂਬਰਾਂ ਨੂੰ ਸਿੱਖ ਰਾਜ ਨੂੰ ਤਿਲਾਂਜਲੀ ਦੇਣ ਲਈ ਮਜਬੂਰ ਕੀਤਾ। ਕੇਂਦਰ ਵਿਚ ਪੰਜਾਬੀ ਸੂਬੇ ਦੀ ਵਿਉਂਤਬੰਦੀ ਦੇ ਪਿਤਾਮਾ, ਸਰਦਾਰ ਹੁਕਮ ਸਿੰਘ, ਸਪੀਕਰ, ਲੋਕ ਸਭਾ ਨੇ ਆਪਣੀਆਂ ਪਿਛਲੀਆਂ ਗ਼ਲਤੀਆਂ ਮੰਨਦਿਆਂ ਕਿਹਾ : "ਇਸ ਸਰਗਰਮੀ ਲਈ ਜੇ ਕੋਈ ਖਲਨਾਇਕ ਹੈ ਤਾਂ ਉਹ ਮੈਂ ਹਾਂ। ਅਤੇ ਜੇਕਰ ਉਸਨੂੰ ਫਾਹੇ ਲਾਉਣਾ ਹੈ ਤਾਂ ਮੈਂ ਹਾਜ਼ਰ ਹਾਂ। ਮੈਨੂੰ ਫਾਹੇ ਲਾ ਸਕਦੇ ਹੋ।" ਸਪੋਕਸਮੈਨ ਵੀਕਲੀ, ਸਤੰਬਰ 4, 1961

ਸ੍ਰੀ ਐਸ.ਆਰ. ਦਾਸ ਦੀ ਪ੍ਰਧਾਨਗੀ ਹੇਠ ਇਕ ਤਿੰਨ-ਮੈਂਬਰੀ ਕਮਿਸ਼ਨ ਕਾਇਮ ਕੀਤਾ ਗਿਆ ਤਾਂ ਜੋ ਪੰਜਾਬ ਦੇ ਸਿੱਖਾਂ ਦੀਆਂ ਸ਼ਿਕਾਇਤਾਂ ਸੁਣੇ। ਉਹ ਸੁਪਰੀਮ ਕੋਰਟ ਦਾ ਸਾਬਕਾ ਜੱਜ ਸੀ ਅਤੇ ਉਸ ਦੇ ਨਾਲ ਦੋ ਦੂਜੇ ਮੈਂਬਰ ਸਨ—ਸ੍ਰੀ ਸੀ.ਪੀ. ਰਾਮਾਸੁਆਮੀ ਅਤੇ ਸ੍ਰੀ ਐਮ.ਸੀ. ਛਾਗਲਾ, ਸਾਬਕਾ ਚੀਫ਼ ਜਸਟਿਸ ਬੰਬਈ ਅਤੇ ਅਮਰੀਕਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਅਤੇ ਉਪਰੰਤ ਕੇਂਦਰੀ ਵਿਦਿਆ ਮੰਤਰੀ। ਅਕਾਲੀਆਂ ਨੇ ਇਸ ਕਮਿਸ਼ਨ ਅਮਲੇ ਅਤੇ ਅਧਿਕਾਰ ਖੇਤਰ ਬਾਰੇ ਅਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਸਿੱਖਾਂ ਨੂੰ ਇਸ ਕਮਿਸ਼ਨ ਦੇ ਬਾਈਕਾਟ ਕਰਨ ਲਈ ਅਪੀਲ ਕੀਤੀ। ਸਿੱਖ ਕੌਮ ਨੇ ਦਾਸ ਕਮਿਸ਼ਨ ਦੀ ਕਾਰਵਾਈ ਨਾਲ ਕੋਈ ਸੰਬੰਧ ਨਾ ਰੱਖਣ ਲਈ ਕਮਾਲ ਦੀ ਏਕਤਾ ਵਿਖਾਈ।

ਇਕ ਵਿਲੱਖਣ ਭਾਂਤ ਦਾ ਦਲ ਸਾਖੀ ਭਰਨ ਲਈ ਅੱਗੇ ਆਇਆ। ਸਿੱਖ ਰਾਜ ਦੀ ਸਥਾਪਨਾ ਲਈ ਜੋਸ਼ੀਲੇ ਅਤੇ ਮੁਰਦਾ 'ਲਿਬਰੇਟਰ' ਅੰਗਰੇਜ਼ੀ ਸਪਤਾਹਿਕ ਦਾ ਸੰਪਾਦਕ ਡਾਕਟਰ ਗੋਪਾਲ ਸਿੰਘ ਦਰਦੀ ਕਮਿਸ਼ਨ ਅੱਗੇ ਪੇਸ਼ ਹੋਇਆ। ਇਸ 'ਦਰਦੀ' ਨੇ ਰਿਆਇਤਾਂ ਦੀ ਉਹ ਸੂਚੀ ਦਾਸ ਕਮਿਸ਼ਨ ਨੂੰ ਪੇਸ਼ ਕੀਤੀ ਜਿਹੜੀਆਂ ਸਿੱਖਾਂ ਨੂੰ ਨਹਿਰੂ ਸਰਕਾਰ ਪਾਸੋਂ ਉਪਲਬਧ ਸਨ। ਕੁਝ ਮਹੀਨਿਆਂ ਉਪਰੰਤ ਰਾਸ਼ਟਰਪਤੀ ਨੇ ਡਾਕਟਰ ਸਾਹਿਬ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਦਿੱਤਾ।

1962 ਦੀਆਂ ਆਮ ਚੋਣਾਂ ਨਾਲ ਵੀ ਦੇਸ਼ ਦਾ ਸਿਆਸੀ ਵਾਤਾਵਰਣ ਸਾਫ਼ ਨਾ ਹੋਇਆ। ਪੰਜਾਬ ਵਿਧਾਨ ਸਭਾ ਦੀਆਂ 19 ਸੀਟਾਂ ਅਤੇ ਲੋਕ ਸਭਾ ਦੀਆਂ ਤਿੰਨ ਸੀਟਾਂ ਅਕਾਲੀਆਂ ਨੇ ਜਿੱਤੀਆਂ। ਮੁੱਖ ਮੰਤਰੀ ਕੈਰੋਂ ਹਾਰਦੇ-ਹਾਰਦੇ ਬਚ ਗਏ ਅਤੇ ਕੇਵਲ 34 ਵੋਟਾਂ ਦੀ ਬਹੁ-ਗਿਣਤੀ ਨਾਲ ਜਿੱਤ ਸਕੇ।

ਇਸ ਵਿਚ ਸ਼ੁਭ ਸਮਾਚਾਰ ਇਹ ਸੀ ਕਿ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਲੋਕ ਸਭਾ ਦੇ ਮੈਂਬਰ ਚੁਣੇ ਗਏ। ਸੇਵਾ-ਮੁਕਤ ਹਾਈਕੋਰਟ ਦੇ ਜੱਜ ਸਰਦਾਰ ਗੁਰਨਾਮ ਸਿੰਘ ਨੇ ਸੂਬੇ ਸੰਬੰਧੀ ਬਹੁਤ ਸਾਰੇ ਸਾਹਿਤ ਦੀ ਰਚਨਾ ਕੀਤੀ ਸੀ। ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਹ ਵਿਰੋਧੀ ਦਲ ਦੇ ਆਗੂ ਬਣਾਏ ਗਏ।

ਕਾਂਗਰਸ ਪਾਰਟੀ ਬਹੁਤ ਸਾਰੇ ਮਿਲੇ-ਜੁਲੇ ਹਲਕਿਆਂ ਵਿਚ ਸਫ਼ਲ ਹੋਈ। ਪੰਜਾਬੀ ਸੂਬੇ ਦੀ ਹਮਾਇਤ ਕਰਨ ਵਾਲੇ ਅਕਾਲੀਆਂ ਨੂੰ ਸਿੱਖ ਵੋਟਾਂ ਬਹੁਤ ਗਿਣਤੀ ਵਿਚ ਮਿਲੀਆਂ। ਇਸ ਤੋਂ ਪਹਿਲਾਂ ਕਿ ਅਕਾਲੀ ਸੂਬੇ ਦੀ ਸਥਾਪਤੀ ਲਈ ਅਗਲਾ ਕਦਮ ਉਠਾ ਸਕਦੇ, ਚੀਨ ਨੇ ਭਾਰਤ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਆਪਣੀ ਜੱਦੋਜਹਿਦ ਰੋਕ ਦਿੱਤੀ ਅਤੇ ਦੇਸ਼ ਦੀ ਰੱਖਿਆ ਵਾਸਤੇ ਪੂਰੇ ਜੋਸ਼ ਨਾਲ ਅੱਗੇ ਆਏ।

ਮਨੁੱਖੀ ਸ਼ਕਤੀ ਅਤੇ ਸਾਮਾਨ ਵਜੋਂ ਜੋ ਦੇਣ ਪੰਜਾਬ ਦੀ ਸੀ, ਉਹ ਭਾਰਤ ਦੇ ਸਾਰੇ ਰਾਜਾਂ ਨੂੰ ਮਿਲਾ ਕੇ ਦਿੱਤੀ ਗਈ ਸਹਾਇਤਾ ਨਾਲੋਂ ਵੱਧ ਸੀ। ਪੰਜਾਬ ਦੇ ਜ਼ਿਲ੍ਹਿਆਂ ਨਾਲੋਂ ਵੱਧ ਸੋਨੇ ਦੀ ਸਹਾਇਤਾ ਦੇਣ ਵਾਲਾ ਇਕ ਹੋਰ ਗ਼ੈਰ-ਪੰਜਾਬੀ ਜ਼ਿਲ੍ਹਾ ਸ੍ਰੀ ਗੰਗਾ ਨਗਰ ਸੀ। ਪਰ ਇਸ ਇਲਾਕੇ ਵਿਚ ਭਾਰੀ ਗਿਣਤੀ ਵਿਚ ਸਿੱਖ ਸ਼ਰਨਾਰਥੀ ਵੱਸੇ ਹੋਏ ਸਨ।

ਆਪਾਤ ਕਾਲ ਦੇ ਦੌਰਾਨ ਸੂਬੇ ਦੀ ਗੱਲ ਛੇੜੀ ਨਹੀਂ ਗਈ, ਪਰ ਇਹ ਮੰਗ ਛੱਡੀ ਵੀ ਨਹੀਂ ਗਈ। ਜੋ ਕੁਝ ਕਿਹਾ ਗਿਆ ਹੈ, ਉਸ ਤੋਂ ਸਿੱਧ ਹੁੰਦਾ ਹੈ ਕਿ ਭਾਵੇਂ ਸਰਕਾਰ ਨੇ ਅਜਿਹੇ ਸਿੱਖ ਢੂੰਡ ਲਏ ਸਨ, ਜਿਹੜੇ ਇਸ ਲਹਿਰ ਦੇ ਵਿਰੋਧੀ ਸਨ ਅਤੇ ਬਹੁਤ ਸਾਰੇ ਨੇਤਾਵਾਂ ਨੇ ਸੰਪਰਦਾ ਨਾਲ ਧੋਖਾ ਕੀਤਾ, ਪਰ ਇਸ ਖ਼ਿਆਲ ਬਾਰੇ ਲਗਭਗ ਸਾਰੇ ਸਿੱਖ ਇਕਮਤ ਸਨ। ਇਸ ਮੰਗ ਦੀ ਹਮਾਇਤ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਨੇ ਵੀ ਕੀਤੀ। ਜਿਵੇਂ ਸਵਤੰਤਰ, ਕਮਿਊਨਿਸਟ ਅਤੇ ਸੋਸ਼ਲਿਸਟ। ਇਸ ਦੀ ਵਿਰੋਧਤਾ ਕਰਨ ਵਾਲੇ ਸਨ—ਪੰਜਾਬੀ ਹਿੰਦੂਆਂ ਦੀ ਬਹੁ-ਗਿਣਤੀ, ਕਾਂਗਰਸ ਅਤੇ ਹਿੰਦੂ ਮਹਾਂ ਸਭਾ, ਭਾਰਤੀਆ ਜਨਸੰਘ ਅਤੇ ਰਾਸ਼ਟਰੀ ਸੁਐਮ ਸੇਵਕ ਸੰਘ ਜਿਹੀਆਂ ਹਿੰਦੂ ਫ਼ਿਰਕੇਦਾਇਕ ਸੰਸਥਾਵਾਂ। ਪਰ ਵਿਰੋਧ ਵਿਚ ਇਕ ਲਹਿਰ ਸੀ ਕਿ ਹਰਿਆਣਾ ਦੇ ਹਿੰਦੂ ਪੰਜਾਬ ਨਾਲੋਂ ਵੱਖ ਹੋਣਾ ਚਾਹੁੰਦੇ ਸਨ ਅਤੇ ਚਾਹੁੰਦੇ ਸਨ ਕਿ ਇਲਾਕੇ ਨੂੰ ਦਿੱਲੀ ਜਾਂ ਉੱਤਰ ਪ੍ਰਦੇਸ਼ ਨਲ ਮਿਲਾ ਦਿੱਤਾ ਜਾਵੇ।

ਸੂਬੇ ਦਾ ਜੋ ਚਿੱਤਰ ਸਿੱਖਾਂ ਦੇ ਖ਼ਿਆਲ ਵਿਚ ਸੀ, ਉਹ ਭਾਰਤੀ ਜਨਸੰਘ ਦਾ ਅਨਿੱਖੜਵਾਂ ਅੰਗ ਹੋਵੇਗਾ ਅਤੇ ਇਸ ਵਿਚ ਪੂਰਬੀ ਪੰਜਾਬ ਦੇ ਪੰਜਾਬੀ ਭਾਸ਼ੀ ਜ਼ਿਲ੍ਹੇ ਅਤੇ ਰਾਜਸਥਾਨ ਦੀ ਸ੍ਰੀ ਗੰਗਾਨਗਰ ਤਹਿਸੀਲ। ਇਸ ਦਾ ਖੇਤਰਫਲ 35,000 ਵਰਗ ਮੀਲ ਹੋਵੇਗਾ ਅਤੇ ਇਹ ਕੇਰਲ ਅਤੇ ਨਾਗਾਲੈਂਡ ਨਾਲੋਂ ਵੱਡਾ ਹੋਵੇਗਾ। ਇਸ ਦੀ ਵੱਸੋਂ 12 ਮਿਲੀਅਨ ਤੋਂ ਵੱਧ ਹੋਵੇਗੀ। ਇਸ ਲਿਹਾਜ਼ ਨਾਲ ਇਸ ਦੀ ਵੱਸੋਂ ਆਸਾਮ, ਨਾਗਾਲੈਂਡ ਅਤੇ ਕਸ਼ਮੀਰ ਤੋਂ ਵੱਧ ਹੋਵੇਗੀ। ਆਰਥਿਕ ਤੌਰ ਤੇ ਵੀ ਸੁਤੰਤਰ ਹੋਵੇਗਾ ਕਿਉਂਕਿ ਇਸ ਦਾ ਸਲਾਨਾ ਮਾਲੀਆ 1.6 ਕਰੋੜ ਰੁਪਏ ਤੋਂ ਵੱਧ ਹੋਵੇਗਾ। ਇਹ ਫ਼ਾਲਤੂ ਅਨਾਜ ਪੈਦਾ ਕਰੇਗਾ ਅਤੇ ਇਸਦੀਆਂ ਆਪਣੀਆਂ ਸਨਅਤਾਂ ਹੋਣਗੀਆਂ। ਅਜਿਹੇ ਸਿੱਖ ਹੋਮਲੈਂਡ ਵਿਚ ਸਿੱਖਾਂ ਦੀ ਵੱਸੋਂ ਅੱਧੇ ਨਾਲੋਂ ਥੋੜ੍ਹੀ ਵੱਧ ਹੋਵੇਗੀ।

ਮਈ 27, 1964 ਨੂੰ ਆਪਣੀ ਮੌਤ ਤੋਂ ਪਹਿਲਾਂ, ਪ੍ਰਧਾਨ ਮੰਤਰੀ, ਜਵਾਹਰ ਲਾਲ ਨਹਿਰੂ ਨੇ ਸਿੱਖ ਕੌਮ ਦੇ ਜਜ਼ਬਾਤ ਦਾ ਜਾਇਜ਼ਾ ਨਾ ਲਿਆ ਅਤੇ ਉਨ੍ਹਾਂ ਨੂੰ ਪੰਜਾਬੀ ਸੂਬੇ ਦੀ ਮੰਗ ਨੂੰ ਨਕਾਰਨ ਵਿਚ ਕੋਈ ਦਾਨਾਈ ਨਹੀਂ ਜਾਪਦੀ ਸੀ। ਰਾਜਪੁਰਾ ਵਿਖੇ ਦਿੱਤੇ ਆਪਣੇ ਭਾਸ਼ਣ ਵਿਚ ਉਨ੍ਹਾਂ ਸਵੀਕਾਰ ਕੀਤਾ ਕਿ ਪੰਜਾਬ ਦੀ ਪ੍ਰਮੁੱਖ ਭਾਸ਼ਾ ਪੰਜਾਬੀ ਹੈ। ਅਤੇ ਉਨ੍ਹਾਂ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਨੂੰ ਹਦਾਇਤ ਕੀਤੀ ਕਿ ਪੰਜਾਬ ਨੂੰ ਇਕ-ਭਾਸ਼ੀ ਰਾਜ ਐਲਾਨ ਕਰ ਦਿੱਤਾ ਜਾਵੇ। ਉਸ ਵੇਲੇ ਕੈਰੋਂ ਦੀ ਪੋਜ਼ੀਸ਼ਨ ਡਾਵਾਂਡੋਲ ਸੀ। ਉਸ ਦੇ ਵਿਰੁੱਧ ਭਾਈ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਉਭਾਰੇ ਗਏ ਸਨ। ਉਸ ਮਹਿਸੂਸ ਕੀਤਾ ਕਿ ਇਸ ਵੇਲੇ ਅਕਾਲੀਆਂ ਨੂੰ ਦਿੱਤੀ ਗਈ ਕੋਈ ਵੀ ਰਿਆਇਤ ਕਮਜ਼ੋਰੀ ਸਮਝੀ ਜਾਵੇਗੀ ਅਤੇ ਮੁੱਖ ਮੰਤਰੀ ਦੀ ਪੋਜ਼ੀਸ਼ਨ ਲਈ ਹਾਨੀਕਾਰਕ ਹੋਵੇਗੀ। ਕੈਰੋਂ ਨੇ ਨਹਿਰੂ ਨੂੰ ਮੁੜ ਵਿਸ਼ਵਾਸ ਦੁਆਇਆ ਕਿ ਸੂਬੇ ਦੇ ਅੰਦੋਲਨ ਨੂੰ ਸਿੱਖਾਂ ਦੀ ਹਮਾਇਤ ਹਾਸਲ ਨਹੀਂ। ਕੇਵਲ ਅਕਾਲੀ ਹੀ ਇਸ ਦੀ ਹਮਾਇਤ ਕਰ ਰਹੇ ਹਨ ਅਤੇ ਉਨ੍ਹਾਂ ਵਿਚ ਲੜਾਈ ਲਈ ਦਮ ਨਹੀਂ।

ਨਹਿਰੂ ਪਿੱਛੋਂ, ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਅਤੇ ਉਸ ਦੇ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਨਾਂਹ-ਨੁੱਕਰ ਕਰਨ ਦੀ ਨੀਤੀ ਅਪਣਾਈ ਰੱਖੀ। ਹਾਲਾਤ ਨੇ ਪਲਟਾ ਖਾਧਾ ਜਦੋਂ ਪਰਤਾਪ ਸਿੰਘ ਕੈਰੋਂ ਵਿਰੁੱਧ ਭਾਈ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਸਾਬਤ ਹੋ ਗਏ ਅਤੇ ਉਸ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ। ਵਿਦੇਸ਼ ਮੰਤਰੀ ਸਵਰਨ ਸਿੰਘ ਨਾਲ ਮਸ਼ਵਰੇ ਉਪਰੰਤ ਲਾਲ ਬਹਾਦਰ ਸ਼ਾਸਤਰੀ ਨੇ ਹੁਸ਼ਿਆਰੀ ਨਾਲ ਛੋਟੇ ਸ਼ਹਿਰ ਦੇ ਸਿਆਸਤਦਾਨ ਰਾਮ ਕਿਸ਼ਨ ਨੂੰ ਮੁੱਖ ਮੰਤਰੀ ਦੀ ਗੱਦੀ 'ਤੇ ਬਿਠਾ ਦਿੱਤਾ।

ਸੰਤ ਫਤਹ ਸਿੰਘ ਦੀ ਅਗਵਾਈ ਅਧੀਨ ਸੂਬੇ ਦੀ ਲਹਿਰ ਸੱਜਰਾ ਜ਼ੋਰ ਪਕੜ ਗਈ, ਇਸ ਦੀ ਹੌਸਲਾ-ਅਫ਼ਜ਼ਾਈ ਸਰਹੱਦੋਂ ਪਾਰ ਤੋਂ ਵੀ ਹੋਈ, ਜਦੋਂ ਪਾਕਿਸਤਾਨ ਰੇਡੀਓ ਨੇ ਬਾਕਾਇਦਾ ਪ੍ਰਸਾਰਨ ਲੜੀ ਆਰੰਭ ਕੀਤੀ ਅਤੇ ਸਿੱਖਾਂ ਨੂੰ ਵਿਸ਼ਵਾਸ ਦੁਆਇਆ ਕਿ ਪਾਕਿਸਤਾਨ ਉਨ੍ਹਾਂ ਦੀ ਹੋਮਲੈਂਡ ਦੀ ਮੰਗ ਦੀ ਪੂਰੀ ਹਮਾਇਤ ਕਰੇਗਾ। ਭਾਰਤ ਅਤੇ ਪਾਕਿਸਤਾਨ ਵਿਚਕਾਰ ਤਨਾਓ ਵਧਿਆ; ਸਰਹੱਦ 'ਤੇ ਹੋ ਰਹੀਆਂ ਝੜਪਾਂ ਖੁੱਲ੍ਹੀ ਜੰਗ ਦਾ ਰੂਪ ਧਾਰ ਗਈਆਂ। ਪਹਿਲੀ ਸਤੰਬਰ 1965 ਨੂੰ ਜੰਮੂ ਅਤੇ ਕਸ਼ਮੀਰ ਦੇ ਰਾਜ ਵਿਚ ਛੰਭ-ਜੌੜੀਆਂ ਵਿਖੇ ਪਾਕਿਸਤਾਨ ਦੀਆਂ ਫ਼ੌਜਾਂ ਨੇ ਕੌਮਾਂਤਰੀ ਸੀਮਾ ਪਾਰ ਕੀਤੀ। ਪੰਜ ਦਿਨਾਂ ਪਿੱਛੋਂ ਭਾਰਤ ਨੇ ਵੀ ਅਜਿਹਾ ਕੀਤਾ ਅਤੇ ਲਾਹੌਰ ਵੱਲ ਧਾਵਾ ਬੋਲ ਦਿੱਤਾ।

ਅਕਾਲੀਆਂ ਨੇ ਸਥਿਤੀ ਦਾ ਲਾਭ ਨਾ ਲਿਆ ਸਗੋਂ ਬਿਨਾਂ ਸ਼ਰਤ ਸਰਕਾਰ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਇਕ ਵਾਰ ਮੁੜ ਸਿੱਖ ਸਿਪਾਹੀਆਂ ਨੇ ਪਾਕਿਸਤਾਨੀਆਂ ਨਾਲ ਤਲਵਾਰ ਖੜਕਾਈ ਅਤੇ ਸਿੱਖ ਕਿਸਾਨਾਂ ਨੇ ਲੜ ਰਹੀਆਂ ਫ਼ੌਜਾਂ ਲਈ ਰਣਖੇਤਰ ਵਿਚ ਰਸਦ-ਪਾਣੀ ਪਹੁੰਚਾਣ ਦੀ ਸਹਾਇਤਾ ਜੁਟਾਈ। 22 ਦਿਨਾਂ ਦੀ ਜੰਗ ਵਿਚ ਵਿਲੱਖਣ ਵੀਰਤਾ ਦਾ ਪ੍ਰਦਰਸ਼ਨ ਕਰਨ ਵਾਲਿਆਂ ਵਿਚ ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਵੀ ਸਨ, ਜਿਨ੍ਹਾਂ ਨੇ ਪਾਕਿਸਤਾਨੀ ਟੈਂਕਾਂ ਦੇ ਭਾਰਤ ਦੇ ਇਲਾਕੇ ਵਿਚ ਆਉਣ ਨੂੰ ਠੱਲ੍ਹ ਪਾਈ। ਭਾਰਤ ਦੇ ਸਾਰੇ ਰਾਜਾਂ ਨਾਲੋਂ ਵੱਧ ਯੋਗਦਾਨ ਰੱਖਿਆ ਸਹਾਇਤਾ ਲਈ ਪੰਜਾਬ ਦਾ ਸੀ। ਭਾਰਤ ਦੇ ਸਾਰੇ ਜ਼ਿਲ੍ਹਿਆਂ ਵਿਚ ਸਭ ਤੋਂ ਵੱਧ ਯੋਗਦਾਨ ਰਾਜਸਥਾਨ ਵਿਚ ਗੰਗਾਨਗਰ ਨੇ ਪਾਇਆ, ਜਿਥੇ ਸਿੱਖਾਂ ਦੀ ਵੱਸੋਂ ਕਾਫ਼ੀ ਹੈ। ਇਸ ਪ੍ਰਕਾਰ ਸਿੱਖ-ਵਿਰੋਧੀ ਤਾਕਤਾਂ ਵੱਲੋਂ ਸਿੱਖਾਂ ਦੀ ਗੱਦਾਰੀ ਦੇ ਭੰਡੀ ਪ੍ਰਚਾਰ ਦਾ ਮੂੰਹ ਬੰਦ ਕੀਤਾ ਗਿਆ।

ਜਦੋਂ ਲੜਾਈ ਬੰਦ ਹੋਈ ਤਾਂ ਇੰਦਿਰਾ ਗਾਂਧੀ ਦੇ ਅਧੀਨ 'ਕਾਬੀਨਾ' ਦੀ ਉਪ-ਕਮੇਟੀ ਦਾ ਗਠਨ ਕੀਤਾ ਗਿਆ ਤਾਂ ਜੋ ਪੰਜਾਬੀ ਸੂਬੇ ਦੀ ਮੰਗ 'ਤੇ ਮੁੜ ਵਿਚਾਰ ਹੋ ਸਕੇ। ਇਸ ਨੇ ਪੰਜਾਬ ਦੀਆਂ ਸਰਹੱਦਾਂ ਨੂੰ ਭਾਸ਼ਾਈ ਆਧਾਰ 'ਤੇ ਮੁੜ ਨਿਸ਼ਚਿਤ ਕਰਨ ਦੀ ਹਮਾਇਤ ਕੀਤੀ। ਤਾਸ਼ਕੰਦ ਵਿਖੇ 10 ਜਨਵਰੀ 1966 ਨੂੰ ਹੋਈ ਲਾਲ ਬਹਾਦਰ ਸ਼ਾਸਤਰੀ ਦੀ ਅਚਾਨਕ ਮੌਤ ਨਾਲ ਕੇਂਦਰੀ ਸਰਕਾਰ ਵੱਲੋਂ ਪੰਜਾਬੀ ਸੂਬੇ ਦੇ ਸਿਧਾਂਤ ਦੀ ਖੁੱਲ੍ਹੀ ਦੁਸ਼ਮਣੀ ਦੇ ਕਾਂਡ ਦਾ ਅੰਤ ਹੋ ਗਿਆ। ਸ਼ਾਸਤਰੀ ਉਪਰੰਤ ਇੰਦਿਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਤਾਂ ਉਹ ਵੀ ਆਪਣੇ ਪਿਤਾ ਵਾਂਗ ਸੂਬੇ ਦੇ ਹੱਕ ਵਿਚ ਪਹਿਲਾਂ ਨਹੀਂ ਸੀ, ਪਰ ਹੁਣ ਉਸ ਮਹਿਸੂਸ ਕੀਤਾ ਕਿ ਉਸ ਦੀ ਪਾਰਟੀ ਦੇ ਵੱਡੇ ਨੇਤਾ ਇਸ ਮੰਗ ਦੇ ਮੰਨਣ ਦੇ ਹੱਕ ਵਿਚ ਹਨ। ਪਰ ਬਰਾਬਰ ਦੀ ਵੰਡ ਦਾ ਵਿਖਾਵਾ ਕਰਦਿਆਂ ਉਸ ਪੈਂਤਰਾ ਬਦਲਿਆ ਅਤੇ ਸੂਬੇ ਦੀ ਸਰਕਾਰ ਦੇ ਸਾਫ਼-ਸੁਥਰੇ ਤੌਰ 'ਤੇ ਚੱਲਣ ਵਿਰੁੱਧ ਪਾਸਕ ਭਾਰੀ ਕਰ ਦਿੱਤਾ। ਮਾਰਚ 10, 1966 ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਮਤਾ ਪਾਸ ਕੀਤਾ ਜਿਸ ਅਨੁਸਾਰ "ਵਰਤਮਾਨ ਪੰਜਾਬ ਰਾਜ ਵਿਚੋਂ ਪੰਜਾਬੀ ਬੋਲਦਾ ਰਾਜ ਸਥਾਪਤ ਕਰਨਾ ਸੀ। ਇਸ ਮੰਤਵ ਲਈ ਲੋੜੀਂਦੀ ਕਾਰਵਾਈ ਕਰਨ ਲਈ ਸਰਕਾਰ ਨੂੰ ਬੇਨਤੀ ਕੀਤੀ ਗਈ।".

ਮਤੇ ਦੀ ਡਟ ਕੇ ਵਿਰੋਧਤਾ ਹੋਈ। ਕਾਂਗਰਸ ਦੇ ਪ੍ਰਧਾਨ ਕਾਮਰਾਜ ਜਿਨ੍ਹਾਂ ਦੀ ਪਛਾਣ 'ਕਿੰਗ-ਮੇਕਰ' ਦੀ ਸੀ ਕਿਉਂਕਿ ਉਸੇ ਨੇ ਹੀ ਸ੍ਰੀਮਤੀ ਇੰਦਿਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਗੱਦੀ ਦਿਵਾਈ ਸੀ, ਬਹੁ-ਗਿਣਤੀ ਦੀ ਹਮਾਇਤ ਖੱਟ ਗਏ। ਉਸ ਦੀ ਦਲੀਲ ਸੀ : "ਪੰਜਾਬੀਆਂ ਨੂੰ ਉਸ ਰਾਸ਼ਟਰੀ ਨਿਯਮ ਤੋਂ ਵਾਂਝਿਆਂ ਰਖਿਆ ਜਾ ਸਕਦਾ ਹੈ ਜਿਹੜਾ ਹੋਰ ਰਾਜਾਂ ਦੇ ਲੋਕ ਮਾਣ ਰਹੇ ਹਨ ਅਤੇ ਆਪਣੇ ਭਾਸ਼ਾਈ ਰਾਜ ਵਿਚ ਜੀਊਣ ਅਤੇ ਕੰਮ ਕਰਨ ਦਾ ਅਧਿਕਾਰ ਵਾਲੇ ਹਨ। ਰੱਖਿਆ ਮੰਤਰੀ ਵਾਈ.ਬੀ. ਚਵਾਨ ਇਸ ਗੱਲੋਂ ਚੇਤੰਨ ਸਨ ਕਿ ਪਾਕਿਸਤਾਨ ਦੇ ਵਿਰੁੱਧ ਲੜਾਈ ਵਿਚ ਸਿੱਖਾਂ ਨੇ ਉਸ ਨੂੰ ਬਿਨਾ-ਸ਼ਰਤ ਹਮਾਇਤ ਜੁਟਾਈ ਸੀ। ਉਸ ਕਿਹਾ, "ਪੰਜਾਬ ਦੀ ਭੂਗੋਲਿਕ ਸਥਿਤੀ ਕਾਰਨ ਪੰਜਾਬੀ ਰਾਜ ਦੀ ਮੰਗ ਨੂੰ ਪਿੱਛੇ ਨਹੀਂ ਪਾਇਆ ਜਾ ਸਕਦਾ।" ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਨੇ ਪ੍ਰਵਾਨਗੀ ਦਿੱਤੀ : "ਵਰਕਿੰਗ ਕਮੇਟੀ ਪਹਿਲਾਂ ਹੀ ਮਤਾ ਪਾਸ ਕਰ ਚੁੱਕੀ ਹੈ ਅਤੇ ਅਸੀਂ (ਸਰਕਾਰ) ਨੇ ਹੁਣ ਇਹਨੂੰ ਲਾਗੂ ਕਰਨਾ ਹੈ।"

ਇੰਡੀਅਨ ਨੈਸ਼ਨਲ ਕਾਂਗਰਸ ਦੇ ਫ਼ੈਸਲੇ ਨੂੰ ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਸਵੀਕਾਰ ਕੀਤਾ ਸਿਵਾਏ ਭਾਰਤੀਆ ਜਨਸੰਘ ਦੇ, ਜਿਨ੍ਹਾਂ ਕਾਂਗਰਸ ਦੇ ਮਤੇ ਦਾ ਵਿਰੋਧ ਇਨ੍ਹਾਂ ਸ਼ਬਦਾਂ ਵਿਚ ਕੀਤਾ : "ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਉਪਰ ਭਾਰੀ ਸੱਟ ਹੈ।" ਉਸ ਸਮੇਂ ਜਨਸੰਘ ਵਿਚ ਪੰਜਾਬੀ ਹਿੰਦੂਆਂ ਦੀ ਭਰਮਾਰ ਸੀ। ਪ੍ਰੋ: ਬਲਰਾਜ ਮਧੋਕ ਇਸ ਦੇ ਪ੍ਰਧਾਨ ਚੁਣੇ ਗਏ ਸਨ। ਪੰਜਾਬ ਦੀ ਸੂਬਾਈ ਇਕਾਈ ਦੇ ਪ੍ਰਧਾਨ ਡਾ: ਬਲਦੇਵ ਪ੍ਰਕਾਸ਼ ਸਨ। ਇਹ ਸੂਬੇ ਦੇ ਕੱਟੜ ਵਿਰੋਧੀ ਸਨ। ਪਾਰਟੀ ਵੱਲੋਂ ਭਾਰੀ ਪ੍ਰਦਰਸ਼ਨ ਦਾ ਆਯੋਜਨ ਕੀਤਾ ਗਿਆ। ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ, ਵਿਸ਼ੇਸ਼ ਕਰਕੇ ਪਾਣੀਪਤ ਵਿਚ ਲੁੱਟ-ਮਾਰ, ਅੱਗਾਂ ਲਾਉਣ ਅਤੇ ਰੱਤ ਵਗਾਉਣ ਦੀ ਕਾਰਵਾਈ ਹੋਈ। ਭਾਵੇਂ ਇਹ ਹਿੰਸਕ ਸੀ, ਪਰ ਸੂਬਾ-ਵਿਰੋਧੀ ਅੰਦੋਲਨ ਥੋੜ੍ਹੇ ਸਮੇਂ ਦਾ ਸੀ, ਕਿਉਂਕਿ ਪੁਰਾਣੇ ਰਾਜ ਨੂੰ ਵੰਡਣ ਵਾਸਤੇ ਨਾ ਕੇਵਲ ਸਿੱਖਾਂ ਦੀ ਹਮਾਇਤ ਸੀ, ਸਗੋਂ ਹਰਿਆਣਾ ਅਤੇ ਹਿਮਾਚਲ ਦੀ ਹਿੰਦੀ-ਭਾਸ਼ੀ ਵੱਸੋਂ ਵੀ ਇਸ ਦੇ ਪੱਖ ਵਿਚ ਸੀ। ਜੇਕਰ ਕੋਈ ਸਮੇਂ ਦੀ ਤੋਰ ਤੋਂ ਵੱਖ ਸੀ, ਤਾਂ ਉਹ ਪੰਜਾਬੀ ਹਿੰਦੂ ਸੀ, ਪਰ ਉਨ੍ਹਾਂ ਨੂੰ ਛੇਤੀ ਹੀ ਚਾਨਣ ਹੋ ਗਿਆ ਕਿ ਜੇਕਰ ਉਹ ਆਪਣੀ ਮਾਤ-ਭਾਸ਼ਾ ਨੂੰ ਨਕਾਰਦੇ ਹਨ ਤਾਂ ਉਹ ਪੰਜਾਬ ਵਿਚੋਂ ਆਪਣੀਆਂ ਜੜ੍ਹਾਂ ਵੱਢ ਰਹੇ ਹਨ।

ਪੰਜਾਬੀ ਬੋਲਦੇ ਲੋਕਾਂ ਵਜੋਂ ਉਹ ਹਰਿਆਣਾ ਅਤੇ ਹਿਮਾਚਲ ਦੇ ਹਿੰਦੀ-ਭਾਸ਼ੀ ਲੋਕਾਂ ਵਿਚ ਓਪਰੇ ਹੋ ਜਾਣਗੇ।

ਅਪ੍ਰੈਲ 23, 1966 ਨੂੰ ਇਕ ਬਾਊਂਡਰੀ ਕਮਿਸ਼ਨ ਦਾ ਗਠਨ ਕੀਤਾ ਗਿਆ ਜਿਸ ਵਿਚ ਜਸਟਿਸ ਜੇ.ਸੀ. ਸ਼ਾਹ (ਚੇਅਰਮੈਨ), ਐਸ. ਦੱਤ ਅਤੇ ਐਮ.ਐਮ. ਫਿਲਿਪ ਸਨ। ਇਸ ਕਮਿਸ਼ਨ ਨੇ ਵਰਤਮਾਨ ਪੰਜਾਬ ਦੀਆਂ ਹਿੰਦੀ ਅਤੇ ਪੰਜਾਬੀ ਖੇਤਰ ਦੀਆਂ ਸੀਮਾਵਾਂ ਨੂੰ ਜਾਚਣਾ ਸੀ ਅਤੇ ਜੇਕਰ ਲੋੜ ਹੋਵੇ ਤਾਂ ਇਹ ਸਿਫਾਰਸ਼ ਕਰਨੀ ਸੀ ਕਿ ਕਿਹੋ ਜਿਹੀ ਤਬਦੀਲੀ ਕਰਨੀ ਹੈ ਤਾਂ ਜੋ ਪੰਜਾਬ ਅਤੇ ਹਰਿਆਣਾ ਦੀ ਭਾਸ਼ਾਈ ਇਕਸਾਰਤਾ ਬਰਕਰਾਰ ਰਹੇ। ਕਾਰਜ ਦੀਆਂ ਸ਼ਰਤਾਂ ਅਜਿਹੀਆਂ ਸਨ ਕਿ ਪੰਜਾਬੀ ਸੂਬਾ ਜਾਇਜ਼ ਹੱਕਾਂ ਤੋਂ ਮਹਿਰੂਮ ਰਹੇ। ਪਹਿਲੀ ਗੱਲ, ਕਮਿਸ਼ਨ ਨੂੰ ਕਿਹਾ ਗਿਆ ਕਿ 1961 ਦੀ ਜਨ-ਸੰਖਿਆ ਨੂੰ ਆਧਾਰ ਬਣਾਉਣਾ ਹੈ, ਜਿਸ ਬਾਰੇ ਸਭ ਜਾਣਦੇ ਸਨ ਕਿ ਭਰੋਸੇਯੋਗ ਨਹੀਂ ਸੀ ਕਿਉਂਕਿ ਭਾਰੀ ਗਿਣਤੀ ਵਿਚ ਪੰਜਾਬੀ ਹਿੰਦੂਆਂ ਨੇ ਆਪਣੀ ਮਾਤ-ਭਾਸ਼ਾ ਬਾਰੇ ਝੂਠੀ ਜਾਣਕਾਰੀ ਦਿੱਤੀ ਸੀ। ਦੂਜੀ ਗੱਲ ਇਹ, ਜਿਵੇਂ ਪਹਿਲਾਂ ਪਿੰਡ ਨੂੰ ਇਕ ਇਕਾਈ ਮੰਨਿਆ ਜਾਂਦਾ ਸੀ, ਕਮਿਸ਼ਨ ਨੇ ਇਹ ਧਿਆਨ ਰੱਖਣਾ ਸੀ ਕਿ ਉਸ ਦੀਆਂ ਸਿਫਾਰਸ਼ਾਂ ਨਾਲ ਕਿਸੇ ਤਹਿਸੀਲ ਵਿਚ ਤ੍ਰੇੜ ਨਾ ਪਵੇ। ਝਗੜੇ ਵਾਲਾ ਅਸਲੀ ਮੁੱਦਾ ਚੰਡੀਗੜ੍ਹ ਦਾ ਸੀ, ਜੋ ਖਰੜ ਤਹਿਸੀਲ ਵਿਚ ਸੀ। 1961 ਦੀ ਜਨਗਣਨਾ (ਮਰਦਮਸ਼ੁਮਾਰੀ) ਅਨੁਸਾਰ ਏਥੋਂ ਦੀ ਵੱਸੋਂ 55.2 ਪ੍ਰਤੀਸ਼ਤ ਹਿੰਦੀ ਭਾਸ਼ੀ ਸੀ। ਇਸ ਲਈ ਜਸਟਿਸ ਸ਼ਾਹ ਅਤੇ ਫਿਲਿਪ ਨੂੰ ਚੰਡੀਗੜ੍ਹ ਨੂੰ ਹਰਿਆਣਾ ਵਿਚ ਮਿਲਾਉਣ ਦੀ ਸਿਫਾਰਸ਼ ਕਰਨ ਵਿਚ ਕੋਈ ਜ਼ਮੀਰ ਦੀ ਝੁਣਝੁਣੀ ਮਹਿਸੂਸ ਨਹੀਂ ਹੋਈ ਜਦਕਿ ਐਸ. ਦੱਤ ਨੇ ਮਤ-ਭੇਦ ਪ੍ਰਗਟ ਕੀਤਾ ਅਤੇ ਕਿਹਾ ਕਿ ਸ਼ਹਿਰ (ਚੰਡੀਗੜ੍ਹ) ਪੰਜਾਬ ਵੱਲ ਜਾਣਾ ਚਾਹੀਦਾ ਹੈ। ਕੇਂਦਰੀ ਸਰਕਾਰ ਨੇ ਆਪਣੇ ਬੁਣੇ ਹੋਏ ਜਾਲ ਵਿਚੋਂ ਨਿਕਲਣ ਦਾ ਰਾਹ ਲੱਭ ਲਿਆ ਅਤੇ ਚੰਡੀਗੜ੍ਹ ਨੂੰ ਯੂਨੀਅਨ ਟੈਰੇਟਰੀ (ਕੇਂਦਰੀ ਪ੍ਰਸ਼ਾਸਿਤ ਇਲਾਕਾ) ਘੋਸ਼ਿਤ ਕਰ ਦਿੱਤਾ ਜਿਸ ਦੀ ਵਰਤੋਂ ਦੋਵੇਂ ਰਾਜ ਕਰ ਸਕਦੇ ਸਨ। ਇਸ ਪ੍ਰਕਾਰ ਪੰਜਾਬੀ ਸੂਬਾ ਸਵੀਕਾਰ ਤਾਂ ਕਰ ਲਿਆ ਗਿਆ ਪਰ ਇਸ ਦੀ ਆਪਣੀ ਕੋਈ ਰਾਜਧਾਨੀ ਨਹੀਂ ਸੀ। ਪੰਜਾਬ ਨੂੰ 20,254 ਵਰਗ ਮੀਲ ਦਾ ਖੇਤਰ ਦਿੱਤਾ ਗਿਆ ਜਿਸ ਵਿਚ ਜਲੰਧਰ, ਹੋਸ਼ਿਆਰਪੁਰ, ਲੁਧਿਆਣਾ, ਫੀਰੋਜ਼ਪੁਰ, ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਕਪੂਰਥਲਾ ਅਤੇ ਕੁਝ ਭਾਗ ਗੁਰਦਾਸਪੁਰ, ਅੰਬਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਸ਼ਾਮਲ ਸਨ। ਇਸ ਦੀ ਵੱਸੋਂ 115,84 ਲੱਖ ਸੀ, ਜਿਨ੍ਹਾਂ ਵਿਚੋਂ 50-60 ਪ੍ਰਤੀਸ਼ਤ ਸਿੱਖ ਸਨ।

ਹਰਿਆਣਾ ਦੇ ਹਿੱਸੇ 16,835 ਵਰਗ ਮੀਲ ਦਾ ਇਲਾਕਾ ਆਇਆ ਜਿਸ ਦੀ ਵੱਸੋਂ 75.27 ਲੱਖ ਸੀ, ਜਿਨ੍ਹਾਂ ਵਿਚ ਸਿੱਖ 5 ਪ੍ਰਤੀਸ਼ਤ ਸਨ। ਹਿਮਾਚਲ 10,215 ਵਰਗ ਮੀਲ ਵਿਚ ਸੀ ਅਤੇ ਉਥੇ ਦੀ ਵੱਸੋਂ 11,96 ਲੱਖ ਸੀ, ਜਿਸ ਵਿਚ ਮਸਾਂ ਦੋ ਪ੍ਰਤੀਸ਼ਤ ਸਿੱਖ ਸਨ।

ਭਾਵੇਂ ਨਵੀਆਂ ਸੀਮਾਵਾਂ ਪੂਰੇ ਤੌਰ 'ਤੇ ਭਾਸ਼ਾਈ ਆਧਾਰ 'ਤੇ ਨਹੀਂ ਸਨ ਪਰ ਤਾਂ ਵੀ ਪੰਜਾਬੀ ਸੂਬੇ ਦੀ ਸਥਾਪਤੀ ਨਾਲ ਇਕ ਰਾਜ ਵਿਚ 60 ਪ੍ਰਤੀਸ਼ਤ ਸਿੱਖ ਆਬਾਦੀ ਹੋਣੀ ਸਫਲ ਹੋ ਗਈ। ਜਾਂ ਫਿਰ ਇਸ ਦੇ ਇਲਾਵਾ ਭਾਰੀ ਗਿਣਤੀ ਵਿਚ ਸਿੱਖਾਂ ਦੀ ਵੱਸੋਂ ਰਾਜਧਾਨੀ ਸ਼ਹਿਰ ਦਿੱਲੀ ਵਿਚ ਸੀ, ਜਿਥੇ ਉਹ ਕੁਲ ਵੱਸੋਂ ਵਿਚ 7 ਪ੍ਰਤੀਸ਼ਤ ਤੋਂ ਉਪਰ ਸਨ ਅਤੇ ਗਿਣਤੀ ਵਜੋਂ 3 ਲੱਖ ਤੋਂ ਥੋੜ੍ਹਾ ਵੱਧ।

ਪੰਜਾਬੀ ਸੂਬਾ ਬਣਨ ਨਾਲ ਇਸ ਦੇ ਵਿਰੋਧੀਆਂ ਦੇ ਡਰ ਝੂਠੇ ਸਾਬਤ ਹੋਏ। ਹਿੰਦੂਆਂ ਅਤੇ ਸਿੱਖਾਂ ਵਿਚ ਤਨਾਅ ਵਧਣ ਦੀ ਥਾਂ ਅੰਦੋਲਨ ਅਤੇ ਅੰਦੋਲਨ-ਵਿਰੋਧੀ ਕਾਰਨ ਜਿਹੜੇ

ਸੰਪਰਦਾਇਕ ਜਜ਼ਬਾਤ ਉਭਰੇ ਸਨ, ਉਹ ਅਚਾਨਕ ਮੱਠੇ ਪੈ ਗਏ। ਦੋਹਾਂ ਵਰਗਾਂ ਦੇ ਕੱਟੜਵਾਦ ਇਕੱਲੇ ਪ੍ਰਤੀਤ ਹੋਣ ਲੱਗੇ। ਇਸ ਨਾਲ ਖ਼ੁਦਮੁਖਤਾਰ ਸਿੱਖ ਰਾਜ ਦੀ ਤਿੱਖੀ ਚਾਹਨਾ ਵੀ ਹਲਕੀ ਹੋ ਗਈ। ਕੌਮ ਦੀ ਬਹੁ-ਗਿਣਤੀ ਦੀ ਭਾਵਨਾ ਦੀ ਤਰਜਮਾਨੀ ਕਰਦਿਆਂ ਸੰਤ ਫ਼ਤਹ ਸਿੰਘ ਨੇ ਕਿਹਾ, "ਸਾਡੀ ਅੰਤਮ ਮੰਗ ਪੰਜਾਬੀ ਸੂਬਾ ਹੈ", ਉਨ੍ਹਾਂ ਆਪਣੀ ਗੱਲ ਜਾਰੀ ਰੱਖੀ, "ਮੇਰਾ ਖ਼ਿਆਲ ਹੈ ਕਿ ਸਿੱਖ ਰਾਜ (ਸਟੇਟ) ਦੀ ਮੰਗ ਜਿਹੜੀ ਮਾਸਟਰ ਤਾਰਾ ਸਿੰਘ ਸੁੰਗੜ ਰਹੇ ਜਾਂ ਘਟ ਰਹੇ ਅਕਾਲੀਆਂ ਦੇ ਗੁੱਟ ਵੱਲੋਂ ਕੀਤੀ ਗਈ, ਉਹ ਫ਼ਜ਼ੂਲ ਸੀ ਅਤੇ ਅਸਲੀ ਤੌਰ 'ਤੇ ਉਹ ਖ਼ਤਮ ਹੋ ਚੁੱਕੀ ਹੈ। ਇਸ ਦੇ ਨਾਲ ਹੀ ਪੰਜਾਬੀ ਹਿੰਦੂਆਂ ਵਿਚੋਂ ਸੂਬਾ-ਵਿਰੋਧੀ ਅਤੇ ਸਿੱਖ-ਵਿਰੋਧੀ ਅਨਸਰ ਦੀ ਆਪੇ ਉਸਾਰੀ ਮਹੱਤਤਾ ਵਿਚੋਂ ਭਰੀ ਹੋਈ ਹਵਾ ਨਿਕਲ ਗਈ। ਇਸ ਦਾ ਪ੍ਰਤੱਖ ਰੂਪ ਨਾਟਕੀ ਢੰਗ ਵਿਚ ਬਣੀ ਭਾਰਤੀ ਜਨਸੰਘ ਦੀ ਘਟੀ ਹੋਈ ਮਕਬੂਲੀਅਤ ਵਿਚ ਸੀ। ਉਨ੍ਹਾਂ ਦੀ ਮੰਗ ਘਟ ਕੇ ਦੋ-ਭਾਸ਼ੀ ਰਾਜ 'ਤੇ ਆ ਗਈ ਤਾਂ ਜੋ ਸਕੂਲ ਵਿਚ ਵਿਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਾਪੇ ਇਹ ਚੋਣ ਕਰ ਸਕਣ ਕਿ ਉਨ੍ਹਾਂ ਦੇ ਬੱਚੇ ਕਿਹੜੀ ਭਾਸ਼ਾ ਵਿਚ ਪੜ੍ਹਾਈ ਕਰਨ ?

ਸੀਮਾਵਾਂ ਨੂੰ ਮੁੜ ਲਕੀਰਨ ਲਈ ਪੰਜਾਬ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਗਿਆ ਅਤੇ ਆਈ.ਸੀ.ਐਸ. ਦੇ ਧਰਮਵੀਰਾ ਨੂੰ ਰਾਜਪਾਲ ਬਣਾਇਆ ਗਿਆ। ਜਿਉਂ ਹੀ ਸੀਮਾ ਰੇਖਾਵਾਂ ਖਿੱਚੀਆਂ ਗਈਆਂ, ਜਿਹੜੇ ਤਿੰਨ ਰਾਜ ਹੋਂਦ ਵਿਚ ਆਏ, ਉਨ੍ਹਾਂ ਦੀਆਂ ਨਵੀਆਂ ਸਰਕਾਰਾਂ ਦਾ ਗਠਨ ਕੀਤਾ ਗਿਆ। ਪੰਜਾਬ ਵਿਚ ਰਾਮ ਕਿਸ਼ਨ ਦੀ ਥਾਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਮੁੱਖ ਮੰਤਰੀ ਥਾਪੇ ਗਏ। ਭਾਗਵਤ ਦਿਆਲ ਸ਼ਰਮਾ ਅਤੇ ਡਾ: ਪਰਮਾਰ ਕ੍ਰਮਵਾਰ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ।

ਇਹ ਕੋਈ ਮਹਿਜ਼ ਇਤਫ਼ਾਕ ਜਾਂ ਸੰਜੋਗ ਨਹੀਂ ਸੀ ਕਿ ਜਿਉਂ ਹੀ ਪੁਰਾਣੇ ਪੰਜਾਬ ਨੂੰ ਭਾਸ਼ਾਈ ਆਧਾਰ 'ਤੇ ਵੰਡਿਆ ਗਿਆ, ਇਸ ਵਿਚੋਂ ਕਾਇਮ ਹੋਏ ਤਿੰਨਾਂ ਹੀ ਰਾਜਾਂ ਨੇ ਖੇਤੀਬਾੜੀ, ਸਨਅਤ ਅਤੇ ਬਾਗ਼ਬਾਨੀ ਵਿਚ ਤੇਜ਼ ਪੁਲਾਂਘਾਂ ਪੁੱਟੀਆਂ। ਬਾਕੀ ਭਾਰਤ ਨਾਲੋਂ ਖੇਤੀਬਾੜੀ ਦੀਆਂ ਤਕਨੀਕਾਂ ਨੂੰ ਆਧੁਨਿਕ ਰੂਪ ਦੇਣ ਵਿਚ ਪੰਜਾਬੀ ਸੂਬਾ ਸਭ ਤੋਂ ਅੱਗੇ ਨਿਕਲ ਗਿਆ ਅਤੇ ਇਸ ਦੇ ਪਿੱਛੇ-ਪਿੱਛੇ ਹਰਿਆਣਾ, ਇਥੋਂ ਤਕ ਕਿ ਪਹਾੜੀਆਂ ਨਾਲ ਘਿਰਿਆ ਹੋਇਆ ਹਿਮਾਚਲ ਵੀ ਫਲ ਅਤੇ ਆਲੂ ਸਪਲਾਈ ਕਰਨ ਵਿਚ ਅੱਗੇ ਨਿਕਲਿਆ।

ਫ਼ਰਵਰੀ 1967 ਵਿਚ ਆਮ ਚੋਣਾਂ ਹੋਈਆਂ। ਅਕਾਲੀਆਂ, ਜਨਸੰਘ ਅਤੇ ਕਮਿਊਨਿਸਟਾਂ ਦੇ ਸਾਂਝੇ ਮੋਰਚੇ ਨੇ 104 ਮੈਂਬਰੀ ਸਦਨ ਵਿਚ 53 ਸੀਟਾਂ ਜਿੱਤ ਕੇ ਪੂਰਨ ਬਹੁਮਤ ਪ੍ਰਾਪਤ ਕੀਤਾ ਅਤੇ ਕਾਂਗਰਸ ਪਾਰਟੀ ਨੂੰ 43 ਸੀਟਾਂ ਨਾਲ ਦੂਜਾ ਸਥਾਨ ਪ੍ਰਾਪਤ ਹੋਇਆ। ਕਾਂਗਰਸ ਵਿਚ ਮਾਰ ਖਾਣ ਵਾਲਿਆਂ ਵਿਚ ਮੁੱਖ ਮੰਤਰੀ ਮੁਸਾਫ਼ਿਰ ਵੀ ਸੀ, ਜਿਹੜਾ ਉੱਭਰ ਰਹੇ ਨੌਜਵਾਨ ਕਮਿਊਨਿਸਟ ਸੱਤਪਾਲ ਡਾਂਗ ਹੱਥੋਂ ਹਾਰਿਆ।

ਛੇਤੀ ਹੀ ਇਹ ਦੇਖਿਆ ਗਿਆ ਕਿ ਅਕਾਲੀ, ਜਿਨ੍ਹਾਂ ਨੇ ਪੰਜਾਬੀ ਸੂਬੇ ਦੀ ਮੰਗ ਨਾਲ ਸਿੱਖ ਸਮੂਹ ਨੂੰ ਨਾਲ ਲੈ ਲਿਆ ਸੀ; ਇਸ ਗੱਲੋਂ ਸਪਸ਼ਟ ਨਹੀਂ ਸਨ ਕਿ ਉਦੇਸ਼ ਪੂਰਾ ਹੋ ਜਾਣ ਉਪਰੰਤ ਇਸ ਦਾ ਕੀ ਕਰਨ ? ਸੰਤ ਫ਼ਤਹ ਸਿੰਘ ਦੀ ਅਗਵਾਈ ਅਧੀਨ ਵੱਡੇ ਗੁੱਟ ਨੇ ਐਲਾਨ ਕੀਤਾ ਕਿ ਹੁਣ ਇਹ ਕਰਨਾ ਬਾਕੀ ਰਹਿ ਗਿਆ ਹੈ ਕਿ ਸੀਮਾਵਾਂ ਨੂੰ ਭਾਸ਼ਾਈ ਆਧਾਰ 'ਤੇ ਮੁੜ ਉਲੀਕਣਾ ਹੈ ਅਤੇ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣਾ ਹੈ। ਸਭ ਤੋਂ ਛੋਟਾ ਪਰ ਵੱਧ ਰੌਲਾ ਪਾਉਣ ਵਾਲਾ ਗੁੱਟ, ਜਿਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਦੇ ਅਧੀਨ ਸੀ, ਨੇ ਇਸ ਗੱਲ ਨੂੰ ਗੁੱਝਾ ਨਾ ਰਖਿਆ ਕਿ ਉਨ੍ਹਾਂ ਨੇ ਭਾਸ਼ਾਈ ਦਲੀਲ ਨੂੰ ਰਾਜ ਦੀ ਪ੍ਰਾਪਤੀ

ਲਈ ਵਰਤਿਆ ਸੀ, ਜਿਸ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ ਅਤੇ ਉਹ ਸਿੱਖ ਰਵਾਇਤਾਂ ਅਤੇ ਪਛਾਣ ਦੀ ਰਾਖੀ ਨੂੰ ਯਕੀਨੀ ਬਣਾ ਸਕਣ। ਪਰ ਤਾਂ ਵੀ ਉਨ੍ਹਾਂ ਇਸ ਬਾਰੇ ਕੋਈ ਵੇਰਵੇ ਨਾ ਉਲੀਕੇ। ਇਸ ਦੂਜੇ ਗੁੱਟ ਵਿਚ ਇਕ ਹੋਰ ਛੋਟਾ ਗੁੱਟ ਉੱਭਰਿਆ ਜਿਹੜਾ ਹੋਰ ਵੀ ਵੱਧ ਰੌਲਾ ਪਾਉਣ ਵਾਲਾ ਸੀ ਅਤੇ ਸੰਪੂਰਨ, ਸੁਤੰਤਰ ਸਿੱਖ ਰਾਜ ਦੀ ਸਥਾਪਨਾ ਦਾ ਦ੍ਰਿੜ੍ਹ ਧਾਰਨੀ ਸੀ।

ਕਿਸੇ ਸਪੱਸ਼ਟ ਰੂਪ ਦੇ ਆਰਥਿਕ, ਸਮਾਜਿਕ ਜਾਂ ਸਿਆਸੀ ਉਦੇਸ਼ਾਂ ਅਤੇ ਨਿਸ਼ਾਨਿਆਂ ਦੀ ਅਣਹੋਂਦ ਅਤੇ ਆਪਣੀ ਸੰਬੰਧਤ ਪਾਰਟੀ ਜਾਂ ਦਲ ਨਾਲ ਪੱਕੀ ਵਫ਼ਾਦਾਰੀ ਦੇ ਨਾ ਹੋਣ ਕਰਕੇ ਪੰਜਾਬੀ ਸਿਆਸਤਦਾਨਾਂ ਦਾ ਇਕ ਮਾਤਰ ਪ੍ਰੇਰਨਾ ਪੱਖ ਨਿੱਜੀ ਉਨਤੀ ਸੀ। ਆਉਣ ਵਾਲੇ ਵਰ੍ਹਿਆਂ ਵਿਚ ਉਹ ਸਿਆਸੀ ਗੁੱਟਾਂ ਦੀ ਭੰਨ-ਤੋੜ ਵਿਚ ਰੁੱਝ ਗਏ ਜਿਸ ਨੂੰ ਪਾਰਟੀ-ਬਾਜ਼ੀ ਦੀ ਖੇਡ ਕਹਿੰਦੇ ਹਨ। ਪਹਿਲਾਂ ਕਾਂਗਰਸ ਪਾਰਟੀ ਦੇ ਲੀਡਰ ਗਿਆਨ ਸਿੰਘ ਰਾੜੇਵਾਲਾ ਨੇ ਮਾਸਟਰ ਤਾਰਾ ਸਿੰਘ ਦੇ ਗਰੁੱਪ ਦੇ ਲਛਮਣ ਸਿੰਘ ਗਿੱਲ ਨੂੰ ਨਾਲ ਮਿਲਾਇਆ ਅਤੇ ਗੁਰਨਾਮ ਸਿੰਘ ਦੀ ਸਰਕਾਰ ਨੂੰ ਚਿੱਤ ਕੀਤਾ ਜਿਹੜੀ ਮਸਾਂ ਹੀ ਅੱਠ ਮਹੀਨੇ ਸੱਤਾ ਵਿਚ ਰਹੀ (ਮਾਰਚ 8, 1967 ਤੋਂ ਨਵੰਬਰ 25, 1967 ਤਕ)। ਲਛਮਣ ਸਿੰਘ ਗਿੱਲ ਲਗਭਗ ਨੌਂ ਮਹੀਨੇ ਲਈ ਮੁੱਖ ਮੰਤਰੀ ਰਿਹਾ (ਨਵੰਬਰ 27, 1967 ਤੋਂ ਅਗਸਤ 23, 1968 ਤਕ)। ਉਸ ਮਾਸਟਰ ਤਾਰਾ ਸਿੰਘ ਦੇ ਗੁੱਟ ਦਾ ਹੋਣ ਕਰਕੇ ਆਪਣੇ ਨੇਤਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕਰਨ ਲਈ ਸਹਾਇਤਾ ਦਿੱਤੀ ਜਿਸ ਦਾ ਕਿਸੇ ਸਮੇਂ ਉਹ ਸਕੱਤਰ ਰਿਹਾ ਸੀ। ਉਸ ਨੇ ਸੰਤ ਗੁੱਟ ਉਪਰ ਹੇਰਾਫੇਰੀ ਦਾ ਦੋਸ਼ ਲਾਇਆ ਅਤੇ ਫਤਹ ਸਿੰਘ ਦੇ ਮੁੱਖ ਸਹਾਇਕ ਚੰਨਣ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਨਾਲ ਹੀ ਉਸ ਸਿੱਖਾਂ ਵਿਚ ਮਕਬੂਲ ਜਾਂ ਪ੍ਰਸਿੱਧ ਹੋਣ ਲਈ ਸਰਕਾਰੀ ਭਾਸ਼ਾ ਬਿੱਲ ਰਾਜ ਵਿਧਾਨ ਸਭਾ ਦੇ ਦੋਹਾਂ ਸਦਨਾਂ ਵਿਚ ਪਾਸ ਕਰਵਾ ਲਿਆ। ਇਸ ਐਕਟ ਅਧੀਨ ਜ਼ਿਲ੍ਹਾ ਪੱਧਰ 'ਤੇ ਕੇਵਲ ਪੰਜਾਬੀ ਹੀ ਸਰਕਾਰੀ ਭਾਸ਼ਾ ਹੋ ਗਈ।

ਗਿੱਲ ਦੇ ਕਾਰਜ-ਕਾਲ ਵਿਚ ਵਿਧਾਨ ਸਭਾ ਅੰਦਰ ਹੁੱਲੜਬਾਜ਼ੀ ਦਾ ਵਧੇਰੇ ਜ਼ੋਰ ਰਿਹਾ। (ਰਾਜਪਾਲ ਦੇ ਆਰਡੀਨੈਂਸ ਅਧੀਨ ਮਾਰਚ 11, 1968 ਨੂੰ ਵਿਧਾਨ ਸਭਾ ਅਣਮਿਥੇ ਸਮੇਂ ਲਈ ਉਠਾ ਦਿੱਤੀ ਗਈ)। ਨਵੰਬਰ 22, 1967 ਨੂੰ ਮਾਸਟਰ ਤਾਰਾ ਸਿੰਘ ਦਾ ਅਕਾਲ ਚਲਾਣਾ ਹੋ ਗਿਆ ਜਿਸ ਨਾਲ ਗਿੱਲ ਦਾ ਮੁੱਖ ਆਸਰਾ ਜਾਂਦਾ ਰਿਹਾ। ਕਾਂਗਰਸ ਪਾਰਟੀ ਮੈਂਬਰਾਂ (ਰਾੜੇਵਾਲਾ ਅਧੀਨ) ਦੇ ਦਲਬਦਲੀ ਕਾਰਨ ਉਸ ਦੀ ਬਹੁ-ਗਿਣਤੀ ਖ਼ਤਮ ਹੋ ਗਈ ਤੇ ਉਸ ਨੂੰ ਅਸਤੀਫ਼ਾ ਦੇਣਾ ਪਿਆ। ਪੰਜਾਬ ਰਾਸ਼ਟਪਤੀ ਸ਼ਾਸਨ ਅਧੀਨ ਆ ਗਿਆ।

ਅਗਲੇ ਸਾਢੇ ਪੰਜ ਮਹੀਨੇ (ਅਗਸਤ 13, 1968 ਤੋਂ ਫ਼ਰਵਰੀ 17, 1979 ਤਕ) ਰਾਜਪਾਲ ਡੀ.ਸੀ. ਪਾਵਟੇ ਨੇ ਦੋ ਸਲਾਹਕਾਰਾਂ ਦੀ ਸਹਾਇਤਾ ਨਾਲ ਰਾਜ ਵਿਚ ਰਾਜ ਕੀਤਾ। 1969 ਵਿਚ ਹੋਈ ਮੱਧਵਰਤੀ ਚੋਣ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਗੁੱਟਬਾਜ਼ੀ ਨੂੰ ਨੰਗਾ ਕਰ ਦਿੱਤਾ। ਸੂਬਾਈ ਇਕਾਈ ਦੇ ਪ੍ਰਧਾਨ ਗਿਆਨੀ ਜ਼ੈਲ ਸਿੰਘ ਨੇ ਕਾਂਗਰਸ ਉਪਰ ਰਾੜੇਵਾਲਾ ਦੀ ਚੌਧਰ ਦੀ ਚੁਣੌਤੀ ਦਿੱਤੀ। ਰਾੜੇਵਾਲਾ ਨੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ ਅਤੇ ਮੁੜ ਅਕਾਲੀਆਂ ਵਿਚ ਜਾ ਰਲਿਆ।

ਆਪਣਿਆਂ ਅਹੁਦਿਆਂ ਬਾਰੇ ਅਕਾਲੀਆਂ ਵਿਚ ਵੀ ਫੁੱਟ ਸੀ। ਦੇਹਾਤੀ ਇਲਾਕੇ ਵਿਚ ਮਾਸਟਰ ਤਾਰਾ ਦੇ ਹਾਮੀ ਘਟ ਗਏ ਅਤੇ ਸ਼ਹਿਰਾਂ ਵਿਚ ਵੀ ਥੋੜ੍ਹੇ-ਥੋੜ੍ਹੇ ਰਹਿ ਗਏ। ਆਪਣੀ ਕਮਜ਼ੋਰੀ ਨੂੰ ਭਾਂਪਦੇ ਹੋਏ ਮਾਸਟਰ ਤਾਰਾ ਸਿੰਘ ਗੁੱਟ ਦੇ ਅਕਾਲੀਆਂ ਨੇ ਫਤਹ ਸਿੰਘ ਗੁੱਟ

ਦੇ ਜੂਨੀਅਰ ਭਾਈਵਾਲਾਂ ਨਾਲ ਮਿਲ ਕੇ ਚੋਣਾਂ ਲੜਨਾ ਮੰਨ ਲਿਆ। ਸੰਤ ਫਤਹ ਸਿੰਘ ਜਨਸੰਘ ਅਤੇ ਕਮਿਊਨਿਸਟਾਂ ਦਾ ਸਮਰਥਨ ਜਿੱਤਣ ਵਿਚ ਸਫਲ ਹੋ ਗਿਆ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਉਨ੍ਹਾਂ ਦੀ ਚਾਪਲੂਸੀ ਕਰਦਿਆਂ ਕਿਹਾ ਕਿ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਪ੍ਰਾਪਤ ਕਰਨ ਉਪਰੰਤ ਉਹ ਸੀਮਾਵਾਂ ਦੀਆਂ ਹੋਰ ਤਬਦੀਲੀਆਂ ਨਹੀਂ ਚਾਹੁੰਦੇ। ਉਨ੍ਹਾਂ ਭਾਰਤ ਵਾਸਤੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਅਤੇ ਪੰਜਾਬ ਲਈ ਲਿੰਕ-ਭਾਸ਼ਾ ਪਰਵਾਨ ਕੀਤਾ।

ਜਿਹੜੀਆਂ ਚੋਣਾਂ ਫਰਵਰੀ 1969 ਵਿਚ ਹੋਈਆਂ ਉਹ ਸੰਤ ਫਤਹ ਸਿੰਘ ਦੀ ਜਿੱਤ ਸਨ। ਪਹਿਲੀ ਵਾਰ ਰਾਜ ਵਿਧਾਨ ਸਭਾ ਵਿਚ ਅਕਾਲੀ ਸਭ ਤੋਂ ਵੱਡੀ ਇਕਹਿਰੀ ਪਾਰਟੀ ਵਜੋਂ ਆਏ। 104 ਸੀਟਾਂ ਵਾਲੀ ਵਿਧਾਨ ਸਭਾ ਵਿਚ ਉਨ੍ਹਾਂ 43; ਕਾਂਗਰਸ 38; ਜਨਸੰਘ 8 (ਇਸ ਦਾ ਨੇਤਾ ਡਾ: ਬਲਦੇਵ ਪ੍ਰਕਾਸ਼ ਹਾਰ ਗਿਆ) ਜਿੱਤੀਆਂ। ਬਾਕੀ ਕਮਿਊਨਿਸਟਾਂ, ਸੋਸ਼ਲਿਸਟਾਂ ਅਤੇ ਸੁਤੰਤਰਵਾਦੀਆਂ ਨੂੰ ਮਿਲੀਆਂ। ਗੁਰਨਾਮ ਸਿੰਘ ਅਕਾਲੀ ਗੁੱਟ ਦੇ ਮੁੜ ਨੇਤਾ ਚੁਣੇ ਗਏ ਅਤੇ ਉਨ੍ਹਾਂ ਨੂੰ ਸਰਕਾਰ ਬਨਾਉਣ ਲਈ ਸੱਦਾ ਦਿੱਤਾ ਗਿਆ।

ਭਾਵੇਂ ਗੁਰਨਾਮ ਸਿੰਘ ਨੇ ਦਸ-ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ, ਜਿਸ ਵਿਚ ਸੰਪਰਦਾਇਕ ਇਕਸੁਰਤਾ ਦੀ ਬਹਾਲੀ, ਚੰਡੀਗੜ੍ਹ ਦੀ ਕੇਵਲ ਪੰਜਾਬ ਲਈ ਪ੍ਰਾਪਤੀ, ਪੱਛੜੀਆਂ ਜਾਤੀਆਂ ਦੇ ਹਾਲਾਤ ਦਾ ਸੁਧਾਰ, ਪਿੰਡਾਂ ਵਿਚ ਬਿਜਲੀ ਪਹੁੰਚਾਉਣੀ ਆਦਿ, ਸਨ ਪਰ ਉਸ ਕਾਂਗਰਸ ਦੇ ਵਿਰੁੱਧ ਅਤੇ ਆਪਣੇ ਵਿਰੋਧੀਆਂ ਬਾਰੇ ਜੱਦੀ ਦੁਸ਼ਮਣੀ ਕੱਢਣ ਦੇ ਪ੍ਰੋਗਰਾਮ ਵੱਲ ਵਧੇਰੇ ਜੋਸ਼ ਨਾਲ ਕੰਮ ਕੀਤਾ ਅਤੇ ਵਿਕਾਸ ਕਾਰਜ ਅਣਗੌਲੇ ਰਹੇ। ਚੂੰਕਿ ਸ਼ਹਿਰੀ ਇਲਾਕੇ ਵਿਚ ਕਾਂਗਰਸ ਪੱਕੇ ਪੈਰਾਂ 'ਤੇ ਸੀ, ਉਸ 47 ਮਿਉਂਸਪਲ ਕਮੇਟੀਆਂ ਦੀਆਂ ਨਿਸ਼ਚਿਤ ਚੋਣਾਂ ਅੱਗੇ ਪਾ ਦਿੱਤੀਆਂ ਅਤੇ ਜਲੰਧਰ ਮਿਉਂਸਪਲ ਕਮੇਟੀ ਜਿਸ ਵਿਚ ਕਾਂਗਰਸ ਸੱਤਾ ਵਿਚ ਸੀ, ਨੂੰ ਮਨਸੂਖ ਕਰ ਦਿੱਤਾ। ਥੋੜ੍ਹੀ ਮਿਆਦ ਲਈ ਮੁੱਖ ਮੰਤਰੀ ਬਣੇ ਰਹੇ ਲਛਮਣ ਸਿੰਘ ਗਿੱਲ ਉਪਰ ਭ੍ਰਿਸ਼ਟਾਚਾਰ ਦੇ ਦੋਸ਼ ਥੋਪ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾਇਆ। ਇਕ ਸਹੀ ਕੰਮ ਜੋ ਗੁਰਨਾਮ ਸਿੰਘ ਨੇ ਕੀਤਾ, ਉਹ ਸੀ ਪੰਜਾਬ ਲੈਜਿਸਲੇਚਰ ਦੇ ਸਿਖਰ ਸਦਨ ਨੂੰ ਸਮਾਪਤ ਕਰਨਾ।

ਲੋਕਾਂ ਵਿਚ ਉਸ ਇਹ ਜਤਲਾਇਆ ਕਿ ਉਹ ਕਾਂਗਰਸ ਦਾ ਵਿਰੋਧੀ ਹੈ ਪਰ ਗੁਰਨਾਮ ਸਿੰਘ ਨੇ ਕਾਂਗਰਸੀ ਨੇਤਾਵਾਂ ਨਾਲ ਮੇਲ-ਜੋਲ ਜਾਰੀ ਰਖਿਆ। ਉਸ ਦਾ ਅਵਸਰ ਉਸ ਵੇਲੇ ਆਇਆ ਜਦੋਂ ਕਾਂਗਰਸ ਦੇ ਦੋ ਧੜਿਆਂ ਵਿਚਕਾਰ 1969 ਦੀ ਪਤਝੜ ਦੀ ਰੁੱਤ ਵਿਚ ਭਾਰਤੀ ਗਣਰਾਜ ਦੇ ਰਾਸ਼ਟਪਤੀ ਦੀ ਚੋਣ ਬਾਰੇ ਟੱਕਰ ਹੋਈ। ਗੁਰਨਾਮ ਸਿੰਘ ਨੇ ਸ੍ਰੀਮਤੀ ਇੰਦਰਾ ਗਾਂਧੀ ਦੇ ਉਮੀਦਵਾਰ ਲਈ ਅਕਾਲੀ ਸਮਰਥਨ ਦਾ ਵਾਅਦਾ ਕੀਤਾ ਅਤੇ ਸਿੱਟੇ ਵਜੋਂ ਵੀ.ਵੀ. ਗਿਰੀ ਮਾਮੂਲੀ ਬਹੁ-ਗਿਣਤੀ ਨਾਲ ਰਾਸ਼ਟਰਪਤੀ ਚੁਣੇ ਗਏ।

ਸੰਤ ਫਤਹ ਸਿੰਘ ਦੇ ਧੜੇ ਅਤੇ ਮਾਸਟਰ ਤਾਰਾ ਸਿੰਘ ਦੇ ਪਿੱਛੇ ਚੱਲਣ ਵਾਲਿਆਂ ਦੀ ਅੰਦਰੂਨੀ ਲੜਾਈ ਕਾਰਨ ਗੁਰਨਾਮ ਸਿੰਘ ਦੇ ਰਾਹ ਵਿਚ ਕਠਿਨਾਈਆਂ ਪੈਦਾ ਹੋ ਗਈਆਂ। ਮਾਸਟਰ ਤਾਰਾ ਸਿੰਘ ਦੇ ਗੁੱਟ ਨੇ ਸੰਤ ਫਤਹ ਸਿੰਘ ਦੇ ਵਿਰੁੱਧ ਪ੍ਰਾਪੇਗੰਡਾ ਕਰਨਾ ਆਰੰਭ ਕਰ ਦਿੱਤਾ ਕਿ ਆਪਣੇ ਮਰਨ-ਵਰਤ ਦੇ ਵਚਨ ਨੂੰ ਤੋੜ ਕੇ ਜਾਂ ਚੰਡੀਗੜ੍ਹ ਦੇ ਪੰਜਾਬ ਨੂੰ ਨਾ ਦੇਣ ਤੇ ਦਸੰਬਰ 27, 1966 ਨੂੰ ਆਤਮ-ਦਾਹ ਨਾ ਕਰਨ ਕਾਰਨ ਸਨਮਾਨ ਗੁਆ ਲਿਆ ਹੈ। ਜਦੋਂ ਇਕ-ਦੂਜੇ ਵਿਰੁੱਧ ਦੋਸ਼ ਥੋਪਣ ਦਾ ਜ਼ੋਰ ਲੱਗ ਰਿਹਾ ਸੀ ਤਾਂ ਸਵਤੰਤਰ ਪਾਰਟੀ ਦੇ ਦਰਸ਼ਨ ਸਿੰਘ ਫੇਰੂਮਾਨ ਨੇ ਅੰਮ੍ਰਿਤਸਰ ਸੈਂਟਰਲ ਜੇਲ੍ਹ, ਜਿਸ ਵਿਚ ਉਨ੍ਹਾਂ ਨੂੰ ਤਿੰਨ ਦਿਨ ਪਹਿਲਾਂ ਡੱਕਿਆ ਸੀ, ਤੋਂ ਇਹ ਐਲਾਨ ਕਰ ਦਿੱਤਾ ਕਿ ਉਹ ਅਗਸਤ 15, 1969 ਨੂੰ

ਮਰਨ-ਵਰਤ ਆਰੰਭ ਕਰਨਗੇ। ਫੇਰੂਮਾਨ ਨੇ ਆਪਣਾ ਵਚਨ ਨਿਭਾਇਆ ਅਤੇ 74 ਦਿਨਾਂ ਦੀ ਭੁੱਖ ਕੱਟਣ ਉਪਰੰਤ 27 ਅਕਤੂਬਰ 1969 ਨੂੰ ਪਰਲੋਕ ਸਿਧਾਰ ਗਏ। ਉਨ੍ਹਾਂ ਦੇ ਸਸਕਾਰ ਸਮੇਂ ਭਾਰੀ ਗਿਣਤੀ ਵਿਚ ਗੁੱਸੇ ਤੇ ਜੋਸ਼ ਵਿਚ ਗੁਰਨਾਮ ਸਿੰਘ ਅਤੇ ਸੰਤ ਫਤਹ ਸਿੰਘ ਵਿਰੁੱਧ ਨਾਅਰੇ ਲਾਏ ਗਏ।

ਕੁਝ ਸਮੇਂ ਲਈ ਗੁਰਨਾਮ ਸਿੰਘ ਨੇ ਸੰਤ ਫਤਹ ਸਿੰਘ ਦਾ ਸਮੱਰਥਨ ਕੀਤਾ ਅਤੇ ਸਿੱਖ-ਹਿਤਾਂ ਲਈ ਜੱਦੋਜਹਿਦ ਕਰਨ ਅਤੇ ਪੂਰੇ ਜ਼ੋਰ ਨਾਲ ਪੰਜਾਬ ਲਈ ਚੰਡੀਗੜ੍ਹ ਨੂੰ ਮੰਗਣ ਸਦਕਾ ਉਸ ਦੇ ਚਰਿਤਰ ਨੂੰ ਬਹਾਲ ਕੀਤਾ। ਇਕ ਵਾਰ ਮੁੜ ਹਿੰਦੂ-ਸਿੱਖ ਦਾ ਤਣਾਅ ਵਧਿਆ; ਹਰਿਆਣਾ ਅੰਦਰ ਹਿੰਦੂ ਕਾਲਜ ਦੇ ਵਿਦਿਆਰਥੀਆਂ ਨੇ ਸਿੱਖਾਂ ਵਿਰੁੱਧ ਹੰਗਾਮਾ ਕੀਤਾ। ਗੁਰਨਾਮ ਸਿੰਘ ਦੀ ਸੰਤ ਫਤਹ ਸਿੰਘ ਨਾਲ ਇਸ ਕਾਰਨ ਸਾਂਝ ਟੁੱਟ ਗਈ ਕਿ ਸੰਤ ਜੀ ਨੇ ਮੰਗ ਕੀਤੀ ਕਿ ਉਹ (ਗੁਰਨਾਮ ਸਿੰਘ) ਅਤੇ ਵਿਧਾਨ ਸਭਾ ਦੇ ਸਾਰੇ ਮੈਂਬਰ ਆਪਣੀਆਂ ਸੀਟਾਂ ਤੋਂ ਅਸਤੀਫ਼ੇ ਦੇ ਦੇਣ; ਗੁਰਨਾਮ ਸਿੰਘ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਸੰਤ ਫਤਹ ਸਿੰਘ ਨੇ ਉਸ ਨੂੰ ਨਕਾਰ ਦਿੱਤਾ ਅਤੇ ਸਿੱਖ ਸਮੂਹ ਨੂੰ ਜਿੱਤਣ ਲਈ ਪੂਰਾ ਤਾਣ ਲਾਇਆ। 26 ਜਨਵਰੀ 1970 ਨੂੰ ਉਸ ਫੇਰ ਵਰਤ ਰਖਿਆ ਅਤੇ ਸੌਗੰਧ ਖਾਧੀ ਕਿ ਜੇਕਰ ਚੰਡੀਗੜ੍ਹ ਪੰਜਾਬ ਨੂੰ ਨਾ ਸੌਂਪਿਆ ਗਿਆ ਤਾਂ ਉਹ ਆਪਣਾ ਜੀਵਨ ਕੁਰਬਾਨ ਕਰ ਦੇਣਗੇ।

ਸ੍ਰੀਮਤੀ ਇੰਦਿਰਾ ਗਾਂਧੀ ਨੇ ਵਿਚ-ਵਿਚਾ ਕੀਤਾ। ਇਕ ਵਾਰ ਮੁੜ ਅਵਾਰਡ ਦਿੱਤਾ ਜਿਸ ਦਾ ਐਲਾਨ ਜਨਵਰੀ 29, 1970 ਨੂੰ ਕੀਤਾ ਗਿਆ ਅਤੇ ਉਸ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਇਹ ਪੰਜਾਬ ਲਈ ਬੇਇਨਸਾਫ਼ੀ ਸੀ ਅਤੇ ਆਉਣ ਵਾਲੇ ਸਾਲਾਂ ਵਿਚ ਮੁੱਦਾ ਬਣ ਸਕਦਾ ਸੀ। ਉਸ ਪੰਜਾਬ ਨੂੰ ਚੰਡੀਗੜ੍ਹ ਦੇ ਦਿੱਤਾ ਪਰ ਬਿਨਾਂ ਕਿਸੇ ਦੀ ਮੰਗ 'ਤੇ ਫ਼ਾਜ਼ਿਲਕਾ ਤਹਿਸੀਲ ਅਤੇ ਅਬੋਹਰ ਦੇ ਕੁਝ ਭਾਗ (ਕਪਾਹ ਦੀ ਫ਼ਸਲ ਲਈ ਉਪਜਾਊ) ਹਰਿਆਣਾ ਨੂੰ ਸੌਂਪ ਦਿੱਤੇ ਅਤੇ ਨਾਲ ਹੀ ਆਪਣੇ ਲਈ ਰਾਜਧਾਨੀ ਦੀ ਉਸਾਰੀ ਲਈ ਹਰਿਆਣਾ ਨੂੰ 100 ਕਰੋੜ ਦੀ ਰਾਸ਼ੀ। ਫ਼ਾਜ਼ਿਲਕਾ-ਅਬੋਹਰ ਦੇ ਖ਼ਿੱਤੇ ਦੇ 115 ਪਿੰਡਾਂ ਵਿਚੋਂ 60 ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਲਿਖਵਾਈ ਸੀ ਅਤੇ ਇਹ ਹਰਿਆਣਾ ਦੇ ਲਾਗਵੇਂ ਖੇਤਰ ਵੀ ਨਹੀਂ ਸਨ। ਇਸ ਕਠਿਨਾਈ ਨੂੰ ਦੂਰ ਕਰਨ ਲਈ ਉਸ ਇਹ ਹੱਲ ਕੱਢਿਆ, "ਲਗਭਗ ਇਕ ਫਰਲਾਂਗ ਚੌੜੀ ਪੱਟੀ ਜੋ ਪੰਜਾਬ ਅਤੇ ਰਾਜਸਥਾਨ ਅੰਤਰ-ਰਾਜ ਸੀਮਾ ਦੇ ਨਾਲ ਲਗਦੀ ਹੋਵੇ, ਮੁਕਤਸਰ ਤਹਿਸੀਲ ਵਿਚ ਚੰਦੂਖੇੜਾ ਪਿੰਡ ਵਿਚ ਹਰਿਆਣਾ ਨੂੰ ਦਿੱਤੀ ਜਾਵੇਗੀ।" ਇਸ ਪ੍ਰਕਾਰ ਉਸ ਪੰਜਾਬ ਅਤੇ ਹਰਿਆਣਾ ਦੀ ਸਿਆਸਤ ਵਿਚ ਓਪਰਾ ਅੰਸ਼ ਦਾਖ਼ਲ ਕਰ ਦਿੱਤਾ, ਜਿਹੜਾ ਛੇਤੀ ਹੀ ਕੈਂਸਰ ਜਾਂ ਨਾਸੂਰ ਬਣ ਗਿਆ। ਇਕਾਈ ਦੇ ਮੂਲ ਰਾਜਾਂ ਵਿਚ ਕੇਵਲ ਪੰਜਾਬ ਹੀ ਅਜਿਹਾ ਸੀ, ਜਿਸ ਨੂੰ ਰਾਜਧਾਨੀ ਵਿਚ ਭਾਈਵਾਲ ਬਣਨਾ ਪਿਆ ਅਤੇ ਆਪਣੇ ਇਲਾਕੇ ਵਿਚੋਂ ਲਾਂਘਾ ਬਣਾਉਣਾ ਪਿਆ।

ਗੁਰਨਾਮ ਸਿੰਘ ਅਤੇ ਸੰਤ ਫਤਹ ਸਿੰਘ ਦੋਵੇਂ ਇਹ ਦਾਅਵਾ ਕਰਨ ਲੱਗੇ ਕਿ ਉਹ ਚੰਡੀਗੜ੍ਹ ਦੇ ਜੇਤੂ ਹਨ। ਦੋਹਾਂ ਦੇ ਸੰਬੰਧ ਟੁੱਟਣ ਦੇ ਬਿੰਦੂ ਤਕ ਆ ਗਏ। ਜਦੋਂ ਸੰਤ ਫਤਹ ਸਿੰਘ ਦੇ ਪੈਰੋਕਾਰ ਉਸ ਨੂੰ ਛੱਡਣ ਲੱਗੇ ਤਾਂ ਗੁਰਨਾਮ ਸਿੰਘ ਨੇ ਕਾਂਗਰਸ ਦੇ ਆਸਰੇ ਵੱਲ ਰੁਖ਼ ਕੀਤਾ, ਪਰ ਕਾਂਗਰਸੀਆਂ ਨੇ ਉਸ ਨੂੰ ਬਚਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਮੁੱਖ ਮੰਤਰੀ ਵਜੋਂ ਉਸ ਦੀ ਦੂਜੀ ਮਿਆਦ ਦਾ ਅੰਤ ਮਾਰਚ 25, 1970 ਨੂੰ ਹੋ ਗਿਆ ਜਦੋਂ ਉਹਦੀ ਮਨਿਸਟਰੀ ਨੂੰ ਹਾਰ ਹੋਈ। ਅਕਾਲੀਆਂ ਨੇ ਉਸ ਨੂੰ ਪਾਰਟੀ ਵਿਚੋਂ ਕੱਢ ਕੇ ਉਸ ਦੇ ਜ਼ਖ਼ਮਾਂ ਉਪਰ ਲੂਣ ਛਿੜਕਿਆ।

ਪ੍ਰਸ਼ਾਸਨ ਨੂੰ ਆਪਣੇ ਹੱਥ ਲੈਣ ਦੀ ਕਾਂਗਰਸ ਦੀ ਕੋਸ਼ਿਸ਼ ਨੂੰ ਅਕਾਲੀਆਂ ਨੇ ਨਿਰਾਸ਼ ਕਰ ਦਿੱਤਾ ਜਦੋਂ ਪਰਕਾਸ਼ ਸਿੰਘ ਬਾਦਲ ਨੇ ਰਾਜਪਾਲ ਦੇ ਨਿਵਾਸ ਸਥਾਨ ਦੇ ਬਗੀਚੇ ਵਿਚ 54 ਵਿਧਾਇਕਾਂ ਦੀ ਕਤਾਰ ਖੜ੍ਹੀ ਕਰ ਦਿੱਤੀ ਅਤੇ ਸਫਲਤਾ ਸਹਿਤ ਨਵੇਂ ਮੁੱਖ ਮੰਤਰੀ ਹੋਣ ਦਾ ਦਾਅਵਾ ਪੇਸ਼ ਕੀਤਾ। ਮਾਰਚ 27, 1970 ਨੂੰ ਉਸ ਨੂੰ ਅਤੇ ਇਕ ਹੋਰ ਅਕਾਲੀ ਅਤੇ ਜਨਸੰਘ ਦੇ ਨੇਤਾ ਨੂੰ ਪਦ ਦੀ ਸਹੁੰ ਚੁਕਵਾਈ ਗਈ।

ਨਵੇਂ ਮੁੱਖ ਮੰਤਰੀ ਨੂੰ ਪੂਰੇ ਸਮੇਂ ਲਈ ਆਹਰ ਮਿਲ ਗਿਆ ਕਿ ਆਪਣੇ ਹਾਮੀਆਂ ਅਤੇ ਸੰਭਾਵੀ ਪੱਖ ਤਿਆਗਣ ਵਾਲਿਆ ਨੂੰ ਖ਼ੁਸ਼ ਰੱਖਣਾ। ਜਦੋਂ ਇਸ ਵਿਚ ਅਸਫਲ ਰਹੇ ਤਾਂ ਉਨ੍ਹਾਂ ਵਿਧਾਨਿਕ ਤੌਰ-ਤਰੀਕੇ ਨੂੰ ਪਰ੍ਹਾਂ ਰੱਖ ਕੇ ਆਰਡੀਨੈਂਸ ਰਾਹੀਂ ਹਕੂਮਤ ਕੀਤੀ। ਰਾਜਪਾਲ ਨੇ ਉਨ੍ਹਾਂ ਨੂੰ ਅਜਿਹੀ ਮਿਹਰਬਾਨੀ ਕਰਨ ਤੋਂ ਇਨਕਾਰ ਕਰ ਦਿੱਤਾ।

ਮਾਰਚ 1971 ਵਿਚ ਸੰਸਦੀ ਚੋਣਾਂ ਹੋਈਆਂ ਜਿਸ ਨੇ ਇਹ ਭਰਮ ਦੂਰ ਕਰ ਦਿੱਤਾ ਕਿ ਸਾਰੇ ਸਿੱਖ ਅਕਾਲੀ ਪਾਰਟੀ ਲਈ ਬਚਨਬੱਧ ਹਨ। ਪਾਰਲੀਮੈਂਟ ਦੀਆਂ ਪੰਜਾਬ ਤੋਂ 13 ਸੀਟਾਂ ਵਿਚੋਂ 10 ਕਾਂਗਰਸ ਨੇ ਜਿੱਤੀਆਂ, ਇਕ ਕਮਿਊਨਿਸਟਾਂ ਦੇ ਹੱਥ ਆਈ। ਬਾਕੀ ਰਹਿੰਦੀ ਇਕ ਅਕਾਲੀ ਪਾਰਟੀ ਦੇ ਪੱਲੇ ਪਈ। ਇਸ ਨਾਲ ਬਾਦਲ ਦੇ ਸਮੱਰਥਕਾਂ ਵਿਚ ਇਸ ਢਾਹ ਨਾਲ ਦਲ-ਬਦਲੀ ਅਤੇ ਮਤਭੇਦ ਪੈਦਾ ਹੋਏ। ਇਕ ਪਾਸੇ ਜਨਸੰਘ ਅਤੇ ਦੂਜੇ ਪਾਸੇ ਕੱਟੜ ਅਕਾਲੀ (ਗੁਰਨਾਮ ਸਿੰਘ ਦੀ ਅਗਵਾਈ ਅਧੀਨ) ਨੇ ਉਨ੍ਹਾਂ ਦੀ ਪੋਜ਼ੀਸ਼ਨ ਡਾਵਾਂਡੋਲ ਕਰ ਦਿੱਤੀ। 15 ਮਹੀਨੇ ਤਕ ਟੱਕਰਾਂ ਮਾਰਨ ਅਤੇ ਜੋੜ-ਤੋੜ ਕਰਨ ਉਪਰੰਤ ਬਾਦਲ ਨੇ ਹੀਲੇ ਤਿਆਗ ਦਿੱਤੇ ਅਤੇ ਜੂਨ 13, 1971 ਨੂੰ ਅਸਤੀਫ਼ਾ ਦੇ ਦਿੱਤਾ।

ਇਕ ਵਾਰ ਪੰਜਾਬ ਮੁੜ ਰਾਸ਼ਟਰਪਤੀ ਸ਼ਾਸਨ ਅਧੀਨ ਆ ਗਿਆ। ਰਾਜਪਾਲ ਅਤੇ ਉਸ ਦੇ ਸਲਾਹਕਾਰਾਂ ਨੇ ਰਾਜ ਵਿਚ ਆਮ ਵਰਗੀ ਸਥਿਤੀ ਬਹਾਲ ਕਰਨ ਵਿਚ ਕਾਰਵਾਈ ਕਰਨੀ ਆਰੰਭ ਕਰ ਦਿੱਤੀ। ਅਮੀਰ ਜ਼ਿਮੀਂਦਾਰਾਂ ਦਾ ਸਮੱਰਥਨ ਪ੍ਰਾਪਤ ਕਰਨ ਲਈ ਬਾਦਲ ਵਜ਼ਾਰਤ ਨੇ ਇਕ ਸਾਧਨ ਵਰਤਿਆ ਕਿ ਭੂਮੀ ਦਾ ਮਾਲੀਆ ਖ਼ਤਮ ਕਰ ਦਿੱਤਾ। ਇਸ ਨਾਲ ਰਾਜ ਨੂੰ ਹਰ ਸਾਲ 3.5 ਕਰੋੜ ਰੁਪਏ ਦਾ ਘਾਟਾ ਪਿਆ। ਜਿਨ੍ਹਾਂ ਕਿਸਾਨਾਂ ਪਾਸ 5 ਏਕੜ ਤੋਂ ਘੱਟ ਭੂਮੀ ਸੀ, ਉਨ੍ਹਾਂ ਨੂੰ ਤਾਂ ਛੋਟ ਦਿੱਤੀ ਗਈ ਪਰ ਜਿਨ੍ਹਾਂ ਪਾਸ ਵੱਧ ਸੀ, ਉਨ੍ਹਾਂ ਉਪਰ ਲਗਾਨ ਹੋਰ ਠੋਸ ਦਿੱਤਾ। ਦੇਹਾਤੀ ਅਧਿਆਪਕਾਂ ਦੇ ਮਨਮਰਜ਼ੀ ਨਾਲ ਬਾਦਲ ਵਜ਼ਾਰਤ ਵੱਲੋਂ ਕੀਤੇ ਤਬਾਦਲੇ ਰੱਦ ਕਰ ਦਿੱਤੇ ਗਏ। ਵਿਦਿਆਰਥੀ ਅਤੇ ਕਮਿਊਨਿਸਟ (ਨਕਸਲਵਾਦੀ) ਸਰਗਰਮੀਆਂ ਅਤੇ ਹਸ਼ੀਸ਼, ਅਫੀਮ, ਸ਼ਰਾਬ ਅਤੇ ਸੋਨੇ ਦੀ ਪਾਕਿਸਤਾਨ ਨਾਲ ਹੋ ਰਹੀ ਤਸਕਰੀ ਨੂੰ ਰੋਕਿਆ ਗਿਆ।

ਵਿਰੋਧੀ ਧਿਰ ਨੇ ਬਾਦਲ ਅਤੇ ਉਸ ਦੇ ਅਕਾਲੀ ਸਾਥੀਆਂ ਨਾਲ ਕਈ ਗੱਲਾਂ ਦਾ ਨਿਪਟਾਰਾ ਕਰਨਾ ਸੀ, ਇਸ ਲਈ ਉਨ੍ਹਾਂ ਹੇਰਾਫੇਰੀ ਦੇ ਦੋਸ਼ ਲਾਏ। ਇਨ੍ਹਾਂ ਦੀ ਜਾਂਚ ਲਈ ਰਾਜਸਥਾਨ ਦੇ ਸੇਵਾ-ਮੁਕਤ ਚੀਫ਼ ਜਸਟਿਸ ਦੁਰਗਾ ਸ਼ੰਕਰ ਦਵੇ ਦੇ ਅਧੀਨ ਇਕ ਕਮਿਸ਼ਨ ਦਾ ਗਠਨ ਕੀਤਾ ਗਿਆ। ਬਾਦਲ ਨੇ ਇਸ ਦੇ ਮੋੜ ਵਜੋਂ ਇਹ ਮੰਗ ਕੀਤੀ ਕਿ ਇਹ ਕਮਿਸ਼ਨ ਗੁਰਨਾਮ ਸਿੰਘ ਸਰਕਾਰ ਦੀਆਂ ਬੇ-ਨੇਮੀਆਂ ਦੀ ਵੀ ਜਾਂਚ ਕਰੇ।

ਅਜੇ ਇਨ੍ਹਾਂ ਦੋਸ਼ਾਂ ਅਤੇ ਪ੍ਰਤਿ-ਦੋਸ਼ਾਂ ਨੂੰ ਇਕ-ਦੂਜੇ ਵਿਰੁੱਧ ਉਛਾਲਿਆ ਹੀ ਜਾ ਰਿਹਾ ਸੀ ਕਿ ਭਾਰਤ ਅਤੇ ਪਾਕਿਸਤਾਨ ਵਿਚ ਮੁੜ ਤਨਾਅ ਵਧ ਗਿਆ। ਇਕ ਵਾਰ ਮੁੜ ਜੰਗ ਛਿੜ ਪਈ। ਬੰਗਾਲ ਵਿਚ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਅਧੀਨ ਭਾਰਤੀ ਸੈਨਾ ਨੇ ਬੰਗਲਾਦੇਸ਼ੀ ਮੁਕਤੀ ਬਾਹਿਨੀ ਦੇ ਗੁਰੀਲਿਆਂ ਦੀ ਸਹਾਇਤਾ ਨਾਲ ਪੂਰਬ ਵਿਚ ਪਾਕਿਸਤਾਨ ਦਾ ਕੰਮ ਛੇਤੀ ਹੀ ਮੁਕਾ ਦਿੱਤਾ। ਪੰਜਾਬ ਨੂੰ ਪਾਕਿਸਤਾਨੀ ਹਮਲੇ ਦੀ ਝਾਲ

ਝੱਲਣੀ ਪਈ। ਫ਼ਾਜ਼ਿਲਕਾ, ਹੁਸੈਨੀਵਾਲਾ, ਡੇਰਾ ਬਾਬਾ ਨਾਨਕ ਅਤੇ ਸ਼ਕਰਗੜ੍ਹ ਦੁਆਲੇ ਖ਼ੂਨੀ ਲੜਾਈਆਂ ਹੋਈਆਂ। ਹੁਸੈਨੀਵਾਲਾ ਵਿਖੇ ਸਤਲੁਜ ਉਪਰ ਬਣੇ ਭਾਰੀ ਫ਼ੌਲਾਦੀ ਪੁਲ ਨੂੰ ਉਡਾਉਣਾ ਪਿਆ ਤਾਂ ਜੋ ਉਸ ਉਪਰੋਂ ਪਾਕਿਸਤਾਨੀ ਟੈਂਕਾਂ ਨੂੰ ਪਾਰ ਕਰਨ ਤੋਂ ਰੋਕਿਆ ਜਾ ਸਕੇ।

ਚੌਦਾਂ ਦਿਨਾਂ ਦੀ ਲੜਾਈ ਦੀ ਸਮਾਪਤੀ ਭਾਰਤ ਦੇ ਹੱਕ ਵਿਚ ਫ਼ੈਸਲਾਕੁਨ ਫ਼ਤਹ ਨਾਲ ਹੋਈ। ਇਸ ਦਾ ਸਭ ਤੋਂ ਵੱਧ ਮਾਣ ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਨੂੰ ਮਿਲਿਆ। ਉਸ ਨੂੰ 'ਭਾਰਤ ਰਤਨ' ਦੇ ਅਵਾਰਡ ਨਾਲ ਸਨਮਾਨਿਆ ਗਿਆ ਅਤੇ ਆਮ ਜਨਤਾ ਵਿਚ ਉਸ ਦੀ ਮਕਬੂਲੀਅਤ ਟੀਸੀ 'ਤੇ ਪਹੁੰਚੀ। ਉਸ ਨੇ ਭਾਂਪਿਆ ਕਿ ਜਿਸ ਪ੍ਰਕਾਰ ਦਾ ਚੜ੍ਹਦੀ ਕਲਾ ਦਾ ਵਾਤਾਵਰਨ ਦੇਸ਼ ਅੰਦਰ ਬਣਿਆ ਹੈ ਅਤੇ ਜੋ ਭਾਰੀ ਮਾਨ-ਸਤਿਕਾਰ ਉਸ ਨੂੰ ਪ੍ਰਾਪਤ ਹੋਇਆ ਹੈ, ਉਸ ਨਾਲ ਉਹ ਭਾਰਤ ਦੇ ਸਿਆਸੀ ਨਕਸ਼ੇ ਤੋਂ ਵਿਰੋਧੀ ਦਲਾਂ ਨੂੰ ਪੂੰਝ ਕੇ ਰੱਖ ਸਕਦੀ ਹੈ।

ਜੰਗ ਤੋਂ ਉਪਰੰਤ ਪੰਜਾਬ ਦੀ ਸਥਿਤੀ ਬਾਕੀ ਦੇਸ਼ ਦੇ ਨਾਲੋਂ ਵੱਖਰੀ ਨਹੀਂ ਸੀ। ਜੇਕਰ ਕੋਈ ਸਹੀ ਅਰਥਾਂ ਵਿਚ ਵਿਰੋਧੀ ਪਾਰਟੀ ਸੀ ਤਾਂ ਉਹ ਕੇਵਲ ਅਕਾਲੀ ਦਲ ਸੀ। ਅਕਾਲੀਆਂ ਦੀ ਆਪੋ ਵਿਚ ਧੜੇਬੰਦੀ ਅਤੇ ਲੜਾਈ-ਝਗੜਾ ਸੀ, ਪਰ ਨਾ ਸੰਤ ਫਤਹ ਸਿੰਘ ਦਾ ਧੜਾ ਅਤੇ ਨਾ ਹੀ ਮਾਸਟਰ ਤਾਰਾ ਸਿੰਘ ਦਾ ਗੁੱਟ ਸਰਕਾਰ ਨੂੰ ਚੰਗੀ ਤਰ੍ਹਾਂ ਚਲਾਉਣ ਜਾਂ ਪਰਸਪਰ ਵਿਹਾਰ ਵਿਚ ਕੋਈ ਨਾਮਣਾ ਖੱਟ ਸਕਿਆ ਸੀ। ਮਾਸਟਰ ਤਾਰਾ ਸਿੰਘ ਪਰਲੋਕ ਸਿਧਾਰ ਚੁੱਕਿਆ ਸੀ; ਸੰਤ ਫ਼ਤਹ ਸਿੰਘ ਬਦਨਾਮ ਸਨ। ਸੰਤ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਸਿੱਖ ਭਾਵਨਾਵਾਂ ਨੂੰ ਮੁੜ ਉਭਾਰਿਆ ਜਾਵੇ। ਦਿੱਲੀ ਦੇ ਗੁਰਦੁਆਰਿਆਂ ਉਪਰ ਸਰਕਾਰੀ ਕੰਟਰੋਲ ਨੂੰ ਮੁੱਦਾ ਬਣਾਇਆ ਗਿਆ (ਅਕਾਲੀ ਪ੍ਰਬੰਧ ਵਿਚ ਮਾਇਆ ਦੀ ਕਾਫ਼ੀ ਹੇਰਾਫੇਰੀ ਦੇਖੀ ਗਈ ਸੀ) ਪਰ ਆਸ ਦੇ ਮੁਤਾਬਕ ਹੁੰਗਾਰਾ ਨਾ ਮਿਲਿਆ। ਅਗਸਤ 15, 1972 ਨੂੰ ਸੰਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਿੱਟੇ ਵਜੋਂ 9,000 ਅਕਾਲੀਆਂ ਨੂੰ ਜੇਲ੍ਹ ਜਾਣਾ ਪਿਆ। ਇਸ ਨਾਲ ਸੰਤ ਜੀ ਦੇ ਅਕਾਲੀਆਂ ਦੇ ਨੇਤਾ ਕੁਝ-ਕੁਝ ਬਹਾਲ ਹੋਏ ਪਰ ਇਸ ਨਾਲ ਲੋਕਾਂ ਵਿਚ ਵਕਾਰ ਨਾ ਵਧਿਆ।

ਮਾਰਚ 1972 ਦੀ ਚੋਣ ਵਿਚ ਅਕਾਲੀ ਸਿਆਸੀ ਮਸ਼ੀਨ ਪੁਰਜ਼ੇ-ਪੁਰਜ਼ੇ ਹੋ ਗਈ; ਕਾਂਗਰਸ ਨੇ 66 ਸੀਟਾਂ ਜਿੱਤੀਆਂ, ਉਨ੍ਹਾਂ ਦੇ ਕਮਿਊਨਿਸਟ ਭਾਈਵਾਲਾਂ ਨੇ 10 ਹੋਰ, ਮਾਰਕਸਵਾਦੀਆਂ ਨੂੰ ਇਕ ਸੀਟ ਮਿਲੀ, ਆਜ਼ਾਦ ਉਮੀਦਵਾਰਾਂ ਨੂੰ 3। ਕੁਲ 104 ਵਿਚੋਂ ਅਕਾਲੀ ਕੇਵਲ 24 ਸੀਟਾਂ ਹੀ ਲੈ ਸਕੇ। ਕਾਂਗਰਸ ਹੁਣ ਅਕਾਲੀਆਂ ਤੋਂ ਬਿਨਾਂ ਚੱਲ ਸਕਦੀ ਸੀ। ਮਾਰਚ 17, 1972 ਨੂੰ ਗਿਆਨੀ ਜ਼ੈਲ ਸਿੰਘ ਨੂੰ ਮੁੱਖ ਮੰਤਰੀ ਪਦ ਦੀ ਸਹੁੰ ਚੁਕਾਈ ਗਈ।

ਪੰਜਾਬ ਦੇ ਮੁੱਖ ਮੰਤਰੀ ਵਜੋਂ ਗਿਆਨੀ ਜ਼ੈਲ ਸਿੰਘ (ਜਨਮ ਸੰਨ 1916, ਫ਼ਰੀਦਕੋਟ ਜ਼ਿਲ੍ਹੇ ਵਿਚ ਪਿੰਡ ਸੰਧਵਾਂ) ਦੀ ਪੰਜ ਵਰ੍ਹੇ ਦੀ ਮਿਆਦ ਪੰਜਾਬ ਰਾਜ ਦੇ ਇਤਿਹਾਸ ਵਿਚ ਸਭ ਤੋਂ ਵੱਧ ਸਥਿਰਤਾ ਵਾਲੀ ਸੀ। ਜੱਟਾਂ ਦੀ ਵੱਧ ਵੱਸੋਂ ਵਾਲੇ ਰਾਜ ਵਿਚ ਰਾਮਗੜ੍ਹੀਆ ਹੁੰਦੇ ਹੋਏ ਉਹ ਜੱਟਾਂ ਦੇ ਧੜਿਆਂ ਨੂੰ ਆਪੋ ਵਿਚ ਲੜਾਉਣ ਦੇ ਕਾਬਲ ਸੀ। ਉਸ ਨੂੰ ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਦਾ ਵਿਸ਼ਵਾਸ ਪ੍ਰਾਪਤ ਸੀ ਅਤੇ ਉਹ ਰਾਜ ਸਰਕਾਰ ਨੂੰ ਅੱਛੀ ਤਰ੍ਹਾਂ ਚਲਾਉਂਦੇ ਰਹੇ, ਉਨ੍ਹਾਂ ਸਾਲਾਂ ਵਿਚ ਵੀ ਜਦੋਂ ਐਮਰਜੈਂਸੀ ਲਾਗੂ ਕੀਤੀ ਗਈ ਸੀ। ਭਾਵੇਂ ਇਸ ਸਾਰੇ ਸਮੇਂ ਵਿਚ ਅਕਾਲੀਆਂ ਨੇ ਸ਼ਾਂਤਮਈ ਅੰਦੋਲਨ ਦੀ ਲਹਿਰ ਚਲਦੀ ਰੱਖੀ ਸੀ ਤਾਂ ਵੀ ਉਸ ਦਾ ਮੁੱਖ ਯੋਗਦਾਨ ਇਹ ਸੀ ਕਿ ਉਸ ਸਿੱਖ ਸਿਆਸਤ ਉਪਰ ਅਕਾਲੀਆਂ ਦੀ

ਸਿਕਦਾਰੀ ਤੋੜ ਦਿੱਤੀ। ਉਸ ਇਹ ਵੀ ਭਾਂਪ ਲਿਆ ਸੀ ਕਿ ਐਸ.ਜੀ.ਪੀ.ਸੀ. ਉਪਰ ਅਕਾਲੀ ਦਲ ਦਾ ਕਬਜ਼ਾ ਜਾਂ ਕੰਟਰੋਲ ਰਹੇਗਾ; ਇਸ ਦੇ ਫੰਡ ਤਕ ਉਨ੍ਹਾਂ ਦੀ ਪਹੁੰਚ ਹੋਵੇਗੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੇਵਾਦਾਰਾਂ, ਗ੍ਰੰਥੀਆਂ ਅਤੇ ਰਾਗੀਆਂ ਦੀ ਨਿਯੁਕਤੀ ਦੀ ਸਰਪ੍ਰਸਤੀ ਰਹੇਗੀ; ਅਤੇ ਇਸ ਦੇ ਅਧੀਨ ਚੱਲ ਰਹੇ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਦਾ ਪ੍ਰਬੰਧ ਰਹੇਗਾ, ਉਹ ਰਾਜ ਦੀ ਸਿਆਸਤ ਵਿਚ ਖ਼ਤਰਨਾਕ ਬਲ ਬਣੇ ਰਹਿਣਗੇ। ਉਸ ਆਪਣੇ ਉਪਰ ਇਹ ਜ਼ਿੰਮਾ ਲੈ ਲਿਆ ਕਿ ਉਹ ਅਕਾਲੀਆਂ ਪਾਸੋਂ ਐਸ.ਜੀ.ਪੀ.ਸੀ. ਦਾ ਕੰਟਰੋਲ ਲੈ ਲੈਣਗੇ। ਅਜਿਹਾ ਕਰਨ ਲਈ ਉਹ ਇਕੋ-ਇਕ ਰਾਹ ਜਾਣਦਾ ਸੀ ਕਿ ਲੋਕਾਂ ਅੱਗੇ ਇਹ ਸਾਬਤ ਕੀਤਾ ਜਾ ਸਕੇ ਕਿ ਭਾਵੇਂ ਇਕ ਕਾਂਗਰਸੀ ਵਜੋਂ ਉਹ ਧਰਮ-ਨਿਰਪੇਖਤਾ ਲਈ ਬਚਨਬੱਧ ਸੀ, ਪਰ ਸਿੱਖ ਧਰਮ ਬਾਰੇ ਉਸ ਦਾ ਗਿਆਨ ਵੱਧ ਸੀ ਅਤੇ ਕਿਸੇ ਵੀ ਅਕਾਲੀ ਲੀਡਰ ਨਾਲੋਂ ਉਹ ਬਿਹਤਰ ਸਿੱਖ ਸੀ।

ਵਿਰੋਧਾਭਾਸੀ ਰੂਪ ਵਿਚ, ਉਨ੍ਹਾਂ ਦੀ ਮੁੱਖ ਮੰਤਰੀ ਦੀ ਮਿਆਦ ਵਿਚ ਰਾਜ ਨੇ ਬੇਮਿਸਾਲ ਖ਼ੁਸ਼ਹਾਲੀ ਪ੍ਰਾਪਤ ਕੀਤੀ; ਪਰ ਇਹ ਸਿੱਖ ਧਾਰਮਿਕ ਕੱਟੜਵਾਦ ਦੇ ਜਨਮ ਦੀ ਵੀ ਸਾਖੀ ਰਹੀ। ਇਸ ਨਾਲ ਸਿੱਖਾਂ ਅਤੇ ਬਾਕੀ ਦੇਸ਼ਵਾਸੀਆਂ ਦੇ, ਜਿਹੜੇ ਹੋਰ ਧਰਮਾਂ ਦੇ ਧਾਰਨੀ ਸਨ, ਵਿਚਕਾਰ ਸੰਬੰਧਾਂ ਦਾ ਸਮੁੱਚਾ ਆਧਾਰ ਪਲਟਣਾ ਸੀ ਅਤੇ ਇਸ ਨਾਲ ਪੰਜਾਬ ਨੂੰ ਹੋਰ ਖ਼ੁਸ਼ਹਾਲ ਬਣਨ ਤੋਂ ਰੋਕਣਾ ਸੀ।

ਕਾਂਡ—37

ਖ਼ੁਸ਼ਹਾਲੀ ਅਤੇ ਧਾਰਮਿਕ ਕੱਟੜਵਾਦ

ਮਾਨਵੀ ਰੂਪ ਨਾਲੋਂ ,ਕਰਮ-ਕਾਂਡ ਤੇ ਜ਼ੋਰ ਦੇਣ ਵਾਲਾ ਪਰੰਪਰਾਗਤ ਧਾਰਮਿਕ ਮੋੜ ਵਿਸ਼ਵ-ਵਿਆਪੀ ਵਰਤਾਰਾ ਬਣ ਗਿਆ ਹੈ। ਇਸ ਦੇ ਵਿਖਾਵੇ ਵਿਚ ਜੋ ਥੋੜ੍ਹਾ-ਬਹੁਤ ਅੰਤਰ ਹੈ, ਉਹ ਵਿਸ਼ੇਸ਼ ਇਲਾਕੇ ਵਿਚ ਪ੍ਰਚੱਲਤ ਹਾਲਤਾਂ ਕਾਰਨ ਹੈ। ਈਸਾਈ ਮਤ ਵਿਚ ਨਵੇਂ ਜਨਮੇ ਈਸਾਈ ਇਹ ਵਿਸ਼ਵਾਸ ਰਖਦੇ ਹਨ ਕਿ ਈਸਾ ਦੇ ਵਚਨ ਹੀ ਪਰਮਾਤਮਾ ਦਾ ਸ਼ਬਦ ਹੈ; ਇਸਲਾਮ ਦੇ ਆਪਣੇ ਵਾਹਾਬਵਾਦੀ ਅਤੇ ਖੋਮੈਨੀਵਾਦੀ ਹਨ ਜਿਹੜੇ ਕੁਰਾਨ ਸ਼ਰੀਫ ਅਤੇ ਹਦੀਸ ਦੀ ਭਾਵਨਾ ਨਾਲੋਂ ਉਸ ਦੇ ਸ਼ਬਦਾਂ ਤੇ ਜ਼ਿਆਦਾ ਜ਼ੋਰ ਦਿੰਦੇ ਹਨ। ਭਾਰਤ ਵੀ ਧਾਰਮਿਕ ਕੱਟੜਵਾਦ ਦੇ ਉੱਭਰਨ ਤੋਂ ਮੁਕਤ ਨਹੀਂ ਰਹਿ ਸਕਿਆ। ਇੱਥੋਂ ਦੀ ਆਬਾਦੀ ਦੀ ਬਹੁ-ਗਿਣਤੀ, ਲਗਭਗ 85 ਪ੍ਰਤੀਸ਼ਤ ਜੋ ਕਿਸੇ ਨਾ ਕਿਸੇ ਰੂਪ ਵਿਚ ਹਿੰਦੂ ਰਹੁ-ਰੀਤ ਦੀ ਧਾਰਨੀ ਹੈ, ਨੇ ਮਹਿਸੂਸ ਕੀਤਾ ਕਿ ਰਾਜਸੀ ਸੁਤੰਤਰਤਾ ਨਾਲ ਉਹ ਵੇਲਾ ਆ ਗਿਆ ਹੈ ਕਿ ਆਪਣੀ ਧਾਰਮਿਕ ਅਤੇ ਸੰਸਕ੍ਰਿਤਕ ਪਛਾਣ ਮੁੜ ਕਾਇਮ ਕੀਤੀ ਜਾਵੇ, ਘੋਸ਼ਿਤ ਕੀਤੀ ਜਾਵੇ। ਭਾਰਤ ਦੇ ਨਵੇਂ ਹਾਕਮਾਂ, ਜਿਨ੍ਹਾਂ ਨੇ ਇਸ ਨੂੰ ਧਰਮ ਨਿਰਪੇਖ ਰਾਜ ਬਣਾਉਣ ਦੀ ਚੋਣ ਕੀਤੀ (ਭਾਰਤੀ ਸੰਗਿਆ ਵਿਚ ਇਹ ਗ਼ੈਰ-ਧਰਮੀ ਨਹੀਂ ਸਗੋਂ ਉਹ ਇਕ ਵਿਵਸਥਾ, ਜਿਸ ਵਿਚ ਸਾਰੇ ਧਰਮਾਂ ਲਈ ਬਰਾਬਰ ਦਾ ਸਤਿਕਾਰ ਹੈ) ਪਰ ਉਨ੍ਹਾਂ ਹਿੰਦੂਵਾਦ ਜਾਂ ਹਿੰਦੂਤਵ ਦੀ ਪੁਨਰ-ਜਾਗ੍ਰਤੀ ਨੂੰ ਪੂਰਾ-ਪੂਰਾ ਸਤਿਕਾਰ ਦਿੱਤਾ। ਅਜਿਹਾ ਤਾਂ ਅਨੇਕ ਬਾਹਵਾਂ ਵਾਲੀ ਦੁਰਗਾ ਦੇਵੀ ਦੀ ਪੱਥਰ ਦੀ ਮੂਰਤੀ ਵਾਂਗ ਸੀ ਜੋ ਸਾਕਾਰ ਰੂਪ ਧਾਰਨ ਕਰ ਗਈ ਅਤੇ ਆਪਣੇ ਅਨੇਕ ਹੱਥਾਂ ਵਿਚ ਉਹ ਸਾਰੇ ਹਥਿਆਰ ਚਲਾ ਰਹੀ ਹੈ ਜੋ ਉਸ ਪਾਸ ਹਨ। ਸੰਸਕ੍ਰਿਤ ਭਾਸ਼ਾ ਨੂੰ ਪੁਨਰ-ਸੁਰਜੀਤ ਕੀਤਾ ਗਿਆ ਅਤੇ ਪੁਰਾਤਨ ਧਾਰਮਿਕ ਸ਼ਾਸਤਰਾਂ ਦਾ ਅਧਿਐਨ ਕੀਤਾ ਗਿਆ; ਸ਼ਹਿਰਾਂ ਅਤੇ ਕਸਬਿਆਂ ਵਿਚ ਵੇਦਾਂਤ ਦੇ ਪ੍ਰਚਾਰ ਲਈ ਪ੍ਰਚਾਰਨੀ ਸਭਾਵਾਂ ਸਥਾਪਿਤ ਕੀਤੀਆਂ ਗਈਆਂ; ਸੁਆਮੀ, ਸੰਤ, ਅਵਤਾਰ ਅਤੇ ਹੋਰ ਅਨੇਕ ਪ੍ਰਕਾਰ ਦੇ ਭਗਵਾਨ ਦੇ ਭਗਤ ਆਪਣੇ ਆਸ਼ਰਮਾਂ ਵਿਚੋਂ ਬਾਹਰ ਨਿਕਲੇ ਅਤੇ ਹਿੰਦੂ ਧਰਮ ਦਾ ਆਤਮਕ ਸੰਦੇਸ਼ ਲੈ ਕੇ ਪਦਾਰਥਵਾਦੀ ਪੱਛਮ ਵੱਲ ਗਏ; ਸਰੀਰਕ ਅਭਿਆਸ ਅਤੇ ਪਰਮਾਤਮਾ ਨਾਲ ਇਕਮੁਰਤਾ ਬਣਾਉਣ ਲਈ ਯੋਗ-ਪ੍ਰਣਾਲੀ ਨੂੰ ਮੁੜ ਚਾਲੂ ਕੀਤਾ ਗਿਆ; ਆਯੁਰਵੇਦ ਦਵਾਈ ਪ੍ਰਚੱਲਿਤ ਕੀਤੀ; ਖੰਡਰ ਹੋਏ ਪੁਰਾਣੇ ਮੰਦਰਾਂ ਨੂੰ ਮੁਰੰਮਤ ਕਰਕੇ ਨਵਾਂ ਰੂਪ ਦਿੱਤਾ ਗਿਆ ਅਤੇ ਨਵੇਂ ਮੰਦਰ ਉਸਾਰੇ ਗਏ। ਸਰਕਾਰ ਅਧੀਨ ਮੀਡੀਆ ਰਾਹੀਂ ਆਕਾਸ਼ਵਾਣੀ ਅਤੇ ਦੂਰਦਰਸ਼ਨ (ਟੀ.ਵੀ.) ਉਤੇ ਸਮੇਂ ਦੇ ਕਾਫ਼ੀ ਭਾਗ ਵਿਚ ਭਜਨ ਅਤੇ ਧਾਰਮਿਕ ਪ੍ਰਵਚਨ ਅਤੇ ਹਿੰਦੂ ਮਿਥਿਹਾਸ ਦੇ ਨਾਟਕ ਖੇਡੇ ਗਏ, ਇਨ੍ਹਾਂ ਨਾਲ ਰਾਸ਼ਟਰੀ ਸੁਵੈਂਮ ਸੇਵਕ ਸੰਘ ਅਤੇ ਸ਼ਿਵ ਸੈਨਾ ਜਿਹੇ ਅਰਧ-ਸੈਨਿਕ ਹਿੰਦੂ ਸੰਗਠਨਾਂ ਨੂੰ ਸੱਜਰਾ ਬਲ ਪ੍ਰਾਪਤ ਹੋਇਆ।

ਅਜਿਹੀ ਉਨਤੀ ਨੇ ਮੁਸਲਿਮ, ਈਸਾਈ ਅਤੇ ਸਿੱਖ ਘੱਟ-ਗਿਣਤੀਆਂ ਅੰਦਰ ਆਪਣੇ ਭਵਿੱਖ ਬਾਰੇ ਚਿੰਤਾ ਪੈਦਾ ਕਰ ਦਿੱਤੀ। ਇਸਲਾਮ ਅਤੇ ਈਸਾਈਅਤ, ਜਿਨ੍ਹਾਂ ਨੂੰ ਗ਼ੈਰ-

ਭਾਰਤੀ ਧਰਮ ਦਾ ਫ਼ਤਵਾ ਦਿੱਤਾ ਗਿਆ ਸੀ ਅਤੇ ਜੋ ਆਪਣੇ ਵਿਦੇਸ਼ੀ ਸਹਿਧਰਮੀਆਂ ਵੱਲੋਂ ਸਹਾਇਤਾ ਅਤੇ ਸਹੂਲਤਾ ਪ੍ਰਾਪਤ ਕਰਦੇ ਸਨ, ਨੇ ਵੀ ਹਿੰਸਕ ਰੁਖ਼ ਅਪਣਾ ਲਿਆ। ਸਿੱਖਾਂ ਦੀ ਸਥਿਤੀ ਡਾਵਾਂਡੋਲ ਸੀ, ਉਹ ਬਹੁਤ ਹੀ ਘੱਟ-ਗਿਣਤੀ ਵਿਚ ਸਨ, ਕੁਲ ਆਬਾਦੀ ਦਾ ਦੋ ਪ੍ਰਤੀਸ਼ਤ। ਬਹੁਤ ਸਾਰੇ ਹਿੰਦੂਆਂ ਦੀ ਧਾਰਨਾ ਸੀ ਕਿ ਉਹ ਹਿੰਦੂਆ ਦੇ ਰੱਖਿਅਕ ਸਨ, ਹਿੰਦੂਤਵ ਦਾ ਸੈਨਿਕ ਪੱਖ। ਜੋ ਕੁਝ ਵੱਖਰਾਪਨ ਸੀ ਤਾਂ ਬਾਹਰੀ ਸਰੂਪ ਦਾ। ਖ਼ਾਲਸਾ ਰਹਿਤ ਅਨੁਸਾਰ, ਲੰਮੇ ਕੇਸ ਅਤੇ ਦਾੜ੍ਹੀ ਹਜਾਮਤ ਰਹਿਤ। ਹਿੰਦੂਤਵ ਦਾ ਸਿੱਖ ਧਰਮ ਜਾਂ ਖ਼ਾਲਸਾ ਸਰੂਪ ਨਾਲ ਕੋਈ ਵਿਤਕਰਾ ਜਾਂ ਚੁਣੌਤੀ ਨਹੀਂ ਸੀ। ਸਿੱਖ ਧਰਮ ਲਈ ਆਧੁਨਿਕਵਾਦ ਦੀ ਹਵਾ ਅਤੇ 'ਹਰਾ ਇਨਕਲਾਬ' ਸਦਕਾ ਕੌਮ ਵਿਚ ਖ਼ੁਸ਼ਹਾਲੀ ਸੀ। ਨਵੇਂ ਉਭਰਦੇ ਸਿੱਖ ਨੌਜਵਾਨ ਲੰਮੇ ਵਾਲਾਂ ਅਤੇ ਦਾੜ੍ਹੀਆਂ ਪ੍ਰਤੀ ਕਿੰਤੂ ਕਰਨ ਲੱਗੇ ਅਤੇ ਇਉਂ ਪ੍ਰਤੀਤ ਕਰਨ ਲੱਗੇ ਜਿਵੇਂ ਉਹ ਅਤੀਤ ਦੇ ਸਮੇਂ ਦੀਆਂ ਪੁਰਾਤਨ ਅਤੇ ਪਵਿੱਤਰ ਯਾਦਗਾਰਾਂ ਹਨ। ਬਹੁਤੇ ਪੜ੍ਹੇ-ਲਿਖੇ ਅਤੇ ਰੱਜੇ-ਪੁੱਜੇ ਸਿੱਖਾਂ ਅੰਦਰ ਪਤਿਤ ਹੋਣ ਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਬਣ ਗਈਆਂ। ਬਹੁਤ ਸਾਰਿਆਂ ਨੂੰ ਇਹ ਪ੍ਰਤੀਤ ਹੋਣ ਲੱਗਾ ਕਿ ਭਵਿੱਖ ਵਿਚ ਛੇਤੀ ਹੀ ਕੌਮ ਹਿੰਦੂਤਵ ਵਿਚ ਘੁਲ-ਮਿਲ ਜਾਵੇਗੀ ਅਤੇ ਇਸ ਦੀ ਹਾਲਤ ਜੈਨੀਆਂ ਅਤੇ ਬੋਧੀਆਂ ਵਾਲੀ ਹੋ ਜਾਵੇਗੀ, ਭਾਵ ਇਹ ਹਿੰਦੂਆਂ ਦੀ ਇਕ ਸ਼ਾਖਾ ਬਣ ਜਾਵੇਗੀ ਜੋ ਸਿੱਖ ਮਤਿ ਵਿਚ ਵਿਸ਼ਵਾਸ ਰਖਦੇ ਹਨ। ਇਸ ਹਾਲਤ ਨੇ ਰਵਾਇਤੀ ਖ਼ਾਲਸੇ ਅੰਦਰ ਨਫ਼ਰਤ ਪੈਦਾ ਕਰ ਦਿੱਤੀ; ਇਹ ਸਥਿਤੀ ਸਿਆਸਤਦਾਨਾਂ ਨੂੰ ਵੀ ਅਨੁਕੂਲ ਨਹੀਂ ਜਾਪਦੀ ਸੀ ਜਿਨ੍ਹਾਂ ਨੂੰ ਸਿੱਖਾਂ ਦੀ ਵੱਖਰੀ ਹੋਂਦ ਸਿਆਸੀ ਬਚਾਓ ਨੂੰ ਯਕੀਨੀ ਬਣਾਉਂਦੀ ਸੀ।

ਪੰਜਾਬ ਦੇ ਬਟਵਾਰੇ ਉਪਰ ਸਰਸਰੀ ਨਜ਼ਰ ਮਾਰੋ। ਸਿੱਖਾਂ ਦਾ ਉਸ ਸਥਾਨ ਤੋਂ ਉਜਾੜੇ ਵੱਲ ਧਿਆਨ ਦਿਓ ਜਿਹੜੀ ਕੌਮ ਦੀ ਅੱਧੀ ਆਬਾਦੀ ਤੋਂ ਵੱਧ ਖ਼ੁਸ਼ਹਾਲ ਲੋਕਾਂ ਦਾ ਹੋਮਲੈਂਡ ਸੀ। ਤੁਹਾਨੂੰ ਪਤਾ ਲੱਗੇਗਾ ਕਿ ਕਿਵੇਂ ਰੂੜੀਵਾਦੀ ਦੀ ਸੁਰਜੀਤੀ ਲਈ ਵੱਖਵਾਦ ਦੇ ਬੀਜ ਬੀਜੇ ਜਾਣ ਲੱਗੇ।

ਭੂਮੀ-ਆਧਾਰ ਵਾਲੇ ਸਿੱਖਾਂ, ਜਿਹੜੇ ਮੁੱਖ ਰੂਪ ਵਿਚ ਜੱਟ, ਕਾਰੀਗਰ ਅਤੇ ਨੀਵੀਆਂ ਜਾਤੀਆਂ ਦੇ ਭੂਮੀ ਮਜ਼ਦੂਰ ਸਨ, ਦਾ ਆਵਾਸ ਪੂਰਬੀ ਪੰਜਾਬ ਦੀਆਂ ਨਿਸ਼ਚਿਤ ਸਰਹੱਦਾਂ 'ਤੇ ਰੋਕ ਦਿੱਤਾ ਗਿਆ। ਜਿਹੜੇ ਬਾਕੀ ਰਹਿ ਗਏ ਉਨ੍ਹਾਂ ਨੂੰ ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਵਿਚ, ਅਤੇ ਉੱਤਰ ਪ੍ਰਦੇਸ਼ ਦੇ ਤਰਾਈ ਖ਼ਿੱਤੇ ਵਿਚ ਵਸਾਇਆ ਗਿਆ। ਆਪਣੇ ਹਿੰਦੂ ਸਹਿ-ਸਾਥੀਆਂ ਵਾਂਗ, ਸਿੱਖ ਵਪਾਰਕ ਬਰਾਦਰੀ ਨੂੰ ਕਸਬਿਆਂ ਅਤੇ ਸ਼ਹਿਰਾਂ ਵਿਚ ਜਾਣ ਦੀ ਖੁੱਲ੍ਹ ਦਿੱਤੀ ਗਈ ਜਿਥੇ ਵੀ ਉਹ ਕਾਰੋਬਾਰ ਲਈ ਸੁਖ-ਸੁਵਿਧਾ ਪ੍ਰਤੀਤ ਕਰਨ। ਇਸ ਪ੍ਰਕਾਰ ਥਾਂ-ਥਾਂ ਭੇਜਣ ਦੀ ਪ੍ਰਕਿਰਿਆ ਵਿਚ ਭੂਮੀ-ਆਧਾਰ ਵਾਲੇ ਲੋਕ ਭੂਗੋਲਿਕ ਤੌਰ ਤੇ ਇਕ ਥਾਂ ਇਕੱਠੇ ਹੋ ਗਏ ਪਰ ਕਾਰੋਬਾਰ ਕਰਨ ਵਾਲੀਆਂ ਜਮਾਤਾਂ ਖਿੱਲਰ ਗਈਆਂ। ਜੱਟ ਸਿੱਖਾਂ ਨੇ, ਜਿਨ੍ਹਾਂ ਗ਼ੈਰ-ਕਾਸ਼ਤਕਾਰ ਲੋਕਾਂ ਨੂੰ ਅਜਿਹੇ ਮਾਣ ਵਿਚ ਨਹੀਂ ਰਖਿਆ ਸੀ, ਉਨ੍ਹਾਂ ਨਾਲ ਹੀਣ-ਭਾਵ ਨਾਲ ਸਲੂਕ ਕਰਨਾ ਆਰੰਭ ਕਰ ਦਿੱਤਾ, ਬਿਨਾਂ ਝਿਜਕ ਉਨ੍ਹਾਂ ਨੂੰ ਦੂਜੇ ਦਰਜੇ ਦੇ ਸਿੱਖ ਸਮਝਿਆ। ਪ੍ਰਤਾਪ ਸਿੰਘ ਕੈਰੋਂ ਨੇ ਖੁੱਲ੍ਹੇ-ਆਮ ਉਨ੍ਹਾਂ ਨੂੰ 'ਭਾਪਾ' ਕਹਿ ਕੇ ਪੁਕਾਰਿਆ ਕਿ ਉਹ ਬ੍ਰਾਹਮਣ, ਖੱਤਰੀਆਂ ਅਤੇ ਅਰੋੜਿਆਂ ਤੋਂ ਸਿੱਖ ਬਣੇ ਹਨ। ਹਾਲਾਂਕਿ ਦਸੋ ਸਿੱਖ ਗੁਰੂ ਸਾਹਿਬਾਨ ਖੱਤਰੀ ਸਨ ਅਤੇ ਇਵੇਂ ਹੀ ਬੰਦਾ ਬੈਰਾਗੀ। ਪੰਜਾਬੀ ਸਿੱਖ ਕੌਮ ਦੀ ਵਾਗਡੋਰ (ਲੀਡਰਸ਼ਿਪ) ਵਪਾਰਕ ਬਰਾਦਰੀ ਦੇ ਹੱਥਾਂ ਵਿਚੋਂ ਭੂਮੀ-ਆਧਾਰ ਵਾਲਿਆਂ ਦੇ ਹੱਥ ਆ ਗਈ—ਭੂਮੀ-ਆਧਾਰ ਵਾਲਿਆਂ ਵਿਚ ਪੱਕੇ ਤੌਰ 'ਤੇ ਉਨ੍ਹਾਂ ਪਾਸ

ਆ ਗਈ ਜਿਹੜੇ ਬਟਵਾਰੇ ਤੋਂ ਪਹਿਲਾਂ ਹੀ ਇਧਰ ਆ ਗਏ ਸਨ, ਨਾ ਕਿ ਆਵਾਸੀਆਂ ਹੱਥ ਜਿਹੜੇ ਥਾਂ-ਥਾਂ ਖਿੱਲਰ ਗਏ। ਇਸ ਪ੍ਰਕਿਰਿਆ ਨਾਲ ਹੌਲੀ-ਹੌਲੀ ਮਾਝੇ ਅਤੇ ਦੁਆਬੇ ਦੀ ਮਹੱਤਤਾ ਘਟਦੀ ਚਲੀ ਗਈ ਅਤੇ ਲੁਧਿਆਣਾ, ਪਟਿਆਲਾ, ਫ਼ਾਜ਼ਿਲਕਾ ਅਤੇ ਫ਼ੀਰੋਜ਼ਪੁਰ ਦੇ ਮਾਲਵਾ ਸਿੱਖਾਂ ਦੀ ਚੜ੍ਹਤ ਬਣ ਗਈ। ਆਜ਼ਾਦੀ ਉਪਰੰਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਸਿੱਖ ਨੇਤਾ ਮਾਲਵੇ ਦੇ ਜੱਟ ਸਨ; ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਅਤੇ ਕੰਟਰੋਲ ਉਨ੍ਹਾਂ ਦੇ ਅਧੀਨ ਆ ਗਿਆ। ਸ਼ਹਿਰੀ ਸਿੱਖ ਬਰਾਦਰੀਆਂ ਹਾਸ਼ੀਏ ਵਿਚ ਰਹਿ ਗਈਆਂ ਅਤੇ ਉਨ੍ਹਾਂ ਦੀਆਂ ਸਾਂਝੀਆਂ ਸਰਗਰਮੀਆਂ ਦਾ ਕੇਂਦਰ ਦਿੱਲੀ ਬਣ ਗਿਆ।

ਹਰਾ ਇਨਕਲਾਬ

ਸਿਆਸੀ ਭੰਨ-ਤੋੜ ਅਤੇ ਗਠ-ਜੋੜ ਪਿੱਛੇ ਖ਼ਾਮੋਸ਼ ਇਨਕਲਾਬ ਆਰੰਭ ਹੋ ਗਿਆ। ਇਸ ਦੇ ਅਧਿਕੇਂਦਰ ਦੀ ਲੁਧਿਆਣਾ ਵਿਖੇ ਪੰਜਾਬ ਦੀ ਖੇਤੀਬਾੜੀ ਵਿਸ਼ਵ-ਵਿਦਿਆਲਾ ਦੀ ਸਥਾਪਨਾ 1962 ਵਿਚ ਹੋਈ। ਇਸ ਸਥਾਨ 'ਤੇ ਨਾਰਵੇਜੀਅਨ—ਅਮਰੀਕਨ ਖੇਤੀਬਾੜੀ ਵਿਗਿਆਨੀ, ਨਾਰਮਨ ਬੋਰਲਾਗ ਅਤੇ ਉਸ ਦੀ ਭਾਰਤੀ ਵਿਗਿਆਨੀਆਂ ਦੀ ਟੀਮ ਨੇ ਮੈਕਸੀਕਨ ਕਣਕ ਦੇ ਬੀਜ ਦੀ ਨਵੀਂ ਕਿਸਮ ਦਾ ਵਿਕਾਸ ਕੀਤਾ ਅਤੇ ਉਸ ਨੂੰ ਫਾਰਮਿੰਗ ਬਰਾਦਰੀ ਪਾਸ ਪਹੁੰਚਾਇਆ। ਬੀਜ ਦੀ ਨਵੀਂ ਕਿਸਮ ਦੇ ਨਾਲ ਹੀ ਖੇਤੀਬਾੜੀ ਲਈ ਆਧੁਨਿਕ ਢੰਗ-ਤਰੀਕੇ ਅਪਣਾਏ ਗਏ। ਇਸ ਦੇ ਨਾਲ ਹੀ ਟਰੈਕਟਰਾਂ, ਥਰੈਸ਼ਰਾਂ, ਹਾਰਵੈਸਟਰਾਂ, ਰਸਾਇਣਕ ਉਰਵਰਕਾਂ ਅਤੇ ਕੀਟ-ਨਾਸ਼ਕਾਂ ਦੀ ਵਰਤੋਂ ਕੀਤੀ ਗਈ। ਪੰਜਾਬ ਅੰਦਰ ਨਹਿਰ ਦੀ ਸਿੰਚਾਈ ਦਾ ਪੂਰਾ-ਪੂਰਾ ਪ੍ਰਬੰਧ ਪਹਿਲਾਂ ਹੀ ਸੀ, ਪਰ ਰੀਕਾਰਡ ਸੰਖਿਆ ਵਿਚ ਟਿਊਬ-ਵੈੱਲ ਪੁੱਟੇ ਗਏ ਜਿਹੜੇ ਭਾਖੜਾ ਨੰਗਲ ਹਾਈਡਰੋ-ਰੰਨ ਟਰਬਾਈਨਾਂ ਰਾਹੀਂ ਪੈਦਾ ਹੋਈ ਬਿਜਲੀ ਜਾਂ ਡੀਜ਼ਲ ਨਾਲ ਚਲਦੇ ਸਨ। 1960ਵਿਆਂ ਦੇ ਅੱਧ ਵਿਚ ਪੰਜਾਬ ਦੀ ਖੇਤੀ ਵਿਚ ਢੇਰ ਵਾਧਾ ਹੋਇਆ। ਪ੍ਰਤੀ ਏਕੜ ਝਾੜ ਦੁੱਗਣਾ ਹੋ ਗਿਆ। ਪਹਿਲਾਂ ਕਣਕ ਦੀ ਭਰਵੀਂ ਫ਼ਸਲ ਵੱਢੀ ਗਈ ਅਤੇ ਫਿਰ ਧਾਨ ਦੀ ਭਰਵੀਂ ਫ਼ਸਲ ਕੱਟੀ ਗਈ। ਚੌਲਾਂ ਦੇ ਬੀਜ ਤਾਇਵਾਨ ਵਿਚ ਵਿਕਸਿਤ ਕੀਤੇ ਗਏ ਸਨ। ਗੰਨੇ ਅਤੇ ਕਪਾਹ ਦੀਆਂ ਫ਼ਸਲਾਂ ਵਿਚ ਵੀ ਇਸੇ ਪ੍ਰਕਾਰ ਦਾ ਵਾਧਾ ਹੋ ਗਿਆ। ਇਸ ਨੂੰ 'ਗਰੀਨ ਰੈਵੋਲਿਊਸ਼ਨ' (ਹਰੇ ਇਨਕਲਾਬ) ਦਾ ਨਾਮ ਦਿੱਤਾ ਗਿਆ। ਇਸ ਕਾਰਜ ਨੂੰ ਕਰਨ ਵਾਲੇ ਅਤੇ ਲਾਹਾ ਖੱਟਣ ਵਾਲੇ ਸਿੱਖ ਕਿਸਾਨ ਸਨ, ਜਿਨ੍ਹਾਂ ਪਾਸ ਪੰਜਾਬ ਦੀ ਵਾਹੀ-ਗਾਹੀ ਕਰਨ ਵਾਲੀ 90 ਪ੍ਰਤੀਸ਼ਤ ਭੂਮੀ ਸੀ।

ਖੇਤੀਬਾੜੀ ਦੇ ਇਨਕਲਾਬ ਲਈ ਲੁਧਿਆਣੇ ਦੀ ਲਾਂਚਿੰਗ ਪੈਡ ਵਜੋਂ ਚੋਣ ਬਹੁਤ ਸਹੀ ਸੀ। ਇਹ ਸਥਾਨ ਭਾਰਤ-ਗੰਗਾ ਦੇ ਮੈਦਾਨ ਵਿਚ ਸਭ ਤੋਂ ਵੱਧ ਜ਼ਰਖੇਜ਼ ਸੀ, ਉਪਜਾਊ ਸੀ। ਏਥੇ ਭੂਮੀਗਤ ਪਾਣੀ ਦੀ ਸੁਖ-ਸੁਵਿਧਾ ਵੀ ਬਹੁਤ ਸੀ। 1961 ਤਕ ਵਿਸ਼ਾਲ ਮੁਰੱਬੇਬੰਦੀ ਹੋ ਚੁੱਕੀ ਸੀ। ਭਾਵੇਂ ਆਬਾਦੀ ਸੰਘਣੀ ਸੀ (ਪ੍ਰਤੀ ਵਰਗ ਮੀਲ ਵਿਚ 773 ਵਿਅਕਤੀ)। ਪਰ 65 ਪ੍ਰਤੀਸ਼ਤ ਤੋਂ ਵੱਧ ਵੱਸੋਂ ਗ਼ੈਰ-ਖੇਤੀਬਾੜੀ ਦੇ ਧੰਦੇ ਵਿਚ ਲੱਗੀ ਹੋਈ ਸੀ। ਲੁਧਿਆਣਾ ਸ਼ਹਿਰ ਵਿਚ ਅਨੇਕ ਪ੍ਰਕਾਰ ਦੀ ਹੌਜ਼ਰੀ ਦਾ ਕੰਮ, ਸਾਈਕਲਾਂ, ਮੋਟਰਾਂ ਦੇ ਪੁਰਜ਼ੇ, ਸਿਲਾਈ ਮਸ਼ੀਨਾਂ ਅਤੇ ਮਸ਼ੀਨੀ ਔਜ਼ਾਰਾਂ ਦੇ ਉਤਪਾਦਨ ਹੋਣ ਕਾਰਨ ਇਹ "ਭਾਰਤ ਸਮਾਲ ਸਕੇਲ ਸਨਅਤੀ ਰਾਜਧਾਨੀ" ਵਜੋਂ ਮਸ਼ਹੂਰ ਹੋ ਗਿਆ। ਦੇਹਾਤੀ ਇਲਾਕੇ ਵੀ ਹਰ ਮੌਸਮ ਵਿਚ ਚੱਲਣ ਵਾਲੀਆਂ ਸੜਕਾਂ ਸਦਕਾ ਸ਼ਹਿਰ ਦੇ ਸਨਅਤੀ ਸਮੂਹ ਨਾਲ ਜੁੜੇ ਹੋਏ

ਸਨ। ਭੂਮੀ ਉਪਰ ਵੱਸੋਂ ਦਾ ਭਾਰ ਮੁਕਾਬਲੇ ਵਜੋਂ ਹਲਕਾ ਸੀ ਕਿਉਂਕਿ ਅੱਧੇ ਤੋਂ ਵੱਧ (55 ਪ੍ਰਤੀਸ਼ਤ) ਕਾਸ਼ਤਕਾਰੀ ਇਲਾਕਾ ਉਨ੍ਹਾਂ ਕਿਸਾਨਾਂ ਦੇ ਹੱਥ ਸੀ, ਜਿਨ੍ਹਾਂ ਪਾਸ 20 ਏਕੜ ਤੋਂ ਵੱਧ ਜ਼ਮੀਨ ਸੀ। ਉਹ ਖੇਤੀਬਾੜੀ ਕਰਨ ਵਾਲੀ ਵੱਸੋਂ ਦਾ 37 ਪ੍ਰਤੀਸ਼ਤ ਸਨ। ਕੁਝ ਹੋਰ 43 ਪ੍ਰਤੀਸ਼ਤ ਸਨ, ਜਿਨ੍ਹਾਂ ਦੀ ਮਲਕੀਅਤ ਹਰ ਇਕ ਦੀ ਦਸ ਤੋਂ ਵੀਹ ਏਕੜ ਸੀ। ਜਿਨ੍ਹਾਂ ਪਾਸ ਦਸ ਏਕੜ ਤੋਂ ਘੱਟ ਜ਼ਮੀਨ ਸੀ ਉਹ 20 ਪ੍ਰਤੀਸ਼ਤ ਸਨ। ਲੁਧਿਆਣੇ ਦੀ ਦੇਹਾਤੀ ਵੱਸੋਂ ਦੀ ਸਾਖਰਤਾ ਦਰ ਸਭ ਤੋਂ ਵੱਧ ਸੀ (42 ਪ੍ਰਤੀਸ਼ਤ) ਜਿਹੜੀ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਨਾਲੋਂ ਵੱਧ ਸੀ। ਸਭ ਤੋਂ ਵੱਡੀ ਗੱਲ ਇਹ ਕਿ ਕਿਸਾਨੀ ਲਗਪਗ ਸਾਰੀ ਦੀ ਸਾਰੀ ਸਿੱਖ ਸੀ ਅਤੇ ਅਗਾਂਹਵਧੂ ਸੀ।

1965 ਵਿਚ ਖੇਤੀਬਾੜੀ ਮੰਤਰਾਲਾ ਨੇ ਆਪਣੇ ਇਨਟੈਨਸਿਵ ਐਗਰੀਕਲਚਰਲ ਏਰੀਆਸ ਪ੍ਰੋਗਰਾਮ (ਆਈ.ਏ.ਏ.ਪੀ.)—ਘਣੀ ਖੇਤੀਬਾੜੀ ਇਲਾਕਾ ਪ੍ਰੋਗਰਾਮ—ਦੀ ਅਜ਼ਮਾਇਸ਼ ਲਈ ਲੁਧਿਆਣੇ ਨੂੰ ਜ਼ਿਲ੍ਹਿਆਂ ਵਿਚੋਂ ਇਕ ਜ਼ਿਲ੍ਹੇ ਦੇ ਤੌਰ 'ਤੇ ਚੁਣਿਆ। ਫੋਰਡ ਫਾਊਂਡੇਸ਼ਨ ਨੇ ਪਹਿਲਾਂ ਹੀ ਸੰਪੂਰਨ "ਪੈਕੇਜ ਆਫ਼ ਪ੍ਰੈਕਟਿਸਜ਼"—ਵਿਹਾਰ ਦਾ ਪੁਲੰਦਾ—ਤਿਆਰ ਕਰ ਰਖਿਆ ਸੀ, ਜਿਸ ਵਿਚ ਸੌਖੇ ਕਰਜ਼ੇ ਦੀ ਸੁਵਿਧਾ, ਰਸਾਇਣਕ ਉਰਵਰਕਾਂ ਦੀ ਵਰਤੋਂ, ਨਵੀਨ ਪ੍ਰਕਾਰ ਦੇ ਬੀਜ, ਕੀਟ-ਨਾਸ਼ਕ, ਕੀਮਤਾਂ ਵਿਚ ਉਤਸ਼ਾਹ ਅਤੇ ਮਾਰਕੀਟਿੰਗ ਆਦਿ ਸ਼ਾਮਲ ਸਨ। ਆਈ.ਏ.ਏ.ਪੀ. ਦੇ ਅਧੀਨ ਇਨ੍ਹਾਂ ਨੂੰ ਲੁਧਿਆਣੇ ਵਿਚ ਅਮਲ ਵਿਚ ਲਿਆਂਦਾ ਗਿਆ। ਭਾਵੇਂ ਸਮੁੱਚੇ ਸਿੱਟੇ ਭਰਪੂਰ ਸਨ ਪਰ ਇਸ ਨਾਲ ਖੇਤੀਬਾੜੀ ਦੀਆਂ ਜਮਾਤਾਂ ਵਿਚ ਆਰਥਿਕ ਪਾੜ ਵਧ ਗਿਆ। ਵੱਧ ਭੂਮੀ ਦੇ ਮਾਲਕ ਵੱਧ ਟਿਊਬ-ਵੈੱਲ ਪੁੱਟ ਸਕਦੇ ਸਨ, ਟਰੈਕਟਰ ਖ਼ਰੀਦ ਸਕਦੇ ਸਨ ਅਤੇ ਇਸ ਪ੍ਰਕਾਰ ਆਪਣੀ ਭੂਮੀ ਤੋਂ ਤਿੰਨ ਗੁਣੀ ਵੱਧ ਪੈਦਾਵਾਰ ਪ੍ਰਾਪਤ ਕਰ ਸਕਦੇ ਸਨ। ਮੱਧ ਸਾਈਜ਼ ਦੀ ਮਲਕੀਅਤ ਵਾਲੇ ਔਖ ਨਾਲ ਚਲ ਸਕਦੇ ਸਨ। ਜਿਨ੍ਹਾਂ ਪਾਸ ਦਸ ਏਕੜ ਤੋਂ ਘੱਟ ਜ਼ਮੀਨ ਸੀ, ਉਨ੍ਹਾਂ ਦੇਖਿਆ ਕਿ ਖੇਤੀਬਾੜੀ ਕਰਨਾ ਆਰਥਿਕ ਤੌਰ 'ਤੇ ਉਪਯੋਗੀ ਨਹੀਂ, ਅਤੇ ਉਹ ਦਬਾਓ ਅਧੀਨ ਭੂਮੀ ਵੇਚਣ ਲਈ ਮਜਬੂਰ ਹੋ ਗਏ। ਮੁੱਢਲੇ ਸਮੇਂ ਵਿਚ 'ਹਰੇ ਇਨਕਲਾਬ' ਵੇਲੇ ਕਿਸਾਨੀ ਮਜ਼ਦੂਰ ਵੱਡੇ ਜ਼ਿਮੀਂਦਾਰਾਂ ਪਾਸੋਂ ਵੱਧ ਵੇਤਨ ਜਾਂ ਮਜ਼ਦੂਰੀ ਖਿੱਚ ਸਕਦੇ ਸਨ। ਸਦੀਆਂ ਤੋਂ ਦੋਹਾਂ ਵਿਚਕਾਰ ਚਲਦੇ ਆ ਰਹੇ ਰਵਾਇਤੀ ਸੰਬੰਧ ਜਿਨ੍ਹਾਂ ਅਨੁਸਾਰ ਉਹ ਫ਼ਸਲ ਦੀ ਵਟਾਈ (ਆਮ ਤੌਰ ਤੇ ਇਕ ਦਾ ਵੀਹਵਾਂ ਭਾਗ) ਲੈਂਦੇ ਸਨ, ਖ਼ਤਮ ਹੋ ਗਿਆ ਅਤੇ ਨਕਦ ਅਦਾਇਗੀ ਲਈ ਸਖ਼ਤ ਸੌਦੇਬਾਜ਼ੀ ਹੋਣ ਲੱਗੀ। ਖੇਤੀਬਾੜੀ ਵਿਚ ਮਸ਼ੀਨਾਂ ਦੀ ਵਰਤੋਂ ਦੇ ਕਰਨ ਨਾਲ ਭੂਮੀ ਮਾਲਕਾਂ ਖੇਤਾਂ ਵਿਚ ਹੱਥ ਵਟਾਉਣ ਵਾਲਿਆਂ ਨੂੰ ਹਟਾਉਣਾ ਆਰੰਭ ਕਰ ਦਿੱਤਾ। ਇਸ ਤਰ੍ਹਾਂ ਪੀੜ੍ਹੀਆਂ ਤੋਂ ਚਲਦੇ ਆ ਰਹੇ ਮਾਲਕਾਂ ਅਤੇ ਕਾਮਿਆਂ ਦੀ ਸਾਂਝੇਦਾਰੀ ਟੱਕਰ ਦਾ ਰੂਪ ਧਾਰ ਗਈ। ਅਮੀਰ ਜ਼ਿਮੀਂਦਾਰ (ਭੂਮੀ ਮਾਲਕ) ਹੋਰ ਅਮੀਰ ਹੁੰਦੇ ਗਏ ਅਤੇ ਗੁਜ਼ਾਰਾ ਕਰਨ ਵਾਲੇ ਗ਼ਰੀਬ ਹੁੰਦੇ ਗਏ। ਭੂਮੀ-ਰਹਿਤ ਲੋਕਾਂ ਲਈ ਭੂਮੀ 'ਤੇ ਕੋਈ ਲੋੜ ਨਹੀਂ ਸੀ। ਇਹ ਖ਼ਿਆਲ ਕੀਤਾ ਗਿਆ ਸੀ ਕਿ ਮਜ਼ਦੂਰਾਂ ਦੀ ਥਾਂ ਮਸ਼ੀਨਾਂ ਲੈ ਲੈਣਗੀਆਂ ਅਤੇ ਸਿੱਟੇ ਵਜੋਂ ਭੂਮੀ-ਰਹਿਤ ਲੋਕਾਂ ਲਈ ਟਰੈਕਟਰ ਡਰਾਈਵਰ ਅਤੇ ਮਕੈਨਿਕ ਦੇ ਰੋਜ਼ਗਾਰ ਦੇ ਅਵਸਰ ਮਿਲ ਜਾਣਗੇ, ਪਰ ਅਜਿਹਾ ਨਾ ਵਾਪਰਿਆ। ਬਹੁਤ ਸਾਰੇ ਕਿਸਾਨਾਂ ਨੇ ਆਪ ਹੀ ਆਪਣੇ ਵਾਹਨ ਚਲਾਉਣੇ ਸ਼ੁਰੂ ਕਰ ਦਿੱਤੇ ਅਤੇ ਦੇਖ ਭਾਲ ਵੀ ਆਪ ਹੀ ਕਰਦੇ। ਭੂਮੀ-ਰਹਿਤ ਬੇ-ਰੋਜ਼ਗਾਰ ਲੋਕਾਂ ਦੀ ਗਿਣਤੀ ਵਧਦੀ ਗਈ ਸਗੋਂ ਸੰਬੰਧਤ ਲਾਹਾ ਦੇਣ ਵਾਲੇ ਧੰਦੇ ਜਿਵੇਂ ਡੇਅਰੀ ਅਤੇ ਮੁਰਗੀ-ਪਾਲਣ ਵੀ ਅਮੀਰਾਂ ਨੇ ਸਾਂਭ ਲਏ। ਖ਼ੁਸ਼ਹਾਲੀ ਦੇ ਨਾਲ ਜਮਾਤੀ ਟੱਕਰ ਦੇ ਬੀਜ

ਵੀ ਬੀਜੇ ਗਏ।

ਸੰਨ 1969 ਵਿਚ ਗ੍ਰਹਿ ਮੰਤਰਾਲਾ ਨੇ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ—ਚੱਲ ਰਹੀ ਖੇਤੀਬਾੜੀ ਟੱਕਰ ਦੇ ਕਾਰਨ ਅਤੇ ਸੁਭਾਵਿਕਤਾ। ਇਸ ਵਿਚ ਦਰਸਾਇਆ ਗਿਆ ਕਿ 80 ਪ੍ਰਤੀਸ਼ਤ ਅੰਦੋਲਨ ਭੂਮੀ-ਰਹਿਤ ਲੋਕਾਂ ਵੱਲੋਂ ਭੂਮੀ-ਮਾਲਕਾਂ ਵਿਰੁੱਧ ਚਲਾਏ ਜਾ ਰਹੇ ਸਨ। ਹਰੇ ਇਨਕਲਾਬ ਸੰਬੰਧੀ ਅਧਿਐਨ ਵਿਚ ਫਰੈਂਕਲ ਨੇ ਇਸ਼ਾਰਾ ਕੀਤਾ ਹੈ, "ਜਿਉਂ-ਜਿਉਂ ਆਰਥਿਕ ਅਸਮਾਨਤਾ, ਅੰਤਰ ਵਧਦੇ ਜਾਂਦੇ ਹਨ, ਉਵੇਂ ਹੀ ਸਮਾਜਿਕ ਅਸੰਤੋਸ਼ ਵਧਦਾ ਜਾਵੇਗਾ ਅਤੇ ਦੇਹਾਤ ਵਿਚ ਜਮਾਤੀ ਜੱਦੋਜਹਿਦ ਲਹਿਰ ਚਲਾਉਣ ਵਾਲੀਆਂ ਰੈਡੀਕਲ (ਅਤਿਵਾਦੀ) ਪਾਰਟੀਆਂ ਇਸ ਨੂੰ ਸਿਆਸੀ ਹਿੰਸਾ ਵਿਚ ਢਾਲਦੀਆਂ ਜਾਣਗੀਆਂ। ਲੁਧਿਆਣਾ ਬਾਰੇ ਵਿਸ਼ੇਸ਼ ਰੂਪ ਵਿਚ ਉਸ ਨੇ ਲਿਖਿਆ ਹੈ : "ਜਿਥੇ ਖੇਤੀਬਾੜੀ ਕਰਨ ਵਾਲਿਆਂ ਦੀ ਬਹੁ-ਗਿਣਤੀ ਪਾਸ ਆਰਥਿਕ ਮਲਕੀਅਤ 15-20 ਏਕੜਾਂ ਤਕ ਹੈ ਜਾਂ ਇਸ ਤੋਂ ਵੱਧ ਹੈ, ਉਨ੍ਹਾਂ ਬੱਚਤ ਜਾਂ ਕਰਜ਼ੇ ਰਾਹੀਂ ਪੂੰਜੀ ਜੁਟਾਈ ਹੈ ਤਾਂ ਜੋ ਉਸ ਨੂੰ ਛੋਟੀ ਸਿੰਚਾਈ, ਵਿਕਸਿਤ ਉਪਕਰਣਾਂ ਵਿਚ ਲਾਇਆ ਜਾਵੇ ਪਰ ਇਨ੍ਹਾਂ ਵਿਚ ਅਸਮਾਨਤਾ ਹੈ ਅਤੇ ਕਾਣੀ ਵੰਡ ਹੈ। ਲਗਭਗ ਹੇਠਲੇ ਤਬਕੇ ਦੇ ਸਾਰੇ ਕਿਸਾਨਾਂ ਦਾ 20 ਪ੍ਰਤੀਸ਼ਤ ਭਾਵ ਜਿਨ੍ਹਾਂ ਪਾਸ 10 ਏਕੜ ਜਾਂ ਇਸ ਤੋਂ ਘੱਟ ਹੈ, ਉਨ੍ਹਾਂ ਆਪਣੀ ਆਰਥਿਕ ਪੋਜ਼ੀਸ਼ਨ ਵਿਚ ਗੰਭੀਰ ਧੱਕਾ ਅਨੁਭਵ ਕੀਤਾ ਹੈ ਕਿਉਂਕਿ ਵੱਧ ਪੂੰਜੀ ਦੀ ਅਣਹੋਂਦ ਹੈ ਜੋ ਨਵੀਆਂ ਤਕਨੀਕਾਂ ਰਾਹੀਂ ਲਾਹਾ ਪ੍ਰਾਪਤ ਕਰਨ ਲਈ ਅਤਿ ਜ਼ਰੂਰੀ ਹਨ।"

ਹਰੇ ਇਨਕਲਾਬ ਦੇ ਨਾਲ ਹੀ ਮੱਧ ਪੂਰਬ ਅਤੇ ਪੱਛਮੀ ਦੇਸ਼ਾਂ ਦੇ ਰਾਹ ਪਰਵਾਸੀਆਂ ਲਈ ਖੁੱਲ੍ਹ ਗਏ। ਇਸ ਸਦੀ ਦੇ ਮੋੜ ਤਕ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਪੂਰਬੀ ਅਫਰੀਕਾ ਦੇ ਤੱਟ ਦੇ ਨਾਲ-ਨਾਲ ਛੋਟੀਆਂ ਸਿੱਖ ਬਰਾਦਰੀਆਂ ਵੱਸ ਰਹੀਆਂ ਸਨ। ਉਨ੍ਹਾਂ ਕਾਮਨਵੈਲਥ (ਸਾਂਝੀ ਦੌਲਤ) ਦੇ ਸ਼ਹਿਰੀ ਹੋਣ ਦਾ ਲਾਹਾ ਲੈਂਦੇ ਹੋਏ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਇੰਗਲੈਂਡ, ਕੈਨੇਡਾ, ਅਤੇ ਆਸਟਰੇਲੀਆ ਵੱਲ ਪਰਵਾਸ ਕਰ ਗਏ ਅਤੇ ਉਥੋਂ ਦੇ ਸ਼ਹਿਰੀ, ਨਾਗਰਿਕ ਬਣ ਗਏ। ਹੋਰ, ਜਿਹੜੇ ਸਮਰੱਥਾ ਰੱਖਦੇ ਸਨ, ਸੰਯੁਕਤ ਰਾਜ (ਅਮਰੀਕਾ) ਚਲੇ ਗਏ। ਬਹੁਤ ਸਾਰਿਆਂ ਨੂੰ ਖਾੜੀ ਅਤੇ ਮੱਧ ਪੂਰਬੀ ਅਰਬ ਦੇਸ਼ਾਂ ਵਿਚ ਰੋਜ਼ਗਾਰ ਮਿਲ ਗਿਆ। ਜਿਹੜੀ ਰਾਸ਼ੀ ਉਹ ਘਰ ਭੇਜਦੇ, ਉਸ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਪੁਰਾਣੇ ਕਰਜ਼ੇ ਨਿਪਟਾਉਣ, ਆਪਣੇ ਗ਼ਰੀਬ ਗੁਆਂਢੀਆਂ ਪਾਸੋਂ ਹੋਰ ਜ਼ਮੀਨ ਖ਼ਰੀਦਣ ਅਤੇ ਨਵੇਂ ਘਰ ਬਨਾਉਣ ਲਈ ਸਹਾਇਤਾ ਪ੍ਰਾਪਤ ਹੋ ਗਈ। ਉਨ੍ਹਾਂ ਆਪਣੇ ਬੱਚਿਆਂ ਨੂੰ ਸਕੂਲਾਂ, ਕਾਲਜਾਂ ਵਿਚ ਭੇਜਿਆ। ਉਨ੍ਹਾਂ ਟੀ.ਵੀ. ਸੈੱਟ, ਟੈਲੀਫ਼ੂਨ ਅਤੇ ਆਡਿਓ-ਵਿਜ਼ੁਅਲ ਉਪਕਰਣ, ਰੈਫਰਿਜਰੇਟਰ ਅਤੇ ਏਅਰ-ਕੰਡੀਸ਼ਿਡ ਪ੍ਰਾਪਤ ਕਰ ਲਏ। ਉਨ੍ਹਾਂ ਦੇ ਬੱਚਿਆਂ ਨੇ ਮੋਟਰ ਸਾਈਕਲ ਦੀ ਸਵਾਰੀ ਸਿੱਖ ਲਈ। ਰੱਜੇ-ਪੁੱਜੇ ਸਿੱਖ ਕਿਸਾਨਾਂ ਪਾਸ ਪਹਿਲਾਂ ਏਨਾ ਕੁਝ ਨਹੀਂ ਸੀ, ਜਿੰਨਾ 1960ਵਿਆਂ ਅਤੇ 1970ਵਿਆਂ ਵਿਚ ਹੋ ਗਿਆ। ਜੀਵਨ ਪੱਧਰ ਦੇ ਉਹੇ ਹੋਣ ਨਾਲ ਉਨ੍ਹਾਂ ਦੀਆਂ ਭਵਿੱਖ ਦੀਆਂ ਆਸਾਂ-ਉਮੀਦਾਂ ਵੀ ਉਸੇ ਤਰ੍ਹਾਂ ਵਧ ਗਈਆਂ। ਸੰਖੇਪ ਤੌਰ ਤੇ ਹਰੇ ਇਨਕਲਾਬ ਦੇ ਨਾਲ ਉੱਚੀਆਂ ਆਸਾਂ-ਉਮੀਦਾਂ ਦਾ ਇਨਕਲਾਬ ਵੀ ਆ ਗਿਆ।

ਹਰੇ ਇਨਕਲਾਬ ਦੇ ਕੁਝ ਹੋਰ ਪੱਖ ਹਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਜ਼ਮੀਨ ਦੀ ਕੀਮਤ ਬਹੁਤ ਵਧ ਗਈ, ਜਿਹੜੀ ਉਸ ਦੀ ਉਤਪਾਦਨ ਗੁੰਜਾਇਸ਼ ਨਾਲੋਂ ਵੱਧ ਸੀ। ਜ਼ਮੀਨਾਂ ਦੇ ਮਾਲਕ ਹੋਣਾ ਖੇਤੀਬਾੜੀ ਦੀਆਂ ਬਰਾਦਰੀਆਂ ਵਿਚ ਇਕ ਸਟੇਟੱਸ ਸਿੰਬਲ, ਭਾਵ ਉੱਚੇ ਦਰਜੇ ਦੀ ਨਿਸ਼ਾਨੀ ਹੈ। ਕਿਸਾਨਾਂ ਨੂੰ ਜੋ ਪੈਸੇ ਵਿਦੇਸ਼ਾਂ ਤੋਂ ਪ੍ਰਾਪਤ

ਹੋਏ, ਜਾਂ ਆਪਣੀ ਆਮਦਨ ਵਿਚੋਂ ਬਚਤ ਕੀਤੀ, ਜਾਂ ਟੈਕਸੀ ਜਾਂ ਟਰੱਕ ਚਲਾ ਕੇ ਕਮਾਇਆ, ਉਹ ਸਭ ਉਨ੍ਹਾਂ ਆਪਣੀ ਟੀਸੀ ਦੀ ਪ੍ਰਾਥਮਿਕਤਾ ਦੇ ਲੇਖੇ ਹੋਰ ਜ਼ਮੀਨ ਖ਼ਰੀਦਣ ਲਈ ਖ਼ਰਚ ਕਰ ਦਿੱਤਾ। ਇਕ ਏਕੜ ਦੀ ਕੀਮਤ ਤਾਂ ਇਕ ਲੱਖ ਰੁਪਏ ਤੋਂ ਵੀ ਉਪਰ ਹੋ ਗਈ ਪਰ ਥੋੜ੍ਹੀ ਮਿਆਦ ਵਾਲਾ ਇਸ ਦਾ ਭਾੜ ਏਨਾ ਹੇਠਾਂ ਰਿਹਾ ਜਿਸ ਤੋਂ ਵੱਧ ਬੈਂਕ ਦੇ ਵਿਆਜ ਜਾਂ ਕਿਸੇ ਕਾਰੋਬਾਰ ਵਿਚ ਪੂੰਜੀ ਲਾਉਣ ਨਾਲ ਮਿਲ ਸਕਦਾ ਸੀ। ਜੋ ਕੁਝ ਬਾਕੀ ਬਚਿਆ ਉਹ ਗੁਆਂਢ ਵਿਚ ਲੱਗੀਆਂ ਛੋਟੇ ਪੱਧਰ ਦੀਆ ਸਨਅਤਾਂ ਵਿਚ ਲੱਗ ਗਿਆ। ਇਸ ਪ੍ਰਕਾਰ ਆਰਥਿਕ ਵਿਕਾਸ ਜਾਂ ਫੈਲਣ ਦਾ ਕਾਰਜ-ਖੇਤਰ ਤੰਗ ਰਿਹਾ।

ਨਾਲ ਹੀ ਕਿਸਾਨਾਂ ਦੇ ਬੇਟੇ ਜਿਹੜੇ ਕਾਲਜਾਂ ਵਿਚ ਜਾ ਆਏ, ਉਨ੍ਹਾਂ ਨੇ ਭੂਮੀ 'ਤੇ ਕੰਮ ਕਰਨ ਨਾਲੋਂ ਸਰਕਾਰੀ ਜਾਂ ਨਿੱਜੀ ਅਦਾਰਿਆ ਵਿਚ ਚਿੱਟ-ਕਪੜੀਆ ਸੌਖੀਆਂ ਨੌਕਰੀਆਂ ਕਰਨਾ ਬਿਹਤਰ ਸਮਝਿਆ। ਉਨ੍ਹਾਂ ਨੂੰ ਵਿਹਲੇ ਰਹਿਣ ਵਿਚ ਮਜ਼ਾ ਆਉਣ ਲੱਗਾ ਅਤੇ ਨਵੀਂ-ਨਵੀਂ ਪ੍ਰਾਪਤ ਕੀਤੀ ਦੌਲਤ ਐਸ਼ ਕਰਨ ਵਿਚ ਉਡਾਉਣ ਲੱਗੇ। ਸਖ਼ਤ ਕੰਮ ਲਈ, ਰੱਜੇ-ਪੁੱਜੇ ਸਿੱਖ ਕਿਸਾਨਾਂ ਨੇ ਗਰੀਬ ਹਿੰਦੂ ਮਜ਼ਦੂਰ (ਭਈਏ) ਯੂ.ਪੀ. ਅਤੇ ਬਿਹਾਰ ਤੋਂ ਮੰਗਵਾ ਲਏ ਜਿਹੜੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਵਿਚ ਵਾਢੀਆਂ ਜਾਂ ਫ਼ਸਲ ਦੀ ਕਟਾਈ ਸਮੇਂ ਆਉਣ ਲੱਗੇ। ਪੜ੍ਹੇ-ਲਿਖੇ ਸਿੱਖਾਂ ਦੀ ਗਿਣਤੀ ਵਧਣ ਲੱਗੀ। ਸੁਤੰਤਰਤਾ ਦੇ ਅਵਸਰ 'ਤੇ ਕੇਵਲ ਇਕ ਵਿਸ਼ਵ-ਵਿਦਿਆਲਾ ਸੀ ਅਤੇ ਮੁੱਠੀ ਭਰ ਕਾਲਜ ਸਨ, ਅੱਗੋਂ ਪੰਜਾਬੀ ਸੂਬਾ ਬਣ ਗਿਆ। ਸੰਨ 1970 ਤਕ ਚਾਰ ਯੂਨੀਵਰਸਿਟੀਆਂ ਅਤੇ 150 ਕਾਲਜ, ਜਿਥੋਂ ਹਰ ਵਰ੍ਹੇ ਸੈਂਕੜੇ ਗਰੈਜੂਏਟਸ ਬਣਨ ਲੱਗੇ।

ਬੇਮਿਸਾਲ ਖ਼ੁਸ਼ਹਾਲੀ ਨਾਲ ਉਹ ਬੁਰਾਈਆਂ ਵੀ ਆਈਆਂ ਜਿਹੜੀਆਂ ਖ਼ੁਸ਼ਹਾਲੀ ਤੋਂ ਪੈਦਾ ਹੁੰਦੀਆਂ ਹਨ। ਅਲਕੋਹਲ ਅਤੇ ਡਰੱਗਜ਼ (ਨਸ਼ੀਲੀਆਂ ਦਵਾਈਆਂ) ਜਿਵੇਂ ਕਿ ਅਫੀਮ, ਹਸ਼ੀਸ਼ ਅਤੇ ਹੀਰੋਇਨ ਦੀ ਖਪਤ ਵਧ ਗਈ। ਨੌਜਵਾਨ ਸਿੱਖਾਂ ਨੇ ਆਪਣੇ-ਆਪ ਨੂੰ 'ਮਾਡਰਨ ਰੂਪ' ਦੇਣਾ ਆਰੰਭ ਕੀਤਾ। ਦਾੜ੍ਹੀ-ਮੁੱਛਾਂ ਨੂੰ ਸੋਹਣੇ ਢੰਗ ਨਾ ਕਤਰਨ ਲੱਗੇ ਜਾਂ ਸ਼ੇਵ ਕਰਨ ਲੱਗੇ। ਧਾਰਮਿਕ ਰਹਿਤ ਮਰਿਯਾਦਾ ਵਿਚ ਤਮਾਖੂ ਦੀ ਬੱਜਰ ਕੁਰਹਿਤ ਦੇ ਬਾਵਜੂਦ ਸਿਗਰਟਾਂ ਪੀਣ ਲੱਗ ਪਏ, ਲੱਚਰ ਫਿਲਮਾਂ ਅਤੇ ਸਾਹਿਤ, ਜਿਹੜਾ ਦੇਸ਼ ਨੂੰ ਮੁੜੇ ਪਰਵਾਸੀ ਆਪਣੇ ਨਾਲ ਲਿਆਏ, ਨੇ ਧਾਰਮਿਕ ਪੋਥੀਆਂ ਅਤੇ ਗਿਆਨ ਦੀਆਂ ਪੁਸਤਕਾਂ ਦੀ ਥਾਂ ਲੈ ਲਈ, ਪਿੰਡ ਦੇ ਗੁਰਦੁਆਰਿਆਂ ਅਤੇ ਪਿੰਡ ਦੀਆਂ ਪੰਚਾਇਤਾ ਆਦਿ ਦੇ ਇਕੱਠਾਂ ਵਿਚ ਸ਼ਾਮਲ ਹੋਣ ਦੀ ਥਾਂ ਵੀਡੀਓ ਕੈਸਿਟਾਂ ਅਤੇ ਸਿਨਮਾ ਦੇਖਣ ਵਾਲਿਆ ਦੀ ਭਾਰੀ ਗਿਣਤੀ ਹੋ ਗਈ।

ਹਰੇ ਇਨਕਲਾਬ ਦੇ ਚਾਵਾਂ ਭਰੇ ਸਾਲ ਅਤੇ ਵਿਦੇਸ਼ਾਂ ਤੋਂ ਆਉਂਦਾ ਢੇਰ ਪੈਸਾ ਬਹੁਤ ਦੇਰ ਤਕ ਨਾ ਰਹਿ ਸਕਿਆ। ਖ਼ੁਸ਼ਹਾਲੀ ਦੀਆਂ ਰੰਗਰਲੀਆਂ ਉਪਰੰਤ ਨਸ਼ਿਆਂ ਵਿਚ ਵਧੇਰੇ ਖਚਿਤ ਹੋਣ ਨਾਲ ਤੋਟ ਆਈ, ਜ਼ਮੀਨ ਦੀ ਉਪਜ ਅਜਿਹੇ ਪੱਧਰ ਤੇ ਪਹੁੰਚ ਗਈ ਕਿ ਨਵੇਂ ਬੀਜਾਂ, ਉਪਜਾਊ ਉਰਵਰਕਾਂ ਅਤੇ ਘਾਤਕ ਕੀਟ-ਨਾਸ਼ਕਾਂ ਦੇ ਬਾਵਜੂਦ ਹੋਰ ਪੈਦਾਵਾਰ ਨਾ ਲਈ ਜਾ ਸਕੀ। ਹਰ ਪੀੜ੍ਹੀ ਨਾਲ ਭੂਮੀ ਦੀ ਮਲਕੀਅਤ ਵੰਡੀ ਜਾਣ ਲੱਗੀ ਅਤੇ ਪੁੱਤਰਾਂ ਅਤੇ ਪੁੱਤਰੀਆਂ ਵਿਚਕਾਰ ਅੱਗੋਂ ਹੋਰ ਵੰਡੀ ਗਈ। ਅਖ਼ੀਰ ਉਹ ਆਰਥਿਕ ਲਾਹੇ ਵਾਲੀ ਨਾ ਰਹੀ ਅਤੇ ਅਮੀਰ ਕਿਸਾਨਾਂ ਹੱਥ ਵੇਚਣੀ ਪਈ। ਵਿਦੇਸ਼ੀ ਸਰਕਾਰਾਂ ਨੇ ਵੀਜ਼ਾ ਅਤੇ ਵਰਕ ਪਰਮਿਟਜ਼ ਉਪਰ ਰੋਕ ਲਾਉਣੀ ਆਰੰਭ ਕਰ ਦਿੱਤੀ ਤਾਂ ਬਾਹਰੋਂ ਆਉਂਦਾ ਪੈਸਾ ਘਟਣ ਲੱਗਾ। ਸਕੂਲਾ ਅਤੇ ਕਾਲਜਾਂ ਵਿਚੋਂ ਪੜ੍ਹਾਈ ਕਰਕੇ ਆਉਣ

ਵਾਲੇ ਸਿੱਖ ਨੌਜਵਾਨਾਂ ਨੇ ਦੇਖਿਆ ਕਿ ਉਨ੍ਹਾਂ ਪਾਸ ਜ਼ਮੀਨਾਂ ਉਪਰ ਕੰਮ ਕਰਨ ਲਈ ਕਾਫ਼ੀ ਨਹੀਂ, ਉਹ ਬਾਹਰ ਵੀ ਨਾ ਜਾ ਸਕੇ ਅਤੇ ਪੰਜਾਬ ਅੰਦਰ ਵੀ ਮੁਸ਼ਕਲ ਨਾਲ ਹੀ ਕੋਈ ਸਨਅਤ ਸੀ, ਜਿਥੇ ਉਹ ਖਪ ਸਕਦੇ। ਜਿਵੇਂ ਭੂਮੀ-ਰਹਿਤ ਲੋਕਾਂ ਦੀ ਗਿਣਤੀ ਵਧੀ ਉਸੇ ਤਰ੍ਹਾਂ ਪੜ੍ਹੇ-ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੁਗਣੀ-ਚੌਗੁਣੀ ਹੋਣ ਲੱਗੀ। ਉਨ੍ਹਾਂ ਇਕ ਕੰਨ ਮਾਰਕਿਸਟਾਂ ਵੱਲ ਕੀਤਾ ਅਤੇ ਦੂਜਾ ਧਾਰਮਿਕ ਪ੍ਰਚਾਰਕਾਂ ਵੱਲ। ਪਹਿਲੇ ਗੇੜ ਵਿਚ ਮਾਰਕਸਵਾਦ ਨਾਲੋਂ ਧਰਮ ਦਾ ਪਾਸਾ ਭਾਰਾ ਰਿਹਾ ਕਿਉਂਕਿ ਉਸ ਵਿਚ ਉੱਚੀ ਇਖ਼ਲਾਕੀ ਪੱਧਰ ਅਤੇ ਸਦਾਚਾਰਕ ਰੂਪ ਪੇਸ਼ ਕੀਤਾ ਗਿਆ। ਆਉਣ ਵਾਲੇ ਗੇੜਾਂ ਵਿਚ ਸਿੱਟੇ ਕੁਝ ਵੱਖਰੇ ਸਨ।

ਸਿੱਖ ਧਾਰਮਿਕ ਸੁਰਜੀਤੀ ਹਰੇ ਇਨਕਲਾਬ ਨਾਲ ਚੱਲ ਰਹੀ ਸੀ। ਜਿਸ ਪੁਰਸ਼ ਨੇ ਇਸ ਨੂੰ ਗਤੀਸ਼ੀਲ ਰਖਿਆ, ਉਹ ਗਿਆਨੀ ਜ਼ੈਲ ਸਿੰਘ ਸੀ। ਉਸ ਦੇ ਮਨੋਰਥ ਅਤੇ ਮੰਤਵ ਸਿਆਸੀ ਸਨ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਅਕਾਲੀ ਦਲ ਨੂੰ ਕੱਢਣਾ ਅਤੇ ਰਾਜ ਦੀ ਸਿਆਸਤ ਵਿਚ ਉਨ੍ਹਾਂ ਦੀ ਮਹੱਤਤਾ ਨੂੰ ਘਟਾਉਣਾ ਸੀ। ਸਿੱਖ ਧਰਮ ਦੇ ਪ੍ਰਚਾਰ ਅਤੇ ਰਹੁ-ਰੀਤ ਦੀ ਰਾਖੀ ਨੂੰ ਅਕਾਲੀਆਂ ਨੇ ਕੇਵਲ ਆਪਣੇ ਹੱਥ ਰਖਿਆ ਸੀ। ਰਾਜ ਦੇ ਮੁੱਖ-ਮੰਤਰੀ (1972-77) ਵਜੋਂ ਗਿਆਨੀ ਜ਼ੈਲ ਸਿੰਘ ਇਹ ਸਿੱਧ ਕਰਨਾ ਚਾਹੁੰਦਾ ਸੀ ਕਿ ਭਾਵੇਂ ਉਹ ਕਾਂਗਰਸ ਪਾਰਟੀ ਦਾ ਮੈਂਬਰ ਸੀ, ਜਿਹੜੀ ਧਰਮ-ਨਿਰਪੇਖਤਾ ਲਈ ਵਚਨਬੱਧ ਸੀ ਪਰ ਉਹ ਅਕਾਲੀਆਂ ਨਾਲੋਂ ਵੱਧ ਸਿੱਖੀ ਧਾਰਨਾ ਵਾਲਾ ਸੀ। ਸਿੱਖ ਪਛਾਣ 'ਤੇ ਜ਼ੋਰ ਦੇਣ ਵਾਲੀ ਲਹਿਰ 1967 ਅਤੇ 1969 ਵਿਚ ਚਲਾਈ ਗਈ ਸੀ ਜਦੋਂ ਗੁਰੂ ਗੋਬਿੰਦ ਸਿੰਘ ਦੀ ਤੀਜੀ ਸ਼ਤਾਬਦੀ ਅਤੇ ਗੁਰੂ ਨਾਨਕ ਦੇਵ ਦੀ ਪੰਜਵੀਂ ਸ਼ਤਾਬਦੀ ਕੌਮਾਂਤਰੀ ਪੱਧਰ 'ਤੇ ਮਨਾਈਆਂ ਗਈਆਂ। ਗਿਆਨੀ ਜੀ ਨੇ ਇਸ ਲਹਿਰ ਨੂੰ ਚੜ੍ਹਦੀ ਕਲਾ ਬਖ਼ਸ਼ੀ ਅਤੇ 1973 ਵਿਚ ਸਿੰਘ ਸਭਾ ਦੀ ਸਥਾਪਨਾ ਦੀ ਸ਼ਤਾਬਦੀ ਮਨਾਈ ਗਈ ਅਤੇ 1975 ਵਿਚ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਤੀਜੀ ਸ਼ਤਬਦੀ ਮਨਾਈ ਗਈ। ਇਨ੍ਹਾਂ ਤੋਂ ਉਪਰੰਤ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦੀ ਦੂਜੀ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਹੋਈਆਂ। ਅੰਮ੍ਰਿਤਸਰ ਵਿਖੇ ਉਨ੍ਹਾਂ ਗੁਰੂ ਨਾਨਕ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ। ਸਰਕਾਰ ਵੱਲੋਂ ਚੱਲ ਰਹੇ ਬਹੁਤ ਸਾਰੇ ਹਸਪਤਾਲਾਂ ਦੇ ਨਾਮ ਗੁਰੂ ਸਾਹਿਬਾਨ ਅਨੁਸਾਰ ਰੱਖੇ ਗਏ। ਸਾਰੇ ਰਾਜ ਵਿਚ ਉਨ੍ਹਾਂ ਕੀਰਤਨ ਦਰਬਾਰ ਆਯੋਜਿਤ ਕੀਤੇ। ਲੋਕ ਸਮਾਰੋਹ ਅਰਦਾਸ ਨਾਲ ਆਰੰਭ ਹੋਣ ਲੱਗੇ ; ਅਨੰਦਪੁਰ ਸਾਹਿਬ ਤੋਂ ਪਟਿਆਲਾ ਤਕ ਦੀ 400 ਕਿਲੋਮੀਟਰ ਦੀ ਸੜਕ, ਜਿਹੜੀ ਅਨੇਕਾਂ ਇਤਿਹਾਸਕ ਗੁਰਦੁਆਰਿਆਂ ਨੂੰ ਜੋੜਦੀ ਸੀ, ਦਾ ਨਾਮਕਰਨ ਕਰਕੇ ਉਸ ਦਾ ਨਵਾਂ ਨਾਮ 'ਗੁਰੂ ਗੋਬਿੰਦ ਸਿੰਘ ਮਾਰਗ' ਰਖਿਆ ਗਿਆ। ਗੁਰੂ ਸਾਹਿਬ ਦੇ ਘੋੜਿਆਂ ਦੀ ਆਲ-ਔਲਾਦ ਸਮਝੀ ਜਾਣ ਵਾਲੀ ਘੋੜਿਆਂ ਦੀ ਕਤਾਰ ਇਸ ਸੜਕ ਉਪਰੋਂ ਲੰਘੀ; ਪਿੰਡਾਂ ਦੇ ਲੋਕ ਉਨ੍ਹਾਂ ਦੀ ਪਵਿੱਤਰ ਲਿੱਦ ਚੁੱਕ ਕੇ ਆਪਣੇ ਘਰਾਂ ਨੂੰ ਲੈ ਗਏ; ਇਕ ਨਵੇਂ ਨਗਰ ਨੂੰ ਸ਼ਹੀਦ ਬਾਬਾ ਅਜੀਤ ਸਿੰਘ ਦਾ ਨਾਮ ਦਿੱਤਾ ਗਿਆ ਜੋ ਗੁਰੂ ਸਾਹਿਬ ਦੇ ਸ਼ਹੀਦ ਹੋਣ ਵਾਲੇ ਸਾਹਿਬਜ਼ਾਦਿਆਂ ਵਿਚੋਂ ਇਕ ਸੀ। ਜਦੋਂ ਅਕਾਲੀਆਂ ਨੇ ਉਨ੍ਹਾਂ ਪਾਸੋਂ ਸੱਤਾ ਖੋਹ ਲਈ ਅਤੇ ਜਨਤਾ ਪਾਰਟੀ ਦੇ ਗਠਜੋੜ ਨਾਲ ਸਰਕਾਰ ਕਾਇਮ ਕੀਤੀ ਤਾਂ ਗਿਆਨੀ ਜ਼ੈਲ ਸਿੰਘ ਨੇ ਹੋਰ ਵੀ ਧਾਰਮਿਕ ਰੁਚੀ ਵਿਖਾਈ। ਉਹ ਧਾਰਮਿਕ ਵਿਅਕਤੀਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਗਏ ਅਤੇ ਧਰਮ ਦੇ ਉੱਥਾਨ ਦੀ ਛੜੀ ਉਨ੍ਹਾਂ ਨੂੰ ਸੌਂਪ ਦਿੱਤੀ।

ਜਰਨੈਲ ਸਿੰਘ ਭਿੰਡਰਾਂਵਾਲਾ

ਸੰਤਾਂ-ਸਾਧਾਂ ਦੀ ਸੰਸਥਾ ਬਹੁਤ ਫੈਲਾਓ ਵਾਲੀ ਹੈ, ਵਿਸ਼ਾਲ ਹੈ। ਲੋਕ ਉਨ੍ਹਾਂ ਦੇ ਡੇਰਿਆਂ 'ਤੇ ਆਤਮਕ ਸ਼ਾਂਤੀ ਲਈ ਆਉਂਦੇ ਹਨ ਅਤੇ ਨਾਲ ਹੀ ਸਮਾਧਾਨ ਲਈ ਵੀ। ਬਹੁਤ ਸਾਰੇ ਸੰਤਾਂ ਨੇ ਆਪਣੇ ਤਪ, ਤੇਜ ਅਤੇ ਤਿਆਗ ਲਈ ਨਾਮਣਾ ਖੱਟਿਆ ਹੈ ਅਤੇ ਆਭਾਰੀ ਸਰਪ੍ਰਸਤਾਂ ਨੇ ਖੁੱਲ੍ਹੇ ਦਿਲ ਨਾਲ ਭੇਟਾ ਚੜ੍ਹਾਈ ਹੈ। ਬੀਤੇ ਦਿਨੀਂ ਜਿਹੜੀ ਸੰਸਥਾ ਪ੍ਰਸਿੱਧ ਹੋਈ, ਉਹ ਸੀ ਦਮਦਮੀ ਟਕਸਾਲ। ਸੰਨ 1901 ਵਿਚ ਕਾਰ-ਹਾਦਸੇ ਵਿਚ ਕਰਤਾਰ ਸਿੰਘ ਮਾਰੇ ਗਏ ਤਾਂ ਉਨ੍ਹਾਂ ਦੇ ਪੁੱਤਰ ਅਮਰੀਕ ਸਿੰਘ ਨੂੰ ਉਨ੍ਹਾਂ ਦਾ ਉੱਤਰ-ਅਧਿਕਾਰੀ ਚੁਣਨ ਦੀ ਥਾਂ, ਉਨ੍ਹਾਂ ਦੇ ਚਹੇਤੇ ਚੇਲੇ ਜਰਨੈਲ ਸਿੰਘ ਨੂੰ ਇਸ ਪਦ ਲਈ ਚੁਣਿਆ ਗਿਆ। ਚੋਣ ਸੰਬੰਧੀ ਕਿਸੇ ਕਿਸਮ ਦਾ ਰੋਸ ਪ੍ਰਗਟ ਕਰਨ ਦੀ ਥਾਂ, ਅਰਮੀਕ ਸਿੰਘ ਉਨ੍ਹਾਂ ਦਾ ਵਿਸਵਾਸ-ਪਾਤਰ ਸਹਿਕਾਰੀ ਬਣ ਗਿਆ। ਅੱਗੋਂ ਅਮਰੀਕ ਸਿੰਘ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਫ.) ਦਾ ਮੁਖੀ ਬਣ ਗਿਆ।

ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ 1947 ਵਿਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਰੋਡੇ ਵਿਖੇ ਹੋਇਆ ਅਤੇ ਅੱਠਾਂ ਬੱਚਿਆਂ ਵਾਲੇ ਪਰਿਵਾਰ ਵਿਚ ਉਹ ਸਭ ਤੋਂ ਛੋਟਾ ਸੀ। ਉਸ ਦਾ ਪਿਤਾ ਜੋਗਿੰਦਰ ਸਿੰਘ ਗ਼ਰੀਬ ਬਰਾੜ ਜੱਟ ਸੀ ਅਤੇ ਕਿਸਾਨੀ ਕਰਦਾ ਸੀ। ਗ਼ਰੀਬੀ ਅਤੇ ਧਾਰਮਿਕ ਭਾਵਨਾ ਦੀ ਪ੍ਰੇਰਨਾ ਨਾਲ ਜੋਗਿੰਦਰ ਸਿੰਘ ਨੇ ਆਪਣੇ ਉਸ ਵੇਲੇ ਦੇ ਸੱਤਾਂ ਵਰ੍ਹਿਆਂ ਦੇ ਪੁੱਤਰ ਨੂੰ ਚੌਕ ਮਹਿਤਾ ਦੀ ਦਮਦਮੀ ਟਕਸਾਲ ਨੂੰ ਭੇਟ ਕਰ ਦਿੱਤਾ। ਜਰਨੈਲ ਸਿੰਘ ਨੇ ਰਸਮੀ ਵਿਦਿਆ ਬਹੁਤ ਘੱਟ ਪ੍ਰਾਪਤ ਕੀਤੀ। ਉਸ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਬਾਣੀਆਂ ਕੰਠ ਕਰ ਲਈਆਂ, ਸਿੱਖ ਮਿਥਿਹਾਸ ਬਾਰੇ ਮੁੱਢਲਾ ਗਿਆਨ ਪ੍ਰਾਪਤ ਕਰ ਲਿਆ। ਇਸ ਸਦਕਾ ਬਹੁਤ ਸਾਰੇ ਅਨਪੜ੍ਹ ਅਤੇ ਥੋੜ੍ਹਾ ਪੜ੍ਹੇ ਹੋਏ ਕਿਸਾਨ ਸਿੱਖਾਂ ਦੇ ਦਿਲਾਂ ਵਿਚ ਆਪਣਾ ਸਥਾਨ ਬਣਾ ਲਿਆ ਕਿਉਂਕਿ ਉਹ ਲੋਕ ਪ੍ਰਵਚਨ ਸਮਝਦੇ ਸਨ। ਆਰੰਭ ਵਿਚ ਉਸ ਦਾ ਸੰਦੇਸ਼ ਸਾਧਾਰਨ ਸੀ : ਗੁਰੂ ਗੋਬਿੰਦ ਸਿੰਘ ਦੀ ਚਲਾਈ ਹੋਈ ਖ਼ਾਲਸਾ ਪੰਥ ਦੀ ਕੱਟੜ ਰਹੁ-ਰੀਤ ਵੱਲ ਮੁੜਨਾ ਅਤੇ ਆਧੁਨਿਕਵਾਦ ਦੀਆਂ ਬੁਰਾਈਆਂ ਤੋਂ ਦੂਰ ਰਹਿਣਾ। ਉਸ ਪਿੰਡਾਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਸ਼ਰਾਬ ਦੇ ਨਸ਼ੇ, ਨਸ਼ੀਲੀਆਂ ਦਵਾਈਆਂ, ਸਿਗਰਟਾਂ ਪੀਣ ਅਤੇ ਅਤੇ ਸਿੱਖੀ ਨਿਸ਼ਾਨਾਂ (ਕੇਸ ਅਤੇ ਦਾੜ੍ਹੀ) ਨੂੰ ਕੱਟ ਕੇ ਨਿਰਾਦਰੀ ਕਰਨ ਦੀ ਮਨਾਹੀ ਕੀਤੀ। ਜਿਨ੍ਹਾਂ ਨੇ ਉਸ ਦੇ ਸੰਦੇਸ਼ ਨੂੰ ਪਰਵਾਨ ਕਰ ਲਿਆ ਉਨ੍ਹਾਂ ਨੂੰ ਵਿਸ਼ਾਲ ਸੰਗਤ ਵਿਚ ਮੁੜ ਅੰਮ੍ਰਿਤ ਛਕਾਇਆ ਗਿਆ। ਉਸ ਦੇ ਉਸ ਵੇਲੇ ਵੱਧ ਸਹਾਇਕ ਇਸਤਰੀਆਂ ਅਤੇ ਬੱਚੇ ਸਨ ਜਿਨ੍ਹਾਂ ਆਪਣੇ ਨਸ਼ਈ ਪਿਤਾ, ਪਤੀ ਅਤੇ ਭਰਾਵਾਂ ਪਾਸੋਂ ਬਿਪਤਾ ਭੋਗੀ ਸੀ। ਭਿੰਡਰਾਂਵਾਲੇ ਦੇ ਅੰਮ੍ਰਿਤ ਪ੍ਰਚਾਰ ਨੂੰ ਭਾਰੀ ਸਫਲਤਾ ਮਿਲੀ। ਹਜ਼ਾਰਾਂ ਦੀ ਗਿਣਤੀ ਵਿਚ ਭਾਰੀ ਸੰਗਤ ਵਿਚਕਾਰ ਨੌਜਵਾਨਾਂ ਨੇ ਪ੍ਰਣ ਲਿਆ ਕਿ ਉਹ ਹਰ ਪ੍ਰਕਾਰ ਦੇ ਨਸ਼ੇ (ਸ਼ਰਾਬ, ਤਮਾਖੂ ਅਤੇ ਦਵਾਈਆਂ) ਤੋਂ ਪਰਹੇਜ਼ ਕਰਨਗੇ ਅਤੇ ਉਪਰੰਤ ਉਨ੍ਹਾਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਬਲਿਊ (ਨੰਗੀਆਂ) ਫ਼ਿਲਮਾਂ ਦਿਖਾਉਣ ਵਾਲੇ ਵੀਡੀਓ ਕੈਸਿਟ ਅਤੇ ਸਿਨਮਾ ਘਰਾਂ ਨੂੰ ਤਿਲਾਂਜਲੀ ਦਿੱਤੀ ਗਈ ਅਤੇ ਪਿੰਡ ਦੇ ਗੁਰਦੁਆਰਿਆਂ ਅੰਦਰ ਰੌਣਕ ਹੋ ਗਈ। ਆਦਮੀਆਂ ਨੇ ਆਪਣੇ ਸੁਆਦ ਲਈ ਲੁਟਾਈ ਰਕਮ ਦੀ ਬੱਚਤ ਕਰ ਲਈ ਅਤੇ ਨਾਲ ਹੀ ਆਪਣੀ ਜ਼ਮੀਨ 'ਤੇ ਲੰਮੇ ਸਮੇਂ ਲਈ ਮਿਹਨਤ ਕੀਤੀ ਜਿਸ ਸਦਕਾ ਅੱਛੀਆਂ ਫ਼ਸਲਾਂ ਹੋਈਆਂ। ਉਹ ਸਭ ਜਰਨੈਲ ਸਿੰਘ ਦੇ ਆਭਾਰੀ ਸਨ ਅਤੇ ਉਨ੍ਹਾਂ ਨੇ ਉਸ ਨੂੰ ਮਾਣ-ਸਤਿਕਾਰ ਨਾਲ 'ਬਾਬਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ' ਪੁਕਾਰਿਆ।

ਭਿੰਡਰਾਂਵਾਲੇ ਨੇ ਆਪਣਾ ਕਾਰਜ-ਖੇਤਰ ਪ੍ਰਚਾਰ ਤੋਂ ਵਧਾ ਕੇ ਝਗੜੇ ਨਿਪਟਾਉਣ ਤਕ ਕਰ ਲਿਆ। ਜਿਹੜੇ ਕਿਸਾਨ ਅਦਾਲਤਾਂ ਦੇ ਚੱਕਰ ਕੱਟਦੇ ਅਤੇ ਵਕੀਲਾਂ ਦੀਆਂ ਫ਼ੀਸਾਂ ਭਰਦੇ ਹਾਰ-ਥੱਕ ਗਏ ਸਨ, ਉਸ ਪਾਸ ਸਹਾਇਤਾ ਲਈ ਆਏ। ਉਹ ਮਾਪੇ ਜਿਨ੍ਹਾਂ ਨੂੰ ਦਹੇਜ ਲਈ ਤੰਗ ਕੀਤਾ ਜਾਂਦਾ ਸੀ, ਉਸ ਵੱਲੋਂ ਹਸਤਖੇਪ ਕਰਨ ਲਈ ਬੇਨਤੀ ਕਰਨ ਆਉਂਦੇ। ਉਸ ਦਾ ਸ਼ਸਤਰਧਾਰੀ ਲਾਓ-ਲਸ਼ਕਰ ਇਸ ਗੱਲ ਨੂੰ ਨਿਸ਼ਚਿਤ ਕਰਦਾ ਕਿ ਉਸ ਦੇ ਨਿਰਣੇ ਅਤੇ ਆਦੇਸ਼ ਦੀ ਪਾਲਣਾ ਕੀਤੀ ਜਾਵੇ। ਜਿਸ ਚੀਜ਼ ਨੇ ਉਸ ਨੂੰ ਵੱਧ ਤੋਂ ਵੱਧ ਪ੍ਰਸਿੱਧੀ ਦਿਵਾਈ ਉਹ ਇਹ ਕਿ ਉਹ ਊਚ-ਨੀਚ ਅਤੇ ਅਛੂਤਾਂ ਆਦਿ ਨੂੰ ਆਪਣੇ ਭਾਈਚਾਰੇ ਵਿਚ ਬਰਾਬਰ ਦਾ ਸਥਾਨ ਦਿੰਦਾ ਸੀ ਅਤੇ ਹੋਰ ਪ੍ਰਚਾਰਕਾਂ ਵਾਂਗ ਥੋਥੇ ਸ਼ਬਦਾਂ ਨਾਲ ਮਨ-ਪਰਚਾਵਾ ਨਹੀਂ ਕਰਦਾ ਸੀ।

ਭਿੰਡਰਾਂਵਾਲੇ ਦਾ ਜੋਸ਼ ਵਧਦਾ ਗਿਆ। ਉਹ ਉੱਚਾ-ਲੰਮਾ, ਤਾਕਤਵਰ, ਤਿੱਖੇ ਨੱਕ ਅਤੇ ਡੂੰਘੀਆਂ ਸੰਵੇਦਨਸ਼ੀਲ ਅੱਖਾਂ ਵਾਲਾ ਸੀ। ਉਸ ਦਾ ਖੁੱਲ੍ਹਾ ਦਾਹੜਾ ਧੁੰਨੀ ਤਕ ਪਲਮਦਾ ਸੀ। ਉਸ ਛਾਤੀ ਉਪਰ ਪੇਟੀ ਪਾਈ ਹੋਈ ਸੀ ਜਿਸ ਵਿਚ ਗੋਲੀਆਂ ਧਸੀਆਂ ਹੋਈਆਂ ਸਨ। ਉਸ ਦੇ ਚੂਲੇ ਦੇ ਦੋਹੀਂ ਪਾਸੀਂ ਪਿਸਤੌਲ ਕੇਸ ਸਨ ਅਤੇ ਇਨ੍ਹਾਂ ਵਿਚ ਪਿਸਤੌਲ ਵੀ ਸਨ। ਉਸ ਦੇ ਹੱਥ ਵਿਚ ਚਾਂਦੀ ਦਾ ਵੱਡਾ ਤੀਰ ਸੀ, ਜਿਹੋ ਜਿਹਾ ਗੁਰੂ ਗੋਬਿੰਦ ਸਿੰਘ ਜਾਂ ਮਹਾਰਾਜਾ ਰਣਜੀਤ ਸਿੰਘ ਪਾਸ ਹੁੰਦਾ ਸੀ। ਉਸ ਸਿੱਖ ਸੰਗਤਾਂ ਨੂੰ ਸ਼ਸਤਰ ਧਾਰਨ ਲਈ ਬਲ ਦਿੱਤਾ ਜੋ ਪੰਜ ਕਕਾਰਾਂ ਵਿਚੋਂ ਕਿਰਪਾਨ ਤੋਂ ਵਾਧੂ ਹੋਣਗੇ ਅਤੇ ਇਸ ਵਿਚ ਪਿਸਤੌਲ, ਰਿਵਾਲਵਰ ਅਤੇ ਰਾਈਫਲ ਵੀ ਸ਼ਾਮਲ ਕੀਤੀ। ਆਪਣੇ ਪੁਰਖਿਆਂ ਦੀ ਘੋੜੇ ਦੀ ਸਵਾਰੀ ਦੀ ਥਾਂ ਉਸ ਮੋਟਰ ਸਾਈਕਲ ਚਲਾਉਣ ਲਈ ਕਿਹਾ। ਉਹ ਕੋਈ ਵਧੀਆ ਬੁਲਾਰਾ ਨਹੀਂ ਸੀ। ਪਰ ਉਸ ਦੀ ਸ਼ਬਦਾਵਲੀ ਕੁਰੱਖਤ ਅਤੇ ਗੰਵਾਰੂ ਸੀ ਅਤੇ ਹਿੰਦੂਆਂ ਪ੍ਰਤੀ ਉਸ ਦੇ ਹਵਾਲੇ ਬਦਖੋਈ ਅਤੇ ਨਿੰਦਾ ਵਾਲੇ ਸਨ, ਜਿਵੇਂ ਧੋਤੀਆਂ ਵਾਲੇ ਅਤੇ ਟੋਪੀਆਂ ਵਾਲੇ, ਅਤੇ ਸ੍ਰੀਮਤੀ ਇੰਦਿਰਾ ਗਾਂਧੀ ਲਈ ਉਹ ਕਹਿੰਦਾ ਪੰਡਤਾਂ ਦੀ ਧੀ ਅਤੇ ਬਾਹਮਣੀ। ਸੁਣਨ ਵਾਲੇ ਖ਼ੁਸ਼ ਹੁੰਦੇ। ਪੱਤਰਕਾਰਾਂ ਵਾਸਤੇ ਉਹ ਸ਼ਾਨਦਾਰ ਕਾਪੀ ਜੁਟਾਉਂਦਾ। ਉਸ ਰੁੱਖੀ ਬੋਲੀ ਵਾਲੇ ਸੰਤ-ਸਿਪਾਹੀ ਦਾ ਕ੍ਰਿਸ਼ਮਾ ਪ੍ਰਾਪਤ ਕਰ ਲਿਆ।

ਉਹ ਸਿੱਖ ਕੱਟੜਵਾਦ ਦਾ ਮਸੀਹਾ ਬਣ ਗਿਆ ਅਤੇ ਇਹ ਕੱਟੜਵਾਦ ਦੂਜੀਆਂ ਅਜਿਹੀਆਂ ਧਾਰਮਿਕ ਬਰਾਦਰੀਆਂ ਦੀਆਂ ਲਹਿਰਾਂ ਨਾਲ ਕਾਫ਼ੀ ਸਾਂਝ ਵਾਲਾ ਸੀ। ਜਿਵੇਂ ਹੋਰ ਥਾਵਾਂ ਦਾ ਹਾਲ ਸੀ ਤਿਵੇਂ ਹੀ 1960ਵਿਆਂ ਅਤੇ 1970ਵਿਆਂ ਵਿਚ ਪੰਜਾਬ ਅੰਦਰ ਭਵਿੱਖ ਬੜਾ ਅਨਿਸ਼ਚਿਤ ਸੀ ਅਤੇ ਦੇਹਾਤੀ ਜੜ੍ਹ-ਰਹਿਤ ਸਿੱਖਾਂ ਦੀ ਸੱਤਾ ਨੂੰ ਘੁਣ ਵਾਂਗ ਖੋਖਲਾ ਕਰੀ ਜਾ ਰਿਹਾ ਸੀ, ਅਤੇ ਇਸ ਵਾਸਤੇ ਕੋਈ ਤਰਕਸ਼ੀਲ ਹੱਲ ਨਹੀਂ ਨਿਕਲਦਾ ਸੀ। ਉਥਲ-ਪੁਥਲ ਕਰਦੀਆਂ ਲਹਿਰਾਂ ਵਾਲੇ ਤੂਫ਼ਾਨੀ ਸਾਗਰ ਵਿਚ ਭਿੰਡਰਾਂਵਾਲੇ ਇਕ ਲਾਈਟ-ਹਾਊਸ (ਚਾਨਣ-ਮੁਨਾਰੇ) ਵਾਂਗ ਧਰਮ ਦੀ ਠੋਸ ਚੱਟਾਨ 'ਤੇ ਖੜ੍ਹਾ ਪ੍ਰਕਾਸ਼ ਦੀਆਂ ਸ਼ਕਤੀਸ਼ਾਲੀ ਕਿਰਨਾਂ ਖਿਲਾਰ ਰਿਹਾ ਸੀ ਜਿਹੜੀਆਂ ਪੱਸਰੇ ਹੋਏ ਹਨੇਰੇ ਨੂੰ ਚੀਰ ਰਹੀਆਂ ਸਨ। ਉਸ ਨੂੰ ਧਰਮ-ਸ਼ਾਸਤਰਾਂ ਦੇ ਗੂੜ੍ਹ ਅਤੇ ਰਹੱਸਮਈ ਬਿੰਦੂਆਂ ਦੀ ਕੋਈ ਪਰਵਾਹ ਨਹੀਂ ਸੀ। ਉਸ ਮੋਟੇ-ਮੋਟੇ ਅੱਖਰਾਂ ਵਿਚ ਸਪੱਸ਼ਟ ਰੂਪ ਦੀ ਸੂਚੀ ਤਿਆਰ ਕੀਤੀ ਹੋਈ ਸੀ ਕਿ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ। ਉਸ ਪਵਿੱਤਰ ਗ੍ਰੰਥਾਂ ਵਿਚੋਂ ਉਹ ਸ਼ਬਦ ਲੈ ਲਏ ਸਨ ਜਿਹੜੇ ਉਸ ਦੇ ਮੰਤਵ ਅਤੇ ਮਨੋਰਥ ਨਾਲ ਮੇਲ ਖਾਂਦੇ ਸਨ ਅਤੇ ਬਾਕੀ ਅਣਗੌਲੇ ਕਰ ਦਿੱਤੇ ਜਿਹੜੇ ਉਸ ਲਈ ਰਾਸ ਨਹੀਂ ਸਨ। ਉਹ ਭਲੀ ਪ੍ਰਕਾਰ ਸਮਝਦਾ ਸੀ, ਪਿਆਰ ਨਾਲੋਂ ਨਫ਼ਰਤ ਤਾਕਤਵਰ ਜੋਸ਼ ਹੈ। ਉਸ ਦੀ ਨਫ਼ਰਤ ਦੀ ਸੂਚੀ ਵਧੇਰੇ ਸਪੱਸ਼ਟ ਸੀ ਅਤੇ ਬਹੁਤ

ਨਿਧੜਕ ਹੋ ਕੇ ਖੜੀ ਹੋਈ ਸੀ। ਨਫ਼ਰਤ ਦੀ ਸੂਚੀ ਵਿਚ ਸਿਖਰ 'ਤੇ ਪਤਿਤ ਸਨ ਜਿਹੜੇ ਖ਼ਾਲਸੇ ਦੇ ਕਕਾਰਾਂ ਦੀ ਬੇਅਦਬੀ ਕਰਦੇ ਸਨ, ਦਾੜ੍ਹੀ-ਕੇਸ ਮੁੰਨਦੇ ਸਨ, ਸਿਗਰਟਾਂ ਪੀਂਦੇ ਸਨ, ਤਮਾਖੂ-ਖਾਂਦੇ ਸਨ, ਸ਼ਰਾਬਾਂ ਪੀਂਦੇ ਸਨ ਅਤੇ ਨਸ਼ੀਲੀਆਂ ਦਵਾਈਆਂ ਲੈਂਦੇ ਸਨ। ਤਾਂ ਵੀ ਇਨ੍ਹਾਂ ਪਤਿਤਾਂ ਦਾ ਉਧਾਰ ਹੋ ਸਕਦਾ ਸੀ ਜੇਕਰ ਉਹ ਆਪਣਾ ਸੁਧਾਰ ਕਰ ਲੈਣ ਅਤੇ ਅੰਮ੍ਰਿਤਪਾਨ ਕਰਨਾ ਸਵੀਕਾਰ ਕਰ ਲੈਣ। ਨਫ਼ਰਤ ਦੀ ਇਸ ਸੂਚੀ ਵਿਚ ਦੂਜਾ ਨੰਬਰ ਨਿਰੰਕਾਰੀਆਂ ਦਾ ਸੀ, ਜਿਨ੍ਹਾਂ ਦੇ ਭਾਰੀ ਗਿਣਤੀ ਵਿਚ ਸਿੱਖ ਚੇਲੇ ਅਤੇ ਸ਼ਰਧਾਲੂ ਬਣ ਗਏ ਸਨ। ਉਨ੍ਹਾਂ ਘੋਰ ਪਾਪ ਕੀਤਾ ਜੋ ਦੇਹਧਾਰੀ ਗੁਰੂ ਮੰਨ ਲਿਆ ਜਦਕਿ ਸਿੱਖਾਂ ਲਈ ਗੁਰੂ ਗ੍ਰੰਥ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਣਾ ਹੈ, ਜੋ ਦਸ ਗੁਰੂ ਸਾਹਿਬਾਨ ਦੀ ਜੋਤ ਹੈ। ਸੰਤ ਨਿਰੰਕਾਰੀਆਂ ਨੇ ਆਪਣੀਆਂ ਪਵਿੱਤਰ ਪੋਥੀਆਂ ਘੜ ਲਈਆਂ, 'ਯੁਗ ਪ੍ਰਕਾਸ਼' ਅਤੇ 'ਅਵਤਾਰ ਬਾਣੀ'।

ਇਸ ਲਈ ਨਾ ਤਾਂ ਉਨ੍ਹਾਂ ਨੂੰ ਖ਼ਿਮਾਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਦਾ ਉਧਾਰ ਹੋ ਸਕਦਾ ਹੈ, ਉਨ੍ਹਾਂ ਦਾ ਸਫ਼ਾਇਆ ਹੀ ਕਰਨਾ ਹੈ। ਉਨ੍ਹਾਂ ਨਾਲ ਵਿਹਾਰ ਕਰਨ ਦਾ ਕੇਵਲ ਇਕੋ ਰਾਹ ਹੈ ਕਿ ਉਨ੍ਹਾਂ ਨੂੰ ਜ਼ਨਾਨੜੇ ਜਾਂ ਖੁਸਰੇ ਸਮਝ ਕੇ ਨਫ਼ਰਤ ਕੀਤੀ ਜਾਵੇ ਜਿਹੜੇ ਜੋਧਾ ਜਾਂ ਬੀਰ ਨਸਲ ਦੇ ਨਹੀਂ ਅਤੇ ਜਿਨ੍ਹਾਂ ਦਾ ਨਾ ਕੋਈ ਕਾਨੂੰਨ ਹੈ। ਕੀ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਐਲਾਨ ਨਹੀਂ ਕੀਤਾ ਸੀ ਕਿ ਇਕ ਸਿੱਖ ਸਵਾ ਲੱਖ ਦੇ ਬਰਾਬਰ ਹੈ ਅਤੇ ਫ਼ੌਜ ਹੈ—ਇਕ-ਪੁਰਖੀ ਸੈਨਾ ? ਇਸ ਲਈ ਭਿੰਡਰਾਂਵਾਲੇ ਨੇ ਕਿਹਾ, "ਇਕ ਸਿੱਖ ਪੈਂਤੀ ਹਿੰਦੂਆਂ ਦੇ ਬਰਾਬਰ ਸਹਿਜੇ ਹੀ ਹੈ।"

ਭਿੰਡਰਾਂਵਾਲੇ ਲਈ ਆਧੁਨਿਕਤਾ ਜਾਂ ਨਵੀਨਤਾ ਬੁਰਿਆਈ ਸੀ। ਉਹਨੇ ਸਿੱਖਾਂ ਨੂੰ ਆਪਣੇ ਪੁਰਖਿਆਂ ਦੇ ਸਿੱਧੇ-ਸਾਦੇ ਰਾਹ ਵੱਲ ਮੋੜਿਆ। ਇਨ੍ਹਾਂ ਦਾ ਸਰੂਪ ਉਨ੍ਹਾਂ ਜਿਹਾ ਹੋਣਾ ਚਾਹੀਦਾ ਹੈ, ਲੰਮਾ-ਖੁੱਲ੍ਹਾ ਦਾੜ੍ਹਾ ਹੋਵੇ, ਨਾ ਬੰਨ੍ਹਿਆ ਤੇ ਨਾ ਚੜ੍ਹਾਇਆ ਹੋਇਆ ਹੋਵੇ, ਲੰਮੇ ਕੁਰਤੇ ਪਹਿਨਣ, ਜਿਨ੍ਹਾਂ ਦੇ ਹੇਠਾਂ ਗੋਡਿਆਂ ਤਕ ਲੰਮੇ ਕਛਹਿਰੇ ਪਹਿਨੇ ਹੋਏ ਹੋਣ। ਗੋਡਾ ਪੂਰਾ ਢੱਕਿਆ ਹੋਇਆ ਹੋਵੇ। ਇਸ ਪ੍ਰਕਾਰ ਸਿੱਖ ਇਸਤਰੀਆਂ ਨੂੰ ਸਾੜ੍ਹੀ ਨਹੀਂ ਪਹਿਨਣੀ ਚਾਹੀਦੀ ਕਿਉਂਕਿ ਇਹ ਹਿੰਦੂ ਪਹਿਰਾਵਾ ਹੈ। ਉਹ ਸਲਵਾਰ-ਕਮੀਜ਼ ਪਹਿਨਣ ਜੋ ਪੰਜਾਬੀ ਪਹਿਰਾਵਾ ਹੈ। ਮੱਥੇ ਉਪਰ ਬਿੰਦੀ ਵੀ ਨਹੀਂ ਲਾਉਣੀ ਚਾਹੀਦੀ। ਉਹ ਚਾਹੁੰਦਾ ਸੀ ਖ਼ਾਲਸੇ ਦਾ ਨਵਾਂ ਰੂਪ ਸਾਬਤ-ਸੂਰਤ ਗੁਰਸਿੱਖ ਵਾਲਾ ਹੋਵੇ, ਜਦਕਿ ਬਾਕੀ ਸੰਸਾਰ ਅਧਰਮੀ ਅਤੇ ਨਾਸਤਕ ਸੀ—ਅਤੇ ਅਧਰਮੀ ਤੇ ਨਾਸਤਕ ਹੋਣਾ ਲਾਹਨਤ ਹੈ, ਕਸ਼ਟਦਾਈ ਹੈ। ਨਵਾਂ ਸਜਿਆ ਖ਼ਾਲਸਾ ਗੁਰੂ ਸਾਹਿਬਾਨ ਦਾ ਤੂਫ਼ਾਨੀ ਸੈਨਿਕ ਦਸਤਾ ਹੈ ਜਿਹੜਾ ਆਪਣੇ ਵੈਰੀਆਂ ਨੂੰ ਕੀੜਿਆਂ-ਮਕੌੜਿਆਂ ਵਾਂਗ ਆਪਣੇ ਨੰਗੇ ਪੈਰਾਂ ਹੇਠ ਲਿਤਾੜ ਦੇਵੇਗਾ। ਇਹ ਤਿੱਖਾ ਨਸ਼ਾ ਸੀ ਜਿਹੜਾ ਭਿੰਡਰਾਂਵਾਲੇ ਨੇ ਸਿੱਧੇ-ਸਾਦੇ ਸਿੱਖ ਕਿਸਾਨਾਂ ਨੂੰ ਪਿਲਾਇਆ।

ਜਦੋਂ ਸਿਆਸਤਦਾਨਾਂ ਨੇ ਦੇਖਿਆ ਕਿ ਭਿੰਡਰਾਂਵਾਲੇ ਦੀ ਮਸ਼ਹੂਰੀ ਬਹੁਤ ਹੋ ਗਈ ਹੈ ਤਾਂ ਉਨ੍ਹਾਂ ਉਸ ਦੀ ਖ਼ੁਸ਼ਾਮਦ ਕਰਨੀ ਆਰੰਭ ਕਰ ਦਿੱਤੀ ਕਿ ਇਕ ਗੰਵਾਰੂ ਪ੍ਰਚਾਰਕ ਦੀ ਆਤਮਾ ਵਿਚ ਇਕ ਹੰਕਾਰੀ ਨੇ ਨਿਵਾਸ ਕਰ ਲਿਆ ਹੈ। ਆਪਣੇ ਅਜਿੱਤ ਹੋਣ ਦੇ ਨਿਸ਼ਚੇ ਨਾਲ ਉਹ ਹੋਰ ਵੀ ਅੱਖੜ ਅਤੇ ਹੈਂਕੜਬਾਜ਼ ਹੋ ਗਿਆ।

ਧੜੇਬੰਦੀ ਦੀ ਸਿਆਸੀ ਖੇਡ ਵਿਚ ਸ਼ਕਤੀਸ਼ਾਲੀ ਮੁਹਰੇ ਦੇ ਰੂਪ ਵਿਚ ਭਿੰਡਰਾਂਵਾਲੇ ਦੀ ਪਹਿਲੇ ਪਛਾਣ ਕਰਨ ਵਾਲਾ ਗਿਆਨੀ ਜ਼ੈਲ ਸਿੰਘ ਸੀ। ਉਸ ਦਾ ਸਖ਼ਤ ਵਿਰੋਧੀ ਦਰਬਾਰਾ ਸਿੰਘ ਅਤੇ ਉਨ੍ਹਾਂ ਦੇ ਰਾਹੀਂ ਸ੍ਰੀਮਤੀ ਇੰਦਰਾ ਗਾਂਧੀ ਦਾ ਸਿਆਸੀ ਉਤਸ਼ਾਹਪੂਰਨ ਪੁੱਤਰ, ਸੰਜੇ ਗਾਂਧੀ। ਪਰਕਾਸ਼ ਸਿੰਘ ਬਾਦਲ ਦੇ ਅਧੀਨ ਅਕਾਲੀ-ਜਨਤਾ ਸਰਕਾਰ ਨੇ ਗਿਆਨੀ

ਜ਼ੈਲ ਸਿੰਘ ਵਿਰੁੱਧ ਜਾਂਚ ਕਰਵਾਈ ਕਿ ਜਦੋਂ ਉਹ ਮੁੱਖ ਮੰਤਰੀ ਸਨ ਤਾਂ ਆਪਣੇ ਅਧਿਕਾਰ ਦੀ ਦੁਰਵਰਤੋਂ ਕੀਤੀ ਸੀ। ਸੂਬਾਈ ਕਾਂਗਰਸ ਦੇ ਪ੍ਰਧਾਨ ਵਜੋਂ ਉਸ ਦਾ ਮੰਤਵ ਇਹ ਸੀ ਕਿ ਉਸ ਦੇ ਖ਼ਿਲਾਫ਼ ਬਿਠਾਏ ਕਮਿਸ਼ਨ ਦੀਆ ਲੱਭਤਾਂ ਜਾਂ ਸਿੱਟਿਆਂ ਨੂੰ ਨਕਾਰਿਆ ਜਾਵੇ, ਅਕਾਲੀ ਪਾਰਟੀ ਨੂੰ ਸੱਤਾ 'ਚੋਂ ਕੱਢਿਆ ਜਾਵੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਅਕਾਲੀ ਦਲ ਦੇ ਕਬਜ਼ੇ ਨੂੰ ਹਟਾਇਆ ਜਾਵੇ। ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੋਹਾਂ ਨੇ ਭਿੰਡਰਾਂਵਾਲੇ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਉਤਸ਼ਾਹ ਦਿੱਤਾ ਕਿ 1979 ਦੀਆ ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ, ਅਮਰੀਕ ਸਿੰਘ ਸਹਿਤ ਆਪਣੇ ਉਮੀਦਵਾਰ ਖੜ੍ਹੇ ਕਰੇ। ਭਿੰਡਰਾਂਵਾਲੇ ਨੇ ਜਿਹੜੇ ਚਾਲ੍ਹੀ ਉਮੀਦਵਾਰਾਂ ਨੂੰ ਖੜ੍ਹਾ ਕੀਤਾ, ਉਨ੍ਹਾਂ ਵਿਚ ਚਾਰ ਤੋਂ ਬਿਨਾਂ ਬਾਕੀ ਸਭ ਹਾਰ ਗਏ। ਇਹ ਪ੍ਰਤੱਖ ਸੀ ਕਿ ਇਕ ਪ੍ਰਚਾਰਕ ਵਜੋਂ ਉਸ ਦੀ ਮਸ਼ਹੂਰੀ ਭਾਵੇਂ ਕਿੰਨੀ ਵੱਧ ਸੀ, ਪਰ ਉਦੋਂ ਤਾਈਂ ਸਿੱਖ ਸਿਆਸਤ ਵਿਚ ਉਸ ਦੀ ਗਿਣਤੀ ਨਾਮ-ਮਾਤਰ ਸੀ। ਪਰ ਇਸ ਸਿਆਸੀ ਸ਼ਕਤੀਸ਼ਾਲੀ ਦੀ ਪਛਾਣ ਕਾਂਗਰਸ ਅਤੇ ਅਕਾਲੀ ਦੋਹਾਂ ਪਾਰਟੀਆਂ ਨੇ ਕੀਤੀ ਸੀ। ਇਨ੍ਹਾਂ ਡਰਾਉਣੀਆਂ ਸਿਆਸੀ ਤਾਕਤਾਂ ਨਾਲ ਜਿਹੜੀਆਂ ਭਿੰਡਰਾਂਵਾਲੇ ਨੂੰ ਆਪਣੇ ਪੱਖ ਵਿਚ ਲਿਆਉਣ ਲਈ ਇਕ-ਦੂਜੇ ਤੋਂ ਅੱਗੇ ਵਧ ਰਹੀਆਂ ਸਨ, ਭਿੰਡਰਾਂਵਾਲੇ ਨੂੰ ਕੋਈ ਨੁਕਸਾਨ ਨਹੀਂ ਹੋ ਸਕਦਾ ਸੀ।

ਅਪ੍ਰੈਲ 13, 1978 ਤਕ, ਪੰਜਾਬ ਤੋਂ ਬਾਹਰ ਬੜੇ ਥੋੜ੍ਹੇ ਲੋਕ ਸਨ ਜਿਨ੍ਹਾਂ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਸੁਣਿਆ ਸੀ। ਉਸ ਦਿਨ ਤੋਂ ਉਪਰੰਤ ਛੇ ਸਾਲ ਪਿੱਛੋਂ (ਜੂਨ 1984) ਉਸ ਦੇ ਦੇਹਾਂਤ ਤਕ, ਉਹ ਰਾਸ਼ਟਰੀ ਸਮਾਚਾਰ ਪੱਤਰਾਂ ਦੀਆਂ ਮੁੱਖ ਪੰਨੇ ਦੀਆਂ ਸੁਰਖ਼ੀਆਂ ਵਿਚ ਰਿਹਾ। ਉਸ ਨੇ ਵੱਖ ਹੋਏ ਸੰਤ ਨਿਰੰਕਾਰੀ ਉਪ-ਸੰਪਰਦਾ ਨੂੰ ਧਿਕਾਰਿਆ ਜੋ ਉਸ ਵੇਲੇ ਬਾਬਾ ਗੁਰਬਚਨ ਸਿੰਘ ਦੇ ਅਧੀਨ ਸੀ। ਸਰਕਾਰ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀਆਂ ਪੋਥੀਆਂ 'ਯੁਗ ਪੁਰਸ਼' ਅਤੇ 'ਅਵਤਾਰ ਬਾਣੀ' ਨੂੰ ਜ਼ਬਤ ਕੀਤਾ ਜਾਵੇ। ਪਰ ਕੋਈ ਅਮਲ ਨਾ ਹੋਇਆ। ਉਨ੍ਹਾਂ ਨੂੰ ਜੜ੍ਹ ਤੋਂ ਮਿਟਾਉਣ ਦਾ ਕੰਮ ਭਿੰਡਰਾਂਵਾਲੇ ਨੇ ਆਪਣੇ ਸਿਰ ਲਿਆ। ਜਦੋਂ ਨਿਰੰਕਾਰੀਆਂ ਨੇ ਇਹ ਐਲਾਨ ਕੀਤਾ ਕਿ ਉਹ ਆਪਣਾ ਸਾਲਾਨਾ ਸਮਾਗਮ ਪੰਜਾਬ ਦੇ ਨਵੇਂ ਸਾਲ ਦੇ ਦਿਨ, ਵੈਸਾਖ ਦੀ ਪਹਿਲੀ ਤਾਰੀਖ਼ (ਸੰਗਰਾਂਦ) (ਅਪ੍ਰੈਲ 13) ਨੂੰ ਅੰਮ੍ਰਿਤਸਰ ਵਿਖੇ ਮਨਾਉਣਗੇ ਤਾਂ ਭਿੰਡਰਾਂਵਾਲੇ ਨੇ ਘੋਸ਼ਣਾ ਕੀਤੀ ਕਿ ਉਹ ਇਹ ਇਕੱਠ ਨਹੀਂ ਹੋਣ ਦੇਵੇਗਾ। ਬਾਦਲ ਅਧੀਨ ਅਕਾਲੀ-ਜਨਤਾ ਸਰਕਾਰ ਨੇ ਨਾ ਤਾਂ ਨਿਰੰਕਾਰੀ ਇਕੱਠ ਨੂੰ ਰੋਕਿਆ ਅਤੇ ਨਾ ਹੀ ਭਿੰਡਰਾਂਵਾਲੇ ਵਿਰੁੱਧ ਕੋਈ ਅਗਾਊਂ ਕਾਰਵਾਈ ਕੀਤੀ ਕਿ ਉਹ ਇਸ ਇਕੱਠ ਨੂੰ ਭੰਗ ਨਾ ਕਰ ਸਕੇ। ਅਖੰਡ ਕੀਰਤਨੀ ਜੱਥਾ ਅਤੇ ਭਿੰਡਰਾਂਵਾਲੇ ਦੇ ਚੇਲਿਆਂ ਦੇ ਇਕ ਜਲੂਸ ਨੂੰ ਹਰਿਮੰਦਰ ਸਾਹਿਬ ਤੋਂ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਲੰਘਦਾ ਸੰਤ ਨਿਰੰਕਾਰੀ ਸਮਾਗਮ ਤਕ ਜਾਣ ਦੀ ਖੁੱਲ੍ਹ ਦਿੱਤੀ। ਸੰਤ ਨਿਰੰਕਾਰੀਆਂ ਇਸ ਗੜਬੜ ਲਈ ਤਿਆਰੀ ਕਰ ਰੱਖੀ ਸੀ। ਸ਼ਸਤਰਾਂ ਦੀ ਇਸ ਟੱਕਰ ਵਿਚ ਸਤਾਰਾਂ ਵਿਅਕਤੀ ਮਾਰੇ ਗਏ ਜਿਹੜੇ ਲਗਭਗ ਸਾਰੇ ਹੀ ਅਖੰਡ ਕੀਰਤਨੀ ਜੱਥੇ ਦੇ ਸਨ ਅਤੇ ਇਨ੍ਹਾਂ ਵਿਚ ਇਕ ਫੌਜਾ ਸਿੰਘ ਵੀ ਸ਼ਾਮਲ ਸੀ। ਭਿੰਡਰਾਂਵਾਲੇ ਪਿੱਛੇ ਹਰਿਮੰਦਰ ਸਾਹਿਬ ਵਿਖੇ ਠਹਿਰਿਆ ਰਿਹਾ। ਫੌਜਾ ਸਿੰਘ ਦੀ ਵਿਧਵਾ ਪਤਨੀ ਅਮਰਜੀਤ ਕੌਰ ਨੇ ਭਿੰਡਰਾਂਵਾਲੇ 'ਤੇ ਕਾਇਰ ਹੋਣ ਦਾ ਦੋਸ਼ ਲਾਇਆ। ਟੱਕਰ ਨੂੰ ਉਕਸਾਉਣ ਵਾਲਿਆਂ ਵਿਚ ਭਿੰਡਰਾਂਵਾਲੇ ਦਾ ਨਾਮ ਵੀ ਸ਼ਾਮਲ ਸੀ। ਅੱਗੋਂ ਚੱਲੇ ਮੁਕੱਦਮੇ ਵਿਚ ਬਾਬਾ ਗੁਰਬਚਨ ਸਿੰਘ ਸਹਿਤ, ਸਾਰੇ ਨਿਰੰਕਾਰੀ ਰਿਹਾ ਕਰ ਦਿੱਤੇ ਗਏ, ਇਸ ਬਿਨਾ 'ਤੇ ਕਿ ਉਨ੍ਹਾਂ ਆਤਮ-ਰੱਖਿਆ ਲਈ ਅਮਲ ਕੀਤਾ।

ਭਿੰਡਰਾਂਵਾਲੇ ਨੇ ਖੁੱਲ੍ਹੇਆਮ ਹਿੰਸਾ ਦੇ ਮਾਰਗ ਨੂੰ ਅਪਣਾਇਆ। ਅਪ੍ਰੈਲ 24, 1980 ਨੂੰ ਬਾਬਾ ਗੁਰਬਚਨ ਸਿੰਘ ਅਤੇ ਉਸ ਦੇ ਅੰਗ-ਰੱਖਿਅਕ ਨੂੰ ਦਿੱਲੀ ਅੰਦਰ ਉਨ੍ਹਾਂ ਦੇ ਮੁੱਖ ਆਸ਼ਰਮ ਵਿਖੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਤਿਆਰੇ ਬਚ ਕੇ ਨਿਕਲ ਗਏ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਜਿਹੜੀ ਰਿਪੋਰਟ (ਐਫ.ਆਈ.ਆਰ.) ਦਰਜ ਕਰਵਾਈ ਉਸ ਵਿਚ 20 ਵਿਅਕਤੀਆਂ ਦੇ ਨਾਮ ਸਨ, ਜਿਹੜੇ ਭਿੰਡਰਾਂਵਾਲੇ ਦੇ ਅਨੁਯਾਈ ਸਨ। ਅਤੇ ਭਿੰਡਰਾਂਵਾਲੇ 'ਤੇ ਇਹ ਦੋਸ਼ ਲਾਇਆ ਗਿਆ ਕਿ "ਸਾਰੀ ਸਾਜ਼ਿਸ਼ ਕਤਲ ਕਰਨ ਲਈ ਉਸ ਨੇ ਹੀ ਰਚੀ ਸੀ।" ਗਿਆਨੀ ਜ਼ੈਲ ਸਿੰਘ, ਜੋ ਉਸ ਵੇਲੇ ਕੇਂਦਰੀ ਸਰਕਾਰ ਵਿਚ ਗ੍ਰਹਿ ਮੰਤਰੀ ਸਨ, ਨੇ ਪੁਲਿਸ ਦੇ ਬਿਆਨ ਨੂੰ ਝੂਠਾ ਦੱਸਿਆ ਕਿ ਭਿੰਡਰਾਂਵਾਲੇ ਸੰਬੰਧਤ ਸੀ। ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਵੀ ਇਹ ਲੋੜ ਪ੍ਰਤੀਤ ਨਾ ਕੀਤੀ ਕਿ ਉਸ ਦੇ ਵਿਰੁੱਧ ਕੋਈ ਕਾਰਵਾਈ ਕੀਤੀ ਜਾਵੇ।

ਇਕ ਸਾਲ ਉਪਰੰਤ (ਸਤੰਬਰ 9, 1981) ਨੂੰ, ਗੁਰਮੁਖੀ ਵਿਚ ਦੈਨਿਕ 'ਜੱਗਬਾਣੀ' ਸਹਿਤ, 'ਹਿੰਦ ਸਮਾਚਾਰ' ਗਰੁੱਪ ਆਫ਼ ਪੇਪਰਜ਼, ਜੋ ਜਲੰਧਰ ਸ਼ਹਿਰ ਤੋਂ ਪ੍ਰਕਾਸ਼ਤ ਹੁੰਦੇ ਸਨ, ਦੇ ਮਾਲਕ ਲਾਲਾ ਜਗਤ ਨਾਰਾਇਣ ਦੀ ਗੋਲੀ ਮਾਰ ਕੇ ਜੀ.ਟੀ. ਰੋਡ 'ਤੇ ਹੱਤਿਆ ਕਰ ਦਿੱਤੀ ਗਈ। ਪੰਜਾਬ ਵਿਚ ਕਾਂਗਰਸ ਪਾਰਟੀ ਦੇ ਸਕੱਤਰ ਵਜੋਂ ਉਸ ਪੰਜਾਬੀ ਹਿੰਦੂਆਂ 'ਤੇ ਜ਼ੋਰ ਦਿੱਤਾ ਸੀ ਕਿ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਉਣ, ਸੰਤ ਨਿਰੰਕਾਰੀਆਂ ਦੇ ਪੱਖ ਵਿਚ ਲਿਖਿਆ; ਕਾਂਗਰਸ ਅਤੇ ਅਕਾਲੀ ਸਰਕਾਰਾਂ ਦੀ ਆਲੋਚਨਾ ਕੀਤੀ ਕਿ ਉਹ ਭਿੰਡਰਾਂਵਾਲੇ ਬਾਰੇ ਕਾਇਰਤਾ ਦਰਸਾ ਰਹੀਆਂ ਹਨ। ਐਫ.ਆਈ.ਆਰ. ਵਿਚ ਭਿੰਡਰਾਂਵਾਲੇ ਦਾ ਨਾਮ ਸ਼ੱਕੀ ਆਦਮੀਆਂ ਦੀ ਸੂਚੀ ਵਿਚ ਸੀ। ਉਸ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ, ਮੁੱਖ ਮੰਤਰੀ ਦਰਬਾਰਾ ਸਿੰਘ ਨੇ ਆਕਾਸ਼ਵਾਣੀ ਤੋਂ ਐਲਾਨ ਕੀਤਾ ਕਿ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਉਸ ਵੇਲੇ ਭਿੰਡਰਾਂਵਾਲੇ ਹਰਿਆਣਾ ਵਿਚ ਚੰਦ ਕਲਾਂ ਪਿੰਡ ਵਿਚ ਸਨ। ਹਰਿਆਣਾ ਪੁਲਿਸ ਨੇ ਇਹ ਨਹੀਂ ਸੋਚਿਆ ਕਿ ਉਸ ਦੀ ਗ੍ਰਿਫ਼ਤਾਰੀ ਉਨ੍ਹਾਂ ਦਾ ਕੰਮ ਸੀ। ਪੁਲਿਸ ਕਾਰ ਦੀ ਅਗਵਾਈ ਅਧੀਨ ਉਸ ਦਾ ਕਾਫ਼ਲਾ ਬੜੀ ਸੌਖ ਨਾਲ ਹਰਿਆਣਾ ਤੋਂ ਰਵਾਨਾ ਹੋਇਆ ਅਤੇ ਪੰਜਾਬ ਵਿਚੋਂ ਲੰਘਦਾ ਹੋਇਆ 300 ਕਿਲੋਮੀਟਰ ਦਾ ਪੰਧ ਮੁਕਾ ਕੇ ਸੱਤਾਂ ਦਿਨਾਂ ਵਿਚ ਆਪਣੇ ਮੁੱਖ ਡੇਰੇ 'ਤੇ ਚੌਕ ਮਹਿਤਾ ਪੁੱਜਾ। ਭਿੰਡਰਾਂਵਾਲੇ ਨੇ ਆਪ ਹੀ ਦਿਨ, ਸਮਾਂ ਅਤੇ ਸਥਾਨ ਬਾਰੇ ਐਲਾਨ ਕੀਤਾ, ਜਦੋਂ ਉਹ ਪੰਜਾਬ ਪੁਲਿਸ ਅੱਗੇ ਆਪਣੇ-ਆਪ ਨੂੰ ਪੇਸ਼ ਕਰੇਗਾ। ਸਤੰਬਰ 20, 1981 ਦਾ ਦਿਹਾੜਾ ਸੀ ਪੇਸ਼ ਹੋਣ ਦਾ, ਜਦੋਂ ਉਸ ਦੇ ਪ੍ਰਸੰਸਕਾਂ ਦਾ ਜਮਘਟਾ ਸੀ, ਜਿਸ ਵਿਚ ਸੰਤ ਲੌਂਗੋਵਾਲ, ਟੌਹੜਾ ਅਤੇ ਦਿੱਲੀ ਤੋਂ ਜਥੇਦਾਰ ਸੰਤੋਖ ਸਿੰਘ ਸ਼ਾਮਲ ਹੋਏ। ਉਸ ਦੇ ਸੇਵਕਾਂ ਦੀ ਝੜਪ ਪੁਲਿਸ ਨਾਲ ਹੋ ਗਈ; ਸਤਾਰਾਂ ਆਦਮੀ ਮਾਰੇ ਗਏ। ਭਿੰਡਰਾਂਵਾਲੇ ਨੂੰ ਹਵਾਲਾਤ ਵਿਚ ਬੰਦ ਕਰਨ ਦੀ ਥਾਂ ਸਰਕਿਟ ਹਾਊਸ ਵਿਚ ਨਿਵਾਸ ਦਿੱਤਾ ਗਿਆ ਜਿਥੇ ਸਰਕਾਰ ਦੇ ਮੰਤਰੀ ਅਤੇ ਸੀਨੀਅਰ ਬਿਊਰੋਕਰੇਟ ਠਹਿਰਦੇ ਹਨ। ਅਕਾਲੀ ਨੇਤਾਵਾਂ ਦੇ ਜ਼ੋਰ ਦੇਣ 'ਤੇ ਕੁਝ ਦਿਨਾਂ ਪਿੱਛੋਂ 15 ਅਕਤੂਬਰ ਨੂੰ ਰਿਹਾ ਕਰ ਦਿੱਤਾ ਗਿਆ। ਅਜਿਹਾ ਕਦੀ ਨਾ ਵਾਪਰਦਾ ਜੇਕਰ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ ਦੀ ਰਜ਼ਾਮੰਦੀ ਪ੍ਰਾਪਤ ਕਰਕੇ ਦਖ਼ਲ-ਅੰਦਾਜ਼ੀ ਨਾ ਕੀਤੀ ਹੁੰਦੀ। ਭਿੰਡਰਾਂਵਾਲੇ ਇਕ ਹੀਰੋ ਵਜੋਂ ਉੱਭਰਿਆ। ਬਾਬਾ ਗੁਰਬਚਨ ਸਿੰਘ ਅਤੇ ਲਾਲਾ ਜਗਤ ਨਾਰਾਇਣ ਦੀ ਹੱਤਿਆ ਵਿਚ ਹੱਥ ਹੋਣ ਬਾਰੇ ਉਸ ਇਨਕਾਰ ਕੀਤਾ ਪਰ ਉਨ੍ਹਾਂ ਦੇ ਕਤਲ ਬਾਰੇ ਉਸ ਜੋਸ਼ੀਲੀ ਮਾਨਤਾ ਦਿੱਤੀ। ਉਸ ਪਬਲਿਕ ਤੌਰ 'ਤੇ ਐਲਾਨ ਕੀਤਾ : "ਜਿਸ ਕਿਸੇ ਨੇ ਵੀ ਇਹ ਮਹਾਨ ਕਾਰਜ ਕੀਤੇ ਹਨ, ਉਨ੍ਹਾਂ ਨੂੰ ਸ੍ਰੀ ਅਕਾਲ

ਤਖ਼ਤ ਵੱਲੋਂ ਸਨਮਾਨਤ ਕਰਨਾ ਚਾਹੀਦਾ ਹੈ।" ਉਸ ਜਨਤਾ ਅੱਗੇ ਇਹ ਐਲਾਨ ਕੀਤਾ ਕਿ ਜੇਕਰ ਇਹ ਹਤਿਆਰੇ ਮੇਰੇ ਪਾਸ ਆਉਣ ਤਾਂ ਮੈਂ ਉਨ੍ਹਾਂ ਨੂੰ ਸੋਨੇ ਨਾਲ ਤੋਲਾਂਗਾ।" ਨਵੰਬਰ 9, 1981 ਨੂੰ ਚੌਕ ਮਹਿਤਾ ਗੁਰਦੁਆਰੇ ਵਿਖੇ ਇਕ ਧਮਾਕਾ ਹੋਇਆ ਜਿਸ ਕਾਰਨ ਅੰਦਰ ਦੇ ਤਿੰਨ ਆਦਮੀ ਆਪਣੀਆਂ ਜਾਨਾਂ ਗੁਆ ਬੈਠੇ। ਤਿੰਨ ਘੰਟੇ ਤਕ ਉਸ ਅਸਥਾਨ ਵਿਚ ਭਿੰਡਰਾਂਵਾਲੇ ਨੇ ਪੁਲਿਸ ਨੂੰ ਦਾਖ਼ਲ ਨਾ ਹੋਣ ਦਿੱਤਾ। ਉਪਰੰਤ ਉਹੋ ਪੁਲਿਸ ਅਧਿਕਾਰੀ ਅੰਦਰ ਜਾਣ ਦਿੱਤੇ ਜਿਨ੍ਹਾਂ ਨੂੰ ਉਸ ਮਨਜ਼ੂਰ ਕੀਤਾ।

ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਮੁੱਖ ਮੰਤਰੀ ਦਰਬਾਰ ਸਿੰਘ ਉਪਰ ਕੋਈ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ। ਦਸੰਬਰ 22, 1981 ਨੂੰ ਇਕ ਵਰੋਧੀ ਨੇ ਦਿੱਲੀ ਦੇ ਜੱਥੇਦਾਰ ਸੰਤੋਖ ਸਿੰਘ ਦੀ ਹੱਤਿਆ ਕਰ ਦਿੱਤੀ। ਉਸ ਦੇ ਭੋਗ ਦੇ ਅਵਸਰ 'ਤੇ ਭਿੰਡਰਾਂਵਾਲੇ ਹਾਜ਼ਰ ਸੀ। ਹੋਰ ਹਾਜ਼ਰ ਹੋਣ ਵਾਲਿਆਂ ਵਿਚ ਸਨ, ਗਿਆਨੀ ਜ਼ੈਲ ਸਿੰਘ, ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਰਾਜੀਵ ਗਾਂਧੀ। ਕੁਝ ਮਹੀਨਿਆਂ ਉਪਰੰਤ (ਮਾਰਚ 1982) ਭਿੰਡਰਾਂਵਾਲੇ ਨੇ ਟਰੱਕਾਂ ਵਿਚ ਸਵਾਰ ਆਪਣੇ ਸ਼ਸਤਰਧਾਰੀ ਸੇਵਕਾਂ ਨਾਲ ਨਵੀਂ ਦਿੱਲੀ ਸਹਿਤ ਭਾਰਤ ਦੇ ਅਨੇਕਾਂ ਸ਼ਹਿਰਾਂ ਦਾ ਦੌਰਾ ਕੀਤਾ। ਹੁਣ ਦਰਬਾਰਾ ਸਿੰਘ ਦੀ ਵਾਰੀ ਸੀ ਗਿਆਨੀ ਜ਼ੈਲ ਸਿੰਘ 'ਤੇ ਦੋਸ਼ ਲਾਉਣ ਦੀ ਕਿ ਉਸ ਜਾਣ-ਬੁੱਝ ਕੇ ਭਿੰਡਰਾਂਵਾਲੇ ਨੂੰ ਹੱਥ ਨਹੀਂ ਪਾਇਆ ਅਤੇ ਨਾ ਹੀ ਉਸ ਦੇ ਸੇਵਕਾਂ ਨੂੰ ਸ਼ਸਤਰਹੀਣ ਕੀਤਾ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਪਾਸ ਬਿਨਾਂ ਲਾਇਸੈਂਸ ਤੋਂ ਅਸਲ੍ਹਾ ਸੀ।

ਆਉਣ ਵਾਲੇ ਸਾਲ ਦੇ ਅੱਧ ਤਕ ਕੇਂਦਰੀ ਸਰਕਾਰ ਨੇ ਇਹ ਸਮਝਿਆ ਕਿ ਭਿੰਡਰਾਂਵਾਲੇ ਨਾਲ ਸਲੀਕੇ ਨਾਲ ਨਹੀਂ ਚੱਲਿਆ ਜਾ ਸਕਦਾ ਅਤੇ ਉਸ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਹਦਾਇਤ ਕੀਤੀ ਕਿ ਉਸ ਦੇ ਵਿਰੁੱਧ ਕੋਈ ਫ਼ੈਸਲਾਕੁਨ ਕਾਰਵਾਈ ਕਰੇ। ਉਦੋਂ ਤਾਈਂ ਭਿੰਡਰਾਂਵਾਲੇ ਨੇ ਆਪਣੀਆਂ ਹੋਰ ਸਰਗਰਮੀਆਂ ਵਿਚ ਹਿੰਦੂਆਂ ਨੂੰ ਉਕਸਾਉਣਾ ਵੀ ਸ਼ਾਮਲ ਕਰ ਲਿਆ ਸੀ। ਹਿੰਦੂ ਮੰਦਰਾਂ ਵਿਚ ਗਾਵਾਂ ਦੇ ਵੱਢੇ ਹੋਏ ਸਿਰ ਸੁੱਟੇ ਗਏ ਅਤੇ ਮੂਰਤੀਆਂ ਦੀ ਤੋੜ-ਫੋੜ ਕੀਤੀ ਗਈ। ਮੁਕਾਬਲੇ ਵਿਚ ਹਿੰਦੂਆਂ ਨੇ ਸਿੱਖ ਗੁਰਦੁਆਰਿਆਂ ਦੀ ਬੇਅਦਬੀ ਕਰਨੀ ਸ਼ੁਰੂ ਕਰ ਦਿੱਤੀ। ਗ੍ਰੰਥ ਦੀਆਂ ਕਾਪੀਆਂ ਸਾੜੀਆਂ ਗਈਆਂ, ਸਿਗਰਟਾਂ ਵਿਹੜਿਆਂ ਵਿਚ ਸੁੱਟੀਆਂ ਗਈਆਂ ਅਤੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਸਜਾਏ ਗਏ ਗੁਰੂ ਰਾਮਦਾਸ ਦੇ ਚਿੱਤਰ ਅਤੇ ਹਰਿਮੰਦਰ ਸਾਹਿਬ ਦੇ ਰੈਪਲੀਕਾ (ਹੂ-ਬ-ਹੂ ਨਕਲ) ਤਬਾਹ ਕਰ ਦਿੱਤੇ। ਭਿੰਡਰਾਂਵਾਲੇ ਨੇ ਇਕ ਭਾਰੀ ਪ੍ਰਦਰਸ਼ਨ ਆਯੋਜਿਤ ਕੀਤਾ ਅਤੇ ਇਹ ਮੰਗ ਕੀਤੀ ਕਿ ਅੰਮ੍ਰਿਤਸਰ ਵਿਚ ਤਮਾਖੂ ਦੀ ਵਿਕਰੀ ਬੰਦ ਕੀਤੀ ਜਾਵੇ। ਸਥਾਨਕ ਹਿੰਦੂਆਂ ਨੇ ਬਦਲੇ ਵਿਚ ਜਲੂਸ ਕੱਢਿਆ ਜਿਸ ਵਿਚ ਇਉਂ ਗਾਉਂਦੇ ਜਾ ਰਹੇ ਸਨ—"ਸਿਗਰਟ-ਬੀੜੀ ਪੀਵਾਂਗੇ, ਸ਼ਾਨ ਦੇ ਨਾਲ ਜੀਵਾਂਗੇ।" ਭਿੰਡਰਾਂਵਾਲੇ ਨੇ ਇਹ ਸਮਝ ਲਿਆ ਕਿ ਸਿੱਖਾਂ ਦੀ ਨਿਆਰੀ ਜਾਂ ਵੱਖਰੀ ਪਛਾਣ ਬਣਾਉਣ ਲਈ ਅੰਮ੍ਰਿਤ ਪ੍ਰਚਾਰ ਨਾਲੋਂ ਦੋਹਾਂ ਕੌਮਾਂ ਅੰਦਰ ਨਫ਼ਰਤ ਪੈਦਾ ਕਰਨਾ ਸੌਖਾ ਢੰਗ-ਤਰੀਕਾ ਹੈ। ਹਿੰਦੂਆਂ ਬਾਰੇ ਆਪਣੇ ਹਵਾਲਿਆਂ ਵਿਚ ਉਹ ਹੋਰ ਵੀ ਹਿੰਸਕ ਹੋ ਗਿਆ। ਉਸ ਨੇ ਇਹ ਵੀ ਦੇਖ ਲਿਆ ਸੀ ਕਿ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੋਵੇਂ ਹੀ ਉਸ ਨੂੰ ਤਿਲਾਂਜਲੀ ਦੇਣਾ ਚਾਹੁੰਦੇ ਹਨ ਅਤੇ ਸਰਕਾਰ ਪ੍ਰਤੀ ਆਪਣੀ ਵਫ਼ਾਦਾਰੀ ਸਿੱਧ ਕਰਨ ਦੀ ਵਕਾਲਤ ਕਰ ਰਹੇ ਸਨ ਕਿ ਉਸ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਸ ਨੇ ਉਨ੍ਹਾਂ ਨੂੰ 'ਇੰਦਰਾ ਦੇ ਚਮਚੇ' ਕਹਿ ਕੇ ਭੰਡਿਆ—"ਇਹ ਸਿੱਖ ਇੰਦਰਾ ਦੇ ਚੱਪਲਾਂ ਦੀ ਧੂੜ ਚੱਟ ਕੇ ਆਪਣੇ ਢਿੱਡ ਭਰਦੇ ਨੇ।"

ਜੁਲਾਈ 19, 1982 ਨੂੰ ਉਸ ਦੇ ਨਿਕਟਵਰਤੀ ਸਾਥੀਆਂ ਅਮਰੀਕ ਸਿੰਘ ਅਤੇ ਥਾਰਾ ਸਿੰਘ ਦੀ ਕਥਿਤ ਕਤਲ ਦੇ ਯਤਨ ਦੇ ਮਾਮਲੇ ਵਿਚ ਗ੍ਰਿਫ਼ਤਾਰੀ ਨਾਲ ਭਿੰਡਰਾਂਵਾਲੇ ਦੇ ਮਨ ਅੰਦਰ ਇਹ ਸ਼ੱਕ ਪੈਦਾ ਕਰ ਦਿੱਤਾ ਕਿ ਉਸ ਨੂੰ ਫੜਨ ਲਈ ਪੁਲਿਸ ਜਿਆਦਾ ਦੇਰ ਨਹੀਂ ਕਰੇਗੀ। ਉਹ ਚੌਕ ਮਹਿਤਾ ਤੋਂ ਹਰਿਮੰਦਰ ਸਾਹਿਬ ਵਿਖੇ ਆ ਗਿਆ। ਅਕਾਲੀਆਂ ਦਾ ਪਟਿਆਲਾ ਅੰਦਰ ਪੱਟੀ ਵਿਖੇ 'ਨਹਿਰ ਰੋਕੋ' ਅੰਦੋਲਨ ਜ਼ੋਰ-ਸ਼ੋਰ ਨਾਲ ਨਹੀਂ ਸੀ ਚੱਲ ਰਿਹਾ। ਉਨ੍ਹਾਂ ਭਿੰਡਰਾਂਵਾਲੇ ਦਾ ਸੁਆਗਤ ਕੀਤਾ ਅਤੇ ਗੁਰੂ ਨਾਨਕ ਨਿਵਾਸ ਵਿਖੇ ਠਹਿਰਾਇਆ ਜੋ ਟੈਂਪਲ ਸਮੂਹ ਵਿਚ ਐਸ.ਜੀ.ਪੀ.ਸੀ. ਦੇ ਦਫ਼ਤਰ ਦੇ ਬਰਾਬਰ ਹੈ। ਉਨ੍ਹਾਂ ਅਮਰੀਕ ਸਿੰਘ ਅਤੇ ਥਾਰਾ ਸਿੰਘ ਦੀ ਰਿਹਾਈ ਨੂੰ ਆਪਣੀਆਂ ਮੰਗਾਂ ਵਿਚ ਸ਼ਾਮਲ ਕਰਨਾ ਪਰਵਾਨ ਕਰ ਲਿਆ। ਭਿੰਡਰਾਂਵਾਲੇ ਨੇ ਅਗਸਤ 4, 1982 ਨੂੰ ਆਰੰਭ ਕੀਤੇ ਧਰਮ-ਯੁੱਧ ਵਿਚ ਸੰਤ ਲੌਂਗੋਵਾਲ ਨੂੰ ਡਿਕਟੇਟਰ ਪਰਵਾਨ ਕਰ ਲਿਆ।

ਭਿੰਡਰਾਂਵਾਲੇ ਦੇ ਹਰਿਮੰਦਰ ਸਾਹਿਬ ਅੰਦਰ ਪਹੁੰਚਣ ਨਾਲ ਮੱਠਾ ਪੈ ਰਿਹਾ ਅਕਾਲੀ ਮੋਰਚਾ ਤੇਜ਼ ਹੋ ਗਿਆ (ਹੋਰ ਵੇਰਵੇ ਲਈ ਅਗਲਾ ਕਾਂਡ ਵੇਖੋ)। ਉਸ ਨੇ ਵਿਰੋਧ ਲਈ ਗਾਂਧੀ ਦੇ ਢੰਗ-ਤਰੀਕੇ ਨੂੰ ਕਦੀ ਵੀ ਪਰਵਾਨ ਨਹੀਂ ਕੀਤਾ ਸੀ। ਪਰ ਉਸ ਮਰਜ਼ੀ ਨਾਲ ਆਪਣਾ ਨਾਮ ਉਨ੍ਹਾਂ ਨਾਲ ਜੋੜ ਦਿੱਤਾ, ਭਾਵੇਂ ਹਿੰਸਾ ਨੂੰ ਤਿਆਗਿਆ ਨਹੀਂ ਸੀ। ਦੂਜੇ ਪਾਸੇ ਅਕਾਲੀਆਂ ਨੇ ਅਜਿਹੀ ਦੂਵੱਲੀ ਦੁਵਿਧਾ ਪ੍ਰਦਰਸ਼ਿਤ ਕੀਤੀ, ਜਿਹੜੀ ਉਨ੍ਹਾਂ ਇਸਤਰੀਆਂ-ਮਰਦਾਂ ਦੇ ਉੱਤਰ-ਅਧਿਕਾਰੀਆਂ ਨੂੰ ਨਹੀਂ ਸੋਭਦੀ ਜਿਨ੍ਹਾਂ ਗੁਰਦੁਆਰਿਆਂ ਦੇ ਕਬਜ਼ੇ ਲਈ ਸ਼ਾਨਦਾਰ ਲੜਾਈਆਂ ਲੜੀਆਂ ਅਤੇ ਰੋਸ ਲਈ ਸ਼ਾਂਤਮਈ ਵਿਰੋਧ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ। ਧਰਮ-ਯੁੱਧ ਦੇ ਵਾਲੰਟੀਅਰਾਂ ਨੂੰ ਮਾਮੂਲੀ ਕਠਿਨਾਈ ਸਹਾਰਨੀ ਪਈ; ਜਿਵੇਂ ਕੁਝ ਮਹੀਨਿਆਂ ਜਾਂ ਦਿਨਾਂ (ਅਕਸਰ ਕੁਝ ਘੰਟੇ) ਦੀ ਜੇਲ੍ਹ-ਯਾਤਰਾ ਕਰਨੀ ਪਈ। ਜੋ ਧਾੜਵੀ ਅਤੇ ਡਕੈਤੀ ਦੇ ਅਮਲ ਭਿੰਡਰਾਂਵਾਲੇ ਦੇ ਸਮਰਥਕਾਂ ਨੇ ਕੀਤੇ, ਉਨ੍ਹਾਂ ਪ੍ਰਤੀ ਆਗੂ ਚੁੱਪ ਰਹੇ। ਸੰਤ ਲੌਂਗੋਵਾਲ ਨੇ ਕਿਹਾ, "ਉਹ ਸਾਡਾ ਡੰਡਾ ਹੈ ਜਿਸ ਨਾਲ ਸਰਕਾਰ ਦੀ ਪਿਟਾਈ ਕਰਨੀ ਹੈ। ਡੰਡਾ ਉਨ੍ਹਾਂ ਦੇ ਸਿਰ ਅੰਨ੍ਹੇਵਾਹ ਵਰ੍ਹਿਆ ਜਿਨ੍ਹਾਂ ਨੇ ਵੀ ਭਿੰਡਰਾਂਵਾਲੇ ਨੂੰ ਅਪਰਵਾਨ ਕੀਤਾ। ਹਰਿਮੰਦਰ ਸਾਹਿਬ ਸਮੂਹ ਵਿਚ ਨਿਵਾਸ ਕਰਨ ਦੇ ਕੁਝ ਦਿਨਾਂ ਪਿੱਛੋਂ ਮੁੱਖ ਮੰਤਰੀ ਦਰਬਾਰਾ ਸਿੰਘ ਉਪਰ ਹਮਲਾ ਕੀਤਾ ਗਿਆ (ਜੁਲਾਈ 22-23, 1982); ਅਗਸਤ 4, 1982 ਨੂੰ ਇੰਡੀਅਨ ਏਅਰਲਾਈਨਜ਼ ਦਾ ਹਵਾਈ ਜਹਾਜ਼ ਜਿਸ ਵਿਚ 126 ਮੁਸਾਫ਼ਰ ਸਨ; ਅਪਹਰਣ ਕਰਕੇ ਪਾਕਿਸਤਾਨ ਲਿਜਾਇਆ ਗਿਆ। ਉਥੇ ਉਤਰਨ ਨਹੀਂ ਦਿੱਤਾ ਗਿਆ ਅਤੇ ਉਹ ਵਾਪਸ ਅੰਮ੍ਰਿਤਸਰ ਆ ਗਿਆ, ਜਿਥੇ ਅਗਵਾਕਾਰਾਂ ਨੇ ਆਤਮ-ਸਮਰਪਣ ਕੀਤਾ। ਪੰਦਰਾਂ ਦਿਨਾਂ ਉਪਰੰਤ ਅਗਸਤ 20 ਨੂੰ ਇਕ ਹੋਰ ਹਵਾਈ ਜਹਾਜ਼ ਅਪਹਰਣ ਕੀਤਾ ਗਿਆ ਅਤੇ ਉਸ ਨੂੰ ਲਾਹੌਰ ਹਵਾਈ ਅੱਡੇ ਉਤਰਨ ਤੋਂ ਰੋਕਿਆ ਗਿਆ, ਪਰ ਉਹ ਉਤਰਿਆ ਤਾਂ ਅਗਵਾਕਾਰ ਨੂੰ ਗੋਲੀ ਮਾਰ ਦਿੱਤੀ ਗਈ। ਉਸੇ ਦਿਨ ਮੁੱਖ ਮੰਤਰੀ ਦੇ ਜੀਵਨ 'ਤੇ ਇਕ ਹੋਰ ਕੋਸ਼ਿਸ਼ ਕੀਤੀ ਗਈ; ਉਹ ਤਾਂ ਬਚ ਗਏ ਪਰ ਵਿਦਿਆ ਮੰਤਰੀ ਸਹਿਤ ਹੋਰ ਅਠਾਰਾਂ ਵਿਅਕਤੀ ਜ਼ਖ਼ਮੀ ਹੋ ਗਏ। ਸਤੰਬਰ 11, 1982 ਨੂੰ ਅਕਾਲੀ ਵਾਲੰਟੀਅਰਾਂ ਨਾਲ ਭਰੀ ਹੋਈ ਬੱਸ ਜੇਲ੍ਹ ਲਿਜਾਈ ਜਾ ਰਹੀ ਸੀ। ਉਹ ਬਿਨਾਂ ਆਦਮੀ ਦੇ ਫਾਟਕ ਤੋਂ ਲੰਘਦੀ ਰੇਲ-ਗੱਡੀ ਨਾਲ ਟਕਰਾ ਗਈ ਜਿਸ ਕਾਰਨ 34 ਮੌਤਾਂ ਹੋਈਆਂ, 21 ਜ਼ਖ਼ਮੀ ਹੋਏ। ਅਕਾਲੀ ਨੇਤਾਵਾਂ ਨੇ ਸਰਕਾਰ ਨੂੰ ਜਾਣ-ਬੁੱਝ ਕੇ ਹੱਤਿਆ ਕਰਨ ਲਈ ਦੋਸ਼ੀ ਠਹਿਰਾਇਆ। ਇਕ ਮਹੀਨੇ ਪਿੱਛੋਂ ਮਰਿਆਂ ਹੋਇਆਂ ਦੀਆਂ ਅਸਥੀਆਂ ਜਲੂਸ ਦੇ ਰੂਪ ਵਿਚ ਲੈ ਕੇ ਦਿੱਲੀ ਅੰਦਰ ਸੰਸਦ ਭਵਨ ਆਏ ਤਾਂ ਪੁਲਿਸ ਨਾਲ ਟੱਕਰ ਹੋਈ। ਕੋਈ ਦਿਨ ਅਜਿਹਾ ਨਹੀਂ ਬੀਤਿਆ

ਜਦੋਂ ਹੱਤਿਆਵਾਂ, ਬੈਂਕ ਡਾਕੇ ਜਾਂ ਰਾਜ ਦੇ ਅਸਲ੍ਹਾ ਖ਼ਾਨੇ ਵਿਚੋਂ ਹਥਿਆਰਾਂ ਦੀ ਲੁੱਟ ਨਾ ਹੋਈ ਹੋਵੇ। ਇਨ੍ਹਾਂ ਅਪਰਾਧਾਂ ਵਿਚ ਸਭ ਤੋਂ ਵੱਧ ਦਲੇਰ ਸੀ ਅਪ੍ਰੈਲ 25, 1983 ਦੀ ਸਵੇਰ। ਜਦੋਂ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਆਏ ਡੀ.ਆਈ.ਜੀ. ਪੁਲਿਸ ਏ.ਐਸ. ਅਟਵਾਲ ਦੀ ਮੁੱਖ ਦੁਆਰ 'ਤੇ ਗੋਲੀ ਮਾਰ ਕੇ ਕੀਤੀ ਗਈ ਹੱਤਿਆ, ਜਦੋਂ ਉਹ ਵਾਪਸ ਜਾ ਰਿਹਾ ਸੀ। ਇਸ ਹੱਤਿਆ ਦੇ ਸਮੇਂ ਅਨੇਕ ਸ਼ਸਤਰਧਾਰੀ ਪੁਲਿਸ ਅਧਿਕਾਰੀ ਅਤੇ ਅਮਲਾ, ਨਾਲ ਹੀ ਸੈਂਕੜੇ ਸ਼ਰਧਾਲੂ ਸਾਥੀ ਸਨ। ਹਤਿਆਰਾ ਬੜੇ ਆਰਾਮ ਨਾਲ ਬਾਜ਼ਾਰ ਵਿਚੋਂ ਲੰਘਦਾ ਹੋਇਆ ਹਰਿਮੰਦਰ ਸਾਹਿਬ ਵਾਪਸ ਆ ਗਿਆ। ਕਿਸੇ ਦੀ ਹਿੰਮਤ ਨਹੀਂ ਹੋਈ ਕਿ ਉਸ ਦਾ ਪਿੱਛਾ ਕਰ ਸਕੇ।

ਹਿੰਸਾ ਦੀ ਰੋਕ-ਥਾਮ ਅਕਾਲੀ ਲੀਡਰਾਂ ਨੇ ਅੰਦੋਲਨ ਜਾਂ ਜੱਦੋਜਹਿਦ ਤਾਂ ਕੀ ਬੰਦ ਕਰਨੀ ਸੀ, ਸਗੋਂ ਹੋਰ ਨਵੇਂ ਮੋਰਚੇ ਖੋਲ੍ਹ ਦਿੱਤੇ। 'ਨਹਿਰ ਰੋਕੋ' ਤੋਂ ਪਿੱਛੋਂ 'ਰਸਤਾ ਰੋਕੋ' ਅਪ੍ਰੈਲ 4, 1983 ਨੂੰ। ਇਥੋਂ ਅੱਗੇ 'ਰੇਲ ਰੋਕੋ' (ਜੂਨ 17) ਤੇ ਨਾਲ ਹੀ 'ਕੰਮ ਰੋਕੋ' ਅਗਸਤ 29 ਨੂੰ। ਨਾਲ ਹੀ ਜਿਨ੍ਹਾਂ ਲੋਕਾਂ ਨੂੰ ਖ਼ਤਮ ਕਰਨਾ ਸੀ, 'ਹਿਟ ਲਿਸਟਾਂ' ਵੰਡੀਆਂ ਜਾਣ ਲੱਗੀਆਂ। ਨਿਸ਼ਾਨਾ ਬਣਾਏ ਜਾਣ ਵਾਲਿਆਂ ਵਿਚ ਜਲੰਧਰ ਦੇ ਦੈਨਿਕ ਪੱਤਰ 'ਪ੍ਰਤਾਪ' ਦਾ ਸੰਪਾਦਕ ਵੀਰੇਂਦਰ ਸੀ। ਉਸ ਦੇ ਪਤੇ 'ਤੇ ਭੇਜੇ ਹੋਏ ਪਾਰਸਲ ਬੰਬ ਨਾਲ ਉਸ ਦੇ ਦੋ ਕਰਮਚਾਰੀ ਮਾਰੇ ਗਏ। ਅਪਰਾਧਾਂ ਦੀ ਖ਼ਤਮ ਨਾ ਹੋਣ ਵਾਲੀ ਲੜੀ ਵਿਚ ਸਭ ਤੋਂ ਵੱਧ ਕਾਇਰਤਾ ਭਰਿਆ ਅਪਰਾਧ ਸੀ ਜਦੋਂ ਅਕਤੂਬਰ 5, 1983 ਦੀ ਰਾਤ ਨੂੰ ਅੰਮ੍ਰਿਤਸਰ ਤੋਂ ਦਿੱਲੀ ਲਈ ਰਵਾਨਾ ਹੋਈ ਬੱਸ ਢਿਲਵਾਂ ਪਿੰਡ ਦੇ ਨੇੜੇ ਅਪਹਰਨ ਕਰ ਲਈ ਗਈ; ਛੇ ਹਿੰਦੂ ਮੁਸਾਫ਼ਰ ਹੇਠਾਂ ਉਤਾਰੇ ਗਏ ਅਤੇ ਇਕ-ਇਕ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਸਪੱਸ਼ਟ ਹੋ ਗਿਆ ਕਿ ਦਰਬਾਰਾ ਸਿੰਘ ਵਿਚ ਹਿੰਸਾ ਦੇ ਹੜ੍ਹ ਨੂੰ ਠੱਲ੍ਹ ਪਾਉਣ ਦੀ ਸਮਰੱਥਾ ਨਹੀਂ ਸੀ। ਅਗਲੇ ਦਿਨ (ਅਕਤੂਬਰ 6, 1983) ਨੂੰ ਉਸ ਨੂੰ ਮੁੱਖ ਮੰਤਰੀ ਪਦ ਤੋਂ ਹਟਾ ਦਿੱਤਾ ਗਿਆ ਅਤੇ ਪੰਜਾਬ ਰਾਜ ਨੂੰ ਰਾਸ਼ਟਰਪਤੀ ਸ਼ਾਸਨ ਅਧੀਨ ਲਿਆਂਦਾ ਗਿਆ।

ਭਿੰਡਰਾਂਵਾਲੇ ਨੇ ਦਰਬਾਰਾ ਸਿੰਘ ਦੇ ਪਤਨ ਨੂੰ ਆਪਣੀ ਨਿੱਜੀ ਜਿੱਤ ਸਮਝਿਆ ਅਤੇ ਆਪਣੇ ਵਿਖਿਆਨਾਂ ਵਿਚ ਉਹ ਹੋਰ ਵੀ ਮੂੰਹ-ਜ਼ੋਰ ਹੋ ਗਿਆ। ਹਰਿਮੰਦਰ ਸਮੂਹ ਅੰਦਰ ਵੱਖ-ਵੱਖ ਧੜਿਆਂ ਵਿਚਕਾਰ ਤਣਾਓ ਵਧਦਾ ਗਿਆ। ਇਕ ਪਾਸੇ ਸੰਤ ਲੌਂਗੋਵਾਲ ਸਨ ਜਿਹੜੇ ਘੱਟ ਜੋਸ਼ੀਲੀ ਬਹੁ-ਗਿਣਤੀ ਦੇ ਪ੍ਰਤੀਨਿਧੀ ਸਨ, ਜਿਸ ਵਿਚ ਪਰਕਾਸ਼ ਸਿੰਘ ਬਾਦਲ ਦੇ ਸਮਰਥਕ ਵੀ ਸਨ। ਉਨ੍ਹਾਂ ਹਿੰਸਾ ਨੂੰ ਨਕਾਰਿਆ ਅਤੇ ਇਸ ਹੱਕ ਵਿਚ ਸਨ ਕਿ ਸਰਕਾਰ ਨਾਲ ਕੋਈ ਸਮਝੌਤਾ ਕਰ ਲਿਆ ਜਾਵੇ। ਦੂਜੇ ਪਾਸੇ ਸਨ ਭਿੰਡਰਾਂਵਾਲੇ ਅਤੇ ਬਰਾਬਰ ਦੇ ਜੋਸ਼ੀਲੇ ਬੱਬਰ ਖ਼ਾਲਸਾ ਅਤੇ ਅਖੰਡ ਕੀਰਤਨੀ ਜੱਥਾ। ਇਕ-ਦੂਜੇ ਦੇ ਕੱਟੜ ਵਿਰੋਧੀ ਪਰ ਇਕੋ ਹੀ ਵਿਚਾਰਧਾਰਾ ਨਾਲ ਪੂਰੇ ਜੋਸ਼ ਵਿਚ ਆਏ ਹੋਏ ਕਿ ਵੱਖਰਾ ਰਾਜ ਕਾਇਮ ਕਰਨਾ ਹੈ। ਜੇਕਰ ਉਹ ਸਿੱਖ ਜਨਤਾ ਨੂੰ ਆਪਣੇ ਦ੍ਰਿਸ਼ਟੀਕੋਣ ਵੱਲ ਨਾ ਪ੍ਰੇਰ ਸਕੇ ਤਾਂ ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਪੰਜਾਬੀ ਹਿੰਦੂਆਂ ਨੂੰ ਡਰਾਉਣ-ਧਮਕਾਉਣਗੇ ਜਿਸ ਕਾਰਨ ਉਹ ਪੰਜਾਬ ਛੱਡ ਜਾਣਗੇ ਜਿਹੜੇ ਆਪਣੇ ਨਾਲ ਵੱਸਦੇ ਸਿੱਖਾਂ ਨੂੰ ਪੰਜਾਬ ਵਿਚ ਵਾਪਸ ਭੇਜਣ ਲਈ ਜ਼ੋਰ ਲਾਉਣਗੇ। ਜੇਕਰ ਇਸ ਪ੍ਰਕਾਰ ਸੰਪਰਦਾਇਕ ਸੰਖਿਆ 60 ਪ੍ਰਤੀਸ਼ਤ ਸਿੱਖ ਅਤੇ 40 ਪ੍ਰਤੀਸ਼ਤ ਹਿੰਦੂ 80 ਪ੍ਰਤੀਸ਼ਤ ਨੂੰ ਸਿੱਖਾਂ ਵਿਚ ਪਲਟ ਸਕੇ ਤਾਂ ਘੱਟ ਤੋਂ ਘੱਟ ਉਹ ਵਾਸਤਵਿਕ ਰੂਪ (ਡੀ-ਫੈਕਟੋ) ਵਿਚ ਖ਼ਾਲਿਸਤਾਨ ਪ੍ਰਾਪਤ ਕਰਨ ਵਿਚ ਸਫ਼ਲ ਹੋ ਜਾਣਗੇ।

ਭਿੰਡਰਾਂਵਾਲੇ ਨੂੰ ਲੌਂਗੋਵਾਲ ਪ੍ਰਤੀ ਘਿਰਣਾ ਸੀ ਅਤੇ ਬਾਦਲ ਪ੍ਰਤੀ ਨਿੱਜੀ ਦੁਸ਼ਮਣੀ ਸੀ। ਪਰ ਉਹ ਬੱਬਰ ਖਾਲਸਾ ਅਤੇ ਅਖੰਡ ਕੀਰਤਨੀ ਜੱਥੇ ਪਾਸੋਂ ਡਰਦਾ ਸੀ। ਕੁਝ ਮਹੀਨਿਆਂ ਤਕ ਇਹ ਤਿੰਨੋਂ ਧੜੇ ਉਸ ਸਰਾਂ ਵਿਚ ਨਾਲ-ਨਾਲ ਰਹੇ ਜਿਹੜੀ ਹਰਿਮੰਦਰ ਸਮੂਹ ਦੇ ਪੂਰਬੀ ਸਿਰੇ 'ਤੇ ਐਸ.ਜੀ.ਪੀ.ਸੀ. ਦੇ ਦਫਤਰ ਦੇ ਬਰਾਬਰ ਬਣੀ ਹੋਈ ਹੈ। ਆਪੋ ਵਿਚ ਗਾਲੋ-ਗਾਲੀ ਅਤੇ ਹੱਥੋ-ਪਾਈ ਹੋਣ ਦੇ ਅਨੇਕਾਂ ਅਵਸਰ ਆਏ। ਲੌਂਗੋਵਾਲ ਨੇ ਧਮਕੀ ਦਿੱਤੀ ਕਿ ਉਹ ਅੰਦੋਲਨ ਛੱਡ ਜਾਵੇਗਾ ਜੇਕਰ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਵਿਚੋਂ ਨਾ ਕੱਢਿਆ ਗਿਆ। ਭਿੰਡਰਾਂਵਾਲੇ ਨੇ ਉੱਕੀ ਨਾਂਹ ਕਰ ਦਿੱਤੀ ਕਿਉਂਕਿ ਉਹ ਜਾਣਦਾ ਸੀ ਕਿ ਇਕ ਵਾਰ ਧਰਮ-ਅਸਥਾਨ ਤੋਂ ਪੈਰ ਬਾਹਰ ਪਾਇਆ ਨਹੀਂ ਕਿ ਪੁਲਿਸ ਉਸ ਨੂੰ ਗ੍ਰਿਫਤਾਰ ਕਰ ਲਵੇਗੀ। ਟੌਹੜਾ ਦੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਹੋਣ ਦੇ ਨਾਤੇ ਹਰਿਮੰਦਰ ਸਾਹਿਬ ਵਿਚ ਅਮਨ-ਸ਼ਾਂਤੀ ਬਣਾਈ ਰੱਖਣੀ ਉਸ ਦੀ ਜ਼ਿੰਮੇਵਾਰੀ ਸੀ। ਉਸ ਪੂਰੀ ਤਰ੍ਹਾਂ ਨਾਂਹ-ਨੁੱਕਰ ਕਰਨ ਵਾਲੇ ਗਿਆਨੀ ਕਿਰਪਾਲ ਸਿੰਘ 'ਤੇ ਜ਼ੋਰ ਦਿੱਤਾ ਕਿ ਉਹ ਭਿੰਡਰਾਂਵਾਲੇ ਅਤੇ ਉਸ ਦੇ ਸੇਵਕਾਂ ਨੂੰ ਸ੍ਰੀ ਅਕਾਲ ਤਖਤ ਦੀਆਂ ਉਪਰ ਵਾਲੀਆਂ ਮੰਜ਼ਲਾਂ ਵਿਚ ਠਹਿਰਨ ਦੇਣ। ਗਿਆਨੀ ਜੀ ਉਸ ਵੇਲੇ ਮੁੱਖ ਗ੍ਰੰਥੀ ਸਨ। ਆਪਣੇ ਬੰਦੂਕਧਾਰੀਆਂ ਸਹਿਤ ਭਿੰਡਰਾਂ-ਵਾਲੇ ਅਕਾਲ ਤਖ਼ਤ ਵਿਖੇ ਆ ਗਿਆ। ਉਸ ਦੇ ਨਾਲ ਸੇਵਾ-ਮੁਕਤ ਜਨਰਲ ਸ਼ਾਹਬੇਗ ਸਿੰਘ ਸੀ, ਜਿਸ ਇਹ ਮੰਨਜ਼ੂਰ ਕਰ ਲਿਆ ਸੀ ਕਿ ਉਹ ਉਸ ਦੇ ਆਦਮੀਆਂ ਨੂੰ ਆਧੁਨਿਕ ਹਥਿਆਰਾਂ ਦੀ ਸਿਖਲਾਈ ਦੇਵੇਗਾ। ਅਤੇ ਸੇਵਾ-ਮੁਕਤ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਵੀ ਸ਼ਾਮਲ ਸੀ।

ਭਿੰਡਰਾਂਵਾਲੇ ਨੇ ਹਥਿਆਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਅਕਾਲ ਤਖ਼ਤ ਦੀ ਕਿਲ੍ਹਾਬੰਦੀ ਕਰ ਦਿੱਤੀ ਗਈ। ਉਸ ਲਈ ਨਾ ਕੇਵਲ ਭਾਰਤੀ ਫੌਜਾਂ ਨਾਲ ਨਿਪਟਣਾ ਸੀ ਸਗੋਂ ਬੱਬਰ ਖਾਲਸਾ ਅਤੇ ਮਿਲੀਟੈਂਟ ਅਕਾਲੀਆਂ ਨਾਲ ਵੀ। ਸੰਤ ਲੌਂਗੋਵਾਲ ਨਾਲ ਉਸ ਦੀ ਨਫਰਤ ਖੁੱਲ੍ਹੀ ਸੀ। ਉਹ ਉਸ ਨੂੰ ਗਾਂਧੀ ਕਹਿ ਕੇ ਅਤੇ ਉਸ ਦੇ ਰਹਿਣ ਦੀ ਥਾਂ ਨੂੰ 'ਗਾਂਧੀ ਨਿਵਾਸ' ਕਹਿ ਕੇ ਖਿੱਲੀ ਉਡਾਉਂਦਾ। ਉਸ ਦਾ ਆਪਣਾ ਨਿਵਾਸ ਅਸਥਾਨ 'ਸ਼ਕਤੀ ਨਿਵਾਸ' ਪੁਕਾਰਿਆ ਜਾਂਦਾ। ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਆਪਣੇ ਵੱਖ-ਵੱਖ ਰਾਹਾਂ 'ਤੇ ਚਲਦੇ ਰਹੇ। ਅਪ੍ਰੈਲ 12, 1984 ਨੂੰ ਜ਼ਿਲਾ ਜਨਤਾ ਪਾਰਟੀ ਦੇ ਪ੍ਰਧਾਨ ਹਰਬੰਸ ਲਾਲ ਖੰਨਾ (ਸਾਬਕਾ ਐਮ.ਐਲ.ਏ.) ਦੀ ਅੰਮ੍ਰਿਤਸਰ ਵਿਚ ਹੱਤਿਆ ਕਰ ਦਿੱਤੀ ਗਈ। ਦੂਜੇ ਦਿਨ ਉਸ ਦੇ ਸਸਕਾਰ ਵੇਲੇ ਹਿੰਦੂ-ਸਿੱਖ ਫ਼ਸਾਦ ਹੋ ਗਿਆ ਜਿਸ ਵਿਚ ਅੱਠ ਮੌਤਾਂ ਹੋਈਆਂ। ਉਸੇ ਦਿਨ (ਅਪ੍ਰੈਲ 3) ਵਿਸ਼ਵਾਨਾਥ ਤਿਵਾੜੀ, ਐਮ.ਪੀ. ਅਤੇ ਪੰਜਾਬੀ ਸਾਹਿਤ ਦੇ ਪ੍ਰੋਫੈਸਰ, ਦੀ ਉਨ੍ਹਾਂ ਦੇ ਚੰਡੀਗੜ੍ਹ ਦੇ ਘਰ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਅਪ੍ਰੈਲ 14 ਨੂੰ ਸੁਰਿੰਦਰ ਸਿੰਘ ਸੋਢੀ, ਜਿਸ ਨੂੰ ਭਿੰਡਰਾਂਵਾਲੇ ਆਪਣਾ ਭਰਾ ਕਹਿੰਦਾ ਸੀ, ਨੂੰ ਹਰਿਮੰਦਰ ਸਾਹਿਬ ਦੇ ਬਾਹਰ ਇਕ ਟੀ-ਸਟਾਲ 'ਤੇ ਇਸਤਰੀ-ਸਾਥਣ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਦੂਜੇ ਦਿਨ ਉਸ ਇਸਤਰੀ ਦੀ ਕੱਟੀ-ਵੱਢੀ ਲਾਸ਼ ਗਟਰ ਵਿਚ ਮਿਲੀ। ਭਿੰਡਰਾਂਵਾਲੇ ਨੇ ਫੜ੍ਹ ਮਾਰੀ ਕਿ ਸੋਢੀ ਦੀ ਹੱਤਿਆ ਦਾ ਬਦਲਾ 24 ਘੰਟਿਆਂ ਦੇ ਅੰਦਰ ਲੈ ਲਿਆ ਗਿਆ ਹੈ। ਮਈ 12, 1984 ਨੂੰ ਰਮੇਸ਼ ਚੰਦਰ, ਜੋ ਆਪਣੇ ਪਿਤਾ ਜਗਤ ਨਾਰਾਇਣ ਦੀ ਥਾਂ 'ਹਿੰਦ ਸਮਾਚਾਰ ਗਰੁੱਪ' ਦਾ ਸੰਪਾਦਕ ਬਣਿਆ, ਨੂੰ ਉਸ ਦੇ ਜਲੰਧਰ ਦੇ ਦਫਤਰ ਵਿਚ ਕਤਲ ਕਰ ਦਿੱਤਾ ਗਿਆ। ਇਸ ਖਿਆਲ ਨਾਲ ਕਿ ਉਹ ਦਲੇਰੀ ਦੇ ਖੇਤਰ ਵਿਚ ਪਿੱਛੇ ਨਾ ਰਹਿ ਜਾਵੇ, ਸੰਤ ਲੌਂਗੋਵਾਲ ਨੇ ਇਹ ਐਲਾਨ ਕਰ ਦਿੱਤਾ ਕਿ ਜੂਨ 3, 19?4 ਤੋਂ (ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ) ਸਿੱਖਾਂ ਨੂੰ ਸਰਕਾਰ ਦੇ ਵਿਰੁੱਧ ਨਾ-ਮਿਲਵਰਤਣ ਦੀ ਲਹਿਰ ਜਾਰੀ

ਕਰ ਦੇਣੀ ਚਾਹੀਦੀ ਹੈ ਜਿਸ ਕਰਕੇ ਮਾਲੀਆ ਦੇਣ ਤੋਂ ਇਨਕਾਰ ਕੀਤਾ ਜਾਵੇਗਾ। ਬਿਜਲੀ-ਪਾਣੀ ਦੇ ਬਿੱਲ ਨਹੀਂ ਤਾਰੇ ਜਾਣਗੇ ਅਤੇ ਅੰਨ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਆਪਣੇ ਨਵੇਂ ਨੌਜਵਾਨ ਸਲਾਹਕਾਰਾਂ ਦੇ ਮਸ਼ਵਰੇ ਦੇ ਆਧਾਰ 'ਤੇ ਸ੍ਰੀਮਤੀ ਇੰਦਿਰਾ ਗਾਂਧੀ ਨੇ ਫ਼ੈਸਲਾ ਕੀਤਾ ਕਿ ਉਹ ਵੇਲਾ ਆ ਗਿਆ ਹੈ ਜਦੋਂ ਅਕਾਲੀਆਂ ਅਤੇ ਭਿੰਡਰਾਂਵਾਲੇ ਨਾਲ ਹਿਸਾਬ ਚੁਕਤਾ ਕਰਨਾ ਹੀ ਹੋਵੇਗਾ।

ਕਾਂਡ—38

ਅਨੰਦਪੁਰ ਸਾਹਿਬ ਮਤਾ ਅਤੇ ਹੋਰ ਅਕਾਲੀ ਮੰਗਾਂ

ਇਹ ਸਮਝਣ ਲਈ ਕਿ ਅਕਾਲੀਆਂ ਅਤੇ ਸਰਕਾਰ ਵਿਚ ਟੱਕਰ ਕਿਉਂ ਹੋਈ, ਇਹ ਜ਼ਰੂਰੀ ਹੈ ਕਿ ਕੁਝ ਪਹਿਲੇ ਵਰ੍ਹਿਆਂ 'ਤੇ ਝਾਤ ਮਾਰੀਏ ਅਤੇ ਵੇਲੇ-ਵੇਲੇ 'ਤੇ ਅਕਾਲੀਆਂ ਦੀਆਂ ਮੰਗਾਂ ਅਤੇ ਉਨ੍ਹਾਂ ਪ੍ਰਤੀ ਕੇਂਦਰੀ ਸਰਕਾਰ ਦੇ ਹੁੰਗਾਰੇ ਨੂੰ ਨਿਰਖੀਏ-ਪਰਖੀਏ। ਸੰਨ 1966 ਵਿਚ ਪੰਜਾਬੀ ਸੂਬਾ ਪਰਵਾਨ ਕਰ ਲਿਆ ਗਿਆ ਪਰ ਚੰਡੀਗੜ੍ਹ ਕੇਂਦਰੀ ਪ੍ਰਸ਼ਾਸਿਤ ਇਲਾਕਾ ਹੀ ਰਿਹਾ ਅਤੇ ਇਹ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਸੀ। ਪੰਜਾਬ ਨਾਲ ਜੁੜਵੇਂ ਪੰਜਾਬੀ-ਭਾਸ਼ੀ ਪਿੰਡ ਨਾਲ ਵਾਲੇ ਰਾਜਾਂ ਵਿਚ ਹੀ ਰਹੇ। ਨਹਿਰੀ ਮੁਖ ਸਰੋਤ 'ਤੇ ਕੇਂਦਰੀ ਸਰਕਾਰ ਦਾ ਕਬਜ਼ਾ ਜਾਰੀ ਰਿਹਾ। ਸੰਨ 1960 ਦੀ ਸਿੰਧ ਜਲ-ਸੰਧੀ ਅਨੁਸਾਰ ਜੋ ਹਿੱਸਾ ਭਾਰਤ ਨੂੰ ਸਤਲੁਜ, ਰਾਵੀ ਅਤੇ ਬਿਆਸ ਦਰਿਆ ਦਾ ਮਿਲਿਆ, ਉਸ ਦੀ ਮਨਮਾਨੀ ਵੰਡ ਵੀ ਕੇਂਦਰੀ ਸਰਕਾਰ ਪਾਸ ਹੀ ਰਹੀ। ਇਨ੍ਹਾਂ ਬੁਨਿਆਦੀ ਮੁੱਦਿਆਂ ਨੂੰ ਸੁਲਝਾਉਣ ਲਈ ਸਰਕਾਰ ਦੀ ਅਵੇਰ ਅਤੇ ਅਵੇਸਲੇਪਨ ਨੇ ਅਕਾਲੀਆਂ ਨੂੰ ਇਕ ਵਜਾਹ ਦਿੱਤੀ ਕਿ ਸਰਕਾਰ ਨੂੰ ਸਿੱਖ-ਵਿਰੋਧੀ ਬਣਾਉਣ।

ਉਨ੍ਹਾਂ ਬੜੀ ਲਗਨ ਅਤੇ ਮਿਹਨਤ ਨਾਲ ਵਿਤਕਰੇ ਜਾਂ ਨਿਆਰੇਪਨ ਦਾ ਭਾਵ ਬਣਾਇਆ ਅਤੇ ਮੰਗਾਂ ਦੀ ਸੂਚੀ ਲੰਮੇਰੀ ਕਰਦੇ ਗਏ। ਉਧਰ ਕੇਂਦਰੀ ਸਰਕਾਰ ਨੇ ਕਾਨੂੰਨੀ ਤੌਰ 'ਤੇ ਜਾਇਜ਼ ਮੰਗਾਂ ਮੰਨਣ ਦੀ ਥਾਂ ਬਹਾਨੇ ਕਰਨੇ ਆਰੰਭ ਕਰ ਦਿੱਤੇ ਜਿਸ ਨਾਲ ਅਮਲੀ ਸ਼ਾਂਤਮਈ ਵਿਰੋਧ ਕਰਨ ਲਈ ਮਜਬੂਰ ਹੁੰਦੇ ਗਏ ਜੋ ਅਕਸਰ ਹਿੰਸਾ ਦਾ ਰੂਪ ਧਾਰ ਲੈਂਦਾ। ਸ਼ਾਂਤਮਈ ਮੋਰਚਿਆਂ ਦੇ ਨਾਲ ਦਹਿਸ਼ਤਵਾਦ ਵੀ ਪੈਦਾ ਹੋਇਆ ਜਿਸ ਨੂੰ ਪੁਲਿਸ ਨੇ ਜ਼ੋਰ-ਜ਼ਬਰਦਸਤੀ ਨਾਲ ਦਬਾਉਣਾ ਸ਼ੁਰੂ ਕੀਤਾ ਜਿਨ੍ਹਾਂ ਵਿਚ ਅਕਸਰ ਮਾਸੂਮਾਂ ਦੀ ਹੱਤਿਆ ਹੁੰਦੀ ਅਤੇ ਮੁਕਾਬਲਿਆਂ ਦੇ ਮਨਸੂਬਿਆਂ ਵਿਚ ਸ਼ੱਕ ਵਿਚ ਫੜੇ ਲੋਕਾਂ ਉਪਰ ਜ਼ੁਲਮ ਹੁੰਦੇ। ਪੁਲਿਸ ਦੇ ਢੰਗ-ਤਰੀਕੇ ਰਚਨਾਤਮਕ-ਵਿਰੋਧੀ ਸਿੱਧ ਹੋਏ ਅਤੇ ਇਨ੍ਹਾਂ ਨਾਲ ਦਹਿਸ਼ਤਵਾਦੀ ਧੜਿਆਂ ਵਿਚ ਹੋਰ ਰੰਗਰੂਟ ਆਉਂਦੇ ਗਏ। ਸਿੱਖਾਂ ਦੀਆਂ ਮੰਗਾਂ ਬਾਰੇ ਅਕਾਲੀਆਂ ਵੱਲੋਂ ਜਿਹੜਾ ਵਿਸ਼ਾਲ ਰੂਪ ਦਾ ਚਾਰਟ ਤਿਆਰ ਕੀਤਾ ਗਿਆ ਉਹ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ 1973 ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਰੈਜ਼ੋਲਿਊਸ਼ਨ (ਮਤੇ) ਦੇ ਤਿੰਨ ਰੂਪ ਹਨ ਜਿਨ੍ਹਾਂ ਨੂੰ ਅਕਾਲੀਆਂ ਵੱਲੋਂ ਵੱਖ-ਵੱਖ ਅਰਥਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਸੰਤ ਫਤਹ ਸਿੰਘ ਜਿਹਿਆਂ ਦਾ ਖ਼ਿਆਲ ਹੈ ਕਿ ਚੰਡੀਗੜ੍ਹ ਅਤੇ ਜੁੜਵੇਂ ਪੰਜਾਬੀ-ਭਾਸ਼ੀ ਪਿੰਡਾਂ ਤੋਂ ਇਲਾਵਾ ਉਨ੍ਹਾਂ ਦੀ ਮੰਗ ਪੰਜਾਬੀ ਸੂਬੇ ਦੀ ਸੀ, ਜਿਹੜੀ ਕਾਫ਼ੀ ਹੱਦ ਤੀਕ 1966 ਵਿਚ ਪਰਵਾਨ ਕਰ ਲਈ ਗਈ। ਦੂਜੇ ਇਉਂ ਵਿਆਖਿਆ ਕਰਦੇ ਕਿ ਇਸ ਮਤੇ ਵਿਚ ਭਾਰਤੀ ਸੰਘ ਦੇ ਅੰਤਰਗਤ ਸਿੱਖ-ਪ੍ਰਮੁੱਖ ਪ੍ਰਭਾਵ ਵਾਲੇ ਖ਼ੁਦਮੁਖ਼ਤਾਰ ਰਾਜ ਦਾ ਹੈ। ਫਿਰ ਵੀ ਦੂਜਿਆਂ ਨੇ ਇਉਂ ਦਰਸਾਇਆ ਕਿ ਇਹ ਮੰਗ ਸੁਤੰਤਰ, ਪ੍ਰਭੁਤਾ-ਸੰਪੰਨ ਸਿੱਖ ਰਾਜ ਦੀ ਹੈ, ਜਿਸ ਦਾ ਨਾਮ

ਖਾਲਿਸਤਾਨ ਹੋਵੇਗਾ।

ਸਿੱਖ ਮੰਗਾਂ ਨੂੰ ਮਤੇ ਦਾ ਰਾਜਸੀ ਰੂਪ ਦੇਣ ਦਾ ਉਤਸ਼ਾਹ ਕਪੂਰ ਸਿੰਘ ਪਾਸੋਂ ਮਿਲਿਆ ਜੋ ਆਕਸਫੋਰਡ ਯੂਨੀਵਰਸਿਟੀ ਦੀ ਉਪਜ ਸਨ ਅਤੇ ਕੁਝ ਵਰ੍ਹਿਆਂ ਲਈ ਇੰਡੀਅਨ ਸਿਵਿਲ ਸਰਵਿਸ ਦੇ ਮੈਂਬਰ ਰਹੇ। ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਉਪਰੰਤ ਡਿਸਮਿਸ (ਬਰਤਰਫ) ਕੀਤੇ ਜਾਣ ਕਾਰਨ ਉਹ ਸਰਕਾਰ ਦਾ ਕੱਟੜ ਆਲੋਚਕ ਹੋ ਗਿਆ ਉਹ ਅਕਾਲੀ ਪਾਰਟੀ ਵਿਚ ਮਿਲ ਗਿਆ ਅਤੇ ਇਸ ਦਾ ਇਕ-ਪੁਰਖੀ ਸੋਚ-ਸਰੋਵਰ (ਥਿੰਕ-ਟੈਂਕ) ਬਣ ਗਿਆ ਅਤੇ ਇਸ ਦੇ ਟਿਕਟ 'ਤੇ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਉਸ ਆਪਣੇ ਨਿੱਜੀ ਰੋਸ ਨੂੰ ਕੌਮੀ ਰੋਸ ਵਜੋਂ ਪ੍ਰਗਟ ਕੀਤਾ। ਉਹ ਇਹ ਦੋਸ਼ ਲਾਉਣ ਤੋਂ ਕਦੀ ਵੀ ਨਾ ਰੁਕਿਆ ਕਿ ਸਰਕਾਰ ਸਿੱਖਾਂ ਨਾਲ ਵਿਤਕਰਾ ਕਰਦੀ ਹੈ। ਇਹ ਉਹੀ ਸੀ ਜਿਸ ਸਿੱਖਾਂ ਨੂੰ ਸੁਤੰਤਰ ਅਤੇ ਪ੍ਰਭੂਤਾ-ਸੰਪੰਨ ਲੋਕ ਘੋਸ਼ਿਤ ਕੀਤਾ। ਨਾਲ ਹੀ ਆਪਣੀ ਪਾਰਟੀ ਨੂੰ ਇਹ ਪ੍ਰੇਰਨਾ ਦਿੱਤੀ ਕਿ ਉਹ ਸਿੱਖਾਂ ਲਈ 'ਆਤਮ-ਨਿਸ਼ਚਿਤ ਸਿਆਸੀ ਪਦ' (ਸੈਲਫ ਡੀਟਰਮਿੰਡ ਪੋਲੀਟੀਕਲ ਸਟੇਟਸ) ਦੀ ਮੰਗ ਕਰੇ। ਉਸ ਦਾ ਮਸੌਦਾ ਅੰਗਰੇਜ਼ੀ ਵਿਚ ਸੀ। ਉਨ੍ਹਾਂ ਇਸ ਦੇ ਮੰਤਵ ਅਤੇ ਵਿਸ਼ੇ ਦੀ ਵਿਆਖਿਆ ਸੰਤ ਫਤਹ ਸਿੰਘ ਦੇ ਸਨਮੁਖ ਕੀਤੀ ਜੋ ਉਸ ਵੇਲੇ ਅਕਾਲੀ ਦਲ ਦੇ ਪ੍ਰਮੁੱਖ ਸਨ। ਸੰਤ ਫਤਹ ਸਿੰਘ ਕੇਵਲ ਪੰਜਾਬੀ ਹੀ ਸਮਝਦੇ ਸਨ ਅਤੇ ਉਨ੍ਹਾਂ ਆਪਣੀ ਪਰਵਾਨਗੀ ਦੇ ਦਿੱਤੀ। ਕਪੂਰ ਸਿੰਘ ਦਾ ਮਸੌਦਾ ਇਸ ਧਾਰਨਾ 'ਤੇ ਆਧਾਰਿਤ ਸੀ ਕਿ ਸਿੱਖ ਰਾਜ ਦੇ ਸਿਧਾਂਤ ਜਾਤੀ ਸਨ ਜਿਹੜੇ ਹਕੂਮਤ ਕਰਨ ਲਈ ਪੂਰਵ-ਨਿਸ਼ਚਿਤ ਸਨ। ਮਾਸਟਰ ਤਾਰਾ ਸਿੰਘ ਦਾ ਖ਼ਿਆਲ ਵੀ ਇਸ ਤਰ੍ਹਾਂ ਦਾ ਹੀ ਸੀ ਜਦੋਂ ਉਸ ਇਹ ਕਿਹਾ ਕਿ ਸਿੱਖ ਹਾਕਮ ਹੋ ਸਕਦੇ ਹਨ ਜਾਂ ਫਿਰ ਬਾਗ਼ੀ ਜਾਂ ਵਿਦਰੋਹੀ!

ਜਦੋਂ ਮਤਾ ਅਨੰਦਪੁਰ ਸਾਹਿਬ ਵਿਖੇ 1973 ਵਿਚ ਪਰਵਾਨ ਕੀਤਾ ਗਿਆ ਸੀ ਤਾਂ ਇਸ ਵੱਲ ਕਿਸੇ ਦਾ ਧਿਆਨ ਘੱਟ-ਵੱਧ ਹੀ ਖਿੱਚਿਆ ਗਿਆ। ਕਪੂਰ ਸਿੰਘ ਇਕ ਤਲਖ਼ ਅਤੇ ਰੋਸ ਵਧਾਉਣ ਵਾਲਾ ਸਨਕੀ, ਜੋ ਮਿਲੀਟੈਂਟ ਜਾਂ ਸੈਨਿਕ ਰੁਖ਼ ਰੱਖਣ ਵਾਲਾ ਖ਼ਿਆਲ ਕੀਤਾ ਜਾਂਦਾ ਸੀ, ਜਿਸ ਨੂੰ ਆਜ਼ਾਦ-ਖ਼ਿਆਲੀ ਸਿਆਸਤਦਾਨ ਸਮਝਣਾ ਚਾਹੀਦਾ। ਅਗਲੇ ਤਿੰਨ ਸਾਲਾਂ (ਅਗਸਤ 1977) ਤਕ ਇਸ ਮਤੇ ਬਾਰੇ ਕੁਝ ਨਹੀਂ ਸੁਣਿਆ ਗਿਆ। ਅੱਗੋਂ ਗਿਆਨੀ ਅਜਮੇਰ ਸਿੰਘ, ਸਕੱਤਰ ਅਕਾਲੀ ਦਲ ਨੇ ਅੰਮ੍ਰਿਤਸਰ ਵਿਖੇ ਪਾਰਟੀ ਲਈ "ਨਵੀਂ ਨੀਤੀ ਅਤੇ ਪ੍ਰੋਗਰਾਮਾਂ" ਵਜੋਂ ਇਸ ਦਾ ਦੂਜਾ ਰੂਪ ਪੇਸ਼ ਕੀਤਾ। ਇਸ ਨੀਤੀ-ਪ੍ਰੋਗਰਾਮ ਦਾ ਆਧਾਰ ਕਪੂਰ ਸਿੰਘ ਦਾ ਮੂਲ ਮਸੌਦਾ ਸੀ, ਜਿਸ ਨੂੰ ਇਕ ਕਮੇਟੀ ਨੇ ਅੰਤਿਮ ਰੂਪ ਦਿੱਤਾ ਸੀ। ਹੋਰਨਾਂ ਤੋਂ ਇਲਾਵਾ ਇਸ ਕਮੇਟੀ ਵਿਚ ਸ਼ਾਮਲ ਸਨ : ਪਰਕਾਸ਼ ਸਿੰਘ ਬਾਦਲ (ਉਸ ਵੇਲੇ ਦੇ ਮੁੱਖ ਮੰਤਰੀ ਪੰਜਾਬ); ਗੁਰਚਰਨ ਸਿੰਘ ਟੌਹੜਾ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ। ਇਸ ਨੂੰ ਲੁਧਿਆਣਾ ਵਿਖੇ ਅਕਤੂਬਰ 28-29, 1978 ਨੂੰ ਹੋਈ ਆਲ ਇੰਡੀਆ ਅਕਾਲੀ ਕਾਨਫਰੰਸ ਵਿਚ ਪੇਸ਼ ਕੀਤਾ ਗਿਆ। ਜਗਦੇਵ ਸਿੰਘ ਤਲਵੰਡੀ ਇਸ ਕਾਨਫਰੰਸ ਦੇ ਪ੍ਰਧਾਨ ਸਨ। ਇਸ ਨੂੰ ਟੌਹੜਾ ਨੇ ਤਜਵੀਜ਼ ਕੀਤਾ ਅਤੇ ਬਾਦਲ ਨੇ ਇਸ ਦੀ ਤਾਈਦ ਕੀਤੀ ਅਤੇ ਇਹ ਬਿਨਾਂ ਕਿਸੇ ਵਿਰੋਧ ਦੇ ਪਾਸ ਕੀਤਾ ਗਿਆ। ਇਸ ਅਵਸਰ ਤੇ ਚੰਦਰਸ਼ੇਖਰ, ਜਨਤਾ ਪਾਰਟੀ ਦਾ ਨੇਤਾ ਵੀ ਹਾਜ਼ਰ ਸੀ, ਪਰ ਉਸ ਕੁਝ ਨਹੀਂ ਕਿਹਾ। ਕਾਂਗਰਸੀ ਨੇਤਾਵਾਂ ਨੇ ਵੀ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਪੱਛਮੀ ਬੰਗਾਲ ਵਿਚ ਸੱਤਾਧਾਰੀ ਸੀ.ਪੀ. (ਐਮ.) ਸੀ ਅਤੇ ਉਹ ਵੀ ਖ਼ੁਦਮੁਖ਼ਤਾਰੀ ਲਈ ਜ਼ੋਰ ਲਾ ਰਹੀ ਸੀ। ਇਸ ਲਈ ਉਸ ਨੂੰ ਵੀ ਅਕਾਲੀਆਂ ਦੀ ਉਹੋ ਜਿਹੀ ਪੰਜਾਬ ਲਈ ਮੰਗ ਵਿਚ ਕੋਈ ਵਿਰੋਧੀ ਗੱਲ ਨਹੀਂ ਜਾਪੀ। ਭਾਜਪਾ ਦੇ ਇਲਾਵਾ ਕੇਵਲ ਸੀ.ਪੀ.ਆਈ.

ਨੇ ਵਿਰੋਧ ਪ੍ਰਗਟ ਕੀਤਾ ਅਤੇ ਕਿਹਾ ਕਿ ਜਿਹੋ ਜਿਹੀ ਖ਼ੁਦਮੁਖਤਾਰੀ ਅਕਾਲੀਆ ਵੱਲੋਂ ਮੰਗੀ ਜਾ ਰਹੀ ਹੈ ਉਸ ਨਾਲ ਦੇਸ ਖੰਡ-ਖੰਡ ਹੋ ਜਾਵੇਗਾ।

ਮਤੇ ਦੇ ਸਹੀ ਅਰਥਾ ਬਾਰੇ ਮਤਭੇਦ ਹੀ ਰਿਹਾ ਅਤੇ ਅਕਾਲੀਆਂ ਦੇ ਵੱਖ-ਵੱਖ ਧੜੇ ਇਸ ਦੀ ਵੱਖ-ਵੱਖ ਵਿਆਖਿਆ ਕਰਦੇ ਰਹੇ ਜਿਵੇਂ-ਜਿਵੇਂ ਉਨ੍ਹਾਂ ਨੂੰ ਰਾਸ ਆਉਂਦੀ ਸੀ। ਅਕਾਲੀ ਦਲ ਦੇ ਪ੍ਰਧਾਨ, ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਸ ਮਤੇ ਦਾ "ਪ੍ਰਮਾਣੀਕ ਰੂਪਾਂਤਰ" (ਔਥੈਂਟਿਕ ਵਰਸ਼ਨ) ਜਾਰੀ ਕੀਤਾ ਅਤੇ ਭਾਰਤੀ ਸੰਸਦ ਦੇ ਦੋਹਾਂ ਸਦਨਾਂ ਦੇ ਮੈਂਬਰਾਂ ਨੂੰ ਭੇਜਿਆ। ਸੰਖੇਪ ਮੁੱਖ-ਸ਼ਬਦ ਵਿਚ ਉਸ ਦਾਅਵਾ ਕੀਤਾ ਕਿ ਇਹ ਮਤਾ "ਇਸ ਤੋਂ ਵੱਧ ਕੁਝ ਨਹੀਂ ਸੀ ਕਿ ਅੱਗੋਂ ਦੇ ਅਯੋਗ ਦਖ਼ਲ ਦੇ ਖ਼ਤਰੇ ਦੀ ਰੋਕਥਾਮ ਕਰੇ", ਜਿਹੜੇ ਕੇਂਦਰ ਸਰਕਾਰ ਵੱਲੋਂ ਲਗਾਤਾਰ ਅਤੇ ਗਲਤ ਸੋਚ ਨਾਲ ਸੰਵਿਧਾਨਕ ਸੋਧਾਂ ਤਰਮੀਮਾਂ ਰਾਹੀਂ "ਸੂਬਾਈ ਸੱਤਾ ਨੂੰ ਘੱਟ ਕਰਨ ਦੇ ਹੋ ਰਹੇ ਹਨ।" ਉਸ ਨੇ ਸਪੱਸ਼ਟ ਸ਼ਬਦਾਂ ਵਿਚ ਇਨਕਾਰ ਕੀਤਾ ਕਿ ਮਤੇ ਦਾ ਭਾਵ ਨਾ ਵੱਖਰੇ ਰਾਜ ਜਾਂ ਖ਼ੁਦਮੁਖਤਾਰ ਸਿੱਖ ਰਾਜ ਦੀ ਕਲਪਨਾ ਕਰਦਾ ਸੀ। ਇਸ ਦਾ ਅਰਥ ਕੇਵਲ ਕੇਂਦਰ-ਰਾਜ ਸੰਬੰਧਾਂ ਦੀ ਬਿਹਤਰ ਪੁਨਰ-ਮਿਲਾਨ ਦਾ ਸੀ।

ਅਨੰਦਪੁਰ ਸਾਹਿਬ ਮਤਾ ਸਿੱਖਾਂ ਦੀਆਂ ਮੰਗਾਂ ਦਾ ਮਹਾਂ-ਅਧਿਕਾਰ-ਪੱਤਰ (ਮੈਗਨਾ-ਕਾਰਟਾ) ਬਣ ਗਿਆ ਜਿਵੇਂ ਕਿ ਬਹੁਤ ਮਹੱਤਵਪੂਰਨ ਸਿਆਸੀ ਪਾਰਟੀਆਂ ਇਸ ਨੂੰ ਸਮਝਦੀਆਂ ਸਨ। ਉਥਾਨਕਾ ਜਾਂ ਭੂਮਿਕਾ ਵਿਚ ਬਲ ਦਿੱਤਾ ਗਿਆ ਕਿ : "ਸਿੱਖ ਪੰਥ ਦੀ ਉੱਚਤਮ ਸੰਸਥਾ ਸ਼੍ਰੋਮਣੀ ਅਕਾਲੀ ਦਲ ਹੈ ਅਤੇ ਇਸ ਅਨੁਸਾਰ ਇਸ ਦਾ ਪੂਰਾ ਅਧਿਕਾਰ ਹੈ ਕਿ ਉਨ੍ਹਾਂ ਦੀ ਪ੍ਰਤੀਨਿਧਤਾ ਅਤੇ ਅਗਵਾਈ ਕਰੇ।" ਇਸ ਦੇ ਧਾਰਮਿਕ ਮੰਤਵ, ਮਨੋਰਥ ਜਾਂ ਉਦੇਸ਼ ਨਕਲੀ ਜਾਂ ਪੁਰਾਤਨ ਧਾਰਮਿਕ ਸ਼ਬਦਾਵਲੀ ਵਿਚ ਅੰਕਿਤ ਹਨ : "ਧਰਮ ਪ੍ਰਚਾਰ ਕਰਨਾ ਅਤੇ ਸਿੱਖੀ ਨਿਯਮਾਂ ਦਾ ਪ੍ਰਚਾਰ, ਨਾਸਤਿਕਤਾ ਦੀ ਨਿਖੇਧੀ ਕਰਨਾ...ਗ਼ਰੀਬੀ ਅਤੇ ਰੋਗ ਦਾ ਨਿਵਾਰਨ, ਸਿੱਖ ਗ੍ਰੰਥਾਂ ਅਨੁਸਾਰ ਅਨਪੜ੍ਹਤਾ ਅਤੇ ਜਾਤੀਵਾਦ ਨੂੰ ਖ਼ਤਮ ਕਰਨਾ," ਮਨੋਰਥਾਂ ਵਿਚ ਇਹ ਵੀ ਸ਼ਾਮਲ ਹੈ "ਪੰਥ ਦੀ ਸੁਤੰਤਰ ਪਛਾਣ ਨੂੰ ਸਮਝਣਾ ਅਤੇ ਬਰਕਰਾਰ ਰੱਖਣਾ ਅਤੇ ਅਜਿਹਾ ਵਾਤਾਵਰਨ ਪੈਦਾ ਕਰਨਾ ਜਿਥੇ ਸਿੱਖੀ ਭਾਵਨਾ ਪੂਰੀ ਤਰ੍ਹਾਂ ਪ੍ਰਗਟ ਹੋ ਸਕੇ।" ਇਸ ਤੋਂ ਅੱਗੇ ਹੋਰ ਮੰਤਵ ਹਨ : "ਸਿੱਖਾਂ ਦੇ ਅੰਦਰ ਧਰਮ-ਭਾਵ ਪੈਦਾ ਕਰਨਾ ਮੁੱਖ ਕਾਰਜ ਹੈ।" ਇਸ ਦੀ ਪ੍ਰਾਪਤੀ ਲਈ ਪ੍ਰਚਾਰਕਾਂ ਅਤੇ ਕੀਰਤਨ ਕਰਨ ਵਾਲਿਆਂ ਨੂੰ ਸਿਖਲਾਈ ਦਿੱਤੀ ਜਾਵੇਗੀ ਅਤੇ ਅੰਮ੍ਰਿਤ ਪ੍ਰਚਾਰ ਦੇ ਨਾਲ ਧਾਰਮਿਕ ਸਾਹਿਤ ਪ੍ਰਕਾਸ਼ਤ ਕੀਤਾ ਜਾਵੇਗਾ। ਧਾਰਮਿਕ ਮੰਤਵਾਂ ਵਿਚ ਵਾਦ-ਵਿਵਾਦ ਦਾ ਇਕ ਹੀ ਮਸਲਾ ਸੀ ਜੋ ਭਾਰਤ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲਿਆਉਣ ਲਈ ਆਲ ਇੰਡੀਆ ਗੁਰਦੁਆਰਾ ਐਕਟ ਪਾਸ ਕਰਵਾਉਣਾ। ਨਾਲ ਹੀ ਵਿਸ਼ਵ ਭਰ ਦੇ ਗੁਰਦੁਆਰਿਆਂ ਵਿਚ ਆਪਣੀ ਆਵਾਜ਼ ਬਣਾਈ ਰੱਖਣੀ ਇਕ ਲੜੀ ਵਿਚ ਪ੍ਰੋਣਾ ਤਾਂ ਜੋ ਧਾਰਮਿਕ ਪ੍ਰਚਾਰ ਦੇ ਸਾਂਝੇ ਢੰਗ-ਤਰੀਕਿਆਂ ਅਤੇ ਸਾਧਨਾਂ ਨਾਲ ਪ੍ਰਭਾਵੀ ਲਾਭ ਉਠਾਇਆ ਜਾ ਸਕੇ," ਇਸ ਵਿਚ ਇਹ ਵੀ ਮੰਗ ਕੀਤੀ ਗਈ ਕਿ ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਅਤੇ ਹੋਰ ਗੁਰਦੁਆਰਿਆਂ "ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ" ਸੁਤੰਤਰ ਪਹੁੰਚ ਦੀ ਖੁੱਲ੍ਹ ਹੋਵੇ। (ਕਪੂਰ ਸਿੰਘ ਨੇ ਨਨਕਾਣਾ ਸਾਹਿਬ ਲਈ "ਵੈਟੀਕਨ ਸਟੇਟੱਸ" ਦੀ ਮੰਗ ਕੀਤੀ।)

ਜਦੋਂ ਧਾਰਮਿਕ ਆਧਾਰ ਵਾਲੀ ਪਾਰਟੀ ਵੱਲੋਂ ਧਾਰਮਿਕ ਆਧਾਰ ਦੀ ਸ਼ਬਦਾਵਲੀ ਵਰਤੀ ਜਾਂਦੀ ਹੈ ਤਾਂ ਕੁਝ ਉਚਿਤ ਹੋ ਸਕਦੀ ਹੈ ਪਰ ਜੇ ਉਸ ਨੂੰ ਸਿਆਸੀ ਮਨੋਰਥਾਂ ਲਈ

ਲਿਆਂਦਾ ਜਾਵੇ ਤਾਂ ਅਜਿਹਾ ਬਹਾਨਾ ਜਚਦਾ ਨਹੀਂ। ਸਭ ਤੋਂ ਵੱਧ ਵਿਵਾਦ ਰੂਪ ਹੈ ਉਪ-ਉਦੇਸ਼ਕਾ/ਭੂਮਿਕਾ (ਪਰੀਐਂਬਲ) : "ਪੰਥ ਦੇ ਸਿਆਸੀ ਮਨੋਰਥ ਦਸਵੇਂ ਗੁਰੂ ਦੇ ਠੀਕ ਹੁਕਮਾਂ ਅਨੁਸਾਰ ਹਨ ਜੋ ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ ਮਨਾਂ ਉਪਰ ਉਕਰੇ ਹੋਏ ਹਨ—ਇਸ ਦਾ ਮਨੋਰਥ ਹੈ, ਖਾਲਸਾ ਜੀ ਕਾ ਬੋਲਬਾਲਾ"—ਹਾਲਾਂਕਿ ਅੱਗੋਂ ਸਪੱਸ਼ਟ ਕੀਤਾ ਗਿਆ ਕਿ ਇਸ ਦੇ ਅਰਥ ਕੇਵਲ ਇਹ ਹਨ : "ਪੰਥ ਦੀ ਸੁਤੰਤਰ ਪਛਾਣ ਬਨਾਉਣੀ ਅਤੇ ਸੰਭਾਲਣੀ," ਆਦਿ, ਜਿਵੇਂ ਕਿ ਪਹਿਲੇ ਹੀ ਉਸ ਮਤੇ ਵਿਚ ਦੱਸਿਆ ਗਿਆ ਹੈ। ਪਰ ਬਹੁਤ ਸਾਰੇ ਗੈਰ-ਅਕਾਲੀਆਂ ਨੇ ਭਰੋਸਾ ਨਹੀਂ ਕੀਤਾ। ਉਨ੍ਹਾਂ ਵਾਸਤੇ ਇਹ ਇਕ ਸਪੱਸ਼ਟ ਯਤਨ ਸੀ ਕਿ ਧਰਮ-ਨਿਰਪੇਖ ਭਾਰਤ ਅੰਦਰ ਧਾਰਮਿਕ-ਪ੍ਰਦੇਸ਼ ਕਾਇਮ ਕੀਤਾ ਜਾਵੇ।

ਮਤੇ ਅਨੁਸਾਰ ਸਿਆਸੀ ਮੰਗਾਂ ਇਸ ਲੋੜ ਤਕ ਸੀਮਿਤ ਹਨ ਕਿ ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ-ਭਾਸ਼ੀ ਇਲਾਕਿਆਂ ਨੂੰ ਮਿਲਾਉਣ ਲਈ ਸੀਮਾਵਾਂ ਮੁੜ ਉਲੀਕੀਆਂ ਜਾਣ, ਕੇਂਦਰੀ ਸਰਕਾਰ ਦੀ ਸੱਤਾ ਅਧੀਨ, ਰੱਖਿਆ, ਵਿਦੇਸ਼ੀ ਮਾਮਲੇ, ਡਾਕ ਅਤੇ ਤਾਰ, ਕਰੰਸੀ ਅਤੇ ਰੇਲਾਂ; ਅਤੇ ਪੰਜਾਬ ਤੋਂ ਬਾਹਰ ਘੱਟ ਸਿੱਖ ਗਿਣਤੀ ਲਈ ਰੱਖਿਆ ਸਾਧਨ।

ਇਸ ਮਤੇ ਵਿਚ ਕੇਂਦਰੀ ਸਰਕਾਰ ਦੀ ਵਿਦੇਸ਼ ਨੀਤੀ ਨੂੰ "ਨਕਾਰਾ ਅਤੇ ਹਾਨੀਕਾਰਕ" ਵਜੋਂ ਫਿਟਕਾਰਿਆ ਗਿਆ ਅਤੇ ਸਰਕਾਰ 'ਤੇ ਬਲ ਦਿੱਤਾ ਕਿ "ਸਾਰੇ ਗੁਆਂਢੀ ਦੇਸ਼ਾਂ ਨਾਲ, ਵਿਸ਼ੇਸ਼ ਕਰਕੇ ਜਿਥੇ ਸਿੱਖ ਵੱਸਦੇ ਹਨ ਜਾਂ ਜਿਥੇ ਉਨ੍ਹਾਂ ਦੇ ਗੁਰਧਾਮ ਹਨ, ਨਾਲ ਅੱਛੇ ਸੰਬੰਧ ਬਣਾਏ ਜਾਣ" (ਮੁੱਖ ਰੂਪ ਵਿਚ ਇਸ਼ਾਰਾ ਪਾਕਿਸਤਾਨ ਵੱਲ ਸੀ)। ਇਸ ਮਤੇ ਵਿਚ ਇਹ ਵੀ ਮੰਗ ਕੀਤੀ ਗਈ ਕਿ ਰੱਖਿਆ ਸੇਵਾਵਾਂ ਵਿਚ ਸਿੱਖਾਂ ਦੀ ਨਿਸਬਤ ਠੀਕ ਰੱਖੀ ਜਾਵੇ। ਹਰ ਵਿਅਕਤੀ ਨੂੰ ਬਿਨਾਂ ਲਾਇਸੈਂਸ ਹਥਿਆਰ ਰੱਖਣ ਦਾ ਅਧਿਕਾਰ ਹੋਵੇ।

ਆਰਥਿਕ ਮਤਿਆਂ ਵਿਚ ਅਕਾਲੀ ਪਾਰਟੀ ਦੇ ਜਮਾਤੀ ਹਿਤਾਂ ਦੀ ਝਲਕ ਹੈ। ਉਹ ਮੰਗ ਕਰਦੇ ਹਨ ਕਿ ਭੂਮੀ ਦੀ ਮਾਲਕੀ ਸਤਾਰਾਂ ਤੋਂ ਤੀਹ ਸਟੈਂਡਰਡ ਏਕੜ ਪ੍ਰਤੀ ਪਰਿਵਾਰ ਕਰ ਦਿੱਤੀ ਜਾਵੇ, ਆੜ੍ਹਤੀਆਂ ਨੂੰ ਹਟਾ ਦਿੱਤਾ ਜਾਵੇ ਅਤੇ ਖੇਤੀਬਾੜੀ ਦੀ ਪੈਦਾਵਾਰ ਲਈ ਕੀਮਤਾਂ ਨਿਸ਼ਚਿਤ ਕਰਨ ਦਾ ਆਧਾਰ ਔਸਤ ਜਾਂ ਸਾਧਾਰਨ ਕਿਸਾਨ ਦੀ ਉਤਪਾਦਨ ਕੀਮਤ 'ਤੇ ਹੋਵੇ। ਅਜਿਹੀਆਂ ਕੀਮਤਾਂ ਪੂਰਵ ਰੂਪ ਵਿਚ ਰਾਜਾਂ ਵੱਲੋਂ ਨਿਸ਼ਚਿਤ ਕੀਤੀਆਂ ਜਾਣ ਨਾ ਕਿ ਕੇਂਦਰੀ ਸਰਕਾਰ ਵੱਲੋਂ। ਰਾਜ ਨੂੰ ਚਾਹੀਦਾ ਹੈ ਕਿ ਅਨਾਜ ਦੀ ਥੋਕ ਦੀ ਵਿਕਰੀ ਆਪਣੇ ਹੱਥ ਲਵੇ ਅਤੇ ਯਕੀਨੀ ਬਣਾਏ ਕਿ ਖੇਤੀਬਾੜੀ ਉਤਪਾਦਨ ਸੁਤੰਤਰ ਰੂਪ ਵਿਚ ਥਾਂ-ਥਾਂ ਜਾਵੇ। ਸਾਰੇ ਦੇ ਸਾਰੇ ਦੇਸ਼ ਨੂੰ ਇਕਹਿਰਾ ਫੂਡ ਜੋਨ ਮੰਨਿਆ ਜਾਵੇ।

ਕਿਸਾਨਾਂ ਲਈ ਤਾਂ ਹੋਰ ਭੂਮੀ ਦੀ ਮੰਗ ਦਾ ਦਾਅਵਾ ਕੀਤਾ ਗਿਆ ਅਤੇ ਖੁੱਲ੍ਹੀ ਮੰਡੀ ਵਿਚ ਉਨ੍ਹਾਂ ਦੀ ਪੈਦਾਵਾਰ ਲਈ ਵੱਧ ਤੋਂ ਵੱਧ ਕੀਮਤ ਲਈ ਕਿਹਾ ਗਿਆ, ਪਰ ਮਤੇ ਵਿਚ ਮੰਗ ਸੀ ਕਿ "ਸਾਰੀਆਂ ਬੁਨਿਆਦੀ ਸਨਅਤਾਂ ਪਬਲਿਕ ਸੈਕਟਰ ਦੇ ਅਧੀਨ ਹੋਣ" ਅਤੇ "ਸਾਰੀਆਂ ਖਪਤਕਾਰੀ ਸਨਅਤਾਂ ਜਿਨ੍ਹਾਂ ਦਾ ਵਿਹਾਰ ਅਵੱਸ਼ਕ ਵਸਤਾਂ ਨਾਲ ਹੋਵੇ, ਉਨ੍ਹਾਂ ਦਾ ਰਾਸ਼ਟਰੀਕਰਨ ਕੀਤਾ ਜਾਵੇ." ਮਤੇ ਵਿਚ ਲੇਬਰ ਜਾਂ ਮਜ਼ਦੂਰਾਂ ਨਾਲ ਵੀ ਅਜਿਹਾ ਹੀ ਵਿਤਕਰੇ ਦਾ ਰਵੱਈਆ ਸੀ। ਸਨਅਤੀ ਮਜ਼ਦੂਰਾਂ ਲਈ ਇਸ ਵਿਚ ਖੁੱਲ੍ਹੇ ਦਿਲ ਨਾਲ "ਲੋੜ ਆਧਾਰ 'ਤੇ ਘੱਟ ਮਜ਼ਦੂਰੀ" ਮੰਗੀ ਗਈ ਪਰ ਖੇਤੀਬਾੜੀ ਮਜ਼ਦੂਰਾਂ ਲਈ ਕੇਵਲ ਉਸ "ਘੱਟ ਮਜ਼ਦੂਰੀ ਦੀ ਸਮੀਖਿਆ ਕੀਤੀ ਜਾਵੇ, ਅਤੇ ਜੇਕਰ ਜ਼ਰੂਰੀ ਹੋਵੇ, ਤਾਂ ਵਧਾਈ ਜਾਵੇ।" ਇਹ ਧਿਆਨਯੋਗ ਹੈ ਕਿ ਜਿਥੇ ਮਤੇ ਵਿਚ ਥੀਨ ਬੰਧ ਦੇ ਸ਼ੀਘਰ ਸੰਪੂਰਨ ਕਰਨ ਦੀ ਮੰਗ ਹੈ ਅਤੇ ਹੋਰ ਬਿਜਲੀਘਰਾਂ ਅਤੇ ਇਕ ਅਨੂ-ਊਰਜਾ ਵਾਲੇ ਬਿਜਲੀਘਰ ਦੀ ਮੰਗ ਕੀਤੀ ਗਈ, ਉਥੇ ਇਸ ਵਿਚ ਦਰਿਆਵਾਂ ਦੇ ਪਾਣੀ ਦੀ ਵੰਡ ਬਾਰੇ ਕੋਈ ਜ਼ਿਕਰ ਨਹੀਂ ਜੋ ਅੱਗੋਂ ਚੱਲ ਕੇ

ਅਕਾਲੀ ਦਲ ਦੀ ਬਹੁਤ ਮਹੱਤਵਪੂਰਨ ਮੰਗ ਬਣ ਗਿਆ ਜੋ ਕੇਂਦਰੀ ਸਰਕਾਰ ਅਤੇ ਗੁਆਂਢੀ ਰਾਜਾਂ 'ਤੇ ਰੱਖੀ ਗਈ।

ਬਹੁਤ ਸਾਰੇ ਅਕਾਲੀ ਜੋਸ਼ ਨਾਲ ਇਸ ਗੱਲ ਤੋਂ ਇਨਕਾਰ ਕਰਦੇ ਰਹੇ ਕਿ ਅਨੰਦਪੁਰ ਸਾਹਿਬ ਮਤੇ ਵਿਚ ਵੱਖਵਾਦ ਦੇ ਕਿਸੇ ਪ੍ਰਕਾਰ ਦੇ ਬੀਜ ਨਹੀਂ ਸਨ ਪਰ ਛੋਟੇ-ਛੋਟੇ ਗੁੱਟ ਬਰਾਬਰ ਦੇ ਜੋਸ਼ ਨਾਲ ਕਹਿੰਦੇ ਸਨ ਕਿ ਇਹ ਇਸ ਸੰਕਲਪ ਦੇ ਆਧਾਰ 'ਤੇ ਹੈ ਕਿ "ਸਿੱਖ ਵੱਖਰੀ ਕੌਮ ਹੈ ਜਿਸ ਨੂੰ ਆਪਣੇ ਰਾਜ ਵਿਚ ਖ਼ੁਦਮੁਖਤਾਰ ਸਰਕਾਰ ਦਾ ਅਧਿਕਾਰ ਹੈ।" ਵੱਖ-ਵਾਦੀਆਂ ਨੂੰ ਅਣਚਿਤਵੇ ਹਲਕਿਆਂ ਤੋਂ ਆਸਰਾ ਮਿਲਣ ਲੱਗ ਪਿਆ। ਮਾਰਚ 1981 ਵਿਚ ਚੀਫ਼ ਖਾਲਸਾ ਦੀਵਾਨ ਨੇ ਸਿੱਖ ਵਿਦਿਅਕ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਗੰਗਾ ਸਿੰਘ ਢਿੱਲੋਂ ਨੂੰ ਬੁਲਾਇਆ। ਉਸ ਨੇ ਕਿਹਾ ਕਿ ਹੋਰ ਭਾਰਤੀਆਂ ਨਾਲੋਂ ਸਿੱਖ ਵੱਖਰੀ (ਨਿਆਰੀ) ਕੌਮ ਹਨ ਅਤੇ ਨਾਲ ਹੀ ਇਸ ਗੱਲ ਲਈ ਪ੍ਰੇਰਿਆ ਕਿ ਸੰਯੁਕਤ ਰਾਸ਼ਟਰ ਨੂੰ ਕਿਹਾ ਜਾਵੇ ਕਿ ਉਨ੍ਹਾਂ ਨੂੰ ਐਸੋਸੀਏਟਿਡ ਸਟੇਟੱਸ ਪ੍ਰਦਾਨ ਕੀਤੀ ਜਾਵੇ। ਚੀਫ਼ ਖਾਲਸਾ ਦੀਵਾਨ ਨੂੰ ਇਕ ਹੋਰ ਮਤਾ ਪਾਸ ਕਰਨ ਲਈ ਇਕ ਮਹੀਨਾ ਲੱਗਾ (ਅਪ੍ਰੈਲ 16, 1981) ਜਿਸ ਅਨੁਸਾਰ ਪਹਿਲਾ ਰੱਦ ਕੀਤਾ ਗਿਆ ਕਿਉਂਕਿ ਉਹ ਦੀਵਾਨ ਦੇ ਮੰਤਵਾਂ ਦੇ ਵਿਰੁੱਧ ਸੀ। ਪਰ ਸ਼ਰਾਰਤ ਤਾਂ ਹੋ ਹੀ ਗਈ ਕਿ ਸਿੱਖਾਂ ਦੀ ਸਭ ਤੋਂ ਪੁਰਾਣੀ ਅਤੇ ਅਤਿਅੰਤ ਮਾਣ-ਸਤਿਕਾਰ ਵਾਲੀ ਸੰਸਥਾ ਨੇ ਅਣਜਾਣੇ ਹੀ ਆਪਣੇ ਫੋਰਮ ਜਾਂ ਮੰਚ ਨੂੰ ਵੱਖਰੀ ਕੌਮ ਦੇ ਸਿਧਾਂਤ ਨੂੰ ਵਰਤਣ ਦੀ ਆਗਿਆ ਦਿੱਤੀ।

ਜਦੋਂ ਅਕਾਲੀਆਂ ਦੀ ਸਰਕਾਰ ਸੀ, ਉਦੋਂ ਅਨੰਦਪੁਰ ਸਾਹਿਬ ਮਤਾ ਰਸਮੀ ਤੌਰ 'ਤੇ ਪਰਵਾਨ ਕੀਤਾ ਗਿਆ ਸੀ ਅਤੇ ਅੱਗੋਂ ਜਨਤਾ ਹਕੂਮਤ ਵੇਲੇ ਵੀ ਉਨ੍ਹਾਂ ਕੇਂਦਰੀ ਸਰਕਾਰ ਉਪਰ ਕੋਈ ਬਲ ਨਹੀਂ ਦਿੱਤਾ ਕਿ ਇਹ ਸਵੀਕਾਰ ਕੀਤਾ ਜਾਵੇ। ਸਗੋਂ ਇਸ ਨੂੰ ਗੁੱਝਾ ਰਖਿਆ ਗਿਆ ਤਾਂ ਜੋ ਉਸ ਵੇਲੇ ਉਛਾਲਿਆ ਜਾਵੇ ਜਦੋਂ ਉਹ ਸੱਤਾਹੀਣ ਹੋਣਗੇ ਅਤੇ ਇਸ ਦੇ ਅਸਵੀਕਾਰ ਕਰਨ ਨੂੰ ਰੋਸ ਵਜੋਂ ਅੰਦੋਲਨ ਦੇ ਹੱਕ ਖਾਤਰ ਵਰਤਣਗੇ। ਨਾਲ ਹੀ, ਜਦੋਂ ਉਨ੍ਹਾਂ ਨੂੰ ਰਾਸ ਆਇਆ ਤਾਂ ਹੋਰ ਸੁਤੰਤਰਤਾ (ਅਟਾਨੋਮੀ) ਦੀ ਮੰਗ ਵਜੋਂ ਅੱਗੇ ਰਖਿਆ ਜਿਵੇਂ ਕਿ ਹੋਰ ਪਾਰਟੀਆਂ ਕਰ ਰਹੀਆਂ ਸਨ—ਕਮਿਊਨਿਸਟ ਪਾਰਟੀਆਂ ਜਨਤਾ ਅਤੇ ਰੀਜਨਲ ਪਾਰਟੀਆਂ ਜਿਵੇਂ ਕਿ ਡੀ.ਐਮ.ਕੇ., ਏ.ਆਈ.ਡੀ.ਐਮ.ਕੇ. ਅਤੇ ਤੇਲਗੂ ਦੇਸ਼ਮ ਪਾਰਟੀ। ਇਨ੍ਹਾਂ ਦੀ ਦਲੀਲ ਵਿਚ ਇਕ ਹੀ ਕੰਡਾ ਸੀ ਕਿ ਪੂਰੇ ਰੂਪ ਵਿਚ ਸਿੱਖ ਪਾਰਟੀ ਹੁੰਦਿਆਂ ਇਨ੍ਹਾਂ ਕਦੇ ਪੰਜਾਬੀ ਹਿੰਦੂਆਂ ਦੀ ਹਮਾਇਤ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਪ੍ਰਕਾਰ ਇਨ੍ਹਾਂ ਦੀ ਮੰਗ 'ਤੇ ਸੰਪਰਦਾਇਕ ਰੰਗ ਸੀ। ਇਕ ਹੋਰ ਚਿੜਾਉਣ ਵਾਲਾ ਹਵਾਲਾ ਸੀ ਕਿ ਸਿੱਖ ਇਕ ਵੱਖਰੀ ਕੌਮ ਹਨ। ਭਾਵੇਂ ਅਕਾਲੀ ਲੀਡਰਾਂ ਨੇ ਇਹ ਭੁਲੇਖਾ ਦੂਰ ਕਰਨ ਲਈ ਬਹੁਤ ਜ਼ੋਰ ਲਾਇਆ ਕਿ ਵੱਖਰੀ ਕੌਮ ਦਾ ਮਤਲਬ ਵੱਖਰੀ ਧਾਰਮਿਕ ਬਰਾਦਰੀ ਜਾਂ ਕੌਮ ਹੈ ਪਰ ਵੱਖਰਾ ਰਾਸ਼ਟਰ ਨਹੀਂ। ਪਰ ਉਨ੍ਹਾਂ ਦੀ ਪਾਰਟੀ ਨੇ ਕੋਈ ਗੱਲ ਗੁਪਤ ਨਹੀਂ ਰੱਖੀ ਕਿ ਅਨੰਦਪੁਰ ਸਾਹਿਬ ਮਤਾ ਵੱਖਰੀ ਰਾਸ਼ਟਰੀ ਪਛਾਣ ਦੀ ਉਨ੍ਹਾਂ ਦੀ ਇੱਛਾ ਦਾ ਪ੍ਰਗਟਾਵਾ ਸੀ।

ਸ੍ਰੀਮਤੀ ਇੰਦਿਰਾ ਗਾਂਧੀ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਸੱਤਾਧਾਰੀ ਅਕਾਲੀ ਸੱਤਾਹੀਣ ਅਕਾਲੀਆਂ ਨਾਲੋਂ ਵੱਖਰੀ ਸ਼੍ਰੇਣੀ ਦੇ ਹੁੰਦੇ ਹਨ। ਜੇਕਰ ਉਨ੍ਹਾਂ ਨੂੰ ਪੰਜਾਬ ਵਿਚ ਹਕੂਮਤ ਕਰਨ ਦਿੱਤੀ ਜਾਵੇ ਜਾਂ ਹਕੂਮਤ ਵਿਚ ਉਹ ਭਾਗੀਦਾਰ ਹੋਣ ਤਾਂ ਉਹ ਕੇਂਦਰੀ ਸਰਕਾਰ ਨੂੰ ਸਹਿਯੋਗ ਦੇਣ ਲਈ ਵਧੇਰੇ ਰਜ਼ਾਮੰਦ ਹੁੰਦੇ ਹਨ। ਜੇਕਰ ਸੱਤਾ ਦੇ ਭਾਗੀਦਾਰ ਨਾ ਬਣਾਇਆ ਜਾਵੇ ਤਾਂ ਉਹ ਏਨੇ ਸ਼ਕਤੀਸ਼ਾਲੀ ਹੁੰਦੇ ਹਨ ਕਿ ਜੱਦੋਜਹਿਦ ਆਰੰਭ ਕਰ ਦਿੰਦੇ

ਹਨ ਅਤੇ ਸਰਕਾਰ ਚਲਾਉਣ ਦਾ ਕੰਮ ਔਖਾ ਕਰ ਦਿੰਦੇ ਹਨ। ਜਦੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਸੰਨ 1980 ਵਿਚ ਪਾਰਲੀਮਾਨੀ ਚੋਣਾਂ ਜਿੱਤੀਆਂ ਤਾਂ ਬਾਦਲ ਨੇ ਉਸ ਨੂੰ ਗਿਆਤ ਕਰਾ ਦਿੱਤਾ ਸੀ ਕਿ ਜੇਕਰ ਉਸ ਨੂੰ ਪੰਜਾਬ ਵਿਚ ਖੁੱਲ੍ਹ ਬਖਸ਼ੀ ਰੱਖੀ ਤਾਂ ਉਹ ਕੇਂਦਰ ਸਰਕਾਰ ਨੂੰ ਸਹਿਯੋਗ ਦੇਵੇਗਾ। ਪਰ ਸ੍ਰੀਮਤੀ ਗਾਂਧੀ ਨੇ ਉਸ ਦੀ ਪੇਸ਼ਕਸ਼ ਠੁਕਰਾ ਦਿੱਤੀ ਅਤੇ ਉਸ ਦੀ ਸਰਕਾਰ ਬਰਤਰਫ਼ ਕਰ ਦਿੱਤੀ। ਉਸ ਅਕਾਲੀਆਂ ਪਾਸੋਂ ਬਦਲਾ ਲੈਣਾ ਸੀ ਕਿਉਂਕਿ ਉਹ ਜੈਪ੍ਰਕਾਸ਼ ਨਾਰਾਇਣ ਦੇ ਪਿੱਛੇ ਲੱਗੇ ਸਨ ਅਤੇ ਉਸ ਵੱਲੋਂ ਜੂਨ 26, 1975 ਨੂੰ ਲਾਗੂ ਕੀਤੀ ਐਮਰਜੈਂਸੀ ਦੇ ਵਿਰੁੱਧ ਸ਼ਾਂਤਮਈ ਵਿਰੋਧ ਜਾਰੀ ਰਖਿਆ ਜੋ ਅਠਾਰਾਂ ਮਹੀਨੇ ਤਕ ਜਾਰੀ ਰਿਹਾ। ਪਰ ਉਸ ਵੇਲੇ ਇੰਦਿਰਾ ਲਹਿਰ ਦੀ ਸਿਖਰ 'ਤੇ ਸੀ ਅਤੇ ਉਸ ਨੂੰ ਪੰਜਾਬ ਵਿਧਾਨ ਸਭਾ ਵਿਚ ਸਪੱਸ਼ਟ ਬਹੁਮਤ ਜਿੱਤਣ ਵਿਚ ਕੋਈ ਔਖ ਨਾ ਹੋਈ ਅਤੇ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਅਕਲੀ ਜਾਣਦੇ ਸਨ ਕਿ ਚੁਣੇ ਹੋਇਆਂ ਦੀ ਸੰਖਿਆ ਉਨ੍ਹਾਂ ਦੇ ਵਿਰੁੱਧ ਸੀ ਅਤੇ ਉਹ ਕਾਂਗਰਸ ਪਾਰਟੀ ਨੂੰ ਗੱਦੀ ਤੋਂ ਲਾਹ ਨਹੀਂ ਸਕਦੇ ਸਨ। ਇਸ ਲਈ ਉਨ੍ਹਾਂ ਪ੍ਰਸ਼ਾਸਨ ਲਈ ਕਠਿਨਾਈਆਂ ਪੈਦਾ ਕਰਨ ਦਾ ਫ਼ੈਸਲਾ ਕੀਤਾ। ਅਗਸਤ 1980 ਤੋਂ ਸਤੰਬਰ 1981 ਤਕ ਉਨ੍ਹਾਂ ਲਗਾਤਾਰ ਸੱਤ ਅੰਦੋਲਨ ਚਲਾਏ ਜਿਨ੍ਹਾਂ ਵਿਚ 25,000 ਵਾਲੰਟੀਅਰਾਂ ਨੇ ਆਪਣੇ-ਆਪ ਨੂੰ ਕੈਦ ਲਈ ਪੇਸ਼ ਕੀਤਾ।

ਜਦੋਂ ਕੇਂਦਰ ਨੇ ਉਨ੍ਹਾਂ ਨੂੰ ਆਪਣੀਆਂ ਮੰਗਾਂ ਦੱਸਣ ਬਾਰੇ ਕਿਹਾ ਤਾਂ ਉਨ੍ਹਾਂ ਨੇ ਰੋਸ ਦੇ ਪੰਜਤਾਲੀ ਕਾਰਨਾਂ ਦੀ ਸੂਚੀ ਭੇਂਟ ਕਰ ਦਿੱਤੀ। ਕੁਝ ਤਾਂ ਸਾਰਥਕ ਸਨ, ਚੰਡੀਗੜ੍ਹ ਅਜੇ ਪੰਜਾਬ ਨੂੰ ਨਹੀਂ ਦਿੱਤਾ ਗਿਆ ਸੀ (ਬਾਦਲ ਨੇ ਆਪ ਇਸ ਮੁੱਦੇ ਉਪਰ ਜ਼ੋਰ ਨਹੀਂ ਦਿੱਤਾ ਸੀ, ਜਦੋਂ ਉਹ ਮੁੱਖ ਮੰਤਰੀ ਸੀ)। ਰਾਜ ਦੀਆਂ ਸੀਮਾਵਾਂ ਦਾ ਪੁਨਰ-ਮਿਲਨ ਨਹੀਂ ਕੀਤਾ ਗਿਆ ਸੀ ਅਤੇ ਪੰਜਾਬੀ-ਭਾਸ਼ੀ ਪਿੰਡ ਗੁਆਂਢੀ ਰਾਜਾਂ ਵਿਚ ਹੀ ਸਨ। ਦਰਿਆਵਾਂ ਦੇ ਪਾਣੀ ਦੀ ਵੰਡ ਜੋ ਪੰਜਾਬ ਨੇ ਕੀਤੀ ਸੀ, ਉਹ ਵੀ ਸਵੀਕਾਰ ਨਾ ਕੀਤੀ ਗਈ। ਪੰਜਾਬ ਵਿਚ ਕੋਈ ਭਾਰੀ ਸਨਅਤ ਨਹੀਂ ਸੀ, ਅਤੇ ਕੇਂਦਰ ਵੱਲੋਂ ਸਹਾਇਤਾ ਵੀ ਨਾਂ-ਮਾਤਰ ਸੀ। ਪੰਜਾਬ ਦੇ ਕਿਸਾਨਾਂ ਨੂੰ ਉੱਤਰ ਪ੍ਰਦੇਸ਼ ਵਿਚੋਂ ਕੱਢਿਆ ਜਾ ਰਿਹਾ ਸੀ। ਆਲ ਇੰਡੀਆ ਗੁਰਦੁਆਰਾ ਐਕਟ ਪਾਸ ਨਹੀਂ ਕੀਤਾ ਗਿਆ ਸੀ। ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਸਤਖੇਪ ਜਾਰੀ ਸੀ। ਗੁਰਦੁਆਰਿਆਂ ਵਿਚ ਵੀ ਦਖ਼ਲਅੰਦਾਜ਼ੀ ਜਾਰੀ ਸੀ। ਇਹ ਪਹਿਲੀ ਵਾਰ ਸੀ ਕਿ "ਸਿੱਖਾਂ ਦੇ ਪਰਸਨਲ-ਲਾਅ ਦੀ ਨਾ-ਮਨਜ਼ੂਰੀ" ਨੂੰ ਰੋਸ ਦਾ ਰੂਪ ਦਿੱਤਾ ਗਿਆ। ਸੂਚੀ ਵਿਚ ਕੁਝ ਮਾਮੂਲੀ ਮੰਗਾਂ ਵੀ ਸਨ ਜੋ ਨਿਰੋਲ ਧਾਰਮਿਕ ਰੂਪ ਦੀਆਂ ਸਨ, ਜਿਵੇਂ ਸ੍ਰੀ ਅੰਮ੍ਰਿਤਸਰ ਨੂੰ ਕੁਰੂਕਸ਼ੇਤਰ, ਹਰਿਦੁਆਰ ਅਤੇ ਬਨਾਰਸ ਵਾਂਗ 'ਹੋਲੀ ਸਿਟੀ'—ਪਵਿੱਤਰ ਸ਼ਹਿਰ—ਘੋਸ਼ਿਤ ਕਰ ਦਿੱਤਾ ਜਾਵੇ ਜਿਥੇ ਸਿਗਰਟ-ਬੀੜੀ ਅਤੇ ਸ਼ਰਾਬ ਦੀ ਵਿਕਰੀ 'ਤੇ ਰੋਕ ਹੋਵੇ। ਹਰਿਮੰਦਰ ਸਾਹਿਬ ਨੂੰ ਆਪਣਾ ਟ੍ਰਾਂਸਮੀਟਰ ਲਾਉਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਜਾ ਸਕੇ। ਇਕ ਰੇਲਗੱਡੀ ਜੋ ਫਲਾਇੰਗ ਮੇਲ ਸੀ, ਉਸ ਦਾ ਨਾਮ 'ਹਰਿਮੰਦਰ ਐਕਸਪ੍ਰੈੱਸ' ਰਖਿਆ ਜਾਵੇ।

ਜਦੋਂ ਉਨ੍ਹਾਂ ਦੀਆਂ ਮੰਗਾਂ ਵੱਲ ਕੰਨ ਨਾ ਧਰਿਆ ਗਿਆ ਤਾਂ ਅਕਾਲੀਆਂ ਨੇ 'ਧਰਮਯੁੱਧ' ਮੋਰਚਾ ਚਾਲੂ ਕਰਨ ਦਾ ਫ਼ੈਸਲਾ ਕਰ ਲਿਆ। ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਇਸ ਦੇ ਆਯੋਜਨ ਲਈ ਨਿਯੁਕਤ ਕੀਤਾ ਗਿਆ। 'ਇਹ ਧਰਮਯੁੱਧ ਕਿਉਂ ?' ਦੇ ਸਿਰਲੇਖ ਅਧੀਨ ਇਕ ਪੈਂਫਲਿਟ ਪ੍ਰਕਾਸ਼ਿਤ ਕੀਤਾ ਗਿਆ, ਜਿਸ ਵਿਚ ਉਨ੍ਹਾਂ ਇਨ੍ਹਾਂ ਸ਼ਬਦਾਂ ਵਿਚ ਉਦੇਸ਼ ਬਿਆਨ ਕੀਤਾ : "ਸਿੱਖਾਂ ਨੂੰ ਮਜਬੂਰ ਕੀਤਾ ਗਿਆ ਹੈ ਕਿ ਉਹ ਭਾਰਤ ਸਰਕਾਰ ਦੇ ਵਿਰੁੱਧ ਮੋਰਚਾ ਲਾਉਣ ਕਿਉਂਕਿ ਸੱਤਾਧਾਰੀ ਪਾਰਟੀ ਨੇ ਨਾ ਕੇਵਲ ਉਹ ਵਚਨ ਪੂਰੇ ਕਰਨ ਤੋਂ

ਇਨਕਾਰ ਕੀਤਾ ਹੈ, ਜਿਹੜੇ ਉਸ ਸੁਤੰਤਰਤਾ ਵਾਲੀ ਸ਼ਾਮ ਨੂੰ ਉਨ੍ਹਾਂ ਨਾਲ ਕੀਤੇ ਸਨ, ਸਗੋਂ ਇਸ ਕਾਰਨ ਵੀ ਕਿ ਲਗਾਤਾਰ ਅਤੇ ਜਾਣ-ਬੁੱਝ ਕੇ ਇਹ ਯਤਨ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਨੂੰ ਈਰਖਾ ਕਰਨ ਯੋਗ ਦੂਜੇ ਨੰਬਰ ਦੇ ਸ਼ਹਿਰੀ ਬਣਾ ਦਿੱਤਾ ਜਾਵੇ।

ਸ੍ਰੀਮਤੀ ਇੰਦਿਰਾ ਗਾਂਧੀ ਨੇ ਧਰਮਯੁੱਧ ਮੋਰਚੇ ਵੱਲ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ ਅਤੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਉਸ ਨੂੰ ਮੁੜ ਵਿਸ਼ਵਾਸ ਦਿਵਾਇਆ ਕਿ ਉਹ ਇਸ ਮੋਰਚੇ ਨਾਲ ਨਿਪਟ ਲਵੇਗਾ। ਦੋਹਾਂ ਵਿਚੋਂ ਕਿਸੇ ਨੇ ਵੀ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਲੰਮੇ ਸਮੇਂ ਲਈ ਅਕਾਲੀ ਮੰਗਾਂ ਬਾਰੇ ਆਨੇ-ਬਹਾਨੇ ਕੀਤੇ ਗਏ ਤਾਂ ਨਰਮ ਦਲੀਏ, ਗਰਮ ਦਲੀਆਂ ਅਤੇ ਖਾਲਿਸਤਾਨੀਆਂ ਅੱਗੇ ਝੁਕ ਜਾਣਗੇ।

ਅਕਤੂਬਰ 1981 ਵਿਚ ਅਕਾਲੀ ਦਲ ਨੇ ਸਰਕਾਰ ਨੂੰ ਪੰਦਰਾਂ ਮੰਗਾਂ ਦੀ ਸੰਖੇਪ ਸੂਚੀ ਪੇਸ਼ ਕੀਤੀ। ਇਸ ਵਿਚ ਉਨ੍ਹਾਂ ਦੁਹਰਾਇਆ ਕਿ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਵੱਖਵਾਦੀ ਨਹੀਂ ਹੈ ਅਤੇ ਉਹ ਪਰਵਾਨ ਕਰਨ ਲਈ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ "ਰਾਜਾਂ ਦਾ ਵਿਕਾਸ ਕੇਂਦਰ ਦੀ ਖ਼ੁਸ਼ਹਾਲੀ ਬਣ ਜਾਵੇ।" ਸੂਚੀ ਵਿਚ ਭਿੰਡਰਾਂਵਾਲੇ ਦੀ ਰਿਹਾਈ ਦੀ ਮੰਗ ਵੀ ਕੀਤੀ ਗਈ ਜੋ ਉਸ ਵੇਲੇ ਜੇਲ੍ਹ ਵਿਚ ਸੀ। ਪੰਜਾਬ ਐਂਡ ਸਿੰਧ ਬੈਂਕ ਦੇ ਰਾਸ਼ਟਰੀਕਰਨ ਉਪਰੰਤ ਸਰਕਾਰੀ ਅਦਾਰਾ ਬਣ ਜਾਣ 'ਤੇ ਇਕ ਨਵਾਂ ਬੈਂਕ ਖੋਲ੍ਹੇ ਜਾਣ ਲਈ ਲਾਇਸੈਂਸ ਦੀ ਮੰਗ ਕੀਤੀ ਗਈ। ਗੁਆਂਢੀ ਰਾਜਾਂ ਹਿਮਾਚਲ, ਹਰਿਆਣਾ ਅਤੇ ਦਿੱਲੀ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਜਿਥੇ ਅਸਲ ਵਿਚ ਪੰਜਾਬੀ ਬਹੁਤੀ ਬੋਲੀ ਜਾਣ ਵਾਲੀ ਦੂਜੀ ਭਾਸ਼ਾ ਹੈ। ਪੰਜਤਾਲੀਆਂ ਵਿਚ ਜਾਂ ਪੰਦਰਾਂ ਮੰਗਾਂ ਵਿਚ ਅਜਿਹਾ ਕੁਝ ਨਹੀਂ ਸੀ ਜਿਸ ਨੂੰ ਵੱਖਵਾਦ ਜਾਂ ਅਸੰਵਿਧਾਨਕ ਕਿਹਾ ਜਾਵੇ। ਸ਼ਬਦਾਵਲੀ ਵਜੋਂ ਵੀ ਦੋਵੇਂ ਸੂਚੀਆਂ ਅਨੰਦਪੁਰ ਸਾਹਿਬ ਮਤੇ ਨਾਲ ਮਿਲਦੀਆਂ ਨਹੀਂ ਸਨ, ਜਿਥੋਂ ਤਕ ਵੱਖਰੀ ਪਛਾਣ ਜਾਂ ਉੱਚਤਾ ਲਈ ਜ਼ੋਰ ਦਾ ਸਵਾਲ ਸੀ। ਬਸ ਏਨਾ ਹੀ ਦਰਕਾਰ ਸੀ ਕਿ ਕੁਝ ਪਰਸਪਰ ਲੈਣ-ਦੇਣ ਹੋ ਜਾਵੇ, ਕੇਂਦਰ, ਅਕਾਲੀਆਂ ਅਤੇ ਗੁਆਂਢੀ ਰਾਜਾਂ ਵਿਚਕਾਰ ਸਮਝੌਤੇ ਲਈ। ਪਰ ਅਜਿਹਾ ਸ੍ਰੀਮਤੀ ਇੰਦਿਰਾ ਗਾਂਧੀ ਨੂੰ ਉਚਿਤ ਨਹੀਂ ਜਾਪਦਾ ਸੀ ਕਿਉਂਕਿ ਅਜਿਹਾ ਨਾ ਸਮਝਿਆ ਜਾਵੇ ਕਿ ਹਿੰਦੂਆਂ ਦੇ ਸਿਰ 'ਤੇ ਸਿੱਖਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਹਨ। ਉਸ ਦੀਆਂ ਨਜ਼ਰਾਂ ਗੁਆਂਢੀ ਰਾਜਾਂ ਬਾਰੇ ਪਾਰਟੀ ਦੀਆਂ ਚੋਣ-ਸੰਭਾਵਨਾਵਾਂ ਬਾਰੇ ਗੱਡੀਆਂ ਹੋਈਆਂ ਸਨ। ਉਸ ਵੇਲੇ ਹਰਿਆਣਾ ਵਿਚ ਚੋਣਾਂ ਹੋਣ ਵਾਲੀਆਂ ਸਨ।

ਸਰਕਾਰ ਵੱਲੋਂ ਪੰਜਾਬੀ ਅੰਦੋਲਨ ਬਾਰੇ ਜਾਰੀ ਕੀਤੇ ਸਫੇਦ-ਪੱਤਰ ਵਿਚ ਇਹ ਸਿੱਧ ਕਰਨ ਵਿਚ ਕਰੜੀ ਮਿਹਨਤ ਕੀਤੀ ਗਈ ਕਿ ਅਕਾਲੀਆਂ ਨਾਲ ਸਮਝੌਤਾ ਕਰਨ ਲਈ ਸਰਕਾਰ ਕਾਫ਼ੀ ਪਿੱਛੇ ਵੱਲ ਝੁਕੀ ਹੈ ਪਰ ਹਰ ਕਦਮ 'ਤੇ ਅਕਾਲੀਆਂ ਵੱਲੋਂ ਅੜਿੱਕੇ ਲਾਏ ਗਏ ਹਨ; ਕਦੇ ਆਪਣਾ ਵਤੀਰਾ ਬਦਲ ਲਿਆ ਹੈ ਜਾਂ ਫਿਰ ਨਵੀਆਂ ਮੰਗਾਂ ਪੇਸ਼ ਕਰ ਦਿੱਤੀਆਂ ਹਨ। ਇਸ ਦੇ ਨਾਲ ਇਹ ਕੈਲੰਡਰ ਨੱਥੀ ਕੀਤਾ ਗਿਆ ਜਿਸ ਵਿਚ ਦਰਸਾਇਆ ਗਿਆ ਕਿ ਨਵੰਬਰ 16, 1981 ਅਤੇ ਫਰਵਰੀ 2, 1984 ਅੰਦਰ ਅਕਾਲੀਆਂ ਅਤੇ ਸਰਕਾਰ ਵਿਚਕਾਰ ਛੱਬੀ ਇਕੱਤਰਤਾਵਾਂ ਹੋਈਆਂ, ਤਿੰਨ ਪ੍ਰਧਾਨ ਮੰਤਰੀ ਨਾਲ, ਚਾਰ ਯੂਨੀਅਨ ਮੰਤਰੀ-ਮੰਡਲ ਦੇ ਮੈਂਬਰਾਂ ਨਾਲ, ਨੌਂ ਗੁਪਤ ਸਨ ਅਤੇ ਦਸ ਅਜਿਹੀਆਂ ਜਿਨ੍ਹਾਂ ਵਿਚ ਵਿਰੋਧੀ ਪਾਰਟੀਆਂ ਹਾਜ਼ਰ ਸਨ। ਅਕਾਲੀ ਪ੍ਰਤੀਨਿਧ ਲਗਭਗ ਉਹ ਹੀ ਰਹੇ : ਲੌਂਗੋਵਾਲ, ਟੌਹੜਾ, ਬਾਦਲ, ਬਰਨਾਲਾ, ਬਲਵੰਤ ਸਿੰਘ ਅਤੇ ਕਿਸੇ-ਕਿਸੇ ਵੇਲੇ ਰਾਜਿੰਦਰ ਸਿੰਘ ਭਾਟੀਆ ਸੰਪਾਦਕ 'ਕੌਮੀ ਏਕਤਾ' ਅਤੇ ਰਵੀਇੰਦਰ ਸਿੰਘ। ਸਰਕਾਰ ਵੱਲੋਂ ਮੰਤਰੀ ਮੰਡਲ ਦੇ ਮੰਤਰੀ ਅਤੇ ਸੀਨੀਅਰ ਬਿਊਰੋਕ੍ਰੇਟ। ਵਿਰੋਧੀ ਪਾਰਟੀਆਂ ਦੇ ਅਨੇਕਾਂ ਨੇਤਾ, ਜਿਨ੍ਹਾਂ ਵਿਚ ਸ਼ਾਮਲ ਸਨ,

ਫ਼ਾਰੂਕ ਅਬਦੁੱਲਾ (ਮੁੱਖ ਮੰਤਰੀ ਜੰਮੂ-ਕਸ਼ਮੀਰ), ਐਲ.ਕੇ. ਅਡਵਾਨੀ ਅਤੇ ਮਧੂ ਦੰਡਵਤੇ ਅਤੇ ਨਾਲ ਹੀ ਪੁਰਾਣਿਆਂ ਵਿਚੋਂ ਸਵਰਨ ਸਿੰਘ ਅਤੇ ਨੌਜਵਾਨਾ ਵਿਚੋਂ ਪਟਿਆਲਾ ਦੇ ਕੈਪਟਨ ਅਮਰਿੰਦਰ ਸਿੰਘ। ਦੋਹਾਂ ਧਿਰਾਂ ਨੂੰ ਸਮਝੌਤੇ ਦੇ ਨੇੜੇ ਲਿਆਉਣ ਲਈ ਯਤਨਸ਼ੀਲ ਸੀ ਹਰਕਿਸ਼ਨ ਸਿੰਘ ਸੁਰਜੀਤ, ਕਮਿਊਨਿਸਟ ਐਮ.ਪੀ. ਅਤੇ ਪੋਲਿਟ ਬਿਊਰੋ ਦਾ ਮੈਂਬਰ। ਗੈਰ-ਸਰਕਾਰੀ ਸਰੋਤ ਇਸ ਧਾਰਨਾ ਦੇ ਸਨ ਕਿ ਪੰਜ ਅਵਸਰਾਂ 'ਤੇ ਸਮਝੌਤੇ ਦੀਆ ਸ਼ਰਤਾਂ ਦੀ ਗੱਲ ਲਗਭਗ ਸਿਰੇ ਲੱਗ ਰਹੀ ਸੀ ਪਰ ਅਕਾਲੀਆ ਵੱਲੋਂ ਨਹੀਂ ਸਗੋਂ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਪ੍ਰਤੀਬੱਧਤਾ ਹਟਾਈ ਗਈ। ਇਨ੍ਹਾਂ ਅਵਸਰਾਂ ਵਿਚੋਂ ਇਕ ਵਾਰ ਜੋ ਸ਼ਰਤਾ ਉਲੀਕੀਆਂ ਗਈਆਂ ਉਹ ਸ੍ਰੀਮਤੀ ਇੰਦਰਾ ਗਾਂਧੀ ਦੀ ਤਰਫੋਂ ਨਵੰਬਰ 2, 1982 ਨੂੰ ਹਰਕਿਸ਼ਨ ਸਿੰਘ ਸੁਰਜੀਤ ਅਤੇ ਸਵਰਨ ਸਿੰਘ ਵੱਲੋਂ ਸਨ। ਇਹ ਮੰਨ ਲਿਆ ਗਿਆ ਕਿ ਅਗਲੇ ਦਿਨ ਸੰਸਦ ਵਿਚ ਸਮਝੌਤੇ ਦਾ ਐਲਾਨ ਕਰ ਦਿੱਤਾ ਜਾਵੇਗਾ। ਪਰ ਅਗਲੇ ਦਿਨ ਜੋ ਬਿਆਨ ਦਿੱਤਾ ਗਿਆ ਉਹ ਉਸ ਨਾਲੋਂ ਵੱਖਰਾ ਸੀ ਜੋ ਅਕਾਲੀਆਂ ਨੇ ਮੰਨਿਆ ਸੀ। ਉਨ੍ਹਾਂ ਉਸੇ ਵੇਲੇ ਇਸ ਨੂੰ ਵਿਸ਼ਵਾਸਘਾਤ ਕਹਿ ਕੇ ਨਕਾਰਿਆ। ਸਵਰਨ ਸਿੰਘ ਦੀ ਟਿੱਪਣੀ ਸੀ, "ਨਾ ਇਹ ਸਮਝੌਤੇ ਦੀ ਭਾਸ਼ਾ ਹੈ ਅਤੇ ਨਾ ਹੀ ਉਸ ਦੀ ਭਾਵਨਾ।" ਪੰਦਰਾਂ ਦਿਨਾਂ ਉਪਰੰਤ (ਨਵੰਬਰ 18 ਨੂੰ) ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਪ੍ਰਾਈਵੇਟ ਸੈਕ੍ਰੇਟਰੀ, ਪੀ.ਸੀ. ਅਲੈਗਜ਼ੈਂਡਰ ਦੇ ਨਿਵਾਸ ਸਥਾਨ 'ਤੇ ਇਕ ਵਾਰ ਮੁੜ ਸਮਝੌਤਾ ਹੋਇਆ। ਇਕ ਵਾਰ ਫਿਰ ਸ੍ਰੀਮਤੀ ਇੰਦਰਾ ਗਾਂਧੀ ਦਾ ਮਨ ਆਖਰੀ ਮਿੰਟ ਵਿਚ ਬਦਲ ਗਿਆ।

ਵਿਰੋਧੀ ਨੇਤਾਵਾ ਦੇ ਜੋਰ ਦੇਣ 'ਤੇ ਸੰਨ 1983 ਵਿਚ ਮੁੜ ਗੱਲ-ਬਾਤ ਤੋਰੀ ਗਈ। ਇਨ੍ਹਾਂ ਤ੍ਰੈ-ਪਾਰਟੀ ਮੀਟਿੰਗਾਂ ਵਿਚ ਕਾਬੀਨਾ ਕਮੇਟੀ ਦੇ ਮੈਂਬਰ ਹਾਜ਼ਰ ਸਨ, ਅਕਾਲੀਆਂ ਨੇ ਸੱਤ ਹਿੰਦੀ ਭਾਸ਼ੀ ਪਿੰਡ ਹਰਿਆਣੇ ਨੂੰ ਸੌਂਪਣੇ ਪਰਵਾਨ ਕਰ ਲਏ। ਪਰ ਗੱਲ-ਬਾਤ ਮੁੜ ਟੁੱਟ ਗਈ ਕਿਉਂਕਿ ਸਰਕਾਰੀ ਪ੍ਰਤੀਨਿਧਾਂ ਨੇ ਜ਼ਿੱਦ ਕੀਤੀ ਕਿ ਸ੍ਰੀਮਤੀ ਇੰਦਿਰਾ ਗਾਂਧੀ ਦਾ ਸੰਨ 1970 ਦਾ ਅਵਾਰਡ ਪੂਰੇ ਦਾ ਪੂਰਾ ਪਰਵਾਨ ਕੀਤਾ ਜਾਵੇ, ਭਾਵ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ ਜੇਕਰ ਅਕਾਲੀ ਫ਼ਾਜ਼ਿਲਕਾ ਅਤੇ ਅਬੋਹਰ ਨੂੰ ਦੇਣਾ ਮੰਨ ਲੈਣ। ਅਪ੍ਰੈਲ 20,1983 ਦੇ ਗੇੜ ਵਿਚ ਇਹੋ ਗੱਲ ਦੁਹਰਾਈ ਗਈ। ਅਕਾਲੀਆਂ ਨੇ ਇਹ ਮੰਨ ਲਿਆ ਕਿ ਚੰਡੀਗੜ੍ਹ ਨਾਲ ਜੁੜਵੇਂ ਹਿੰਦੀ-ਭਾਸ਼ੀ ਇਲਾਕੇ ਦਿੱਤੇ ਜਾ ਸਕਦੇ ਹਨ ਪਰ ਫ਼ਾਜ਼ਲਕਾ ਅਤੇ ਅਬੋਹਰ ਨਹੀਂ ਦਿੱਤੇ ਜਾ ਸਕਦੇ ਕਿਉਂਕਿ ਨਾ ਉਹ ਹਿੰਦੀ-ਭਾਸ਼ੀ ਹਨ ਅਤੇ ਨਾ ਹੀ ਜੁੜਵੇਂ ਹਨ। ਸ੍ਰੀਮਤੀ ਗਾਂਧੀ ਨੂੰ ਇਸ ਗੱਲ 'ਤੇ ਵੱਧ ਚਿੜ ਆਈ ਕਿ ਵਿਰੋਧੀ ਦਲਾਂ ਅਤੇ ਅਕਾਲੀਆ ਨੇ ਮਿਲ ਕੇ ਸਹਿਮਤੀ ਬਣਾ ਲਈ ਪਰ ਉਸ ਵਿਚ ਸਰਕਾਰ ਦਾ ਕੋਈ ਪ੍ਰਤੀਨਿਧ ਨਹੀਂ ਸੀ। "ਕੀ ਮੈਂ ਹਰਿਆਣੇ ਦੀ ਭੂਮੀ ਪੰਜਾਬ ਨੂੰ ਦੇ ਸਕਦੀ ਹਾਂ ? ਕੀ ਇਹ ਭੂਮੀ ਮੇ ਰੀ ਹੈ ?" ਇਹ ਗੱਲ ਉਸ ਨੇ ਜੁਲਾਈ 21, 1983 ਨੂੰ ਕਹੀ। ਭਰੇ-ਪੀਤੇ ਅਕਾਲੀਆਂ ਨੇ ਇਹ ਫ਼ੈਸਲਾ ਕੀਤਾ ਕਿ ਵਿਸ਼ਵ ਦੇ ਲੋਕਾਂ ਨੂੰ ਇਹ ਦੱਸ ਕੇ ਕਿ ਕਿਹੋ ਜਿਹਾ ਸਲੂਕ ਉਨ੍ਹਾਂ ਨਾਲ ਕੀਤਾ ਜਾਂਦਾ ਹੈ, ਸਰਕਾਰ ਨੂੰ ਪਰੇਸ਼ਾਨ ਕਰਨਗੇ। ਉਨ੍ਹਾਂ ਵਾਲੰਟੀਅਰਾਂ ਦੇ ਗੁੱਟ ਤਿਆਰ ਕੀਤੇ ਜਿਹੜੇ ਅਗਲੇ ਮਹੀਨੇ ਹੋਣ ਵਾਲੀਆਂ ਏਸ਼ਿਆਈ ਖੇਡਾ ਵਿਚ ਸਰਕਾਰ-ਵਿਰੋਧੀ ਨਾਅਰੇ ਲਾਉਣਗੇ। ਇਸ ਧਮਕੀ ਵਿਰੁੱਧ ਸ੍ਰੀਮਤੀ ਗਾਂਧੀ ਦਾ ਹੁੰਗਾਰਾ ਅਤੇ ਖੇਡਾਂ ਵੇਲੇ ਗੜਬੜੀ ਨੂੰ ਰੋਕਣ ਲਈ ਜਿਹੜੇ ਢੰਗ-ਤਰੀਕੇ ਅਪਣਾਏ ਗਏ ਉਨ੍ਹਾਂ ਨੇ ਸਮੁੱਚੇ ਸਿੱਖਾਂ ਅੰਦਰ ਸਖ਼ਤ ਰੋਸ ਪੈਦਾ ਕਰ ਦਿੱਤਾ। ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਆਪਣੀ ਪੁਲਿਸ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਜਿਹੜਾ ਵੀ ਕੋਈ ਸਿੱਖ ਰੇਲ ਜਾਂ ਸੜਕ ਰਾਹੀਂ ਦਿੱਲੀ ਵੱਲ ਜਾਂਦਾ ਹੋਵੇ, ਉਸ ਨੂੰ ਰੋਕਿਆ ਜਾਵੇ, ਉਸ ਦੀ ਤਲਾਸ਼ੀ ਲਈ ਜਾਵੇ ਅਤੇ ਨਾਲ ਹੀ ਪੁੱਛਗਿੱਛ

ਕੀਤੀ ਜਾਵੇ। ਜਿਨ੍ਹਾਂ ਦਾ ਇਸ ਪ੍ਰਕਾਰ ਨਿਰਾਦਰ ਕੀਤਾ ਗਿਆ ਉਨ੍ਹਾਂ ਵਿਚ ਵਰਦੀ ਧਾਰੀ ਫ਼ੌਜੀ ਅਫ਼ਸਰ ਅਤੇ ਕਾਂਗਰਸ ਪਾਰਟੀ ਦੇ ਐਮ.ਪੀ. ਵੀ ਸ਼ਾਮਲ ਸਨ। ਇਹ ਪਹਿਲੀ ਵਾਰ ਸੀ ਕਿ ਸਿੱਖਾਂ ਨੇ ਕੌਮ ਦੇ ਰੂਪ ਵਿਚ ਧਾਰਮਿਕ ਵਿਤਕਰੇ ਦਾ ਅਨੁਭਵ ਕੀਤਾ ਅਤੇ ਇਸ ਸਮੇਂ ਉਹ ਅਕਾਲੀ ਜਾਂ ਖਾਲਿਸਤਾਨੀ ਨਹੀਂ ਸਨ ਸਗੋਂ ਸਰਕਾਰ ਦੇ ਚਹੇਤੇ ਸਨ ਜਿਨ੍ਹਾਂ ਨੇ ਸਿੱਖਾਂ ਨਾਲ ਇਉਂ ਵਤੀਰਾ ਕੀਤਾ ਜਿਵੇਂ ਉਹ ਹੋਰ ਭਾਰਤੀਆਂ ਨਾਲੋਂ ਵੱਖਰੇ ਹੋਣ।

ਸ੍ਰੀਮਤੀ ਗਾਂਧੀ ਅਕਾਲੀਆਂ ਨਾਲ ਸਿਆਸੀ ਚਾਲਾਂ ਚੱਲਦੀ ਰਹੀ। ਫ਼ਰਵਰੀ 27, 1984 ਨੂੰ ਨਵੀਂ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਸਜੇ ਦੀਵਾਨ ਵਿਚ ਆਪਣੇ ਸਮਰਥਕਾਂ ਦੀ ਹਾਜ਼ਰੀ ਵਿਚ ਉਸ ਇਕ ਮਹਾਨ ਭਾਵਨਾ ਦਰਸਾਈ ਅਤੇ ਐਲਾਨ ਕੀਤਾ ਕਿ ਸਰਕਾਰ ਨੇ ਅਕਾਲੀਆਂ ਵੱਲੋਂ ਰੱਖੀਆਂ ਤਿੰਨ ਮੰਗਾਂ ਮੰਨ ਲਈਆਂ ਹਨ। ਭਾਵੇਂ ਉਸ ਦੀ ਗੱਲ-ਬਾਤ ਅਕਾਲੀਆਂ ਨਾਲ ਹੋ ਰਹੀ ਸੀ ਪਰ ਉਹ ਚਾਹੁੰਦੀ ਸੀ ਕਿ ਇਸ ਦੀ ਵਡਿਆਈ ਕਾਂਗਰਸੀ ਸਿੱਖਾਂ ਨੂੰ ਮਿਲੇ। ਫ਼ਰਵਰੀ 1984 ਵਿਚ ਮੁੜ ਤ੍ਰੈ-ਲੜੀ ਪਾਰਟੀ (ਸਰਕਾਰ, ਅਕਾਲੀ ਅਤੇ ਵਿਰੋਧੀ ਧਿਰ) ਵਿਚ ਜਦੋਂ ਇਹ ਪ੍ਰਤੀਤ ਹੁੰਦਾ ਸੀ ਕਿ ਤਿੰਨੇ ਧਿਰਾਂ ਸਮਝੌਤੇ ਦੇ ਮੈਮੋਰੰਡਮ ਉਪਰ ਹਸਤਾਖ਼ਰ ਕਰਨ ਨੂੰ ਤਿਆਰ ਸਨ, ਤਾਂ ਹਰਿਆਣਾ ਦੇ ਸ਼ਹਿਰਾਂ ਅੰਦਰ ਸਿੱਖ-ਵਿਰੋਧੀ ਦੰਗੇ ਕਰਵਾਏ ਗਏ ਤਾਂ ਜੋ ਅਕਾਲੀ ਗੱਲ-ਬਾਤ ਨੂੰ ਤਿਲਾਂਜਲੀ ਦੇਣ ਲਈ ਮਜਬੂਰ ਹੋ ਜਾਣ। ਅਕਾਲੀ ਨੇਤਾਵਾਂ ਦਾ ਅੰਮ੍ਰਿਤਸਰ, ਚੰਡੀਗੜ੍ਹ ਅਤੇ ਦਿੱਲੀ ਵਿਚਕਾਰ ਨਿਸਫਲ ਆਉਣ-ਜਾਣ ਨੇ ਸੰਤ ਲੌਂਗੋਵਾਲ ਦੇ ਨੱਕ ਵਿਚ ਦਮ ਲਿਆ ਦਿੱਤਾ। ਇਕ ਪਾਸੇ ਬਰਫ਼ ਠੰਡੀ, ਗਿਣਤੀ-ਮਿਣਤੀ ਅਤੇ ਟਕਰਾਓ ਰੂਪ ਸ੍ਰੀਮਤੀ ਇੰਦਰਾ ਗਾਂਧੀ ਸੀ ਅਤੇ ਦੂਜੇ ਪਾਸੇ ਅੱਗ ਫੁੰਕਾਰਦਾ ਭਿੰਡਰਾਂਵਾਲੇ, ਜਿਹੜਾ ਗਰਦਨ ਤਕ ਨਰਕੀ ਅਗਨੀ ਨਾਲ ਭਰਿਆ ਹੋਇਆ ਸੀ। ਹਾਰ-ਹੰਭ ਕੇ ਉਸ ਨੇ ਇਕ ਬਿਆਨ ਜਾਰੀ ਕੀਤਾ : "ਮੈਂ ਸ੍ਰੀਮਤੀ ਗਾਂਧੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸਬਰ-ਸੰਤੋਖ ਦਾ ਪਿਆਲਾ ਨੱਕੋ-ਨੱਕ ਭਰਦਾ ਜਾ ਰਿਹਾ ਹੈ। ਉਸ ਨੂੰ ਅੱਗ ਨਾਲ ਖੇਡਣਾ ਬੰਦ ਕਰ ਦੇਣਾ ਚਾਹੀਦਾ ਹੈ।" ਨਾਲ ਹੀ ਉਸ ਇਹ ਵੀ ਐਲਾਨ ਕੀਤਾ ਕਿ ਉਹ "ਮਰਜੀਵੜਿਆਂ ਦੀ 100,000 (ਇਕ ਲੱਖ) ਫੌਜ ਤਿਆਰ ਕਰਨਗੇ ਜਿਹੜੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦੇਣਗੇ।" ਅਕਾਲੀ ਛੇਤੀ ਹੀ ਉਸ ਬਿੰਦੂ ਤਕ ਪਹੁੰਚ ਰਹੇ ਸਨ ਜਿਥੋਂ ਪਿੱਛੇ ਪੈਰ ਕਰਨਾ ਔਖਾ ਹੋ ਜਾਂਦਾ ਹੈ।

ਕਾਂਡ—39

ਘਾਤਕ ਲੇਖਾ-ਜੋਖਾ

ਜੂਨ 2, 1984 ਦੀ ਸ਼ਾਮ ਨੂੰ ਟੀ.ਵੀ. 'ਤੇ ਟੈਲੀਕਾਸਟ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ ਨੇ ਦੇਸ਼ ਨੂੰ ਉਸ ਅਮਲ ਜਾਂ ਕਾਰਵਾਈ ਲਈ ਤਿਆਰ ਕੀਤਾ ਜੋ ਅਕਾਲੀਆਂ ਅਤੇ ਭਿੰਡਰਾਂਵਾਲੇ ਵਿਰੁੱਧ ਕੀਤੀ ਜਾਣੀ ਸੀ। ਉਸ ਅਕਾਲੀਆਂ ਉਪਰ ਦੋਸ਼ ਲਾਇਆ ਕਿ ਉਹ ਨਿਰੰਤਰ ਨਵੀਂ ਮੰਗ ਮੰਗਦੇ ਜਾ ਰਹੇ ਹਨ ਅਤੇ ਇਕ ਪਿੱਛੋਂ ਇਕ ਜੱਦੋਜਹਿਦ ਜਾਰੀ ਰਖਦੇ ਜਾ ਰਹੇ ਹਨ। ਉਸ ਇਕ ਬਹਾਨਾ ਪੇਸ਼ ਕਰਦਿਆਂ ਸੁਝਾਓ ਦਿੱਤਾ ਕਿ "ਸੰਗਠਨ ਦੀ ਅਗਵਾਈ ਅਜਿਹੇ ਜਨੂੰਨੀ ਅਤੇ ਆਤੰਕਵਾਦੀਆਂ ਹੱਥ ਹੈ ਕਿ ਜੋ ਕੁਝ ਉਹ ਪ੍ਰਾਪਤ ਕਰਨਾ ਚਾਹੁੰਦੇ ਹਨ, ਉਸ ਲਈ ਉਨ੍ਹਾਂ ਦੇ ਸਾਧਨ ਕਤਲ, ਅੱਗ ਲਾਉਣੀ ਅਤੇ ਲੁੱਟ-ਮਾਰ ਹਨ... ਪਵਿੱਤਰ ਗੁਰਧਾਮਾਂ ਨੂੰ ਅਪਰਾਧੀਆਂ ਅਤੇ ਹਤਿਆਰਿਆਂ ਦੀ ਸ਼ਰਨ ਦੇ ਅੱਡੇ ਬਣਾ ਲਿਆ ਗਿਆ ਹੈ, ਉਨ੍ਹਾਂ ਨੂੰ ਪਵਿੱਤਰ ਅਸਥਾਨ ਨਹੀਂ ਰਹਿਣ ਦਿੱਤਾ ਗਿਆ। ਉਸ ਨੇ ਸੰਨ 1981 ਤੋਂ ਚੱਲ ਰਹੀ ਗੱਲ-ਬਾਤ ਦੀ ਦੁਖਦਾਈ ਗਤੀ ਬਾਰੇ ਬਿਆਨ ਕੀਤਾ। ਉਸ ਦਾਅਵਾ ਕੀਤਾ ਕਿ "ਅਸੀਂ (ਭਾਵ ਸਰਕਾਰ ਨੇ) ਅਜਿਹਾ ਵਤੀਰਾ ਰਖਿਆ ਕਿ ਜਾਇਜ਼ ਮੰਗਾਂ ਸਾਰੀਆਂ ਦੀਆਂ ਸਾਰੀਆਂ ਮੰਨ ਲਈਆਂ ਜਾਣ" ਅਤੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਕਿਵੇਂ ਉਸ ਦੀ ਸਰਕਾਰ ਨੇ ਜੋ ਕੁਝ ਵੀ ਧਰਮ ਦੇ ਨਾਮ 'ਤੇ ਅਕਾਲੀਆਂ ਨੇ ਮੰਗਿਆ ਉਹ ਮੰਨਜ਼ੂਰ ਕੀਤਾ, ਅਤੇ ਨਾਲ ਹੀ ਇਲਾਕਾਈ ਮੰਗਾਂ ਅਤੇ ਦਰਿਆਵਾਂ ਦੇ ਪਾਣੀ ਬਾਰੇ ਵੀ ਗੱਲ-ਬਾਤ ਲਈ ਤਿਆਰ ਸੀ। ਪਰ, ਖ਼ੈਰ, ਉਹ ਉਨ੍ਹਾਂ ਅਵਸਰਾਂ ਦਾ ਹਵਾਲਾ ਦੇਣਾ ਛੱਡ ਗਈ, ਜਦੋਂ ਸਮਝੌਤਾ ਲਗਭਗ ਹੋ ਗਿਆ ਸੀ ਅਤੇ ਅਕਾਲੀਆਂ ਨੇ ਨਹੀਂ, ਸਗੋਂ ਉਸ ਆਪ ਹਸਤਾਖਰ ਨਾ ਕਰਨ ਲਈ ਬਹਾਨਾ ਘੜ ਲਿਆ ਸੀ। ਉਸ ਤਾਂ ਇਹ ਕੇਸ ਬਨਾਉਣਾ ਸੀ ਕਿ ਸਰਕਾਰ ਪਾਸ ਜੋ ਕੁਝ ਉਹ ਕਰਨ ਜਾ ਰਹੀ ਹੈ, ਉਸ ਤੋਂ ਬਿਨਾ ਚਾਰਾ ਨਹੀਂ। ਆਪਣੇ ਸਰੋਤਿਆਂ ਨੂੰ ਉਸ ਸਵਾਲ ਕੀਤੇ, "ਇਸ ਨਵੀਂ ਸਥਿਤੀ ਵਿਚ ਅਸੀਂ ਕੀ ਕਰੀਏ ?" ਬੀਤੇ ਮਹੀਨਿਆਂ ਵਿਚ ਨਵਾਂ ਕੁਝ ਵੀ ਨਹੀਂ ਵਾਪਰਿਆ ਸੀ; ਹਿੰਸਾ ਦੀਆਂ ਵਾਰਦਾਤਾਂ ਪਹਿਲਾਂ ਵਾਂਗ ਚੱਲ ਰਹੀਆਂ ਸਨ। ਭਿੰਡਰਾਂਵਾਲੇ ਦੇ ਨਫ਼ਰਤ ਭਰੇ ਬਿਆਨ "ਹਿੰਦੂ ਸਰਕਾਰਾਂ" ਅਤੇ "ਦਿੱਲੀ ਦਰਬਾਰ" ਵਿਰੁੱਧ ਕਿਲ੍ਹਾਬੰਦ ਕੀਤੇ ਅਕਾਲ ਤਖ਼ਤ ਤੋਂ ਉਸੇ ਤਰ੍ਹਾਂ ਜਾਰੀ ਸਨ। ਸ਼ਾਇਦ ਇਕ ਹੀ ਗੱਲ ਸੀ ਜਿਹੜੀ ਉਹ ਆਪਣੇ ਹੱਕ ਵਿਚ ਕਹਿ ਸਕਦੀ ਸੀ ਕਿ ਅਕਾਲੀਆਂ ਨੇ ਧਮਕੀ ਦਿੱਤੀ ਸੀ ਕਿ ਉਹ ਰੇਲ ਅਤੇ ਸੜਕ ਦੀ ਆਵਾਜਾਈ ਵਿਚ ਅੜਿੱਕੇ ਪਾ ਕੇ ਪੰਜਾਬ ਤੋਂ ਬਾਹਰ ਅਨਾਜ ਨਹੀਂ ਜਾਣ ਦੇਣਗੇ। ਉਨ੍ਹਾਂ ਕਿਸਾਨਾਂ ਉਪਰ ਜ਼ੋਰ ਪਾਇਆ ਸੀ ਕਿ ਮਾਲੀਆ ਨਾ ਤਾਰਨ ਅਤੇ ਨਾ ਹੀ ਸਰਕਾਰ ਨੂੰ ਜਲ ਦੀ ਦਰ ਭੁਗਤਾਨ ਕਰਨ। ਇਸ ਦੀ ਥਾਂ ਤੇ ਇਹ ਮਾਇਆ ਅਕਾਲ ਤਖ਼ਤ ਵਿਖੇ ਭੇਂਟ ਕਰਨ। ਇਹ ਅਕਾਲੀ ਹੀ ਸਨ ਜਿਨ੍ਹਾਂ ਨੇ ਇਕ ਹੋਰ ਅੰਦੋਲਨ ਆਰੰਭ ਕਰਨ ਲਈ ਹਰਿਮੰਦਰ ਸਾਹਿਬ ਦੀ ਬੁਨਿਆਦ ਰੱਖਣ ਵਾਲੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਜੂਨ 3, 1982 ਨੂੰ ਮਿਥਿਆ ਸੀ। ਸ੍ਰੀਮਤੀ ਗਾਂਧੀ ਨੇ ਇਹ ਫ਼ੈਸਲਾ ਕੀਤਾ ਕਿ ਉਹ ਉਸ ਕਿਲ੍ਹੇ ਉਪਰ ਧਾਵਾ ਬੋਲੇਗੀ ਜਿਥੋਂ ਸਰਕਾਰ ਦੀ ਉਲੰਘਣਾ ਕਰਨ ਲਈ

ਆਦੇਸ਼ ਜਾਰੀ ਹੁੰਦੇ ਹਨ। ਉਸ ਕਿਹਾ : "ਭਾਵੇਂ ਅਵੇਰ ਹੋ ਗਈ ਹੈ ਤਾਂ ਵੀ ਮੈਂ ਅਕਾਲੀਆਂ ਨੂੰ ਅਪੀਲ ਕਰਦੀ ਹਾਂ ਕਿ ਧਮਕੀਆਂ ਦੇ ਨਾਲ ਐਲਾਨੇ ਅੰਦੋਲਨ ਨੂੰ ਬੰਦ ਕਰ ਦੇਣ ਅਤੇ ਜੋ ਸ਼ਾਂਤਮਈ ਸਮਝੌਤੇ ਦੀ ਅਸੀਂ ਪੇਸ਼ਕਸ਼ ਕੀਤੀ ਹੈ ਉਸ ਢਾਂਚੇ ਨੂੰ ਪਰਵਾਨ ਕਰਨ।" ਉਸ ਦੀ ਅਪੀਲ ਦੇ ਅੰਤਮ ਸ਼ਬਦ ਸਨ : "ਰੱਤ ਨਾ ਵਗਾਓ, ਨਫ਼ਰਤ ਹਟਾਓ", ਪਰ ਉਸੇ ਵੇਲੇ ਉਸ ਪਹਿਲਾਂ ਹੀ ਇਸ ਤੋਂ ਉਲਟ ਕਰਨ ਲਈ ਫ਼ੌਜ ਨੂੰ ਅਧਿਕਾਰ ਦੇ ਦਿੱਤੇ ਸਨ : "ਰੱਤ ਵਗਾਓ"। ਪਰ ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਇਸ ਨਾਲ ਅਜਿਹੀ ਨਫ਼ਰਤ ਫੈਲੇਗੀ ਜਿਹੋ ਜਿਹੀ ਦੇਸ਼ ਨੇ ਸੁਤੰਤਰਤਾ ਉਪਰੰਤ ਅਨੁਭਵ ਨਹੀਂ ਕੀਤੀ।

ਕਈ ਮਹੀਨੇ ਪਹਿਲਾਂ ਫ਼ੌਜ ਨੂੰ ਹਰਿਮੰਦਰ ਸਾਹਿਬ ਰਵਾਨਾ ਹੋਣ ਲਈ ਤਿਆਰ ਰਹਿਣ ਲਈ ਕਿਹਾ ਗਿਆ ਸੀ ਕਿ ਆਦੇਸ਼ ਦੀ ਉਡੀਕ ਕਰਨ। ਚਕਰਾਤਾ (ਮਸੂਰੀ ਨੇੜੇ) ਟੈਂਪਲ ਦਾ ਨਮੂਨਾ ਤਿਆਰ ਕੀਤਾ ਗਿਆ ਸੀ ਤਾਂ ਜੋ ਘੇਰਾ ਪਾਉਣ ਵਾਲੇ ਇਸ ਦੇ ਨਕਸ਼ੇ, ਦਰਵਾਜ਼ਿਆਂ ਅਤੇ ਕਿਲ੍ਹਾਬੰਦੀ ਪੋਜੀਸ਼ਨਾਂ ਨੂੰ ਸਮਝ ਸਕਣ। ਫ਼ੌਜ ਅਤੇ ਪੁਲਿਸ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਭਿੰਡਰਾਂਵਾਲੇ ਦੀ ਲੜਾਕੂ ਸ਼ਕਤੀ, ਉਨ੍ਹਾਂ ਦੀ ਤਾਇਨਾਤੀ ਅਤੇ ਉਨ੍ਹਾਂ ਦੇ ਹਥਿਆਰਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਹ ਕੰਮ ਕੋਈ ਬਹੁਤ ਔਖਾ ਨਹੀਂ ਸੀ ਕਿਉਂਕਿ ਦਿਨ ਅਤੇ ਰਾਤ ਵੇਲੇ ਵੀ ਹਜ਼ਾਰਾਂ ਦੀ ਗਿਣਤੀ ਵਿਚ ਯਾਤਰੂ ਜਾਂ ਸੰਗਤਾਂ ਦਰਸ਼ਨਾਂ ਲਈ ਹਰਿਮੰਦਰ ਸਾਹਿਬ ਆਉਂਦੀਆਂ ਸਨ, ਨਾਲ ਹੀ ਭਿੰਡਰਾਂਵਾਲੇ, ਉਸ ਦੇ ਸਹਾਇਕ ਅਤੇ ਉਸ ਦੀ ਰਲਵੀਂ-ਮਿਲਵੀਂ 300-400 ਦੀ ਸੈਨਾ ਦੇ ਕਮਾਂਡਰਾਂ, ਜਨਰਲ ਸ਼ਾਹਬੇਗ ਸਿੰਘ ਅਤੇ ਜਨਰਲ ਜਸਵੰਤ ਸਿੰਘ ਭੁੱਲਰ ਪੱਤਰਕਾਰਾਂ ਨਾਲ ਮੁਲਾਕਾਤਾਂ ਕਰਦੇ ਰਹੇ ਸਨ। ਕੁਝ ਫ਼ੌਜੀ ਅਫ਼ਸਰ ਜਿਨ੍ਹਾਂ ਵਿਚ ਇਕ ਸਹਿਜਧਾਰੀ ਸਿੱਖ ਮੇਜਰ ਜਨਰਲ ਕੇ.ਐਸ. ਬਰਾੜ ਵੀ ਸੀ, ਜਿਸ ਆਪਰੇਸ਼ਨ ਦੀ ਅਗਵਾਈ ਕਰਨੀ ਸੀ, ਬਦਲੇ ਹੋਏ ਭੇਸ ਵਿਚ ਰਛਪਾਲਾਂ ਜਾਂ ਸੁਰੱਖਿਆ ਕਰਨ ਵਾਲਿਆਂ ਦੀ ਕਿਲ੍ਹਾਬੰਦੀ ਵੇਖ ਚੁੱਕੇ ਸਨ।

ਇਹ ਵਿਸ਼ਵਾਸ ਕਰਨਾ ਕਠਿਨ ਹੈ ਕਿ ਉਹ ਕੌਣ ਲੋਕ ਸਨ, ਜਿਨ੍ਹਾਂ ਸ੍ਰੀਮਤੀ ਇੰਦਿਰਾ ਗਾਂਧੀ ਨੂੰ ਇਹ ਸਲਾਹ ਦਿੱਤੀ ਕਿ ਅਕਾਲੀਆਂ ਨਾਲ ਗੱਲ-ਬਾਤ ਜਾਂ ਵਿਚਾਰ-ਵਟਾਂਦਰਾ ਬੰਦ ਹੋਣਾ ਚਾਹੀਦਾ ਹੈ ਅਤੇ ਫ਼ੌਜ ਨੂੰ ਆਦੇਸ਼ ਜਾਰੀ ਕੀਤੇ ਜਾਣ ਕਿ ਭਿੰਡਰਾਂਵਾਲੇ ਨੂੰ ਕਾਬੂ ਕੀਤਾ ਜਾਵੇ। ਪਰ ਅਜਿਹੇ ਵਿਸ਼ਵਾਸ ਲਈ ਸਪੱਸ਼ਟ ਜਾਪਦਾ ਹੈ ਕਿ ਉਨ੍ਹਾਂ ਵਿਚ ਉਸ ਦਾ ਰਿਸ਼ਤੇਦਾਰ ਅਰੁਣ ਨਹਿਰੂ ਆਪਣੇ-ਆਪ ਨੂੰ ਪੰਜਾਬ ਮਸਲਿਆਂ ਦਾ ਮਾਹਿਰ ਸਮਝਣ ਵਾਲਾ, ਸਹਿਜਧਾਰੀ ਸਿੱਖ ਅਰੁਣ ਸਿੰਘ, ਡਿਪਟੀ ਰੱਖਿਆ ਮੰਤਰੀ ਕੇ.ਪੀ. ਸਿੰਘ ਦੇਓ ਅਤੇ ਉਸ ਦਾ ਲੜਕਾ ਰਾਜੀਵ ਗਾਂਧੀ ਜੋ ਉਸ ਵੇਲੇ ਕਾਂਗਰਸ ਪਾਰਟੀ ਦਾ ਜਨਰਲ ਸਕੱਤਰ ਸੀ, ਸ਼ਾਮਲ ਸਨ। ਫ਼ੌਜ ਇਸ ਕਾਰਵਾਈ ਲਈ ਝਿਜਕ ਰਹੀ ਸੀ। ਉਸ ਦਾ ਕੰਮ ਸਰਹੱਦਾਂ ਦੀ ਰਾਖੀ ਕਰਨਾ ਸੀ ਨਾ ਕਿ ਆਪਣੇ ਸ਼ਹਿਰੀਆਂ ਦੀ ਹੱਤਿਆ ਕਰਨੀ। ਇਸ ਝਿਜਕ ਨੂੰ ਦੂਰ ਕਰਨ ਲਈ ਪੰਜਾਬ ਅੰਦਰ ਫ਼ੌਜੀ ਹੁਕਮ (ਮਿਲਟਰੀ ਰੂਲ) ਲਾਗੂ ਕਰ ਦਿੱਤਾ ਗਿਆ। ਸਫ਼ੇਦ-ਪੱਤਰ ਅਨੁਸਾਰ "ਸਰਕਾਰ ਨੂੰ ਵਿਸ਼ਵਾਸ ਹੈ ਕਿ ਦੇਸ਼ ਦੀ ਸੁਰੱਖਿਆ, ਏਕਤਾ ਅਤੇ ਅਖੰਡਤਾ ਨੂੰ ਦਿੱਤੀ ਗਈ ਚੁਣੌਤੀ ਨਾਲ ਉਨ੍ਹਾਂ ਅਮਨ-ਕਾਨੂੰਨ ਦੀਆਂ ਏਜੰਸੀਆਂ ਨਾਲ ਨਹੀਂ ਨਿਪਟਿਆ ਜਾ ਸਕਦਾ ਜਿਹੜੀਆਂ ਰਾਜ ਸਰਕਾਰ ਦੇ ਅਧੀਨ ਹਨ।"

ਸ੍ਰੀਮਤੀ ਗਾਂਧੀ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਹਥਿਆਰਬੰਦ ਫ਼ੌਜਾਂ ਦੇ ਸੁਪਰੀਮ ਕਮਾਂਡਰ ਹੋਣ ਦੇ ਨਾਤੇ ਪੰਜਾਬ ਵਿਚ ਮਿਲਟਰੀ ਰਾਜ ਲਾਗੂ ਕਰਨ ਲਈ ਕਿਹਾ। ਇਕ ਵਾਰ ਫ਼ੌਜ ਦਾ ਨਿਯੰਤਰਣ ਹੋ ਜਾਵੇ ਤਾਂ ਅੱਗੋਂ ਕਿਸੇ ਅਸੈਨਿਕ ਜਾਂ ਸਿਵਿਲ ਅਧਿਕਾਰੀਆਂ ਪਾਸੋਂ ਮਨਜ਼ੂਰੀ ਲੈਣ ਦੀ ਲੋੜ ਨਹੀਂ ਰਹਿੰਦੀ। ਉਹ ਲੋੜ ਅਨੁਸਾਰ ਕਾਰਵਾਈ

ਕਰ ਸਕਦੀ ਹੈ। ਹਰਿਮੰਦਰ ਸਾਹਿਬ 'ਤੇ ਕੀ ਕਰਨਾ ਹੈ, ਇਸ ਬਾਰੇ ਗਿਆਨੀ ਜ਼ੈਲ ਸਿੰਘ ਨੂੰ ਹਨੇਰੇ ਵਿਚ ਰਖਿਆ ਗਿਆ। ਮਈ 30, ਨੂੰ ਸ੍ਰੀਮਤੀ ਗਾਂਧੀ ਉਸ ਨਾਲ ਇਕ ਘੰਟੇ ਤੋਂ ਵੱਧ ਸਮੇਂ ਲਈ ਰਹੀ ਅਤੇ ਉਸ ਨੂੰ ਅਕਾਲੀਆਂ ਨਾਲ ਕੀਤੇ ਜਾਣ ਵਾਲੇ ਸੱਜਰੇ ਸਮਝੌਤੇ ਦੀਆਂ ਤਜਵੀਜ਼ਾਂ ਦੀ ਸੰਖੇਪ ਜਾਣਕਾਰੀ ਦਿੰਦੀ ਰਹੀ। ਜੇਕਰ ਉਸ ਨੇ ਇਸ਼ਾਰਾ ਵੀ ਦਿੱਤਾ ਹੁੰਦਾ ਕਿ ਉਸ ਦੇ ਮਨ ਵਿਚ ਕੀ ਹੈ ਤਾਂ ਗਿਆਨੀ ਜ਼ੈਲ ਸਿੰਘ ਨੇ ਉਸ ਨੂੰ ਜਾਣੂੰ ਕਰਵਾਇਆ ਹੁੰਦਾ ਕਿ ਮਿਲਟਰੀ ਆਪਰੇਸ਼ਨ ਕਰਨ ਨਾਲ ਕਿਹੜੇ ਖ਼ਤਰੇ ਪੇਸ਼ ਆਉਣਗੇ ਜਦੋਂ ਭਾਰੀ ਗਿਣਤੀ ਵਿਚ ਸ਼ਰਧਾਲੂ ਆਉਣਗੇ ਅਤੇ ਕਈ ਦਿਨ ਅਤੇ ਰਾਤਾਂ ਆਪਣੇ ਸ਼ਹੀਦ ਗੁਰੂ ਦੀ ਯਾਦ ਮਨਾਉਣ ਲਈ ਹਰਿਮੰਦਰ ਸਾਹਿਬ ਵਿਚ ਠਹਿਰਨਗੇ।

ਇਹ ਜਾਪਦਾ ਹੈ ਕਿ ਸ੍ਰੀਮਤੀ ਗਾਂਧੀ ਨੇ ਆਖ਼ਰੀ ਛਿਣ ਵਿਚ ਹਥਿਆਰਬੰਦ ਟੱਕਰ ਟਾਲਣ ਦੀ ਕੋਸ਼ਿਸ਼ ਕੀਤੀ। ਇਕ ਅਪ੍ਰਮਾਣਿਕ ਰਿਪੋਰਟ ਅਨੁਸਾਰ ਉਸ ਭਿੰਡਰਾਂਵਾਲੇ ਦੇ ਨਾਮ ਇਕ ਨਿੱਜੀ ਪੱਤਰ ਲਿਖਿਆ ਅਤੇ ਉਹ ਨਿਰਸੰਦੇਹ ਰਾਜੀਵ ਗਾਂਧੀ ਦੇ ਬਿਆਨ ਉਪਰੰਤ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਭਿੰਡਰਾਂਵਾਲੇ ਇਕ ਰੂਹਾਨੀ ਰਹਿਨੁਮਾ ਹੈ ਨਾ ਕਿ ਸਿਆਸੀ ਆਗੂ। ਭਿੰਡਰਾਂਵਾਲੇ ਦੀ ਸ਼ਕਤੀ ਬਾਰੇ ਉਸ ਨੂੰ ਗ਼ਲਤ ਸੂਚਨਾ ਦਿੱਤੀ ਗਈ ਅਤੇ ਇਹ ਵਿਸ਼ਵਾਸ ਕਰਨ ਲਈ ਧੋਖਾ ਦਿੱਤਾ ਗਿਆ ਕਿ ਬਹੁਤ ਸਾਰੇ ਸਿੱਖ ਪਰਵਾਨ ਕਰਨਗੇ ਕਿ ਸਰਕਾਰ ਨੇ ਹਰਿਮੰਦਰ ਸਾਹਿਬ ਨੂੰ ਆਤੰਕਵਾਦੀਆਂ ਦੇ ਸ਼ਿਕੰਜੇ ਵਿਚੋਂ ਆਜ਼ਾਦ ਕਰਵਾ ਲਿਆ ਹੈ। ਅਸਲ ਵਿਚ ਸ਼ਰਧਾਲੂਆਂ ਦੀ ਭਾਰੀ ਬਹੁ-ਗਿਣਤੀ ਨੂੰ ਨਾ ਅਕਾਲੀਆਂ ਨਾਲ ਕੋਈ ਉਲਸ ਸੀ ਅਤੇ ਨਾ ਹੀ ਉਨ੍ਹਾਂ ਦੇ ਅੰਦੋਲਨ ਨਾਲ। ਅਤੇ ਉਨ੍ਹਾਂ ਨੂੰ ਇਸ ਗੱਲ ਨਾਲ ਵੀ ਕੋਈ ਸਰੋਕਾਰ ਨਹੀਂ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਧਿਕਾਰਾਂ ਦੀ ਵਾਧੂ ਵਰਤੋਂ ਕਰਕੇ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਦੇ ਕੁਝ ਭਾਗਾਂ ਨੂੰ ਇਕ ਗੜ੍ਹੀ (ਕਿਲ੍ਹੇ) ਵਿਚ ਬਦਲਣ ਦਿੱਤਾ। ਇਨ੍ਹਾਂ ਨਾਲ ਉਨ੍ਹਾਂ ਦਾ ਕੋਈ ਮਤਲਬ ਨਹੀਂ ਸੀ। ਉਹ ਆਪਣੀ ਧਾਰਮਿਕ ਰਹੁ-ਰੀਤ ਨਿਯਮ ਨਾਲ ਪਾਲਦੇ ਰਹੇ ਅਤੇ ਉਨ੍ਹਾਂ ਭਿੰਡਰਾਂਵਾਲੇ ਦੇ ਦਰਸ਼ਨ ਵੀ ਨਹੀਂ ਕੀਤੇ ਸਨ। ਸਿੱਖ ਸੰਗਤਾਂ ਲਈ ਨਾ ਸ੍ਰੀਮਤੀ ਗਾਂਧੀ, ਨਾ ਭਿੰਡਰਾਂਵਾਲੇ, ਨਾ ਕਾਂਗਰਸ ਪਾਰਟੀ ਅਤੇ ਨਾ ਹੀ ਕੋਈ ਹੋਰ ਵਿਅਕਤੀ ਕੋਈ ਮਹੱਤਤਾ ਰੱਖਦਾ ਸੀ; ਬੱਸ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਦੀ ਪਵਿੱਤਰਤਾ ਸਰਵ-ਉੱਚ ਸੀ।

ਹਰਿਮੰਦਰ ਸਾਹਿਬ ਅੰਦਰ ਫ਼ੌਜ ਦਾਖ਼ਲ ਕਰਨ ਦੇ ਸਿੱਟਿਆਂ ਬਾਰੇ ਨਾ ਸ੍ਰੀਮਤੀ ਗਾਂਧੀ ਅਤੇ ਨਾ ਹੀ ਉਸ ਦੇ ਸਲਾਹਕਾਰ ਪੂਰਵ-ਦ੍ਰਿਸ਼ਟੀ ਰੱਖਦੇ ਸਨ। ਫ਼ੌਜੀ ਕਮਾਂਡਰਾਂ ਦਾ ਭਿੰਡਰਾਂਵਾਲੇ ਵੱਲੋਂ ਰੋਕਥਾਮ ਕਰਨ ਦੀ ਸ਼ਕਤੀ ਦਾ ਅੰਦਾਜ਼ਾ ਵੀ ਦੁਖਪੂਰਨ ਹੱਦ ਤਕ ਘੱਟ ਸੀ ਅਤੇ ਇੱਛਤ ਹੱਦ ਅੰਦਰ ਸੀ। ਉਨ੍ਹਾਂ ਇਹ ਮਹਿਸੂਸ ਕੀਤਾ ਕਿ ਸ਼ਕਤੀ ਦਾ ਵਿਖਾਵਾ ਅਤੇ ਅੱਗੋਂ ਸਾਹਮਣਾ ਦਲੇਰ ਧਾਵਾ ਉਨ੍ਹਾਂ ਨੂੰ ਡਰਾ ਦੇਵੇਗਾ ਅਤੇ ਉਹ ਹਾਰ ਮੰਨ ਲੈਣਗੇ।

ਭਾਵੇਂ ਫ਼ੌਜ ਨੂੰ ਹਰੀ ਝੰਡੀ ਸ੍ਰੀਮਤੀ ਗਾਂਧੀ ਨੇ ਵਿਖਾਈ ਸੀ ਪਰ ਜਿਨ੍ਹਾਂ ਫ਼ੌਜੀ ਜਰਨੈਲਾਂ ਨਾਲ ਮਿਲ ਕੇ ਇਸ ਆਪਰੇਸ਼ਨ ਦੀ ਕਾਰਵਾਈ ਦਾ ਨਿਰਦੇਸ਼ਨ ਕੀਤਾ ਉਹ ਇਸ ਦੇ ਨੌਜਵਾਨ ਸਲਾਹਕਾਰਾਂ ਦਾ ਟੋਲਾ ਜਾਂ ਜੁੰਡਲੀ ਸੀ। ਸੈਨਾ ਮੁਖੀ ਜਨਰਲ ਏ.ਐਸ. ਵੈਦਿਆ ਨੇ ਪੱਛਮੀ ਕਮਾਨ ਦੇ ਜਨਰਲ ਆਫ਼ੀਸਰ ਕਮਾਂਡਿੰਗ ਲੈਫ਼ਟੀਨੈਂਟ ਜਨਰਲ ਸੁੰਦਰਜੀ ਨੂੰ ਇਸ ਆਪਰੇਸ਼ਨ ਦਾ ਚਾਰਜ ਸੌਂਪਿਆ ਅਤੇ ਨਾਲ ਹੀ ਦੋ ਸਿੱਖ ਜਰਨੈਲ ਦਿੱਤੇ : ਪੱਛਮੀ ਕਮਾਨ ਦਾ ਚੀਫ਼ ਆਫ਼ ਸਟਾਫ਼, ਰਣਜੀਤ ਸਿੰਘ ਦਿਆਲ, ਜਿਹੜਾ ਪੰਜਾਬ ਦੇ ਰਾਜਪਾਲ ਦਾ ਸੁਰੱਖਿਆ ਸਲਾਹਕਾਰ ਸੀ ਅਤੇ ਉਸ ਦੀ ਸਹਾਇਤਾ ਲਈ ਮੇਜਰ ਜਨਰਲ ਕੇ.ਐਸ.

ਬਰਾੜ।

ਸ੍ਰੀਮਤੀ ਗਾਂਧੀ ਦੇ ਪ੍ਰਸਾਰਣ ਤੋਂ ਪਹਿਲਾਂ ਪੰਜਾਬ ਦੇ ਮੋਰਚਿਆਂ 'ਤੇ ਤਾਇਨਾਤ ਕਰਨ ਲਈ ਫ਼ੌਜ ਆ ਗਈ। ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਸੜਕ, ਰੇਲ ਅਤੇ ਹਵਾਈ ਜਹਾਜ਼ਾਂ ਰਾਹੀਂ ਭਾਰੀ ਫ਼ੌਜੀ ਟੁਕੜੀਆਂ ਬੁਲਾਈਆਂ ਗਈਆਂ। ਇਨ੍ਹਾਂ ਵਿਚ ਸ਼ਾਮਲ ਸਨ—ਟੈਂਕ, ਮਾਊਨਟੇਨ ਤੋਪਾਂ, ਡਰਾਈਵਰਜ਼ ਅਤੇ ਪੁਲਿਸ ਦੇ ਕੁੱਤੇ ਤਕ। 70,000 ਵਰਦੀ ਵਾਲੇ ਜਵਾਨ, ਫ਼ੌਜੀ ਮਹੱਤਵ ਵਾਲੇ ਸਥਾਨਾਂ/ਬਿੰਦੂਆਂ 'ਤੇ ਤਾਇਨਾਤ ਕੀਤੇ ਗਏ—ਉਨ੍ਹਾਂ ਵਿਚੋਂ ਬਹੁਤ ਸਾਰੇ ਅੰਮ੍ਰਿਤਸਰ ਵਿਚ ਜਾਂ ਇਸ ਦੇ ਆਲੇ-ਦੁਆਲੇ। ਪਾਕਿਸਤਾਨ ਨਾਲ ਲਗਦੀ ਸੀਮਾ ਸੀਲ ਕਰ ਦਿੱਤੀ ਗਈ ਸੀ।

ਜੂਨ 2, 1984 ਨੂੰ ਫ਼ੌਜ ਨੂੰ ਇਹ ਕਾਰਜ ਸੌਂਪਿਆ ਗਿਆ : ਪੰਜਾਬ ਰਾਜ ਅਤੇ ਕੇਂਦਰੀ ਪ੍ਰਸ਼ਾਸਿਤ ਚੰਡੀਗੜ੍ਹ ਵਿਚ ਅਤਿਵਾਦੀਆਂ ਅਤੇ ਸੰਪਰਦਾਇਕ ਹਿੰਸਾ ਦੀ ਰੋਕ ਅਤੇ ਨਿਯੰਤਰਣ, ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਅਤੇ ਆਮ ਜਿਹੀ ਹਾਲਤ ਲਿਆਉਣੀ..." ਫ਼ੌਜੀ ਕਮਾਂਡਰਾਂ ਦਾ ਖ਼ਿਆਲ ਸੀ ਕਿ ਫ਼ੌਜ ਦੀ ਫਲੈਗ-ਮਾਰਚ, ਕਰਫ਼ਿਊ ਕਾਨੂੰਨ ਦਾ ਸਖ਼ਤੀ ਨਾਲ ਲਾਗੂ ਕਰਨਾ, ਨਾਲ ਹੀ ਸਮੇਂ-ਸਮੇਂ ਸਿਰ ਇਹ ਐਲਾਨ ਕਰਦੇ ਰਹਿਣਾ ਕਿ ਸਵਰਨ ਮੰਦਰ ਅਤੇ ਚਾਲ੍ਹੀ ਹੋਰ ਗੁਰਦੁਆਰਿਆਂ ਵਿਚੋਂ, ਜਿਥੇ ਅਤਿਵਾਦੀਆਂ ਦੇ ਛਿਪੇ ਹੋਣ ਦਾ ਸ਼ੱਕ ਸੀ, ਲੋਕ ਬਾਹਰ ਆ ਜਾਣ, ਕਾਫ਼ੀ ਹੋਵੇਗਾ।

ਅਕਾਲੀ ਨੇਤਾ, ਜਿਨ੍ਹਾਂ ਵਿਚ ਸ਼ਾਮਲ ਸਨ, ਸੰਤ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਬਲਵੰਤ ਸਿੰਘ ਰਾਮੂਵਾਲੀਆ, ਵਿਧਵਾ ਅਮਰਜੀਤ ਕੌਰ ਅਤੇ 350 ਹੋਰ, ਹਰਿਮੰਦਰ ਸਾਹਿਬ ਦੇ ਪੂਰਬੀ ਪਾਸੇ ਵਿਚ ਸਨ ਜਿਧਰ ਲੰਗਰ, ਸਰਾਂ ਅਤੇ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਨ। ਉਨ੍ਹਾਂ ਨੇ ਫ਼ੌਜੀ ਪੇਸ਼ਕਸ਼ ਦਾ ਭਾਵੇਂ ਹੁੰਗਾਰਾ ਭਰਿਆ ਹੋਵੇਗਾ ਤਾਂ ਜੋ ਬੇਲੋੜਾ ਖ਼ੂਨ-ਖ਼ਰਾਬਾ ਰੋਕਿਆ ਜਾ ਸਕੇ—ਉਹ ਭਿੰਡਰਾਂਵਾਲੇ ਦੇ ਆਦਮੀਆਂ ਦੀਆਂ ਨਜ਼ਰਾਂ ਹੇਠ ਸਨ, ਜਿਹੜੇ ਅਕਾਲ ਤਖ਼ਤ ਵਿਚ ਸਮੂਹ ਦੇ ਸਾਹਮਣੇ ਅਖ਼ੀਰ ਦੇ ਤਿੰਨ ਬੁੰਗਿਆਂ ਦੀਆਂ ਬੁਰਜੀਆਂ ਦੀ ਮੋਰਚਾਬੰਦੀ ਕਰੀ ਬੈਠੇ ਸਨ—ਦੋ ਰਾਮਗੜ੍ਹੀਆ ਬੁੰਗੇ ਅਤੇ ਇਕ ਪਾਣੀ ਦੀ ਟੈਂਕੀ ਜਿਸ ਉਪਰ ਬੱਬਰ ਖ਼ਾਲਸਾ ਵਾਲਿਆਂ ਨੇ ਛਹਿ ਲਾ ਕੇ ਗੋਲੀਆਂ ਚਲਾਉਣ ਵਾਲਿਆਂ ਦਾ ਜਾਲ ਵਿਛਾਇਆ ਹੋਇਆ ਸੀ। ਵੱਧ ਤੋਂ ਵੱਧ ਉਹ ਇਹ ਕਰਦੇ ਸਨ ਕਿ ਦਰਵਾਜ਼ੇ ਬੰਦ ਕਰਕੇ ਆਪਣਿਆਂ ਕਮਰਿਆਂ ਅੰਦਰ ਅਰਦਾਸ ਕਰਨ ਕਿ ਕਾਰਵਾਈ ਛੇਤੀ ਸਮਾਪਤ ਹੋ ਜਾਵੇ। ਭਿੰਡਰਾਂਵਾਲੇ ਅੱਗ ਅਤੇ ਨਫ਼ਰਤ ਉਗਲਦਾ ਰਿਹਾ। ਜਦੋਂ ਫ਼ੌਜ ਨੇ ਟੈਂਪਲ ਨੂੰ ਪੂਰੀ ਤਰ੍ਹਾਂ ਘੇਰ ਲਿਆ ਤਾਂ ਉਸ ਇਕ ਪੱਤਰਕਾਰ ਦੇ ਇਸ ਪ੍ਰਸ਼ਨ ਤੇ ਕਿ "ਹੁਣ ਤੁਸੀਂ ਪੂਰੀ ਤਰ੍ਹਾਂ ਘਿਰੇ ਹੋਏ ਹੋ, ਭਾਰੀ ਗਿਣਤੀ ਅਤੇ ਗੋਲੀਆਂ ਨਾਲ, ਤਾਂ ਤੁਹਾਡੀ ਕੀ ਵਿਉਂਤ ਹੈ" ਦੇ ਉੱਤਰ ਵਿਚ ਕਿਹਾ : "ਸੰਖਿਆ ਦਾ ਕੋਈ ਅਰਥ ਨਹੀਂ; ਸ਼ੇਰਾਂ ਨਾਲੋਂ ਭੇਡਾਂ ਬਹੁਤੀਆਂ ਹੁੰਦੀਆਂ ਹਨ—ਜਦੋਂ ਸ਼ੇਰ ਸੁੱਤਾ ਹੁੰਦਾ ਹੈ ਤਾਂ ਪੰਛੀ ਰਾਗ ਅਲਾਪਦੇ ਹਨ, ਪਰ ਜਦੋਂ ਸ਼ੇਰ ਜਾਗਦਾ ਹੈ ਤਾਂ ਪੰਛੀ ਫ਼ੁਰਨ ਹੋ ਜਾਂਦੇ ਹਨ।" ਪੱਤਰਕਾਰਾਂ ਦੀ ਇਕ ਹੋਰ ਪਾਰਟੀ ਨੂੰ ਉਸ ਕਿਹਾ, "ਜੇਕਰ ਸਰਕਾਰ ਅੰਦਰ ਦਾਖ਼ਲ ਹੋਈ ਤਾਂ ਇੰਦਿਰਾ ਫਹਿ-ਫੇਰੀ ਹੋ ਜਾਏਗੀ ਅਤੇ ਅਸੀਂ ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਦੇਵਾਂਗੇ...ਉਨ੍ਹਾਂ ਨੂੰ ਅੰਦਰ ਪੈਰ ਪਾਉਣ ਦਿਓ।" ਉਹ ਪਹਿਲੇ ਨਾਲੋਂ ਵੱਧ ਜ਼ੋਰ ਨਾਲ ਖ਼ਾਲਿਸਤਾਨ ਬਾਰੇ ਬੋਲ ਰਿਹਾ ਸੀ, "ਸਹੀ ਹੈ ਕਿ ਮੈਂ ਇਸ ਦਾ ਵਿਰੋਧ ਨਹੀਂ ਕੀਤਾ। ਪਰ ਇਸ ਵੇਲੇ ਮੈਂ ਇਹ ਨਹੀਂ ਕਹਿ ਸਕਦਾ ਕਿ ਮੈਂ ਇਸ ਦਾ ਹਾਮੀ, ਸਮਰਥਕ ਹਾਂ।" ਜਦੋਂ ਉਸ ਦੇ ਸਹਾਇਕਾਂ ਨੇ ਸਪੱਸ਼ਟ ਕਰਨ ਲਈ ਕਿਹਾ ਤਾਂ ਉਸ ਇਹ ਵਾਧਾ ਕੀਤਾ : "ਖੁੱਲ੍ਹੇ ਤੌਰ ਤੇ, ਮੇਰਾ ਖ਼ਿਆਲ ਨਹੀਂ ਕਿ

ਸਿੱਖ ਭਾਰਤ ਅੰਦਰ ਜਾਂ ਇਸ ਦੇ ਨਾਲ ਰਹਿ ਸਕਦੇ ਹਨ।"

ਪਹਿਲੀ ਜੂਨ ਤਕ ਧਾਵਾ ਬੋਲਣ ਦੀ ਪੂਰੀ ਤਿਆਰੀ ਹੋ ਚੁੱਕੀ ਸੀ। ਸਰਕਾਰ ਦੇ ਅਰਧ-ਸੈਨਿਕ ਬਲ, ਸੈਂਟਰਲ ਰੀਜ਼ਰਵ ਪੁਲਿਸ ਬਲ (ਸੀ.ਆਰ.ਪੀ.ਐਫ.) ਅਤੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਨੇ ਉਨ੍ਹਾਂ ਵੱਖ-ਵੱਖ ਪੋਜ਼ੀਸ਼ਨਾਂ (ਮੋਰਚਿਆਂ) ਉਪਰ ਗੋਲੀਆਂ ਚਲਾਈਆਂ ਜਿਥੇ-ਜਿਥੇ ਹਰਿਮੰਦਰ ਅੰਦਰ ਉਹ ਤਾਇਨਾਤ ਸਨ। ਇਸ ਦਾ ਮੰਤਵ ਇਹ ਅਨੁਮਾਨ ਲਾਉਣਾ ਸੀ ਕਿ ਉਹ ਕਿਥੇ-ਕਿਥੇ ਹਨ ਅਤੇ ਉਨ੍ਹਾਂ ਪਾਸ ਕਿਹੜੇ-ਕਿਹੜੇ ਹਥਿਆਰ ਸਨ। ਅੱਠ ਘੰਟੇ ਦੀ ਟੋਹ ਲਾਉਣ ਦੇ ਬਾਵਜੂਦ ਘੇਰੇ ਵਿਚ ਆਇਆ ਹੋਇਆਂ ਨੇ ਕੋਈ ਮੋੜਵੀਂ ਗੋਲੀ ਨਹੀਂ ਚਲਾਈ। ਹਰਿਮੰਦਰ ਦੇ ਅੰਦਰ ਗਿਆਰਾਂ ਆਦਮੀਆਂ ਦੀ ਹੱਤਿਆ ਹੋ ਗਈ ਅਤੇ ਦਰਜਨਾਂ ਫੱਟੜ ਹੋ ਗਏ। ਰਾਤ ਦੇ ਨੌਂ ਵਜੇ ਸ਼ਹਿਰ ਅੰਦਰ ਚੌਵੀ ਘੰਟੇ ਦਾ ਕਰਫਿਊ ਲਾ ਦਿੱਤਾ ਗਿਆ। ਸੰਤ ਲੌਂਗੋਵਾਲ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਟੈਲੀਫ਼ੂਨ 'ਤੇ ਸੰਪਰਕ ਕਰਨ ਲਈ ਅਨੇਕਾਂ ਕੋਸ਼ਿਸ਼ਾਂ ਕੀਤੀਆਂ। ਉਸ ਦੇ ਸਕੱਤਰ ਨੇ ਉੱਤਰ ਦਿੱਤਾ ਕਿ ਉਹ ਉਪਲਬਧ ਨਹੀਂ ਹਨ। ਸੰਤ ਲੌਂਗੋਵਾਲ ਨੇ ਅਕਾਲੀ ਦਲ ਹਾਈ ਕਮਾਂਡ ਦੀ ਹੰਗਾਮੀ ਇਕੱਤਰਤਾ ਬੁਲਾਈ ਪਰ ਸਿਵਾਇ ਟੌਹੜਾ ਦੇ ਹੋਰ ਕੋਈ ਵੀ ਹਾਜ਼ਰ ਨਾ ਹੋ ਸਕਿਆ। ਇਕੱਤਰਤਾ ਜੂਨ 4 ਤਕ ਪਿੱਛੇ ਪਾ ਦਿੱਤੀ ਗਈ। ਸੰਤ ਲੌਂਗੋਵਾਲ ਨੇ ਇਕ ਪੱਤਰ ਸ੍ਰੀਮਤੀ ਗਾਂਧੀ ਦੇ ਨਾਮ ਲਿਖਿਆ ਜਿਸ ਨਾਲ ਉਸ ਦੀ ਸਰਕਾਰ ਉਪਰ ਦੋਸ਼ ਲਾਇਆ ਗਿਆ ਕਿ "ਸਿੱਖਾਂ ਵਿਰੁੱਧ ਨਵੀਂ ਜੰਗ ਛੇੜੀ ਗਈ ਹੈ", ਅਤੇ ਨਾਲ ਹੀ ਖ਼ਬਰਦਾਰ ਕੀਤਾ ਕਿ "ਸਵਰਨ ਮੰਦਰ ਉਪਰ ਚਲਾਈ ਹਰ ਗੋਲੀ ਹਰ ਇਕ ਸਿੱਖ ਦੇ ਵੱਜੇਗੀ ਜਿਥੇ ਕਿਤੇ ਵੀ ਵਿਸ਼ਵ ਵਿਚ ਉਹ ਹੈ।" ਗੁਰਦੁਆਰੇ ਦੇ ਮੁੱਖ ਗ੍ਰੰਥੀ ਅਤੇ ਅਕਾਲ ਤਖ਼ਤ ਦੇ ਮੁੱਖ ਜੱਥੇਦਾਰ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਰਣਖੇਤਰ ਵਿਚ ਲੜੋ ਅਤੇ ਪਾਪੀਆਂ ਦਾ ਖ਼ਾਤਮਾ ਕਰੋ।" ਕਾਰਵਾਈ ਲਈ ਪੂਰੀ ਤਿਆਰੀ ਕੀਤੀ ਗਈ : ਪੰਜਾਬ ਵਿਚ ਬਦੇਸ਼ੀਆਂ ਦੇ ਦਾਖ਼ਲੇ ਉਪਰ ਪਾਬੰਦੀ ਲਾਉਣ ਦਾ ਆਰਡੀਨੈਂਸ ਲਾਗੂ ਕੀਤਾ ਗਿਆ। ਪੰਜਾਬ ਦੇ ਸਾਰੇ ਸਮਾਚਾਰ ਪੱਤਰਾਂ ਉਪਰ ਸੈਂਸਰਸ਼ਿਪ ਲਾਈ ਗਈ; ਸੜਕ, ਰੇਲ ਹਵਾਈ ਸੇਵਾਵਾਂ ਠੱਪ ਕੀਤੀਆਂ ਗਈਆਂ। ਹਰਿਮੰਦਰ ਸਾਹਿਬ ਦੀ ਬਿਜਲੀ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ ਜਿਸ ਨਾਲ ਸਮੂਹ ਵਿਚ ਹਨੇਰਾ ਹੋ ਗਿਆ ਅਤੇ ਪਾਇਆ ਹੋਇਆ ਘੇਰਾ ਹੋਰ ਤੰਗ ਅਤੇ ਸਖ਼ਤ ਕਰ ਦਿੱਤਾ ਗਿਆ। ਬਲ ਦਾ ਵਿਖਾਵਾ ਕਰਕੇ ਰਖਵਾਰਿਆਂ ਨੂੰ ਧਮਕਾਉਣ ਦੀ ਵਿਉਂਤ ਵਿਫਲ ਹੋ ਗਈ। ਜੂਨ 3 ਨੂੰ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਦੇ ਅਵਸਰ 'ਤੇ ਹਰਿਮੰਦਰ ਸਾਹਿਬ ਵਿਚ ਸੰਗਤਾਂ ਦੀ ਭੀੜ ਪਹਿਲੇ ਵਾਲੀ ਨਹੀਂ ਸੀ; ਤਾਂ ਵੀ ਇਹ ਹਜ਼ਾਰਾਂ ਤੀਕ ਪਹੁੰਚ ਗਈ ਕਿਉਂਕਿ ਕਰਫਿਊ ਵਿਚ ਕੁਝ ਘੰਟਿਆਂ ਦੀ ਢਿੱਲ ਦਿੱਤੀ ਗਈ ਸੀ। ਸੰਤ ਲੌਂਗੋਵਾਲ ਨੇ ਇਕ ਬਿਆਨ ਜਾਰੀ ਕੀਤਾ ਜਿਸ ਨਾਲ ਸ੍ਰੀਮਤੀ ਗਾਂਧੀ ਦੀ 2 ਜੂਨ ਨੂੰ ਟੀ.ਵੀ. 'ਤੇ ਕੀਤੀ ਗਈ ਪੇਸ਼ਕਸ਼ ਰੱਦ ਕਰ ਦਿੱਤੀ ਗਈ। ਜੂਨ 3 ਦੀ ਸ਼ਾਮ ਨੂੰ ਹਰਿਮੰਦਰ ਸਾਹਿਬ ਦਾ ਟੈਲੀਫ਼ੂਨ ਅਤੇ ਪੀਣ ਵਾਲੇ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ। ਅਗਲੀ ਸਵੇਰ (ਜੂਨ 4) ਸੈਨਿਕ ਜੁਗਤ ਤਬਦੀਲ ਕਰ ਦਿੱਤੀ ਗਈ। ਤਿੰਨਾਂ ਬੁਰਜੀਆਂ ਅਤੇ ਗੁਰਦੁਆਰੇ ਨਾਲੋਂ ਉੱਚੀਆਂ ਬਿਲਡਿੰਗਾਂ ਉਪਰ ਜਿਹੜੇ ਬੱਬਰ ਖ਼ਾਲਸਾ ਦੇ ਛਹਿ ਲਾ ਕੇ ਗੋਲੀਆਂ ਚਲਾਉਣ ਵਾਲੇ ਲਾਹੇ ਵਾਲੇ ਟਿਕਾਣਿਆਂ 'ਤੇ ਬੈਠੇ ਸਨ, ਉਨ੍ਹਾਂ ਨੂੰ ਉਥੋਂ ਹਟਾਉਣ ਦੀ ਕਾਰਵਾਈ ਨੂੰ ਉੱਚ ਪ੍ਰਾਥਮਿਕਤਾ ਦਿੱਤੀ ਗਈ। ਮਾਊਂਟੇਨ ਤੋਪਾਂ ਲਿਆਂਦੀਆਂ ਗਈਆਂ। ਛਹਿ ਲਾ ਕੇ ਗੋਲੀ ਚਲਾਉਣ ਵਾਲਿਆਂ ਦੇ ਟਿਕਾਣੇ ਉਡਾ ਦਿੱਤੇ ਗਏ। ਭਾਵੇਂ ਉਸੇ ਦੇ ਪੱਖ ਵਿਚ ਸਨ ਪਰ ਬੱਬਰਾਂ ਨੇ ਸੁਤੰਤਰ ਰੂਪ ਵਿਚ ਕਾਰਜ ਕੀਤਾ ਅਤੇ ਅਕਸਰ ਜਨਰਲ

ਸ਼ਾਹਬੇਗ ਸਿੰਘ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ। ਪਰ ਉਨ੍ਹਾਂ ਦੇ ਖ਼ਾਤਮੇ ਨਾਲ ਫ਼ੌਜ ਲਈ ਰਾਹ ਸਾਫ਼ ਹੋ ਗਿਆ ਕਿ ਉਹ ਪੂਰਬੀ ਪਾਸੇ ਤੋਂ ਅੰਦਰ ਵੱਲ ਵਧ ਸਕੇ ਜਿਥੇ ਲੰਗਰ, ਸਰਾਂ ਅਤੇ ਐਸ.ਜੀ. ਪੀ.ਸੀ. ਦੇ ਦਫ਼ਤਰ ਸਨ। ਇਹ ਕੰਮ ਜੂਨ 5 ਤੋਂ ਆਰੰਭ ਹੋਇਆ। ਅੰਦਰ ਦੇ ਆਦਮੀਆਂ ਨੂੰ ਹਥਿਆਰ ਸੁੱਟਣ ਲਈ ਆਦੇਸ਼ ਦਿੱਤੇ ਗਏ। ਕੁਝ ਸੈਂਕੜਿਆਂ ਦੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦੇ ਨੌਕਰ-ਚਾਕਰ ਅਤੇ ਉਨ੍ਹਾਂ ਦੇ ਪਰਿਵਾਰ ਬਾਹਰ ਆ ਗਏ ; ਕੁਝ ਹੋਰ ਫ਼ੌਜ ਅੰਤੇ ਰਖਵਾਰਿਆਂ ਦੇ ਡਰ ਅਤੇ ਕਰੋਪੀ ਕਾਰਨ ਜਿਥੇ ਸਨ ਉਥੇ ਹੀ ਰਹੇ। ਇਸ ਵੇਲੇ ਤਕ ਖ਼ਬਰਾਂ ਆਉਣੀਆਂ ਆਰੰਭ ਹੋ ਗਈਆਂ ਕਿ ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਸਿੱਖ ਕਿਸਾਨ ਲੜਨ ਲਈ ਤਿਆਰ-ਬਰ-ਤਿਆਰ ਹਨ ਅਤੇ ਜੋ ਵੀ ਹਥਿਆਰ ਹੱਥ ਲਗਦਾ ਜਾਂ ਪਾਸ ਸੀ, ਲੈ ਕੇ ਆ ਰਹੇ ਹਨ। ਉਹ ਸ਼ਹਿਰ ਦੀ ਹਰ ਦਿਸ਼ਾ ਵੱਲੋਂ ਵਧਦੇ ਆ ਰਹੇ ਹਨ ਤਾਂ ਜੋ ਫ਼ੌਜ ਨੂੰ ਮਜਬੂਰ ਕਰ ਸਕਣ ਕਿ ਉਹ ਘੇਰਾ ਚੁੱਕ ਲਵੇ। ਹੈਲੀਕਾਪਟਰਾਂ ਰਾਹੀਂ ਅਨੁਮਾਨ ਲਾਇਆ ਗਿਆ ਕਿ ਆਉਣ ਵਾਲੀ ਭੀੜ ਦੀ ਗਿਣਤੀ 20,000 ਤੋਂ ਵੱਧ ਸੀ। ਉਨ੍ਹਾਂ ਦੀ ਰੋਕ ਲਈ ਟੈਂਕ ਅਤੇ ਬਖ਼ਤਰਬੰਦ ਗੱਡੀਆਂ ਭੇਜੀਆਂ ਗਈਆਂ। ਫ਼ੌਜੀ ਕਮਾਂਡਰਾਂ ਨੇ ਸਮਝ ਲਿਆ ਕਿ ਜਦੋਂ ਤਾਈਂ ਟੈਂਪਲ ਦੇ ਅੰਦਰ ਦੀ ਰੁਕਾਵਟ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਉਨ੍ਹਾਂ ਨੂੰ ਸਿੱਖਾਂ ਦੀ ਆਮ ਬਗ਼ਾਵਤ ਦਾ ਸਾਹਮਣਾ ਕਰਨਾ ਪੈ ਜਾਵੇਗਾ ਅਤੇ ਸਮਾਂ ਵੀ ਬਹੁਤ ਥੋੜ੍ਹਾ ਰਹਿੰਦਾ ਜਾਂਦਾ ਹੈ। ਉਨ੍ਹਾਂ ਫ਼ੈਸਲਾ ਕੀਤਾ ਕਿ ਕਾਰਜ ਨੂੰ ਜੂਨ 5-6 ਦੀ ਰਾਤ ਨੂੰ ਖ਼ਤਮ ਕਰ ਦਿੱਤਾ ਜਾਵੇ ਭਾਵੇਂ ਉਨ੍ਹਾਂ ਨੂੰ ਕੋਈ ਵੀ ਕੀਮਤ ਚੁਕਾਉਣੀ ਪਵੇ ਅਤੇ ਟੈਂਪਲ ਦਾ ਕੁਝ ਵੀ ਨੁਕਸਾਨ ਹੋ ਜਾਵੇ। ਉਨ੍ਹਾਂ ਜੋ ਕੁਝ ਪਾਸ ਸੀ ਸਭ ਦਾਓ 'ਤੇ ਲਾ ਦਿੱਤਾ। ਉਨ੍ਹਾਂ ਦੇ ਕਮਾਂਡੋ, ਗੋਤਾਖੋਰ, ਹੈਲੀਕਾਪਟਰ, ਬਖ਼ਤਰਬੰਦ ਵਾਹਨ ਅਤੇ ਟੈਂਕ। ਉਨ੍ਹਾਂ ਪਹਿਲਾਂ ਲੰਗਰ, ਸਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਨ 'ਤੇ ਕਬਜ਼ਾ ਜਮਾਇਆ ਜਿਥੇ ਅਕਾਲੀ ਲੀਡਰਾਂ ਨੇ ਆਪਣੇ-ਆਪ ਨੂੰ ਇਕੱਠਾ ਕਰ ਰਖਿਆ ਸੀ। ਅੱਧੀ ਰਾਤ ਤੋਂ ਇਕ ਘੰਟਾ ਪਿੱਛੋਂ ਸੰਤ ਲੌਂਗੋਵਾਲ, ਟੌਹੜਾ, ਰਾਮੂਵਾਲੀਆ, ਅਮਰਜੀਤ ਕੌਰ ਅਤੇ ਅਨੇਕਾਂ ਹੋਰ ਫ਼ੌਜ ਅੱਗੇ ਆਤਮ-ਸਮਰਪਣ ਕਰ ਗਏ। ਜਦੋਂ ਇਹ ਕਾਰਜ ਹੋ ਰਿਹਾ ਸੀ ਤਾਂ ਛਹਿ ਲਾ ਕੇ ਵਾਰ ਕਰਨ ਵਾਲਿਆਂ ਨੇ ਫੜੱਕ ਦੇ ਕੇ ਦੋ ਦੁਸ਼ਮਣਾਂ ਨੂੰ ਗੋਲੀ ਨਾਲ ਮਾਰ ਦਿੱਤਾ ਅਤੇ ਇਕ ਹੱਥਗੋਲਾ ਭੀੜ ਵਿਚ, ਪਤਾ ਨਹੀਂ ਕਿਸ ਨੇ ਸੁੱਟਿਆ ਜਿਸ ਨਾਲ ਅਨੇਕਾਂ ਮਾਰੇ ਗਏ. ਫ਼ੌਜ ਤਿੰਨਾਂ ਬਾਹੀਆਂ ਤੋਂ ਟੈਂਪਲ ਅੰਦਰ ਵੜ ਗਈ। ਮੁੱਖ ਧਾਵਾ ਉਸ ਮੁੱਖ ਦੁਆਰ ਰਾਹੀਂ ਬੋਲਿਆ ਗਿਆ ਜਿਥੋਂ ਉਨ੍ਹਾਂ ਅਕਾਲੀ ਨੇਤਾਵਾਂ ਨੂੰ ਫੜਿਆ ਸੀ। ਜਵਾਨਾਂ ਸਹਿਤ ਟੈਂਕ ਅਤੇ ਬਖ਼ਤਰਬੰਦ ਗੱਡੀਆਂ (ਕੈਰੀਅਰ) ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦਾਖ਼ਲ ਹੋ ਗਏ ਅਤੇ ਅਕਾਲ ਤਖ਼ਤ ਅਤੇ ਦੁਆਲੇ ਦੀਆਂ ਬਿਲਡਿੰਗਾਂ ਤੋਂ ਘਾਤਕ ਹਥਿਆਰਾਂ ਦਾ ਸਾਮ੍ਹਣਾ ਕਰਨਾ ਪਿਆ। ਅੱਗੇ ਵਧਣ ਲਈ ਜਿਸ ਆਰਮਰਡ (ਬਖ਼ਤਰਬੰਦ) ਕੈਰੀਅਰ ਨੇ ਅਗਵਾਈ ਕੀਤੀ ਸੀ ਉਸ ਦਾ ਨਿਸ਼ਾਨਾ ਰਾਕਟ ਨਾਲ ਬਣਾਇਆ ਗਿਆ। ਅੰਦਰ ਟੈਂਕਾਂ ਨੂੰ ਲਿਆਂਦਾ ਗਿਆ। ਇਕ ਟੈਂਕ ਆਪਣੇ ਹੀ ਭਾਰ ਨਾਲ ਧਸ ਗਿਆ ਅਤੇ ਰੁਕ ਗਿਆ। ਨਜ਼ਰਾਂ ਨੂੰ ਅੰਨ੍ਹਿਆਂ ਕਰਨ ਵਾਲੀ ਤੇਜ਼ ਰੋਸ਼ਨੀ ਟੈਂਕਾਂ ਦੀਆਂ ਬੱਤੀਆਂ ਜਲਾ ਕੇ ਕੀਤੀ ਗਈ ਅਤੇ ਅਕਾਲ ਤਖ਼ਤ ਉਪਰ ਸ਼ੈੱਲ ਦਾਗ਼ੇ ਗਏ। ਇਕ ਦਰਸ਼ਨੀ ਡਿਉੜੀ ਰਾਹੀਂ ਹਰਿਮੰਦਰ ਸਾਹਿਬ ਜਾਣ ਵਾਲੇ ਛੋਟੇ ਲਾਂਘੇ ਦੇ ਅੰਤ ਤਕ ਗਈ, ਦੂਜੀ ਅਕਾਲ ਤਖ਼ਤ ਵਿਚ ਵੱਜੀ ਜਿਸ ਨਾਲ ਬਹੁਤ ਸਾਰਾ ਭਾਗ ਡਿੱਗ ਪਿਆ। ਪਰਿਕਰਮਾ ਦੇ ਕਮਰੇ ਤੋਂ ਕਮਰੇ ਤਕ ਲੜਾਈ ਹੁੰਦੀ ਰਹੀ। ਫ਼ੌਜੀ ਜਵਾਨਾਂ ਦਾ ਮੁਕਾਬਲਾ ਕਰਨ ਲਈ ਭਿੰਡਰਾਂਵਾਲੇ ਦੇ ਆਦਮੀ ਬੇਸਮੈਂਟ ਵਿਚੋਂ ਬਾਹਰ ਆਉਂਦੇ ਰਹੇ। ਜੂਨ 6 ਦੀ ਸਵੇਰ ਤਕ ਫ਼ੌਜ ਨੇ ਹਰਿਮੰਦਰ

ਅਤੇ ਇਸ ਦੇ ਦੁਆਲੇ 'ਤੇ ਪੂਰਾ ਨਿਯੰਤਰਨ ਕਰ ਲਿਆ ਸੀ। ਅੰਮ੍ਰਿਤ ਵੇਲੇ 4.30 ਵਜੇ ਆਰਮੀ ਕਮਾਂਡੋ ਅਕਾਲ ਤਖ਼ਤ ਤਕ ਪਹੁੰਚਣ ਵਿਚ ਸਫਲ ਹੋ ਗਏ। ਹੋਰ ਦੋ ਘੰਟੇ ਤਕ ਲੜਾਈ ਹੁੰਦੀ ਰਹੀ। ਜਨਰਲ ਬਰਾੜ ਨੇ ਕਿਹਾ, "ਅਤਿਵਾਦੀ ਆਖ਼ਰੀ ਆਦਮੀ ਤਕ ਲੜਦੇ ਗਏ, ਗੋਲੀਆਂ ਨਾਲ ਛਾਨਣੀ ਹੋਏ ਭਿੰਡਰਾਂ-ਵਾਲੇ, ਅਮਰੀਕ ਸਿੰਘ (ਜਿਸ ਦੀ ਸ਼ਾਦੀ ਕੁਝ ਦਿਨ ਪਹਿਲਾਂ ਹੋਈ ਸੀ), ਜਨਰਲ ਸ਼ਾਹਬੇਗ ਸਿੰਘ, ਜਿਸ ਆਪਣਾ ਵਾਕੀ-ਟਾਕੀ ਸੈੱਟ ਫੜਿਆ ਹੋਇਆ ਸੀ, ਦੇ ਸਰੀਰ ਹੇਠਾਂ ਬੇਸਮੈਂਟ ਵਿਚ ਮਿਲੇ।

ਅਜਿਹੀਆਂ ਲੜਾਈਆਂ ਫ਼ੌਜ ਵੱਲੋਂ ਲਗਭਗ ਹੋਰ ਚਾਲ੍ਹੀ ਗੁਰਦੁਆਰਿਆਂ ਵਿਚ ਵੀ ਲੜੀਆ ਗਈਆਂ ਜਿਥੇ ਦਹਿਸ਼ਤਗਰਦਾਂ ਦੇ ਛਿਪੇ ਹੋਣ ਦਾ ਸੰਦੇਹ ਜਾਂ ਸ਼ੱਕ ਸੀ। ਇਨ੍ਹਾਂ ਵਿਚ ਪਟਿਆਲੇ ਦਾ ਗੁਰਦੁਆਰਾ ਦੂਖ ਨਿਵਾਰਨ, ਤਰਨਤਾਰਨ ਅਤੇ ਮੋਗਾ ਦੇ ਗੁਰਦੁਆਰੇ ਸ਼ਾਮਲ ਸਨ।

ਦੋ ਦਿਨਾਂ ਪਿੱਛੋਂ, ਜੂਨ 8 ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਹਰਿਮੰਦਰ ਸਾਹਿਬ ਆਏ। ਪ੍ਰਧਾਨ ਮੰਤਰੀ ਨੇ ਇਸ ਗੱਲ ਦਾ ਧਿਆਨ ਰਖਿਆ ਕਿ ਅਰਜਨ ਸਿੰਘ ਅਤੇ ਆਪਣੇ ਨਿੱਜੀ ਸਕੱਤਰ, ਆਰ. ਕੇ. ਧਵਨ ਨੂੰ ਗਿਆਨੀ ਜ਼ੈਲ ਸਿੰਘ ਉਪਰ ਨਜ਼ਰ ਰੱਖਣ ਲਈ ਨਾਲ ਭੇਜਿਆ ਕਿ ਉਹ ਯਕੀਨੀ ਬਨਾਉਣ ਕਿ ਉਹ ਕੋਈ ਅਜਿਹੀ ਗੱਲ ਨਾ ਕਹਿਣ ਜਿਸ ਨਾਲ ਸਰਕਾਰ ਨੂੰ ਨਮੋਸ਼ੀ ਹੋਵੇ। ਪਰ ਜੋ ਕੁਝ ਉਨ੍ਹਾਂ ਤੱਕਿਆ ਉਸ ਨਾਲ ਜ਼ੈਲ ਸਿੰਘ ਕੰਬ ਉਠਿਆ। ਪਵਿੱਤਰ ਸਰੋਵਰ ਵਿਚ ਇਸਤਰੀਆਂ ਅਤੇ ਬੱਚਿਆਂ ਦੀਆਂ ਲਾਸ਼ਾਂ ਅਜੇ ਤਕ ਤਰਦੀਆਂ ਪਈਆਂ ਸਨ। ਭਾਵੇਂ ਸਥਾਨ ਤੋਂ ਖ਼ੂਨ ਨੂੰ ਸਾਫ਼ ਕਰਨ ਲਈ ਕਾਫ਼ੀ ਯਤਨ ਕੀਤੇ ਗਏ ਸਨ, ਪਰ ਮੌਤ ਅਤੇ ਵਿਸਫੋਟਕਾ ਦੀ ਦੁਰਗੰਧ ਵਾਤਾਵਰਣ ਵਿਚ ਫੈਲੀ ਹੋਈ ਸੀ। ਇਕ ਛਹਿ ਲਾ ਕੇ ਗੋਲੀ ਮਾਰਨ ਵਾਲੇ ਨੇ ਗੁਆਂਢ ਦੀ ਬਿਲਡਿੰਗ ਵਿਚ ਛਿਪੇ ਹੋਏ ਥਾਂ ਤੋਂ ਗੋਲੀ ਮਾਰ ਕੇ ਉਸ ਦੀ ਹੱਤਿਆ ਕਰਨ ਦਾ ਯਤਨ ਕੀਤਾ ਪਰ ਗੋਲੀ ਸੁਰੱਖਿਆ ਗਾਰਦ ਦੇ ਵੱਜੀ ਜਿਹੜਾ ਉਸ ਦੇ ਪਿੱਛੇ ਸੀ। ਸ੍ਰੀਮਤੀ ਇੰਦਰਾ ਗਾਂਧੀ ਵੀ ਕੁਝ ਦਿਨਾਂ ਪਿੱਛੋਂ ਹਰਿਮੰਦਰ ਸਾਹਿਬ ਆਈ ਅਤੇ ਤਬਾਹੀ ਹੋਈ ਦੇਖ ਕੇ ਘਬਰਾ ਗਈ, ਪਰ ਉਹ ਏਨੀ ਮਹਾਨ ਇਸਤਰੀ ਨਹੀਂ ਸੀ ਕਿ ਇਹ ਸਵੀਕਾਰ ਕਰਦੀ ਕਿ 'ਨੀਲਾ ਤਾਰਾ ਆਪਰੇਸ਼ਨ' ਸੂਝ-ਬੂਝ ਦੀ ਇਕ ਭਾਰੀ ਗ਼ਲਤੀ ਸੀ, ਇਕ ਬੱਜਰ ਭੁੱਲ ਸੀ, ਜਿਸ ਦਾ ਉਸ ਨੂੰ ਨਿੱਜੀ ਤੌਰ 'ਤੇ ਅਤੇ ਦੇਸ਼ ਨੂੰ ਆਮ ਕਰਕੇ ਆਉਣ ਵਾਲੇ ਦਹਾਕਿਆਂ ਵਿਚ ਮਹਿੰਗਾ ਮੁੱਲ ਤਾਰਨਾ ਪਏਗਾ।

ਸਰਕਾਰੀ ਮੀਡੀਆ ਅਤੇ ਲਗਭਗ ਸਾਰੇ ਦਾ ਸਾਰਾ ਸੰਪਰਦਾਇਕ ਰਵੱਈਏ ਵਾਲਾ ਪ੍ਰੈੱਸ ਇਸ ਕਾਰਵਾਈ ਨੂੰ ਉਚਿਤ ਠਹਿਰਾਉਣ ਲਈ ਜ਼ੋਰ ਲਾਉਂਦਾ ਰਿਹਾ। ਫ਼ੌਜੀ ਵੀਰਤਾ ਦੇ ਸੋਹਲੇ ਗਾਉਂਦਾ ਰਿਹਾ ਜਿਸ ਨਾਗਵਾਰ ਅਤੇ ਦੁਖਦਾਈ ਕਾਰਜ ਨੂੰ ਕਿੱਤੇ ਦੀ ਕੋਮਲਤਾ ਨਾਲ ਨਿਭਾਇਆ। ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਦੀ ਨਿੰਦਾ ਅਜਿਹੇ ਸ਼ਬਦਾਂ ਵਿਚ ਕਰਦਾ ਰਿਹਾ ਜੋ ਕਥਿਤ ਤੌਰ 'ਤੇ ਪ੍ਰੈੱਸ ਨੂੰ ਸੋਭਦੇ ਨਹੀਂ। ਇਹ ਪ੍ਰਗਟ ਕੀਤਾ ਗਿਆ ਕਿ ਫ਼ੌਜ ਦਾ ਭਾਰੀ ਜਾਨੀ ਨੁਕਸਾਨ ਹੋਇਆ ਕਿਉਂਕਿ ਇਸ ਹਰਿਮੰਦਰ ਸਾਹਿਬ ਪਾਸਿਓਂ ਹੋ ਰਹੀ ਗੋਲਾਬਾਰੀ ਦੇ ਜਵਾਬ ਵਿਚ ਢਿੱਲ ਵਰਤੀ ਜਿਸ ਕਾਰਨ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਅਤੇ ਅੰਦਰ ਵਾਲਿਆਂ ਵਿਚੋਂ ਕੋਈ ਫੱਟੜ ਨਹੀਂ ਹੋਇਆ। ਪਰ ਜਿਹੜੇ ਅੰਦਰ ਫਸੇ ਹੋਏ ਸਨ ਉਹ ਵੱਖਰੀ ਹੀ ਕਹਾਣੀ ਦੱਸਦੇ ਹਨ। ਗੁਰਧਾਮ ਵਿਚ ਥਾਂ-ਥਾਂ ਗੋਲੀਆਂ ਖਿੱਲਰੀਆਂ ਹੋਈਆਂ ਸਨ ਅਤੇ ਇਕ ਰਾਗੀ ਦੀ ਹੱਤਿਆ ਵੀ ਹੋਈ ਸੀ। ਕਹਾਣੀਆਂ ਪਾਈਆਂ ਗਈਆਂ ਕਿ ਭਾਰੀ ਗਿਣਤੀ ਵਿਚ ਇਸਤਰੀਆਂ, ਰੰਡੀਆ ਅਤੇ ਹਿੱਪੀਆਂ ਸਹਿਤ ਅਸਥਾਨ 'ਤੇ ਸਨ ਜਿਨ੍ਹਾਂ ਵਿਚੋਂ ਕੁਝ ਗਰਭਵਤੀਆਂ ਸਨ। ਬਾਕੀ ਗਰਭ-

ਧਾਰਨ ਤੋਂ ਬਚ ਰਹੀਆਂ ਕਿਉਂਕਿ ਢੇਰ ਕੂੜੇ ਜਾਂ ਮਲਬੇ ਵਿਚ ਵਰਤੇ ਹੋਏ ਨਿਰੋਧ ਪ੍ਰਾਪਤ ਹੋਏ ਸਨ; ਅਫੀਮ, ਹੀਰੋਇਨ ਅਤੇ ਹਸ਼ੀਸ਼ ਜਿਹੇ ਨਸ਼ੀਲੇ ਪਦਾਰਥਾਂ ਦੇ ਭੰਡਾਰ ਵੀ ਮਿਲੇ ਸਨ। ਇਹ ਕਹਾਣੀਆਂ ਅਨੇਕਾਂ ਸਮਾਚਾਰ ਪੱਤਰਾਂ ਦੇ ਮੁੱਖ ਪੰਨਿਆਂ ਦੀਆਂ ਮੋਟੀਆਂ ਸੁਰਖ਼ੀਆਂ ਸਨ; ਅੱਗੋਂ ਇਨ੍ਹਾਂ ਦੀ ਸੋਧ ਜਾਰੀ ਕੀਤੀ ਗਈ ਕਿ ਹਰਿਮੰਦਰ ਸਾਹਿਬ ਸਮੂਹ ਵਿਚ ਹਿੱਪੀ ਅਤੇ ਨਸ਼ੀਲੀਆਂ ਦੁਵਾਈਆਂ ਨਹੀਂ ਸਨ। ਪਰ ਬਾਹਰ ਇਸ ਗੱਲ ਦਾ ਕਾਫ਼ੀ ਪ੍ਰਾਪੇਗੰਡਾ ਕੀਤਾ ਗਿਆ। ਅੱਗੋਂ ਵੀ ਜੋ ਯਤਨ ਭਿੰਡਰਾਂਵਾਲੇ ਦੇ ਚਰਿਤਰ ਨੂੰ ਭੱਦਾ ਚਿਤਰਨ ਦਾ ਕੀਤਾ ਗਿਆ ਉਹ ਵੀ ਬਰਾਬਰ ਦਾ ਬੇਢੰਗਾ ਸੀ। ਇਹ ਕਿਹਾ ਗਿਆ ਕਿ ਉਸ ਦੀ ਹੱਤਿਆ ਉਸ ਦੇ ਆਪਣੇ ਹੀ ਆਦਮੀਆਂ ਦੇ ਹੱਥੋਂ ਹੋਈ ਸੀ, ਕਿਉਂਕਿ ਕੋਈ ਵੀ ਅਣਖੀ ਸਿੱਖ ਅਜਿਹਾ ਨਾ ਮਿਲ ਸਕਿਆ ਜਿਹੜਾ ਸਰਕਾਰੀ ਕਾਰਵਾਈ ਨੂੰ ਉਚਿਤ ਠਹਿਰਾਉਂਦਾ। ਇਸ ਲਈ ਡਰੇ ਹੋਏ, ਸਹਿਮੇ ਹੋਏ ਲੋਕ ਟੀ.ਵੀ. ਕੈਮਰੇ ਅੱਗੇ ਪੇਸ਼ ਕੀਤੇ ਗਏ ਜਿਨ੍ਹਾਂ ਪਾਸੋਂ ਉਨ੍ਹਾਂ ਲਈ ਤਿਆਰ ਕੀਤੇ ਹੋਏ ਬਿਆਨ ਤੋਤਿਆਂ ਵਾਂਗ ਪੜ੍ਹਵਾਏ ਗਏ। ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਜੱਥੇਦਾਰ ਕ੍ਰਿਪਾਲ ਸਿੰਘ ਪਾਸੋਂ ਉਸ ਦੇ ਹੱਥ ਵਿਚ ਦਿੱਤਾ ਬਿਆਨ ਦੁਹਰਾਇਆ ਗਿਆ ਕਿ ਜੋ ਨੁਕਸਾਨ ਹੋਇਆ ਉਹ ਨਾਂ-ਮਾਤਰ ਸੀ।

ਇਸ ਕਾਰਵਾਈ ਨਾਲ ਸਮੁੱਚੇ ਸਿੱਖ ਪੰਥ ਨੂੰ ਜ਼ਬਰਦਸਤ ਠੇਸ ਪਹੁੰਚੀ, ਧੱਕਾ ਲੱਗਿਆ ਅਤੇ ਇਸ ਗ਼ੁੱਸੇ ਨੂੰ ਉਸ ਨੇ ਅਨੇਕ ਢੰਗ-ਤਰੀਕਿਆਂ ਨਾਲ ਪ੍ਰਗਟ ਕੀਤਾ। ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਅੱਠਾਂ ਛਾਉਣੀਆਂ ਵਿਚ 4000 ਸਿੱਖ ਸਿਪਾਹੀਆਂ ਨੇ ਆਪਣੀਆਂ ਰਜਮੈਂਟਾਂ ਤਿਆਗ ਦਿੱਤੀਆਂ, ਆਪਣੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਅਤੇ ਅੰਮ੍ਰਿਤਸਰ ਪਹੁੰਚਣ ਦੀ ਕੋਸ਼ਿਸ਼ ਕੀਤੀ। ਸਥਾਨਕ ਪੁਲਿਸ ਅਤੇ ਫ਼ੌਜ ਨੇ ਉਨ੍ਹਾਂ ਨੂੰ ਰਾਹ ਵਿਚ ਰੋਕਿਆ। ਹੋਈਆਂ ਟੱਕਰਾਂ ਵਿਚ ਦੋਹਾਂ ਪਾਸਿਆਂ ਦੇ ਕਈ ਆਦਮੀ ਮਾਰੇ ਗਏ ਅਤੇ ਬਾਕੀ ਦੇ ਭਗੌੜਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲੋਕ ਸਭਾ ਦੇ ਦੋ ਸਿੱਖ ਮੈਂਬਰਾਂ, ਪਟਿਆਲਾ ਦੇ ਅਮਰਿੰਦਰ ਸਿੰਘ ਸਹਿਤ, ਜਿਹੜੇ ਸ੍ਰੀਮਤੀ ਗਾਂਧੀ ਦੀ ਪਾਰਟੀ ਦੇ ਸਨ, ਨੇ ਪਾਰਲੀਮੈਂਟ ਅਤੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ। ਪੰਜਾਬ ਵਿਧਾਨ ਸਭਾ ਦੇ ਅਨੇਕਾਂ ਸਿੱਖ ਮੈਂਬਰਾਂ ਨੇ ਵੀ ਅਜਿਹਾ ਕੀਤਾ। ਨਾਰਵੇ ਵਿਚ ਇਕ ਸਿੱਖ ਰਾਜਦੂਤ ਨੇ ਸਿਆਸੀ ਸ਼ਰਨ (ਅਸਾਈਲਮ) ਦੀ ਮੰਗ ਕੀਤੀ। ਇਕ ਸੀਨੀਅਰ ਪੁਲਿਸ ਅਫ਼ਸਰ, ਸਿਮਰਨਜੀਤ ਸਿੰਘ ਮਾਨ ਨੇ, ਜੋ ਮਹਾਰਾਸ਼ਟਰ ਵਿਚ ਨਿਯੁਕਤ ਸੀ, ਆਪਣੇ ਤਿਆਗ-ਪੱਤਰ ਨਾਲ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਮ ਹੇਠੀਜਨਕ ਪੱਤਰ ਨੱਥੀ ਕੀਤੇ ਅਤੇ ਰੂਪੋਸ਼ ਹੋ ਗਿਆ। ਉਸ ਨੂੰ ਬਾਅਦ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਉਹ ਸਰਹੱਦ ਪਾਰ ਕਰਕੇ ਨੇਪਾਲ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਿਨਾਂ ਕਿਸੇ ਮੁਕੱਦਮੇ ਦੇ ਉਸ ਨੂੰ ਹਿਰਾਸਤ ਵਿਚ ਰਖਿਆ ਗਿਆ। ਅਨੇਕਾਂ ਪ੍ਰਸਿੱਧ ਸਾਹਿਤਕਾਰਾਂ, ਜਿਨ੍ਹਾਂ ਵਿਚ ਇਤਿਹਾਸਕਾਰ ਗੰਡਾ ਸਿੰਘ, ਸਾਧੂ ਸਿੰਘ ਹਮਦਰਦ, ਸੰਪਾਦਕ ਰੋਜ਼ਾਨਾ 'ਅਜੀਤ' ਅਤੇ ਭਗਤ ਪੂਰਨ ਸਿੰਘ, ਜਿਸ ਨੂੰ ਅਪਾਹਜਾਂ ਕੋਹੜੀਆਂ ਅਤੇ ਯਤੀਮਾਂ ਦੀ ਨਿਸ਼ਕਾਮ ਸੇਵਾ ਕਰਨ ਲਈ ਪੰਜਾਬ ਦੀ 'ਦਾਹੜੀ ਵਾਲੀ ਮਦਰ ਟੇਰੀਸਾ' ਵੀ ਕਿਹਾ ਜਾਂਦਾ ਸੀ, ਨੇ ਆਪਣੇ-ਆਪਣੇ ਮਾਨ-ਸਨਮਾਨ ਮੋੜ ਦਿੱਤੇ ਜੋ ਸਰਕਾਰ ਨੇ ਉਨ੍ਹਾਂ ਨੂੰ ਪ੍ਰਦਾਨ ਕੀਤੇ ਸਨ।

'ਆਪਰੇਸ਼ਨ ਨੀਲਾ ਤਾਰਾ' ਦੇ ਇਕ ਮਹੀਨਾ ਬੀਤ ਜਾਣ ਅਤੇ ਅਨੇਕਾਂ ਵਾਰ ਮੁਲਤਵੀ ਕਰਨ ਉਪਰੰਤ ਸਰਕਾਰ ਨੇ ਜੁਲਾਈ 10 ਨੂੰ ਘਟਨਾਵਾਂ ਬਾਰੇ ਜਿਸ ਕਾਰਨ ਇਹ ਆਪਰੇਸ਼ਨ ਹੋਇਆ, ਆਪਣਾ ਕਥਨ "ਪੰਜਾਬ ਅੰਦੋਲਨ ਬਾਰੇ ਸਫ਼ੇਦ ਪੱਤਰ" ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਇਕ-ਪੱਖੀ ਬਿਆਨ ਹੋਣ ਦੇ ਇਲਾਵਾ ਇਸ ਵਿਚ ਤੱਥਾਂ ਦੀਆਂ ਗ਼ਲਤੀਆਂ ਦੀ

ਭਰਮਾਰ ਸੀ। ਇਸ ਦੀ ਮੁੱਖ ਥੀਮ ਇਹ ਸੀ ਕਿ "ਅਕਾਲੀਆਂ ਦੇ ਅੰਦੋਲਨ ਨੇ ਭਿੰਡਰਾਂਵਾਲੇ ਦਾ ਦਹਿਸ਼ਤਵਾਦ ਪੈਦਾ ਕੀਤਾ। ਪਰ ਇਸ ਦਾ ਕੰਟਰੋਲ ਅਕਾਲੀ ਨਾ ਕਰ ਸਕੇ, ਇਸ ਲਈ ਸਰਕਾਰ ਪਾਸ ਇਸ ਬਾਰੇ ਕੋਈ ਹੋਰ ਚਾਰਾ ਨਹੀਂ ਸੀ ਕਿ ਇਸ ਨੂੰ ਉਖਾੜ ਸੁੱਟੇ।" ਅਸਲ ਵਿਚ ਭਿੰਡਰਾਂਵਾਲੇ ਦਾ ਦਹਿਸ਼ਤਵਾਦ ਬਹੁਤ ਪਹਿਲਾ ਆਰੰਭ ਹੋਇਆ ਜਦੋਂ ਅਪ੍ਰੈਲ 13, 1978 ਨੂੰ ਨਿਰੰਕਾਰੀਆਂ ਨਾਲ ਉਸ ਦੀ ਟੱਕਰ ਹੋਈ। ਨਿਰੰਕਾਰੀ ਬਾਬਾ ਗੁਰਬਚਨ ਸਿੰਘ ਅਤੇ ਲਾਲਾ ਜਗਤ ਨਾਰਾਇਣ ਦੀ ਹੱਤਿਆ, ਰੇਲ ਪਟੜੀਆਂ ਦਾ ਸਾਬੋਤਾਜ, ਦੋ ਇੰਡੀਅਨ ਏਅਰਲਾਈਨਜ਼ ਦਾ ਅਪਹਰਣ, ਮੁੱਖ ਮੰਤਰੀ ਦਰਬਾਰਾ ਸਿੰਘ ਦੇ ਜੀਵਨ ਉਪਰ ਘਾਤਕ ਯਤਨ। ਅਨੇਕਾਂ ਸੰਤ ਅਤੇ ਨਿਰੰਕਾਰੀਆਂ ਦਾ ਹੱਤਿਆ। ਇਹ ਅਕਾਲੀਆਂ ਦੇ ਅਗਸਤ 4, 1982 ਨੂੰ ਆਰੰਭ ਹੋਣ ਵਾਲੇ 'ਧਰਮਯੁੱਧ' ਤੋਂ ਪਹਿਲਾਂ ਦੇ ਸਨ।

'ਸਫੇਦ ਪੱਤਰ' ਵਿਚ ਭਿੰਡਰਾਂਵਾਲੇ ਦੀਆਂ ਸਾਰੀਆਂ ਬਦਕਾਰੀਆਂ ਦੀ ਜ਼ਿੰਮੇਵਾਰੀ ਅਕਾਲੀਆਂ ਉਪਰ ਸੁੱਟੀ ਗਈ। ਸਰਕਾਰ ਦੇ ਯੋਗਦਾਨ ਬਾਰੇ ਕੁਝ ਵੀ ਨਾ ਕਿਹਾ ਗਿਆ ਕਿ ਕਿਵੇਂ ਉਸ ਨੂੰ ਤਿਆਰ ਕੀਤਾ ਗਿਆ, ਕਤਲ ਦਾ ਇਲਜ਼ਾਮ ਲਾ ਕੇ ਉਸ ਨੂੰ ਛੱਡਿਆ ਗਿਆ ਅਤੇ ਬੰਬਈ ਅਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਆਪਣੇ ਹਥਿਆਰਬੰਦ 'ਮਰਜੀਵੜਿਆਂ' ਸਹਿਤ ਘੁੰਮਣ ਦਿੱਤਾ ਗਿਆ। ਉਨ੍ਹਾਂ ਬਾਰੇ ਕੋਈ ਪੁੱਛਗਿੱਛ ਨਾ ਕੀਤੀ ਗਈ ਹਾਲਾਂਕਿ ਲੰਗਰ ਵਾਸਤੇ ਰਸਦ-ਪਾਣੀ ਲਿਜਾਣ ਦੇ ਬਹਾਨੇ ਹਥਿਆਰਾਂ ਦੀ ਤਸਕਰੀ ਹੁੰਦੀ ਰਹੀ।

ਸਰਕਾਰ ਦੇ ਬੁਲਾਰੇ ਨੇ ਅਕਸਰ ਜ਼ਿਕਰ ਕੀਤਾ ਹੈ ਕਿ ਦਹਿਸ਼ਤਗਰਦਾਂ ਨੂੰ ਹਥਿਆਰਾਂ ਦੀ ਆਪੂਰਤੀ ਅਤੇ ਸਿਖਲਾਈ ਲਈ "ਵਿਦੇਸ਼ੀ ਹੱਥ" ਹੈ, ਭਾਵ ਪਾਕਿਸਤਾਨ ਜਾਂ ਯੂਨਾਈਟਿਡ ਸਟੇਟਸ ਜਾਂ ਦੋਵੇਂ ਹੀ। ਜੰਮੂ ਅਤੇ ਕਸ਼ਮੀਰ ਵਿਚ ਕਾਇਮ ਕੀਤੇ ਸਿਖਲਾਈ ਕੈਂਪਾਂ ਦਾ ਵੀ ਜ਼ਿਕਰ ਹੈ। 'ਸਫੇਦ ਪੱਤਰ' ਵਿਚ ਇਹ ਵੀ ਕਿਹਾ ਗਿਆ ਕਿ ਸਰਕਾਰ ਪਾਸ ਇਸ ਵਿਸ਼ਵਾਸ ਲਈ ਕਾਰਨ ਹਨ ਕਿ ਦਹਿਸ਼ਤਗਰਦਾਂ ਨੂੰ ਵੱਖ-ਵੱਖ ਭਾਂਤ ਦਾ ਆਸਰਾ ਕੁਝ ਵਿਦੇਸ਼ੀ ਸਰੋਤਾਂ ਤੋਂ ਮਿਲਦਾ ਰਿਹਾ ਹੈ। ਇਸ ਵਿਚ ਇਕ ਕੈਨੇਡਾ ਦੇ ਸਿੱਖ ਅਤਿਵਾਦੀ ਗੁਟ ਦਾ ਹਵਾਲਾ ਹੈ ਜਿਸ ਨੇ ਇਕ ਜੌਨ ਵਾਂਡਰਹਾਰਸਟ ਨੂੰ ਸਿੱਖਾਂ ਨੂੰ ਹਥਿਆਰਾਂ ਦੀ ਵਰਤੋਂ ਦੀ ਸਿਖਲਾਈ ਲਈ ਕਿਰਾਏ 'ਤੇ ਰਖਿਆ। ਇਸ ਸੂਚਨਾ ਦਾ ਆਧਾਰ 'ਵੈਨਕੋਵਰ ਸੰਨ' ਦੀ ਰਿਪੋਰਟ ਵਿਚ ਦੱਸਿਆ ਗਿਆ। ਸਭ ਤੋਂ ਵੱਧ ਗਲਤੀ 'ਸਫੇਦ ਪੱਤਰ' ਵਿਚ ਇਨਸਾਨੀ ਅਤੇ ਪਵਿੱਤਰ ਜਾਇਦਾਦਾਂ ਦੇ ਨੁਕਸਾਨ ਦੇ ਨਾਲ ਸੰਬੰਧਤ ਸੀ। ਇਸ ਅਨੁਸਾਰ "ਅਸੈਨਿਕ ਦਹਿਸ਼ਤਗਰਦ" 554 ਮਾਰੇ ਗਏ ਅਤੇ 121 ਫੱਟੜ ਹੋਏ। ਫ਼ੌਜ ਦੀਆਂ ਦੁਰਘਟਨਾਵਾਂ (ਕੈਜੁਅਲਿਟੀ) ਵਿਚ ਇਹ ਗਿਣਤੀ ਦਿੱਤੀ ਗਈ : 92 ਮਾਰੇ ਗਏ (4 ਅਫ਼ਸਰਾਂ ਅਤੇ 4 ਜੇ.ਸੀ.ਓ. ਸਹਿਤ) ਅਤੇ 287 ਫੱਟੜ ਹੋਏ। ਕੁਝ ਦਿਨਾ ਬਾਅਦ ਨਾਗਪੁਰ ਵਿਚ ਭਾਸ਼ਣ ਦਿੰਦਿਆਂ ਰਾਜੀਵ ਗਾਂਧੀ ਨੇ ਫ਼ੌਜੀ ਦੁਰਘਟਨਾਵਾਂ ਦੀ ਗਿਣਤੀ 700 ਤੋਂ ਵੱਧ ਮਾਰੇ ਗਿਆਂ ਦੀ ਦੱਸੀ। (ਉਨ੍ਹਾਂ ਅੱਗੋਂ ਆਪਣੇ ਬਿਆਨ ਵਿਚ ਸੋਧ ਕੀਤੀ)। ਉਸ ਹਿਸਾਬ ਨਾਲ 'ਸਫੇਦ ਪੱਤਰ' ਵਿਚ "ਅਸੈਨਿਕ ਦਹਿਸ਼ਤਗਰਦਾਂ" ਦੀਆਂ ਦੁਰਘਟਨਾਵਾਂ ਦੀ ਸੰਖਿਆ ਵੀ ਸੱਤ ਗੁਣਾ ਕਰ ਦਿੱਤੀ ਗਈ ਹੋਵੇ। ਅੱਖੀਂ ਡਿੱਠੇ ਹਾਲ ਦੱਸਣ ਵਾਲਿਆਂ ਅਨੁਸਾਰ ਗਿਣਤੀ 1500 ਅਤੇ 5000 ਵਿਚਕਾਰ ਹੈ ਜਿਨ੍ਹਾਂ ਵਿਚ ਵਧੇਰੇ ਮਾਸੂਮ ਯਾਤਰੂ ਇਸਤਰੀਆਂ ਅਤੇ ਬੱਚੇ ਸ਼ਾਮਲ ਸਨ। ਸਰਕਾਰ ਨੇ ਇਸ ਗੱਲ ਦੀ ਪਰਵਾਹ ਨਹੀਂ ਕੀਤੀ ਕਿ ਮਰੇ ਹੋਏ ਲੋਕਾਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਜਾਵੇ। ਨਾ ਹੀ ਇਸ ਸਬੂਤ ਦੀ ਤਰਦੀਦ ਕੀਤੀ ਕਿ ਭਾਰੀ ਗਿਣਤੀ ਵਿਚ ਫੜੇ ਹੋਇਆਂ ਨੂੰ ਕਿਵੇਂ ਬੇਰਹਿਮੀ ਨਾਲ ਕਤਲ ਕੀਤਾ ਗਿਆ।

ਸਰਕਾਰ ਅਨੁਸਾਰ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਜਿਨ੍ਹਾਂ

ਪੱਤਰਕਾਰਾਂ ਨੂੰ 'ਨੀਲਾ ਤਾਰਾ ਆਪਰੇਸ਼ਨ' ਦੇ ਕੁਝ ਦਿਨਾਂ ਪਿੱਛੋਂ ਅੰਦਰ ਜਾਣ ਦਿੱਤਾ ਗਿਆ, ਉਨ੍ਹਾਂ ਸੋਨੇ ਦੇ ਪੱਤਰਿਆਂ ਅਤੇ ਮਾਰਬਲ ਉਪਰ ਲੱਗੀਆਂ ਗੋਲੀਆਂ ਦੇ ਸੈਂਕੜੇ ਤਾਜ਼ੇ ਨਿਸ਼ਾਨ ਗਿਣੇ। ਸਰਕਾਰ ਇਹ ਦੱਸਦੀ ਸੀ ਕਿ ਟੈਂਪਲ ਦੇ ਪੁਰਾਲੇਖ (ਆਰਕਾਈਵ) ਭਵਨ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਸੈਂਕੜੇ ਬੀੜਾਂ ਅਤੇ ਗੁਰੂ ਸਾਹਿਬਾਨ ਦੇ ਹਸਤਾਖਰਾਂ ਵਾਲੇ ਹੁਕਮਨਾਮੇ ਅੱਗ ਵਿਚ ਸੜ ਗਏ ਜਿਹੜੀ ਲੜਾਈ ਦੌਰਾਨ ਲੱਗੀ। ਪੁਰਾਲੇਖ ਭਵਨ ਦੇ ਇੰਚਾਰਜ ਡੀ.ਐਸ. ਦੁੱਗਲ ਅਨੁਸਾਰ ਅਸਲ ਵਿਚ ਜਦੋਂ ਲੜਾਈ ਬੰਦ ਕਰ ਦਿੱਤੀ ਗਈ ਸੀ ਤਾਂ ਪੁਰਾਲੇਖ ਭਵਨ ਨੂੰ ਅੱਗ ਲਾਈ ਗਈ ਸੀ ਕਿਉਂਕਿ ਖ਼ਿਆਲ ਇਹ ਸੀ ਕਿ ਏਥੇ ਟੈਂਪਲ ਦੇ ਲੇਖੇ-ਜੋਖੇ ਦਾ ਰੀਕਾਰਡ ਹੈ। ਉਸ ਵੇਲੇ ਤਕ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਅਤੇ ਇਸਤਰੀ ਅਕਾਲੀ ਦਲ ਦੇ ਅਦਾਰਿਆਂ ਦੇ ਤਾਲੇ ਤੋੜ ਦਿੱਤੇ ਸਨ ਅਤੇ ਜੋ-ਕੁਝ ਕੀਮਤੀ ਸੀ, ਉਹ ਕੱਢ ਕੇ ਬਾਕੀ ਨੂੰ ਅੱਗ ਲਾ ਦਿੱਤੀ ਗਈ ਸੀ। ਸਮੂਹ ਦੇ ਅੰਦਰ ਦਰਜਨ ਤੋਂ ਵੱਧ ਗੁਰਧਾਮ ਹਨ ਅਤੇ ਹਰ ਇਕ ਵਿਚ ਗੋਲਕ ਹੈ। ਫ਼ੌਜੀ ਕਾਰਵਾਈ ਉਪਰੰਤ ਇਕ ਵੀ ਗੋਲਕ ਨਹੀਂ ਮਿਲੀ। ਰੋਜ਼ ਲੰਗਰ ਵਿਚ ਹਜ਼ਾਰਾਂ ਯਾਤਰੂ ਪ੍ਰਸ਼ਾਦ ਛਕਦੇ ਹਨ ਪਰ ਉਥੇ ਇਕ ਵੀ ਬਰਤਨ ਨਹੀਂ ਰਹਿਣ ਦਿੱਤਾ ਗਿਆ। ਕੁਝ ਹੋਰ ਕੀਮਤੀ ਵਸਤਾਂ ਵਿਚ ਜਾਂ ਜਿਹੜੀਆਂ ਦਾ ਕੋਈ ਬਦਲ ਨਹੀਂ ਉਨ੍ਹਾਂ ਵਿਚੋਂ ਗੁੰਮ ਸਨ : ਹੀਰਿਆਂ ਜੜੀ ਪਾਲਕੀ, ਜਿਹੜੀ ਹੈਦਰਾਬਾਦ ਦੇ ਨਿਜ਼ਾਮ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਂਟ ਕੀਤੀ ਸੀ ਅਤੇ ਅੱਗੋਂ ਮਹਾਰਾਜਾ ਸਾਹਿਬ ਨੇ ਸਵਰਨ ਮੰਦਰ ਨੂੰ ਅਰਪਣ ਕਰ ਦਿੱਤੀ। ਸਾਰੀਆਂ ਹੀ ਵਿਰੋਧੀ ਪਾਰਟੀਆਂ ਨੇ 'ਸਫੇਦ ਪੱਤਰ' ਦੀ ਨਿਖੇਧੀ ਕੀਤੀ। ਭਾਜਪਾ ਦੇ ਪ੍ਰਧਾਨ ਅਟਲ ਬਿਹਾਰੀ ਵਾਜਪਾਈ, ਜਿਸ ਫ਼ੌਜੀ ਕਾਰਵਾਈ ਦੀ ਪ੍ਰਸੰਸਾ ਕੀਤੀ ਸੀ, ਨੇ ਟਿੱਪਣੀ ਕੀਤੀ, "ਇਸ ਨੇ ਘੱਟ ਮੁੱਦੇ ਨਿਪਟਾਏ ਪਰ ਵੱਧ ਮੁੱਦੇ ਟਰਕਾਏ"। 'ਇੰਡੀਆ ਟੂਡੇ' ਨੇ ਇਸ ਨੂੰ "ਵ੍ਹਾਈਟ-ਵਾਸ਼ ਆਪਰੇਸ਼ਨ" ਭਾਵ ਚਿੱਟਾ ਪੋਚਾ ਮਾਰਨ ਦਾ ਨਾਮ ਦਿੱਤਾ।

ਲੜਾਈ ਉਪਰੰਤ ਫ਼ੌਜ ਦੇ ਵਿਹਾਰ ਦੀ ਕਹਾਣੀ ਵੀ ਅਫ਼ਸੋਸਜਨਕ ਹੈ। ਉਸ ਵੇਲੇ ਜਦੋਂ ਤਾਪਮਾਨ 120 ਫਾਰਨਹਾਈਟ ਡਿਗਰੀ ਤੋਂ ਵੱਧ ਸੀ, ਕੈਦੀਆਂ (ਜਿਨ੍ਹਾਂ ਸਰਕਾਰੀ ਭਾਸ਼ਾ ਵਿਚ 'ਦੁਸ਼ਮਣ' ਕਿਹਾ ਗਿਆ) ਨੂੰ ਪੀਣ ਵਾਲਾ ਪਾਣੀ ਦੇਣ ਤੋਂ ਇਨਕਾਰ ਕੀਤਾ ਗਿਆ, ਬਹੁਤ ਸਾਰਿਆਂ ਨੂੰ ਲੁੱਕ-ਰੋੜੀ ਦੇ ਤੱਤੇ ਭਾਗ ਉਪਰ ਰਿੜ੍ਹਨ ਲਈ ਕਿਹਾ ਗਿਆ, ਪਵਿੱਤਰ ਸਥਾਨਾਂ 'ਤੇ ਫ਼ੌਜੀ ਜਵਾਨ ਬੂਟਾਂ ਸਮੇਤ ਗਏ ਅਤੇ ਆਰਾਮ ਤੇ ਮਨੋਰੰਜਨ ਲਈ ਰੰਮ ਪੀਤੀ ਅਤੇ ਸਿਗਰਟ-ਬੀੜੀ ਵੀ ਪੀਤੀ। ਆਪਰੇਸ਼ਨ ਦੇ ਇਕ ਮਹੀਨਾ ਬੀਤ ਜਾਣ ਪਿੱਛੋਂ ਵੀ ਅਕਾਲ ਤਖ਼ਤ ਦੇ ਮਲਬੇ ਦੇ ਬਾਹਰ ਨੋਟਿਸ ਪਿਆ ਸੀ, ਜਿਸ 'ਤੇ ਲਿਖਿਆ ਹੋਇਆ ਸੀ ਕਿ "ਫ਼ੌਜੀ ਸ਼ਰਾਬ ਅਤੇ ਸਿਗਰਟ ਪੀਣ ਤੋਂ ਇਸ ਸਥਾਨ 'ਤੇ ਪਰਹੇਜ਼ ਕਰਨ।"

ਅਸਲੀ ਪ੍ਰਸ਼ਨ ਜਿਸ ਦਾ ਉੱਤਰ 'ਸਫੇਦ ਪੱਤਰ' ਵਿਚ ਨਹੀਂ ਸੀ, ਉਹ ਇਹ ਸੀ ਕਿ ਕੀ ਭਿੰਡਰਾਂਵਾਲੇ ਅਤੇ ਉਸ ਦੇ ਆਦਮੀਆਂ ਨੂੰ ਫੜਨ ਜਾਂ ਕੱਢਣ ਲਈ ਟੈਂਕਾਂ ਅਤੇ ਤੋਪਖ਼ਾਨੇ ਨਾਲ ਟੈਂਪਲ ਉਪਰ ਧਾਵਾ ਬੋਲਣ ਤੋਂ ਬਿਨਾਂ ਹੋਰ ਕੋਈ ਢੰਗ-ਤਰੀਕਾ ਨਹੀਂ ਸੀ। ਹਰਿਮੰਦਰ ਦੇ ਸਮੂਹ ਉਪਰ ਨਜ਼ਰ ਮਾਰੀਏ ਤਾਂ ਸਪੱਸ਼ਟ ਪ੍ਰਤੀਤ ਹੋਵੇਗਾ ਕਿ ਇਸ ਕਾਰਜ ਲਈ ਅਨੇਕਾਂ ਬਦਲ ਸਨ। ਤਿੰਨ ਮੁੱਖ ਦੁਆਰ ਹਨ : ਦੋ ਉੱਤਰੀ ਪੱਖੋਂ—ਇਕ ਘੰਟਾਘਰ ਵੱਲੋਂ ਅਤੇ ਦੂਜਾ ਲੰਗਰ, ਸਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਨ—ਤੀਜਾ ਘੱਟ ਵਰਤਿਆ ਜਾਣ ਵਾਲਾ ਦੱਖਣੀ ਪੱਖ 'ਤੇ ਸੀ। ਇਨ੍ਹਾਂ ਤੋਂ ਇਲਾਵਾ ਭੀੜੀਆਂ ਬੀਹੀਆਂ (ਗਲੀਆਂ) ਹਨ ਜਿਹੜੀਆਂ ਗੁਆਂਢੀ ਗਲੀਆਂ ਵਿਚ ਜਾਣ ਵਾਲੀਆਂ ਸੰਗਤਾਂ ਵੱਲੋਂ ਵਰਤੀਆਂ ਜਾਂਦੀਆਂ ਹਨ। ਆਪਰੇਸ਼ਨ ਤੋਂ ਪਹਿਲਾਂ ਇਨ੍ਹਾਂ ਸਾਰਿਆਂ 'ਤੇ ਹਥਿਆਰਬੰਦ ਪੁਲਿਸ

ਅਤੇ ਅਰਧ-ਸੈਨਿਕ ਬਲ ਦੀ ਗਾਰਦ ਤਾਇਨਾਤ ਸੀ। ਪੱਛਮੀ ਸਿਰੇ ਦੀਆਂ ਹੋਰ ਟੈਂਪਲ ਇਮਾਰਤਾਂ ਨਾਲੋਂ ਅਕਾਲ ਤਖ਼ਤ ਥੋੜ੍ਹੀ ਵਿੱਥ 'ਤੇ ਹੈ ਅਤੇ ਇਸ ਦਾ ਪਿਛਲਾ ਸਿਰਾ ਤੰਗ ਬਾਜ਼ਾਰ ਨਾਲ ਲਗਵਾਂ ਸੀ। ਹਰ ਲੇਖੇ ਨਾਲ ਭਿੰਡਰਾਂਵਾਲੇ ਦੇ ਨਾਲ ਹਥਿਆਰਾਂ ਵਾਲੇ 300-400 ਆਦਮੀ ਹੋਣਗੇ। ਲਗਭਗ ਹਰ ਵੇਲੇ ਉਸ ਦੇ ਨਾਲ ਇਕ ਦਰਜਨ ਤੋਂ ਘੱਟ ਅੰਗ-ਰੱਖਿਅਕ ਹੁੰਦੇ ਸਨ ਜਦੋਂ ਉਹ ਮਿਲਣ ਵਾਲਿਆਂ ਅਤੇ ਪੱਤਰਕਾਰਾਂ ਦਾ ਸੁਆਗਤ ਕਰਦਾ। ਸਾਦੇ ਕਪੜਿਆਂ ਵਿਚ ਦ੍ਰਿੜ੍ਹਤਾ ਵਾਲੇ ਕਮਾਂਡੋ ਦਸਤੇ ਨਾਲ ਘੱਟ ਤੋਂ ਘੱਟ ਜਾਨੀ ਨੁਕਸਾਨ ਨਾਲ ਉਸ ਨੂੰ ਕਾਬੂ ਕੀਤਾ ਜਾ ਸਕਦਾ ਸੀ। ਅਕਾਲ ਤਖ਼ਤ ਨੂੰ ਘੇਰਾ ਪਾਇਆ ਜਾ ਸਕਦਾ ਸੀ, ਪੀਣ ਵਾਲੇ ਪਾਣੀ ਅਤੇ ਰਸਦ ਤੋਂ ਵਾਂਝਿਆਂ ਰਖਿਆ ਜਾ ਸਕਦਾ ਸੀ ਅਤੇ ਇਸ ਅੰਦਰ ਵਾਲੇ ਲੋਕਾਂ ਨੂੰ ਗੈਸ ਦੀ ਵਰਤੋਂ ਨਾਲ ਸਮਰਪਣ ਲਈ ਮਜਬੂਰ ਕੀਤਾ ਜਾ ਸਕਦਾ ਸੀ, ਪਰ ਸਰਕਾਰ ਨੇ ਜਿਹੜੀ ਆਪਣੇ ਕਾਰਨਾਂ ਨੂੰ ਜਾਣਦੀ ਸੀ, ਭਿੰਡਰਾਂਵਾਲੇ ਨੂੰ ਆਗੂ ਬਣਨ ਵਿਚ ਮਦਦ ਕੀਤੀ ਜੋ ਹਾਕਮ ਪਾਰਟੀ ਦੇ ਨੇਤਾਵਾਂ ਨੇ ਜੁਟਾਈ। ਹਰਿਮੰਦਰ ਸਾਹਿਬ ਵਿਚ ਹਥਿਆਰਾਂ ਦੀ ਤਸਕਰੀ ਦੀ ਪੁਲਿਸ ਅਤੇ ਅਰਧ-ਸੈਨਿਕ ਬਲ ਨੇ ਅਣਦੇਖੀ ਕੀਤੀ। ਅੱਗੋਂ ਫ਼ੌਜ ਨੂੰ ਹਦਾਇਤ ਕੀਤੀ ਕਿ ਟੈਂਕਾਂ ਅਤੇ ਭਾਰੀ ਤੋਪਾਂ ਨਾਲ ਧਾਵਾ ਬੋਲਣ। ਸਿੱਖਾਂ ਨੂੰ ਮੁਆਫ਼ ਕੀਤਾ ਜਾ ਸਕਦਾ ਹੈ ਜੇਕਰ ਉਹ ਇਸ ਸਿੱਟੇ 'ਤੇ ਪੁੱਜੇ ਕਿ ਸ੍ਰੀਮਤੀ ਗਾਂਧੀ ਦੀ ਸਰਕਾਰ ਨੇ ਉਨ੍ਹਾਂ ਦੀ ਕੌਮ ਦੇ ਨੱਕ 'ਤੇ ਖ਼ੂਨੀ ਮੁੱਕਾ ਮਾਰਿਆ, ਜਾਂ ਮਾਰਨਾ ਸੀ। ਪਰ ਉਹ ਕਿਸੇ ਨੂੰ ਵੀ, ਨਾ ਭੁੱਲ ਸਕਦੇ ਹਨ ਅਤੇ ਨਾ ਹੀ ਖਿਮਾਂ ਕਰਨਗੇ ਜਿਸ ਦਾ ਕਿਸੇ ਪ੍ਰਕਾਰ ਦਾ ਸਰੋਕਾਰ 'ਆਪਰੇਸ਼ਨ ਨੀਲਾ ਤਾਰਾ' ਨਾਲ ਸੀ।

ਵਿਸ਼ਵ ਭਰ ਵਿਚ ਸਿੱਖਾਂ ਨੇ ਹਰਿਮੰਦਰ ਸਾਹਿਬ ਨੂੰ ਅਪਵਿੱਤਰ ਕਰਨ ਵਿਰੁੱਧ ਗੁਰਦੁਆਰਿਆਂ ਦੇ ਅੰਦਰ ਅਰਦਾਸਾਂ ਕੀਤੀਆਂ। ਭਾਰਤੀ ਰਾਜਦੂਤਾਂ ਦੇ ਸਾਹਮਣੇ ਭਾਰੀ ਪ੍ਰਦਰਸ਼ਨ ਕੀਤੇ ਗਏ। ਭਾਰਤ ਦੇ ਬਹੁਤ ਸਾਰੇ ਭਾਗਾਂ ਵਿਚ ਵਿਰੋਧਕਾਰੀ ਪੁਲਿਸ ਨਾਲ ਟਕਰਾਏ ਜਿਸ ਦੇ ਨਤੀਜੇ ਵਜੋਂ ਜਾਨੀ ਨੁਕਸਾਨ ਹੋਇਆ।

ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਨੇ ਇਸ ਲੋੜ ਬਾਰੇ ਗੱਲ ਕੀਤੀ ਕਿ ਪੰਜਾਬ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣੀ ਚਾਹੀਦੀ ਹੈ ਅਤੇ ਉਸ ਲੋਕਾਂ ਨੂੰ ਇਹ ਕਿਹਾ ਕਿ ਸਿੱਖਾਂ ਨੂੰ ਸੰਦੇਹ ਦੀ ਨਜ਼ਰ ਨਾਲ ਨਾ ਦੇਖਣ। ਉਸ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪ ਨੂੰ ਵੱਖਰਾ ਨਾ ਖਿਆਲ ਕਰਨ। ਪਰ ਜਿਵੇਂ ਉਸ ਨੇ ਜ਼ਖ਼ਮਾਂ 'ਤੇ ਮਲ੍ਹਮ ਲਾਈ, ਇਹ ਵੱਖਰੀ ਕਹਾਣੀ ਹੈ। ਸਿੱਖਾਂ ਨਾਲ ਸ਼ੱਕੀਆਂ ਵਾਲਾ ਸਲੂਕ ਕੀਤਾ ਗਿਆ। ਉਨ੍ਹਾਂ ਨੂੰ ਤੰਗ ਕੀਤਾ ਗਿਆ ਅਤੇ ਵਿਤਕਰਾ ਰਖਿਆ ਗਿਆ। ਸਰਕਾਰ ਅਜਿਹੇ ਕਾਨੂੰਨਾਂ ਨਾਲ ਲੈਸ ਸੀ ਜਿਨ੍ਹਾਂ ਅਧੀਨ ਪੁਲਿਸ ਅਤੇ ਛੋਟੇ ਸਿਵਿਲ ਅਧਿਕਾਰੀ ਬਿਨਾ ਵਾਰੰਟ ਦੇ ਕਿਸੇ ਨੂੰ ਵੀ ਗ੍ਰਿਫ਼ਤਾਰ ਕਰ ਸਕਦੇ ਸਨ ਅਤੇ ਬਿਨਾਂ ਮੁਕੱਦਮਾ ਚਲਾਏ ਹਿਰਾਸਤ ਵਿਚ ਰੱਖ ਸਕਦੇ ਸਨ। ਹਿਰਾਸਤ ਵਿਚ ਰੱਖੇ ਗਏ, ਕਿਸੇ ਵਕੀਲ ਨੂੰ ਆਪਣਾ ਪ੍ਰਤੀਨਿਧ ਥਾਪਣ ਦਾ ਅਧਿਕਾਰ ਨਹੀਂ ਰੱਖਦੇ ਸਨ, ਨਾ ਹੀ ਹੇਬੀਅਸ ਕਾਰਪਿਸ ਦੀ ਰਿੱਟ ਦਾਖ਼ਲ ਹੋ ਸਕਦੀ ਸੀ ਜਦੋਂ ਤਾਈਂ ਉਹ ਆਪਣੀ ਮਾਸੂਮੀਅਤ ਸਾਬਤ ਨਾ ਕਰ ਦੇਣ, ਉਹ ਦੋਸ਼ੀ ਖ਼ਿਆਲ ਕੀਤੇ ਜਾਂਦੇ ਸਨ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਸ਼ੇਸ਼ ਅਦਾਲਤਾਂ ਕਾਇਮ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਅਧਿਕਾਰ ਸਨ ਕਿ ਮੁਕੱਦਮੇ ਦੀ ਸੁਣਵਾਈ ਬੰਦ ਕਮਰੇ ਵਿਚ ਕਰ ਸਕਦੇ ਸਨ। ਸਰਸਰੀ ਫ਼ੈਸਲੇ ਕੀਤੇ ਜਾਂਦੇ ਸਨ ਜਿਨ੍ਹਾਂ ਦੀ ਕੋਈ ਅਪੀਲ ਨਹੀਂ ਹੋ ਸਕਦੀ ਸੀ। ਚੂੰਕਿ ਫ਼ੌਜ ਨੂੰ ਆਦੇਸ਼ ਦਿੱਤੇ ਗਏ ਸਨ ਕਿ ਉਹ ਦਹਿਸ਼ਤਵਾਦ ਨੂੰ ਖ਼ਤਮ ਕਰੇ। ਉਹ ਇਹ ਕਾਰਵਾਈ ਇਕ ਹੋਰ ਆਪਰੇਸ਼ਨ ਅਧੀਨ ਕਰਦੀ ਗਈ ਜਿਸ ਦਾ ਨਾਮ "ਵੁਡਰੋਜ਼" ਸੀ। ਪਿੰਡ-ਪਿੰਡ ਦੁਆਲੇ ਘੇਰਾ ਪਾਇਆ ਗਿਆ। ਸਿੱਖਾਂ

ਦੇ (ਹਿੰਦੂਆਂ ਦੇ ਨਹੀਂ) ਘਰਾਂ ਦੀ ਤਲਾਸ਼ੀ ਹਥਿਆਰਾਂ ਖ਼ਾਤਰ ਲਈ ਜਾਂਦੀ ਸੀ। ਸਿੱਖ ਨੌਜਵਾਨਾਂ ਨੂੰ ਪੁੱਛਗਿੱਛ ਲਈ ਬੁਲਾਇਆ ਜਾਂਦਾ, ਕੁਟਾਪਾ ਚਾੜ੍ਹਿਆ ਜਾਂਦਾ ਅਤੇ ਤਸੀਹੇ ਦਿੱਤੇ ਜਾਂਦੇ। ਫ਼ੌਜ ਦੇ ਵਤੀਰੇ ਦੀ ਆਲੋਚਨਾ ਨੂੰ ਰਾਜਧਰੋਹ ਦੀ ਕਾਰਵਾਈ ਸਮਝਿਆ ਜਾਂਦਾ, ਜਿਨ੍ਹਾਂ ਲੋਕਾਂ ਉਪਰ ਦੋਸ਼ ਲਾਏ ਗਏ, ਭਗੌੜੇ ਘੋਸ਼ਿਤ ਕੀਤੇ ਗਏ ਅਤੇ ਗ੍ਰਿਫ਼ਤਾਰ ਕੀਤੇ ਗਏ, ਉਹ ਸੇਵਾ-ਮੁਕਤ ਫ਼ੌਜੀ ਅਫ਼ਸਰ ਸਨ।

ਮਾਨਵੀ ਅਧਿਕਾਰਾਂ ਦੇ ਸੰਗਠਨਾਂ, ਜਿਵੇਂ ਕਿ ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼, ਜਿਸ ਦੇ ਮੁਖੀ ਸਨ ਸੇਵਾ-ਮੁਕਤ ਜਸਟਿਸ ਵੀ.ਐਮ. ਤਾਰਕੁੰਡੇ, ਵੱਲੋਂ ਇਕ ਸਰਵੇਖਣ ਕੀਤਾ ਗਿਆ ਕਿ ਕਿਵੇਂ ਆਰਡੀਨੈਂਸ ਅਤੇ ਦਮਨਕਾਰੀ ਕਾਨੂੰਨ ਪੰਜਾਬ ਵਿਚ ਲਾਗੂ ਕੀਤੇ ਗਏ ਸਨ। ਅਨਿਆਂ ਦੀ ਸਭ ਤੋਂ ਵੱਡੀ ਮਿਸਾਲ ਉਨ੍ਹਾਂ 379 ਇਸਤਰੀਆਂ, ਬੱਚਿਆਂ ਅਤੇ ਮਰਦਾਂ ਦੀ ਸੀ, ਜਿਨ੍ਹਾਂ ਨੂੰ 'ਆਪਰੇਸ਼ਨ ਬਲਿਊ ਸਟਾਰ' (ਆਪਰੇਸ਼ਨ ਨੀਲਾ ਤਾਰਾ) ਵੇਲੇ ਸਵਰਨ ਮੰਦਰ ਸਮੂਹ ਵਿਚੋਂ ਫੜਿਆ ਸੀ।

ਦਹਿਸ਼ਤਵਾਦ ਅਤੇ ਵੱਖਵਾਦ ਦੇ ਅਹਿਸਾਸ ਨੂੰ ਤਾਂ ਕੀ ਦੂਰ ਕਰਨਾ ਸੀ, 'ਨੀਲਾ ਤਾਰਾ' ਅਤੇ 'ਵੁਡਰੋਜ਼' ਆਪਰੇਸ਼ਨਾਂ ਨੇ ਵਖਰੇਵੇਂ ਦੇ ਭਾਵ ਭੜਕਾਏ ਅਤੇ ਸੈਂਕੜੇ ਨੌਜਵਾਨ ਸਿੱਖ ਮਰਦ ਅਤੇ ਇਸਤਰੀਆਂ ਦਹਿਸ਼ਤਗਰਦ ਬਣਦੇ ਗਏ। ਜਿਹੜੇ-ਜਿਹੜੇ ਫ਼ੌਜ ਤੋਂ ਅੱਖ ਬਚਾਉਣ ਵਿਚ ਸਫ਼ਲ ਹੋਏ ਉਹ ਸੀਮਾ ਪਾਰ ਕਰਕੇ ਪਾਕਿਸਤਾਨ ਚਲੇ ਗਏ ਅਤੇ ਉਸ ਨੂੰ ਆਪਣੇ ਆਪਰੇਸ਼ਨਾਂ ਲਈ ਆਧਾਰ ਬਣਾ ਲਿਆ। ਉਹ ਸੌਖੇ ਢੰਗ ਨਾਲ ਸੂਖਮ ਹਥਿਆਰ ਪਾਕਿਸਤਾਨ ਤੋਂ ਖ਼ਰੀਦ ਕੇ ਵਾਪਸ ਆਏ। ਹਥਿਆਰ ਖ਼ਰੀਦਣ ਲਈ ਪੈਸਾ ਉਨ੍ਹਾਂ ਦੇ ਹਮਦਰਦਾਂ ਨੇ ਭੇਜਿਆ ਜਿਹੜੇ ਇੰਗਲੈਂਡ, ਕੈਨੇਡਾ ਅਤੇ ਯੂਨਾਈਟਿਡ ਸਟੇਟਸ ਵਿਚ ਸਨ। ਉਹ ਦਹਿਸ਼ਤਵਾਦ ਨੂੰ ਫੈਲਾਉਣ ਦੇ ਕਾਬਲ ਸਨ ਕਿਉਂਕਿ ਫ਼ੌਜ ਦੀਆਂ ਬੇਰਹਿਮੀਆਂ ਕਾਰਨ ਲੋਕਾਂ ਦੀ ਹਮਦਰਦੀ ਉਨ੍ਹਾਂ ਦੇ ਨਾਲ ਸੀ।

ਇਹ ਭਰਮ ਬਹੁਤ ਛੇਤੀ ਦੂਰ ਹੋ ਗਿਆ ਕਿ "ਆਪਰੇਸ਼ਨ ਨੀਲਾ ਤਾਰਾ" ਰਾਹੀਂ ਸਿੱਖਾਂ ਨੂੰ ਸਿੱਧੇ ਰਸਤੇ ਲੈ ਆਂਦਾ ਗਿਆ ਹੈ, ਅਤੇ ਉਹ ਸਹਿਮੇ ਹੋਏ ਸਰਕਾਰ ਨਾਲ ਛੇਤੀ ਸਮਝੌਤਾ ਕਰ ਲੈਣਗੇ। ਭਾਰੀ ਰੋਸ ਨੇ ਕੌਮ ਅੰਦਰ ਏਕਤਾ ਦੀ ਭਾਵਨਾ ਪੈਦਾ ਕਰ ਦਿੱਤੀ। ਪਹਿਲਾਂ ਸੰਤ ਲੌਂਗੋਵਾਲ ਅਤੇ ਟੌਹੜਾ ਨੂੰ ਬੰਦੀ ਬਣਾ ਕੇ ਅਤੇ ਔਗੋਂ ਬਾਦਲ ਅਤੇ ਬਰਨਾਲਾ ਨੂੰ ਜੇਲ੍ਹ ਵਿਚ ਸੁੱਟ ਕੇ ਸਰਕਾਰ ਨੇ, ਅਕਾਲੀ ਲੀਡਰਸ਼ਿਪ ਵਿਚ ਇਕ ਪਾੜ ਪੈਦਾ ਕਰ ਦਿੱਤਾ। ਉਨ੍ਹਾਂ ਦੇ ਸਥਾਨ 'ਤੇ ਅਜਿਹੇ ਆਦਮੀ ਆਏ ਜੋ ਸਰਕਾਰ ਪ੍ਰਤੀ ਹੋਰ ਟਕਰਾਓ ਵਾਲਾ ਵਤੀਰਾ ਅਪਨਾਉਣ ਲਈ ਮਜਬੂਰ ਹੋ ਗਏ। ਆਪਰੇਸ਼ਨ ਤੋਂ ਇਕ ਮਹੀਨਾ ਬਾਅਦ ਉਨ੍ਹਾਂ ਸਿੱਖਾਂ ਨੂੰ 'ਸ਼ਹੀਦੀ ਜੱਥੇ' ਤਿਆਰ ਕਰਨ ਲਈ ਕਿਹਾ, ਤਾਂ ਜੋ ਸਵਰਨ ਮੰਦਰ ਸਮੂਹ ਨੂੰ ਫ਼ੌਜ ਦੇ ਪੰਜਿਆਂ ਤੋਂ ਮੁਕਤ ਕਰਵਾਇਆ ਜਾਵੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਅਕਾਲ ਤਖ਼ਤ ਨੂੰ ਤਬਾਹੀ ਵਾਲੀ ਹਾਲਤ ਵਿਚ ਹੀ ਸਾਂਭਿਆ ਜਾਵੇਗਾ ਤਾਂ ਜੋ ਇਹ ਇਕ ਅਜਿਹੀ ਯਾਦਗਾਰ ਹੋਵੇਗੀ ਜੋ ਇਹ ਦਰਸਾਏਗੀ ਕਿ ਭਾਰਤੀ ਫ਼ੌਜ ਨੇ ਇਸ ਦਾ ਕੀ ਹਾਲ ਕੀਤਾ?

ਜੰਗਬਾਜ਼ੀ ਦੀ ਭਾਵਨਾ ਮੁੜ ਪੈਦਾ ਹੋਣ ਨਾਲ ਸਰਕਾਰ ਚੌਕੰਨੀ ਹੋ ਗਈ। ਸ੍ਰੀਮਤੀ ਇੰਦਿਰਾ ਗਾਂਧੀ ਨੇ ਕਿਹਾ ਕਿ ਜਿੰਨੀ ਛੇਤੀ ਹੋ ਸਕੇ ਅਕਾਲ ਤਖ਼ਤ ਦਾ ਮੁੜ ਨਿਰਮਾਣ ਕੀਤਾ ਜਾਵੇ। ਅਕਾਲੀ ਨੇਤਾਵਾਂ ਦੀ ਗ਼ੈਰ-ਹਾਜ਼ਰੀ ਵਿਚ ਜਿਹੜੇ ਲੋਕ ਕੁਝ ਕਰ ਸਕਦੇ ਸਨ, ਉਹ ਸਨ ਤਖ਼ਤ ਸਾਹਿਬਾਨ ਦੇ ਮੁੱਖ ਗ੍ਰੰਥੀ, ਗਿਆਨੀ ਕਿਰਪਾਲ ਸਿੰਘ ਅਕਾਲ ਤਖ਼ਤ ਅਤੇ ਸਾਹਿਬ ਸਿੰਘ ਹਰਿਮੰਦਰ ਸਾਹਿਬ ਵਾਲਿਆਂ ਫ਼ੌਜ ਨੂੰ ਪਹਿਲਾਂ ਸਾਫ਼-ਮੁਕਤ ਕੀਤਾ ਸੀ ਪਰ ਹੁਣ ਕੌਮ ਦੇ ਰੋਸ ਦਾ ਧਿਆਨ ਰਖਦੇ ਹੋਏ ਮਿਲਵਰਤਣ ਤੋਂ ਇਨਕਾਰ ਕਰ ਦਿੱਤਾ। ਬੂਟਾ

ਸਿੰਘ ਨੇ ਬਾਬਾ ਖੜਕ ਸਿੰਘ ਪਾਸ ਪਹੁੰਚ ਕੀਤੀ ਜਿਹੜੇ ਪ੍ਰਸਿੱਧ ਅਤੇ ਮਾਣ-ਪ੍ਰਤਿਸ਼ਠਾ ਵਾਲੇ ਸੰਤ ਸਨ ਅਤੇ ਗੁਰਦੁਆਰਿਆਂ ਵਿਚ ਨਿਸ਼ਕਾਮ ਸੇਵਾ ਦਾ ਪ੍ਰਬੰਧ ਕਰਦੇ ਰਹੇ ਸਨ। ਖੜਕ ਸਿੰਘ ਨੇ ਬੂਟਾ ਸਿੰਘ ਨੂੰ ਚੰਗੀ ਝਾੜ ਪਾਈ ਅਤੇ ਕਿਹਾ ਕਿ ਉਹ ਕਾਰ ਸੇਵਾ ਦਾ ਕਾਰਜ ਤਾਂ ਹੀ ਹੱਥ ਵਿਚ ਲੈਣਗੇ ਜੇਕਰ ਮੁੱਖ ਗ੍ਰੰਥੀਆਂ ਵੱਲੋਂ ਅਜਿਹਾ ਕਰਨ ਦਾ ਆਦੇਸ਼ ਹੋਇਆ। ਬੂਟਾ ਸਿੰਘ ਨੇ ਮੁੱਖ ਗ੍ਰੰਥੀਆ ਨੂੰ ਲਾਂਭੇ ਰੱਖਣ ਦਾ ਯਤਨ ਕੀਤਾ ਅਤੇ 'ਸਰਬੱਤ ਖਾਲਸਾ' ਦਾ ਆਯੋਜਨ ਕੀਤਾ ਅਤੇ ਬੁੱਢਾ ਦਲ ਦੇ ਮੁਖੀ ਸੰਤਾ ਸਿੰਘ ਨਿਹੰਗ ਨੂੰ ਅਗਵਾਈ ਸੌਂਪੀ। ਸੰਤਾ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰ-ਪ੍ਰਸਤ 'ਸਰਬੱਤ ਖਾਲਸਾ' ਅਗਸਤ 11, 1984 ਨੂੰ ਬੁਲਾਈ ਗਈ। ਦਰਬਾਰਾ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੇ ਸਿੱਖ ਮੈਂਬਰਾਂ ਅਤੇ ਉਨ੍ਹਾਂ ਕਿਸਾਨ ਸਿੱਖਾਂ ਦੇ ਜਿਨ੍ਹਾਂ ਨੂੰ ਸਰਕਾਰੀ ਟਰੱਕਾਂ ਵਿਚ ਬਿਠਾ ਕੇ ਅੰਮ੍ਰਿਤਸਰ ਦੇ ਦਰਸ਼ਨ ਅਤੇ ਸੈਰ-ਸਪਾਟੇ ਲਈ ਲਿਆਂਦਾ ਗਿਆ ਸੀ, ਹੋਰ ਘੱਟ-ਵੱਧ ਹੀ ਸਨ। ਬੂਟਾ ਸਿੰਘ ਨੇ ਇਸ ਅਵਸਰ 'ਤੇ ਅਕਾਲੀਆਂ ਦੀ ਨਿੰਦਾ ਕਰਨ ਦਾ ਲਾਹਾ ਲਿਆ। ਉਸ ਕਿਹਾ, "ਉਨ੍ਹਾਂ (ਅਕਾਲੀਆਂ) ਸਦਾ ਹੀ ਮਾਸੂਮ ਸਿੱਖ ਜਨਤਾ ਨੂੰ ਕੁਰਾਹੇ ਪਾਇਆ ਹੈ ਅਤੇ ਸੁਵਿਧਾਵਾਂ ਅਤੇ ਫੰਡ ਦੀ ਦੁਰਵਰਤੋਂ ਕੀਤੀ ਹੈ। ਸੰਤਾ ਸਿੰਘ ਨੇ ਟੌਹੜਾ ਵਿਰੁੱਧ ਤਨਖਾਹੀਆ ਹੋਣ ਦਾ ਹੁਕਮ ਜਾਰੀ ਕੀਤਾ। ਸਰਕਾਰ ਨੇ ਇਹ ਖੇਡ ਵੀ ਖੇਡੀ ਕਿ ਸਿੱਖ ਗੁਰਦੁਆਰਾ ਐਕਟ ਵਿਚ ਅਜਿਹੀ ਸੋਧ ਕੀਤੀ ਜਾਵੇਗੀ ਜਿਸ ਨਾਲ ਹਰਿਮੰਦਰ ਦੇ ਪ੍ਰਬੰਧਕੀ ਮਾਮਲਿਆਂ ਲਈ ਐਸ.ਜੀ.ਪੀ.ਸੀ. ਵਧੇਰੇ ਜਵਾਬਦੇਹ ਹੋਵੇਗੀ। ਇਹ ਵਿਉਂਤ ਤਿਆਰੀ ਗਈ ਅਤੇ ਦਰਬਾਰਾ ਸਿੰਘ ਅਤੇ ਬੂਟਾ ਸਿੰਘ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਅਕਾਲ ਤਖ਼ਤ ਦਾ ਮੁੜ ਨਿਰਮਾਣ ਕਰਨ। ਸੰਤਾ ਸਿੰਘ ਨਿਹੰਗ ਦੇ 150 ਸੇਵਾਦਾਰਾਂ ਤੋਂ ਇਲਾਵਾ ਕੁਝ ਹੋਰ ਸਿੱਖਾਂ ਨੇ ਵੀ ਆਪਣੀਆਂ ਸੇਵਾਵਾਂ ਅਰਪਣ ਕੀਤੀਆਂ। ਬਹੁਤ ਸਾਰਾ ਕੰਮ ਇਕ ਠੇਕੇਦਾਰ ਨੂੰ ਸੌਂਪਿਆ ਗਿਆ ਜਿਹੜਾ ਸੀ.ਪੀ. ਡਬਲਿਊ.ਡੀ. ਦੀ ਨਿਗਰਾਨੀ ਹੇਠ ਕੰਮ ਕਰ ਰਿਹਾ ਸੀ। ਗੁੰਬਦ ਅਤੇ ਬੁਰਜੀਆਂ ਉਪਰ ਲਾਉਣ ਲਈ ਸੋਨਾ ਸਰਕਾਰ ਵੱਲੋਂ ਦਿੱਤਾ ਗਿਆ।

ਜਦੋਂ ਨਿਰਮਾਣ ਹੋ ਰਿਹਾ ਸੀ ਤਾਂ ਮੁੱਖ ਗ੍ਰੰਥੀਆਂ ਨੇ ਇਕ ਹੋਰ 'ਸਰਬੱਤ ਖਾਲਸਾ' ਦਾ ਆਯੋਜਨ ਕੀਤਾ। ਪੰਜਾਬ ਸਰਕਾਰ ਨੇ ਬਥੇਰਾ ਟਿੱਲ ਲਾਇਆ ਕਿ ਇਹ ਸਫਲ ਨਾ ਹੋ ਸਕੇ, ਰਾਹਾਂ 'ਤੇ ਅੜਿੱਕੇ ਖੜ੍ਹੇ ਕੀਤੇ, ਅੰਮ੍ਰਿਤਸਰ ਜਾਣ ਵਾਲੇ ਰਾਹ ਰੋਕਣ ਲਈ ਅਤੇ ਪਿੰਡਾਂ ਦੇ ਮੁਖੀਆਂ ਨੂੰ ਵੀ ਤਾੜਨਾ ਕੀਤੀ। ਇਸ ਦੇ ਬਾਵਜੂਦ 1 ਅਤੇ 2 ਸਤੰਬਰ 1984 ਦੇ 'ਸਰਬੱਤ ਖਾਲਸਾ' ਦੀ ਹਾਜ਼ਰੀ ਸਰਕਾਰ ਵੱਲੋਂ ਬੁਲਾਈ ਗਈ ਨਾਲੋਂ ਦੁਗਣੀ ਸੀ। ਇਸ ਦੀਵਾਨ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਅਤੇ ਸੰਤਾ ਸਿੰਘ ਨਿਹੰਗ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਇਹ ਮਤਾ ਵੀ ਪਾਸ ਕੀਤਾ ਗਿਆ ਕਿ ਜੇਕਰ ਫ਼ੌਜ ਨੇ ਟੈਂਪਲ ਸਮੂਹ ਨੂੰ ਅਕਤੂਬਰ 1 ਤਕ ਖ਼ਾਲੀ ਨਾ ਕੀਤਾ ਤਾਂ 'ਸ਼ਹੀਦੀ ਜੱਥੇ' ਕਬਜ਼ਾ ਕਰਨ ਲਈ ਇਸ ਦੇ ਅੰਦਰ ਜਾਣਗੇ।

ਸ੍ਰੀਮਤੀ ਗਾਂਧੀ ਨਰਮ ਹੋਈ। ਸਤੰਬਰ 25, 1984 ਨੂੰ ਉਸ ਐਲਾਨ ਕੀਤਾ ਕਿ ਟੈਂਪਲ ਤੋਂ ਫ਼ੌਜ ਹਟਾ ਲਈ ਜਾਵੇਗੀ। ਉਸ ਕਿਹਾ ਕਿ "ਹੁਣ ਮੁਰੰਮਤ ਦਾ ਕੰਮ ਪੂਰਾ ਹੋ ਗਿਆ ਹੈ, ਇਸ ਲਈ ਸਵਰਨ ਮੰਦਰ ਵਿਚੋਂ ਜਿਹੜੀ ਨਾਮ-ਮਾਤਰ ਫ਼ੌਜ ਹੈ, ਉਹ ਕੱਢੀ ਜਾ ਸਕਦੀ ਹੈ। ਰਾਸ਼ਟਰਪਤੀ ਜ਼ੈਲ ਸਿੰਘ ਸਮਰਪਣ ਸਮਾਰੋਹ ਵਿਚ ਸ਼ਾਮਲ ਹੋਣਾ ਚਾਹੁੰਦਾ ਸੀ ਅਤੇ ਆਪਣੇ ਵਿਰੁੱਧ ਤਨਖਾਹੀਆ ਕਰਾਰ ਦਿੱਤੇ ਜਾਣ ਦੇ ਹੁਕਮ ਨੂੰ ਵਾਪਸ ਕਰਵਾਉਣਾ ਚਾਹੁੰਦਾ ਸੀ। ਉਸ ਦਾ ਏਲਚੀ ਮੁੱਖ ਗ੍ਰੰਥੀ ਨੂੰ ਪ੍ਰਭਾਵਿਤ ਕਰਨ ਵਿਚ ਸਫਲ ਹੋ ਗਿਆ। ਇਸ ਅਵਸਰ 'ਤੇ ਉਸ ਦੇ ਬਚਨਾਂ ਨੂੰ ਖਿਮਾ ਯਾਚਨਾ-ਖ਼ਿਆਲ ਕੀਤਾ ਗਿਆ। ਉਸ ਕਿਹਾ, "ਇਨ੍ਹਾਂ

ਅਭਾਗੀਆਂ ਘਟਨਾਵਾਂ ਲਈ ਮੈਂ ਗੁਰੂ ਸਾਹਿਬਾਨ ਪਾਸੋਂ ਦਿਲੋਂ ਖਿਮਾ ਯਾਚਨਾ ਕਰਦਾ ਹਾਂ." ਜੱਥੇਦਾਰ ਕਿਰਪਾਲ ਸਿੰਘ, ਅਕਾਲ ਤਖ਼ਤ ਕੁਝ ਵਧੇਰੇ ਹੀ ਮਿਲੀਟੈਂਟ ਸੁਰ ਵਿਚ ਸੀ : "ਜੇ ਕਰ ਸਰਕਾਰ ਨੇ ਆਪਣਾ ਸਿੱਖ-ਵਿਰੋਧੀ ਵਤੀਰਾ ਜਾਰੀ ਰਖਿਆ ਅਤੇ ਸਾਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ ਗਿਆ ਤਾਂ ਇਹ ਨਾ ਕੇਵਲ ਦੇਸ਼ ਦੀ ਏਕਤਾ ਲਈ ਖ਼ਤਰਾ ਹੋਵੇਗਾ, ਸਗੋਂ ਸੰਪਰਦਾਇਕ ਟਕਰਾਉ ਦਾ ਵੀ ਕਾਰਨ ਹੋਵੇਗੀ." ਉਸ ਮੰਗ ਕੀਤੀ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਉਪਰ ਲਾਈ ਪਾਬੰਦੀ ਨੂੰ ਹਟਾਇਆ ਜਾਵੇ, ਅਕਾਲੀ ਨੇਤਾਵਾਂ ਨੂੰ ਰਿਹਾ ਕੀਤਾ ਜਾਵੇ, ਭਾਰੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਦਾ ਫੜਨਾ ਬੰਦ ਕੀਤਾ ਜਾਵੇ ਅਤੇ ਉਨ੍ਹਾਂ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਜਿਨ੍ਹਾਂ ਦਾ ਫ਼ੌਜੀ ਕਾਰਵਾਈ ਵਿਚ ਨੁਕਸਾਨ ਹੋਇਆ ਹੈ।" ਰਾਸ਼ਟਰਪਤੀ ਵਿਰੁੱਧ ਤਨਖ਼ਾਹੀਆ ਕਰਾਰ ਦੇਣ ਦਾ ਹੁਕਮ ਵਾਪਸ ਲਿਆ ਗਿਆ। ਪਰ ਬੂਟਾ ਸਿੰਘ ਏਡਾ ਭਾਗਸ਼ਾਲੀ ਨਹੀਂ ਸੀ। ਉਸ ਦੇ ਹੋਰ ਹਿਤ ਦਾਓ 'ਤੇ ਸਨ। ਉਸ ਦਾ ਚੋਣ ਹਲਕਾ ਵਧੇਰੇ ਕਰਕੇ ਸਿੱਖਾਂ ਦਾ ਸੀ ਅਤੇ ਕੁਝ ਮਹੀਨਿਆਂ ਉਪਰੰਤ ਚੋਣਾਂ ਹੋਣ ਵਾਲੀਆਂ ਸਨ। ਉਸ ਨੇ ਸੌਦੇਬਾਜ਼ੀ ਵਿਚ ਐਸ.ਜੀ.ਪੀ.ਸੀ. ਦੀਆਂ ਇਮਾਰਤਾਂ ਬਹਾਲ ਕਰਨ ਅਤੇ ਪਾਕਿਸਤਾਨੀ ਕਰੰਸੀ ਸਹਿਤ ਕੁਝ ਸ਼ੱਕੀ ਵਾਲੀਆਂ ਵਸਤਾਂ ਮੋੜਨ ਲਈ ਕਿਹਾ, ਪਰ ਮੁੱਖ ਗ੍ਰੰਥੀ ਨਰਮ ਨਾ ਹੋਏ।

ਪਹਿਲੀ ਅਕਤੂਬਰ 1984 ਨੂੰ ਫ਼ੌਜ ਸਵਰਨ ਮੰਦਰ ਵਿਚੋਂ ਹਟ ਗਈ। ਉਸ ਨੇ ਚਾਰਜ ਐਸ.ਜੀ.ਪੀ.ਸੀ. ਦੀ ਥਾਂ ਮੁੱਖ ਗ੍ਰੰਥੀਆਂ ਨੂੰ ਸੌਂਪ ਦਿੱਤਾ। ਫ਼ੌਜੀ ਕਾਰਵਾਈ ਨਾਲ ਹਿੰਦੂਆਂ ਅਤੇ ਸਿੱਖਾਂ ਵਿਚ ਪਾੜਾ ਵਧਦਾ ਗਿਆ। ਹਿੰਦੂਆਂ ਨੇ ਇਸ ਦਾ ਸੁਆਗਤ ਕੀਤਾ ਸੀ ਪਰ ਸਿੱਖਾਂ ਨੇ ਨਹੀਂ, ਅਤੇ ਖ਼ਾਲਿਸਤਾਨ ਦੀ ਲਹਿਰ ਵਿਚ ਪਹਿਲਾ ਸ਼ਹੀਦ, ਜਰਨੈਲ ਸਿੰਘ ਭਿੰਡਰਾਂਵਾਲੇ ਦੇ ਰੂਪ ਵਿਚ ਦਿੱਤਾ। ਇਸ ਗ਼ਲਤ ਲੇਖੇ-ਜੋਖੇ ਲਈ ਭਾਰਤ ਨੂੰ ਮਹਿੰਗਾ ਮੁੱਲ ਤਾਰਨਾ ਪਿਆ। ਸਭ ਤੋਂ ਵੱਧ ਸੀ ਗ਼ਲਤ ਲੇਖਾ-ਜੋਖਾ ਕਰਨ ਵਾਲੀ ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਦੀ ਹੱਤਿਆ।

ਕਾਂਡ—40

ਹੱਤਿਆ ਅਤੇ ਉਪਰੰਤ

ਜੇਕਰ ਕੋਈ ਸਿੱਖਾਂ ਬਾਰੇ ਥੋੜ੍ਹੀ-ਬਹੁਤ ਜਾਣਕਾਰੀ ਰੱਖਦਾ ਹੈ ਤਾਂ ਉਸ ਨੂੰ ਪਤਾ ਹੋਵੇਗਾ ਕਿ ਉਹ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਦੀ ਅਪਵਿੱਤਰਤਾ ਨੂੰ ਦਿਲੋਂ ਨਹੀਂ ਕੱਢ ਸਕਦੇ, ਨਾ ਹੀ ਉਸ ਨੂੰ ਖਿਮਾ ਕਰ ਸਕਦੇ ਹਨ ਜਿਸ ਦਾ ਥੋੜ੍ਹਾ-ਬਹੁਤ ਹੱਥ ਜਾਂ ਸੰਬੰਧ ਹੋਵੇ; ਕੋਈ ਖਿਮਾ ਦੀ ਯਾਚਨਾ ਕਰੇ ਤਾਂ ਗੱਲ ਵੱਖਰੀ ਹੈ। ਸਿੱਖ ਸਾਈਕੀ (ਮਨ ਆਤਮਾ) ਅੰਦਰ ਬਦਲੇ ਅਤੇ ਸ਼ਹਾਦਤ ਦੀ ਭਾਵਨਾ ਡੂੰਘੀ ਲੱਥੀ ਹੋਈ ਹੈ। ਸੰਨ 1984 ਵਿਚ ਅਨੇਕਾਂ ਸਿੱਖ ਸਨ ਜੋ ਇਹ ਸਬੂਤ ਪੇਸ਼ ਕਰਦੇ ਸਨ ਕਿ ਉਹ ਬਦਲੇ ਨਹੀਂ ਹਨ। ਭਿੰਡਰਾਂਵਾਲੇ ਦੇ ਬਹੁਤ ਸਾਰੇ ਆਦਮੀ ਸਵਰਨ ਮੰਦਰ ਦੁਆਲੇ ਪਾਏ ਫ਼ੌਜੀ ਘੇਰੇ 'ਚੋਂ ਨਿਕਲਣ ਵਿਚ ਸਫ਼ਲ ਹੋ ਗਏ ਸਨ। ਉਹ ਭਲੀ ਪ੍ਰਕਾਰ ਜਾਣਦੇ ਸਨ ਕਿ ਫੜੇ ਗਏ ਤਾਂ ਕਿਸੇ ਦਇਆ ਨਹੀਂ ਕਰਨੀ ਅਤੇ ਜੇਕਰ ਹੋਰ ਅਪਰਾਧ ਕੀਤੇ ਤਾਂ ਇਸ ਤੋਂ ਵੱਧ ਕੀ ਹੋਵੇਗਾ ਕਿ ਗੋਲੀ ਮਾਰ ਦੇਣਗੇ ਜਾਂ ਫਾਂਸੀ 'ਤੇ ਲਟਕਾ ਦੇਣਗੇ। ਬਹੁਤ ਸਾਰੇ ਆਦਮੀ ਅਜਿਹੇ ਵੀ ਸਨ ਕਿ ਜਦੋਂ ਉਨ੍ਹਾਂ ਟੈਂਪਲ ਦੀ ਤਬਾਹੀ ਹੋਈ ਵੇਖੀ ਤਾਂ ਉਨ੍ਹਾਂ ਪਵਿੱਤਰ ਗ੍ਰੰਥ ਦੀ ਸੌਂਗੰਧ ਖਾਧੀ ਕਿ ਉਹ ਉਨ੍ਹਾਂ ਲੋਕਾਂ ਦੀ ਅਲਖ ਮੁਕਾ ਦੇਣਗੇ ਜਿਹੜੇ ਉਨ੍ਹਾ ਦੇ ਖ਼ਿਆਲ ਅਨੁਸਾਰ ਇਸ ਕਾਰੇ ਦੇ ਜ਼ਿੰਮੇਵਾਰ ਸਨ। ਉਨ੍ਹਾਂ ਦੀ ਹਿਟ ਲਿਸਟ ਵਿਚ ਸ਼ਾਮਲ ਸਨ : ਰਾਸ਼ਟਰਪਤੀ ਜ਼ੈਲ ਸਿੰਘ, ਪ੍ਰਧਾਨ ਮੰਤਰੀ ਇੰਦਿਰਾ ਗਾਂਧੀ, ਉਸ ਦਾ ਪੁੱਤਰ ਅਤੇ ਉਸ ਦਾ ਪਰਿਵਾਰ, ਸੈਨਾ ਦਾ ਮੁਖੀ ਜਨਰਲ ਏ.ਐਸ. ਵੈਦਿਆ ਅਤੇ ਉਹ ਅਧਿਕਾਰੀ ਜਿਨ੍ਹਾਂ ਹਰਿਮੰਦਰ 'ਤੇ ਧਾਵਾ ਬੋਲਿਆ।

ਇਹ ਚਰਚਾ ਆਮ ਸੀ ਕਿ ਸੁਰੱਖਿਆ ਸਾਵਧਾਨੀਆਂ ਮਜ਼ਬੂਤ ਕਰ ਦਿੱਤੀਆਂ ਗਈਆਂ ਹਨ। ਜਿਨ੍ਹਾਂ 'ਤੇ ਵੀ ਖ਼ਤਰਾ ਮਹਿਸੂਸ ਕੀਤਾ ਉਨ੍ਹਾਂ ਨੂੰ ਬੁਲਟ-ਪਰੂਫ਼ ਜੈਕਟਾਂ ਅਤੇ ਨਿੱਜੀ ਅੰਗ-ਰੱਖਿਅਕ ਜੁਟਾਏ ਗਏ। ਸਭ ਤੋਂ ਵੱਧ ਸਾਵਧਾਨੀ ਸ੍ਰੀਮਤੀ ਗਾਂਧੀ ਲਈ ਜੁਟਾਈ ਗਈ। ਉਸ ਦਾ ਨਿਵਾਸ ਸਥਾਨ 1, ਸਫ਼ਦਰ ਜੰਗ ਰੋਡ ਅਤੇ ਨਾਲ ਲਗਦਾ ਘਰ ਉਸ ਦੇ ਨਿੱਜੀ ਸਕੱਤਰੇਤ ਵਜੋਂ ਹਰ ਵੇਲੇ ਗਸ਼ਤ ਅਧੀਨ ਰਹਿੰਦੇ। ਹਰ ਇਕ ਮਿਲਣ ਵਾਲੇ ਨੂੰ ਮੈਟਲ ਡਿਟੈਕਟਰ ਵਿਚੋਂ ਲੰਘਣਾ ਪੈਂਦਾ ਅਤੇ ਉਸ ਦੀ ਤਲਾਸ਼ੀ ਲਈ ਜਾਂਦੀ। ਇਕ ਐਂਬੂਲੈਂਸ, ਉਚਿਤ ਵਰਗ ਦੇ ਖ਼ੂਨ ਸਹਿਤ ਹਰ ਵੇਲੇ ਤਿਆਰ-ਬਰ-ਤਿਆਰ ਹਾਜ਼ਰ ਰਹਿੰਦੀ। ਉਸ ਦੇ ਸੁਰੱਖਿਆ ਅਧਿਕਾਰੀਆਂ ਨੇ ਸਲਾਹ ਦਿੱਤੀ ਕਿ ਉਹ ਆਪਣੇ ਨਿਵਾਸ ਸਥਾਨ ਤੋਂ ਸਿੱਖ ਸੰਤਰੀਆਂ (ਚੌਕੀਦਾਰਾਂ) ਨੂੰ ਹਟਾ ਦੇਵੇ। ਪਰ ਉਸ ਇਹ ਸੁਝਾਓ ਠੁਕਰਾ ਦਿੱਤਾ।

ਅਕਤੂਬਰ 31, 1984 ਦੀ ਸਵੇਰ ਨੂੰ ਉਸ ਆਪਣੇ ਘਰ ਵਿਚ ਆਪਣਾ ਕੰਮ ਸੰਪੂਰਨ ਕੀਤਾ ਅਤੇ ਬਾਹਰ ਆ ਕੇ ਬਾਗ਼ ਵੱਲ ਗਈ ਜੋ ਉਸ ਦੇ ਦਫ਼ਤਰ ਵੱਲ ਸੀ ਤਾਂ ਜੋ ਬੀ.ਬੀ.ਸੀ. ਦੀ ਟੀ.ਵੀ. ਟੀਮ ਨੂੰ ਦਿੱਤੇ ਮਿਲਣ ਦੇ ਇਕਰਾਰ ਨੂੰ ਪੂਰਾ ਕਰੇ। ਜਿਉਂ ਹੀ ਉਹ ਵਾੜ ਦੇ ਵਿਚਕਾਰੋਂ ਖੁੱਲ੍ਹੇ ਰਾਹ, ਜੋ ਦੋ ਘਰਾਂ ਨੂੰ ਨਿਖੇੜਦਾ ਸੀ, ਵਿਚੋਂ ਲੰਘਣ ਲੱਗੀ, ਉਸ ਦੇ ਦੋ ਸਿੱਖ ਸੰਤਰੀਆਂ ਉਸ ਉਪਰ ਗੋਲੀਆਂ ਦੀ ਵਰਖਾ ਕੀਤੀ ਅਤੇ ਉਸ ਦੇ ਨਾਜ਼ੁਕ ਸਰੀਰ 'ਤੇ ਅਠਾਰਾਂ ਗੋਲੀਆਂ ਦਾਗ਼ ਦਿੱਤੀਆਂ। ਜਿਹੜੇ ਹੋਰ ਸੰਤਰੀ ਸਨ, ਉਨ੍ਹਾ ਹਤਿਆਰਿਆਂ ਉਪਰ ਗੋਲੀਆਂ

ਚਲਾਈਆਂ । ਦੋਵੇਂ ਜੀਊਂਦੇ ਫੜੇ ਗਏ । ਪਰ ਬੇਅੰਤ ਸਿੰਘ (38) ਨੂੰ ਦਫ਼ਤਰ ਵਿਚ ਲਿਆਂਦਾ ਗਿਆ ਤਾਂ ਉਹ ਮੁਠਭੇੜ ਵਿਚ ਮਾਰਿਆ ਗਿਆ; ਦੂਜਾ ਸਤਵੰਤ ਸਿੰਘ (21) ਬੁਰੀ ਤਰ੍ਹਾਂ ਜ਼ਖਮੀ ਸੀ, ਉਸ ਨੂੰ ਹਸਪਤਾਲ ਲੈ ਗਏ । ਸ੍ਰੀਮਤੀ ਗਾਂਧੀ ਨੂੰ ਉਸ ਦੀ ਇਤਾਲਵੀ ਨੂੰਹ ਸੋਨੀਆ ਸਹਿਤ ਆਲ ਇੰਡੀਆ ਮੈਡੀਕਲ ਇੰਨਸਟੀਚਿਊਟ (ਏ.ਆਈ.ਆਈ.ਐਮ. ਐਸ.) ਲੈ ਗਏ ਜੋ ਚਾਰ ਕਿਲੋਮੀਟਰ ਦੀ ਵਿੱਥ 'ਤੇ ਸੀ ।

ਗੋਲੀਆ ਚੱਲਣ ਸਮੇਂ, ਰਾਸ਼ਟਰਪਤੀ ਜ਼ੈਲ ਸਿੰਘ ਰਾਜਕੀ ਦੌਰੇ 'ਤੇ ਉੱਤਰੀ ਯਮਨ ਗਏ ਹੋਏ ਸੀ; ਸ੍ਰੀਮਤੀ ਗਾਂਧੀ ਦਾ ਬੇਟਾ, ਰਾਜੀਵ ਗਾਂਧੀ ਕਲਕੱਤੇ ਵਿਚ ਸੀ । ਬੀ.ਬੀ.ਸੀ. ਨੇ ਹਮਲੇ ਦਾ ਸਮਾਚਾਰ ਸਵੇਰੇ 10 ਵਜੇ ਪ੍ਰਸਾਰਤ ਕੀਤਾ । ਆਕਾਸ਼ਵਾਣੀ (ਏ.ਆਈ.ਆਰ.) ਨੇ ਇਕ ਘੰਟਾ ਹੋਰ ਉਡੀਕ ਕੀਤੀ । ਸ੍ਰੀਮਤੀ ਗਾਂਧੀ ਦੇ ਸੁਆਸ 2 ਵਜੇ ਬਾਅਦ ਦੁਪਹਿਰ ਪੂਰੇ ਹੋ ਗਏ । ਵਿਸ਼ਵ ਦੀਆ ਮਹਾਨ ਪ੍ਰਸਾਰਨ ਪ੍ਰਣਾਲੀਆ ਨੇ ਸਮਾਚਾਰ ਫਲੈਸ਼ ਕੀਤਾ; ਆਕਾਸ਼ਵਾਣੀ ਤੋਂ ਮੌਤ ਦੀ ਖ਼ਬਰ 6 ਵਜੇ ਦੀਆਂ ਖ਼ਬਰਾਂ ਵਿਚ ਦਿੱਤੀ ਗਈ । ਸਾਰੇ ਨੈਸ਼ਨਲ ਸਮਾਚਾਰ ਪੱਤਰਾਂ ਨੇ ਵਿਸ਼ੇਸ਼ ਬੁਲੇਟਿਨ ਜਾਰੀ ਕੀਤੇ ਜਿਨ੍ਹਾਂ ਵਿਚ, ਸਰਕਾਰੀ ਹਿਦਾਇਤਾਂ ਅਨੁਸਾਰ ਇਹ ਲਿਖਿਆ ਗਿਆ ਕਿ ਹਤਿਆਰੇ ਦੋ ਸਿੱਖ ਅਤੇ ਇਕ ਸਹਿਜਧਾਰੀ (ਮੋਨਾ) ਸਿੱਖ ਸੀ ।

ਪੰਜਾਬ ਵਿਚ ਤਿੰਨ ਸਾਲਾਂ ਤੋਂ ਹੋ ਰਹੇ ਸੰਪਰਦਾਇਕ ਕਤਲਾਂ ਪਿੱਛੋਂ ਸ੍ਰੀਮਤੀ ਗਾਂਧੀ ਦੀ ਹੱਤਿਆ ਉਪਰੰਤ ਜ਼ਬਰਦਸਤ ਪ੍ਰਣਾਮ ਤਾਂ ਹੋਣੇ ਹੀ ਸਨ । ਭਾਵੇਂ ਪੰਜਾਬ ਵਿਚ ਕਤਲ ਕੀਤੇ ਜਾਣ ਵਾਲੇ ਬਰਾਬਰ ਦੇ ਸਿੱਖ ਹਿੰਦੂ ਸਨ, ਪਰ ਮਾਰਨ ਵਾਲੇ ਲਗਭਗ ਸਿੱਖ ਹੀ ਸਨ । ਇਸ ਲਈ ਧਾਰਨਾ ਬਣੀ ਕਿ ਸਾਰੀ ਕੌਮ ਹੀ ਦੋਸ਼ੀ ਸੀ ਅਤੇ ਦੰਡ ਦੇਣ ਦੇ ਯੋਗ ਸੀ । ਨਿਰ-ਸੰਦੇਹ ਜਿਸ ਚੀਜ਼ ਨਾਲ ਸਿੱਖ-ਵਿਰੋਧੀ ਭਾਵਨਾ ਦੀ ਅੱਗ ਭੜਕੀ ਉਹ ਇਹ ਸੀ ਕਿ ਕਿਸੇ ਵੀ ਮਹੱਤਵਪੂਰਨ ਜਾਂ ਪ੍ਰਸਿੱਧ ਨੇਤਾ ਨੇ ਦਲੇਰੀ ਨਾਲ ਭਿੰਡਰਾਂਵਾਲੇ ਦੇ ਵਿਰੁੱਧ ਕੋਈ ਸ਼ਬਦ ਨਹੀਂ ਕਿਹਾ ਜਾਂ ਦਹਿਸ਼ਤਗਰਦ ਟੋਲਿਆਂ ਵੱਲੋਂ ਮਾਸੂਮ ਹਿੰਦੂਆਂ ਦੀ ਹੱਤਿਆ ਦੀ ਨਿਖੇਧੀ ਨਹੀਂ ਕੀਤੀ ।

ਅਕਤੂਬਰ 31 ਨੂੰ ਦੁਪਹਿਰ ਬਾਅਦ ਲੋਕਾਂ ਦੀ ਭੀੜ ਮੈਡੀਕਲ ਇੰਨਸਟੀਚਿਊਟ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ ਅਤੇ ਜਿਹੜਾ ਵੀ ਸਿੱਖ ਨੇੜੇ-ਤੇੜੇ ਨਜ਼ਰ ਆਇਆ ਉਸ ਨਾਲ ਦੁਰਵਿਹਾਰ ਕੀਤਾ ਗਿਆ । ਰਾਸ਼ਟਰਪਤੀ ਜ਼ੈਲ ਸਿੰਘ ਨੂੰ ਸ੍ਰੀਮਤੀ ਗਾਂਧੀ ਦੀ ਮੌਤ ਦੀ ਖ਼ਬਰ ਦਿੱਲੀ ਆਉਂਦਿਆਂ ਰਾਹ ਵਿਚ ਹੀ ਮਿਲ ਗਈ । ਉਹ ਹਵਾਈ ਅੱਡੇ ਤੋਂ ਸਿੱਧੇ ਮੈਡੀਕਲ ਇੰਸਟੀਚਿਊਟ ਚਲੇ ਗਏ । ਸ੍ਰੀਮਤੀ ਗਾਂਧੀ ਨੂੰ ਸ਼ਰਧਾਂਜਲੀ ਦੇਣ ਉਪਰੰਤ ਜਦੋਂ ਉਹ ਰਾਸ਼ਟਰਪਤੀ ਭਵਨ ਜਾ ਰਹੇ ਸਨ, ਤਾਂ ਹਜੂਮ ਨੇ ਉਨ੍ਹਾਂ ਦੀ ਕਾਰ ਉਪਰ ਪੱਥਰ ਮਾਰੇ । ਕੇਂਦਰੀ ਮੰਤਰੀ-ਮੰਡਲ ਦੇ ਮੰਤਰੀਆਂ, ਰਾਜਾਂ ਦੇ ਮੁੱਖ ਮੰਤਰੀਆਂ, ਕਾਂਗਰਸ ਦੇ ਸੀਨੀਅਰ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ, ਰਾਸ਼ਟਰਪਤੀ ਜ਼ੈਲ ਸਿੰਘ ਨੇ ਫ਼ੈਸਲਾ ਕਰ ਲਿਆ ਕਿ ਰਾਜੀਵ ਗਾਂਧੀ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੀ ਸਹੁੰ ਚੁਕਾਈ ਜਾਵੇ । ਰਾਜੀਵ ਗਾਂਧੀ ਨੇ ਆਪਣੇ ਮੰਤਰੀ-ਮੰਡਲ ਨੂੰ ਪੁਨਰ-ਗਠਿਤ ਕੀਤਾ, ਅਤੇ ਰੱਖਿਆ ਅਤੇ ਵਿਦੇਸ਼ ਮਾਮਲੇ ਦੇ ਵਿਭਾਗ ਆਪਣੇ ਪਾਸ ਰੱਖੇ ।

ਕੁਦਰਤੀ ਤੌਰ 'ਤੇ ਥੋੜ੍ਹੀ-ਬਹੁਤ ਸਿੱਖ-ਵਿਰੋਧੀ ਹੱਤਿਆ ਬਾਰੇ ਪਹਿਲਾਂ ਹੀ ਜਾਣਿਆ ਜਾ ਸਕਦਾ ਸੀ ਅਤੇ ਸੌਖ ਨਾਲ ਇਸ ਨੂੰ ਪੁਲਿਸ ਦੇ ਸਖ਼ਤ ਰਵੱਈਏ ਨਾਲ ਨਿਪਟਿਆ ਜਾ ਸਕਦਾ ਸੀ, ਪਰ ਸ੍ਰੀਮਤੀ ਗਾਂਧੀ ਦੀ ਹੱਤਿਆ ਉਪਰੰਤ ਜੋ ਵਾਪਰਿਆ ਉਹ ਇਕ ਦਰਦ ਭਰੀ ਘਿਨਾਉਣੀ ਕਹਾਣੀ ਏ । ਇਸ ਲਈ ਕਿ ਸਰਕਾਰੀ ਅਤੇ ਸਿਆਸੀ ਸਾਜ਼-ਬਾਜ਼ ਨਾਲ ਮਾਸੂਮਾਂ

ਨੂੰ ਇਸ ਪੱਧਰ 'ਤੇ ਕਤਲ ਕੀਤਾ ਗਿਆ, ਜਿਸ ਦੀ ਮਿਸਾਲ ਭਾਰਤ ਅੰਦਰ ਉਸ ਸਮੇਂ ਤੋਂ ਨਹੀਂ ਮਿਲਦੀ ਜਦੋਂ ਤੋਂ ਇਹ ਸੁਤੰਤਰ ਰਾਜ ਬਣਿਆ।

ਮੈਡੀਕਲ ਇੰਸਟੀਚਿਊਟ ਤੋਂ ਹਜੂਮ ਜਾਂ ਭੀੜ ਗੁਆਂਢੀ ਆਬਾਦੀਆਂ ਵੱਲ ਨਿਕਲ ਗਈ। ਪੁਲਿਸ ਨੇ ਉਨ੍ਹਾਂ ਨੂੰ ਰੋਕਣ ਲਈ ਕੁਝ ਨਾ ਕੀਤਾ। ਸੂਰਜ ਅਸਤ ਹੋਣ ਵੇਲੇ, ਨਵੀਂ ਦਿੱਲੀ ਦੇ ਮੁੱਖ ਸ਼ਾਪਿੰਗ ਸੈਂਟਰ ਕਨਾਟ ਸਰਕਸ ਅੰਦਰ ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਜਾਣ ਲੱਗੀਆਂ ਅਤੇ ਅੱਗਾਂ ਲਾਈਆਂ ਜਾਣ ਲੱਗੀਆਂ। ਲੋਕਾਂ ਦੀ ਭੀੜ ਤਮਾਸ਼ਾ ਵੇਖਦੀ ਰਹੀ। ਪੁਲਿਸ ਮੌਕੇ 'ਤੇ ਮੌਜੂਦ ਸੀ ਪਰ ਉਹ ਮੂਕ ਦਰਸ਼ਕ ਬਣੀ ਰਹੀ। ਟੈਕਸੀਆਂ, ਟਰੱਕ, ਆਟੋ ਅਤੇ ਸਕੂਟਰ ਜਿਨ੍ਹਾਂ ਨੂੰ ਸਿੱਖ ਚਲਾਉਂਦੇ ਸਨ, ਉਹ ਭੰਨੇ-ਤੋੜੇ ਗਏ ਅਤੇ ਅੱਗ ਲਾ ਦਿੱਤੀ ਗਈ। ਵੱਖ-ਵੱਖ ਆਬਾਦੀਆਂ ਵਿਚੋਂ ਧੂਏਂ ਦੇ ਬੱਦਲ ਉੱਠਣ ਲੱਗੇ, ਸ਼ਾਮ ਵੇਲੇ ਅੰਬਰ ਅੱਗ ਦਾ ਗੋਲਾ ਜਾਪਦਾ ਸੀ। ਸਪੱਸ਼ਟ ਸੀ ਕਿ ਸ਼ਹਿਰ ਵਿਚ ਅੱਗ ਦੇ ਭਾਂਬੜ ਮੱਚ ਰਹੇ ਸਨ ਅਤੇ ਜਿੰਨਾ ਚਿਰ ਅੱਗ ਨੂੰ ਛੇਤੀ ਨਾ ਬੁਝਾਇਆ ਗਿਆ ਤਾਂ ਸਾਰਾ ਸ਼ਹਿਰ ਅੱਗ ਦੀ ਲਪੇਟ ਵਿਚ ਆ ਜਾਣਾ ਸੀ। ਉਸ ਵੇਲੇ ਤਕ ਸਿੱਖਾਂ ਦੇ ਕਤਲ ਦੀ ਕੋਈ ਵਾਰਦਾਤ ਨਹੀਂ ਸੀ।

ਨਾ ਕੇਂਦਰੀ ਅਤੇ ਨਾ ਹੀ ਦਿੱਲੀ ਪ੍ਰਸ਼ਾਸਨ ਨੇ ਹਾਲਾਤ ਨੂੰ ਨਿਪਟਾਉਣ ਲਈ ਕੋਈ ਉਤਸੁਕਤਾ ਵਿਖਾਈ। ਬਾਅਦ ਵਿਚ ਇਹ ਇਨਕਸ਼ਾਫ ਹੋਇਆ ਜਾਂ ਭੇਦ ਖੁੱਲ੍ਹਿਆ ਕਿ ਦਿੱਲੀ ਪ੍ਰਸ਼ਾਸਨ ਦੇ ਅਧਿਕਾਰੀ ਸਥਾਨਕ ਕਾਂਗਰਸ ਪਾਰਟੀ ਦੇ ਨੇਤਾਵਾਂ ਪਾਸੋਂ ਆਦੇਸ਼ ਲੈ ਰਹੇ ਸਨ। ਜਿਨ੍ਹਾਂ ਰਾਜਾਂ ਵਿਚ ਕਾਂਗਰਸ ਪਾਰਟੀ ਸੱਤਾਧਾਰੀ ਸੀ, ਉਥੋਂ ਦੀ ਪੁਲਿਸ ਨੂੰ ਹਦਾਇਤ ਸੀ ਕਿ ਕੋਈ ਦਖ਼ਲ ਨਾ ਦਿੱਤਾ ਜਾਵੇ; ਸਿੱਖਾਂ ਨੂੰ ਅਜਿਹਾ ਸਬਕ ਸਿਖਾਉਣਾ ਜ਼ਰੂਰੀ ਹੈ ਕਿ ਉਹ ਸਹਿਜੇ ਕੀਤੇ ਭੁੱਲ ਨਾ ਸਕਣ। ਮੁੱਢਲੇ ਕੁਦਰਤੀ ਸਿੱਖ-ਵਿਰੋਧੀ ਭਾਵਨਾਵਾਂ ਦਾ ਉਬਾਲ ਬੜੀ ਸਾਵਧਾਨੀ ਨਾਲ ਉਛਾਲਿਆ ਗਿਆ ਅਤੇ ਇਕ ਭਾਰੀ ਭਾਂਬੜ ਬਣ ਗਿਆ ਜਿਸ ਨੇ ਸਾਰੇ ਉੱਤਰੀ ਭਾਰਤ ਨੂੰ ਆਪਣੀ ਲਪੇਟ ਵਿਚ ਲੈ ਲਿਆ। ਤਾਮਿਲਨਾਡੂ ਵਿਚ ਹੋਈ ਛੁਟ-ਪੁਟ ਘਟਨਾ ਦੇ ਇਲਾਵਾ ਅਜਿਹੀ ਹਿੰਸਾ ਉਨ੍ਹਾਂ ਰਾਜਾਂ ਤੀਕ ਹੀ ਸੀਮਤ ਰਹੀ ਜਿਥੇ-ਜਿਥੇ ਕਾਂਗਰਸ ਪਾਰਟੀ ਸੱਤਾ ਵਿਚ ਸੀ। ਸਥਾਨਕ ਨੇਤਾਵਾਂ ਨੇ ਇਸ ਦਾ ਸੰਚਾਲਨ ਅਤੇ ਨਿਰਦੇਸ਼ਨ ਕੀਤਾ, ਜਿਨ੍ਹਾਂ ਵਿਚ ਕੁਝ ਪਾਰਲੀਮੈਂਟ ਦੇ ਮੈਂਬਰ ਵੀ ਸ਼ਾਮਲ ਸਨ।

ਆਪਰੇਸ਼ਨ "ਸਿੱਖਾਂ ਨੂੰ ਸਬਕ ਸਿਖਾਓ" ਅਕਤੂਬਰ 31, 1984 ਨੂੰ ਚਾਲੂ ਕੀਤਾ। ਪਹਿਲਾਂ ਇਹ ਅਫਵਾਹ ਫੈਲਾਈ ਗਈ ਕਿ ਸਿੱਖਾਂ ਵੱਲੋਂ ਸ੍ਰੀਮਤੀ ਗਾਂਧੀ ਦੀ ਹੱਤਿਆ ਦੇ ਜਸ਼ਨ ਮਨਾਏ ਜਾ ਰਹੇ ਹਨ, ਗਲੀਆਂ ਵਿਚ ਭੰਗੜੇ ਪਾਏ ਜਾ ਰਹੇ ਹਨ, ਘਰਾਂ 'ਤੇ ਦੀਪਮਾਲਾ ਕੀਤੀ ਜਾ ਰਹੀ ਹੈ। ਇਸ ਪਿੱਛੋਂ ਕਹਾਣੀਆ ਫੈਲਾਉਣ ਤੇ ਸੁਣਾਉਣ ਦੀ ਵਾਰੀ ਆਈ ਕਿ ਸਿੱਖਾਂ ਵੱਲੋਂ ਕਤਲ ਕੀਤੇ ਗਏ ਹਿੰਦੂਆਂ ਦੀ ਭਰੀ ਹੋਈ ਗੱਡੀ ਦਿੱਲੀ ਪਹੁੰਚੀ ਹੈ। ਅੱਧੀ ਰਾਤ ਤਕ ਇਕ ਹੋਰ ਅਫਵਾਹ ਉਡਾਈ ਗਈ ਕਿ ਸਿੱਖਾਂ ਨੇ ਦਿੱਲੀ ਦਾ ਪੀਣ ਵਾਲਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ। ਇਸ ਦੌਰਾਨ ਸਰਕਾਰੀ ਕੰਟਰੋਲ ਵਾਲੇ ਟੀ.ਵੀ. (ਦੂਰਦਰਸ਼ਨ) 'ਤੇ ਬਾਰ-ਬਾਰ ਇਹ ਨਾਅਰੇ ਗੂੰਜਦੇ ਸਨ : "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ", "ਇੰਦਿਰਾ ਗਾਂਧੀ ਜ਼ਿੰਦਾਬਾਦ"। ਜਦੋਂ ਭੂਮੀ ਤਿਆਰ ਹੋ ਗਈ ਤਾਂ ਕਾਂਗਰਸ ਪਾਰਟੀ ਕਾਰਿੰਦਿਆਂ ਨੇ ਟਰੱਕ ਭੇਜੇ ਤਾਂ ਜੋ ਬਾਹਰੀ ਆਬਾਦੀਆਂ ਵਿਚੋਂ ਪਿੰਡਾਂ ਦਿਆਂ ਲੋਕਾਂ ਨੂੰ ਲਿਆਉਣ, ਜਿਹੜੇ ਲੋਹੇ ਦੇ ਲੱਠਾਂ ਅਤੇ ਪੈਟਰੋਲ ਤੇ ਮਿੱਟੀ ਦੇ ਤੇਲ ਦੇ ਡੱਬਿਆਂ ਨਾਲ ਲੈਸ ਸਨ। ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਗਿਆ ਕਿ ਪੁਲਿਸ ਦਖ਼ਲ ਨਹੀਂ ਦੇਵੇਗੀ। ਨੌਜਵਾਨ ਜਾਟਾਂ, ਗੁਜਰਾਂ ਅਤੇ ਨੀਵੀਂ ਜਾਤੀ ਦੇ ਹਿੰਦੂਆਂ ਨੂੰ ਉਕਸਾਉਣ ਦੀ ਬਹੁਤੀ ਲੋੜ ਨਹੀਂ ਪਈ ਕਿ ਉਹ ਜੋ ਕੁਝ ਵੀ ਹੱਥ ਆਉਂਦਾ ਹੈ, ਲੈ ਕੇ ਆ ਜਾਣ ਅਤੇ ਅਮੀਰ ਸਿੱਖਾਂ ਦਾ ਜੋ ਵੀ ਮਾਲ ਹੱਥ

ਲਗਦਾ ਹੈ, ਲੁੱਟ ਲੈਣ। ਇਸ ਗੁੰਡੇ ਅਨਸਰ ਨੂੰ ਪ੍ਰੇਰਿਤ ਅਤੇ ਉਤੇਜਿਤ ਕਰਨ ਵਾਲਾ ਇਹ ਵਾਅਦਾ ਸੀ : "ਮਾਰੋ, ਲੁੱਟ ਲਓ, ਅੱਗਾਂ ਲਾਓ, ਬਲਾਤਕਾਰ ਕਰੋ ਆਦਿ ਦਾ ਵਾਧੂ ਲਾਹਾ ਸੀ, ਜਿਸ ਨਾਲ ਉਹ ਜੋ ਕੁਝ ਕਰ ਰਹੇ ਸਨ ਉਸ ਲਈ ਸਫ਼ਾਈ ਅਤੇ ਉਚਿਤਤਾ ਸੀ। ਪ੍ਰਧਾਨ ਮੰਤਰੀ ਦੀ ਹੱਤਿਆ ਬਾਰੇ ਉਨ੍ਹਾਂ ਅੰਦਰ ਨਾ ਨਫ਼ਰਤ ਸੀ ਨਾ ਸੋਗ।

ਰੋਕ ਜਾਂ ਬਚਾਓ ਦਾ ਬਹੁਤ ਘੱਟ ਅਵਸਰ ਸੀ। ਦਿੱਲੀ ਦੀ ਆਬਾਦੀ ਵਿਚ ਉਹ ਮਸਾਂ 7.5 ਪ੍ਰਤੀਸ਼ਤ ਸਨ ਜਦਕਿ ਉਨ੍ਹਾਂ ਦੇ ਮੁਕਾਬਲੇ ਵਿਚ ਹਿੰਦੂ 83 ਪ੍ਰਤੀਸ਼ਤ ਸਨ। ਮੁਸਲਮਾਨ ਆਪਣੇ ਸੰਘਣੇ ਅਤੇ ਸੰਗਠਿਤ ਮੁਹੱਲਿਆਂ ਵਿਚ ਰਹਿੰਦੇ ਸਨ ਅਤੇ ਉਹ ਸੰਪਰਦਾਇਕ ਦੰਗਿਆਂ ਦਾ ਤਜਰਬਾ ਕਰ ਚੁੱਕੇ ਸਨ। ਪਰ ਸਿੱਖ ਬਿਨਾਂ ਕਿਸੇ ਝਿਜਕ ਅਤੇ ਡਰ ਦੇ ਹਿੰਦੂਆਂ ਵਿਚ ਵੱਸਦੇ ਸਨ ਅਤੇ ਕਿਸੇ ਪ੍ਰਕਾਰ ਦੀ ਹਿੰਸਾ ਦਾ ਖ਼ਤਰਾ ਨਹੀਂ ਸੀ, ਨਾਲੇ ਮੁਸਲਮਾਨਾਂ ਦੀ ਦੂਰ ਤੋਂ ਪਛਾਣ ਨਹੀਂ ਹੋ ਸਕਦੀ ਸੀ, ਪਰ ਸਿੱਖ ਮਰਦਾਂ ਦੀ ਤਾਂ ਦੂਰੋਂ ਹੀ ਪਛਾਣ ਹੋ ਸਕਦੀ ਸੀ; ਜਿਸ ਨਾਲ ਹਤਿਆਰਿਆਂ ਦਾ ਕੰਮ ਬਹੁਤ ਸਿੱਧਾ ਅਤੇ ਸੌਖਾ ਹੋ ਗਿਆ। ਕਾਂਗਰਸ ਪਾਰਟੀਆਂ ਦੇ ਕਰਮੀਆਂ ਪਾਸ ਵੋਟਰਾਂ ਦੀ ਸੂਚੀ ਸੀ ਅਤੇ ਉਹ ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਹੋਰ ਜਾਇਦਾਦਾਂ ਦਾ ਵੇਰਵਾ ਦੱਸਦੇ ਸਨ। ਇਸ ਲਈ ਸਿੱਖਾਂ ਦੀ ਭਰਪੂਰ ਹੱਤਿਆ ਪਹਿਲੀ ਨਵੰਬਰ 1984 ਤੋਂ ਆਰੰਭ ਹੋਈ ਅਤੇ ਲਗਾਤਾਰ ਬੇਰੋਕ-ਟੋਕ ਨਵੰਬਰ 3 ਦੀ ਦੁਪਹਿਰ ਤਕ ਚੱਲਦੀ ਸ੍ਰੀਮਤੀ ਗਾਂਧੀ ਦੇ ਸਸਕਾਰ ਤਕ ਚਲਦੀ ਰਹੀ। ਮੁਟਿਆਰ ਸਿੱਖ ਇਸਤਰੀਆਂ ਨਾਲ ਸਮੂਹਿਕ ਬਲਾਤਕਾਰ ਹੋਇਆ। 15-16 ਵਰ੍ਹਿਆਂ ਦੇ ਜਵਾਨ ਸਿੱਖਾਂ ਨੂੰ ਬੇਰਹਿਮੀ ਨਾਲ ਮਾਰਿਆ ਗਿਆ। ਰੇਲ ਗੱਡੀਆਂ ਅਤੇ ਬੱਸਾਂ ਰੋਕੀਆਂ ਗਈਆਂ। ਸਿੱਖ ਮੁਸਾਫ਼ਰਾਂ ਨੂੰ ਬਾਹਰ ਧੂਹਿਆ ਗਿਆ ਅਤੇ ਕਤਲ ਕੀਤਾ ਗਿਆ। ਜਿਹੜੀਆਂ ਕੈਜ਼ੁਅਲਟੀਆਂ (ਮਾਰਾਮਾਰੀ) ਟਰੇਨਾਂ ਵਿਚ ਹੋਈ, ਉਨ੍ਹਾਂ ਵਿਚ ਅਨੇਕਾਂ ਵਰਦੀ ਵਾਲੇ ਸਿੱਖ ਅਫ਼ਸਰ ਸਨ। ਹੱਤਿਆ ਦਾ ਇਹ ਇਕ ਮਿਥਿਆ ਹੋਇਆ ਰੂਪ ਸੀ, ਪਹਿਲਾਂ ਜ਼ੁਲਮ ਦੇ ਸ਼ਿਕਾਰ ਲੋਕਾਂ ਨੂੰ ਲੋਹੇ ਦੀਆਂ ਲੱਠਾਂ ਅਤੇ ਬੱਲਮਾਂ ਨਾਲ ਕੁੱਟਿਆ ਜਾਂਦਾ ਸੀ, ਫਿਰ ਪੈਟਰੋਲ ਛਿੜਕਿਆ ਜਾਂਦਾ ਅਤੇ ਅੱਗ ਲਾ ਦਿੱਤੀ ਜਾਂਦੀ। ਘੱਲੂਘਾਰੇ ਦੀਆਂ ਅਗਲੀਆਂ ਹਾਲਤਾਂ ਵਿਚ ਕੁਝ ਕੋਮਲਤਾਵਾਂ ਦਾ ਹੋਰ ਵਾਧਾ ਕੀਤਾ ਗਿਆ; ਮਾਰੇ ਜਾਣ ਵਾਲੇ ਦੇ ਹੱਥ ਪਿੱਛੇ ਬੰਨ੍ਹ ਦਿੱਤੇ ਜਾਂਦੇ ਅਤੇ ਸੜਦਾ-ਬਲਦਾ ਟਾਇਰ ਉਸ ਦੇ ਗਲੇ ਵਿਚ ਪਾਇਆ ਜਾਂਦਾ, ਜਿਵੇਂ ਲਾਟਾਂ ਵਾਲਾ ਹਾਰ ਪਾਇਆ ਹੋਵੇ।

ਇਹ ਪਤਾ ਲਾਉਣਾ ਅਸੰਭਵ ਹੈ ਕਿ ਉਨ੍ਹਾਂ ਚਾਰ ਦਿਨਾਂ ਵਿਚ ਕਤਲ ਕੀਤੇ ਗਏ ਸਿੱਖਾਂ ਦੀ ਸਹੀ ਗਿਣਤੀ ਕੀ ਸੀ ? ਸਰਕਾਰੀ ਕੰਟਰੋਲ ਵਾਲੇ ਮੀਡੀਏ ਅਤੇ ਸਰਕਾਰੀ ਏਜੰਸੀਆਂ ਵੱਲੋਂ ਜਾਰੀ ਕੀਤੇ ਇਸ਼ਤਿਹਾਰਾਂ ਵਿਚ 400 ਤੋਂ ਘੱਟ ਦਿੱਤੀ ਗਈ। ਇਹ ਗਿਆਤ ਹੋਇਆ ਕਿ ਪਹਿਲੇ ਦੋ ਦਿਨਾਂ ਦੀ ਹੱਤਿਆਵਾਂ ਵਿਚ ਵਿਧਵਾ ਹੋਈਆਂ ਇਸਤਰੀਆਂ ਦੀ ਗਿਣਤੀ, ਜਿਨ੍ਹਾਂ ਵਿਚ ਸ਼ਰਨਾਰਥੀ ਕੈਂਪਾਂ ਵਿਚ ਸ਼ਰਨ ਲਈ ਸੀ, ਇਕੱਲੀ ਦਿੱਲੀ ਵਿਚ 1,000 ਤੋਂ ਵੱਧ ਸੀ। ਦਿੱਲੀ ਤੋਂ ਇਲਾਵਾ ਸਿੱਖਾਂ ਦੀ ਹੱਤਿਆ ਅਤੇ ਲੁੱਟਮਾਰ ਦਾ ਕੰਮ ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿਚ ਹੋਇਆ ਜਿਥੇ ਕਤਲ ਕਰਨ ਦਾ ਕੰਮ ਕਰੂਰ ਰੂਪ ਵਿਚ ਕਾਨਪੁਰ, ਲਖਨਊ, ਰਾਂਚੀ ਅਤੇ ਰਾਉਰਕੇਲਾ (ਬਿਹਾਰ) ਵਿਖੇ ਹੋਇਆ। ਸਿੱਖ ਜਾਇਦਾਦ ਦੇ ਹੋਏ ਨੁਕਸਾਨ ਦਾ ਅਨੁਮਾਨ ਲਾਉਣਾ ਹੋਰ ਵੀ ਔਖਾ ਸੀ ਕਿਉਂਕਿ ਇਸ ਵਿਚ ਵੱਡੀਆਂ ਸੰਸਥਾਨਾਂ ਦੀ ਤਬਾਹੀ ਸ਼ਾਮਲ ਸੀ। ਬੋਤਲਾਂ ਭਰਨ ਦੇ ਮੈਸਰਜ਼ ਪਿਉਰ ਡਰਿੰਕਸ ਦੇ ਤਿੰਨ ਪਲਾਂਟ ਕਰੋੜਾਂ ਰੁਪਏ ਦੇ ਸਨ ਅਤੇ ਛੋਟੀਆਂ ਦੁਕਾਨਾਂ ਅਤੇ ਪਲਾਂਟ ਕੁਝ ਹਜ਼ਾਰਾਂ ਦੇ, 50,000 ਤੋਂ ਵੱਧ ਸਿੱਖ ਦਿੱਲੀ ਦੇ ਸ਼ਰਨਾਰਥੀ ਕੈਂਪਾਂ ਵਿਚ

ਠਹਿਰਾਏ ਗਏ । 20,000 ਤੋਂ 30,000 ਤਕ ਸਿੱਖ ਪਰਿਵਾਰ ਭਾਰਤ ਦੇ ਆਪਣੇ ਵੱਖ-ਵੱਖ ਘਰਾਂ ਤੋਂ ਨੱਸ ਕੇ ਪੰਜਾਬ ਚਲੇ ਗਏ ।

ਕੀ ਸਿੱਖਾਂ ਦਾ ਕਤਲੇ-ਆਮ ਰੋਕਿਆ ਜਾ ਸਕਦਾ ਸੀ ? ਇਸ ਵਿਚ ਥੋੜ੍ਹਾ ਜਿਹਾ ਵੀ ਸੰਦੇਹ ਨਹੀਂ ਕਿ ਜੇਕਰ ਕੇਂਦਰੀ ਸਰਕਾਰ ਅਜਿਹਾ ਕਰਨਾ ਚਾਹੁੰਦੀ ਤਾਂ ਉਹ ਸਿੱਖਾਂ ਦੇ ਜਾਨੀ ਅਤੇ ਜਾਇਦਾਦ ਦੇ ਨੁਕਸਾਨ ਨੂੰ ਕਾਫੀ ਹੱਦ ਤਕ ਘਟਾ ਸਕਦੀ ਸੀ । ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਜੋ ਰੱਖਿਆ ਮੰਤਰੀ ਵੀ ਸੀ, ਨੂੰ ਹੋ ਰਹੀਆਂ ਹੱਤਿਆਵਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ । ਅਕਤੂਬਰ 31, 1984 ਦੀ ਸ਼ਾਮ ਨੂੰ ਉਸ ਇਕ ਮੀਟਿੰਗ ਬੁਲਾਈ ਜਿਸ ਵਿਚ ਉਪ-ਰਾਜਪਾਲ ਦਿੱਲੀ, ਪੁਲਿਸ ਕਮਿਸ਼ਨਰ, ਐਮ.ਐਲ. ਫੋਤੇਦਾਰ (ਗਾਂਧੀ ਪਰਿਵਾਰ ਦੇ ਪੂਰੇ ਭਰੋਸੇ ਵਾਲਾ ਅਤੇ ਅੱਗੋਂ ਰਾਜੀਵ ਗਾਂਧੀ ਦੇ ਮੰਤਰੀ-ਮੰਡਲ ਦਾ ਮੈਂਬਰ), ਹਾਜ਼ਰ ਸਨ । ਇਸ ਮੀਟਿੰਗ ਵਿਚ ਇਕ ਸੀਨੀਅਰ ਪੁਲਿਸ ਅਫਸਰ ਨੇ ਇਹ ਖਿਆਲ ਪ੍ਰਗਟ ਕੀਤਾ ਕਿ ਫ਼ੌਜ ਬੁਲਾ ਲੈਣੀ ਚਾਹੀਦੀ ਹੈ ਨਹੀਂ ਤਾਂ ਕਤਲੇ-ਆਮ ਹੋ ਜਾਵੇਗਾ । ਉਸੇ ਸ਼ਾਮ ਗ੍ਰਹਿ ਮੰਤਰੀ, ਸ੍ਰੀ ਪੀ.ਵੀ. ਨਰਸਿਮ੍ਹਾ ਰਾਓ ਨੇ ਭਾਜਪਾ ਦੇ ਨੇਤਾ ਅਟਲ ਬਿਹਾਰੀ ਵਾਜਪਾਈ ਨੂੰ ਵਿਸ਼ਵਾਸ ਦੁਆਇਆ ਕਿ : "ਕੁਝ ਘੰਟਿਆਂ ਦੇ ਅੰਦਰ-ਅੰਦਰ ਹਰ ਚੀਜ਼ ਨਿਯੰਤਰਣ ਵਿਚ ਕਰ ਲਈ ਜਾਵੇਗੀ ।" ਆਕਾਸ਼ਵਾਣੀ ਤੋਂ ਪ੍ਰਧਾਨ ਮੰਤਰੀ ਨੇ ਅਪੀਲ ਕੀਤੀ ਕਿ ਅਮਨ-ਸ਼ਾਂਤੀ ਰੱਖੀ ਜਾਵੇ ਪਰ ਇਹ ਯਤਨ ਨਹੀਂ ਕੀਤਾ ਕਿ ਕੋਈ ਸੁਣੇ ਵੀ । ਪਹਿਲੀ ਰਾਤ ਨੂੰ ਕੋਈਅ ਕਰਫਿਊ ਲਾਗੂ ਨਹੀਂ ਕੀਤਾ ਗਿਆ ਸੀ । ਜਿਹੜੇ ਸ਼ਹਿਰੀ ਦਲੇਰੀ ਨਾਲ ਰਾਸ਼ਟਰਪਤੀ ਭਵਨ ਅਤੇ ਮੰਤਰੀਆਂ ਦੇ ਘਰਾਂ ਤਕ ਅਗਲੀ ਸਵੇਰ (ਨਵੰਬਰ 1) ਪਹੁੰਚੇ, ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਗਿਆ ਕਿ ਫ਼ੌਜ ਛੇਤੀ ਹੀ ਬੁਲਾਈ ਜਾ ਰਹੀ ਹੈ ਅਤੇ ਕਰਫਿਊ ਲੱਗਣ ਵਾਲਾ ਹੈ । ਪਹਿਲੀ ਨਵੰਬਰ ਦੀ ਦੁਪਹਿਰ ਨੂੰ ਇੰਡੀਅਨ ਪੀਨਲ ਕੋਡ ਦੀ ਦਫਾ 144 ਲਾਗੂ ਕੀਤੀ ਗਈ, ਜਿਸ ਅਨੁਸਾਰ ਚਾਰ ਜਾਂ ਇਸ ਤੋਂ ਵੱਧ ਵਿਅਕਤੀਆ ਦੇ ਇਕੱਠੇ ਹੋਣ 'ਤੇ ਪਾਬੰਦੀ ਹੈ। ਇਸੇ ਦਿਨ ਕਰਫਿਊ ਵੀ ਲਾਇਆ ਗਿਆ । ਪਰ ਭੜਕਾਊ ਪਾਉਣ ਵਾਲੀ ਭੀੜ ਨੇ ਦੋਹਾ ਆਦੇਸ਼ਾਂ ਦੀ ਅਣਦੇਖੀ ਕੀਤੀ ਅਤੇ ਆਪਣਾ ਘਿਨਾਉਣਾ ਕਾਰਜ ਪੂਰੀ ਖੁੱਲ੍ਹ ਨਾਲ ਕਰਦੇ ਚਲੇ ਗਏ । ਪੁਲਿਸ ਪਾਸ ਖੜ੍ਹੀ ਤਮਾਸ਼ਾ ਵੇਖਦੀ ਰਹੀ ਜਾਂ ਭੀੜ ਨੂੰ ਹੱਤਿਆਵਾਂ ਲਈ ਉਕਸਾਉਂਦੀ ਰਹੀ ਅਤੇ ਉਨ੍ਹਾਂ ਵੱਲੋਂ ਕੀਤੀ ਲੁੱਟ-ਮਾਰ ਵਿਚੋਂ ਆਪਣਾ ਹਿੱਸਾ ਲੈ ਲਿਆ । ਨਵੰਬਰ 2 ਨੂੰ ਸਮਾਚਾਰ ਪੱਤਰਾਂ ਨੇ ਮੋਟੇ ਅੱਖਰਾਂ ਵਿਚ ਐਲਾਨ ਕੀਤਾ ਕਿ ਪੁਲਿਸ ਅਤੇ ਫ਼ੌਜ ਨੂੰ 'ਦੇਖਦੇ ਸਾਰ ਗੋਲੀ ਮਾਰੋਂ' ਦੇ ਆਦੇਸ਼ ਦੇ ਦਿੱਤੇ ਗਏ ਹਨ ਅਤੇ ਅਨਿਸ਼ਚਿਤ ਸਮੇਂ ਦਾ ਕਰਫਿਊ ਲਾ ਦਿੱਤਾ ਗਿਆ ਹੈ । ਪਰ ਕਿਸੇ ਨੂੰ ਵੀ ਵੇਖਦਿਆ ਹੋਇਆਂ ਗੋਲੀ ਨਹੀਂ ਚਲਾਈ ਗਈ । ਨਾ ਹੀ ਨਵੰਬਰ 3 ਤਕ ਫ਼ੌਜ ਤਾਇਨਾਤ ਕੀਤੀ ਗਈ, ਜੋ ਸੀ ਉਹ ਉਨ੍ਹਾਂ ਲੋਕਾਂ ਦੀ ਸੁਰੱਖਿਆ ਲਈ ਸੀ, ਜਿਹੜੇ ਵਿਸ਼ਵ-ਸਿਆਸਤਦਾਨ ਸਸਕਾਰ ਦੇ ਸਮੇਂ ਹਾਜ਼ਰ ਹੋ ਰਹੇ ਸਨ । ਉਸ ਵੇਲੇ ਤਕ ਦਿੱਲੀ ਦੀ ਸਿੱਖਾਂ ਦੇ ਖ਼ੂਨ ਦੀ ਪਿਆਸ ਬੁਝ ਚੁੱਕੀ ਸੀ ।

ਜਦੋਂ ਭੈੜਾ ਸਮਾਂ ਬੀਤ ਗਿਆ ਤਾ ਸਰਕਾਰ ਦੇ ਵਤੀਰੇ ਨੂੰ ਕੋਈ ਸੋਭਾ ਨਹੀਂ ਮਿਲੀ । ਨਵੰਬਰ 19, 1984 ਨੂੰ, ਸ੍ਰੀਮਤੀ ਗਾਂਧੀ ਦੀ ਵਰ੍ਹੇ ਗੰਢ ਦੇ ਅਵਸਰ 'ਤੇ ਆਪਣੇ ਪਹਿਲੇ ਭਾਸ਼ਣ ਵਿਚ ਰਾਜੀਵ ਗਾਂਧੀ ਨੇ ਇਕ ਵਾਕ ਵਿਚ ਹਿੰਸਾ ਨੂੰ ਬਖ਼ਸ਼ ਦਿੱਤਾ : "ਜਦੋਂ ਬੋਹੜ ਦਾ ਭਾਰੀ ਪੇੜ ਡਿੱਗਦਾ ਹੈ ਤਾਂ ਉਸ ਦੇ ਹੇਠਾਂ ਦੀ ਧਰਤੀ ਨੇ ਕੰਬਣਾ ਹੀ ਹੋਇਆ ।" ਹਿੰਸਾ ਦੇ ਸ਼ਿਕਾਰ ਹੋਏ ਸਿੱਖਾਂ ਦੇ ਪਰਿਵਾਰਾਂ ਲਈ ਇਕ ਵੀ ਹਮਦਰਦੀ ਦਾ ਸ਼ਬਦ ਨਹੀਂ ਕਿਹਾ । ਬਸ ਜਿਨ੍ਹਾਂ ਲੋਕਾਂ ਨੂੰ ਸਜ਼ਾ ਦਿੱਤੀ ਉਹ ਸਨ, ਉਪ-ਰਾਜਪਾਲ ਗਾਵਾਈ, ਜਿਸ ਨੂੰ ਛੁੱਟੀ 'ਤੇ ਭੇਜਿਆ ਗਿਆ ਅਤੇ ਪੁਲਿਸ ਕਮਿਸ਼ਨਰ ਜਿਸ ਨੂੰ ਸਸਪੈਂਡ ਕੀਤਾ ਗਿਆ । ਗ੍ਰਹਿ ਮੰਤਰੀ

ਅਤੇ ਗ੍ਰਹਿ-ਸਕੱਤਰ ਜਿਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਦੇਸ਼ ਦੀ ਅਮਨ-ਸ਼ਾਂਤੀ ਦੀ ਵਿਵਸਥਾ ਉਪਰ ਨਜ਼ਰ ਰੱਖਣ। ਅਸਲ ਵਿਚ ਇਨਾਮ ਦੇ ਭਾਗੀ ਹੋਏ : ਗ੍ਰਹਿ ਮੰਤਰੀ ਨਰਸਿਮ੍ਹਾ ਰਾਓ ਮੰਤਰੀ-ਮੰਡਲ ਦਾ ਸਭ ਤੋਂ ਵੱਧ ਸੀਨੀਅਰ ਮੈਂਬਰ ਬਣ ਗਿਆ; ਗ੍ਰਹਿ-ਸਕੱਤਰ ਐਮ.ਕੇ. ਵਲੀ ਨੂੰ ਦਿੱਲੀ ਦਾ ਉਪ-ਰਾਜਪਾਲ ਨਿਯੁਕਤ ਕੀਤਾ ਗਿਆ।

ਜਿਹੜੇ 1,809 ਆਦਮੀ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਨੂੰ ਬਾਅਦ ਵਿਚ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਜਾਂ ਕਾਂਗਰਸ ਪਾਰਟੀ ਦੇ ਮੈਂਬਰਾਂ ਦੀ ਪਹੁੰਚ ਕਾਰਨ ਛੱਡ ਦਿੱਤਾ ਗਿਆ। ਸਰਕਾਰ ਨੇ ਇਸ ਘੱਲੂਘਾਰੇ ਜਾਂ ਕਤਲੇ-ਆਮ ਦੀ ਜਾਂਚ ਕਰਵਾਉਣ ਦੀ ਮੰਗ ਇਹ ਕਹਿ ਕੇ ਠੁਕਰਾ ਦਿੱਤੀ ਕਿ ਇਹ ਨਿਸਫਲ ਸਾਬਤ ਹੋਵੇਗੀ, ਪਰ ਕੁਝ ਅਜਿਹੇ ਵਿਅਕਤੀ ਸਨ ਜਿਹੜੇ ਇਹ ਮਹਿਸੂਸ ਕਰਦੇ ਸਨ ਕਿ ਜੇਕਰ ਏਨੇ ਘੋਰ ਅਪਰਾਧਾਂ ਦੀ ਅਣਦੇਖੀ ਕਰ ਦਿੱਤੀ ਗਈ ਤਾਂ ਜਿਹੜੇ ਇਸ ਦਾ ਸ਼ਿਕਾਰ ਹੋਏ ਹਨ, ਉਹ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਲੈਣਗੇ। ਇਸ ਮਾਮਲੇ ਬਾਰੇ ਪਹਿਲ ਕਰਨ ਵਾਲੇ ਸਨ—'ਦੀ ਪੀਪਲ'ਸ ਯੂਨੀਅਨ ਫ਼ਾਰ ਡੈਮੋਕ੍ਰੈਟਿਕ ਰਾਈਟਸ' ਦੀ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ ਨਾਗਰਿਕ ਏਕਤਾ ਮੰਚ'। ਇਨ੍ਹਾਂ ਸੰਸਥਾਵਾਂ ਦੇ ਵਾਲੰਟੀਅਰਾਂ ਨੇ ਕਟਾਵੱਢੀ ਜਾਂ ਖ਼ੂਨ-ਖ਼ਰਾਬੇ ਵਿਚ ਬਚੇ ਰਹਿਣ ਵਾਲਿਆਂ ਅਤੇ ਅੱਖੀਂ ਦੇਖਣ ਵਾਲਿਆਂ ਪਾਸੋਂ ਇਸ ਬਾਰੇ ਸੂਚਨਾ ਇਕੱਤਰ ਕੀਤੀ। ਇਨ੍ਹਾਂ ਸੰਗਠਨਾਂ ਵਿਚ ਕੋਈ ਇਕ ਵੀ ਮੈਂਬਰ ਸਿੱਖ ਨਹੀਂ ਸੀ। ਨਵੰਬਰ 1984 ਵਿਚ ਉਨ੍ਹਾਂ ਦੇ ਨਿਸ਼ਕਰਸ਼ ਜਾਂ ਸਿੱਟੇ ਪ੍ਰਕਾਸ਼ਿਤ ਹੋਏ। ਸਿਰਲੇਖ ਸੀ : "ਅਪਰਾਧੀ ਕੌਣ ?" ਘਟਨਾਵਾਂ ਦੀ ਕਰੀਵਤ ਜਾਣਕਾਰੀ ਦੇਣ ਉਪਰੰਤ ਉਨ੍ਹਾਂ ਇਹ ਦਲੇਰੀ ਵੀ ਕੀਤੀ ਕਿ ਉਨ੍ਹਾਂ ਸਿਆਸਤਦਾਨਾਂ, ਪੁਲਿਸ ਕਰਮਚਾਰੀਆਂ ਅਤੇ ਹੋਰਨਾਂ ਦੇ ਨਾਮ ਤਕ ਦਿੱਤੇ ਜਿਨ੍ਹਾਂ ਨੂੰ ਸ਼ਿਕਾਰ ਹੋਏ ਲੋਕਾਂ ਅਤੇ ਅੱਖੀਂ ਦੇਖਣ ਵਾਲਿਆਂ ਨੇ ਹਿੰਸਾ ਲਈ ਉਕਸਾਉਣ ਲਈ ਪਛਾਣਿਆ ਸੀ। ਅਜਿਹੇ ਲੋਕਾਂ ਵਿਚ ਸ਼ਾਮਲ ਸਨ : ਰਾਜੀਵ ਗਾਂਧੀ ਦੇ ਮੰਤਰੀ-ਮੰਡਲ ਦਾ ਮੈਂਬਰ ਐਚ.ਕੇ.ਐਲ. ਭਗਤ ਅਤੇ ਤਿੰਨ ਪਾਰਲੀਮੈਂਟ ਦੇ ਮੈਂਬਰ, ਜਗਦੀਸ਼ ਟਾਈਟਲਰ (ਕੁਝ ਮਹੀਨੇ ਉਪਰੰਤ ਮਨਿਸਟਰੀ ਵਿਚ ਲਿਆ ਗਿਆ), ਸੱਜਣ ਕੁਮਾਰ ਅਤੇ ਧਰਮਦਾਸ ਸ਼ਾਸਤਰੀ। ਦੂਜੇ ਸਿਆਸਤਦਾਨਾਂ ਵਿਚ ਸ਼ਾਮਲ ਸਨ, ਦਿੱਲੀ ਨਗਰ ਨਿਗਮ ਦੇ ਮੈਂਬਰ, ਮੈਟਰੋਪੋਲੀਟਨ ਕੌਂਸਲ ਦੇ ਮੈਂਬਰ ਅਤੇ ਕੁਝ ਨੌਜਵਾਨ ਨੇਤਾ। ਭੀੜ ਨੂੰ ਉਕਸਾਉਣ ਅਤੇ ਲੁੱਟ ਦੇ ਮਾਲ ਵਿਚ ਹਿੱਸਾ ਵੰਡਾਉਣ ਲਈ 13 ਪੁਲਿਸ ਕਰਮਚਾਰੀਆਂ ਦੇ ਨਾਮ ਲਏ ਗਏ। ਹੋਰ ਅਪਰਾਧਾਂ ਵਿਚ ਭਾਗ ਲੈਣ ਲਈ 198 ਨਾਮ ਦਿੱਤੇ ਗਏ। ਜਿਨ੍ਹਾਂ ਦੇ ਨਾਮ ਦਿੱਤੇ ਗਏ ਸਨ, ਉਨ੍ਹਾਂ ਲਈ ਇਹ ਚੁਣੌਤੀ ਸੀ ਕਿ ਇਨ੍ਹਾਂ ਸੰਗਠਨਾਂ ਨੂੰ ਅਦਾਲਤ ਵਿਚ ਘਸੀਟ ਲੈਣ। ਪਰ ਕਿਸੇ ਦੀ ਹਿੰਮਤ ਨਹੀਂ ਪਈ ਕਿ ਇਸ ਵੰਗਾਰ ਦਾ ਮੁਕਾਬਲਾ ਕਰੇ। ਸਰਕਾਰ ਤੋਂ ਟੱਸ ਤੋਂ ਮੱਸ ਨਾ ਹੋਈ।

"ਅਪਰਾਧੀ ਕੌਣ ?" ਦੇ ਪ੍ਰਕਾਸ਼ਨ ਉਪਰੰਤ ਇਕ ਹੋਰ ਰਿਪੋਰਟ ਇਕ ਉਚ-ਅਧਿਕਾਰੀ ਗੈਰ-ਸਰਕਾਰੀ ਜਾਂਚ ਕਮਿਸ਼ਨ ਵੱਲੋਂ ਪ੍ਰਕਾਸ਼ਿਤ ਹੋਈ। ਇਸ ਦੇ ਮੁਖੀ ਸਨ, ਸੁਪਰੀਮ ਕੋਰਟ ਦੇ ਸੇਵਾ-ਮੁਕਤ ਚੀਫ਼ ਜਸਟਿਸ ਐਸ.ਐਮ. ਸੀਕਰੀ, ਇਸ ਦੇ ਹੋਰ ਮੈਂਬਰ ਸਨ, ਬਦਰ-ਉਦ-ਦੀਨ ਤਾਇਬ ਜੀ (ਸਾਬਕਾ ਰਾਜਦੂਤ, ਕਾਮਨਵੈਲਥ ਸਕੱਤਰ ਅਤੇ ਉਪ-ਕੁਲਪਤੀ ਅਲੀਗੜ੍ਹ ਵਿਸ਼ਵ ਵਿਦਿਆਲਾ), ਰਾਜੇਸ਼ਵਰ ਦਿਆਲ (ਸਾਬਕਾ ਵਿਦੇਸ਼ ਸਕੱਤਰ, ਰਾਜਦੂਤ ਅਤੇ ਆਕਸਫੋਰਡ ਯੂਨੀਵਰਸਿਟੀ ਵਿਖੇ ਵਿਜ਼ਿਟਿੰਗ (ਅਤਿਥੀ ਪ੍ਰੋਫ਼ੈਸਰ), ਗੋਵਿੰਦ ਨਾਰਾਇਣ (ਸਾਬਕਾ ਗ੍ਰਹਿ ਅਤੇ ਰੱਖਿਆ ਸਕੱਤਰ ਅਤੇ ਰਾਜਪਾਲ) ਅਤੇ ਟੀ.ਸੀ.ਏ. ਸ੍ਰੀ ਨਿਵਾਸਵਰਦਨ (ਸਾਬਕਾ ਗ੍ਰਹਿ ਸਕੱਤਰ)। ਕਮਿਸ਼ਨ ਨੇ ਹੱਤਿਆਵਾਂ ਵਾਲੀਆਂ ਥਾਵਾਂ ਦਾ ਦੌਰਾ ਕੀਤਾ, ਮਾਰ ਅਧੀਨ ਆਏ ਅੱਖੀਂ ਦੇਖਣ ਵਾਲਿਆਂ ਨੂੰ ਮਿਲੇ ਅਤੇ ਪੇਸ਼ ਹੋਏ ਹਲਫ਼ਨਾਮੇ ਨਿਰਖੇ-ਪਰਖੇ।

ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਗ੍ਰਹਿ ਮੰਤਰੀ ਨਰਸਿਮ੍ਹਾ ਰਾਓ ਦੋਹਾਂ ਨੇ ਕਮਿਸ਼ਨ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ।

ਕਮਿਸ਼ਨ ਨੇ ਆਪਣੇ ਸਿੱਟੇ ਜਨਵਰੀ 18, 1985 ਨੂੰ ਪ੍ਰਕਾਸ਼ਿਤ ਕੀਤੇ। ਅੰਤ ਵਿਚ ਇਹ ਕਿਹਾ ਗਿਆ ਕਿ "ਸ੍ਰੀਮਤੀ ਇੰਦਿਰਾ ਗਾਂਧੀ ਦੀ ਨਿਰਦਈ ਹੱਤਿਆ ਕਾਰਨ ਇਹ ਅੱਤਿਆਚਾਰ ਹੋਏ। ਪਰ ਕੀਤੇ ਗਏ ਅਪਰਾਧਾਂ ਦੇ ਇਕੋ ਪੈਟਰਨ, ਥੋੜ੍ਹੇ-ਥੋੜ੍ਹੇ ਸਥਾਨਕ ਅੰਤਰ ਨਾਲ ਇਹ ਦਰਸਾਉਂਦਾ ਹੈ ਕਿ ਕਿਸ ਪੱਧਰ 'ਤੇ ਇਹ ਉਦੇਸ਼ "ਸਿੱਖਾਂ ਨੂੰ ਸਬਕ ਸਿਖਾਉਣਾ" ਬਣ ਗਿਆ। ਜਿਹੜੇ ਸਿੱਟੇ ਕੱਢੇ ਗਏ ਉਨ੍ਹਾਂ ਦਾ ਆਧਾਰ ਇਹ ਹੈ ਕਿ "ਸਰਕਾਰ ਅਤੇ ਪੁਲਿਸ ਕਾਫ਼ੀ ਹੱਦ ਤਕ ਅਸਫਲ ਰਹੀ, ਸ਼ੱਕੀ ਅਨਸਰ ਵੱਲੋਂ ਉਕਸਾਹਟ, ਸੂਚਨਾ ਮੀਡੀਆ ਦਾ ਅਸਪਸ਼ਟ ਯੋਗਦਾਨ ਅਤੇ ਸਰਕਾਰੀ ਮਸ਼ੀਨਰੀ ਦੀ ਬੇਪਰਵਾਹੀ ਅਤੇ ਅਲਗਰਜ਼ੀ।" ਰਿਪੋਰਟ ਵਿਚ ਦਰਸਾਏ ਗਏ ਸਿੱਟੇ ਸਨ ਕਿ ਪੰਜਾਬ ਅਤੇ ਦਿੱਲੀ ਅੰਦਰ "ਹਿੰਸਾ ਅਤੇ ਦਹਿਸ਼ਤਵਾਦ ਦੇ ਵਾਤਾਵਰਣ" ਦੇ ਬਣਨ ਤੋਂ ਪ੍ਰਸ਼ਾਸਨ ਨੂੰ ਵਧੇਰੇ ਸਾਵਧਾਨੀ ਸਿਆਸੀ ਸ਼ਖ਼ਸੀਅਤਾਂ ਦੀ ਸੁਰੱਖਿਆ ਲਈ ਵਰਤਣੀ ਚਾਹੀਦੀ ਸੀ; "ਪ੍ਰਧਾਨ ਮੰਤਰੀ ਉਪਰ ਕੀਤੇ ਗਏ ਹਮਲੇ ਦੀ ਕੋਸ਼ਿਸ਼ ਅਤੇ ਉਸ ਦੀ ਮੌਤ ਦੇ ਸਰਕਾਰੀ ਐਲਾਨ ਦੇ ਸਮੇਂ ਵਿਚ ਪ੍ਰਸ਼ਾਸਨ ਨੂੰ ਉਚਿਤ ਨੋਟਿਸ ਮਿਲ ਜਾਣਾ ਚਾਹੀਦਾ ਸੀ ਕਿ ਸਿਵਿਲ ਗੜਬੜ ਅਤੇ ਹੱਤਿਆ ਦੀ ਰੋਕ ਲਈ ਯੋਗ ਉਪਰਾਲਾ ਕੀਤਾ ਜਾਵੇ," ਨਾਲ ਹੀ "ਕਿਸੇ ਪ੍ਰਕਾਰ ਦਾ ਸਬੂਤ ਸਾਡੇ ਧਿਆਨਗੋਚਰੇ ਨਹੀਂ ਹੋਇਆ ਕਿ ਅਕਤੂਬਰ ਦੀ ਰਾਤ ਜਾਂ ਅਗਲੀ ਸਵੇਰ ਕੋਈ ਇਮਤਨਾਹੀ ਜਾਂ ਰੋਕ ਪਾਉਣ ਵਾਲਾ ਹੁਕਮ, ਆਦੇਸ਼ ਲਾਗੂ ਕੀਤਾ ਹੋਵੇ," ਅਤੇ ਅਜਿਹੇ ਹੋਰ।

ਸਰਕਾਰ ਨੇ ਇਸ ਕਮਿਸ਼ਨ ਦੇ ਸਿੱਟਿਆਂ ਵੱਲ ਧਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਦਾ ਖ਼ਿਆਲ ਸੀ, ਜੋ ਸੰਸਦ ਵਿਚ ਪ੍ਰਗਟ ਕੀਤਾ, ਕਿ ਜੇ ਸਰਕਾਰੀ ਤੌਰ 'ਤੇ ਅਦਾਲਤੀ ਜਾਂਚ ਕਰਵਾਈ ਗਈ ਤਾਂ ਦਿੱਲੀ ਦੇ ਸਿੱਖਾਂ ਦੀ ਸਮੱਸਿਆ ਹੋਰ ਵਿਗੜ ਜਾਵੇਗੀ। ਜੇਕਰ ਕੋਈ ਜਾਂਚ ਅਜਿਹੀ ਹੋਈ ਵੀ ਤਾਂ ਉਹ ਅਕਾਲੀ ਨੇਤਾਵਾਂ ਨਾਲ ਪੈਕੇਜ ਡੀਲ ਹੋਵੇਗੀ—ਰਾਸ਼ਟਰੀ ਜ਼ਮੀਰ ਜਾਂ ਭਾਵਨਾ ਵਜੋਂ ਨਹੀਂ ਸਗੋਂ ਇਕ ਪਾਰਟੀ ਨਾਲ ਸਮਝੌਤੇ ਵਜੋਂ। ਅੰਤ ਇਕ ਜਾਂਚ ਕਮਿਸ਼ਨ ਦੀ ਗੱਲ ਮੰਨੀ ਗਈ (ਇਸ ਬਾਰੇ ਹਵਾਲਾ ਅਗਲੇ ਕਾਂਡ ਵਿਚ ਹੈ) ਜੋ ਸਮਝੌਤੇ ਦਾ ਭਾਗ ਸੀ, ਪਰ ਜਿਸ ਢੰਗ ਨਾਲ ਇਹ ਕਾਰਜ ਕੀਤਾ ਉਹ ਅਪਰਾਧੀਆਂ ਦੀ ਪਛਾਣ ਕਰਨ ਦੀ ਥਾਂ ਉਨ੍ਹਾਂ ਦੇ ਦੋਸ਼ਾਂ ਉਪਰ ਪਰਦਾ ਪਾਉਣ ਲਈ ਸੀ। ਸੁਪਰੀਮ ਕੋਰਟ ਦਾ ਜਸਟਿਸ ਰੰਗਨਾਥ ਮਿਸ਼ਰਾ, ਜਿਸ ਨੂੰ ਮਾਮਲੇ ਦੀ ਜਾਂਚ ਕਰਨ ਲਈ ਇਕ-ਪੁਰਖ—ਕਮਿਸ਼ਨ ਥਾਪਿਆ ਗਿਆ ਸੀ, ਇਹ ਗੱਲ ਭਲੀ ਪ੍ਰਕਾਰ ਜਾਣਦਾ ਸੀ ਕਿ ਸੱਤਾਧਾਰੀ ਪਾਰਟੀ ਦੇ ਕਈ ਮਸ਼ਹੂਰ ਮੈਂਬਰਾਂ ਦੇ ਨਾਮ, ਜਿਨ੍ਹਾਂ ਵਿਚ ਕੁਝ ਮੰਤਰੀ ਪਦ 'ਤੇ ਵੀ ਸਨ, ਉਕਸਾਉਣ ਵਾਲਿਆਂ ਵਿਚ ਹਨ, ਅਤੇ ਇਹ ਵੀ ਕਿ ਪ੍ਰਧਾਨ ਮੰਤਰੀ ਵੀ ਉਨ੍ਹਾਂ ਬਾਰੇ ਤਫ਼ਤੀਸ਼ ਕਰਵਾਉਣ ਤੋਂ ਕਤਰਾਉਂਦੇ ਸਨ।

ਸ਼ਿਕਾਰ ਹੋਏ ਲੋਕਾਂ ਦਾ ਮਾਮਲਾ ਸਿਟੀਜ਼ਨਸ ਜਸਟਿਸ ਕਮੇਟੀ (ਨਾਗਰਿਕ ਨਿਆਂ ਸਮਿਤੀ), ਜਿਸ ਦੇ ਮੁਖੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ (ਸੇਵਾ-ਮੁਕਤ) ਐਸ.ਐਮ. ਸੀਕਰੀ ਸਨ, ਵੱਲੋਂ ਪੇਸ਼ ਕੀਤਾ ਗਿਆ। ਇਕ ਟੀਮ ਵੱਲੋਂ ਇਸ ਦਾ ਸੰਖੇਪ ਰੂਪ ਤਿਆਰ ਕੀਤਾ ਗਿਆ ਜਿਸ ਦੀ ਅਗਵਾਈ ਸੇਵਾ-ਮੁਕਤ ਜਸਟਿਸ, ਵੀ.ਐਮ. ਤਾਰਕੁੰਡੇ, ਕਰ ਰਹੇ ਸਨ, ਅਤੇ ਇਸ ਨੂੰ ਕਮਿਸ਼ਨ ਅੱਗੇ ਭਾਰਤ ਦੇ ਪ੍ਰਸਿੱਧ ਵਕੀਲ ਸੋਲੀ ਸੋਰਾਬਜੀ ਨੇ ਪੇਸ਼ ਕੀਤਾ। ਸੀ.ਜੇ.ਸੀ. ਨੇ 6000 ਤੋਂ ਵੱਧ ਹਲਫ਼ਨਾਮੇ ਅਤੇ ਸੌ ਤੋਂ ਵੱਧ ਗਵਾਹ ਸਿਆਸਤਦਾਨਾਂ ਅਤੇ ਪੁਲਿਸ ਕਰਮਚਾਰੀਆਂ ਵਿਰੁੱਧ ਪੇਸ਼ ਕੀਤੇ ਜਿਹੜੇ ਸਿੱਖ-ਵਿਰੋਧੀ ਦੰਗਿਆਂ ਨਾਲ ਸੰਬੰਧਤ

ਸਨ। ਕਮਿਸ਼ਨ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਆਪਣੀ ਸਹਾਇਤਾ ਲਈ ਉਹ ਇਕ ਜਾਂਚ ਏਜੰਸੀ ਨਿਯੁਕਤ ਕਰ ਲਵੇ। ਇਸ ਏਜੰਸੀ ਦੇ ਮੁਖੀ ਲਈ ਇਕ ਜੂਨੀਅਰ ਪੁਲਿਸ ਸੁਪਰਿੰਟੈਂਡੈਂਟ ਦੀ ਚੋਣ ਕੀਤੀ। ਜਦੋਂ ਕਿ ਹਲਫ਼ਨਾਮੇ ਅਤੇ ਸਬੂਤ ਜਿਹੜੇ ਸੀ.ਜੇ.ਸੀ. ਨੇ ਜੁਟਾਏ, ਜਿਨ੍ਹਾਂ ਅਧੀਨ ਲਿਆਂਦੇ ਗਏ, ਪਰ ਪੇਸ਼ ਹੋਏ ਹਲਫ਼ਨਾਮਿਆਂ ਦੀਆਂ ਕਾਪੀਆਂ ਜੁਟਾਉਣ ਲਈ ਕੀਤੀ ਗਈ ਬੇਨਤੀ ਠੁਕਰਾ ਦਿੱਤੀ ਗਈ। ਹਲਫ਼ਨਾਮਿਆਂ ਵਾਲਿਆਂ ਦੇ ਨਾਮ ਅਤੇ ਉਨ੍ਹਾਂ ਤੋਂ ਹਲਫ਼ ਲੈਣ ਵਾਲਿਆਂ ਵਿਅਕਤੀਆਂ ਦੀ ਪਛਾਣ ਵੀ ਪ੍ਰਗਟ ਨਹੀਂ ਕੀਤੀ ਗਈ। ਦਿੱਲੀ ਪ੍ਰਸ਼ਾਸਨ ਦਾ ਇਕ ਵੀ ਅਧਿਕਾਰੀ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਗਿਆ। ਸੀ.ਜੇ.ਸੀ. ਵੱਲੋਂ ਮੰਗੀਆਂ ਮਹੱਤਵਪੂਰਨ ਪੁਲਿਸ ਰਿਪੋਰਟਾਂ ਲਈ ਵੀ ਇਨਕਾਰ ਕਰ ਦਿੱਤਾ ਗਿਆ। ਉਸ ਸਮੇਂ ਜਿਹੜੇ ਪੁਲਿਸ ਅਧਿਕਾਰੀ ਅਮਨ-ਕਾਨੂੰਨ ਦੀ ਵਿਵਸਥਾ ਬਣਾਉਣ ਲਈ ਜ਼ਿੰਮੇਵਾਰ ਸਨ, ਉਨ੍ਹਾਂ ਨੇ ਅਧਿਕਾਰੀਆਂ ਨੂੰ ਬੁਲਾਉਣ ਲਈ ਆਰਡਰ ਨੂੰ ਵੀ ਠੁਕਰਾਂ ਦਿੱਤਾ ਗਿਆ ਉਨ੍ਹਾਂ ਹੀ ਪੁਲਿਸ ਅਧਿਕਾਰੀਆਂ ਨੂੰ ਅਪਰਾਧਾਂ ਦੀ ਤਫ਼ਤੀਸ਼ ਕਰਨ ਦਾ ਕਾਰਜ ਸੌਂਪਿਆ ਗਿਆ, ਜਿਨ੍ਹਾਂ ਵਿਰੁੱਧ ਡਰਾਉਣ, ਧਮਕਾਉਣ ਅਤੇ ਪਰੇਸ਼ਾਨ ਕਰਨ ਦਾ ਦੋਸ਼ ਸੀ।

ਅੰਤ ਸੀ.ਜੇ.ਸੀ, ਨੇ ਕਮਿਸ਼ਨ ਵਿਚੋਂ ਨਿਕਲਣ ਦਾ ਫ਼ੈਸਲਾ ਕੀਤਾ। ਅਜਿਹਾ ਕਰਨ ਦੇ ਕਾਰਨ ਵਜੋਂ ਉਸ ਵੇਰਵੇ ਸਹਿਤ ਇਕ ਯਾਦ-ਪੱਤਰ ਪੇਸ਼ ਕੀਤਾ। ਜਸਟਿਸ ਤਾਰਕੁੰਡੇ ਨੇ ਕਿਹਾ, "ਅਸੀਂ ਨਹੀਂ ਮਹਿਸੂਸ ਕਰਦੇ ਕਿ ਹੋਰ ਸਮੇਂ ਲਈ ਜੁੜੇ ਰਹਿਣ ਵਿਚ ਕੋਈ ਲਾਭ ਹੋਵੇਗਾ। ਇਹ ਇਕ-ਪੱਖੀ ਜਾਂਚ ਸੀ। ਜਿਵੇਂ ਸਾਡੇ ਨਾਲ ਵਾਅਦਾ ਕੀਤਾ ਗਿਆ ਸੀ, ਉਸ ਤਰ੍ਹਾਂ ਇਸ ਵਿਚ ਸਾਨੂੰ ਕਦੇ ਅਵਸਰ ਨਹੀਂ ਦਿੱਤਾ ਗਿਆ।"

ਮਿਸਰਾ ਕਮਿਸ਼ਨ ਦੀ ਰਿਪੋਰਟ ਦਾ ਪੂਰਾ ਮਜ਼ਮੂਨ ਜਨਤਾ ਸਾਹਮਣੇ ਨਹੀਂ ਲਿਆਂਦਾ ਗਿਆ—ਮਾਰੇ ਗਏ ਲੋਕਾਂ ਦੀ ਗਿਣਤੀ ਦਾ ਅਨੁਮਾਨ ਅਤੇ ਪੁਲਿਸ ਵਿਰੁੱਧ ਇਸ ਵੱਲੋਂ ਨਿਖੇਧੀ ਨਿਹਿਤ ਅਤੇ ਸੰਕੋਚਵੇਂ ਰੂਪ ਵਿਚ ਇਸ ਨੇ ਸੱਤਾਧਾਰੀ ਕਾਂਗਰਸ ਪਾਰਟੀ ਅਤੇ ਉਨ੍ਹਾਂ ਸਿਆਸਤਦਾਨਾਂ ਨੂੰ ਦੋਸ਼-ਮੁਕਤੀ ਜਾਂ ਬਰੀ ਕਰ ਦਿੱਤਾ ਜਿਨ੍ਹਾਂ ਦੇ ਨਾਮ 'ਅਪਰਾਧੀ ਕੌਣ ?' ਵਿਚ ਦਿੱਤੇ ਹੋਏ ਸਨ। ਇਸ ਨੇ ਕੁਝ ਏਜੰਸੀਆਂ ਨਿਯੁਕਤ ਕਰਨ ਲਈ ਸੁਝਾਓ ਦਿੱਤੇ ਜਿਹੜੀਆਂ ਉਨ੍ਹਾਂ ਲੋਕਾਂ ਦੀ ਪਛਾਣ ਅਤੇ ਜਾਂਚ ਕਰਨ ਅਤੇ ਮੁਕੱਦਮੇ ਚਲਾਉਣ ਜਿਨ੍ਹਾਂ ਵਿਰੁੱਧ ਦੋਸ਼ ਲਾਏ ਗਏ ਹਨ। ਹਜ਼ਾਰਾਂ ਸਿੱਖਾਂ ਦੀ ਕੀਤੀ ਗਈ ਹੱਤਿਆ ਨੂੰ ਅਨੇਕ ਵਰ੍ਹੇ ਬੀਤ ਚੁੱਕੇ ਹਨ ਪਰ ਸਜ਼ਾ ਤਾਂ ਅਜੇ ਤਕ ਇਕ ਨੂੰ ਵੀ ਨਹੀਂ ਦਿੱਤੀ ਗਈ।

ਕਾਂਡ—41

ਚੋਣਾਂ ਅਤੇ ਸਮਝੌਤਾ

ਦਸੰਬਰ 1984 ਦੀ ਆਮ ਚੋਣ ਕਾਂਗਰਸ ਪਾਰਟੀ ਨੇ ਦੇਸ਼ ਦੀ ਅਖੰਡਤਾ ਦੇ ਮੁੱਦੇ 'ਤੇ ਲੜੀ। ਵੋਟਾਂ ਪਾਉਣ ਵਾਲਿਆਂ ਨੂੰ ਵਿਸ਼ਵਾਸ ਦੁਆਉਣ ਲਈ ਵੱਡੇ ਪੈਮਾਨੇ ਤੇ ਪ੍ਰਾਪੇਗੰਡਾ ਕੀਤਾ ਗਿਆ ਕਿ ਜਿਨ੍ਹਾਂ ਨੇ ਸ੍ਰੀਮਤੀ ਇੰਦਿਰਾ ਗਾਂਧੀ ਦੀ ਹੱਤਿਆ ਕੀਤੀ ਹੈ, ਉਨ੍ਹਾਂ ਦਾ ਮਤਲਬ ਭਾਰਤ ਦੀ ਅਖੰਡਤਾ ਨੂੰ ਤਬਾਹ ਕਰਨਾ ਸੀ ਅਤੇ ਸ੍ਰੀਮਤੀ ਗਾਂਧੀ ਨੇ ਉਸ ਦੀ ਸੰਭਾਲ ਕਰਨ ਲਈ ਆਪਣੀ ਜਾਨ ਵਾਰ ਦਿੱਤੀ। ਸਮੁੱਚੇ ਦੇਸ਼ ਅੰਦਰ ਵੱਡੇ-ਵੱਡੇ ਪੋਸਟਰ ਲਗਾਏ ਗਏ ਜਿਨ੍ਹਾਂ ਵਿਚ ਉਸ ਨੂੰ ਭਗਵੀਂ ਸਾੜ੍ਹੀ ਵਿਚ ਲਪੇਟ ਕੇ ਅਰਥੀ 'ਤੇ ਲਿਟਾਇਆ ਹੋਇਆ ਸੀ; ਕੁਝ ਪੋਸਟਰ ਅਜਿਹੇ ਸਨ ਜਿਨ੍ਹਾਂ ਵਿਚ ਵਰਦੀ ਵਾਲੇ ਸਿੱਖ ਉਸ ਨੂੰ ਗੋਲੀਆਂ ਮਾਰ ਰਹੇ ਸਨ। ਕੁਝ ਪੋਸਟਰਾਂ ਵਿਚ ਕੰਡਿਆਲੀ ਤਾਰ ਦੇ ਗੁੱਛੇ ਇਕ ਨਾਅਰੇ ਨਾਲ ਦਰਸਾਏ ਹੋਏ ਸਨ ਸਨ : "ਕੀ ਦੇਸ਼ ਦੀ ਸੀਮਾ ਅੰਤਮ ਰੂਪ ਵਿਚ ਤੁਹਾਡੀ ਸਰਦਲ ਤਕ ਪਹੁੰਚ ਜਾਵੇਗੀ," ਇਕ ਹੋਰ ਜੋ ਘੱਟ ਗੁੰਝਲਦਾਰ ਸੀ ਅਤੇ ਉਹ ਪ੍ਰਸ਼ਨ ਰੂਪ ਸੀ : ਤੁਸੀਂ ਉਸ ਟੈਕਸੀ ਵਿਚ ਪਰੇਸ਼ਾਨੀ ਅਤੇ ਬੇਆਰਾਮੀ ਕਿਉਂ ਮਹਿਸੂਸ ਕਰੋ ਜਿਸ ਨੂੰ ਚਲਾਉਣ ਵਾਲਾ ਟੈਕਸੀ ਡਰਾਈਵਰ ਕਿਸੇ ਹੋਰ ਰਾਜ ਦਾ ਹੋਵੇ।" ਜੇਕਰ ਇਹ ਸੰਦੇਸ਼ ਨਾ ਪਹੁੰਚਾ ਸਕੇ ਤਾਂ ਰਾਜੀਵ ਗਾਂਧੀ ਦੇ ਹਮਾਇਤੀਆਂ ਵੱਲੋਂ ਉਸ ਦੇ ਚੋਣ-ਖੇਤਰ ਵਿਚ ਉਸ ਦੀ ਭਾਬੀ ਮੇਨਕਾ (ਸੰਜੇ ਗਾਂਧੀ ਦੀ ਵਿਧਵਾ) ਵਿਰੁੱਧ ਲਾਏ ਗਏ ਉੱਚੀ-ਉੱਚੀ ਨਾਅਰੇ ਬੜੇ ਸਿੱਧੇ ਅਤੇ ਸਪੱਸ਼ਟ ਰੂਪ ਸਨ :

ਬੇਟੀ ਹੈ ਸਰਦਾਰ ਕੀ
ਕੌਮ ਹੈ ਗ਼ੱਦਾਰ ਕੀ।

ਕਾਂਗਰਸ ਪਾਰਟੀ ਲਈ ਮੁੱਖ ਵੋਟਾਂ ਜਿੱਤਣ ਵਾਲੀ ਸੀ ਸ਼ਹੀਦ ਕੀਤੀ ਗਈ ਅੰਮਾ! ਲੱਖਾਂ ਹੀ ਅਜਿਹੀਆਂ ਬਿੰਦੀਆਂ ਵੰਡੀਆਂ ਗਈਆਂ ਜਿਨ੍ਹਾਂ ਵਿਚ ਰਾਜੀਵ ਗਾਂਧੀ ਨੂੰ ਅਸ਼ੀਰਵਾਦ ਦੇ ਰਹੀ ਇੰਦਿਰਾ ਗਾਂਧੀ ਨੂੰ ਦਿਖਾਇਆ ਗਿਆ ਸੀ। ਉਸ ਦੇ ਭਾਸ਼ਣਾਂ ਦੇ ਕੈਸੇਟ ਵੰਡੇ ਗਏ, ਜਾਂ ਚੋਣ ਮੀਟਿੰਗਾਂ ਵਿਚ ਵਜਾਏ ਗਏ ਜਿਨ੍ਹਾਂ ਵਿਚ ਮੁੱਖ ਥੀਮ ਸੀ : "ਜੇਕਰ ਮੈਂ ਅੱਜ ਮਰ ਜਾਵਾਂ ਤਾਂ ਮੇਰੇ ਖ਼ੂਨ ਦਾ ਹਰ ਕਤਰਾ ਕੌਮ ਨੂੰ ਬਲ ਪ੍ਰਦਾਨ ਕਰੇਗਾ।" ਕੁਝ ਅਜਿਹੇ ਪੋਸਟਰ ਸਨ ਜਿਨ੍ਹਾਂ ਵਿਚ ਰਾਜੀਵ ਗਾਂਧੀ ਨੂੰ ਜਵਾਨ, ਸੁੰਦਰ, ਨਾ ਭ੍ਰਿਸ਼ਟਣਯੋਗ, ਦੂਰ-ਦਰਸ਼ੀ ਸ਼ਹਿਜ਼ਾਦਾ ਚਿਤਰਿਆ ਗਿਆ ਸੀ ਜਿਹੜਾ ਧਰਤੀ ਤੋਂ ਸਿਆਸਤ ਦੀ ਗੰਦਗੀ ਹੂੰਝ ਦੇਵੇਗਾ।" ਉਹ "ਮਿਸਟਰ ਕਲੀਨ" ਸੀ, ਜਿਹੜਾ ਨੌਜਵਾਨ ਟੋਲੇ, ਸਮਰਪਣ ਭਾਵ ਵਾਲੇ ਆਦਮੀਆਂ ਦੀ ਅਗਵਾਈ ਕਰ ਰਿਹਾ ਸੀ ਜੋ ਕੰਪਿਊਟਰ ਯੁਗ ਲਿਆਉਣਗੇ ਅਤੇ ਭਾਰਤ ਨੂੰ ਜਗੀਰੂ ਪੱਛੜੇਪਨ ਤੋਂ ਇੱਕੀਵੀਂ ਸਦੀ ਵੱਲ ਲਿਜਾਣਗੇ।

ਇਸ ਤੋਂ ਪਹਿਲਾਂ ਆਮ ਚੋਣ ਕਾਂਗਰਸ ਪਾਰਟੀ ਨੇ ਏਨੀ ਕਿੱਤੇ ਦੀ ਕੁਸ਼ਲਤਾ, ਮਾਰਕਿਟਿੰਗ ਲਈ ਆਧੁਨਿਕ ਤਕਨੀਕਾਂ ਆਦਿ ਨਾਲ ਨਹੀਂ ਲੜੀ ਸੀ। ਨਾ ਹੀ ਇਸ ਚੋਣ ਜਿੰਨਾ ਪਹਿਲਾਂ ਕਦੀ ਧਨ ਖ਼ਰਚਿਆ ਗਿਆ ਸੀ। ਇਸ ਨਾਲ ਬਹੁਤ ਖੱਟੀ ਹੋਈ ਜਿਸ ਨਾਲ

ਅਜਿਹੀ ਪੌਣ ਵਗੀ ਕਿ ਉੱਤਰੀ ਭਾਰਤ ਦੇ ਚੋਣ ਪਲੇਟਫ਼ਾਰਮ ਤੋਂ ਸਾਰੀ ਵਿਰੋਧੀ ਧਿਰ ਉੱਡ ਗਈ। ਰਾਜੀਵ ਗਾਂਧੀ ਦੇ ਅਧੀਨ ਕਾਂਗਰਸ ਪਾਰਟੀ ਨੇ ਦੇਸ਼ ਦੇ ਅੱਧੇ ਤੋਂ ਵੱਧ ਦੇ ਲਗਭਗ ਮਤਦਾਤਾ ਆਪਣੇ ਨਾਲ ਮਿਲਾ ਲਏ। ਲੋਕ ਸਭਾ ਵਿਚ 80 ਪ੍ਰਤੀਸ਼ਤ ਸੀਟਾਂ ਪ੍ਰਾਪਤ ਕਰ ਲਈਆਂ : ਕੁਲ 540 ਸੀਟਾਂ ਵਿਚੋਂ 410। ਇਹ ਗਿਣਤੀ ਪ੍ਰਧਾਨ ਮੰਤਰੀ ਨਹਿਰੂ ਅਤੇ ਇੰਦਰਾ ਗਾਂਧੀ ਵੇਲੇ ਜਿੱਤੀਆਂ ਸੀਟਾਂ ਨਾਲੋਂ ਵੱਧ ਸੀ। ਸੱਚਮੁੱਚ ਰਾਜੀਵ ਗਾਂਧੀ ਨੇ ਸਭ ਆਸਾਂ ਬਿਹਤਰ ਬਣਾ ਦਿੱਤੀਆਂ। ਪਰ ਧਿਆਨ ਦੇਣ ਵਾਲੀ ਗੱਲ ਹੈ ਕਿ ਇਹ ਵਿਵਸਥਾ ਵਧੇਰੇ ਕਰਕੇ ਉਨ੍ਹਾਂ ਰਾਜਾਂ ਵਿਚ ਸੀ, ਜਿਥੇ ਸਿੱਖ-ਵਿਰੋਧੀ ਭਾਵਨਾ ਬਹੁਤ ਜ਼ਬਰਦਸਤ ਸੀ. ਦੂਜੇ ਰਾਜਾਂ ਵਿਚ ਜਿਵੇਂ ਕਿ ਪੱਛਮੀ ਬੰਗਾਲ, ਆਸਾਮ ਅਤੇ ਦੱਖਣੀ ਰਾਜਾਂ ਵਿਚ ਜਿਵੇਂ ਕਿ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਕਰਨਾਟਕਾ ਜਿਥੇ ਸਿੱਖਾਂ ਦੇ ਕਥਿਤ ਅਪਰਾਧਾਂ ਬਾਰੇ ਜਾਣਕਾਰੀ ਨਹੀਂ ਸੀ, ਵਿਰੋਧੀ ਪਾਰਟੀਆਂ ਆਪਣੀ ਸਫਲਤਾ ਪ੍ਰਾਪਤ ਕਰ ਗਈਆਂ।

ਆਪਣੇ ਚੋਣ ਸੰਗਰਾਮ ਦੀ ਜਿੱਤ ਉਪਰੰਤ, ਆਪਣੇ ਪਹਿਲੇ ਰਾਸ਼ਟਰ ਲਈ ਜਨਵਰੀ 5, 1985 ਦੇ ਪ੍ਰਸਾਰਣ ਵਿਚ ਰਾਜੀਵ ਗਾਂਧੀ ਨੇ ਕਿਹਾ ਕਿ ਉਹ ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨ ਲਈ "ਸਿਖਰ ਦੀ ਪ੍ਰਾਥਮਿਕਤਾ" ਦੇਣਗੇ। ਇਸ ਤੋਂ ਇਕ ਦਿਨ ਪਹਿਲਾਂ ਉਸ ਨੇ ਇਕ ਕਾਬੀਨਾ ਉਪ-ਕਮੇਟੀ ਦਾ ਗਠਨ ਕੀਤਾ ਜਿਸ ਵਿਚ ਸ਼ਾਮਲ ਸਨ : ਐਸ.ਬੀ. ਚਵਾਨ, ਪੀ.ਵੀ. ਨਰਸਿਮ੍ਹਾ ਰਾਓ ਅਤੇ ਕੇ.ਸੀ. ਪੰਤ ਜੋ ਇਹ ਸਲਾਹ ਮਸ਼ਵਰਾ ਦੇਣਗੇ ਕਿ ਇਸ ਦਾ ਹੱਲ ਕਿਵੇਂ ਕਰਨਾ ਹੈ। ਮਾਰਚ ਦੇ ਪਹਿਲੇ ਸਪਤਾਹ ਵਿਚ ਦਸ ਰਾਜਾਂ ਅੰਦਰ ਚੋਣਾਂ ਹੋਣੀਆਂ ਸਨ ਇਸ ਲਈ ਉਪ-ਕਮੇਟੀ ਪੰਜਾਬ ਦੀ ਸਮੱਸਿਆ ਵੱਲ ਕੋਈ ਧਿਆਨ ਨਾ ਦੇ ਸਕੀ। ਕਾਂਗਰਸ ਪਾਰਟੀ ਦੀ ਕੁਝ ਰਾਜਾਂ ਵਿਚ ਦੁਹਰਾਈ ਕਾਰਗੁਜ਼ਾਰੀ ਨੇ ਅਕਾਲੀਆਂ ਦੀ ਬੇਸਬਰੀ ਨਾਲ ਮੇਲ ਖਾਧਾ ਜੋ ਸਰਕਾਰ ਦੀ ਸਿੱਖਾਂ ਪ੍ਰਤੀ ਅਲਗਰਜ਼ੀ ਕਾਰਨ ਸੀ। ਮਾਰਚ 7, 1985 ਨੂੰ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਜੇਕਰ ਵੈਸਾਖੀ ਤਕ ਸਰਕਾਰ ਨੇ ਨਵੰਬਰ 1984 ਵਿਚ ਮਾਰੇ ਗਏ ਸਿੱਖਾਂ ਬਾਰੇ ਕੋਈ ਅਦਾਲਤੀ ਜਾਂਚ ਨਾ ਕਰਵਾਈ ਅਤੇ ਉਨ੍ਹਾਂ ਦੇ ਫੜੇ ਹੋਏ ਨੇਤਾ ਰਿਹਾ ਨਾ ਕੀਤੇ ਗਏ ਤਾਂ ਉਹ ਆਪਣੇ 'ਘੱਲੂਘਾਰਾ ਸਪਤਾਹ' ਨਾਮ ਦਾ ਇਕ ਹੋਰ ਅੰਦੋਲਨ ਆਰੰਭ ਕਰ ਦੇਣਗੇ।

ਰਾਜੀਵ ਗਾਂਧੀ ਅਕਾਲੀਆਂ ਨਾਲ ਹੋਰ ਟੱਕਰ ਨਹੀਂ ਲੈਣਾ ਚਾਹੁੰਦਾ ਸੀ। ਆਪਣੇ ਬਲਬੂਤੇ 'ਤੇ ਉਹ ਦੋ ਭਰੋਸੇਯੋਗ ਚੋਣ ਜਿੱਤਾਂ ਪ੍ਰਾਪਤ ਕਰ ਚੁੱਕਾ ਸੀ ਅਤੇ ਕਿਸੇ ਸਿਆਸੀ ਅਮਲੇ ਵਿਚ ਉਲਝੇ ਨਾ ਹੋਣ ਕਰਕੇ ਉਸ ਦੀ ਦ੍ਰਿਸ਼ਟੀ ਧੁੰਦਲੀ ਨਹੀਂ ਸੀ। ਉਸ ਪੰਜਾਬ ਦੀ ਸਮੱਸਿਆ ਨੂੰ ਨਜਿੱਠਣ ਵੱਲ ਧਿਆਨ ਦਿੱਤਾ। ਉਸ ਦੀ ਪਹੁੰਚ ਆਪਣੀ ਮਾਂ ਨਾਲੋਂ ਉੱਕਾ ਹੀ ਵੱਖਰੀ ਸੀ। ਸ੍ਰੀਮਤੀ ਗਾਂਧੀ ਨੇ ਆਪਣੀ ਪਾਰਟੀ ਦੇ ਲਾਹੇ ਨੂੰ ਆਪਣੇ ਮਨ ਵਿਚ ਸਦਾ ਸਿਖਰ 'ਤੇ ਰਖਿਆ। ਉਸ ਨੂੰ ਕੋਈ ਵੀ ਸਮੱਸਿਆ ਹੱਲ ਕਰਨ ਦੀ ਕਾਹਲ ਨਹੀਂ ਹੁੰਦੀ ਸੀ, ਸਗੋਂ ਉਹ ਇਹ ਨਹੀਂ ਚਾਹੁੰਦੀ ਸੀ ਕਿ ਉਸ ਦਾ ਸਿਆਸੀ ਵਿਰੋਧੀ ਲੋਕਾਂ ਦੀਆਂ ਨਜ਼ਰਾਂ ਵਿਚ ਕੋਈ ਮਾਣ-ਸਤਿਕਾਰ ਖੱਟ ਜਾਵੇ। ਜਦੋਂ ਦਾ ਉਸ ਦਾ ਚਹੇਤਾ ਪੁੱਤਰ ਅਤੇ ਚੁਣਿਆ ਹੋਇਆ ਵਾਰਸ ਜੂਨ 23, 1980 ਨੂੰ ਹਵਾਈ ਹਾਦਸੇ ਵਿਚ ਮਾਰਿਆ ਗਿਆ ਸੀ, ਉਹ ਘਬਰਾਉਣ ਲੱਗ ਪਈ ਸੀ ਅਤੇ ਦੁਚਿੱਤੀ ਵਿਚ ਰਹਿੰਦੀ ਸੀ ਅਤੇ ਅਕਾਲੀਆਂ ਨਾਲ ਸਮਝੌਤਾ ਨਾ ਕਰਨ ਲਈ ਕੋਈ ਨਾ ਕੋਈ ਹੀਲਾ-ਬਹਾਨਾ ਲੱਭ ਲੈਂਦੀ ਸੀ। ਸਿੱਟੇ ਵਜੋਂ ਨਰਮ ਦਲੀਏ ਜਿਹੜੇ ਉਸ ਦੀ ਸਰਕਾਰ ਨਾਲ ਗੱਲ-ਬਾਤ ਜਾਂ ਸਰੋਕਾਰ ਰੱਖਦੇ ਸਨ, ਉਹ ਹੌਲੀ-ਹੌਲੀ ਪਿੱਛੇ ਰਹਿੰਦੇ ਗਏ ਅਤੇ ਭਿੰਡਰਾਂਵਾਲੇ ਦੀ ਅਗਵਾਈ ਵਾਲੇ ਅਤਿਵਾਦੀ ਅੱਗੇ ਆ ਗਏ। ਰਾਜੀਵ

ਗਾਂਧੀ ਨੇ ਇਹ ਨੀਤੀ ਉਲਟਾ ਦਿੱਤੀ, ਅਤੇ ਫੈਸਲਾ ਕੀਤਾ ਕਿ ਨਰਮ ਦਲੀਏ ਅਕਾਲੀ ਨੇਤਾਵਾਂ ਨੂੰ ਬਹਾਲ ਕਰੇਗਾ ਅਤੇ ਇਹ ਆਸ ਰੱਖੀ ਕਿ ਇਸ ਪ੍ਰਕਾਰ ਉਹ ਅਤਿਵਾਦੀਆਂ ਨਾਲ ਵੀ ਨਿਪਟ ਸਕੇਗਾ।

ਇਹ ਰਣਨੀਤੀ ਅਪਣਾਈ ਗਈ ਕਿ ਅਕਾਲੀਆਂ ਪ੍ਰਤੀ ਸਦਭਾਵਨਾ ਦਰਸਾਈ ਜਾਵੇ, ਉਨ੍ਹਾਂ ਦਾ ਅਤੇ ਕੌਮ ਦਾ ਪ੍ਰਤੀਕਰਮ ਦੇਖਿਆ ਜਾਵੇ, ਅਤੇ ਇਸ ਤੋਂ ਉਪਰੰਤ ਅਗਲੇ ਕਦਮ ਦਾ ਨਿਰਣਾ ਲਿਆ ਜਾਵੇ। ਮਾਰਚ 12, 1985 ਨੂੰ ਅੱਠ ਉੱਘੇ ਅਕਾਲੀ ਨੇਤਾ, ਸੰਤ ਲੌਂਗੋਵਾਲ ਅਤੇ ਬਰਨਾਲਾ (ਦੋਵੇਂ ਨਰਮ ਦਲੀਏ) ਅਤੇ ਤਲਵੰਡੀ (ਅਤਿਵਾਦੀ) ਰਿਹਾ ਕਰ ਦਿੱਤੇ ਗਏ। ਦੋ ਦਿਨਾਂ ਉਪਰੰਤ ਅਰਜਨ ਸਿੰਘ ਜਿਸ ਨੂੰ ਇਕ ਦਿਨ ਪਹਿਲਾ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ, ਨੂੰ ਪੰਜਾਬ ਦਾ ਰਾਜਪਾਲ ਨਿਯੁਕਤ ਕੀਤਾ ਗਿਆ। ਇਸ ਤੋਂ ਉਪਰੰਤ ਕਿਸੇ ਹੋਰ ਦੀ ਥਾਂ ਅਰਜਨ ਸਿੰਘ ਹੀ ਸਮੱਸਿਆ ਦੇ ਹੱਲ ਲਈ ਕੇਂਦਰੀ ਸਰਕਾਰ ਨੂੰ ਕਦਮਵਾਰ ਸਲਾਹ-ਮਸ਼ਵਰਾ ਦਿੰਦਾ ਰਿਹਾ। ਇਸ ਵੇਲੇ ਤਕ ਕਾਬੀਨਾ ਉਪ-ਕਮੇਟੀ ਨੇ ਰਾਜ ਦਾ ਦੌਰਾ ਕਰਕੇ ਲੋਕਾਂ ਦੀ ਭਾਵਨਾ ਦਾ ਅਨੁਮਾਨ ਲਾ ਲਿਆ ਸੀ। ਪਹਿਲੇ, ਪੰਜਾਬ ਪ੍ਰੈੱਸ ਉਪਰ ਲਾਈ ਸੈਂਸਰ ਨਰਮ ਕੀਤੀ ਗਈ; ਇਸ ਪਿੱਛੋਂ ਕੁਝ ਜ਼ਿਲ੍ਹਿਆਂ ਤੋਂ ਫ਼ੌਜੀ ਨਿਯੰਤਰਣ ਹਟਾ ਲਿਆ ਗਿਆ। ਅਪ੍ਰੈਲ 11, 1985 ਨੂੰ ਸਰਕਾਰ ਨੇ ਆਪਣੀ ਰਜ਼ਾਮੰਦੀ ਦਾ ਐਲਾਨ ਕੀਤਾ ਕਿ ਨਵੰਬਰ 1984 ਦੀਆਂ ਹੱਤਿਆਵਾਂ ਦੀ ਅਦਾਲਤੀ ਜਾਂਚ ਲਈ ਕਮਿਸ਼ਨ ਗਠਨ ਕੀਤਾ ਜਾਵੇਗਾ,ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਉਪਰੋਂ ਪਾਬੰਦੀ ਹਟਾ ਲਈ ਗਈ ਅਤੇ ਕੈਦ ਕੀਤੇ ਹੋਇਆਂ ਦੇ ਮਾਮਲਿਆਂ ਦੇ ਬਾਰੇ ਮੁੜ ਵਿਚਾਰ ਕਰਨਾ ਮੰਨ ਲਿਆ। ਵੈਸਾਖੀ ਵਾਲੇ ਦਿਹਾੜੇ 53 ਦਾ ਪਹਿਲਾ ਜੱਥਾ ਰਿਹਾ ਕੀਤਾ ਗਿਆ ਅਤੇ ਰਾਜੀਵ ਗਾਂਧੀ ਨੇ ਪੰਜਾਬ ਸਮੱਸਿਆ ਦੇ ਹੱਲ ਕਰਨ ਦੀ ਆਪਣੀ ਦ੍ਰਿੜ੍ਹਤਾ ਦੁਹਰਾਈ। ਮਾਰਚ 23,1985 ਨੂੰ ਆਪਣੇ ਪੰਜਾਬ ਦੇ ਪਹਿਲੇ ਫੇਰੇ ਦੌਰਾਨ, ਉਸ ਨੇ ਹੁਸੈਨੀਵਾਲਾ ਵਿਖੇ ਆਰਥਿਕ ਕਾਰਵਾਈ ਦਾ ਐਲਾਨ ਕੀਤਾ ਜਿਸ ਵਿਚ ਕਪੂਰਥਲਾ ਵਿਖੇ ਰੇਲ ਕੋਚ ਫ਼ੈਕਟਰੀ ਕਾਇਮ ਕਰਨਾ ਸ਼ਾਮਲ ਸੀ, ਜਿਸ ਵਿਚ 20,000 ਮਾਹਿਰ ਹੱਥ ਖਪ ਸਕਣਗੇ।

ਕੁਝ ਸਮੇਂ ਲਈ ਸਰਕਾਰ ਦੇਖਦੀ ਰਹੀ ਕਿ ਅਕਾਲੀ ਨੇਤਾਵਾਂ ਪ੍ਰਤੀ ਸਿੱਖ ਸਮੂਹ ਕੀ ਪ੍ਰਤੀਕਰਮ ਦਰਸਾਉਂਦੇ ਹਨ। ਆਮ ਅਹਿਸਾਸ ਇਹ ਸੀ ਕਿ ਫ਼ੌਜ ਅੱਗੇ ਸਹਿਜ ਸਮਰਪਣ ਕਰਨ ਨਾਲ ਸਿੱਖ ਰਵਾਇਤਾਂ ਦੀ ਹੇਠੀ ਕੀਤੀ ਹੈ। ਚੂੰਕਿ ਸੰਤ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਅਤੇ 'ਧਰਮਯੁੱਧ ਮੋਰਚਾ' ਦੇ ਨਿਰਦੇਸ਼ਕ ਸਨ, ਉਸ ਦੀ ਇਹ ਜ਼ਿੰਮੇਵਾਰੀ ਹੋ ਗਈ ਕਿ ਉਹ ਸਪੱਸ਼ਟ ਕਰਨ ਕਿ ਕੀ ਗੱਲ-ਬਾਤ ਹੋਈ ਹੈ। ਉਸ ਸਾਰੇ ਰਾਜ ਅਤੇ ਦਿੱਲੀ ਅੰਦਰ ਇਕੱਤਰਤਾਵਾਂ ਨੂੰ ਸੰਬੋਧਨ ਕੀਤਾ। ਉਸ ਨਿਧੜਕ ਹੋ ਕੇ ਕੇਂਦਰੀ ਸਰਕਾਰ ਅਤੇ ਫ਼ੌਜ ਦੀ ਆਲੋਚਨਾ ਕੀਤੀ ਅਤੇ ਸ੍ਰੀਮਤੀ ਗਾਂਧੀ ਦੇ ਹਤਿਆਰਿਆਂ ਦੀ ਪ੍ਰਸ਼ੰਸਾ ਕੀਤੀ। ਨਾਲ ਹੀ ਉਸ ਦਹਿਸ਼ਤਵਾਦ ਦੀ ਨਿਖੇਧੀ ਕੀਤੀ, ਵੱਖਵਾਦ ਨੂੰ ਨਕਾਰਿਆ ਅਤੇ ਹਿੰਦੂ-ਸਿੱਖਾਂ ਵਿਚਕਾਰ ਸਦਭਾਵਨਾ ਲਈ ਬੇਨਤੀ ਕੀਤੀ। ਚਾਰ ਵਰ੍ਹਿਆਂ ਤੋਂ ਸਹਿਮ ਅੰਦਰ ਸਾਹ ਲੈਂਦੇ ਪੰਜਾਬੀਆਂ ਨੇ ਉਸ ਦੀ ਪੁਕਾਰ ਦਾ ਹੁੰਗਾਰਾ ਭਰਿਆ। ਅਤਿਵਾਦੀਆ ਨੇ ਦੇਖਿਆ ਕਿ ਉਨ੍ਹਾਂ ਨੂੰ ਮੁੱਖ ਧਾਰਾ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਮਾਰਚ 25, 1985 ਨੂੰ ਤਲਵੰਡੀ ਦੇ ਅੱਧੇ ਹਿਮਾਇਤੀ ਉਸ ਨੂੰ ਛੱਡ ਕੇ ਇਕੱਠੇ ਹੀ ਲੌਂਗੋਵਾਲ ਦੇ ਧੜੇ ਵਿਚ ਜਾ ਮਿਲੇ। ਤਲਵੰਡੀ ਦੇ ਪਤਨ ਉਪਰੰਤ ਸਰਕਾਰ ਨੇ ਅਪ੍ਰੈਲ 19 ਨੂੰ ਟੌਹੜਾ ਅਤੇ ਕੁਝ ਦਿਨਾਂ ਪਿੱਛੋਂ ਬਾਦਲ ਦੀ ਰਿਹਾਈ ਕਰ ਦਿੱਤੀ। ਹੁਣ ਇਹ ਦੇਖਿਆ ਜਾ ਸਕਦਾ ਸੀ ਕਿ ਅੱਗੋਂ ਕਿਸ ਨਾਲ ਸਮਝੌਤੇ ਦੀ ਗੱਲ ਕੀਤੀ ਜਾਵੇ।

ਟੌਹੜਾ ਪਿਛਲੇ ਤੇਰਾ ਵਰ੍ਹਿਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ ਅਤੇ ਉਹ ਖ਼ਾਲਿਸਤਾਨ-ਪੱਖੀ ਹਮਦਰਦਾਂ ਨੂੰ ਪਨਾਹ ਦੇਣ ਵਾਲੇ ਵਜੋਂ ਜਾਣਿਆ ਜਾਂਦਾ ਸੀ। ਉਸ ਦੀ ਮਾਣ-ਵਡਿਆਈ ਨਿੱਘਰੀ ਹੋਈ ਸੀ। ਇਸ ਲਈ ਸਵਰਨ ਮੰਦਰ ਪਹੁੰਚ ਕੇ ਉਸ ਭੜਕੀ ਹੋਈ ਸੰਗਤ ਦੇ ਸਾਹਮਣੇ ਐਲਾਨ ਕੀਤਾ ਕਿ ਅਕਾਲ ਤਖ਼ਤ ਦੀ ਮੁੜ ਉਸਾਰੀ ਬਾਬਾ ਸੰਤਾ ਸਿੰਘ ਅਤੇ ਬੂਟਾ ਸਿੰਘ ਦੇ ਅਪਵਿੱਤਰ ਹੱਥਾਂ ਨਾਲ ਹੋਈ ਹੈ। ਉਹ ਦੋਵੇਂ 'ਤਨਖ਼ਾਹੀਆ' ਕਰਾਰ ਦਿੱਤੇ ਗਏ ਸਨ ਅਤੇ ਉਸਾਰੀ ਸੀ.ਪੀ.ਡਬਲਯੂ.ਡੀ. ਦੀ ਸਹਾਇਤਾ ਨਾਲ ਹੋਈ ਹੈ ਇਸ ਲਈ ਇਸ ਨੂੰ ਢਾਹ ਕੇ ਪੁਨਰ-ਨਿਰਮਾਣ ਅਸਲੀ 'ਕਾਰ ਸੇਵਾ' ਰਾਹੀਂ ਕੀਤਾ ਜਾਵੇਗਾ। ਉਸ ਵੇਲੇ ਇਸ ਪੱਖ ਵੱਲ ਕੋਈ ਧਿਆਨ ਨਾ ਦਿੱਤਾ ਗਿਆ, ਅਤੇ ਅਗਲੇ ਛੇ ਮਹੀਨੇ ਉਪਰੰਤ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਅਤਿਵਾਦੀ ਸਨ, ਜਿਨ੍ਹਾਂ ਟੌਹੜਾ ਦੇ ਹੱਥੋਂ ਪਹਿਲਕਦਮੀ ਖੋਹ ਲਈ ਅਤੇ ਢਾਹੁਣ ਅਤੇ ਬਣਾਉਣ ਦਾ ਕਾਰਜ ਆਰੰਭ ਕਰ ਦਿੱਤਾ। ਟੌਹੜਾ ਨੇ ਇਸ ਵੇਲੇ ਲੌਂਗੋਵਾਲ ਦੇ ਫ਼ਰਜ਼ੀ ਰਥ ਦੀ ਸਵਾਰੀ ਕਰਨ ਦਾ ਫ਼ੈਸਲਾ ਕੀਤਾ। ਬਾਦਲ ਅਜੇ ਦੁਚਿੱਤੀ ਵਿਚ ਸੀ ਕਿ ਕਿਹੜਾ ਰਾਹ ਅਖ਼ਤਿਆਰ ਕਰੇ। ਇਸ ਲਈ ਸੰਤ ਲੌਂਗੋਵਾਲ ਲਈ ਹਮਾਇਤ ਪ੍ਰਗਟ ਕੀਤੀ।

ਤਲਵੰਡੀ ਨੇ ਅਕਾਲੀ ਦਲ ਤੇ ਕਾਬੂ ਪਾਉਣ ਲਈ ਸਿਆਸੀ ਪਲਟੇ ਦਾ ਯਤਨ ਕੀਤਾ ਅਤੇ ਭਿੰਡਰਾਂਵਾਲੇ ਦੇ ਅੱਸੀ ਸਾਲਾਂ ਦੀ ਉਮਰ ਤੋਂ ਵੱਧ ਦੇ ਬਜ਼ੁਰਗ ਬਾਪ, ਬਾਬਾ ਜੋਗਿੰਦਰ ਸਿੰਘ ਨੂੰ ਪਾਰਟੀ ਦੀ ਵਾਗਡੋਰ ਸੰਭਾਲਣ ਲਈ ਕਿਹਾ। ਉਸ ਦੇ ਨਾਲ ਸੀ ਸ੍ਰੀਮਤੀ ਗਾਂਧੀ ਦੇ ਹਤਿਆਰਿਆਂ ਵਿਚੋਂ ਇਕ ਬੇਅੰਤ ਸਿੰਘ ਦੀ ਵਿਧਵਾ ਪਤਨੀ ਬਿਮਲ ਕੌਰ ਖ਼ਾਲਸਾ। 'ਪੰਥਕ ਕਮੇਟੀ' ਦੇ ਨਾਮ 'ਤੇ ਬਾਬਾ ਜੀ ਨੇ ਅਕਾਲੀ ਦਲ ਦੇ ਅਧਿਕਾਰੀਆਂ ਨੂੰ ਆਪਣੇ ਅਸਤੀਫ਼ੇ ਪੇਸ਼ ਕਰਨ ਲਈ ਕਿਹਾ ਅਤੇ ਅੱਗੋਂ ਅਕਾਲੀ ਦਲ ਕਾਰਜਕਾਰਨੀ ਦਾ ਪੁਨਰਗਠਨ ਕੀਤਾ ਜਿਸ ਵਿਚ ਨਰਮ ਦਲੀਆਂ ਨਾਲੋਂ ਅਤਿਵਾਦੀ ਵੱਧ ਸਨ। ਸੰਤ ਲੌਂਗੋਵਾਲ ਨੇ ਤੁਰੰਤ ਆਪਣਾ ਅਸਤੀਫ਼ਾ ਪੇਸ਼ ਕਰ ਦਿੱਤਾ ਅਤੇ ਸਿਆਸਤ ਤੋਂ ਮੁਕਤ ਹੋਣ ਦਾ ਐਲਾਨ ਕਰ ਦਿੱਤਾ। ਉਹ ਆਪਣੇ ਪਿੰਡ ਚਲੇ ਗਿਆ। ਦਾਓ ਚੱਲ ਗਿਆ। ਪਾਰਟੀ ਦੇ ਵਰਿਸ਼ਠ ਨੇਤਾ, ਜਿਨ੍ਹਾਂ ਵਿਚ ਕੇਂਦਰ ਅਤੇ ਰਾਜ ਦੀਆਂ ਲੈਜਿਸਲੇਚਰਾਂ ਦੇ ਮੈਂਬਰ ਵੀ ਸ਼ਾਮਲ ਸਨ, ਉਸ ਦੇ ਪਿੰਡ ਗਏ ਅਤੇ ਉਨ੍ਹਾਂ ਨੂੰ ਮੁੜ ਵਾਗਡੋਰ ਸੰਭਾਲਣ ਲਈ ਪ੍ਰੇਰਿਆ। ਤਲਵੰਡੀ ਅਤੇ ਉਸ ਦੇ ਬੁੱਢੇ ਮੋਹਰੇ (ਪਿਆਦੇ) ਨੂੰ ਮਾਤ ਕੀਤਾ। ਮਈ 14, 1985 ਨੂੰ ਇਨ੍ਹਾਂ ਮੁਕਾਬਲੇ 'ਤੇ ਯੂਨਾਈਟਿਡ ਅਕਾਲੀ ਦਲ (ਯੂ.ਏ.ਡੀ.) ਕਾਇਮ ਕਰ ਲਿਆ, ਜੋ ਖ਼ਾਲਿਸਤਾਨੀਆਂ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਅਤੇ ਹੋਰ ਇੱਕਾ-ਦੁੱਕਾ ਦਹਿਸ਼ਤਗਰਦਾਂ ਦੇ ਟੋਲਿਆ ਸਹਿਤ, ਅਤਿਵਾਦੀਆਂ ਲਈ ਰੱਖਿਆ-ਪਰਦਾ ਸੰਗਠਨ ਬਣ ਗਿਆ। ਇਸ ਟੱਕਰ ਨੇ ਇਹ ਸਿੱਧ ਕਰ ਦਿੱਤਾ ਕਿ ਆਮ ਸਿੱਖ ਜਨਤਾ ਦਾ ਵਧੇਰੇ ਵਿਸ਼ਵਾਸ ਅਤਿਵਾਦੀਆਂ ਨਾਲੋਂ ਨਰਮ ਦਲੀਆਂ ਵਿਚ ਹੈ, ਜਿਸ ਦੇ ਆਗੂ ਸੰਤ ਲੌਂਗੋਵਾਲ ਹਨ।

ਰਾਜਪਾਲ ਅਰਜਨ ਸਿੰਘ, ਜਿਸ ਲੌਂਗੋਵਾਲ, ਟੌਹੜਾ ਅਤੇ ਬਾਦਲ ਨੂੰ ਟੋਹ ਲਿਆ ਸੀ, ਠੀਕ ਤੈਅ ਕੀਤਾ ਕਿ ਜੇਕਰ ਕਿਸੇ ਸਿੱਖ ਆਗੂ ਨਾਲ ਉਸ ਗੱਲ ਕਰਨੀ ਹੈ ਤਾਂ ਉਹ ਸੀ ਸੰਤ ਲੌਂਗੋਵਾਲ। ਰਾਜਪਾਲ ਦੇ ਇਸ਼ਾਰੇ 'ਤੇ ਕੇਂਦਰੀ ਸਰਕਾਰ ਨੇ ਲੋਕਾਂ ਅੰਦਰ ਸੰਤ ਜੀ ਦੀ ਪੁੱਛ-ਪ੍ਰਤੀਤ ਵਧਾਉਣੀ ਸ਼ੁਰੂ ਕੀਤੀ। ਜੂਨ 27, 1985 ਨੂੰ ਇਹ ਐਲਾਨ ਕੀਤਾ ਗਿਆ ਕਿ ਸੁਪਰੀਮ ਕੋਰਟ ਦੇ ਜਸਟਿਸ ਆਰ.ਐਨ. ਮਿਸ਼ਰਾ ਨਵੰਬਰ 1984 ਦੀ ਸਿੱਖ-ਵਿਰੋਧੀ ਹਿੰਸਾ ਦੀ ਜਾਂਚ ਕਰੇਗਾ। ਰਾਜਪਾਲ ਅਰਜਨ ਸਿੰਘ ਨੇ ਹਿਰਾਸਤ ਵਿਚ ਲਏ ਸਿੱਖਾਂ ਨੂੰ ਰਿਹਾ ਕਰਨਾ ਆਰੰਭ ਕਰ ਦਿੱਤਾ। ਜੁਲਾਈ ਦੇ ਅੱਧ ਤਕ 1700 ਤੋਂ ਵੱਧ

ਆਜ਼ਾਦ ਕੀਤੇ ਗਏ।

ਅਕਾਲੀਆਂ ਨਾਲ ਗੱਲ-ਬਾਤ ਆਰੰਭ ਕਰਨਾ ਬਹੁਤ ਗੁੰਝਲਦਾਰ ਕਾਰਜ ਸੀ, ਕਿਉਂਕਿ ਤਜਰਬੇ ਨੇ ਇਹ ਸਿੱਧ ਕੀਤਾ ਕਿ ਜਿਹੜਾ ਵੀ ਸਰਕਾਰ ਨਾਲ ਗੱਲ-ਬਾਤ ਛੇੜੇਗਾ ਉਸ ਨੂੰ ਤੁਰੰਤ ਸਰਕਾਰ ਦਾ ਪਿੱਠੂ ਜਾਂ ਏਜੰਟ ਕਹਿ ਕੇ ਨਕਾਰਿਆ ਜਾਵੇਗਾ। ਇਸ ਸਿਲਸਿਲੇ ਵਿਚ ਪਹਿਲ ਰਾਜੀਵ ਗਾਂਧੀ ਵੱਲੋਂ ਜੁਲਾਈ 2, 1985 ਨੂੰ ਕੀਤੀ ਗਈ। ਇਕ ਗੁਪਤ ਪੱਤਰ ਸੰਤ ਲੌਂਗੋਵਾਲ ਨੂੰ ਭੇਜਿਆ ਗਿਆ ਜਿਸ ਦਾ ਸੰਬੰਧ ਵਿਚਾਰ-ਵਟਾਂਦਰੇ ਨੂੰ ਮੁੜ ਆਰੰਭ ਕਰਨ ਦੀ ਸੰਭਾਵਨਾ ਬਾਰੇ ਸੀ। ਇਸ ਚਾਲ ਵਿਚ ਥੋੜ੍ਹੇ ਆਦਮੀ ਹੀ ਮਿਲਾਏ ਗਏ ਸਨ। ਆਪਣੇ ਪਾਸੇ ਸੰਤ ਲੌਂਗੋਵਾਲ ਨੇ ਵਰਿਸ਼ਠ ਅਕਾਲੀ ਨੇਤਾਵਾਂ ਤੋਂ ਇਸ ਬਾਰੇ ਸਲਾਹ ਮੰਗੀ। ਟੌਹੜਾ ਅਤੇ ਬਾਦਲ ਨੇ ਸਾਵਧਾਨ ਰਹਿਣ ਲਈ ਕਿਹਾ; ਬਰਨਾਲਾ ਅਤੇ ਬਲਵੰਤ ਸਿੰਘ ਨੇ ਕਿਹਾ ਕਿ ਅੱਗੇ ਵਧੋ। ਵਿਰੋਧੀ ਸਲਾਹਾਂ ਕਾਰਨ ਸਿਦਕੀ ਸੰਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਦਾ ਸਹਾਰਾ ਲੈਣਾ ਪਿਆ। ਉਸ ਅਰਦਾਸ ਕੀਤੀ ਅਤੇ ਵਾਕ ਲਿਆ। ਗੁਰੂ ਅਰਜਨ ਦੇਵ ਦਾ ਸ਼ਬਦ ਸੀ—ਦੁਬਿਧਾ ਛੱਡ, ਗੁਰੂ ਤੇਰੇ ਅੰਗ-ਸੰਗ ਹੈ। ਸੰਤ ਜੀ ਨੇ ਪ੍ਰਧਾਨ ਮੰਤਰੀ ਨੂੰ ਦਿੱਲੀ ਵਿਚ ਜੁਲਾਈ 23, 1985 ਦੇ ਦਿਨ ਮਿਲਣਾ ਪਰਵਾਨ ਕਰ ਲਿਆ।

ਦੋਹਾਂ ਧਿਰਾਂ ਨੇ ਇਹ ਸਮਝ ਲਿਆ ਕਿ ਸਫਲਤਾ ਲਈ ਹਰ ਗੱਲ ਪੂਰੀ ਤਰ੍ਹਾਂ ਗੁਪਤ ਰੱਖਣੀ ਹੋਵੇਗੀ ਅਤੇ ਜਿਨ੍ਹਾਂ ਸਿਆਸਤਦਾਨਾਂ ਵੱਲੋਂ ਅੜਿੱਕੇ ਖੜ੍ਹੇ ਕਰਨ ਦੀ ਸੰਭਾਵਨਾ ਹੈ, ਉਨ੍ਹਾਂ ਨੂੰ ਦੂਰ-ਦੂਰ ਰੱਖ ਕੇ 'ਨਿੱਬੜੀ ਗੱਲ' ਉਨ੍ਹਾਂ ਅੱਗੇ ਧਰੀ ਜਾਵੇ। ਆਪਣੇ ਵੱਲੋਂ ਪ੍ਰਧਾਨ ਮੰਤਰੀ ਨੇ ਕੇਵਲ ਰਾਜਪਾਲ ਅਰਜਨ ਸਿੰਘ ਨੂੰ ਆਪਣਾ ਵਿਸ਼ਵਾਸਪਾਤਰ ਚੁਣਿਆ। ਇਕੱਤਰਤਾਵਾਂ ਉਸ ਵੇਲੇ ਬੁਲਾਈਆਂ ਗਈਆਂ ਜਦੋਂ ਰਾਸ਼ਟਰਪਤੀ ਜ਼ੈਲ ਸਿੰਘ ਦਿੱਲੀ ਤੋਂ ਬਾਹਰ ਸੀ। ਬੂਟਾ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਵੀ ਭਿਣਕ ਨਹੀਂ ਲੱਗਣ ਦਿੱਤੀ ਗਈ। ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਹਿਦਾਇਤ ਕੀਤੀ ਗਈ ਕਿ ਉਹ ਨੇੜੇ-ਤੇੜੇ ਹੀ ਰਹੇ। ਪਰ ਉਸ ਨੂੰ ਸ਼ਰਾਰਤ ਕਰਨ ਤੋਂ ਬਾਜ਼ ਰੱਖਣ ਲਈ ਉਸ ਵਿਰੁੱਧ ਲਾਏ ਗਏ ਭ੍ਰਿਸ਼ਟਾਚਾਰਾਂ ਦੀ ਸੂਚੀ ਫੜਾ ਦਿੱਤੀ ਗਈ। ਰਾਜਸਥਾਨ ਦੇ ਮੁੱਖ ਮੰਤਰੀ ਦੀ ਸਲਾਹ ਨਹੀਂ ਲਈ ਗਈ। ਇਵੇਂ ਹੀ ਸੰਤ ਲੌਂਗੋਵਾਲ ਨੇ ਟੌਹੜਾ ਅਤੇ ਬਾਦਲ ਨੂੰ ਅਣਗੌਲਿਆਂ ਕੀਤਾ ਅਤੇ ਬਰਨਾਲਾ ਅਤੇ ਬਲਵੰਤ ਸਿੰਘ ਦੀ ਸਲਾਹ 'ਤੇ ਭਰੋਸਾ ਰਖਿਆ।

ਸੰਤ ਲੌਂਗੋਵਾਲ ਦੇ ਦੋਵੇਂ ਸਲਾਹਕਾਰ ਰਾਤ ਵੇਲੇ ਹਵਾਈ ਜਹਾਜ਼ ਰਾਹੀਂ ਆਏ ਅਤੇ ਤੜਕੇ ਤੋਂ ਪਹਿਲਾਂ ਚੰਡੀਗੜ੍ਹ ਵਾਪਸ ਚਲੇ ਗਏ। ਜੁਲਾਈ 23, 1985 ਨੂੰ ਸੰਤ ਜੀ ਦੀ ਮੁਲਾਕਾਤ ਪ੍ਰਧਾਨ ਮੰਤਰੀ ਨਾਲ ਹੋਈ। ਉਸ ਵੇਲੇ ਵਾਦ-ਵਿਵਾਦ ਦੇ ਸਾਰੇ ਬਿੰਦੂ ਨਿਪਟਾਏ ਜਾ ਚੁੱਕੇ ਸਨ। ਅਗਲੀ ਸਵੇਰ, ਜੁਲਾਈ 24, 1985 ਨੂੰ ਦੋਹਾਂ ਵਿਅਕਤੀਆਂ ਨੇ ਗਿਆਰਾਂ ਨੁਕਾਤੀ ਯਾਦ-ਪੱਤਰ ਉਪਰ ਹਸਤਾਖਰ ਕਰ ਦਿੱਤੇ ਜਿਸ ਅੰਦਰ ਸਾਰੇ ਵੱਡੇ ਮੁੱਦੇ, ਜੋ ਸਭ ਤੋਂ ਪਹਿਲਾਂ ਅਕਾਲੀਆਂ ਦੀਆਂ ਮੰਗਾਂ ਵਿਚ ਸ਼ਾਮਲ ਕੀਤੇ ਗਏ ਸਨ ਅਤੇ ਕੋਈ ਹੱਲ ਨਹੀਂ ਨਿਕਲਿਆ ਸੀ, ਇਸ ਵਿਚ ਨਜਿੱਠੇ ਗਏ ਸਨ। ਦੋਹਾਂ ਧਿਰਾਂ ਵੱਲੋਂ ਸਮਝੌਤੇ ਵਾਲੀ ਭਾਵਨਾ ਸਪੱਸ਼ਟ ਸੀ। ਨਿਪਟਾਏ ਹੋਏ ਗਿਆਰਾਂ ਨੁਕਤਿਆਂ ਵਿਚ ਪੰਜ ਅਜਿਹੇ ਸਨ ਜਿਨ੍ਹਾਂ ਦਾ ਅਕਾਲੀਆਂ ਦੀਆਂ ਮੂਲ ਮੰਗਾਂ ਨਾਲ ਕੋਈ ਵਾਸਤਾ ਨਹੀਂ ਸੀ; ਤਿੰਨ ਦਾ ਸੰਬੰਧ ਧਾਰਮਿਕ, ਸਭਿਆਚਾਰਕ ਅਤੇ ਭਾਸ਼ਾ ਨਾਲ ਜੁੜੇ ਮਾਮਲੇ ਸਨ, ਜਿਨ੍ਹਾਂ ਵਿਚ ਬਹੁਤ ਸਾਰੇ ਸ੍ਰੀਮਤੀ ਇੰਦਿਰਾ ਗਾਂਧੀ ਵੇਲੇ ਪਹਿਲਾਂ ਹੀ ਮੰਨ ਲਏ ਗਏ ਸਨ; ਕੇਵਲ ਬਾਕੀ ਤਿੰਨ ਅਜਿਹੇ ਸਨ

ਜਿਹੜੇ ਅਸਲੀ ਮੁੱਦਿਆਂ, ਜਿਵੇਂ ਕਿ ਖੇਤਰੀ ਸਮਾਧਾਨ ਅਤੇ ਦਰਿਆਵਾਂ ਦੇ ਪਾਣੀ ਦੀ ਵੰਡ ਨਾਲ ਜੁੜੇ ਹੋਏ ਸਨ। ਇਹ ਗੱਲ ਮਹੱਤਵਪੂਰਨ ਹੈ ਕਿ ਇਹ ਸਮਝੌਤਾ ਦੋ ਸਾਲ ਪਹਿਲਾਂ ਸ੍ਰੀਮਤੀ ਗਾਂਧੀ ਵੱਲੋਂ ਵੀ ਹਸਤਾਖ਼ਰ ਕੀਤਾ ਜਾ ਸਕਦਾ ਸੀ, ਜੇਕਰ ਉਹ ਆਖ਼ਰੀ ਛਿਣ ਵੇਲੇ ਆਪਣਾ ਮਨ ਨਾ ਬਦਲ ਲੈਂਦੀ। ਸੰਤ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੇ ਹਸਤਾਖ਼ਰ ਕੀਤੇ ਸਮਝੌਤੇ ਨੇ ਇਕ ਬਿੰਦੂ ਨੂੰ ਸਪੱਸ਼ਟ ਕੀਤਾ ਕਿ ਜਿਥੋਂ ਤਕ ਨਰਮ ਦਲੀਏ ਅਕਾਲੀਆਂ ਦਾ ਸੰਬੰਧ ਸੀ ਉਨ੍ਹਾਂ ਨੇ ਅਨੰਦਪੁਰ ਸਾਹਿਬ ਮਤੇ ਨੂੰ ਵੱਖਵਾਦ ਦੀ ਮੰਗ ਵਜੋਂ ਨਹੀਂ ਲਿਆ ਸਗੋਂ ਪੰਜਾਬ ਲਈ ਖ਼ੁਦਮੁਖਤਾਰੀ (ਅਟਾਨੋਮੀ) ਦੀ ਮੰਗ ਕੀਤੀ। ਉਨ੍ਹਾਂ ਨੇ ਇਸ ਮਤੇ ਨੂੰ ਸਰਕਾਰੀਆ ਕਮਿਸ਼ਨ ਅੱਗੇ ਪੇਸ਼ ਕਰਨਾ ਸਹਿਜ ਹੀ ਪਰਵਾਨ ਕਰ ਲਿਆ ਸੀ।

ਅਵੱਸ਼ਕ ਸੀ ਕਿ ਜਿਨ੍ਹਾਂ ਨੇਤਾਵਾਂ ਨੂੰ ਗੱਲ-ਬਾਤ ਦੇ ਦੌਰਾਨ ਭਰੋਸੇ ਵਿਚ ਨਹੀਂ ਲਿਆ ਗਿਆ ਉਹ ਸਮਝੇ ਕਿ ਸਾਨੂੰ ਨਾਲ ਨਹੀਂ ਰਖਿਆ, ਬਾਹਰ ਰਖਿਆ ਗਿਆ ਹੈ ਅਤੇ ਉਨ੍ਹਾਂ ਨਮੋਸ਼ੀ ਮਹਿਸੂਸ ਕੀਤੀ। ਉਨ੍ਹਾਂ ਵਿਚ ਮੁੱਖ ਸਨ ਅਕਾਲੀਆਂ ਵੱਲੋਂ ਟੌਹੜਾ ਅਤੇ ਬਾਦਲ; ਸਰਕਾਰ ਵੱਲੋਂ ਬੂਟਾ ਸਿੰਘ ਅਤੇ ਦਰਬਾਰਾ ਸਿੰਘ। ਸੰਤ ਲੌਂਗੋਵਾਲ ਨੇ ਇਹ ਫ਼ੈਸਲਾ ਕੀਤਾ ਕਿ ਉਹ ਇਸ ਮੁੱਦੇ ਨੂੰ ਸਿੱਖ ਸਮੂਹ ਅੱਗੇ ਰੱਖਣਗੇ। ਜੁਲਾਈ 26, 1985 ਨੂੰ ਅਨੰਦਪੁਰ ਸਾਹਿਬ ਵਿਖੇ ਭਾਰੀ ਇਜਲਾਸ ਆਯੋਜਿਤ ਕੀਤਾ ਗਿਆ ਅਤੇ ਉਨ੍ਹਾਂ ਇਸ ਸਮਝੌਤੇ ਨੂੰ ਜ਼ਿਲ੍ਹਾ ਪਾਰਟੀ ਲੀਡਰਾਂ ਅੱਗੇ ਰਖਿਆ ਕਿ ਪਰਵਾਨ ਕਰੋ ਜਾਂ ਰੱਦ ਕਰੋ। ਜੈਕਾਰਿਆਂ ਦੀ ਗੂੰਜ ਵਿਚ ਇਹ ਪਰਵਾਨ ਕੀਤਾ ਗਿਆ। ਪਰ ਟੌਹੜਾ ਅਤੇ ਬਾਦਲ ਨੇ ਰਜ਼ਾਮੰਦੀ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਨੂੰ ਵੇਚਣ ਦੇ ਬਰਾਬਰ ਹੈ। ਸਰਕਾਰ ਵੱਲੋਂ ਬੂਟਾ ਸਿੰਘ ਅਤੇ ਦਰਬਾਰਾ ਸਿੰਘ ਨੇ ਅੜਿੱਕਾ ਪਾਇਆ।

ਰਾਜੀਵ ਗਾਂਧੀ ਨੇ ਇਕ ਹੋਰ ਦਲੇਰੀ ਵਾਲਾ ਕਦਮ ਚੁੱਕਿਆ ਅਤੇ ਐਲਾਨ ਕੀਤਾ ਕਿ ਦਹਿਸ਼ਤਵਾਦ ਦੇ ਜਾਰੀ ਰਹਿੰਦਿਆਂ ਵੀ ਪੰਜਾਬ ਅੰਦਰ ਸਤੰਬਰ ਦੇ ਤੀਜੇ ਸਪਤਾਹ ਚੋਣਾਂ ਹੋਣਗੀਆਂ। ਯੂ.ਏ.ਡੀ. ਦੀ ਅਗਵਾਈ ਵਾਲੇ ਅਤਿਵਾਦੀਆਂ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ। ਪਰ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ। ਅਤਿ ਮਾਯੂਸੀ ਦੀ ਹਾਲਤ ਵਿਚ ਉਨ੍ਹਾਂ ਨਿਰਣਾ ਲਿਆ ਕਿ ਜਿਸ ਆਦਮੀ ਨੇ ਉਨ੍ਹਾਂ ਦੀ ਸਾਖ ਖ਼ਤਮ ਕੀਤੀ ਹੈ, ਉਸ ਨੂੰ ਹੀ ਖ਼ਤਮ ਕਰ ਦਿੱਤਾ ਜਾਵੇ। ਅਗਸਤ 21, 1985 ਨੂੰ ਜਦੋਂ ਉਹ ਪਿੰਡ ਦੇ ਖਚਾਖਚ ਭਰੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਬਿਰਾਜਮਾਨ ਸਨ ਤਾਂ ਦਹਿਸ਼ਤਗਰਦਾਂ ਦੇ ਇਕ ਟੋਲੇ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

1985 ਦੀ ਚੋਣ

ਸਤੰਬਰ 1985 ਵਿਚ ਪੰਜਾਬ ਅੰਦਰ 13 ਪਾਰਲੀਮਾਨੀ ਅਤੇ 117 ਵਿਧਾਨ ਸਭਾ ਦੀਆਂ ਸੀਟਾਂ ਲਈ ਚੋਣ ਹੋਈ। ਇਹ ਚੋਣ ਸਿਆਸੀ ਪਾਰਟੀਆਂ ਵਿਚਕਾਰ ਮੁਕਾਬਲੇ ਨਾਲੋਂ ਸਮਝੌਤੇ ਸੰਬੰਧੀ ਲੋਕ-ਨਿਰਣਾ (ਰੀਫਰੈਂਡਮ) ਸੀ। ਇਹ ਵਧੇਰੇ ਦਿਲਚਸਪ ਇਸ ਕਾਰਨ ਹੋ ਗਿਆ ਕਿ ਮੁਕਾਬਲੇ ਦੀਆਂ ਦੋਵੇਂ ਮੁੱਖ ਪਾਰਟੀਆਂ ਅਕਾਲੀ ਦਲ ਅਤੇ ਕਾਂਗਰਸ ਸਮਝੌਤੇ ਦੇ ਹੱਕ ਵਿਚ ਸਨ ਅਤੇ ਦਹਿਸ਼ਤਵਾਦ ਦੀ ਨਿੰਦਾ ਕਰਦੀਆਂ ਸਨ। ਅਕਾਲੀਆਂ ਪਾਸ ਸ਼ਹੀਦ ਸੰਤ ਲੌਂਗੋਵਾਲ ਸੀ; ਕਾਂਗਰਸ ਨੇ ਸਿਆਣਪ ਨਾਲ ਸ੍ਰੀਮਤੀ ਗਾਂਧੀ ਦੀ ਸ਼ਹਾਦਤ ਦੇ ਹਵਾਲੇ ਤੋਂ ਗੁਰੇਜ਼ ਕੀਤਾ। ਦੋਹਾਂ ਦੇ ਚੋਣ-ਪੱਤਰਾਂ ਵਿਚ ਵੱਧ ਜ਼ੋਰ ਆਰਥਿਕ ਪੁਨਰ-ਸੁਰਜੀਤੀ ਵੱਲ ਸੀ ਅਤੇ ਸੀ ਵੀ ਸਾਂਝੀਆਂ ਲੀਹਾਂ 'ਤੇ, ਸਿਆਸੀ ਫ਼ਰਕ 'ਤੇ ਨਹੀਂ, ਪਰ ਵਧੇਰੇ ਹੈਰਾਨ ਕਰਨ

ਵਾਲਾ ਤੱਥ ਇਹ ਸੀ ਕਿ ਭਾਵੇਂ ਅਕਾਲੀ ਦਲ ਨੂੰ ਪੰਜਾਬ ਵਿਧਾਨ ਸਭਾ ਵਿਚ ਦੋ-ਤਿਹਾਈ ਬਹੁਮਤ ਮਿਲ ਗਿਆ ਪਰ ਇਸ ਦਾ ਕਾਰਨ ਚੋਣ-ਪ੍ਰਨਾਲੀ ਦੀ ਸਨਕ ਸੀ ਨਾ ਕਿ ਅਕਾਲੀ ਦਲ ਅੰਦਰ ਕੋਈ ਸੱਤਾ ਦੀ ਬੁਨਿਆਦੀ ਤਬਦੀਲੀ । ਨਾ ਹੀ ਅਜਿਹੀ ਤਬਦੀਲੀ ਕਾਂਗਰਸ, ਜਾਂ ਦੋਹਾਂ ਕਮਿਊਨਿਸਟ ਪਾਰਟੀਆਂ ਵਿਚ ਆਈ; ਕੇਵਲ ਸੱਜੇ-ਪੱਖੀ, ਬਹੁਤ ਕਰਕੇ ਹਿੰਦੂ ਪਾਰਟੀ ਜਨ ਸੰਘ, ਜਿਸ ਨੂੰ ਭਾਜਪਾ ਦਾ ਨਵਾਂ ਨਾਮ ਦਿੱਤਾ ਗਿਆ ਉਸ ਦੀ ਹੂੰਝਾ-ਫੇਰ ਹਾਰ ਹੋਈ ।

ਅਜਿਹਾ ਪਹਿਲੀ ਵਾਰ ਸੀ ਕਿ ਅਕਾਲੀ ਦਲ ਚੋਣ ਅਖਾੜੇ ਵਿਚ ਧਾਰਮਿਕ ਪਾਰਟੀ ਦੀ ਥਾਂ ਖੇਤਰੀ-ਪਾਰਟੀ ਵਜੋਂ ਦਾਖ਼ਲ ਹੋਇਆ । ਜਿਹੜੇ ਉਮੀਦਵਾਰ ਇਸ ਖੜ੍ਹੇ ਕੀਤੇ ਉਨ੍ਹਾਂ ਵਿਚ ਛੇ ਹਿੰਦੂ, ਇਕ ਮੁਸਲਮਾਨ ਅਤੇ ਇਕ ਈਸਾਈ ਸੀ । ਯੂਨਾਇਟਿਡ ਅਕਾਲੀ ਦਲ ਵੱਲੋਂ ਕੀਤੇ ਬਾਈਕਾਟ ਨੂੰ ਉਨ੍ਹਾਂ ਦੇ ਹਮਾਇਤੀਆਂ ਨੇ ਵੀ ਅਣਡਿੱਠਾ ਕਰ ਦਿੱਤਾ । ਪ੍ਰਤੀ ਸੀਟ ਦੇ ਹਿਸਾਬ ਨਾਲ ਉਮੀਦਵਾਰ ਵੀ ਇਸ ਵਾਰ ਬਹੁਤ ਸਨ । ਕੁਲ 823 ਸਨ, ਜਿਨ੍ਹਾਂ ਵਿਚ 30 ਇਸਤਰੀਆਂ ਸਨ । ਲੋਕ ਸਭਾ ਦੀਆਂ ਸੀਟਾਂ ਲਈ ਵੀ 6 ਇਸਤਰੀਆਂ ਸਹਿਤ 74 ਉਮੀਦਵਾਰ ਸਨ । ਚੋਣ ਵਿਚ ਭਾਗ ਲੈਣ ਵਾਲੇ ਵੋਟਰ ਵੀ ਪਹਿਲੀਆਂ ਚੋਣਾਂ ਨਾਲੋਂ ਵੱਧ ਸਨ, ਲਗਭਗ 67 ਪ੍ਰਤੀਸ਼ਤ ।

ਚਾਰ ਵਰ੍ਹੇ ਪਹਿਲਾਂ ਦੀਆਂ ਘਟਨਾਵਾਂ, ਭਿੰਡਰਾਂਵਾਲੇ ਦੀਆਂ ਹਿੰਦੂਆਂ ਅਤੇ ਕੇਂਦਰ ਵਿਚ 'ਹਿੰਦੂ ਸਰਕਾਰ' ਵਿਰੁੱਧ ਧਮਕੀਆਂ ਨਾਲ ਆਰੰਭ ਹੋਈਆਂ, ਅੱਗੋਂ 'ਆਪਰੇਸ਼ਨ ਨੀਲਾ ਤਾਰਾ' ਅਤੇ ਉਸ ਦੇ ਪਿੱਛੇ-ਪਿੱਛੇ ਆਪਰੇਸ਼ਨ 'ਵੁਡਰੋਜ਼', ਸ੍ਰੀਮਤੀ ਗਾਂਧੀ ਦੀ ਹੋਈ ਹੱਤਿਆ ਅਤੇ ਇਸ ਦੇ ਸਿੱਟੇ ਵਜੋਂ ਭਾਰੀ ਸਿੱਖ-ਵਿਰੋਧੀ ਹਿੰਸਾ, ਨਾਲ ਨਿਰਸੰਦੇਹ ਦੋਹਾਂ ਕੌਮਾਂ ਵਿਚ ਪਾੜ ਬਹੁਤ ਵਧ ਗਿਆ ਸੀ । ਇਸ ਤੋਂ ਇਹ ਖ਼ਿਆਲ ਬਣਦਾ ਸੀ ਕਿ ਬਹੁਤ ਸਾਰੇ ਸਿੱਖ, ਸ਼ਹਿਰਾਂ ਅਤੇ ਸ਼ਡਿਊਲ ਕਾਸਟ ਸਹਿਤ ਅਕਾਲੀਆਂ ਨੂੰ ਵੋਟ ਪਾਉਣਗੇ ਅਤੇ ਭਾਰੀ ਗਿਣਤੀ ਵਿਚ ਹਿੰਦੂ ਕਾਂਗਰਸ ਜਾਂ ਭਾਜਪਾ ਦੇ ਹੱਕ ਵਿਚ ਵੋਟ ਪਾਉਣਗੇ, ਪਰ ਵਾਪਰਿਆ ਅਜਿਹਾ ਨਹੀਂ । ਸਿੱਖਾਂ ਨੇ ਬਹੁਤ ਭਾਰੀ ਗਿਣਤੀ ਵਿਚ ਕਾਂਗਰਸ ਨੂੰ ਵੋਟ ਦਿੱਤੀ । ਭਾਰੀ ਗਿਣਤੀ ਵਿਚ ਹਿੰਦੂਆਂ ਨੇ ਪਾਰਲੀਮਾਨੀ ਸੀਟਾਂ ਲਈ ਕਾਂਗਰਸ ਨੂੰ ਵੋਟਾਂ ਪਾਈਆਂ ਅਤੇ ਰਾਜ ਵਿਧਾਨ ਸਭਾਵਾਂ ਲਈ ਉਨ੍ਹਾਂ ਦੀਆਂ ਵੋਟਾਂ ਅਕਾਲੀ ਦਲ ਲਈ ਸਨ ।

ਅਕਾਲੀਆਂ ਲਈ ਸਿੱਟੇ ਉਨ੍ਹਾਂ ਨੂੰ ਮਿਲੀ ਵੋਟਾਂ ਦੀ ਪ੍ਰਤੀਸ਼ਤ ਨਾਲੋਂ ਵੱਧ ਚਾਪਲੂਸੀ ਰੂਪ ਸਨ । ਲੋਕ ਸਭਾ ਦੀਆਂ 13 ਸੀਟਾਂ ਲਈ 11 ਉਮੀਦਵਾਰ ਖੜੇ ਕੀਤੇ ਜਿਨ੍ਹਾਂ ਵਿਚੋਂ 7 ਸਫ਼ਲ ਹੋ ਗਏ । ਕਾਂਗਰਸ ਨੇ ਸਾਰੀਆਂ 13 ਸੀਟਾਂ ਲਈ ਆਪਣੇ ਉਮੀਦਵਾਰ ਖੜੇ ਕੀਤੇ ਅਤੇ 6 ਸੀਟਾਂ ਜਿੱਤੀਆਂ । ਅਕਾਲੀਆਂ ਦੀਆਂ 7 ਸੀਟਾਂ ਦਾ ਆਧਾਰ 37.18 ਪ੍ਰਤੀਸ਼ਤ ਵੋਟਾਂ ਸੀ ਜਦੋਂ ਕਿ ਕਾਂਗਰਸ ਨੂੰ 41.53 ਪ੍ਰਤੀਸ਼ਤ ਵੋਟਾਂ ਦੇ ਆਧਾਰ 'ਤੇ 6 ਸੀਟਾਂ ਮਿਲੀਆਂ । ਰਾਜ ਵਿਧਾਨ ਸਭਾ ਦੇ ਨਤੀਜੇ ਵੀ ਬਰਾਬਰ ਦੀ ਹੈਰਾਨੀ ਵਾਲੇ ਸਨ । ਚੋਣ ਕੁਲ 115 ਸੀਟਾਂ ਲਈ ਹੋਈ ਕਿਉਂਕਿ ਦੋ ਉਮੀਦਵਾਰਾਂ ਦੀ ਮੌਤ ਹੋ ਗਈ ਸੀ । ਅਕਾਲੀ 100 ਸੀਟਾਂ 'ਤੇ ਲੜੇ ਅਤੇ 38.35 ਵੋਟਾਂ ਦੇ ਆਧਾਰ 'ਤੇ 73 ਸੀਟਾਂ ਜਿੱਤੀਆਂ । ਕਾਂਗਰਸ ਨੇ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਅਤੇ ਉਸ 32 ਸੀਟਾਂ 37.86 ਪ੍ਰਤੀਸ਼ਤ ਵੋਟਾਂ ਨਾਲ ਪ੍ਰਾਪਤ ਕੀਤੀਆਂ । ਇਸ ਤੋਂ ਸਪੱਸ਼ਟ ਸੀ ਕਿ ਕਾਂਗਰਸ ਤੋਂ ਅਕਾਲੀ ਦਲ ਵੱਲ ਵਫ਼ਾਦਾਰੀ ਨਾਂ-ਮਾਤਰ ਸੀ । ਅਕਾਲੀਆਂ ਨਾਲੋਂ ਕਾਂਗਰਸ ਨੂੰ ਵੋਟਾਂ ਪਾਉਣ ਵਾਲਿਆਂ ਦਾ ਵਾਧਾ ਕੇਵਲ ਇਕ ਪ੍ਰਤੀਸ਼ਤ ਸੀ । ਸਿੱਟੇ ਤਾਂ ਵੱਖਰੇ ਹੋ ਸਕਦੇ ਸਨ । ਸ਼ਾਇਦ ਇਸ ਤਬਦੀਲੀ ਵਿਚ ਇਹ ਵਿਵਸਥਾ ਰਹੀ ਕਿ ਅਕਾਲੀਆਂ ਨੂੰ ਸ਼ਹਿਰੀ ਸਿੱਖਾਂ ਅਤੇ ਸ਼ਡਿਊਲ ਕਾਸਟ ਦੀਆਂ

ਵੋਟਾਂ ਦਾ ਲਾਹਾ ਹੋ ਗਿਆ ਜਿਹੜੀਆਂ ਪਹਿਲੀਆਂ ਕਾਂਗਰਸ ਨੂੰ ਚਲੇ ਜਾਂਦੀਆਂ ਸਨ। ਕਾਂਗਰਸ ਸਾਰੇ ਹਿੰਦੂਆਂ ਦੀਆਂ ਵੋਟਾਂ ਨਾ ਜਿੱਤ ਸਕੀ ਜਿਹੜੀਆਂ ਆਮ ਤੌਰ 'ਤੇ ਭਾਜਪਾ ਨੂੰ ਚਲੇ ਗਈਆਂ।.

ਧਰਮ-ਨਿਰਪੇਖ ਪਾਰਟੀਆਂ ਜਿਵੇਂ ਕਿ ਸੀ.ਪੀ.ਆਈ. ਅਤੇ ਸੀ.ਪੀ.ਐਮ. ਤਾਂ ਕਾਂਗਰਸ ਨਾਲੋਂ ਵੀ ਮੰਦਭਾਗੀਆਂ ਸਨ। ਆਪਣੇ ਤੌਰ 'ਤੇ ਦੋਵੇਂ ਹੀ ਲਗਭਗ 6 ਪ੍ਰਤੀਸ਼ਤ ਪ੍ਰਾਪਤ ਕਰ ਗਏ ਪਰ·ਵਿਧਾਨ ਸਭਾ ਵਿਚ ਇਕ ਸੀਟ ਹੀ ਲੈ ਸਕੇ। ਚੋਣਾ ਦੇ ਦੌਰਾਨ ਇਕ ਹੋਰ ਚਮਤਕਾਰ ਉੱਭਰ ਕੇ ਅੱਗੇ ਆਇਆ। ਇਹ ਸੀ ਦਲਿਤ ਅਤੇ ਪੱਛੜੀਆਂ ਜਾਤੀਆਂ ਦਾ ਸੰਗਠਨ ਬਹੁਜਨ ਸੇਵਕ ਸਮਾਜ ਜਿਨ੍ਹਾਂ ਦੀ ਪੰਜਾਬ ਵਿਚ ਆਬਾਦੀ 26-87 ਪ੍ਰਤੀਸ਼ਤ ਹੈ। ਉਨ੍ਹਾਂ ਦੀ ਧਾਰਮਿਕ ਪਛਾਣ ਅਨਿਸ਼ਚਿਤ ਹੀ ਰਹੀ ਕਿਉਂਕਿ ਵੱਖ-ਵੱਖ ਸਮੇਂ ਅਤੇ ਵੇਲੇ-ਵੇਲੇ 'ਤੇ, ਜਿਵੇਂ ਉਨ੍ਹਾਂ ਨੂੰ ਰਾਸ ਆਉਂਦਾ, ਆਪਣੇ-ਆਪ ਨੂੰ ਹਿੰਦੂ ਜਾਂ ਸਿੱਖ ਅਖਵਾਉਂਦੇ। 'ਬਹੁਜਨ ਸਮਾਜ' ਨੇ ਵਿਧਾਨ ਸਭਾ ਲਈ 50 ਉਮੀਦਵਾਰ ਖੜ੍ਹੇ ਕੀਤੇ। ਭਾਵੇਂ ਇਨ੍ਹਾਂ ਵਿਚੋਂ ਕੋਈ ਵੀ ਸਫਲ ਨਾ ਹੋਇਆ, ਪਰ ਉਨ੍ਹਾਂ ਦੋਆਬਾ ਵਿਚੋਂ ਬਹੁਤ ਵੋਟਾਂ ਪ੍ਰਾਪਤ ਕੀਤੀਆਂ। ਹੋ ਸਕਦਾ ਹੈ ਕਿ ਉਨ੍ਹਾਂ ਹੋਰ ਪਾਰਟੀਆਂ ਦੇ ਉਮੀਦਵਾਰਾਂ ਦੀ ਕਿਸਮਤ ਚਮਕਾਈ ਹੋਵੇ।

ਦਰਿਆਵਾਂ ਦੇ ਪਾਣੀ

ਇਕ ਮੁੱਦਾ ਜਿਸ ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਦੇ ਸੰਬੰਧਾਂ ਵਿਚ ਵਿਘਨ ਪਾਇਆ, ਅਤੇ ਜਿਹੜਾ ਅਕਾਲੀਆਂ ਵੱਲੋਂ ਕੇਂਦਰੀ ਸਰਕਾਰ ਪ੍ਰਤੀ ਸਿਖਰ ਦੀਆਂ ਸ਼ਿਕਾਇਤਾਂ ਵਿਚੋਂ ਸੀ, ਉਹ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਸੀ। ਸੰਨ 1947 ਵਿਚ ਹੋਏ ਭਾਰਤ ਦੇ ਬਟਵਾਰੇ ਉਪਰੰਤ ਪਾਕਿਸਤਾਨ ਅਤੇ ਭਾਰਤ ਦੀਆਂ ਸਰਕਾਰਾਂ ਨੇ ਵਰਲਡ ਬੈਂਕ ਪਾਸ ਪਹੁੰਚ ਕੀਤੀ ਕਿ ਸਿੰਧ ਘਾਟੀ ਦੇ ਪਾਣੀ ਦੀ ਵਰਤੋਂ ਕਰਨ ਵਿਚ ਫੈਸਲਾ ਕਰਨ ਅਤੇ ਸਹਾਇਕ ਹੋਣ। ਜਨਵਰੀ 29, 1955 ਨੂੰ ਭਾਰਤ ਸਰਕਾਰ ਨੇ ਸੰਬੰਧਤ ਤਿੰਨ ਰਾਜਾਂ ਦੀਆਂ ਲੋੜਾਂ, ਜਿਹੜੇ ਰੇਖਾ ਦੇ ਇਸ ਪਾਸੇ ਸਨ, ਪੇਸ਼ ਕੀਤੀਆਂ : ਪੰਜਾਬ (ਜਿਸ ਵਿਚ ਉਸ ਵੇਲੇ ਹਰਿਆਣਾ ਅਤੇ ਹਿਮਾਚਲ ਸ਼ਾਮਲ ਸਨ), ਰਾਜਸਥਾਨ ਅਤੇ ਜੰਮੂ ਅਤੇ ਕਸ਼ਮੀਰ। 1960 ਵਿਚ ਭਾਰਤ ਅਤੇ ਪਾਕਿਸਤਾਨ ਨੇ ਇੰਡਸ ਵਾਟਰਸ ਟਰੀਟੀ (ਸਿੰਧ ਜਲ ਸੰਧੀ) 'ਤੇ ਹਸਤਾਖਰ ਕੀਤੇ।

ਇਸ ਸੰਧੀ ਅਨੁਸਾਰ ਤਿੰਨ ਪੱਛਮੀ ਦਰਿਆਵਾਂ ਦਾ ਪਾਣੀ—ਸਿੰਧ, ਜਿਹਲਮ ਅਤੇ ਚਨਾਬ—ਪਾਕਿਸਤਾਨ ਲਈ ਰਾਖਵਾਂ ਹੋ ਗਿਆ; ਜਿਹੜੇ ਪੂਰਬ ਵਿਚ ਤਿੰਨ ਦਰਿਆ ਸਨ—ਸਤਲੁਜ, ਬਿਆਸ ਅਤੇ ਰਾਵੀ—ਉਹ ਭਾਰਤ ਨੂੰ ਦਿੱਤੇ ਗਏ ਜਿਸ ਵਾਸਤੇ ਭਾਰਤ ਨੇ 110 ਕਰੋੜ ਪਾਕਿਸਤਾਨ ਨੂੰ ਦਿੱਤੇ। ਜਦੋਂ ਭਾਰਤ ਦੇ ਹਿੱਸੇ ਦੇ ਪਾਣੀ ਨੂੰ ਸੰਬੰਧਤ ਰਾਜਾਂ ਵਿਚ ਵੰਡਣ ਦੀ ਗੱਲ ਹੋਈ ਤਾਂ ਪੰਜਾਬ ਸਰਕਾਰ ਨੇ ਦਰਸਾਇਆ ਕਿ ਵਰਲਡ ਬੈਂਕ ਅੱਗੇ ਪੇਸ਼ ਹੋਇਆ ਵੇਰਵਾ ਜਲਦੀ-ਜਲਦੀ ਇਕੱਤਰ ਕੀਤਾ ਗਿਆ ਸੀ, ਇਸ ਲਈ ਉਹ ਤੱਥਮੂਲਕ ਨਹੀਂ। ਫਰਵਰੀ 1966 ਵਿਚ ਮਾਹਿਰਾਂ ਦੀ ਇਕ ਕਮੇਟੀ ਨੇ ਨਵੇਂ ਆਂਕੜੇ ਪ੍ਰਸਤੁਤ ਕੀਤੇ। ਪਰ ਇਸ ਦੇ ਸਿੱਟੇ ਅਕਾਦਮਿਕ ਰਹਿ ਗਏ ਕਿਉਂਕਿ ਉਸ ਸਾਲ ਦੇ ਅਖੀਰ ਵਿਚ ਹਰਿਆਣਾ ਅਤੇ ਹਿਮਾਚਲ ਨਵੇਂ ਰਾਜ ਬਣ ਗਏ। ਇਹ ਪਰਵਾਨ ਕੀਤਾ ਗਿਆ ਕਿ ਸਾਂਝੇ ਪੰਜਾਬ ਦਾ ਅਸਾਸਾ 60 ਪ੍ਰਤੀਸ਼ਤ ਪੰਜਾਬ ਨੂੰ ਅਤੇ 40 ਪ੍ਰਤੀਸ਼ਤ ਹਰਿਆਣਾ ਲਈ ਦਰ ਦੀ ਨਿਸਬਤ ਨਾਲ ਵੰਡਿਆ ਜਾਵੇਗਾ। ਦਰਿਆ ਦੇ ਪਾਣੀ ਦੀ ਇਸ ਪ੍ਰਕਾਰ ਦੀ ਵੰਡ ਹਰਿਆਣਾ ਨੂੰ ਸਵੀਕਾਰ ਨਹੀਂ ਸੀ। ਦੂਜੇ ਪਾਸੇ ਪੰਜਾਬ ਨੇ ਦਾਅਵਾ ਕੀਤਾ ਕਿ ਰਾਇਪੇਰੀਅਨ (ਤੱਟਵਰਤੀ)

ਹੋਣ ਨਾਤੇ ਉਸ ਦਾ ਹੱਕ ਹੈ ਸਾਰਾ ਪਾਣੀ ਉਹੋ ਵਰਤੇ ਅਤੇ ਜੋ ਕੁਝ ਬਾਕੀ ਜਾਂ ਵਾਧੂ ਰਹਿ ਜਾਵੇ, ਉਹ ਦੂਜੇ ਰਾਜਾਂ ਨੂੰ ਦੇਵੇ। ਇਹ ਮੰਨਣਯੋਗ ਨਹੀਂ ਸੀ। ਸਿੰਧ ਜਲ-ਸੰਧੀ ਅਨੁਸਾਰ ਭਾਰਤ ਨੂੰ ਨਾ ਕਿ ਪੰਜਾਬ ਨੂੰ ਤਿੰਨਾਂ ਦਰਿਆਵਾਂ ਲਈ ਤੱਟਵਰਤੀ ਸਵੀਕਾਰ ਕੀਤਾ ਗਿਆ ਸੀ, ਤਾਂ ਵੀ ਇਸ ਸੰਧੀ ਤੋਂ ਪਹਿਲਾਂ ਹੀ ਰਾਜਸਥਾਨ ਪਾਣੀ ਲੈ ਰਿਹਾ ਸੀ। 1966 ਅਤੇ 1975 ਦੇ ਵਿਚਕਾਰ ਅਨੇਕਾਂ ਯਤਨ ਕੀਤੇ ਗਏ ਕਿ ਪੰਜਾਬ ਅਤੇ ਹਰਿਆਣਾ ਪਾਣੀ ਦੀ ਵੰਡ ਲਈ ਕੋਈ ਵੀ ਫ਼ਾਰਮੂਲਾ ਮੰਨ ਲੈਣ। ਜਦੋਂ ਉਹ ਅਸਫਲ ਰਹੇ ਤਾਂ ਕੇਂਦਰੀ ਸਰਕਾਰ ਨੇ ਮਾਰਚ 24, 1976 ਨੂੰ ਐਲਾਨ ਕੀਤਾ ਕਿ ਉਪਲਬਧ ਪਾਣੀ ਪੰਜਾਬ ਅਤੇ ਹਰਿਆਣਾ ਵਿਚ ਬਰਾਬਰ-ਬਰਾਬਰ ਵੰਡਿਆ ਜਾਵੇਗਾ ਅਤੇ ਥੋੜ੍ਹਾਂ ਦਿੱਲੀ ਦੀਆਂ ਪੀਣ ਵਾਲੇ ਪਾਣੀ ਦੀਆਂ ਲੋੜਾਂ ਦੀ ਪੂਰਤੀ ਲਈ ਵਧਾਇਆ ਜਾਵੇਗਾ। ਇਸ ਫ਼ੈਸਲੇ ਨਾਲ ਕੋਈ ਵੀ ਖ਼ੁਸ਼ ਨਾ ਹੋਇਆ।

ਅੰਤ ਸ੍ਰੀਮਤੀ ਗਾਂਧੀ ਨੇ ਆਪਣੇ ਵੱਲੋਂ ਥੋਪੀ ਹੋਈ ਐਮਰਜੈਂਸੀ ਦਾ ਲਾਹਾ ਲੈਂਦੇ ਹੋਏ ਸਰਕਾਰ ਦੇ ਲਗਭਗ ਇਕ ਸਾਲ ਪਹਿਲਾਂ ਕੀਤੇ ਫ਼ੈਸਲੇ ਦੇ ਆਧਾਰ 'ਤੇ ਸਾਲਸੀ ਫ਼ੈਸਲਾ (ਅਵਾਰਡ) ਸੁਣਾ ਦਿੱਤਾ। ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਸਾਲਸ ਹੋਣ ਦਾ ਅਧਿਕਾਰ ਹੈ ਕਿਉਂਕਿ 1966 ਦਾ ਪੰਜਾਬ ਦਾ ਪੁਨਰਗਠਨ ਐਕਟ ਕੇਂਦਰੀ ਸਰਕਾਰ ਨੂੰ ਅਜਿਹੀ ਸ਼ਕਤੀ ਪ੍ਰਦਾਨ ਕਰਦਾ ਹੈ ਜੇਕਰ ਸੰਬੰਧਤ ਰਾਜ ਸਮਝੌਤੇ ਲਈ ਅਸਫਲ ਰਹਿਣ। ਪੰਜਾਬ ਦੇ ਮੁੱਖ ਮੰਤਰੀ ਜ਼ੈਲ ਸਿੰਘ ਨੇ ਵਿਰੋਧ ਕੀਤਾ। ਪਰ ਉਸ ਨੂੰ ਸਾਫ਼-ਸਾਫ਼ ਕਹਿ ਦਿੱਤਾ ਗਿਆ ਕਿ ਜਾਂ ਅਵਾਰਡ ਸਵੀਕਾਰ ਕਰੋ ਨਹੀਂ ਤਾਂ ਅਸਤੀਫ਼ਾ ਦੇ ਦਿਓ। ਉਸ ਟਿਕੇ ਰਹਿਣਾ ਚੁਣਿਆ।

ਅਵਾਰਡ ਦੀ ਇਹ ਲੋੜ ਸੀ ਕਿ ਸਤਲੁਜ-ਯਮਨਾ ਲਿੰਕ ਨਹਿਰ ਬਣਾਈ ਜਾਵੇ (ਐਸ.ਵਾਈ.ਐਲ.)। ਇਸ ਦਾ 122 ਕਿਲੋਮੀਟਰ ਦਾ ਭਾਗ ਪੰਜਾਬ ਵਿਚ ਖੋਦਿਆ ਜਾਣਾ ਸੀ ਅਤੇ ਬਾਕੀ ਦਾ 92 ਕਿਲੋਮੀਟਰ ਹਰਿਆਣਾ ਵਿਚ।

ਜਦੋਂ 1977 ਦੀਆਂ ਚੋਣਾਂ ਵਿਚ ਸ੍ਰੀਮਤੀ ਗਾਂਧੀ ਅਤੇ ਉਸ ਦੀ ਪਾਰਟੀ ਦਾ ਸਫ਼ਾਇਆ ਹੋ ਗਿਆ ਤਾਂ ਨਕਸ਼ਾ ਬਦਲ ਗਿਆ। ਪੰਜਾਬ ਅਤੇ ਹਰਿਆਣਾ ਦੋਹਾਂ ਵਿਚ ਜਨਤਾ ਪਾਰਟੀ ਨੇ ਸਰਕਾਰਾਂ ਸਥਾਪਤ ਕੀਤੀਆਂ ਅਤੇ ਉਨ੍ਹਾਂ ਦੇ ਮੁੱਖ ਮੰਤਰੀਆਂ ਨੇ 1976 ਦਾ ਅਵਾਰਡ ਸਵੀਕਾਰ ਕਰ ਲਿਆ। ਲਿੰਕ ਨਹਿਰ ਦਾ ਉਦਘਾਟਨ ਸਾਂਝੇ ਤੌਰ 'ਤੇ ਬਾਦਲ ਅਤੇ ਦੇਵੀ ਲਾਲ ਨੇ ਕਰਨਾ ਸੀ। ਬਾਦਲ ਨੇ ਪੰਜਾਬ ਲਈ ਪਹਿਲੀ ਜਾਂ ਮੁੱਢਲੀ ਇਕ ਕਰੋੜ ਰੁਪਏ ਦੀ ਗਰਾਂਟ ਹਰਿਆਣਾ ਪਾਸੋਂ ਸਵੀਕਾਰ ਕਰ ਲਈ। ਅੱਗੋਂ ਦੋਵੇਂ ਮੁੱਖ ਮੰਤਰੀਆਂ ਨੇ ਇਸ ਵਿਸ਼ੇ 'ਤੇ ਆਪਣੇ ਵਿਚਾਰ ਬਦਲ ਲਏ ਅਤੇ ਝਗੜਾ ਸੁਪਰੀਮ ਕੋਰਟ ਦੇ ਅੱਗੇ ਪੇਸ਼ ਕਰ ਦਿੱਤਾ ਗਿਆ।

ਸ੍ਰੀਮਤੀ ਗਾਂਧੀ 1980 ਵਿਚ ਮੁੜ ਸੱਤਾਧਾਰੀ ਹੋ ਗਈ। ਉਸ ਪੰਜਾਬ ਦੇ ਨਵੇਂ ਮੁੱਖ ਮੰਤਰੀ (ਦਰਬਾਰਾ ਸਿੰਘ) ਅਤੇ ਹਰਿਆਣਾ ਦੇ ਮੁੱਖ ਮੰਤਰੀ (ਭਜਨ ਲਾਲ) ਨੂੰ ਹਦਾਇਤ ਕੀਤੀ ਕਿ ਸੁਪਰੀਮ ਕੋਰਟ ਤੋਂ ਮੁਕੱਦਮਾ ਵਾਪਸ ਲੈ ਲੈਣ। ਦਸੰਬਰ 31, 1981 ਨੂੰ ਉਸ ਇਕ ਅਵਾਰਡ ਦਾ ਐਲਾਨ ਕੀਤਾ ਜਿਸ ਅਨੁਸਾਰ ਕੁਲ ਅਨੁਮਾਨ 17.7 ਐਮ.ਏ.ਐਫ. ਦੀ ਵੰਡ ਇਸ ਪ੍ਰਕਾਰ ਕੀਤੀ : 4.22 ਪੰਜਾਬ, 3.5 ਹਰਿਆਣਾ, 8.6 ਰਾਜਸਥਾਨ, 0.65 ਜੰਮੂ ਅਤੇ ਕਸ਼ਮੀਰ ਅਤੇ 0.20 ਦਿੱਲੀ। ਇਸ ਪਿੱਛੋਂ ਉਸ ਕਪੂਰੀ (ਪਟਿਆਲਾ) ਵਿਚ ਐਸ.ਵਾਈ.ਐਲ. ਦਾ ਉਦਘਾਟਨ ਕਰਨ ਦਾ ਪ੍ਰੋਗਰਾਮ ਬਣਾਇਆ।

ਅਕਾਲੀਆਂ ਨੇ ਤੁਰੰਤ ਇਸ ਦਾ ਵਿਰੋਧ 'ਨਹਿਰ ਰੋਕੋ' ਅੰਦੋਲਨ ਨਾਲ ਕੀਤਾ, ਪਰ ਗੱਲ

ਨਾ ਬਣੀ। ਜਿਹੜਾ ਸਮਝੌਤਾ ਅਕਾਲੀ-ਜਨਤਾ ਮੁੱਖ ਮੰਤਰੀ ਦਾ ਕੀਤਾ ਹੋਇਆ ਹੋਵੇ, ਉਸ ਦਾ ਵਿਰੋਧ ਉਹ ਕਿਸ ਮੂੰਹ ਨਾਲ ਕਰਨ ? ਇਹ ਮੁੱਦਾ ਇਕ ਵਾਰ ਫਿਰ ਠੰਢਾ ਪੈ ਗਿਆ ਅਤੇ ਅੱਗੋਂ ਇਹ ਅਕਾਲੀ ਦਲ ਦੇ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਵਿਚਕਾਰ ਹੋਏ ਜੁਲਾਈ 24, 1985 ਦੇ ਸਮਝੌਤੇ ਦਾ ਭਾਗ ਬਣ ਗਿਆ। ਇਸ ਸਮਝੌਤੇ ਅਧੀਨ "ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨ ਜਿੰਨਾ ਪਾਣੀ ਰਾਵੀ-ਬਿਆਸ ਪ੍ਰਣਾਲੀ ਤੋਂ ਜੁਲਾਈ 1, 1985 ਤਕ ਵਰਤ ਰਹੇ ਸਨ, ਹੁਣ ਵੀ ਉਤਨਾ ਹੀ ਲੈਣਗੇ, ਘੱਟ ਨਹੀਂ। ਪੰਜਾਬ ਅਤੇ ਹਰਿਆਣਾ ਦਾ ਬਾਕੀ ਪਾਣੀ ਲਈ ਦਾਅਵਾ ਟ੍ਰਿਬਿਊਨਲ ਅੱਗੇ ਸਾਲਸੀ ਲਈ ਪੇਸ਼ ਕੀਤਾ ਜਾਵੇਗਾ, ਜਿਸ ਦਾ ਮੁਖੀ ਸੁਪਰੀਮ ਕੋਰਟ ਦਾ ਜੱਜ ਹੋਵੇਗਾ। ਇਸ ਟ੍ਰਿਬਿਊਨਲ ਵੱਲੋਂ ਫ਼ੈਸਲਾ ਛੇ ਮਹੀਨੇ ਦੇ ਅੰਦਰ-ਅੰਦਰ ਕਰ ਦਿੱਤਾ ਜਾਵੇਗਾ ਅਤੇ ਦੋਹਾਂ ਧਿਰਾਂ ਲਈ ਇਹ ਫ਼ੈਸਲਾ ਲਾਜ਼ਮੀ ਹੋਵੇਗਾ।

ਰਾਜਾਂ ਦੇ ਅੰਦਰ ਪਾਣੀ ਦਾ ਮੁੱਦਾ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਹੇਗਾ। ਜੋ ਨਵਾਂ ਢੰਗ-ਤਰੀਕਾ ਧਾਨ ਦੀ ਖੇਤੀਬਾੜੀ ਲਈ ਪੰਜਾਬ ਅਤੇ ਹਰਿਆਣਾ ਨੇ ਅਪਨਾਇਆ ਹੈ, ਉਸ ਲਈ ਪਾਣੀ ਦੀ ਲੋੜ ਕਿਸੇ ਦੀ ਵੀ ਪੂਰੀ ਨਹੀਂ ਹੋਵੇਗੀ। ਗੰਨੇ ਅਤੇ ਆਲੂਆਂ ਦੀ ਫ਼ਸਲ ਲਈ ਵੱਧ ਪਾਣੀ ਦੀ ਲੋੜ ਹੁੰਦੀ ਹੈ ਜਦੋਂ ਭੂਮੀ ਵਿਚ ਉਰਵਰਕ ਪਾਇਆ ਜਾਵੇ।

ਹੁਣ ਤਕ ਦੋਹਾਂ ਰਾਜਾਂ ਦੇ ਕਿਸਾਨ ਵਾਧੂ ਪਾਣੀ ਦੀ ਲੋੜ ਨੂੰ ਟਿਊਬਵੈੱਲ ਰਾਹੀਂ ਪ੍ਰਾਪਤ ਕਰਦੇ ਸਨ। ਪਰ ਨਹਿਰੀ ਪਾਣੀ ਟਿਊਬਵੈੱਲ ਦੇ ਪਾਣੀ ਨਾਲੋਂ ਬਹੁਤ ਸਸਤਾ ਹੈ। ਦੂਜੇ ਦੋਹਾਂ ਰਾਜਾਂ ਵਿਚ ਭੂਮੀ ਹੇਠਾਂ ਪਾਣੀ ਡੂੰਘਾ ਜਾਣ ਕਾਰਨ ਕਿਸਾਨਾਂ ਦੇ ਖ਼ਰਚੇ ਵਿਚ ਕਾਫ਼ੀ ਵਾਧਾ ਹੋਇਆ ਹੈ।

ਸਮਝੌਤੇ ਦਾ ਮੁਖੌਟਾ ਲੱਥਾ

ਸਤੰਬਰ 27, 1985 ਨੂੰ ਬਰਨਾਲਾ ਨੂੰ ਬੜੇ ਚਾਵਾਂ ਨਾਲ ਮੁੱਖ ਮੰਤਰੀ ਥਾਪਿਆ ਗਿਆ ਅਤੇ ਪੰਜਾਬ ਵਿਚ ਲੰਮੇ ਸਮੇਂ ਦੇ ਅਮਨ ਲਈ ਆਸ ਬੱਝੀ। ਉਸ ਦਾ ਇਹ ਪਹਿਲਾ ਅਕਾਲੀ ਮੰਤਰੀ-ਮੰਡਲ ਸੀ ਜਿਹੜਾ ਹੋਰ ਕਿਸੇ ਸਿਆਸੀ ਪਾਰਟੀ 'ਤੇ ਨਿਰਭਰ ਨਹੀਂ ਸੀ; ਕੁਝ ਪ੍ਰਮਾਣਿਕਤਾ ਨਾਲ ਬਰਨਾਲਾ ਨੇ ਇਸ ਨੂੰ ਪੰਥਕ ਸਰਕਾਰ ਵਜੋਂ ਬਿਆਨ ਕੀਤਾ। ਇਹ ਵਿਅੰਗਮਈ ਸੀ ਕਿ ਕੁਝ ਉੱਚੀ ਇੱਛਾ ਵਾਲੇ ਪੰਥ ਦੇ ਅਨਸਰ ਨੇ ਇਸ ਦੇ ਢਾਂਚੇ ਨੂੰ ਢਾਉਣਾ ਆਰੰਭ ਕਰ ਦਿੱਤਾ। ਉਸ ਨੂੰ ਨਵਾਂ-ਨਵਾਂ ਬਣਿਆ ਧਨੀ ਜਾਂ ਅਹੰਕਾਰੀ ਸਮਝਿਆ ਜਾਂਦਾ। ਬਾਦਲ ਅਤੇ ਟੌਹੜਾ ਉਸ ਨੂੰ ਹੀਣਾ ਸਮਝਦੇ ਸਨ ਕਿ ਉਹ ਇਨ੍ਹਾਂ ਦੀ ਦੇਣ ਹੈ ਅਤੇ ਅੱਛਾ ਨਹੀਂ ਸਮਝਦੇ ਸਨ ਕਿ ਬਰਨਾਲਾ ਉਨ੍ਹਾਂ ਤੋਂ ਉੱਚਾ ਉਠਿਆ ਹੋਵੇ। ਬਾਦਲ ਨੇ ਮੰਤਰੀ-ਮੰਡਲ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ ਜਾਂ ਉਸ ਨੂੰ ਡਿਪਟੀ ਮੁੱਖ ਮੰਤਰੀ ਦਾ ਪਦ ਦਿੱਤਾ ਜਾਵੇ। ਬਰਨਾਲਾ ਉਸ ਦੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ ਕਿਉਂਕਿ ਉਹ ਭਲੀ ਪ੍ਰਕਾਰ ਜਾਣਦਾ ਸੀ ਕਿ ਬਾਦਲ ਨਾਲ ਭਾਰੀ ਗਿਣਤੀ ਵਿਚ ਅਕਾਲੀ ਵਿਧਾਇਕ ਹਨ ਅਤੇ ਉਸ ਨਾਲੋਂ ਵੱਧ ਮਾਣ ਵੀ ਰੱਖਦਾ ਹੈ, ਇਸ ਲਈ ਬਾਦਲ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਮੁੜ ਬੈਠਣ ਨੂੰ ਦੇਰ ਨਹੀਂ ਲੱਗੇਗੀ ਜਿਸ ਉਪਰ ਉਹ ਦੋ ਵਾਰ ਪਹਿਲਾਂ ਵੀ ਬਿਰਾਜਮਾਨ ਹੋ ਚੁੱਕਿਆ ਹੈ। ਬਲਵੰਤ ਸਿੰਘ ਨੂੰ ਆਪਣਾ ਨੰਬਰ ਦੋ ਦਾ ਸਾਥੀ ਰੱਖਣ ਵਿਚ ਬਰਨਾਲਾ ਆਪਣੇ-ਆਪ ਨੂੰ ਸੁਰੱਖਿਅਤ ਸਮਝਦਾ ਸੀ। ਬਲਵੰਤ ਸਿੰਘ ਜੱਟ ਨਹੀਂ ਸੀ। ਉਹ ਚਾਲਬਾਜ਼ ਸੀ ਅਤੇ ਅਕਾਲੀ ਨੇਤਾਵਾਂ ਦੇ ਨਾਲ ਜੋੜ-ਤੋੜ ਕਰ ਸਕਦਾ ਸੀ, ਧੱਕੇ ਨਾਲ ਅਤੇ ਮੁੱਠੀ ਗਰਮ ਕਰਕੇ। ਪਰ ਉਸ ਦਾ ਹਿਤ ਆਪਣਾ ਘਰ ਭਰਨ ਤਕ ਸੀ। ਨਾਲ ਸੀ ਟੌਹੜਾ ਜਿਸ ਹੱਥ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਸੀ, ਪਰ ਉਹ ਵੀ ਮੁੱਖ ਮੰਤਰੀ ਬਣਨ ਦੀ ਲਾਲਸਾ ਰੱਖਦਾ ਸੀ। ਇਕ ਹੋਰ ਨਵਾਂ ਚਾਹਵਾਨ ਸੀ, ਨੌਜਵਾਨ ਅਮਰਿੰਦਰ ਸਿੰਘ, ਜਿਹੜਾ ਕਾਂਗਰਸੀ ਤੋਂ ਅਕਾਲੀ ਬਣਿਆ ਸੀ। ਉਹ ਪਟਿਆਲਾ ਪਰਿਵਾਰ ਦਾ ਸ਼ਹਿਜ਼ਾਦਾ ਸੀ। ਜਿਉਂ ਹੀ ਅਕਾਲੀ ਸਰਕਾਰ ਨੇ ਦਫ਼ਤਰ ਸਾਂਭਿਆ ਅਕਾਲੀ ਏਕਤਾ ਵਿਚ ਤ੍ਰੇੜਾਂ ਦਿੱਸਣ ਲੱਗ ਪਈਆਂ।

ਲੌਂਗੋਵਾਲ-ਗਾਂਧੀ ਸਮਝੌਤਾ ਇਸ ਗੱਲ 'ਤੇ ਆਧਾਰਿਤ ਸੀ ਕਿ ਦੋਵੇਂ ਧਿਰਾਂ ਸ਼ਰਤਾਂ ਦੀ ਪਾਲਣਾ ਕਰਨਗੀਆਂ, ਆਪਣੀ-ਆਪਣੀ ਜ਼ਿੰਮੇਵਾਰੀ ਨਿਭਾਉਣਗੀਆਂ ਅਤੇ ਉਨ੍ਹਾਂ ਤਾਕਤਾਂ ਵਿਰੁੱਧ ਅਡਿਗ ਰਹਿਣਗੀਆਂ ਜਿਹੜੀਆਂ ਇਸ ਨੂੰ ਕਾਇਮ ਨਹੀਂ ਰਹਿਣ ਦੇਣਾ ਚਾਹੁੰਦੀਆਂ। ਜਿਵੇਂ ਕਿ ਅੱਗੋਂ ਹੋਇਆ ਕੋਈ ਵੀ ਧਿਰ ਇਸ ਸਮਝੌਤੇ ਨੂੰ ਨੇਪਰੇ ਚੜ੍ਹਾਉਣ ਲਈ ਤੱਤਪਰ ਨਹੀਂ ਸੀ। ਇਹ ਸਮਝੌਤੇ ਨੂੰ ਤੋੜਨ ਵਾਲਿਆਂ ਪਾਸ ਗੁੰਮ ਗਿਆ। ਪਹਿਲਾ ਵਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕੀਤਾ। ਉਸ ਇਹ ਪੱਕਾ ਵਚਨ ਦਿੱਤਾ ਸੀ ਕਿ ਜਨਵਰੀ 26, 1986 ਨੂੰ ਗਣਤੰਤਰ ਦਿਵਸ 'ਤੇ ਚੰਡੀਗੜ੍ਹ ਪੰਜਾਬ ਨੂੰ ਤਬਦੀਲ ਕਰ ਦਿੱਤਾ ਜਾਵੇਗਾ। ਪਰ ਅਜਿਹਾ ਨਾ ਹੋਇਆ। ਸਰਕਾਰੀ ਬਹਾਨਾ ਇਹ ਸੀ ਕਿ ਭਾਵੇਂ ਮੈਥਿਊ ਕਮਿਸ਼ਨ ਨੂੰ ਦੋ ਵਾਰ ਵੱਧ ਸਮਾਂ ਦਿੱਤਾ ਗਿਆ, ਪਰ ਉਹ ਆਪਣਾ ਕੰਮ ਮੁਕੰਮਲ ਨਾ ਕਰ ਸਕੇ ਜਿਹੜਾ ਉਨ੍ਹਾਂ ਨੂੰ ਅਜਿਹੇ ਪਿੰਡਾਂ ਦੀ ਪਛਾਣ ਕਰਨ ਲਈ ਸੌਂਪਿਆ ਗਿਆ ਸੀ ਜੋ ਚੰਡੀਗੜ੍ਹ ਦੇ ਇਵਜ਼ (ਬਦਲੇ) ਵਿਚ ਹਰਿਆਣਾ ਨੂੰ ਦਿੱਤੇ ਜਾ ਸਕਣ। ਅਸਲੀ ਕਾਰਨ ਇਹ ਸੀ ਕਿ ਉਹ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦੀ ਗੱਲ ਸੁਣ ਰਿਹਾ ਸੀ। ਅਤੇ ਉਹ ਇਸ ਸਿੱਟੇ 'ਤੇ ਪਹੁੰਚਿਆ ਸੀ ਕਿ ਜੇਕਰ ਉਸ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਤਾਂ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਹਿੰਦੂ ਵੋਟ ਉਸ ਨੂੰ ਨਹੀਂ ਮਿਲ ਸਕਣਗੇ। ਲੋੜ ਸੀ ਕਿ ਵਚਨ ਦੀ ਪਾਲਣਾ ਨਾ ਕਰਨ ਨੂੰ ਮੁੱਦਾ ਬਣਾ ਕੇ ਅਸਤੀਫ਼ਾ ਦੇ ਦਿੰਦਾ, ਪਰ ਉਸ ਪ੍ਰਧਾਨ ਮੰਤਰੀ ਦਾ ਬਹਾਨਾ ਸਵੀਕਾਰ ਕਰ ਲਿਆ ਅਤੇ ਮੁੱਖ ਮੰਤਰੀ ਦੀ ਗੱਦੀ ਨੂੰ ਚਿੰਬੜਿਆ ਰਿਹਾ। ਇਸ ਦੇ ਇਲਾਵਾ ਉਸ ਦੀ ਆਪਣੀ ਸਰਕਾਰ ਪੈਰ ਪਿੱਛੇ ਖਿੱਚ ਰਹੀ ਸੀ ਜਿੱਥੋਂ ਤਕ ਸਤਲੁਜ-ਯਮਨਾ ਨਹਿਰ ਦੀ ਪੁਟਾਈ ਦਾ ਸੰਬੰਧ ਸੀ। ਸਗੋਂ ਬੀਤੇ ਮਹੀਨਿਆਂ ਵਿਚ ਖੁਦਾਈ ਦਾ ਕੋਈ ਕੰਮ ਨਾ ਕੀਤਾ ਗਿਆ। ਬਰਨਾਲਾ ਨੇ ਆਪਣੇ-ਆਪ ਨੂੰ ਆਲੋਚਕਾਂ ਵਿਚ ਨਸ਼ਰ ਕਰਵਾ ਲਿਆ ਕਿ ਉਹ ਕੇਂਦਰੀ ਸਰਕਾਰ ਦੀ ਕਠਪੁਤਲੀ ਸੀ।

ਜਦੋਂ ਨਰਮ ਦਲੀਏ ਆਪਸ ਵਿਚ ਟਕਰਾਉਣ ਲੱਗ ਪਏ ਤਾਂ ਅਤਿਵਾਦੀਆਂ ਨੇ ਨਵੇਂ ਜੋਸ਼ ਅਤੇ ਬਲ ਨਾਲ ਕੌਮ ਉਪਰ ਆਪਣਾ ਕੰਟਰੋਲ ਵਧਾਉਣਾ ਆਰੰਭ ਕਰ ਦਿੱਤਾ। ਜਿਸ ਦਿਨ ਚੰਡੀਗੜ੍ਹ ਪੰਜਾਬ ਨੂੰ ਸੌਂਪਣਾ ਸੀ, ਪਰ ਨਾ ਦਿੱਤਾ ਗਿਆ ਤਾਂ ਉਨ੍ਹਾਂ ਹਰਿਮੰਦਰ ਸਾਹਿਬ ਵਿਚੋਂ ਐਸ.ਜੀ.ਪੀ.ਸੀ. ਦੇ ਪ੍ਰਬੰਧਕਾਂ ਨੂੰ ਬਾਹਰ ਕੱਢ ਕੇ ਖਾਲਿਸਤਾਨੀ ਝੰਡਾ ਝੁਲਾਇਆ ਅਤੇ ਅਕਾਲ ਤਖ਼ਤ ਨੂੰ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਅਧੀਨ ਢਾਉਣਾ ਆਰੰਭ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਟੌਹੜਾ ਨੂੰ ਵੀ ਮਾਤ ਪਾ ਦਿੱਤਾ ਜਿਹੜਾ ਆਮ ਲੋਕਾਂ ਵਿਚ ਇਸ ਪ੍ਰਕਾਰ ਦੀ ਚਲਾਕੀ ਨਾਲ ਮੁੜ ਆਪਣੀ ਥਾਂ ਬਣਾਉਣਾ ਚਾਹੁੰਦਾ ਸੀ। ਉਸ ਕਾਰ ਸੇਵਾ ਵਿਚ ਅਤਿਵਾਦੀਆਂ ਨਾਲ ਸਾਂਝ ਪਾਉਣੀ ਪਰਵਾਨ ਕਰ ਲਈ। ਭਾਵੇਂ ਉਹ ਅਜੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ ਪਰ ਸਿੱਖਾਂ ਦੇ ਮਹੱਤਵਪੂਰਨ ਧਾਰਮਿਕ ਸਥਾਨ, ਸਵਰਨ ਮੰਦਰ ਉਪਰ ਉਸ ਦਾ ਕੰਟਰੋਲ ਜਾਂਦਾ ਰਿਹਾ। ਕੇਂਦਰੀ ਸਰਕਾਰ ਸਾਵਧਾਨ ਹੋ ਗਈ ਅਤੇ ਉਸ ਆਉਣ ਵਾਲੀਆਂ ਸੰਭਾਵੀ ਘਟਨਾਵਾਂ ਲਈ ਆਪਣੇ-ਆਪ ਨੂੰ ਤਿਆਰ ਕਰਨ ਦਾ ਫ਼ੈਸਲਾ ਕਰ ਲਿਆ। ਇਸ ਨੇ ਅਪ੍ਰੈਲ 1, 1986 ਨੂੰ ਬੰਗਾਲ ਦੇ ਮੁੱਖ ਮੰਤਰੀ ਸਿਧਾਰਥ

ਸ਼ੰਕਰ ਰੇਅ ਨੂੰ ਪੰਜਾਬ ਦਾ ਗਵਰਨਰ ਨਿਯੁਕਤ ਕਰ ਦਿੱਤਾ ਜਿਸ ਨੂੰ ਅਤਿਵਾਦੀਆਂ ਨਾਲ ਨਿਪਟਣ ਦਾ ਤਜਰਬਾ ਸੀ। ਇਸ ਤੋਂ ਸਪੱਸ਼ਟ ਸੀ ਕਿ ਕੇਂਦਰੀ ਸਰਕਾਰ ਬਰਨਾਲਾ ਦੀ ਅਤਿਵਾਦੀਆਂ ਨਾਲ ਸਿੱਝਣ ਦੀ ਯੋਗਤਾ ਬਾਰੇ ਵਿਸ਼ਵਾਸ ਖ਼ਤਮ ਕਰ ਰਹੀ ਸੀ।

ਅਤਿਵਾਦੀਆਂ ਨੇ ਆਪਣੀ ਫ਼ਤਹ ਨੂੰ ਹੋਰ ਅੱਗੇ ਵਧਾਇਆ। ਅਪ੍ਰੈਲ 29, 1986 ਨੂੰ ਉਨ੍ਹਾਂ ਰਸਮੀ ਮਤਾ ਪਾਸ ਕਰਕੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ ਅਤੇ ਸਵਰਨ ਮੰਦਰ ਉਪਰ ਮੁੜ ਖਾਲਿਸਤਾਨ ਦਾ ਝੰਡਾ ਚੜ੍ਹਾਇਆ। ਪ੍ਰਧਾਨ ਮੰਤਰੀ ਦੀ ਮਨਜ਼ੂਰੀ ਨਾਲ ਰਾਜਪਾਲ ਰੇਅ ਅਤੇ ਉਸ ਦੇ ਪੁਲਿਸ ਮੁਖੀ ਜੂਲੀਓ ਰੀਬੇਰੋ ਨੇ ਬਰਨਾਲਾ ਉਪਰ ਜ਼ੋਰ ਪਾਇਆ ਕਿ ਇਸ ਖੁੱਲ੍ਹੇ ਰਾਜਧਰੋਹ ਦੇ ਦੋਸ਼ ਲਈ ਕਾਰਵਾਈ ਕਰੇ। ਅਗਲੀ ਸਵੇਰ, ਅਪ੍ਰੈਲ 30, 1986, ਨੂੰ ਬਰਨਾਲਾ ਨੇ ਪੁਲਿਸ ਨੂੰ ਸਵਰਨ ਮੰਦਰ ਵਿਚ ਦਾਖ਼ਲ ਹੋਣ ਅਤੇ ਵੱਖਵਾਦੀਆਂ ਨੂੰ ਫੜਨ ਦੇ ਆਦੇਸ਼ ਜਾਰੀ ਕੀਤੇ। ਇਸ ਨਾਲ ਬਾਦਲ, ਟੌਹੜਾ ਅਤੇ ਅਮਰਿੰਦਰ ਸਿੰਘ ਨੂੰ ਉਹ ਮੌਕਾ ਮਿਲ ਗਿਆ ਜਿਸ ਦੀ ਉਹ ਉਡੀਕ ਵਿਚ ਸਨ। ਉਨ੍ਹਾਂ ਪੁਲਿਸ ਦੇ ਦਾਖ਼ਲੇ ਨੂੰ "ਦੂਜਾ ਆਪਰੇਸ਼ਨ ਨੀਲਾ ਤਾਰਾ" ਕਹਿ ਕੇ ਭੰਡਿਆ। ਉਨ੍ਹਾਂ ਆਪਣੇ ਹਮਾਇਤੀਆਂ ਨੂੰ ਜਿਹੜੇ ਵਿਧਾਨ ਸਭਾ ਵਿਚ ਸਨ, ਬਰਨਾਲਾ ਸਰਕਾਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਕਰਨ ਲਈ ਕਿਹਾ। ਕਾਫ਼ੀ ਗਿਣਤੀ ਵਿਚ ਮੰਤਰੀ ਅਤੇ ਵਿਧਾਇਕ ਬਰਨਾਲਾ ਨੂੰ ਤਿਲਾਂਜਲੀ ਦੇ ਗਏ, ਪਰ ਬਰਨਾਲਾ ਦਾ ਡਿਪਟੀ ਬਲਵੰਤ ਸਿੰਘ ਇਨ੍ਹਾਂ ਦਲ-ਬਦਲੂਆਂ ਦੇ ਮੁਕਾਬਲੇ ਵਿਚ ਕਾਫ਼ੀ ਉੱਚਾ ਸੀ। ਉਸ ਜਿਹੜੇ ਬਾਕੀ ਰਹਿੰਦੇ ਸਨ, ਉਨ੍ਹਾਂ ਨੂੰ ਇਕੱਠੇ ਕਰਕੇ ਹਿਮਾਚਲ ਦੇ ਰੈਸਟ ਹਾਊਸ ਵਿਚ ਪਹੁੰਚਾ ਦਿੱਤਾ ਜਿਥੇ ਪੱਖ-ਤਿਆਗੀ ਧੜੇ ਦੇ ਨੇਤਾ ਪਹੁੰਚ ਨਹੀਂ ਸਕਦੇ ਸਨ। ਉਨ੍ਹਾਂ ਨੂੰ ਠੀਕ ਵੇਲੇ ਸਿਰ ਵਿਧਾਨ ਸਭਾ ਵਿਚ ਲਿਆਂਦਾ ਗਿਆ ਤਾਂ ਜੋ ਉਹ ਸਰਕਾਰ ਦੇ ਪੱਖ ਵਿਚ ਵੋਟ ਪਾ ਸਕਣ। ਜਿਹੜਾ ਵੀ ਵਫ਼ਾਦਾਰ ਰਿਹਾ ਉਸ ਨੂੰ ਮੰਤਰੀ ਪਦ ਜਾਂ ਕਿਸੇ ਸਰਕਾਰੀ ਅਦਾਰੇ ਦਾ ਚੇਅਰਮੈਨ ਬਨਾਉਣ ਦਾ ਇਨਾਮ ਦਿੱਤਾ ਗਿਆ। ਨਵੇਂ ਮੰਤਰੀ-ਮੰਡਲ ਨੇ ਮਈ 6, 1986 ਨੂੰ ਸਹੁੰ ਚੁੱਕੀ। ਅਸਲ ਵਿਚ ਬਰਨਾਲਾ ਕੇਂਦਰੀ ਸਰਕਾਰ ਦੀ ਕਠਪੁਤਲੀ ਬਣ ਕੇ ਰਹਿ ਗਿਆ ਸੀ ਅਤੇ ਮੁੱਖ ਮੰਤਰੀ ਦੀ ਗੱਦੀ ਲਈ ਉਸ ਨੂੰ ਕਾਂਗਰਸ ਦੇ ਵਿਧਾਇਕਾਂ 'ਤੇ ਨਿਰਭਰ ਕਰਨਾ ਪੈਂਦਾ ਸੀ। ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ ਉਸ ਨੂੰ ਇਕ ਹੋਰ ਧੱਕਾ ਲੱਗਾ। ਉਸ ਦਾ ਮਨੋਨੀਤ ਜਾਂ ਨਾਮਜ਼ਦ ਕੀਤਾ ਕਾਬਲ ਸਿੰਘ, ਟੌਹੜਾ ਹੱਥੋਂ ਹਾਰ ਗਿਆ ਅਤੇ ਉਹ ਸੋਲ੍ਹਵੀਂ ਵਾਰ ਮੁੜ ਪ੍ਰਧਾਨ ਚੁਣਿਆ ਗਿਆ। ਅਗਲੇ ਦਿਨ ਟੌਹੜਾ ਅਤੇ ਬਾਦਲ ਗ੍ਰਿਫ਼ਤਾਰ ਕਰ ਲਏ ਗਏ।

ਅਤਿਵਾਦੀਆਂ ਨੇ ਸਵਰਨ ਮੰਦਰ ਵਿਚ ਪੱਕੇ ਪੈਰ ਜਮਾ ਲਏ ਸਨ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਹੁਣ ਉਹ ਵੇਲਾ ਆ ਗਿਆ ਹੈ ਕਿ ਉਹ ਸਾਰੇ ਦੇ ਸਾਰੇ ਕਥਿਤ ਨਰਮ ਦਲੀਆਂ ਦਾ ਖ਼ਾਤਮਾ ਕਰ ਦੇਣ। ਫ਼ਰਵਰੀ 1987 ਵਿਚ ਉਨ੍ਹਾਂ ਕੀਰਤਨ ਕਰਨ ਵਾਲੇ ਪ੍ਰਸਿੱਧ ਰਾਗੀ, ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਦਾ ਐਕਟਿੰਗ ਮੁੱਖ ਗ੍ਰੰਥੀ ਥਾਪਿਆ ਅਤੇ ਪੰਜਾਬ ਦੇ ਬਾਕੀ ਤਖ਼ਤਾਂ ਵਿਚ ਆਪਣੇ ਨਾਮਜ਼ਦ ਕੀਤੇ ਮੁੱਖ ਗ੍ਰੰਥੀ ਨਿਯੁਕਤ ਕਰ ਦਿੱਤੇ। ਪੰਥਕ ਏਕਤਾ ਦੇ ਨਾਮ 'ਤੇ ਕਾਰਵਾਈ ਕਰਦਿਆਂ ਮੁੱਖ ਗ੍ਰੰਥੀਆਂ ਨੇ ਵੱਖ-ਵੱਖ ਅਕਾਲੀ ਦਲਾਂ ਨੂੰ ਭੰਗ ਕਰਨ ਦੇ ਆਦੇਸ਼ ਕਰ ਦਿੱਤੇ। ਬਰਨਾਲਾ ਨੇ ਆਪਣੇ ਲੌਂਗੋਵਾਲ ਅਕਾਲੀ ਦਲ ਨੂੰ ਭੰਗ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ। ਉਹ ਸਭ ਪਾਸਿਓਂ ਸਭ ਕੁਝ ਗੁਆ ਚੁੱਕਾ ਸੀ। ਉਸ ਦੇ ਸਾਥੀਆਂ ਨੇ ਉਸ ਨੂੰ ਹੀਣਾ ਕੀਤਾ, ਪੰਥ ਨੇ ਉਸ ਨੂੰ ਅਪਣਾਇਆ ਨਹੀਂ ਅਤੇ ਪ੍ਰਧਾਨ ਮੰਤਰੀ ਨੇ ਉਸ ਨੂੰ ਧੋਖਾ ਦਿੱਤਾ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਮਝੌਤਾ ਇਸ ਲਈ ਟਿਕ ਨਾ ਸਕਿਆ,

ਕਿਉਂਕਿ ਰਾਜੀਵ ਗਾਂਧੀ ਆਪਣਾ ਭਾਰ ਪੂਰਾ ਕਰਨ ਵਿਚ ਅਸਫਲ ਰਿਹਾ। ਜੋ ਦਬਾਓ ਉਸ ਉਪਰ ਪਾਇਆ ਜਾ ਰਿਹਾ ਸੀ, ਉਸ ਨੂੰ ਉਹ ਰੋਕ ਨਾ ਸਕਿਆ। ਪਹਿਲਾ ਸੀ ਬੂਟਾ ਸਿੰਘ ਜਿਸ ਦੀ ਹੇਠੀ ਹੋਈ ਸੀ ਕਿਉਂਕਿ ਸਤੰਬਰ 1984 ਵਿਚ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਅਤੇ ਫਿਰ ਸਤੰਬਰ 1985 ਵਿਚ ਉਸ ਨੂੰ ਛੇਕਿਆ ਗਿਆ। ਮਈ 1986 ਵਿਚ ਰਾਜੀਵ ਗਾਂਧੀ ਨੇ ਉਸ ਨੂੰ ਗ੍ਰਹਿ ਮੰਤਰੀ ਨਿਯੁਕਤ ਕਰ ਦਿੱਤਾ। ਬੂਟਾ ਸਿੰਘ ਨੇ ਅਕਾਲੀਆਂ ਅਤੇ ਮੁੱਖ ਗ੍ਰੰਥੀਆਂ ਪਾਸੋਂ ਬਦਲਾ ਲੈਣਾ ਸੀ। ਦੂਜਾ ਸੀ ਦਰਬਾਰਾ ਸਿੰਘ, ਸੂਬਾਈ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਲਈ ਉਸ ਦੇ ਮਨੋਨੀਤ ਸੰਤੋਖ ਸਿੰਘ ਰੰਧਾਵਾ ਨੂੰ ਦਹਿਸ਼ਤਗਰਦਾ ਨਾਲ ਮਿਲੇ ਹੋਣ ਦਾ ਦੋਸ਼ੀ ਕਿਹਾ ਗਿਆ। ਉਸ ਨੂੰ ਜੂਨ 1985 ਵਿਚ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਉਸ ਦੀ ਥਾਂ ਪ੍ਰਧਾਨ ਮੰਤਰੀ ਨੇ ਆਪਣੀ ਕਿਸਮ ਦੇ ਯੱਕੜਬਾਜ਼ ਸੇਵਾ-ਮੁਕਤ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਐਮ.ਪੀ. ਨੂੰ ਉਸ ਦੀ ਥਾਂ ਨਿਯੁਕਤ ਕਰ ਦਿੱਤਾ। ਪੰਜਾਬ ਕਾਂਗਰਸ ਕਮੇਟੀ ਦੀ ਪੁੱਛ-ਪ੍ਰਤੀਤ ਖ਼ਤਮ ਹੋ ਗਈ ਅਤੇ ਦਰਬਾਰਾ ਸਿੰਘ ਕਮਾਨ ਸੰਭਾਲਣ ਲਈ ਚਿੰਤਤ ਸੀ। ਤੀਜਾ ਜਾਂ ਅੰਤਮ ਸੀ ਹਰਿਆਣਾ ਦਾ ਭਜਨ ਲਾਲ ਜਿਹੜਾ ਪ੍ਰਧਾਨ ਮੰਤਰੀ ਦੇ ਕੰਨ ਖਾਣ ਤੋਂ ਬਾਜ਼ ਨਹੀਂ ਆਉਂਦਾ ਸੀ ਕਿ ਸਿੱਖਾਂ ਜਾਂ ਪੰਜਾਬ ਨੂੰ ਦਿੱਤੀ ਹੋਈ ਕਿਸੇ ਵੀ ਰਿਆਇਤ ਨਾਲ ਹਰਿਆਣਾ ਦੀਆਂ ਹਿੰਦੂ ਵੋਟਾਂ ਉਸ ਦੇ ਹੱਥੋਂ ਖੁੱਸ ਜਾਣਗੀਆਂ। ਰਾਜੀਵ ਗਾਂਧੀ ਨੇ ਇਸ ਸਰਾਰਤੀ ਦੀ ਗੱਲ 'ਤੇ ਕੰਨ ਧਰੇ ਅਤੇ ਮਈ 11, 1987 ਨੂੰ ਬਰਨਾਲਾ ਦੀ ਅਕਾਲੀ ਸਰਕਾਰ ਨੂੰ ਬਰਤਰਫ ਕਰ ਦਿੱਤਾ। ਪਰ ਕੁਝ ਮਹੀਨਿਆਂ ਉਪਰੰਤ ਉਸ ਦੀ ਪਾਰਟੀ ਨੂੰ ਹਰਿਆਣਾ ਵਿਚ ਭਾਰੀ ਹਾਰ ਹੋਈ। ਉਸ ਦੇ ਹੱਥੋਂ ਪੰਜਾਬ ਗਿਆ ਅਤੇ ਹਰਿਆਣਾ ਵੀ ਅਤੇ ਨਾਲ ਹੀ ਗਿਆ ਉਸ ਦੇ ਸਾਫ-ਸੁਥਰੇ ਸਿਆਸਤਦਾਨ ਹੋਣ ਦਾ ਮੁਖੌਟਾ ਵੀ।

ਵਿਦੇਸ਼ੀ ਸੰਬੰਧ ਅਤੇ ਖਾਲਿਸਤਾਨ

ਸਰਕਾਰੀ ਬੁਲਾਰੇ ਅਤੇ ਭਾਰਤੀ ਮੀਡੀਏ ਵਿਦੇਸ਼ੀ ਏਜੰਸੀਆਂ ਨੂੰ ਦੋਸ਼ ਦਿੰਦੇ ਹਨ ਕਿ ਉਹ ਭਾਰਤ ਨੂੰ ਅਸਥਿਰ ਕਰਨ ਲਈ ਸਿੱਖ ਅਤਿਵਾਦੀਆਂ ਨੂੰ ਮਾਇਆ, ਹਥਿਆਰ, ਸਿਖਲਾਈ ਸਹੂਲਤਾਂ ਅਤੇ ਪਨਾਹ ਦੁਆਰਾ ਯਤਨ ਕਰ ਰਹੀਆਂ ਹਨ। ਜਿਨ੍ਹਾਂ ਦਾ ਵਾਰ-ਵਾਰ ਨਾਮ ਲਿਆ ਜਾਂਦਾ ਹੈ, ਉਹ ਹਨ ਅਮਰੀਕਨ ਸੀ.ਆਈ.ਏ: (ਕਥਿਤ ਰੂਪ ਵਿਚ ਉਹ ਅਕਸਰ ਜਰਮਨ ਏਜੰਟਾਂ ਰਾਹੀਂ ਆਪਰੇਟ ਕਰਦੇ ਹਨ) ਅਤੇ ਪਾਕਿਸਤਾਨ। ਭਾਵੇਂ ਵਿਦੇਸ਼ੀ ਸਰਕਾਰਾਂ ਦੇ ਇਸ ਵਿਚ ਹੱਥ ਹੋਣ ਬਾਰੇ ਕੋਈ ਸਬੂਤ ਨਹੀਂ ਹਨ, ਪਰ ਭਾਰਤ ਸਰਕਾਰ ਨੇ ਸਿੱਖ ਦਹਿਸ਼ਤਗਰਦਾਂ ਨੂੰ ਫੜ ਕੇ ਪਾਕਿਸਤਾਨ ਦੀ ਸਰਕਾਰ ਨੂੰ ਸਬੂਤ ਪੇਸ਼ ਕੀਤੇ ਹਨ ਜਿਹੜੇ ਇਹ ਸਿੱਧ ਕਰਦੇ ਹਨ ਕਿ ਪਾਕਿਸਤਾਨ ਵਿਚ ਅਜਿਹੀਆਂ ਏਜੰਸੀਆਂ ਦੀ ਹੋਂਦ ਹੈ ਜੋ ਉਹਨਾਂ ਨੂੰ ਪਨਾਹ ਪ੍ਰਦਾਨ ਕਰਦੀਆਂ ਹਨ, ਪੁੱਠੀ ਮੱਤ ਦਿੰਦੀਆਂ ਹਨ ਅਤੇ ਨਵੇਂ ਆਉਣ ਵਾਲਿਆਂ ਨੂੰ ਸਿਖਲਾਈ, ਹਥਿਆਰ ਖ਼ਰੀਦਣ ਲਈ ਸਹਾਇਤਾ ਅਤੇ ਇਨ੍ਹਾਂ ਨੂੰ ਭਾਰਤ ਵਿਚ ਲਿਆਉਣ ਲਈ ਕਾਰਜ ਕਰਦੀਆਂ ਹਨ। ਪਾਕਿਸਤਾਨ ਨੇ ਲਗਾਤਾਰ ਇਨ੍ਹਾਂ ਦੋਸ਼ਾਂ ਬਾਰੇ ਇਨਕਾਰ ਕੀਤਾ ਹੈ। ਜੇਕਰ ਹੁਣ ਤਕ ਕੋਈ ਠੋਸ ਸਬੂਤ ਵਿਦੇਸ਼ੀ ਸੰਬੰਧਾਂ ਦੇ ਦਹਿਸ਼ਤਗਰਦੀ ਅਤੇ ਖਾਲਿਸਤਾਨ ਦੀ ਮੰਗ ਬਾਰੇ ਮਿਲੇ ਹਨ, ਤਾਂ ਉਹਨਾਂ ਦਾ ਸੰਬੰਧ ਇੰਗਲੈਂਡ, ਕੈਨੇਡਾ ਅਤੇ ਸੰਯੁਕਤ ਰਾਜ ਵਿਚ ਵਿਅਕਤੀਗਤ ਸਿੱਖ ਅਤੇ ਸਿੱਖ ਸੰਗਠਨ ਹਨ।

ਅਜਿਹਾ ਅਨੁਮਾਨ ਹੈ ਕਿ ਲਗਪਗ 18 ਮਿਲੀਅਨ ਸਿੱਖਾਂ ਦੀ ਆਬਾਦੀ ਵਿਚੋਂ ਦੋ ਮਿਲੀਅਨ ਭਾਰਤ ਤੋਂ ਬਾਹਰ ਵੱਸਦੇ ਹਨ। 3,000 ਗੁਰਦੁਆਰਿਆਂ ਵਿਚੋਂ ਲਗਪਗ 500 ਗੁਰਦੁਆਰੇ ਭਾਰਤ ਤੋਂ ਬਾਹਰ ਹਨ। ਵਿਸ਼ਵ ਭਰ ਵਿਚ ਕੋਈ ਵੀ ਅਜਿਹਾ ਦੇਸ਼ ਨਹੀਂ, ਜਿਥੇ ਚੰਦ ਸਿੱਖ ਪਰਿਵਾਰ ਨਾ ਹੋਣ ਅਤੇ ਉਹਨਾਂ ਦਾ ਆਪਣਾ ਧਰਮ-ਸਥਾਨ ਅਤੇ ਸਮਾਜਕ ਇਕੱਠ ਨਾ ਹੋਵੇ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਬਰਤਾਨੀਆਂ ਵਿਚ ਹੈ।

ਦੂਜੀ ਵਿਸ਼ਵ ਜੰਗ ਦੇ ਅੰਤ ਤਕ ਯੂ.ਕੇ. ਵਿਚ ਸਿੱਖਾਂ ਦੀ ਗਿਣਤੀ ਕੁਝ ਹਜ਼ਾਰ ਸੀ। ਉਹਨਾਂ ਦਾ ਲੰਦਨ ਦੇ ਸ਼ੈਪਰਡਜ਼ ਬੁਸ਼ ਵਿਖੇ ਇਕ ਕੇਂਦਰੀ ਗੁਰਦੁਆਰਾ ਅਤੇ ਮਾਨਚੈਸਟਰ ਅਤੇ ਬਰਮਿੰਘਮ ਜਿਹੇ ਸ਼ਹਿਰਾਂ ਵਿਚ ਛੋਟੇ ਗੁਰਦੁਆਰੇ ਸਨ। ਸਿੱਖ ਭਾਈਚਾਰੇ ਵਿਚ ਵਿਦਿਆਰਥੀ, ਕਿਰਤੀ ਅਤੇ ਪਰਚੂਨ ਫੇਰੀ ਲਾਉਣ ਵਾਲੇ ਭਾਟੜੇ ਸਨ। ਸੁਤੰਤਰਤਾ ਉਪਰੰਤ ਅਤੇ ਪੰਜਾਬ ਦੇ 1947 ਦੇ ਬਟਵਾਰੇ ਪਿੱਛੋਂ ਪਾਕਿਸਤਾਨ ਵਿਚੋਂ ਉਜੜੇ-ਪੁਜੜੇ ਸਿੱਖਾਂ ਦਾ ਹੌਲੀ-ਹੌਲੀ ਇੰਗਲੈਂਡ ਵਿਚ ਪਰਵਾਸ ਹੋਣ ਲੱਗਾ। ਅੰਗਰੇਜ਼ ਮਾਲਕਾਂ ਦੀਆਂ ਫ਼ੈਕਟਰੀਆਂ ਵਿਚ ਉਹਨਾਂ ਨੂੰ ਸੌਖਿਆਂ ਹੀ ਰੁਜ਼ਗਾਰ ਮਿਲਣ ਲੱਗ ਪਿਆ ਕਿਉਂਕਿ ਅਰਧ-ਹੁਨਰਮੰਦ ਹੱਥਾਂ ਦੀ ਥੁੜ ਸੀ। ਉਹਨਾਂ ਤੋਂ ਬਾਅਦ ਕੀਨੀਆ, ਯੁਗਾਂਡਾ ਅਤੇ ਪੂਰਬੀ ਅਫ਼ਰੀਕਾ ਦੇ ਹੋਰ ਦੇਸ਼ਾਂ ਵਿਚੋਂ, ਜਿਥੇ ਕਿਸੇ ਵੇਲੇ ਅੰਗਰੇਜ਼ਾਂ ਦਾ ਰਾਜ ਹੁੰਦਾ ਸੀ, ਸਿੱਖ ਆਉਣ ਲੱਗ ਪਏ, ਇਹ ਪੜ੍ਹੇ-ਲਿਖੇ ਕਿੱਤਾਕਾਰ, ਵਪਾਰੀ ਜਾਂ ਮਾਹਿਰ ਦਸਤਕਾਰ ਅਤੇ

ਮਿਸਤਰੀ ਸਨ। ਸਿੱਖ ਪਰਵਾਸੀਆ ਦਾ ਆਖ਼ਰੀ ਗਰੁੱਪ 'ਆਪਰੇਸ਼ਨ ਨੀਲਾ ਤਾਰਾ' ਅਤੇ ਨਵੰਬਰ '84 ਵਿਚ, ਸ੍ਰੀਮਤੀ ਇੰਦਿਰਾ ਗਾਂਧੀ ਦੀ ਹੱਤਿਆ ਉਪਰੰਤ ਹੋਈ ਸਿੱਖਾਂ ਦੇ ਵਿਰੁੱਧ ਹੱਤਿਆ ਦੇ ਫਲਸਰੂਪ ਆਇਆ। ਤੁਲਨਾਮਤਕ ਰੂਪ ਵਿਚ ਭਾਵੇਂ ਇਨ੍ਹਾਂ ਦੀ ਗਿਣਤੀ ਥੋੜ੍ਹੀ ਸੀ ਪਰ ਇਹ ਆਖ਼ਰੀ ਗਰੁੱਪ ਧਾਰਮਿਕ ਕੱਟੜਤਾ ਵਾਲਾ ਸੀ ਅਤੇ ਭਾਰਤ ਸਰਕਾਰ ਦਾ ਸਖ਼ਤ ਵਿਰੋਧੀ। ਅਨੁਮਾਨ ਹੈ ਕਿ ਹੁਣ ਇੰਗਲੈਂਡ ਵਿਚ ਸਿੱਖ ਭਾਈਚਾਰੇ ਦੀ ਗਿਣਤੀ, ਤਿੰਨ ਮਿਲੀਅਨ ਹੈ ਅਤੇ 145 ਗੁਰਦੁਆਰੇ ਹਨ ਜੋ ਸਾਰੇ ਦੇ ਸਾਰੇ ਅਤਿਵਾਦੀਆਂ ਦੇ ਕੰਟਰੋਲ ਵਿਚ ਹਨ।

ਪਹਿਲੇ ਇਕ ਕਾਂਡ ਵਿਚ ਅਸੀਂ ਕੈਨੇਡਾ ਅਤੇ ਸੰਯੁਕਤ ਰਾਜ ਵਿਚ ਰਹਿੰਦੇ ਸਿੱਖ ਭਾਈਚਾਰੇ ਬਾਰੇ ਧਿਆਨ ਦਿੱਤਾ ਸੀ। ਦੂਜੀ ਵਿਸ਼ਵ ਜੰਗ ਤਕ ਇਨ੍ਹਾਂ ਦੋਹਾਂ ਦੇਸਾਂ ਵਿਚ 10,000 ਤੋਂ ਵੱਧ ਸਿੱਖ ਨਹੀਂ ਸਨ। 1985 ਵਿਚ ਅਨੁਮਾਨ ਲਾਇਆ ਗਿਆ ਕਿ ਕੈਨੇਡਾ ਵਿਚ ਉਹਨਾਂ ਦੀ ਗਿਣਤੀ 120,000 ਅਤੇ 200,000 ਦੇ ਵਿਚਕਾਰ ਹੈ ਅਤੇ ਸੰਯੁਕਤ ਰਾਜ ਵਿਚ 175,000 ਤੋਂ ਵੱਧ ਹਨ। ਕੈਨੇਡਾ ਵਿਚ 125 ਗੁਰਦੁਆਰੇ ਹਨ ਅਤੇ ਸੰਯੁਕਤ ਰਾਜ ਵਿਚ ਲਗਪਗ 90 ਹਨ। ਇੰਗਲੈਂਡ ਵਾਂਗ ਇਨ੍ਹਾਂ ਦੇਸ਼ਾਂ ਵਿਚ ਵੀ ਗੁਰਦੁਆਰਿਆਂ ਉਪਰ ਅਤਿਵਾਦੀਆਂ ਦਾ ਕੰਟਰੋਲ ਹੈ।

1984 ਤਕ ਵਿਦੇਸ਼ੀ ਸਿੱਖ ਭਾਈਚਾਰਿਆਂ ਦੀਆਂ ਸਰਗਰਮੀਆਂ (ਕੈਨੇਡਾ ਅਤੇ ਅਮਰੀਕਾ ਦੇ ਕੁਝ ਸਿੱਖਾਂ ਦੇ ਗ਼ਦਰ ਪਾਰਟੀ ਨਾਲ ਸੰਬੰਧਾਂ ਤੋਂ ਇਲਾਵਾ) ਆਪਣੇ-ਆਪਣੇ ਇਲਾਕੇ ਦੇ ਗੁਰਦੁਆਰਿਆਂ ਦੇ ਕਾਰਜਾਂ ਤਕ ਸੀਮਤ ਸਨ। ਭਾਰਤੀ ਫ਼ੌਜ ਵੱਲੋਂ ਹਰਿਮੰਦਰ ਸਾਹਿਬ ਉਪਰ ਧਾਵਾ ਬੋਲਣ ਉਪਰੰਤ ਉਹਨਾਂ ਦੇ ਵਤੀਰੇ ਵਿਚ ਪੂਰੀ ਤਬਦੀਲੀ ਆ ਗਈ। ਵਧੇਰੇ ਕੱਟੜਪੰਥੀਆ ਅਤੇ ਸਿਆਸੀ ਹਿਤ ਵਾਲੇ ਨਵੇਂ ਆਉਣ ਵਾਲਿਆਂ ਨੇ ਅ-ਪਰੰਪਰਾਗਤ ਅਤੇ ਆਮ ਤੌਰ 'ਤੇ ਸਹਿਜਧਾਰੀ ਸਿੱਖਾਂ ਨੂੰ ਗੁਰਦੁਆਰਿਆ ਦੇ ਪ੍ਰਬੰਧ ਅਤੇ ਕੰਟਰੋਲ ਤੋਂ ਹਟਾ ਦਿੱਤਾ ਅਤੇ ਇਨ੍ਹਾਂ ਧਰਮ-ਸਥਾਨਾਂ ਨੂੰ ਭਾਰਤ-ਸਰਕਾਰ ਵਿਰੋਧੀ ਪ੍ਰਾਪੇਗੰਡੇ ਦੇ ਫ਼ੋਰਮਾਂ ਦਾ ਰੂਪ ਦੇ ਦਿੱਤਾ। ਖਾਲਿਸਤਾਨ ਦੇ ਹੱਕ ਵਿਚ ਪ੍ਰਾਪੇਗੰਡਾ ਕਰਨ ਲਈ ਅਤੇ ਭਾਰਤ ਵਿਚ ਦਹਿਸ਼ਤਗਰਦਾਂ ਦੀ ਸਹਾਇਤਾ ਲਈ ਭਾਰੀ ਗਿਣਤੀ ਵਿਚ ਸੰਗਠਨ ਕਾਇਮ ਹੋਏ। ਕੈਂਪ ਸਥਾਪਿਤ ਕੀਤੇ ਗਏ ਅਤੇ ਭਾੜੇ ਦੇ ਫ਼ੌਜੀਆਂ ਰਾਹੀਂ ਗੁਰੀਲਾ ਜੰਗ ਦੀ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ। ਪੰਜਾਬ ਦੀਆਂ ਲਗਭਗ ਸਾਰੀਆਂ ਦਹਿਸ਼ਤਗਰਦ ਟੋਲੀਆਂ ਦਾ ਹਮ-ਸੰਗਠਨ (ਕਾਊਂਟਰ ਪਾਰਟ) ਇੰਗਲੈਂਡ, ਕੈਨੇਡਾ ਅਤੇ ਸੰਯੁਕਤ ਰਾਜ ਵਿਚ ਸੀ। ਉਹਨਾਂ ਦੇ ਸੰਗਠਨ ਸਨ, ਬੱਬਰ ਖ਼ਾਲਸਾ, ਅਖੰਡ ਕੀਰਤਨੀ ਜੱਥਾ, ਖ਼ਾਲਸਾ ਕਮਾਂਡੋ ਫ਼ੋਰਸ, ਖ਼ਾਲਸਾ ਲਿਬਰੇਸ਼ਨ ਫ਼ੋਰਸ, ਭਿੰਡਰਾਂਵਾਲੇ ਟਾਈਗਰ ਫ਼ੋਰਸ, ਦਸਮੇਸ਼ ਰਜਮੈਂਟਸ ਅਤੇ ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ। ਗੁਰਦੁਆਰਿਆਂ ਵਿਚ ਲਗਾਤਾਰ ਮਾਇਆ ਇਕੱਠੀ ਕੀਤੀ ਜਾਂਦੀ ਅਤੇ ਭਾਰਤ ਅੰਦਰ ਆਪਣੀ ਮੁੱਖ ਸੰਸਥਾ ਨੂੰ ਭੇਜੀ ਜਾਂਦੀ, ਇਨ੍ਹਾਂ ਤਿੰਨਾ ਦੇਸਾਂ ਵਿਚ ਹਿੰਸਾ ਦੀਆਂ ਅਨੇਕਾਂ ਵਾਰਦਾਤਾਂ ਹੋਈਆਂ।

ਜਦੋਂ 'ਆਪਰੇਸ਼ਨ ਨੀਲਾ ਤਾਰਾ' ਅਤੇ ਨਵੰਬਰ 1984 ਦੀ ਸਿੱਖਾਂ ਦੀ ਹੱਤਿਆ ਦਾ ਰੋਸ ਘਟਿਆ ਤਾਂ ਇਹ ਸੰਗਠਨ ਅਨੇਕਾਂ ਟੋਲੀਆਂ ਵਿਚ ਵਟ ਗਏ। ਪੁਲਿਸ ਅਤੇ ਗੁਪਤ ਏਜੰਟ ਇਨ੍ਹਾਂ ਅੰਦਰ ਆਉਣ ਵਿਚ ਸਫਲ ਹੋ ਗਏ ਅਤੇ ਇਨ੍ਹਾਂ ਦੀਆਂ ਸਰਗਰਮੀਆਂ ਦਾ ਅੰਤ ਕਰ ਦਿੱਤਾ ਗਿਆ।

ਬਹੁਤ ਸਾਰੇ ਵਿਦੇਸ਼ੀ ਸਿੱਖ ਸੰਗਠਨ ਕੇਵਲ ਉਨ੍ਹਾਂ ਨਾਵਾਂ ਆਸਰੇ ਕਾਇਮ ਹਨ ਜੋ ਉਨ੍ਹਾਂ ਦੇ ਲੇਟਰ-ਹੈਡਜ਼ ਉਪਰ ਛਪੇ ਹੋਏ ਹਨ, ਉਨ੍ਹਾਂ ਦੀ ਮੈਂਬਰਸ਼ਿਪ ਨਾ-ਮਾਤਰ ਹੈ ਅਤੇ ਆਮ ਤੌਰ

'ਤੇ ਉਹ ਆਪਣੇ ਬਾਨੀ-ਪ੍ਰਧਾਨਾਂ ਦੇ ਘਰਾਂ ਵਿਚ ਹੀ ਹਨ। ਇਸ ਪ੍ਰਕਾਰ ਦੇ ਹਨ, ਗੰਗਾ ਸਿੰਘ ਢਿੱਲੋਂ ਦਾ ਨਨਕਾਣਾ ਸਾਹਿਬ ਫ਼ਾਊਂਡੇਸ਼ਨ ਅਤੇ ਸਿੱਖ ਕਾਮਨਵੈਲਥ ਫ਼ਾਊਂਡੇਸ਼ਨ; ਸਿੱਖ ਕੌਂਸਲ ਆਫ਼ ਨਾਰਥ ਅਮਰੀਕਾ, ਸਿੱਖ ਫ਼ਾਊਂਡੇਸ਼ਨ ਆਫ਼ ਯੂ.ਐਸ.ਏ. ਅਤੇ ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ। ਕੇਵਲ ਇਕ ਹੀ ਮਹੱਤਤਾ ਵਾਲੀ ਹੈ ਵਰਲਡ ਸਿੱਖ ਆਰਗੇਨਾਈ-ਜ਼ੇਸ਼ਨ ਜੋ ਨਿਊਯਾਰਕ ਵਿਖੇ ਜੁਲਾਈ 27, 1984 ਨੂੰ ਸਥਾਪਿਤ ਹੋਈ ਸੀ। ਇਕ ਸਮੇਂ ਇਸ ਦਾ ਮੈਂਬਰਸ਼ਿਪ ਬਾਰੇ ਦਾਅਵਾ ਸੀ ਕੈਨੇਡਾ ਵਿਚ 15,000, ਯੂ.ਕੇ. ਵਿਚ 1,000 ਅਤੇ ਯੂ.ਐਸ.ਏ. ਵਿਚ 1,000। ਬਹੁਤ ਕਰਕੇ ਇਹ ਜੀਵੰਤ ਇਸ ਕਰਕੇ ਰਹੀ ਕਿ ਯੂਬਾ ਸਿਟੀ ਦੇ ਦੀਦਾਰ ਸਿੰਘ ਬੈਂਸ ਜਿਹੇ ਅਮੀਰ ਸਿੱਖਾਂ ਨੇ ਇਸ ਲਈ ਫ਼ੰਡ ਜੁਟਾਏ। ਇਕ ਸਮੇਂ ਮੇਜਰ ਜਨਰਲ (ਸੇਵਾ-ਮੁਕਤ) ਜਸਵੰਤ ਸਿੰਘ ਭੁੱਲਰ ਇਸ ਦਾ ਸਕੱਤਰ ਜਨਰਲ ਸੀ। ਜਦੋਂ ਉਹ ਇਸ ਪਦ ਤੋਂ ਹਟਾਇਆ ਗਿਆ ਇਹ ਸੰਗਠਨ ਸਰਗਰਮ ਨਾ ਰਿਹਾ। ਉੱਤਰੀ ਅਮਰੀਕਾ ਦੀਆਂ ਖ਼ਾਲਿਸਤਾਨੀ ਆਰਗੇਨਾਈਜ਼ੇਸ਼ਨਾਂ ਵਿਚ ਜੋ ਕੁਝ ਬਾਕੀ ਬਚਿਆ ਹੈ ਉਹ ਹੈ ਇੰਟਰਨੈਸ਼ਨਲ ਸਿੱਖ ਆਰਗੇਨਾਈਜ਼ੇਸ਼ਨ ਜਿਸ ਦੇ ਮੈਂਬਰ 150 ਤੋਂ ਘੱਟ ਹਨ। ਪ੍ਰਸਿੱਧ ਅਣੂਦਾਰ ਜੀਵ-ਵਿਗਿਆਨੀ (ਮੌਲੀਕਿਊਲਰ ਬਾਇਆਲੋਜਿਸਟ) ਗੁਰਮੀਤ ਸਿੰਘ ਔਲਖ ਇਸ ਦੀ ਅਤੇ ਕੌਂਸਲ ਆਫ਼ ਖ਼ਾਲਿਸਤਾਨ ਦੀ ਪ੍ਰਧਾਨਗੀ ਕਰਦਾ ਹੈ। ਉਹੋ ਹੀ ਸਿਆਣਾ ਵਿਅਕਤੀ ਬਚਿਆ ਹੈ ਜਿਹੜਾ ਸੈਨੇਟ ਅਤੇ ਕਾਂਗਰਸ ਦੇ ਮੈਂਬਰਾਂ ਨਾਲ ਸੰਪਰਕ ਬਣਾਈ ਰਖਦਾ ਹੈ ਅਤੇ ਪ੍ਰਾਪੇਗੰਡਾ ਸਾਮੱਗਰੀ ਜਾਰੀ ਰਖਦਾ ਹੈ ਜਿਸ ਦਾ ਮੁੱਖ ਸੰਬੰਧ ਭਾਰਤ ਵਿਚ ਮਾਨਵੀ ਅਧਿਕਾਰਾਂ ਦੀ ਉਲੰਘਣਾ ਨਾਲ ਹੁੰਦਾ ਹੈ।

ਖ਼ਾਲਿਸਤਾਨ ਦੀ ਲਹਿਰ ਵਿਚ ਖੜੋਤ ਬਣੀ ਹੋਈ ਹੈ। ਇਹ ਲੰਦਨ ਵਿਚ ਜਾਰੀ ਕੀਤੇ ਗਏ ਡਾ. ਜਗਜੀਤ ਸਿੰਘ ਚੌਹਾਨ ਦੇ ਪ੍ਰੈੱਸ-ਬਿਆਨ ਨਾਲ ਸਤੰਬਰ 1971 ਵਿਚ ਆਰੰਭ ਕੀਤੀ ਗਈ ਸੀ। ਇਕ ਮਹੀਨੇ ਉਪਰੰਤ ਅਕਤੂਬਰ 13, 1971 ਨੂੰ 'ਦੀ ਨਿਊਯਾਰਕ ਟਾਈਮਜ਼' ਵਿਚ ਪ੍ਰਕਾਸ਼ਤ ਇਸ਼ਤਿਹਾਰ ਨਾਲ ਖ਼ਾਲਿਸਤਾਨ ਦੀ ਸਥਾਪਨਾ ਹੋਈ। ਨੌਂ ਸਾਲ ਉਪਰੰਤ (ਅਪ੍ਰੈਲ 12, 1980) ਚੌਹਾਨ ਨੇ ਐਲਾਨ ਕੀਤਾ ਕਿ ਉਹ ਖ਼ਾਲਿਸਤਾਨ ਦੀ ਨੈਸ਼ਨਲ ਕੌਂਸਲ ਦਾ ਪ੍ਰਧਾਨ ਚੁਣਿਆ ਗਿਆ ਹੈ ਅਤੇ ਉਸ ਨਾਲ ਉਸ ਦਾ ਸਕੱਤਰ ਜਨਰਲ ਬਲਬੀਰ ਸਿੰਘ ਸੰਧੂ। ਅੱਗੋਂ ਉਸ ਆਪਣੇ ਮੰਤਰੀ-ਮੰਡਲ ਦੇ ਨਾਮ ਘੋਸ਼ਿਤ ਕੀਤੇ ਅਤੇ ਵਿਦੇਸ਼ਾਂ ਵਿਚ ਰਾਜਦੂਤਾਂ ਦੀ ਨਿਯੁਕਤੀ ਕੀਤੀ। 1988 ਤਕ ਉਸ ਦੀ ਬੇਨਤੀ ਨੂੰ ਪਰਵਾਨ ਕਰਕੇ ਦੂਤਾਵਾਸ ਖੋਲ੍ਹਣ ਵਾਲਾ ਇਕ ਹੀ ਦੇਸ਼ ਇਕੂਏਡੋਰ ਸੀ। ਪਰ ਕੈਨੇਡਾ ਵਿਚ ਉਸ ਦੇ ਸਮਰੱਥਕ ਖ਼ਾਲਿਸਤਾਨੀ ਪਾਸਪੋਰਟ, ਕਰੰਸੀ ਅਤੇ ਡਾਕ-ਟਿਕਟਾਂ ਜਾਰੀ ਕਰਨ ਤੋਂ ਰੁਕੇ ਨਹੀਂ। ਇਹ ਸੰਗ੍ਰਹਿਕਾਰਾਂ ਦੀਆਂ ਵਸਤਾਂ ਰਹਿ ਗਈਆਂ ਹਨ।

ਖ਼ਾਲਿਸਤਾਨੀ ਲਹਿਰ ਭਾਰਤੀ ਸਿੱਖਾਂ ਪਾਸੋਂ ਵੀ ਪਰਵਾਨਗੀ ਪ੍ਰਾਪਤ ਕਰਨ ਵਿਚ ਅਸਫਲ ਰਹੀ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਘਟੀਆ ਜੁੰਡਲੀ ਅਤੇ ਦਮਦਮੀ ਟਕਸਾਲ ਦੇ ਗੁੰਝੀਆਂ ਦੇ ਸਿਵਾਏ, ਜਿਹੜੇ ਕਦੇ-ਕਦਾਈਂ ਹਰਿਮੰਦਰ ਸਾਹਿਬ 'ਤੇ ਖ਼ਾਲਿਸਤਾਨੀ ਝੰਡੇ ਲਹਿਰਾ ਦਿੰਦੇ ਜਾਂ ਜੈਕਾਰੇ ਛੱਡ ਲੈਂਦੇ, ਕੋਈ ਹੋਰ ਖ਼ਰੀਦਾਰ ਨਾ ਬਣਿਆ। ਵਿਦੇਸ਼ੀ ਸਿੱਖਾਂ ਵਿਚ ਵੀ ਖ਼ਾਲਿਸਤਾਨ ਦੀ ਮੰਗ ਠੰਡੀ ਹੋ ਗਈ ਹੈ। ਮੁੱਠੀ ਭਰ ਖ਼ਾਲਿਸਤਾਨੀ-ਪੱਖੀ ਭਾਸ਼ਣ ਦੇ ਛੱਡਦੇ ਹਨ। ਪਰ ਭਾਰੀ ਗਿਣਤੀ ਇਸ ਤੋਂ ਦੂਰ ਰਹਿੰਦੇ ਹਨ ਅਤੇ ਸਿਆਸੀ ਸਰੋਕਾਰ ਲਈ ਗੁਰਦੁਆਰਿਆਂ ਦੀ ਕੁਵਰਤੋਂ ਨੂੰ ਬੁਰਾ ਸਮਝਦੇ ਹਨ। ਪ੍ਰਸਿੱਧ ਸਿੱਖ ਪੱਤਰਕਾਰ, ਸਤਿੰਦਰ ਸਿੰਘ ਨੇ 1983 ਦੇ ਅਖ਼ੀਰ ਵਿਚ ਵਿਦੇਸ਼ਾਂ ਦੇ ਸਿੱਖ ਭਾਈਚਾਰਿਆਂ ਦਾ ਅਧਿਐਨ ਕੀਤਾ। ਉਹ ਇਸ ਸਿੱਟੇ 'ਤੇ ਪੁੱਜਾ ਕਿ ਇੰਗਲੈਂਡ, ਕੈਨੇਡਾ ਅਤੇ ਸੰਯੁਕਤ ਰਾਜ

ਵਿਚ ਬਹੁਤ ਸਾਰੇ ਸਿੱਖ ਆਪਣੇ ਐਤਵਾਰ ਦੇ ਇਕੱਠਾਂ ਵਿਚ ਭਾਰਤੀ ਸਰਕਾਰ ਵਿਰੁੱਧ ਆਪਣੀ ਭਾਫ਼ ਕੱਢਣ ਤਕ ਹੀ ਸੀਮਤ ਹਨ। ਪੰਜਾਬ ਵਿਚ ਦਹਿਸ਼ਤਗਰਦਾਂ ਨੂੰ ਮਾਇਆ ਵੀ ਘੱਟ ਹੀ ਭੇਜੀ ਜਾਂਦੀ ਹੈ।

ਸਾਰਾਂਸ਼ ਜਾਂ ਖ਼ੁਲਾਸਾ

ਸਿੱਖਾਂ ਦੇ ਪੰਜ ਸਦੀਆਂ ਦੇ ਇਤਿਹਾਸ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਤਿੰਨ ਸੌ ਸਾਲ ਦੇ ਸਮੇਂ ਨੂੰ ਸੌ-ਸੌ ਸਾਲ ਦੇ ਤਿੰਨਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਦੂਜੇ ਭਾਗ ਦੀ ਵੰਡ ਨੂੰ ਪੰਜਾਹ-ਪੰਜਾਹ ਸਾਲ ਦੇ ਚਾਰ ਕਾਲਾਂ ਵਿਚ। ਗੁਰੂ ਨਾਨਕ ਨੇ ਆਪਣੇ ਮਿਸ਼ਨ ਦਾ ਐਲਾਨ ਸੰਨ 1500 ਦੇ ਨੇੜੇ-ਤੇੜੇ ਕੀਤਾ। ਸੌ ਸਾਲ ਤੋਂ ਥੋੜ੍ਹਾ ਉਪਰ (ਸੰਨ 1604) ਵਿਚ ਗੁਰੂ ਅਰਜਨ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਅਤੇ ਸਿੱਖਾਂ ਨੂੰ ਆਪਣਾ ਪਵਿੱਤਰ ਅਸਥਾਨ, ਅੰਮ੍ਰਿਤਸਰ ਦਿੱਤਾ। ਇਨ੍ਹਾਂ ਸੌ ਸਾਲਾਂ ਵਿਚ ਸਿੱਖ ਧਾਰਮਿਕ ਫ਼ਲਸਫ਼ੇ ਦਾ ਵਿਕਾਸ ਹੋਇਆ। ਇਸ ਤੋਂ ਉਪਰੰਤ ਦੋ ਸੌ ਸਾਲਾਂ ਵਿਚ ਨਾਨਕ-ਪੰਥੀਆਂ ਦੀ ਸ਼ਾਂਤਮਈ ਸੰਪ੍ਰਦਾ ਇਕ ਜੱਥੇ ਵਿਚ ਬਦਲ ਗਈ ਜੋ ਸੱਤਾ ਦੀ ਦ੍ਰਿਸ਼ਟੀ ਜਾਂ ਸੰਕਲਪ ਨਾਲ ਜੀਵੰਤ ਹੋ ਗਿਆ। ਆਖ਼ਰੀ ਗੁਰੂ ਸਾਹਿਬਾਨ ਨੇ ਖਾਲਸੇ ਦਾ ਜੁਝਾਰੂ ਭਾਈਚਾਰਾ ਕਾਇਮ ਕਰਕੇ ਪਰਵਾਨਗੀ ਦੀ ਮੁਹਰ ਲਾ ਦਿੱਤੀ। ਆਉਣ ਵਾਲੀ ਸਦੀ ਸਿੱਖਾਂ ਦੀ ਸਿਆਸੀ ਸੱਤਾ ਜਿਹੀ ਚੜ੍ਹਤ ਦੀ ਸਾਖੀ ਹੋਈ, ਅਤੇ ਬੰਦਾ ਬੈਰਾਗੀ ਨੇ ਪੰਜਾਬ ਵਿਚ ਮੁਗ਼ਲ ਹਕੂਮਤ ਨੂੰ ਕਰਾਰੀ ਸੱਟ ਮਾਰੀ। ਇਸ ਪਿੱਛੋਂ ਆਏ ਦਲ ਖਾਲਸਾ ਦੇ ਧਾੜਵੀ ਜੱਥੇ, ਜਿਹੜੇ ਅਟਕ ਤੋਂ ਗੰਗਾ ਤਕ ਫੈਲ ਗਏ। ਇਨ੍ਹਾਂ ਦੀਆਂ ਜਿੱਤਾਂ ਨੂੰ ਰਣਜੀਤ ਸਿੰਘ ਨੇ ਇਕਮੁੱਠ ਕੀਤਾ ਜਦੋਂ ਉਸ ਸੰਨ 1799 ਵਿਚ ਲਾਹੌਰ 'ਤੇ ਕਬਜ਼ਾ ਕਰਕੇ ਆਪਣੇ-ਆਪ ਨੂੰ ਪੰਜਾਬ ਦਾ ਮਹਾਰਾਜਾ ਐਲਾਨਿਆ।


ਮਹਾਰਾਜਾ ਰਣਜੀਤ ਸਿੰਘ ਦੇ ਪੰਜਾਹ ਸਾਲ (1799-1839) ਸਿੱਖਾਂ ਦੀਆਂ ਸਿਆਸੀ ਪ੍ਰਾਪਤੀਆਂ ਦਾ ਸੁਨਹਿਰੀ ਕਾਲ ਰਹੇਗਾ। ਉਨ੍ਹਾਂ ਦੀ ਮੌਤ ਉਪਰੰਤ ਸਿੱਖਾਂ ਦਾ ਸਿਆਸੀ ਅਤੇਸਮਾਜਿਕ ਬਲ ਖੇਰੂੰ-ਖੇਰੂੰ ਹੋਣ ਲੱਗਾ। ਅੰਗ੍ਰੇਜ਼ਾਂ ਅਤੇ ਸਿੱਖਾਂ ਦੀਆਂ ਦੋ ਲੜਾਈਆਂ ਦਾ ਅੰਤ ਸਿੱਖ ਫ਼ੌਜਾਂ ਦੀ ਹਾਰ ਨਾਲ ਹੋਇਆ ਅਤੇ ਸੰਨ 1849 ਵਿਚ ਉਨ੍ਹਾਂ ਦੇ ਰਾਜ ਦਾ ਇਲਹਾਕ ਹੋ ਗਿਆ। ਭਾਵੇਂ ਇਸ ਗੱਲ ਵਲ ਪਹਿਲਾਂ ਧਿਆਨ ਘੱਟ ਦਿੱਤਾ ਗਿਆ ਹੈ ਪਰ ਉਨ੍ਹਾਂ ਵਿਚ ਸਮਾਜਿਕ ਪਤਨ ਉਦੋਂ ਹੀ ਸ਼ੁਰੂ ਹੋ ਗਿਆ ਸੀ। ਕੇਸਾਧਾਰੀ ਖਾਲਸਾ ਘਟ ਰਿਹਾ ਸੀ ਕਿਉਂਕਿ ਭਾਰੀ ਗਿਣਤੀ ਕੇਸ ਅਤੇ ਦਾੜ੍ਹੀ ਦੇ ਬਾਹਰੀ ਚਿੰਨ੍ਹ ਅਲੋਪ ਹੋ ਰਹੇ ਸਨ। ਅੰਗ੍ਰੇਜ਼ਾਂ ਵੱਲੋਂ ਖਾਲਸਾ ਰਵਾਇਤ ਨੂੰ ਬਣਾਉਟੀ ਤੌਰ 'ਤੇ ਜੀਵਿਤ ਰਖਿਆ ਜਾ ਰਿਹਾ ਸੀ, ਜਿਸ ਲਈ ਕੇਸਾ-ਧਾਰੀ ਸਿੱਖਾਂ ਨੂੰ ਸਿਆਸੀ ਅਤੇ ਆਰਥਿਕ ਵਿਸ਼ੇਸ਼ ਅਧਿਕਾਰ ਦਿੱਤੇ ਗਏ, ਜਿਵੇਂ ਕਿ ਫ਼ੌਜ ਅਤੇ ਅਸੈਨਿਕ ਸੇਵਾਵਾਂ ਵਿਚ ਰਿਆਇਤੀ ਅਤੇ ਤਰਜੀਹੀ ਭਰਤੀ, ਅਤੇ ਅੱਗੋਂ ਵੱਖਰੇ ਮਤਦਾਨ ਅਤੇ ਵਿਧਾਨ ਸਭਾਵਾਂ ਵਿਚ ਰਾਖਵੀਆਂ ਸੀਟਾਂ। ਇਸ ਨਾਲ ਕੇਸਾਧਾਰੀ ਖਾਲਸਾ ਉਨ੍ਹਾਂ ਸਹਿਜਧਾਰੀਆਂ ਅਤੇ ਹਿੰਦੂਆਂ ਨਾਲੋਂ, ਜਿਹੜੇ ਸਿੱਖ ਧਰਮ ਵਿਚ ਵਿਸ਼ਵਾਸ ਰਖਦੇ ਸਨ, ਦੂਰ ਹੁੰਦਾ ਗਿਆ। ਇਸ ਦੇ ਨਾਲ ਹੀ ਸਿੱਖਾਂ ਦੇ ਸਿਆਸੀ ਸੰਗਠਨਾਂ ਦੀ ਗੁਣਵੱਤਾ ਵਿਚ ਵੀ ਗਿਰਾਵਟ ਆਈ। ਆਗੂ ਅਤੇ ਪਹੁੰਚ ਦੇ ਢੰਗ-ਤਰੀਕੇ ਪ੍ਰਭਾਵਤ ਹੋਏ। ਉਨ੍ਹੀਵੀਂ ਸਦੀ ਦੇ ਅੰਤ ਅਤੇ ਪਹਿਲੀ ਵਿਸ਼ਵ ਜੰਗ ਦੇ ਅਖ਼ੀਰ ਤਕ ਚੀਫ਼ ਖਾਲਸਾ ਦੀਵਾਨ ਦੀ ਅਗਵਾਈ ਕਰਨ ਵਾਲੇ ਵਿਦਵਾਨ ਅੰਗ੍ਰੇਜ਼ਾਂ ਦੇ ਵਫ਼ਾਦਾਰ ਸਨ ਅਤੇ ਉਹ ਪ੍ਰਤੀਨਿਧਤਾ ਅਤੇ ਸੰਵਿਧਾਨਕ ਢੰਗ-ਤਰੀਕਿਆਂ ਵਿਚ ਵਿਸ਼ਵਾਸ ਰਖਦੇ ਸਨ। ਇਨ੍ਹਾਂ

ਰਈਸ ਆਗੂਆਂ ਵਿਚ ਸ਼ਾਮਲ ਸਨ ਸਰ ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ ਅਤੇ ਸੰਗਠਨ ਦੇ ਘੇਰੇ ਤੋਂ ਬਾਹਰ ਦੇ ਆਗੂ ਸਨ ਰਾਜਾ ਸਰ ਦਲਜੀਤ ਸਿੰਘ ਅਤੇ ਸਰ ਜੋਗਿੰਦਰਾ ਸਿੰਘ ਜਿਹੇ। ਜੰਗ ਉਪਰੰਤ ਚੀਫ਼ ਖਾਲਸਾ ਦੀਵਾਨ ਪਿਛੋਕੜ ਵਿਚ ਚਲੇ ਗਿਆ ਅਤੇ ਇਸ ਦੀ ਥਾਂ ਅਕਾਲੀ ਦਲ ਨੇ ਲੈ ਲਈ। ਅਕਾਲੀ ਦਲ ਨੇ ਪਛਾਣ ਲਿਆ ਕਿ ਪ੍ਰਸ਼ਾਸਨ ਅਤੇ ਸਰਕਾਰ ਪਾਸ ਬੇਨਤੀ ਜਾਂ ਪ੍ਰਤੀਨਿਧਤਾ ਕਰਨ ਅਤੇ ਵਿਧਾਨ ਸਭਾਵਾਂ ਵਿਚ ਮਤੇ ਪਾਸ ਕਰਨ ਨਾਲੋਂ ਅਹਿੰਸਾ, ਨਾ-ਮਿਲਵਰਤਣ ਅਤੇ ਸ਼ਾਂਤਮਈ ਵਿਰੋਧ ਵਧੇਰੇ ਲਾਹੇਵੰਦ ਹਨ। ਨੇਤਾਵਾਂ ਦੀ ਨਵੀਂ ਨਸਲ, ਜਿਨ੍ਹਾਂ ਵਿਚ ਬਹੁਤ ਸਾਰੇ ਪਿੰਡਾਂ ਦੇ ਜੱਥੇਦਾਰ ਸਨ, ਅੱਗੇ ਆਈ। ਪਰ ਮੁੱਢਲੇ ਵਰ੍ਹਿਆਂ ਵਿਚ ਆਪਣੇ ਅੰਦੋਲਨ ਲਈ ਇਨ੍ਹਾਂ ਪੜ੍ਹੇ-ਲਿਖੇ ਅਤੇ ਉਨ੍ਹਾਂ ਦੇ ਸਰੋਕਾਰਾਂ ਨਾਲ ਲਗਨ ਵਾਲੇ ਵਿਅਕਤੀਆਂ ਦੀ ਅਗਵਾਈ ਸਵੀਕਾਰ ਕੀਤੀ। ਇਨ੍ਹਾਂ ਵਿਚ ਸ਼ਾਮਲ ਸਨ, ਬਾਬਾ ਖੜਕ ਸਿੰਘ, ਮਹਿਤਾਬ ਸਿੰਘ ਅਤੇ ਮਾਸਟਰ ਤਾਰਾ ਸਿੰਘ। ਉਨ੍ਹਾਂ ਨੇ ਸਿਆਸੀ ਅਤੇ ਸੰਵਿਧਾਨਕ ਗੱਲ-ਬਾਤ ਦਾ ਕਾਰਜ ਵਿਦਵਾਨਾਂ ਅਤੇ ਤਜਰਬਾਕਾਰ ਵਿਅਕਤੀਆਂ 'ਤੇ ਛੱਡ ਦਿੱਤਾ, ਜਿਵੇਂ ਕਿ ਉੱਜਲ ਸਿੰਘ, ਬੂਟਾ ਸਿੰਘ ਅਤੇ ਸੰਪੂਰਨ ਸਿੰਘ, ਜਿਨ੍ਹਾਂ ਗੋਲਮੇਜ਼ ਕਾਨਫਰੰਸ ਵਿਚ ਕੌਮਦੀ ਪ੍ਰਤੀਨਿਧਤਾ ਕੀਤੀ। ਸੱਤਾ ਦੇ ਸੌਂਪੇ ਜਾਣ ਦੇ ਨੇੜੇ ਗਿਆਨੀ ਕਰਤਾਰ ਸਿੰਘ ਜਿਹੇ ਹੰਢੇ-ਵਰਤੇ ਨੇਤਾ ਸਨ, ਜਿਨ੍ਹਾਂ ਸਿੱਖਾਂ ਵੱਲੋਂ ਗੱਲ-ਬਾਤ ਵਿਚ ਹਿੱਸਾ ਲਿਆ। ਨਾਲ ਦੇ ਨਾਲ ਉਨ੍ਹਾਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਪਾਸੋਂ ਵੀ ਅਗਵਾਈ ਲਈ ਜਿਹੜੇ ਇਸ ਲਈ ਖ਼ੁਸ਼ ਸਨ। ਇਸ ਨਾਲ ਬਲਦੇਵ ਸਿੰਘ ਜਿਹੇ ਨਾ-ਤਜਰਬੇਕਾਰ ਅਤੇ ਸਾਧਾਰਨ ਸੂਝ ਵਾਲੇ ਵੀ ਅੱਗੇ ਆ ਗਏ, ਜਿਸ ਪੰਡਿਤ ਨਹਿਰੂ ਨੂੰ ਆਪਣਾ ਗੁਰੂ ਸਵੀਕਾਰ ਕੀਤਾ।

ਦੇਸ਼ ਦੀ ਸੁਤੰਤਰਤਾ ਅਤੇ ਪੰਜਾਬ ਦੇ ਬਟਵਾਰੇ ਉਪਰੰਤ ਸਿੱਖ ਨੇਤਾਵਾਂ ਦੀ ਗੁਣਵੱਤਾ ਵਿਚ ਗੰਵਾਰਪੁਣਾ ਅਤੇ ਉਜੱਡਤਾ ਆ ਗਈ, ਅਤੇ ਇਕਦਮ ਤੇਜ਼ ਪਤਨ ਆਇਆ। ਸਵਰਨ ਸਿੰਘ, ਪ੍ਰਤਾਪ ਸਿੰਘ ਕੈਰੋਂ ਅਤੇ ਗਿਆਨੀ ਜ਼ੈਲ ਸਿੰਘ ਜਿਹੇ ਵਿਅਕਤੀ ਨਿਕਲ ਕੇ ਕਾਂਗਰਸ ਪਾਰਟੀ ਵਿਚ ਦਾਖ਼ਲ ਹੋ ਗਏ, ਅਕਾਲੀ ਲੀਡਰਸ਼ਿਪ ਆਪਣੇ ਪੂਰਵਜਾਂ ਨਾਲੋਂ ਬਹੁਤ ਨੀਵੇਂ ਪੱਧਰ 'ਤੇ ਆ ਗਈ। ਗੁੱਟਬੰਦੀ, ਮੰਤਰੀ ਦੀ ਗੱਦੀ ਲਈ ਬਿਹਤਰ ਅਵਸਰਾਂ ਖ਼ਾਤਰ ਦਲ-ਬਦਲੀ, ਜਾਂ ਰਾਜ-ਕੰਟਰੋਲ ਵਾਲੇ ਉਦਯੋਗਾਂ ਵਿਚ ਲਾਹੇਵੰਦੀਆਂ ਨੌਕਰੀਆਂ ਮੁੱਖ ਪ੍ਰੇਰਨਾ ਦਾ ਅੰਗ ਬਣ ਗਈਆਂ। ਗੁਰਦੁਆਰਿਆਂ ਵਿਚ ਭ੍ਰਿਸ਼ਟਾਚਾਰ ਆਮ ਹੋ ਗਿਆ। ਗੁਰਦੁਆਰਾ ਫ਼ੰਡ ਦੀ ਦੁਰਵਰਤੋਂ ਸਿਆਸੀ ਮਨੋਰਥਾਂ ਲਈ, ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭਾਰੀ ਸਰਪ੍ਰਸਤੀ ਸਦਕਾ ਮੁੱਖ ਪ੍ਰਚਾਰਕਾਂ, ਗ੍ਰੰਥੀਆਂ, ਰਾਗੀਆਂ, ਸੇਵਾਦਾਰਾਂ ਅਤੇ ਵਿਦਿਅਕ ਸੰਸਥਾਵਾਂ ਦੇ ਹਜ਼ਾਰਾਂ ਦੀ ਗਿਣਤੀ ਦੇ ਅਮਲੇ ਦੀਆਂ ਨਿਯੁਕਤੀਆਂ ਲਈ ਚਾਲਾਕੀ ਨਾਲ ਨਿੱਜੀ ਸਿਆਸੀ ਸੱਤਾ ਇਕੱਠੀ ਕੀਤੀ ਗਈ। ਐਸ.ਜੀ.ਪੀ.ਸੀ. ਦੇ ਆਗੂਆਂ ਦੀ ਗੁਣਵੱਤਾ ਦੇ ਪਤਨ ਦੀ ਮਿਸਾਲ ਗੁਰਚਰਨ ਸਿੰਘ ਟੌਹੜਾ ਦੀ ਹੈ। ਉਹ ਖੱਬੇ-ਪੱਖੀ ਅਤੇ ਘੱਟ ਪੜ੍ਹਿਆ-ਲਿਖਿਆ ਹੈ। ਉਹ ਲਗਾਤਾਰ ਸੋਲ੍ਹਵੀਂ ਵਾਰ ਇਸ ਦਾ ਪ੍ਰਧਾਨ ਬਣਿਆ ਹੈ। ਉਹ ਦੋ ਵਾਰ ਪਾਰਲੀਮੈਂਟ ਦਾ ਮੈਂਬਰ ਵੀ ਬਣਿਆ ਪਰ ਹਾਜ਼ਰ ਘੱਟ-ਵੱਧ ਹੀ ਹੋਇਆ। ਧਰਮ-ਨਿਰਪੇਖ ਸਿਆਸਤ ਵਿਚ ਬਾਦਲ, ਬਲਵੰਤ ਸਿੰਘ ਅਤੇ ਅਮਰਿੰਦਰ ਸਿੰਘ ਜਿਹੇ ਵਿਅਕਤੀ ਉਭਰੇ ਜਿਨ੍ਹਾਂ ਦੀ ਬਚਨਬੱਧਤਾ ਆਪਣੇ-ਆਪ ਤਕ ਹੀ ਸੀਮਤ ਸੀ। ਬਰਨਾਲਾ ਜਿਹੇ ਸਾਊ ਸਿਆਸਤਦਾਨ ਨੇੜੇ ਨਹੀਂ ਲੱਗਣ ਦਿੱਤੇ। ਹੌਲੀ-ਹੌਲੀ ਸਮੇਂ-ਸਿਰ ਮੁੱਖ ਗ੍ਰੰਥੀਆਂ, ਰਾਗੀਆਂ ਅਤੇ ਭਾਈਆਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਹਿਤਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਗੁਰਦੁਆਰਾ ਫ਼ੰਡ ਨੂੰ ਕੰਟਰੋਲ

ਕਰਨ ਲਈ ਦਾਅਵਾ ਕੀਤਾ ਅਤੇ ਕੌਮੀ ਸਿਆਸਤ ਵਿਚ ਉਨ੍ਹਾਂ ਦੀ ਆਵਾਜ਼ ਵੀ ਸੁਣੀ ਗਈ । ਇਸ ਪ੍ਰਕਾਰ ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਉਨ੍ਹਾਂ ਜੱਥੇਦਾਰਾਂ ਖਾਸ ਪਹੁੰਚ ਗਈ, ਜਿਨ੍ਹਾਂ ਨੂੰ ਕਮੇਟੀ ਨੇ ਨਾਮਜ਼ਦ ਕੀਤਾ ਸੀ । ਇਸ ਨਾਲ ਬਾਣੀ ਦਾ ਕੀਰਤਨ ਕਰਨ ਵਾਲਾ ਦਰਸ਼ਨ ਸਿੰਘ ਰਾਗੀ ਅਕਾਲ ਤਖ਼ਤ ਦਾ ਕਾਰਜਕਾਰੀ ਮੁੱਖ ਗ੍ਰੰਥੀ ਬਣ ਗਿਆ, ਅਤੇ ਥੋੜ੍ਹੇ ਸਮੇਂ ਲਈ ਪੰਥ ਦੀ ਹੋਣੀ ਦੀ ਅਗਵਾਈ ਕਰਦਾ ਰਿਹਾ । ਆਪਣੀ ਵਾਰੀ 'ਤੇ ਮੁੱਖ ਗ੍ਰੰਥੀਆਂ ਪਾਸੋਂ ਸੱਤਾ ਖੋਹਣ ਵਾਲੇ ਸਨ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਨੌਜਵਾਨ ਅਤੇ ਦਮਦਮੀ ਟਕਸਾਲ ਦੇ ਨਾਮਜ਼ਦ ਕੀਤੇ ਹੋਏ, ਜਿਨ੍ਹਾਂ ਨੂੰ ਭਿੰਡਰਾਂਵਾਲੇ ਦੇ ਖਾੜਕੂ ਸਕੂਲ ਵਿਚ ਸਿਖਲਾਈ ਪ੍ਰਦਾਨ ਕੀਤੀ ਗਈ ਸੀ । ਇਕ ਪ੍ਰਕਾਰ ਨਾਲ ਹਰ ਪਾਸੇ ਉਨ੍ਹਾਂ ਦਾ ਹੀ ਸਿੱਕਾ ਚਲਦਾ ।

ਸਿੱਖਾਂ ਦਾ ਸਵੈ-ਚਿੱਤਰ ਯਥਾਰਥ ਨਾਲ ਮੇਲ ਨਹੀਂ ਖਾਂਦਾ । ਚੜ੍ਹਦੀ ਕਲਾ ਦੀ ਭਾਵਨਾ, ਜਿਸ ਸਦਕਾ ਉਹ ਭਾਰਤ ਵਿਚ ਸਭ ਤੋਂ ਵੱਧ ਖ਼ੁਸ਼ਹਾਲ ਅਤੇ ਉੱਨਤ ਕੌਮ ਬਣੇ, ਉਹ ਹੁਣ ਥੋਥੇ ਸ਼ਬਦਾਂ ਦਾ ਭੰਡਾਰ ਹੋ ਗਈ ਹੈ । ਧਾਰਮਿਕ ਲਗਨ ਦੀ ਥਾਂ ਧਾਰਮਿਕ ਕੱਟੜਤਾ ਦੇ ਵਿਖਾਵੇ ਨੇ ਲੈ ਲਈ ਅਤੇ ਧਾਰਮਿਕ ਜੀਵਨ ਅੰਦਰ ਅਰਥ-ਹੀਣ ਰਹੁ-ਰੀਤ ਆ ਗਈ ਹੈ, ਕਰਾਏ ਦੇ ਗ੍ਰੰਥੀਆਂ ਰਾਹੀਂ ਅਖੰਡਪਾਠ, ਗ੍ਰੰਥ ਦੀ ਪੂਜਾ, ਜਿਵੇਂ ਕੋਈ ਮੂਰਤੀ ਹੋਵੇ, ਨੇ ਗੁਰਬਾਣੀ ਦੀ ਦਾਰਸ਼ਨਿਕ ਅਤੇ ਵਿਵੇਕਸ਼ੀਲ ਵਿਆਖਿਆ ਅਤੇ ਅਧਿਐਨ ਦੀ ਥਾਂ ਲੈ ਲਈ ਹੈ । ਪੇਸ਼ੇਵਰ ਰਾਗੀਆਂ ਦਾ ਕੀਰਤਨ, ਜਿਹੜੇ ਫ਼ਿਲਮਾਂ ਦੇ ਪਲੇਅ-ਬੈਕ ਸਿੰਗਰਾਂ ਵਾਂਗ ਭਾਰੀ ਭੇਟਾ ਮੰਗਦੇ ਹਨ, ਬਹੁਤ ਫੈਲ ਗਿਆ ਹੈ । ਅਜਿਹੀ ਕਾਰਗੁਜ਼ਾਰੀ ਰਾਹੀਂ ਰਾਗੀ ਅਤੇ ਗ੍ਰੰਥੀ ਸਵਾਰਥ ਦੀ ਪੂਰਤੀ ਵਿਚ ਮਗਨ ਹਨ । ਭਾਵੇਂ ਜ਼ਾਤ-ਪਾਤ ਨੂੰ ਦੂਰ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ, ਤਾਂ ਵੀ ਛੋਟੀਆਂ ਜਾਤਾਂ ਦੇ ਸਿੱਖਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਉਹ ਅਜਿਹਾ ਹੈ ਜਿਹਾ ਕਿ ਹਿੰਦੂਆਂ ਵਿਚ ਪ੍ਰਚੱਲਤ ਹੈ । ਗ੍ਰੰਥ ਵਿਚ ਦਿੱਤਾ ਹੋਇਆ ਸਰਬੱਤ ਦੇ ਭਲੇ ਦਾ ਸੰਦੇਸ਼, ਕੇਵਲ ਰਸਮੀ ਅਵਸਰਾਂ ਵੇਲੇ ਉਚਾਰਨ ਲਈ ਰਹਿ ਗਿਆ ਹੈ । ਗੁਰੂ ਗੋਬਿੰਦ ਸਿੰਘ ਦਾ ਆਦੇਸ਼ ਹੈ ਕਿ ਜਦੋਂ ਬੁਰੇ ਨੂੰ ਸੋਧਣ ਦਾ ਕੋਈ ਚਾਰਾ ਨਾ ਰਹਿ ਜਾਵੇ ਤਾਂ ਤਲਵਾਰ ਦੀ ਵਰਤੋਂ ਕਰੋ । ਅਤੇ ਹੁਣ ਇਸ ਸੰਦੇਸ਼ ਦੀ ਪਾਲਣਾ ਦੀ ਥਾਂ ਉਲੰਘਣਾ ਹੁੰਦੀ ਹੈ । ਅਜਿਹੇ ਲੋਕ ਬਹੁਤ ਘੱਟ ਹਨ ਜਿਹੜੇ ਹੁੱਲੜਬਾਜ਼ਾਂ ਹੱਥੋਂ ਮਾਸੂਮਾਂ ਨੂੰ, ਹਥਿਆਰ-ਰਹਿਤ ਲੋਕਾਂ ਨੂੰ ਬੱਸਾਂ ਵਿਚੋਂ ਕੱਢ ਕੇ ਹੱਤਿਆ ਕਰਦੇ ਹਨ, ਭੀੜ ਵਾਲੇ ਬਾਜ਼ਾਰਾਂ ਵਿਚ ਬੰਬ ਰਖਦੇ ਹੋਏ ਬਰਦਾਸ਼ਤ ਕਰਦੇ ਹਨ, ਪਰ ਨਿੰਦਾ ਨਹੀਂ ਕਰਦੇ । ਹਿੰਦੂਆਂ ਵਿਰੁੱਧ ਨਫ਼ਰਤ ਫੈਲਾਉਣ ਵਾਲੇ ਭਿੰਡਰਾਂਵਾਲੇ ਨੂੰ ਸਿੱਖ ਸਮਾਜ ਦੇ ਸਿਰੜੀ ਭਾਗਾਂ ਵਿਚ ਸ਼ਹੀਦ ਹੀਰੋ ਸਮਝਿਆ ਜਾਂਦਾ ਹੈ । ਜਦ ਕਦੀ ਇਹ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਖਾਲਸਾ ਉਸ ਇਤਿਹਾਸ ਦਾ ਰਾਹ ਪੂਰਾ ਕਰ ਚੁੱਕਿਆ ਹੈ ਜੋ ਉਸ ਲਈ ਨਿਰਧਾਰਤ ਸੀ ਅਤੇ ਗੁਰੂ ਸਾਹਿਬਾਨ ਨੇ ਆਪਣੀ ਅਗਾਧ ਬੋਧ ਸਿਆਣਪ ਵਿਚ ਉਹਨਾਂ ਨੂੰ ਅਜਿਹੇ ਆਗੂ ਬਖਸ਼ੇ ਹਨ ਜਿਹੜੇ ਉਹਨਾਂ ਦੀ ਅੰਤਿਮ ਇੱਛਾ (ਡੈੱਥ ਵਿਸ਼) ਨੂੰ ਪੂਰਾ ਕਰਨਗੇ ।




ਗੁਰੂ ਨਾਨਕ ਅਤੇ ਉਨ੍ਹਾਂ ਦੇ ਸਾਥੀ, ਮਰਦਾਨਾ ਅਤੇ ਬਾਲਾ



ਗੁਰੂ ਗੋਬਿੰਦ ਸਿੰਘ, ਸਿੱਖਾਂ ਦੇ ਆਖ਼ਰੀ ਗੁਰੂ



ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਮੁਸਲਮਾਨ ਪਤਨੀ ਬੀਬੀ ਗੁਲਬਹਾਰ ਬੇਗਮ



ਹਰਿਮੰਦਰ ਸਾਹਿਬ, ਅੰਮ੍ਰਿਤਸਰ



ਮਹਾਰਾਜਾ ਸ਼ੇਰ ਸਿੰਘ



ਗੁਰੂ ਜਗਜੀਤ ਸਿੰਘ (ਨਾਮਧਾਰੀ)



ਗੁਰੂ ਹਰਾ ਸਿੰਘ (ਨਿਰੰਕਾਰੀ)



ਗੁਰੂ ਚਰਨ ਸਿੰਘ (ਰਾਧਾ ਸਵਾਮੀ)





ਪ੍ਰਤਾਪ ਸਿੰਘ ਕੈਰੋਂ


ਸਵਰਨ ਸਿੰਘ



ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹ ਸਿੰਘ



ਅੰਮ੍ਰਿਤਾ ਸ਼ੇਰਗਿੱਲ, ਪੇਂਟਰ



ਭਾਈ ਵੀਰ ਸਿੰਘ, ਸੰਤ-ਕਵੀ




ਅੰਮ੍ਰਿਤਾ ਪ੍ਰੀਤਮ, ਕਵੀ-ਨਾਵਲਕਾਰ



ਸੰਤ ਹਰਚੰਦ ਸਿੰਘ ਲੌਂਗੋਵਾਲ

ਗਿਆਨੀ ਜ਼ੈਲ ਸਿੰਘ





ਸੰਤ ਭਿੰਡਰਾਂਵਾਲੇ



ਸਿੱਖ ਹਿਸਟਰੀ (1469-1988)

ਖ਼ੁਸ਼ਵੰਤ ਸਿੰਘ

ਇਹ ਪੁਸਤਕ ਆਕਸਫੋਰਡ ਇੰਡੀਆ ਪੇਪਰਬੈਕਸ ਲੜੀ ਵਿਚ ਦੋ ਜਿਲਦਾਂ ਵਿਚ ਪ੍ਰਕਾਸ਼ਤ ਅੰਗਰੇਜ਼ੀ ਦੀ ਪੁਸਤਕ 'ਏ ਹਿਸਟਰੀ ਆਫ਼ ਦੀ ਸਿਖਸ' ਦਾ ਪੰਜਾਬੀ ਰੂਪ ਹੈ ਜੋ ਇਕ ਜਿਲਦ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ।

ਅੰਗਰੇਜ਼ੀ ਵਿਚ ਪਹਿਲੀ ਵਾਰ 1963 ਵਿਚ ਛਪੀ ਇਹ ਪੁਸਤਕ ਆਪਣੇ ਵਿਸ਼ੇ 'ਤੇ ਟਕਸਾਲੀ ਅਤੇ ਪ੍ਰਮਾਣਿਤ ਪੁਸਤਕ ਹੈ। ਇਹ ਆਮ ਅਤੇ ਸਾਧਾਰਨ ਬੁੱਧੀ ਵਾਲੇ ਲੋਕਾਂ ਦੀ ਪਹੁੰਚ ਵਾਲੀ ਹੈ ਪਰ ਇਸ ਦਾ ਆਧਾਰ ਵਿਦਵਤਾ ਭਰਪੂਰ ਪੁਰਾਤਤਵ ਰੂਪ ਖੋਜ ਹੈ।

ਪਹਿਲੀ ਜਿਲਦ ਵਿਚ ਪੰਦਰ੍ਹਵੀਂ ਸਦੀ ਦੀ ਉਸ ਸਮਾਜਿਕ, ਧਾਰਮਿਕ ਅਤੇ ਸਿਆਸੀ ਪਿੱਠ-ਭੂਮੀ ਦੀ ਪਛਾਣ ਦਿੱਤੀ ਗਈ ਹੈ ਜਿਸ ਤੋਂ ਸਿੱਖ ਧਰਮ ਉਪਜਿਆ। ਫ਼ਾਰਸੀ, ਗੁਰਮੁਖੀ ਅਤੇ ਅੰਗਰੇਜ਼ੀ ਦੇ ਮੂਲ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਲੇਖਕ ਨੇ ਸਿੱਖ ਧਰਮ ਦੇ ਉੱਥਾਨ ਅਤੇ ਇਸ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਸੰਪੂਰਨ ਹੋਣ ਨੂੰ ਉਲੀਕਿਆ ਹੈ।

ਸ਼ਾਂਤਮਈ ਮਤ ਤੋਂ ਸਿੱਖਾਂ ਨੂੰ ਸੰਤ-ਸਿਪਾਹੀ ਵਿਚ ਤਬਦੀਲ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਸਾਜਣ ਦੇ ਕਰਮ ਨੂੰ ਵੇਰਵੇ ਸਹਿਤ ਬਿਆਨ ਕੀਤਾ ਗਿਆ। ਨਾਲ ਦੇ ਨਾਲ ਸਿੱਖਾਂ ਦੇ ਮੁਗ਼ਲਾਂ ਅਤੇ ਅਫ਼ਗਾਨਾਂ ਨਾਲ ਸੰਬੰਧਾਂ ਨੂੰ ਮਹਾਰਾਜਾ ਰਣਜੀਤ ਸਿੰਘ ਅਧੀਨ ਸਿੱਖ ਰਾਜ ਦੇ ਗਠਨ ਤਕ ਦਰਸ਼ਾਇਆ ਹੈ।

ਦੂਜੀ ਜਿਲਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੰਨ 1939 ਵਿਚ ਮੌਤ ਉਪ੍ਰੰਤ ਆਪਣੀ ਕੌਮ ਲਈ ਵੱਖਰੀ ਪਛਾਣ ਹਿਤ ਕੀਤੀ ਗਈ ਜੱਦੋਜਹਿਦ ਦਾ ਚਿਤਰਨ ਜਾਰੀ ਰਖਿਆ ਹੈ। ਅੰਗਰੇਜ਼ਾਂ ਦੇ ਪਸਾਰਵਾਦ ਅਤੇ ਇਸਲਾਮੀ ਪ੍ਰਬਲਤਾ ਦੇ ਖ਼ਤਰੇ ਸਾਹਵੇਂ ਧਾਰਮਿਕ, ਸਮਾਜਿਕ ਅਤੇ ਸਿਆਸੀ ਲਹਿਰਾਂ ਦੇ ਵਿਕਾਸ ਦੀ ਵੀ ਚਰਚਾ ਕੀਤੀ ਗਈ ਹੈ। ਲੇਖਕ ਨੇ ਭਾਰਤ ਦੀ ਸੁਤੰਤਰਤਾ ਅਤੇ ਵੱਖਰੇ ਸਿੱਖ ਰਾਜ ਦੀ ਮੰਗ ਬਾਰੇ ਵੀ ਸਾਲ-ਦਰ-ਸਾਲ ਦਾ ਇਤਿਹਾਸ ਉਲੀਕਦਿਆਂ ਉਹ ਘਟਨਾਵਾਂ ਵੀ ਦਰਸਾਈਆਂ ਹਨ, ਜਿਨ੍ਹਾਂ ਕਾਰਨ 'ਆਪਰੇਸ਼ਨ ਨੀਲਾ ਤਾਰਾ' ਦੀ ਨੌਬਤ ਆਈ ਅਤੇ ਭਾਰਤੀ ਸੈਨਾ ਸੰਨ 1984 ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਦਾਖ਼ਲ ਹੋਈ।

'ਟਾਈਮਜ਼ ਆਫ਼ ਇੰਡੀਆ' ਨੇ ਸਿੱਖਾਂ ਦੀ ਇਤਿਹਾਸਕ ਅਤੇ ਸਮਾਜਿਕ ਸਥਿਤੀ ਨੂੰ ਸਮਝਣ ਲਈ ਇਨ੍ਹਾਂ ਜਿਲਦਾਂ ਦੇ ਹਵਾਲੇ ਨੂੰ ਲਾਜ਼ਮੀ ਕਰਾਰ ਦਿੱਤਾ।

'ਸੰਡੇ ਮੇਲ' ਨੇ ਇਸ ਯਤਨ ਨੂੰ ਖ਼ੁਸ਼ਵੰਤ ਸਿੰਘ ਵੱਲੋਂ ਰੱਖੇ ਇਤਿਹਾਸ ਨੂੰ ਸੂਚਨਾ/ਗਿਆਨ ਭਰਪੂਰ ਲਿਖਤ ਦਾ ਰੂਪ ਦੇਣ ਦਾ ਉੱਦਮ ਕਿਹਾ ਹੈ।

ਖ਼ੁਸ਼ਵੰਤ ਸਿੰਘ ਪ੍ਰਸਿੱਧ ਪੱਤਰਕਾਰ, ਅਨੇਕਾਂ ਗਲਪੀ ਰਚਨਾਵਾਂ ਦਾ
ਕਰਤਾ ਅਤੇ ਸਿੱਖ ਇਤਿਹਾਸ ਲਈ ਪ੍ਰਮਾਣਤ-ਵਿਅਕਤੀ ਹੈ।

ਪੰਜਾਬੀ ਪਾਠਕਾਂ ਦੀ ਮੰਗ ਨੂੰ ਮੁੱਖ ਰੱਖ ਕੇ ਇਸ ਵਿਲੱਖਣ ਇਤਿਹਾਸਕ ਪੁਸਤਕ ਦਾ ਪੰਜਾਬੀ ਰੂਪ ਪੇਸ਼ ਹੈ।

ISBN 81-7599-146-1

ਨਵਯੁਗ ਪਬਲਿਸ਼ਰਜ਼